# ੧.

# ਪੰਦਰਵੀਂ ਸਦੀ ਦੇ ਧਾਰਮਿਕ ਅਤੇ ਸਮਾਜਿਕ ਹਾਲਾਤ

ਪੰਦਰਵੀਂ ਸਦੀ ਦੇ ਪਿਛਲੇ ਪੱਖ ਵਿੱਚ, ਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਦੇ ਸਮੇਂ ਤੱਕ, ਸੰਸਾਰ ਵਿੱਚ ਜੈਨ-ਮੱਤ, ਬੁੱਧ-ਮੱਤ, ਯਹੂਦੀ-ਮੱਤ, ਈਸਾਈ-ਮੱਤ, ਇਸਲਾਮ-ਮੱਤ, ਜੋਗ-ਮੱਤ ਆਦਿ ਕਈ ਮੱਤ ਪ੍ਰਚੱਲਤ ਹੋ ਚੁੱਕੇ ਸਨ। ਇਹ ਸਾਰੇ ਹੀ ਮੱਤ ਮਨੁੱਖਤਾ ਦੇ ਕਿਸੇ ਨਾ ਕਿਸੇ ਵਰਗ ਦੀ ਭਲਾਈ ਨੂੰ ਹੀ ਮੁੱਖ ਰੱਖ ਕੇ ਹੋਂਦ ਵਿੱਚ ਆਏ ਸਨ। **ਸਮੁੱਚੀ ਮਨੁੱਖਤਾ ਦੀ ਭਲਾਈ ਦਾ ਨਿਸ਼ਾਨਾ ਇਨ੍ਹਾਂ ਵਿੱਚੋਂ ਕਿਸੇ ਵੀ ਮੱਤ ਦਾ ਕੇਂਦਰੀ ਉਦੇਸ਼ ਨਹੀਂ ਸੀ।** ਉਦਾਹਰਣ ਦੇ ਤੌਰ 'ਤੇ ਈਸਾਈ-ਮੱਤ ਦੇ ਪ੍ਰਚਾਰ ਦਾ ਇਹ ਕੇਂਦਰੀ ਬਿੰਦੂ ਸੀ ਕਿ ਜੋ ਵੀ ਮਨੁੱਖ ਈਸਾ-ਮਸੀਹ ਅਤੇ ਈਸਾ ਮਸੀਹ ਦੀ ਸਿੱਖਿਆ 'ਤੇ ਭਰੋਸਾ ਲਿਆਵੇਗਾ ਸਿਰਫ਼ ਉਸੇ ਦਾ ਹੀ ਜੀਵਨ ਸਫ਼ਲ ਹੋਵੇਗਾ; ਇਸਲਾਮ-ਮੱਤ ਇਸ ਗੱਲ 'ਤੇ ਜ਼ੋਰ ਦੇ ਰਿਹਾ ਸੀ ਕਿ ਕੇਵਲ ਅਤੇ ਕੇਵਲ ਹਜ਼ਰਤ ਮੁਹੰਮਦ ਅਤੇ ਉਨ੍ਹਾਂ ਦੀ ਸਿੱਖਿਆ 'ਤੇ ਭਰੋਸਾ ਕਰਨ ਵਾਲੇ ਹੀ ਭਿਸ਼ਤ ਵਿੱਚ ਵਾਸਾ ਪਾਉਂਣ ਦੇ ਹੱਕਦਾਰ ਹੋਣਗੇ ਅਤੇ ਬਾਕੀ ਸਾਰੇ ਕਾਫ਼ਰ ਹਨ, ਇਤਿਆਦਿ। ਅਜਿਹਾ ਕਰ ਕੇ ਇਨ੍ਹਾਂ ਮੱਤਾਂ ਦੇ ਬਾਨੀਆਂ ਨੇ ਕਥਿਤ ਤੌਰ 'ਤੇ ਆਪਣੇ ਆਪ ਨੂੰ ਆਪਣੇ ਪੈਰੋਕਾਰਾਂ ਅਤੇ ਪਰਮੇਸ਼ਰ ਦੇ ਦਰਮਿਆਨ ਇੱਕ ਵਿਚੋਲੇ ਦੇ ਰੂਪ ਵਿੱਚ ਪੇਸ਼ ਕੀਤਾ। ਇਥੋਂ ਤੱਕ ਕਿ ਇਨ੍ਹਾਂ ਨੇ ਆਪੋ ਆਪਣੇ ਪੈਰੋਕਾਰਾਂ ਨੂੰ ਪਰਮੇਸ਼ਰ ਨੂੰ ਸਿਰਫ਼ ਇੱਕੋ ਇੱਕ (ਵੱਖਰੇ-ਵੱਖਰੇ) ਨਾਮ ਨਾਲ ਯਾਦ ਕਰਨ ਦੀ ਸਖ਼ਤ ਹਦਾਇਤ ਕੀਤੀ। ਰੱਬ ਨੂੰ ਕਿਸੇ ਹੋਰ ਨਾਮ ਨਾਲ ਯਾਦ ਕਰ ਕੇ ਆਵਾਜ਼ ਮਾਰਨ ਵਾਲਿਆਂ ਨੂੰ ਕਾਫ਼ਰ ਤੱਕ ਵੀ ਕਹਿ ਦਿੱਤਾ ਗਿਆ।

ਇਥੇ ਇੱਕ ਹੋਰ ਅਹਿਮ ਨੁਕਤਾ ਵੀ ਸਾਡਾ ਧਿਆਨ ਮੰਗਦਾ ਹੈ। ਇਨ੍ਹਾਂ ਮੱਤਾਂ ਦੀਆਂ ਧਾਰਮਿਕ ਪੁਸਤਕਾਂ ਵਿੱਚ ਕਿਸੇ ਦੂਸਰੇ ਮੱਤ ਦੇ ਭਗਤਾਂ, ਬਾਨੀਆਂ ਜਾਂ ਪ੍ਰਭੂ-ਪਿਆਰਿਆਂ ਦੇ ਰੱਬੀ ਕਲਾਮ ਨੂੰ ਕੋਈ ਜਗ੍ਹਾ ਨਹੀਂ ਦਿੱਤੀ ਗਈ ਅਤੇ ਨਾਂ ਹੀ ਇਨ੍ਹਾਂ ਮੁਕੱਦਸ ਪੁਸਤਕਾਂ ਵਿੱਚੋਂ ਕਿਸੇ ਗ੍ਰੰਥ ਨੂੰ 'ਸ਼ਬਦ-ਗੁਰੂ' ਹੋਣ ਦਾ ਮਾਣ ਹੀ ਪ੍ਰਾਪਤ ਹੋਇਆ। ਇਨ੍ਹਾਂ ਮੱਤਾਂ ਦੇ ਬਾਨੀਆਂ ਦਾ ਪਰਮੇਸ਼ਰ, ਪਰਮੇਸ਼ਰ ਦੀ ਸਾਜੀ ਕੁਦਰਤਿ ਅਤੇ ਬ੍ਰਹਮੰਡੀ ਵਰਤਾਰੇ ਦੇ ਅਟੱਲ ਰੱਬੀ ਨਿਯਮਾਂ ਬਾਰੇ ਵੀ ਵੱਖੋ-ਵੱਖਰਾ (ਕਿਤੇ ਕਿਤੇ ਸਵੈ-ਵਿਰੋਧੀ) ਅਨੁਭਵ ਸੀ। ਇਨ੍ਹਾਂ ਮੱਤਾਂ ਦੇ ਪੈਰੋਕਾਰਾਂ ਨੇ ਆਪੋ ਆਪਣੇ ਮੱਤ ਦੇ ਬਾਨੀ ਨੂੰ 'ਪੈਗੰਬਰ', 'ਰੱਬ ਦੇ ਵਿਸ਼ੇਸ਼ ਪੁੱਤਰ', 'ਰੱਬ ਦੇ ਵਿਸ਼ੇਸ਼ ਦੂਤ', 'ਰੱਬ ਦੇ ਅਵਤਾਰ' ਆਦਿਕ ਸਤਿਕਾਰਤ ਵਿਸ਼ੇਸ਼ਣ ਲਗਾ ਕੇ ਯਾਦ ਕਰਨ ਦਾ ਰਿਵਾਜ਼ ਤੋਰਿਆ ਹੋਇਆ ਸੀ ਪਰ ਇਸ ਹਕੀਕਤ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕਾਦਰ ਅਤੇ ਕਾਦਰ ਦੀ ਕੁਦਰਤਿ ਬਾਰੇ ਇਨ੍ਹਾਂ ਮੱਤਾਂ ਦੇ ਬਾਨੀਆਂ ਦਾ ਅਨੁਭਵ ਸੀਮਤ ਹੀ ਸੀ ਕਿਉਂਕਿ ਉਨ੍ਹਾਂ ਵੱਲੋਂ ਕਥਿਤ ਤੌਰ 'ਤੇ ਇਨ੍ਹਾਂ ਵਿਸ਼ਿਆਂ 'ਤੇ ਦਿੱਤੀ ਜਾਣਕਾਰੀ ਅਜੋਕੀ ਵਿਗਿਆਨਕ ਖ਼ੋਜ ਦੀ ਕਸਵੱਟੀ 'ਤੇ ਪੂਰੀ ਨਹੀਂ ਉੱਤਰ ਰਹੀ।





ਇਸ ਨੂੰ ਮੰਦਭਾਗਾ ਹੀ ਕਿਹਾ ਜਾਣਾ ਚਾਹੀਦਾ ਹੈ ਕਿ ਇਨ੍ਹਾਂ ਵਿੱਚੋਂ ਕਿਸੇ ਵੀ ਮੱਤ ਦੇ ਬਾਨੀ ਨੇ ਆਪਣੇ ਅਨੁਭਵ (ਵਿਚਾਰਧਾਰਾ) ਨੂੰ ਨਾ ਤਾਂ ਆਪ ਹੀ ਕਲਮਬੰਦ ਕੀਤਾ ਅਤੇ ਨਾ ਹੀ ਆਪਣੇ ਜੀਵਨ ਕਾਲ ਦੌਰਾਨ ਆਪਣੇ ਕਿਸੇ ਉਤਰਾਧਿਕਾਰੀ (ਪੈਰੋਕਾਰ) ਪਾਸੋਂ ਕਰਵਾਇਆ। ਇਨ੍ਹਾਂ ਦੀ ਕਥਿਤ ਵਿਚਾਰਧਾਰਾ ਨੂੰ ਇਨ੍ਹਾਂ ਦੇ ਅਕਾਲ ਚਲਾਣੇ ਦੇ ਢੇਰ ਸਮੇਂ ਪਿੱਛੋਂ ਇਨ੍ਹਾਂ ਦੇ ਪੈਰੋਕਾਰਾਂ ਨੇ ਆਪੋ-ਆਪਣੇ ਅੰਦਾਜ਼ ਅਨੁਸਾਰ ਕਲਮਬੰਦ ਕੀਤਾ, ਜਿਸ ਵਿੱਚ ਤਰੁੱਟੀਆਂ ਰਹਿਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਕਾਰਨਾਂ ਕਰ ਕੇ ਹੀ ਅਹਿਮ ਵਿਸ਼ਿਆਂ ਬਾਰੇ ਜੋ ਵੀ ਜਾਣਕਾਰੀ ਇਨ੍ਹਾਂ ਮੱਤਾਂ ਦੇ ਪੈਰੋਕਾਰਾਂ ਵੱਲੋਂ ਆਪੋ-ਆਪਣੇ ਮੱਤ ਦੀ ਵਿਚਾਰਧਾਰਕ ਮੁਕੱਦਸ ਕਿਤਾਬ (ਕੁਰਾਨ-ਸ਼ਰੀਫ਼, ਅੰਜੀਲ, ਤੌਰੇਤ, ਜ਼ਬੂਰ ਆਦਿ) ਵਿੱਚ ਦਰਜ ਕੀਤੀ ਗਈ ਸੀ, ਉਸ ਵਿੱਚ ਇਨ੍ਹਾਂ ਮੱਤਾਂ ਨੂੰ ਸਮੇਂ-ਸਮੇਂ ਸਿਰ ਹੋਈ ਵਿਗਿਆਨਕ ਖ਼ੋਜ ਦੀ ਰੌਸ਼ਨੀ ਮੁਤਾਬਿਕ ਕੁੱਝ ਅਹਿਮ ਸੋਧਾਂ ਵੀ ਕਰਨੀਆਂ ਪਈਆਂ ਹਨ। ਉਦਾਹਰਣ ਦੇ ਤੌਰ 'ਤੇ ਇਸਲਾਮ-ਮੱਤ ਕਹਿੰਦਾ ਹੈ ਕਿ ਸਾਰੀ ਸ੍ਰਿਸ਼ਟੀ ਵਿੱਚ ਕੇਵਲ ੭ ਆਕਾਸ਼ ਅਤੇ ੭ ਪਾਤਾਲ ਹੀ ਹਨ। ਇਸਾਈ-ਮੱਤ ਅਨੁਸਾਰ ਧਰਤੀ ਚਪਟੀ ਹੈ (ਅੰਡਾਕਾਰ ਗੋਲ ਨਹੀਂ) ਅਤੇ ਰੱਬ ਨੇ ੬ ਦਿਨਾਂ ਵਿੱਚ ਦੁਨੀਆਂ ਨੂੰ ਸਾਜਿਆ ਅਤੇ ਥਕਾਵਟ ਦੂਰ ਕਰਨ ਲਈ ਸਤਵੇਂ ਦਿਨ (ਐਤਵਾਰ ਨੂੰ) ਛੁੱਟੀ ਕਰ ਕੇ ਅਰਾਮ ਕੀਤਾ; ਬੁੱਧ-ਮੱਤ ਨੇ ਨੇਕ ਕੰਮਾਂ ਨੂੰ ਹੀ ਨਿਰਵਾਣ ਪ੍ਰਾਪਤੀ ਦਾ ਸਾਧਨ ਮੰਨਿਆ; ਜੈਨ-ਮੱਤ (ਸਰੇਵੜੇ) ਨੇ ਕਰਮ-ਫ਼ਿਲਾਸਫ਼ੀ ਦਾ ਮੁਕੰਮਲ ਤੌਰ 'ਤੇ ਤਿਆਗ਼ ਕਰ ਕੇ ਕੋਈ ਵੀ ਕਰਮ ਨਾ ਕਰਨ ਦੀ ਵਿਚਾਰਧਾਰਾ ਨੂੰ ਮੁਕਤੀ ਦਾ ਸਾਧਨ ਦਰਸਾਇਆ; ਇਤਿਆਦਿ।

**ਪ੍ਰਭੂ-ਪ੍ਰੇਮ ਜਾਂ ਪਰਮੇਸ਼ਰ ਦੀ 'ਪ੍ਰੇਮਾ-ਭਗਤੀ' ਦਾ ਕੇਂਦਰੀ ਬਿੰਦੂ ਇਨ੍ਹਾਂ ਮੱਤਾਂ ਦੀ ਫ਼ਿਲਾਸਫ਼ੀ ਵਿੱਚ ਕਿਧਰੇ ਵੀ ਵਿਸ਼ੇਸ਼ ਤੌਰ 'ਤੇ ਸਪਸ਼ਟ ਕੀਤਾ ਨਜ਼ਰ ਨਹੀਂ ਪੈ ਰਿਹਾ।**

ਇਹ ਵੀ ਇੱਕ ਹਕੀਕਤ ਹੈ ਕਿ ਜੇ ਇਨ੍ਹਾਂ ਸਾਰੇ ਮੱਤਾਂ ਵੱਲੋਂ ਮਨੁੱਖਤਾ ਨੂੰ ਦਿੱਤੀ ਸਾਰਥਕ ਜਾਣਕਾਰੀ ਨੂੰ ਇੱਕ ਥਾਂ ਇਕੱਠਾ ਕਰ ਲਿਆ ਜਾਵੇ ਤਾਂ ਇਹ ਸਾਰੀ ਜਾਣਕਾਰੀ ਇਕੱਲੇ ਗੁਰੂ ਨਾਨਕ ਸਾਹਿਬ ਵੱਲੋਂ ਬਖ਼ਸ਼ਿਸ਼ ਕੀਤੀ ਰੱਬੀ ਜਾਣਕਾਰੀ ਦੇ ਕਿਤੇ ਨੇੜੇ ਤੇੜੇ ਵੀ ਨਹੀਂ ਪਹੁੰਚਦੀ। ਇਸ ਸੱਚਾਈ ਦੀ ਪੁਸ਼ਟੀ ਇਨ੍ਹਾਂ ਮੱਤਾਂ ਦੀਆਂ ਮੁਕੱਦਸ ਕਿਤਾਬਾਂ ਵਿਚਲੇ ਗਿਆਨ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰੱਬੀ ਗਿਆਨ ਦੇ ਤੁਲਨਾਤਮਕ ਅਧਿਐਨ ਕਰਨ ਤੋਂ, ਸਹਿਜੇ ਹੀ ਕੀਤੀ ਜਾ ਸਕਦੀ ਹੈ। ਉਦਾਹਰਣ ਵਜੋਂ ਗੁਰੂ ਨਾਨਕ ਸਾਹਿਬ ਦਾ ਆਲਮਗ਼ੀਰੀ ਫ਼ਲਸਫ਼ਾ ਇਨ੍ਹਾਂ ਮੱਤਾਂ ਵੱਲੋਂ ਉੱਪਰ ਵਰਣਨ ਕੀਤੀ ਜਾਣਕਾਰੀ ਦਾ ਮੁਕੰਮਲ ਤੌਰ 'ਤੇ ਖੰਡਨ ਕਰਦਾ ਹੈ ਅਤੇ ਅਜੋਕੀ ਵਿਗਿਆਨਕ ਖ਼ੋਜ ਵੀ ਇਸ ਦੀ ਪੁਸ਼ਟੀ ਕਰਦੀ ਹੈ। ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਨੇ ਪ੍ਰਭੂ-ਪ੍ਰੇਰਨਾ ਦੁਆਰਾ ਅਨੁਭਵ ਹੋਏ ਫ਼ਲਸਫ਼ੇ ਨੂੰ ਖ਼ੁਦ ਕਲਮਬੰਦ ਕੀਤਾ ਅਤੇ ਆਪਣੀ ਨਿਗਰਾਨੀ ਵਿੱਚ ਗੁਰੂ ਗ੍ਰੰਥ ਸਾਹਿਬ ਅੰਦਰ ਦਰਜ ਕਰਵਾਇਆ। ਦੂਜੇ ਮੱਤਾਂ ਦੇ ਪੈਰੋਕਾਰਾਂ ਦੇ ਪਰਵਾਰਾਂ ਵਿੱਚ ਜਨਮੇ ਭਗਤਾਂ, ਫ਼ਕੀਰਾਂ ਦੇ, ਗੁਰਮਤਿ ਫ਼ਲਸਫ਼ੇ ਨਾਲ ਮੇਲ ਖਾਂਦੇ, ਵਿਚਾਰਾਂ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਬਰਾਬਰ ਦਾ ਸਥਾਨ ਦੇ ਕੇ ਨਿਵਾਜਿਆ।

ਆਪਣੇ ਆਪ ਨੂੰ ਮਨੁੱਖਤਾ ਅਤੇ ਰੱਬ ਵਿਚਕਾਰ ਵਿਚੋਲੇ ਦੇ ਤੌਰ 'ਤੇ ਨਹੀਂ ਪੇਸ਼ ਕੀਤਾ ਅਤੇ ਨਾ ਹੀ ਆਪਣੀ ਪੂਜਾ ਕਰਵਾਈ। ਵਿਸ਼ਵ ਭਰ ਵਿੱਚ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੀ 'ਸ਼ਬਦ-ਗੁਰੂ' ਹੋਣ ਦਾ ਮਾਣ ਪ੍ਰਾਪਤ ਹੈ।

ਇਥੇ ਇੱਕ ਦਿਲਚਸਪ ਇਤਿਹਾਸਕ ਘਟਨਾ ਦਾ ਜ਼ਿਕਰ ਕਰਨਾ ਜ਼ਰੂਰੀ ਲਗਦਾ ਹੈ। ਗੁਰੂ ਨਾਨਕ ਸਾਹਿਬ ਦੀ ਅਰਬ ਦੇਸ਼ਾਂ ਦੀ ਪ੍ਰਚਾਰ ਫੇਰੀ ਦੌਰਾਨ ਇਸਲਾਮ-ਮੱਤ ਦੇ ਧਾਰਮਕ ਆਗੂਆਂ ਨਾਲ ਉਨ੍ਹਾਂ ਦੀ ਵਿਚਾਰ ਗੋਸ਼ਟੀ ਹੋਈ। ਉਨ੍ਹਾਂ ਨੇ ਗੁਰੂ ਸਾਹਿਬ ਨੂੰ ਸੁਆਲ ਕੀਤਾ ਕਿ ਹਜ਼ਰਤ ਮੁਹੰਮਦ ਸਾਹਿਬ ਨੇ ਕਿਹਾ ਸੀ ਕਿ ਸਾਰੀ ਸ੍ਰਿਸ਼ਟੀ ਵਿੱਚ ਕੇਵਲ ੭ ਆਕਾਸ਼ ਅਤੇ ੭ ਪਾਤਾਲ ਹੀ ਹਨ ਪਰ ਤੁਸੀਂ ਕਹਿ ਰਹੇ ਹੋ ਕਿ ਲੱਖਾਂ ਹੀ (ਅਣਗਿਣਤ ਹੀ) ਪਾਤਾਲ ਅਤੇ ਆਕਾਸ਼ ਹਨ; ਕੀ ਹਜ਼ਰਤ ਸਾਹਿਬ ਗ਼ਲਤ ਬੋਲਦੇ ਸਨ ਜਾਂ ਤੁਸੀਂ ਗ਼ਲਤ ਬੋਲਦੇ ਹੋ? ਗੁਰੂ ਨਾਨਕ ਸਾਹਿਬ ਦਾ ਉੱਤਰ ਸੀ ਕਿ ਹਜ਼ਰਤ ਸਾਹਿਬ ਸੱਚ ਕਹਿੰਦੇ ਸਨ ਅਤੇ ਅਸੀਂ ਵੀ ਸੱਚ ਹੀ ਕਹਿੰਦੇ ਹਾਂ। ਇਹ ਅਚੰਰਜ ਉੱਤਰ ਸੁਣ ਕੇ ਉਹ ਬੜੇ ਹੈਰਾਨ ਹੋਏ ਅਤੇ ਪੁੱਛਣ ਲੱਗੇ ਕਿ ਸਾਨੂੰ ਤੁਹਾਡੇ ਉੱਤਰ ਦੀ ਪੂਰੀ ਸਮਝ ਨਹੀਂ ਆਈ, ਜਰਾ ਹੋਰ ਸਪੱਸ਼ਟ ਕਰ ਕੇ ਦੱਸੋ। ਸਤਿਗੁਰੂ ਜੀ ਨੇ ਕਿਹਾ ਕਿ, ਹੇ ਭਾਈ! ਹਜ਼ਰਤ ਮੁਹੰਮਦ ਸਾਹਿਬ ਦੇ ਅਨੁਭਵ ਵਿਚ ੭ ਪਾਤਾਲ ਅਤੇ ੭ ਆਕਾਸ਼ ਆਏ ਤਾਂ ਉਨ੍ਹਾਂ ਨੇ ਦੱਸ ਦਿੱਤਾ ਕਿ ਇਨ੍ਹਾਂ ਦੀ ਸਾਰੀ ਗਿਣਤੀ ਸਿਰਫ਼ ੧੪ (੭+੭=੧੪) ਹੈ। ਸਾਨੂੰ ਪਰਮੇਸ਼ਰ ਨੇ ਇਨ੍ਹਾਂ ਦੀ ਲੱਖਤਾ ਬੇਗਿਣਤ (ਲੱਖਾਂ ਹੀ) ਕਰਵਾ ਦਿਤੀ ਹੈ, ਇਸ ਕਰ ਕੇ ਅਸੀਂ ਕਹਿ ਰਹੇ ਹਾਂ ਇਨ੍ਹਾਂ ਦੀ ਗਿਣਤੀ ਕੀਤੀ ਹੀ ਨਹੀਂ ਜਾ ਸਕਦੀ। ਸੋ, ਮੁਹੰਮਦ ਸਾਹਿਬ ਵੀ ਸੱਚ ਕਹਿੰਦੇ ਸਨ ਅਤੇ ਅਸੀਂ ਵੀ ਸੱਚ ਹੀ ਕਹਿ ਰਹੇ ਹਾਂ।

ਇੱਥੇ ਇੱਕ ਹੋਰ ਅਹਿਮ ਨੁਕਤਾ ਸਾਡਾ ਧਿਆਨ ਮੰਗਦਾ ਹੈ। **ਗੁਰੂ ਨਾਨਕ ਸਾਹਿਬ ਉਸ ਵਕਤ ਦੇ ਪ੍ਰਚੱਲਤ ਮੱਤਾਂ ਦੀ ਤਰਜ਼ 'ਤੇ ਇੱਕ ਹੋਰ ਮੱਤ ਚਲਾਉਣ ਲਈ ਨਹੀਂ ਆਏ। ਉਨ੍ਹਾਂ ਨੂੰ ਪਰਮੇਸ਼ਰ ਵੱਲੋਂ ਇੱਕ ਨਿਵੇਕਲਾ, ਨਿਰਮਲ, ਨਿਰਾਲਾ, ਸਾਰੀ ਮਨੁੱਖਤਾ ਦੇ ਮਾਨਵੀ ਹੱਕਾਂ ਦੀ ਰਾਖੀ ਦਾ ਜ਼ਾਮਨ, ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ 'ਤੇ ਅਧਾਰਤ, ਇਨਸਾਫ਼ ਅਤੇ ਸਰਬਤ ਦੇ ਭਲੇ ਦਾ ਮਾਰਗ ਦਰਸ਼ਨ ਕਰਦਾ ਹੋਇਆ ਇੱਕ ਵਿਸ਼ਵ-ਵਿਆਪਕ, ਸਦੀਵਕਾਲੀ, ਵਿਸ਼ਾਲ ਪ੍ਰੋਗਰਾਮ ਪ੍ਰਾਪਤ ਹੋਇਆ ਸੀ, ਜਿਸ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਧੁਰ ਕੀ ਬਾਣੀ ਵਿੱਚ ਵਿਸਥਾਰ ਪੂਰਵਕ ਕੀਤਾ ਹੋਇਆ ਮਿਲਦਾ ਹੈ।**

## ਧਰਮੁ ਪੰਖ ਕਰਿ ਉਡਰਿਆ

ਪੰਦਰਵੀਂ ਸਦੀ ਦੇ ਉਨ੍ਹਾਂ ਪਿਛਲੇ ਦਹਾਕਿਆਂ ਸਮੇਂ ਦੁਨੀਆਂ ਅੰਦਰ ਚਾਰ-ਚੁਫੇਰੇ ਅਗਿਆਨਤਾ ਕਾਰਨ (ਅੱਜਕਲ ਦੇ ਬਹੁਤੇ ਸਿੱਖਾਂ, ਸਿੱਖੀ ਭੇਖ ਵਿੱਚ ਡੇਰੇਦਾਰਾਂ, ਨਕਲੀ ਸੰਤ-ਬਾਬਿਆਂ ਅਤੇ ਅਖੌਤੀ ਜਥੇਦਾਰਾਂ ਵਾਂਗ), ਕੂੜ ਦਾ ਹੀ ਬੋਲ ਬਾਲਾ ਸੀ। ਧਾਰਮਿਕ, ਸਮਾਜਿਕ, ਰਾਜਨੀਤਕ ਅਤੇ ਸਭਿਆਚਾਰਕ ਪੱਧਰ 'ਤੇ ਨੈਤਿਕ ਕਦਰਾਂ ਕੀਮਤਾਂ ਇਸ ਕੂੜ ਦੀ ਮੱਸਿਆ ਦੀ ਘੁੱਪ-ਹਨ੍ਹੇਰੀ ਰਾਤ ਵਿੱਚ ਕਿਧਰੇ ਭਾਲਿਆਂ ਵੀ ਨਹੀਂ ਸਨ ਲੱਭ





ਰਹੀਆਂ। ਅਖੌਤੀ ਧਾਰਮਿਕ ਆਗੂ (ਪੁਜਾਰੀ ਸ਼੍ਰੇਣੀ, : ਬ੍ਰਾਹਮਣ, ਮੁੱਲਾਂ, ਅੱਜ ਦੇ ਗ੍ਰੰਥੀਆਂ ਨੂੰ ਵੀ ਸ਼ਾਮਿਲ ਕਰ ਕੇ), ਰਾਜੇ ਅਤੇ ਅਹਿਲਕਾਰ, ਇੱਕ ਵਾਢਿਉਂ ਸਾਰੇ ਦੇ ਸਾਰੇ ਹੀ ਪ੍ਰਜਾ ਪ੍ਰਤੀ ਅਪਣੀਆਂ ਜਿਮੇਂਵਾਰੀਆਂ ਨੂੰ ਭੁਲਾ ਕੇ ਆਪੋ ਆਪਣੀ ਖ਼ੁਦਗਰਜ਼ੀ ਕਾਰਨ, ਮਨੁੱਖੀ ਸਮਾਜ ਦਾ ਸਤਿਆਨਾਸ ਕਰਨ ਲੱਗੇ ਪਏ ਸਨ। ਪਰਜਾ ਵੀ ਗਿਆਨ-ਵਿਹੂਣੀ ਹੋਣ ਕਰ ਕੇ ਅਣਖ ਅਤੇ ਗ਼ੈਰਤ ਦਾ ਜਜ਼ਬਾ ਗੁਆ ਚੁੱਕੀ ਸੀ ਅਤੇ ਹਰ ਪ੍ਰਕਾਰ ਦੇ ਜ਼ੁਲਮ ਅਤੇ ਧੱਕੇਸ਼ਾਹੀ ਨੂੰ ਆਪਣੀ ਕਿਸਮਤ ਦਾ ਭਾਗ ਸਮਝ ਕੇ ਬਰਦਾਸ਼ਤ ਕਰੀ ਜਾ ਰਹੀ ਸੀ। ਅਜਿਹਾ ਵਰਤਾਰਾ ਕਈ ਸਦੀਆਂ ਤੋਂ ਵਰਤਦਾ ਆ ਰਿਹਾ ਸੀ। ਮਨੁੱਖੀ ਹੱਕਾਂ ਦੇ ਵਿਰੋਧੀ ਖ਼ੁਦਗ਼ਰਜ਼ ਟੋਲਿਆਂ ਨੇ (ਸਿੱਖ ਭੇਖ 'ਚ ਅੱਜ ਦੇ ਡੇਰੇਦਾਰਾਂ ਬਾਬਿਆਂ ਵਾਂਗ) ਸਮਾਜ ਨੂੰ ਧਰਮ ਦੇ ਨਾਂ 'ਤੇ ਵੰਡੀਆਂ ਪਾ ਕੇ ਲੀਰੋ ਲੀਰ ਕੀਤਾ ਹੋਇਆ ਸੀ।

ਇਸ ਸਮੁੱਚੀ ਸਮਾਜਿਕ ਹਾਲਤ ਦਾ ਜ਼ਿਕਰ ਗੁਰੂ ਗ੍ਰੰਥ ਸਾਹਿਬ ਵਿੱਚ ਇੰਜ ਕੀਤਾ ਮਿਲਦਾ ਹੈ -

*ਰਾਜੇ ਸੀਹ ਮੁਕਦਮ ਕੁਤੇ॥*
*ਜਾਇ ਜਗਾਇਨ੍ਹਿ ਬੈਠੇ ਸੁਤੇ॥*
*ਚਾਕਰ ਨਹਦਾ ਪਾਇਨ੍ਹਿ ਘਾਉ॥*
*ਰਤੁ ਪਿਤੁ ਕੁਤਿਹੋ ਚਟਿ ਜਾਹੁ॥*
*ਜਿਥੈ ਜੀਆਂ ਹੋਸੀ ਸਾਰ॥*
*ਨਕੀਂ ਵਢੀਂ ਲਾਇਤਬਾਰ॥ (ਮ: ੧, ੧੨੮੮)*

**ਭਾਵ** : ('ਨਾਮ' ਤੋਂ ਸੱਖਣੀ ਵਿਦਿਆ ਦਾ ਹਾਲ ਤੱਕੋ), ਰਾਜੇ (ਮਾਨੋਂ) ਸ਼ੇਰ ਹਨ, (ਉਨ੍ਹਾਂ ਦੇ ਪੜ੍ਹੇ ਹੋਏ) ਅਹਿਲਕਾਰ (ਮਾਨੋਂ) ਕੁੱਤੇ ਹਨ, ਬੈਠੇ-ਸੁੱਤੇ (ਵੇਲੇ-ਕੁਵੇਲੇ) ਬੰਦਿਆਂ ਨੂੰ ਜਾ ਜਗਾਂਦੇ ਹਨ (ਭਾਵ ਤੰਗ-ਪ੍ਰੇਸ਼ਾਨ ਕਰਦੇ ਹਨ)। ਇਹ ਅਹਿਲਕਾਰ (ਮਾਨੋਂ ਸ਼ੇਰਾਂ ਦੀਆਂ) ਨਹੁੰਦਰਾਂ ਹਨ, ਜੋ (ਲੋਕਾਂ ਦਾ) ਘਾਤ ਕਰਦੀਆਂ ਹਨ, (ਰਾਜੇ-ਸ਼ੀਂਹ ਇਨ੍ਹਾਂ ਮੁਕੱਦਮ) ਕੁੱਤਿਆਂ ਰਾਹੀਂ (ਲੋਕਾਂ ਦਾ) ਲਹੂ ਪੀਂਦੇ ਹਨ।

ਪਰ ਜਿਥੇ ਜੀਵਾਂ ਦੀ (ਕਰਣੀ ਦੀ) ਪਰਖ ਹੁੰਦੀ ਹੈ, ਓਥੇ ਅਜੇਹੇ (ਪੜ੍ਹੇ ਹੋਏ ਬੰਦੇ) ਬੇ-ਇਤਬਾਰੇ ਨੱਕ-ਵੱਢੇ (ਸਮਝੇ ਜਾਂਦੇ) ਹਨ।

*ਕਲਿ ਕਾਤੀ ਰਾਜੇ ਕਾਸਾਈ, ਧਰਮੁ ਪੰਖ ਕਰਿ ਉਡਰਿਆ॥*
*ਕੂੜੁ ਅਮਾਵਸ, ਸਚੁ ਚੰਦ੍ਰਮਾ, ਦੀਸੈ ਨਾਹੀ ਕਹ ਚੜਿਆ॥*
*ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹੁ ਨ ਕੋਈ॥*
*ਵਿਚਿ ਹਉਮੈ ਕਰਿ ਦੁਖੁ ਰੋਈ॥*
*ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ੧॥ (ਮ: ੧, ੧੪੫)*

**ਅਰਥ** : ਇਹ ਘੋਰ ਕਲਜੁਗੀ ਸੁਭਾਉ (ਮਾਨੋਂ) ਛੁਰੀ ਹੈ (ਜਿਸ ਦੇ ਕਾਰਨ) ਰਾਜੇ ਜ਼ਾਲਮ ਹੋ ਰਹੇ ਹਨ, (ਇਸ ਵਾਸਤੇ) ਧਰਮ ਖੰਭ ਲਾ ਕੇ ਉੱਡ ਗਿਆ ਹੈ। ਕੂੜ (ਮਾਨੋਂ)

ਮੱਸਿਆ ਦੀ ਰਾਤ ਹੈ, (ਇਸ ਵਿੱਚ) ਸੱਚ-ਰੂਪ ਚੰਦ੍ਰਮਾ ਕਿਤੇ ਚੜ੍ਹਿਆ ਦਿਸਦਾ ਨਹੀਂ ਹੈ। ਮੈਂ ਇਸ ਚੰਦ੍ਰਮਾ ਨੂੰ ਲੱਭ ਲੱਭ ਕੇ ਵਿਆਕੁਲ ਹੋ ਗਈ ਹਾਂ, ਹਨ੍ਹੇਰੇ ਵਿੱਚ ਕੋਈ ਰਾਹ ਦਿਸਦਾ ਨਹੀਂ।

(ਇਸ ਅਗਿਆਨਤਾ ਦੇ ਹਨ੍ਹੇਰੇ) ਵਿੱਚ (ਸ੍ਰਿਸ਼ਟੀ) ਹਉਮੈ ਦੇ ਕਾਰਨ ਦੁਖੀ ਹੋ ਰਹੀ ਹੈ; ਹੇ ਨਾਨਕ! ਕਿਵੇਂ ਇਸ ਤੋਂ ਖ਼ਲਾਸੀ ਹੋਵੇ?

ਇਸ ਅਤਿ ਭਿਆਨਕ ਮਨੁੱਖੀ ਸਮੱਸਿਆ ਦਾ ਹੱਲ ਗੁਰੂ ਗ੍ਰੰਥ ਸਾਹਿਬ ਜੀ ਇੰਜ ਦੱਸ ਰਹੇ ਹਨ -

*ਕਲਿ ਕੀਰਤਿ ਪਰਗਟੁ ਚਾਨਣੁ ਸੰਸਾਰਿ॥*
*ਗੁਰਮਖਿ ਕੋਈ ਉਤਰੈ ਪਾਰਿ॥*
*ਜਿਸ ਨੋ ਨਦਰਿ ਕਰੇ ਤਿਸੁ ਦੇਵੈ॥*
*ਨਾਨਕ ਗੁਰਮੁਖਿ ਰਤਨੁ ਸੋ ਲੇਵੈ॥ (ਮ: ੩, ੧੪੫)*

**ਅਰਥ** : ਇਸ ਕਲਜੁਗੀ ਸੁਭਾਵ (-ਰੂਪ ਹਨ੍ਹੇਰੇ ਨੂੰ ਦੂਰ ਕਰਨ) ਲਈ (ਪ੍ਰਭੂ ਦੀ) ਸਿਫ਼ਤਿ-ਸਾਲਾਹ (ਸਮਰੱਥ) ਹੈ, (ਇਹ ਸਿਫ਼ਤਿ-ਸਾਲਾਹ) ਜਗਤ ਵਿੱਚ ਉੱਘਾ ਚਾਨਣ ਹੈ, (ਪਰ) ਕੋਈ (ਵਿਰਲਾ) ਜੋ ਸ਼ਬਦ-ਗੁਰੂ ਦੇ ਉਪਦੇਸ਼ਾਂ 'ਤੇ ਅਮਲ ਕਰਦਾ ਹੈ (ਇਸ ਚਾਨਣ ਦਾ ਆਸਰਾ ਲੈਕੇ ਇਸ ਹਨ੍ਹੇਰੇ ਵਿੱਚੋਂ) ਪਾਰ ਲੰਘਦਾ ਹੈ।

*ਕਾਦੀ ਕੂੜੁ ਬੋਲਿ ਮਲੁ ਖਾਇ॥*
*ਬ੍ਰਾਹਮਣੁ ਨਾਵੈ ਜੀਆ ਘਾਇ॥*
*ਜੋਗੀ ਜੁਗਤਿ ਨ ਜਾਣੈ ਅੰਧੁ॥*
*ਤੀਨੇ ਓਜਾੜੇ ਕਾ ਬੰਧੁ॥ (ਮ: ੧, ੬੬੨)*

**ਅਰਥ** : ਕਾਜ਼ੀ (ਜੋ ਇੱਕ ਪਾਸੇ ਤਾਂ ਇਸਲਾਮੀ ਧਰਮ ਦਾ ਨੇਤਾ ਹੈ ਤੇ ਦੂਜੇ ਪਾਸੇ ਹਾਕਮ ਵੀ ਹੈ, ਰਿਸ਼ਵਤ ਦੀ ਖ਼ਾਤਰ ਸ਼ਰਈ ਕਾਨੂੰਨ ਬਾਰੇ) ਝੂਠ ਬੋਲ ਕੇ ਹਰਾਮ ਦਾ ਮਾਲ (ਰਿਸ਼ਵਤ) ਖਾਂਦਾ ਹੈ। ਬ੍ਰਾਹਮਣ (ਕ੍ਰੋੜਾਂ ਹੀ ਸ਼ੂਦਰ ਅਖਵਾਂਦੇ) ਬੰਦਿਆਂ ਨੂੰ ਦੁਖੀ ਕਰਕੇ ਤੀਰਥ-ਇਸ਼ਨਾਨ (ਭੀ) ਕਰਦਾ ਹੈ (ਭਾਵ, ਕਿ ਧਰਮੀ ਹੋਣ ਦਾ ਪਖੰਡ ਵੀ ਕਰਦਾ ਹੈ)। ਜੋਗੀ ਵੀ (ਆਤਮਕ ਪੱਖ ਤੋਂ) ਅੰਨ੍ਹਾ ਹੈ ਤੇ ਸਹੀ ਜੀਵਨ-ਜਾਚ ਨਹੀਂ ਜਾਣਦਾ। (ਇਹ ਤਿੰਨੇ ਆਪੋ ਆਪਣੇ ਤੌਰ ਤੇ ਤਾਂ ਧਰਮ-ਨੇਤਾ ਹਨ, ਪਰ) ਇਨ੍ਹਾਂ ਤਿੰਨਾਂ ਦੇ ਹੀ ਅੰਦਰ ਆਤਮਕ-ਜੀਵਨ ਵੱਲੋਂ ਸੁੰਞ ਹੀ ਸੁੰਞ ਹੈ ਅਤੇ ਇਹ ਮਨੁੱਖੀ ਸਮਾਜ ਨੂੰ ਰੋਲ-ਮਾਡਲ ਬਣਕੇ, ਸਹੀ ਸੇਧ ਦੇਣ ਦੀ ਬਜਾਏ ਲੁੱਟਣ ਤੇ ਲੱਗੇ ਪਏ ਹਨ।





# ੨.
# ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਹੋਏ ਆਲਮਗੀਰੀ ਫ਼ਲਸਫ਼ੇ ਦੇ ਸਿਧਾਂਤ

ਗੁਰੂ ਨਾਨਕ ਸਾਹਿਬ ਨੇ ਸੰਸਾਰ ਨੂੰ ਸਭ ਤੋਂ ਉੱਚਾ, ਵਿਗਿਆਨਕ (ਤਰਕ-ਸੰਗਤ), ਸਾਰੇ ਝੂਠੇ ਬੰਧਨਾਂ, ਵਿਤਕਰਿਆਂ ਤੋਂ ਮੁਕੰਮਲ ਆਜ਼ਾਦੀ ਦਿਵਾਉਂਣ ਵਾਲਾ ਤੇ ਪਰਮੇਸ਼ਰ ਨਾਲ ਸਿੱਧਾ ਪ੍ਰੇਮ-ਰਿਸ਼ਤਾ ਜੋੜਕੇ ਮਨੁੱਖਾ ਜੀਵਨ ਨੂੰ ਸਫ਼ਲ ਕਰਨ ਵਾਲਾ ਇੱਕ ਸਰਲ, ਉਸਾਰੂ ਤੇ ਨਵਾਂ ਆਲਮਗੀਰੀ ਫ਼ਲਸਫ਼ਾ ਦਿੱਤਾ। ਇਸ ਫ਼ਲਸਫ਼ੇ ਦਾ ਪ੍ਰਚਾਰ ਕਰਨ ਲਈ ਸਤਿਗੁਰਾਂ ਨੇ ਕੀਰਤਨ ਅਤੇ ਵਖਿਆਨ ਦਾ ਢੰਗ ਅਪਨਾਇਆ। ਆਪਣੇ ਵੱਲੋਂ ਉਚਾਰਣ ਕੀਤੀ ਧੁਰ ਕੀ ਬਾਣੀ (ਗੁਰਬਾਣੀ) ਨੂੰ ਸਤਿਗੁਰੂ ਜੀ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮੇਂ ਆਪ ਹੀ ਸਮੇਂ-ਸਮੇਂ ਸਿਰ ਕਲਮਬੰਦ ਕਰ ਲੈਂਦੇ ਸਨ। ਰੱਬੀ ਪਿਆਰ ਵਿੱਚ ਰੰਗੇ (ਦੂਜੇ ਮੱਤਾਂ ਵਿੱਚ ਅਤੇ ਸਿੱਖ ਪਰਿਵਾਰਾਂ ਵਿੱਚ ਜਨਮੇਂ) ਵਿਅਕਤੀਆਂ ਵੱਲੋਂ ਉਚਾਰਣ ਕੀਤੀ (ਗੁਰਮਤਿ ਸਿਧਾਤਾਂ ਦੀ ਵਿਆਖਿਆ ਕਰਨ ਵਾਲੀ) ਬਾਣੀ ਨੂੰ ਵੀ ਸਤਿਗੁਰੂ ਜੀ ਆਪਣੀ ਗੁਰਬਾਣੀ ਦੀ 'ਪੋਥੀ ਸਾਹਿਬ' ਵਿੱਚ ਲਿਖ ਲਿਆ ਕਰਦੇ ਸਨ। ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀ ਪੰਜਵੇਂ ਗੁਰੂ ਜਾਮੇਂ, ਗੁਰੂ ਅਰਜਨ ਸਾਹਿਬ ਨੇ ਗੁਰੂ ਜਾਮਿਆਂ ਅਤੇ ਰੱਬੀ ਦਰਗਾਹ ਵਿੱਚ ਪਰਵਾਨ ਹੋਏ ਉਨ੍ਹਾਂ ਮਹਾਂਪੁਰਖਾਂ ਦੀ ਬਾਣੀ ਨੂੰ ਭਾਈ ਗੁਰਦਾਸ ਜੀ ਤੋਂ ਲਿਖਵਾਕੇ ਸੰਨ 1604 ਵਿੱਚ 'ਪੋਥੀ ਸਾਹਿਬ' ਦੇ ਰੂਪ ਵਿੱਚ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਪ੍ਰਕਾਸ਼ ਕਰਵਾ ਦਿੱਤਾ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਦਮਦਮਾ (ਅਨੰਦਪੁਰ ਸਾਹਿਬ) ਦੇ ਸਥਾਨ ਤੇ 'ਪੋਥੀ ਸਾਹਿਬ' ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਜੀ ਵੱਲੋਂ ਪ੍ਰਗਟ ਕੀਤੀ ਗੁਰਬਾਣੀ ਨੂੰ ਵੀ ਅੰਕਿਤ ਕਰਵਾ ਦਿੱਤਾ। ਇਸੇ ਕਰਕੇ ਇਸ ਸਰੂਪ ਦਾ ਨਾਮ ਦਮਦਮੇ ਵਾਲਾ ਸਰੂਪ ਪ੍ਰਚੱਲਤ ਹੋਇਆ। ਅਕਤੂਬਰ 1708 ਵਿੱਚ ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਜੋਤੀ ਜੋਤਿ ਸਮਾਉਂਣ ਤੋਂ ਇੱਕ ਦਿਨ ਪਹਿਲਾਂ ਦਮਦਮੇ ਵਾਲੇ ਸਰੂਪ ਦਾ ਪ੍ਰਕਾਸ਼ ਕਰਵਾਕੇ ਅਤੇ ਉਸ ਅੱਗੇ ਸੀਸ ਨਿਵਾਕੇ, ਹਜ਼ੂਰ ਸਾਹਿਬ (ਨੰਦੇੜ) ਮਹਾਂਰਾਸ਼ਟਰਾ ਵਿਖੇ ਗੁਰੂ ਨਾਨਕ ਸਾਹਿਬ ਦੀ ਇਲਾਹੀ ਗੁਰਤਾਗੱਦੀ 'ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਸ਼ੋਭਤ ਕਰਕੇ ਹੁਕਮ ਕੀਤਾ ਕਿ ਅੱਜ ਤੋਂ ਸਦੀਵਕਾਲ ਲਈ ਗੁਰੂ ਗ੍ਰੰਥ ਸਾਹਿਬ ਮਨੁੱਖਤਾ ਦੇ ਗੁਰੂ ਹੋਣਗੇ। ਇਹ ਹੁਕਮ ਤੁਰਤ ਲਾਗੂ ਹੋ ਗਿਆ ਅਤੇ ਅੱਜ ਤੱਕ ਸਿੱਖ ਯੱਕ-ਜ਼ਬਾਨ ਹੋ ਕੇ ਇਸ ਅੱਗੇ ਸਿਰ ਝੁਕਾਉਂਦੇ ਹਨ।

ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤਾ ਸਮੁੱਚਾ ਫ਼ਲਸਫ਼ਾ ਗੁਰੂ ਗ੍ਰੰਥ ਸਾਹਿਬ ਵਿੱਚ "੧ਓ" ਤੋਂ ਲੈ ਕੇ "ਤਨੁ ਮਨੁ ਥੀਵੈ ਹਰਿਆ" ਤੱਕ, 1429 ਪੰਨਿਆਂ ਉੱਪਰ ਅੰਕਿਤ ਹੈ। ਹਥਲੀ ਪੁਸਤਕ ਇਸੇ ਫ਼ਲਸਫ਼ੇ ਨੂੰ ਆਧਾਰ ਮੰਨ ਕੇ ਲਿਖੀ ਗਈ ਹੈ। ਹੋਰ ਸਾਰੀਆਂ ਰਚਨਾਵਾਂ, ਇਤਿਹਾਸਕ (ਜਾਂ ਮਿਥਿਹਾਸਕ) ਘਟਨਾਵਾਂ ਨੂੰ ਇਸੇ ਫ਼ਲਸਫ਼ੇ ਦੀ ਕਸਵੱਟੀ ਤੇ

ਪਰਖ ਕੇ ਪ੍ਰਵਾਨ ਜਾਂ ਰੱਦ ਕਰਨਾ ਹੀ ਉੱਚਿਤ ਹੈ। ਇਹ ਇਲਾਹੀ ਫ਼ਲਸਫ਼ਾ ਕਾਦਰ ਦੀ ਕੁਦਰਤਿ ਦੇ ਨਿਯਮਾਂ ਦੀ ਜਨ ਸਾਧਾਰਨ ਦੀ ਆਸਾਨੀ ਨਾਲ ਸਮਝ ਵਿੱਚ ਆ ਸਕਣ ਵਾਲੀ ਕਾਵਿ-ਰੂਪ ਬੋਲੀ ਵਿੱਚ ਅੰਕਿਤ ਸਹੀ ਮਨੁੱਖੀ ਜੀਵਨ-ਜਾਚ ਦਾ ਮਾਰਗ-ਦਰਸ਼ਨ ਕਰਦਾ ਹੈ। ਇਸ ਫ਼ਲਸਫ਼ੇ ਦੇ ਕੁਝ ਕੁ ਬੁਨਿਆਦੀ ਸਿਧਾਂਤਾਂ ਬਾਰੇ ਸੰਖੇਪ ਵਿਚਾਰ ਅੱਗੇ ਦਰਜ ਕੀਤੇ ਜਾ ਰਹੇ ਹਨ।

## ਪਰਮੇਸ਼ਰ ਬਾਰੇ ਲੋੜੀਂਦੀ ਸੰਖੇਪ ਜਾਣਕਾਰੀ

ਪਰਮੇਸ਼ਰ ਬਾਰੇ ਸੰਪੂਰਨ ਜਾਣਕਾਰੀ ਹਾਸਿਲ ਕਰ ਸਕਣਾ ਤਾਂ ਅਸੰਭਵ ਹੈ ਪਰ ਫਿਰ ਵੀ ਉਸ ਪ੍ਰਭੂ-ਪਿਤਾ ਬਾਰੇ ਕੁੱਝ ਜ਼ਰੂਰੀ ਬੁਨਿਆਦੀ ਜਾਣਕਾਰੀ ਸਾਨੂੰ ਹੋਣੀ ਚਾਹੀਦੀ ਹੈ।

## ਮੰਗਲਾਚਰਨ (ਮੂਲ ਮੰਤਰ) - ਮੁੱਢਲਾ ਸਿਧਾਂਤ

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ*
*ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥*

**ਭਾਵ ਅਰਥ** : ਪਰਮੇਸ਼ਰ ਕੇਵਲ **ਇੱਕ** ਹੈ। ਨਿਰੰਕਾਰ ਸ੍ਰਿਸ਼ਟੀ ਪਸਾਰੇ ਵਾਲਾ ਵਿਰਾਟ ਸਰਗੁਣ ਰੂਪ ਧਾਰ ਕੇ ਵੀ ਮੂਲ ਰੂਪ ਵਿੱਚ ਸ਼ਬਦ ਸਰੂਪ **'ਓਅੰਕਾਰ'** ਹੀ ਰਹਿੰਦਾ ਹੈ ਭਾਵੇਂ ਉਹ ਇਸ ਸਰੂਪ ਤੋਂ ਨਿਤ ਦ੍ਰਿਸ਼ਟਮਾਨ ਆਕਾਰ ਬਣਾਉਂਦਾ ਰਹਿੰਦਾ ਹੈ। ਪਰਮੇਸ਼ਰ ਦੀ ਹਸਤੀ ਨੂੰ ਰੂਪਮਾਨ ਕੇਵਲ **'ਸਤਿ'** ਨਾਲ ਹੀ ਕੀਤਾ ਜਾ ਸਕਦਾ ਹੈ ਜੋ ਦੇਸ਼, ਕਾਲ, ਵਾਤਾਵਰਣ ਆਦਿਕਾਂ ਤੋਂ ਪੂਰੀ ਤਰ੍ਹਾਂ ਪਰ੍ਹੇ ਅਰ ਸਦੀਵੀ ਹੋਂਦ ਵਾਲਾ ਹੈ। ਪਰਮੇਸ਼ਰ ਅਦੁੱਤੀ ਅਤੇ ਸਦੀਵੀ ਹੋਣ ਵਾਲਾ ਹੈ ਅਰ ਇਸ ਕਾਰਨ ਸੱਚੇ ਜਗਿਆਸੂਆਂ ਨੂੰ ਉਸਦੇ **'ਨਾਮ'** ਅਤੇ ਉਸ ਮਹਾਨ ਅਦੁੱਤੀ 'ਨਾਮੀ' ਵਿੱਚ ਕੋਈ ਭੇਦ ਨਹੀਂ ਪ੍ਰਤੀਤ ਹੁੰਦਾ (ਇਸ ਸਬਲ ਅਤੇ ਸਦੀਵਕਾਲੀ ਹੋਂਦ ਵਾਲੀ ਹਸਤੀ ਦੇ ਨਾਮ ਮਾਤਰ ਦੇ ਪ੍ਰਤਾਪ ਨਾਲ ਸਭ ਜੀਅ-ਜੰਤ ਅਤੇ ਖੰਡ-ਬ੍ਰਹਿਮੰਡ ਟਿਕੇ ਹੋਏ ਹਨ)। ਉਹ ਸਾਰੀ ਸ਼੍ਰਿਸ਼ਟੀ ਅਤੇ ਇਸਦੇ ਸਭ ਅੰਗਾਂ ਦਾ ਸਿਰਜਣਹਾਰ (**ਕਰਤਾ**) ਹੈ ਅਤੇ ਸਾਰੇ ਸੰਸਾਰ ਵਿੱਚ ਇੱਕ'ਰਸ ਤੌਰ ਤੇ ਸਰਬ-ਵਿਆਪਕ ਰੂਪ ਵਿੱਚ (**ਪੁਰਖੁ**) ਰਮ ਰਿਹਾ ਹੈ। ਉਹ **ਹੋਰਨਾਂ** ਸਭ ਹੋਂਦਾਂ ਦੇ ਹਰ ਪ੍ਰਕਾਰ ਦੇ ਭੈ, ਕਾਨੂੰਨ, ਦਬਾਅ ਆਦਿ ਤੋਂ ਰਹਿਤ (**ਨਿਰਭਉ**) ਅਤੇ ਵੈਰ-ਰਹਿਤ (**ਨਿਰਵੈਰੁ**) ਨਿਰਲੇਪ ਹਸਤੀ ਹੈ। ਉਸਦਾ ਸਰੂਪ ਨਿਸਚੇ ਤੌਰ ਤੇ ਕਾਲ ਤੋਂ ਪੂਰੀ ਤਰ੍ਹਾਂ ਰਹਿਤ (**ਅਕਾਲ ਮੂਰਤਿ**) ਅਤੇ ਪਰ੍ਹੇ ਤੋਂ ਪਰ੍ਹੇ ਹੈ। ਉਸ ਦੀ ਹਸਤੀ ਜੂਨੀਆਂ ਵਿੱਚ ਆਉਂਣ-ਪੈਣ ਵਾਲੀ ਨਹੀਂ (**ਅਜੂਨੀ**) ਤੇ ਉਸ ਦੀ ਹੋਂਦ ਆਪਣੇ ਆਪ ਤੋਂ ਜ਼ਹੂਰ ਵਿੱਚ ਆਈ ਹੋਈ (**ਸੈਭੰ**) ਹੈ (ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਇਹ ਗੱਲ ਮਨ, ਬੁੱਧੀ ਤੇ ਇੰਦਰਿਆਂ ਦਾ ਵਿਸ਼ਾ ਨਹੀਂ) ਅਤੇ ਅਜਿਹੇ ਪਰਮੇਸ਼ਰ ਦੀ ਕੇਵਲ ਸਤਿਗੁਰੂ ਦੀ ਕਿਰਪਾ ਜਾਂ ਫਜ਼ਲ ਮਾਤਰ ਦੁਆਰਾ ਹੀ ਸੋਝੀ ਪ੍ਰਾਪਤੀ (**ਗੁਰਪ੍ਰਸਾਦਿ**) ਹੁੰਦੀ ਹੈ।

(ਮਹਿੰਦਰ ਸਿੰਘ 'ਜੋਸ਼' : ਜਪੁ ਸਾਹਿਬ ਦਾ ਭਾਸ਼, ਪੰਨਾ-32)





## ਸਰਬ ਵਿਆਪਕ

ਪਰਮੇਸ਼ਰ ਸਾਰੀ ਹੀ ਦਿਸਦੀ ਅਤੇ ਅਣ-ਦਿਸਦੀ ਰਚਨਾ ਵਿੱਚ ਇੱਕ-ਰਸ ਵਿਆਪਕ ਵੀ ਹੈ ਅਤੇ ਰਚਨਾ ਤੋਂ ਨਿਰਲੇਪ ਵੀ ਹੈ।

*ਆਪੇ ਰਸੀਆ, ਆਪਿ ਰਸੁ, ਆਪੇ ਰਾਵਣਹਾਰੁ॥*
*ਆਪੇ ਹੋਵੈ ਚੋਲੜਾ, ਆਪੇ ਸੇਜ ਭਤਾਰੁ॥ ੧॥*
*ਰੰਗਿ ਰਤਾ ਮੇਰਾ ਸਾਹਿਬੁ, ਰਵਿ ਰਹਿਆ ਭਰਪੂਰਿ॥੧॥ ਰਹਾਉ॥*
*ਆਪੇ ਮਾਛੀ ਮਛੁਲੀ, ਆਪੇ ਪਾਣੀ ਜਾਲੁ॥*
*ਆਪੇ ਜਾਲ ਮਣਕੜਾ, ਆਪੇ ਅੰਦਰਿ ਲਾਲੁ॥ ੨॥*
*ਆਪੇ ਬਹੁ ਬਿਧਿ ਰੰਗੁਲਾ, ਸਖੀਏ ਮੇਰਾ ਲਾਲੁ॥*
*ਨਿਤ ਰਵੈ ਸੋਹਾਗਣੀ, ਦੇਖੁ ਹਮਾਰਾ ਹਾਲੁ॥ ੩॥*
*ਪ੍ਰਣਵੈ ਨਾਨਕੁ ਬੇਨਤੀ, ਤੂ ਸਰਵਰੁ ਤੂੰ ਹੰਸੁ॥*
*ਕਉਲੁ ਤੂ ਹੈ, ਕਵੀਆ ਤੂ ਹੈ, ਆਪੇ ਵੇਖਿ ਵਿਗਸੁ॥ ੪॥ (ਮ: ੧, ੨੩)*

**ਭਾਵ** : ਮੇਰਾ ਮਾਲਕ ਪ੍ਰਭੂ, ਪਿਆਰ ਵਿੱਚ ਰੰਗਿਆ ਹੋਇਆ ਹੈ, ਉਹ (ਸਾਰੀ ਸ੍ਰਿਸ਼ਟੀ ਵਿੱਚ) ਪੂਰਨ ਤੌਰ 'ਤੇ ਵਿਆਪਕ ਹੈ। ੧। ਰਹਾਉ।

ਪ੍ਰਭੂ ਆਪ ਹੀ ਰਸ ਭਰਿਆ ਪਦਾਰਥ ਹੈ, ਆਪ ਹੀ (ਉਸ ਵਿੱਚ) ਰਸ ਹੈ, ਆਪ ਹੀ ਉਸ ਸੁਆਦ ਨੂੰ ਮਾਨਣ ਵਾਲਾ ਹੈ। ਪ੍ਰਭੂ ਆਪ ਹੀ ਇਸਤਰੀ ਬਣਦਾ ਹੈ, ਆਪ ਹੀ ਸੇਜ ਅਤੇ ਆਪ ਹੀ (ਮਾਣਨ ਵਾਲਾ) ਪਤੀ ਪਰਮੇਸ਼ਰ ਹੈ।੧।

ਪ੍ਰਭੂ ਆਪ ਹੀ ਮੱਛੀਆਂ ਫੜਨ ਵਾਲਾ ਹੈ, ਆਪ ਹੀ ਮੱਛੀ ਹੈ, ਆਪ ਹੀ ਪਾਣੀ ਹੈ, (ਜਿਸ ਵਿੱਚ ਮੱਛੀ ਰਹਿੰਦੀ ਹੈ), ਆਪ ਹੀ ਜਾਲ ਹੈ (ਜਿਸ ਵਿੱਚ ਮੱਛੀ ਫੜੀਦੀ ਹੈ)।

ਪ੍ਰਭੂ ਹੀ ਉਸ ਜਾਲ ਦੇ ਮਣਕੇ ਹੈ, ਆਪ ਹੀ ਉਸ ਜਾਲ ਵਿੱਚ ਮਾਸ ਦੀ ਬੋਟੀ ਹੈ, (ਜੋ ਮੱਛੀ ਨੂੰ ਜਾਲ ਵੱਲ ਪ੍ਰੇਰਦੀ ਹੈ)। ੨।

ਹੇ ਸਹੇਲੀਏ! ਮੇਰਾ ਪਿਆਰਾ ਪ੍ਰਭੂ ਆਪ ਹੀ ਕਈ ਤਰੀਕਿਆਂ ਨਾਲ ਚੋਜ ਤਮਾਸ਼ੇ ਕਰਨ ਵਾਲਾ ਹੈ। ਭਾਗਾਂ ਵਾਲੀਆਂ ਜੀਵ ਇਸਤਰੀਆਂ ਨੂੰ ਉਹ ਪਤੀ-ਪਰਮੇਸ਼ਰ ਸਦਾ ਮਿਲਦਾ ਹੈ, ਪਰ ਮੇਰੇ ਵਰਗੀਆਂ ਦਾ ਹਾਲ ਵੇਖ (ਕਿ ਸਾਨੂੰ ਕਦੇ ਉਸਦਾ ਦੀਦਾਰ ਨਹੀਂ ਹੁੰਦਾ)। ੩।

ਹੇ ਪ੍ਰਭੂ! ਨਾਨਕ (ਤੇਰੇ ਦਰ ਤੇ) ਅਰਦਾਸਿ ਕਰਦਾ ਹੈ (ਤੂੰ ਹਰ ਥਾਂ ਮੌਜੂਦ ਹੈਂ, ਮੈਨੂੰ ਵੀ ਦੀਦਾਰ ਦੇਹ), ਤੂੰ ਹੀ ਸਰੋਵਰ ਹੈਂ, ਤੂੰ ਹੀ ਸਰੋਵਰ ਤੇ ਰਹਿਣ ਵਾਲਾ ਹੰਸ ਹੈਂ। ਸੂਰਜ ਦੀ ਰੌਸ਼ਨੀ ਵਿੱਚ ਖਿੜਨ ਵਾਲਾ ਕੌਲ ਫੁੱਲ ਵੀ ਤੂੰ ਹੀ ਹੈਂ ਤੇ ਚੰਦ ਦੇ ਚਾਨਣ ਵਿੱਚ ਖਿੜਨ ਵਾਲੀ ਕੰਮੀ ਵੀ ਤੂੰ ਹੀ ਹੈਂ (ਆਪਣੇ ਜਮਾਲ ਨੂੰ ਤੇ ਆਪਣੇ ਜਲਾਲ ਨੂੰ) ਵੇਖ ਕੇ ਤੂੰ ਆਪ ਹੀ ਖ਼ੁਸ਼ ਹੋਣ ਵਾਲਾ ਹੈਂ।

**ਨੋਟ :** ਪ੍ਰਭੂ-ਪਿਤਾ ਦੀ ਸਰਬ ਵਿਆਪਕਤਾ ਦੀ ਅਸਲੀਅਤ ਦਾ ਅਨੰਦ, ਪ੍ਰਭੂ-ਪ੍ਰੇਮ ਵਿੱਚ ਰੱਤੀਆਂ ਰੂਹਾਂ ਹੀ ਮਾਣ ਸਕਦੀਆਂ ਹਨ। ਇਹ ਗੱਲਾਂ ਮੱਤ-ਬੁੱਧੀ ਦੇ ਮੰਡਲਾਂ ਤੋਂ ਬਹੁਤ ਪਰ੍ਹੇ ਦੀਆਂ ਹਨ।

## ਰਾਜ਼ਕ:

ਜੀਵਾਂ ਦਾ ਰਿਜ਼ਕ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਦੇ ਹੱਥ ਵਿੱਚ ਨਹੀਂ ਹੈ।

*ਨ ਰਿਜਕੁ ਦਸਤ ਆ ਕਸੇ॥ ਹਮਾ ਰਾ ਏਕੁ ਆਸ ਵਸੇ॥*
*ਅਸਤਿ ਏਕੁ ਦਿਗਰ ਕੁਈ॥ ਏਕੁ ਤੁਈ ਏਕੁ ਤੁਈ॥ (ਮ:੧, ੧੪੪)*

**ਭਾਵ :** (ਜੀਵਾਂ ਦਾ) ਰਿਜ਼ਕ (ਪਰਮਾਤਮਾ ਤੋਂ ਬਿਨਾਂ) ਕਿਸੇ ਹੋਰ ਦੇ ਹੱਥ ਵਿਚ ਨਹੀਂ ਹੈ। ਜੀਵਾਂ ਨੂੰ, ਬੱਸ, ਇੱਕ ਪ੍ਰਭੂ ਦੀ ਆਸ ਹੈ (ਕਿਉਂਕਿ ਸਦਾ-ਥਿਰ) ਹੋਰ ਹੈ ਹੀ ਕੋਈ ਨਹੀਂ। ਸਦਾ ਕਾਇਮ ਰਹਿਣ ਵਾਲਾ, ਹੇ ਪ੍ਰਭੂ! ਇੱਕ ਤੂੰ ਹੀ ਹੈਂ।

*ਪਰੰਦਏ ਨਾ ਗਿਰਾਹ ਜਰ॥ ਦਰਖਤ ਆਬ ਆਸ ਕਰ॥*
*ਦਿਹੰਦ ਸੁਈ॥ ਏਕ ਤੁਈ ਏਕ ਤੁਈ॥ (ਮ:੧, ੧੪੪)*

**ਭਾਵ :** ਪੰਛੀਆਂ ਦੇ ਗੰਢ-ਪੱਲੇ ਧਨ ਨਹੀਂ ਹੈ, ਉਹ (ਪ੍ਰਭੂ ਦੇ ਬਣਾਏ) ਰੁੱਖਾਂ ਅਤੇ ਪਾਣੀ ਦਾ ਆਸਰਾ ਹੀ ਲੈਂਦੇ ਹਨ, ਉਨ੍ਹਾਂ ਨੂੰ ਰੋਜ਼ੀ ਦੇਣ ਵਾਲਾ ਉਹੀ ਪ੍ਰਭੂ ਹੈ (ਹੇ ਪ੍ਰਭੂ ਇਨ੍ਹਾਂ ਦਾ ਰਿਜ਼ਕਦਾਤਾ) ਇੱਕ ਤੂੰ ਹੀ ਹੈਂ, ਇੱਕ ਤੂੰ ਹੀ ਹੈਂ।

## ਸਿਰਜਣਹਾਰ, ਪਾਲਣਹਾਰ, ਸਮਾਪਤ ਕਰਨਹਾਰ

*ਆਪੀਨ੍ਹੈ ਆਪੁ ਸਾਜਿਓ, ਆਪੀਨ੍ਹੈ ਰਚਿਓ ਨਾਉ॥*
*ਦੁਯੀ ਕੁਦਰਤਿ ਸਾਜੀਐ, ਕਰਿ ਆਸਣੁ ਡਿਠੋ ਚਾਉ॥ (ਮ: ੧,੪੬੩)*

**ਭਾਵ:** ਪ੍ਰਭੂ ਨੇ ਆਪ ਹੀ ਆਪਣਾ ਆਪ ਸਾਜਿਆ ਹੈ (ਨਿਰਗੁਣ ਤੋਂ ਸਰਗੁਣ ਰੂਪ ਹੋ ਕੇ) ਅਤੇ ਆਪ ਹੀ ਆਪਣੀ ਵਡਿਆਈ ਰਚੀ ਹੈ। ਦੂਜੇ ਨੰਬਰ 'ਤੇ ਪ੍ਰਭੂ ਨੇ ਆਪਣੀ ਕੁਦਰਤਿ ਰਚੀ ਅਤੇ ਫਿਰ ਉਸ ਕੁਦਰਤਿ (ਸ੍ਰਿਸ਼ਟੀ) ਵਿੱਚ ਇੱਕ-ਰਸ ਵਿਆਪਕ ਹੋ ਕੇ ਆਪਣਾ ਚੋਜ-ਤਮਾਸ਼ਾ (ਖੇਡ ਤਮਾਸ਼ਾ) ਵੇਖਿਆ ਹੈ।

*ਦਾਤਾ ਕਰਤਾ ਆਪਿ ਤੂੰ, ਤੁਸਿ ਦੇਵਹਿ, ਕਰਹਿ ਪਸਾਉ॥*
*ਤੂੰ ਜਾਣੋਈ ਸਭਸੈ, ਦੇ ਲੈਸਹਿ ਜਿੰਦੁ ਕਵਾਉ॥ (ਮ:੧, ੪੬੩)*

**ਭਾਵ :** ਹੇ ਪ੍ਰਭੂ! ਤੂੰ ਆਪ ਹੀ ਸਭ ਜੀਵਾਂ ਨੂੰ ਦਾਤਾਂ ਦੇਣ ਵਾਲਾ ਹੈਂ ਅਤੇ ਆਪ ਹੀ ਸਭ ਦਾ ਸਿਰਜਣਹਾਰ ਹੈਂ। ਤੂੰ ਜੀਵਾਂ ਨੂੰ ਪ੍ਰਸੰਨ ਹੋ ਕੇ ਦਾਤਾਂ ਦਿੰਦਾ ਹੈਂ ਅਤੇ ਜੀਵਾਂ 'ਤੇ ਕਿਰਪਾ ਕਰਦਾ ਹੈਂ। ਤੂੰ ਸਭ ਜੀਵਾਂ ਦੇ ਦਿਲਾਂ ਦੀ ਜਾਣਨ ਵਾਲਾ ਹੈਂ ਅਤੇ ਆਪਣਾ ਹੁਕਮ ਦੇ ਕੇ ਆਪ ਹੀ ਅੰਤ ਨੂੰ ਮਨੁੱਖ ਤੋਂ ਉਸ ਦੀ ਜ਼ਿੰਦ ਲੈ ਲੈਂਦਾ ਹੈਂ। ਇਸ ਤਰ੍ਹਾਂ, ਹੇ ਪ੍ਰਭੂ! ਤੂੰ





ਸਾਰੀ ਸ੍ਰਿਸ਼ਟੀ ਵਿੱਚ ਆਪ ਹੀ ਵਿਆਪਕ ਹੋ ਕੇ ਆਪਣਾ ਇਹ ਚੋਜ (ਭਾਵ, ਜੀਵਾਂ ਨੂੰ ਸਾਜਣਾ, ਦਾਤਾਂ ਦੇ ਕੇ ਪਾਲਣਾ ਅਤੇ ਹੁਕਮ ਦੇ ਕੇ ਸਮਾਪਤ ਕਰ ਦੇਣਾ) ਵੇਖ ਰਿਹਾ ਹੈਂ।

## ਸੈਭੰ (ਸੁਤੇ-ਸਿੱਧ ਆਪਣੇ ਆਪ ਤੋਂ ਹੀ ਪ੍ਰਕਾਸ਼ ਰੂਪ ਹੈ)

ਪਰਮੇਸ਼ਰ ਦੇ ਦੋ ਸਰੂਪਾਂ ਦਾ ਆਮ ਜ਼ਿਕਰ ਕੀਤਾ ਮਿਲਦਾ ਹੈ 'ਨਿਰਗੁਣ' ਅਤੇ 'ਸਰਗੁਣ'। ਉਸ ਦੀ ਹੋਂਦ ਆਪਣੇ ਆਪ ਤੋਂ ਜ਼ਹੂਰ ਵਿੱਚ ਆਈ ਹੋਈ ਹੈ। (ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਹ ਗੱਲ ਮੱਤ, ਬੁੱਧੀ ਅਤੇ ਗਿਆਨ ਇੰਦ੍ਰਿਆਂ ਦਾ ਵਿਸ਼ਾ ਨਹੀਂ)।

*ਥਾਪਿਆ ਨ ਜਾਇ ਕੀਤਾ ਨ ਹੋਇ॥*
*ਆਪੇ ਆਪਿ ਨਿਰੰਜਨੁ ਸੋਇ॥ (ਮ: ੧, ਜਪੁ)*

## ਰਾਖਾ :

ਸਭ ਜੀਵਾਂ ਦਾ ਰਾਖਾ ਪਰਮੇਸ਼ਰ ਆਪ ਹੈ।

*ਊਠਤ ਸੁਖੀਆ ਬੈਠਤ ਸੁਖੀਆ॥ ਭਉ ਨਹੀਂ ਲਾਗੈ ਜਾਂ ਐਸੇ ਬੁਝੀਆ॥ ੧॥*
*ਰਾਖਾ ਏਕੁ ਹਮਾਰਾ ਸੁਆਮੀ॥ ਸਗਲ ਘਟਾ ਕਾ ਅੰਤਰਜਾਮੀ॥ ੧॥ ਰਹਾਉ॥*
*ਸੋਇ ਅਚਿੰਤਾ ਜਾਗਿ ਅਚਿੰਤਾ॥ ਜਹਾਂ ਕਹਾਂ ਪ੍ਰਭੁ ਤੂੰ ਵਰਤੰਤਾ॥ ੨॥*
*ਘਰਿ ਸੁਖਿ ਵਸਿਆ, ਬਾਹਰਿ ਸੁਖੁ ਪਾਇਆ॥ ਕਹੁ ਨਾਨਕ, ਗੁਰਿ ਮੰਤ੍ਰੁ ਦ੍ਰਿੜਾਇਆ॥ (ਮ: ੫, ੧੧੩੬)*

**ਭਾਵ :** ਹੇ ਭਾਈ! ਸਭ ਜੀਵਾਂ ਦਾ ਰਾਖਾ ਇੱਕ ਮਾਲਕ ਪ੍ਰਭੂ ਹੀ ਹੈ। ਸਾਡਾ ਉਹ ਮਾਲਕ ਸਭ ਜੀਵਾਂ ਦੇ ਦਿਲ ਦੀ ਜਾਨਣ ਵਾਲਾ ਹੈ॥ ੧॥ ਰਹਾਉ।

ਹੇ ਭਾਈ! ਜਦੋਂ ਕੋਈ ਮਨੁੱਖ ਇਉਂ ਸਮਝ ਲੈਂਦਾ ਹੈ (ਕਿ ਪਰਮਾਤਮਾ ਹੀ ਸਭ ਦਾ ਰਾਖਾ ਹੈ)

ਤਦੋਂ ਉਸ ਨੂੰ ਕਿਸੇ ਕਿਸਮ ਦਾ ਕੋਈ (ਮੌਤ ਆਦਿਕ ਦਾ) ਡਰ ਪੋਹ ਨਹੀਂ ਸਕਦਾ, ਉਹ ਉਠਦਾ ਬੈਠਦਾ ਹਰ ਵੇਲੇ ਆਤਮਕ ਅਨੰਦ ਮਾਣਦਾ ਹੈ।੧।

ਹੇ ਭਾਈ! (ਜਦੋਂ ਮਨੁੱਖ ਇਹ ਸਮਝ ਲੈਂਦਾ ਹੈ ਕਿ ਇੱਕ ਪਰਮਾਤਮਾ ਹੀ ਸਭ ਜੀਵਾਂ ਦਾ ਰਾਖਾ ਹੈ) ਤਦੋਂ ਮਨੁੱਖ ਹਰ ਵੇਲੇ ਇਹ ਆਖਣ ਲੱਗ ਪੈਂਦਾ ਹੈ ਕਿ ਹੇ ਸੁਆਮੀ! ਤੂੰ ਪ੍ਰਭੂ ਹੀ ਹਰ ਥਾਂ ਮੌਜੂਦ ਹੈਂ, ਤਾਂ ਉਹ ਮਨੁੱਖ ਨਿਸਚਿੰਤ ਹੋ ਕੇ ਸੌਂਦਾ ਹੈ, ਨਿਸਚਿੰਤ ਹੋ ਕੇ ਜਾਗਦਾ ਹੈ।

ਹੇ ਨਾਨਕ! ਆਖ ਕਿ ਸ਼ਬਦ-ਗੁਰੂ ਨੇ ਜਿਸ ਮਨੁੱਖ ਦੇ ਹਿਰਦੇ ਵਿੱਚ (ਇਹ) ਉਪਦੇਸ਼ ਪੱਕਾ ਕਰ ਦਿੱਤਾ ਹੈ ਕਿ ਪਰਮਾਤਮਾ ਹੀ ਸਭ ਜੀਵਾਂ ਦਾ ਰਾਖਾ ਹੈ ਉਹ ਮਨੁੱਖ ਆਪਣੇ ਘਰ (ਹਿਰਦੇ) ਵਿੱਚ ਵੀ ਸੁਖੀ ਵਸਦਾ ਹੈ, ਉਹ ਘਰੋਂ ਬਾਹਰ ਜਾ ਕੇ ਵੀ ਅਨੰਦ ਮਾਣਦਾ ਹੈ।

## ਬੇਅੰਤ ਗੁਣਾਂ ਦਾ ਮਾਲਕ

*ਤੇਰੇ ਗੁਣ ਬਹੁਤੇ ਮੈਂ ਏਕੁ ਨ ਜਾਣਿਆ, ਮੈਂ ਮੂਰਖ ਕਿਛੁ ਦੀਜੈ॥*
*ਪ੍ਰਣਵਤਿ ਨਾਨਕ, ਸੁਣਿ ਮੇਰੇ ਸਾਹਿਬਾ, ਡੁਬਦਾ ਪਥਰੁ ਲੀਜੈ॥*

*(ਮ: ੧, ੫੯੬)*

**ਅਰਥ** : ਨਾਨਕ ਬੇਨਤੀ ਕਰਦਾ ਹੈ - ਹੇ ਪ੍ਰਭੂ! ਤੇਰੇ ਅਨੇਕਾਂ ਗੁਣ ਹਨ (ਜੋ ਗਿਣੇ ਨਹੀਂ ਜਾ ਸਕਦੇ), ਮੈਨੂੰ ਕਿਸੇ ਇੱਕ (ਗੁਣ) ਦੀ ਵੀ ਪੂਰੀ ਸਮਝ ਨਹੀਂ ਹੈ। ਹੇ ਮੇਰੇ ਮਾਲਿਕ! ਸੁਣ! ਮੈਨੂੰ ਮੂਰਖ ਨੂੰ ਕੋਈ ਚੰਗੀ ਅਕਲ ਦੇਹ, ਮੈ ਵਿਕਾਰਾਂ ਵਿੱਚ ਡੁੱਬ ਰਿਹਾ ਹਾਂ ਜਿਵੇਂ ਪੱਥਰ ਪਾਣੀ ਵਿੱਚ ਡੁੱਬ ਜਾਂਦਾ ਹੈ। ਮੈਨੂੰ ਕੱਢ ਲੈ।

## ਸਰਬ ਸਮਰੱਥ

*ਸੀਹਾ ਬਾਜਾ ਚਰਗਾਂ ਕੁਹੀਆਂ, ਏਨਾ ਖਵਾਲੇ ਘਾਹ॥*
*ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ॥*
*ਨਦੀਆਂ ਵਿਚਿ ਟਿਬੇ ਦੇਖਾਲੇ, ਥਲੀ ਕਰੇ ਅਸਗਾਹ॥*
*ਕੀੜਾ ਥਾਪਿ ਦੇਇ ਪਾਤਿਸਾਹੀ, ਲਸਕਰ ਕਰੇ ਸੁਆਹ॥*
*ਜੇਤੇ ਜੀਅ ਜੀਵਹਿ ਲੈ ਸਾਹਾ, ਜੀਵਾਲੇ ਤਾ ਕਿ ਅਸਾਹ॥*
*ਨਾਨਕ ਜਿਉਂ ਜਿਉਂ ਸਚੇ ਭਾਵੈ, ਤਿਉਂ ਤਿਉਂ ਦੇਇ ਗਿਰਾਹ॥ (ਮ:੧, ੧੪੪)*

**ਭਾਵ** : (ਪਰਮੇਸ਼ਰ ਚਾਹੇ ਤਾਂ) ਸ਼ੇਰਾਂ, ਬਾਜਾਂ, ਚਰਗਾਂ, ਕੁਹੀਆਂ (ਆਦਿਕ ਮਾਸਾਹਾਰੀ ਜੀਵਾਂ ਨੂੰ) ਘਾਹ ਖਵਾ ਦਿੰਦਾ ਹੈ (ਭਾਵ, ਉਨ੍ਹਾਂ ਦੀ ਮਾਸ ਖਾਣ ਦੀ ਵਾਦੀ ਤਬਦੀਲ ਕਰ ਦਿੰਦਾ ਹੈ)। ਜੋ ਘਾਹ ਖਾਂਦੇ ਹਨ, ਉਨ੍ਹਾਂ ਨੂੰ ਮਾਸ ਖਵਾ ਦਿੰਦਾ ਹੈ-ਸੋ ਪ੍ਰਭੂ ਇਹੋ ਜੇਹੇ ਰਾਹ ਤੋਰ ਦਿੰਦਾ ਹੈ। ਪ੍ਰਭੂ (ਵਗਦੀਆਂ) ਨਦੀਆਂ ਵਿੱਚ ਟਿੱਬੇ ਵਿਖਾਲ ਦਿੰਦਾ ਹੈ, ਰੇਤਲੇ ਮਾਰੂਥਲਾਂ ਨੂੰ ਡੂੰਘੇ ਪਾਣੀ ਬਣਾ ਦਿੰਦਾ ਹੈ। ਕੀੜੇ (ਗਰੀਬੜੇ ਜਿਹੇ ਨੂੰ) ਨੂੰ ਬਾਦਸ਼ਾਹੀ (ਤਖ਼ਤ) ਉਤੇ ਥਾਪ ਦਿੰਦਾ ਹੈ। (ਬਿਠਾ ਦਿੰਦਾ ਹੈ), ਤੇ (ਬਾਦਸ਼ਾਹਾਂ ਦੇ) ਲਸ਼ਕਰਾਂ (ਫ਼ੌਜਾਂ) ਨੂੰ ਸੁਆਹ ਵੀ ਕਰ ਦਿੰਦਾ ਹੈ। ਜਿਤਨੇ ਵੀ ਜੀਵ (ਜਗਤ ਵਿੱਚ) ਜਿਉਂਦੇ ਹਨ, ਸਾਹ ਲੈ ਕੇ ਜਿਉਂਦੇ ਹਨ, (ਭਾਵ, ਤਦ ਤੱਕ ਜਿਉਂਦੇ ਹਨ ਜਦ ਤੱਕ ਸਾਹ ਲੈਂਦੇ ਹਨ), (ਪਰ ਜੇ ਪ੍ਰਭੂ) ਜਿਉਂਦੇ ਰੱਖਣੇ ਚਾਹੇ ਤਾਂ ਸਾਹ ਦੀ ਵੀ ਕੀ ਮੁਥਾਜੀ ਹੈ? (ਭਾਵ, ਬਿਨਾਂ ਸਾਹਾਂ ਤੋਂ ਵੀ ਜਿਉਂਦੇ ਰੱਖ ਸਕਦਾ ਹੈ)। ਹੇ ਨਾਨਕ! ਜਿਵੇਂ ਜਿਵੇਂ ਪ੍ਰਭੂ ਦੀ ਰਜ਼ਾ ਹੈ, ਤਿਵੇਂ ਤਿਵੇਂ (ਜੀਵਾਂ ਨੂੰ) ਰੋਜ਼ੀ ਦਿੰਦਾ ਹੈ।

## ਇੱਕੋ ਇੱਕ ਦਾਤਾ (ਬਾਕੀ ਸਭ ਜਾਚਿਕ ਜਾਂ ਮੰਗਤੇ)

*ਏਕੁ ਦਾਤਾਰੁ, ਸਗਲ ਹੈ ਜਾਚਿਕ, ਦੂਸਰ ਕੈ ਪਹਿ ਜਾਵਉਂ॥ (ਮ: ੫ ੪੦੧)*

**ਅਰਥ** : (ਕੋਈ ਸੁਖ ਆਦਿਕ ਮੰਗਣ ਵਾਸਤੇ) ਮੈਂ ਹੋਰ ਕਿਸ ਪਾਸ ਜਾਵਾਂ, ਕਿਉਂਕਿ ਦਾਤਾਂ ਦੇਣ ਵਾਲਾ ਸਿਰਫ਼ ਇੱਕ ਪਰਮਾਤਮਾ ਹੀ ਹੈ ਤੇ ਸ੍ਰਿਸ਼ਟੀ (ਉਸ ਦੇ ਦਰ ਤੋਂ)





ਮੰਗਣ ਵਾਲੀ ਹੈ (ਭਾਵ, ਪਰਮੇਸ਼ਰ ਹੀ ਇੱਕੋ ਇੱਕ ਦਾਤਾ ਹੈ, ਬਾਕੀ ਸਭ ਮੰਗਤੇ ਹਨ ਅਤੇ ਇੱਕ ਮੰਗਤਾ ਦੂਜੇ ਮੰਗਤੇ ਨੂੰ ਕੀ ਦੇ ਸਕਦਾ ਹੈ?)

## ਇੱਕੋ-ਇੱਕ ਲਾਸਾਨੀ ਰਾਜਾ

*ਕੋਊ ਹਰਿ ਸਮਾਨਿ ਨਹੀਂ ਰਾਜਾ॥*
*ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ ॥੧॥ ਰਹਾਉ॥*

*(ਕਬੀਰ ਜੀ, ੮੫੬)*

**ਅਰਥ** : (ਹੇ ਭਾਈ!) ਜਗਤ ਵਿੱਚ ਕੋਈ ਜੀਵ ਪਰਮਾਤਮਾ ਦੇ ਬਰਾਬਰ ਦਾ ਰਾਜਾ ਨਹੀਂ ਹੈ। ਇਹ ਦੁਨੀਆਂ ਦੇ ਸਭ ਰਾਜੇ (ਰਾਸ਼ਟਰਪਤੀ, ਪ੍ਰਧਾਨ ਮੰਤਰੀ, ਮੁੱਖ ਮੰਤਰੀ ਆਦਿਕ) ਚਾਰ ਦਿਨਾਂ ਦੇ ਰਾਜੇ ਹੁੰਦੇ ਹਨ, (ਇਹ ਲੋਕ ਆਪਣੇ ਰਾਜ-ਪ੍ਰਤਾਪ ਦੇ) ਝੂਠੇ ਵਿਖਾਵੇ ਕਰਦੇ ਹਨ।

## ਅੰਤਰਜਾਮੀ

*ਏ ਮਨ ਮਤ ਜਾਣਹਿ ਹਰਿ ਦੂਰਿ ਹੈ, ਸਦਾ ਵੇਖੁ ਹਦੂਰਿ॥*
*ਸਦ ਸੁਣਦਾ ਸਦ ਵੇਖਦਾ, ਸਬਦਿ ਰਹਿਆ ਭਰਪੂਰਿ॥ (ਮ: ੩, ੪੨੯)*

**ਅਰਥ** : ਹੇ ਮੇਰੇ ਮਨ! ਕਿਤੇ ਇਹ ਨਾਂਹ ਸਮਝ ਲਈਂ ਕਿ ਪਰਮਾਤਮਾ (ਤੈਥੋਂ) ਦੂਰ ਵਸਦਾ ਹੈ, ਉਸ ਨੂੰ ਸਦਾ ਆਪਣੇ ਅੰਗ-ਸੰਗ ਵਸਦਾ ਵੇਖ। (ਜੋ ਕੁਝ ਤੂੰ ਬੋਲਦਾ ਹੈਂ ਉਸ ਨੂੰ ਉਹ) ਸਦਾ ਸੁਣ ਰਿਹਾ ਹੈ, (ਤੇਰੇ ਕੰਮਾਂ ਨੂੰ ਉਹ) ਸਦਾ ਵੇਖ ਰਿਹਾ ਹੈ। ਗੁਰੂ ਦੇ ਸ਼ਬਦ ਵਿੱਚ (ਜੁੜ, ਤੈਨੂੰ ਹਰ ਥਾਂ) ਵਿਆਪਕ ਦਿੱਸ ਪਏਗਾ।

**ਨੋਟ ੧** : ਪਰਮੇਸ਼ਰ ਜੋਤਿ ਰੂਪਿ ਹੋਕੇ ਸਾਰੀ ਸ੍ਰਿਸ਼ਟੀ ਦੇ ਜ਼ਰੇ-ਜ਼ਰੇ ਵਿੱਚ ਰਮਿਆ ਹੋਇਆ ਹੈ। ਉਹ ਨਾ ਸਿਰਫ਼ ਸਾਡੇ ਬੋਲਾਂ ਅਤੇ ਕੰਮਾਂ ਨੂੰ ਸੁਣ/ਵੇਖ ਰਿਹਾ ਹੈ, ਬਲਕਿ ਸਾਡੇ ਅੰਦਰਲੀ ਸਾਰੀ ਹਾਲਤ (ਫੁਰਨਿਆਂ ਆਦਿਕ) ਤੋਂ ਵੀ ਚੰਗੀ ਤਰ੍ਹਾਂ ਜਾਣੂ ਹੈ।

- ਪਰਮੇਸ਼ਰ, ਮਨੁੱਖ ਦੀ ਮੱਤ-ਬੁੱਧੀ ਅਤੇ ਗਿਆਨ ਇੰਦਰਿਆਂ ਦੀ ਪਹੁੰਚ ਤੋਂ ਪਰ੍ਹੇ (**ਅਗੰਮ**) ਹੈ।
- **ਪ੍ਰਭੂ, ਸਦਾ ਹੀ ਕਿਰਪਾਲੂ, ਦਇਆਲੂ, ਮਿਹਰਵਾਨ, ਬਖਸ਼ਿੰਦ, ਸੱਚਾ ਨਿਆਂ ਕਰਨ ਵਾਲਾ, ਸ਼ਰਣਪਾਲਕ, ਖੰਡਾਂ-ਬ੍ਰਹਮੰਡਾਂ ਦਾ ਮਾਲਕ, ਨਿਰਭਉ, ਨਿਰਵੈਰ, ਸਮੇਂ ਦੇ ਪ੍ਰਭਾਵ ਤੋਂ ਨਿਰਲੇਪ, ਅਜੂਨੀ, ਬੇਪਰਵਾਹ, ਸਾਰੇ ਦੁੱਖਾਂ, ਰੋਗਾਂ, ਕਲੇਸ਼ਾਂ ਦਾ ਨਾਸ਼ ਕਰਨ ਵਾਲਾ ਅਤੇ ਸਾਰੀ ਰਚਨਾ ਦਾ ਸਾਂਝਾ ਬਾਪ ਹੈ।**
- ਸਾਰੀ ਸ੍ਰਿਸਟੀ ਉਸ ਮਾਲਕ ਦੇ ਹੁਕਮ ਵਿੱਚ ਉਸ ਦੇ ਅਟੱਲ ਨਿਯਮਾਂ, ਕਾਇਦੇ-ਕਾਨੂੰਨਾਂ ਅਨੁਸਾਰ ਚੱਲ ਰਹੀ ਹੈ, **ਕੋਈ ਉਸ ਦੇ ਇਨਸਾਫ਼ ਤੋਂ ਭੱਜ ਨਹੀਂ ਸਕਦਾ।**

➢ ਕੇਵਲ ਅਤੇ ਕੇਵਲ ਪ੍ਰਭੂ ਹੀ ਸਦਾ ਵਾਸਤੇ ਅਟੱਲ ਰਹਿਣ ਵਾਲੀ ਹਸਤੀ ਦਾ ਮਾਲਕ ਹੈ।

*ਆਦਿ ਸਚੁ, ਜੁਗਾਦਿ ਸਚੁ, ਹੈ ਭੀ ਸਚੁ, ਨਾਨਕ ਹੋਸੀ ਭੀ ਸਚੁ॥ ੧॥*

*(ਮ:੧, ਜਪੁ)*

**ਨੋਟ ੨ :** ਇਨ੍ਹਾਂ ਸਿਧਾਂਤਾਂ ਦੀ ਪੁਸ਼ਟੀ ਕਰਨ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਬਹੁਤ ਸਾਰੇ ਫੁਰਮਾਣ ਹਨ, ਪਰ ਇਥੇ ਹੋਰ ਵਿਸਥਾਰ ਦੇਣ ਤੋਂ ਸੰਕੋਚ ਕੀਤਾ ਜਾ ਰਿਹਾ ਹੈ।

## ਕੁਦਰਤਿ ਬਾਰੇ ਸੰਖੇਪ ਜਾਣਕਾਰੀ

*ਪਉੜੀ॥ ਛਤੀਹ ਜੁਗ ਗੁਬਾਰੁ ਸਾ ਆਪੇ ਗਣਤ ਕੀਨੀ॥*
*ਆਪੇ ਸ੍ਰਿਸਟਿ ਸਭ ਸਾਜੀਅਨੁ ਆਪਿ ਮਤਿ ਦੀਨੀ॥ (ਮ: ੩, ੯੪੯)*

**ਭਾਵ :** (ਪਹਿਲਾਂ ਜਦੋਂ ਪ੍ਰਭੂ ਨਿਰਗੁਣ ਰੂਪ ਵਿੱਚ ਸੀ ਤਦ) ਬੇਅੰਤ ਸਮਾਂ ਹਨ੍ਹੇਰਾ ਛਾਇਆ ਰਿਹਾ (ਭਾਵ, ਤਦੋਂ ਕੀ ਸਰੂਪ ਸੀ-ਇਹ ਗੱਲ ਦੱਸੀ ਨਹੀਂ ਜਾ ਸਕਦੀ), ਫਿਰ ਪ੍ਰਭੂ ਨੇ ਆਪਣੀ ਮੌਜ ਅਨੁਸਾਰ, ਨਿਰਗੁਨ ਰੂਪ ਤੋਂ ਸਰਗੁਣ ਰੂਪ ਧਾਰਿਆ (ਅਕਾਲ ਪੁਰਖੁ ਬਣਿਆ) ਅਤੇ ਆਪ ਹੀ (ਜਗਤ ਰਚਨਾ ਦੀ) ਵਿਚਾਰ ਕੀਤੀ। ਉਸ (ਪ੍ਰਭੂ) ਨੇ ਆਪ ਹੀ ਸ੍ਰਿਸ਼ਟੀ ਪੈਦਾ ਕੀਤੀ ਤੇ ਆਪ ਹੀ (ਜੀਵਾਂ ਨੂੰ) ਅਕਲ ਦਿੱਤੀ ਅਤੇ ਆਪਣੀ ਰਚਨਾ ਦੇ ਜ਼ਰੇ-ਜ਼ਰੇ ਅੰਦਰ ਸਮਾ ਗਿਆ। ਸ੍ਰਿਸ਼ਟੀ ਰਚਨਾ ਕਰਨ ਦੇ ਸਮੇਂ ਹੀ ਸ੍ਰਿਸ਼ਟੀ ਦੇ ਪ੍ਰਬੰਧ ਬਾਰੇ ਅਟੱਲ ਨਿਯਮ, ਅਸੂਲ, ਕਾਇਦੇ-ਕਾਨੂੰਨ ਵੀ ਨਾਲ ਹੀ ਬਣਾ ਦਿੱਤੇ ਅਤੇ ਪੱਕਾ ਵਿਧੀ-ਵਿਧਾਨ (ਇਨਸਾਫ਼ ਦਾ ਵਰਤਾਰਾ) ਲਾਗੂ ਕਰ ਦਿੱਤਾ। ਸਮੇਂ ਦੀ ਗਿਣਤੀ ਅਰੰਭ ਹੋ ਗਈ। ਸਮੇਂ ਦੇ ਇੱਕ ਕਾਲ ਚੱਕਰ ਦੀ ਸਮਾਪਤੀ ਨਾਲ ਪ੍ਰਭੂ ਦੇ ਹੁਕਮ ਅਨੁਸਾਰ ਸਾਰੀ ਸ੍ਰਿਸ਼ਟੀ ਦੀ ਹੋਂਦ ਸਮਾਪਤ ਹੋ ਕੇ ਰਚਨਹਾਰ ਪ੍ਰਭੂ ਵਿੱਚ ਹੀ ਸਮਾ ਜਾਂਦੀ ਹੈ। ਪ੍ਰਭੂ ਆਪਣੇ ਸਰਗੁਣ ਰੂਪ ਤੋਂ ਵਾਪਸ ਨਿਰਗੁਣ ਰੂਪ ਵਿੱਚ ਪਰਵੇਸ਼ ਕਰ ਜਾਂਦਾ ਹੈ।

*ਕਈ ਬਾਰ ਪਸਰਿਓ ਪਾਸਾਰ॥*
*ਸਦਾ ਸਦਾ ਇਕੁ ਏਕੰਕਾਰ॥ (ਮ:੫,੨੭੬)*

## ਕੁਦਰਤਿ (ਪਰਮੇਸ਼ਰ ਦੀ ਰਚਨਾ) ਵੀ ਬੇਅੰਤ ਹੈ

ਬੇਅੰਤ ਪ੍ਰਭੂ ਦੀ ਰਚਨਾ ਵੀ ਬੇਅੰਤ ਹੈ ਜਿਸ ਦਾ ਕੋਈ ਅੰਤ ਹਿਸਾਬ ਨਹੀਂ ਲਾਇਆ ਜਾ ਸਕਦਾ।

*ਪਾਤਾਲਾਂ ਪਾਤਾਲ ਲਖ ਆਗਾਸਾਂ ਆਗਾਸ॥ (ਮ:੧, ਜਪੁ)*

**ਭਾਵ :** ਪਰਮੇਸ਼ਰ ਦੀ ਰਚਨਾ ਅੰਦਰ ਅਣਗਿਣਤ ਹੀ ਪਾਤਾਲ ਅਤੇ ਅਣਗਿਣਤ ਹੀ ਆਕਾਸ਼ ਹਨ, ਇਨ੍ਹਾਂ ਦੀ ਗਿਣਤੀ ਨਹੀਂ ਕੀਤੀ ਜਾ ਸਕਦੀ। ਅੱਜ ਵਿਗਿਆਨਕ ਖ਼ੋਜ





ਵੀ ਦੱਸ ਰਹੀ ਹੈ ਕਿ ਸ੍ਰਿਸਟੀ ਵਿੱਚ ਲੱਖਾਂ ਹੀ ਗਲੈਕਸੀਜ਼ ਹਨ ਅਤੇ ਹਰ ਇੱਕ ਗਲੈਕਸੀ ਵਿੱਚ ਕਈ-ਕਈ ਧਰਤੀਆਂ ਹਨ।

## ਮਨੁੱਖ ਬਾਰੇ ਜਾਣਕਾਰੀ

## ਮਨੁੱਖ - ਪਰਮੇਸ਼ਰ ਦੀ ਸੱਭ ਤੋਂ ਸ੍ਰੇਸ਼ਟ ਰਚਨਾ

*ਲਖ ਚਉਰਾਸੀ ਜੋਨਿ ਸਬਾਈ॥*
*ਮਾਣਸ ਕਉ ਪ੍ਰਭਿ ਦੀਈ ਵਡਿਆਈ॥*
*ਇਸੁ ਪਉੜੀ ਤੇ ਜੋ ਨਰੁ ਚੂਕੈ ਸੋ ਆਇ ਜਾਇ ਦੁਖੁ ਪਾਇਦਾ॥*

*(ਮ: ੫, ੧੦੭੫)*

**ਅਰਥ :** ਹੇ ਭਾਈ! ਸਾਰੀ ਚੌਰਾਸੀ ਲੱਖ (ਬੇ-ਗਿਣਤ) ਜੂਨਾਂ ਵਿੱਚੋਂ ਪਰਮਾਤਮਾ ਨੇ ਮਨੁੱਖਾ ਜਨਮ ਨੂੰ ਵਡਿਆਈ (ਮਾਣ) ਦਿੱਤੀ ਹੈ। ਜਿਹੜਾ ਮਨੁੱਖ ਇਸ ਜਨਮ ਨੂੰ ਪ੍ਰਾਪਤ ਕਰਕੇ ਪ੍ਰਭੂ-ਪਿਤਾ ਨਾਲ ਮਿਲਾਪ ਕਰਨ ਤੋਂ ਖੁੰਝ ਜਾਂਦਾ ਹੈ (ਭਾਵ 'ਹੁਕਮਿ ਰਜਾਈ' ਹੋ ਕੇ ਨਹੀਂ ਚਲਦਾ), ਉਹ ਜਨਮ-ਮਰਨ ਦੇ ਗੇੜ ਵਿੱਚ ਪੈਕੇ ਦੁੱਖ ਭੋਗਦਾ ਹੈ।

ਸ੍ਰਿਸ਼ਟੀ ਦੇ ਸੱਭ ਜੀਵਾਂ ਵਿੱਚੋਂ 'ਮਨੁੱਖ', ਪਰਮੇਸ਼ਰ ਦੀ ਸੱਭ ਤੋਂ ਉੱਤਮ ਰਚਨਾ ਹੈ ਕਿਉਂਕਿ ਜਿਸ ਅਲੌਕਿਕ ਭਾਂਤ ਦੀ ਸੁਰਤਿ, ਮੱਤ, ਮਨ, ਬੁੱਧੀ ਪ੍ਰਭੂ ਨੇ ਮਨੁੱਖ ਜੂਨ ਨੂੰ ਬਖ਼ਸ਼ਿਸ਼ ਕੀਤੀ ਹੈ ਹੋਰ ਕਿਸੇ ਵੀ ਜੂਨ ਨੂੰ ਨਹੀਂ ਦਿੱਤੀ ਪਰ ਇਹ ਵੀ ਇੱਕ ਅਟੱਲ ਅਤੇ ਦੁਖਦਾਈ ਸੱਚਾਈ ਹੈ ਕਿ ਪਰਮੇਸ਼ਰ ਵੱਲੋਂ ਬਖ਼ਸ਼ਿਸ਼ ਕੀਤੀਆਂ ਇਨ੍ਹਾਂ ਸ੍ਰੇਸ਼ਟ ਦਾਤਾਂ ਦੀ ਜਦੋਂ ਮਨੁੱਖ ਆਪਣੀ ਮੱਤੜੀ (ਕੁਮੱਤੜੀ, ਮਨਮਤਿ, ਦੁਰਮਤਿ) ਅਨੁਸਾਰ ਵਰਤੋਂ ਕਰ ਕੇ ਵਿਸ਼ੇ ਵਿਕਾਰਾਂ ਦਾ ਗ਼ੁਲਾਮ ਹੋ ਕੇ, ਪਰਮੇਸ਼ਰ ਨੂੰ ਭੁੱਲ ਕੇ ਵਿਚਰਨ ਲਗਦਾ ਹੈ ਤਾਂ ਇਸ ਦੀਆਂ ਕਾਲੀਆਂ ਕਰਤੂਤਾਂ ਵੱਲ ਵੇਖ ਕੇ ਸ਼ੈਤਾਨ ਵੀ ਸ਼ਰਮ ਨਾਲ ਪਾਣੀ ਪਾਣੀ ਹੋ ਜਾਂਦਾ ਹੈ।

## ਮਨੁੱਖਾ ਜਨਮ ਦੀ ਪ੍ਰਾਪਤੀ ਕਿਵੇਂ ਹੁੰਦੀ ਹੈ?

*ਕਤ ਕੀ ਮਾਈ, ਬਾਪੁ ਕਤ ਕੇਰਾ, ਕਿਦੂ ਥਾਵਹੁ ਹਮ ਆਏ॥*
*ਅਗਨਿ ਬਿੰਬ ਜਲ ਭੀਤਰਿ ਨਿਪਜੇ ਕਾਹੇ ਕੰਮਿ ਉਪਾਏ॥੧॥*
*ਮੇਰੇ ਸਾਹਿਬਾ, ਕਉਣੁ ਜਾਣੈ ਗੁਣ ਤੇਰੇ॥*
*ਕਹੇ ਨ ਜਾਨੀ ਅਉਗੁਣ ਮੇਰੇ॥੧॥ ਰਹਾਉ।*
*ਕੇਤੇ ਰੁਖ ਬਿਰਖ ਹਮ ਚੀਨੇ, ਕੇਤੇ ਪਸੂ ਉਪਾਏ॥*
*ਕੇਤੇ ਨਾਗ ਕੁਲੀ ਮਹਿ ਆਏ, ਕੇਤੇ ਪੰਖ ਉਡਾਏ॥੨॥*
*ਹਟ ਪਟਣ ਬਿਜ ਮੰਦਰ ਭੰਨੈ, ਕਰਿ ਚੋਰੀ ਘਰਿ ਆਵੈ॥*
*ਅਗਹੁ ਦੇਖੈ, ਪਿਛਹੁ ਦੇਖੈ, ਤੁਝ ਤੇ ਕਹਾ ਛਪਾਵੈ॥ ੩॥*
*ਤਟ ਤੀਰਥ ਹਮ ਨਵਖੰਡ ਦੇਖੇ, ਹਟ ਪਟਣ ਬਾਜਾਰਾ॥*
*ਲੈ ਕੈ ਤਕੜੀ ਤੋਲਣਿ ਲਾਗਾ, ਘਟਿ ਹੀ ਮਹਿ ਵਣਜਾਰਾ॥੪॥*

*ਜੇਤਾ ਸਮੁੰਦੁ ਸਾਗਰੁ ਨੀਰਿ ਭਰਿਆ, ਤੇਤੇ ਅਉਗਣ ਹਮਾਰੇ॥*
*ਦਇਆ ਕਰਹੁ, ਕਿਛੁ ਮਿਹਰ ਉਪਾਵਹੁ, ਡੁਬਦੇ ਪੱਥਰ ਤਾਰੇ॥੫॥*
*ਜੀਅੜਾ ਅਗਨਿ ਬਰਾਬਰਿ ਤਪੈ, ਭੀਤਰਿ ਵਗੈ ਕਾਤੀ॥*
*ਪ੍ਰਣਵਤਿ ਨਾਨਕੁ ਹੁਕਮੁ ਪਛਾਣੈ, ਸੁਖੁ ਹੋਵੈ ਦਿਨੁ ਰਾਤੀ॥ (ਮ:੧, ੧੫੬)*

**ਭਾਵ** : ਹੇ ਮੇਰੇ ਮਾਲਕ ਪ੍ਰਭੂ! ਮੇਰੇ ਅੰਦਰ ਇਤਨੇ ਔਗੁਣ ਹਨ ਕਿ ਉਹ ਗਿਣੇ ਨਹੀਂ ਜਾ ਸਕਦੇ, (ਤੇ ਜਿਸ ਜੀਵ ਦੇ ਅੰਦਰ ਅਣਗਿਣਤ ਔਗੁਣ ਹੋਣ), ਉਹ (ਐਸਾ) ਕੋਈ ਭੀ ਨਹੀਂ ਹੁੰਦਾ ਜੋ ਤੇਰੇ ਗੁਣਾਂ ਨਾਲ ਸਾਂਝ ਪਾ ਸਕੇ (ਜੋ ਤੇਰੀ ਸਿਫ਼ਤ-ਸਾਲਾਹ ਵਿੱਚ ਜੁੜ ਸਕੇ)॥ ਰਹਾਉ।

(ਹੇ ਮੇਰੇ ਸਾਹਿਬ! ਅਣਗਿਣਤ ਔਗੁਣਾਂ ਦੇ ਕਾਰਨ ਹੀ ਸਾਨੂੰ ਅਨੇਕਾਂ ਜੂਨਾਂ ਵਿੱਚ ਭਟਕਣਾ ਪੈਂਦਾ ਹੈ, ਅਸੀਂ ਕੀ ਦੱਸੀਏ ਕਿ) ਕਦੋਂ ਦੀ ਸਾਡੀ (ਕੋਈ) ਮਾਂ ਹੈ, ਕਦੋਂ ਦਾ (ਭਾਵ, ਕਿਸ ਜੂਨ ਦਾ) ਸਾਡਾ ਕੋਈ ਪਿਉ ਹੈ, ਕਿਸ ਕਿਸ ਥਾਂ ਤੋਂ (ਜੂਨ ਵਿੱਚੋਂ ਹੋ ਕੇ) ਅਸੀਂ (ਹੁਣ ਇਸ ਮਨੁੱਖਾ ਜਨਮ ਵਿੱਚ) ਆਏ ਹਾਂ? (ਇਨ੍ਹਾਂ ਔਗੁਣਾਂ ਦੇ ਕਾਰਨ ਹੀ ਸਾਨੂੰ ਇਹ ਵਿਚਾਰ ਭੀ ਨਹੀਂ ਫੁਰਦੀ ਕਿ) ਅਸੀਂ ਕਿਸ ਮਨੋਰਥ ਵਾਸਤੇ ਪਿਤਾ ਦੇ ਬੀਰਜ ਨਾਲ ਮਾਂ ਦੇ ਪੇਟ ਦੀ ਅੱਗ ਵਿੱਚ ਨਿੰਮੇ, ਤੇ ਕਾਹਦੇ ਵਾਸਤੇ ਪੈਦਾ ਕੀਤੇ ਗਏ?।੧।

(ਅਣਗਿਣਤ ਔਗੁਣਾਂ ਦੇ ਕਾਰਨ) ਅਸਾਂ ਅਨੇਕਾਂ ਰੁੱਖਾਂ ਬਿਰਖਾਂ ਦੀਆਂ ਜੂਨਾਂ ਵੇਖੀਆਂ (ਭੋਗੀਆਂ), ਅਨੇਕਾਂ ਵਾਰੀ ਪਸ਼ੂ ਜੂਨਾਂ ਵਿੱਚ ਅਸੀਂ ਜੰਮੇ, ਅਨੇਕਾਂ ਵਾਰੀ ਸੱਪਾਂ ਦੀਆਂ ਕੁੱਲਾਂ ਵਿੱਚ ਪੈਦਾ ਹੋਏ, ਤੇ ਅਨੇਕਾਂ ਵਾਰੀ ਪੰਛੀ ਬਣ ਬਣ ਕੇ ਉਡਦੇ ਰਹੇ। ੨।

(ਜਨਮ-ਜਨਮਾਂਤਰਾਂ ਦੇ ਕੀਤੇ ਕੁਕਰਮਾਂ ਦੇ ਅਸਰ ਹੇਠ ਹੀ) ਮਨੁੱਖ ਸ਼ਹਿਰਾਂ ਦੀਆਂ ਹੱਟੀਆਂ ਭੰਨਦਾ ਹੈ, ਪੱਕੇ ਘਰ ਭੰਨਦਾ ਹੈ (ਸੰਨ੍ਹ ਲਾਂਦਾ ਹੈ), ਚੋਰੀ ਕਰਕੇ (ਮਾਲ ਲੈ ਕੇ) ਆਪਣੇ ਘਰ ਆਉਂਦਾ ਹੈ, (ਚੋਰੀ ਦਾ ਮਾਲ ਲਿਆਉਂਦਾ) ਅੱਗੇ ਪਿੱਛੇ ਤਕਦਾ ਹੈ (ਕਿ ਕੋਈ ਵੇਖ ਨਾ ਲਵੇ, ਪਰ ਮੂਰਖ ਇਹ ਨਹੀਂ ਸਮਝਦਾ ਕਿ ਹੇ ਪ੍ਰਭੂ!) ਤੇਰੇ ਪਾਸੋਂ ਕਿਤੇ ਵੀ ਲੁਕਾ ਨਹੀਂ ਕਰ ਸਕਦਾ। ੩।

(ਇਨ੍ਹਾਂ ਕੀਤੇ ਕੁਕਰਮਾਂ ਦੇ ਸੰਸਕਾਰਾਂ ਨੂੰ ਧੋਣ ਲਈ ਅਸੀਂ ਜੀਵ) ਸਾਰੀ ਧਰਤੀ ਦੇ ਸਾਰੇ ਤੀਰਥਾਂ ਦੇ ਦਰਸ਼ਨ ਕਰਦੇ ਫਿਰਦੇ ਹਾਂ, ਸਾਰੇ ਸ਼ਹਿਰਾਂ ਬਾਜ਼ਾਰਾਂ ਦੀ ਹੱਟੀ ਹੱਟੀ ਵੇਖਦੇ ਹਾਂ (ਭਾਵ, ਭੇਖੀ ਸਾਧਾਂ-ਸੰਤਾਂ ਦੇ ਡੇਰਿਆਂ ਦੀ ਖਾਕ ਛਾਣਦੇ ਫਿਰਦੇ ਹਾਂ, ਪਰ ਇਨ੍ਹਾਂ ਕੁਕਰਮਾਂ ਤੋਂ ਫਿਰ ਵੀ ਖ਼ਲਾਸੀ ਨਹੀਂ ਹੁੰਦੀ)। (ਜਦੋਂ ਕੋਈ ਭਾਗਾਂ ਵਾਲਾ ਜੀਵ) ਵਣਜਾਰਾ (ਤੇਰੀ ਮਿਹਰ ਦਾ ਸਦਕਾ) ਚੰਗੀ ਤਰ੍ਹਾਂ ਪਰਖ ਵਿਚਾਰ ਕਰਦਾ ਹੈ (ਤਾਂ ਉਸ ਨੂੰ ਸਮਝ ਪੈਂਦੀ ਹੈ ਕਿ ਤੂੰ ਤਾਂ) ਸਾਡੇ ਹਿਰਦੇ ਵਿੱਚ ਹੀ ਵਸਦਾ ਹੈਂ। ੪।

(ਹੇ ਮੇਰੇ ਸਾਹਿਬ!) ਜਿਵੇਂ (ਅਮਿਣਵੇਂ) ਪਾਣੀ ਨਾਲ ਸਮੁੰਦਰ ਭਰਿਆ ਹੋਇਆ ਹੈ, ਤਿਵੇਂ ਹੀ ਸਾਡੇ ਜੀਵਾਂ ਦੇ ਅਣਗਿਣਤ ਹੀ ਔਗੁਣ ਹਨ। (ਅਸੀਂ ਇਨ੍ਹਾਂ ਨੂੰ ਧੋ ਸਕਣ ਤੋਂ ਅਸਮਰੱਥ ਹਾਂ), ਤੂੰ ਆਪ ਹੀ ਦਇਆ ਕਰ! ਮਿਹਰ ਕਰ! ਤੂੰ ਤਾਂ ਡੁਬਦੇ ਪੱਥਰਾਂ ਨੂੰ ਵੀ ਤਾਰ ਸਕਦਾ ਹੈਂ। ੫।





(ਹੇ ਮੇਰੇ ਸਾਹਿਬ!) ਮੇਰੀ ਜਿੰਦ ਅੱਗ ਵਾਂਗ ਤਪ ਰਹੀ ਹੈ, ਮੇਰੇ ਅੰਦਰ ਤ੍ਰਿਸਨਾਂ ਦੀ ਛੁਰੀ ਚੱਲ ਰਹੀ ਹੈ। ਨਾਨਕ ਬੇਨਤੀ ਕਰਦਾ ਹੈ -ਜੋ ਮਨੁੱਖ ਪਰਮਾਤਮਾ ਦੀ ਰਜ਼ਾ ਨੂੰ ਸਮਝ ਲੈਂਦਾ ਹੈ (ਅਮਲੀ ਤੌਰ 'ਤੇ ਹੁਕਮਿ ਰਜ਼ਾਈ ਹੋ ਕੇ ਜੀਵਨ ਬਤੀਤ ਕਰਦਾ ਹੈ) ਉਸ ਦੇ ਅੰਦਰ ਦਿਨ-ਰਾਤ (ਹਰ ਵੇਲੇ ਹੀ) ਆਤਮਕ ਅਨੰਦ ਬਣਿਆ ਰਹਿੰਦਾ ਹੈ।੬।

## ਮਨੁੱਖਾ ਜੀਵਨ ਦਾ ਮਨੋਰਥ : ਗੁਰਮਤਿ ਦੁਆਰਾ ਇਨਸਾਨੀਅਤ ਹਾਸਿਲ ਕਰ ਕੇ ਜੀਵਨ-ਮੁਕਤ ਅਵਸਥਾ (ਸਹਜ ਅਵਸਥਾ, ਪ੍ਰਭੂ-ਮਿਲਾਪ) ਦੀ ਪ੍ਰਾਪਤੀ

*ਭਈ ਪਰਾਪਤਿ ਮਾਨੁਖ ਦੇਹੁਰੀਆ॥ ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ॥*
*ਅਵਰਿ ਕਾਜ ਤੇਰੈ ਕਿਤੈ ਨਾ ਕਾਮ॥ ਮਿਲੁ ਸਾਧ ਸੰਗਤਿ ਭਜੁ ਕੇਵਲ ਨਾਮ॥੧।*
*ਸਰੰਜਾਮਿ ਲਾਗੁ ਭਵਜਲ ਤਰਨ ਕੈ॥ ਜਨਮੁ ਬ੍ਰਿਥਾ ਜਾਤ ਰੰਗਿ ਮਾਇਆ ਕੈ। ੧।।*
*ਰਹਾਉ॥ (ਮ:੫, ੧੨)*

**ਭਾਵ** : (ਹੇ ਭਾਈ!) ਤੇਨੂੰ ਸੋਹਣਾ ਮਨੁੱਖਾ ਸਰੀਰ ਮਿਲਿਆ ਹੈ। ਪਰਮਾਤਮਾ ਨੂੰ ਮਿਲਣ ਦਾ ਤੇਰੇ ਲਈ ਇਹੀ ਮੌਕਾ ਹੈ। (ਜੇ ਪ੍ਰਭੂ  ਨੂੰ ਮਿਲਣ ਲਈ ਕੋਈ ਉਦਮ ਨਾਂ ਕੀਤਾ ਤਾਂ) ਹੋਰ ਸਾਰੇ ਕੰਮ ਤੇਰੇ ਆਪਣੇ ਕਿਸੇ ਵੀ ਅਰਥ ਨਹੀਂ। (ਤੇਰੀ ਜਿੰਦ ਨੂੰ ਕੋਈ ਲਾਭ ਨਹੀਂ ਅਪੜਾਉਂਣਗੇ)। (ਇਸ ਵਾਸਤੇ) ਸਾਧ ਸੰਗਤਿ ਵਿੱਚ (ਵੀ) ਮਿਲ ਬੈਠਿਆ ਕਰ (ਸਾਧ ਸੰਗਤਿ ਵਿੱਚ ਬੈਠ ਕੇ ਭੀ) ਸਿਰਫ਼ ਪਰਮਾਤਮਾ ਦਾ ਨਾਮ ਸਿਮਰਿਆ ਕਰ (ਉਸ ਮਾਲਕ ਪਿਤਾ-ਪ੍ਰਭੂ ਨਾਲ ਪ੍ਰੇਮ ਦੀ ਸਾਂਝ ਪਾਉਂਣ ਦਾ ਯਤਨ ਕਰਿਆ ਕਰ, ਉਸ ਦੀ ਜੀਵਨ-ਦਾਤੀ ਯਾਦ ਨੂੰ ਅਪਣੇ ਮਨ ਹਿਰਦੇ ਵਿੱਚ ਸੰਭਾਲ ਕੇ ਰੱਖਣ ਦਾ ਉਪਰਾਲਾ ਕਰਿਆ ਕਰ) ਅਤੇ (ਸਾਧ ਸੰਗਤਿ ਵਿੱਚ ਬੈਠਣ ਦਾ ਵੀ ਤਦੋਂ ਹੀ ਲਾਭ ਹੈ ਜੇ ਉਥੇ ਤੂੰ ਪ੍ਰਭੂ ਦੀ ਸਿਫ਼ਤ ਸਾਲਾਹ ਵਿੱਚ ਜੁੜੇਂ)। ੧।

(ਹੇ ਭਾਈ!) ਸੰਸਾਰ ਸਮੁੰਦਰ ਤੋਂ ਪਾਰ ਲੰਘਣ ਦੇ (ਭੀ) ਆਹਰੇ ਲੱਗ।(ਨਿਰੇ) ਮਾਇਕ ਪਦਾਰਥਾਂ (ਬਿਨਸਣਹਾਰ ਚੀਜ਼ਾਂ) ਦੇ ਪਿਆਰ ਵਿੱਚ ਤੇਰਾ ਮਨੁੱਖਾ ਜਨਮ ਦਾ ਕੀਮਤੀ ਸਮਾਂ ਵਿਅਰਥ ਬੀਤਦਾ ਜਾ ਰਿਹਾ ਹੈ।੧। ਰਹਾਉ।

## ਮਨੁੱਖਾ ਜੀਵਨ ਦਾ ਮਨੋਰਥ ਹਾਸਿਲ ਕਰਨ ਲਈ ਗੁਰਮਤਿ ਜੀਵਨ-ਜੁਗਤਿ (ਪ੍ਰੇਮਾ-ਭਗਤੀ)

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਇਸ ਵਿਸ਼ੇ ਸਬੰਧੀ ਪਹਿਲੇ ਪੰਨੇ 'ਤੇ ਹੀ ਗੁਰੂ ਨਾਨਕ ਸਾਹਿਬ ਨੇ ਇੱਕ ਅਮੋਲਕ ਫ਼ਾਰਮੂਲਾ ਦਰਜ ਕੀਤਾ ਹੈ ਜੋ ਕਿ **ਸਮੁੱਚੀ ਗੁਰਬਾਣੀ ਦਾ ਕੇਂਦਰੀ ਸਿਧਾਂਤ ਵੀ ਹੈ।** ਫ਼ਾਰਮੂਲਾ ਇਹ ਹੈ -

*ਕਿਵ ਸਚਿਆਰਾ ਹੋਈਐ, ਕਿਵ ਕੂੜੈ ਤੁਟੈ ਪਾਲਿ॥*
*ਹੁਕਮਿ ਰਜਾਈ ਚਲਣਾ, ਨਾਨਕ, ਲਿਖਿਆ ਨਾਲਿ॥ (ਮ:੧, ਜਪੁ)*

**ਭਾਵ** : ਸਤਿਗੁਰੂ ਜੀ ਇਸ ਬੁਨਿਆਦੀ ਸਮੱਸਿਆ ਨੂੰ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਵਰਣਨ ਕਰਦੇ ਹੋਏ ਬਖ਼ਸ਼ਿਸ਼ ਕਰਦੇ ਹਨ -

**ਪ੍ਰਸ਼ਨ** : ਮਨੁੱਖ ਸਚਿਆਰ (ਆਦਰਸ਼ਕ ਜੀਵਨ ਵਾਲਾ) ਕਿਵੇਂ ਬਣੇ ? ਉਸਦੀਆਂ ਅੱਖਾਂ ਅੱਗੋਂ ਅਗਿਆਨਤਾ ਅਤੇ ਭੁਲੇਖਿਆਂ ਦਾ ਪਰਦਾ ਕਿਵੇਂ ਦੂਰ ਹੋਵੇ ?

**ਉੱਤਰ** : ਪਰਮੇਸ਼ਰ (ਰਜ਼ਾ ਦੇ ਮਾਲਕ) ਦੇ ਹੁਕਮ ਅਨੁਸਾਰ ਜੀਵਨ ਬਤੀਤ ਕੀਤਾ ਜਾਵੇ (ਭਾਵ, ਕਿ ਪਰਮੇਸ਼ਰ ਦੇ ਅਟੱਲ ਨਿਯਮਾਂ, ਕਾਇਦੇ ਕਾਨੂੰਨਾਂ ਨੂੰ ਸਮਝ ਕੇ, ਸਵੀਕਾਰ ਕਰ ਕੇ, ਅਮਲੀ ਜੀਵਨ ਵਿੱਚ ਢਾਲਿਆ ਜਾਵੇ)। ਇਹ ਨਿਯਮ, ਕਾਇਦੇ-ਕਾਨੂੰਨ ਪ੍ਰਭੂ ਨੇ ਸ੍ਰਿਸ਼ਟੀ ਸਾਜਨ ਦੇ ਸਮੇਂ (ਨਾਲ ਹੀ) ਸਿਰਜ ਕੇ ਲਾਗੂ ਕਰ ਦਿੱਤੇ ਸਨ। ਇਨ੍ਹਾਂ ਰੱਬੀ ਅਸੂਲਾਂ ਦੀ ਪਾਲਨਾ ਕਰਨਾ ਹੀ ਅਸਲ ਵਿੱਚ ਪ੍ਰੇਮਾ-ਭਗਤੀ ਹੈ।

## ਕੁਝ ਕੁ ਹੋਰ ਅਮੋਲਕ ਫ਼ਾਰਮੂਲੇ

### ੧. ਸਦਾ ਹੀ ਪ੍ਰਭੂ-ਪਿਤਾ ਦੇ ਅਦਬ (ਨਿਰਮਲ ਭਉ) ਵਿੱਚ ਰਹਿਣਾ

*ਭੈ ਪਇਐ ਮਲੁ ਕਟੀਐ, ਨਿਰਮਲ ਹੋਵੈ ਸਰੀਰੁ ॥*
*ਅੰਤਰਿ ਪਰਗਾਸੁ ਮਤਿ ਉਤਮ ਹੋਵੈ, ਹਰਿ ਜਪਿ ਗੁਣੀ ਗਹੀਰੁ ॥*
*ਭੈ ਵਿਚਿ ਬੈਸੈ, ਭੈ ਰਹੈ, ਭੈ ਵਿਚਿ ਕਮਾਵੈ ਕਾਰ ॥*
*ਐਥੈ ਸੁਖੁ ਵਡਿਆਈਆ ਦਰਗਹ ਮੋਖ ਦੁਆਰ ॥ (ਮ; ੩, ੫੧੬)*

**ਅਰਥ** : ਜੇ ਹਿਰਦੇ ਵਿੱਚ ਪ੍ਰਭੂ-ਪਿਤਾ ਦਾ ਨਿਰਮਲ ਭਉ (ਅਦਬ) ਆ ਵਸੇ, ਤਾਂ ਮਨ ਦੀ ਮੈਲ ਕੱਟੀ ਜਾਂਦੀ ਹੈ, ਸਰੀਰ ਵੀ ਪਵਿੱਤ੍ਰ ਹੋ ਜਾਂਦਾ ਹੈ, ਗੁਣਾਂ ਦੇ ਖ਼ਜ਼ਾਨੇ ਪਰਮਾਤਮਾ ਦਾ ਸਿਮਰਨ ਕਰਕੇ ਅੰਦਰ (ਰੱਬੀ ਗਿਆਨ ਦਾ) ਚਾਨਣ ਹੋ ਜਾਂਦਾ ਹੈ, ਮੱਤਿ ਉੱਜਲੀ ਹੋ ਜਾਂਦੀ ਹੈ। (ਅਜਿਹੀ ਜੀਵ-ਇਸਤ੍ਰੀ) ਪਰਮਾਤਮਾ ਦੇ ਅਦਬ ਵਿੱਚ ਉਠਦੀ-ਬੈਠਦੀ ਹੈ, ਅਦਬ ਵਿੱਚ ਰਹਿ ਕੇ ਕਿਰਤ ਕਾਰ ਕਰਦੀ ਹੈ, (ਫਿਰ) ਉਸ ਨੂੰ ਇਸ ਜੀਵਨ ਵਿੱਚ ਆਦਰ ਤੇ ਸੁਖ ਮਿਲਦਾ ਹੈ ਤੇ ਪ੍ਰਭੂ-ਪਿਤਾ ਦੀ ਹਜ਼ੂਰੀ ਦਾ ਦਰਵਾਜਾ ਉਸ ਲਈ ਖੁੱਲ੍ਹ ਜਾਂਦਾ ਹੈ।

### ੨. ਨਿਮਰਤਾ, ਸਹਿਣਸ਼ੀਲਤਾ ਅਤੇ ਮਿੱਠੀ ਬੋਲੀ

*ਨਿਵਣੁ ਸੁ ਅਖਰੁ, ਖਵਣੁ ਗੁਣੁ, ਜਿਹਬਾ ਮਣੀਆ ਮੰਤੁ ॥*
*ਏ ਤ੍ਰੈ, ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤੁ ॥ (ਫ਼ਰੀਦ ਜੀ, ੧੩੮੪)*

**ਅਰਥ** : ਹੇ ਭੈਣ! ਜੇਕਰ ਤੂੰ ਨਿਮਰਤਾ, ਸਹਿਣਸ਼ੀਲਤਾ ਅਤੇ ਮਿੱਠੀ ਬੋਲੀ ਇਹ ਤਿੰਨ ਗੁਣ ਧਾਰਨ ਕਰ ਲਵੇਂ ਤਾਂ ਪਤੀ-ਪਰਮੇਸ਼ਰ ਨਾਲ ਤੇਰਾ ਸਦੀਵੀ ਮਿਲਾਪ ਹੋ ਜਾਵੇਗਾ।

### ੩. ਖ਼ਿਮਾ ਅਤੇ ਸਬਰ-ਸੰਤੋਖ

*ਖਿਮਾ ਗਹੀ ਬ੍ਰਤੁ ਸੀਲ ਸੰਤੋਖੰ ॥ ਰੋਗੁ ਨ ਬਿਆਪੈ ਨ ਜਮ ਦੋਖੰ ॥*
*ਮੁਕਤ ਭਏ ਪ੍ਰਭ ਰੂਪ ਨ ਰੇਖੰ ॥ ੧ ॥ (ਮ: ੧, ੨੨੩)*





**ਅਰਥ** : ਜਿਹੜਾ ਜਗਿਆਸੂ (ਗ੍ਰਿਹਸਤ ਵਿੱਚ ਰਹਿ ਕੇ ਹੀ) ਦੂਜਿਆਂ ਦੀ ਵਧੀਕੀ ਸਹਾਰਨ ਦਾ ਸੁਭਾਉ ਬਣਾਂਦਾ ਹੈ (ਵਧੀਕੀ ਕਰਕੇ ਖਿਮਾ ਮੰਗਣ ਵਾਲਿਆਂ ਨੂੰ ਖਿਮਾ ਕਰ ਦੇਂਦਾ ਹੈ ਅਤੇ ਜੇਕਰ ਉਸ ਪਾਸੋਂ ਕਿਸੇ ਨਾਲ ਵਧੀਕੀ ਹੋ ਜਾਵੇ ਤਾਂ ਖਿਮਾਂ ਮੰਗਣ ਲਈ ਦੇਰ ਨਹੀਂ ਕਰਦਾ)। ਮਿੱਠਾ ਸੁਭਾਉ ਅਤੇ ਸਬਰ-ਸੰਤੋਖ ਉਸਦੇ ਨਿੱਤ ਦੇ ਕਰਮ ਬਣ ਜਾਂਦੇ ਹਨ। (ਅਜਿਹੇ ਅਸਲ 'ਜੋਗੀ' ਉੱਤੇ ਕਾਮਾਦਿਕ ਕੋਈ) ਰੋਗ ਜ਼ੋਰ ਨਹੀਂ ਪਾ ਸਕਦਾ। ਉਸ ਨੂੰ ਮੌਤ ਦਾ ਵੀ ਡਰ ਨਹੀਂ ਪੋਹ ਸਕਦਾ। ਅਜਿਹੇ 'ਜੋਗੀ' ਵਿਕਾਰਾਂ ਤੋਂ ਆਜ਼ਾਦ ਹੋ ਜਾਂਦੇ ਹਨ ਕਿਉਂਕਿ ਉਹ ਨਿਰੰਕਾਰ ਪ੍ਰਭੂ ਦਾ ਰੂਪ ਹੋ ਜਾਂਦੇ ਹਨ।

### ੪. ਪ੍ਰਭੂ-ਪਿਤਾ ਨੂੰ ਹਰ ਵਕਤ ਆਪਣੇ ਅੰਗ-ਸੰਗ ਅਤੇ ਤਨ, ਮਨ, ਪ੍ਰਾਣਾਂ ਦਾ ਆਧਾਰ ਮੰਨ ਕੇ ਉਸਦੀ ਕਿਰਪਾ ਦੇ ਪਾਤਰ ਬਣਨ ਲਈ ਉਦਮਸ਼ੀਲ ਰਹਿਣਾ

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥ ਸਿਮਰਿ ਸਿਮਰਿ ਤਿਸੁ ਸਦਾ ਸਮਾਲ੍ਹੇ ॥*
*(ਮ: ੫, ੩੯੪)*

**ਅਰਥ** : (ਹੇ ਭਾਈ ! ਮੇਰਾ) ਗੁਰੂ (ਪ੍ਰਭੂ-ਪਿਤਾ) ਸਦਾ ਮੇਰੇ ਨਾਲ ਵਸਦਾ ਹੈ, ਮੇਰੇ ਅੰਗ-ਸੰਗ ਰਹਿੰਦਾ ਹੈ। (ਉਸਦੀ ਕ੍ਰਿਪਾਲਤਾ ਨਾਲ) ਮੈਂ ਉਸ (ਪ੍ਰਭੂ-ਪਿਤਾ) ਨੂੰ ਸਦਾ ਸਿਮਰ ਕੇ ਸਦਾ ਆਪਣੇ ਹਿਰਦੇ ਵਿੱਚ ਵਸਾਈ ਰਖਦਾ ਹਾਂ।

*ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ।*
*ਨਮਸਕਾਰ ਡੰਡਉਤਿ ਬੰਦਨਾ, ਅਨਿਕ ਬਾਰ ਜਾਉਂ ਬਾਰੈ ॥ (ਮ; ੫, ੮੨੦)*

**ਅਰਥ** : ਹੇ ਪ੍ਰਭੂ! ਤੂੰ (ਹੀ) ਮੇਰੀ ਜਿੰਦ ਦਾ ਸਹਾਰਾ ਹੈਂ। ਹੇ ਪ੍ਰਭੂ! ਮੈਂ ਤੇਰੇ ਅੱਗੇ ਨਮਸਕਾਰ ਕਰਦਾ ਹਾਂ, ਚੁਫਾਲ ਲੰਮਾ ਪੈ ਕੇ ਨਮਸਕਾਰ ਕਰਦਾ ਹਾਂ। ਮੈਂ ਅਨੇਕਾਂ ਵਾਰੀ ਤੈਥੋਂ ਸਦਕੇ ਜਾਂਦਾ ਹਾਂ।

ਮੋਟੇ ਤੌਰ 'ਤੇ ਪ੍ਰੇਮਾ-ਭਗਤੀ ਦੇ ਦੋ ਪਹਿਲੂ ਹਨ - ਕਰਨਯੋਗ ਕਰਮ ਅਤੇ ਵਰਜਿਤ ਕਰਮ।

## ਕਰਨਯੋਗ ਕਰਮ

### ੧. ਇੱਕੋ ਇੱਕ ਵਾਹਿਦ ਪਰਮੇਸ਼ਰ ਦੀ ਓਟ (ਸਰਣ) ਅਤੇ ਉਪਾਸ਼ਨਾ

*ਸਾਸਿ ਸਾਸਿ ਤੇਰਾ ਨਾਮੁ ਸਮਾਰਉਂ ਤੁਮ ਹੀ ਕਉ ਪ੍ਰਭ ਆਹੀਂ ॥*
*ਨਾਨਕ ਟੇਕ ਭਈ ਕਰਤੇ ਕੀ ਹੋਰ ਆਸ ਬਿਡਾਣੀ ਲਾਹੀ ॥ (ਮ: ੫, ੫੦੦)*

**ਅਰਥ** : ਹੇ ਪ੍ਰਭੂ! (ਮੇਹਰ ਕਰ) ਮੈਂ ਹਰੇਕ ਸਾਹ ਦੇ ਨਾਲ ਤੇਰਾ ਨਾਮ (ਆਪਣੇ ਹਿਰਦੇ ਵਿੱਚ) ਸਾਂਭ ਰੱਖਾਂ, ਮੈਂ ਸਦਾ ਤੇਰੇ ਹੀ ਮਿਲਾਪ ਦੀ ਤਾਂਘ ਕਰਦਾ ਰਹਾਂ। ਹੇ ਨਾਨਕ! (ਆਖ-

ਹੇ ਭਾਈ! ਜਿਸ ਮਨੁੱਖ ਦੇ ਹਿਰਦੇ ਵਿੱਚ) ਕਰਤਾਰ ਦਾ ਸਹਾਰਾ ਬਣ ਗਿਆ, ਉਸਨੇ ਹੋਰ ਬਿਗਾਨੀ ਆਸ ਦੂਰ ਕਰ ਦਿੱਤੀ।

## ੨. ਅਰਦਾਸ (ਜੋਦੜੀ) ਇੱਕੋ ਇੱਕ ਪਰਮੇਸ਼ਰ ਦੇ ਚਰਨਾਂ ਵਿੱਚ

*ਤੂ ਠਾਕੁਰੁ ਤੁਮ ਪਹਿ ਅਰਦਾਸਿ॥ ਜੀਉ ਪਿੰਡੁ ਸਭੁ ਤੇਰੀ ਰਾਸਿ॥*

*(ਪ: ੫, ੨੬੮)*

**ਅਰਥ** : (ਹੇ ਪ੍ਰਭੂ!) ਤੂੰ ਮਾਲਿਕ ਹੈਂ (ਸਾਡੀ ਜੀਵਾਂ ਦੀ) ਅਰਜ਼ ਤੇਰੇ ਅੱਗੇ ਹੀ ਹੈ, ਇਹ ਜ਼ਿੰਦ ਤੇ ਸਰੀਰ (ਜੋ ਤੂੰ ਸਾਨੂੰ ਦਿੱਤਾ ਹੈ) ਸਭ ਤੇਰੀ ਹੀ ਬਖਸ਼ੀਸ਼ ਹੈ।

## ੩. ਸਮਾਜ ਦੇ ਦੁਰਕਾਰੇ ਦੱਬੇ-ਕੁਚਲੇ ਵਰਗਾਂ ਨੂੰ ਹਰ ਪੱਖ ਤੋਂ ਉੱਚਾ ਚੁੱਕ ਕੇ ਬਰਾਬਰ ਦੇ ਸਨਮਾਨ ਦਾ ਦਰਜਾ ਦੇਣਾ

*ਨੀਚਾਂ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆਂ ਸਿਉ ਕਿਆ ਰੀਸ॥*
*ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖਸੀਸ (ਮ: ੧, ੧੫)*

**ਅਰਥ** : (ਹੇ ਪ੍ਰਭੂ! ਮੈਂ ਤੈਥੋਂ ਏਹੀ ਜਾਚਨਾ ਕਰਦਾ ਹਾਂ ਕਿ ਤੇਰਾ) ਨਾਨਕ ਉਨ੍ਹਾਂ ਬੰਦਿਆਂ ਨਾਲ ਸਾਥ ਬਣਾਏ ਜੋ (ਕਈ ਭੁੱਲੜ ਜੀਵਾਂ ਅਨੁਸਾਰ) ਨੀਵੀਂ ਤੋਂ ਨੀਵੀਂ ਜ਼ਾਤਿ ਦੇ ਹਨ, ਜੋ ਨੀਵਿਆਂ ਤੋਂ ਵੀ ਅਤਿ ਨੀਵੇਂ ਅਖਵਾਉਂਦੇ ਹਨ। ਮੈਨੂੰ ਮਾਇਆਧਾਰੀਆਂ (ਮਨਮੁੱਖਾਂ) ਦੇ ਰਾਹੇ ਤੁਰਨ ਦੀ ਕੋਈ ਤਾਂਘ ਨਹੀਂ (ਕਿਉਂਕਿ ਮੈਨੂੰ ਪਤਾ ਹੈ ਕਿ) ਤੇਰੀ ਮਿਹਰ ਦੀ ਨਜ਼ਰ ਉੱਥੇ ਹੈ ਜਿੱਥੇ ਗ਼ਰੀਬਾਂ ਦੀ ਸਾਰ ਲਈ ਜਾਂਦੀ ਹੈ।

## ੪. ਧਰਮ ਦੀ ਸੁੱਚੀ, ਦਸਾਂ ਨਹੁੰਆਂ ਦੀ ਕਿਰਤ ਕਰਕੇ ਨਿਰਬਾਹ ਕਰਨਾ ਅਤੇ ਵੰਡ ਛਕਣਾ

ਘਾਲਿ ਖਾਇ, ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ।

*(ਮ: ੧, ੧੨੪੫)*

**ਅਰਥ** : ਜੋ ਮਨੁੱਖ ਧਰਮ ਦੀ ਸੁੱਚੀ ਕਿਰਤ ਕਰਕੇ ਆਪਣੇ ਪਰਿਵਾਰ ਦੀ ਪਾਲਣਾ ਕਰਦਾ ਹੋਇਆ, ਆਪਨੀ ਨੇਕ ਕਿਰਤ ਕਮਾਈ ਵਿੱਚੋਂ (ਦਸਵੰਧ ਦੇ ਰੂਪ ਵਿੱਚ) ਦੁਖੀਆਂ, ਗ਼ਰੀਬਾਂ, ਲੋੜਵੰਦਾਂ ਦੀ ਸਹਾਇਤਾ ਕਰਦਾ ਹੈ, ਉਸੇ ਨੂੰ ਮਨੁੱਖੀ ਜੀਵਨ ਸਫ਼ਲ ਕਰਕੇ ਪਰਮੇਸ਼ਰ ਦੇ ਮਿਲਾਪ ਵਾਲੇ ਰਸਤੇ ਦੀ ਸੋਝੀ ਹੁੰਦੀ ਹੈ।

## ੫. ਸਿਮਰਨ

ਇਸ ਸ਼ਬਦ ਦੇ ਅਰਥ ਭਾਈ ਕਾਹਨ ਸਿੰਘ ਨਾਭਾ ਨੇ ਮਹਾਨ ਕੋਸ਼ ਵਿੱਚ ਇਸ ਤਰ੍ਹਾਂ ਕੀਤੇ ਹਨ :





1. ਚੇਤਾ, ਯਾਦਦਾਸ਼ਤ 2. ਚਿੰਤਨ, ਸੋਚਣਾ 3.ਇਸ਼ਟ ਦਾ ਨਾਮ ਅਥਵਾ ਗੁਣ ਮਨ ਦੀ ਵ੍ਰਿਤੀ ਏਕਾਗਰ ਕਰ ਕੇ ਯਾਦ ਕਰਨਾ।

ਗੁਰੂ ਨਾਨਕ ਨਾਮ ਲੇਵਾ ਜਗਤ ਵਿੱਚ ਸਿਮਰਨ ਬਾਰੇ ਕਈ ਮੱਤ-ਭੇਦ ਪਾਏ ਜਾ ਰਹੇ ਹਨ। ਕੁੱਝ ਪ੍ਰਾਨੀ ਕਿਸੇ ਖ਼ਾਸ ਸ਼ਬਦ ਦਾ, ਕਿਸੇ ਖ਼ਾਸ ਢੰਗ ਨਾਲ ਬੈਠ ਕੇ, ਕਿਸੇ ਖ਼ਾਸ ਵਿਧੀ ਅਨੁਸਾਰ (ਸੁਆਸਾਂ ਦੇ ਅੰਦਰ ਬਾਹਰ ਜਾਣ ਨਾਲ ਮੇਲ ਕੇ, ਜਾਂ ਇੱਕੋ ਸਾਹ ਵਿੱਚ ਹੀ ਕਈ ਵਾਰ) ਵਾਰ-ਵਾਰ ਜਾਪ ਕਰਨ ਨੂੰ ਸਿਮਰਨ ਕਹਿੰਦੇ ਹਨ। ਆਓ, ਆਪਾਂ ਗੁਰੂ ਗ੍ਰੰਥ ਸਾਹਿਬ (ਸ਼ਬਦ-ਗੁਰੂ) ਜੀ ਪਾਸੋਂ ਹੀ ਇਸ ਬਾਰੇ ਨਿਰਣਾ ਕਰਵਾਈਏ ਕਿਉਂਕਿ ਨਿਰੋਲ ਰੱਬੀ ਸੱਚ ਦੀ ਪ੍ਰਾਪਤੀ ਧੁਰ ਕੀ ਬਾਨੀ ਤੋਂ ਸਿਵਾਏ ਹੋਰ ਕਿਧਰੋਂ ਵੀ ਨਹੀਂ ਹੋਣੀ।

## ਨਾਮ ਸਿਮਰਨ ਕੀ ਹੈ ?

*ਨਾਮੁ ਤੇਰਾ ਸਭੁ ਕੋਈ ਲੇਤੁ ਹੈ, ਜੇਤੀ ਆਵਣ ਜਾਣੀ॥*
*ਜਾਂ ਤੁਧੁ ਭਾਵੈ ਤਾਂ ਗੁਰਮੁਖਿ ਬੂਝੈ ਹੋਰ ਮਨਮੁਖਿ ਫਿਰੈ ਇਆਣੀ॥*

*(ਮ:੩,੪੨੩)*

**ਭਾਵ** : ਹੇ ਪ੍ਰਭੂ! ਜਿਤਨੀ ਵੀ ਆਵਾਗਵਣ ਵਿੱਚ ਪਈ ਹੋਈ ਸ੍ਰਿਸ਼ਟੀ ਹੈ, ਇਸ ਵਿੱਚ ਹਰੇਕ ਜੀਵ (ਆਪਣੇ ਵੱਲੋਂ) ਤੇਰਾ ਹੀ ਨਾਮ ਜਪਦਾ ਹੈ ਪਰ ਜਦੋਂ ਤੈਨੂੰ ਚੰਗਾ ਲਗਦਾ ਹੈ ਤਾਂ ਗੁਰੂ (ਪਰਮੇਸ਼ਰ ਰੂਪ ਸ਼ਬਦ-ਗੁਰੂ) ਦੇ ਉਪਦੇਸ਼ ਦੀ ਅਮਲੀ ਕਮਾਈ ਕਰਦਾ ਹੋਇਆ ਹੀ ਕੋਈ ਜੀਵ (ਇਸ ਭੇਤ ਨੂੰ) ਸਮਝਦਾ ਹੈ, ਆਪਣੇ ਮਨ ਦੇ ਪਿੱਛੇ ਤੁਰਨ ਵਾਲੀ ਹੋਰ ਮੂਰਖ ਲੋਕਾਈ ਤਾਂ ਭਟਕਦੀ ਹੀ ਫਿਰਦੀ ਹੈ।

*ਮਨੁ ਤਨੁ ਧਨੁ ਜਿਨਿ ਪ੍ਰਭਿ ਦੀਆ, ਰਖਿਆ ਸਹਜਿ ਸਵਾਰਿ*
*ਸਰਬ ਕਲਾ ਕਰਿ ਥਾਪਿਆ, ਅੰਤਰਿ ਜੋਤਿ ਅਪਾਰ॥*
*ਸਦਾ ਸਦਾ ਪ੍ਰਭੁ ਸਿਮਰੀਐ, ਅੰਤਰਿ ਰਖੁ ਉਰ ਧਾਰਿ॥ (ਮ:੫,੪੭)*

**ਭਾਵ**: ਜਿਸ ਪ੍ਰਭੂ ਨੇ ਇਹ ਮਨ ਦਿੱਤਾ ਹੈ, (ਵਰਤਣ ਲਈ) ਧਨ ਦਿੱਤਾ ਹੈ, ਜਿਸ ਪ੍ਰਭੂ ਨੇ ਮਨੁੱਖ ਦੇ ਸਰੀਰ ਨੂੰ ਸਵਾਰ ਬਣਾ ਕੇ ਰੱਖਿਆ ਹੈ, ਜਿਸ ਨੇ (ਸਰੀਰ ਵਿੱਚ) ਸਾਰੀਆਂ (ਸਰੀਰਕ ਤਾਕਤਾਂ ਪੈਦਾ ਕਰ ਕੇ ਸਰੀਰ ਰੱਖਿਆ ਹੈ, ਤੇ ਸਰੀਰ ਵਿੱਚ ਆਪਣੀ ਬੇਅੰਤ ਜੋਤਿ ਟਿਕਾ ਦਿੱਤੀ ਹੈ, (ਹੇ ਭਾਈ!) ਉਸ ਪ੍ਰਭੂ ਨੂੰ ਸਦਾ ਹੀ ਸਿਮਰਦੇ ਰਹਿਣਾ ਚਾਹੀਦਾ ਹੈ। (ਹੇ **ਭਾਈ!) ਆਪਣੇ ਹਿਰਦੇ ਵਿੱਚ ਉਸਦੀ ਯਾਦ ਟਿਕਾ ਰੱਖ।**

*ਮੁਖਹੁ ਹਰਿ ਹਰਿ ਸਭੁ ਕੋ ਕਰੈ, ਵਿਰਲੈ ਹਿਰਦੈ ਵਸਾਇਆ॥*
*ਨਾਨਕ, ਜਿਨ ਕੈ ਹਿਰਦੈ ਵਸਿਆ, ਮੋਖ ਮੁਕਤਿ ਤਿਨ੍ਹ ਪਾਇਆ॥*

*(ਮ:੩,੫੬੫)*

**ਭਾਵ:** (ਹੇ ਭਾਈ!) ਮੂੰਹ ਨਾਲ (ਬਾਹਰੋਂ ਬਾਹਰੋਂ) ਤਾਂ ਹਰੇਕ ਮਨੁੱਖ ਪਰਮਾਤਮਾ ਦਾ ਨਾਮ ਉਚਾਰ ਦਿੰਦਾ ਹੈ, ਪਰ ਕਿਸੇ ਵਿਰਲੇ ਨੇ ਹਰਿ-ਨਾਮ ਆਪਣੇ ਹਿਰਦੇ ਵਿੱਚ ਵਸਾਇਆ ਹੈ। ਹੇ ਨਾਨਕ! (ਆਖ) - ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿੱਚ ਪਰਮਾਤਮਾ ਦਾ ਨਾਮ ਰੱਬੀ ਗੁਣਾਂ ਦੀ ਪ੍ਰਾਪਤੀ ਦੀ ਬਰਕਤ ਨਾਲ (ਪ੍ਰਭੂ-ਪ੍ਰੇਮ ਦੀ ਯਾਦ) ਆ ਵਸਦਾ ਹੈ, ਉਹ ਮਨੁੱਖ ਵਿਕਾਰਾਂ ਤੋਂ ਖ਼ਲਾਸੀ ਪ੍ਰਾਪਤ ਕਰ ਲੈਂਦੇ ਹਨ।

*ਸਿਮਰੈ ਧਰਤੀ ਅਰੁ ਆਕਾਸਾ॥ ਸਿਮਰਹਿ ਚੰਦ ਸੂਰਜ ਗੁਣਤਾਸਾ॥*
*ਪਉਣ ਪਾਣੀ ਬੈਸੰਤਰ ਸਿਮਰਹਿ, ਸਿਮਰੈ ਸਗਲ ਉਪਾਰਜਨਾ॥੧॥*
*ਸਿਮਰਹਿ ਖੰਡ ਦੀਪ ਸਭਿ ਲੋਆ॥ ਸਿਮਰਹਿ ਪਾਤਾਲ ਪੁਰੀਆ ਸਚੁ ਸੋਆ॥*
*ਸਿਮਰਹਿ ਖਾਣੀ ਸਿਮਰਹਿ ਬਾਣੀ, ਸਿਮਰਹਿ ਸਗਲੇ ਹਰ ਜਨਾਂ॥ ੨॥*

*(ਮ: ੫, ੧੦੭੯)*

**ਭਾਵ:** ਹੇ ਭਾਈ! ਧਰਤੀ ਪਰਮਾਤਮਾ ਦੀ ਰਜ਼ਾ ਵਿੱਚ ਤੁਰ ਰਹੀ ਹੈ, ਆਕਾਸ਼ ਉਸ ਦੀ ਰਜ਼ਾ ਵਿੱਚ ਹੈ। ਚੰਦ ਅਤੇ ਸੂਰਜ ਉਸ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੀ ਰਜ਼ਾ ਵਿੱਚ ਤੁਰ ਰਹੇ ਹਨ। ਹਵਾ ਪਾਣੀ ਅੱਗ (ਆਦਿਕ ਤੱਤ) ਪ੍ਰਭੂ ਦੀ ਰਜ਼ਾ ਵਿੱਚ ਕੰਮ ਕਰ ਰਹੇ ਹਨ। ਸਾਰੀ ਸ੍ਰਿਸ਼ਟੀ ਉਸ ਦੀ ਰਜ਼ਾ ਵਿੱਚ ਕੰਮ ਕਰ ਰਹੀ ਹੈ।੧।

ਹੇ ਭਾਈ! ਸਾਰੇ ਖੰਡ ਦੀਪ ਮੰਡਲ, ਪਾਤਾਲ ਅਤੇ ਸਾਰੀਆਂ ਪੁਰੀਆਂ, ਸਾਰੀਆਂ ਖਾਣੀਆਂ ਅਤੇ ਬਾਣੀਆਂ (ਦੇ ਜੀਵ), ਸਾਰੇ ਪ੍ਰਭੂ ਦੇ ਸੇਵਕ ਸਦਾ-ਥਿਰ ਪ੍ਰਭੂ ਦੀ ਰਜ਼ਾ ਵਿੱਚ ਵਰਤ ਰਹੇ ਹਨ।੨। (ਇਸ ਤਰ੍ਹਾਂ ਹੇ ਪ੍ਰਭੂ! ਇਹ ਸਾਰੇ (ਮਾਨੋਂ) ਤੇਰਾ ਸਿਮਰਨ ਕਰ ਰਹੇ ਹਨ)

**ਨੋਟ:**

੧. ਇਸ ਸ਼ਬਦ ਵਿੱਚ ਸਿਮਰਨ ਦਾ ਇੱਕ ਹੋਰ ਅਹਿਮ ਪੱਖ ਸਾਫ਼ ਹੋ ਗਿਆ ਹੈ। ਉਹ ਇਹ ਹੈ ਕਿ ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਅਮਲੀ ਤੌਰ 'ਤੇ ਕਮਾਈ ਕਰਨਾ (ਸਤਿਗੁਰੂ ਜੀ ਦੇ ਬਚਨਾਂ ਦੀ 'ਮਨ', 'ਬਚਨ' ਅਤੇ 'ਕਰਮ' ਕਰ ਕੇ ਪਾਲਨਾ ਕਰਨਾ) ਪ੍ਰਭੂ-ਸਿਮਰਨ ਹੈ (ਭਾਵ, ਹੁਕਮਿ-ਰਜ਼ਾਈ ਚਲਣਾ ਹੀ ਪ੍ਰਭੂ-ਸਿਮਰਨ ਹੈ)।

੨. ਕਿਸੇ ਖ਼ਾਸ ਸ਼ਬਦ ਦਾ, ਕਿਸੇ ਖ਼ਾਸ ਸਮੇਂ, ਕਿਸੇ ਖ਼ਾਸ ਵਕਤ ਵਾਸਤੇ, ਤੋਤਾ-ਰਟਨ ਕਰ ਲੈਣਾ (ਅਤੇ 'ਹੁਕਮਿ-ਰਜ਼ਾਈ ਚੱਲਣ' ਲਈ ਯਤਨ ਨਾ ਕਰਨਾ) ਸਿਮਰਨ ਨਹੀਂ ਹੋ ਸਕਦਾ। (ਅਜਿਹੇ ਤੋਤਾ-ਰਟਨ ਨੂੰ ਕਰਮ-ਕਾਂਡ ਤੋਂ ਵੱਧ ਕੋਈ ਮਾਣਤਾ ਨਹੀਂ ਮਿਲ ਸਕਦੀ ਅਤੇ ਕਰਮ-ਕਾਂਡ ਨੂੰ ਰੱਬੀ ਬਾਣੀ ਸਿਰੇ ਤੋਂ ਹੀ ਖ਼ਾਰਜ ਕਰਦੀ ਹੈ।





ਸੋ ਸਪੱਸ਼ਟ ਹੈ ਕਿ ਪ੍ਰਭੂ-ਪਿਤਾ ਦੀ ਮਿੱਠੀ, ਜੀਵਨ-ਦਾਤੀ ਯਾਦ ਨੂੰ ਹਿਰਦੇ ਵਿੱਚ ਟਿੱਕਾ ਕੇ ਰੱਖਣਾ, ਉਸ ਦੇ ਨਿਰਮਲ ਭਉ ਵਿੱਚ ਰਹਿ ਕੇ ਇਨਸਾਨੀਅਤ ਦੇ ਫ਼ਰਜ਼ਾਂ ਦੀ ਪਾਲਣਾ ਕਰਨਾ ਹੀ, ਅਸਲ ਵਿੱਚ ਪ੍ਰਭੂ-ਸਿਮਰਨ ਹੈ।

੩. 'ਵਾਹਗੁਰੂ' ਸ਼ਬਦ ਦਾ, (ਪਰਮੇਸ਼ਰ ਦੀ ਹੋਂਦ ਦਾ ਅਹਿਸਾਸ ਮਨ ਵਿੱਚ ਧਾਰ ਕੇ, ਪਰਮੇਸ਼ਰ ਨੂੰ ਆਪਣੀ ਹੋਂਦ ਦਾ ਮੂਲ ਸਮਝ ਕੇ, ਆਪਣੇ ਆਪੇ ਦਾ ਪਰਮ-ਆਪਾ ਸਮਝ ਕੇ, ਆਪਣਾ ਅਤਿ ਪਿਆਰਾ ਮਾਪਾ ਸਮਝਕੇ) ਰਸਨਾ ਨਾਲ (ਅਰੰਭ ਵਿੱਚ) ਜਾਪ ਕਰ ਕੇ, ਪਿਆਰ ਅਤੇ ਧਿਆਨ ਨਾਲ ਆਪਣੀ ਅਵਾਜ਼ (ਧੁਨਿ) ਨੂੰ ਸੁਣਨਾ, (ਮਿਲਾਪ ਦੀ ਤਾਂਘ ਨਾਲ ਅਵਾਜ਼ਾਂ ਮਾਰਨੀਆਂ) 'ਸਿਮਰਨ' ਦੀ ਆਤਮਕ ਅਵੱਸਥਾ ਤੱਕ ਅਪੜਾਉਂਣ ਦੇ ਸਮਰੱਥ ਹੈ ਪਰ ਇਹ 'ਜਾਪ' ਹੈ 'ਸਿਮਰਨ' ਨਹੀਂ ਹੈ।

## ੬. ਸਭ ਨਾਲ ਨਿਰਵੈਰਤਾ ਵਾਲਾ ਭਾਵ ਰੱਖਣਾ

*ਨਾ ਕੋ ਬੈਰੀ, ਨਹੀਂ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ॥*

*(ਮ: ੫, ੧੨੯੯)*

**ਅਰਥ** : ਹੇ ਭਾਈ! (ਹੁਣ) ਮੈਨੂੰ ਕੋਈ ਵੈਰੀ ਨਹੀਂ ਦਿਸਦਾ, ਕੋਈ ਓਪਰਾ ਨਹੀਂ ਦਿਸਦਾ, ਸਭਨਾ ਨਾਲ ਮੇਰਾ ਭਰਾਤਰੀ-ਭਾਵ ਵਾਲਾ ਪਿਆਰ ਬਣਿਆ ਹੋਇਆ ਹੈ।

## ੭. ਮਨ ਦੀ ਮਤਿ (ਮਨਮਤਿ) ਤਿਆਗ ਕੇ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੀ ਮਤਿ (ਉਪਦੇਸ਼) ਅਨੁਸਾਰ ਚੱਲਣਾ

*ਤਿਆਗੇਂ ਮਨ ਕੀ ਮਤੜੀ, ਵਿਸਾਰੇਂ ਦੂਜਾ ਭਾਉ ਜੀਉ॥*
*ਇਉਂ ਪਾਵਹਿਂ ਹਰਿ ਦਰਸਾਵੜਾ, ਨਹ ਲਗੈ ਤਤੀ ਵਾਉ ਜੀਉ॥*

*(ਮ: ੫, ੭੬੩)*

**ਅਰਥ** : ਜੇ ਤੂੰ ਆਪਣੇ ਮਨ ਦੀ ਕੋਝੀ ਮਤਿ ਛੱਡ ਦੇਵੇਂ,ਜੇ ਤੂੰ ਪ੍ਰਭੂ ਤੋਂ ਬਿਨਾਂ ਹੋਰ (ਮਾਇਆ ਆਦਿਕ) ਦਾ ਪਿਆਰ ਭੁਲਾ ਦੇਵੇਂ, ਤਾਂ ਇਸ ਤਰ੍ਹਾਂ ਤੂੰ ਪ੍ਰਭੂ ਦਾ ਸੋਹਣਾ ਦਰਸ਼ਨ ਕਰ ਲਵੇਂਗਾ, ਤੈਨੂੰ ਕੋਈ ਦੁੱਖ-ਕਲੇਸ਼ ਨਹੀਂ ਵਿਆਪੇਗਾ (ਭਾਵ ਤੇਰੇ ਉਪਰ ਕੋਈ ਦੁੱਖ ਕਲੇਸ਼ ਹਾਵੀ ਨਹੀਂ ਹੋਵੇਗਾ)।

## ੮. ਅੰਮ੍ਰਿਤ ਵੇਲੇ (ਪਹੁ-ਫੁਟਾਲੇ ਤੋਂ ਪਹਿਲਾਂ) ਦੀ ਸੰਭਾਲ

*ਅੰਮ੍ਰਿਤ ਵੇਲਾ ਸਚੁ ਨਾਉਂ, ਵਡਿਆਈ ਵੀਚਾਰੁ॥ (ਮ: ੧, ਜਪੁ)*

*ਅਤੇ*

*ਮੇਰੇ ਮਾਧਉ ਜੀ, ਸਤਸੰਗਤਿ ਮਿਲੇ ਸੁ ਤਰਿਆ॥ (ਮ: ੫, ੧੦)*

**ਅਰਥ** : ਹੇ ਮੇਰੇ ਪ੍ਰਭੂ ਜੀ ! ਜੇਹੜੇ ਮਨੁੱਖ ਸਾਧ ਸੰਗਤਿ ਵਿੱਚ ਮਿਲ ਬੈਠਦੇ ਹਨ, ਉਹ (ਵਿਅਰਥ ਤੌਖਲੇ-ਫਿਕਰਾਂ ਤੋਂ) ਬਚ ਜਾਂਦੇ ਹਨ।

## ੯. ਉੱਚਾ ਇਖ਼ਲਾਕੀ ਆਚਰਨ

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ (ਮ: ੧, ੬੨)*

## ੧੦. ਦਇਆ, ਸਬਰ

*ਦਇਆ ਜਾਣੈ ਜੀਅ ਕੀ, ਕਿਛੁ ਪੁੰਨੁ ਦਾਨੁ ਕਰੇਇ ॥ (ਮ: ੧, ੪੬੮)*

**ਅਰਥ** : (ਸੱਚ ਦੀ ਪ੍ਰਾਪਤੀ ਜਾਂ ਪਰਖ ਤਦੋਂ ਹੀ ਹੁੰਦੀ ਹੈ ਜਦੋਂ ਮਨੁੱਖ ਸ਼ਬਦ-ਗੁਰੂ ਤੋਂ ਉਪਦੇਸ਼, ਪ੍ਰਾਪਤ ਕਰਕੇ) ਸਭ ਜੀਵਾਂ ਉੱਤੇ ਤਰਸ ਕਰਨ ਦੀ ਜਾਚ ਸਿੱਖ ਲਵੇ ਅਤੇ ਲੋੜਵੰਦਾਂ ਨੂੰ ਆਪਣੀ ਦਸਾਂ ਨਹੁੰਆਂ ਦੀ ਕਮਾਈ ਵਿੱਚੋਂ ਪੁੰਨ ਦਾਨ ਕਰੇ ਅਰਥਾਤ ਵੰਡ ਕੇ ਛਕੇ।

## ੧੧. ਪਰਉਪਕਾਰੀ ਬਣਨਾ

*ਮਿਥਿਆ ਤਨ ਨਹੀਂ ਪਰ ਉਪਕਾਰਾ ॥ (ਮ:੫, ੨੬੯)*

**ਅਰਥ** : (ਉਹ) ਸਰੀਰ ਵਿਅਰਥ ਹਨ ਜੋ ਦੂਜਿਆਂ ਨਾਲ ਭਲਾਈ ਨਹੀਂ ਕਰਦੇ।

## ੧੨. ਹਮੇਸ਼ਾ ਹੀ ਸੱਚ ਦਾ ਪੱਲਾ ਫੜ ਕੇ ਰੱਖਣਾ।

*ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹੀ ॥ (ਮ: ੧, ੯੫੩)*

## ੧੩. ਜਨਮ ਤੋਂ ਲੈ ਕੇ ਮਰਨ ਤੱਕ ਦੇ ਸਾਰੇ ਕਾਰਜ ਵਿਹਾਰ, ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਅਨੁਸਾਰ ਸਾਦਾ ਢੰਗ ਨਾਲ ਬਿਨਾਂ ਕਿਸੇ ਲੋਕ-ਲਾਜ ਜਾਂ ਵਿਖਾਵੇ ਦੇ ਕਰਨੇ।

*ਪ੍ਰਥਮੇ ਤਿਆਗੀ ਹਉਮੈ ਪ੍ਰੀਤਿ ॥ ਦੁਤੀਆ ਤਿਆਗੀ ਲੋਗਾ ਰੀਤਿ ॥*
*ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ ॥*
*ਤੁਰੀਆ ਗੁਣੁ, ਮਿਲਿ ਸਾਧ ਪਛਾਨੇ ॥ (ਮ: ੫, ੩੭੦)*

**ਅਰਥ** : (ਸ਼ਬਦ ਗੁਰੂ ਦੇ ਉਪਦੇਸ਼ਾਂ ਦੀ ਕਮਾਈ ਕਰਕੇ) ਪਹਿਲਾਂ ਮੈਂ ਹਉਮੈ ਨੂੰ ਪਿਆਰਨਾ ਛੱਡ ਦਿੱਤਾ, ਫਿਰ ਮੈਂ ਲੋਕਾਚਾਰੀ ਰਸਮਾਂ (ਵਿਖਾਵੇ ਮਾਤਰ) ਛੱਡੀਆਂ (ਭੇਡ ਚਾਲ ਛੱਡ ਦਿੱਤੀ), ਫਿਰ ਮਾਇਆ ਦੇ ਤਿੰਨੇ ਗੁਣ (ਸਤੋ, ਰਜੋ, ਤਮੋ) ਛੱਡ ਕੇ ਵੈਰੀ ਤੇ ਮਿੱਤਰ ਇੱਕੋ ਜੇਹੇ (ਮਿੱਤਰ ਹੀ) ਸਮਝ ਲਏ। ਪ੍ਰਭੂ ਨੂੰ ਮਿਲ ਕੇ ਮੈਂ ਚੌਥੇ ਪਦ (ਸਹਜ ਅਵਸਥਾ) ਦੇ ਗੁਣ ਨਾਲ ਸਾਂਝ ਪਾ ਲਈ।





## ੧੪. ਗਿਆਨ ਇੰਦਰਿਆਂ ਅਤੇ ਕਰਮ ਇੰਦਰਿਆਂ ਦੀ ਗੁਰਮਤਿ ਅਨੁਸਾਰ ਦਰੁੱਸਤ ਵਰਤੋਂ।

*ਮਿਥਿਆ ਸ੍ਰਵਨ, ਪਰ ਨਿੰਦਾ ਸੁਨਹਿ ॥......*
*ਮਿਥਿਆ ਨੇਤ੍ਰ, ਪੇਖਤ ਪਰ ਤ੍ਰਿਅ ਰੂਪਾਦ ॥.....*
*ਮਿਥਿਆ ਰਸਨਾ, ਭੋਜਨ ਅਨ ਸ੍ਵਾਦ ॥......*
*ਮਿਥਿਆ ਬਾਸੁ ਲੇਤ ਬਿਕਾਰਾ ॥*
*ਮਿਥਿਆ ਹਸਤ ਪਰ ਦਰਬ ਕਉ ਹਿਰਹਿ ॥.....*
*ਮਿਥਿਆ ਚਰਨ, ਪਰ ਬਿਕਾਰ ਕਉ ਧਾਵਹਿ ॥ (ਮ: ੫, ੨੬੮-੬੯)*

**ਭਾਵ** : ਕੰਨਾਂ ਨਾਲ ਕਿਸੇ ਦੀ ਨਿੰਦਿਆ ਨਹੀਂ ਸੁਣਨੀ, ਜੀਭ ਨਾਲ ਨਿੰਦਿਆ ਨਹੀਂ ਕਰਨੀ। ਅੱਖਾਂ ਨਾਲ ਪਰਾਏ ਤਨ ਨੂੰ ਵਿਕਾਰਾਂ ਦੀ ਨਜ਼ਰ ਨਾਲ ਨਹੀਂ ਤੱਕਣਾ। ਜੀਭ ਨੂੰ ਵਿਕਾਰ ਪੈਦਾ ਕਰਨ ਵਾਲੇ ਭੋਜਨਾਂ ਦੇ ਚਸਕੇ ਤੋਂ ਰੋਕ ਕੇ ਰੱਖਣਾ ਹੈ। ਨੱਕ ਨੂੰ (ਮਨ ਵਿੱਚ) ਵਿਕਾਰ ਪੈਦਾ ਕਰਨ ਵਾਲੀਆਂ ਵਾਸ਼ਨਾਵਾਂ ਤੋਂ ਰੋਕ ਕੇ ਰੱਖਣਾ ਹੈ। ਹੱਥਾਂ ਨੂੰ ਪਰਾਏ ਹੱਕ ਦੀ ਚੋਰੀ ਕਰਨ ਤੋਂ ਰੋਕਣਾ ਹੈ ਅਤੇ ਪੈਰਾਂ ਨਾਲ ਵਿਕਾਰ ਕਰਨ ਲਈ ਨਹੀਂ ਚੱਲਕੇ ਜਾਣਾ। ਮੇਹਦੇ ਨੂੰ ਯੋਗ ਮਾਤਰਾ ਵਿੱਚ ਸਾਤਵਕ ਜਾਂ ਰਾਜਸ ਪਦਾਰਥਾਂ ਦੀ ਖ਼ੁਰਾਕ ਹੀ ਦੇਣੀ ਹੈ, ਤਮੋ-ਗੁਣੀ ਖ਼ੁਰਾਕ (ਗੁੱਸਾ, ਆਲਸ, ਚਿੜਚਿੜਾਪਨ, ਤ੍ਰਿਸ਼ਨਾ ਪੈਦਾ ਕਰਨ ਵਾਲੀ ਖ਼ੁਰਾਕ) ਤੋਂ ਪਰਹੇਜ਼ ਰੱਖਣਾ ਹੈ।

## ੧੫. ਬੱਚਿਆਂ ਦੇ ਜਮਾਂਦਰੂ ਕੇਸ ਸਾਬਤ ਰੱਖੇ

ਪਰਮੇਸ਼ਰ ਅਭੁੱਲ ਹੈ। ਉਸਨੇ ਕੇਸ ਅਤੇ ਰੋਮ ਵੀ ਮਨੁੱਖ ਨੂੰ ਸਰੀਰ ਦੇ ਨਾਲ ਹੀ ਬਖਸ਼ਿਸ਼ ਕੀਤੇ ਹਨ। ਕੀ ਮਨੁੱਖੀ ਸਰੀਰ ਦੇ ਕੇਸ-ਰੋਮ, ਪ੍ਰਭੂ-ਪਿਤਾ ਦੀ ਰਜ਼ਾ ਅਨੁਸਾਰ ਹੀ ਕੋਈ ਅਹਿਮ ਰੋਲ ਅਦਾ ਕਰਨ ਲਈ ਸਰੀਰ ਦਾ ਹਿੱਸਾ ਬਣੇ ਹੋਏ ਹਨ ਜਾਂ ਇਨ੍ਹਾਂ ਨੂੰ ਮਨੁੱਖ ਨੇ ਕਿਸੇ ਗੈਰ-ਕੁਦਰਤੀ ਢੰਗ ਨਾਲ ਪੈਦਾ ਕਰਕੇ ਸਰੀਰ ਨਾਲ ਲਗਾਇਆ ਹੋਇਆ ਹੈ ? ਇਹ ਗੱਲ ਯਕੀਨੀ ਹੈ ਕਿ ਕੇਸਾਂ-ਰੋਮਾਂ ਦਾ ਮਨੁੱਖ ਦੇ ਵਿਸਮਾਦੀ ਵਿਕਾਸ (ਵਿਗਾਸ) ਵਿੱਚ ਅਹਿਮ ਰੋਲ ਹੈ। ਸਮਾਂ ਆਵੇਗਾ, ਜਦੋਂ ਵਿਗਿਆਨਕ ਖ਼ੋਜ ਇਸ ਸੱਚਾਈ ਦੀ ਪ੍ਰੋੜਤਾ ਕਰੇਗੀ। ਜਿਹੜੇ ਪ੍ਰਾਣੀ ਕੇਸਾਂ/ਰੋਮਾਂ ਨੂੰ ਕਟਦੇ ਹਨ ਉਹ ਪਰਮੇਸ਼ਰ ਦੇ ਸ਼ਰੀਕ ਬਣਕੇ ਪ੍ਰਭੂ-ਪਿਤਾ ਨੂੰ ਭੁੱਲੜ ਸਮਝਣ ਦੀ ਨਾ-ਬਖਸ਼ਣਯੋਗ ਗ਼ੁਸਤਾਖ਼ੀ ਕਰਦੇ ਹਨ, ਉਹ ਪਰਮੇਸ਼ਰ ਨਾਲੋਂ ਵੀ ਸਿਆਣੇ ਬਣਨ ਦਾ ਯਤਨ ਕਰਦੇ ਹਨ। ਕੀ ਅਜੇਹਾ ਕਰਕੇ ਪਰਮੇਸ਼ਰ ਦੀ ਕਿਰਪਾ ਦੇ ਪਾਤਰ ਬਣਿਆ ਜਾ ਸਕਦਾ ਹੈ ? ਹਰਗਿਜ਼ ਨਹੀਂ।

*ਨਾਪਾਕ ਪਾਕੁ ਕਰਿ ਹਦੂਰਿ ਹਦੀਸਾ,*
*ਸਾਬਤ ਸੂਰਤਿ ਦਸਤਾਰ ਸਿਰਾ ॥ ੧੨ ॥ (ਮ: ੫, ੧੦੮੪)*

**ਅਰਥ** : ਹੇ ਅੱਲਾ ਦੇ ਬੰਦੇ। (ਵਿਕਾਰਾਂ ਵਿੱਚ) ਮਲੀਨ ਹੋ ਰਹੇ ਮਨ ਨੂੰ ਪਵਿੱਤਰ

ਕਰਨ ਦਾ ਯਤਨ ਕਰ - ਇਹੀ ਹੈ ਰੱਬੀ ਮਿਲਾਪ ਪੈਦਾ ਕਰਨ ਵਾਲੀ ਸ਼ਰਹ ਦੀ ਕਿਤਾਬ। (ਸੁੰਨਤਿ, ਲਬਾਂ ਕਟਾਣ ਆਦਿਕ ਸ਼ਰਹ ਨੂੰ ਛੱਡ ਕੇ) ਆਪਣੀ ਸ਼ਕਲ ਨੂੰ ਜਿਉਂ ਦਾ ਤਿਉਂ ਰੱਖ - ਇਹ (ਲੋਕ ਪਰਲੋਕ ਵਿੱਚ) ਇੱਜ਼ਤ-ਆਦਰ ਪਾਪਤ ਕਰਨ ਦਾ ਵਸੀਲਾ ਬਣ ਜਾਂਦਾ ਹੈ।

## ਵਰਜਿਤ ਕਰਮ

### ੧. ਜ਼ਾਤਿ-ਪਾਤਿ, ਊਚ-ਨੀਚ ਦਾ ਤਿਆਗ

*ਜਾਤਿ ਕਾ ਗਰਬੁ ਨਾ ਕਰਿ ਮੂਰਖ ਗਵਾਰਾ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (ਮ: ੩, ੧੧੨੮)*

### ੨. ਨਿੰਦਿਆ, ਚੁਗਲੀ, ਚਾਪਲੂਸੀ, ਈਰਖਾ, ਝੂਠ ਆਦਿ ਵਿਕਾਰਾਂ ਦਾ ਤਿਆਗ

*ਨਿੰਦਾ ਭਲੀ ਕਿਸੈ ਕੀ ਨਾਹੀਂ, ਮਨਮੁਖ ਮੁਗਧ ਕਰੰਨਿ॥*
*ਮੁਹ ਕਾਲੇ ਤਿਨ ਨਿੰਦਕਾਂ ਨਰਕੇ ਘੋਰਿ ਪਵੰਨਿ॥ (ਮ: ੩, ੭੫੫)*
*ਜਿਸੁ ਅੰਦਰਿ ਚੁਗਲੀ, ਚੁਗਲੋ ਵਜੈ, ਕੀਤਾ ਕਰਤਿਆ ਓਸਦਾ ਸਭੁ ਗਇਆ॥*
*(ਮ: ੪, ੩੦੮)*

**ਅਰਥ** : ਜਿਸ ਮਨੁੱਖ ਦੇ ਹਿਰਦੇ ਵਿੱਚ ਚੁਗਲੀ ਹੁੰਦੀ ਹੈ ਉਹ ਚੁਗਲ (ਦੇ ਨਾਮ ਨਾਲ) ਹੀ ਮਸ਼ਹੂਰ ਹੋ ਜਾਂਦਾ ਹੈ, ਉਸ ਦੀ (ਪਿਛਲੀ) ਸਾਰੀ ਕੀਤੀ ਹੋਈ ਨੇਕ ਕਮਾਈ ਵਿਅਰਥ ਚਲੀ ਜਾਂਦੀ ਹੈ।

ਉਸਤਤਿ ਨਿੰਦਾ ਦੋਊ ਤਿਆਗੈ, ਖੋਜੈ ਪਦੁ ਨਿਰਬਾਨਾ॥ (ਮ: ੯, ੨੧੯)

**ਅਰਥ** : (ਹੇ ਸੰਤ ਜਨੋ! ਉਸ ਮਨੁੱਖ ਨੇ ਅਸਲੀਅਤ ਲੱਭ ਲਈ ਹੈ ਜੇਹੜਾ) ਨਾ ਕਿਸੇ ਦੀ ਖੁਸ਼ਾਮਦ ਕਰਦਾ ਹੈ, ਨਾ ਕਿਸੇ ਦੀ ਨਿੰਦਾ, ਤੇ ਜੋ ਉਸ ਆਤਮਕ ਅਵਸਥਾ ਦੀ ਸਦਾ ਭਾਲ ਕਰਦਾ ਹੈ ਜਿਥੇ ਕੋਈ ਵਾਸ਼ਨਾ (ਵਿਕਾਰਾਂ ਦੀ ਤ੍ਰਿਸ਼ਨਾ) ਪੋਹ ਨਹੀਂ ਸਕਦੀ।

*ਜਿਸੁ ਅੰਦਰਿ ਤਾਤਿ ਪਰਾਈ ਹੋਵੈ, ਤਿਸ ਦਾ ਕਦੇ ਨ ਹੋਵੀ ਭਲਾ॥*
*(ਮ: ੪, ੩੦੮)*

*ਤਾਤਿ ਪਰਾਈ = ਈਰਖਾ*

*ਛੋਡਹੁ ਪ੍ਰਾਣੀ ਕੂੜ ਕਬਾੜਾ॥*

..............................

*ਛੋਡਹੁ ਕਾਮ ਕ੍ਰੋਧੁ ਬੁਰਿਆਈ॥*

...............................





*ਬੋਲਹੁ ਸਾਚੁ ਪਛਾਣਹੁ ਅੰਦਰਿ॥ (ਮ: ੧, ੧੦੨੫)*

.................................................

*ਕਾਮੁ ਕ੍ਰੋਧੁ ਲੋਭੁ ਝੂਠੁ ਨਿੰਦਾ, ਸਾਧੂ ਸੰਗਿ ਬਿਦਾਰਨਾ॥ (ਮ: ੫, ੯੧੫)*

**ਅਰਥ** : ਹੇ ਭਾਈ! ਕਾਮ, ਕ੍ਰੋਧ, ਲੋਭ, ਝੂਠ, ਨਿੰਦਾ ਆਦਿਕ ਵਿਕਾਰਾਂ ਨੂੰ ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਕਮਾਈ ਕਰਕੇ (ਆਪਣੇ ਮਨ ਵਿੱਚੋਂ ਚੀਰ-ਫਾੜ ਕਰਕੇ) ਦੂਰ ਕਰ ਸਕੀਦਾ ਹੈ।

*ਸਲੋਕ ॥ ਕਾਮ ਕ੍ਰੋਧ ਅਰੁ ਲੋਭ ਮੋਹ ਬਿਨਸਿ ਜਾਇ ਅਹੰਮੇਵ॥*
*ਨਾਨਕ ਪ੍ਰਭ ਸਰਣਾਗਤੀ ਕਰਿ ਪ੍ਰਸਾਦੁ ਗੁਰਦੇਵ॥ (ਮ: ੫, ੨੬੯)*

**ਅਰਥ** : ਹੇ ਨਾਨਕ! (ਬੇਨਤੀ ਕਰ ਤੇ ਆਖ) - ਹੇ ਪ੍ਰਭੂ! ਮੈਂ ਸਰਣ ਆਇਆ ਹਾਂ, (ਮੇਰੇ ਉਤੇ) ਮੇਹਰ ਕਰ, (ਮੇਰਾ) ਕਾਮ, ਕ੍ਰੋਧ, ਲੋਭ, ਮੋਹ ਅਤੇ ਅਹੰਕਾਰ ਦੂਰ ਹੋ ਜਾਏ।

### ੩. ਹਰ ਪਰਕਾਰ ਦੇ ਕਰਮ-ਕਾਂਡ ਦਾ ਤਿਆਗ

*ਕਰਮ ਕਾਂਡ ਬਹੁ ਕਰਹਿ ਅਚਾਰ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥*
*(ਮ: ੩, ੧੬੨)*

**ਅਰਥ** : ਜੇਹੜੇ ਬੰਦੇ (ਜਨਮ, ਜਨੇਊ, ਵਿਆਹ, ਮਰਨ-ਕਿਰਿਆ ਆਦਿਕ ਸਮੇਂ, ਸ਼ਾਸਤ੍ਰਾਂ ਅਨੁਸਾਰ ਮੰਨੇ ਹੋਏ) ਧਾਰਮਿਕ ਕਰਮ ਕਰਦੇ ਹਨ ਤੇ ਹੋਰ ਅਨੇਕ ਧਾਰਮਿਕ ਰਸਮਾਂ ਕਰਦੇ ਹਨ, ਪਰ ਪਰਮਾਤਮਾ ਦੇ ਨਾਮ ਤੋਂ ਵਾਂਝੇ ਰਹਿੰਦੇ ਹਨ, (ਇਹ ਕਰਮ-ਕਾਂਡ ਉਨ੍ਹਾਂ ਦੇ ਅੰਦਰ) ਅਹੰਕਾਰ (ਪੈਦਾ ਕਰਦਾ ਹੈ ਤੇ ਉਨ੍ਹਾਂ ਦਾ ਜੀਵਨ) ਫਿਟਕਾਰ-ਯੋਗ ਹੀ ਰਹਿੰਦਾ ਹੈ।

### ੪. ਹਰ ਪਰਕਾਰ ਦੀ ਭੇਡ-ਚਾਲ ਦਾ ਤਿਆਗ

*ਦੇਖਾ ਦੇਖੀ ਸਭ ਕਰੇ ਮਨਮੁਖਿ ਬੂਝ ਨ ਪਾਇ॥ (ਮ: ੩, ੨੭)*

**ਅਰਥ** : ਆਪਣੇ ਮਨ ਦੇ ਪਿੱਛੇ ਤੁਰਨ ਵਾਲਾ ਮਨੁੱਖ ਸਭ ਕੁਝ ਵਿਖਾਵੇ ਦੀ ਖ਼ਾਤਰ ਕਰਦਾ ਹੈ, ਉਸ ਨੂੰ ਸਹੀ ਜੀਵਨ ਜਿਉਂਣ ਦੀ ਸਮਝ ਨਹੀਂ ਆਉਂਦੀ।

### ੫. ਧਰਮ ਦੇ ਨਾਂ ਤੇ ਬ੍ਰਾਹਮਣ (ਪੁਜਾਰੀ) ਵੱਲੋਂ ਪ੍ਰਚੱਲਤ ਕੀਤੇ ਫੋਕਟ ਕੰਮਾਂ ਦਾ ਤਿਆਗ

*ਗਲਿ ਮਾਲਾ ਤਿਲਕ ਲਿਲਾਟੰ॥ ਦੋਇ ਧੋਤੀ ਬਸਤ੍ਰ ਕਪਾਟੰ॥*
*ਜੋ ਜਾਨਸਿ ਬ੍ਰਹਮੰ ਕਰਮੰ॥ ਸਭ ਫੋਕਟ ਨਿਸਚੈ ਕਰਮੰ॥ (ਮ: ੧, ੧੩੫੩)*

**ਅਰਥ** : (ਪੰਡਿਤ) ਗਲ ਵਿੱਚ ਮਾਲਾ ਰਖਦਾ ਹੈ, ਮੱਥੇ ਉੱਤੇ ਤਿਲਕ ਲਾਂਦਾ ਹੈ, ਸਦਾ ਦੋ ਧੋਤੀਆਂ (ਆਪਣੇ ਪਾਸ) ਰਖਦਾ ਹੈ, ਤੇ (ਸੰਧਿਆ ਕਰਨ ਵੇਲੇ) ਸਿਰ ਉੱਤੇ ਇੱਕ

ਵਸਤ੍ਰ ਧਰ ਲੈਂਦਾ ਹੈ। ਪਰ ਜੋ ਮਨੁੱਖ ਪ੍ਰਭੂ-ਭਗਤੀ ਦਾ ਕੰਮ ਜਾਣਦਾ ਹੋਵੇ, ਤਦ ਨਿਸਚਾ ਕਰਕੇ ਜਾਣ ਲਵੋ ਕਿ ਉਸ ਦੇ ਵਾਸਤੇ ਇਹ ਸਾਰੇ ਕੰਮ ਫੋਕੇ ਹਨ। **ਧਾਰਮਿਕ ਲਿਬਾਸ (ਲੰਮੇ ਚੋਲੇ, ਨੰਗੇ ਪੈਰ, ਗੋਲ ਦਸਤਾਰਾਂ ਤੇ ਧਾਰਮਿਕ ਚਿੰਨ੍ਹਾਂ) ਦੇ ਧਾਰਨ ਕਰ ਲੈਣ ਨਾਲ ਹੀ ਕੋਈ ਪ੍ਰਾਣੀ ਧਰਮੀ ਨਹੀਂ ਬਣ ਜਾਂਦਾ।**

## ੬. ਅਵਤਾਰਵਾਦ, ਦੇਵੀ-ਦੇਵਤਿਆਂ ਆਦਿ ਦਾ ਖੰਡਨ

*ਸਗਲ ਪਰਾਧ ਦੇਹਿ ਲੋਰੋਨੀ॥*
*ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥* (ਮ: ੫, ੧੧੩੬)

**ਅਰਥ** : ਹੇ ਭਾਈ! ਤੂੰ (ਕ੍ਰਿਸ਼ਨ-ਮੂਰਤੀ ਨੂੰ) ਲੋਰੀ ਦੇਂਦਾ ਹੈਂ (ਆਪਣੇ ਵੱਲੋਂ ਤੂੰ ਪਰਮਾਤਮਾ ਨੂੰ ਲੋਰੀ ਦੇਂਦਾ ਹੈਂ, ਤੇਰਾ ਇਹ ਕੰਮ) ਸਾਰੇ ਅਪਰਾਧਾਂ (ਦਾ ਮੂਲ ਹੈ)। ਸੜ ਜਾਏ (ਤੇਰਾ) ਉਹ ਮੂੰਹ ਜਿਸ ਦੀ ਰਾਹੀਂ ਤੂੰ ਆਖਦਾ ਹੈਂ ਕਿ ਮਾਲਕ-ਪ੍ਰਭੂ ਜੂਨਾਂ ਵਿੱਚ ਆਉਂਦਾ ਹੈ। (ਕੀ ਸ਼ਬਦ-ਗੁਰੂ ਨੂੰ ਭੋਗ ਲੁਆਉਂਣ ਵਾਲੇ ਵੀ ਇਸੇ ਸ਼੍ਰੇਣੀ ਵਿੱਚ ਨਹੀਂ ਆਉਂਦੇ ?)

*ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ॥* (ਮ: ੧, ੬੩੭)

**ਅਰਥ** : ਹੇ ਭਾਈ! ਜੇ ਦੇਵੀ ਦੇਵਤਿਆਂ ਦੀਆਂ ਪੱਥਰ ਆਦਿਕ ਦੀਆਂ ਮੂਰਤੀਆਂ ਦੀ ਪੂਜਾ ਕਰੀਏ, ਤਾਂ ਇਹ ਕੁਝ ਵੀ ਨਹੀਂ ਦੇ ਸਕਦੇ, ਮੈਂ ਇਨ੍ਹਾਂ ਪਾਸੋਂ ਕੁਝ ਵੀ ਨਹੀਂ ਮੰਗਦਾ। ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੀ ਪੂਜਾ ਕਰਨ ਵਾਲੇ ਵੀ ਇਸੇ ਮਨਮਤਿ ਦਾ ਸ਼ਿਕਾਰ ਹੋ ਰਹੇ ਦੇਖੇ ਜਾ ਸਕਦੇ ਹਨ।

੭. ਹੋਰ ਪਖੰਡ ਧਰਮ-ਕਰਮ, ਮੂਰਤੀ-ਪੂਜਾ, ਵਰਤ, ਸ਼ਰਾਧ, ਥਿੱਤਾਂ-ਵਾਰਾਂ, ਸੰਗਰਾਂਦਾਂ, ਧੂਪ-ਦੀਪ, ਜੋਤਿ, ਦੀਵੇ ਤਾਰਨੇ, ਬਰਸੀਆਂ, ਕਬਰਾਂ, ਸਮਾਧਾਂ, ਮੜ੍ਹੀਆਂ, ਮਸਾਣੀਆਂ, ਗੁੱਗਾ-ਪੂਜਨ, ਪੀਰ, ਸਖੀ-ਸਰਵਰ ਦੀ ਪੂਜਾ, ਸਿਖਾ-ਸੂਤ, ਤਰਪਨ, ਮੁਕਟ, ਚੋਟੀ, ਬੋਦੀ, ਮੁੰਡਨ, ਭੱਦਨ, ਪਿੰਡ-ਪਤਲ, ਵਰਣੀ, ਕੰਜਕਾਂ, ਰੋਜੇ ਆਦਿ ਕਿਰਿਆ ਕਰਮ ਨਹੀਂ ਕਰਨੇ।

੮. ਜੰਤਰ-ਮੰਤਰ, ਜਾਦੂ-ਟੂਣਾ, ਧਾਗਾ-ਤਵੀਜ਼, ਮੌਲੀ, ਕਾਲਾ ਇਲਮ, ਹੱਥ- ਹੌਲਾ (ਫਾਂਡਾ), ਝਾੜ-ਫੂਕ ਆਦਿ ਨੂੰ ਨਹੀਂ ਮੰਨਣਾ।

੯. ਭੂਤ-ਪ੍ਰੇਤ, ਜਿੰਨ, ਡਾਇਣ, ਚੁੜੇਲ, ਸ਼ਹੀਦੀ-ਰੂਹ, ਓਪਰੀ ਹਵਾ, ਸ਼ੈਤਾਨ ਤੇ ਗੈਬੀ ਰੂਹ ਨੂੰ ਨਹੀਂ ਮੰਨਣਾ।

੧੦. ਸੁੱਖਣਾ, ਪੁੱਛਣਾ, ਮੰਨਤ, ਸ਼ੀਰਣੀ, ਪੀਰ, ਬ੍ਰਾਹਮਣ, ਪੁਜਾਰੀ, ਸਾਧ, ਸੰਤ-ਬਾਬਾ ਵਗੈਰਾ ਨੂੰ ਨਹੀਂ ਮੰਨਣਾ, (ਅਸਲੀ ਸੰਤ ਕੋਈ ਅਰਬਾਂ ਕਰੋੜਾਂ ਵਿੱਚੋਂ ਇੱਕ ਅੱਧ ਹੀ ਹੁੰਦਾ ਹੈ, ਬਾਕੀ ਸਭ ਨਕਲੀ ਮਾਲ ਹੁੰਦਾ ਹੈ)।





੧੧. ਸ਼ਗਨ-ਅਪਸ਼ਗਨ, ਘੜੀ-ਮੁਹਰਤ, ਗ੍ਰਹਿ, ਲਗਨ, ਪੱਤਰੀ, ਰਾਸ਼ੀਆਂ, ਜੋਤਿਸ਼ ਆਦਿ ਨੂੰ ਨਹੀਂ ਮੰਨਣਾ। ਇਹ ਸਾਰੇ ਅੰਧ-ਵਿਸ਼ਵਾਸ ਹਨ ਅਤੇ ਗੁਰਮਤਿ ਦੇ ਉਲਟ ਹਨ।

੧੨. ਵੇਦ, ਸ਼ਾਸਤਰ, ਸਿੰਮ੍ਰਤੀਆਂ, ਪੌਰਾਣ, ਕੁਰਾਨ, ਗੀਤਾ, ਅੰਜੀਲ, ਤੁਰੇਤ, ਜੰਬੂਰ, ਧਮਪਦ, ਰਾਮਾਇਣ, ਮਹਾਂਭਾਰਤ ਅਤੇ ਹੋਰ ਅਨਮਤੀ ਕਿਤਾਬਾਂ/ਗ੍ਰੰਥਾਂ 'ਤੇ ਇਤਕਾਦ ਨਹੀਂ ਰੱਖਣਾ (ਇਨ੍ਹਾਂ ਨੂੰ ਜਾਣਕਾਰੀ ਵਾਸਤੇ ਪੜ੍ਹਿਆ ਜਾ ਸਕਦਾ ਹੈ)।

੧੩. ਵਰ-ਸਰਾਪ, ਮੰਗਲ, ਸ਼ਨੀ, ਕਰਵਾ-ਚੌਥ ਆਦਿ ਨਹੀਂ ਮੰਨਣੇ। [ਆਉਂਣ ਵਾਲੇ ਸਮਿਆਂ ਵਿੱਚ ਜਾ ਮੁਕਾਮੀ ਜਾਂ ਦੂਜੇ ਹੋਰ ਜਾਣੇ-ਅਣਜਾਣੇ ਕਰਮ ਕਾਂਡ ਅਤੇ ਅਸਿੱਖ ਰਵਾਇਤਾਂ, (ਜੋ ਗੁਰਬਾਣੀ ਦੀ ਸਿੱਖਿਆ ਮੁਤਾਬਿਕ ਨਹੀਂ) ਨੂੰ ਵੀ ਇਨ੍ਹਾਂ ਵਿੱਚ ਸ਼ਾਮਿਲ ਮੰਨਿਆ ਜਾਵੇ]।

੧੪. ਲਿੰਗ-ਵਿਤਕਰੇ ਵਜੋਂ ਭਰੂਣ ਹੱਤਿਆ ਨਾ ਕਰੇ।

੧੫. ਕਿਸੇ ਕਿਸਮ ਦਾ ਨਸ਼ਾ ਨਹੀਂ ਕਰਨਾ।

੧੬. ਟੇਵਾ, ਕੁੰਡਲੀ, ਜਨਮ-ਪੱਤਰੀ, ਸੂਤਕ-ਪਾਤਕ, ਮਾਤਾ ਦਾ ਚੌਂਕੇ ਚੜ੍ਹਾਉਂਣਾ, ਆਰਤੀਆਂ ਉਤਾਰਨੀਆਂ, ਪਾਣੀ ਵਾਰਨੇ ਆਦਿ ਲਈ ਗੁਰਮਤਿ ਸਿਧਾਂਤਾਂ ਵਿੱਚ ਕੋਈ ਥਾਂ ਨਹੀਂ।

੧੭. ਬੱਚੇ ਦੀ (ਜਾਂ ਹੋਰ ਕਿਸੇ ਦੀ) ਨਜ਼ਰ ਉਤਾਰਨਾ ਮਨਮਤਿ ਹੈ।

੧੮. ਰੋਕਾ, ਠਾਕਾ, ਸ਼ਗਨ, ਮੰਗਣੀ, ਚੁੰਨੀ ਚੜ੍ਹਾਉਂਣਾ, ਮੁੰਦਰੀ-ਰਸਮ ਜਾਂ ਸਮੇਂ- ਸਮੇਂ ਸਿਰ ਹੋਰ-ਹੋਰ ਰਸਮਾਂ ਦੀ ਬਜਾਏ, ਰਿਸ਼ਤਾ ਜੋੜਨ ਲਈ, 'ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ', ਗੁਰੂ ਦੇ ਹੁਕਮ ਮੁਤਾਬਿਕ ਸਿਰਫ਼ ਅਰਦਾਸਿ ਹੀ ਕੀਤੀ ਜਾਵੇ।

੧੯. ਵਿਆਹ ਦਾ ਦਿਨ ਮੁਕੱਰਰ ਕਰਨ ਲੱਗਿਆਂ (ਜਾਂ ਕੋਈ ਹੋਰ ਵਿਹਾਰ ਕਰਨ ਲੱਗਿਆਂ) ਥਿਤ-ਵਾਰ, ਮੁਹੂਰਤ, ਸ਼ੁਭ-ਅਸ਼ੁਭ ਤੇ ਪੱਤਰੀ ਵਾਚਨਾ ਵਗੈਰਾ ਅਨਮਤੀ ਕਰਮ ਨਾ ਕੀਤੇ ਜਾਣ।

੨੦. ਛੂਤ-ਛਾਤ, ਸੁੱਚ, ਭਿੱਟ ਨੂੰ ਨਹੀਂ ਮੰਨਣਾ।

੨੧. ਸੰਨਿਆਸ (ਗ੍ਰਿਹਸਤ ਤਿਆਗ) ਦੇ ਅਸੂਲ ਨੂੰ ਨਹੀਂ ਮੰਨਣਾ।

੨੨. ਕੁਸੰਗਤਿ ਨਹੀਂ ਕਰਨੀ।

੨੩. ਵਿਆਹ ਨਾਲ ਸਬੰਧਤ ਸਾਰੀਆਂ ਰੀਤਾਂ ਸਾਦੇ ਢੰਗ ਨਾਲ ਬਿਨਾਂ ਕਿਸੇ ਦਹੇਜ, ਦਿਖਾਵੇ, ਫਜ਼ੂਲ ਖਰਚੀ, ਮਹਿੰਗੇ ਪਕਵਾਨ, ਨਸ਼ੇ-ਪੱਤਿਆਂ ਤੋਂ ਰਹਿਤ, ਘਰ ਜਾਂ

ਗੁਰਦੁਆਰੇ ਵਿੱਚ ਹੀ ਕੀਤੇ ਜਾਣ। ਮੈਰਿਜ਼ ਪੈਲੇਸ ਆਦਿ ਦੇ ਲੱਚਰ, ਅਸ਼ਲੀਲ ਅਤੇ ਸ਼ੋਰ-ਸ਼ਰਾਬੇ ਦੇ ਮਹੌਲ ਦਾ ਤਿਆਗ ਕੀਤਾ ਜਾਵੇ।

੨੪. ਕੇਸ਼ਾਂ/ਰੋਮਾਂ ਨੂੰ ਕੱਟਣਾ ਨਹੀਂ। ਪਰਮੇਸ਼ਰ ਵੱਲੋਂ ਬਖ਼ਸ਼ਿਸ਼ ਹੋਏ ਸਰੂਪ ਨੂੰ ਮੂਲ ਰੂਪ ਵਿੱਚ ਜਿਉਂ ਦਾ ਤਿਉਂ ਸੰਭਾਲ ਕੇ ਰੱਖਣਾ।

੨੫. ਹਵਨ, ਜਪ-ਤਪ, ਪੁੰਨ-ਦਾਨ, ਤੀਰਥ-ਇਸ਼ਨਾਨ ਆਦਿ ਕਰਮ ਗੁਰਮਤਿ-ਵਿਰੋਧੀ ਹਨ। ਇਹ ਨਹੀਂ ਕਰਨੇ।

੨੬. ਕਿਸੇ ਨਾਲ ਧੱਕੇਸ਼ਾਹੀ ਨਹੀਂ ਕਰਨੀ, ਜ਼ੋਰ-ਜ਼ੁਲਮ ਨਹੀਂ ਕਰਨਾ। ਕਿਸੇ ਦਾ ਹੱਕ ਨਹੀਂ ਮਾਰਨਾ।

ਨੋਟ : ਉਪਰੋਕਤ ਨੁਕਤਿਆਂ ਦੀ ਪੁਸ਼ਟੀ ਲਈ ਗੁਰੂ ਗ੍ਰੰਥ ਸਾਹਿਬ ਵਿੱਚ ਅਨੇਕਾਂ ਫੁਰਮਾਣ ਹਨ, ਪਰ ਇਥੇ ਸੰਕੋਚ ਕਰਕੇ ਇਹ ਹਵਾਲੇ ਦਰਜ਼ ਨਹੀਂ ਕੀਤੇ ਜਾ ਰਹੇ।

## ਧਰਮ : ਮਨੁੱਖਤਾ ਦਾ ਧਰਮ ਇੱਕ ਜਾਂ ਇੱਕ ਤੋਂ ਵਧੀਕ ?

ਇਹ ਇੱਕ ਬਹੁਤ ਹੀ ਅਹਿਮ ਪ੍ਰਸ਼ਨ ਹੈ ਜਿਸ ਦਾ ਉੱਤਰ ਗੁਰੂ ਗ੍ਰੰਥ ਸਾਹਿਬ ਵਿੱਚ ਕਈ ਵਾਰ ਬਹੁਤ ਹੀ ਵਿਸਥਾਰ ਨਾਲ, ਦੁਨਿਆਵੀ ਉਦਾਹਰਣਾਂ ਦੇ-ਦੇ ਕੇ ਸਮਝਾਇਆ ਗਿਆ ਹੈ। ਆਓ, ਆਪਾਂ ਵੀ ਦਰਸ਼ਨ ਕਰੀਏ! ਕਿਉਂਕਿ ਧਰਮ ਦੀ ਸਹੀ ਜਾਣਕਾਰੀ ਨਾ ਹੋਣ ਕਰ ਕੇ ਲੋਕਾਈ ਅਰੰਭ ਕਾਲ ਤੋਂ ਹੀ, ਧਰਮ ਦੇ ਨਾਂ ਤੇ, ਆਪਸ ਵਿੱਚ ਲੜਦੀ-ਮਰਦੀ ਆਈ ਹੈ। **ਮੱਤ (ਮਜ਼੍ਹਬ) ਤਾਂ ਇੱਕ ਤੋਂ ਵਧੀਕ ਹੋ ਸਕਦੇ ਹਨ, ਪਰ ਧਰਮ (ਇਨਸਾਨੀਅਤ-ਇਨਸਾਨੀ ਫਰਜ਼ ਅਤੇ ਹੱਕ, ਭਾਵ ਨੈਤਿਕ ਕਦਰਾਂ-ਕੀਮਤਾਂ) ਸਮੁੱਚੀ ਮਨੁੱਖਤਾ ਲਈ ਇੱਕ ਹੀ ਹੈ ਅਤੇ ਉਹ ਹੈ ਕਾਦਰ ਦੀ ਕੁਦਰਤਿ ਨਾਲ ਇੱਕ-ਸੁਰ ਹੋ ਕੇ ਵਿਸ਼ਵ ਭਾਈਚਾਰਕ ਪ੍ਰੇਮ ਵਾਲਾ ਅਮਲੀ ਵਰਤਾਰਾ।**

*ਏਕੋ ਧਰਮੁ ਦ੍ਰਿੜੈ ਸਚੁ ਕੋਈ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ॥*
*ਅਨਹਦਿ ਰਾਤਾ ਏਕ ਲਿਵ ਤਾਰ॥ ਓਹੁ ਗੁਰਮੁਖਿ ਪਾਵੈ ਅਲਖ ਅਪਾਰ॥ ੪॥*

**ਜਿਹੜਾ ਮਨੁੱਖ ਆਪਣੇ ਹਿਰਦੇ ਵਿੱਚ ਇਹ ਪੱਕਾ ਭਰੋਸਾ ਧਾਰਦਾ ਹੈ ਕਿ ਸਦਾ ਕਾਇਮ ਰਹਿਣ ਵਾਲੇ ਪ੍ਰਭੂ-ਪਿਤਾ ਦੇ 'ਹੁਕਮਿ ਰਜ਼ਾਈ ਚੱਲਣਾ' (ਨਾਮ ਧਰਮ) ਹੀ ਇੱਕੋ-ਇੱਕ ਠੀਕ ਧਰਮ ਹੈ, ਉਹੀ ਗੁਰੂ (ਸ਼ਬਦ-ਗੁਰੂ) ਦੀ ਮਤਿ ਦਾ ਆਸਰਾ ਲੈ ਕੇ ਸਦਾ ਲਈ (ਵਿਕਾਰਾਂ ਦੇ ਟਾਕਰੇ ਤੇ) ਅਡੋਲ ਹੋ ਜਾਂਦਾ ਹੈ, ਉਹ ਮਨੁੱਖ ਇਕ-ਤਾਰ ਸੁਰਤਿ ਜੋੜ ਕੇ ਅਬਿਨਾਸੀ ਪ੍ਰਭੂ ਦੀ ਹਜ਼ੂਰੀ ਵਿੱਚ ਟਿਕਿਆ ਹੋਇਆ ਮਸਤ ਰਹਿੰਦਾ ਹੈ; ਪਰਮੇਸ਼ਰ ਦੀ ਸ਼ਰਣ ਵਿੱਚ ਰਹਿ ਕੇ, ਉਹ ਮਨੁੱਖ ਅਦ੍ਰਿਸ਼ਟ ਤੇ ਬੇਅੰਤ ਪ੍ਰਭੂ ਦਾ (ਅੰਤਰ-ਆਤਮੇ) ਦਰਸ਼ਨ ਕਰ ਲੈਂਦਾ ਹੈ। ੪।**

*ਜੋਗ ਸਬਦੰ ਗਿਆਨ ਸਬਦੰ, ਬੇਦ ਸਬਦੰ ਤ ਬ੍ਰਹਮਣਹ॥*



ਲਾਸਾਨੀ ਇਨਕਲਾਬ

*ਖ੍ਯ੍ਤ੍ਰੀ ਸਬਦੰ ਸੂਰ ਸਬਦੰ, ਸੂਦ੍ਰ ਸਬਦੰ ਪਰਾ ਕ੍ਰਿਤਹ॥*
*ਸਰਬ ਸਬਦੰ ਤ ਏਕ ਸਬਦੰ, ਜੇ ਕੋ ਜਾਨਸਿ ਭੇਉ॥*
*ਨਾਨਕ ਤਾ ਕੋ ਦਾਸੁ ਹੈ, ਸੋਈ ਨਿਰੰਜਨ ਦੇਉ॥ (ਮ:੧, ੧੩੫੩)*

**ਭਾਵ :** (ਵਰਨ-ਵੰਡ ਦੇ ਵਿਤਕਰੇ ਪਾਣ ਵਾਲੇ ਆਖਦੇ ਹਨ ਕਿ) ਜੋਗ ਦਾ 'ਧਰਮ' ਗਿਆਨ ਪ੍ਰਾਪਤ ਕਰਨਾ ਹੈ (ਬ੍ਰਹਮ ਦੀ ਵਿਚਾਰ ਕਰਨਾ ਹੈ), ਬ੍ਰਾਹਮਣਾਂ ਦਾ 'ਧਰਮ' ਵੇਦਾਂ ਦੀ ਵਿਚਾਰ ਹੈ, ਖੱਤ੍ਰੀਆਂ ਦਾ 'ਧਰਮ' ਸੂਰਮਿਆਂ ਵਾਲੇ ਕੰਮ ਕਰਨਾ ਹੈ ਅਤੇ ਸ਼ੂਦਰਾਂ ਦਾ 'ਧਰਮ' ਦੂਜਿਆਂ ਦੀ ਸੇਵਾ ਕਰਨੀ ਹੈ ਪਰ ਅਸਲੀਅਤ ਇਹ ਹੈ ਕਿ ਸਾਰੀ ਮਨੁੱਖਤਾ ਦਾ ਇੱਕ ਹੀ ਧਰਮ ਹੈ (ਅਤੇ ਉਹ ਹੈ ਇਨਸਾਨੀਅਤ)। ਜੇ ਕੋਈ ਮਨੁੱਖ ਇਸ ਭੇਤ ਨੂੰ ਸਮਝ ਲਏ, ਨਾਨਕ ਉਸ ਮਨੁੱਖ ਦਾ ਦਾਸ ਹੈ, ਉਹ ਮਨੁੱਖ ਪ੍ਰਭੂ ਦਾ ਰੂਪ ਹੀ ਹੋ ਜਾਂਦਾ ਹੈ।

**ਨੋਟ : ਪ੍ਰਭੂ ਨੇ ਸ੍ਰਿਸ਼ਟੀ ਦੇ ਸਿਰਜਨ ਸਮੇਂ ਜਿਹੜੇ ਕਾਇਦੇ ਕਾਨੂੰਨ ਨਿਯਮ, ਅਸੂਲ ਸ੍ਰਿਸ਼ਟੀ ਦੀ ਕਾਰ ਚਲਾਉਂਣ ਲਈ (ਰੱਬੀ ਰਜ਼ਾ, ਰੱਬੀ ਹੁਕਮ) ਲਾਗੂ ਕੀਤੇ ਹਨ, ਉਨ੍ਹਾਂ ਨੂੰ ਸ਼ਬਦ-ਗੁਰੂ ਦੇ ਉਪਦੇਸ਼ਾਂ ਰਾਹੀਂ ਵਿਚਾਰ ਕੇ, ਸਮਝ ਕੇ, ਸਵੀਕਾਰ ਕਰ ਕੇ (ਉਨ੍ਹਾਂ ਮਨੁੱਖੀ ਫ਼ਰਜ਼ਾਂ ਦੀ ਪਾਲਣਾ ਕਰਨਾ ਅਤੇ ਮਨੁੱਖੀ ਹੱਕਾਂ ਦੀ ਕਦਰ ਕਰਨਾ) ਉਨ੍ਹਾਂ ਦੀ ਪਾਲਣਾ ਕਰਨਾ ਹੀ ਇੱਕੋ ਇੱਕ ਧਰਮ (ਇਨਸਾਨੀਅਤ) ਹੈ ਅਤੇ ਇਹ ਧਰਮ ਸਾਰੀ ਸ੍ਰਿਸ਼ਟੀ ਦੇ ਮਨੁੱਖਾਂ ਲਈ ਇਕ-ਸਾਰ ਲਾਗੂ ਹੈ।**

## ਗੁਰੂ ਕੌਣ ਹੈ ?

'ਗੁਰੂ' ਸ਼ਬਦ ਦੇ ਦੋ ਭਾਗ ਹਨ – 'ਗੁ' ਅਤੇ 'ਰੂ'। 'ਗੁ' ਦਾ ਅਰਥ ਹੈ ਹਨ੍ਹੇਰਾ (ਅਗਿਆਨਤਾ ਦਾ ਹਨ੍ਹੇਰਾ) ਅਤੇ 'ਰੂ' ਦਾ ਭਾਵ ਹੈ ਰੌਸ਼ਨੀ (ਰੱਬੀ ਗਿਆਨ ਦਾ ਪ੍ਰਕਾਸ਼)। ਇਸ ਤਰ੍ਹਾਂ 'ਗੁਰੂ' ਦਾ ਅਰਥ ਹੋਇਆ ਉਹ ਰੱਬੀ ਜੋਤਿ ਜੋ ਮਨੁੱਖ ਦੇ ਅਗਿਆਨਤਾ ਦੇ ਹਨ੍ਹੇਰੇ ਨੂੰ ਦੂਰ ਕਰਕੇ ਉਸ ਦੇ ਅੰਦਰ ਰੱਬੀ ਗਿਆਨ ਦਾ ਪ੍ਰਕਾਸ਼ ਕਰ ਸਕਦੀ ਹੋਵੇ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪੂਰਾ ਗੁਰੂ, ਗੁਰੂ, ਸਤਿਗੁਰੂ, ਸ਼ਬਦ–ਗੁਰੂ, ਕੱਚਾ ਗੁਰੂ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਮਿਲਦੀ ਹੈ। ਇਸ ਬਾਰੇ, ਇਸ ਧੁਰ ਕੀ ਬਾਣੀ ਦੇ ਸਿਧਾਂਤਾਂ ਦੇ ਅਧਾਰ 'ਤੇ, ਸੰਖੇਪ ਵਿਚਾਰ ਕਰਨੀ ਜ਼ਰੂਰੀ ਹੈ।

## ਸਤਿਗੁਰੂ

*ਸਤਿਗੁਰੁ ਮੇਰਾ ਸਦਾ ਸਦਾ, ਨਾ ਆਵੈ ਨਾ ਜਾਇ॥*
*ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ॥ (ਮ: ੪, ੭੫੯)*

**ਭਾਵ:** ਹੇ ਭਾਈ! **ਸਤਿਗੁਰ (ਪਰਮੇਸ਼ਰ)** ਸਦਾ ਹੀ ਕਾਇਮ ਰਹਿਣ ਵਾਲਾ ਹੈ, ਉਹ ਨਾ ਜੰਮਦਾ ਹੈ, ਨਾ ਮਰਦਾ ਹੈ। ਉਹ ਪੁਰਖੁ–ਪ੍ਰਭੂ ਕਦੇ ਨਾਸ਼ ਹੋਣ ਵਾਲਾ ਨਹੀਂ, ਉਹ ਸਭਨਾਂ ਵਿੱਚ ਮੌਜੂਦ ਹੈ।

## ਗੁਰੂ

ਨਾਨਕ ਸੋਧੇ ਸਿੰਮ੍ਰਿਤਿ ਬੇਦ॥ ਪਾਰਬ੍ਰਹਮ ਗੁਰ ਨਾਹੀ ਭੇਦ॥ (ਮ: ੫, ੧੧੪੨)

**ਭਾਵ** : ਹੇ ਨਾਨਕ! (ਆਖ ਹੇ ਭਾਈ!) ਸਿੰਮ੍ਰਿਤੀਆਂ ਵੇਦ (ਆਦਿਕ ਧਰਮ ਪੁਸਤਕ) ਖ਼ੋਜ ਵੇਖੇ ਹਨ (ਗੁਰੂ ਸੱਭ ਤੋਂ ਉੱਚਾ ਹੈ) **ਸ਼ਬਦ-ਗੁਰੂ ਅਤੇ ਪਰਮਾਤਮਾ ਵਿੱਚ ਕੋਈ ਫ਼ਰਕ ਨਹੀਂ ਹੈ।**

## ਪੂਰਾ ਗੁਰੂ

*ਬਿਸਰੁ ਨਾਹੀ ਕਬਹੂ ਹੀਏ ਤੇ, ਇਹ ਬਿਧਿ ਮਨ ਮਹਿ ਪਾਵਹੁ॥*
*ਗੁਰ ਪੂਰਾ ਭੇਟਿਓ ਵਡਭਾਗੀ, ਜਨ ਨਾਨਕ ਕਤਹਿ ਨ ਧਾਵਹੁ॥*

*(ਮ: ੫, ੬੧੭)*

**ਭਾਵ** : ਹੇ ਪ੍ਰਭੂ! ਮੇਰੇ ਮਨ ਵਿੱਚ ਤੂੰ ਇਹੋ ਜਿਹੀ ਸਿੱਖਿਆ ਪਾ ਦੇਹ ਕਿ ਮੇਰੇ ਹਿਰਦੇ ਤੋਂ ਤੂੰ ਕਦੇ ਵੀ ਨਾ ਵਿਸਰੇਂ। ਹੇ ਦਾਸ ਨਾਨਕ! ਤੈਨੂੰ ਵੱਡੇ ਭਾਗਾਂ ਨਾਲ **ਪੂਰਾ ਗੁਰੂ (ਪਰਮੇਸ਼ਰ)** ਮਿਲ ਪਿਆ ਹੈ, ਹੁਣ ਤੂੰ ਹੋਰ ਕਿਸੇ ਪਾਸੇ ਨਾ ਦੌੜਦਾ ਫਿਰ।

## ਕੱਚਾ ਗੁਰੂ

*ਘਰ ਦਰ ਫਿਰਿ ਥਾਕੀ ਬਹੁਤੇਰੇ॥ ਜਾਤਿ ਅਸੰਖ ਅੰਤ ਨਹੀਂ ਮੇਰੇ॥*
*ਕੇਤੇ ਮਾਤ ਪਿਤਾ ਸੁਤ ਧੀਆ॥ ਕੇਤੇ ਗੁਰ ਚੇਲੇ ਫੁਨਿ ਹੂਆ॥*
*ਕਾਚੇ ਗੁਰ ਤੇ ਮੁਕਤਿ ਨ ਹੂਆ॥ ਕੇਤੀ ਨਾਰਿ, ਵਰੁ ਏਕੁ ਸਮਾਲਿ॥*
*ਗੁਰਮੁਖਿ ਮਰਣੁ ਜੀਵਣੁ ਪ੍ਰਭ ਨਾਲਿ॥ ਦਹਦਿਸ ਢੂਢਿ ਘਰੈ ਮਹਿ ਪਾਇਆ॥*
*ਮੇਲੁ ਭਇਆ ਸਤਿਗੁਰੂ ਮਿਲਾਇਆ॥ (ਮ:੧,੯੩੨)*

**ਭਾਵ**: (ਹੇ ਪਾਂਡੇ! ਗੁਰੂ ਦੀ ਮੱਤ ਵਾਲਾ ਰਸਤਾ ਫੜਨ ਤੋਂ ਬਿਨਾਂ) ਜਿੰਦ ਕਈ ਜੂਨਾਂ ਵਿੱਚ ਭੌਂ-ਭੌਂ ਕੇ ਖੱਪ ਲਥਦੀ ਹੈ, ਇਤਨੀਆਂ ਅਣਗਿਣਤ ਜ਼ਾਤੀਆਂ ਵਿੱਚੋਂ ਲੰਘਦੀ ਹੈ ਜਿਨ੍ਹਾਂ ਦਾ ਅੰਤ ਨਹੀਂ ਪੈ ਸਕਦਾ। (ਇਨ੍ਹਾਂ ਬੇਅੰਤ ਜੂਨਾਂ ਵਿੱਚ ਭਟਕਦੀ ਜਿੰਦ ਦੇ) ਕਈ ਮਾਂ, ਪਿਉ, ਪੁੱਤਰ ਧੀਆਂ ਬਣਦੇ ਹਨ, ਕਈ ਗੁਰੂ ਬਣਦੇ ਹਨ, ਤੇ ਕਈ ਚੇਲੇ ਵੀ ਬਣਦੇ ਹਨ। ਇਨ੍ਹਾਂ ਜੂਨਾਂ ਤੋਂ ਤਦ ਤੱਕ ਖ਼ਲਾਸੀ ਨਹੀਂ ਹੁੰਦੀ ਜਦ ਤੱਕ ਕਿਸੇ ਕੱਚੇ **ਗੁਰੂ (ਬ੍ਰਾਹਮਣ, ਸੰਤ-ਬਾਬੇ ਆਦਿ)** ਦੀ ਸ਼ਰਨ ਲਈ ਹੋਈ ਹੈ।

(ਹੇ ਪਾਂਡੇ! ਸਤਿਗੁਰੂ ਤੋਂ ਖੁੰਝੀਆਂ ਹੋਈਆਂ ਅਜਿਹੀਆਂ) ਕਈ ਜੀਵ-ਇਸਤਰੀਆਂ ਹਨ, ਪ੍ਰਭੂ-ਪਿਤਾ ਸਭ ਦੀ ਸੰਭਾਲ ਕਰਦਾ ਹੈ। ਜੋ ਜਿੰਦ **ਗੁਰੂ (ਸ਼ਬਦ-ਗੁਰੂ)** ਦੇ ਸਨਮੁਖ ਰਹਿੰਦੀ ਹੈ, ਉਸ ਦਾ ਆਸਰਾ-ਪਰਨਾ ਗੋਪਾਲ ਪ੍ਰਭੂ ਹੋ ਜਾਂਦਾ ਹੈ। (ਹੇ ਪਾਂਡੇ! ਸਿਰਫ਼ ਉਸ ਜਿੰਦ ਦਾ ਪ੍ਰਭੂ ਨਾਲ) ਮਿਲਾਪ ਹੁੰਦਾ ਹੈ ਜਿਸ ਨੂੰ **ਸਤਿਗੁਰੂ (ਪ੍ਰਭੂ-ਪਿਤਾ)** ਆਪ ਮਿਲਾਂਦਾ ਹੈ। ਹੋਰ ਹਰ ਪਾਸੇ ਢੂੰਡ ਕੇ (ਗੁਰੂ ਕਿਰਪਾ ਨਾਲ) ਹਿਰਦੇ ਘਰ ਵਿੱਚ ਹੀ ਗੋਪਾਲ-ਪ੍ਰਭੂ ਲੱਭ ਪੈਂਦਾ ਹੈ।





## ਸ਼ਬਦ-ਗੁਰੂ ਦਾ ਸਿਧਾਂਤ - ਗੁਰੂ ਨਾਨਕ ਸਾਹਿਬ ਦਾ ਗੁਰੂ ਕੌਣ ?

ਜਦੋਂ-ਜਦੋਂ ਵੀ ਪਰਮੇਸ਼ਰ, ਆਪਣੀ ਮੌਜ ਅਨੁਸਾਰ, ਨਿਰਗੁਣ ਸਰੂਪ ਤੋਂ 'ਸਰਗੁਣ' ਸਰੂਪ ਧਾਰਕੇ ਸ੍ਰਿਸ਼ਟੀ ਦੀ ਰਚਨਾ ਕਰਦਾ ਹੈ ਤਾਂ ਨਾਲ ਦੀ ਨਾਲ ਹੀ ਸ੍ਰਿਸ਼ਟੀ ਦੇ ਪੱਕੇ ਪ੍ਰਬੰਧ (ਬ੍ਰਹਮੰਡੀ ਵਰਤਾਰੇ ਲਈ) ਅਟੱਲ ਨਿਯਮ, ਕਾਇਦੇ-ਕਾਨੂੰਨ (ਵਿਧੀ-ਵਿਧਾਨ) ਬਣਾਕੇ ਲਾਗੂ ਕਰ ਦੇਂਦਾ ਹੈ। ਬ੍ਰਹਮੰਡੀ ਵਰਤਾਰੇ ਦੇ ਇਨ੍ਹਾਂ ਨਿਯਮਾਂ ਦੀ ਮੁਕੰਮਲ ਜਾਣਕਾਰੀ (ਸੰਪੂਰਨ ਗਿਆਨ) ਪਰਮੇਸ਼ਰ ਦੇ 'ਗੁਰੂ' ਗੁਣ (ਸ਼ਬਦ-ਗੁਰੂ) ਦੁਆਰਾ ਪ੍ਰਗਟ ਹੁੰਦੀ ਹੈ। ਜਿਸ ਤਰ੍ਹਾਂ ਅਕਾਲ ਪੁਰਖੁ (ਸਰਗੁਣ ਸਰੂਪ ਵਿੱਚ ਰੱਬ) ਅਵਿਨਾਸ਼ੀ ਹੈ, ਉਸੇ ਤਰ੍ਹਾਂ ਅਕਾਲ ਪੁਰਖੁ ਦਾ 'ਗੁਰੂ ਗੁਣ' ਭੀ ਅਵਿਨਾਸ਼ੀ ਹੈ। ਗੁਰੂ ਨਾਨਕ ਸਾਹਿਬ ਦੇ ੧੪੬੯ ਈ: ਵਿੱਚ ਪ੍ਰਗਟ ਹੋਣ ਤੋਂ ਪਹਿਲਾਂ ਵੀ ਸ਼ਬਦ-ਗੁਰੂ ਦੀ ਹੋਂਦ ਗੁਪਤ ਰੂਪ ਵਿੱਚ ਸੀ। ਪਰਮੇਸ਼ਰ ਨੇ, ਆਪਣੀ ਰਜ਼ਾ ਅਨੁਸਾਰ, ਸ਼ਬਦ-ਗੁਰੂ ਦਾ ਪ੍ਰਕਾਸ਼ (ਗਿਆਨ-ਗੁਰੂ ਦਾ ਪ੍ਰਕਾਸ਼) ਗੁਰੂ ਨਾਨਕ ਸਾਹਿਬ ਦੇ ਹਿਰਦੇ ਵਿੱਚ ਟਿਕਾ ਦਿੱਤਾ। ਗੁਰੂ ਨਾਨਕ ਸਾਹਿਬ ਨੇ ਮਨੁੱਖਤਾ ਦੇ ਉਧਾਰ ਲਈ, ਰੱਬੀ ਰਜ਼ਾ ਅਨੁਸਾਰ, ਸ਼ਬਦ-ਗੁਰੂ (ਦੀਪਕ-ਗੁਰੂ) ਨੂੰ ਗੁਰਬਾਣੀ ਦੇ ਰੂਪ ਵਿੱਚ ਪ੍ਰਗਟ ਕਰ ਦਿੱਤਾ ਅਤੇ ਆਪਣੇ ਦਸਵੇਂ ਉਤਰਾਧਿਕਾਰੀ ਜਾਮੇਂ ਦੇ ਜੋਤੀ ਜੋਤਿ ਸਮਾਉਂਣ ਤੋਂ ਇੱਕ ਦਿਨ ਪਹਿਲਾਂ ਸ਼ਬਦ-ਗੁਰੂ ਨੂੰ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿੱਚ ਸਦੀਵਕਾਲ ਵਾਸਤੇ ਇਲਾਹੀ ਗੁਰਤਾਗੱਦੀ 'ਤੇ ਸ਼ੁਸ਼ੋਭਤ ਕਰ ਦਿੱਤਾ।

ਸੰਖੇਪ ਵਿੱਚ, 'ਸ਼ਬਦ-ਗੁਰੂ' ਰੱਬੀ ਗਿਆਨ ਦਾ ਉਹ ਰਸਤਾ ਹੈ ਜਿਸ ਉੱਪਰ ਚੱਲ ਕੇ ਮਨੁੱਖ, ਰੱਬੀ ਗੁਣਾਂ ਦਾ ਧਾਰਨੀ ਬਣਕੇ, ਦੁਰਲੱਭ ਮਨੁੱਖਾ-ਜਨਮ ਦੀ ਬਾਜੀ ਨੂੰ ਜਿਤਦਾ ਹੋਇਆ ਸਹਜੇ ਹੀ ਆਪਣੇ ਮੂਲ (ਪਰਮੇਸ਼ਰ) ਨਾਲ ਸਦੀਵੀ ਅਨੰਦਮਈ ਮਿਲਾਪ ਹਾਸਿਲ ਕਰ ਸਕਦਾ ਹੈ। ਇਹ ਆਤਮਿਕ ਅਵੱਸਥਾ ਜਿਉਂਦੇ-ਜੀਅ ਹੀ ਪ੍ਰਾਪਤ ਹੋ ਸਕਦੀ ਹੈ, ਮਰਨ ਤੋਂ ਬਾਅਦ ਨਹੀਂ।

ਗੁਰੂ ਨਾਨਕ ਸਾਹਿਬ ਨੇ ਸਿੱਧਾਂ ਨਾਲ ਹੋਈ ਆਪਣੀ ਵਿਚਾਰ-ਚਰਚਾ ਨੂੰ 'ਸਿਧ ਗੋਸ਼ਟਿ' ਦੇ ਸਿਰਲੇਖ ਹੇਠਾਂ ਦਰਜ਼ ਕੀਤਾ ਹੈ, ਜਿਸ ਵਿੱਚ ਸ਼ਬਦ-ਗੁਰੂ ਦੇ ਸਿਧਾਂਤ ਨੂੰ ਇੰਜ ਸਪੱਸ਼ਟ ਕੀਤਾ ਹੈ -

*ਕਵਣ ਮੂਲੁ ਕਵਣ ਮਤਿ ਵੇਲਾ॥ ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ॥*
*ਕਵਣ ਕਥਾ ਲੇ ਰਹਹੁ ਨਿਰਾਲੇ॥ ਬੋਲੈ ਨਾਨਕੁ ਸੁਣਹੁ ਤੁਮ ਬਾਲੇ॥*
*ਏਸੁ ਕਥਾ ਕਾ ਦੇਇ ਬੀਚਾਰੁ॥ ਭਵਜਲੁ ਸਬਦਿ ਲੰਘਾਵਣਹਾਰੁ॥*
*ਪਵਨ ਅਰੰਭੁ ਸਤਿਗੁਰ ਮਤਿ ਵੇਲਾ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ॥*
*ਅਕਥ ਕਥਾ ਲੇ ਰਹਉ ਨਿਰਾਲਾ॥ ਨਾਨਕ ਜੁਗਿ ਜੁਗਿ ਗੁਰ ਗੋਪਾਲਾ॥*
*ਏਕੁ ਸਬਦੁ ਜਿਤੁ ਕਥਾ ਵੀਚਾਰੀ॥ ਗੁਰਮੁਖਿ ਹਉਮੈ ਅਗਨਿ ਨਿਵਾਰੀ॥*

*(ਮ: ੧, ੯੪੨)*

**ਭਾਵ : ਸਿੱਧਾਂ ਦੇ ਪ੍ਰਸ਼ਨ** -(ਜੀਵਨ ਦਾ) ਕੀਹ ਮੂਲ ਹੈ ? ਕਿਹੜੀ ਸਿੱਖਿਆ ਲੈਣ ਦਾ

(ਇਹ ਮਨੁੱਖਾ ਜਨਮ ਦਾ) ਸਮਾਂ ਹੈ ? ਤੂੰ ਕਿਸ ਗੁਰੂ ਦਾ ਚੇਲਾ ਹੈਂ ? ਕੇਹੜੀ ਗੱਲ (ਜੁਗਤਿ) ਨਾਲ ਤੂੰ ਨਿਰਲੇਪ ਰਹਿੰਦਾ ਹੈਂ ?

ਗੁਰੂ ਨਾਨਕ ਸਾਹਿਬ, ਕਹਿੰਦੇ ਹਨ (ਜੋਗੀਆਂ ਨੇ ਕਿਹਾ) ਹੇ ਬਾਲਕ (ਨਾਨਕ!)। ਸੁਣ, (ਅਸਾਂ ਨੂੰ) ਇਸ ਗੱਲ ਦੀ ਵਿਚਾਰ ਦੱਸ (ਅਸਾਂ ਨੂੰ ਇਹ ਗੱਲ ਭੀ ਸਮਝਾ ਕਿ ਕਿਵੇਂ) ਸ਼ਬਦ ਦੇ ਰਾਹੀਂ (ਗੁਰੂ ਪਰਮੇਸ਼ਰ ਜੀਵ ਨੂੰ) ਸੰਸਾਰ-ਸਮੁੰਦਰ ਤੋਂ ਪਾਰ ਕਰਨ ਦੇ ਸਮਰੱਥ ਹੈ ?

**ਗੁਰੂ ਨਾਨਕ ਸਾਹਿਬ ਦਾ ਉੱਤਰ** -ਪ੍ਰਾਣ ਹੀ ਹਸਤੀ ਦਾ ਮੁੱਢ ਹਨ। (ਇਹ ਮਨੁੱਖਾ ਜਨਮ ਦਾ) ਸਮਾਂ ਸਤਿਗੁਰੂ (ਸ਼ਬਦ-ਗੁਰੂ) ਦੀ ਸਿੱਖਿਆ ਲੈਣ ਦਾ ਹੈ। ਸ਼ਬਦ (ਮੇਰਾ) ਗੁਰੂ ਹੈ, ਮੇਰੀ ਸੁਰਤਿ ਦਾ ਟਿਕਾਉ (ਉਸ ਗੁਰੂ ਦਾ) ਸਿੱਖ ਹੈ।

ਮੈਂ ਅਕੱਥ-ਪ੍ਰਭੂ ਦੀਆਂ ਗੱਲਾਂ ਕਰ ਕੇ (ਭਾਵ, ਗੁਣ ਗਾ ਕੇ, ਰੱਬੀ ਗੁਣਾਂ ਦਾ ਧਾਰਨੀ ਬਣ ਕੇ) ਮਾਇਆ ਤੋਂ ਨਿਰਲੇਪ ਰਹਿੰਦਾ ਹਾਂ, ਤੇ, ਹੇ ਨਾਨਕ! ਉਹ ਗੁਰ-ਗੋਪਾਲ (ਪਰਮੇਸ਼ਰ) ਹਰੇਕ ਜੁਗ (ਹਰ ਸਮੇਂ) ਵਿੱਚ ਮੌਜੂਦ ਹੈ।

ਕੇਵਲ ਗੁਰ-ਸ਼ਬਦ ਹੀ ਹੈ ਜਿਸ ਦੇ ਰਾਹੀਂ ਪ੍ਰਭੂ ਦੇ ਗੁਣ ਵਿਚਾਰੇ ਜਾ ਸਕਦੇ ਹਨ, (ਇਸ ਸ਼ਬਦ ਦੀ ਰਾਹੀਂ ਹੀ) ਗੁਰਮੁਖਿ (ਸ਼ਬਦ-ਗੁਰੂ ਅਨੁਸਾਰੀ ਹੋ ਕੇ ਚੱਲਣ ਵਾਲੇ) ਮਨੁੱਖ ਨੇ ਹਉਮੈ (ਖ਼ੁਦਗਰਜ਼ੀ ਦੀ) ਅੱਗ (ਅਪਣੇ ਅੰਦਰੋਂ) ਦੂਰ ਕੀਤੀ ਹੈ।

**ਉਪਰੋਕਤ ਵਿਚਾਰ ਤੋਂ ਇਹ ਬੜਾ ਸਪੱਸ਼ਟ ਹੋ ਗਿਆ ਹੈ ਕਿ ਪੂਰਾ ਗੁਰੂ ਪਰਮੇਸ਼ਰ ਆਪ ਹੈ।** ਅਸਲ ਵਿੱਚ ਪ੍ਰਭੂ ਦੇ ਬੇਅੰਤ ਹੀ ਗੁਣ ਹਨ, ਜਿਨ੍ਹਾਂ ਵਿੱਚੋਂ ਇੱਕ ਬਹੁਤ ਹੀ ਅਹਿਮ ਗੁਣ ਹੈ 'ਗੁਰੂ ਗੁਣ' ਜਿਸ ਦੀ ਬਰਕਤ ਦੁਆਰਾ ਜੁਗਾਂ-ਜੁਗੰਤਰਾਂ ਤੋਂ ਪ੍ਰਭੂ ਦੀ ਨਦਰੇ-ਕਰਮ ਦੀ ਬਖ਼ਸ਼ਿਸ਼ ਦੇ ਪਾਤਰ ਭਾਗਾਂ ਵਾਲੇ ਜੀਵ ਪਰਮੇਸ਼ਰ ਨਾਲ ਮਿਲਾਪ ਹਾਸਿਲ ਕਰ ਕੇ ਸਦੀਵੀ ਆਤਮਕ ਅਨੰਦ ਦੀ ਪ੍ਰਾਪਤੀ ਕਰਦੇ ਆਏ ਹਨ ਅਤੇ ਕਰਦੇ ਰਹਿਣਗੇ। 'ਸਰੀਰ' ਨਾ ਕਦੇ ਗੁਰੂ ਹੋਇਆ ਹੈ ਅਤੇ ਨਾ ਹੀ ਕਦੇ ਗੁਰੂ ਹੋਵੇਗਾ। ਗੁਰੂ ਨਾਨਕ ਸਾਹਿਬ ਦਾ ਸਰੀਰ ਵੀ ਨਾ ਤਾਂ ਗੁਰੂ ਹੀ ਹੈ ਅਤੇ ਨਾ ਹੀ ਚੇਲਾ।

ਕੁਝ ਕੁ 'ਕਬੀਰ ਪੰਥੀ' ਵੀਰ ਕਬੀਰ ਜੀ ਨੂੰ ਗੁਰੂ ਨਾਨਕ ਸਾਹਿਬ ਦਾ ਗੁਰੂ ਹੋਣ ਦਾ ਪ੍ਰਚਾਰ ਕਰ ਰਹੇ ਹਨ ਹਾਲਾਂਕਿ ਸੰਨ 1509 ਵਿਚ ਗੁਰੂ ਨਾਨਕ ਸਾਹਿਬ ਦੀ ਪਹਿਲੀ ਉਦਾਸੀ ਦੌਰਾਨ ਬਨਾਰਸ (ਕਾਸ਼ੀ) ਵਿੱਚ ਕਬੀਰ ਜੀ ਅਤੇ ਭਗਤ ਰਵਿਦਾਸ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਗੁਰੂ ਧਾਰਨ ਕੀਤਾ ਸੀ।

"19 ਫ਼ਰਵਰੀ 1509 ਦੇ ਦਿਨ ਆਪ (ਗੁਰੂ ਨਾਨਕ ਸਾਹਿਬ) ਬਨਾਰਸ ਵਿੱਚ ਸਨ। ਜਿਸ ਜਗ੍ਹਾ ਗੁਰੂ ਸਾਹਿਬ ਨੇ ਪੜਾਅ ਕੀਤਾ ਸੀ ਇਹ ਜਗ੍ਹਾ ਬਨਾਰਸ ਰੇਲਵੇ ਸਟੇਸ਼ਨ ਤੋਂ ਡੇਢ ਕਿਲੋਮੀਟਰ ਦੂਰ ਹੈ। ਏਥੇ ਗੁਰੂ ਸਾਹਿਬ ਦੀ ਯਾਦ ਵਿੱਚ 'ਗੁਰਦੁਆਰਾ ਗੁਰੂ ਕਾ ਬਾਗ' ਬਣਿਆ ਹੋਇਆ ਹੈ।....ਬਨਾਰਸ ਵਿੱਚ ਗੁਰੂ ਨਾਨਕ ਸਾਹਿਬ ਭਗਤ ਕਬੀਰ ਦੇ ਘਰ ਵੀ ਗਏ। ਇਕ ਰਾਤ ਭਗਤ ਕਬੀਰ ਦੇ ਘਰ ਰਹਿਣ ਮਗਰੋਂ ਗੁਰੂ ਸਾਹਿਬ, ਭਾਈ ਮਰਦਾਨਾ





ਤੇ ਭਗਤ ਕਬੀਰ ਜੀ ਇਕੱਠੇ ਬਾਬਾ ਰਵਿਦਾਸ ਦੇ ਪਿੰਡ ਵੀ ਗਏ। ਇਸ ਮੌਕੇ 'ਤੇ ਬਾਬਾ ਰਵਿਦਾਸ ਅਤੇ ਭਗਤ ਕਬੀਰ ਜੀ ਨੇ ਗੁਰੂ ਨਾਨਕ ਸਾਹਿਬ ਨੂੰ ਆਪਣਾ ਉਸਤਾਦ ਧਾਰਨ ਕੀਤਾ। ਇਸ ਵੇਲੇ ਬਾਬਾ ਰਵਿਦਾਸ ਦੀ ਉਮਰ 90-95 ਸਾਲ, ਭਗਤ ਕਬੀਰ ਜੀ 55 ਕੁ ਸਾਲ ਤੇ ਗੁਰੂ ਨਾਨਕ ਸਾਹਿਬ ਦੀ 40 ਸਾਲ ਸੀ।" [ਡਾ. ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼ (ਪਹਿਲਾ ਹਿੱਸਾ) ਪੰਨੇ 133-134]।

## ਗੁਰੂ ਨਾਨਕ ਸਾਹਿਬ ਕੌਣ ਹਨ ?

ਹੁਣ ਸਹਜ ਸੁਭਾਏ ਹੀ ਸੁਆਲ ਪੈਦਾ ਹੁੰਦਾ ਹੈ ਕਿ ਜੇਕਰ ਸ਼ਬਦ ਹੀ ਗੁਰੂ ਹੈ (ਸਰੀਰ ਗੁਰੂ ਨਹੀਂ ਹੈ) ਤਾਂ ਫਿਰ ਗੁਰੂ ਨਾਨਕ ਸਾਹਿਬ ਕੌਣ ਹਨ ? ਅਤੇ ਉਨ੍ਹਾਂ ਨੂੰ ਅਸੀਂ 'ਗੁਰੂ' ਕਹਿ ਕੇ ਕਿਉਂ ਸੰਬੋਧਨ ਕਰਦੇ ਹਾਂ ? ਪਰਮੇਸ਼ਰ ਦੇ ਚੋਜ ਪਰਮੇਸ਼ਰ ਹੀ ਜਾਣੇ। ਐਸਾ ਪਰਤੀਤ ਹੁੰਦਾ ਹੈ ਕਿ ਪ੍ਰਭੂ ਦੀ ਰਜ਼ਾ, ਤ੍ਰਿਸ਼ਨਾ ਅਤੇ ਵਿਕਾਰਾਂ ਦੀ ਅੱਗ ਵਿੱਚ ਜਲਦੇ-ਬਲਦੇ ਸੰਸਾਰ ਨੂੰ, ਬਿਨਾ ਕਿਸੇ ਲਿੰਗ, ਨਸਲ, ਕੌਮ, ਦੇਸ਼ ਰੰਗ ਆਦਿ ਦੇ ਭਿੰਨ-ਭੇਦ ਦੇ, ਪ੍ਰੇਮਾ-ਭਗਤੀ ਦਾ ਸਬਕ ਸਿਖਾ ਕੇ, (ਰੱਬੀ ਧਰਮ ਜਾਂ ਇਨਸਾਨੀਅਤ ਦਾ ਸਬਕ ਸਿਖਾ ਕੇ) ਵੱਡੀ ਗਿਣਤੀ ਵਿੱਚ ਮਨੁੱਖਤਾ ਦਾ ਉਧਾਰ ਕਰਨ ਲਈ, ਗੁਰੂ ਨਾਨਕ ਸਾਹਿਬ ਨੂੰ ਮਾਰਗ-ਦਰਸ਼ਕ ਦੇ ਤੌਰ 'ਤੇ ਪ੍ਰਗਟ ਕਰਨ ਦੀ ਸੀ। ਇਸ ਦੇ ਸਪੱਸ਼ਟ ਸੰਕੇਤ ਸਾਨੂੰ ਰੱਬੀ ਬਾਣੀ (ਗੁਰੂ ਗ੍ਰੰਥ ਸਾਹਿਬ ਜੀ) ਵਿੱਚੋਂ ਹੀ ਮਿਲ ਰਹੇ ਹਨ।

*ਪਉੜੀ॥ ਹਉ ਢਾਢੀ ਵੇਕਾਰੁ, ਕਾਰੈ ਲਾਇਆ॥*
*ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥*
*ਢਾਢੀ ਸਚੈ ਮਹਲਿ ਖਸਮਿ ਬੁਲਾਇਆ॥*
*ਸਚੀ ਸਿਫਤਿ ਸਾਲਾਹ, ਕਪੜਾ ਪਾਇਆ॥*
*ਸਚਾ ਅੰਮ੍ਰਿਤ ਨਾਮੁ ਭਜੋਨੁ ਆਇਆ॥*
*ਗੁਰਮਤੀ ਖਾਧਾ ਰਜਿ, ਤਿਨਿ ਸੁਖੁ ਪਾਇਆ॥*
*ਢਾਢੀ ਕਰੇ ਪਸਾਉ, ਸਬਦੁ ਵਜਾਇਆ॥*
*ਨਾਨਕ, ਸਚੁ ਸਾਲਾਹਿ, ਪੂਰਾ ਪਾਇਆ॥ (ਮ:੧,੧੫੦)*

**ਭਾਵ** : ਮੈਂ ਵਿਹਲਾ ਸਾਂ, ਮੈਨੂੰ ਢਾਢੀ ਬਣਾਕੇ ਪ੍ਰਭੂ ਨੇ (ਅਸਲ) ਕੰਮ ਵਿੱਚ ਲਾ ਦਿੱਤਾ, ਪ੍ਰਭੂ ਨੇ ਧੁਰੋਂ ਹੁਕਮ ਦਿੱਤਾ ਕਿ ਭਾਵੇਂ ਰਾਤ ਹੋਵੇ ਭਾਵੇਂ ਦਿਨ, ਜਸ ਕਰੋ। ਮੈਨੂੰ ਢਾਢੀ ਨੂੰ (ਭਾਵ, ਜਦੋਂ ਮੈਂ ਪ੍ਰਭੂ ਦੀ ਸਿਫ਼ਤਿ-ਸਾਲਾਹ ਵਿੱਚ ਲੱਗਾ ਤਾਂ) ਖ਼ਸਮ ਨੇ ਆਪਣੇ ਸੱਚੇ ਮਹਲ ਵਿੱਚ (ਆਪਣੀ ਹਜ਼ੂਰੀ ਵਿੱਚ) ਸੱਦਿਆ। (ਪ੍ਰਭੂ ਨੇ) ਸੱਚੀ ਸਿਫ਼ਤਿ-ਸਾਲਾਹ-ਰੂਪ ਮੈਨੂੰ ਸਿਰੋਪਾਉ ਦਿੱਤਾ। ਸਦਾ ਕਾਇਮ ਰਹਿਣ ਵਾਲਾ ਆਤਮਕ ਜੀਵਨ ਦੇਣ ਵਾਲਾ ਨਾਮ (ਮੇਰੇ ਆਤਮਾ ਦੇ ਆਧਾਰ ਲਈ) ਮੈਨੂੰ ਭੋਜਨ (ਉਸ ਪਾਸੋਂ) ਮਿਲਿਆ। ਜਿਸ ਜਿਸ ਮਨੁੱਖ ਨੇ ਸ਼ਬਦ-ਗੁਰੂ ਦੀ ਸਿੱਖਿਆ ਤੇ ਤੁਰ ਕੇ (ਇਹ ਅੰਮ੍ਰਿਤ-ਨਾਮ ਭੋਜਨ) ਰੱਜ ਕੇ ਖਾਧਾ ਹੈ, ਉਸ ਨੇ ਆਤਮਕ ਸੁੱਖ ਪਾਇਆ ਹੈ। ਮੈਂ ਢਾਢੀ (ਵੀ ਜਿਉਂ-ਜਿਉਂ) ਸਿਫ਼ਤਿ-ਸਾਲਾਹ

(ਰੱਬੀ ਜੱਸ) ਦਾ ਗੀਤ ਗਾਉਂਦਾ ਹਾਂ, ਪ੍ਰਭੂ-ਦਰ ਤੋਂ ਮਿਲੇ ਇਸ ਨਾਮ ਪ੍ਰਸਾਦ ਨੂੰ ਛਕਦਾ ਹਾਂ (ਭਾਵ, ਨਾਮ-ਰਸ ਦਾ ਅਨੰਦ ਮਾਣਦਾ ਹਾਂ)।

ਹੇ ਨਾਨਕ! ਸੱਚੇ ਪ੍ਰਭੂ ਦੀ ਸਿਫ਼ਤਿ-ਸਾਲਾਹ ਕਰ ਕੇ (ਪ੍ਰੇਮਾ-ਭਗਤੀ ਦੁਆਰਾ) ਉਸ ਪੂਰਨ ਪ੍ਰਭੂ ਦੀ ਪ੍ਰਾਪਤੀ ਹੁੰਦੀ ਹੈ।

**ਖ਼ੁਦ ਗੁਰੂ ਨਾਨਕ ਸਾਹਿਬ ਵੱਲੋਂ ਉਚਾਰਣ ਹੋਏ ਇਸ ਰੱਬੀ ਉਪਦੇਸ਼ ਰਾਹੀਂ ਇਹ ਰੱਬੀ ਭੇਦ ਵੀ ਸਤਿਗੁਰਾਂ ਨੇ ਖੋਲ੍ਹ ਕੇ ਦੱਸ ਦਿਤਾ ਹੈ ਕਿ ਸਮੁੱਚੀ ਮਨੁੱਖਤਾ ਨੂੰ ਪ੍ਰੇਮਾ-ਭਗਤੀ ਦੁਆਰਾ, ਪਰਮੇਸ਼ਰ ਨਾਲ ਜੋੜ ਕੇ ਉਧਾਰ ਕਰਨ ਦੀ ਬਹੁਤ ਵੱਡੀ ਜਿਮੇਂਵਾਰੀ ਦਾ ਕਾਰਜ ਪਰਮੇਸ਼ਰ ਵੱਲੋਂ ਗੁਰੂ ਨਾਨਕ ਸਾਹਿਬ ਦੇ ਹਿਰਦੇ ਰੂਪੀ ਸਰੀਰ ਵਿੱਚ ਅਪਣੇ 'ਗੁਰੂ ਗੁਣ' (ਪਾਰਬ੍ਰਹਮ ਪਰਮੇਸ਼ਰ ਦੇ ਸੰਪੂਰਨ ਬ੍ਰਹਮਗਿਆਨ ਦਾ ਪ੍ਰਕਾਸ਼) ਦਾ ਪ੍ਰਕਾਸ਼ ਕਰ ਕੇ, ਸੌਂਪ ਦਿੱਤਾ ਗਿਆ!** ਵਾਹ!! ਸਪੱਸ਼ਟ ਹੋ ਗਿਆ ਕਿ (ਗੁਰੂ) ਨਾਨਕ ਸਾਹਿਬ ਨੂੰ ਜੋਤਿ ਰੂਪਿ (ਪ੍ਰਕਾਸ਼ ਰੂਪ) ਪਰਮੇਸ਼ਰ ਨਾਲ ਇੱਕ-ਮਿੱਕਤਾ ਦੀ ਬਖ਼ਸ਼ਿਸ਼ ਹੋਈ। (ਪ੍ਰਭੂ ਦੇ 'ਗੁਰੂ ਗੁਣ' ਦਾ ਸੰਪੂਰਨ ਪ੍ਰਕਾਸ਼ ਉਨ੍ਹਾਂ ਦੇ ਹਿਰਦੇ ਵਿੱਚ ਹੋ ਗਿਆ) ਫਿਰ ਉਹ ਪ੍ਰਭੂ-ਪਿਤਾ ਦੇ ਹੁਕਮ ਦੀ ਤਾਮੀਲ ਕਰਨ ਲਈ ਪ੍ਰੇਮਾ-ਭਗਤੀ ਦੇ ਗੁੱਝੇ ਭੇਦ ਮਨੁੱਖਤਾ ਨਾਲ ਸਾਂਝੇ ਕਰਨ ਲਈ, ਜਲਦੀ-ਬਲਦੀ ਲੋਕਾਈ ਨੂੰ 'ਨਾਮ' (ਪ੍ਰਭੂ-ਪ੍ਰੇਮ), 'ਨਾਮ-ਧਰਮ' ਦੇ ਗੁਰਮਤਿ ਗਾਡੀ ਰਾਹ 'ਤੇ 'ਹੁਕਮਿ ਰਜ਼ਾਈ' ਹੋ ਕੇ ਚੱਲਣ ਦੀ ਜੁਗਤਿ ਦੱਸਣ ਲਈ, ਆਪਣੇ ਬਚਪਨ ਦੇ ਸਾਥੀ ਅਤੇ ਆਪਣੇ ਨਗਰ ਰਾਇ ਭੋਇੰ ਦੀ ਤਲਵੰਡੀ ਦੇ ਵਾਸੀ ਭਾਈ ਮਰਦਾਨੇ ਨੂੰ ਬੇਬੇ ਨਾਨਕੀ ਜੀ ਵੱਲੋਂ ਭੇਟ ਕੀਤੇ ਰਬਾਬ ਸਮੇਤ, ਨਾਲ ਲੈ ਕੇ ਤਕਰੀਬਨ ੩੮ ਸਾਲ ਦੀ ਉਮਰ ਵਿੱਚ ਭੈਣ ਨਾਨਕੀ ਜੀ ਅਤੇ ਬਾਕੀ ਪਰਿਵਾਰ ਪਾਸੋਂ ਆਗਿਆ ਲੈ ਕੇ, ਮਨੁੱਖਤਾ ਦੇ ਪਰਉਪਕਾਰ ਹਿੱਤ, ਸੁਲਤਾਨਪੁਰ ਲੋਧੀ ਤੋਂ ਚਾਲੇ ਪਾ ਦਿੱਤੇ। ਇਸ ਕਾਰਜ ਲਈ ਗੁਰੂ ਨਾਨਕ ਸਾਹਿਬ ਨੇ ਚਾਰ ਲੰਬੀਆਂ ਉਦਾਸੀਆਂ (ਪ੍ਰਚਾਰ ਫੇਰੀਆਂ) ਰਾਹੀਂ ਭਾਰਤ, ਦੱਖਣ-ਪੂਰਬੀ ਏਸ਼ੀਆ, ਯੂਰਪ ਅਤੇ ਅਰਬ ਦੇਸ਼ਾਂ ਵਿੱਚ ਤਕਰੀਬਨ ੫੦ ਹਜ਼ਾਰ ਕਿਲੋਮੀਟਰ ਦਾ ਪੈਦਲ ਸਫ਼ਰ ਕਰ ਕੇ ਅਨੇਕਾਂ ਪ੍ਰਕਾਰ ਦੀਆਂ ਕਠਿਨਾਈਆਂ ਦਾ ਸਾਹਮਣਾ ਕਰ ਕੇ 'ਨਾਮ-ਧਰਮ' (ਸ਼ਬਦ-ਗੁਰੂ) ਦੇ ਰੱਬੀ ਸਿਧਾਂਤਾਂ ਦਾ ਅਮਲੀ ਤੌਰ 'ਤੇ ਪ੍ਰਚਾਰ ਕੀਤਾ। ਸੋ ਸਪੱਸ਼ਟ ਹੋਇਆ ਕਿ **ਪਰਮੇਸ਼ਰ ਨੇ ਆਪਣੀ ਰਜ਼ਾ ਅਨੁਸਾਰ (ਗੁਰੂ) ਨਾਨਕ ਸਾਹਿਬ ਨੂੰ ਆਪਣੇ ਨਾਲ ਆਤਮਕ ਪੱਧਰ 'ਤੇ ਅਭੇਦਤਾ ਬਖ਼ਸ਼ਿਸ਼ ਕਰ ਕੇ ਆਪਣੇ 'ਗੁਰੂ ਗੁਣ' ਦਾ ਸੰਪੂਰਨ ਪ੍ਰਕਾਸ਼ ਉਨ੍ਹਾਂ ਦੇ ਹਿਰਦੇ ਵਿੱਚ ਟਿਕਾ ਕੇ ਸਮੁੱਚੀ ਮਨੁੱਖਤਾ ਦੇ ਉਧਾਰ ਦੀ ਜਿਮੇਂਵਾਰੀ ਸੌਂਪ ਦਿੱਤੀ। ਪਰਮੇਸ਼ਰ ਵੱਲੋਂ ਬਖ਼ਸ਼ਿਸ਼ ਹੋਇਆ 'ਗੁਰੂ ਗੁਣ' ਦਾ ਪ੍ਰਕਾਸ਼ (ਰੱਬੀ ਗਿਆਨ ਦਾ ਦੀਪਕ) ਗੁਰੂ ਨਾਨਕ ਸਾਹਿਬ ਤੋਂ ਅਰੰਭ ਹੋ ਕੇ ਦਸਮੇਸ਼ ਪਿਤਾ ਤੱਕ ਰੂਹਾਨੀ ਸਫ਼ਰ ਤਹਿ ਕਰਦਾ ਹੋਇਆ ਰੱਬੀ ਰਜ਼ਾ ਅਨੁਸਾਰ ੧੭੦੮ ਵਿੱਚ ਜੁੱਗੋ ਜੁੱਗ ਅਟੱਲ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਬਾਣੀ ਵਿੱਚ ਸਦੀਵਕਾਲ ਲਈ ਅਭੇਦ ਹੋ ਗਿਆ।** ਇਸੇ ਕਰਕੇ ਹੀ (ਗੁਰੂ) ਨਾਨਕ ਸਾਹਿਬ, ਉਨ੍ਹਾਂ ਦੇ





ਉਤਰਾਧਿਕਾਰੀ ਨੌਂ (ਗੁਰੂ) ਜਾਮੇਂ ਅਤੇ (ਗੁਰੂ) ਗ੍ਰੰਥ ਸਾਹਿਬ (ਗੁਰਬਾਣੀ ਗੁਰੂ) ਨੂੰ ਆਦਰ ਸਹਿਤ 'ਗੁਰੂ' ਸੰਗਿਆ ਨਾਲ ਸੰਬੋਧਨ ਕੀਤਾ ਜਾਂਦਾ ਹੈ।

**ਨੋਟ** : ਜੇਕਰ ਕੋਈ ਪ੍ਰਭੂ-ਪ੍ਰੇਮ ਵਾਲਾ ਵਿਦਵਾਨ ਵੀਰ/ਭੈਣ/ਬਜ਼ੁਰਗ ਇਸ ਤੱਥ ਨੂੰ ਹੋਰ ਵਧੇਰੇ ਸਪੱਸ਼ਟ ਕਰਕੇ ਦੱਸ ਦੇਵੇ ਤਾਂ ਉਨ੍ਹਾਂ ਦੇ ਕੀਮਤੀ ਵਿਚਾਰਾਂ ਨੂੰ ਧੰਨਵਾਦ ਸਹਿਤ ਪਰਵਾਨ ਕਰਕੇ ਪੁਸਤਕ ਦੀ ਅਗਲੀ ਐਡੀਸ਼ਨ ਵਿੱਚ ਦਰਜ਼ ਕਰ ਦਿੱਤਾ ਜਾਵੇਗਾ।

## ਗੁਰੂ ਨਾਨਕ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਤੱਕ 'ਇਲਾਹੀ ਗੁਰੂ-ਜੋਤਿ' (ਗਿਆਨ ਗੁਰੂ) ਦਾ ਸਫ਼ਰ

*ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕੁ ਕਹਾਯਉ॥*
*ਤਾਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ॥*
*ਅੰਗਦਿ ਕਿਰਪਾ ਧਾਰਿ, ਅਮਰੁ ਸਤਿਗੁਰੁ ਥਿਰੁ ਕੀਅਉ॥*
*ਅਮਰਦਾਸਿ ਅਮਰਤੁ ਛਤ੍ਰੁ, ਗੁਰ ਰਾਮਹਿ ਦੀਅਉ॥*
*ਗੁਰ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ॥*
*ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ॥*
*(ਸਵਈਏ ਮਹਲੇ ਪੰਜਵੇ ਦੇ ੫, ੧੪੦੮)*

*ਭਾਵ: ਜੋਤਿ (ਪ੍ਰਕਾਸ਼) ਰੂਪ ਹਰੀ ਨੇ ਆਪਣੇ ਆਪ ਨੂੰ (ਆਪਣੇ 'ਗੁਰੂ ਗੁਣ' ਨੂੰ) ਗੁਰੂ ਨਾਨਕ ਅਖਵਾਇਆ॥ (ਭਾਵ, ਗੁਰੂ ਨਾਨਕ ਸਾਹਿਬ ਦੇ ਹਿਰਦੇ ਵਿੱਚ ਆਪਣੇ ਸੰਪੂਰਨ ਬ੍ਰਹਮ ਗਿਆਨ ਦਾ ਪ੍ਰਕਾਸ਼ ਕੀਤਾ।)*

ਉਸ (ਗੁਰੂ ਨਾਨਕ ਸਾਹਿਬ) ਤੋਂ (ਗੁਰੂ) ਅੰਗਦ ਪ੍ਰਗਟ ਹੋਇਆ, (ਗੁਰੂ ਨਾਨਕ ਸਾਹਿਬ ਜੀ ਦੇ ਹਿਰਦੇ ਵਿੱਚੋਂ ਪਾਰਬ੍ਰਹਮ ਪਰਮੇਸ਼ਰ ਦੇ ਸੰਪੂਰਨ ਬ੍ਰਹਮਗਿਆਨ ਦਾ ਪ੍ਰਕਾਸ਼, ਅੱਗੇ ਗੁਰੂ ਅੰਗਦ ਸਾਹਿਬ ਦੇ ਹਿਰਦੇ ਵਿੱਚ, ਰੱਬੀ ਰਜ਼ਾ ਅਨੁਸਾਰ, ਹੋ ਗਿਆ, ਭਾਵ, ਰੱਬੀ ਗਿਆਨ ਦੇ ਦੀਵੇ ਤੋਂ ਅੱਗੇ ਰੱਬੀ ਗਿਆਨ ਦਾ ਦੂਜਾ ਦੀਪਕ ਜਗ-ਮਗਾ ਉਠਿਆ।

(ਗੁਰੂ) ਅੰਗਦ ਸਾਹਿਬ ਜੀ ਨੇ ਕਿਰਪਾ ਕਰ ਕੇ ਅਮਰਦਾਸ ਜੀ ਨੂੰ ਗੁਰੂ ਥਾਪਿਆ (ਭਾਵ, ਰੱਬੀ ਗਿਆਨ ਦਾ ਸੰਪੂਰਨ ਪ੍ਰਕਾਸ਼ (ਗੁਰੂ) ਅੰਗਦ ਜੀ ਤੋਂ ਅੱਗੇ (ਗੁਰੂ) ਅਮਰਦਾਸ ਜੀ ਦੇ ਹਿਰਦੇ ਵਿੱਚ ਹੋ ਗਿਆ)। (ਗੁਰੂ) ਅਮਰਦਾਸ ਜੀ ਨੇ ਇਲਾਹੀ ਗੁਰਿਆਈ ਦਾ ਛਤਰ (ਬ੍ਰਹਮ ਗਿਆਨ ਦਾ ਪ੍ਰਕਾਸ਼) ਗੁਰੂ ਰਾਮਦਾਸ ਜੀ ਨੂੰ ਦੇ ਦਿੱਤਾ।

ਮਥੁਰਾ ਆਖਦਾ ਹੈ- ਗੁਰੂ ਰਾਮਦਾਸ ਜੀ ਦਾ ਦਰਸ਼ਨ ਕਰ ਕੇ (ਉਪਦੇਸ਼ ਕਮਾ ਕੇ) ਗੁਰੂ ਅਰਜਨ ਸਾਹਿਬ ਦੇ ਬਚਨ (ਉਪਦੇਸ਼) ਆਤਮਕ ਜੀਵਨ ਦੇਣ ਵਾਲੇ ਹੋ ਗਏ ਹਨ। ਪੰਜਵੇਂ ਸਰੂਪ ਅਕਾਲ ਪੁਰਖੁ ਰੂਪ (ਬੇਗਿਣਤ ਰੱਬੀ ਗੁਣਾਂ ਨਾਲ ਭਰਪੂਰ) ਗੁਰੂ ਅਰਜਨ ਸਾਹਿਬ ਨੂੰ ਅੱਖਾਂ ਨਾਲ ਵੇਖੋ।

**ਨੋਟ: ਇਸ ਤਰ੍ਹਾਂ, ਪਾਰਬ੍ਰਹਮ ਪਰਮੇਸ਼ਰ ਦੇ ਸੰਪੂਰਨ ਬ੍ਰਹਮ ਗਿਆਨ ਦਾ**

**ਪ੍ਰਕਾਸ਼ ਗੁਰੂ ਨਾਨਕ ਸਾਹਿਬ ਤੋਂ ਅਰੰਭ ਹੋ ਕੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਸਾਹਿਬ ਤੱਕ ਅੱਪੜਿਆ।**

**ਇਥੇ ਜੋਤਿ ਦਾ ਅਰਥ 'ਆਤਮਾ' ਨਹੀਂ ਹੈ ਬਲਕਿ ਪ੍ਰਭੂ ਦੇ ਸੰਪੂਰਨ ਬ੍ਰਹਮ ਗਿਆਨ ਦਾ ਪ੍ਰਕਾਸ਼ (ਸ਼ਬਦ-ਗੁਰੂ ਜਾਂ ਦੀਪਕ-ਗੁਰੂ) ਹੈ। ਜਿਵੇਂ ਇੱਕ ਜਗਦੇ ਹੋਏ ਦੀਵੇ ਤੋਂ ਦੂਸਰਾ ਬੁਝਿਆ ਹੋਇਆ ਦੀਵਾ ਜਲਾ ਲਈਦਾ ਹੈ, ਇਵੇਂ ਹੀ ਇਹ ਸ਼ਬਦ-ਗੁਰੂ ਦੇ ਪ੍ਰਕਾਸ਼ ਦਾ ਵਰਤਾਰਾ ਵਰਤਦਾ ਰਿਹਾ ਹੈ।**

ਦਸਮੇਸ਼ ਪਿਤਾ ਜੀ ਨੇ, ਰੱਬੀ ਰਜ਼ਾ ਅਨੁਸਾਰ, (ਗੁਰੂ) ਗ੍ਰੰਥ ਸਾਹਿਬ ਵਿੱਚ ਰੱਬੀ ਜੋਤਿ (ਬ੍ਰਹਮਗਿਆਨ) ਨੂੰ ਟਿਕਾਕੇ ਗੁਰੂ ਨਾਨਕ ਸਾਹਿਬ ਦੀ ਇਲਾਹੀ ਗੁਰਤਾਗੱਦੀ ਸਦੀਵ ਕਾਲ ਲਈ, ਨੰਦੇੜ (ਹਜ਼ੂਰ ਸਾਹਿਬ, ਮਹਾਂਰਾਸ਼ਟਰਾ) ਵਿਖੇ ਗੁਦਾਵਰੀ ਨਦੀ ਦੇ ਕਿਨਾਰੇ, ਜੋਤੀ ਜੋਤਿ ਸਮਾਉਂਣ ਤੋਂ ਇੱਕ ਦਿਨ ਪਹਿਲਾਂ, ੬ ਅਕਤੂਬਰ ੧੭੦੮ ਈਃ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਸੌਂਪ ਦਿਤੀ। ਇਸ ਤਰ੍ਹਾਂ ਸੰਸਾਰ ਵਿੱਚ ਸਦੀਵਕਾਲੀ ਹਲੇਮੀ ਰਾਜ ਨੂੰ ਕਾਇਮ ਕਰਨ ਦੀ ਜਿਮੇਂਵਾਰੀ, ਗੁਰੂ ਗ੍ਰੰਥ ਸਾਹਿਬ ਜੀ ਦੀ ਸਿਧਾਂਤਕ ਅਗੁਵਾਈ ਅਧੀਨ, ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੁਕੰਮਲ ਤੌਰ 'ਤੇ ਸਮਰਪਿਤ ਗੁਰੂ ਨਾਨਕ ਨਾਮ ਲੇਵਾ ਜਗਤ ਨੂੰ ਸਮੂਹਕ ਰੂਪ ਵਿੱਚ ਸੌਂਪ ਦਿੱਤੀ ਅਤੇ ਹੁਕਮ ਕੀਤਾ ਕਿ ਅੱਜ ਤੋਂ ਸਦਾ ਵਾਸਤੇ ਗੁਰੂ ਗ੍ਰੰਥ ਸਾਹਿਬ ਜੀ ਹੀ ਗੁਰੂ ਨਾਨਕ ਨਾਮ ਲੇਵਾ ਜਗਤ ਦੇ 'ਸ਼ਬਦ-ਗੁਰੂ' ਹੋਣਗੇ।

*ਆਗਿਆ ਭਈ ਅਕਾਲ ਕੀ, ਤਬੈ ਚਲਾਇਓ ਪੰਥ॥*
*ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨਿਓ ਗ੍ਰੰਥ॥*

**ਇਹ ਹੁਕਮ ਨਹੀਂ ਸੀ ਦਿੱਤਾ ਦਸਮੇਸ਼ ਜੀ ਨੇ ਕਿ ਗੁਰੂ ਗ੍ਰੰਥ ਸਾਹਿਬ ਦੇ ਨਾਲ-ਨਾਲ ਕਿਸੇ ਦੁਨਿਆਵੀ ਕਿਤਾਬ (ਅਖੌਤੀ ਦਸਮ ਗ੍ਰੰਥ ਆਦਿ) ਦੀ ਮੰਜੀ ਲਗਾ ਕੇ ਉਸ ਨੂੰ ਵੀ ਸ਼ਬਦ-ਗੁਰੂ ਦੇ ਬਰਾਬਰ ਮਾਣਤਾ ਦੇ ਦੇਣੀ!**

## ਗਰੂ ਨਾਨਕ ਸਾਹਿਬ ਅਤੇ 'ਸ਼ਬਦ ਗੁਰੂ'

ਕੁਝ ਕੁ 'ਵਿਦਵਾਨ' ਅਤੇ 'ਜਗਿਆਸੂ' ਅੱਜ-ਕਲ ਇਹ ਸਿਧਾਂਤਕ ਨੁਕਤੇ ਉਠਾ ਰਹੇ ਹਨ :

1. ਕੇਵਲ 'ਸ਼ਬਦ-ਗੁਰੂ' ਹੀ 'ਗੁਰੂ' ਹੈ, ਇਸ ਲਈ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਲਈ 'ਗੁਰੂ' ਸ਼ਬਦ ਦੀ ਵਰਤੋਂ ਕਰਨੀ ਠੀਕ ਨਹੀਂ ਲਗਦੀ।
2. 'ਗੁਰੂ' ਤਾਂ ਇੱਕ ਹੀ ਹੈ। ਖ਼ਾਲਸਾ ਕੌਮ ਨੇ ਬਾਰਾਂ ਗੁਰੂ (ਗੁਰੂ ਨਾਨਕ ਸਾਹਿਬ ਤੋਂ ਗੁਰੂ ਗ੍ਰੰਥ ਸਾਹਿਬ ਅਤੇ 'ਗੁਰੂ-ਪੰਥ ਤੱਕ) ਕਿਸ ਗੁਰਮਤਿ ਸਿਧਾਂਤ ਅਨੁਸਾਰ ਪ੍ਰਚੱਲਤ ਕਰ ਦਿੱਤੇ ਹਨ?





3. ਗੁਰਮਤਿ (ਗੁਰੂ ਨਾਨਕ ਫ਼ਲਸਫ਼ੇ 'ਤੇ ਆਧਾਰਤ 'ਧਰਮ') ਤੋਂ ਇਲਾਵਾ, ਹੋਰ ਸਾਰੇ ਮੱਤਾਂ (ਮਜ਼੍ਹਬਾਂ) ਵਿੱਚ ਹਰ ਇੱਕ ਮੱਤ ਦਾ ਇੱਕੋ-ਇੱਕ ਬਾਨੀ ਅਤੇ ਰਹਿਬਰ ਹੈ, ਪਰ ਸਿੱਖ-ਮੱਤ (ਗੁਰਮਤਿ) ਵਿੱਚ ਗੁਰੂ ਨਾਨਕ ਸਾਹਿਬ ਦੇ ਦਸ ਇਨਸਾਨੀ ਰੂਪ ਵਿੱਚ ਗੁਰੂ ਜਾਮਿਆਂ ਨੂੰ ਕਿਵੇਂ ਸਹੀ ਸਾਬਤ ਕੀਤਾ ਜਾ ਸਕਦਾ ਹੈ?

ਸੱਚ ਦੇ ਵਣਜਾਰਿਓ! ਆਓ, ਇਨ੍ਹਾਂ ਸ਼ੰਕਿਆਂ ਦੇ ਸਾਰਥਕ ਉੱਤਰ ਗੁਰੂ ਗ੍ਰੰਥ ਵਿੱਚ ਅੰਕਿਤ ਗੁਰੂ ਨਾਨਕ ਫ਼ਲਸਫ਼ੇ ਵਿੱਚੋਂ ਲੱਭਣ ਦਾ ਯਤਨ ਕਰੀਏ।

## ਪਹਿਲੇ ਸ਼ੰਕੇ ਦਾ ਉੱਤਰ

ਨਿਰਸੰਦੇਹ, ਕੇਵਲ ਅਤੇ ਕੇਵਲ 'ਸ਼ਬਦ-ਗੁਰੂ' (ਪਰਮੇਸ਼ਰ ਦੇ ਸੰਪੂਰਨ 'ਗੁਰੂ ਗੁਣ' ਦਾ ਪ੍ਰਕਾਸ਼) ਹੀ ਸਮੁੱਚੀ ਮਨੁੱਖਤਾ ਦਾ ਸਦੀਵਕਾਲੀ ਗੁਰੂ ਹੈ। ਕੋਈ ਵੀ ਸਰੀਰ ਗੁਰੂ ਨਹੀਂ ਹੋ ਸਕਦਾ, ਕਿਉਂਕਿ ਸਰੀਰ ਸਦੀਵਕਾਲੀ ਨਹੀਂ ਹੋ ਸਕਦਾ। **'ਗੁਰੂ' ਸਦੀਵਕਾਲੀ ਹੈ :**

*ਸਤਿਗੁਰੂ ਮੇਰਾ ਸਦਾ ਸਦਾ, ਨਾ ਆਵੈ ਨ ਜਾਇ॥*
*ਓਹੁ ਅਬਿਨਾਸੀ ਪੁਰਖੁ ਹੈ, ਸਭ ਮਹਿ ਰਹਿਆ ਸਮਾਇ॥ (ਮਃ੪, ੭੫੯)*

**ਅਰਥ :**

ਹੇ ਭਾਈ! ਪਿਆਰਾ ਗੁਰੂ (ਦਸਦਾ ਹੈ ਕਿ) ਪਰਮਾਤਮਾ ਸਦਾ ਹੀ ਕਾਇਮ ਰਹਿਣ ਵਾਲਾ ਹੈ, ਉਹ ਨਾ ਜੰਮਦਾ ਹੈ ਨਾ ਮਰਦਾ ਹੈ। ਉਹ ਪੁਰਖੁ-ਪ੍ਰਭੂ ਕਦੇ ਨਾਸ਼ ਹੋਣ ਵਾਲਾ ਨਹੀਂ, ਉਹ ਸਭਨਾਂ ਵਿੱਚ ਮੌਜੂਦ ਹੈ।

## ਦੀਪਕ-ਗੁਰੂ :

ਸ਼ਬਦ-ਗੁਰੂ (ਗਿਆਨ-ਗੁਰੂ) ਦਾ ਪ੍ਰਕਾਸ਼ ('ਜੋਤਿ' ਅਤੇ 'ਜੁਗਤਿ' ਦੇ ਰੂਪ ਵਿੱਚ), ਰੱਬੀ-ਰਜ਼ਾ ਅਨੁਸਾਰ, ਗੁਰੂ ਨਾਨਕ ਸਾਹਿਬ ਦੇ ਹਿਰਦੇ ਵਿੱਚ, 'ਦੀਪਕ-ਗੁਰੂ' ਦੇ ਰੂਪ ਵਿੱਚ ਹੋਇਆ:

*ਦੀਪਕ ਤੇ ਦੀਪਕੁ ਪਰਗਾਸਿਆ, ਤ੍ਰਿਭਵਣ ਜੋਤਿ ਦਿਖਾਈ॥ (ਮਃ੧, ੯੦੭)*

**ਅਰਥ** : (ਸ਼ਬਦ ਗੁਰੂ ਨੇ ਆਪਣੀ ਰੌਸ਼ਨ ਜੋਤਿ ਦੇ) ਦੀਵੇ ਤੋਂ (ਮੇਰੇ ਅੰਦਰ ਰੱਬੀ ਗਿਆਨ ਦਾ) ਦੀਵਾ ਜਗਾ ਦਿੱਤਾ ਹੈ ਅਤੇ ਮੈਨੂੰ ਉਹ (ਰੱਬੀ) ਜੋਤਿ ਵਿਖਾ ਦਿੱਤੀ ਹੈ, ਜੋ ਤਿੰਨਾਂ ਭਵਨਾਂ ਵਿੱਚ ਮੌਜੂਦ ਹੈ।

*ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕ ਕਹਾਯਉ॥*
*ਤਾ ਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ॥*

*ਅੰਗਦਿ ਕਿਰਪਾ ਧਾਰਿ, ਅਮਰੁ ਸਤਿਗੁਰੁ ਥਿਰੁ ਕੀਅਉ ॥*
*ਅਮਰਦਾਸ ਅੰਮਿਰਤੁ ਛਤ੍ਰੁ ਗੁਰ ਰਾਮਹਿ ਦੀਅਉ ॥*
*ਗੁਰ ਰਾਮਦਾਸ ਦਰਸਨੁ ਪਰਸਿ, ਕਹਿ ਮਥੁਰਾ ਅੰਮ੍ਰਿਤ ਬਯਣ ॥*
*ਮੂਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜੁਨੁ ਪਿਖਹੁ ਨਯਣ ॥ (ਸਵੱਈਏ, ੧੪੦੮)*

ਜਿਵੇਂ ਇੱਕ ਜਗਦੇ ਦੀਵੇ ਤੋਂ ਹੀ ਦੂਜਾ ਦੀਵਾ ਜਗਾਇਆ ਜਾ ਸਕਦਾ ਹੈ (ਬੁਝੇ ਹੋਏ ਦੀਵੇ ਤੋਂ ਨਹੀਂ), ਗੁਰੂ ਨਾਨਕ ਰੂਪੀ 'ਦੀਪਕ-ਗੁਰੂ' ਤੋਂ ਉਨ੍ਹਾਂ ਦੇ ਹੋਰ ਨੌਂ ਉਤਰਾਧਿਕਾਰੀ ਗੁਰੂ ਜਾਮੇਂ, ਅੱਗੇ ਤੋਂ ਅੱਗੇ ਜਗਮਗਾਉਂਦੇ ਚਲੇ ਗਏ (ਜਿਵੇਂ ਕਿ ਉੱਪਰ ਦਰਜ ਸਵੱਈਏ ਵਿੱਚ ਦਰਸਾਇਆ ਗਿਆ ਹੈ)।

ਪਰਮੇਸ਼ਰ ਦੇ 'ਗੁਰੂ-ਗੁਣ' ਨੂੰ 'ਸ਼ਬਦ-ਗੁਰੂ' ਦੇ ਰੂਪ ਵਿੱਚ ('ਜੋਤਿ' ਅਤੇ 'ਜੁਗਤਿ' ਦੇ ਰੂਪ ਵਿੱਚ) ਪ੍ਰਗਟ ਕਰਨ ਲਈ, ਗੁਰੂ ਨਾਨਕ ਸਾਹਿਬ ਦੇ ਮੁਬਾਰਕ ਸਰੀਰਕ ਰੋਲ ਨੂੰ ਕਿਸੇ ਕੀਮਤ ਤੇ ਭੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਜਿਵੇਂ ਕਿਸੇ ਦੀਵੇ ਤੋਂ ਪ੍ਰਕਾਸ਼ ਹਾਸਿਲ ਕਰਨ ਲਈ ਦੀਵਾ, ਬੱਤੀ, ਤੇਲ ਅਤੇ ਮਾਚਸ, ਚਾਰੇ ਚੀਜਾਂ ਜਰੂਰੀ ਹਨ; ਇਨ੍ਹਾਂ ਵਿੱਚੋਂ ਕਿਸੇ ਇੱਕ ਵੀ ਵਸਤੂ ਦੀ ਅਣਹੋਂਦ ਕਾਰਨ, ਦੀਵੇ ਤੋਂ ਪ੍ਰਕਾਸ਼ ਹਾਸਿਲ ਨਹੀਂ ਹੋ ਸਕਦਾ; ਇਸੇ ਤਰ੍ਹਾਂ ਹੀ ਪਰਮੇਸ਼ਰ ਦੀ ਇਸ ਅਗੰਮੀ ਖੇਡ (ਸ਼ਬਦ-ਗੁਰੂ ਨੂੰ ਪ੍ਰਗਟ ਕਰਨ, ਪ੍ਰਚਾਰਨ ਅਤੇ ਪਾਸਾਰਨ ਦੀ ਖੇਡ) ਵਿੱਚੋਂ ਗੁਰੂ ਨਾਨਕ ਸਾਹਿਬ ਦੇ ਸਰੀਰਕ ਯੋਗਦਾਨ ਨੂੰ ਵੱਖ ਕਰ ਕੇ ਨਹੀਂ ਵੇਖਿਆ ਜਾ ਸਕਦਾ। ਉਨ੍ਹਾਂ ਦਾ ਪੰਜ-ਭੂਤਕ ਸਰੀਰ 'ਸ਼ਬਦ-ਗੁਰੂ' ਦੇ ਸਿਧਾਂਤ ਨੂੰ ਗੁਰਬਾਣੀ-ਰੂਪ ਵਿੱਚ ਪ੍ਰਗਟ ਕਰਨ, ਪ੍ਰਚਾਰਨ ਅਤੇ ਪਾਸਾਰਨ ਦਾ ਵਸੀਲਾ ਬਣਿਆ। ਸਮੁੱਚੀ ਮਨੁੱਖਤਾ ਦੇ ਕਲਿਆਣ ਦੀ ਇਹ ਵਿਲੱਖਣ ਜਿਮੇਂਵਾਰੀ ਹੋਰ ਕਿਸੇ ਮੱਤ ਦੇ ਬਾਨੀ ਦੇ ਹਿੱਸੇ ਵਿੱਚ ਨਹੀਂ ਆਈ। ਜੇਕਰ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਲਈ, ਸਤਿਕਾਰਤ ਰੂਪ ਵਿੱਚ, 'ਗੁਰੂ' ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾਣੀ, ਚਾਹੀਦੀ ਤਾਂ ਹੋਰ ਕਿਹੜੇ ਢੁਕਵੇਂ ਸ਼ਬਦ ਦੀ ਵਰਤੋਂ ਕੀਤੀ ਜਾਣੀ ਚਾਹੀਦੀ ਹੈ ? ਨਿਸ਼ਚੇ ਹੀ, ਉਨ੍ਹਾਂ ਦਾ ਰੁਤਬਾ, ਹਰ ਪੱਖ ਤੋਂ, ਰੱਬ ਦੇ ਅਖੌਤੀ ਵਿਸ਼ੇਸ਼ ਪੁੱਤਰਾਂ, ਪੈਗ਼ੰਬਰਾਂ ਅਤੇ ਅਵਤਾਰਾਂ ਦੇ ਰੁਤਬੇ ਨਾਲੋਂ ਬਹੁਤ ਉੱਚਾ ਅਤੇ ਵਿਲੱਖਣ ਹੈ।

## ਸਰੀਰ ਗੁਰੂ ਨਹੀਂ

ਇਥੇ ਇਹ ਨੁਕਤਾ ਵੀ ਸਪੱਸ਼ਟ ਕਰ ਦੇਣਾ ਜਰੂਰੀ ਹੈ ਕਿ ਸਤਿਗੁਰਾਂ ਦੇ ਪੰਜ-ਭੂਤਕ ਸਰੀਰ ਲਈ 'ਗੁਰੂ' ਸ਼ਬਦ ਦੀ ਵਰਤੋਂ ਨਹੀਂ ਕੀਤੀ ਜਾ ਰਹੀ ਬਲਕਿ **ਉਸ ਮੁਬਾਰਿਕ ਸਰੀਰ ਵਿੱਚ ਜਗ-ਮਗਾ ਰਹੀ ਸ਼ਬਦ-ਗੁਰੂ ਦੀ 'ਜੋਤਿ' ਅਤੇ 'ਜੁਗਤਿ' ਦੇ ਸਤਿਕਾਰ ਵਜੋਂ ਹੀ ਉਨ੍ਹਾਂ ਨੂੰ ਗੁਰੂ ਕਿਹਾ ਜਾ ਰਿਹਾ ਹੈ। ਕੇਵਲ ਸਰੀਰ ਤਾਂ ਬਿਨਸਣਹਾਰ ਹੈ ਅਤੇ ਇਹ ਗੁਰੂ ਨਹੀਂ ਹੋ ਸਕਦਾ। ਇਹ ਭੀ ਇੱਕ ਇਤਿਹਾਸਕ ਸੱਚਾਈ ਹੈ ਕਿ ਮਨੁੱਖੀ ਇਤਿਹਾਸ ਅੰਦਰ ਕੇਵਲ ਅਤੇ ਕੇਵਲ ਗੁਰੂ ਨਾਨਕ**





**ਸਾਹਿਬ (ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮੇਂ) ਹੀ 'ਦੀਪਕ-ਗੁਰੂ' ਹੋਏ ਹਨ।**

## 'ਕੱਚੇ-ਪਿੱਲੇ ਗੁਰੂ'

ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਕੇ ਹੀ ਹੁਣ ਤੱਕ, ਮਨੁੱਖਤਾ ਦੀ ਅੰਨ੍ਹੀ-ਸ਼ਰਧਾ ਦਾ ਨਾ-ਜਾਇਜ਼ ਫ਼ਾਇਦਾ ਚੁੱਕ ਕੇ, ਕਈ ਚਾਲਾਕ, ਖ਼ੁਦਗਰਜ਼ ਅਤੇ ਬੇਈਮਾਨ ਮਨੁੱਖ ਆਪਣੇ ਆਪ ਨੂੰ ਗੁਰੂ ਹੋਣ ਦਾ ਦਾਅਵਾ ਕਰਦੇ ਆਏ ਹਨ ਅਤੇ ਭੋਲੀ-ਭਾਲੀ ਸੰਗਤਿ ਦਾ ਸਰੀਰਕ, ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕਰਦੇ ਰਹੇ ਹਨ (ਹੁਣ ਵੀ ਕਰ ਰਹੇ ਹਨ)। ਇਨ੍ਹਾਂ ਦੇ ਇਸ ਮਾਨਵ-ਵਿਰੋਧੀ ਰੋਲ ਲਈ ਗੁਰੂ ਨਾਨਕ ਫ਼ਲਸਫ਼ੇ ਤੋਂ ਭਗੌੜੇ ਹੋ ਚੁੱਕੇ ਖ਼ੁਦਗਰਜ਼ ਸਿਆਸਤਦਾਨ ਸਭ ਤੋਂ ਵੱਧ ਦੋਸ਼ੀ ਹਨ। ਇਤਿਹਾਸ ਅੰਦਰ ਅਜਿਹੇ ਕੱਚੇ-ਪਿੱਲੇ ਗੁਰੂਆਂ ਦਾ ਸਮੇਂ ਸਮੇਂ ਅਨੁਸਾਰ ਪਰਦਾਫ਼ਾਸ਼ ਹੁੰਦਾ ਰਿਹਾ ਹੈ ਅਤੇ ਹੁੰਦਾ ਰਹੇਗਾ, ਪਰ **ਇਨ੍ਹਾਂ ਦਾ ਪਰਦਾਫ਼ਾਸ਼ ਹੋਣ ਤੱਕ ਇਹ ਦੁਸ਼ਟ ਮਨੁੱਖਤਾ ਦਾ ਬਹੁਤ ਨੁਕਸਾਨ ਕਰ ਚੁੱਕੇ ਹੁੰਦੇ ਹਨ।**

## ਦੂਜੇ ਸ਼ੰਕੇ ਦਾ ਉੱਤਰ

ਪੂਰਾ ਗੁਰੂ ਪਰਮੇਸ਼ਰ ਆਪ ਹੀ ਹੈ। ਪਰਮੇਸ਼ਰ ਦੇ ਅਨੇਕਾਂ ਗੁਣ ਹਨ ਅਤੇ ਉਨ੍ਹਾਂ ਗੁਣਾਂ ਵਿੱਚੋਂ ਇੱਕ ਬਹੁਤ ਹੀ ਅਹਿਮ ਗੁਣ ਹੈ ਉਸਦਾ 'ਗੁਰੂ-ਗੁਣ'। **ਪਰਮੇਸ਼ਰ ਦੇ 'ਗੁਰੂ-ਗੁਣ' ਦਾ 'ਜੋਤਿ' (ਬ੍ਰਹਮ ਗਿਆਨ) ਅਤੇ 'ਜੁਗਤਿ' (ਬ੍ਰਹਮ ਗਿਆਨ 'ਤੇ ਆਧਾਰਤ ਜੀਵਨ-ਜੁਗਤਿ) ਦੇ ਰੂਪ ਵਿੱਚ ਸੰਪੂਰਨ ਤੌਰ ਤੇ ਨਿਵਾਸ, ਰੱਬੀ ਰਜ਼ਾ ਅਨੁਸਾਰ, ਗੁਰੂ ਨਾਨਕ ਸਾਹਿਬ ਦੇ ਹਿਰਦੇ ਵਿੱਚ ਹੋਇਆ।** ਉਨ੍ਹਾਂ ਤੋਂ ਅੱਗੇ ਪਰਮੇਸ਼ਰ ਦੇ ਇਸ ਗੁਰੂ ਗੁਣ ਦਾ ਪ੍ਰਕਾਸ਼, (ਦੀਪਕ-ਗੁਰੂ ਦੇ ਰੂਪ ਵਿੱਚ) ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਰਾਹੀਂ ਇਲਾਹੀ ਸਫ਼ਰ ਤਹਿ ਕਰਦਾ ਹੋਇਆ ਗੁਰੂ ਗ੍ਰੰਥ ਸਾਹਿਬ ਤੱਕ ਪਹੁੰਚਿਆ :

*ਜੋਤਿ ਓਹਾ ਜੁਗਤਿ ਸਾਇ, ਸਹਿ ਕਾਇਆ ਫੇਰਿ ਪਲਟੀਐ ॥*
*(ਰਾਮਕਲੀ ਕੀ ਵਾਰ, ੯੬੬)*

ਇਸ ਕਰ ਕੇ, **ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਜਾਮੇਂ, 'ਜੋਤਿ' ਅਤੇ 'ਜੁਗਤਿ' ਦੇ ਪੱਖ ਤੋਂ ਇੱਕ ਸਰੂਪ ਹੀ ਹਨ, ਅਲੱਗ-ਅਲੱਗ ਨਹੀਂ ਅਤੇ ਉਹ ਹੈ 'ਗੁਰਬਾਣੀ ਸਰੂਪ' ਇਸੇ ਕਾਰਨ ਹੀ ਗੁਰੂ ਨਾਨਕ ਸਾਹਿਬ ਦੇ ਜਿਨ੍ਹਾਂ ਗੁਰੂ ਜਾਮਿਆਂ ਨੇ ਗੁਰਬਾਣੀ ਪ੍ਰਗਟ ਕੀਤੀ ਹੈ, ਉਹ ਕਵੀ ਮੁਹਰ-ਛਾਪ ਵਜੋਂ 'ਨਾਨਕ' ਮੁਹਰ-ਛਾਪ ਦੀ ਵਰਤੋਂ ਕਰਕੇ ਹੀ**

**ਕੀਤੀ ਹੈ। ਇਹ ਸਪੱਸ਼ਟ ਕਰਨ ਲਈ ਕਿ ਗੁਰਬਾਣੀ ਦਾ ਕਿਹੜਾ ਸ਼ਬਦ ਕਿਸ ਗੁਰੂ ਜਾਮੇ ਨੇ ਉਚਾਰਣ ਕੀਤਾ ਹੈ, ਮਹਲਾ (ਮਹਲਾ ੧, ਮਹਲਾ ੨, ਮਹਲਾ ੯ ਆਦਿ) ਸ਼ਬਦ ਦੀ ਵਰਤੋਂ ਕੀਤੀ ਗਈ ਹੈ। - ਇਹ ਸਾਰੇ ਗੁਰੂ ਜਾਮੇਂ ਗੁਰਬਾਣੀ-ਸਰੂਪ ਹੀ ਸਨ ਅਤੇ ਉਹ ਗੁਰਬਾਣੀ ਹੀ ਬਣ ਗਏ :**

*ਸਤਿਗੁਰ ਕੀ ਬਾਣੀ ਸਤਿ ਸਰੂਪ ਹੈ, ਗੁਰਬਾਣੀ ਬਣੀਐਂ॥ (ਮ: ੪, ੩੦੪)*

**ਅਰਥ** : ਸਤਿਗੁਰ ਦੀ ਬਾਣੀ (ਪਰਮੇਸ਼ਰ ਦੀ ਬਾਣੀ) ਸੱਚੇ ਪ੍ਰਭੂ ਦਾ ਸਰੂਪ ਹੈ ਅਤੇ ਸਤਿਗੁਰ ਦੀ ਬਾਣੀ ਰਾਹੀਂ (ਬਾਣੀ ਦੇ ਉਪਦੇਸ਼ਾਂ ਦੀ ਕਮਾਈ ਕਰਕੇ) ਸਤਿ-ਸਰੂਪ ਬਣ ਜਾਈਦਾ ਹੈ।

## ਹੋਰ ਫੁਰਮਾਣ :

*ਇਕਾ ਬਾਣੀ, ਇਕ ਗੁਰੁ, ਇਕੋ ਸਬਦੁ ਵੀਚਾਰਿ॥ (ਮ: ੧, ੬੪੬)*
*ਬਾਣੀ ਗੁਰੂ, ਗੁਰੂ ਹੈ ਬਾਣੀ, ਵਿਚਿ ਬਾਣੀ ਅੰਮ੍ਰਿਤੁ ਸਾਰੇ॥ (ਮ: ੪, ੯੮੨)*

## 'ਗੁਰੂ-ਪੰਥ'

'ਗੁਰੂ-ਪੰਥ' ਦੀ ਬਜਾਏ 'ਗੁਰੂ ਦਾ ਪੰਥ' ਵਧੇਰੇ ਢੁਕਵੀਂ ਸ਼ਬਦਾਵਲੀ ਹੈ। ਇਸ ਤੋਂ ਭੀ ਵਧੀਆ ਸ਼ਬਦਾਵਲੀ ਹੈ 'ਖ਼ਾਲਸਾ ਕੌਮ'। ਖ਼ਾਲਸਾ ਕੌਮ, ਸ਼ਬਦ-ਗੁਰੂ ਦੀ ਤਾਬਿਆ ਵਿੱਚ, ਸ਼ਬਦ-ਗਰੂ ਦੇ ਉਪਦੇਸ਼ ਨੂੰ ਅੱਗੇ ਪ੍ਰਚਾਰਨ ਅਤੇ ਪਾਸਾਰਨ ਲਈ ਜ਼ਿਮੇਵਾਰ ਹੈ। **ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਉਲੰਘਣਾ ਕਰਨ ਵਾਲਾ ਕੋਈ ਉਪਦੇਸ਼ ਚਲਾਉਂਣ ਦਾ ਖ਼ਾਲਸਾ ਕੌਮ ਨੂੰ ਹਰਗਿਜ਼ ਕੋਈ ਅਧਿਕਾਰ ਨਹੀਂ ਹੈ :**

*ਗੁਰੂ ਸਿੱਖੁ, ਸਿਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ॥ (ਮ: ੪,੪੪੪)*

**ਅਰਥ** :

(ਪ੍ਰੇਮ ਦੀ ਬਰਕਤਿ ਨਾਲ) ਗੁਰੂ ਸਿੱਖ (ਨਾਲ ਇੱਕ-ਰੂਪ ਹੋ ਜਾਂਦਾ) ਹੈ ਅਤੇ ਸਿੱਖ (ਸ਼ਬਦ ਗੁਰੂ ਦੇ ਉਪਦੇਸ਼ਾਂ ਦੀ ਕਮਾਈ ਕਰਕੇ) ਗੁਰੂ (ਵਿੱਚ ਲੀਨ ਹੋ ਜਾਂਦਾ) ਹੈ, ਸਿੱਖ ਭੀ ਗੁਰੂ ਵਾਲੇ ਉਪਦੇਸ਼ (ਦੀ ਲੜੀ) ਨੂੰ ਅਗਾਂਹ ਤੋਰਦਾ ਰਹਿੰਦਾ ਹੈ।

## ਤੀਜੇ ਸ਼ੰਕੇ ਦਾ ਉੱਤਰ

ਹੋਰ ਦੂਜੇ ਮੱਤਾਂ (ਮਜ਼੍ਹਬਾਂ) ਦੇ ਬਾਨੀ ਆਏ ਅਤੇ ਚਲੇ ਗਏ। ਬਦਕਿਸਮਤੀ ਨਾਲ, ਉਨ੍ਹਾਂ ਵਿੱਚੋਂ ਕਿਸੇ ਨੇ ਭੀ ਆਪਣੇ ਮੱਤ ਦੇ ਫ਼ਲਸਫ਼ੇ ਨੂੰ ਆਪਣੇ ਜੀਵਨ-ਕਾਲ ਦੌਰਾਨ ਨਾਂ ਤਾਂ ਆਪ ਕਲਮਬੰਦ ਕੀਤਾ ਅਤੇ ਨਾਂ ਹੀ ਆਪਣੇ ਕਿਸੇ ਪੈਰੋਕਾਰ ਤੋਂ ਕਰਵਾਇਆ। ਉਨ੍ਹਾਂ ਦੇ ਫ਼ਲਸਫ਼ੇ ਨੂੰ ਉਨ੍ਹਾਂ ਦੇ ਪੈਰੋਕਾਰਾਂ ਨੇ, ਉਨ੍ਹਾਂ ਦੇ (ਬਾਨੀਆਂ ਦੇ) ਅਕਾਲ ਚਲਾਣੇ ਤੋਂ ਢੇਰ





ਸਮੇਂ ਬਾਅਦ ਆਪੋ-ਆਪਣੇ ਅੰਦਾਜ਼ ਅਨੁਸਾਰ ਲਿਖਤ ਵਿੱਚ ਲਿਆਂਦਾ। ਨਿਰਸੰਦੇਹ, ਅਜਿਹਾ ਕਰਨ ਵਿੱਚ ਤਰੁੱਟੀਆਂ ਰਹਿ ਜਾਣ ਦੀ ਸੰਭਾਵਨਾ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਇਸ ਦੇ ਉਲਟ, **ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਨੇ ਰੱਬੀ-ਪ੍ਰੇਰਨਾ ਦੁਆਰਾ ਪ੍ਰਗਟ ਹੋਏ ਆਲਮਗੀਰੀ ਗੁਰਮਤਿ ਫ਼ਲਸਫ਼ੇ ਨੂੰ ਖ਼ੁਦ ਆਪਣੀ ਮੁਬਾਰਕ ਰਸਨਾਂ ਤੋਂ ਉਚਾਰ ਕੇ ਖ਼ੁਦ ਹੀ ਕਲਮਬੰਦ ਕੀਤਾ।** ਪੰਜਵੇਂ ਪਾਤਿਸ਼ਾਹ ਗੁਰੂ ਅਰਜੁਨ ਸਾਹਿਬ ਨੇ, ਭਾਈ ਗੁਰਦਾਸ ਜੀ ਤੋਂ, ਉਦੋਂ ਤੱਕ ਪ੍ਰਾਪਤ ਹੋ ਚੁੱਕੀ ਬਾਣੀ ਨੂੰ 'ਪੋਥੀ ਸਾਹਿਬ' ਦੇ ਰੂਪ ਵਿੱਚ ਸੰਨ 1604 ਵਿੱਚ ਖ਼ੁਦ ਆਪਣੀ ਨਿਗਰਾਨੀ ਵਿੱਚ ਅੰਕਿਤ ਕਰਵਾਇਆ। ਫਿਰ ਦਸਮੇਸ਼ ਪਿਤਾ ਜੀ ਨੇ ਭਾਈ ਮਨੀ ਸਿੰਘ ਤੋਂ ਗੁਰੂ ਗ੍ਰੰਥ ਸਾਹਿਬ ਦਾ ਮੌਜੂਦਾ ਸਰੂਪ ਆਪਣੀ ਨਿਗਰਾਨੀ ਵਿੱਚ ਲਿਖਵਾਇਆ ਜਿਸ ਵਿੱਚ ਗੁਰੂ ਤੇਗ਼ ਬਹਾਦਰ ਸਾਹਿਬ ਵੱਲੋਂ ਉਚਾਰਨ ਕੀਤੀ ਗੁਰਬਾਣੀ ਵੀ ਦਰਜ ਕਰਵਾਈ। ਪ੍ਰਭੂ-ਪਿਤਾ ਨੇ ਗੁਰੂ ਨਾਨਕ ਸਾਹਿਬ ਨੂੰ ਸਾਰੀ ਸ੍ਰਿਸ਼ਟੀ ਵਿੱਚ ਰੱਬ ਦਾ ਸਦੀਵਕਾਲੀ ਰਾਜ ਸਥਾਪਤ ਕਰਨ ਦੀ ਜਿਮੇਂਵਾਰੀ ਸੌਂਪੀ ਹੋਈ ਹੈ ਅਤੇ ਅਤੇ ਇਸ ਵੱਡੀ ਜਿਮੇਂਵਾਰੀ ਨੂੰ ਇੱਕ ਜਾਮੇਂ ਦੌਰਾਨ ਪੂਰਾ ਨਹੀਂ ਸੀ ਕੀਤਾ ਜਾ ਸਕਦਾ ਕਿਉਂਕਿ ਇਸ ਮਿਸ਼ਨ ਦੇ ਵਿਰੋਧੀ ਵੀ ਬਹੁਤ ਜ਼ਿਆਦਾ ਹਨ। ਇਸ ਕਰ ਕੇ ਗੁਰੂ ਨਾਨਕ ਸਾਹਿਬ ਨੂੰ ਦਸ ਇਨਸਾਨੀ ਜਾਮੇਂ ਧਾਰਨ ਕਰਨੇ ਪਏ ਅਤੇ ਇਸ ਜ਼ਿਮੇਵਾਰੀ ਨੂੰ ਨੇਪਰੇ ਚਾੜ੍ਹਨ ਲਈ ਇਹ ਜਾਮੇਂ ਅੰਤ ਵਿੱਚ ਗੁਰਬਾਣੀ ਦਾ ਗੁਰੂ ਰੂਪ ਧਾਰ ਕੇ ਸਦਾ ਲਈ ਹੀ ਮਨੁੱਖਤਾ ਦੀ ਅਗਵਾਈ ਲਈ ਸਾਡੇ ਪਾਸ ਹੀ ਰਹਿ ਪਏ ਹਨ।

## ਦੂਜੇ ਮੱਤਾਂ ਦੇ ਫ਼ਲਸਫ਼ੇ ਦੀ ਸੀਮਤ ਸ਼ਕਤੀ

ਦੂਜੇ ਮੱਤਾਂ ਦੇ ਬਾਨੀਆਂ ਦੇ ਫ਼ਲਸਫ਼ੇ ਵਿੱਚ ਸੀਮਤ ਜਿਹੀ ਤਾਕਤ ਹੈ। ਇਸੇ ਕਾਰਨ ਹੀ ਉਨ੍ਹਾਂ ਦੇ ਮੱਤਾਂ ਦੇ ਫ਼ਲਸਫ਼ੇ ਨੂੰ ਧਾਰਨ ਕਰ ਕੇ ਵੀ ਉਨ੍ਹਾਂ ਦਾ ਕੋਈ ਪੈਰੋਕਾਰ ਉਨ੍ਹਾਂ (ਬਾਨੀਆਂ) ਵਰਗਾ ਬਣ ਨਹੀਂ ਸਕਿਆ। **ਮਿਸਾਲ ਦੇ ਤੌਰ 'ਤੇ ਵਰਧਮਾਨ ਮਹਾਂਵੀਰ (ਜੈਨ-ਮੱਤ ਦਾ ਬਾਨੀ) ਕੋਈ ਦੂਜਾ ਵਰਧਮਾਨ ਮਹਾਂਵੀਰ ਨਾ ਬਣਾ ਸਕਿਆ, ਗੌਤਮ ਬੁੱਧ ਕੋਈ ਦੂਜਾ ਗੌਤਮ-ਬੁੱਧ ਨਾ ਪੈਦਾ ਕਰ ਸਕਿਆ, ਈਸਾ-ਮਸੀਹ ਕੋਈ ਦੂਜਾ ਈਸਾ-ਮਸੀਹ ਨਾ ਬਣਾ ਸਕਿਆ, ਹਜ਼ਰਤ ਮੁਹੰਮਦ ਦੂਜਾ ਹਜ਼ਰਤ ਮੁਹੰਮਤ ਹੋਂਦ ਵਿੱਚ ਨਾ ਲਿਆ ਸਕਿਆ, ਕ੍ਰਿਸ਼ਨ ਜੀ ਕੋਈ ਦੂਜਾ ਕ੍ਰਿਸ਼ਨ ਨਾ ਬਣਾ ਸਕੇ, ਇਤਿਆਦਿ। ਸਮੁੱਚੀ ਮਨੁੱਖਤਾ ਦੇ ਰਹਿਬਰ ਕੇਵਲ ਅਤੇ ਕੇਵਲ ਗੁਰੂ ਨਾਨਕ ਸਾਹਿਬ ਨੂੰ ਹੀ ਪਰਮੇਸ਼ਰ ਨੇ ਇਹ ਸਮਰੱਥਾ ਬਖਸ਼ਿਸ਼ ਕੀਤੀ ਕਿ ਉਨ੍ਹਾਂ ਨੇ ਆਪਣੇ ਗੁਰਮਤਿ ਫ਼ਲਸਫ਼ੇ ਨੂੰ ਸ਼ਬਦ ਗੁਰੂ ਦੇ ਰੂਪ ਵਿੱਚ ਪ੍ਰਗਟ ਕਰਕੇ, ਇਸ ਆਲਮਗੀਰੀ ਫ਼ਲਸਫ਼ੇ ਨੂੰ ਮੁਕੰਮਲ ਤੌਰ 'ਤੇ ਸਮਰਪਿਤ ਹੋਣ ਵਾਲੇ ਆਪਣੇ ਪੈਰੋਕਾਰਾਂ ਨੂੰ ਹੂ-ਬ-ਹੂ ਆਪਣੇ ਵਰਗਾ ਹੀ (ਰੱਬੀ ਗੁਣਾਂ**

**ਦਾ ਧਾਰਨੀ) ਬਣਾ ਲਿਆ।** ਖ਼ਾਲਸਾ ਕੌਮ ਵਾਸਤੇ ਵਿਸ਼ੇਸ਼ ਕਰਕੇ ਅਤੇ ਸਮੁੱਚੀ ਮਨੁੱਖਤਾ ਲਈ ਆਮ ਕਰਕੇ ਇਹ ਇੱਕ ਬਹੁਤ ਹੀ ਫ਼ਖ਼ਰ ਅਤੇ ਮਾਣ ਵਾਲੀ ਗੱਲ ਹੈ।

ਇਥੇ ਇਸ ਸੱਚਾਈ ਦਾ ਜ਼ਿਕਰ ਕਰਨਾ ਵੀ ਜਰੂਰੀ ਹੈ ਕਿ **ਹੋਰ ਮੱਤਾਂ ਵਾਲਿਆਂ ਨੂੰ ਸਮੇਂ ਸਮੇਂ ਸਿਰ ਵਿਗਿਆਨਕ ਖ਼ੋਜ ਦੀ ਹੁੰਦੀ ਆ ਰਹੀ ਤਰੱਕੀ ਅਨੁਸਾਰ, ਆਪੋ-ਆਪਣੇ ਮੱਤਾਂ ਦੀ ਵਿਚਾਰਧਾਰਾ ਵਿੱਚ ਅਹਿਮ ਤਬਦੀਲੀਆਂ ਕਰਨੀਆਂ ਪਈਆਂ ਹਨ ਅਤੇ ਸ਼ਾਇਦ ਅੱਗੇ ਨੂੰ ਵੀ ਕਰਨੀਆ ਪੈ ਸਕਦੀਆਂ ਹਨ ਕਿਉਂਕਿ ਉਨ੍ਹਾਂ ਮੱਤਾਂ ਦੇ ਬਾਨੀਆਂ ਦਾ ਕਾਦਰ ਅਤੇ ਕਾਦਰ ਦੀ ਕੁਦਰਤਿ ਦੇ ਬ੍ਰਹਮੰਡੀ ਵਰਤਾਰੇ ਦੇ ਨਿਯਮਾਂ ਬਾਰੇ ਗਿਆਨ ਜਾਂ ਅਨੁਭਵ ਸੀਮਤ ਹੀ ਸੀ, ਪਰ ਗੁਰੂ ਨਾਨਕ ਫ਼ਲਸਫ਼ੇ ਵਿੱਚ ਕੋਈ ਛੋਟੀ-ਮੋਟੀ ਸੋਧ ਕਰਨ ਦੀ ਵੀ ਲੋੜ੍ਹੀ ਨਹੀਂ ਪਈ ਅਤੇ ਨਾ ਹੀ ਪਵੇਗੀ ਕਿਉਂਕਿ ਸਾਇੰਸ ਗੁਰੂ ਨਾਨਕ ਸਾਹਿਬ ਦਾ ਪਾਣੀ ਭਰਦੀ ਹੈ** - ਕਾਰਨ, ਜੋਤਿ ਨਿਰੰਜਨੀ, ਗੁਰੂ ਨਾਨਕ ਸਾਹਿਬ ਦਾ ਆਲਮਗੀਰੀ ਫ਼ਲਸਫ਼ਾ ਪ੍ਰਭੂ-ਪਿਤਾ ਨਾਲ ਇੱਕ-ਸੁਰ ਹੋਏ ਆਤਮਿਕ ਮੰਡਲਾਂ ਵਿੱਚੋਂ ਆਇਆ ਹੈ।

## ਸਿੱਖ ਕੌਣ ਹੈ ?

ਗੁਰੂ ਨਾਨਕ ਸਾਹਿਬ ਵੱਲੋਂ ਆਪਣੀ ਮੁਬਾਰਕ ਰਸਨਾਂ ਤੋਂ ਉਚਾਰਨ ਕਰਕੇ ਆਪਣੇ ਮੁਬਾਰਕ ਕਰ-ਕਮਲਾਂ ਨਾਲ ਕਲਮਬੰਦ ਕੀਤੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਿੱਖ ਦੀ ਪ੍ਰੀਭਾਸ਼ਾ ਇੰਜ ਬਿਆਨ ਕੀਤੀ ਹੋਈ ਮਿਲਦੀ ਹੈ।

*ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ॥*
*ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ (ਮ:੩, ੬੦੧ )*

**ਅਰਥ** : ਹੇ ਭਾਈ! ਉਹੀ ਮਨੁੱਖ ਗੁਰੂ (ਸ਼ਬਦ-ਗੁਰੂ) ਦਾ ਸਿੱਖ ਹੈ, ਗੁਰੂ ਦਾ ਮਿੱਤਰ ਹੈ, ਗੁਰੂ ਦਾ ਰਿਸ਼ਤੇਦਾਰ ਹੈ, ਜਿਹੜਾ ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰਦਾ ਹੋਇਆ (ਪ੍ਰਭੂ-ਪਿਤਾ ਦੀ) ਰਜ਼ਾ ਵਿੱਚ (ਹੁਕਮ ਵਿੱਚ, ਭਾਣੇ ਵਿੱਚ) ਤੁਰਦਾ ਹੈ। ਪਰ ਜਿਹੜਾ ਮਨੁੱਖ ਆਪਣੀ ਮਰਜ਼ੀ (ਮਨ ਦੀ ਮੱਤ) ਅਨੁਸਾਰ ਜੀਵਨ ਬਤੀਤ ਕਰਦਾ ਹੈ, ਉਹ ਪ੍ਰਭੂ-ਪਿਤਾ ਤੋਂ ਆਤਮਕ ਤੌਰ ਤੇ ਵਿਛੜ ਕੇ, ਵਿਸ਼ੇ-ਵਿਕਾਰਾਂ ਦੀਆਂ ਚੋਟਾਂ ਸਹਾਰਦਾ ਹੋਇਆ, ਦੁੱਖ ਪਾਉਂਦਾ ਹੈ (ਉਹ ਗੁਰੂ ਨਾਨਕ ਸਾਹਿਬ ਦਾ ਸਿੱਖ ਕਦਾਚਿਤ ਨਹੀਂ ਹੋ ਸਕਦਾ)।

ਇਸ ਵਿਚਾਰ ਦਾ ਗੁਰੂ ਨਾਨਕ ਸਾਹਿਬ, ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਸਫ਼ੇ ਤੇ ਹੀ 'ਜਪੁ' ਬਾਣੀ ਵਿੱਚ ਸੁਆਲ-ਜੁਆਬ ਦੇ ਰੂਪ ਵਿੱਚ ਇੰਜ ਵਰਣਨ ਕਰਦੇ ਹਨ:





*ਕਿਵ ਸਚਿਆਰਾ ਹੋਈਐ ( ?) ਕਿਵ ਕੂੜੈ ਤੁਟੈ ਪਾਲਿ( ?)॥*
*ਹੁਕਮਿ ਰਜਾਈ ਚਲਣਾ, ਨਾਨਕ ਲਿਖਿਆ ਨਾਲਿ (ਮ: ੧, ੧)*

**ਅਰਥ: ਸਵਾਲ** : ਮਨੁੱਖ ਆਦਰਸ਼ਕ ਜੀਵਨ ਵਾਲਾ ਕਿਵੇਂ ਬਣੇ? ਉਸ ਦੀਆਂ ਅੱਖਾਂ ਅੱਗੋਂ ਅਗਿਆਨਤਾ ਦੇ ਭੁਲੇਖਿਆਂ ਦਾ ਪਰਦਾ ਕਿਵੇਂ ਹਟੇ?

**ਜਵਾਬ:** ਰਜ਼ਾ ਦੇ ਮਾਲਿਕ (ਪ੍ਰਭੂ-ਪਿਤਾ) ਦੇ 'ਹੁਕਮ' (ਰਜ਼ਾ ਜਾਂ ਭਾਣੇ ਦੀ ਸੋਝੀ ਪ੍ਰਾਪਤ ਕਰਕੇ, ਪ੍ਰਭੂ-ਪਿਤਾ ਦੀ ਸਾਜੀ ਕੁਦਰਤਿ ਦੇ ਬ੍ਰਹਮੰਡੀ ਵਰਤਾਰੇ ਦੇ ਨਿਯਮਾਂ, ਕਾਇਦੇ-ਕਾਨੂੰਨਾਂ ਦੀ ਸੋਝੀ ਹਾਸਿਲ ਕਰਕੇ) ਅਨੁਸਾਰੀ ਬਣ ਕੇ ਜੀਵਨ ਜਿਉਂਣ ਨਾਲ (ਭਾਣੇ ਨੂੰ ਮਿੱਠਾ ਕਰਕੇ ਮੰਨਣ ਨਾਲ) ਮਨੁੱਖ ਆਦਰਸ਼ਕ ਜੀਵਨ ਵਾਲਾ ਬਣ ਸਕਦਾ ਹੈ, ਅਤੇ ਉਸ ਦੀਆਂ ਅੱਖਾਂ ਅੱਗੋਂ ਅਗਿਆਨਤਾ ਦੇ ਭੁਲੇਖਿਆਂ ਦਾ ਪਰਦਾ ਹੱਟ ਜਾਂਦਾ ਹੈ (ਉਸ ਦਾ ਮਨੁੱਖਾ ਜੀਵਨ ਸਫ਼ਲ ਹੋ ਜਾਂਦਾ ਹੈ) ਹੇ ਨਾਨਕ! ਪ੍ਰਭੂ-ਪਿਤਾ ਨੇ ਬ੍ਰਹਮੰਡੀ ਵਰਤਾਰੇ ਦੇ ਇਹ ਅਟੱਲ ਨਿਯਮ, ਸ੍ਰਿਸ਼ਟੀ ਦੀ ਸਾਜਨਾ ਸਮੇਂ ਨਾਲ ਹੀ ਸਿਰਜ ਕੇ ਲਾਗੂ ਕਰ ਦਿੱਤੇ ਸਨ।

ਅਸਲ ਵਿੱਚ ਇਨ੍ਹਾ ਦੋਨਾਂ ਪੰਕਤੀਆਂ ਵਿੱਚ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤੇ ਸਮੁੱਚੇ ਗੁਰਮਤਿ ਫ਼ਲਸਫ਼ੇ ਦਾ ਕੇਂਦਰੀ ਭਾਵ ਹੈ। ਸਮੁੱਚੀ ਗੁਰਮਤਿ ਵਿਚਾਰਧਾਰਾ ਇਸ ਕੇਂਦਰੀ ਸਿਧਾਂਤ ਦੀ ਹੀ ਵੱਖ-ਵੱਖ ਢੰਗਾਂ ਨਾਲ ਵਿਆਖਿਆ ਕਰਦੀ ਹੈ।

ਸੰਖੇਪ ਵਿੱਚ, ਸਿੱਖ ਉਹ ਪ੍ਰਾਣੀ ਹੈ ਜੋ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ 'ਗੁਰੂ ਨਾਨਕ ਫ਼ਲਸਫ਼ੇ' ਦੀ ਅਗਵਾਈ ਅਨੁਸਾਰ ਅਮਲੀ ਤੌਰ ਤੇ ਜੀਵਨ ਜਿਉਂਦਾ ਹੈ (ਗੁਰੂ ਨਾਨਕ ਫ਼ਲਸਫ਼ੇ ਦਾ ਕੇਂਦਰ ਬਿੰਦੂ ਹੈ 'ਹੁਕਮਿ ਰਜ਼ਾਈ ਚੱਲਣਾ') ਅਤੇ ਹੋਰ ਕਿਸੇ ਮੱਤ ਜਾਂ ਮਜ਼ਬ ਦਾ ਧਾਰਨੀ ਨਹੀਂ ਹੈ। ਇਸ ਤਰ੍ਹਾਂ ਕਾਦਰ ਦੀ ਕੁਦਰਤਿ ਦੇ ਨਿਯਮਾਂ ਨਾਲ ਇੱਕਸੁਰ ਹੋ ਕੇ ਚੱਲਣ ਵਾਲਾ ਹੀ ਸਿੱਖ ਹੈ।

## ਕੀ ਕੇਸਾਂ-ਰੋਮਾਂ ਦੀ ਕਾਂਟਾ-ਛਾਂਟੀ ਕਰਨ ਵਾਲਾ ਪ੍ਰਾਣੀ ਸਿੱਖ ਹੋ ਸਕਦਾ ਹੈ?

ਇਸ ਪ੍ਰਸ਼ਨ ਦਾ ਸਾਫ਼ ਅਤੇ ਸਪੱਸ਼ਟ ਉੱਤਰ ਹੈ, 'ਨਹੀਂ'। ਸਵਾਲ ਉੱਠ ਸਕਦਾ ਹੈ ਕਿ ਕਿਉਂ ਨਹੀਂ? ਜਿਵੇਂ ਕਈ 'ਚੁਸਤ-ਚਲਾਕ' ਪ੍ਰਾਣੀ ਇਹ ਕਹਿੰਦੇ ਸੁਣੇ ਜਾਂਦੇ ਹਨ ਕਿ ਜੀ, ਸਿੱਖੀ ਤਾਂ ਮਨ ਦੀ ਹੁੰਦੀ ਹੈ। ਅਸੀਂ ਮਨ ਕਰਕੇ ਪੂਰੇ ਸਿੱਖ ਹਾਂ। ਅਜਿਹੇ ਪ੍ਰਾਣੀਆਂ ਨੂੰ ਇਹ ਪੁੱਛਿਆ ਜਾਣਾ ਚਾਹੀਦਾ ਹੈ ਕਿ ਕੀ ਕੇਸ-ਰੋਮ, ਪ੍ਰਭੂ-ਪਿਤਾ ਨੇ ਮਨੁੱਖ ਦੇ ਸਰੀਰ ਦਾ ਹਿੱਸਾ ਬਣਾਏ ਹਨ ਜਾਂ ਮਨੁੱਖ ਨੇ ਇਨ੍ਹਾਂ ਨੂੰ ਕਿਸੇ ਗੈਰ-ਕੁਦਰਤੀ ਢੰਗ ਨਾਲ ਪੈਦਾ ਕਰਕੇ ਸਰੀਰ ਨਾਲ ਲਗਾਇਆ ਹੋਇਆ ਹੈ? ਜੇਕਰ ਪ੍ਰਭੂ-ਪਿਤਾ ਨੇ ਇਨ੍ਹਾਂ ਨੂੰ ਸਰੀਰ ਦਾ ਹਿੱਸਾ ਬਣਾਇਆ ਹੈ ਤਾਂ ਇਹ ਗੱਲ ਯਕੀਨੀ ਹੈ ਕਿ ਇਨ੍ਹਾਂ ਨੇ ਮਨੁੱਖੀ ਸ਼ਖਸੀਅਤ ਦੇ ਵਿਸਮਾਦੀ ਵਿਕਾਸ ਅੰਦਰ ਅਵੱਸ਼ ਹੀ ਕੋਈ ਅਹਿਮ ਰੋਲ ਅਦਾ ਕਰਨਾ ਹੈ, ਕਿਉਂਕਿ ਪਰਮੇਸ਼ਰ 'ਅਭੁੱਲ' ਹੈ:

*ਭੂਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ॥ (ਮ: ੧, ੬੧ )*

ਸਮਾਂ ਆਵੇਗਾ, ਜਦੋਂ ਵਿਗਿਆਨਕ ਖ਼ੋਜ ਇਸ ਸੱਚਾਈ ਦੀ ਪ੍ਰੋੜਤਾ ਕਰੇਗੀ। ਅਜੇ ਸਾਇੰਸਦਾਨਾਂ ਦਾ ਇਸ ਵਿਸ਼ੇ ਵੱਲ ਉਚਿਤ ਰੂਪ ਵਿੱਚ ਧਿਆਨ ਨਹੀਂ ਗਿਆ। ਕੇਸਾਂ-ਰੋਮਾਂ ਦੀ ਕਾਂਟ-ਛਾਂਟ ਕਰਨ ਵਾਲਾ ਪ੍ਰਾਣੀ ਅਸਲ ਵਿੱਚ ਰੱਬ ਦਾ ਸ਼ਰੀਕ ਹੀ ਨਹੀ, ਬਲਕਿ ਰੱਬ ਤੋਂ ਵੀ ਵੱਧ ਸਿਆਣਾ ਬਣਨ ਦਾ ਕੋਝਾ ਯਤਨ ਕਰਦਾ ਹੈ। ਅਜਿਹਾ ਪ੍ਰਾਣੀ ਤਾਂ 'ਮਨੁੱਖ' ਅਖਵਾਉਣ ਦਾ ਹੱਕਦਾਰ ਵੀ ਨਹੀਂ ਹੋ ਸਕਦਾ, ਉਸ ਨੂੰ ਸਿੱਖ ਕਿਵੇਂ ਕਿਹਾ ਜਾ ਸਕਦਾ ਹੈ?

## ਸਹਿਜਧਾਰੀ ਸਿੱਖ?

ਗੁਰੂ ਨਾਨਕ ਸਾਹਿਬ ਦੇ ਆਲਮਗੀਰੀ ਫ਼ਲਸਫ਼ੇ ਅੰਦਰ 'ਸਹਿਜਧਾਰੀ ਸਿੱਖ' ਨਾਂ ਦੀ ਕਿਸੇ ਸ਼ੈਅ ਦੀ ਉੱਕੀ ਹੀ ਕੋਈ ਹੋਂਦ ਨਹੀਂ ਹੈ। ਜਾਂ ਤਾਂ ਕੋਈ ਵਿਅਕਤੀ ਸਿੱਖ ਹੈ ਜਾਂ ਉਹ ਸਿੱਖ ਨਹੀਂ ਹੈ। 2008 ਵਿੱਚ ਸ਼੍ਰੋਮਣੀ ਕਮੇਟੀ ਨੇ ਆਪਣੇ ਪ੍ਰਬੰਧ ਹੇਠ ਚੱਲ ਰਹੇ ਮੈਡੀਕਲ ਕਾਲਿਜ ਵਿੱਚ, ਸਿੱਖ ਪਰਿਵਾਰ ਵਿੱਚ ਪੈਦਾ ਹੋਈ ਆਪਣੇ ਭਰਵੱਟਿਆਂ ਦੇ ਰੋਮਾਂ ਨੂੰ ਕੱਟਣ ਵਾਲੀ ਇੱਕ ਬੀਬੀ ਗੁਰਲੀਨ ਕੌਰ ਨੂੰ ਇਸ ਵਜ੍ਹਾ ਕਰਕੇ ਦਾਖ਼ਲਾ ਨਾ ਦਿੱਤਾ ਕਿ ਰੋਮਾਂ ਨੂੰ ਕੱਟਣ ਕਰਕੇ ਉਹ ਸਿੱਖ ਦੀ ਪ੍ਰੀਭਾਸ਼ਾ ਦੀਆਂ ਸ਼ਰਤਾਂ ਨੂੰ ਪੂਰਾ ਨਹੀਂ ਕਰਦੀ। ਇਸ ਬੀਬੀ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਸ਼੍ਰੋਮਣੀ ਕਮੇਟੀ ਦੇ ਇਸ ਫ਼ੈਸਲੇ ਨੂੰ ਚੁਣੌਤੀ ਦੇਣ ਲਈ ਮੁਕੱਦਮਾ ਦਾਖ਼ਲ ਕਰ ਦਿੱਤਾ। ਇਸ ਤੋਂ ਪਹਿਲਾਂ ਵੀ, ਕੁਝ ਅਖੌਤੀ ਸਹਿਜਧਾਰੀ ਸਿੱਖ ਸੰਸਥਾਵਾਂ ਵੱਲੋਂ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਦੀ ਚੋਣ ਵਿੱਚ 'ਸਹਿਜਧਾਰੀ ਸਿੱਖਾਂ' ਲਈ ਵੋਟ ਪਾਉਣ ਦਾ ਅਧਿਕਾਰ ਹਾਸਿਲ ਕਰਨ ਲਈ ਹਾਈਕੋਰਟ ਵਿੱਚ ਕੇਸ ਦਾਇਰ ਕੀਤਾ ਹੋਇਆ ਸੀ। ਮਾਨਯੋਗ ਹਾਈਕੋਰਟ ਨੇ ਇਨ੍ਹਾਂ ਦੋਨਾਂ ਮੁਕੱਦਮਿਆਂ ਨੂੰ ਇਕੱਠਾ ਕਰਕੇ ਸੁਣਵਾਈ ਕਰਨ ਲਈ ਸ਼੍ਰੋਮਣੀ ਕਮੇਟੀ ਨੂੰ ਹਦਾਇਤ ਕੀਤੀ ਕਿ ਉਹ ਇਸ ਮਾਮਲੇ ਵਿੱਚ ਸਿੱਖ ਅਤੇ ਸਹਿਜਧਾਰੀ ਸਿੱਖ ਦੀ ਪ੍ਰੀਭਾਸ਼ਾ ਬਾਰੇ ਹਲਫ਼ਨਾਮਾ (ਐਫ਼ੀ-ਡੈਵਿਟ) ਦਾਖ਼ਲ ਕਰੇ।

ਸ਼੍ਰੋਮਣੀ ਕਮੇਟੀ ਨੇ 22 ਨਵੰਬਰ 2008 ਨੂੰ ਆਪਣੀ ਜਨਰਲ ਬਾਡੀ ਮੀਟਿੰਗ ਵਿੱਚ ਫੈਸਲਾ ਕੀਤਾ ਕਿ ਇਸ ਵਿਸ਼ੇ ਬਾਰੇ ਕੌਮ ਦੇ ਵਿਦਵਾਨਾਂ ਦੀ ਇੱਕ ਕਮੇਟੀ ਬਣਾਈ ਜਾਵੇ ਜੋ ਇਸ ਮਾਮਲੇ ਤੇ ਡੂੰਘੀ ਵਿਚਾਰ ਕਰਕੇ ਆਪਣੀ ਸਲਾਹ/ਸਿਫ਼ਾਰਸ਼ ਦੇਵੇ। ਵਿਦਵਾਨਾਂ ਦੀ ਕਮੇਟੀ ਗਠਨ ਕਰਨ ਦਾ ਅਧਿਕਾਰ ਅਵਤਾਰ ਸਿੰਘ ਮੱਕੜ, ਪ੍ਰਧਾਨ ਸ਼੍ਰੋਮਣੀ ਕਮੇਟੀ ਨੂੰ ਦੇ ਦਿੱਤਾ ਗਿਆ। ਪ੍ਰਧਾਨ ਜੀ ਨੇ ਸ਼੍ਰੋਮਣੀ ਕਮੇਟੀ ਦੇ ਵਿਦਵਾਨਾਂ ਦੀ 7 ਮੈਂਬਰੀ ਕਮੇਟੀ ਗਠਨ ਕਰ ਦਿੱਤੀ ਤਾ ਕਿ ਇਸ ਮਾਮਲੇ ਤੇ ਵਿਚਾਰਾਂ ਕਰਕੇ 5 ਦਸੰਬਰ 2008 ਤੱਕ ਸ਼੍ਰੋਮਣੀ ਕਮੇਟੀ ਦੀ ਕਾਰਜਕਾਰੀ ਕਮੇਟੀ ਸਾਹਮਣੇ ਸਿਫ਼ਾਰਸ਼ਾਂ ਨੂੰ ਪੇਸ਼ ਕੀਤਾ ਜਾ ਸਕੇ। ਇਨ੍ਹਾਂ ਵਿਦਵਾਨਾਂ ਵਿੱਚ ਹੇਠ ਲਿਖੀਆਂ ਸ਼ਖ਼ਸ਼ੀਅਤਾਂ ਸ਼ਾਮਿਲ ਕੀਤੀਆਂ ਗਈਆਂ :

1. ਡਾ. ਅਨੁਰਾਗ ਸਿੰਘ (ਕਾਰਜਕਾਰੀ ਮੁੱਖੀ ਸਿੱਖ ਇਤਿਹਾਸ ਰੀਸਰਚ ਬੋਰਡ)।
2. ਜੀ.ਐਸ.ਲਾਂਬਾ (ਸੰਪਾਦਕ 'ਸੰਤ ਸਿਪਾਹੀ')।
3. ਬੀਬੀ ਕਿਰਨਜੋਤ ਕੌਰ (ਮੈਂਬਰ ਸ਼੍ਰੋਮਣੀ ਕਮੇਟੀ), ਸਵ: ਮਾਸਟਰ ਤਾਰਾ ਸਿੰਘ ਦੀ ਦੋਹਤਰੀ।





4. ਦਲਮੇਗ ਸਿੰਘ (ਸਕੱਤਰ ਸ਼੍ਰੋਮਣੀ ਕਮੇਟੀ)।
5. ਡਾ. ਸੂਬਾ ਸਿੰਘ
6. ਜੇ.ਐਸ. ਸਾਬਰ
7. ਸ. ਸੁਖਦੇਵ ਸਿੰਘ ਭੌਰ।

ਪਹਿਲੀ ਗੱਲ ਵੇਖਣ ਵਾਲੀ ਇਹ ਹੈ ਕਿ ਉਪਰ ਵਰਣਨ 'ਵਿਦਵਾਨਾਂ' ਵਿੱਚ ਸਹੀ ਮਾਅਨਿਆਂ ਵਿੱਚ ਕੋਈ ਵਿਅਕਤੀ ਨਿਰਪੱਖ ਹੋ ਕੇ 'ਗੁਰੂ ਨਾਨਕ ਫ਼ਲਸਫ਼ੇ' ਦੀ ਸਿਧਾਂਤਕ ਸਪੱਸ਼ਟਤਾ ਰੱਖਣ ਵਾਲਾ ਹੈ ਵੀ ਕਿ ਨਹੀ? ਇਹ ਸਾਰੇ ਹੀ ਸ਼੍ਰੋਮਣੀ ਕਮੇਟੀ ਦੇ 'ਘਰੇਲੂ ਵਿਦਵਾਨ' ਹਨ। ਖ਼ੈਰ। ਇਨ੍ਹਾਂ ਵਿਦਵਾਨਾਂ ਦੀ 26 ਨਵੰਬਰ ਨੂੰ ਚੰਡੀਗੜ੍ਹ ਵਿਖੇ ਮੀਟਿੰਗ ਹੋਈ ਦੱਸੀ ਜਾਂਦੀ ਹੈ ਜਿਸ ਵਿੱਚ ਇਨ੍ਹਾਂ ਨੇ ਆਪਣੀ ਰੀਪੋਰਟ ਵਿੱਚ 'ਸਿੱਖ' 'ਸਹਿਜਧਾਰੀ' ਅਤੇ 'ਪਤਿਤ' ਬਾਰੇ ਆਪਣਾ ਫ਼ੈਸਲਾ ਕਾਰਜਕਾਰੀ ਕਮੇਟੀ ਨੂੰ ਸੌਂਪ ਦਿੱਤਾ।

ਇਨ੍ਹਾਂ 'ਵਿਦਵਾਨਾਂ' ਦੇ ਫ਼ੈਸਲੇ ਨੂੰ ਵਿਚਾਰਨ ਲਈ ਕਾਰਜਕਾਰੀ ਕਮੇਟੀ ਦੀ ਇਕੱਤ੍ਰਤਾ ਸ਼੍ਰੋਮਣੀ ਕਮੇਟੀ ਦੇ ਸਬ-ਆਫ਼ਿਸ ਚੰਡੀਗੜ੍ਹ ਵਿਖੇ 3 ਦਸੰਬਰ ਨੂੰ ਹੋਈ ਜਿਸ ਵਿੱਚ ਇਨ੍ਹਾਂ 'ਵਿਦਵਾਨਾਂ ਦੀ ਕਮੇਟੀ' ਦੀਆਂ ਸਿਫ਼ਾਰਸ਼ਾਂ ਨੂੰ ਪੂਰਨ ਤੌਰ ਤੇ ਪ੍ਰਵਾਨ ਕਰਕੇ ਹੇਠ ਲਿਖਿਆ ਮਤਾ ਪਾਸ ਕੀਤਾ ਗਿਆ ਤਾ ਕਿ ਇਸ ਨੂੰ ਐਫ਼ੀਡੈਵਿਟ ਦੇ ਰੂਪ ਵਿੱਚ 8 ਦਸੰਬਰ ਤੋਂ ਪਹਿਲਾਂ ਹਾਈਕੋਰਟ ਵਿੱਚ ਦਾਖ਼ਲ ਕੀਤਾ ਜਾ ਸਕੇ:

(vi) The definitions of various words and phrases used in the Sikh Gurdwara Act 1925 are provided in Section 2 of the said Act. These definitions are relevant for the purpose of the interpretation of the substantive provisions of the Act.

(v) As per Section 2 (10-A) a *Sahajdhari Sikh* is a person (i) who performs ceremonies according to Sikh rites; (ii) who does not use tobacco, *Kutha* (ਕੁੱਠਾ) *Halal Meat* in any form; (iii) who is not a *Patit* (Apostate) and (iv) who can recite *Mulmantra*: Proem to *Sri Guru Granth Sahib.*

Hence a person can not claim to be a Sahajdhari by trimming/cutting his/her hair, beard or eye-brows in any manner.

## ਬਿੱਲੀ ਥੈਲੇ ਵਿੱਚੋਂ ਬਾਹਰ ਆ ਗਈ

ਇਸ ਮਤੇ 'ਤੇ ਡਾ. ਅਨੁਰਾਗ ਸਿੰਘ ਦੇ ਦਸਤਖਤ ਨਹੀਂ ਹਨ। ਬਾਕੀ ਸਾਰੇ ਛੇ 'ਵਿਦਵਾਨਾਂ' ਦੇ ਹਨ ਅਤੇ ਇਸ 'ਵਿਦਵਾਨ' ਪਾਸੋਂ ਸ਼੍ਰੋਮਣੀ ਕਮੇਟੀ ਮਿਆਰੀ ਸਿੱਖ ਇਤਿਹਾਸ

ਲਿਖਵਾਉਣ ਦੀਆਂ ਤਿਆਰੀਆਂ ਕਰ ਰਹੀ ਸੀ। ਸਦ ਅਫ਼ਸੋਸ!

ਕਥਿਤ ਤੌਰ ਤੇ ਉੱਪਰ ਦਿੱਤੇ ਮੱਤੇ ਦੇ ਆਧਾਰ ਤੇ ਸ਼੍ਰੋਮਣੀ ਕਮੇਟੀ ਦੇ ਵਕੀਲਾਂ ਵੱਲੋਂ 5 ਦਸੰਬਰ ਨੂੰ ਹਾਈਕੋਰਟ ਵਿੱਚ ਹੇਠਾਂ ਦਿੱਤਾ ਐਫ਼ੀਡੈਵਿਟ ਦਾਖ਼ਲ ਕੀਤਾ ਗਿਆ :

Hence Sahajdhari Sikhs are those novices who are born in non-sikh families and who expressed their desire to adopt sikhism slowly and gradually, adopt its doctrines, ethics and tenets with belief in Shri Guru Granth Sahib and ten Gurus. A Sahajdhari, therefore, is a novice who has entered the path of sikhism, and he will continue to be so till he fully accepts the moral and spiritual vows of sikhism to be called a practicing sikh professing sikhism. Once a Sahajdhari becomes a keshadhari sikh, he under no circumstances by cutting/trimming his/her hair, beard, eye-brows in any manner, can claim to be sahajdhari sikh. Similarly, a sikh born into a sikh family can not claim to be a Sahajdhari Sikh by trimming/cutting his/her hair, beard or eye-brows in any manner.

ਇਹ ਬੜੀ ਹੈਰਾਨੀ ਵਾਲੀ ਗੱਲ ਹੈ ਕਿ ਸ਼੍ਰੋਮਣੀ ਕਮੇਟੀ ਦੀ ਕਾਰਜਕਾਰੀ ਕਮੇਟੀ ਵੱਲੋਂ ਐਫ਼ੀਡੈਵਿਟ ਦਾਖ਼ਲ ਕਰਨ ਲਈ 3 ਦਸੰਬਰ ਨੂੰ ਪਾਸ ਕੀਤੇ ਮਤੇ ਨੂੰ ਮੁਕੰਮਲ ਤੌਰ ਤੇ ਨਜ਼ਰ-ਅੰਦਾਜ਼ ਕਰਕੇ ਕਮੇਟੀ ਦੇ ਵਕੀਲਾਂ ਵੱਲੋਂ ਆਪ-ਹੁਦਰੇ ਹੋ ਕੇ ਉੱਪਰ ਦਿੱਤਾ ਹਲਫ਼ਨਾਮਾਂ 5 ਦਸਬੰਰ ਨੂੰ ਦਾਖ਼ਲ ਕਰ ਦਿੱਤਾ ਗਿਆ। ਕੌਮ ਦਾ ਦਰਦ ਰੱਖਣ ਵਾਲੇ ਵਿਦਵਾਨਾਂ ਅਤੇ ਜਥੇਬੰਦੀਆਂ ਨੇ ਇਸ ਆਪ-ਹੁਦਰੇਪਨ ਦੇ ਖ਼ਿਲਾਫ਼ ਆਵਾਜ਼ ਉਠਾਈ। ਸ਼੍ਰੋਮਣੀ ਕਮੇਟੀ ਦੇ ਕਾਰਕੁਨਾਂ ਨੇ ਬੌਖ਼ਲਾਹਟ ਵਿੱਚ ਆਕੇ ਇਕ-ਦੂਜੇ ਦੇ ਖ਼ਿਲਾਫ਼ ਬਿਆਨ ਦਾਗ਼ੇ।

ਹਾਈਕੋਰਟ ਵਿੱਚ ਕੁਫ਼ਰ ਤੋਲਦਿਆਂ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਦੇ ਵਕੀਲ, ਪੰਜਾਬ ਦੇ ਐਡਵੋਕੇਟ ਜਨਰਲ ਦੇ ਘੋਨ-ਮੋਨ ਪੁੱਤਰ ਪਵਿੱਤ ਮੱਤੇਵਾਲ ਨੇ ਸਹਿਜਧਾਰੀਆਂ ਦੇ ਹੱਕ ਵਿੱਚ ਵਕਾਲਤ ਕਰਦਿਆਂ ਇਥੋਂ ਤੱਕ ਵੀ ਕਹਿ ਦਿੱਤਾ ਕਿ, "ਇਤਿਹਾਸਕ ਤੌਰ 'ਤੇ ਕੋਈ ਦਸਤਾਵੇਜ਼ੀ ਸਬੂਤ ਨਹੀਂ ਮਿਲਦੇ ਜਿਸ ਤੋਂ ਇਹ ਸਾਬਿਤ ਹੋ ਸਕੇ ਕਿ ਪਹਿਲੇ 9 ਗੁਰੂ ਸਾਹਿਬਾਨ 'ਕੇਸ਼ਾਧਾਰੀ' ਸਨ"। ਮਾਨਯੋਣ ਜੱਜ ਨੇ ਇਸ ਵਿਅਕਤੀ ਨੂੰ ਝਿੜਕ ਕੇ ਅਜਿਹੀ ਬਕਵਾਸ ਕਰਨ ਤੋਂ ਰੋਕ ਕੇ ਚੰਗਾ ਹੀ ਕੀਤਾ। ਗੁਰਮਤਿ ਗਾਡੀ ਰਾਹ ਤੋਂ ਬੁਰੀ ਤਰ੍ਹਾਂ ਭਟਕੇ ਹੋਏ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੇ 2 ਜਨਵਰੀ 2009 ਨੂੰ ਅਖੌਤੀ ਸਿੱਖ 'ਬੁਧੀਜੀਵੀਆਂ' ਅਤੇ 'ਪੰਥਕ ਜਥੇਬੰਦੀਆਂ' ਦੇ ਨੁਮਾਇੰਦਿਆਂ ਦੀ, ਜਿਸ ਵਿੱਚ ਸੰਤ-ਸਮਾਜੀਏ ਵੀ ਸ਼ਾਮਿਲ ਸਨ, ਗੁਰੂ ਨਾਨਕ ਨਿਵਾਸ ਅੰਮ੍ਰਿਤਸਰ ਵਿਖੇ ਇੱਕ ਇਕੱਤ੍ਰਤਾ ਬੁਲਾਕੇ ਫ਼ੈਸਲਾ ਕਰਵਾ ਲਿਆ ਕਿ ਸਿੱਖ ਗੁਰਦੁਆਰਾ ਐਕਟ 1925 ਵਿੱਚ ਦਰਜ ਕੀਤੀ ਸਿੱਖ ਦੀ ਪ੍ਰੀਭਾਸ਼ਾ ਮੁਤਾਬਕ ਹੀ ਹਾਈਕੋਰਟ ਵਿੱਚ ਨਵਾਂ ਹਲਫ਼ਨਾਮਾਂ ਦਾਖ਼ਲ ਕੀਤਾ





ਜਾਵੇ। ਮੱਕੜ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ, "ਕੇਸ਼ਾਧਾਰੀ ਹੀ ਸਿੱਖ ਹੈ। ਜਿਹੜਾ ਸਿੱਖ ਪਤਿਤ ਹੋ ਜਾਂਦਾ, ਉਹ ਸਹਿਜਧਾਰੀ ਹੁੰਦਾ ਹੈ"। ਮੀਟਿੰਗ ਵਿਚਲੇ ਫੈਸਲੇ 'ਤੇ ਸ. ਮੱਕੜ ਨੇ ਹਾਜ਼ਰ ਨੁਮਾਇੰਦਿਆਂ ਦੇ ਦਸਤਖਤ ਵੀ ਕਰਵਾਏ। ਬਲਿਹਾਰ ਜਾਈਏ ਇਨ੍ਹਾਂ ਕੌਮੀ 'ਵਿਦਵਾਨਾਂ' ਤੋਂ! ਕੀ ਗੁਰਮਤਿ ਸਿਧਾਂਤਾਂ ਦੀ ਸਪੱਸ਼ਟ ਸੋਝੀ ਤੋਂ ਕੋਰੇ ਇਹ ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਇਸ ਦੇ ਘਰੇਲੂ ਵਿਦਵਾਨਾਂ ਨੂੰ ਸਿੱਖ ਦੀ ਪ੍ਰੀਭਾਸ਼ਾ ਹੀ ਪਤਾ ਨਹੀਂ। ਇਹ ਸਿੱਖੀ ਦਾ ਪ੍ਰਚਾਰ ਕੀ ਕਰਨਗੇ? ਸਿੱਖ ਦੀ ਪ੍ਰੀਭਾਸ਼ਾ ਦਾ ਫ਼ੈਸਲਾ ਜਾਂ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਹੁਣ ਦੁਨਿਆਵੀ ਕਾਨੂੰਨ ਕਰਿਆ ਕਰਨਗੇ?

'ਸਿੱਖ' ਅਤੇ 'ਸਹਿਜਧਾਰੀ ਸਿੱਖ' ਦਾ ਮੌਜੂਦਾ ਅਤੇ ਬੇਲੋੜਾ ਮਸਲਾ ਬਿਪਰਵਾਦੀਆਂ ਦੇ ਇਸ਼ਾਰੇ ਤੇ ਹੀ ਉਠਾਇਆ ਜਾ ਰਿਹਾ ਹੈ। ਅਸਲ ਵਿੱਚ ਆਰ.ਐਸ.ਐਸ. (ਰਾਸ਼ਟਰੀਆ ਸੋਇਮ-ਸੇਵਕ ਸੰਘ, ਜਨ ਸੰਘ ਦੀ ਮਾਂ) ਦੇ ਗ਼ੁਲਾਮ, ਸਿੱਖੀ ਸਰੂਪ ਵਿੱਚ ਵਿਚਰ ਰਹੇ ਖ਼ੁਦਗਰਜ਼ ਸਿਆਸਤਦਾਨ ਅਤੇ ਇਨ੍ਹਾਂ ਸਿਆਸਤਦਾਨਾਂ ਦੇ ਜੀ-ਹਜ਼ੂਰੀਏ ਅਖੌਤੀ ਸਿੱਖ ਧਾਰਮਕ ਆਗੂ (ਪ੍ਰਧਾਨ ਸ਼੍ਰੋਮਣੀ ਕਮੇਟੀ, ਅਖੌਤੀ ਜਥੇਦਾਰ ਤਖ਼ਤ ਸਹਿਬਾਨ ਵਗ਼ੈਰਾ) ਇਸ ਮਾਨਵ ਹੱਕਾਂ ਦੀ ਵਿਰੋਧੀ ਜਮਾਤ ਦੇ ਹੱਥ-ਠੋਕੇ ਬਣਕੇ, ਸਿੱਖ ਕੌਮ ਨੂੰ ਬ੍ਰਾਹਮਣਵਾਦ ਦੇ ਖਾਰੇ ਸਮੁੰਦਰ ਵਿੱਚ ਡਬੋਣ ਲਈ ਪੱਬਾਂ-ਭਾਰ ਹੋਏ ਫਿਰ ਰਹੇ ਹਨ ਅਤੇ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤੇ ਸਰਬੱਤ ਦੇ ਭਲੇ ਦੇ ਆਲਮਗੀਰੀ ਫ਼ਲਸਫ਼ੇ ਨੂੰ ਚੁਣੌਤੀਆਂ ਦੇ ਕੇ ਗੁਰੂ ਨਾਨਕ ਸਾਹਿਬ ਨਾਲ ਗ਼ਦਾਰੀਆਂ ਕਰਨ ਤੇ ਤੁਲੇ ਹੋਏ ਹਨ। ਜੇਕਰ ਅਜੇ ਵੀ ਇਨ੍ਹਾਂ ਅੰਦਰ ਗੁਰੂ ਨਾਨਕ ਸਾਹਿਬ ਪ੍ਰਤੀ ਕੋਈ ਮਾੜੀ-ਮੋਟੀ ਸ਼ਰਧਾ ਹੈ, ਤਾਂ ਇਸ ਦੇ ਸਬੂਤ ਵਜੋਂ ਅਜਿਹੀਆਂ ਕਾਲੀਆਂ ਕਰਤੂਤਾਂ ਲਈ ਇਨ੍ਹਾਂ ਵੱਲੋਂ ਸਮੁੱਚੀ ਸਿੱਖ ਕੌਮ ਤੋਂ ਲਿਖਤੀ ਰੂਪ ਵਿੱਚ ਮੁਆਫ਼ੀ ਮੰਗ ਕੇ ਜ਼ਿੰਦਗੀ-ਭਰ ਲਈ ਕੌਮ ਦੇ ਸਾਰੇ ਅਹੁਦਿਆਂ ਤੋਂ ਫ਼ਾਰਗ ਹੋ ਜਾਣ ਦਾ ਐਲਾਨ ਕਰ ਦੇਣਾ ਚਾਹੀਦਾ ਹੈ। ਕੀ ਇਹ 'ਭਦਰਪੁਰਸ਼' ਅਜਿਹਾ ਕਰਨ ਦੀ ਇਖ਼ਲਾਕੀ ਜੁਰੱਅਤ ਕਰ ਸਕਣਗੇ? ਇਨ੍ਹਾਂ ਵੱਲੋਂ ਅਜਿਹਾ ਕ੍ਰਿਸ਼ਮਾ ਕਰ ਸਕਣ ਦੀ ਕੋਈ ਸੰਭਾਵਨਾ ਨਜ਼ਰ ਨਹੀਂ ਆਉਂਦੀ।

## ਸਾਰਅੰਸ਼ :

'ਸੌ ਹੱਥ ਰੱਸਾ ਸਿਰੇ ਤੇ ਗੰਢ'। ਸਿੱਖ ਦੀ ਪ੍ਰੀਭਾਸ਼ਾ ਨੂੰ ਸਿੱਖ ਕੌਮ ਦੇ ਬਾਨੀ ਗੁਰੂ ਨਾਨਕ ਸਾਹਿਬ ਨੇ ਆਪ ਆਪਣੇ ਮੁਬਾਰਕ ਕਰ-ਕਮਲਾਂ ਨਾਲ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ, ਫ਼ਲਸਫ਼ੇ ਅੰਦਰ ਦਰਜ਼ ਕੀਤਾ ਹੋਇਆ ਹੈ। **ਗੁਰੂ ਸਾਹਿਬ ਵੱਲੋਂ ਮੁਕੱਰਰ ਕੀਤੀ ਸਿੱਖ ਦੀ ਇਸ ਪ੍ਰੀਭਾਸ਼ਾ ਨਾਲ ਛੇੜ-ਛਾੜ ਕਰਨ ਦਾ ਨਾਂ ਤਾਂ ਕਿਸੇ ਸੰਸਥਾ, ਜਥੇਬੰਦੀ ਜਾਂ ਵਿਅਕਤੀ-ਵਿਸ਼ੇਸ਼ ਨੂੰ ਹੀ ਕੋਈ ਅਧਿਕਾਰ ਹੈ ਅਤੇ ਨਾ ਹੀ ਕਿਸੇ ਹਕੂਮਤ ਜਾਂ ਅਦਾਲਤ ਨੂੰ। ਇਸ ਬੁਨਿਆਦੀ ਮਸਲੇ ਬਾਰੇ ਕਿਸੇ ਧਿਰ ਨੂੰ ਵੀ ਕੋਈ ਸ਼ੱਕ-ਸ਼ੁਭਾ ਨਹੀਂ ਹੋਣਾ ਚਾਹੀਦਾ। ਮਨੁੱਖਤਾ ਦੀ ਭਲਾਈ ਇਸੇ ਵਿੱਚ ਹੀ ਹੈ।**

## 'ਸੰਤ', 'ਸਾਧ' 'ਬ੍ਰਹਮਗਿਆਨੀ' ਕੌਣ ?

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸਤਿਗੁਰਾਂ ਵੱਲੋਂ ਅੰਕਿਤ ਕੀਤੀ ਧੁਰ ਕੀ ਬਾਣੀ ਵਿੱਚ ਸੰਤ, ਸਾਧ ਅਤੇ ਬ੍ਰਹਮਗਿਆਨੀ ਬਾਰੇ ਬੜੀ ਸਪੱਸ਼ਟ ਅਤੇ ਅਟੱਲ ਜਾਣਕਾਰੀ ਦਿੱਤੀ ਹੋਈ ਹੈ। ਗੁਰੂ ਨਾਨਕ ਸਾਹਿਬ ਵੱਲੋਂ ਪ੍ਰਚਾਰੇ ਅਤੇ ਅਮਲੀ ਤੌਰ 'ਤੇ ਕਮਾਏ ਹੋਏ ਅਟੱਲ ਰੱਬੀ ਸਿਧਾਂਤਾਂ ਬਾਰੇ ਬੁਨਿਆਦੀ ਸੂਝ-ਬੂਝ ਦੀ ਘਾਟ ਕਾਰਨ ਇਨ੍ਹਾਂ ਸ਼ਬਦਾਂ (ਸੰਤ, ਸਾਧ, ਬ੍ਰਹਮਗਿਆਨੀ) ਦੀ ਦੁਰ-ਵਿਆਖਿਆ ਕਰ ਕੇ ਚਾਲਾਕ ਅਤੇ ਖ਼ੁਦਗਰਜ਼ ਲੋਕਾਂ ਨੇ ਇਹ ਡਿਗਰੀਆਂ ਆਪਣੇ ਨਾਵਾਂ ਨਾਲ ਅਣ-ਅਧਿਕਾਰਤ ਤੌਰ 'ਤੇ ਚਿਪਕਾ ਲਈਆਂ ਅਤੇ ਭੋਲੀ-ਭਾਲੀ ਸੰਗਤਿ ਨੂੰ ਆਪਣੇ ਧਾਰਮਿਕ ਲਿਬਾਸ (ਪਾਖੰਡ ਪਹਿਰਾਵਾ) ਨਾਲ ਗੁਮਰਾਹ ਕਰ ਕੇ ਉਨ੍ਹਾਂ ਦਾ ਹਰ ਪੱਖ ਤੋਂ ਸ਼ੋਸ਼ਣ ਕਰਨਾ ਅਰੰਭ ਕਰ ਦਿੱਤਾ। ਇਨ੍ਹਾਂ ਅਧਿਆਤਮਕ ਪਦ-ਪਦਵੀਆਂ ਬਾਰੇ ਨਿਰਣਾ ਵੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਕਰਵਾਉਂਣਾ ਉੱਚਿਤ ਹੋਵੇਗਾ।

## ਸੰਤ

ਆਮ ਕਰਕੇ ਇਹ ਸ਼ਬਦ, ਗੁਰੂ (ਸ਼ਬਦ-ਗੁਰੂ) ਵਾਸਤੇ ਵਰਤਿਆ ਗਿਆ ਹੈ, ਪਰ ਕਿਤੇ-ਕਿਤੇ ਸਤਿਸੰਗੀਆਂ, ਪਰਮੇਸ਼ਰ, ਸਹਿਜ ਅਵੱਸਥਾ ਵਿੱਚ ਅੱਪੜੇ ਪ੍ਰਾਣੀਆਂ ਅਤੇ ਨਕਲੀ ਸੰਤਾਂ ਵਾਸਤੇ ਵੀ ਇਸ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਆਓ, ਆਪਾਂ ਵੀ ਦਰਸ਼ਨ ਕਰੀਏ!

*ਸੰਤ ਸਰਨਿ ਜੋ ਜਨੁ ਪਰੈ, ਸੋ ਜਨੁ ਉਧਰਨਹਾਰ॥*
*ਸੰਤ ਕੀ ਨਿੰਦਾ ਨਾਨਕਾ, ਬਹੁਰਿ ਬਹੁਰਿ ਅਵਤਾਰ॥ (ਮ: ੫, ੨੭੯)*

**ਭਾਵ** : ਜੋ ਮਨੁੱਖ ਪਰਮੇਸ਼ਰ ਰੂਪ ਸ਼ਬਦ-ਗੁਰੂ ਤੋਂ ਅਗਵਾਈ ਲੈ ਕੇ ਪ੍ਰਭੂ-ਪਿਤਾ (**ਸੰਤ**) ਦੀ ਸ਼ਰਨ ਪੈਂਦਾ ਹੈ, ਉਹ ਮਾਇਆ ਦੇ ਹੱਲਿਆਂ ਤੋਂ ਬਚ ਨਿਕਲਦਾ ਹੈ; ਪਰ ਹੇ ਨਾਨਕ! **ਸੰਤ** (**ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ**) ਦੀ ਨਿੰਦਿਆ ਕਰਨ ਨਾਲ ਮੁੜ-ਮੁੜ ਕੇ ਜਨਮ-ਮਰਨ ਦੇ ਚੱਕਰ ਵਿੱਚ ਪੈ ਜਾਈਦਾ ਹੈ।

*ਕਹੈ ਨਾਨਕੁ, ਸੁਣਹੁ ਸੰਤਹੁ ਸਬਦਿ ਧਰਹੁ ਪਿਆਰੋ॥*
*ਸਾਚਾ ਨਾਮੁ ਮੇਰਾ ਆਧਾਰੋ॥ (ਮ:੩,੯੧੭)*

**ਭਾਵ**: ਗੁਰੂ ਨਾਨਕ ਸਾਹਿਬ ਫ਼ੁਰਮਾਂਦੇ ਹਨ-ਹੇ **ਸੰਤ ਜਨੋ (ਹੇ ਸਤਸੰਗੀਓ! ਹੇ ਜਗਿਆਸੂਓ!)** ਗੁਰੂ ਦਾ ਉਪਦੇਸ਼ ਸੁਣੋ, ਗੁਰੂ (ਸ਼ਬਦ-ਗੁਰੂ) ਦੇ ਉਪਦੇਸ਼ ਨਾਲ ਪਿਆਰ ਬਣਾਓ। (ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਪਾਲਣਾ ਕਰ ਕੇ ਹੀ) ਪ੍ਰਭੂ ਦਾ ਸਦਾ ਕਾਇਮ ਰਹਿਣ ਵਾਲਾ ਨਾਮ (ਪ੍ਰੇਮ) ਮੇਰੀ ਜ਼ਿੰਦਗੀ ਦਾ ਆਸਰਾ ਬਣ ਗਿਆ ਹੈ।

*ਭਾਗੁ ਹੋਆ, ਗੁਰਿ ਸੰਤੁ ਮਿਲਾਇਆ॥ ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥*
*ਸੇਵ ਕਰੀ ਪਲੁ ਚਸਾ ਨ ਵਿਛੁੜਾ, ਜਨ ਨਾਨਕ ਦਾਸ ਤੁਮਾਰੇ ਜੀਉ॥ ੪ (ਮ:੫, ੯੭)*





**ਭਾਵ** : ਮੇਰੇ (ਪੂਰਬਲੇ) ਭਾਗ ਜਾਗ ਪਏ ਹਨ, ਸ਼ਬਦ-ਗੁਰੂ ਨੇ ਮੈਨੂੰ (**ਸ਼ਾਂਤੀ ਦਾ ਸੋਮਾ) ਪਰਮਾਤਮਾ** ਮਿਲਾ ਦਿਤਾ ਹੈ। (ਗੁਰ ਪਰਮੇਸ਼ਰ ਦੀ ਕਿਰਪਾ ਨਾਲ ਉਸ) ਅਬਿਨਾਸੀ ਪ੍ਰਭੂ ਨੂੰ ਮੈਂ ਆਪਣੇ ਹਿਰਦੇ ਵਿੱਚ ਹੀ ਲੱਭ ਲਿਆ ਹੈ। ਹੇ ਦਾਸ ਨਾਨਕ!

(ਆਖ-ਹੇ ਪ੍ਰਭੂ! ਮਿਹਰ ਕਰ) ਮੈਂ ਤੇਰੇ ਦਾਸਾਂ ਦੀ (ਨਿੱਤ) ਸੇਵਾ ਕਰਦਾ ਰਹਾਂ (ਤੇਰੇ ਅਟੱਲ ਹੁਕਮਾਂ ਦੀ ਪਾਲਣਾ ਕਰਦਾ ਰਹਾਂ) ਅਤੇ ਤੇਰੀ ਜੀਵਨ-ਦਾਤੀ ਮਿੱਠੀ ਯਾਦ ਸਦਾ ਮੇਰੇ ਹਿਰਦੇ ਵਿੱਚ ਟਿਕੀ ਰਹੇ।

*ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥*
*ਧੰਨੁ ਸਿ ਸੇਈ ਨਾਨਕਾ, ਪੂਰਨੁ ਸੋਈ ਸੰਤੁ॥ ੧॥ (ਮ:੫, ੩੧੯)*

**ਭਾਵ**: ਜਿਨ੍ਹਾਂ ਮਨੁੱਖਾਂ ਦੇ ਹਿਰਦੇ ਵਿੱਚ ਰੱਬ ਦੀ ਜੀਵਨ-ਦਾਤੀ ਮਿੱਠੀ ਯਾਦ ਹਰ ਵਕਤ ਇਕ-ਰਸ ਵਸੀ ਰਹਿੰਦੀ ਹੈ, **ਸ਼ਬਦ-ਗੁਰੂ ਦਾ ਉਪਦੇਸ਼ ਜਿਨ੍ਹਾਂ ਦੇ ਮਨੋਂ ਕਦੇ ਵੀ ਵਿਸਰਦਾ ਨਹੀਂ, ਉਹ ਮਨੁੱਖ ਧੰਨਤਾਯੋਗ ਹਨ, ਉਹੀ ਮਨੁੱਖ ਪੂਰਨ ਸੰਤ ਹਨ।**

*ਗਜ ਸਾਢੇ ਤੈ ਤੈ ਧੋਤੀਆ, ਤਿਹਰੇ ਪਾਇਨਿ ਤਗ॥*
*ਗਲੀ ਜਿਨ੍ਹਾਂ ਜਪਮਾਲੀਆਂ, ਲੋਟੇ ਹਥਿ ਨਿਬਗ॥*
*ਓਇ ਹਰਿ ਕੇ ਸੰਤ ਨ ਆਖੀਅਹਿ, ਬਾਨਾਰਸਿ ਕੇ ਠਗ॥੧॥*
*ਐਸੇ ਸੰਤ, ਨ ਮੋ ਕਉ ਭਾਵਹਿ॥ ਡਾਲਾਂ ਸਿਉ ਪੇਡਾ ਗਟਕਾਵਹਿ ॥੧॥*
*ਰਹਾਉ॥ (ਕਬੀਰ ਜੀ, ੪੭੬)*

**ਭਾਵ** : (ਜੋ ਮਨੁੱਖ) ਸਾਢੇ ਤਿੰਨ-ਤਿੰਨ ਗਜ (ਲੰਮੀਆਂ) ਧੋਤੀਆਂ (ਪਹਿਨਦੇ ਅਤੇ) ਤਿਹਰੀਆਂ ਤੰਦਾਂ ਵਾਲੇ ਜਨੇਊ ਪਾਉਂਦੇ ਹਨ, ਜਿਨ੍ਹਾਂ ਦੇ ਗਲਾਂ ਵਿੱਚ ਮਾਲਾ ਹਨ ਤੇ ਹੱਥ ਵਿੱਚ ਲਿਸ਼ਕਦੇ ਹੋਏ ਲੋਟੇ ਹਨ, (ਨਿਰੇ ਇਨ੍ਹਾਂ ਲੱਛਣਾਂ ਕਰਕੇ) ਉਹ ਮਨੁੱਖ **ਪ੍ਰਭੂ ਦੇ ਭਗਤ** (ਸੰਤ) ਨਹੀਂ ਆਖੇ ਜਾਣੇ ਚਾਹੀਦੇ, ਉਹ ਤਾਂ (ਅਸਲ ਵਿੱਚ) ਬਨਾਰਸੀ ਠੱਗ ਹਨ।੧।

ਮੈਨੂੰ ਅਜਿਹੇ ਨਕਲੀ ਸੰਤ ਚੰਗੇ ਨਹੀਂ ਲਗਦੇ, ਜੋ ਮੂਲ ਨੂੰ ਵੀ ਟਹਿਣੀਆਂ ਸਮੇਤ ਖਾ ਜਾਣ (ਭਾਵ ਜੋ ਮਾਇਆ ਦੀ ਖਾਤਰ ਕਿਸੇ ਵੀ ਪਾਪ-ਕਰਮ ਤੋਂ ਸੰਕੋਚ ਨਾ ਕਰਨ)।੧। ਰਹਾਉ।

**ਨੋਟ** : ਬਾਣੀ ਗੁਰੂ ਦੇ ਉਪਦੇਸ਼ ਸਮੁੱਚੀ ਮਨੁੱਖਤਾ ਲਈ ਸਾਂਝੇ ਹਨ। ਇਥੇ ਉਦਾਹਰਣ ਵਜੋਂ ਇੱਕ ਕਰਮ-ਕਾਂਡੀ ਬ੍ਰਾਹਮਣ ਦੀ ਮਿਸਾਲ ਦਿੱਤੀ ਹੈ ਪਰ ਸਮੁੱਚਾ ਭਾਵ ਇਹ ਹੈ ਕਿ ਕਿਸੇ ਵੀ ਧਰਮ-ਕਰਮ ਦੇ ਵਿਖਾਵੇ (ਭੇਖ ਆਦਿਕ) ਦੇ ਧਾਰਨੀ ਹੋਣ ਮਾਤਰ ਨਾਲ ਹੀ ਕਲਿਆਣ ਨਹੀਂ ਹੋ ਸਕਦਾ। **ਜੋ ਮਨੁੱਖ ਭੇਖ (ਕਿਸੇ ਖ਼ਾਸ ਕਿਸਮ ਦੇ ਪਹਿਰਾਵੇ) ਦੇ ਜ਼ੋਰ ਨਾਲ 'ਸੰਤ' ਅਖਵਾਉਂਣ ਦੇ ਪੁੱਠੇ ਰਸਤੇ ਤੇ ਚੱਲ ਰਿਹਾ ਹੈ ਉਹ ਆਪ ਤਾਂ ਡੁਬੇਗਾ ਹੀ ਡੁਬੇਗਾ, ਆਪਣੇ ਸੰਗੀਆਂ-ਸਾਥੀਆਂ ਦਾ ਵੀ ਬੇੜਾ ਗ਼ਰਕ ਕਰ ਕੇ ਹੀ ਦਮ ਲਏਗਾ।**

## ਸਾਧ, ਬ੍ਰਹਮਗਿਆਨੀ :

ਜਿਵੇਂ ਉਪਰ 'ਸੰਤ' ਸ਼ਬਦ ਬਾਰੇ ਗੁਰੂ ਬਾਣੀ ਤੋਂ ਸੇਧ ਮਿਲਦੀ ਹੈ, ਠੀਕ ਉਸੇ ਤਰ੍ਹਾਂ ਹੀ 'ਸਾਧ' ਅਤੇ 'ਬ੍ਰਹਮ ਗਿਆਨੀ' ਸ਼ਬਦ ਵੀ ਗੁਰੂ (ਗੁਰੂ ਨਾਨਕ ਸਾਹਿਬ) ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮੇਂ), ਪੂਰਨ ਸੰਤ ਜਾਂ ਪਰਮੇਸ਼ਰ ਵਾਸਤੇ ਹੀ ਵਰਤਿਆ ਗਿਆ ਹੈ। 'ਨਕਲੀ ਸਾਧਾਂ' ਵਾਸਤੇ ਹਰਗਿਜ਼ ਨਹੀਂ।

## ਸੰਤ, ਸਾਧ, ਬ੍ਰਹਮਗਿਆਨੀ ਸੰਸਾਰ ਵਿੱਚ ਕਿੰਨੇ ਕੁ ਹਨ ?

ਉੱਪਰਲੀ ਵਿਚਾਰ ਤੋਂ ਇੱਕ ਸੁਆਲ ਸਹਜ-ਸੁਭਾ ਹੀ ਮਨ ਵਿੱਚ ਉੱਠ ਸਕਦਾ ਹੈ ਕਿ ਆਖ਼ਿਰ ਸੰਤ, ਸਾਧ, ਬ੍ਰਹਮਗਿਆਨੀ ਦੀ ਆਤਮਕ ਅਵੱਸਥਾ ਕਿੰਨੇ ਕੁ ਪ੍ਰਾਣੀਆ ਨੂੰ ਪ੍ਰਾਪਤ ਹੋਵੇਗੀ ਇਸ ਦੁਨੀਆਂ ਵਿੱਚ ? ਇਸ ਪ੍ਰਸ਼ਨ ਦਾ ਉੱਤਰ ਵੀ ਗੁਰਬਾਣੀ ਵਿੱਚ ਇੰਜ ਦਰਜ ਹੈ :

*ਇਕਿ ਪਾਧੇ ਪੰਡਿਤ ਮਿਸਰ ਕਹਾਵਹਿ ॥ ਦੁਬਿਧਾ ਰਾਤੇ ਮਹਲੁ ਨ ਪਾਵਹਿ ॥*
*ਜਿਸੁ ਗੁਰਪਰਸਾਦੀ ਨਾਮੁ ਅਧਾਰੁ ॥ ਕੋਟਿ ਮਧੇ ਕੋ ਜਨੁ ਆਪਾਰੁ ॥*
*(ਮ:੧, ੯੦੪)*

**ਭਾਵ:** ਅਨੇਕਾਂ (ਕੁਲੀਨ ਤੇ ਵਿਦਵਾਨ ਬ੍ਰਾਹਮਣ) ਆਪਣੇ ਆਪ ਨੂੰ ਪਾਂਧੇ ਪੰਡਿਤ ਮਿਸ਼ਰ ਅਖਵਾਉਂਦੇ ਹਨ (ਸੰਤ, ੧੦੮, ੧੦੦੮, ਸੰਤ-ਬਾਬਾ, ਬ੍ਰਹਮਗਿਆਨੀ, ਪੂਰਨ ਬ੍ਰਹਮਗਿਆਨੀ ਆਦਿ ਅਖਵਾਉਂਦੇ ਹਨ) ਪਰ ਪਰਮਾਤਮਾ ਦਾ ਦਰ-ਘਰ ਨਹੀਂ ਲੱਭ ਸਕਦੇ। **ਕਰੋੜਾਂ ਵਿੱਚੋਂ ਕੋਈ ਉਹ (ਇੱਕ-ਅੱਧ) ਬੰਦਾ ਅਦੁੱਤੀ ਹੈ ਜਿਸ ਨੂੰ (ਸ਼ਬਦ-ਗੁਰੂ ਦੇ ਉਪਦੇਸ਼ਾਂ ਦੀ ਕਮਾਈ ਕਰਕੇ, ਪ੍ਰਭੂ ਦੀ ਮਿਹਰ ਨਾਲ) ਪਰਮਾਤਮਾ ਦਾ ਨਾਮ, ਜ਼ਿੰਦਗੀ ਦਾ ਆਸਰਾ ਮਿਲ ਗਿਆ ਹੈ।**

## 'ਸੰਤ' ਦੀ ਬਾਹਰੀ ਪਛਾਣ ਕਿਵੇਂ ਕੀਤੀ ਜਾਵੇ ?

ਉੱਪਰ 'ਸੰਤ' ਦੀ 'ਆਤਮਕ-ਅਵਸਥਾ' ਦਾ ਜ਼ਿਕਰ ਕੀਤਾ ਜਾ ਚੁੱਕਾ ਹੈ। ਹੁਣ ਇੱਕ ਅਹਿਮ ਸੁਆਲ ਹੋਰ ਸਾਹਮਣੇ ਆ ਖੜੋਂਦਾ ਹੈ ਕਿ ਆਤਮਕ-ਅਵੱਸਥਾ ਤਾਂ ਬਾਹਰੋਂ ਦਰਸ਼ਨ ਕੀਤਿਆਂ ਨਜ਼ਰ ਨਹੀਂ ਆ ਸਕਦੀ, ਫਿਰ ਕੋਈ ਬਾਹਰੀ ਲੱਛਣ ਵੀ ਹਨ ਸੰਤ ਦੇ ਜਿਸ ਤੋਂ ਸੰਤ ਦੀ ਪਛਾਣ ਕੀਤੀ ਜਾ ਸਕੇ ? ਇਸ ਪ੍ਰਸ਼ਨ ਦਾ ਉੱਤਰ ਵੀ ਗੁਰੂ ਗ੍ਰੰਥ ਸਾਹਿਬ ਇੰਜ ਦਿੰਦੇ ਹਨ-

*ਏਕ ਆਸ ਰਾਖਹੁ ਮਨ ਮਾਹਿ ॥ ਸਰਬ ਰੋਗ ਨਾਨਕ ਮਿਟਿ ਜਾਹਿ ॥*
*(ਮ:੫,੨੮੮)*

**ਭਾਵ** : (ਹੇ ਭਾਈ!) ਆਪਣੇ ਮਨ ਵਿੱਚ ਇੱਕ (ਪ੍ਰਭੂ) ਦੀ ਆਸ (ਓਟ) ਰੱਖੋ। ਹੇ ਨਾਨਕ! (ਇਸ ਤਰ੍ਹਾਂ) ਸਾਰੇ (ਮਾਨਸਕ, ਸਰੀਰਕ ਓਪਰੇ ਅਤੇ ਹਉਮੈ ਦੇ ਰੋਗ) ਮਿਟ ਜਾਣਗੇ।





**ਨੋਟ** : ਸ਼ਬਦ-ਗੁਰੂ ਦੇ ਇਹ ਪਾਵਨ ਬਚਨ ਜਿਥੇ ਸਾਨੂੰ ਅਰੋਗ ਹੋਣ ਦੀ ਜੁਗਤਿ ਦੱਸ ਰਹੇ ਹਨ ਉਥੇ ਇੱਕ ਭੌਤਿਕ ਮਾਪ-ਦੰਡ ਦੀ ਦੱਸ ਵੀ ਪਾ ਰਹੇ ਹਨ ਕਿ **ਜੋ ਵੀ ਮਨੁੱਖ ਪ੍ਰਭੂ-ਪਿਤਾ 'ਤੇ, ਗੁਰਮਤਿ ਸਿਧਾਂਤ ਅਨੁਸਾਰ, ਪੂਰਨ ਭਰੋਸਾ ਬਣਾ ਲਵੇਗਾ** (ਭਾਵ, ਜਿਸਦੇ ਹਿਰਦੇ ਵਿੱਚ ਪ੍ਰਭੂ ਦੀ ਜੀਵਨ-ਦਾਤੀ ਮਿੱਠੀ ਯਾਦ ਪੱਕੇ ਤੌਰ ਤੇ ਟਿਕ ਜਾਵੇਗੀ, **ਯਾਨਿ ਕਿ ਜੋ ਸੰਤ ਦੀ ਆਤਮਕ-ਅਵੱਸਥਾ ਨੂੰ ਪ੍ਰਭੂ-ਮਿਹਰ ਦੁਆਰਾ ਪ੍ਰਾਪਤ ਕਰ ਲਵੇਗਾ**), **ਕਿਸੇ ਕਿਸਮ ਦਾ ਰੋਗ ਉਸ ਦੇ ਨੇੜੇ ਨਹੀਂ ਫਟਕੇਗਾ।**

## ਕੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਚੇਚਕ ਦੀ ਬੀਮਾਰੀ ਕਾਰਨ ਜੋਤੀ-ਜੋਤਿ ਸਮਾਏ ?

ਪ੍ਰਚੱਲਤ ਸਾਖੀਆਂ ਅਨੁਸਾਰ ਤਾਂ ਇਹੀ ਦੱਸਿਆ ਜਾ ਰਿਹਾ ਹੈ ਕਿ ਗੁਰੂ ਹਰਿਕ੍ਰਿਸ਼ਨ ਸਾਹਿਬ ਦਿੱਲੀ ਵਿਖੇ ਚੇਚਕ ਦੀ ਮਹਾਮਾਰੀ ਦੇ ਸ਼ਿਕਾਰ ਰੋਗੀਆਂ ਦਾ ਰੋਗ ਦੂਰ ਕਰਦੇ ਕਰਦੇ ਆਪ ਵੀ ਚੇਚਕ ਦੇ ਹਮਲੇ ਦਾ ਸ਼ਿਕਾਰ ਹੋ ਕੇ ਅਕਾਲ ਚਲਾਣੇ ਕਰ ਗਏ। ਹੁਣ ਜੇਕਰ ਇਸ ਸਾਖੀ ਨੂੰ ਸੱਚ ਮੰਨ ਲਿਆ ਜਾਵੇ ਤਾਂ ਉੱਪਰ ਦਰਜ ਕੀਤੇ ਰੱਬੀ ਬਾਣੀ ਦੇ ਫੁਰਮਾਣ ਗ਼ਲਤ ਸਾਬਿਤ ਹੋ ਜਾਣਗੇ। ਅੱਜ ਲੋੜ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਰੱਬੀ ਫੁਰਮਾਨਾਂ ਤੋਂ ਸੇਧ ਲੈ ਕੇ ਇੱਕਜੁੱਟ ਹੋ ਕੇ, ਇੱਕ ਕੇਂਦਰੀ ਗੁਰਮਤਿ ਲਹਿਰ ਚਲਾ ਕੇ ਆਪਣੇ ਵਿਰਸੇ ਵਿੱਚ ਗੁਰਮਤਿ ਵਿਰੋਧੀ ਅਨਸਰਾਂ ਵੱਲੋਂ ਕੀਤੀ ਛੇੜ-ਛਾੜ ਦੀ ਨਿਸ਼ਾਨ-ਦੇਹੀ ਕਰ ਕੇ ਸਰਬੱਤ ਖਾਲਸਾ ਬੁਲਾਕੇ ਗੁਰਬਾਣੀ ਦੀ ਲੋਅ ਵਿੱਚ ਅਜਿਹੀਆਂ ਇਤਿਹਾਸਕ ਘਟਨਾਵਾਂ ਨੂੰ ਸ਼ੁੱਧ ਰੂਪ ਵਿੱਚ ਕਲਮਬੰਦ ਕਰਕੇ ਪ੍ਰਚਾਰਿਆ ਜਾਵੇ।

## ਸੰਤ ਸਮਾਜ ?

ਧੁਰ ਕੀ ਬਾਣੀ ਦਾ ਅਟੱਲ ਫ਼ੈਸਲਾ ਉੱਪਰ ਦਰਜ ਕੀਤਾ ਜਾ ਚੁੱਕਾ ਹੈ। ਹੁਣ ਇੱਕ ਹੋਰ ਅਹਿਮ ਸੁਆਲ ਸਾਡੇ ਸਾਹਮਣੇ ਆ ਖੜ੍ਹਾ ਹੁੰਦਾ ਹੈ ਕਿ ਜੇਕਰ 'ਸੰਤ' ਜਾਂ 'ਸਾਧ' ਸੰਸਾਰ ਵਿੱਚ ਅਰਬਾਂ-ਕ੍ਰੋੜਾਂ ਦੀ ਆਬਾਦੀ ਪਿੱਛੇ ਇੱਕ ਅੱਧਾ ਹੀ ਹੋ ਸਕਦਾ ਹੈ ਤਾਂ ਫਿਰ ਅੱਜ ਕਲ ਆਪਣੇ ਆਪ ਨੂੰ 'ਸੰਤ' ਕਹਾਉਂਣ ਵਾਲਿਆਂ ਦੀਆਂ ਡਾਰਾਂ ਦੇ ਪਿੱਛੇ ਆਖ਼ਿਰ ਕੀ ਰਾਜ਼ ਹੈ ਅਤੇ ਇਨ੍ਹਾਂ 'ਸੰਤਾਂ' ਦੇ ਸਮਾਜ (ਸੰਤ-ਸਮਾਜ) ਦੀ ਅਸਲੀਅਤ ਗੁਰਬਾਣੀ ਅਨੁਸਾਰ ਕੀ ਹੈ ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ 'ਬਨਾਰਸ ਦੇ ਠੱਗ' ਵਾਲੇ ਸ਼ਬਦ ਨੂੰ ਵਿਚਾਰਨ ਨਾਲ ਮਿਲ ਜਾਂਦੇ ਹਨ। ਹੋਰ ਇਸ ਤੋਂ ਵੱਧ ਕੀ ਵਿਚਾਰ ਕੀਤੀ ਜਾ ਸਕਦੀ ਹੈ ? ਸੂਰਜ ਭਾਵੇਂ ਪੂਰਬ ਦੀ ਬਜਾਏ ਪੱਛਮ ਵੱਲੋਂ ਚੜ੍ਹਨਾ ਸ਼ੁਰੂ ਕਰ ਦੇਵੇ; ਪਾਣੀ ਭਾਵੇਂ ਆਪਣਾ ਸੁਭਾਅ ਬਦਲ ਕੇ ਨੀਵੇਂ ਤੋਂ ਉੱਚੇ ਪਾਸੇ ਵੱਲ ਨੂੰ ਵਗਣਾ ਸ਼ੁਰੂ ਕਰ ਦੇਵੇ ਪਰ ਗੁਰਬਾਣੀ (ਸ਼ਬਦ-ਗੁਰੂ) ਦੇ ਬਚਨ ਸਦੀਵਕਾਲ ਵਾਸਤੇ ਸੱਤ ਅਤੇ ਅਟੱਲ ਹਨ! ਅਤੇ ਸਾਨੂੰ ਅਗੁਵਾਈ ਸਦਾ ਧੁਰ ਕੀ ਬਾਣੀ ਤੋਂ ਹੀ ਲੈਣੀ ਯੋਗ ਹੈ। **ਸੰਤ ਤਾਂ ਇੱਕ-ਅੱਧਾ ਵੀ ਲੱਭਣਾ ਮੁਸ਼ਕਲ ਹੈ। ਸੰਤਾਂ ਦਾ ਸਮਾਜ, (ਸੰਤ-ਸਮਾਜ) ਪੂਰੀ ਦਿਮਾਗ਼ੀ ਕਸਰਤ ਕਰਨ ਤੋਂ ਬਾਅਦ ਵੀ ਕਲਪਣਾ ਵਿੱਚ ਆ ਸਕਣਾ ਅਸੰਭਵ ਜਿਹਾ ਹੀ ਮਾਲੂਮ ਹੁੰਦਾ ਹੈ।**

## ਗੁਰੂ ਨਾਨਕ ਸਾਹਿਬ ਅਤੇ ਕਈ ਭਗਤ ਸਾਹਿਬਾਨ ਸਮਕਾਲੀ ਸਨ

ਗੁਰੂ ਨਾਨਕ ਸਾਹਿਬ ਭਗਤ ਕਬੀਰ ਜੀ, ਭਗਤ ਨਾਮਦੇਵ ਜੀ, ਭਗਤ ਰਵਿਦਾਸ ਜੀ ਅਤੇ ਹੋਰ ਕਈ ਭਗਤ, ਜਿਨ੍ਹਾਂ ਵਲੋਂ ਪ੍ਰਗਟ ਹੋਈ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ, ਸਮਕਾਲੀ ਸਨ। ਇਸ ਸੱਚਾਈ ਦੀ ਪੁਸ਼ਟੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਤੋਂ ਭਲੀਭਾਂਤ ਹੋ ਰਹੀ ਹੈ। ਇਸ ਸੰਬੰਧ ਵਿੱਚ ਹੇਠ ਦਿੱਤੇ ਨੁਕਤੇ ਵਿਚਾਰਨਯੋਗ ਹਨ -

1. ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤੀ ਬਾਣੀ ਅਤੇ ਇਨ੍ਹਾਂ ਭਗਤਾਂ ਵੱਲੋਂ ਪ੍ਰਗਟ ਕੀਤੀ ਬਾਣੀ ਵਿੱਚ ਵਿਚਾਰਾਂ, ਸ਼ਬਦਾਵਲੀ ਅਤੇ ਕਾਵਿ-ਸ਼ੈਲੀਆਂ ਦੀ ਸਾਂਝ ਹੈ। ਇਹ ਸਾਰਾ ਕੁੱਝ ਇਤਫ਼ਾਕਨ ਹੀ ਨਹੀਂ ਹੋਇਆ।
2. ਇਨ੍ਹਾਂ ਭਗਤਾਂ ਨੇ ਬਾਣੀ ਵਿੱਚ ਕਈ ਵਾਰ ਠੇਠ ਪੰਜਾਬੀ (ਗੁਰਮੁਖੀ) ਬੋਲੀ ਦੀ ਵਰਤੋਂ ਕੀਤੀ ਹੈ, ਹਾਲਾਂਕਿ ਇਹ ਭਗਤ ਪੰਜਾਬ ਤੋਂ ਬਹੁਤ ਦੂਰ ਦੇ ਇਲਾਕਿਆਂ ਦੇ ਵਸਨੀਕ ਸਨ ਜਿੱਥੋਂ ਦੀ ਵਸੋਂ ਦੀ ਬੋਲੀ ਪੰਜਾਬੀ ਨਹੀਂ ਸੀ (ਅੱਜ ਵੀ ਨਹੀਂ ਹੈ)।
3. ਭਗਤਾਂ ਦੀ ਬਾਣੀ ਵਿੱਚ ਕੁਝਕੁ ਦੂਜੇ ਭਗਤਾਂ ਦਾ ਪ੍ਰਸਪਰ ਬੜੇ ਆਦਰ ਸਤਿਕਾਰ ਨਾਲ ਜ਼ਿਕਰ ਕੀਤਾ ਮਿਲਦਾ ਹੈ-

*ਗੁਰ ਪਰਸਾਦੀ ਜੈ ਦੇਉ ਨਾਮਾਂ॥ ਭਗਤਿ ਕੈ ਪ੍ਰੇਮਿ ਇਨ ਹੀ ਹੈ ਜਾਨਾਂ॥*
*(ਕਬੀਰ ਜੀ, ੩੩੦)*

*ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ॥*
*ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ॥*
*(ਕਬੀਰ ਜੀ, ੧੩੭੫-੭੬)*

*ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥*
*ਤੇ ਨਰ ਦੋਜਕ ਜਾਹਿੰਗੇ ਸਤਿ ਭਾਖੈ ਰਵਿਦਾਸ॥ (ਕਬੀਰ ਜੀ ੧੩੭੭)*

ਇਨ੍ਹਾਂ ਸਲੋਕਾਂ ਵਿੱਚ ਭਗਤ ਕਬੀਰ ਜੀ ਦੂਜੇ ਭਗਤਾਂ (ਜੈ ਦੇਉ ਜੀ, ਨਾਮਦੇਵ ਜੀ, ਤ੍ਰਿਲੋਚਨ ਜੀ ਅਤੇ ਰਵਿਦਾਸ ਜੀ) ਦਾ ਆਦਰ ਨਾਲ ਜ਼ਿਕਰ ਕਰਦੇ ਹਨ।

*ਹਰਿ ਕੇ ਨਾਮ ਕਬੀਰ ਉਜਾਗਰ॥ ਜਨਮ ਜਨਮ ਕੇ ਕਾਟੇ ਕਾਗਰ॥*
*ਨਿਮਤ ਨਾਮ ਦੇਉ ਦੂਧੁ ਪੀਆਇਆ॥*
*ਤਉ ਜਗ ਜਨਮ ਸੰਕਟ ਨਹੀ ਆਇਆ॥ (ਰਵਿਦਾਸ ਜੀ, ੪੮੭)*

ਇਸ ਸ਼ਬਦ ਵਿੱਚ ਰਵਿਦਾਸ ਜੀ, ਕਬੀਰ ਜੀ ਅਤੇ ਨਾਮਦੇਵ ਜੀ ਦਾ ਆਦਰ ਨਾਲ ਜ਼ਿਕਰ ਕਰਦੇ ਹਨ। ਜੇਕਰ ਇਹ ਭਗਤ ਸਮਕਾਲੀ ਨਾ ਹੁੰਦੇ ਤਾਂ ਅਜਿਹਾ ਕਦੀ ਵੀ ਨਹੀਂ ਸੀ ਹੋ ਸਕਦਾ।





ਹੋਰ ਦੇਖੋ :-

*ਨਾਮਦੇਵ ਕਬੀਰੁ ਤਿਲੋਚਨੁ ਸਧਨਾ ਸੈਨੁ ਤਰੈ॥*
*ਕਹਿ ਰਵਿਦਾਸੁ ਸੁਨਹੁ ਰੇ ਸੰਤਹੁ ਹਰਿ ਜੀਉ ਤੇ ਸਭੈ ਸਰੈ॥*
*(ਰਵਿਦਾਸ ਜੀ, ੧੧੦੬)*

ਇਥੇ ਭਗਤ ਰਵਿਦਾਸ ਜੀ, ਕਬੀਰ ਜੀ, ਤ੍ਰਿਲੋਚਨ ਜੀ, ਸਧਨਾ ਜੀ ਅਤੇ ਸੈਨ ਜੀ ਦਾ ਸਤਿਕਾਰ ਨਾਲ ਜ਼ਿਕਰ ਕਰਦੇ ਹਨ।

*ਕਹਤ ਨਾਮਦੇਉ ਸੁਨਹੁ ਤਿਲੋਚਨ, ਬਾਲਕੁ ਪਾਲਨ ਪਉਢੀਅਲੇ॥*
*(ਨਾਮਦੇਵ ਜੀ, ੯੭੨)*

ਇਥੇ ਭਗਤ ਨਾਮਦੇਵ ਜੀ ਭਗਤ ਤਿਲੋਚਨ ਦਾ ਆਦਰ ਨਾਲ ਜ਼ਿਕਰ ਕਰਦੇ ਹਨ।

ਦਰਅਸਲ, ਇੰਜ ਜਾਪਦਾ ਹੈ ਕਿ ਭਗਤ ਰਾਮਾਨੰਦ ਜੀ ਦੇ ਸਾਢੇ ਬਾਰਾਂ ਚੇਲੇ ਸਨ (ਬਾਰਾਂ ਚੇਲੇ ਅਤੇ ਅੱਧੀ ਮੀਰਾ ਬਾਈ, ਕਿਉਂਕਿ ਮੀਰਾ ਬਾਈ ਕ੍ਰਿਸ਼ਨ ਜੀ ਦੀ ਉਪਾਸ਼ਕ ਵੀ ਸੀ)। ਇਨ੍ਹਾਂ ਸਾਰਿਆਂ ਦਾ ਗੁਰੂ ਨਾਨਕ ਸਾਹਿਬ ਨਾਲ ਅਲੱਗ-ਅਲੱਗ ਅਤੇ ਇਕੱਠੇ ਵੀ ਗੁਰੂ ਸਾਹਿਬ ਦੀਆਂ ਉਦਾਸੀਆਂ (ਪ੍ਰਚਾਰ ਫੇਰੀਆਂ) ਦੌਰਾਨ ਮਿਲਾਪ ਹੋਇਆ। ਇਹ ਸਾਰੇ ਵਿਚਾਰ ਗੋਸ਼ਟੀਆਂ ਦੌਰਾਨ ਗੁਰੂ ਸਾਹਿਬ ਦੇ ਸਾਹਮਣੇ ਨਿਰਉੱਤਰ ਹੋ ਗਏ। ਇਨ੍ਹਾਂ ਨੇ ਆਪਣੇ 'ਗੁਰੂ' ਰਾਮਾਨੰਦ ਜੀ ਨੂੰ ਬੇਨਤੀ ਕੀਤੀ ਕਿ ਪੰਜਾਬ ਤੋਂ ਜੋ ਸਾਧੂ (ਗੁਰੂ ਨਾਨਕ) ਆਏ ਹਨ ਉਨ੍ਹਾਂ ਨੇ ਸਾਨੂੰ ਵਿਚਾਰ ਗੋਸ਼ਟੀਆਂ ਵਿੱਚ ਨਿਰਉੱਤਰ ਕਰ ਦਿੱਤਾ ਹੈ, ਇਸ ਕਰਕੇ ਤੁਸੀਂ ਉਨ੍ਹਾਂ ਨਾਲ ਸੰਵਾਦ ਰਚਾਓ। ਰਾਮਾਨੰਦ ਜੀ ਨੇ ਗੁਰੂ ਸਾਹਿਬ ਨਾਲ ਵਿਚਾਰ-ਗੋਸ਼ਟੀ ਕੀਤੀ ਤਾਂ ਉਹ ਇਤਨਾ ਪ੍ਰਭਾਵਤ ਹੋਇਆ ਕਿ ਉਹ ਗੁਰੂ ਸਾਹਿਬ ਦਾ ਸਿੱਖ ਬਣ ਗਿਆ। ਰਾਮਾਨੰਦ ਜੀ ਦੇ ਕਹਿਣ ਤੇ ਬਾਕੀ ਸਾਰੇ ਭਗਤ ਜੋ ਉਸਦੇ ਚੇਲੇ ਸਨ, ਵੀ, ਸਿੱਖ ਬਣ ਗਏ। ਉਹ ਸਾਰੇ ਗੁਰੂ ਨਾਨਕ ਸਾਹਿਬ ਦੇ ਪਿਆਰ ਦੇ ਖਿੱਚੇ ਹੋਏ ਪੰਜਾਬ ਚਲੇ ਆਏ ਅਤੇ ਇਥੇ ਆਕੇ ਗੁਰਮੁਖੀ ਲਿੱਪੀ ਵਿੱਚ ਪੰਜਾਬੀ ਬੋਲੀ ਸਿੱਖੀ ਅਤੇ ਠੇਠ ਪੰਜਾਬੀ ਭਾਸ਼ਾ ਵਿੱਚ ਬਾਣੀ ਪ੍ਰਗਟ ਕੀਤੀ। ਇਸ ਕਰਕੇ ਇਹ ਕਹਿਣਾ ਕਿ ਕਈ ਭਗਤ ਖ਼ਾਸ ਕਰਕੇ ਕਬੀਰ ਜੀ, ਨਾਮਦੇਵ ਜੀ ਅਤੇ ਫ਼ਰੀਦ ਜੀ ਗੁਰੂ ਨਾਨਕ ਸਾਹਿਬ ਤੋਂ ਬਹੁਤ ਸਮਾਂ ਪਹਿਲਾਂ ਹੋਏ ਸਨ, ਦਰੁੱਸਤ ਨਹੀਂ। ਜਿਹੜੇ 'ਫ਼ਰੀਦ ਸਾਹਿਬ' ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ ਉਹ ਵੀ 'ਫ਼ਰੀਦ ਜੀ ਦੀ ਗੱਦੀ' ਦੇ ਵਾਰਿਸ ਗੁਰੂ ਸਾਹਿਬ ਦੇ ਸਮਕਾਲੀ ਹਨ ਕਿਉਂਕਿ ਉਸ ਗੱਦੀ ਦੇ ਉਨ੍ਹਾਂ ਤੋਂ ਪਹਿਲਾਂ ਕਿਸੇ ਫ਼ਰੀਦ ਜੀ ਨੇ ਬਾਣੀ ਉਚਾਰਣ ਹੀ ਨਹੀਂ ਕੀਤੀ ਸੀ।

## 'ਗੁਰੂ ਨਾਨਕ ਸਾਹਿਬ ਜਾਂ ਗੁਰੂ ਨਾਨਕ ਦੇਵ ਸਾਹਿਬ' ?

"ਕੁਝ ਲਿਖਾਰੀ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ 'ਦੇਵ' ਲਿਖਦੇ ਹਨ। ਅਜਿਹੇ ਲੋਕ ਗੁਰੂ ਅੰਗਦ ਸਾਹਿਬ ਅਤੇ ਗੁਰੂ ਅਰਜਨ ਸਾਹਿਬ ਦੇ ਨਾਂ ਨਾਲ ਵੀ 'ਦੇਵ' ਲਿਖਦੇ

ਹਨ। ਇਹ ਬਿਲਕੁਲ ਗ਼ਲਤ ਹੈ।... ਇਹ ਲਿਖਣ ਦੀ ਰੀਤਿ ਕੁਝ ਕੁ ਦਹਾਕਿਆਂ ਦੀ ਹੈ। ਇਸ ਪਿੱਛੇ ਕੋਈ ਸ਼ਰਾਰਤ ਸੀ ਜਾਂ ਅਣਜਾਣਤਾ - ਇਹ ਤਾਂ ਵਾਹਿਗੁਰੂ ਹੀ ਜਾਣਨ। ਪਰ ਇਹ ਗ਼ਲਤ ਰੀਤਿ ਅਜਿਹੀ ਚੱਲੀ ਕਿ 'ਸ੍ਰੀ' ਦੀ ਵਰਤੋਂ ਵਾਂਗ 'ਦੇਵ' ਵੀ ਸਿੱਖਾਂ 'ਚ ਵੜਦਾ ਤੇ ਮਨਜ਼ੂਰ ਹੁੰਦਾ ਚਲਾ ਗਿਆ।

....ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦਾ ਨਾਂ ਗੁਰਬਾਣੀ ਦੇ ਤਕਰੀਬਨ ਸਾਰੇ ਸ਼ਬਦਾਂ ਦੇ ਆਖਰੀ ਹਿੱਸੇ ਵਿੱਚ ਆਉਂਦਾ ਹੈ। ....ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ ਇੱਕ ਥਾਂ ਤੇ 'ਚੰਦ' (ਨਾਨਕ ਚੰਦ) ਵੀ ਆਇਆ ਹੈ :-

*ਪ੍ਰਥਮੇ ਨਾਨਕ ਚੰਦੁ, ਜਗਤ ਭਯੋ ਆਨੰਦੁ*
*ਤਾਰਨਿ ਮਨੁਖ੍ਯ ਜਨ ਕੀਅਉ ਪ੍ਰਗਾਸ॥ (ਸਵਈਏ, ੧੩੯੯)*

ਇਥੇ 'ਚੰਦੁ' ਦਾ ਮਾਅਨਾ ਇਹ ਹੈ ਕਿ ਗੁਰੂ ਨਾਨਕ ਸਾਹਿਬ ਚੰਨ-ਰੂਪ ਪ੍ਰਗਟ ਹੋਏ ਅਤੇ ਮਨੁੱਖਾਂ ਨੂੰ ਤਾਰਨ ਵਾਸਤੇ (ਗਿਆਨ ਦਾ) ਪ੍ਰਕਾਸ਼ ਕੀਤਾ।

ਹੁਣ ਗੁਰੂ ਗ੍ਰੰਥ ਸਾਹਿਬ ਵਿੱਚ ਗੁਰੂ ਨਾਨਕ ਸਾਹਿਬ ਦੇ ਨਾਂ ਨੇੜੇ 'ਦੇਉ' ਵਾਲੀਆਂ ਤੁਕਾਂ ਦਾ ਵਿਚਾਰ ਕਰੀਏ:

*ਦੀਖਿਆ ਆਖਿ ਬੁਝਾਇਆ, ਸਿਫਤੀ ਸਚਿ ਸਮੇਉ॥*
*ਤਿਨ ਕਉ ਕਿਆ ਉਪਦੇਸੀਐ, ਜਿਨ ਗੁਰੁ, ਨਾਨਕ, ਦੇਉ॥ (ਮ: ੨, ੧੫੦)*

...ਜਿਨ੍ਹਾਂ ਨੂੰ ਗੁਰੂ (ਸ਼ਬਦ-ਗੁਰੂ) ਸੂਝ ਦਿੰਦਾ ਹੈ, ਉਨ੍ਹਾਂ ਨੂੰ ਹੋਰ ਉਪਦੇਸ਼ ਦੀ ਲੋੜ ਨਹੀਂ ਰਹਿੰਦੀ। (ਭਾਵ ਪ੍ਰਭੂ ਦੇ ਨਾਮ ਵਿੱਚ ਜੁੜਨ ਦੀ ਸਿੱਖਿਆ ਤੋਂ ਉੱਚੀ ਹੋਰ ਕੋਈ ਸਿੱਖਿਆ ਨਹੀਂ ਹੈ)। ....ਇਹ ਸਪੱਸ਼ਟ ਹੈ ਕਿ ਇਸ ਤੁਕ ਵਿੱਚ 'ਦੇਉ' ਗੁਰੂ ਨਾਨਕ ਸਾਹਿਬ ਦੇ ਨਾਂ ਦਾ ਪਿਛੇਤਰ ਨਹੀਂ ਹੈ। ਇਥੇ 'ਦੇਉ' ਗੁਰੂ ਨਾਨਕ ਸਾਹਿਬ ਨੂੰ 'ਦੇਵ' ਆਖਣ ਵਾਸਤੇ ਨਹੀਂ ਹੈ।....ਇਸੇ ਤਰ੍ਹਾਂ :

*ਬੋਹਿਥੁ, ਨਾਨਕ, ਦੇਉ ਗੁਰੁ, ਜਿਸੁ ਹਰਿ ਚੜਾਏ ਤਿਸੁ ਭਉਜਲੁ ਤਰਣਾ॥*
*(ਮ: ੫, ੧੧੦੨)*

ਇਸ ਤੁਕ ਦਾ ਮਾਅਨਾ ਹੈ - ਹੇ ਨਾਨਕ! ਗੁਰਦੇਉ (ਰੂਹਾਨੀ) ਜਹਾਜ਼ ਹੈ, ਹਰੀ ਨੇ ਇਸ ਜਹਾਜ਼ ਵਿੱਚ ਜਿਸ ਨੂੰ ਬਿਠਾ ਦਿੱਤਾ ਹੈ, ਉਸ ਨੇ ਇਸ ਦੁਨੀਆਂ ਦੇ ਭਉਸਾਗਰ ਨੂੰ ਤਰ ਲਿਆ ਹੈ। ਇਸ ਤੁਕ ਵਿੱਚ 'ਦੇਉ' 'ਗੁਰਦੇਉ' ਦਾ ਹਿੱਸਾ ਹੈ, ਨਾਕਿ ਗੁਰੂ ਨਾਨਕ ਸਾਹਿਬ ਦੇ ਨਾਂ ਦਾ ਪਿਛੇਤਰ।

ਗੁਰੂ ਗ੍ਰੰਥ ਸਾਹਿਬ ਵਿੱਚ ਤਿੰਨ ਥਾਂ 'ਤੇ ਨਾਨਕ ਨਾਲ ਆਏ ਲਫਜ਼ 'ਦੇਵ' ਦਾ ਮਾਅਨਾ ਵੀ ਨਾਨਕ ਦੇਵ ਨਹੀਂ ਹੈ :

*ਸੋ ਵਸੈ ਇਤੁ ਘਰਿ, ਜਿਸੁ ਗੁਰੁ ਪੂਰਾ ਸੇਵ॥*
*ਅਬਿਚਲ ਨਗਰੀ, ਨਾਨਕ, ਦੇਵ॥ (ਮ: ੫ ੪੩੦)*





ਇਸ ਤੁਕ ਦਾ ਮਾਅਨਾ ਹੈ- ਹੇ ਨਾਨਕ! ਪੂਰਾ ਗੁਰੂ (ਸ਼ਬਦ-ਗੁਰੂ) ਜਿਸ ਮਨੁੱਖ ਨੂੰ ਪ੍ਰਭੂ ਦੀ ਸੇਵਾ-ਭਗਤੀ ਦੀ ਦਾਤ ਬਖਸ਼ਦਾ ਹੈ, ਉਹ ਇਸ (ਐਸੇ ਹਿਰਦੇ) ਘਰ ਵਿੱਚ ਵੱਸਦਾ ਰਹਿੰਦਾ ਹੈ, ਜੋ ਪਰਮਾਤਮਾ ਦੇ ਰਹਿਣ ਵਾਸਤੇ (ਵਿਕਾਰਾਂ ਵਿੱਚ) ਕਦੇ ਨਾ ਡੋਲਣ ਵਾਲੀ ਨਗਰੀ ਬਣ ਜਾਂਦਾ ਹੈ। ਇਸ ਤੁਕ ਵਿੱਚ 'ਦੇਵ' ਵਾਹਿਗੁਰੂ ਵਾਸਤੇ ਹੈ ਨਾ ਕਿ ਗੁਰੂ ਨਾਨਕ ਸਾਹਬਿ ਦੇ ਨਾਂ ਦਾ ਹਿੱਸਾ।

*ਗੁਰ, ਨਾਨਕ, ਦੇਵ, ਗੋਵਿੰਦ ਰੂਪ॥ (ਮ: ੫, ੧੧੯੨)*

ਦਾ ਮਾਅਨਾ ਹੈ - ਨਾਨਕ ਕਹਿੰਦਾ ਹੈ ਕਿ ਗੁਰਦੇਵ, ਗੋਬਿੰਦ (ਅਕਾਲ ਪੁਰਖੁ) ਦਾ ਹੀ ਰੂਪ ਹੈ।

*ਦਰਸਨ ਪਿਆਸ ਬਹੁਤੁ ਮਨਿ ਮੇਰੈ॥*
*ਮਿਲੁ, ਨਾਨਕ, ਦੇਵ ਜਗਤ ਗੁਰ ਕੇਰੈ॥ (ਮ: ੫, ੧੩੦੪)*

ਇਸ ਤੁਕ ਦਾ ਮਾਅਨਾ ਹੈ - ਹੇ ਜਗਤ ਦੇ ਗੁਰਦੇਵ! ਮੇਰੇ ਮਨ ਵਿੱਚ ਤੇਰੇ ਦਰਸ਼ਨ ਦੀ ਬਹੁਤ ਪਿਆਸ ਹੈ, (ਮੈਨੂੰ) ਨਾਨਕ ਨੂੰ ਮਿਲਾ। ਇਸ ਤੁਕ ਵਿੱਚ ਵੀ 'ਦੇਵ' 'ਜਗਤ ਦੇ ਗੁਰਦੇਵ' ਦਾ ਹਿੱਸਾ ਹੈ, ਨਾ ਕਿ ਗੁਰੂ ਨਾਨਕ ਸਾਹਿਬ ਦੇ ਨਾਂ ਦਾ ਹਿੱਸਾ।

ਇੰਞ ਹੀ ਗੁਰੂ ਅਰਜਨ ਸਾਹਿਬ ਦੇ ਨਾਂ ਦੇ ਪਿੱਛੇ ਆਏ ਲ਼ਫ਼ਜ਼ 'ਦੇਵ' ਵਾਲੀ ਤੁਕ :

*ਜਪ੍ਉ ਜਿਨ੍ਹ ਅਰਜਨ, ਦੇਵ ਗੁਰੂ, ਫਿਰਿ ਸੰਕਟ ਜੋਨਿ ਗਰਭ ਨ ਆਯਉ॥*
*(੧੪੦੯)*

ਦਾ ਮਾਅਨਾ ਹੈ: ਜਿਨ੍ਹਾਂ ਨੇ ਅਰਜਨ ਸਾਹਿਬ (ਦੀ ਸਿੱਖਿਆ ਲੈ ਕੇ, ਗੁਰਦੇਵ ਯਾਨਿ ਵਾਹਿਗੁਰੂ) ਦਾ ਨਾਂ ਜਪਿਆ ਹੈ, ਉਹ ਗਰਭ-ਜੂਨ ਦੇ ਦੁਖਾਂ (ਦੇ ਡਰ) ਵਿੱਚ ਨਹੀਂ ਆਉਂਦੇ। ਇਥੇ ਵੀ 'ਦੇਵ' 'ਗੁਰਦੇਵ' ਦਾ ਹੀ ਹਿੱਸਾ ਹੈ, ਨਾ ਕਿ ਗੁਰੂ ਅਰਜਨ ਸਾਹਿਬ ਦੇ ਨਾਂ ਦਾ।...ਗੁਰੂ ਨਾਨਕ ਸਾਹਿਬ ਦੇ ਨਾਂ ਨਾਲ 'ਦੇਵ' ਦੀ ਬੀਮਾਰੀ ਭਾਈ ਵੀਰ ਸਿੰਘ ਤੋਂ ਸ਼ੁਰੂ ਹੋਈ ਸੀ ਪਰ ਵਧੇਰੇ ਕਰਕੇ 1972 ਤੋਂ ਮਗਰੋਂ ਫੈਲੀ ਸੀ। 1969 ਵਿੱਚ ਗੁਰੂ ਨਾਨਕ ਸਾਹਿਬ ਦੇ ਨਾਂ ਤੇ 'ਗੁਰੂ ਨਾਨਕ ਯੂਨੀਵਰਸਿਟੀ' ਬਣਾਈ ਗਈ ਸੀ। ਇਹ ਯੂਨੀਵਰਸਿਟੀ ਅਕਾਲੀ ਦਲ ਦੀ ਸਰਕਾਰ ਨੇ ਬਣਾਈ ਸੀ। 1972 ਵਿੱਚ ਗਿਆਨੀ ਜ਼ੈਲ ਸਿੰਘ ਪੰਜਾਬ ਦਾ ਚੀਫ਼ ਮਨਿਸਟਰ ਬਣ ਗਿਆ। ਉਹ ਇੱਕ ਅਨਪੜ੍ਹ (ਜਾਂ ਅੱਧਪੜ੍ਹ) ਬੰਦਾ ਸੀ। ਅਚਾਣਕ ਉਸ ਦੇ ਦਿਮਾਗ਼ ਵਿੱਚ ਆ ਗਿਆ ਕਿ ਕੁਝ ਲੋਕ ਗੁਰੂ ਨਾਨਕ ਸਾਹਿਬ ਦੇ ਨਾਂ ਨਾਲ 'ਦੇਵ' ਲਿਖਦੇ ਹਨ ਤੇ ਯੂਨੀਵਰਸਿਟੀ ਦਾ ਨਾਂ ਵੀ 'ਗੁਰੂ ਨਾਨਕ ਦੇਵ ਯੂਨੀਵਰਸਿਟੀ' ਕਰ ਦੇਣਾ ਚਾਹੀਦਾ ਹੈ। ਉਸ ਨੇ ਪਹਿਲਾ ਕੰਮ ਇਹੀ ਕੀਤਾ। ਨਤੀਜਾ ਇਹ ਹੋਇਆ ਕਿ ਉਸ ਦੇ ਰਾਜ ਦੌਰਾਨ ਗੁਰੂ ਨਾਨਕ ਸਾਹਿਬ ਨੂੰ ਕਈ ਥਾਂ 'ਦੇਵ' ਲਿਖਿਆ ਜਾਣ ਲੱਗ ਪਿਆ। ਉਸ ਅੱਧਪੜ੍ਹ ਸ਼ਖ਼ਸ ਨੇ ਤਾਂ ਰੂਪੜ ਸ਼ਹਿਰ ਨੂੰ ਵੀ 'ਰੋਪੜ' ਸਮਝ ਕੇ ਇਸ ਦਾ ਨਾਂ 'ਰੂਪ ਨਗਰ' ਕਰਵਾ ਦਿੱਤਾ ਸੀ। ਅਜਿਹੇ ਅਹਿਮਕ ਲੋਕਾਂ ਦੀਆਂ ਯੱਭਲੀਆਂ ਨਾਲ ਇੰਞ ਹੀ ਤਵਾਰੀਖ਼ ਵਿਗੜਿਆ ਕਰਦੀ ਹੈ।

ਇਸ ਮਗਰੋਂ ਬਾਦਲ ਦੀ ਸਰਕਾਰ ਨੇ ਵੀ ਇਸ ਯੱਭਲੀ ਦੇ ਅਸਰ ਹੇਠਾਂ ਬਠਿੰਡਾ ਦੇ ਥਰਮਲ ਪਲਾਂਟ ਦਾ ਨਾਂ ਬਦਲ ਕੇ ਗੁਰੂ ਨਾਨਕ ਦੇਵ ਥਰਮਲ ਪਲਾਂਟ ਕਰ ਦਿੱਤਾ। ਇੰਞ ਹੀ 2004 ਵਿੱਚ ਗੁਰੂ ਅੰਗਦ ਸਾਹਿਬ ਦਾ ਨਾਂ ਵੀ ਅਨਪੜ੍ਹ ਤੇ ਅੱਧਪੜ੍ਹ ਚੌਧਰੀਆਂ ਨੇ ਹੀ ਵਿਗਾੜ ਕੇ 'ਗੁਰੂ ਅੰਗਦ ਦੇਵ' ਬਣਾ ਛੱਡਿਆ ਸੀ ਤੇ 2006 ਵਿੱਚ ਗੁਰੂ ਅਰਜਨ ਸਾਹਿਬ ਦੀ ਥਾਂ 'ਤੇ ਅਰਜਨ ਦੇਵ ਲਿਖਣ ਦੀ ਬੇਵਕੂਫ਼ੀ ਕੀਤੀ ਤੇ ਗੁਰੂ ਸਾਹਿਬ ਦਾ ਨਾਂ ਗ਼ਲਤ ਚਲਾਉਣ ਦੀ ਕੋਸ਼ਿਸ਼ ਕੀਤੀ।"

ਗੁਰਬਾਣੀ ਦਾ ਫ਼ੁਰਮਾਨ ਹੈ :

*ਅੰਧਾ ਆਗੂ ਜੇ ਥੀਐ, ਕਿਉ ਪਾਧਰੁ ਜਾਣੈ॥*
*ਆਪਿ ਮੁਸੈ ਮਤਿ ਹੋਛੀਐ, ਕਿਉ ਰਾਹੁ ਪਛਾਣੈ॥ (ਮ: ੧, ੭੬੭)*

[ਡਾ: ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼ (ਪਹਿਲਾ ਹਿੱਸਾ), ਪੰਨੇ, 178-184]





# ੩.

# ਵਿਸ਼ਵ ਵਿਆਪਕ ਆਦਰਸ਼ਕ ਸਮਾਜ ਦੀ ਸਿਰਜਣਾ: ਲਾਸਾਨੀ ਇਨਕਲਾਬ ਦਾ ਆਰੰਭ ਅਤੇ ਵਿਕਾਸ (੧੫੦੭ ਈ. ਤੋਂ ੧੭੦੮ ਈ: ਤਕ)

੧. *ਪਹਿਲਾਂ ਬਾਬੇ ਪਾਯਾ ਬਖਸੁ ਦਰਿ, ਪਿਛੋਂ ਦੇ ਫਿਰਿ ਘਾਲ ਕਮਾਈ॥*

.................................................................

੫. *ਬਾਬਾ ਦੇਖੈ ਧਿਆਨ ਧਰਿ, ਜਲਤੀ ਸਭਿ ਪ੍ਰਿਥਵੀ ਦਿਸਿ ਆਈ॥*

੬. *ਬਾਝਹੁ ਗੁਰੂ ਗ਼ੁਬਾਰ ਹੈ, ਹੈ ਹੈ ਕਰਦੀ ਸੁਣੀ ਲੁਕਾਈ॥*

੭. *ਬਾਬੇ ਭੇਖ ਬਣਾਇਆ, ਉਦਾਸੀ ਕੀ ਰੀਤਿ ਚਲਾਈ॥*

੮. *ਚੜ੍ਹਿਆ ਸੋਧਣਿ ਧਰਤਿ ਲੁਕਾਈ॥ (ਭਾ: ਗੁਰਦਾਸ: ਵਾਰ੧, ਪਉੜੀ ੨੪)*

**ਭਾਵ :** ੧. ਗੁਰੂ ਨਾਨਕ ਸਾਹਿਬ ਜੀ ਨੇ ਪਹਿਲਾਂ (ਅਕਾਲ ਪੁਰਖੁ ਦੀ) ਦਰਗਾਹੋਂ ਬਖਸ਼ਿਸ਼ ਪਾਈ, ਪਿੱਛੋਂ ਫੇਰ ਘਾਲ ਘਾਲੀ (ਭਾਵ ਪਰਮੇਸ਼ਰ ਨੇ ਪਹਿਲੇ ਨਿਵਾਜ ਕੇ ਥਾਪਿਆ ਤੇ ਆਪ ਨੇ ਫੇਰ ਪ੍ਰੇਮਾ-ਭਗਤੀ ਕੀਤੀ)।

੫. (ਹੁਣ ਆਪ) ਬਾਬੇ ਨੇ ਦਿੱਬ-ਦ੍ਰਿਸ਼ਟੀ ਨਾਲ ਦੇਖਿਆ ਤਾਂ ਸਾਰੀ ਪ੍ਰਿਥਵੀ ਸੜਦੀ ਨਜ਼ਰ ਆਈ (ਭਾਵ ਪਾਪਾਂ, ਵਿਕਾਰਾਂ ਨਾਲ ਪੀੜਤ ਦੇਖੀ)।

੬. ਸ਼ਬਦ-ਗੁਰੂ (ਗਿਆਨ-ਗੁਰੂ) ਦੀ ਸੋਝੀ ਤੋਂ ਬਿਨਾਂ ਚਾਰ-ਚੁਫੇਰੇ ਅਗਿਆਨਤਾ ਦਾ ਹਨ੍ਹੇਰਾ ਛਾਇਆ ਹੋਇਆ ਹੈ ਅਤੇ ਜ਼ੋਰ-ਜ਼ੁਲਮ, ਧੱਕੇ-ਸ਼ਾਹੀ ਦੇ ਕਾਰਨ ਲੋਕਾਈ ਵਿੱਚ ਹਾ-ਹਾਕਾਰ ਮੱਚੀ ਹੋਈ ਹੈ।

੭. ਬਾਬੇ ਨੇ ਧਾਰਮਿਕ ਲਿਬਾਸ ਧਾਰਨ ਕੀਤਾ ਅਤੇ (ਮਾਯਾ ਤੋਂ) ਉਦਾਸ (ਨਿਰਲੇਪ) ਰਹਿਣ ਦੀ ਰੀਤਿ ਤੋਰੀ (ਭਾਵ ਫ਼ਕੀਰੀ ਤਰੀਕਾ ਧਾਰਨ ਕੀਤਾ)।

੮. (ਹੁਣ) ਧਰਤੀ ਦੇ ਲੋਕਾਂ ਨੂੰ ਸੋਧਣ ਲਈ (ਭਾਵ ਸਹੀ ਜੀਵਨ-ਜਾਚ ਦੀ ਸਿਖਲਾਈ ਦੇਣ ਲਈ) ਪ੍ਰਚਾਰ ਫੇਰੀ ਤੇ ਨਿਕਲ ਤੁਰੇ।

"ਗੁਰੂ ਨਾਨਕ ਸਾਹਿਬ ਨੇ ਤਕਰੀਬਨ ਪੰਜਾਹ ਹਜ਼ਾਰ ਕਿਲੋਮੀਟਰ (ਬਹੁਤਾ ਪੈਦਲ ਹੀ) ਸਫ਼ਰ ਕਰਕੇ ਵੱਖ-ਵੱਖ ਮੁਲਕਾਂ ਵਿੱਚ ਜਾ ਕੇ, ਵੱਖ-ਵੱਖ ਅਕੀਦਿਆਂ ਤੇ ਫ਼ਲਸਫ਼ਿਆਂ ਦੇ ਮਾਹਿਰਾਂ ਨਾਲ ਵਿਚਾਰਾਂ ਕੀਤੀਆਂ ਅਤੇ ਇੱਕ 'ਮੁਕੰਮਲ ਧਰਮ' ਦੀ ਨੀਂਹ ਰੱਖੀ। ਉਨ੍ਹਾਂ

ਇਨਸਾਨ ਨੂੰ ਅਕਾਲ ਪੁਰਖੁ ਨਾਲ ਜੋੜਿਆ ਅਤੇ ਰੱਬ ਨੂੰ ਹਰ ਵੇਲੇ ਚੇਤੇ ਰਖਦਿਆਂ ਸੱਚਾ ਜੀਵਨ, ਉੱਚਾ ਇਖ਼ਲਾਕ, ਇਨਸਾਨੀਅਤ ਦੀ ਪਹੁਲ ਵਾਲੀ ਭਾਈਚਾਰਕ ਸਾਂਝ, ਰੂਹਾਨੀਅਤ ਦੇ ਰੰਗ ਵਿੱਚ ਰੰਗੀ ਸਿਆਸਤ ਤੇ ਸੱਚੇ ਧਰਮ ਨੂੰ ਧਾਰਨ ਕਰਨ ਦੀ ਸਿੱਖਿਆ ਦਿੱਤੀ। ਗੁਰੂ ਨਾਨਕ ਸਾਹਿਬ ਦਾ ਧਰਮ ਪਹਿਲੋਂ ਮੌਜੂਦ ਮੱਤਾਂ ਦੀ ਤਰਜ਼ ਤੇ ਇੱਕ ਹੋਰ ਮੱਤ ਨਹੀਂ ਸੀ। ਇਹ ਤਾਂ ਰੱਬ ਦਾ ਧਰਮ ਸੀ ਨਾ ਕਿ ਇਨਸਾਨ ਦਾ।" [ਡਾ. ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ਼ (ਪਹਿਲਾ ਹਿੱਸਾ) ਪੰਨਾ 17]

## ਲਾਸਾਨੀ ਇਨਕਲਾਬ ਦੇ ਸਥਾਨਕ ਵਿਕਾਸ ਕੇਂਦਰਾਂ ਦੀ ਸਥਾਪਨਾ

## ੧. ਸੰਗਤਿ

ਭਾਰਤ ਦੇ ਕਈ ਹਿੱਸਿਆਂ ਵਿੱਚ ਪ੍ਰਚੱਲਤ ਹੋ ਚੁੱਕੇ ਤੱਤਕਾਲੀਨ ਸਮਾਜਿਕ ਪ੍ਰਬੰਧ ਦਾ ਢਾਂਚਾ ਹਰ ਪੱਖ ਤੋਂ ਮਨੁੱਖ ਦੀ ਨਾ-ਬਰਾਬਰੀ, ਪੱਖਪਾਤ ਅਤੇ ਅਨਿਆਂ ਦੀਆਂ ਨੀਹਾਂ 'ਤੇ ਉਸਰਿਆ ਹੋਇਆ ਹੋਣ ਕਰ ਕੇ ਇਸ ਦੀ ਸੁਧਾਈ ਨਹੀਂ ਕੀਤੀ ਜਾ ਸਕਦੀ ਸੀ, ਕਿਉਂਕਿ ਇਸ ਸਮਾਜਿਕ ਸਿਸਟਮ ਦਾ ਕੋਈ ਵੀ ਅਸੂਲ ਪਰਮੇਸ਼ਰ ਦੇ ਅਟੱਲ ਰੱਬੀ ਨਿਯਮਾਂ ਦੇ ਅਨੁਕੂਲ ਨਹੀਂ ਸੀ। ਇਸ ਕਰ ਕੇ ਗੁਰਮਤਿ ਇਨਕਲਾਬ ਦੇ ਵਿਕਾਸ ਲਈ ਇੱਕ ਵੱਖਰੇ ਆਦਰਸ਼ਕ ਸਮਾਜ ਦੀ ਉਸਾਰੀ ਕਰਨਾ ਸਭ ਤੋਂ ਪਹਿਲਾ ਕੰਮ ਸੀ। ਇੱਕ ਅਜਿਹਾ ਸਮਾਜ ਜਿਹੜਾ ਰਜ਼ਾ ਦੇ ਮਾਲਿਕ ਪ੍ਰਭੂ-ਪਿਤਾ ਦੇ 'ਹੁਕਮ' ਦੀ ਸੋਝੀ ਪ੍ਰਾਪਤੀ ਹਾਸਿਲ ਕਰਕੇ, ਕਾਦਰ ਦੀ ਕੁਦਰਤਿ ਨਾਲ ਇੱਕ-ਸੁਰ ਹੋ ਕੇ ਵਿਕਾਸ ਕਰਦਾ ਹੋਇਆ, ਆਤਮਿਕ ਵਿਕਾਸ ਦੇ ਪੈਂਡੇ ਨੂੰ ਤਹਿ ਕਰਦਾ ਹੋਇਆ, ਪ੍ਰਭੂ-ਪਿਤਾ ਦੀ ਸਰਬ ਸੁਖਦਾਈ ਗੋਦ ਦਾ ਨਿੱਘ ਮਾਣਦਾ ਹੋਇਆ, ਪਰਮੇਸ਼ਰ ਦੇ ਨਾਮ ਵਿੱਚ ਹੀ ਸਮਾ ਜਾਵੇ।

ਮਨੁੱਖੀ ਸਮਾਜ ਵਿੱਚੋਂ ਧਰਮ ਦੇ ਨਾਂ ਤੇ ਪ੍ਰਚੱਲਤ ਹੋ ਚੁੱਕੇ ਹਰ ਪ੍ਰਕਾਰ ਦੇ ਵਿਤਕਰੇ, (ਪਾਖੰਡ, ਕਰਮ-ਕਾਂਡ, ਵਹਿਮ-ਭਰਮ, ਜ਼ਾਤ-ਪਾਤ, ਊਚ-ਨੀਚ ਆਦਿ) ਦੂਰ ਕਰ ਕੇ ਸ੍ਰਿਸ਼ਟੀ ਵਿੱਚ ਇੱਕ ਆਦਰਸ਼ਕ ਸਮਾਜ ਦੀ ਸਿਰਜਣਾ ਕਰਨ ਲਈ ਤਕਰੀਬਨ ੩੮ (ਅਠੱਤੀ) ਸਾਲ ਦੀ ਉਮਰ ਵਿੱਚ, ਆਪਣੇ ਬਚਪਨ ਦੇ ਸਾਥੀ ਭਾਈ ਮਰਦਾਨਾ ਰਬਾਬੀ ਨੂੰ ਨਾਲ ਲੈ ਕੇ, ਸੁਲਤਾਨਪੁਰ ਤੋਂ ਚੱਲ ਕੇ ਪੂਰਬ ਵੱਲ (੧੫੦੭ ਈ. ਤੋਂ ੧੫੧੦ ਈ. ਤੱਕ) ਪਹਿਲੀ ਪ੍ਰਚਾਰ ਫੇਰੀ (ਉਦਾਸੀ) ਕੀਤੀ। ਇਸੇ ਤਰ੍ਹਾਂ, ਦੂਜੀ ਉਦਾਸੀ (੧੫੧੧ ਤੋਂ ੧੫੧੫ ਈ. ਤੱਕ) ਦੱਖਣੀ ਭਾਰਤ ਵਿੱਚ ਵਿਚਰ ਕੇ ਸੰਗਲਾਦੀਪ (ਸ੍ਰੀਲੰਕਾ) ਆਦਿ ਦੇ ਇਲਾਕਿਆਂ ਵਿੱਚ ਪ੍ਰਚਾਰ ਕੀਤਾ। ਤੀਜੀ ਉਦਾਸੀ (੧੫੧੬ ਈ. ਤੋਂ ੧੫੧੮ ਈ. ਤੱਕ) ਉਤਰੀ ਦਿਸ਼ਾ ਵੱਲ ਕਸ਼ਮੀਰ ਹੁੰਦੇ ਹੋਏ, ਤਿੱਬਤ, ਨੇਪਾਲ, ਚੀਨ, ਜਾਪਾਨ, ਸਿਕਮ, ਭੂਟਾਨ ਆਦਿ ਦੇਸ਼ਾਂ ਵਿੱਚ ਪ੍ਰਚਾਰ ਕੀਤਾ। ਚੌਥੀ ਉਦਾਸੀ (੧੫੧੯ ਈ. ਤੋਂ ੧੫੨੧ ਈ. ਤਕ) ਪੱਛਮ ਵੱਲ ਅਰਬ ਦੇਸ਼ਾਂ, ਗ੍ਰੀਸ, ਫ਼ਰਾਂਸ, ਅਫ਼ਗ਼ਾਨਿਸਤਾਨ ਆਦਿ ਵਿੱਚ ਰੱਬੀ-ਸੱਚ ਦਾ ਪ੍ਰਚਾਰ ਕੀਤਾ। (ਡਾ. ਹਰਿਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ; ਡਾ. ਕਿਰਪਾਲ ਸਿੰਘ: ਜਨਮ ਸਾਖੀ ਪ੍ਰੰਪਰਾ; ਪ੍ਰੋਫੈਸਰ ਸਾਹਿਬ ਸਿੰਘ: ਗੁਰੂ ਨਾਨਕ ਜੀਵਨ)।





ਜਿੱਥੇ ਕਿਧਰੇ ਵੀ ਸਤਿਗੁਰੂ ਜੀ ਕੁੱਝ ਦਿਨ ਟਿੱਕ ਕੇ ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ ਕਰਦੇ ਸਨ, ਉਥੇ **ਸਥਾਨਕ 'ਸੰਗਤਿ' ਦੇ ਰੂਪ ਵਿੱਚ ਇਸ ਇਨਕਲਾਬ ਦੇ ਸਿਖਲਾਈ ਅਤੇ ਵਿਕਾਸ ਕੇਂਦਰ ਕਾਇਮ ਕਰ ਦਿੰਦੇ ਸਨ। 'ਸੰਗਤਿ' ਦੀ ਸੰਸਥਾ ਨੂੰ ਕਾਰਜਸ਼ੀਲ ਕਰਨ ਲਈ ਗੁਰੂ ਸਾਹਿਬ ਸਥਾਨਕ ਅਬਾਦੀ ਵਿੱਚੋਂ, ਸਤਿਗੁਰਾਂ ਵੱਲੋਂ ਪ੍ਰਚਾਰੇ ਗੁਰਮਤਿ ਫ਼ਲਸਫ਼ੇ ਨੂੰ ਚੰਗੀ ਤਰ੍ਹਾਂ ਸਮਝ ਕੇ ਆਪਣੇ ਨਿਤਾਪ੍ਰਤਿ ਦੇ ਅਮਲੀ ਜੀਵਨ ਵਿੱਚ ਢਾਲਣ ਵਾਲੇ, ਸ਼ਰਧਾਵਾਨ, ਪ੍ਰਚਾਰ ਕਰਨ ਦੀ ਯੋਗਤਾ ਅਤੇ ਤਾਂਘ ਰੱਖਣ ਵਾਲੇ ਵਿਅਕਤੀਆਂ ਨੂੰ ਪ੍ਰਬੰਧਕਾਂ ਦੇ ਤੌਰ 'ਤੇ ਨਾਮਜ਼ਦ ਕਰਕੇ ਅੱਗੇ ਚਾਲੇ ਪਾ ਦਿੰਦੇ ਸਨ।** ਸੰਗਤਿ ਦੀ ਸੰਸਥਾ ਦੇ ਸੇਵਾਦਾਰ (ਪ੍ਰਬੰਧਕ) ਚੁਣਨ ਲਈ ਗੁਰੂ ਨਾਨਕ ਸਾਹਿਬ ਨੇ ਕਦੇ ਵੋਟਾਂ ਨਹੀਂ ਪੁਆਈਆਂ ਸਨ ਅਤੇ ਨਾ ਹੀ ਸੰਗਤਿ ਤੋਂ ਹੱਥ ਖੜ੍ਹੇ ਕਰਵਾ ਕੇ ਬਹੁ-ਗਿਣਤੀ ਦੇ ਅਸੂਲ ਨੂੰ ਪ੍ਰਵਾਨ ਕੀਤਾ ਸੀ। ਪਰ ਅੱਜ ਅਸੀਂ ਕੀ ਕਰ ਰਹੇ ਹਾਂ? ਵੋਟਾਂ ਦੁਆਰਾ ਪ੍ਰਬੰਧਕਾਂ ਦੀ ਚੋਣ ਕਰਕੇ ਗੁਰਮਤਿ ਫ਼ਲਸਫ਼ੇ ਦੇ ਬੁਨਿਆਦੀ ਅਸੂਲ ਤੋਂ ਹੀ ਬਾਗ਼ੀ ਹੋਏ ਬੈਠੇ ਹਾਂ। 'ਸੰਗਤਿ' ਦਾ ਰੋਜ਼ਾਨਾ ਇਕੱਠ ਵੱਖੋ-ਵਖਰੇ ਘਰਾਂ ਵਿੱਚ ਵਾਰੀ-ਵਾਰੀ ਹੋਇਆ ਕਰਦਾ ਸੀ। ਸੰਗਤਿ ਵਿੱਚ ਹਰ ਇੱਕ ਪ੍ਰਾਣੀ ਮਨੁੱਖੀ ਭਾਈਚਾਰੇ ਦੇ ਨਿਯਮਾਂ ਦੀ ਪਾਲਨਾ ਕਰਦਾ ਹੋਇਆ, ਬਿਨਾਂ ਕਿਸੇ ਵਖਰੇਵੇਂ ਦੇ (ਜਿਵੇਂ ਕਿ ਅੱਜ ਕਲ ਕੁੱਝ ਕੁ ਅਖੌਤੀ ਮਹਾਂਪੁਰਖ ਸੰਗਤਿ ਵਿੱਚ ਗੱਦੀਆਂ ਲਗਾ ਕੇ ਬੈਠਦੇ ਹਨ, ਅਤੇ ਆਪਣੀ ਸ੍ਰੇਸ਼ਟਤਾ ਜ਼ਾਹਰ ਕਰਨ ਦਾ ਆਡੰਬਰ ਕਰਦੇ ਹਨ) ਮਿਲ ਕੇ ਬੈਠਦਾ ਸੀ। ਐਸਾ ਜਾਪਦਾ ਹੈ ਕਿ ਸੰਗਤਿ ਦੇ ਰੋਜ਼ਾਨਾ ਪ੍ਰੋਗਰਾਮਾਂ ਵਿੱਚ ਹੇਠ ਲਿਖੇ ਵਿਸ਼ੇ ਜਰੂਰ ਹੀ ਸ਼ਾਮਿਲ ਕੀਤੇ ਜਾਂਦੇ ਹੋਣਗੇ :-

- ਸ਼ਬਦ-ਗੁਰੂ ਦੇ ਸਿਧਾਂਤ ਨੂੰ, ਮਿਲ ਬੈਠ ਕੇ ਸੰਗਤੀ ਤੌਰ ਤੇ ਸਮਝਣ ਅਤੇ ਅੱਗੇ ਪ੍ਰਚਾਰਨ ਦਾ ਉਪਰਾਲਾ ਕਰਨਾ।
- ਪਰਮੇਸ਼ਰ ਦੀ, ਸੰਗਤੀ ਤੌਰ ਤੇ, ਰਲ-ਮਿਲ ਕੇ, ਸਿਫਤਿ-ਸਾਲਾਹ ਕਰਨੀ।
- ਗੁਰਮਤਿ ਫ਼ਲਸਫ਼ੇ ਦੇ ਸਿਖਲਾਈ ਕੇਂਦਰ ਵਜੋਂ 'ਸੰਗਤਿ' ਦੀ ਸੰਸਥਾ ਦੁਆਰਾ ਆਦਰਸ਼ਕ ਮਨੁੱਖੀ ਆਚਰਣ ਦੀ ਉਸਾਰੀ ਕਰਨਾ।

ਸਮੇਂ ਦੀ ਲੋੜ ਅਨੁਸਾਰ, ਆਉਂਣ ਵਾਲੇ ਸਮੇਂ ਵਿੱਚ, ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਦੀ ਰਹਿਨੁਮਾਈ ਹੇਠ, ਹੇਠ ਲਿਖੇ ਕਾਰਜ ਵੀ ਸਥਾਨਕ ਸੰਗਤਾਂ ਵੱਲੋਂ ਨੇਪਰੇ ਚਾੜ੍ਹੇ ਜਾਣ ਲਗੇ :

- ਸਾਰੇ ਇਲਾਕੇ ਵਿੱਚ ਗੁਰਮਤਿ ਫ਼ਲਸਫ਼ੇ ਦਾ ਜਥੇਬੰਦਕ ਢੰਗ ਨਾਲ ਪ੍ਰਚਾਰ ਕਰਨ ਲਈ ਉਪਰਾਲੇ ਕਰਨਾ।
- 'ਦਸਵੰਧ' ਦੀ ਮਾਇਆ ਇਕੱਤ੍ਰ ਕਰ ਕੇ ਇਲਾਕੇ ਵਿੱਚ ਸਮਾਜਿਕ ਭਲਾਈ ਦੇ ਸਾਂਝੇ ਕਾਰਜ (ਪ੍ਰਾਜੈਕਟ) ਵਿਉਂਤਬੰਦ ਢੰਗ ਨਾਲ ਉਲੀਕ ਕੇ ਨੇਪਰੇ ਚਾੜ੍ਹਨਾ।
- ਸਮਾਜ ਦੇ ਗ਼ਰੀਬ ਅਤੇ ਦੱਬੇ-ਕੁਚਲੇ ਵਰਗਾਂ ਨੂੰ ਬਰਾਬਰਤਾ ਦੇ ਭਾਈਚਾਰੇ ਦੇ ਮੈਂਬਰ ਹੋਣ ਦਾ ਅਹਿਸਾਸ ਕਰਾਉਂਣ ਲਈ ਉਨ੍ਹਾਂ ਦੀ ਸੰਗਤੀ ਰੂਪ ਵਿੱਚ ਹਰ ਪੱਖੋਂ

ਸਹਾਇਤਾ ਕਰਨੀ ਤਾਕਿ ਉਨ੍ਹਾਂ ਵਿੱਚੋਂ 'ਅਲਹਿਦਗੀ' ਅਤੇ ਹੀਣ-ਭਾਵਨਾ ਦੀ ਮਾਨਸਿਕ ਕਮਜ਼ੋਰੀ ਨੂੰ ਖ਼ਤਮ ਕਰ ਕੇ, ਉਨ੍ਹਾਂ ਨੂੰ ਸਵੈ-ਸਤਿਕਾਰ ਦਾ ਅਹਿਸਾਸ ਕਰਵਾ ਕੇ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਯੋਗ ਬਣਾਇਆ ਜਾ ਸਕੇ। ਭਾਵ, ਉਨ੍ਹਾਂ ਦੇ ਅਮਲੀ ਜੀਵਨ ਨੂੰ ਗੁਰਮਤਿ ਅਨੁਸਾਰ ਹਰ ਪੱਖ ਤੋਂ ਉੱਚਾ ਚੁੱਕ ਕੇ ਆਦਰਸ਼ਕ ਮਨੁੱਖੀ ਸਮਾਜ ਦੇ ਭਾਈਚਾਰੇ ਵਿੱਚ ਬਰਾਬਰ ਦੇ ਹੱਕ ਦੇ ਕੇ ਸ਼ਾਮਿਲ ਕੀਤਾ ਜਾ ਸਕੇ। ਇਸ ਦੀ ਮਿਸਾਲ ਗੁਰੂ ਨਾਨਕ ਸਾਹਿਬ ਨੇ ਅਖੌਤੀ ਨੀਵੀਂ ਜ਼ਾਤ (ਮਿਰਾਸੀ) ਦੇ ਭਾਈ ਮਰਦਾਨੇ ਨੂੰ ਆਪਣੇ ਪੱਕੇ ਸਾਥੀ ਵਜੋਂ ਚੁਣ ਕੇ ਕਾਇਮ ਕਰ ਦਿੱਤੀ ਸੀ।

- ਸਮੇਂ ਦੇ ਹਾਲਾਤ ਅਨੁਸਾਰ ਬੱਚਿਆਂ ਲਈ ਯੋਗ ਦੁਨਿਆਵੀ ਅਤੇ ਰੂਹਾਨੀ ਵਿਦਿਆ ਦਾ ਪ੍ਰਬੰਧ ਕਰਨਾ।
- ਸਥਾਨਕ ਮਸਲਿਆਂ, ਝਗੜਿਆਂ, ਮਤ-ਭੇਦਾਂ ਨੂੰ ਇਕੱਠੇ ਮਿਲ ਬੈਠ ਕੇ ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਅਨੁਸਾਰ ਹੱਲ ਕਰਨਾ।
- ਨੇੜੇ ਦੇ ਇਲਾਕਿਆਂ ਦੀਆਂ ਸੰਗਤਾਂ ਨਾਲ ਹਰ ਪੱਖੋਂ ਤਾਲਮੇਲ ਰੱਖਣ ਦੇ ਯਤਨ ਕਰਨਾ ਤਾਕਿ ਸਿਧਾਂਤਾਂ ਦੀ ਇਕਸਾਰਤਾ ਕਾਇਮ ਰਹੇ ਅਤੇ ਆਪਸੀ ਸਹਿਯੋਗ ਨਾਲ ਇਕ-ਦੂਜੇ ਦੀ ਯੋਗ ਸਹਾਇਤਾ ਕੀਤੀ ਜਾ ਸਕੇ।

## ੨. ਪੰਗਤ (ਸਾਂਝਾ ਲੰਗਰ)

ਮਨੁੱਖੀ ਸਮਾਜ ਵਿੱਚੋਂ ਸਾਰੇ ਵਖਰੇਵੇਂ (ਜ਼ਾਤ-ਪਾਤ, ਊਚ-ਨੀਚ, ਸੁੱਚ-ਭਿੱਟ, ਅਮੀਰ-ਗ਼ਰੀਬ ਆਦਿ) ਦੂਰ ਕਰਨ ਲਈ, 'ਸੇਵਾ' ਅਤੇ 'ਵੰਡ-ਛਕਣ' ਦਾ ਗੁਰਮਤਿ ਸਿਧਾਂਤ ਦ੍ਰਿੜ ਕਰਵਾਉਣ ਲਈ ਸਤਿਗੁਰਾਂ ਵੱਲੋਂ ਚੁੱਕਿਆ ਗਿਆ ਇਹ ਇੱਕ ਹੋਰ ਅਹਿਮ ਇਨਕਲਾਬੀ ਕਦਮ ਸੀ। ਸਮਾਗਮ ਵਿੱਚ ਇਕੱਤ੍ਰ ਹੋਈ ਸਮੁੱਚੀ ਸੰਗਤ ਵਾਸਤੇ, ਸੰਗਤ ਵਿੱਚੋਂ ਹੀ ਰਲ ਮਿਲ ਕੇ ਸੇਵਾ ਕਰ ਕੇ, ਆਪੋ ਆਪਣੇ ਦਸਵੰਧ ਵਿੱਚੋਂ ਇਕੱਠੀਆਂ ਕੀਤੀਆਂ ਰਸਦਾਂ-ਵਸਤਾਂ ਦਾ ਸਾਂਝਾ ਲੰਗਰ ਤਿਆਰ ਕਰ ਕੇ ਸੰਗਤਿ ਨੂੰ ਬਰਾਬਰ ਪੰਗਤਾਂ ਵਿੱਚ ਬਿਠਾ ਕੇ ਬਿਨਾ ਕਿਸੇ ਭੇਦ-ਭਾਵ ਜਾਂ ਵਖਰੇਵੇ ਤੋਂ ਵਰਤਾਇਆ ਜਾਣ ਲੱਗ ਪਿਆ, ਤਾਕਿ ਸਮਾਜ ਵਿੱਚ ਭਾਈਚਾਰਕ ਸਾਂਝਾਂ ਨੂੰ ਪੱਕਿਆਂ ਕੀਤਾ ਜਾ ਸਕੇ। ਅੱਜ ਵੀ ਕੁੱਝ ਕੁ ਜਥਿਆਂ ਅਤੇ ਅਖੌਤੀ ਮਹਾਂਪੁਰਖਾਂ ਵੱਲੋਂ (ਵਿਤਕਰੇ ਦੀ ਭਾਵਨਾ ਅਧੀਨ), ਸਮਾਜ ਦੇ ਪਛੜੇ ਅਤੇ ਦੁਰਕਾਰੇ ਹੋਏ ਵਰਗਾਂ ਨੂੰ ਬਾਕੀ ਸੰਗਤਿ ਤੋਂ ਅਲਹਿਦਾ ਬਿਠਾ ਕੇ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨੂੰ ਚੁਣੌਤੀ ਦਿੱਤੀ ਜਾ ਰਹੀ ਹੈ। ਅਜਿਹੇ ਗੁਰਮਤਿ-ਵਿਰੋਧੀ ਪਾਖੰਡ-ਕਰਮਾਂ ਨੂੰ ਸਖ਼ਤੀ ਨਾਲ ਰੋਕਣ ਦੀ ਲੋੜ ਹੈ।

## ੩. ਸਰਬ-ਸਾਂਝੇ ਸਰੋਵਰ/ਬਾਊਲੀ/ਖ਼ੂਹ ਤਿਆਰ ਕਰਵਾਉਂਣੇ

ਪਾਣੀ ਦੀ ਲੋੜ ਅਤੇ ਘਾਟ ਨੂੰ ਪੂਰਾ ਕਰਨ ਲਈ ਅਤੇ ਮਨੁੱਖੀ ਸਮਾਜ ਵਿੱਚੋਂ





ਊੱਚ-ਨੀਚ ਦੇ ਵਖਰੇਵਿਆਂ ਨੂੰ ਦੂਰ ਕਰਨ ਲਈ ਚੁੱਕਿਆ ਗਿਆ ਇਹ ਇੱਕ ਹੋਰ ਇਨਕਲਾਬੀ ਕਦਮ ਸੀ, ਜਿਸ ਰਾਹੀਂ ਸਾਰੀ ਸਥਾਨਕ ਸੰਗਤ ਇੱਕੋ ਹੀ ਸਰੋਵਰ, ਬਾਉਲੀ ਜਾਂ ਖੂਹ ਆਦਿ ਤੋਂ ਜਲ ਦੀ, ਬਿਨਾਂ ਕਿਸੇ ਸੁੱਚ-ਭਿੱਟ, ਵਹਿਮ ਅਤੇ ਭਿੰਨ-ਭੇਦ ਦੇ, ਵਰਤੋਂ ਕਰਨ ਲੱਗ ਪਈ।

## ੪. ਸਪੋਰਟਸ ਕਲੱਬ (ਕਸਰਤ ਕੇਂਦਰ)

ਮਨੁੱਖੀ ਸਮਾਜ ਨੂੰ ਨਿਰੋਈ ਸਿਹਤ ਦੇਣ ਲਈ ਉਸਾਰੂ ਮੁਕਾਬਲੇ ਦਾ ਜਜ਼ਬਾ ਪੈਦਾ ਕਰਨ ਅਤੇ ਆਪਸੀ ਮਿਲਵਰਤਣ ਦੀ ਭਾਵਨਾ ਦਾ ਵਿਕਾਸ ਕਰਨ ਲਈ ਸਤਿਗੁਰਾਂ ਨੇ ਮੱਲ-ਅਖਾੜੇ ਅਤੇ ਸਪੋਰਟਸ ਕਲੱਬ ਕਾਇਮ ਕੀਤੇ।

## ੫. ਗੁਰਮੁਖੀ ਲਿੱਪੀ ਦਾ ਵਿਕਾਸ

ਗੁਰੂ ਨਾਨਕ ਸਾਹਿਬ ਜੀ ਦੀ ਆਗਿਆ ਅਨੁਸਾਰ, ਭਾਈ ਲਹਿਣਾ (ਗੁਰੂ ਅੰਗਦ ਸਾਹਿਬ) ਜੀ ਨੇ ਪੰਜਾਬੀ ਬੋਲੀ ਨੂੰ 'ਟਾਕਰੀ', 'ਠਾਕਰੀ' ਅਤੇ 'ਲੰਡੇ' ਦੀਆਂ ਪ੍ਰਚੱਲਤ ਲਿੱਪੀਆਂ ਵਿੱਚ ਲਿਖਣ ਦੀ ਬਜਾਏ 'ਗੁਰਮੁੱਖੀ ਲਿੱਪੀ' ਨੂੰ ਹੋਂਦ ਵਿੱਚ ਲਿਆਂਦਾ। ਗੁਰਬਾਣੀ ਅਤੇ ਹੋਰ ਸਾਰੇ ਸਾਹਿਤ ਨੂੰ ਗੁਰਮੁਖੀ ਲਿੱਪੀ ਵਿੱਚ ਲਿਖਣਾ ਅਰੰਭ ਕੀਤਾ ਜਿਸ ਵਿੱਚ ਆਮ ਲੋਕਾਂ ਨੂੰ ਆਸਾਨੀ ਨਾਲ ਸਮਝ ਆ ਸਕਣ ਵਾਲੀ ਬੋਲੀ ਦੀ ਵਰਤੋਂ ਕੀਤੀ ਜਾਣ ਲੱਗੀ। ਗੁਰਬਾਣੀ ਨੂੰ ਲਿਖਣ ਲਈ ਵਿਸ਼ਵ ਦੀਆਂ ਦੂਜੀਆਂ ਬੋਲੀਆਂ ਦੇ ਸ਼ਬਦਾਂ ਨੂੰ ਵੀ ਗੁਰਮੁੱਖੀ ਲਿੱਪੀ ਵਿੱਚ ਅੰਕਿਤ ਕੀਤਾ। **ਇਸ ਤਰ੍ਹਾਂ ਮਨੂੰਵਾਦੀਆਂ ਵੱਲੋਂ ਸੰਸਕ੍ਰਿਤ ਨੂੰ 'ਦੇਵ-ਭਾਸ਼ਾ' ਦੇ ਦਿੱਤੇ ਜਾ ਚੁੱਕੇ ਬਨਾਵਟੀ ਰੁੱਤਬੇ ਨੂੰ ਮੁੱਢੋਂ ਹੀ ਰੱਦ ਕਰ ਦਿੱਤਾ।** ਭਾਵੇਂ ਕਿ ਬਿਪਰਵਾਦੀਆਂ ਨੇ ਇਸ ਕਰਾਂਤੀਕਾਰੀ ਕਦਮ ਦੇ ਵਿਰੋਧ ਵਿੱਚ ਕਾਫ਼ੀ ਚੀਕ-ਚਿਹਾੜਾ ਪਾਇਆ ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਚੱਲੀ।

## ੬. ਸਿੱਖ ਵਸੋਂ ਵਾਲੇ ਨਗਰ ਵਸਾਉਂਣੇ

ਆਦਰਸ਼ਕ ਸਮਾਜ ਦੇ ਅਸੂਲਾਂ ਦੀ ਅਮਲੀ ਤੌਰ ਤੇ ਸਿਖਲਾਈ ਦੇਣ ਲਈ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਨੇ ਸਿੱਖ ਵਸੋਂ ਵਾਲੇ ਨਗਰ (ਕਰਤਾਰਪੁਰ, ਖਡੂਰ, ਗੋਇੰਦਵਾਲ, ਅੰਮ੍ਰਿਤਸਰ, ਤਰਨਤਾਰਨ, ਹਰਿਗੋਬਿੰਦਪੁਰਾ, ਅਨੰਦਪੁਰ, ਕੀਰਤਪੁਰ, ਪਾਉਂਟਾ ਆਦਿ) ਵਸਾਏ। ਸਮਾਂ ਪਾਕੇ ਇਹ ਨਗਰ ਆਦਰਸ਼ਕ ਸਮਾਜ ਦਾ ਵਿਕਾਸ ਕਰਨ ਲਈ ਨਮੂੰਨੇ ਦੇ ਸਥਾਨਕ ਕੇਂਦਰਾਂ ਦੇ ਰੂਪ ਵਿੱਚ ਸਥਾਪਤ ਹੋ ਗਏ ਜਿਥੋਂ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤੇ ਆਲਮਗੀਰੀ ਫ਼ਲਸਫ਼ੇ ਦੇ ਸਿਧਾਂਤਾਂ ਨੂੰ ਲਾਗੂ ਕਰਕੇ ਇਹ ਸਾਬਿਤ ਕਰ ਦਿੱਤਾ ਗਿਆ ਕਿ ਇਹ ਸਿਧਾਂਤ ਸਿਰਫ਼ ਥਿਊਰੀ ਦੇ ਪੱਧਰ ਤੱਕ ਹੀ ਸੀਮਤ ਰੱਖੇ ਜਾਣ ਵਾਲੇ ਨਹੀਂ ਹਨ ਬਲਕਿ ਇਨ੍ਹਾਂ ਨੂੰ ਨਿਤਾ-ਪ੍ਰਤਿ ਦੇ ਅਮਲੀ ਜੀਵਨ ਅੰਦਰ ਢਾਲਣ ਨਾਲ ਹੀ ਮਨੁੱਖ ਦਾ ਜੀਵਨ ਸਫ਼ਲ ਹੋ ਸਕਦਾ ਹੈ। ਇਹ ਸਾਰੇ ਇਨਕਲਾਬੀ ਕਦਮ, ਜਿਵੇਂ ਕਿ ਅੱਗੇ ਜਾ ਕੇ ਵਿਚਾਰ ਕੀਤੀ ਜਾਵੇਗੀ, ਇੱਕ ਲਾਸਾਨੀ ਕੌਮ ਦੀ

ਸਿਰਜਨਾ ਲਈ ਆਧਾਰ ਬਣੇ। 1716 ਈ: ਤੋਂ ਬਾਅਦ, ਇਤਿਹਾਸਕ ਕਾਰਨਾਂ ਕਰਕੇ, ਇਨ੍ਹਾਂ ਨਗਰਾਂ ਦਾ ਸਿੱਖ ਕਰੈਕਟਰ ਕਾਇਮ ਨਹੀਂ ਰੱਖਿਆ ਜਾ ਸਕਿਆ।

## ੭. ਸਭ ਤੋਂ ਪਹਿਲਾ ਸਿੱਖ ਸਕੂਲ

"ਗੁਰੂ ਅੰਗਦ ਸਾਹਿਬ ਨੇ ਪੰਜਾਬ ਦੀ ਧਰਤੀ ਤੇ, ਖਡੂਰ ਸਾਹਿਬ ਵਿੱਚ ਪਹਿਲਾ ਸਿੱਖ ਸਕੂਲ ਕਾਇਮ ਕੀਤਾ। ਆਪ ਨੇ ਸਕੂਲ (ਮਦਰੱਸੇ) ਨੂੰ ਸਿਰਫ਼ ਲਿੱਪੀ ਅਤੇ ਕਿਤਾਬੀ ਇਲਮ ਤੱਕ ਹੀ ਸੀਮਤ ਨਹੀਂ ਰੱਖਿਆ। ਉਨ੍ਹਾਂ ਨੇ ਇੱਕ ਨਰੋਏ ਜਿਸਮ, ਤਗੜੇ ਜੁੱਸੇ ਤੇ ਜਵਾਨੀ ਦੇ ਸੰਤੁਲਨ ਨੂੰ ਕਾਇਮ ਰੱਖਣ ਵਾਸਤੇ ਸਿੱਖੀ ਜੀਵਨ-ਜਾਚ ਵਿੱਚ ਖੇਡਾਂ ਨੂੰ ਵੀ ਪੂਰੀ ਅਹਿਮੀਅਤ ਦਿੱਤੀ। ਕਿਸੇ ਵੀ ਕੌਮ ਕੋਲ ਇੱਕ ਸਾਂਝੀ ਬੋਲੀ, ਲਿੱਪੀ ਤੇ ਸਾਹਿਤ ਦਾ ਹੋਣਾ ਇੱਕ ਵੱਡਾ ਖ਼ਜ਼ਾਨਾ ਹੁੰਦਾ ਹੈ, ਜੋ ਉਨ੍ਹਾਂ ਨੂੰ ਇੱਕ ਭਾਈਚਾਰੇ ਵਿੱਚ ਬੰਨ੍ਹੀ ਰੱਖਦਾ ਹੈ। ਸੋ, ਸਿੱਖ ਕੌਮ ਦੇ ਜਥੇਬੰਦ ਹੋਣ ਵਿੱਚ ਬੋਲੀ ਅਤੇ ਲਿੱਪੀ ਦੀ ਸਾਂਝ ਨੇ ਬੜਾ ਰੋਲ ਅਦਾ ਕੀਤਾ। **ਜਿਹੜੀਆਂ ਕੌਮਾਂ ਆਪਣੀ ਬੋਲੀ, ਲਿੱਪੀ (ਤੇ ਪਹਿਰਾਵਾ) ਗੁਆ ਬੈਠਦੀਆਂ ਹਨ, ਉਹ ਹੌਲੀ-ਹੌਲੀ ਆਪਣਾ ਸਾਰਾ ਸਭਿਆਚਾਰ (ਕਲਚਰ) ਹੀ ਗੁਆ ਬੈਠਦੀਆਂ ਹਨ। ਇਹ ਉਨ੍ਹਾਂ ਕੌਮਾਂ ਦੀ ਤਬਾਹੀ ਦਾ ਪਹਿਲਾ ਪੜਾਅ ਹੋਇਆ ਕਰਦਾ ਹੈ। ਤਵਾਰੀਖ਼ ਨੇ ਵੇਖਿਆ ਹੈ ਕਿ ਅਫ਼ਰੀਕਨ ਲੋਕ ਆਪਣੀ ਬੋਲੀ, ਲਿੱਪੀ ਤੇ ਪਹਿਰਾਵਾ ਗੁਆਉਂਣ ਮਗਰੋਂ ਆਪਣਾ ਕਲਚਰ ਤੇ ਫਿਰ ਆਪਣਾ ਧਰਮ ਵੀ ਗੁਆ ਬੈਠੇ। ਅੱਜ ਉਨ੍ਹਾਂ ਦੀ ਸਾਰੀ ਜੱਦੋਜਹਿਦ ਸਿਰਫ਼ ਤੇ ਸਿਰਫ਼ ਵਕਤੀ ਮਾਲੀ ਸਹੂਲਤਾਂ, ਨੌਕਰੀਆਂ ਤੇ ਹੋਰ ਛੋਟੇ-ਮੋਟੇ ਹੱਕ ਮੰਗਣ ਤੋਂ ਸਿਵਾ ਕੁਝ ਵੀ ਨਹੀਂ। ਉਹ ਇੱਕ ਗੁਆਚੀ ਹੋਈ ਗ਼ੁਲਾਮ ਕੌਮ ਦੇ ਮਜ਼ਬੂਰ ਵਾਰਿਸਾਂ ਵਾਂਗ ਜੀਅ ਰਹੇ ਹਨ। ਇੰਞ ਹੀ, ਜੇ ਸਿੱਖ ਪੰਜਾਬੀ, ਗੁਰਮੁੱਖੀ, ਪੰਜਾਬੀ ਖ਼ੁਰਾਕ, ਪਹਿਰਾਵਾ ਤੇ ਸਿੱਖ ਕਲਚਰ ਦਾ ਬਾਕੀ ਹਿੱਸਾ ਗੁਆ ਬੈਠਣਗੇ ਤਾਂ ਇੱਕ-ਦੋ ਨਸਲਾਂ ਮਗਰੋਂ ਉਹ ਆਪਣੇ ਕੇਸ਼, ਦਸਤਾਰ ਅਤੇ ਧਰਮ ਵੀ ਗੁਆ ਬੈਠਣਗੇ ਤੇ ਇੱਕ ਗ਼ੁਲਾਮ ਤੇ ਗੁਆਚੀ ਕੌਮ ਬਣਕੇ ਰਹਿ ਜਾਣਗੇ।** ਗੁਰੂ ਅੰਗਦ ਸਾਹਿਬ ਨੇ ਇਸੇ ਕਰਕੇ ਪੰਜਾਬੀ, ਗੁਰਮੁਖੀ ਤੇ ਤਵਾਰੀਖ਼ ਦੀ ਪੜ੍ਹਾਈ ਨੂੰ ਅਹਿਮ ਥਾਂ ਦਿੱਤੀ ਸੀ। ਪੰਜਾਬੀ ਬੋਲੀ, ਗੁਰਮੁਖੀ ਲਿੱਪੀ, ਸਿੱਖ ਕਲਚਰ, ਸਿੱਖ ਇਤਿਹਾਸ ਦੀ ਪੜ੍ਹਾਈ ਇੱਕ ਸਿੱਖ ਦੇ ਰੋਜ਼ਨਾਮਚੇ ਦਾ ਜ਼ਰੂਰੀ ਹਿੱਸਾ ਹੋਣਾ ਚਾਹੀਦਾ ਹੈ।"........"ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੀ ਤਵਾਰੀਖ਼ (ਜਨਮ ਸਾਖੀ) ਵੀ ਲਿਖਵਾਈ.....ਜੰਗਾਂ ਤੇ ਜ਼ੁਲਮਾਂ ਦੀ ਹੰਗਾਮੀ ਹਾਲਤ ਕਾਰਨ ਸਿੱਖ ਕੌਮ ਉਸ ਤਵਾਰੀਖ਼ (ਅਸਲ ਜਨਮ ਸਾਖੀ) ਨੂੰ ਸੰਭਾਲ ਨਹੀਂ ਸਕੀ...ਅਜਿਹਾ ਜਾਪਦਾ ਹੈ ਕਿ ਜਦ ਭਾਈ ਗੁਰਦਾਸ ਨੇ ਆਪਣੀ ਪਹਿਲੀ 'ਵਾਰ' ਲਿਖੀ ਤਾਂ ਉਨ੍ਹਾਂ ਕੋਲ ਉਹ ਜਨਮ ਸਾਖੀ ਅਜੇ ਮੌਜੂਦ ਸੀ ਕਿਉਂਕਿ ਉਸ ਤੋਂ ਬਿਨਾਂ ਭਾਈ ਗੁਰਦਾਸ ਉਸ 'ਵਾਰ' ਵਿੱਚ ਏਨੀ ਤਫ਼ਸੀਲ ਨਹੀਂ ਸਨ ਦੇ ਸਕਦੇ।" [ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਪਹਿਲਾ ਹਿੱਸਾ) ਪੰਨਾ 188-89]





## ੮. ਮੰਜੀਆਂ ਅਤੇ ਪੀੜ੍ਹੇ ਸਥਾਪਤ ਹੋਏ -

### ਇਸਤਰੀ ਨੂੰ ਮਰਦ ਦੇ ਬਰਾਬਰ ਹੱਕ ਪ੍ਰਾਪਤ ਹੋਏ

"ਗੁਰੂ ਅਮਰਦਾਸ ਸਾਹਿਬ ਨੇ ਸਿੱਖ ਧਰਮ ਨੂੰ ਸੁਚੱਜੇ ਤਰੀਕੇ ਨਾਲ ਪ੍ਰਚਾਰਨ ਅਤੇ ਸਿੱਖਾਂ ਨੂੰ ਜਥੇਬੰਦ ਕਰਨ ਵਾਸਤੇ ਸਾਰੇ ਇਲਾਕਿਆਂ, ਜਿੱਥੇ-ਜਿੱਥੇ ਵੀ ਸਿੱਖ ਵੱਡੀ ਗਿਣਤੀ ਵਿੱਚ ਰਹਿੰਦੇ ਸਨ, ਨੂੰ ੨੨ ਮੰਜੀਆਂ ਵਿੱਚ ਵੰਡ ਦਿੱਤਾ ਤੇ ਇਸ ਤੋਂ ਇਲਾਵਾ ਜਿੱਥੇ-ਜਿੱਥੇ ਸਿੱਖਾਂ ਦੀ ਆਬਾਦੀ ਥੋੜ੍ਹੀ ਸੀ, ਉਨ੍ਹਾਂ ਥਾਵਾਂ 'ਤੇ ਗੁਰੂ ਸਾਹਿਬ ਨੇ 52 ਪੀੜ੍ਹੇ ਕਾਇਮ ਕਰ ਦਿੱਤੇ। ਇੰਞ ਸਾਰੇ ਇਲਾਕਿਆਂ ਦੇ ਸਿੱਖ ਇੱਕ ਲੜੀ ਵਿੱਚ ਪਰੋਏ ਗਏ।

**ਇਸ ਤੋਂ ਇਲਾਵਾ ਗੁਰੂ ਸਾਹਿਬ ਨੇ ਸਾਲ ਵਿੱਚ ਤਿੰਨ ਵਾਰ ਸਾਰੇ ਸਿੱਖਾਂ ਦੇ ਇਕੱਠ ਗੋਇੰਦਵਾਲ ਕਰਨੇ ਸ਼ੁਰੂ ਕਰ ਦਿੱਤੇ।** ਇਹ ਇਕੱਠ ਪਹਿਲੀ ਮਾਘ, ਪਹਿਲੀ ਵਿਸਾਖ ਅਤੇ ਹਿੰਦੂ-ਦੀਵਾਲੀ ਦੇ ਦਿਨ ਕੀਤੇ ਜਾਣ ਲਗ ਪਏ। (ਗੁਰੂ ਸਾਹਿਬ ਨੇ ਇਹ ਤਾਰੀਖਾਂ ਇਸ ਕਰਕੇ ਨਹੀਂ ਸਨ ਚੁਣੀਆਂ ਕਿ ਇਨ੍ਹਾਂ 'ਚ ਕੋਈ ਮਹਾਨਤਾ ਸੀ, ਬਲਕਿ ਇਸ ਕਰਕੇ ਚੁਣੀਆਂ ਸਨ ਕਿਉਂਕਿ ਉਨ੍ਹੀਂ ਦਿਨੀਂ ਡਾਇਰੀਆਂ ਅਤੇ ਕੈਲੰਡਰ ਨਹੀਂ ਹੋਇਆ ਕਰਦੇ ਸਨ ਤੇ ਸਿੱਖਾਂ ਨੂੰ ਪ੍ਰੋਹਿਤਾਂ ਤੋਂ ਰਿਵਾਇਤੀ ਹਿੰਦੂ ਦਿਨਾਂ ਦੀਆਂ ਤਾਰੀਖ਼ਾਂ ਦਾ ਪਤਾ ਸੌਖਾ ਲੱਗ ਜਾਇਆ ਕਰਦਾ ਸੀ। **ਇਨ੍ਹਾਂ ਇਕੱਠਾਂ ਨਾਲ ਸਾਰੇ ਸਿੱਖ ਸਾਲ ਵਿੱਚ ਤਿੰਨ ਵਾਰ ਗੁਰੂ ਸਾਹਿਬ ਦੇ ਦਰਸ਼ਨ ਕਰ ਜਾਇਆ ਕਰਦੇ ਸਨ ਅਤੇ ਦੂਜਾ ਕੌਮ ਦੇ ਸਾਂਝੇ ਮਸਲੇ ਵੀ ਵਿਚਾਰਿਆ ਕਰਦੇ ਸਨ। ਦਰਅਸਲ, ਇਹ ਅਠਾਰਵੀਂ ਸਦੀ ਵਿੱਚ ਹੋਣ ਵਾਲੇ 'ਸਰਬੱਤ ਖਾਲਸਾ' ਦੀ ਰਿਵਾਇਤ ਦੀ ਨੀਂਹ ਸਨ।**

......ਗੁਰੂ ਸਾਹਿਬ ਨੇ ਇਸਤਰੀ ਨੂੰ ਮਰਦ ਦੇ ਬਰਾਬਰ ਖੜ੍ਹਾ ਕਰਨ ਵਾਸਤੇ ਵੀ ਸੁਧਾਰ ਕੀਤੇ ਸਨ। ਇਨ੍ਹਾਂ ਵਿੱਚੋਂ ਇੱਕ ਸਤੀ ਦੀ ਰਸਮ ਨੂੰ ਖ਼ਤਮ ਕਰਨਾ ਵੀ ਸੀ। ਇਹ ਜ਼ਾਲਮਾਨਾ ਰਸਮ ਹਿੰਦੂਆਂ ਵਿੱਚ ਬੜੀ ਅਹਿਮ ਥਾਂ ਰਖਦੀ ਸੀ। ਗੁਰੂ ਸਾਹਿਬ ਨੇ ਹੁਕਮ ਜਾਰੀ ਕੀਤਾ ਕਿ ਆਪਣੇ ਪਤੀ ਦੇ ਮਰਨ ਮਗਰੋਂ ਇਸਤਰੀ ਆਪਣੇ ਆਪ ਨੂੰ ਪਤੀ ਦੀ ਚਿਖਾ 'ਤੇ ਨਹੀਂ ਸਾੜੇਗੀ। ਉਹ ਚਾਹੇ ਤਾਂ ਦੁਬਾਰਾ ਵਿਆਹ ਕਰ ਕੇ ਜ਼ਿੰਦਗੀ ਨੂੰ ਚੰਗੇ ਲੇਖੇ ਲਾਏਗੀ।....ਇਸਤਰੀ ਵਾਸਤੇ ਗੁਰੂ ਸਾਹਿਬ ਦਾ ਇਹ ਵੀ ਹੁਕਮ ਸੀ ਕਿ ਉਹ ਪਰਦਾ ਨਹੀਂ ਕਰਨਗੀਆਂ।"
[ਡਾ. ਹਰਜਿੰਦਰ ਸਿੰਘ ਦਿਲਗੀਰ : ਉਪਰੋਕਤ, ਪੰਨਾ 198-99]

## ੯. ਵਾਪਾਰ-ਕੇਂਦਰ, ਘੋੜ-ਸਵਾਰੀ ਅਤੇ ਸ਼ਸਤਰ ਅਭਿਆਸ ਅਰੰਭ ਹੋਏ

ਗੁਰੂ ਅਰਜਨ ਸਾਹਿਬ ਨੇ ਸਿੱਖ ਵਸੋਂ ਵਾਲੇ ਸਥਾਪਤ ਹੋ ਚੁੱਕੇ ਨਗਰਾਂ ਵਿੱਚ ਵੱਖ-ਵੱਖ ਵਿਸ਼ਿਆਂ ਦੇ ਤਕਨੀਕੀ ਮਾਹਰਾਂ ਅਤੇ ਵਾਪਾਰੀਆਂ ਨੂੰ ਉਚੇਚੇ ਤੌਰ ਤੇ ਯਤਨ ਕਰਕੇ, ਸਹੂਲਤਾਂ ਦੇ ਕੇ, ਵਸਾਇਆ। ਸਿੱਖਾਂ ਨੂੰ ਘੋੜਿਆਂ ਦਾ ਵਾਪਾਰ ਕਰਨ ਲਈ ਦੂਰ-ਦੁਰਾਡੇ ਦੇ ਦੇਸਾਂ ਵੱਲ ਘੱਲ ਕੇ ਵਧੀਆ ਨਸਲ ਦੇ ਘੋੜੇ ਖ਼ਰੀਦ ਕੇ

ਲਿਆਉਂਣ ਲਈ ਉਤਸ਼ਾਹਤ ਕੀਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰੂ ਅਰਜਨ ਸਾਹਿਬ ਦੀ ਸ਼ਹੀਦੀ ਤੋਂ ਪੈਦਾ ਹੋਏ ਹਾਲਾਤਾਂ ਦਾ ਟਾਕਰਾ ਕਰਨ ਲਈ ਘੋੜ-ਸਵਾਰੀ ਅਤੇ ਸ਼ਸਤਰ-ਅਭਿਆਸ ਅਰੰਭ ਕਰਵਾਏ। ਇਹ ਸਾਰੀਆਂ ਤਿਆਰੀਆਂ ਮਾਨੋਂ ਭਵਿੱਖ ਵਿੱਚ ਆਉਂਣ ਵਾਲੀਆਂ ਚੁਣੌਤੀਆਂ ਦਾ ਡਟ ਕੇ ਮੁਕਾਬਲਾ ਕਰਨ ਲਈ, ਅਗਾਊਂ, ਦੂਰ-ਅੰਦੇਸ਼ੀ ਕਦਮਾਂ ਦੇ ਰੂਪ ਵਿੱਚ ਚੁੱਕੀਆਂ ਗਈਆਂ ਸਨ।

## ੧੦. ਲੋਕ-ਭਲਾਈ ਦੇ ਕਾਰਜ

ਗੁਰੂ ਸਾਹਿਬਾਨ ਨੇ ਸੰਗਤਿ ਵੱਲੋਂ ਆਈ ਦਸਵੰਧ ਦੀ ਪੂੰਜੀ ਨਾਲ ਦਵਾਖਾਨੇ (ਹਸਪਤਾਲ) ਖੋਲ੍ਹੇ ਜਿਥੇ ਗਰੀਬਾਂ ਅਤੇ ਲੋੜਵੰਦਾਂ ਲਈ ਮੁਫ਼ਤ ਦਵਾਈਆਂ ਦਿੱਤੀਆਂ ਜਾਂਦੀਆਂ ਸਨ ਅਤੇ ਕੁਸ਼ਟ (ਕੋੜ੍ਹ) ਵਰਗੀਆਂ ਭਿਆਨਕ ਬੀਮਾਰੀਆਂ ਨਾਲ ਪੀੜਤ ਰੋਗੀਆਂ ਦੀ ਹੱਥੀਂ ਸੇਵਾ (ਮੱਲਮ-ਪੱਟੀ) ਕੀਤੀ ਜਾਂਦੀ ਸੀ। ਕਾਲ-ਪੀੜਤ ਅਤੇ ਮਹਾਂਮਾਰੀਆਂ ਤੋਂ ਪੀੜਤ ਲੋਕਾਂ ਲਈ ਦਵਾਈਆਂ, ਕੱਪੜੇ ਅਤੇ ਹੋਰ ਜਰੂਰੀ ਵਸਤਾਂ ਦਾ ਮੁਫ਼ਤ ਪ੍ਰਬੰਧ ਕੀਤਾ ਜਾਂਦਾ ਸੀ।

ਇਸੇ ਤਰ੍ਹਾਂ ਹੀ ਰੋਜ਼ਗਾਰ ਦੇ ਸਾਧਨ ਪੈਦਾ ਕਰਨ ਲਈ ਛੋਟੇ-ਛੋਟੇ ਉਦਯੋਗ (ਕੰਮ-ਧੰਦੇ) ਖੋਲ੍ਹੇ ਅਤੇ ਬਾਜ਼ਾਰ ਬਣਵਾਏ।

## 'ਸੰਗਤਿ' ਵਿਕਾਸ ਕਰ ਕੇ 'ਗੁਰਦੁਆਰਾ' ਬਣੀ :

'ਸੰਗਤਿ' ਵਿੱਚ ਹਾਜ਼ਰੀਆਂ ਭਰਨ ਵਾਲੇ ਇਨਕਲਾਬੀਆਂ ਦੀ ਗਿਣਤੀ ਦਿਨੋਂ ਦਿਨ ਵਧਣ ਲੱਗੀ ਤਾਂ ਹਰ ਇੱਕ ਬਸਤੀ, ਪਿੰਡ ਜਾਂ ਨਗਰ ਵਿੱਚ ਇੱਕ ਸਾਂਝੀ (ਸ਼ਾਮਲਾਟ) ਜਗ੍ਹਾ ਵਿੱਚ 'ਧਰਮਸ਼ਾਲਾ' ਬਣਾ ਲਈ ਜਾਂਦੀ ਸੀ ਅਤੇ ਸੰਗਤਿ ਦੀ ਇਕੱਤ੍ਰਤਾ ਧਰਮਸ਼ਾਲਾ ਵਿੱਚ ਹੋਣ ਲਗ ਪਈ। ਧਰਮਸ਼ਾਲਾ, ਬਾਹਰੋਂ ਆਉਂਣ ਵਾਲੀ ਸੰਗਤਿ/ਮੁਸਾਫ਼ਰਾਂ ਵਾਸਤੇ ਸਰਾਂ ਦਾ ਕੰਮ ਵੀ ਦਿੰਦੀ ਸੀ। ਅਠਾਰਵੀਂ ਸਦੀ ਦੇ ਅਖ਼ੀਰ ਵਿੱਚ ਧਰਮਸ਼ਾਲਾ ਦਾ ਨਾਂ 'ਗੁਰਦੁਆਰਾ' ਪੈ ਗਿਆ। ਦਰਬਾਰ ਸਾਹਿਬ ਅੰਮ੍ਰਿਤਸਰ, ਗੁਰਦੁਆਰੇ ਦੇ ਰੂਪ ਵਿੱਚ ਉਸਾਰੀ ਗਈ, ਪਹਿਲੀ ਇਮਾਰਤ ਹੈ। ਗੁਰਦੁਆਰਾ ਸਾਹਿਬ ਵਿੱਚ ਨਿਸ਼ਾਨ ਸਾਹਿਬ ਲਗਾ ਕੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਲਾਜ਼ਮੀ ਤੌਰ 'ਤੇ ਕੀਤਾ ਜਾਣ ਲੱਗ ਪਿਆ। **ਉੱਚਾ ਨਿਸ਼ਾਨ ਸਾਹਿਬ ਇਸ ਗੱਲ ਦਾ ਸੰਕੇਤ ਅਤੇ ਜ਼ਾਮਨ ਹੈ ਕਿ ਇਹ ਸੰਸਥਾ ਪਰਮੇਸ਼ਰ ਦੀ ਪ੍ਰਭੂ-ਸੱਤਾ ਵਾਲੇ ਖ਼ਾਲਸਾ ਹਲੇਮੀ ਰਾਜ ਦੇ ਅਧੀਨ, ਬਿਨਾਂ ਕਿਸੇ ਭਿੰਨ-ਭੇਦ ਦੇ ਸਮੁੱਚੀ ਮਨੁੱਖਤਾ ਦੇ ਭਲੇ ਲਈ ਯਤਨਸ਼ੀਲ ਹੈ ਅਤੇ ਇਥੇ ਹਰ ਲੋੜਵੰਦ ਇਨਸਾਨ ਲਈ ਰਹਾਇਸ਼ ਅਤੇ ਲੰਗਰ ਦਾ ਪ੍ਰਬੰਧ ਹੈ। 'ਗੁਰਦੁਆਰਾ' ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ : 'ਗੁਰ' ਤੇ 'ਦੁਆਰਾ' ਜਿਸ ਦਾ ਮਾਅਨਾ ਹੈ ਗੁਰੂ ਦਾ ਦਰ (ਦਰਵਾਜ਼ਾ)। ਜਿਸ ਤਰ੍ਹਾਂ ਇੱਕ ਘਰ ਵਿੱਚ ਦਾਖਲ ਹੋਣ ਲਈ ਦਰਵਾਜ਼ਾ (ਦਰ) ਹੁੰਦਾ ਹੈ। ਦਰਵਾਜ਼ੇ ਰਾਹੀਂ ਹੀ ਘਰ ਵਿੱਚ ਦਾਖਲ ਹੋਇਆ ਜਾ ਸਕਦਾ ਹੈ। ਹਰ ਇੱਕ ਘਰ ਦਾ ਇੱਕ ਮਾਲਿਕ ਵੀ ਹੁੰਦਾ ਹੈ। ਠੀਕ ਇਸੇ ਤਰ੍ਹਾਂ 'ਗੁਰਦੁਆਰਾ' ਗੁਰੂ ਪਰਮੇਸ਼ਰ ਦੇ ਘਰ ਵਿਚ ਦਾਖਲ ਹੋਣ ਲਈ ਦਰ (ਦਰਵਾਜ਼ਾ) ਹੈ ਗੁਰੂ ਗ੍ਰੰਥ ਸਾਹਿਬ, ਗੁਰੂ (ਪ੍ਰਭੂ-ਪਿਤਾ) ਦਾ ਘਰ ਹੈ ਅਤੇ ਪਰਮੇਸ਼ਰ ਇਸ ਘਰ ਦਾ ਮਾਲਿਕ ਹੈ :**





*ਪੋਥੀ ਪਰਮੇਸ਼ਰ ਕਾ ਥਾਨੁ ॥*
*ਸਾਧ ਸੰਗਿ ਗਾਵਹਿ ਗੁਣ ਗੋਬਿੰਦ ਪੂਰਨ ਬ੍ਰਹਮ ਗਿਆਨੁ ॥ ੧ ॥ ਰਹਾਉ ॥*
*(ਮ: ੫, ੧੨੨੬)*

**ਅਰਥ** : ਹੇ ਭਾਈ! ਗੁਰਬਾਣੀ (ਹੀ) ਪਰਮਾਤਮਾ ਦੇ ਮਿਲਾਪ ਦੀ ਥਾਂ ਹੈ। ਜਿਹੜੇ ਮਨੁੱਖ ਸ਼ਬਦ-ਗੁਰੂ ਦੀ ਸੰਗਤਿ ਵਿੱਚ ਰਹਿ ਕੇ ਪਰਮਾਤਮਾ ਦੇ ਗੁਣ ਗਾਂਦੇ ਰਹਿੰਦੇ ਹਨ, ਉਹ ਮਨੁਖ ਸਰਬ-ਵਿਆਪਕ ਪਰਮਾਤਮਾ ਨਾਲ ਡੂੰਘੀ ਸਾਂਝ ਪਾ ਲੈਂਦੇ ਹਨ।

**ਹਰ ਇੱਕ ਗੁਰਦੁਆਰੇ ਵਿੱਚ, ਲੋੜ ਅਨੁਸਾਰ, ਹੇਠ ਲਿਖੀਆਂ ਸਹੂਲਤਾਂ ਵਿੱਚੋਂ ਇੱਕ ਜਾਂ ਇਸ ਤੋਂ ਵੱਧ ਸਹੂਲਤਾਂ, ਹੋਂਦ ਵਿੱਚ ਆਉਣ ਲੱਗ ਪਈਆਂ** :

1. **ਦੀਵਾਨ ਹਾਲ** (ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ)
2. **ਸਰਾਂ** (ਸੰਗਤਿ/ਮੁਸਾਫ਼ਰਾਂ ਦੇ ਠਹਿਰਨ ਲਈ)।
3. **ਲੰਗਰ**–ਲੋੜਵੰਦਾਂ ਦੀ ਸਰੀਰਕ ਖ਼ੁਰਾਕ ਦਾ ਪ੍ਰਬੰਧ ਕਰਨ ਲਈ।
4. **ਸਕੂਲ/ਕਾਲਜ** (ਪੰਜਾਬੀ/ਗੁਰਮੁਖੀ, ਗੁਰਮਤਿ ਫ਼ਲਸਫ਼ਾ ਅਤੇ ਸਿੱਖ ਇਤਿਹਾਸ ਦੀ ਪੜ੍ਹਾਈ ਲਈ)।
5. **ਲਾਇਬ੍ਰੇਰੀ** (ਪ੍ਰਮਾਣੀਕ ਗੁਰਬਾਣੀ ਸਟੀਕ ਤੇ ਇਤਿਹਾਸਕ ਪੁਸਤਕਾਂ/ਮੈਗਜ਼ੀਨ/ਕੈਸਟਾਂ/ਸੀ.ਡੀ. ਆਦਿ ਰੱਖਣ ਲਈ)।
6. **ਕਾਨਫ਼ਰੰਸ ਹਾਲ** (ਸੰਗਤਿ ਦੀ ਇਕੱਤਰਤਾ ਲਈ)।
7. **ਸਮਾਜ ਭਲਾਈ/ਸਿਖਲਾਈ ਕੇਂਦਰ** (ਇਨਕਲਾਬੀਆਂ ਅਤੇ ਗ਼ਰੀਬ ਪਰਿਵਾਰਾਂ ਨੂੰ ਯੋਗ ਕਿੱਤਾ-ਮੁਖੀ ਸਿਖਲਾਈ ਦੇਣ ਲਈ)।
8. **ਸਿਹਤ ਸੰਭਾਲ ਕੇਂਦਰ** (ਸਮੇਂ ਦੇ ਹਾਲਾਤ ਅਨੁਸਾਰ ਸਮਾਜ ਦੀ ਸਿਹਤ ਸੰਭਾਲ ਲਈ ਯੋਗ ਸਹੂਲਤਾਂ ਉਪਲੱਬਧ ਕਰਾਉਂਣ ਲਈ)।

## ਗੁਰੂ ਅਰਜਨ ਸਾਹਿਬ ਦੀ ਸ਼ਹੀਦੀ

"ਗੁਰੂ ਅਰਜਨ ਸਾਹਿਬ ਦੇ ਸਮੇਂ ਬਹੁਤ ਸਾਰੇ ਹਿੰਦੂ ਤੇ ਮੁਸਲਮਾਨ ਸਿੱਖ ਧਰਮ ਵਿੱਚ ਸ਼ਾਮਿਲ ਹੋਏ। ਜਹਾਂਗੀਰ, ਉਸਦੇ ਤੁਅੱਸਬੀ ਅਹਿਲਕਾਰ, ਕਾਜ਼ੀ ਅਤੇ ਮੁਲਾਣੇ, ਮੁਸਲਮਾਨਾਂ ਦੇ ਨਕਸ਼ਬੰਦੀ ਫ਼ਿਰਕੇ ਦਾ ਆਗੂ ਸ਼ੈਖ਼ ਅਹਿਮਦ (ਸਰਹਿੰਦ ਦਾ ਰਹਿਣ ਵਾਲਾ) ਜੋ ਸਭ ਤੋਂ ਵੱਧ ਫ਼ਿਰਕਾਪ੍ਰਸਤ ਸੀ, ਇਹ ਸਾਰੇ ਮਹਿਸੂਸ ਕਰਦੇ ਸਨ ਕਿ ਜਦ ਤੱਕ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਦੇ ਵਿਕਾਸ 'ਤੇ ਮਾਰੂ ਸੱਟ ਨਹੀਂ ਮਾਰੀ ਜਾਂਦੀ ਭਾਰਤ ਵਿੱਚ ਇਸਲਾਮ ਮੱਤ ਨੂੰ ਨਹੀਂ ਫੈਲਾਇਆ ਜਾ ਸਕਦਾ। ਗੁਰੂ ਨਾਨਕ ਸਾਹਿਬ ਦੀ ਗੁਰਤਾਗੱਦੀ ਨੂੰ ਜਹਾਂਗੀਰ ਆਪਣੀ ਸਵੈ–ਜੀਵਨੀ 'ਤੁਜ਼ਕੇ ਜਹਾਂਗੀਰ' ਵਿੱਚ ਦੁਕਾਨ–ਇ–ਬਾਤਲ (ਝੂਠ ਦੀ ਦੁਕਾਨ) ਲਿਖਦਾ ਹੈ।

ਇਸ ਤੋਂ ਇਲਾਵਾ ਪ੍ਰਿਥੀ ਚੰਦ ਅਤੇ ਚੰਦੂ ਨਾਂ ਦਾ ਬੰਦਾ (ਜਿਸ ਬਾਰੇ ਕਿਹਾ ਜਾਂਦਾ ਹੈ ਸੰਗਤ ਦੇ ਬੇਨਤੀ ਕਰਨ 'ਤੇ, ਗੁਰੂ ਅਰਜਨ ਸਾਹਿਬ ਨੇ ਆਪਣੇ ਸਪੁੱਤਰ (ਗੁਰੂ) ਹਰਿਗੋਬਿੰਦ ਸਾਹਿਬ ਵਾਸਤੇ ਉਸ ਦੀ ਧੀ ਦਾ ਰਿਸ਼ਤਾ ਮੋੜ ਦਿੱਤਾ ਸੀ) ਗੁਰੂ ਸਾਹਿਬ ਨਾਲ ਖ਼ਾਰ ਖਾਂਦੇ ਸਨ। ਅਜਿਹਾ ਜਾਪਦਾ ਹੈ ਕਿ ਗੁਰੂ ਅਰਜਨ ਸਾਹਿਬ ਦੇ ਖ਼ਿਲਾਫ਼ ਮੌਲਵੀਆਂ ਅਤੇ ਬ੍ਰਾਹਮਣਾਂ ਨੇ ਵੀ ਜਹਾਂਗੀਰ ਦੇ ਕੰਨ ਭਰੇ ਹੋਣਗੇ।

ਆਪਣੀ ਸਵੈ-ਜੀਵਨੀ ਵਿੱਚ ਜਹਾਂਗੀਰ ਲਿਖਦਾ ਹੈ ਕਿ: "ਬਿਆਸ ਦਰਿਆ ਦੇ ਕੰਢੇ ਗੋਇੰਦਵਾਲ ਵਿੱਚ ਅਰਜਨ ਨਾਂ ਦਾ ਇਕ ਹਿੰਦੂ, ਪੀਰ ਤੇ ਸ਼ੇਖ਼ ਦੇ ਲਿਬਾਸ ਵਿੱਚ ਰਹਿੰਦਾ ਸੀ। ਇਥੋਂ ਤੱਕ ਕਿ ਉਸ ਨੇ ਆਪਣੀਆਂ ਗੱਲਾਂ ਤੇ ਕਾਰਵਾਈਆਂ ਨਾਲ ਬਹੁਤ ਸਾਰੇ ਸਿੱਧੇ ਸਾਧੇ ਹਿੰਦੂਆਂ ਨੂੰ ਹੀ ਨਹੀਂ ਬਲਕਿ ਬੇ-ਵਕੂਫ਼ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਮੁਰੀਦ ਬਣਾ ਲਿਆ ਸੀ।....... ਤਿੰਨ-ਚਾਰ ਪੀੜ੍ਹੀਆਂ ਤੋਂ ਉਨ੍ਹਾਂ ਨੇ ਇਹ 'ਦੁਕਾਨ-ਇ-ਬਾਤਲ' ਚਲਾਈ ਹੋਈ ਸੀ। ਬੜੀ ਵਾਰ ਮੇਰੇ ਦਿਲ ਵਿੱਚ ਇਹ ਖ਼ਿਆਲ ਆਇਆ ਕਿ ਮੈਂ ਇਸ ਝੂਠ ਦੇ ਸਿਲਸਿਲੇ ਨੂੰ ਬੰਦ ਕਰਵਾ ਦਿਆਂ ਜਾਂ ਉਸ ਨੂੰ ਇਸਲਾਮ ਵਿੱਚ ਲੈ ਆਵਾਂ।

.....ਮੈਂ ਹੁਕਮ ਜਾਰੀ ਕੀਤਾ ਕਿ ਉਸ ਨੂੰ 'ਯਾਸਾ-ਓ-ਸਿਆਸਤ' ਦੇ ਤਸੀਹੇ ਦੇ ਕੇ ਖ਼ਤਮ ਕਰ ਦਿੱਤਾ ਜਾਵੇ"

(ਨਵਲ ਕਿਸ਼ੋਰ ਪ੍ਰੈਸ ਲਖਨਊ ਦੀ ਛਪੀ ਤੁਜ਼ਕ-ਇ-ਜਹਾਂਗੀਰ ਵਿੱਚ ਸਫ਼ਾ 35 'ਤੇ 22 ਸਫ਼ਰ ਹਿਜਰੀ 1015, 19 ਜੂਨ 1606 ਦੀ ਐਂਟਰੀ)।

ਆਪਣੀ ਇਸ ਸਵੈ-ਜੀਵਨੀ ਵਿੱਚ ਜਹਾਂਗੀਰ ਗੁਰੂ ਅਰਜਨ ਸਾਹਿਬ 'ਤੇ ਇਹ ਦੋਸ਼ ਵੀ ਲਾਉਂਦਾ ਹੈ ਕਿ ਗੁਰੂ ਜੀ ਨੇ ਉਸ ਦੇ ਬਾਗੀ ਪੁੱਤਰ ਖ਼ੁਸਰੋ ਦੀ ਮਦਦ ਕੀਤੀ ਸੀ। (ਉਸ ਦੇ ਮੱਥੇ 'ਤੇ ਤਿਲਕ ਲਾ ਕੇ ਆਸ਼ੀਰਵਾਦ ਦਿੱਤਾ ਸੀ)।

"ਜਹਾਂਗੀਰ ਨੇ 22 ਮਈ (ਸੰਨ 1606) ਨੂੰ ਗੁਰੂ ਸਾਹਿਬ ਦੀ ਗ੍ਰਿਫ਼ਤਾਰੀ ਦਾ ਹੁਕਮ ਜਾਰੀ ਕੀਤਾ। ਗੁਰੂ ਸਾਹਿਬ ਨੂੰ ਇਸ ਦਾ ਪਤਾ ਅਗਲੇ ਦਿਨ ਹੀ ਲੱਗ ਗਿਆ। ਉਨ੍ਹਾਂ ਨੇ 25 ਮਈ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੂੰ ਗੁਰਗੱਦੀ ਦੀ ਸੇਵਾ ਸੰਭਾਲ ਦਿੱਤੀ ਤੇ ਆਪ ਹੀ ਲਾਹੌਰ ਚਲੇ ਗਏ। ਉਨ੍ਹਾਂ ਨੂੰ 26 ਮਈ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤੇ ਜਹਾਂਗੀਰ ਦੇ ਦਰਬਾਰ ਵਿੱਚ ਪੇਸ਼ ਕੀਤਾ ਗਿਆ। ਜਹਾਂਗੀਰ ਨੇ ਗੁਰੂ ਜੀ ਨੂੰ 'ਯਾਸਾ-ਓ-ਸਿਆਸਤ' ਦੇ ਘੋਰ ਤਸੀਹੇ ਦੇ ਕੇ ਮਾਰਨ ਦੀ ਸਜ਼ਾ ਸੁਣਾਈ।

ਚਾਰ ਦਿਨ ਉਨ੍ਹਾਂ ਨੂੰ ਰਾਵੀ ਦੇ ਕੰਢੇ 'ਤੇ 'ਤੱਤੀ ਤਵੀ ਵਾਂਗ' ਤਪਦੀ ਹੋਈ ਰੇਤ ਵਿੱਚ ਤਰ੍ਹਾਂ-ਤਰ੍ਹਾਂ ਦੇ ਤਸੀਹੇ ਦਿੱਤੇ ਗਏ। ਮਗਰੋਂ, ਉਨ੍ਹਾਂ ਦੇ ਜਿਸਮ ਨੂੰ ਪੱਥਰਾਂ ਨਾਲ ਬੰਨ੍ਹ ਕੇ ਰਾਵੀ ਦਰਿਆ ਵਿੱਚ ਰੋੜ੍ਹ ਦਿੱਤਾ ਗਿਆ (ਕੇਸਰ ਸਿੰਘ ਛਿੱਬਰ): ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਦਾ, ਚੈਪਟਰ 5 ਬੰਦ 137-39)।

ਗੁਰੂ ਸਾਹਿਬਾਂ ਦੀ ਸ਼ਹੀਦੀ ਬਾਬਤ ਕਈ ਹੋਰ ਲੇਖਕਾਂ ਨੇ ਕਈ ਕਿਸਮ ਦੀਆਂ ਕਹਾਣੀਆਂ ਘੜ ਲਈਆਂ ਸਨ।





ਇੰਜ ਗੁਰੂ ਅਰਜਨ ਸਾਹਿਬ ਇੱਕ ਮੁਤੱਸਬੀ ਹਾਕਮ ਅਤੇ ਉਸ ਦੇ 'ਸਿੱਖ-ਦੁਸ਼ਮਣ' ਸਲਾਹਕਾਰਾਂ ਦੀ ਸਿੱਖ-ਦੁਸ਼ਮਣੀ ਕਾਰਨ ਸ਼ਹੀਦ ਕਰ ਦਿੱਤੇ ਗਏ। ਗੁਰੂ ਅਰਜਨ ਸਾਹਿਬ ਏਸ਼ੀਆ ਦੇ ਸ਼ਾਇਦ ਸਭ ਤੋਂ ਪਹਿਲੇ ਸ਼ਹੀਦ ਸਨ।.... ਗੁਰੂ ਅਰਜਨ ਸਾਹਿਬ ਨੇ ਸ਼ਹੀਦੀ ਵਾਸਤੇ ਜਾਣ ਤੋਂ ਪਹਿਲਾਂ ਛੇਵੇਂ ਗੁਰੂ, ਗੁਰੂ ਹਰਿਗੋਬਿੰਦ ਸਾਹਿਬ ਨੂੰ ਫ਼ੌਜ ਬਣਾਉਂਣ ਵਾਸਤੇ ਆਖ ਦਿੱਤਾ ਸੀ। ਉਨ੍ਹਾਂ ਦਾ ਪੈਗ਼ਾਮ ਸੀ ਕਿ ਹੁਣ ਧਰਮ ਬਚਾਉਂਣ ਵਾਸਤੇ ਜ਼ਾਲਮ ਨਿਜ਼ਾਮ ਦਾ ਹਥਿਆਰਬੰਦ ਟਾਕਰਾ ਲਾਜ਼ਮੀ ਹੋ ਜਾਵੇਗਾ।"

[ਡਾ. ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼ (ਪਹਿਲਾ ਹਿੱਸਾ), ਸਫ਼ੇ 218-24)।]

ਗੁਰੂ ਅਰਜਨ ਸਾਹਿਬ, ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਸਰਬੱਤ ਦੇ ਭਲੇ ਦੇ ਇਲਾਹੀ ਇਨਕਲਾਬ ਦੇ, ਪਹਿਲੇ ਸ਼ਹੀਦ ਹਨ। ਉਨ੍ਹਾਂ ਨੂੰ 'ਸ਼ਹੀਦਾਂ ਦੇ ਸਿਰਤਾਜ' ਵੀ ਕਿਹਾ ਜਾਂਦਾ ਹੈ।

## ਅਕਾਲ ਤਖ਼ਤ ਸਾਹਿਬ : ਗੁਰਮਤਿ ਇਨਕਲਾਬ ਦੇ ਵਿਕਾਸ ਦਾ ਧੁਰਾ

ਸਮੁੱਚੀ ਸ੍ਰਿਸ਼ਟੀ ਵਿੱਚ ਰੱਬੀ ਧਰਮ ਦਾ ਰਾਜ (ਹਲੇਮੀ ਰਾਜ) ਕਾਇਮ ਕਰਨ ਲਈ ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ ਇਨਕਲਾਬ ਦੇ ਸਿਧਾਂਤਾਂ ਨੂੰ ਸਥੂਲ ਰੂਪ ਵਿੱਚ ਪ੍ਰਗਟ ਕਰਨ ਲਈ ਗੁਰੂ ਹਰਿਗੋਬਿੰਦ ਸਾਹਿਬ ਨੇ ਜੂਨ (ਹਾੜ) 1608 ਈ. ਵਿੱਚ ਅਪਣੇ ਹੱਥੀਂ 'ਅਕਾਲ ਬੁੰਗਾ' (ਨੇੜੇ ਅਕਾਲ ਤਖ਼ਤ ਸਾਹਿਬ), ਹਲੇਮੀ ਰਾਜ ਦੀ ਪ੍ਰਭੂ-ਸੱਤਾ ਦੇ ਚਿੰਨ੍ਹ ਵਜੋਂ ਪ੍ਰਗਟ ਕੀਤਾ। **ਅਕਾਲ ਤਖ਼ਤ ਸਾਹਿਬ ਨੂੰ ਪ੍ਰਗਟ ਕਰਨ ਦਾ ਮਕਸਦ ਇਹ ਸੀ ਕਿ ਸਿੱਖ ਸਿਰਫ਼ ਅਕਾਲ ਪੁਰਖੁ ਨੂੰ ਹੀ 'ਸੱਚਾ ਪਾਤਿਸ਼ਾਹ' ਮੰਨਦਾ ਹੈ ਤੇ ਆਪਣੇ ਆਪ ਨੂੰ ਉਸ ਪ੍ਰਭੁ-ਪਿਤਾ ਦੀ ਹੀ ਰਿਆਇਆ ਮੰਨਦਾ ਹੈ।**

ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਵੱਲੋਂ ਕਾਇਮ ਕੀਤੀਆਂ ਸਰਵ-ਸਾਂਝੀਆਂ ਸਥਾਨਕ ਸੰਸਥਾਵਾਂ ਨੇ ਬਹੁਤ ਥੋੜ੍ਹੇ ਜਿਹੇ ਸਮੇਂ ਅੰਦਰ ਹੀ ਹੈਰਾਨੀਜਨਕ ਪ੍ਰਾਪਤੀਆਂ ਹਾਸਿਲ ਕੀਤੀਆਂ। ਇਹ ਇੱਕ ਵਰਣਨਯੋਗ ਸਚਾਈ ਹੈ ਕਿ ਗੁਰਮਤਿ ਇਨਕਲਾਬ ਦੇ ਇਨ੍ਹਾਂ ਸਥਾਨਕ ਕੇਂਦਰਾਂ ਨੇ, ਸਤਿਗੁਰਾਂ ਵੱਲੋਂ ਦ੍ਰਿੜ ਕਰਵਾਈ 'ਗੁਰਮਤਿ-ਜੁਗਤਿ' ਦੀ ਸਹੀ ਵਰਤੋਂ ਕਰ ਕੇ, ਇਤਨੇ ਵਧੀਆ ਢੰਗ ਨਾਲ ਗੁਰਮਤਿ ਫ਼ਲਸਫ਼ੇ ਦਾ ਪ੍ਰਚਾਰ ਕੀਤਾ ਕਿ **ਗੁਰੂ ਨਾਨਕ ਸਾਹਿਬ ਦੇ ਪਹਿਲੇ ਜਾਮੇਂ ਦੇ ਸਮੇਂ ਅੰਦਰ ਹੀ (੧੫੦੭ ਈ. ਤੋਂ ੧੫੩੯ ਈ. ਤੱਕ) ਵਿਸ਼ਵ-ਭਰ ਦੇ ਤਿੰਨ ਕਰੋੜ (ਉਸ ਸਮੇਂ ਸੰਸਾਰ ਦੀ ਅਬਾਦੀ ਦਾ ਕਰੀਬ ਚੌਥਾ ਹਿੱਸਾ) ਤੋਂ ਵੀ ਵਧੀਕ ਪ੍ਰਾਣੀਆਂ ਨੇ, ਜਿਨ੍ਹਾਂ ਵਿੱਚ ਜਨ ਸਾਧਾਰਨ ਤੋਂ ਇਲਾਵਾ ਵਕਤ ਦੇ ਰਾਜੇ/ਮਹਾਰਾਜੇ (ਲੰਕਾ ਦਾ ਰਾਜਾ ਸ਼ਿਵਨਾਭ ਆਦਿ), ਉੱਘੀਆਂ ਧਾਰਮਕ ਸ਼ਖ਼ਸੀਅਤਾਂ (ਭਗਤ ਕਬੀਰ ਜੀ, ਭਗਤ ਰਾਮਾਨੰਦ ਜੀ, ਭਗਤ ਰਵਿਦਾਸ ਜੀ, ਭਗਤ ਤ੍ਰਿਲੋਚਨ ਜੀ ਆਦਿ) ਉੱਘੇ ਸਮਾਜ-ਵਿਰੋਧੀ ਅੱਡਿਆਂ ਦੇ ਸੰਚਾਲਕ (ਸੱਜਣ ਠੱਗ, ਕੌਡਾ ਭੀਲ, ਵਲੀ ਕੰਧਾਰੀ, ਨੂਰ-ਸ਼ਾਹ ਜਾਦੂਗਰਨੀ ਆਦਿ) ਵੀ ਸ਼ਾਮਿਲ ਸਨ, ਨੇ ਗੁਰੂ**

**ਨਾਨਕ ਸਾਹਿਬ ਤੋਂ ਨਿੱਜੀ ਤੌਰ 'ਤੇ 'ਦੀਖਿਆ' ਪ੍ਰਾਪਤ ਕੀਤੀ** ਅਤੇ ਪੂਰੀ ਲਗਨ ਨਾਲ ਗੁਰਮਤਿ ਫ਼ਲਸਫ਼ੇ ਦੇ ਆਲਮਗ਼ੀਰੀ ਸਿਧਾਂਤਾਂ ਨੂੰ ਅਮਲੀ ਤੌਰ 'ਤੇ ਅਪਣਾ ਕੇ, ਜਥਾਯੋਗ ਢੰਗ ਨਾਲ ਆਪੋ ਆਪਣੇ ਇਲਾਕੇ ਵਿੱਚ ਇਸ ਜੀਵਨ-ਜੁਗਤਿ ਦਾ ਪ੍ਰਚਾਰ ਕਰ ਕੇ, ਗੁਰਮਤਿ ਇਨਕਲਾਬ ਦੇ ਵਿਕਾਸ ਵਿੱਚ ਬਣਦਾ ਯੋਗਦਾਨ ਪਾਇਆ। (**ਇਸ ਤੱਥ ਦੀ ਗਵਾਹੀ ਮਿਰਜ਼ਾ ਗ਼ੁਲਾਮ ਅਹਿਮਦ ਕਾਦੀਆਂ ਵੀ ਆਪਣੀ ਲਿਖਤ ਵਿੱਚ ਦਿੰਦੇ ਹਨ**)। ਇੱਕ ਹੋਰ ਮਹੱਤਵਪੂਰਨ ਨੁਕਤਾ ਨੋਟ ਕਰਨ ਵਾਲਾ ਇਹ ਹੈ ਕਿ ਇਨ੍ਹਾਂ ਸਥਾਨਕ ਇਨਕਲਾਬੀ ਕੇਂਦਰਾਂ ਨੇ ਕਦੇ ਵੀ ਪਿੱਛੇ ਮੁੜ ਕੇ, ਸਤਿਗੁਰਾਂ ਵੱਲੋਂ ਦੁਬਾਰਾ ਅਗੁਵਾਈ ਜਾਂ ਨਿਗਰਾਨੀ ਦੀ ਲੋੜ ਮਹਿਸੂਸ ਨਹੀਂ ਕੀਤੀ ਕਿਉਂਕਿ ਜਿਹੜੀਆਂ ਦਿਸ਼ਾਵਾਂ ਵੱਲ ਗੁਰੂ ਨਾਨਕ ਸਾਹਿਬ ਜੀ ਇਨਕਲਾਬੀ ਪ੍ਰਚਾਰ ਲਈ ਨਿਕਲੇ ਸਨ, ਦੁਬਾਰਾ ਮੁੜ ਕੇ ਉਨ੍ਹਾਂ ਇਲਾਕਿਆਂ ਵਿੱਚ ਪ੍ਰਚਾਰ ਕਰਨ ਲਈ ਨਹੀਂ ਜਾ ਸਕੇ। **ਇਸ ਨੁਕਤੇ ਤੋਂ ਇਹ ਤੱਥ ਵੀ ਨਿੱਖਰ ਕੇ ਸਾਹਮਣੇ ਆ ਜਾਂਦਾ ਹੈ ਕਿ ਸਤਿਗੁਰਾਂ ਵੱਲੋਂ ਪ੍ਰਗਟ ਕੀਤੇ ਗੁਰਮਤਿ ਫ਼ਲਸਫ਼ੇ ਦੇ ਆਲਮਗ਼ੀਰੀ ਸਿਧਾਂਤ ਕਿੰਨੇ ਹਰਮਨ ਪਿਆਰੇ ਅਤੇ ਮਨੁੱਖਤਾ ਨੂੰ ਖਿੱਚ ਪਾਉਂਣ ਵਾਲੇ ਹਨ।**

"ਗੁਰੂ ਹਰਿਗੋਬਿੰਦ ਸਾਹਿਬ ਨੇ ਇੱਕ ਹੁਕਮਨਾਮਾ ਵੀ ਜਾਰੀ ਕੀਤਾ ਕਿ ਜਿਹੜਾ ਸਿੱਖ ਗੁਰੂ ਸਾਹਿਬ ਜਾਂ ਦਰਬਾਰ ਵਾਸਤੇ ਕੋਈ ਭੇਟ ਲਿਆਉਂਣੀ ਚਾਹੇ ਤਾਂ ਉਹ ਕੋਈ ਹੋਰ ਕੀਮਤੀ ਤੋਹਫ਼ਾ ਲਿਆਉਂਣ ਦੀ ਬਜਾਏ ਚੰਗੇ ਘੋੜੇ ਤੇ ਚੰਗੇ ਸ਼ਸਤਰ ਲੈਕੇ ਆਵੇ। ......1609 ਈ: ਦੇ ਅਖੀਰ ਵਿੱਚ ਹੀ ਗੁਰੂ ਸਾਹਿਬ ਨੇ ਗੁਰੂ ਦਾ ਚੱਕ ਵਿੱਚ ਇੱਕ ਕਿਲ੍ਹਾ ਬਣਾਉਂਣਾ ਵੀ ਸ਼ੁਰੂ ਕੀਤਾ। ਇਹ ਕਿਲ੍ਹਾ ਲਹੌਰ ਵੱਲੋਂ ਆਉਂਣ ਵਾਲੀ ਸੜਕ 'ਤੇ ਸੀ। ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਗੁਰੂ ਦਾ ਚੱਕ ਨਗਰ ਦੀ ਫ਼ਸੀਲ (ਚਾਰ ਦੀਵਾਰੀ) ਵੀ ਬਣਾ ਲਈ। 1612 ਤੱਕ ਕਿਲ੍ਹਾ ਅਤੇ ਚਾਰ ਦੀਵਾਰੀ ਦਾ ਕੰਮ ਮੁਕੰਮਲ ਹੋ ਚੁੱਕਾ ਸੀ। ........ਗੁਰੂ ਸਾਹਿਬ ਨੂੰ 1613 ਈ: ਵਿੱਚ ਗ੍ਰਿਫ਼ਤਾਰ ਕਰਕੇ 12 ਸਾਲ ਵਾਸਤੇ ਗਵਾਲੀਅਰ ਦੇ ਸ਼ਾਹੀ ਕਿਲ੍ਹੇ ਵਿੱਚ ਕੈਦ ਦੀ ਸਜ਼ਾ ਦਿੱਤੀ ਗਈ। ਜਹਾਂਗੀਰ ਦੇ ਇੱਕ ਅਹਿਮ ਦਰਬਾਰੀ ਵਜੀਰ ਖਾਂ ਦੇ ਅਸਰ-ਰਸੂਖ਼ ਅਤੇ ਨਿਰਣਾਇਕ ਦਖ਼ਲ ਦੇਣ 'ਤੇ, 26 ਅਕਤੂਬਰ 1619 ਦੇ ਦਿਨ ਗੁਰੂ ਸਾਹਿਬ ਨੂੰ ਹੋਰ 52 ਰਾਜਿਆਂ ਸਮੇਤ (ਗੁਰੂ ਸਾਹਿਬ ਦੇ ਕਹਿਣ 'ਤੇ) ਗਵਾਲੀਅਰ ਦੇ ਕਿਲ੍ਹੇ ਦੀ ਕੈਦ ਤੋਂ ਰਿਹਾਅ ਕਰ ਦਿੱਤਾ ਗਿਆ। ਮੁਗ਼ਲ ਹਾਕਮ ਗੁਰੂ ਸਾਹਿਬ ਦੀ ਵਧ ਰਹੀ ਸੰਗਤਿ ਅਤੇ ਫ਼ੌਜੀ ਸ਼ਕਤੀ ਤੋਂ ਔਖੇ ਸਨ। **ਮੁਗ਼ਲ ਹਕੂਮਤ ਨੇ ਗੁਰੂ ਸਾਹਿਬ 'ਤੇ 13 ਅਪ੍ਰੈਲ 1634 ਨੂੰ (ਅੰਮ੍ਰਿਤਸਰ ਦੇ ਨਜਦੀਕ), 17 ਦਸੰਬਰ 1634 ਨੂੰ ਪਿੰਡ ਮਹਿਰਾਜ ਦੇ ਨੇੜੇ (ਨਥਾਣਾ, ਜ਼ਿਲ੍ਹਾ ਬਠਿੰਡਾ), 26 ਤੋਂ 28 ਅਪ੍ਰੈਲ 1635 ਈ: ਨੂੰ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਵਿਖੇ ਹਮਲੇ ਕਰਕੇ ਜਬਰਦਸ਼ਤ ਜੰਗਾਂ ਲੜੀਆਂ ਪਰ ਹਰ ਵਾਰ ਆਪਣੇ ਜਰਨੈਲਾਂ ਅਤੇ ਬਹੁਤ ਸਾਰੇ ਸਿਪਾਹੀਆਂ ਨੂੰ ਮਰਵਾਕੇ ਮੁਗ਼ਲਾਂ ਨੂੰ ਮੂੰਹ ਦੀ ਖਾਣੀ ਪਈ।"**

[ਡਾ. ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼ (ਪਹਿਲਾ ਹਿੱਸਾ), ਪੰਨਾ 228-236]।

**ਮੁਗ਼ਲ ਰਾਜਿਆਂ ਅਤੇ ਧਾਰਮਿਕ ਆਗੂਆਂ ਵੱਲੋਂ ਕੀਤੀਆਂ ਗਈਆਂ ਇਨ੍ਹਾਂ ਸਾਰੀਆਂ**





**ਕਾਰਵਾਈਆਂ ਦਾ ਮੂਲ ਕਾਰਨ ਇਹ ਸੀ ਕਿ ਉਹ ਗੁਰੂ ਨਾਨਕ ਫ਼ਲਸਫ਼ੇ ਅਧੀਨ ਆਰੰਭ ਹੋਏ ਇਨਕਲਾਬ ਦੀ ਚੜ੍ਹਤ ਤੋਂ ਭੈ-ਭੀਤ ਹੋ ਚੁੱਕੇ ਸਨ ਅਤੇ ਬੌਖ਼ਲਾਹਟ ਵਿੱਚ ਆ ਕੇ ਅਜਿਹੀਆਂ ਕਾਰਵਾਈਆਂ ਕਰ ਰਹੇ ਸਨ।**

ਗੁਰੂ ਹਰਿ ਰਾਏ ਸਾਹਿਬ ਦੀ ਫ਼ੌਜ ਵਿੱਚ ਵੀ 2200 ਘੋੜ ਸਵਾਰ ਅਤੇ ਪੈਦਲ ਸ਼ਾਮਿਲ ਸਨ, ਭਾਵੇਂ ਉਨ੍ਹਾਂ ਨੂੰ ਮੁਗ਼ਲਾਂ ਦੇ ਖਿਲਾਫ਼ ਕੋਈ ਜੰਗ ਨਹੀਂ ਸੀ ਕਰਨਾ ਪਿਆ।

## ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ

ਹਿੰਦੂ ਸਮਾਜ (ਵਿਸ਼ੇਸ਼ ਕਰਕੇ ਬ੍ਰਾਹਮਣ ਵਰਗ) ਦੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਲਈ ਗੁਰੂ ਤੇਗ਼ ਬਹਾਦਰ ਸਾਹਿਬ ਨੂੰ 11 ਨਵੰਬਰ 1675 ਈ: ਵਿੱਚ ਭਾਈ ਮਤੀ ਦਾਸ, ਭਾਈ ਦਿਆਲਾ ਜੀ ਅਤੇ ਭਾਈ ਸਤੀ ਦਾਸ ਸਮੇਤ ਚਾਂਦਨੀ ਚੌਕ (ਦਿੱਲੀ ਵਿਖੇ) ਇੱਕ ਲਾਸਾਨੀ ਸ਼ਹਾਦਤ ਦੇਣੀ ਪਈ। **ਦੁਨੀਆਂ ਭਰ ਦੇ ਇਤਿਹਾਸ ਵਿੱਚ ਕੋਈ ਇੱਕ ਵੀ ਹੋਰ ਮਿਸਾਲ ਨਹੀਂ ਮਿਲਦੀ ਜਦੋਂ ਕਿਸੇ ਧਾਰਮਿਕ, ਸਿਆਸੀ ਜਾਂ ਸਮਾਜਿਕ ਲੀਡਰ ਨੇ ਕਿਸੇ ਦੂਜੇ ਮਜ਼ਬ ਦੇ ਪੈਰੋਕਾਰਾਂ ਦੇ ਮਨੁੱਖੀ ਹੱਕਾਂ ਦੀ ਰਾਖੀ ਕਰਨ ਲਈ ਸ਼ਹਾਦਤ ਦਿੱਤੀ ਹੋਵੇ।**

ਗੁਰੂ ਤੇਗ਼ ਬਹਾਦਰ ਸਾਹਿਬ ਇੱਕ ਮਹਾਨ ਜਰਨੈਲ, ਵਿਦਵਾਨ, ਪ੍ਰਚਾਰਕ ਅਤੇ ਜਥੇਬੰਦਕ ਆਗੂ ਦੇ ਨਾਲ-ਨਾਲ, ਗੁਰੂ ਨਾਨਕ ਸਾਹਿਬ ਦੀ ਇਲਾਹੀ ਜੋਤਿ, "ਜੋਤਿ ਓਹਾ ਜੁਗਤਿ ਸਾਇ" ਦੇ ਉਤਰਾਧਿਕਾਰੀ ਵੀ ਸਨ। ਆਮ ਪ੍ਰਚੱਲਤ ਸਾਖੀਆਂ ਅਨੁਸਾਰ ਗੁਰੂ ਸਾਹਿਬ ਦੀ ਇੱਕੋ ਹੀ ਗ੍ਰਿਫ਼ਤਾਰੀ (11 ਜੁਲਾਈ 1675) ਦਾ ਜ਼ਿਕਰ ਮਿਲਦਾ ਹੈ। ਪਰ ਅਸਲ ਵਿੱਚ, ਗੁਰੂ ਸਾਹਿਬ ਨੂੰ ਔਰੰਗਜ਼ੇਬ ਦੇ ਹੁਕਮਾਂ ਮੁਤਾਬਿਕ ਇਸ ਤੋਂ ਪਹਿਲਾਂ ਵੀ ਦੋ ਵਾਰ ਗ੍ਰਿਫ਼ਤਾਰ ਕੀਤਾ ਜਾ ਚੁੱਕਾ ਸੀ।

## ਗੁਰੂ ਤੇਗ਼ ਬਹਾਦਰ ਸਾਹਿਬ ਦੀ ਪਹਿਲੀ ਗ੍ਰਿਫ਼ਤਾਰੀ (8 ਨਵੰਬਰ 1665)

"ਗੁਰੂ ਤੇਗ਼ ਬਹਾਦਰ ਸਾਹਿਬ ਨੇ ਦੂਰ-ਦੁਰਾਡੇ ਪ੍ਰਚਾਰ ਫੇਰੀਆਂ, ਦੌਰਾਨ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਦਾ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਪ੍ਰਚਾਰ ਕੀਤਾ। ਧਮਧਾਣ (ਬਾਂਗਰ ਦੇਸ਼) ਦੀ ਸੰਗਤ ਦੀ ਬੇਨਤੀ ਨੂੰ ਪ੍ਰਵਾਨ ਕਰਕੇ ਗੁਰੂ ਸਾਹਿਬ ਨੇ ਇਸ ਨਗਰ ਨੂੰ ਅਪਣੇ ਪ੍ਰਚਾਰ ਦਾ ਕੇਂਦਰ ਬਣਾ ਲਿਆ। 1665 ਦੀ ਵਿਸਾਖ਼ੀ ਅਤੇ ਦਿਵਾਲੀ ਦੇ ਦਿਨ ਇਥੇ ਬਹੁਤ ਵਿਸ਼ਾਲ ਪ੍ਰਚਾਰ ਸਮਾਗਮ ਕੀਤੇ ਗਏ। ਗੁਰੂ ਸਾਹਿਬ ਵੱਲੋਂ ਕੀਤੇ ਜਾ ਰਹੇ ਪ੍ਰਚਾਰ ਸਮਾਗਮਾਂ ਦੀ ਚੜ੍ਹਤਲ ਤੋਂ ਘਬਰਾ ਕੇ, ਔਰੰਗਜ਼ੇਬ ਨੇ ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਹੁਕਮ ਜਾਰੀ ਕਰ ਦਿੱਤੇ। ਹੁਕਮਾਂ ਦੀ ਤਾਮੀਲ ਕਰਦਿਆਂ ਹੋਇਆਂ ਬਾਦਸ਼ਾਹ ਦੇ ਫ਼ੌਜੀ ਜਰਨੈਲ ਆਲਮ ਖ਼ਾਨ ਰੁਹੇਲੇ ਨੇ ਸ਼ਾਹੀ ਫ਼ੌਜ ਦੀ ਟੁਕੜੀ ਲਿਆਕੇ 8 ਨੰਬਰ 1665 ਨੂੰ ਗੁਰੂ ਸਾਹਿਬ ਨੂੰ ਉਨ੍ਹਾਂ ਦੇ ਮੁਖੀ ਸੇਵਕਾਂ ਮਤੀਦਾਸ, ਸਤੀਦਾਸ, ਗਵਾਲ ਦਾਸ, ਗੁਰਦਾਸ, ਸੰਗਤ ਅਤੇ ਦਿਆਲਦਾਸ ਸਮੇਤ ਗ੍ਰਿਫ਼ਤਾਰ ਕਰ ਲਿਆ ਅਤੇ ਔਰੰਗਜ਼ੇਬ ਦੇ ਦਰਬਾਰ ਵਿਖੇ ਪੇਸ਼ ਕੀਤਾ।

ਭੱਟ ਵਹੀ 'ਜਾਦੋ ਬੰਸੀਆਂ' ਮੁਤਾਬਿਕ, ਤਕਰੀਬਨ ਇੱਕ ਮਹੀਨੇ ਦੀ ਕੈਦ ਪਿੱਛੋਂ, 13 ਦਸੰਬਰ 1665 ਨੂੰ ਸਤਿਗੁਰਾਂ ਨੂੰ ਰਾਜਾ ਰਾਮ ਸਿੰਹ ਦੀ ਸਪੁਰਦਦਾਰੀ ਵਿੱਚ ਦੇ ਦਿੱਤਾ ਗਿਆ। ਰਾਜਾ ਰਾਮ ਸਿੰਹ ਦੀ ਮਾਤਾ ਪੁਸ਼ਪਾ ਰਾਣੀ (ਪਤਨੀ ਰਾਜਾ ਜੈ ਸਿੰਹ 'ਅੰਬੇਰਪਤੀ') ਗੁਰੂ-ਘਰ ਦੀ ਪੂੱਜ ਕੇ ਸ਼ਰਧਾਲੂ ਸੀ। 'ਬੰਦੀ ਛੋੜ' ਸਤਿਗੁਰੂ ਹਰਿਗੋਬਿੰਦ ਸਾਹਿਬ ਨੇ ਜਿਨ੍ਹਾਂ 52 ਰਾਜਿਆਂ ਨੂੰ ਗਵਾਲੀਅਰ ਦੇ ਕਿਲ੍ਹੇ ਵਿੱਚੋਂ ਜਹਾਂਗੀਰ ਦੀ ਕੈਦ 'ਚੋਂ ਰਿਹਾਅ ਕਰਵਾਇਆ ਸੀ, ਉਨ੍ਹਾਂ ਵਿੱਚ ਅੰਬੇਰ ਦਾ ਰਾਜਾ ਜੈ ਸਿੰਹ ਵੀ ਸੀ। ਇਸ ਖ਼ਾਨਦਾਨ ਨੇ ਔਰੰਗਜ਼ੇਬ ਦੇ ਰਾਜ ਦੇ ਵਿਸਥਾਰ (ਵਿਕਾਸ) ਵਿੱਚ ਉੱਘਾ ਯੋਗਦਾਨ ਪਾਇਆ ਸੀ। ਪੁਸ਼ਪਾ ਰਾਣੀ ਨੇ ਅਪਣੇ ਪੁੱਤਰ ਰਾਮ ਸਿੰਹ ਰਾਹੀਂ ਅਸਰ ਰਸੂਖ਼ ਵਰਤ ਕੇ ਸਤਿਗੁਰਾਂ ਨੂੰ ਆਪਣੀ ਸਪੁਰਦਦਾਰੀ ਵਿਚ ਲੈਣ ਦੇ ਹੁਕਮ ਜਾਰੀ ਕਰਵਾ ਲਏ ਸਨ।

ਇਸ ਇੱਕ ਮਹੀਨੇ ਦੀ ਕੈਦ ਦੌਰਾਨ ਗੁਰੂ ਸਾਹਿਬ ਅਤੇ ਔਰੰਗਜ਼ੇਬ ਦਰਮਿਆਨ ਲੰਬੀ ਵਾਰਤਾਲਾਪ ਹੋਈ। "ਐਸ.ਕੇ. ਭੂਯਾਂ ਦੀ ਬਾਦਸ਼ਾਹ ਬਰੰਜੀ ਦੀ ਸਾਖੀ ਨੰਬਰ 116" ਵਿੱਚ ਵੀ ਦੋਹਾਂ ਦਰਮਿਆਨ ਹੋਈ ਲੰਬੀ ਮੁਲਾਕਾਤ ਦਾ ਜ਼ਿਕਰ ਹੈ। ਇਸ ਲਿਖ਼ਤ ਅਨੁਸਾਰ ਔਰੰਗਜ਼ੇਬ ਨੇ ਰਾਜਨੀਤੀ ਵਰਤਦਿਆਂ ਪਹਿਲਾਂ ਗੁਰੂ ਸਾਹਿਬ ਨੂੰ ਬਹੁਤ ਸਤਿਕਾਰ ਨਾਲ ਇਸਲਾਮ ਧਾਰਨ ਲਈ ਪ੍ਰੇਰਨਾਂ ਦਿੱਤੀ ਅਤੇ ਗੱਲ ਨਾ ਬਣਦੀ ਦੇਖ ਕੇ ਸਤਿਗੁਰਾਂ ਨੂੰ ਦਲੀਲਾਂ ਦੇ ਕੇ ਆਪਣੇ ਅਨੁਕੂਲ ਕਰਨ ਦਾ ਯਤਨ ਕੀਤਾ ਕਿ ਸਾਰੇ ਦੇਸ਼ ਵਿੱਚ ਜੇ ਇਕੋ-ਇੱਕ ਮੱਤ ਇਸਲਾਮ ਹੋ ਜਾਏ ਤਾਂ ਇਸ ਦੇ ਬਹੁਤ ਲਾਭ ਹੋਣਗੇ.......ਆਪਸੀ ਫ਼ਿਰਕੂ ਝਗੜੇ ਨਹੀਂ ਪੈਦਾ ਹੋ ਸਕਣਗੇ। ਮਨ-ਭਾਉਂਦਾ ਨਤੀਜਾ ਨਾ ਨਿਕਲਣ 'ਤੇ ਬਾਦਸ਼ਾਹ ਨੇ ਸਤਿਗੁਰਾਂ ਨੂੰ ਤਸੀਹਿਆਂ ਦੇ ਖ਼ੌਫ਼ ਦੱਸੇ ਅਤੇ ਮੌਤ ਦੇ ਡਰਾਵੇ ਦਿੱਤੇ...... ਅਤੇ ਗੱਲ ਸਿਰੇ ਨਾ ਚੜ੍ਹਨ ਪੁਰ ਤੰਗ ਪੈ ਕੇ ਗੁਰੂ ਸਾਹਿਬ ਨੂੰ ਫ਼ਾਂਸੀ ਚਾੜ੍ਹਨ ਦਾ ਹੁਕਮ ਜਾਰੀ ਕਰ ਦਿੱਤਾ ਸੀ। ਔਰੰਗਜ਼ੇਬ ਦਾ ਜਾਰੀ ਕੀਤਾ ਇਹ ਹੁਕਮ ਲਾਗੂ ਨਾ ਹੋ ਸਕਿਆ ਕਿਉਂਕਿ ਪੁਸ਼ਪਾ ਰਾਣੀ ਆਪਣੇ ਪੁੱਤਰ ਰਾਜਾ ਰਾਮ ਸਿੰਹ ਦੇ ਜ਼ਰੀਏ ਅਪ੍ਰੱਤਖ ਅਤੇ ਅਸਿੱਧੇ (indirect) ਰੂਪ ਵਿੱਚ ਦਖ਼ਲ-ਅੰਦਾਜ਼ ਹੋਈ ਸੀ।...... ਰਾਜਾ ਰਾਮ ਸਿੰਹ ਨੇ ਜ਼ੋਰਦਾਰ ਦਲੀਲਾਂ ਦੇ ਕੇ ਔਰੰਗਜ਼ੇਬ ਨੂੰ ਇਹ ਹਕੀਕਤ ਸਮਝਾ ਦਿੱਤੀ ਕਿ ਇਹ ਸਭ ਕੁਝ ਕਰਨ ਨਾਲ ਬਾਦਸ਼ਾਹ ਦੀ ਸ਼ਾਨ ਵਿੱਚ ਥੋੜ੍ਹਾ ਜਿਤਨਾ ਵਾਧਾ ਵੀ ਨਹੀਂ ਹੋਵੇਗਾ ਅਤੇ ਕੇਵਲ ਬਦਨਾਮੀ ਹੀ ਪੱਲੇ ਪਵੇਗੀ। ਵਕਤੀ ਤੌਰ ਤੇ ਰਾਮ ਸਿੰਹ ਦੀ ਸਮਝਾਉਂਣੀ ਕਿਸੇ ਹੱਦ ਤੱਕ ਔਰੰਗਜ਼ੇਬ ਦੇ ਖ਼ਾਨੇ ਪੈ ਗਈ।

ਰਾਮ ਸਿੰਹ ਨੇ ਇਹ ਪ੍ਰਸਤਾਵ ਵੀ ਪੇਸ਼ ਕੀਤਾ ਸੀ ਕਿ ਹਕੂਮਤ ਇਸ ਕੇਸ ਵਿੱਚ ਸਰਖ਼ਰੂ ਹੋਣ ਲਈ ਗੁਰੂ ਸਾਹਿਬ ਨੂੰ ਰਾਜਾ ਰਾਮ ਸਿੰਹ ਦੀ ਸਪੁਰਦਦਾਰੀ ਵਿੱਚ ਦੇ ਸਕਦੀ ਹੈ। ਔਰੰਗਜ਼ੇਬ ਨੇ ਐਸਾ ਹੀ ਕੀਤਾ।

ਇਥੇ ਸਾਨੂੰ ਇਹ ਵੀ ਪਤਾ ਹੋਣਾ ਚਾਹੀਦਾ ਹੈ ਕਿ ਕਿ ਪੁਸ਼ਪਾ ਰਾਣੀ ਦਾ ਪਤੀ ਮਿਰਜ਼ਾ ਜੈ ਸਿੰਹ ਉਸ ਸਮੇਂ ਵੀ ਮੁਗ਼ਲ ਰਾਜ ਦੇ ਵਾਧੇ ਅਤੇ ਫੈਲਾਅ ਲਈ ਮੁਹਿੰਮਾਂ ਉੱਤੇ ਦਿੱਲੀ ਤੋਂ ਦੂਰ ਦੱਖਣ ਵੱਲ ਗਿਆ ਹੋਇਆ ਸੀ।...... ਬਾਅਦ ਵਿਚ ਮੁਗ਼ਲ ਰਾਜ ਦੀ





ਸੇਵਾ ਵਿਚ ਮੁਹਿੰਮਾਂ ਸਰ ਕਰਦਿਆਂ ਹੀ ਰਾਜਾ ਜੈ ਸਿੰਹ 10 ਜੁਲਾਈ 1667 ਨੂੰ ਬੁਰਹਾਨਪੁਰ ਵਿਖੇ ਮਰ ਗਿਆ ਸੀ।

ਅਪਣੀ ਮਾਤਾ ਦੀ ਪ੍ਰੇਰਨਾ ਅਤੇ ਸਿੱਖਾਂ ਦੀ ਖ਼ੁਸ਼ੀ ਨੂੰ ਮਨ ਵਿੱਚ ਮਹਿਸੂਸ ਕਰਦਿਆਂ 'ਗੁਰੂ ਦੀਆਂ ਸਾਖੀਆਂ' ਮੁਤਾਬਿਕ ਰਾਜਾ ਰਾਮ ਸਿੰਹ ਨੇ ਕੇਵਲ ਤਿੰਨ ਦਿਨਾਂ ਪਿੱਛੋਂ ਹੀ, ਔਰੰਗਜ਼ੇਬ ਨੂੰ ਦੱਸੇ-ਪੁੱਛੇ ਬਿਨ੍ਹਾ, ਗੁਰੂ ਸਾਹਿਬ ਨੂੰ ਆਪਣੀ ਸਪੁਰਦਦਾਰੀ ਵਿੱਚੋਂ ਬਾਹਰ ਕਰ ਦਿੱਤਾ ਅਤੇ 16 ਦਸੰਬਰ 1665 ਨੂੰ ਪਟਨੇ  ਜਾਣ ਲਈ ਪੂਰਬੀ ਭਾਰਤ ਦੇ ਦੌਰੇ ਲਈ ਪੂਰੇ ਅਦਬ-ਸਤਿਕਾਰ ਨਾਲ ਦਿੱਲੀ ਤੋਂ ਵਿਦਾ ਕਰ ਦਿੱਤਾ। ਬਾਅਦ ਵਿੱਚ ਔਰੰਗਜ਼ੇਬ ਨੂੰ ਜਦ ਰਾਮ ਸਿੰਹ ਦੀ ਇਸ ਗੱਲ ਦਾ ਪਤਾ ਲੱਗਿਆ, ਤਾਂ ਉਹ ਮਨ ਵਿੱਚ ਬਹੁਤ ਨਾ-ਖੁਸ਼ ਹੋਇਆ, ਭਾਵੇਂ ਰਾਜਾ ਰਾਮ ਸਿੰਹ ਪ੍ਰਤੀ ਆਪਣੀ ਨਾਰਾਜ਼ਗੀ ਦਾ ਇਜ਼ਹਾਰ ਕਰ ਸਕਣਾ, ਉਸ ਸਮੇਂ ਉਸ ਲਈ ਸੰਭਵ ਨਹੀਂ ਸੀ।........

## ਆਗਰਾ ਵਿਖੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਦੂਜੀ ਗ੍ਰਿਫ਼ਤਾਰੀ (ਅਪ੍ਰੈਲ 1670)

ਸਤਿਗੁਰਾਂ ਦੁਆਰਾ ਪੂਰਬ ਦੇਸ਼ ਵਿੱਚ ਕੀਤੇ ਜਾ ਰਹੇ ਪ੍ਰਚਾਰ ਦੀਆਂ ਖ਼ਬਰਾਂ ਦਿੱਲੀ ਹਕੂਮਤ ਤੱਕ ਪੁੱਜ ਰਹੀਆਂ ਸਨ। ਇਸ ਸਬੰਧ ਵਿੱਚ ਦਿੱਲੀ ਵੱਲੋਂ ਸਬੰਧਤ ਹਾਕਮਾਂ ਨੂੰ ਹਦਾਇਤਾਂ ਵੀ ਹੋਈਆਂ ਸਨ ਕਿ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਕੇ ਦਿੱਲੀ ਭੇਜ ਦਿੱਤਾ ਜਾਵੇ। ਗੁਰੂ ਸਾਹਿਬ ਜਦ ਆਗਰੇ ਪੁੱਜੇ ਤਾਂ ਉਨ੍ਹਾਂ ਨੂੰ, ਉਨ੍ਹਾਂ ਦੇ ਨਾਲ ਮੁਖੀ ਸਿੱਖਾਂ ਸਮੇਤ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਸਖ਼ਤ ਫ਼ੌਜੀ ਪਹਿਰੇ ਹੇਠ ਦਿੱਲੀ ਲਿਆਂਦਾ ਗਿਆ। ਇਸ ਗ੍ਰਿਫ਼ਤਾਰੀ ਦੌਰਾਨ ਗੁਰੂ ਸਾਹਿਬ 2 ਮਹੀਨੇ 13 ਦਿਨ ਸ਼ਾਹੀ ਫ਼ੌਜ ਦੀ ਨਜ਼ਰਬੰਦੀ ਹੇਠ ਦਿੱਲੀ ਵਿਖੇ ਕੈਦ ਰਹੇ ਸਨ।......

## ਸਤਿਗੁਰਾਂ ਦੀ ਦੂਜੀ ਗ੍ਰਿਫ਼ਤਾਰੀ ਤੋਂ ਰਿਹਾਈ

ਨਵਾਬ ਸੈਫ਼ ਖ਼ਾਨ, ਤਰਬੀਅਤ ਖ਼ਾਂ ਦਾ ਪੁੱਤਰ ਸੀ। ਫ਼ਿਦਾਈ ਖ਼ਾਂ ਇਸ ਦਾ ਭਰਾ ਸੀ, ਜੋ ਔਰੰਗਜ਼ੇਬ ਦਾ ਧਰਮ-ਭਰਾ ਬਣਿਆ ਹੋਇਆ ਸੀ। ਦਿੱਲੀ ਦੇ ਤਖ਼ਤ 'ਤੇ ਬੈਠਣ ਦੇ ਅਰੰਭਲੇ ਦਿਨਾਂ ਵਿੱਚ ਸੈਫ਼ ਖ਼ਾਂ ਵੱਲੋਂ ਨਿਭਾਈ ਵਫ਼ਾਦਾਰੀ ਅਤੇ ਉਸ ਦੀਆਂ ਵਿਸ਼ੇਸ਼ ਸੇਵਾਵਾਂ ਕਾਰਨ 1659 ਵਿੱਚ ਔਰੰਗਜ਼ੇਬ ਨੇ ਇਸ ਨੂੰ ਆਗਰੇ ਦਾ ਸੂਬੇਦਾਰ ਨਿਯੁਕਤ ਕੀਤਾ ਸੀ। ਜੁਲਾਈ, 1662 ਵਿੱਚ ਬਾਦਸ਼ਾਹ ਨੇ ਉਸ ਦੀਆਂ ਸੇਵਾਵਾਂ ਨੂੰ ਹੋਰ ਮਾਣ ਦਿੰਦਿਆਂ ਉਸ ਨੂੰ ਇਕ ਸ਼ਾਹੀ ਚੋਗਾ ਤੇ ਤਲਵਾਰ ਦੀ ਬਖ਼ਸ਼ਿਸ਼ ਕੀਤੀ ਅਤੇ 'ਦੋ-ਹਜ਼ਾਰੀ' ਸ਼ਾਹੀ ਰੁਤਬਾ ਵੀ ਦਿੱਤਾ ਸੀ। 1665 ਵਿੱਚ ਉਸ ਨੂੰ ਕਸ਼ਮੀਰ ਦਾ ਸੂਬੇਦਾਰ ਬਣਾਇਆ ਗਿਆ, ਜਦਕਿ ਉਸ ਨੇ ਤਿੱਬਤ ਦੇ ਬਹੁਤ ਸਾਰੇ ਇਲਾਕੇ ਨੂੰ ਜਿੱਤ ਲਿਆ ਸੀ। ਇਹ ਤਿਆਗੀ ਸੁਭਾਅ ਦਾ ਧਾਰਮਕ ਵਿਅਕਤੀ ਸੀ। ਗੁਰੂ ਤੇਗ਼ ਬਹਾਦਰ ਸਾਹਿਬ ਦੇ ਉਪਦੇਸ਼ਾਂ ਦਾ ਇਸ ਦੇ ਮਨ 'ਤੇ ਬਹੁਤ ਡੂੰਘਾ ਪ੍ਰਭਾਵ ਪਿਆ ਸੀ। ਇਹ ਬਿਹਾਰ ਅਤੇ ਇਲਾਹਾਬਾਦ ਦਾ ਸੂਬੇਦਾਰ ਵੀ ਰਿਹਾ ਸੀ। ਮੁੱਦਾ ਇਹ ਕਿ ਸੈਫ਼ ਖ਼ਾਨ ਵੱਡੇ ਰਸੂਖ਼ ਵਾਲੀ ਸ਼ਖਸੀਅਤ ਸੀ।

ਸੈਫ਼ ਖ਼ਾਨ ਗੁਰੂ ਤੇਗ਼ ਬਹਾਦਰ ਸਾਹਿਬ ਦਾ ਬਹੁਤ ਹੀ ਸ਼ਰਧਾਲੂ ਸੀ। ਗੁਰੂ ਸਾਹਿਬ ਦੀ ਇਸ ਦੂਜੀ ਨਜ਼ਰਬੰਦੀ ਦੌਰਾਨ ਸੈਫ਼ ਖਾਨ ਦਿੱਲੀ ਵਿਖੇ ਸਤਿਗੁਰਾਂ ਦੇ ਨਾਲ-ਨਾਲ ਜਾ ਆਸ-ਪਾਸ ਹੀ ਵਿਚਰਦਾ ਰਿਹਾ ਸੀ। ਪੂਰਬ ਦੇਸ਼ ਤੋਂ ਦਿੱਲੀ ਵੱਲ ਆਉਂਦਿਆਂ ਰਾਹ ਵਿੱਚ ਸੈਫ਼ ਖ਼ਾਨ ਸਤਿਗੁਰਾਂ ਨੂੰ ਮਿਲ ਚੁੱਕਾ ਸੀ। ਇਸ ਨਜ਼ਰਬੰਦੀ ਜਾਂ ਕੈਦ ਵਿੱਚੋਂ ਨਿਕਲ ਸਕਣ ਦਾ ਮੁੱਖ ਵਸੀਲਾ ਸੈਫ਼ ਖ਼ਾਨ ਦਾ ਨਿੱਜੀ ਰਸੂਖ਼ ਤੇ ਰਾਜਸੀ ਪੋਜੀਸ਼ਨ ਹੀ ਸੀ। ਇੰਜ ਪ੍ਰਤੀਤ ਹੁੰਦਾ ਹੈ ਕਿ ਸੈਫ਼ ਖ਼ਾਨ ਨੇ ਆਪਣਾ ਸਾਰਾ ਰਸੂਖ਼ ਤੇ ਸਾਰੇ ਸਾਧਨ ਸਤਿਗੁਰਾਂ ਦੀ ਸ਼ਾਹੀ ਕੈਦ ਤੋਂ ਰਿਹਾਈ ਲਈ ਵਰਤ ਕੇ ਨਜ਼ਰਬੰਦੀ ਵਾਲਾ ਇਹ ਸਾਰਾ ਰੇੜਕਾ ਹਕੂਮਤ ਵੱਲੋਂ ਮੁਕਵਾ ਲਿਆ ਸੀ।

ਸ਼ਾਹੀ ਫ਼ੌਜ ਦੀ ਨਜ਼ਰਬੰਦੀ ਤੋਂ ਰਿਹਾਈ ਹੋ ਜਾਣ ਪਿੱਛੋਂ ਗੁਰੂ ਸਾਹਿਬ ਆਪਣੀ ਟੋਲੀ ਸਮੇਤ ਦਿੱਲੀ ਵਿਖੇ ਭਾਈ ਕਲਿਆਣੇ ਦੀ ਧਰਮਸ਼ਾਲਾ ਪੁੱਜੇ। ਰਾਜਾ ਰਾਮ ਸਿੰਘ ਦੀ ਮਾਤਾ ਪੁਸ਼ਪਾ ਰਾਣੀ ਤੇ ਉਸ ਦੀ ਨੂੰਹ ਨੇ ਧਰਮਸ਼ਾਲਾ ਵਿਖੇ ਆ ਕੇ ਸਤਿਗੁਰਾਂ ਦੇ ਦਰਸ਼ਨ ਕੀਤੇ ਤੇ ਰਾਜਾ ਰਾਮ ਸਿੰਘ ਦੀ 'ਆਸਾਮ ਮੁਹਿੰਮ' ਬਾਰੇ ਸਭ ਸਮਾਚਾਰ ਸਤਿਗੁਰਾਂ ਤੋਂ ਪ੍ਰਾਪਤ ਕੀਤੇ। ਇਥੋਂ ਗੁਰੂ ਜੀ ਵਿਦਾ ਹੋ ਕੇ ਰੋਹਤਕ, ਕੁਰਕਸ਼ੇਤਰ ਤੇ ਪਿਹੋਵਾ ਨਗਰਾਂ ਵਿੱਚ ਪ੍ਰਚਾਰ ਕਰਦੇ ਹੋਏ, ਲਖਨੌਰ ਪੁੱਜੇ। ਉਥੋਂ ਚੱਲ ਕੇ ਬਾਕੀ ਕਈ ਇਲਾਕਿਆਂ ਵਿਚ ਪ੍ਰਚਾਰ ਕਰਦੇ ਹੋਏ ਬਾਬਾ ਬਕਾਲੇ ਪਹੁੰਚ ਗਏ" (ਮਹਿੰਦਰ ਸਿੰਘ ਜੋਸ਼: ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ ਅਤੇ ਸਿੱਖ ਇਨਕਲਾਬ ਸਫ਼ੇ 51-66)।

## ਸਤਿਗੁਰਾਂ ਦੀ ਤੀਜੀ ਗ੍ਰਿਫ਼ਤਾਰੀ (11 ਜੁਲਾਈ 1675)

## ਕਸ਼ਮੀਰੀ ਬ੍ਰਾਹਮਣਾਂ ਦਾ ਚੱਕ ਨਾਨਕੀ ਆਉਂਣਾ

"25 ਮਈ 1675 ਦੇ ਦਿਨ 16 ਕਸ਼ਮੀਰੀ ਬ੍ਰਾਹਮਣਾਂ ਦਾ ਇੱਕ ਜੱਥਾ ਕ੍ਰਿਪਾ ਰਾਮ 'ਦੱਤ' ਦੀ ਅਗਵਾਈ ਹੇਠ ਚੱਕ ਨਾਨਕੀ ਆਇਆ। ਗੁਰੂ ਨਾਨਕ ਸਾਹਿਬ ਦੀ ਮੁਲਾਕਾਤ (ਉਦਾਸੀਆਂ ਸਮੇਂ) ਮੱਟਨ ਦੇ ਪੰਡਿਤ ਬ੍ਰਹਮਦਾਸ ਨਾਲ ਹੋਈ ਸੀ। ਬ੍ਰਹਮਦਾਸ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨੂੰ ਕਬੂਲ ਕਰਕੇ ਸਿੱਖ ਬਣ ਗਿਆ ਸੀ। ਬ੍ਰਹਮਦਾਸ ਦਾ ਪੁੱਤਰ ਨਰਾਇਣ ਦਾਸ ਅਤੇ ਉਸ ਦਾ ਪੁੱਤਰ ਸੀ ਅੜੂਰਾਮ। ਅੜੂਰਾਮ ਦੇ ਘਰ ਕ੍ਰਿਪਾ ਰਾਮ ਦਾ ਜਨਮ ਹੋਇਆ। ਇਹ ਕ੍ਰਿਪਾ ਰਾਮ ਗੁਰੂ ਗੋਬਿੰਦ ਸਿੰਘ ਦੇ ਸਮੇਂ ਖੰਡੇ ਦੀ ਪਹੁਲ ਪ੍ਰਾਪਤ ਕਰ ਕੇ ਸਿੰਘ ਸਜ ਗਿਆ ਸੀ ਅਤੇ ਕ੍ਰਿਪਾ ਸਿੰਘ ਦੇ ਰੂਪ ਵਿੱਚ ਮੁਗ਼ਲ ਫ਼ੌਜਾਂ ਅਤੇ ਪਹਾੜੀਆਂ ਨਾਲ ਲੜਦਾ ਹੋਇਆ ਚਮਕੌਰ ਦੀ ਜੰਗ ਵਿੱਚ ਸ਼ਹੀਦ ਹੋ ਗਿਆ ਸੀ।.....

ਕਸ਼ਮੀਰੀ ਬ੍ਰਾਹਮਣਾਂ ਨੇ ਗੁਰੂ ਸਾਹਿਬ ਨੂੰ ਵਿਸਥਾਰ ਨਾਲ ਦੱਸਿਆ ਕਿ ਕਿਵੇਂ ਕਸ਼ਮੀਰ ਦਾ ਸੂਬੇਦਾਰ ਇਫ਼ਤਿਖ਼ਾਰ ਖ਼ਾਂ ਉਨ੍ਹਾਂ 'ਤੇ ਜ਼ੁਲਮ ਕਰਕੇ ਉਨ੍ਹਾਂ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕਰ ਰਿਹਾ ਸੀ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਅਸੀਂ ਸਾਰੇ ਵੱਡੇ-ਵੱਡੇ ਹਿੰਦੂ ਕੇਂਦਰਾਂ (ਕੇਦਾਰ ਨਾਥ, ਬਦਰੀ ਨਾਥ, ਪੁਰੀ, ਦੁਆਰਕਾ, ਕਾਂਚੀ, ਮਥਰਾ ਆਦਿ) ਤੋਂ ਹੋ ਆਏ ਹਾਂ ਪਰ ਕਿਸੇ ਨੇ ਵੀ ਸਾਡੀ ਬਾਂਹ ਨਹੀਂ ਫੜੀ। ਅਸੀਂ ਔਰੰਗਜ਼ੇਬ ਦੇ





ਹਿੰਦੂ-ਰਾਜਪੂਤ ਵਜ਼ੀਰਾਂ ਤੱਕ ਵੀ ਪਹੁੰਚ ਕੀਤੀ ਹੈ, ਸਾਨੂੰ ਕਿਤੋਂ ਵੀ ਕੋਈ ਸਹਾਇਤਾ ਨਹੀਂ ਮਿਲੀ। ਹੁਣ ਸਾਡੀ ਆਖ਼ਰੀ ਆਸ ਸਿਰਫ ਗੁਰੂ ਨਾਨਕ ਸਾਹਿਬ ਦਾ ਦਰ ਹੀ ਹੈ। ਗੁਰੂ ਸਾਹਿਬ ਨੇ ਬਚਨ ਕੀਤਾ ਕਿ ਗੁਰੂ ਨਾਨਕ ਦੇ ਦਰ ਤੋਂ ਕੋਈ ਕਦੇ ਵੀ ਖਾਲੀ ਨਹੀਂ ਜਾਂਦਾ। ਵਾਹਿਗੁਰੂ ਤੁਹਾਡੀ ਮਦਦ ਕਰਨਗੇ। ਜਾਓ, ਸੂਬੇਦਾਰ ਨੂੰ ਆਖ ਦਿਓ ਕਿ ਜੇ ਉਹ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਮੁਸਲਮਾਨ ਬਣਾ ਲਵੇ ਤਾਂ ਸਾਰੇ ਕਸ਼ਮੀਰੀ ਬ੍ਰਾਹਮਣ ਮੁਸਲਮਾਨ ਬਣ ਜਾਣਗੇ।

ਗੁਰੂ ਸਾਹਿਬ ਦੇ ਇਹ ਬਚਨ ਸੁਣ ਕੇ ਪੰਡਿਤਾਂ ਦੀ ਜਾਨ ਵਿੱਚ ਜਾਨ ਆਈ ਅਤੇ ਉਹ ਬੜੇ ਸਕੂਨ, ਉਮੀਦ, ਹੌਂਸਲੇ ਤੇ ਚੜ੍ਹਦੀ ਕਲਾ ਵਿੱਚ ਵਾਪਸ ਕਸ਼ਮੀਰ ਨੂੰ ਚਲੇ ਗਏ।........ ਇਸ ਮਗਰੋਂ ਗੁਰੂ ਸਾਹਿਬ ਨੇ 8 ਜੁਲਾਈ 1675 ਦੇ ਦਿਨ ਗੋਬਿੰਦ ਦਾਸ ਨੂੰ ਗੁਰਗੱਦੀ ਸੌਂਪਣ ਦੀ ਅਰਦਾਸ ਕੀਤੀ ਅਤੇ 10 ਜੁਲਾਈ ਨੂੰ ਦਿੱਲੀ ਜਾਣ ਵਾਸਤੇ ਚੱਲ ਪਏ।

ਔਰੰਗਜ਼ੇਬ 7 ਅਪ੍ਰੈਲ 1674 ਨੂੰ ਦਿੱਲੀ ਤੋਂ ਹਸਨ ਅਬਦਲ ਚਲਾ ਗਿਆ ਸੀ (ਤੇ 27 ਮਾਰਚ 1776 ਨੂੰ ਵਾਪਸ ਆਇਆ ਸੀ) ਪਰ ਉਹ ਸੂਬਾ ਸਰਹਿੰਦ ਅਤੇ ਦਿੱਲੀ ਦੇ ਸੂਬੇਦਾਰ ਨੂੰ ਗੁਰੂ ਸਾਹਿਬ ਦੀਆਂ ਪ੍ਰਚਾਰ ਸਰਗਰਮੀਆਂ 'ਤੇ ਕਰੜੀ ਨਿਗ੍ਹਾ ਰੱਖਣ ਲਈ ਹਦਾਇਤਾਂ ਦੇ ਗਿਆ ਸੀ। ਕਸ਼ਮੀਰੀ ਬ੍ਰਾਹਮਣਾਂ ਦੇ ਇਸ ਵਫ਼ਦ ਬਾਰੇ ਵੀ ਉਸਨੂੰ ਜਾਣਕਾਰੀ ਮਿਲ ਚੁੱਕੀ ਸੀ। ਉਸ ਦੇ ਹੁਕਮ ਅਨੁਸਾਰ ਸਰਹਿੰਦ ਦੇ ਸੂਬੇਦਾਰ ਨੇ ਇੱਕ ਫ਼ੌਜੀ ਦਸਤਾ ਰੋਪੜ ਦੇ ਥਾਣੇਦਾਰ ਨੂਰ ਮੁਹੰਮਦ ਖ਼ਾਨ ਦੀ ਕਮਾਨ ਹੇਠ, ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਲਈ, ਚੱਕ ਨਾਨਕੀ ਵੱਲ ਰਵਾਨਾ ਕਰ ਦਿੱਤਾ ਸੀ।.....ਉਹ 11 ਜੁਲਾਈ ਨੂੰ ਗੁਰੂ ਸਾਹਿਬ ਨੂੰ, ਭਾਈ ਮਤੀਦਾਸ, ਭਾਈ ਸਤੀ ਦਾਸ ਅਤੇ ਭਾਈ ਦਿਆਲ ਦਾਸ ਸਮੇਤ ਪਿੰਡ ਮਲਿਕਪੁਰ ਰੰਘੜਾਂ ਤੋਂ ਗ੍ਰਿਫ਼ਤਾਰ ਕਰਕੇ ਰੋਪੜ ਲੈ ਗਿਆ ਅਤੇ ਸੂਬੇਦਾਰ ਸਰਹਿੰਦ ਦੇ ਹੁਕਮ ਅਨੁਸਾਰ ਉਨ੍ਹਾਂ ਨੂੰ ਬੱਸੀ ਪਠਾਣਾਂ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਗਿਆ। ਸਤਿਗੁਰੂ ਪੌਣੇ ਚਾਰ ਕੁ ਮਹੀਨੇ ਇਸ ਕੈਦਖ਼ਾਨੇ ਵਿੱਚ ਰਹੇ। ਇਸ ਕੈਦ ਦੌਰਾਨ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਬੜੇ ਖੌਫ਼ਨਾਕ ਅਤੇ ਦਿਲ-ਕੰਬਾਊ ਤਸੀਹੇ ਦਿੱਤੇ ਜਾਂਦੇ ਰਹੇ।

ਜਦੋਂ ਗੁਰੂ ਤੇਗ਼ ਬਹਾਦਰ ਸਾਹਿਬ ਬੱਸੀ ਪਠਾਣਾਂ ਦੇ ਕਿਲ੍ਹੇ ਵਿੱਚ ਕੈਦ ਸਨ ਤਾਂ ਔਰੰਗਜ਼ੇਬ ਨੇ ਸਰਹਿੰਦ ਦੇ ਮੁਸਲਮਾਨ, ਨਕਸ਼ਬੰਦੀ ਫ਼ਿਰਕੇ ਦੇ (ਸ਼ੈਖ਼ ਅਹਿਮਦ ਦੇ ਗੱਦੀ-ਨਸ਼ੀਨ) ਸ਼ੈਖ਼ ਸੈਫ਼-ਉਦ-ਦੀਨ ਦੀ ਡਿਊਟੀ ਲਾਈ ਕਿ ਉਹ ਗੁਰੂ ਜੀ ਨੂੰ ਇਸਲਾਮ ਵਿੱਚ ਲਿਆਉਂਣ ਦੀ ਕੋਸ਼ਿਸ਼ ਕਰੇ। ਸੈਫ਼-ਉਦ-ਦੀਨ ਨੇ ਬੱਸੀ ਪਠਾਣਾਂ ਕਿਲ੍ਹੇ ਵਿੱਚ ਕਈ ਵਾਰ ਫੇਰਾ ਪਾਇਆ ਅਤੇ ਗੁਰੂ ਜੀ ਨਾਲ ਚਰਚਾ ਕੀਤੀ ਪਰ ਉਹ ਗੁਰੂ ਜੀ ਨੂੰ ਇਸਲਾਮ ਦੀ ਉੱਚਤਾ ਦੱਸਣ ਵਿੱਚ ਕਾਮਯਾਬ ਨਾ ਹੋ ਸਕਿਆ ਤੇ ਔਰੰਗਜ਼ੇਬ ਨੂੰ ਸੁਨੇਹਾ ਭੇਜ ਦਿੱਤਾ ਕਿ ਗੁਰੂ ਜੀ ਨੂੰ ਦਲੀਲ ਨਾਲ ਨਹੀਂ ਬਦਲਿਆ ਜਾ ਸਕਦਾ ਤੇ ਸ਼ਾਇਦ ਤਲਵਾਰ ਦੇ ਡਰ ਨਾਲ ਹੀ ਉਨ੍ਹਾਂ ਨੂੰ ਮੁਸਲਮਾਨ ਬਣਾਇਆ ਜਾ ਸਕਦਾ ਹੈ।

ਸ਼ੈਖ਼ ਦਾ ਖ਼ਤ ਮਿਲਣ ਮਗਰੋਂ ਔਰੰਗਜ਼ੇਬ ਨੇ ਸਰਹਿੰਦ ਦੇ ਸੂਬੇਦਾਰ ਅਬਦਲ ਅਜ਼ੀਜ਼

ਦਿਲਾਵਰ ਖ਼ਾਨ ਨੂੰ ਹੁਕਮ ਭੇਜਿਆ ਕਿ ਗੁਰੂ ਜੀ ਨੂੰ ਪਿੰਜਰੇ ਵਿੱਚ ਪਾ ਕੇ ਦਿੱਲੀ ਲਿਜਾਇਆ ਜਾਏ। ਔਰੰਗਜ਼ੇਬ ਉਨ੍ਹੀਂ ਦਿਨੀਂ ਦਿੱਲੀ ਵਾਪਸ ਮੁੜਨ ਦੀ ਤਿਆਰੀ ਕਰ ਰਿਹਾ ਸੀ ਪਰ ਕਿਸੇ ਕਾਰਨ ਉਸ ਨੂੰ ਹਸਨ ਅਬਦਾਲ ਵਧੇਰਾ ਸਮਾਂ ਰੁਕਣਾ ਪਿਆ। ਇਸ ਕਰਕੇ ਉਸ ਨੇ ਦਿੱਲੀ ਦੇ ਸੂਬੇਦਾਰ ਸਾਫ਼ੀ ਖ਼ਾਨ ਨੂੰ ਹਦਾਇਤ ਲਿਖ ਭੇਜੀ ਕਿ ਜੇ ਗੁਰੂ ਤੇਗ਼ ਬਹਾਦਰ ਇਸਲਾਮ ਕਬੂਲ ਕਰ ਲਵੇ ਤਾਂ ਠੀਕ ਹੈ, ਨਹੀਂ ਤਾਂ ਸ਼ਾਹੀ ਕਾਜ਼ੀ ਤੋਂ ਫ਼ਤਵਾ ਦਿਵਾ ਕੇ ਕਤਲ ਕਰ ਦਿੱਤਾ ਜਾਵੇ।

## ਸ਼ਹੀਦੀ

ਗੁਰੂ ਜੀ ਨੂੰ ਲੋਹੇ ਦੇ ਪਿੰਜਰੇ ਵਿੱਚ ਬੰਦ ਕਰ ਕੇ ਦਿੱਲੀ ਲਿਜਾਇਆ ਗਿਆ। ਗੁਰੂ ਜੀ ਦਿੱਲੀ ਵਿੱਚ 3 ਨਵੰਬਰ 1675 ਦੇ ਦਿਨ ਪੁੱਜੇ ਅਤੇ (ਮੌਜੂਦਾ ਸੀਸ ਗੰਜ ਵਾਲੀ ਜਗ੍ਹਾ) ਕੋਤਵਾਲੀ ਵਿੱਚ ਕੈਦ ਕਰ ਦਿੱਤੇ ਗਏ। .... ਸ਼ਾਹੀ ਕਾਜ਼ੀ ਅਬਦੁਲ ਵਹਾਬ ਵਹੁਰੇ ਨੇ ਫ਼ਤਵਾ ਜਾਰੀ ਕਰਦਿਆਂ ਕਿਹਾ ਕਿ ਜਾਂ ਕਰਾਮਾਤ ਦਿਖਾਓ, ਜਾਂ ਮੁਸਲਮਾਨ ਬਣ ਜਾਓ ਜਾਂ ਮਰਨ ਵਾਸਤੇ ਤਿਆਰ ਹੋ ਜਾਓ। ਗੁਰੂ ਸਾਹਿਬ ਨੇ ਕਾਜ਼ੀ ਨੂੰ ਜਵਾਬ ਦਿੱਤਾ ਕਿ ਕਰਾਮਾਤ ਕਹਿਰ ਦਾ ਨਾਂ ਹੈ। ਕਰਾਮਾਤ ਤਾਂ ਰੱਬ ਆਪ ਹੀ ਹੈ। ਦੂਜਾ, ਹਰ ਇਨਸਾਨ ਨੂੰ ਆਪਣਾ ਆਪਣਾ ਧਰਮ ਅਖ਼ਤਿਆਰ ਕਰਨ ਦਾ ਹੱਕ ਹੈ, ਅਤੇ ਤੀਜਾ ਮੌਤ ਦੀ ਗੱਲ ਕਰਦਾ ਏਂ, ਕੀ ਮੁਸਲਮਾਨ ਬਣਿਆਂ ਮੈਨੂੰ ਮੌਤ ਨਹੀਂ ਆਵੇਗੀ? ...... ਹਰ ਇੱਕ ਨੇ ਇੱਕ ਦਿਨ ਮਰਨਾਂ ਹੈ। ਵਾਹਿਗੁਰੂ ਨੇ ਜਿੰਨੇ ਸਾਹ ਦਿੱਤੇ ਹਨ। ਉਨ੍ਹਾਂ ਨੂੰ ਕੋਈ ਘਟਾ ਜਾਂ ਵਧਾ ਨਹੀਂ ਸਕਦਾ। ਗੁਰੂ ਜੀ ਨੂੰ ਇਕ ਦਿਨ ਦਾ ਹੋਰ ਸਮਾਂ ਦਿੱਤਾ ਗਿਆ। ਗੁਰੂ ਜੀ ਵੱਲੋਂ ਨਾਂਹ ਮਿਲਣ ਮਗਰੋਂ ਉਨ੍ਹਾਂ ਨੂੰ ਤਸੀਹਿਆਂ ਦਾ ਦੌਰ ਸ਼ੁਰੂ ਹੋ ਗਿਆ। ਗੁਰੂ ਸਾਹਿਬ ਨੂੰ ਤਪਦੇ ਥੰਮ੍ਹ ਨਾਲ ਲਾਇਆ ਗਿਆ। ਉਨ੍ਹਾਂ ਦੇ ਜਿਸਮ ਤੇ ਬਲਦੀ ਰੇਤ ਪਾਈ ਗਈ। ਅਗਲੇ 6 ਦਿਨ ਉਨ੍ਹਾਂ ਦਾ ਜਿਸਮ ਬੁਰੀ ਤਰ੍ਹਾਂ ਨਿਢਾਲ ਹੋ ਗਿਆ।

11 ਨਵੰਬਰ ਦੇ ਦਿਨ ਭਾਈ ਦਿਆਲ ਦਾਸ ਨੂੰ ਗੁਰੂ ਸਾਹਿਬ ਦੀਆਂ ਅੱਖਾਂ ਦੇ ਸਾਹਮਣੇ ਇੱਕ ਵੱਡੀ ਦੇਗ਼ ਵਿੱਚ ਪਾਣੀ ਵਿੱਚ ਬਿਠਾਕੇ ਉਬਲਦੇ ਪਾਣੀ ਵਿੱਚ ਸ਼ਹੀਦ ਕਰ ਦਿੱਤਾ ਗਿਆ। ਇਸ ਮਗਰੋਂ ਭਾਈ ਮਤੀ ਦਾਸ ਨੂੰ ਦੋ ਲੱਕੜਾਂ ਦੇ ਸ਼ਿਕੰਜੇ ਵਿੱਚ ਬੰਨ੍ਹ ਕੇ ਚੀਰ ਦਿੱਤਾ ਗਿਆ ਤੇ ਭਾਈ ਸਤੀ ਦਾਸ ਨੂੰ ਰੂੰਅ ਵਿੱਚ ਬੰਨ੍ਹ ਕੇ ਜਿਉਂਦੇ ਸਾੜ ਦਿੱਤਾ ਗਿਆ। ਗੁਰੂ ਸਾਹਿਬ ਅਡੋਲ ਰਹੇ। ਅਖ਼ੀਰ ਸ਼ਾਮ ਵੇਲੇ ਕਾਜ਼ੀ ਦੇ ਆਖ਼ਰੀ ਫ਼ਤਵੇ ਮਗਰੋਂ ਜੱਲਾਦ ਜਲਾਲ-ਉਦ-ਦੀਨ (ਸਮਾਣੇ ਵਾਲੇ) ਨੇ ਤਲਵਾਰ ਦੇ ਇੱਕੋ ਵਾਰ ਨਾਲ ਗੁਰੂ ਸਾਹਿਬ ਨੂੰ ਸ਼ਹੀਦ ਕਰ ਦਿੱਤਾ।

ਇਸ ਸਮੇਂ ਔਰੰਗਜ਼ੇਬ ਦਾ ਇਹ ਹੁਕਮ ਸੀ ਕਿ ਗੁਰੂ ਸਾਹਿਬ ਦੀ ਦੇਹ ਦੇ ਚਾਰ ਟੁਕੜੇ ਕਰਕੇ ਸ਼ਹਿਰ ਦੇ ਚਾਰੇ ਪਾਸੇ ਲਟਕਾ ਦਿੱਤੇ ਜਾਣ ਪਰ ਹਨ੍ਹੇਰਾ ਪੈ ਚੁੱਕਾ ਹੋਣ ਕਰਕੇ ਉਸ ਦੇ ਇਸ ਹੁਕਮ 'ਤੇ ਅਮਲ ਨਾ ਹੋ ਸਕਿਆ। ਉਧਰ ਭਾਈ ਜੈਤਾ, ਭਾਈ ਨਾਨੂ ਰਾਮ, ਭਾਈ ਤੁਲਸੀ ਤੇ ਭਾਈ ਊਦਾ ਨੇ ਗੁਰੂ ਸਾਹਿਬ ਦਾ ਸੀਸ ਚੁੱਕ ਕੇ ਲਿਆਉਂਣ ਦੀ ਤਰਕੀਬ ਘੜੀ। ਇਹ ਸਾਰੇ ਗੁਰੂ ਜੀ ਦਾ ਸੀਸ ਟੋਕਰੀ ਵਿੱਚ ਪਾਕੇ ਸਿਰ ਤੇ ਚੁੱਕ ਕੇ, 16 ਨਵੰਬਰ ਨੂੰ





ਕੀਰਤਪੁਰ ਤੇ ਫਿਰ ਅਨੰਦਪੁਰ ਪੁੱਜੇ। ਅਗਲੇ ਦਿਨ ਸੀਸ ਦਾ ਸਸਕਾਰ ਗੁਰਦੁਆਰਾ ਸੀਸ ਗੰਜ (ਅਨੰਦਪੁਰ ਸਾਹਿਬ) ਵਾਲੀ ਥਾਂ ਤੇ ਕਰ ਦਿੱਤਾ ਗਿਆ।

ਦੂਜੇ ਪਾਸੇ (ਭਾਈ ਮਨੀ ਸਿੰਘ ਦੇ ਸਹੁਰਾ) ਭਾਈ ਲੱਖੀ ਰਾਏ ਵਣਜਾਰਾ ਨੇ ਆਪਣੇ ਪੁੱਤਰਾਂ ਭਾਈ ਨਿਗਾਹੀਆ, ਹੇਮਾ ਤੇ ਹਾੜੀ ਦੀ ਮਦਦ ਨਾਲ, ਗੁਰੂ ਸਾਹਿਬ ਦਾ ਧੜ ਚੁੱਕ ਲਿਆਂਦਾ ਅਤੇ ਆਪਣੇ ਘਰ ਦੇ ਅੰਦਰ (ਗੁਰਦੁਆਰਾ ਰਕਾਬ ਗੰਜ਼ ਵਾਲੀ ਥਾਂ 'ਤੇ) ਹੀ ਧੜ ਦਾ ਸਸਕਾਰ ਕਰ ਦਿੱਤਾ। ਗੁਰੂ ਸਾਹਿਬ ਦੇ ਸੀਸ ਅਤੇ ਧੜ ਦੇ ਸਸਕਾਰ ਬਾਰੇ ਭੱਟ ਵਹੀਆਂ 'ਚ ਐਂਟਰੀਜ਼ ਮਿਲਦੀਆਂ ਹਨ।

## ਸ਼ਹੀਦੀ ਮਗਰੋਂ

ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਨਾਲ ਸਿੱਖਾਂ ਵਿੱਚ ਬੜਾ ਰੋਸ ਅਤੇ ਰੋਹ ਪੈਦਾ ਹੋਇਆ। ਸਿੱਖ, ਔਰੰਗਜ਼ੇਬ ਨੂੰ ਸਜ਼ਾ ਦੇਣੀ ਚਾਹੁੰਦੇ ਸਨ, ਪਰ ਔਰੰਗਜ਼ੇਬ ਬੜੀ ਹਿਫ਼ਾਜ਼ਤ ਵਿੱਚ ਰਹਿੰਦਾ ਸੀ। ਇਸ ਸੁਰੱਖਿਆ ਦੇ ਬਾਵਜੂਦ, ਤਵਾਰੀਖ਼ ਵਿੱਚ ਤਿੰਨ ਘਟਨਾਵਾਂ ਮਿਲਦੀਆਂ ਹਨ ਜਿਨ੍ਹਾਂ ਮੁਤਾਬਕ ਸਿੱਖਾਂ ਨੇ ਔਰੰਗਜ਼ੇਬ 'ਤੇ ਹਮਲਾ ਕੀਤਾ ਸੀ।

27 ਅਕਤੂਬਰ 1676 ਦੇ ਦਿਨ ਬੇੜੀ 'ਚੋਂ ਉਤਰ ਕੇ ਬਾਦਸ਼ਾਹ 'ਤੇ ਇੱਕ ਸਿੱਖ ਨੇ ਇੱਟਾਂ ਨਾਲ ਹਮਲਾ ਕੀਤਾ। ਇਸ ਘਟਨਾ ਦਾ ਜ਼ਿਕਰ ਮਆਸਿਰਿ-ਇ-ਆਲਮਗੀਰੀ ਦੇ ਲੇਖਕ (ਪੰਜਾਬੀ) ਯੂਨੀਵਰਸਿਟੀ ਦੀ ਪੰਜਾਬੀ ਵਿੱਚ ਤਰਜਮਾ ਹੋਈ ਐਡੀਸ਼ਨ ਦੇ ਸਫਾ 135 'ਤੇ) ਇੰਜ ਕਰਦਾ ਹੈ:

"19 ਤਾਰੀਖ਼ ਰਾਜਬ (ਵੀਰਵਾਰ 27 ਅਕਤੂਬਰ 1676) ਨੂੰ ਸ਼ਹਿਨਸ਼ਾਹ ਕਿਸ਼ਤੀ ਤੋਂ ਉਤਰ ਕੇ ਤਖ਼ਤ-ਇ-ਰਵਾ 'ਤੇ ਸਵਾਰ ਹੋ ਰਹੇ ਸਨ ਤਾਂ ਇੱਕ ਬਦਕਿਸਮਤ ਸਿਰ ਫਿਰੇ ਨੇ ਜੋ ਗੁਰੂ ਤੇਗ਼ ਬਹਾਦਰ ਸਿੰਘ ਦਾ ਚੇਲਾ ਸੀ, ਦੋ ਇੱਟਾਂ ਸੁੱਟੀਆਂ ਜਿੰਨ੍ਹਾਂ ਵਿੱਚੋਂ ਇੱਕ ਤਖ਼ਤ ਉਤੇ ਡਿੱਗੀ। ਜਲੌਂ ਦੇ ਪਿਆਦਿਆਂ ਨੇ ਉਸ ਮੰਦਭਾਗੇ ਨੂੰ ਕੋਤਵਾਲ ਦੇ ਹਵਾਲੇ ਕਰ ਦਿੱਤਾ"।

ਇਹੋ ਜਿਹੀਆਂ ਦੋ ਹੋਰ ਘਟਨਾਵਾਂ, ਜੂਨ-ਜੁਲਾਈ 1676 ਵਿੱਚ ਚਾਂਦਨੀ ਚੌਂਕ ਵਿੱਚ ਔਰੰਗਜ਼ੇਬ 'ਤੇ ਡਿੱਗੀ ਡਾਂਗ (ਸ਼ਾਇਦ ਨੇਜ਼ਾ) ਉਲਾਰ ਕੇ ਸੁੱਟਣਾ, ਫਿਰ 19 ਅਕਤੂਬਰ 1676 ਨੂੰ ਜਾਮਾ ਮਸਜਿਦ ਦੀਆਂ ਪੌੜੀਆਂ ਤੋਂ ਉਤਰ ਕੇ ਘੋੜੇ 'ਤੇ ਚੜ੍ਹਦੇ ਤੇ ਤਲਵਾਰ ਨਾਲ ਹਮਲਾ ਕਰਨਾ, ਵੀ ਹੋਈਆਂ ਸਨ। (ਮਆਸਿਰਿ-ਇ-ਆਲਮਗੀਰੀ, ਸਫ਼ੇ 135-36)।

ਭਾਵੇਂ ਇਨ੍ਹਾਂ ਮਾਮੂਲੀ ਹਮਲਿਆਂ ਨਾਲ ਔਰੰਗਜ਼ੇਬ ਨੇ ਨਾ ਮਰਨਾ ਸੀ ਤੇ ਨਾ ਹੀ ਮਰਿਆ ਪਰ ਇਸ ਵਿੱਚੋਂ ਸਿੱਖਾਂ ਦਾ ਰੋਹ ਜ਼ਰੂਰ ਜ਼ਾਹਿਰ ਹੁੰਦਾ ਹੈ। ਇਹ ਕਹਿਣਾ ਗ਼ਲਤ ਹੈ ਕਿ ਗੁਰੂ ਜੀ ਦੀ ਸ਼ਹੀਦੀ ਮਗਰੋਂ ਸਿੱਖ ਦਹਿਲ ਗਏ ਸਨ ਅਤੇ ਖ਼ੁਦ ਨੂੰ ਸਿੱਖ ਕਹਿਣ ਤੋਂ ਡਰਨ ਲੱਗ ਪਏ ਸਨ।

16 ਕਸ਼ਮੀਰੀ ਬ੍ਰਾਹਮਣ, ਜਿਹੜੇ 25 ਮਈ 1675 ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਕੋਲ ਫ਼ਰਿਆਦੀ ਹੋਏ ਸਨ, ਉਨ੍ਹਾਂ ਨੇ ਗੁਰੂ ਜੀ ਦੀ ਸ਼ਹੀਦੀ ਮਗਰੋਂ ਹਿੰਦੂ ਧਰਮ ਛੱਡ ਕੇ ਸਿੱਖ ਧਰਮ ਅਖ਼ਤਿਆਰ ਕਰ ਲਿਆ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਫ਼ੌਜ ਵਿੱਚ ਸ਼ਾਮਿਲ ਹੋ ਗਏ।"

[ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਪਹਿਲਾ ਹਿੱਸਾ) ਸਫ਼ੇ 284-93]

## ਕਾਜੀ ਅਬਦੁਲ ਵਹਾਬ ਦਾ ਸ਼ਰਮਨਾਕ ਅੰਤ

"ਰਿਸ਼ਵਤਖ਼ੋਰ, ਧਰਮ-ਵਿਹੂਣੇ, ਤੰਗ-ਦਿਲ ਅਤੇ ਜ਼ਾਲਮ ਕਾਜੀ ਨੂੰ ਆਪਣੀ ਹੈਰਤ-ਅੰਗੇਜ਼ ਨਾ-ਕਾਮਯਾਬੀ ਉੱਤੇ ਸੰਸਾਰ ਦੇ ਸਭ ਤੋਂ ਵੱਡੇ ਨਿਕ੍ਰਿਸ਼ਟ ਕੁਕਰਮ ਪੁਰ ਅੰਤਾਂ ਦੀ ਨਮੋਸ਼ੀ ਹੋਣ ਕਾਰਨ ਬਹੁਤ ਗਹਿਰਾ ਸਦਮਾ ਲੱਗਿਆ। ਉਸ ਨੂੰ ਮਾਨਸਿਕ ਅਧੋਗਤੀ ਤੇ ਨਮੋਸ਼ੀ ਦਾ ਭਿਆਨਕ ਰੋਗ ਲੱਗ ਗਿਆ ਅਤੇ 11 ਨਵੰਬਰ ਨੂੰ ਹੀ ਉਹ ਘਰ ਜਾ ਕੇ ਸਦਾ ਲਈ ਮੰਜੇ 'ਤੇ ਪੈ ਗਿਆ। ਪੰਦਰਾਂ ਦਿਨਾਂ ਤੱਕ ਲੁੱਛ-ਲੁੱਛ ਕੇ ਮੰਜੇ 'ਤੇ ਤੜਫ਼ਦਾ ਅਤੇ ਕਰਾਹੁੰਦਾ ਰਿਹਾ। ਕਿਸੇ ਵੈਦ ਹਕੀਮ ਦਾ ਕੋਈ ਇਲਾਜ ਕਾਰਗਰ ਨਾ ਹੋ ਸਕਿਆ...ਅੰਤਾਂ ਦੀ ਬਦਨਾਮੀ ਖੱਟਦਿਆਂ ਪਾਪਾਂ ਦੀ ਭਾਰੀ ਪੰਡ ਸਿਰ 'ਤੇ ਚੁੱਕਦਿਆਂ ਹੋਇਆਂ 26 ਨਵੰਬਰ, 1675 ਨੂੰ ਇਸ ਫ਼ਾਨੀ ਜਹਾਨ ਤੋਂ ਕੂਚ ਕਰ ਗਿਆ।" (ਮਹਿੰਦਰ ਸਿੰਘ ਜੋਸ਼ : ਜੀਵਨ ਗਾਥਾ ਗੁਰੂ ਤੇਗ਼ ਬਹਾਦਰ ਸਾਹਿਬ, ਸਫ਼ਾ 95)।

## ਗੁਰੂ ਗ੍ਰੰਥ ਸਾਹਿਬ ਦਾ ਸਰੂਪ ਮੁਕੰਮਲ ਕਰਨਾ

"ਗੁਰੂ ਗੋਬਿੰਦ ਸਿੰਘ ਸਾਹਿਬ ਨੇ 1678 ਈ: ਵਿੱਚ ਗੁਰੂ ਗ੍ਰੰਥ ਸਾਹਿਬ ਦਾ ਨਵਾਂ ਮੁਕੰਮਲ ਸਰੂਪ ਤਿਆਰ ਕਰਵਾਉਣਾ ਸ਼ੁਰੂ ਕੀਤਾ। .....ਭਾਈ ਮਨੀ ਰਾਮ (ਸਿੰਘ) ਨੇ ਗੁਰੂ ਸਾਹਿਬ ਦੀ ਹਦਾਇਤ 'ਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਬਾਣੀ ਸ਼ਾਮਿਲ ਕਰਵਾਕੇ ਦਮਦਮੀ ਸਰੂਪ ਤਿਆਰ ਕੀਤਾ। ਕਿਉਂਕਿ ਇਹ ਸਰੂਪ ਦਮਦਮਾ ਸਾਹਿਬ (ਅਨੰਦਪੁਰ ਸਾਹਿਬ) ਵਿੱਚ ਮੁਕੰਮਲ ਕੀਤਾ ਗਿਆ ਸੀ, ਇਸ ਕਰਕੇ ਇਸ ਨੂੰ 'ਦਮਦਮੀ ਬੀੜ' ਨਾਂ ਦਿੱਤਾ ਗਿਆ ਸੀ।" [ਡਾ. ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼ (ਪਹਿਲਾ ਹਿੱਸਾ), ਪੰਨਾ 298]।

## ਫ਼ੌਜ ਦੀ ਤਿਆਰੀ, 'ਰਣਜੀਤ ਨਗਾਰਾ', ਪਾਉਂਟਾ ਸਾਹਿਬ

......"ਹੁਣ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਸਿੱਖਾਂ ਨੂੰ ਫ਼ੌਜੀ ਪੱਖੋਂ ਵੀ ਜਥੇਬੰਦ ਕਰਨਾ ਸ਼ੁਰੂ ਕਰ ਦਿੱਤਾ। ......ਮਾਰਚ 1680 ਦੇ ਸ਼ੁਰੂ ਵਿੱਚ 'ਰਣਜੀਤ ਨਗਾਰਾ' ਤਿਆਰ ਹੋ ਗਿਆ....ਆਉਣ ਵਾਲੇ ਸਾਲਾਂ ਵਿੱਚ ਚੱਕ ਨਾਨਕੀ ਵਿੱਚ ਵਧੀਆ ਨਸਲ ਦੇ ਘੋੜੇ ਤੇ ਹਰ ਤਰ੍ਹਾਂ ਦੇ ਹਥਿਆਰ ਪਹੁੰਚ ਚੁੱਕੇ ਸਨ। .....14 ਅਪ੍ਰੈਲ 1685 ਈ: ਦੇ ਦਿਨ ਗੁਰੂ ਸਾਹਿਬ ਨਾਹਨ ਪੁੱਜੇ। .....29 ਅਪ੍ਰੈਲ 1685 ਦੇ ਦਿਨ ਦੀਵਾਨ ਨੰਦ ਚੰਦ ਸੰਘਾ ਕੋਲੋਂ





ਅਰਦਾਸ ਕਰਵਾਕੇ, ਭਾਈ ਰਾਮ ਕੁੰਵਰ (ਖੰਡੇ ਦੀ ਪਹੁਲ ਮਗਰੋਂ ਭਾਈ ਗੁਰਬਖ਼ਸ਼ ਸਿੰਘ) ਦੇ ਹੱਥੋਂ ਮੋੜ੍ਹੀ ਗਡਵਾ ਕੇ ਪਾਉਂਟਾ ਦੀ ਨੀਂਹ ਰਖਵਾਈ। 18 ਸਤੰਬਰ 1688 ਦੇ ਦਿਨ, ਗੜ੍ਹਵਾਲ ਦੇ ਰਾਜੇ ਫ਼ਤੇ ਸ਼ਾਹ ਨੇ ਗੁਰੂ ਜੀ ਤੇ ਹਮਲਾ ਕਰ ਦਿੱਤਾ। ਫ਼ਤੇ ਸ਼ਾਹ ਦੀਆਂ ਫ਼ੌਜਾਂ ਨੂੰ ਬੁਰੀ ਤਰ੍ਹਾਂ ਸ਼ਿਕੱਸਤ ਹੋਈ।.....

## ਅਨੰਦਪੁਰ ਸਾਹਿਬ ਦੀ ਮੋੜ੍ਹੀ ਗੱਡਣਾ, ਕਿਲ੍ਹੇ ਬਣਵਾਉਣੇ

30 ਮਾਰਚ 1689 ਦੇ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ, ਚੱਕ ਨਾਨਕੀ ਦੇ ਨੇੜੇ, ਕੇਸਗੜ੍ਹ ਵਾਲੀ ਜਗ੍ਹਾ, ਨਵੇਂ ਪਿੰਡ ਦੀ ਮੋੜ੍ਹੀ ਗੱਡੀ। ਨਵੇਂ ਨਗਰ ਦਾ ਨਾਂ ਗੁਰੂ ਸਾਹਿਬ ਨੇ 'ਅਨੰਦਪੁਰ' ਰਖਿਆ। 31 ਮਾਰਚ 1689 ਦੇ ਦਿਨ ਗੁਰੂ ਸਾਹਿਬ ਨੇ ਚੱਕ ਨਾਨਕੀ-ਅਨੰਦਪੁਰ ਸਾਹਿਬ ਦੇ ਆਲੇ-ਦੁਆਲੇ ਪੰਜ ਕਿਲ੍ਹੇ ਬਣਾਉਣੇ ਸ਼ੁਰੂ ਕੀਤੇ। ਗੁਰੂ ਸਾਹਿਬ ਨੇ ਇਨ੍ਹਾਂ ਕਿਲ੍ਹਿਆਂ ਦੇ ਨਾਂ ਅਨੰਦਗੜ੍ਹ, ਲੋਹਗੜ੍ਹ, ਤਾਰਾਗੜ੍ਹ, ਅਗੰਮਗੜ੍ਹ, ਅਤੇ ਫ਼ਤਹਿਗੜ੍ਹ ਰੱਖੇ।....

## ਸਿੱਖਾਂ ਨੂੰ ਕੇਸ਼ਾਧਾਰੀ ਹੋਣ ਦਾ ਹੁਕਮਨਾਮਾ

29 ਮਾਰਚ 1695 (ਪਹਿਲੀ ਵਿਸਾਖ, ਸੰਮਤ 1752 ਬਿਕ੍ਰਮੀ) ਦੇ ਦਿਨ ਅਨੰਦਪੁਰ ਸਾਹਿਬ ਵਿੱਚ ਸੰਗਤਾਂ ਦਾ ਇੱਕ ਭਾਰੀ ਇਕੱਠ ਹੋਇਆ। ਇਸ ਇਕੱਠ ਵਿੱਚ ਗੁਰੂ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਕਿ ਅੱਗੇ ਤੋਂ ਕੋਈ ਵੀ ਸਿੱਖ ਆਪਣੇ ਕੇਸ਼ ਨਹੀਂ ਕਟਾਏਗਾ.....**ਉਨ੍ਹਾਂ ਕਿਹਾ ਕਿ ਅੱਗੇ ਤੋਂ ਹਰ ਇੱਕ ਸਿੱਖ ਆਪਣੇ ਬੱਚਿਆਂ ਦੇ ਕੇਸ਼ ਜਮਾਂਦਰੂ ਰੱਖੇਗਾ ਅਤੇ ਸੱਜੇ ਹੱਥ ਵਿੱਚ ਕੜਾ ਪਹਿਨੇਗਾ। (ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਸਿੱਖੀ ਨਾਲ ਜੁੜੇ ਲੋਕ ਪਹਿਲਾਂ ਵੀ ਕੇਸ ਨਹੀਂ ਕਟਾਉਂਦੇ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਇਹ ਹੁਕਮ ਸਿੱਖੀ ਵਿੱਚ ਸ਼ਾਮਿਲ ਹੋਣ ਵਾਲੇ ਨਵੇਂ ਲੋਕਾਂ ਵਾਸਤੇ ਕੀਤਾ ਸੀ)।**

## ਮਸੰਦਾਂ ਨੂੰ ਸਜ਼ਾਵਾਂ ਅਤੇ ਖ਼ਾਲਸਾ ਪ੍ਰਗਟ ਕਰਨਾ

ਜਿਸ ਵੇਲੇ ਗੁਰੂ ਸਾਹਿਬ ਨੇ ਖ਼ਾਲਸਾ ਪ੍ਰਗਟ ਕਰਨ ਵੇਲੇ ਸੀਸ ਭੇਟ ਕੌਤਕ ਕੀਤਾ, ਉਸ ਤੋਂ ਪਹਿਲਾਂ ਸਿੱਖ ਪੰਥ ਦਾ ਜਥੇਬੰਦਕ ਢਾਂਚਾ, ਜੋ ਗੁਰੂ ਨਾਨਕ ਸਾਹਿਬ ਵੇਲੇ 'ਧਰਮਸਾਲਾ' ਤੇ 'ਸੰਗਤਿ' ਵਜੋਂ ਸ਼ੁਰੂ ਹੋਇਆ ਸੀ ਅਤੇ ਗੁਰੂ ਅਮਰਦਾਸ ਸਾਹਿਬ ਵੇਲੇ 'ਮੰਜੀਆਂ' ਤੇ 'ਪੀੜ੍ਹਿਆਂ' ਦੇ ਰੂਪ ਵਿੱਚ ਫੈਲਿਆ ਸੀ ਉਹ ਗੁਰੂ ਰਾਮਦਾਸ ਸਾਹਿਬ ਵੇਲੇ 'ਮਸੰਦ' ਜਮਾਤ ਵਜੋਂ ਕਾਇਮ ਹੋ ਗਿਆ ਸੀ। ਮਸੰਦ ਜਮਾਤ ਦੇ ਕਾਇਮ ਹੋਣ ਨਾਲ ਸਿੱਖ ਪੰਥ, ਸਿੱਖ ਧਰਮ ਤੇ ਸਿੱਖ ਕੌਮ ਇੱਕ ਸ਼ਾਨਦਾਰ ਜਥੇਬੰਦਕ ਢਾਂਚੇ ਵਿੱਚ ਪਰੋਈ ਗਈ।....ਸੰਗਤਾਂ ਦਾ ਦਸਵੰਧ ਸੁਚੱਜੇ ਤਰੀਕੇ ਨਾਲ ਗੁਰੂ ਦਰਬਾਰ ਵਿੱਚ ਪੁੱਜਣ ਲੱਗ ਪਿਆ। ....ਪਰ ਜਿਉਂ-ਜਿਉਂ ਅਸਲ ਮਸੰਦਾਂ ਦੀ ਜਗ੍ਹਾ (ਮਰਨ ਪਿੱਛੋਂ) ਉਨ੍ਹਾਂ ਦੀ ਔਲਾਦ ਆਉਂਦੀ ਗਈ, ਇਸ ਜਮਾਤ ਵਿੱਚ ਖ਼ਰਾਬੀਆਂ ਆਉਂਣੀਆਂ ਸ਼ੁਰੂ ਹੋ ਗਈਆਂ।...ਗੁਰੂ ਸਾਹਿਬ ਨੇ ਦੀਵਾਨ ਮਨੀ ਰਾਮ (ਮਗਰੋਂ ਭਾਈ ਮਨੀ ਸਿੰਘ) ਨੂੰ ਹੁਕਮ ਕੀਤਾ ਕਿ ਸਾਰੇ

ਮਸੰਦਾਂ ਨੂੰ ਮੁਸ਼ਕਾਂ ਬੰਨ੍ਹ ਕੇ ਅਨੰਦਪੁਰ ਸਾਹਿਬ ਬੁਲਾਇਆ ਜਾਏ। ਕੁਝ ਹੀ ਦਿਨਾਂ ਵਿੱਚ ਸਾਰੇ ਮਸੰਦ ਅਨੰਦਪੁਰ ਸਾਹਿਬ ਪਹੁੰਚ ਗਏ। ਗੁਰੂ ਸਾਹਿਬ ਨੇ ਮਸੰਦਾਂ ਦੀ ਪਰਖ਼ ਕੀਤੀ। ਜਿਹੜੇ ਮਸੰਦ ਬੇਈਮਾਨ ਤੇ ਮੁਜ਼ਰਿਮ ਸਨ, ਉਨ੍ਹਾਂ ਨੂੰ ਮੌਕੇ ਤੇ ਹੀ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ।....ਇਸ ਦੇ ਨਾਲ ਹੀ ਗੁਰੂ ਸਾਹਿਬ ਨੇ ਮਸੰਦ ਜਮਾਤ ਖ਼ਤਮ ਕਰਨ ਦਾ ਐਲਾਨ ਕੀਤਾ। **ਗੁਰੂ ਸਾਹਿਬ ਨੇ ਹੁਕਮਨਾਮਾ ਜਾਰੀ ਕੀਤਾ ਕਿ ਅੱਗੇ ਤੋਂ ਕੋਈ ਵੀ ਸਿੱਖ ਆਪਣਾ ਦਸਵੰਧ ਭੇਟਾ ਮਸੰਦਾਂ ਨੂੰ ਨਾ ਦੇਵੇ ਅਤੇ ਸਿੱਧਾ ਗੁਰੂ ਦਰਬਾਰ ਨੂੰ ਭੇਜੇ। ਉਨ੍ਹਾਂ ਐਲਾਨ ਕੀਤਾ ਕਿ ਮਸੰਦ ਰਾਹੀਂ ਆਈ ਭੇਟਾ ਕਬੂਲ ਨਹੀਂ ਕੀਤੀ ਜਾਵੇਗੀ। ਗੁਰੂ ਸਾਹਿਬ ਨੇ ਗੁਰੂ ਤੇ ਸਿੱਖ ਵਿਚਕਾਰ ਵਿਚੋਲੇ ਖ਼ਤਮ ਕਰ ਦਿੱਤੇ ਤੇ ਸਿੱਖ ਸੰਗਤਾਂ ਨੂੰ ਅਕਾਲ ਪੁਰਖੁ ਦੀ ਰਿਆਇਆ ਬਣਾਉਂਣ ਦਾ ਐਲਾਨ ਕਰ ਦਿੱਤਾ।.....**

## ਪੰਜ ਸਿਰਾਂ ਦੀ ਮੰਗ ਤੇ ਖੰਡੇ ਦੀ ਪਾਹੁਲ

ਮਾਰਚ ਦੇ ਸ਼ੁਰੂ ਵਿੱਚ ਗੁਰੂ ਸਾਹਿਬ ਨੇ ਸਾਰੇ ਸਿੱਖਾਂ ਨੂੰ ਹੁਕਮਨਾਮੇ ਭੇਜਕੇ ਬਿਕ੍ਰਮੀ ਸੰਮਤ ਦੇ ਵਿਸਾਖ ਮਹੀਨੇ ਦੀ ਪਹਿਲੀ ਤਾਰੀਖ਼ (29 ਮਾਰਚ 1698) ਦੇ ਦਿਨ ਅਨੰਦਪੁਰ ਸਾਹਬਿ ਪਹੁੰਚਣ ਵਾਸਤੇ ਆਖਿਆ। ਕੁਝ ਸੋਮੇਂ ਇਸ ਕੌਤਕ ਨੂੰ 29 ਮਾਰਚ 1699 ਨੂੰ ਅਤੇ ਕੁਝ 1695 ਨੂੰ ਹੋਇਆ ਦਸਦੇ ਹਨ ਪਰ ਮੈਂ 1698 ਨੂੰ ਵਧੇਰੇ ਸਹੀ ਮੰਨਦਾ ਹਾਂ। ਦਰਅਸਲ, ਅਗਲੇ ਸਾਲ ਦੀ ਵਿਸਾਖੀ (29 ਮਾਰਚ 1699) ਦੇ ਦਿਨ ਅਨੰਦਪੁਰ ਸਾਹਿਬ ਵਿੱਚ 1698 ਤੋਂ ਵੀ ਵੱਡਾ ਇਕੱਠ ਹੋਇਆ ਸੀ ਤੇ ਇਸ ਦਿਨ ਵੀ ਹਜ਼ਾਰਾਂ ਸਿੱਖਾਂ ਨੇ ਪਹੁਲ ਲਈ ਸੀ। ਇਹ ਭੁੋਲਖਾ ਇਸ ਤੋਂ ਹੀ ਸ਼ੁਰੂ ਹੋਇਆ ਹੋਵੇਗਾ। ਇੰਝ ਹੀ 1695 ਵਿੱਚ ਕੇਸਾਧਾਰੀ ਹੋਣ ਤੇ ਕੜਾ ਪਾਉਂਣ ਦਾ ਹੁਕਮਨਾਮਾ ਜਾਰੀ ਹੋਇਆ ਸੀ। ਕਿਸੇ ਨੇ ਭੁਲੇਖੇ ਨਾਲ ਇਸ ਨੂੰ ਹੀ ਪਹੁਲ ਨਾਲ ਜੋੜ ਦਿੱਤਾ ਹੋਵੇਗਾ। ....ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ ਵਿੱਚ ਵੀ 1698 ਦਾ ਸਾਲ ਦਿੱਤਾ ਹੋਇਆ ਹੈ। .....ਉਸ ਦਿਨ ਹਜ਼ਾਰਾਂ ਸਿੱਖ ਗੁਰੂ ਕੀ ਨਗਰੀ ਅਨੰਦਪੁਰ ਸਾਹਿਬ ਪੁੱਜੇ। ਉਸ ਦਿਨ ਸਵੇਰੇ ਰਬਾਬੀਆਂ ਨੇ ਗੁਰਬਾਣੀ ਦਾ ਕੀਰਤਨ ਕੀਤਾ। ਕੀਰਤਨ ਤੋਂ ਬਾਅਦ ਭਾਈ ਮਨੀ ਰਾਮ ਨੇ ਇੱਕ ਸ਼ਬਦ ਦੀ ਕਥਾ ਕੀਤੀ। ਇਸ ਦੇ ਨਾਲ ਹੀ ਗੁਰੂ ਸਾਹਿਬ ਖੜ੍ਹੇ ਹੋ ਗਏ। ਆਪਣੀ ਕਿਰਪਾਨ ਮਿਆਨ ਵਿੱਚੋਂ ਕੱਢੀ ਤੇ ਆਖਿਆ ਕਿ ਮੈਨੂੰ ਇੱਕ ਸਿਰ ਚਾਹੀਦਾ ਹੈ। ਗੁਰੂ ਸਾਹਿਬ ਦੇ ਬੋਲ ਸੁਣਕੇ ਸਾਰੇ ਪਾਸੇ ਚੁੱਪ ਛਾ ਗਈ। ਗੁਰੂ ਸਾਹਿਬ ਨੇ ਤਿੰਨ ਵਾਰੀ ਇਹੀ ਬੋਲ ਆਖੇ। ਤੀਜੀ ਵਾਰ ਆਖਣ ਤੋਂ ਪਿੱਛੋਂ ਭਾਈ ਦਇਆ ਰਾਮ ਖੜ੍ਹਾ ਹੋਇਆ। ਗੁਰੂ ਸਾਹਿਬ ਤਖ਼ਤ ਤੋਂ ਉਤਰੇ ਤੇ ਉਸ ਨੂੰ ਫੜ ਕੇ ਨੇੜੇ ਵਾਲੀ ਇੱਕ ਹੋਰ ਪਹਾੜੀ 'ਤੇ ਗੱਡੇ ਹੋਏ ਤੰਬੂ ਵਿੱਚ ਲੈ ਗਏ (ਹੁਣ ਇਹ ਤੰਬੂ ਵਾਲੀ ਪਹਾੜੀ ਵਜੂਦ ਵਿੱਚ ਨਹੀਂ ਹੈ)। ਕੁਝ ਪਲਾਂ ਬਾਅਦ ਗੁਰੂ ਸਾਹਿਬ ਖ਼ੂਨ ਨਾਲ ਲਿੱਬੜੀ ਕਿਰਪਾਨ ਲੈ ਕੇ ਬਾਹਰ ਆਏ। ਇਸ ਵਾਰ ਗੁਰੂ ਸਾਹਿਬ ਨੇ ਇੱਕ ਹੋਰ ਸਿਰ ਦੀ ਮੰਗ ਕੀਤੀ। ਇਹ ਕੌਤਕ ਗੁਰੂ ਸਾਹਿਬ ਨੇ ਪੰਜ ਵਾਰ ਦੁਹਰਾਇਆ। ਪੰਜਵੇਂ ਸਿੱਖ ਵਜੋਂ ਸਿਰ ਭੇਟ ਕਰਨ ਤੋਂ ਕੁਝ ਚਿਰ ਮਗਰੋਂ ਗੁਰੂ ਸਾਹਿਬ ਸੀਸ ਭੇਟ ਕਰਨ ਵਾਲੇ ਪੰਜਾਂ ਸਿੱਖਾਂ ਨੂੰ ਨੀਲੇ ਬਾਣੇ ਵਿੱਚ ਪੰਡਾਲ ਵਿੱਚ ਲੈ ਆਏ। ਗੁਰੂ ਸਾਹਿਬ ਨੇ ਆਪ ਵੀ ਨੀਲਾ ਬਾਣਾ ਪਹਿਨਿਆ ਹੋਇਆ ਸੀ





(ਵੇਖੋ: ਗੁਰੂ ਦੀਆਂ ਸਾਖੀਆਂ, ਸਾਖੀ 59, ਮਹਿਮਾ ਪ੍ਰਕਾਸ਼, ਸਫ਼ਾ 825, ਭੱਟ ਵਹੀ ਭਾਦਸੋਂ ਪਰਗਨਾ ਥਾਨੇਸਰ)।

ਸਿਰ ਭੇਟ ਕਰਨ ਵਾਲੇ ਪੰਜਾਂ ਸਿੱਖਾਂ (ਭਾਈ ਦਇਆ ਰਾਮ, ਭਾਈ ਮੁਹਕਮ ਚੰਦ, ਭਾਈ ਸਾਹਿਬ ਚੰਦ, ਭਾਈ ਧਰਮਚੰਦ, ਭਾਈ ਹਿੰਮਤ ਚੰਦ) ਦੇ ਚਿਹਰੇ 'ਤੇ ਵੱਖਰੀ ਕਿਸਮ ਦਾ ਨੂਰ ਝਲਕ ਰਿਹਾ ਸੀ।....ਗੁਰੂ ਸਾਹਿਬ ਨੇ ਸੰਗਤ ਨੂੰ ਮੁਖ਼ਾਤਿਬ ਹੋ ਕੇ ਆਖਿਆ ਕਿ ਹੁਣ ਤੋਂ ਇਨ੍ਹਾਂ ਪੰਜਾਂ ਮਰਜੀਵੜਿਆਂ ਨੂੰ 'ਪੰਜ ਪਿਆਰੇ' ਆਖਿਆ ਜਾਇਆ ਕਰੇਗਾ। ਜਦ ਤੱਕ ਚੰਦ ਸੂਰਜ ਕਾਇਮ ਰਹਿਣਗੇ, ਗੁਰੂ ਨੂੰ ਸਿਰ ਭੇਟ ਕਰਨ ਵਾਲੇ ਪੰਜ ਸਿੱਖਾਂ ਦਾ ਨਾਂ ਦੁਨੀਆਂ ਭਰ 'ਚ ਕਾਇਮ ਰਹੇਗਾ। ਜਦੋਂ ਵੀ ਕੜਾਹ ਪ੍ਰਸ਼ਾਦ ਦੀ ਦੇਗ਼ ਤਿਆਰ ਹੋਇਆ ਕਰੇਗੀ, ਇਨ੍ਹਾਂ ਦਾ ਛਾਂਦਾ (ਹਿੱਸਾ) ਸਭ ਤੋਂ ਪਹਿਲਾਂ ਕੱਢਿਆ ਜਾਇਆ ਕਰੇਗਾ। ਇਸ ਪਿੱਛੋਂ ਗੁਰੂ ਸਾਹਿਬ ਨੇ ਭਾਈ ਚਉਪਤਿ ਰਾਇ ਨੂੰ ਆਖਿਆ ਕਿ ਉਹ ਸਤਲੁਜ ਵਿੱਚੋਂ ਸਾਫ਼ ਪਾਣੀ ਭਰ ਕੇ ਲਿਆਉਣ। ਗੁਰੂ ਜੀ ਨੇ ਦੀਵਾਨ ਧਰਮ ਚੰਦ ਛਿੱਬਰ ਨੂੰ ਪੱਥਰ ਦਾ ਕੂੰਡਾ, ਲੋਹੇ ਦਾ ਬਾਟਾ ਅਤੇ ਖੰਡਾ ਲਿਆਉਣ ਵਾਸਤੇ ਆਖਿਆ। ਗੁਰੂ ਸਾਹਿਬ ਨੇ ਪੱਥਰ ਦੇ ਕੂੰਡੇ 'ਤੇ ਲੋਹੇ ਦਾ ਬਾਟਾ ਰੱਖ ਕੇ, ਉਸ ਵਿੱਚ ਸਤਲੁਜ ਦਰਿਆ ਤੋਂ ਮੰਗਵਾਇਆ ਪਾਣੀ ਪਾ ਕੇ, ਪਾਹੁਲ ਤਿਆਰ ਕਰਨੀ ਸ਼ੁਰੂ ਕਰ ਦਿੱਤੀ। **ਪੰਜੇ ਪਿਆਰੇ ਗੁਰੂ ਸਾਹਿਬ ਦੇ ਨੇੜੇ ਬੈਠ ਗਏ। ਗੁਰੂ ਸਾਹਿਬ ਆਪਣੇ ਹੱਥ ਨਾਲ ਖੰਡਾ ਫੇਰ ਕੇ ਪਾਹੁਲ ਤਿਆਰ ਕਰਨ ਲੱਗ ਪਏ। ਇਸ ਮਗਰੋਂ ਅਰਦਾਸ ਕੀਤੀ ਤੇ ਜੈਕਾਰਾ ਛੱਡਣ ਮਗਰੋਂ 'ਖੰਡੇ ਦੀ ਪਾਹੁਲ' ਦੇਣ ਦੀ ਰਸਮ ਸ਼ੁਰੂ ਕੀਤੀ। ਗੁਰੂ ਸਾਹਿਬ ਨੇ ਖੰਡੇ ਨਾਲ ਪਹਿਲਾਂ ਆਪਣੇ ਮੂੰਹ ਵਿੱਚ ਅੰਮ੍ਰਿਤ ਦੀਆਂ ਪੰਜ ਬੂੰਦਾਂ ਪਾਈਆਂ ਤੇ ਫਿਰ ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹੁਲ ਦਿੱਤੀ। (ਪੰਜਾਂ ਪਿਆਰਿਆਂ ਨੂੰ ਖੰਡੇ ਦੀ ਪਾਹਲੁ ਦੇਣ ਪਿੱਛੋਂ ਆਪ ਉਨ੍ਹਾਂ ਕੋਲੋਂ ਪਾਹੁਲ ਲੈਣ ਦੀ ਕਹਾਣੀ ਮਗਰੋਂ ਘੜੀ ਗਈ ਜਾਪਦੀ ਹੈ)।**

ਪੰਜ ਪਿਆਰਿਆਂ ਨੂੰ ਪਾਹੁਲ ਦੇ ਕੇ ਗੁਰੂ ਸਾਹਿਬ ਨੇ ਉਨ੍ਹਾਂ ਨੂੰ ਨਵਾਂ ਨਾਂ 'ਸਿੰਘ' ਦਿੱਤਾ। ਪਹਿਲਾਂ ਗੁਰੂ ਸਾਹਿਬ ਨੇ ਆਪਣਾ ਨਾਂ 'ਗੋਬਿੰਦ ਸਿੰਘ' ਰੱਖਿਆ ਤੇ ਫੇਰ ਪੰਜ ਪਿਆਰਿਆਂ ਨੂੰ ਦਇਆ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ, ਧਰਮ ਸਿੰਘ, ਹਿੰਮਤ ਸਿੰਘ ਦੇ ਨਾਂ ਦਿੱਤੇ। ਇਸ ਤੋਂ ਪਿੱਛੋਂ ਉਨ੍ਹਾਂ ਨੂੰ ਰਹਿਤ-ਮਰਿਯਾਦਾ ਦੱਸੀ। **ਗੁਰੂ ਸਾਹਿਬ ਨੇ ਆਖਿਆ ਕਿ ਹੁਣ ਤੁਹਾਡਾ ਪਿਛਲਾ ਜਨਮ, ਧਰਮ, ਕਰਮ, ਭਰਮ ਤੇ ਸ਼ਰਮ ਪੰਜੇ ਖ਼ਤਮ ਹੋ ਗਈਆਂ ਹਨ। ਹੁਣ ਤੁਸੀਂ ਅਕਾਲ ਪੁਰਖੁ ਦੇ ਖ਼ਾਲਸਾ ਹੋ। ਤੁਸੀਂ ਪੰਜਾਂ ਕਕਾਰਾਂ ਨੂੰ ਹਮੇਸ਼ਾਂ ਆਪਣੇ ਅੰਗ ਰੱਖਣਾ। ਚਾਰ ਬੱਜਰ ਕੁਰਹਿਤਾਂ ਤੋਂ ਬਚਣਾ (ਕੇਸਾਂ ਦੀ ਬੇਅਦਬੀ ਨਹੀਂ ਕਰਨੀ, ਕੁੱਠਾ ਮਾਸ ਨਹੀਂ ਖਾਣਾ, ਤਮਾਕੂ ਨਹੀਂ ਵਰਤਣਾ ਤੇ ਪਰ-ਨਾਰੀ ਦਾ ਸੰਗ ਨਹੀਂ ਕਰਨਾ) ਬੱਜਰ ਕੁਰਹਿੱਤਾਂ ਕਰਨ ਵਾਲਾ ਪਤਿਤ ਹੋ ਜਾਏਗਾ ਅਤੇ ਉਸ ਨੂੰ ਤਨਖ਼ਾਹ ਲੁਆ ਕੇ, ਇਸ ਨੂੰ ਭੁਗਤਣ ਮਗਰੋਂ ਦੁਬਾਰੇ ਖੰਡੇ ਦੀ ਪਾਹੁਲ ਲੈਣੀ ਪਵੇਗੀ। ਮੀਣੇ, ਮਸੰਦ, ਧੀਰਮੱਲੀਏ, ਰਾਮਰਾਈਏ ਤੇ ਸਿਰਗੁੰਮ** (ਮੋਨੇ); **ਇਨ੍ਹਾਂ ਪੰਜਾਂ ਨਾਲ ਮੇਲ ਨਹੀਂ ਰੱਖਣਾ। ਗੋਰ (ਕਬਰ), ਮੜ੍ਹੀ (ਸਮਾਧ), ਮੱਠ (ਜਠੇਰਿਆਂ ਦੀਆਂ ਸਮਾਧਾਂ) ਭੁੱਲ ਕੇ ਨਹੀਂ ਜਾਣਾ।** ਤੁਹਾਨੂੰ ਸੁਨਹਿਰੇ ਵਿੱਚ ਰਲਾ ਦਿੱਤਾ ਹੈ। ਆਪਸ 'ਚ ਭਰਮ-ਭੇਦ ਨਹੀਂ ਰੱਖਣਾ।"

[ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਪਹਿਲਾ ਹਿੱਸਾ), ਪੰਨੇ 298-317]

**ਨੋਟ** : ਗੁਰੂ ਨਾਨਕ ਸਾਹਿਬ ਵੱਲੋਂ ਦੁਨੀਆਂ ਵਿੱਚ ਰੱਬੀ ਧਰਮ ਦਾ ਰਾਜ ਕਾਇਮ ਕਰਨ ਲਈ, ਉਨ੍ਹਾਂ ਵੱਲੋਂ ਅਰੰਭ ਕੀਤੇ ਇਨਕਲਾਬ ਦੇ ਤੀਜੇ ਪੜਾਅ ਦਾ ਇਹ ਅਰੰਭ ਸੀ। ਇਹ ਇਸ ਗਰੀਬ-ਜਨਤਕ ਆਧਾਰ ਵਾਲੇ ਇਨਕਲਾਬ ਦਾ ਇੱਕ ਬਹੁਤ ਹੀ ਮਹੱਤਵਪੂਰਨ ਮੀਲ-ਪੱਥਰ ਸੀ। ਇਹ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤੇ ਗਏ ਇਸ ਸਿਧਾਂਤ ਨੂੰ ਅਮਲੀ ਰੂਪ ਦੇਣ ਲਈ ਇਤਿਹਾਸਕ ਸ਼ੁਰੂਆਤ ਸੀ :

*ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥*

*(ਮ: ੧, ੧੪੧੨)*

ਇਹ ਕੇਵਲ ਅਤੇ ਕੇਵਲ ਵਾਹਿਦ ਪ੍ਰਭੂ-ਪਿਤਾ ਨੂੰ ਮੁਕੰਮਲ ਤੌਰ ’ਤੇ ਸਮਰਪਿਤ ਸਿੱਖ ਮਰਜੀਵੜਿਆਂ ਨੂੰ ਸ਼ਸਤਰਧਾਰੀ ਕਰਕੇ ਰਾਜਸੀ ਸੱਤਾ ਤੇ ਗ਼ਰੀਬ-ਜਨਤਾ ਵੱਲੋਂ ਕਬਜ਼ਾ ਕਰਨ ਲਈ ਚੁੱਕਿਆ ਗਿਆ ਇਨਕਲਾਬੀ ਕਦਮ ਸੀ। ਸਿੱਖੀ ਨੂੰ ਸ਼ਮਸ਼ੀਰ ਦੀ ਧਾਰ ’ਤੇ ਪਰਖ਼ ਕੇ ਸਫ਼ਲਤਾ ਦਾ ਸਰਟੀਫ਼ਿਕੇਟ ਦੇਣ ਦੀ ਇੱਕ ਅਹਿਮ ਕਾਰਵਾਈ ਸੀ। ਇਸ ਟੈਸਟ ਵਿੱਚੋਂ ਪਾਸ ਹੋਣ ਵਾਲੇ ਸਾਰੇ ਮਰਦਾਂ ਦੇ ਨਾਮ ਨਾਲ ‘ਸਿੰਘ’ (ਯਾਨਿ ਸ਼ੇਰ ਦੀ ਨਿਰਭੈਤਾ) ਅਤੇ ਬੀਬੀਆਂ ਦੇ ਨਾਂ ਨਾਲ ‘ਕੌਰ’ (ਸ਼ਹਿਜ਼ਾਦੀ) ਦਾ ਲਕਬ ਬਖਸ਼ਿਸ਼ ਕੀਤਾ ਗਿਆ। ਸਿੱਖ ਕਰੈਕਟਰ ਦੀ ਇਹ ਚਰਮ-ਸੀਮਾ ਸੀ। ਇਹ ਖ਼ਾਲਸਾ ਫ਼ੌਜ ਦਾ ਗਠਨ ਕਰਕੇ ਜਥੇਬੰਦ ਕਰਨ ਲਈ ਚੁੱਕਿਆ ਗਿਆ ਇਨਕਲਾਬੀ ਕਦਮ ਸੀ।

## ਪਹਾੜੀ ਹਿੰਦੂ ਰਾਜਿਆਂ ਅਤੇ ਮੁ.ਗਲਾਂ ਦੇ ਹਮਲੇ

ਜੁਲਾਈ 1698 ਈ: ਤੋਂ ਲੈ ਕੇ ਮਾਰਚ 1705 ਈ: ਤੱਕ ਕੋਈ ਦਰਜਨ ਕੁ ਵਾਰ ਪਹਾੜੀ (ਬਾਈਧਾਰ) ਰਾਜਿਆਂ ਅਤੇ ਮੁ.ਗਲਾਂ ਵੱਲੋਂ ਅਨੰਦਪੁਰ ਸਾਹਿਬ ’ਤੇ ਹਮਲੇ ਕੀਤੇ ਗਏ ਪਰ ਹਰ ਵਾਰ ਉਨ੍ਹਾਂ ਨੂੰ ਮੂੰਹ ਦੀ ਖਾਣੀ ਪਈ। ਆਖ਼ਰ ਪਹਾੜੀ ਰਾਜੇ ਮਈ 1705 ਦੇ ਅਰੰਭ ਤੋਂ ਅਨੰਦਪੁਰ ਸਾਹਿਬ ਨੂੰ ਘੇਰਾ ਪਾ ਕੇ ਦੂਰ ਬੈਠ ਗਏ। ਕਿਲ੍ਹਿਆਂ ਦੇ ਅੰਦਰ ਅਨਾਜ ਅਤੇ ਘਾਹ-ਪੱਠਾ ਖ਼ਤਮ ਹੋਣ ਤੇ ਆ ਗਏ। ਸਿੰਘਾਂ ਨੇ ਮਾਤਾ ਗੁਜ਼ਰ ਕੌਰ ਨੂੰ ਅਨੰਦਪੁਰ ਸਾਹਿਬ ਛੱਡਣ ਲਈ ਮਨਾ ਲਿਆ। ਮਾਤਾ ਜੀ ਨੇ ਗੁਰੂ ਸਾਹਿਬ ’ਤੇ ਅਨੰਦਪੁਰ ਸਾਹਿਬ ਛੱਡਣ ਲਈ ਜ਼ੋਰ ਪਾਇਆ। ਇਸਦੇ ਨਾਲ ਹੀ **ਹਿੰਦੂ ਰਾਜਿਆਂ ਅਤੇ ਮੁ.ਗਲਾਂ ਵੱਲੋਂ ਗੀਤਾ ਅਤੇ ਕੁਰਾਨ ਸ਼ਰੀਫ ਦੀਆਂ ਲਿਖਤੀ ਤੌਰ ਤੇ ਕਸਮਾਂ ਖਾਧੀਆਂ ਗਈਆਂ ਕਿ ਜੇਕਰ ਇੱਕ ਵਾਰ ਗੁਰੂ ਸਾਹਿਬ ਅਨੰਦਪੁਰ ਨੂੰ ਖਾਲੀ ਕਰ ਦੇਣ ਤਾਂ ਉਨ੍ਹਾਂ ਦਾ ਕਿਸੇ ਕਿਸਮ ਦਾ ਵਿਰੋਧ ਨਹੀਂ ਕੀਤਾ ਜਾਵੇਗਾ।**

## ਅਨੰਦਪੁਰ ਸਾਹਿਬ ਛੱਡਣਾ

ਦਸੰਬਰ 1705 ਈ: ਵਿੱਚ ਗੁਰੂ ਸਾਹਿਬ ਨੇ ਅਨੰਦਪੁਰ ਸਾਹਿਬ ਨੂੰ ਛੱਡ ਦਿੱਤਾ।





ਪਹਾੜੀ ਰਾਜਿਆਂ ਅਤੇ ਮੁਗ਼ਲਾਂ ਨੇ ਆਪਣੀਆਂ ਕਸਮਾਂ ਤੋੜ ਕੇ ਗੁਰੂ ਸਾਹਿਬ ਦੇ ਕਾਫ਼ਲੇ ’ਤੇ ਹਮਲਾ ਕਰ ਦਿੱਤਾ। ਸਰਸਾ ਨਦੀ ਦੇ ਨਜ਼ਦੀਕ ਘਮਸਾਨ ਦਾ ਜੰਗ ਹੋਇਆ। ਮਾਤਾ ਜੀ ਅਤੇ ਦੋਨੋਂ ਛੋਟੇ ਸਾਹਿਬਜ਼ਾਦੇ ਜੋਰਾਵਰ ਸਿੰਘ ਅਤੇ ਫਤਹਿ ਸਿੰਘ ਕਾਫ਼ਲੇ ਤੋਂ ਵਿੱਛੜ ਗਏ ਅਤੇ ਖੇੜੀ (ਹੁਣ ਸੁਹੇੜੀ) ਦੇ ਰਹਿਣ ਵਾਲੇ ਗੰਗਾ ਰਾਮ ਬ੍ਰਾਹਮਣ ਦੇ ਸੰਪਰਕ ਵਿੱਚ ਆਕੇ ਉਸਦੇ ਭਰੋਸਾ ਦੇਣ ਤੇ ਉਸਦੇ (ਗੰਗਾ ਰਾਮ ਦੇ) ਘਰ ਚਲੇ ਗਏ। ਉਸਨੇ ਵਿਸ਼ਵਾਸ਼ਘਾਤ ਕਰਕੇ (ਲਾਲਚ ਵਿੱਚ ਆਕੇ) ਉਨ੍ਹਾਂ ਨੂੰ ਮੋਰਿੰਡਾ ਕੋਤਵਾਲੀ ਇਤਲਾਹ ਦੇ ਕੇ ਗ੍ਰਿਫ਼ਤਾਰ ਕਰਵਾ ਦਿਤਾ, ਜਿਥੋਂ ਉਨ੍ਹਾਂ ਨੂੰ ਸਰਹਿੰਦ ਸੂਬਾ ਵਜ਼ੀਰ ਖ਼ਾਂ ਦੇ ਸਪੁਰਦ ਕੀਤਾ ਗਿਆ। ਉਨ੍ਹਾਂ ਨੂੰ ਕਈ ਕਿਸਮ ਦੇ ਦੁਨਿਆਵੀ ਲਾਲਚ ਅਤੇ ਡਰਾਵੇ ਦੇ ਕੇ ਮੁਸਲਮਾਨ ਬਣਾਉਂਣ ਦੇ ਯਤਨ ਕੀਤੇ ਗਏ ਪਰ ਉਨ੍ਹਾਂ ਵੱਲੋਂ ਇਨਕਾਰ ਕਰਨ ਤੇ ਜਿਉਂਦੇ ਜੀਅ ਨੀਹਾਂ ਵਿੱਚ ਚਿਣਾਕੇ ਸ਼ਹੀਦ ਕਰ ਦਿੱਤਾ ਗਿਆ। ਮਾਤਾ ਗੁੱਜ਼ਰ ਕੌਰ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ।

ਗੁਰੂ ਸਾਹਿਬ, ਦੋ ਵੱਡੇ ਸਾਹਿਬਜ਼ਾਦਿਆਂ ਅਤੇ 40 ਕੁ ਸਿੰਘਾਂ ਸਮੇਤ, ਚਮਕੌਰ ਦੀ ਕੱਚੀ ਗੜ੍ਹੀ ਵਿੱਚ ਪਹੁੰਚ ਗਏ। ਇਸ ਗੜ੍ਹੀ ਨੂੰ ਲੱਖਾਂ ਦੀ ਗਿਣਤੀ ਵਿੱਚ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਦੀਆਂ ਫ਼ੌਜਾਂ ਨੇ, ਲੁਟੇਰੇ ਮੁਲਖਈਆਂ ਦੀਆਂ ਧਾੜਾਂ ਸਮੇਤ, ਘੇਰਾ ਪਾ ਲਿਆ। ਦਿਨ ਭਰ ਦੀ ਜੰਗ ਤੋਂ ਬਾਅਦ ਦੋਨੋਂ ਵੱਡੇ ਸਾਹਿਬਜ਼ਾਦੇ (ਅਜੀਤ ਸਿੰਘ ਅਤੇ ਜੁਝਾਰ ਸਿੰਘ) ਅਤੇ 30 ਕੁ ਸਿੰਘ ਸ਼ਹੀਦ ਹੋ ਗਏ। ਬਾਕੀ ਬਚੇ ਸਿੰਘਾਂ ਨੇ ਗੜ੍ਹੀ ਵਿੱਚ ਗੁਰਮੱਤਾ ਕਰਕੇ ਗੁਰੂ ਸਾਹਿਬ ਨੂੰ ਗੜ੍ਹੀ ਤੋਂ ਚਲੇ ਜਾਣ ਲਈ ਕਿਹਾ। ਗੁਰੂ ਸਾਹਿਬ ਨੇ ਇਸ ਗੁਰਮੱਤੇ ਨੂੰ ਖ਼ਾਲਸਾ ਕੌਮ ਦੇ ਹੁਕਮ ਦੇ ਤੌਰ ਤੇ ਸਵੀਕਾਰ ਕਰਕੇ ਉਸੇ ਰਾਤ ਨੂੰ ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਸਮੇਤ ਗੜ੍ਹੀ ਨੂੰ ਖਾਲੀ ਕਰ ਦਿੱਤਾ। ਦੀਨਾਂ-ਕਾਂਗੜ ਪਹੁੰਚ ਕੇ ਗੁਰੂ ਸਾਹਿਬ ਨੇ ਔਰੰਗਜ਼ੇਬ ਦੇ ਨਾਂ ਇੱਕ ਖ਼ਤ ਲਿਖਿਆ ਜਿਸ ਨੂੰ ‘ਜ਼ਫ਼ਰਨਾਮਾ’ (ਫਤਹਿ ਦਾ ਖ਼ਤ) ਵਜੋਂ ਚੇਤੇ ਕੀਤਾ ਜਾਂਦਾ ਹੈ ਅਤੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਰਾਹੀਂ ਔਰੰਗਜ਼ੇਬ [ਜੋ ਕਿ ਉਨ੍ਹਾਂ ਦਿਨਾਂ ਵਿੱਚ ਦੱਖਣ ਵਿੱਚ ਔਰੰਗਾਬਾਦ (ਮਹਾਰਾਸ਼ਟਰਾ) ਦੇ ਆਸ-ਪਾਸ ਸੀ] ਤੱਕ ਪਹੁੰਚਦਾ ਕੀਤਾ। ਇਥੋਂ ਗੁਰੂ ਸਾਹਿਬ ਸਾਬੋ ਕੀ ਤਲਵੰਡੀ ਵੱਲ ਚੱਲ ਪਏ। ਰਸਤੇ ਵਿੱਚ ਖਿਦਰਾਣੇ ਦੀ ਢਾਬ (ਮੁਕਤਸਰ) ਪੁੱਜੇ ਤਾਂ ਇਥੇ ਸੂਬਾ ਸਰਹਿੰਦ ਜੋ ਆਪਣੀਆਂ ਫ਼ੌਜਾਂ ਲੈ ਕੇ ਗੁਰੂ ਸਾਹਿਬ ਦਾ ਪਿੱਛਾ ਕਰਦਾ ਆ ਰਿਹਾ ਸੀ, ਦਾ ਗੁਰੂ ਸਾਹਿਬ ਦੀ ਮਦਦ ਲਈ ਆ ਰਹੇ ਮਾਝੇ ਦੇ ਸਿੰਘਾਂ ਦੇ ਜਥੇ ਨਾਲ ਘਮਸਾਨ ਦਾ ਜੰਗ ਹੋਇਆ। ਉਸ ਨੂੰ ਲਾਚਾਰ ਹੋ ਕੇ ਉਥੋਂ ਵਾਪਸ ਮੁੜਨਾ ਪਿਆ।

## ਗੁਰੂ ਸਾਹਿਬ ਸਾਬੋ ਕੀ ਤਲਵੰਡੀ

ਖਿਦਰਾਣੇ ਦੀ ਢਾਬ ਦੀ ਜੰਗ ਵਿੱਚ ਸ਼ਹੀਦ ਹੋਏ ਸਿੰਘਾਂ ਦਾ ਸਸਕਾਰ ਕਰਕੇ ਗੁਰੂ ਜੀ ਸਾਬੋ ਕੀ ਤਲਵੰਡੀ ਪਹੁੰਚੇ। ਜਦੋਂ ਸੰਗਤਾਂ ਨੂੰ ਆਪ ਜੀ ਦੇ ਇਥੇ ਪੁੱਜਣ ਦਾ ਪਤਾ ਲੱਗਾ ਤਾਂ ਵੱਡੀ ਗਿਣਤੀ ਵਿੱਚ ਉਹ ਉਥੇ ਪੁਜਣ ਲੱਗੇ। ਇਥੇ ਗੁਰੂ ਜੀ ਤਕਰੀਬਨ 9-10 ਮਹੀਨੇ ਰਹੇ ਅਤੇ ਇਸ ਸਮੇਂ ਦੌਰਾਨ ਇੱਕ ਲੱਖ ਤੋਂ ਵੀ ਵਧੀਕ ਸਿੰਘਾਂ, ਸਿੰਘਣੀਆਂ ਨੇ ਇਥੇ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ ਅਤੇ ਖ਼ਾਲਸਾ ਫ਼ੌਜ ਵਿੱਚ ਸ਼ਾਮਿਲ ਹੋਏ।

## ਗੁਰੂ ਸਾਹਿਬ ਦਾ ਦੱਖਣ ਜਾਣਾ

"ਜਦੋਂ ਕਈ ਮਹੀਨੇ ਤੱਕ ਭਾਈ ਦਇਆ ਸਿੰਘ ਅਤੇ ਭਾਈ ਧਰਮ ਸਿੰਘ ਔਰੰਗਜ਼ੇਬ ਨੂੰ ਲਿਖਿਆ ਖ਼ਤ (ਜ਼ਫ਼ਰਨਾਮਾ) ਦੇ ਕੇ ਵਾਪਸ ਨਾ ਆਏ ਤਾਂ ਗੁਰੂ ਸਾਹਿਬ ਖ਼ੁਦ ਉਨ੍ਹਾਂ ਦੀ ਭਾਲ ਵਿੱਚ ਦੱਖਣ ਵੱਲ ਚੱਲ ਪਏ। ਗੁਰੂ ਜੀ ਸਿਰਸਾ, ਨੌਹਰ, ਭਾਦਰਾ, ਪਹੇਵਾ, ਪੁਸ਼ਕਰ (ਅਜਮੇਰ), ਨਰੈਣਾ ਹੁੰਦੇ ਹੋਏ ਬਘੌਰ ਪਹੁੰਚੇ। ਇਥੇ ਭਾਈ ਦਇਆ ਸਿੰਘ ਤੇ ਭਾਈ ਧਰਮ ਸਿੰਘ ਗੁਰੂ ਜੀ ਨੂੰ ਆ ਮਿਲੇ। ਉਨ੍ਹਾਂ ਦੱਸਿਆ ਕਿ ਔਰੰਗਜ਼ੇਬ ਗੁਰੂ ਜੀ ਦਾ ਖ਼ਤ ਪੜ੍ਹ ਕੇ ਗੁਰੂ ਜੀ ਨਾਲ ਮਿਲਣਾ ਚਾਹੁੰਦਾ ਸੀ। ਗੁਰੂ ਜੀ ਨੇ ਕਿਹਾ ਕਿ ਹੁਣ ਸ਼ਾਇਦ ਔਰੰਗਜ਼ੇਬ ਨਾਲ ਮੇਰਾ ਮੇਲ ਨਹੀਂ ਹੋ ਸਕਣਾ; ਉਸ ਦੇ ਸਾਹ ਪੂਰੇ ਹੋਣ ਵਾਲੇ ਹਨ। ਇਸ ਦੇ ਬਾਵਜੂਦ ਗੁਰੂ ਸਾਹਿਬ ਅੱਗੇ ਵੱਲ ਚੱਲ ਪਏ। ਜਦ ਗੁਰੂ ਜੀ ਕੁਲਾਇਤ ਪੁੱਜੇ ਤਾਂ ਉਨ੍ਹਾਂ ਨੂੰ ਔਰੰਗਜ਼ੇਬ ਦੇ ਮਰਨ ਦੀ ਖ਼ਬਰ ਮਿਲੀ। ਇਹ ਗੱਲ 19 ਮਾਰਚ 1707 ਈ: ਦੀ ਹੈ। ਇਸ ਮਗਰੋਂ ਗੁਰੂ ਜੀ ਦਿੱਲੀ ਆ ਗਏ।"

[ਡਾ: ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ਼ (ਪਹਿਲਾ ਹਿੱਸਾ), ਪੰਨਾ 338-39]

ਔਰੰਗਜ਼ੇਬ ਦੀ ਮੌਤ ਤੋਂ ਬਾਅਦ ਉਸਦੇ ਪੁੱਤਰਾਂ ਵਿੱਚ ਹੋਈ ਜੰਗ ਵਿੱਚ ਗੁਰੂ ਜੀ ਨੇ ਬਹਾਦਰ ਸ਼ਾਹ ਦੀ ਬੇਨਤੀ ਪ੍ਰਵਾਨ ਕਰਕੇ ਉਸਦੀ ਮਦਦ ਕਰਕੇ ਉਸ ਨੂੰ ਦਿੱਲੀ ਦੇ ਤਖ਼ਤ 'ਤੇ ਬੈਠਾਇਆ। "**ਬਹਾਦਰ ਸ਼ਾਹ ਨੇ ਗੁਰੂ ਸਾਹਿਬ ਨਾਲ ਵਾਅਦਾ ਕੀਤਾ ਕਿ ਉਹ 1705 ਈ: ਵਿੱਚ ਗੁਰੂ ਸਾਹਿਬ ਦਾ ਪਰਿਵਾਰ ਸ਼ਹੀਦ ਕਰਨ ਵਾਲਿਆਂ ਅਤੇ ਅਨੰਦਪੁਰ ਸਾਹਿਬ 'ਤੇ ਹਮਲਾ ਕਰਨ ਵਾਲਿਆਂ ਨੂੰ ਸਜ਼ਾ ਦੇਵੇਗਾ।** ਇਸ ਦੌਰਾਨ ਬਹਾਦਰ ਸ਼ਾਹ ਨੂੰ ਅਜਮੇਰ ਅਤੇ ਜੈਪੁਰ ਦੇ ਰਾਜਪੂਤਾਂ ਦੀ ਬਗ਼ਾਵਤ ਦਬਾਉਣ ਲਈ ਰਾਜਪੂਤਾਨੇ ਵੱਲ ਜਾਣਾ ਪੈ ਗਿਆ। ਉਸ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਵੀ ਇਹ ਆਖ ਕੇ ਨਾਲ ਲੈ ਲਿਆ ਕਿ ਉਹ ਰਸਤੇ ਵਿੱਚ ਬਾਕੀ ਸਾਰਾ ਕੁਝ ਵਿਚਾਰ ਲੈਣਗੇ। ਬਹਾਦਰ ਸ਼ਾਹ ਅਜੇ ਰਾਜਪੂਤਾਂ ਨਾਲ ਮਿੱਲ ਹੀ ਰਿਹਾ ਸੀ ਕਿ ਉਸ ਨੂੰ ਆਪਣੇ ਤੀਜੇ ਭਰਾ ਦਾਰਾ ਬਖਸ਼ ਦੀ ਬਗ਼ਾਵਤ ਦੀ ਖ਼ਬਰ ਮਿਲੀ। ਉਹ ਇਸ ਨਵੀਂ ਬਗ਼ਾਵਤ ਨੂੰ ਦਬਾਉਂਣ ਵਾਸਤੇ ਦੱਖਣ ਵੱਲ ਚੱਲ ਪਿਆ। ਗੁਰੂ ਜੀ ਵੀ ਉਸਦੇ ਨਾਲ ਹੀ ਚਲਦੇ ਗਏ।

ਉਧਰ ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਦੀ ਨੇੜਤਾ ਦਾ ਸਰਹਿੰਦ ਦੇ ਸੂਬੇਦਾਰ ਵਜ਼ੀਰ ਖ਼ਾਨ ਨੂੰ ਵੀ ਪਤਾ ਲੱਗ ਗਿਆ ਸੀ। ਉਸ ਨੇ ਚੋਖੀ ਰਕਮ ਦੇ ਕੇ ਆਪਣੇ ਨੁਮਾਇੰਦੇ ਤੇ ਸੂਹੀਏ (ਪਠਾਣ ਸਿਪਾਹੀ) ਦੱਖਣ ਵੱਲ ਤੋਰ ਦਿੱਤੇ। ਇਨ੍ਹਾਂ ਦਾ ਮੇਲ ਬਹਾਦਰ ਸ਼ਾਹ ਨਾਲ ਬੁਰਹਾਨਪੁਰ ਜਾਂ ਇਸ ਤੋਂ ਕੁਝ ਚਿਰ ਮਗਰੋਂ ਹੀ ਹੋਇਆ ਹੋਵੇਗਾ ਕਿਉਂਕਿ ਬਹਾਦਰ ਸ਼ਾਹ ਮਈ 1708 ਦੇ ਪਹਿਲੇ ਦੋ ਹਫ਼ਤੇ ਨਰਮਦਾ ਦਰਿਆ ਵਿੱਚ ਹੜ੍ਹ ਆਏ ਹੋਣ ਕਾਰਣ ਬੁਰਹਾਨਪੁਰ ਰੁਕਿਆ ਰਿਹਾ ਸੀ। ਵਜ਼ੀਰ ਖ਼ਾਨ ਦੇ ਏਲਚੀਆਂ ਰਾਹੀਂ ਮਿਲੀ ਰਕਮ ਕਾਰਨ ਬਹਾਦਰ ਸ਼ਾਹ ਦੀ ਨੀਅਤ ਬਦਲ ਗਈ।





ਗੁਰੂ ਸਾਹਿਬ 16-17 ਮਈ 1708 ਨੂੰ ਬੁਰਹਾਨਪੁਰ ਤੋਂ ਚੱਲੇ ਸਨ। ਇਸ ਤੋਂ ਬਾਅਦ ਬਹਾਦਰ ਸ਼ਾਹ ਨੇ ਗੁਰੂ ਸਾਹਿਬ ਤੋਂ ਦੂਰ ਰਹਿਣਾ ਸ਼ੁਰੂ ਕਰ ਦਿੱਤਾ। ਦਰਅਸਲ, ਉਹ ਵਜ਼ੀਰ ਖ਼ਾਨ ਦੀ ਭੇਜੀ ਰਕਮ ਕਾਰਣ ਉਸਦੇ ਖ਼ਿਲਾਫ਼ ਐਕਸ਼ਨ ਨਹੀਂ ਸੀ ਲੈਣਾ ਚਾਹੁੰਦਾ।

## ਨੰਦੇੜ ਜਾਣਾ

ਗੁਰੂ ਸਾਹਿਬ ਅਤੇ ਬਹਾਦਰ ਸ਼ਾਹ ਵਿੱਚ ਆਖ਼ਰੀ ਮੁਲਾਕਾਤ ਤਾਪਤੀ ਦਰਿਆ ਪਾਰ ਕਰਨ (25 ਜੂਨ 1708) ਮਗਰੋਂ ਬਾਲਾਪੁਰ ਵਿੱਚ ਅਗੱਸਤ 1708 ਵਿੱਚ ਹੋਈ। ਇਸ ਮੁਲਾਕਾਤ ਵਿੱਚ ਗੁਰੂ ਸਾਹਿਬ ਨੇ ਜਾਣ ਲਿਆ ਕਿ ਬਹਾਦਰ ਸ਼ਾਹ ਆਪਣੇ ਬੋਲਾਂ ਤੋਂ ਮੁੱਕਰ ਗਿਆ ਹੈ। ਇਸ ਕਰਕੇ ਗੁਰੂ ਸਾਹਿਬ ਨੇ ਬਾਦਸ਼ਾਹ ਦਾ ਸਾਥ ਛੱਡ ਦਿੱਤਾ। ਬਾਦਸ਼ਾਹ 24 ਅਗੱਸਤ 1708 ਨੂੰ ਦਰਿਆ ਬਾਨ ਗੰਗਾ ਪਾਰ ਕਰਕੇ ਅੱਗੇ ਨਿਕਲ ਗਿਆ ਅਤੇ ਗੁਰੂ ਸਾਹਿਬ ਨੰਦੇੜ ਵਿੱਚ ਰੁਕ ਗਏ। ਗੁਰੂ ਸਾਹਿਬ ਨੇ ਫ਼ੈਸਲਾ ਕੀਤਾ ਕਿ ਬਾਦਸ਼ਾਹ ਤੋਂ ਆਸ ਛੱਡ ਕੇ ਆਪ ਇਨਸਾਫ਼ ਕਾਇਮ ਕੀਤਾ ਜਾਵੇ। 3 ਸਤੰਬਰ 1708 ਦੇ ਦਿਨ ਉਨ੍ਹਾਂ ਦਾ ਮੇਲ ਮਾਧੋ ਦਾਸ ਬੈਰਾਗੀ (ਮਗਰੋਂ ਬੰਦਾ ਸਿੰਘ ਬਹਾਦਰ) ਨਾਲ ਹੋਇਆ। ਪੰਜਾਬ ਦੀ ਹਾਲਤ ਸੁਣਕੇ ਅਤੇ ਮੁਗ਼ਲ ਹਾਕਮਾਂ ਦੀਆਂ ਕਰਤੂਤਾਂ ਸੁਣਕੇ ਬੰਦਾ ਸਿੰਘ ਨੇ ਗੁਰੂ ਜੀ ਤੋਂ ਪੰਜਾਬ ਜਾ ਕੇ ਦੁਸ਼ਟਾਂ ਨੂੰ ਸੋਧਣ ਦੀ ਇਜਾਜ਼ਤ ਮੰਗੀ।

ਗੁਰੂ ਜੀ ਨੇ ਬੰਦਾ ਸਿੰਘ ਨੂੰ 4 ਸਤੰਬਰ 1708 ਦੇ ਦਿਨ ਖੰਡੇ ਦੀ ਪਾਹੁਲ ਦਿੱਤੀ। ਗੁਰੂ ਸਾਹਿਬ ਨੇ ਪੂਰਾ ਇੱਕ ਮਹੀਨਾ ਬੰਦਾ ਸਿੰਘ ਨੂੰ ਆਪਣੇ ਕੋਲ ਰੱਖ ਕੇ, ਪੂਰੀ ਸਿਖਲਾਈ ਦਿੱਤੀ। ਅਕਤੂਬਰ ਚੜ੍ਹਦਿਆਂ ਹੀ ਗੁਰੂ ਸਾਹਿਬ ਨੇ ਬੰਦਾ ਸਿੰਘ ਨੂੰ ਹੁਕਮਨਾਮੇ ਦੇ ਕੇ ਸਿੱਖਾਂ ਨੂੰ ਇਕੱਠਿਆਂ ਕਰਨ ਵਾਸਤੇ ਭੇਜਣ ਦੀ ਤਿਆਰੀ ਕੀਤੀ। ਇੰਵ ਲਗਦਾ ਹੈ ਕਿ ਗੁਰੂ ਸਾਹਿਬ ਬੰਦਾ ਸਿੰਘ ਨੂੰ ਭੇਜ ਕੇ, ਤਿਆਰੀ ਹੋਣ ਮਗਰੋਂ ਆਪ ਵੀ ਛੇਤੀ ਪੰਜਾਬ ਪਰਤਣਾ ਚਾਹੁੰਦੇ ਸਨ।

## ਗੁਰੂ ਸਾਹਿਬ 'ਤੇ ਹਮਲਾ ਤੇ ਸ਼ਹੀਦੀ

ਪੰਜ ਅਕਤੂਬਰ 1708 ਦੇ ਦਿਨ ਬੰਦਾ ਸਿੰਘ ਬਹਾਦਰ ਨੰਦੇੜ ਤੋਂ ਚੱਲਿਆ ਅਤੇ ਇਸੇ ਦਿਨ ਸ਼ਾਮ ਨੂੰ ਜਮਸ਼ੈਦ ਖ਼ਾਨ ਪਠਾਣ ਨੇ ਗੁਰੂ ਸਾਹਿਬ ਦੇ ਸੁੱਤਿਆਂ ਉਨ੍ਹਾਂ ਤੇ ਹਮਲਾ ਕਰ ਦਿੱਤਾ ਤੇ ਜਮਧਾਰ (ਕਟਾਰ) ਦੇ ਤਿੰਨ ਵਾਰ ਕਰਕੇ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਬੇਹੱਦ ਜ਼ਖ਼ਮੀ ਹੋਣ ਦੇ ਬਾਵਜੂਦ ਗੁਰੂ ਸਾਹਿਬ ਨੇ ਪਰਤਵਾਂ ਵਾਰ ਕਰਕੇ ਜਮਸ਼ੈਦ ਖ਼ਾਨ ਨੂੰ ਥਾਏਂ ਮਾਰ ਦਿੱਤਾ। ਗੁਰੂ ਸਾਹਿਬ ਆਪ ਵੀ ਇਨ੍ਹਾਂ ਜ਼ਖ਼ਮਾਂ ਦੀ ਤਾਬ ਨਾ ਝਲਦੇ ਹੋਏ 7 ਅਕਤੂਬਰ ਨੂੰ ਤੜਕੇ ਵੇਲੇ ਅਕਾਲ ਪੁਰਖੁ ਦੀ ਗੋਦ ਵਿੱਚ ਸਮਾ ਗਏ। ਉਨ੍ਹਾਂ ਦਾ ਸਸਕਾਰ ਇਸੇ ਸ਼ਾਮ ਨੂੰ ਗੁਦਾਵਰੀ ਦਰਿਆ ਦੇ ਕੰਢੇ ਕਰ ਦਿੱਤਾ ਗਿਆ।

ਅਜਿਹਾ ਜਾਪਦਾ ਹੈ ਕਿ ਜਮਸ਼ੈਦ ਖ਼ਾਨ ਨੂੰ ਭਾਵੇਂ ਸਰਹਿੰਦ ਦੇ ਵਜ਼ੀਰ ਖ਼ਾਨ ਨੇ ਭੇਜਿਆ ਸੀ ਪਰ ਉਸ ਨੂੰ ਬਾਦਸ਼ਾਹ ਦੀ ਹਮਾਇਤ ਜਾਂ ਮਨਜ਼ੂਰੀ ਜ਼ਰੂਰ ਹਾਸਿਲ ਸੀ ਕਿਉਂਕਿ ਬਹਾਦਰ ਸ਼ਾਹ ਨੇ ਇਸ ਜਮਸ਼ੈਦ ਖ਼ਾਨ ਦੇ ਪੁੱਤਰ ਨੂੰ "ਉਸਦੇ ਬਾਪ ਦੇ ਗੁਰੂ ਗੋਬਿੰਦ

ਸਿੰਘ ਦੇ ਹੱਥੋਂ ਮਾਰੇ ਜਾਣ ਕਾਰਣ" 30 ਅਕਤੂਬਰ 1708 ਦੇ ਦਿਨ ਆਪਣੇ ਦਰਬਾਰ ਵਿੱਚ ਖਿੱਲਤ ਭੇਟ ਕੀਤੀ ਸੀ। ਇਸ ਬਾਰੇ ਇੱਕ ਐਂਟਰੀ ਅਖਬਾਰਤ-ਇ-ਦਰਬਾਰ-ਇ-ਮੁਅੱਲਾ ਵਿੱਚ ਮਿਲਦੀ ਹੈ।

ਸਿਰਫ਼ ਏਨਾ ਹੀ ਨਹੀਂ ਬਲਕਿ ਗੁਰੂ ਸਾਹਿਬ ਦੇ ਚੜ੍ਹਾਈ ਕਰਨ ਦਾ ਜ਼ਿਕਰ ਵੀ ਇਸੇ ਰੀਕਾਰਡ ਵਿੱਚ ਮੌਜੂਦ ਹੈ। ਇਸ ਤੋਂ ਇਲਾਵਾ ਇਹੀ ਜ਼ਿਕਰ ਇੱਕ ਸਿੱਖ ਲੇਖਕ ਸੈਨਾਪਤੀ ਦੀ 'ਗੁਰਸੋਭਾ (1709)', ਬਹਾਦਰ ਸ਼ਾਹ ਦੇ ਤਿੰਨ ਸਮਕਾਲੀ ਮੁਸਲਮਾਨ ਲੇਖਕਾਂ ਦੀਆਂ ਕਿਤਾਬਾਂ ਮਿਰਜ਼ਾ ਮੁਹੰਮਦ ਦੀ ਇਬਰਤਨਾਮਾ (1716), ਮੁਹੰਮਦ ਕਾਸਿਮ ਦੀ ਇਬਰਤਨਾਮਾ (1723), ਮੁਹੰਮਦ ਸ਼ਫ਼ੀ ਦੀ ਮੀਰਾਤ-ਇ-ਵਾਰਿਦਾਤ (1734) ਅਤੇ ਇੱਕ ਹਿੰਦੂ ਲੇਖਕ ਚਤੁਰਮਾਨ ਸਕਸੈਨਾ ਦੀ 'ਚਹਾਰ ਗੁਲਸ਼ਨ' ਵਿੱਚ ਵੀ ਮਿਲਦਾ ਹੈ। ਇਨ੍ਹਾਂ ਸਾਰੀਆਂ ਵਿੱਚ ਗੁਰੂ ਸਾਹਿਬ ਦੀ 'ਮੌਤ' ਛੁਰਿਆਂ ਦੇ ਵਾਰ ਨਾਲ ਹੋਣ ਦਾ ਜ਼ਿਕਰ ਹੈ ਅਤੇ ਬਾਦਸ਼ਾਹ ਦੇ ਭੇਜੇ ਜ਼ਿਰਾਹ ਵੱਲੋਂ ਜ਼ਖ਼ਮ ਸੀਣ ਅਤੇ ਮਗਰੋਂ ਕਮਾਨ ਖਿੱਚਣ ਨਾਲ 'ਮੌਤ' ਦਾ ਜ਼ਰਾ ਮਾਸਾ ਜ਼ਿਕਰ ਵੀ ਨਹੀਂ। ਦਰਅਸਲ ਉਸ ਵੇਲੇ ਬਾਦਸ਼ਾਹ ਕਈ ਮੀਲ ਦੂਰ ਨਿਕਲ ਚੁੱਕਾ ਸੀ, ਇਸ ਕਰਕੇ ਉਸ ਵੱਲੋਂ ਹਕੀਮ/ਜ਼ਿਰਾਹ ਭੇਜਣ ਵਾਲੀ ਗੱਲ ਸਿਰਫ਼ ਤੇ ਸਿਰਫ਼ ਨਾ-ਮੁਮਕਿਨ ਹੀ ਸੀ। ਉਂਞ ਉਹ ਹਮਲੇ ਦੀ ਸਾਜਿਸ਼ ਵਿੱਚ ਸ਼ਾਮਿਲ ਵੀ ਸੀ।

ਅਜਿਹਾ ਜਾਪਦਾ ਹੈ ਕਿ ਗੁਰੂ ਸਾਹਿਬ ਦੇ ਜ਼ਖ਼ਮੀ ਹੋਣ, ਜ਼ਖਮ ਸੀਣ ਅਤੇ ਫਿਰ ਕਮਾਣ ਖਿੱਚਣ ਦੀ 'ਦੁਰਘਟਨਾ/ਹਾਦਸੇ ਵਿੱਚ ਮੌਤ ਹੋਣ' ਜਾਂ 'ਕਮਾਣ ਖਿੱਚ ਕੇ ਆਪ ਮਨਜ਼ੂਰ ਕੀਤੀ ਮੌਤ' ਦਾ ਪ੍ਰਚਾਰ ਵਜ਼ੀਰ ਖ਼ਾਨ ਜਾਂ ਬਹਾਦਰ ਸ਼ਾਹ ਨੇ ਕਰਵਾਇਆ ਹੋਵੇਗਾ ਤਾਂ ਜੋ ਉਹ ਖ਼ੁਦ ਨੂੰ ਗੁਰੂ ਸਾਹਿਬ 'ਤੇ ਕਰਵਾਏ ਹਮਲੇ 'ਚੋਂ ਸੁਰਖ਼ਰੂ ਕਰ ਸਕਣ। ਗੁਰੂ ਸਾਹਿਬ ਦੀ 'ਮੌਤ' ਇੰਞ ਦਿਖਾਉਣਾ ਵਜ਼ੀਰ ਖ਼ਾਨ ਅਤੇ ਬਹਾਦਰ ਸ਼ਾਹ ਦੇ ਜਾਲ ਵਿੱਚ ਫਸ ਕੇ ਤਵਾਰੀਖ਼ ਵਿਗਾੜਨਾ ਹੈ। ...ਕੁੱਝ ਸਿੱਖ ਲਿਖਾਰੀ ਸ਼ਾਇਦ ਇਹ ਵੀ ਨਹੀਂ ਸਨ ਚਾਹੁੰਦੇ ਕਿ ਗੁਰੂ ਸਾਹਿਬ ਨੂੰ ਮੁਸਲਮਾਨੀ ਹਮਲੇ ਵਿੱਚ ਸ਼ਹੀਦ ਹੋਇਆ ਵਿਖਾਇਆ ਜਾਵੇ ਸੋ ਉਨ੍ਹਾਂ ਨੂੰ ਕਮਾਣ ਖਿੱਚਣ ਨਾਲ 'ਮੌਤ' ਸਾਬਤ ਕਰਨ ਵਿੱਚ ਵਧੇਰੇ ਸ਼ਰਧਾ ਜਾਪੀ ਹੋਵੇ।...ਇੱਕ ਅੱਧ ਲੇਖਕ ਨੇ ਤਾਂ ਇਹ ਵੀ ਲਿਖ ਮਾਰਿਆ ਕਿ ਗੁਰੂ ਸਾਹਿਬ ਨੂੰ ਇੱਕ ਪਠਾਣ ਨੇ ਘੋੜਿਆਂ ਦੀ ਕੀਮਤ ਤੇ ਲੈਣ ਦੇਣ ਦੇ ਝਗੜੇ ਵਿੱਚ ਕਤਲ ਕਰ ਦਿੱਤਾ ਸੀ। ਇੱਕ-ਦੋ ਲੇਖਕਾਂ ਨੇ ਇਹ ਬੇਥ੍ਹਵੀ ਵੀ ਮਾਰੀ ਕਿ ਗੁਰੂ ਸਾਹਿਬ ਨੇ ਹਮਲਾਵਰ ਪਠਾਣ ਨੂੰ ਉਨ੍ਹਾਂ (ਗੁਰੂ ਸਾਹਿਬ ) ਤੋਂ ਬਦਲਾ ਲੈਣ ਵਾਸਤੇ ਆਪ ਭੜਕਾਇਆ ਸੀ। ਪਰ ਇਹ ਲੇਖਕ ਵੀ ਜ਼ਖ਼ਮ ਸੀਣ ਤੇ ਮਗਰੋਂ ਕਮਾਣ ਖਿੱਚਣ ਨਾਲ 'ਮੌਤ' ਦੀ ਥਾਂ ਕਾਰੀ ਜ਼ਖ਼ਮਾਂ ਨਾਲ ਦੋ ਦਿਨ ਵਿੱਚ ਮੌਤ ਦਾ ਜ਼ਿਕਰ ਕਰਦੇ ਹਨ।

## ਗੁਰੂ ਗ੍ਰੰਥ ਸਾਹਿਬ ਨੂੰ ਗੁਰੂਤਾ ਦੇਣਾ

ਜੋਤੀ ਜੋਤਿ ਸਮਾਉਣ ਤੋਂ ਪਹਿਲਾਂ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਨੂੰ ਗੁਰੂਤਾ ਸੌਂਪ ਦਿੱਤੀ। ਉਨ੍ਹਾਂ ਕਿਹਾ ਕਿ ਅੱਗੇ ਤੋਂ ਸਿੱਖ ਇਨਸਾਨੀ ਗੁਰੂ ਦੀ ਥਾਂ 'ਤੇ ਸਿਰਫ਼ ਸ਼ਬਦ-ਗੁਰੂ ਤੋਂ ਅਗਵਾਈ ਲਿਆ ਕਰਨਗੇ। ਕੌਮ ਦੇ ਸਿਆਸੀ, ਸਮਾਜਿਕ ਤੇ ਭਾਈਚਾਰਕ ਮਸਲਿਆਂ





ਵਾਸਤੇ ਉਹ ਗੁਰੂ ਦੀ ਮਤਿ (ਸਿੱਖਿਆ) ਮੁਤਾਬਿਕ ਵਿਚਾਰ ਕਰਕੇ ਫ਼ੈਸਲੇ ਲਿਆ ਕਰਨਗੇ ਇਸ ਸਬੰਧੀ ਇੱਕ ਇੰਦਰਾਜ ਭੱਟ ਵਹੀ ਤਲਾਉਂਡਾ, ਪਰਗਨਾ ਜੀਂਦ ਵਿੱਚ ਇੰਞ ਮਿਲਦਾ ਹੈ:

**"ਗੁਰੂ ਗੋਬਿੰਦ ਸਿੰਘ ਜੀ ਮਹਲਾ ਦਸਮਾਂ ਬੇਟਾ ਗੁਰੂ ਤੇਗ਼ ਬਹਾਦਰ ਜੀ ਕਾ, ਮੁਕਾਮ ਨੰਦੇੜ ਤਟ ਗੁਦਾਵਰੀ ਦੇਸ ਦੱਖਣ, ਸਤਰਾਂ ਸੈ ਪੈਂਸਠ ਕਾਰਤਕ ਮਾਸੇ ਸੁਦੀ ਚਉਥ ਸ਼ੁਕਲਾ ਪੱਖੇ ਬੁਧਵਾਰ ਕੇ ਦਿਹੁੰ ਭਾਈ ਦੈਆ ਸਿੰਘ ਸੇ ਬਚਨ ਹੁਆ ਗੁਰੂ ਗ੍ਰੰਥ ਸਾਹਿਬ ਲੇ ਆਓ। ਬਚਨ ਪਾਇ ਦੈਆ ਸਿੰਘ ਗ੍ਰੰਥ ਸਾਹਿਬ ਲੇ ਆਏ। ਗੁਰੂ ਜੀ ਨੇ ਸਰਬਤ ਸੰਗਤ ਸੇ ਕਹਾ ਮੇਰਾ ਹੁਕਮ ਹੈ ਮੇਰੀ ਜਗਾਹ ਗ੍ਰੰਥ ਜੀ ਕੋ ਜਾਣਨਾ। ਜੋ ਸਿੱਖ ਜਾਣੇਗਾ ਤਿਸ ਕੀ ਘਾਲ ਥਾਂਇ ਪਏਗੀ, ਗੁਰੂ ਤਿਸ ਕੀ ਬਹੁੜੀ ਕਰੇਗਾ, ਸਤਿ ਕਰਿ ਮਾਨਣਾ"।**

ਗੁਰੂ ਸਾਹਿਬ ਦੀ ਜ਼ਿੰਦਗੀ ਦੀ ਤਵਾਰੀਖ਼ ਪੜ੍ਹਕੇ ਅਚੰਭਾ ਹੁੰਦਾ ਹੈ, ਕਿ ਸੱਚਮੁੱਚ ਅਜਿਹੀ ਸ਼ਖ਼ਸ਼ੀਅਤ ਇਸ ਧਰਤੀ 'ਤੇ ਵਿਚਰਦੀ ਰਹੀ ਸੀ। ਚੌਦਾਂ ਸਾਲ ਦੀ ਉਮਰ ਵਿੱਚ ਗੁਰਗੱਦੀ ਸੰਭਾਲਣ ਦੇ ਦਿਨ ਤੋਂ ਆਪਣੀ ਸ਼ਹੀਦੀ ਤੱਕ, 33 ਸਾਲ ਲਗਾਤਾਰ, ਉਹ ਇੱਕ ਕਿਸਮ ਦੇ ਮੈਦਾਨੇ ਜੰਗ ਵਿੱਚ ਰਹੇ ਸਨ।

1678 ਵਿੱਚ (ਤੇ ਮਗਰੋਂ 1706 ਵਿੱਚ) ਉਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਮੁਕੰਮਲ ਕਰਵਾਇਆ। ਉਨ੍ਹਾਂ 52 ਕਵੀ ਤੇ ਹੋਰ ਮਹਾਨ ਫ਼ਨਕਾਰਾਂ ਨੂੰ ਸਰਪ੍ਰਸਤੀ ਦਿੱਤੀ। ਉਨ੍ਹਾਂ ਦੋ ਨਗਰ (ਪਉਂਟਾ ਤੇ ਅਨੰਦਪੁਰ) ਵਸਾਏ। ਉਨ੍ਹਾਂ ਨੇ ਪਹਾੜੀ ਰਾਜਿਆਂ ਨੂੰ ਜਰਵਾਣਿਆਂ ਤੋਂ ਕਈ ਵਾਰ ਬਚਾਇਆ। ਉਨ੍ਹਾਂ ਨੇ ਅਹਿਸਾਨਫ਼ਰਾਮੋਸ਼ ਪਹਾੜੀ ਰਾਜਿਆਂ ਤੇ ਮੁਗ਼ਲ ਫ਼ੌਜਾਂ ਦੇ ਹਮਲਿਆਂ ਦਾ ਕਈ ਵਾਰ ਮੂੰਹ ਤੋੜਿਆ। 1688 ਤੋਂ 1708 ਤੱਕ ਉਨ੍ਹਾਂ ਨੇ ਤਕਰੀਬਨ 20 ਵਾਰ, 'ਆਦਮ-ਬੋਅ' ਕਰਦੀਆਂ ਜ਼ਾਲਮ ਫ਼ੌਜਾਂ ਦਾ ਟਾਕਰਾ ਕੀਤਾ। ਦੋ ਵੱਡੇ ਮੁਗ਼ਲ ਬਾਦਸ਼ਾਹਾਂ (ਔਰੰਗਜ਼ੇਬ ਤੇ ਬਹਾਦਰਸ਼ਾਹ), ਸਾਹਰਿੰਦ ਦੇ ਦਹਿਸ਼ਤਗਰਦ ਸੂਬੇਦਾਰ ਵਜ਼ੀਰ ਖ਼ਾਨ, ਮਲੇਰਕੋਟਲਾ ਤੇ ਰੋਪੜ ਦੀਆਂ ਫ਼ੌਜਾਂ, ਕਈ ਕਿਲ੍ਹੇਦਾਰਾਂ, ਫ਼ੌਜਦਾਰਾਂ, ਬਿਲਾਸਪੁਰ, ਹੰਡੂਰ (ਨਾਲਾਗੜ੍ਹ) ਗੜ੍ਹਵਾਲ ਅਤੇ ਕਈ ਹੋਰ ਹਿੰਦੂ ਰਿਆਸਤਾਂ ਦੇ ਹਾਕਮਾਂ ਤੇ ਰਜਵਾੜਿਆਂ ਦੇ ਹਮਲਿਆਂ ਦਾ ਮੂੰਹ ਮੋੜਿਆ।

ਗੁਰੂ ਸਾਹਿਬ ਨੇ ਪੂਰਬ ਵਿੱਚ ਪਟਨਾ ਤੋਂ ਲੈ ਕੇ ਬਾਬਾ ਬਕਾਲਾ ਤੱਕ, ਮਾਲਵਾ, ਬਾਂਗਰ ਦੇਸ, ਮਾਝਾ, ਦੂਨ, ਦੋਆਬਾ ਅਤੇ ਹੋਰ ਇਲਾਕਿਆਂ ਵਿੱਚ ਧਰਮ ਪ੍ਰਚਾਰ ਕੀਤਾ। ਅਖ਼ੀਰ ਵਿੱਚ ਆਪ ਨੇ ਤਲਵੰਡੀ ਸਾਬੋ ਤੋਂ ਬਾਘੌਰ ਤੇ ਫਿਰ ਦਿੱਲੀ ਤੋਂ ਨੰਦੇੜ ਤੱਕ ਦਾ ਸਫ਼ਰ ਕੀਤਾ ਤੇ ਇਸ ਦੌਰਾਨ ਧਰਮ ਪ੍ਰਚਾਰ ਵੀ ਕੀਤਾ। ਗੁਰੂ ਜੀ ਦੀ ਜ਼ਿੰਦਗੀ ਦਾ ਇੱਕ-ਇੱਕ ਪਲ, ਇੱਕ-ਇੱਕ ਲਮਹਾ, ਜੱਦੋਜਹਿਦ, ਸਫ਼ਰ, ਪ੍ਰਚਾਰ ਜਾਂ ਕਿਸੇ ਹੋਰ ਐਕਸ਼ਨ ਵਿੱਚ ਰੁੱਝਿਆ ਰਿਹਾ। ਸ਼ਹੀਦੀ ਤੋਂ ਸ਼ਹੀਦੀਆਂ ਤੱਕ ਦੇ ਸਫ਼ਰ ਵਿੱਚ ਪਿਤਾ, ਮਾਤਾ, ਚਾਰ ਪੁੱਤਰ ਤੇ ਖ਼ੁਦ ਤੋਂ ਇਲਾਵਾ ਹਜ਼ਾਰਾਂ ਨਾਦੀ ਪੁੱਤਰਾਂ (ਸਿੱਖਾਂ) ਦੀਆਂ ਸ਼ਹੀਦੀਆਂ ਦੇ ਲਹੂ ਨਾਲ ਕੌਮ ਦੇ ਮਹਿਲ ਦੀ ਚਿਣਾਈ ਕੀਤੀ। ਅਜਿਹੇ ਮਹਾਨ ਸ਼ਖ਼ਸ਼ ਦਾ ਮੁਕਾਬਲਾ ਘੱਟੋ-ਘੱਟ ਕੋਈ ਇਨਸਾਨ ਤਾਂ ਨਹੀਂ ਕਰ ਸਕਦਾ (ਤੇ ਅਖੌਤੀ ਦੇਵਤਿਆਂ ਦਾ ਵਜੂਦ ਮੈਂ ਮੰਨਦਾ ਨਹੀਂ)।"

[ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਪਹਿਲਾ ਹਿੱਸਾ), ਸਫ਼ੇ 338-344]

# ੪.
# ਗੁਰੂ ਨਾਨਕ ਸਾਹਿਬ ਦਾ ਮਿਸ਼ਨ : ਵਿਸ਼ਵ-ਵਿਆਪਕ ਹਲੇਮੀ ਰਾਜ ਦੀ ਸਥਾਪਨਾ

ਗੁਰੂ ਨਾਨਕ ਸਾਹਿਬ ਵੱਲੋਂ, ਪ੍ਰਭੂ-ਪਿਤਾ ਦੀ ਰਜ਼ਾ ਅਨੁਸਾਰ, ਪ੍ਰਗਟ ਕੀਤਾ, ਸਰਬ ਸਾਂਝਾ ਆਲਮਗੀਰੀ ਫ਼ਲਸਫ਼ਾ, ਉਪਰ ਸੰਖੇਪ ਰੂਪ ਵਿੱਚ ਵਿਚਾਰਿਆ ਜਾ ਚੁੱਕਾ ਹੈ। ਇਸ ਫ਼ਲਸਫ਼ੇ ਨੂੰ ਮੁਕੰਮਲ ਤੌਰ ਤੇ ਸਮਰਪਿਤ ਸਮਾਜ ਨਾਲ ਸੰਬੰਧਤ ਤਕਰੀਬਨ ਦੋ ਸਦੀਆਂ ਦੀਆਂ ਕੁਝ ਕੁ ਅਹਿਮ ਇਤਿਹਾਸਕ ਘਟਨਾਵਾਂ ਦਾ ਵੀ ਸੰਕੇਤਕ ਰੂਪ ਵਿੱਚ ਜ਼ਿਕਰ ਕੀਤਾ ਜਾ ਚੁੱਕਾ ਹੈ। ਹੁਣ ਇਹ ਵੀ ਵੀਚਾਰਨਾ ਜਰੂਰੀ ਹੈ ਕਿ ਕੀ ਇਹ ਫ਼ਲਸਫ਼ਾ ਦੁਨੀਆਂ ਭਰ ਵਿੱਚ ਸਿਰਫ਼ ਇੱਕ ਆਦਰਸ਼ਕ ਸਮਾਜਕ ਭਾਈਚਾਰੇ ਦੀ ਸਿਰਜਣਾ ਕਰਨ ਤੱਕ ਹੀ ਸੀਮਤ ਹੈ ਜਾਂ ਇਸ ਤੋਂ ਅੱਗੇ ਇਹ ਮਨੁੱਖੀ ਸਮਾਜ ਦੇ ਰਾਜਸੀ, ਧਾਰਮਿਕ, ਆਰਥਿਕ, ਸਾਹਿਤਕ ਅਤੇ ਸਭਿਆਚਾਰਕ ਖੇਤਰਾਂ ਨੂੰ ਵੀ ਪ੍ਰੀਭਾਸ਼ਤ ਅਤੇ ਪ੍ਰਭਾਵਤ ਕਰਦਾ ਹੈ। ਨਿਰਸੰਦੇਹ, ਇਹ ਫ਼ਲਸਫ਼ਾ ਮਨੁੱਖੀ ਜੀਵਣ ਦੇ ਸਾਰੇ ਹੀ ਪਹਿਲੂਆਂ ਨੂੰ ਇਲਾਹੀ ਸੇਧਾਂ ਬਖਸ਼ਿਸ਼ ਕਰਕੇ ਸੰਸਾਰ ਵਿੱਚ ਰੱਬੀ ਧਰਮ ਦੇ ਰਾਜ ਨੂੰ ਸਥਾਪਤ ਕਰਨ ਲਈ ਇੱਕ ਸਰਬਦੇਸ਼ੀ, ਸਦੀਵਕਾਲੀ, ਲਾਸਾਨੀ ਇਨਕਲਾਬ ਦੇ ਰੂਪ ਵਿੱਚ ਉੱਭਰ ਕੇ ਸਾਹਮਣੇ ਆਉਂਦਾ ਹੈ - ਇੱਕ ਅਜਿਹਾ ਗ਼ਰੀਬ-ਜਨਤਕ ਆਧਾਰ ਵਾਲਾ ਇਨਕਲਾਬ ਜੋ ਸਮੁੱਚੀ ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦੇ ਅਧਾਰ ’ਤੇ ਮਨੁੱਖੀ ਹੱਕਾਂ ਦੀ ਰਾਖੀ ਦਾ ਜ਼ਾਮਨ ਬਣਕੇ ਸੰਸਾਰ ਵਿੱਚ ਸਹੀ ਮਾਅਨਿਆਂ ਵਿੱਚ ਆਜ਼ਾਦੀ, ਸੁਖ, ਸ਼ਾਂਤੀ, ਹੱਕ, ਸੱਚ ਅਤੇ ਇਨਸਾਫ਼ ਨੂੰ ਸਥਾਪਤ ਕਰਨ ਲਈ ਵਚਨਬੱਧ ਹੈ।

## ਗੁਰੂ ਨਾਨਕ ਸਾਹਿਬ ਦਾ ਮਿਸ਼ਨ

ਗੁਰੂ ਨਾਨਕ ਸਾਹਿਬ ਦਾ ਮਿਸ਼ਨ, ਪ੍ਰਭੂ–ਪਿਤਾ ਦੀ ਸਾਜੀ ਸ਼੍ਰਿਸਟੀ ਅੰਦਰ, ਪਰਮੇਸ਼ਰ ਵੱਲੋਂ ਬ੍ਰਹਿਮੰਡੀ ਵਰਤਾਰੇ ਦੇ ਪ੍ਰਬੰਧ ਲਈ ਸ਼੍ਰਿਸ਼ਟੀ ਦੀ ਸਾਜਨਾ ਦੇ ਨਾਲ ਹੀ ਸਿਰਜ ਕੇ ਲਾਗੂ ਕੀਤੇ ਕਾਇਦੇ-ਕਾਨੂੰਨਾਂ, ਨਿਯਮਾਂ ਦੇ ਅਨੁਕੂਲ ਸਰਬਦੇਸ਼ੀ, ਸਦੀਵਕਾਲੀ ਰਾਜ-ਪ੍ਰਬੰਧ ਕਾਇਮ ਕਰਨਾ ਹੈ। ਅਜਿਹੀ ਰਾਜ-ਪ੍ਰਣਾਲੀ ਨੂੰ ਰੱਬੀ ਧਰਮ ਦਾ ਰਾਜ ਕਿਹਾ ਜਾ ਸਕਦਾ ਹੈ। ਇਸ ਮਿਸ਼ਨ ਦੀ ਪ੍ਰਾਪਤੀ ਲਈ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਅਧਿਕਾਰੀ ਗੁਰੂ ਜਾਮਿਆਂ ਨੇ ਹੇਠ ਲਿਖੇ ਅਨੁਸਾਰ ਪਲਾਨ ਬਣਾਇਆ:

1. **‘ਗੁਰੂ ਨਾਨਕ ਫ਼ਲਸਫ਼ੇ ’ਦੇ ਆਧਾਰ ’ਤੇ, ਆਦਰਸ਼ਕ ਇਨਸਾਨ ਦੀ ਘਾੜਤ ਘੜਨਾ।**
2. **ਆਦਰਸ਼ਕ ਇਨਸਾਨਾਂ ਦੇ, ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰੀ ’ਤੇ ਆਧਾਰਤ, ਇੱਕ ਹਰ ਪੱਖ ਤੋਂ ਸੁਤੰਤਰ ਆਦਰਸ਼ਕ ਸਮਾਜ ਦੀ ਸਿਰਜਨਾ ਕਰਨਾ।**
3. **ਆਦਰਸ਼ਕ ਮਨੁੱਖੀ ਸਮਾਜ ਨੂੰ ਜਥੇਬੰਦ ਕਰਕੇ ਸ਼ਸਤਰਧਾਰੀ ਕਰਕੇ, ਰੱਬੀ ਸੱਚ ’ਤੇ ਆਧਾਰਤ ਜਦੋਜਹਿਦ ਰਾਹੀਂ ਰਾਜਸੱਤਾ ਤੇ ਕਬਜ਼ਾ ਕਰਕੇ, ਰੱਬੀ ਧਰਮ ਦਾ ਰਾਜ** ਕਾਇਮ ਕਰਨਾ। **ਇਸ ਰੱਬੀ ਰਾਜ ਵਿੱਚ ਪਾਤਿਸ਼ਾਹੀ ਹੋਵੇਗੀ ਅਕਾਲ ਪੁਰਖੁ ਦੀ, ਕਾਨੂੰਨ-ਪ੍ਰਣਾਲੀ ਹੋਵੇਗੀ ਗੁਰੂ ਗ੍ਰੰਥ ਸਾਹਿਬ ਦੇ ਸਰਬੱਤ ਦੇ ਭਲੇ ਦੇ ਫ਼ਲਸਫ਼ੇ ਦੇ ਅਨੁਕੂਲ ਅਤੇ ਰਾਜ ਪ੍ਰਬੰਧ ਦੀ ਜਿਮੇਂਵਾਰੀ ਹੋਵੇਗੀ ਖ਼ਾਲਸਾ ਜੀ ਦੀ।**





ਇਸ ਮਿਸ਼ਨ ਦੀ ਪ੍ਰਾਪਤੀ ਲਈ ਗੁਰੂ ਨਾਨਕ ਸਾਹਿਬ ਨੂੰ ਪੰਜਵੇਂ ਅਤੇ ਨੌਵੇਂ ਜਾਮੇਂ ਸ਼ਹਾਦਤਾਂ ਦੇਣੀਆਂ ਪਈਆਂ। ਦਸਵੇਂ ਜਾਮੇਂ ਆਪਣਾ ਸਰਬੰਸ ਹੀ ਵਾਰਨਾ ਪਿਆ। **ਦਸਮੇਸ਼ ਪਿਤਾ ਦੇ ਨਿਰਦੇਸ਼ਾਂ ਅਨੁਸਾਰ ਬੰਦਾ ਸਿੰਘ ਬਹਾਦਰ ਨੇ ਕਰਨਾਲ ਤੋਂ ਲੈ ਕੇ ਲਾਹੌਰ ਤੱਕ ਦੇ ਇਲਾਕੇ ਵਿੱਚ, ਹਥਿਆਰਬੰਦ ਸੰਘਰਸ਼ ਕਰਕੇ, 1910 ਵਿੱਚ ਸਹੀ ਮਾਅਨਿਆਂ ਵਿੱਚ ਰੱਬੀ ਧਰਮ ਦਾ ਰਾਜ ਕਾਇਮ ਕਰ ਦਿੱਤਾ।** ਇਸ ਰਾਜ ਦਾ ਨਾਨਕ ਸ਼ਾਹੀ ਸਿੱਕਾ ਅਤੇ ਮੋਹਰ ਵੀ ਜਾਰੀ ਕਰ ਦਿੱਤੀ। ਪਰ ਇਤਿਹਾਸਕ ਕਾਰਨਾਂ ਕਰਕੇ, ਜਿਨ੍ਹਾਂ ਦਾ ਜ਼ਿਕਰ ਇਸ ਪੁਸਤਕ ਵਿੱਚ ਅੱਗੇ ਜਾ ਕੇ ਕੀਤਾ ਜਾਵੇਗਾ। ਇਸ ਰਾਜ ਨੂੰ ਪੱਕੇ ਤੌਰ ’ਤੇ ਸਥਾਪਤ ਕਰਕੇ ਬਰਕਰਾਰ ਨਾ ਰੱਖਿਆ ਜਾ ਸਕਿਆ।

## ਗੁਰੂ ਨਾਨਕ ਫ਼ਲਸਫ਼ੇ ਦਾ ਰਾਜਨੀਤਕ ਪੈਗ਼ਾਮ

### ੧. ਪਾਤਿਸ਼ਾਹੀ ਵਾਹਿਦ ਪਰਮੇਸ਼ਰ ਦੀ

*ਨਾਨਕਿ ਰਾਜੁ ਚਲਾਇਆ, ਸਚੁ ਕੋਟੁ ਸਤਾਣੀ ਨੀਵਦੈ॥*

*(ਰਾਮਕਲੀ ਕੀ ਵਾਰ, ੯੬੬)*

**ਅਰਥ :** ਗੁਰੂ ਨਾਨਕ ਸਾਹਿਬ ਨੇ ਸੱਚ ਰੂਪੀ ਕਿਲ੍ਹਾ ਬਣਾਕੇ ਅਤੇ ਪੱਕੀ ਤੇ ਮਜ਼ਬੂਤ ਨੀਂਹ ਰੱਖ ਕੇ ਰੱਬੀ ਧਰਮ ਦਾ ਰਾਜ (ਸਦਾ ਕਾਇਮ ਰਹਿਣ ਵਾਲਾ ਰਾਜ) ਚਲਾਇਆ ਹੈ।

*ਕੋਊ ਹਰਿ ਸਮਾਨਿ ਨਹੀਂ ਰਾਜਾ॥*
*ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ॥ ੧॥ ਰਹਾਉ॥*

*(ਕਬੀਰ ਜੀ ੮੫੬)*

### ੨. ਊਚ-ਨੀਚ ਦੀ ਭਾਵਨਾ ਤੋਂ ਮੁਕਤ ਗ਼ਰੀਬ-ਜਨਤਕ ਆਧਾਰ ਵਾਲਾ ਹਲੇਮੀ ਰਾਜ

*ਨੀਚਾਂ ਅੰਦਰਿ ਨੀਚ ਜਾਤਿ, ਨੀਚੀ ਹੂ ਅਤਿ ਨੀਚੁ॥*
*ਨਾਨਕੁ ਤਿਨ ਕੈ ਸੰਗਿ ਸਾਥਿ, ਵਡਿਆਂ ਸਿਉ ਕਿਆ ਰੀਸ॥*
*ਜਿਥੈ ਨੀਚ ਸਮਾਲੀਅਨਿ, ਤਿਥੈ ਨਦਰਿ ਤੇਰੀ ਬਖ਼ਸ਼ੀਸ਼॥ (ਮ:੧,੧੫)*

*ਹੁਣਿ ਹੁਕਮੁ ਹੋਆ ਮਿਹਰਵਾਣ ਦਾ॥ ਪੈ ਕੋਇ ਨਾ ਕਿਸੈ ਰਵਾਣਦਾ॥*
*ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਜੁ ਜੀਉ॥ ੧੩॥*

*(ਮ: ੫, ੭੪)*

**ਭਾਵ** : (ਜਿਸ ਜਿਸ ਉਤੇ ਪ੍ਰਭੂ ਦੀ ਮਿਹਰ ਹੋਈ ਹੈ, ਉਹ) ਸਾਰੀ ਲੋਕਾਈ (ਅੰਤਰ-ਆਤਮੇ) ਆਤਮਕ ਅਨੰਦ ਵਿੱਚ ਵਸ ਰਹੀ ਹੈ, (ਹਰੇਕ ਦੇ ਅੰਦਰ) ਇਹ ਨਿਮਰਤਾ ਦਾ ਰਾਜ ਹੋ ਗਿਆ ਹੈ। ਮਿਹਰਵਾਨ ਪ੍ਰਭੂ ਦਾ ਹੁਣ ਐਸਾ ਹੁਕਮ ਵਰਤਿਆ ਹੈ ਕਿ ਕੋਈ ਵੀ ਕਿਸੇ ਨੂੰ ਨਾਜਾਇਜ਼ ਤੰਗ-ਪ੍ਰੇਸ਼ਾਨ ਨਹੀਂ ਕਰਦਾ। (ਧੱਕੇਸ਼ਾਹੀ ਦਾ ਕਿਤੇ ਨਾਮ ਨਿਸ਼ਾਨ ਵੀ ਨਹੀਂ ਰਿਹਾ) ਅਜਿਹੇ ਸਮਾਜ ਦੇ ਮੈਂਬਰਾਂ ਦੇ ਕਾਮ ਆਦਿਕ ਵਿਕਾਰ ਵੀ ਵੱਸ ਵਿੱਚ ਆ ਗਏ ਹਨ (ਕੈਸੇ ਅਦਭੁਤ ਭਰੱਪੇ ਦਾ ਨਜ਼ਾਰਾ ਪੇਸ਼ ਹੋਇਆ ਹੈ ਪ੍ਰਭੂ ਦੇ ਹਲੇਮੀ ਰਾਜ ਦੇ ਸਮਾਜ ਦਾ!)।

## ੩. ਜ਼ੁਲਮ ਅਤੇ ਬੇ-ਇਨਸਾਫ਼ੀ ਦੇ ਖ਼ਿਲਾਫ਼ ਸੰਘਰਸ਼ਸੀਲ ਰਾਜ ਪ੍ਰਬੰਧ ਅਤੇ ਸਰਬ-ਸਾਂਝੀਵਾਲਤਾ ਦੀ ਪ੍ਰੇਮ-ਭਾਵਨਾ ਵਾਲਾ ਵਿਸ਼ਵ-ਭਾਈਚਾਰਾ

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥ ੨੦ ॥*

*(ਮ:੧, ੧੪੧੨)*

**ਅਰਥ** : ਹੇ ਭਾਈ! ਜੇ ਤੈਨੂੰ (ਪ੍ਰਭੂ-ਪ੍ਰੇਮ ਦੀ) ਖੇਡ ਖੇਡਣ ਦਾ ਸ਼ੌਕ ਹੈ, ਤਾਂ (ਆਪਣਾ) ਸਿਰ ਤਲੀ ਉੱਤੇ ਰੱਖ ਕੇ ਮੇਰੀ ਗਲੀ ਵਿੱਚ ਆ (ਲੋਕ-ਲਾਜ ਛੱਡ ਕੇ, ਹਉਮੈ ਦੂਰ ਕਰ ਕੇ ਆ) (ਪ੍ਰਭੂ-ਪ੍ਰੀਤ ਦੇ) ਇਸ ਰਸਤੇ ਉੱਤੇ (ਤਦੋਂ) ਹੀ ਪੈਰ ਧਰਿਆ ਜਾ ਸਕਦਾ ਹੈ (ਜਦੋਂ) ਸਿਰ ਭੇਟਾ ਕੀਤਾ ਜਾਵੇ ਪਰ ਕੋਈ ਝਿਜਕ ਨਾ ਕੀਤੀ ਜਾਏ (ਜਦੋਂ ਬਿਨਾਂ ਕਿਸੇ ਝਿਜਕ ਦੇ ਲੋਕ-ਲਾਜ ਅਤੇ ਹਉਮੈ ਛੱਡੀ ਜਾਏ।)

*ਸਭੇ ਸਾਂਝੀਵਾਲ ਸਦਾਇਨਿ, ਤੂੰ ਕਿਸੈ ਨ ਦਿਸਹਿ ਬਾਹਰਾ ਜੀਉ ॥*

*(ਮ: ੫, ੯੭)*

**ਅਰਥ** : ਹੇ ਦਾਤਾਰ! ਦੁਨੀਆਂ ਦੇ ਸਾਰੇ ਜੀਅ ਜੰਤ ਤੇਰੇ ਨਾਲ ਹੀ ਸਾਂਝ ਰੱਖਣ ਵਾਲੇ ਅਖਵਾਂਦੇ ਹਨ, ਕੋਈ ਜੀਵ ਐਸਾ ਨਹੀਂ, ਦਿਸਦਾ, ਜੋ ਤੈਥੋਂ ਵੱਖਰਾ ਹੋਵੇ (ਜਿਸ ਵਿੱਚ ਤੂੰ ਨਾ ਹੋਵੇਂ)।

## ੪. ਸਰਬੱਤ ਦੇ ਭਲੇ ਦੇ ਆਦਰਸ਼ ਅਤੇ ਮਨੁੱਖੀ ਅਧਿਕਾਰਾਂ ਦੀ ਰਾਖੀ ਦਾ ਜ਼ਾਮਨ ਰਾਜ-ਪ੍ਰਬੰਧ

ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨੂੰ ਮੁਕੰਮਲ ਤੌਰ ਤੇ ਸਮਰਪਿਤ ਇਨਕਲਾਬੀਆਂ ਦੀ ਹਰ ਪੱਖ ਤੋਂ ਚੜ੍ਹਦੀ ਕਲਾ ਤੋਂ ਭੈ-ਭੀਤ ਹੋ ਕੇ ਹੀ ਤੁਅੱਸਬੀ ਮੁਸਲਮਾਨ ਧਾਰਮਿਕ ਅਤੇ ਰਾਜਨੀਤਕ ਆਗੂਆਂ ਨੇ ਪੰਜਵੇਂ ਪਾਤਿਸ਼ਾਹ ਨੂੰ ਸ਼ਹੀਦ ਕੀਤਾ ਸੀ। ਇਸੇ ਕਾਰਨ ਹੀ ਛੇਵੇਂ ਪਾਤਿਸ਼ਾਹ ਗੁਰੂ ਹਰਿਗੋਬਿੰਦ ਸਾਹਿਬ 'ਤੇ ਮੁਗ਼ਲ ਬਾਦਸ਼ਾਹੀ ਫ਼ੌਜਾਂ ਨੇ ਜ਼ਬਰਦਸ਼ਤ ਹਮਲੇ ਕੀਤੇ। ਗੁਰੂ ਤੇਗ਼ ਬਹਾਦਰ ਸਾਹਿਬ ਨੇ ਵੀ ਭਾਰਤੀ ਸਮਾਜ ਦੇ ਇਕ ਵਰਗ (ਬ੍ਰਾਹਮਣਾਂ) ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਲਈ, ਤਿੰਨ ਸਿੱਖਾਂ ਸਮੇਤ, ਅਸਹਿ ਤਸੀਹੇ ਝੱਲ ਕੇ





ਸ਼ਹਾਦਤ ਦਿੱਤੀ ਭਾਵੇਂ ਕਿ 'ਬ੍ਰਾਹਮਣੀ ਵਿਚਾਰਧਾਰਾ' ਅਤੇ 'ਜੀਵਨ-ਜਾਚ' ਵਿੱਚ ਗੁਰੂ ਸਾਹਿਬ ਦਾ ਉੱਕਾ ਹੀ ਕੋਈ ਵਿਸ਼ਵਾਸ਼ ਨਹੀਂ ਸੀ, ਬਲਕਿ ਉਹ ਮਨੂੰਵਾਦ ਦੇ ਸਾਰੇ ਅਸੂਲਾਂ ਨੂੰ ਮੁੱਢੋਂ ਹੀ ਰੱਦ ਕਰਦੇ ਸਨ। ਦਸਮੇਸ਼ ਪਿਤਾ ਜੀ ਨੇ ਵੀ ਵਕਤ ਦੀ ਮੁਗ਼ਲ ਹਕੂਮਤ ਅਤੇ ਅਕ੍ਰਿਤਘਣ ਹਿੰਦੂ ਪਹਾੜੀ ਰਾਜਿਆਂ ਦੇ ਹਮਲਿਆਂ ਦਾ ਕਈ ਵਾਰ ਮੂੰਹ ਤੋੜਿਆ, ਸਰਬੰਸ ਤੱਕ ਵਾਰ ਦਿੱਤਾ, ਸੈਂਕੜੇ ਨਾਦੀ ਪੁੱਤਰ (ਸਿੱਖ) ਜੰਗਾਂ ਵਿੱਚ ਸ਼ਹੀਦ ਕਰਵਾਏ। ਕੀ ਉਪਰੋਕਤ ਸਾਰੀਆਂ ਘਟਨਾਵਾਂ ਗੁਰੂ ਨਾਨਕ ਸਾਹਿਬ ਵੱਲੋਂ ਸਰਬੱਤ ਦੇ ਭਲੇ ਲਈ ਅਰੰਭ ਕੀਤੇ ਇਨਕਲਾਬ ਦੇ ਕਿਸੇ ਲਾਸਾਨੀ ਰਾਜਨੀਤਕ ਉਦੇਸ਼ ਵੱਲ ਸਪੱਸ਼ਟ ਸੰਕੇਤ ਨਹੀਂ ਕਰਦੀਆਂ? ਗੁਰੂ ਇਤਿਹਾਸ ਦੇ 239 ਸਾਲਾਂ (1469 ਤੋਂ 1708 ਤੱਕ) ਵਿੱਚ ਵਾਪਰੀਆਂ ਅਜਿਹੀਆਂ ਅਹਿਮ ਘਟਨਾਵਾਂ ਦੇ ਸਹੀ ਰਾਜ਼ ਤਦ ਹੀ ਖ਼ਾਲਸਾ ਜੀ ਦੀ ਸੋਚ ਦਾ ਹਿੱਸਾ ਬਣ ਸਕਣਗੇ ਜਦੋਂ ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰੱਬੀ ਬਾਣੀ ਦੇ ਅੱਟਲ ਸਿਧਾਂਤਾਂ ਦੀ ਰੌਸ਼ਨੀ ਵਿੱਚ ਵੇਖਣ-ਪਰਖਣ ਦੇ ਨਿਰਪੱਖ ਅਤੇ ਸੁਹਿਰਦ ਯਤਨ ਕੀਤੇ ਜਾਣਗੇ। ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਦਾ ਸੰਪੂਰਨ ਇਤਿਹਾਸ ਗੁਰਬਾਣੀ ਵਿੱਚ ਅੰਕਿਤ ਸਿਧਾਂਤਾਂ ਦਾ ਹੀ ਅਮਲੀ ਪ੍ਰਗਟਾਵਾ ਹੈ।

ਵਿਗਿਆਨਿਕ ਖ਼ੋਜ, ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਵਿੱਚ ਅੰਕਿਤ ਅਟੱਲ ਰੱਬੀ ਸਿਧਾਂਤਾਂ ਦੀ ਪ੍ਰੋੜ੍ਹਤਾ ਕਰਦੀ ਆ ਰਹੀ ਹੈ ਅਤੇ ਕਰਦੀ ਰਹੇਗੀ। ਵਿਗਿਆਨਿਕ ਖ਼ੋਜ, ਇਨ੍ਹਾਂ ਵਿੱਚੋਂ ਕਿਸੇ ਵੀ ਸਿਧਾਂਤ ਨੂੰ ਗ਼ਲਤ ਨਹੀਂ ਸਾਬਤ ਕਰ ਸਕੇਗੀ ਕਿਉਂਕਿ ਇਹ ਸਿਧਾਂਤ ਪਰਮੇਸ਼ਰ-ਸਰੂਪ ਸਤਿਗੁਰੂ ਜੀ ਦੇ, ਰੱਬੀ ਰਜ਼ਾ ਅਨੁਸਾਰ, ਪ੍ਰਭੂ ਨਾਲ ਅਭੇਦ ਅਤੇ ਇਕਸੁਰ ਹੋਏ ਆਤਮਕ ਮੰਡਲਾਂ ਦੀ ਦਿਬ-ਦ੍ਰਿਸ਼ਟੀ ਵਿੱਚੋਂ ਪ੍ਰਗਟ ਹੋਏ ਹਨ।

**"ਸੱਚ ਤਾਂ ਇਹ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਰਾਜਨੀਤਕ ਪੈਗ਼ਾਮ ਗੁਰੂ ਨਾਨਕ ਸਾਹਿਬ ਤੋਂ ਹੀ ਸ਼ੁਰੂ ਹੋ ਗਿਆ ਸੀ। ਜਦੋਂ ਗੁਰੂ ਨਾਨਕ ਸਾਹਿਬ ਸਮਾਜ ਵਿੱਚ ਨੀਚ ਕਹੇ ਜਾਂਦੇ ਲੋਕਾਂ ਨਾਲ ਖਲੋਂਦੇ ਹਨ, ਜਦੋਂ ਰਾਜਿਆਂ ਨੂੰ ਸ਼ੀਂਹ ਤੇ ਮੁਕੱਦਮਾਂ ਨੂੰ ਕੁੱਤੇ ਕਹਿਣ ਦਾ ਹੌਂਸਲਾ ਕਰਦੇ ਹਨ ਤੇ ਜਦੋਂ ਆਪਣੇ ਸਿੱਖਾਂ ਨੂੰ ਬੇਰਹਿਮ ਅਤੇ ਜ਼ਾਲਮਾਨਾ ਹਾਲਤਾਂ ਨਾਲ ਟੱਕਰ ਲੈਣ ਲਈ ਸਿਰ ਤੱਲੀ ਉਤੇ ਰੱਖ ਕੇ ਆਉਂਣ ਦੀ ਸੱਦ ਲਾ ਰਹੇ ਹਨ ਤਾਂ ਕੀ ਉਹ ਭਵਿੱਖ ਦੇ ਕਿਸੇ ਮਹਾਨ ਰਾਜਨੀਤਕ ਬਦਲ ਦੇ ਨਕਸ਼ ਨਹੀਂ ਸੀ ਉਲੀਕ ਰਹੇ?**

ਅਸਲ ਵਿੱਚ ਅਸੀਂ ਗੁਰਬਾਣੀ ਦੇ ਰਾਜਨੀਤਕ ਪੈਗ਼ਾਮ ਨੂੰ ਨੀਝ ਲਾ ਕੇ ਬਹੁਤ ਘੱਟ ਵੇਖਿਆ ਹੈ। ਇਸ ਲਈ ਸਿੱਖ ਰਾਜਨੀਤੀ ਦੇ ਨਕਸ਼ ਕਦੇ ਵੀ ਨਿੱਖਰ ਕੇ ਸਾਡੇ ਸਾਹਮਣੇ ਨਹੀਂ ਆ ਸਕੇ। ਜਦੋਂ ਗੁਰੂ ਅੰਗਦ ਸਾਹਿਬ ਜੀ ਲੰਗਰ ਦੀ ਪ੍ਰਥਾ ਸ਼ੁਰੂ ਕਰ ਰਹੇ ਸਨ ਤਾਂ ਉਹ ਅਸਲ ਵਿੱਚ ਊਚ-ਨੀਚ ਦੀ ਭਾਵਨਾ ਖ਼ਤਮ ਕਰਨ ਲਈ ਇੱਕ ਮਹਾਨ ਸੰਸਥਾ ਦੀ ਸਥਾਪਨਾ ਕਰ ਰਹੇ ਸਨ ਜੋ ਅੱਗੇ ਜਾਕੇ ਰਾਜਨੀਤਕ ਪ੍ਰੋਗਰਾਮ ਨੂੰ ਸਫ਼ਲ ਬਣਾਉਂਣ ਵਿੱਚ ਸਹਾਇਕ ਬਣੀ।

ਪੰਜਾਬੀ ਬੋਲੀ ਵਿੱਚ ਇੱਕ ਨੇਮਬੱਧ ਲਿੱਪੀ ਦੀ ਸਿਰਜਣਾ ਕਰਨ ਦੀ ਯੋਜਨਾ ਵੀ ਕੀ ਇੱਕ ਸੁਤੰਤਰ ਰਾਜਨੀਤਕ ਸੱਭਿਆਚਾਰ ਕਾਇਮ ਕਰਨ ਦਾ ਰਾਹ ਪੱਧਰਾ ਨਹੀਂ ਕਰਦੀ ? ਅੱਗੇ ਜਾ ਕੇ ਅਸਾਂ ਵੇਖਿਆ ਕਿ ਇਹੋ ਲਿੱਪੀ ਗੁਰੂ ਗ੍ਰੰਥ ਸਾਹਿਬ ਦਾ ਆਧਾਰ ਬਣੀ। ਇਸ ਤਰ੍ਹਾਂ ਮਨੁੱਖ ਦੀ ਸ਼ਾਇਰਾਨਾ ਤਰਜ਼-ਏ-ਜ਼ਿੰਦਗੀ ਨੂੰ ਸਿਧਾਂਤਕ ਆਧਾਰ ਦੇਣ ਦਾ ਇੱਕ ਗ੍ਰੰਥ ਪੈਦਾ ਹੋ ਗਿਆ ਜਿਸ ਨੇ ਰਾਜਨੀਤਕ ਸੇਧ ਦੇਣ ਵਿੱਚ ਇੱਕ ਅਹਿਮ ਰੋਲ ਅਦਾ ਕੀਤਾ। **ਖ਼ਾਲਸਾ ਪੰਥ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਧੀਨ ਕਰਨ ਦਾ ਮਤਲਬ ਵੀ ਇਹ ਸੀ ਕਿ ਭਵਿੱਖ ਵਿੱਚ ਖ਼ਾਲਸਾ ਪੰਥ ਦੇ ਤਮਾਮ ਸਮਾਜਕ, ਆਰਥਕ, ਸੱਭਿਆਚਾਰਕ ਤੇ ਰਾਜਨੀਤਕ ਏਜੰਡੇ ਗੁਰੂ ਗ੍ਰੰਥ ਸਾਹਿਬ ਤੋਂ ਹੀ ਅਗੁਵਾਈ ਹਾਸਲ ਕਰਨਗੇ।**

ਗੁਰੂ ਗ੍ਰੰਥ ਸਾਹਿਬ ਇੱਕ ਰੱਬ ਅਰਥਾਤ ੧ਓ ਦਾ ਪੈਗ਼ਾਮ ਦਿੰਦੇ ਹਨ। ਰੱਬ ਦੇ ਇੱਕ ਹੋਣ ਦੇ ਪੈਗ਼ਾਮ ਵਿੱਚ ਅਣਦਿਸਦੀ ਰਾਜਨੀਤੀ ਦਾ ਇਸ਼ਾਰਾ ਹੈ। ਜੇ 'ਰੱਬ' ਬਹੁਤ ਹਨ ਤਾਂ ਇਸਦਾ ਮਤਲਬ ਹੈ 'ਜ਼ਿੰਦਗੀ ਦੇ ਪ੍ਰੇਰਨਾ ਸਰੋਤ' ਵੀ ਬਹੁਤ ਹਨ ਅਤੇ ਸੁਭਾਵਿਕ ਹੀ ਇਹ ਪ੍ਰੇਰਨਾ ਸਰੋਤ ਸਮਾਜਕ ਜ਼ਿੰਦਗੀ ਵਿੱਚ ਇੱਕ ਦੂਜੇ ਨਾਲ ਟਕਰਾਉਣਗੇ। ਜ਼ਿੰਦਗੀ ਇੱਕ ਭੰਬਲਭੂਸਾ ਹੋਵੇਗੀ ਤੇ ਭਿੰਨ-ਭਿੰਨ ਸਮਾਜ ਸਮੂਹ ਇੱਕ ਵੱਡੀ ਰਾਜਨੀਤਕ ਏਕਤਾ ਵਿੱਚ ਕਦੇ ਵੀ ਨਹੀਂ ਬਦਲ ਸਕਦੇ। ਪਰ **ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿੱਚ ਹੀ ਗੁਰੂ ਨਾਨਕ ਸਾਹਿਬ ਨੇ ੧ਓ ਲਿਖ ਕੇ ਇੱਕ ਰੱਬ ਨੂੰ ਬ੍ਰਹਿਮੰਡ ਦਾ ਸਿਰਜਣਹਾਰਾ ਕਰਾਰ ਦੇ ਦਿੱਤਾ। ਇਸ ਸੰਕਲਪ ਨੇ ਭਾਰਤ ਦੇ ਲੋਕਾਂ ਨੂੰ ਸੁਪਨਿਆਂ ਦੀ ਜ਼ਿੰਦਗੀ ਤੋਂ ਜਗਾ ਕੇ ਇੱਕ ਜਥੇਬੰਦਕ ਤਾਕਤ ਵਿੱਚ ਪਲਟ ਦਿੱਤਾ।** ਮਹਾਨ ਸ਼ਾਇਰ ਇਕਬਾਲ ਨੇ ਵੀ ਇਸੇ ਇਤਿਹਾਸਕ ਸੱਚ ਦੀ ਪੁਸ਼ਟੀ ਕਰਦਿਆਂ ਕਿਹਾ ਸੀ ਕਿ ਗੁਰੂ ਨਾਨਕ ਨੇ ਤੌਹੀਦ (ਇਕ ਰੱਬ) ਦੀ ਸੱਦ ਦੇ ਕੇ ਹਿੰਦੁਸਤਾਨ ਨੂੰ ਸੁਪਨਿਆਂ ਦੀ ਦੁਨੀਆਂ ਵਿੱਚੋਂ ਜਗਾਇਆ ਸੀ। ਕੀ ਜਗਾਉਣ ਦੀ ਕਹਾਣੀ ਇੱਕ ਤਰ੍ਹਾਂ ਨਾਲ ਰਾਜਨੀਤਕ ਚੇਤਨਾ ਦਾ ਅੰਮ੍ਰਿਤ ਵੇਲਾ ਨਹੀਂ ਹੈ ? ਇਕਬਾਲ ਦੇ ਲਫ਼ਜਾਂ ਵਿੱਚ

*ਫਿਰ ਉਠੀ ਸਦ ਤੌਹੀਦ ਕੀ ਪੰਜਾਬ ਸੇ।*
*ਹਿੰਦ ਕੋ ਇਕ ਮਰਦੇ-ਕਾਮਿਲ ਨੇ ਜਗਾਇਆ ਖ਼ਾਬ ਸੇ।*

ਰਾਜਨੀਤਕ ਜਾਗ ਦੀ ਇੱਕ ਵਧੀਆ ਮਿਸਾਲ ਖਲੀਲ ਜਿਬਰਾਨ ਦੀ ਹੈ, ਜੋ ਇੱਥੇ ਪੂਰੀ ਤਰ੍ਹਾਂ ਢੁਕਵੀਂ ਕਹੀ ਜਾ ਸਕਦੀ ਹੈ। ਕਹਾਣੀ ਇਸ ਤਰ੍ਹਾਂ ਹੈ ਕਿ ਇੱਕ ਗ਼ੁਲਾਮ ਥੱਕ ਕੇ ਰੁੱਖ ਦੀ ਛਾਂ ਹੇਠ ਸੁੱਤਾ ਪਿਆ ਸੀ ਕਿ ਇੱਕ ਕਵੀ ਆਪਣੇ ਸਾਥੀਆਂ ਨਾਲ ਉਸ ਪਾਸਿਓਂ ਦੀ ਲੰਘਿਆ। ਉਸ ਕਵੀ ਨੇ ਆਪਣੇ ਸਾਥੀਆਂ ਨੂੰ ਕਿਹਾ ਕਿ ਚੁੱਪ ਹੋ ਜਾਓ ਦੋਸਤੋ, ਇਹ ਗ਼ੁਲਾਮ ਆਜ਼ਾਦੀ ਦਾ ਸ਼ਾਇਦ ਕੋਈ ਸੁਪਨਾ ਲੈ ਰਿਹਾ ਹੈ। ਉਸ ਨੂੰ ਸੌਣ ਦਿਓ। ਉਹ ਸਾਰੇ ਚੁੱਪ-ਚਾਪ ਲੰਘ ਗਏ ਅਤੇ ਗ਼ੁਲਾਮ ਸੁੱਤਾ ਰਿਹਾ। ਫਿਰ ਪੈਗ਼ੰਬਰ ਉਸੇ ਥਾਂ ਤੋਂ ਆਪਣੇ ਸੇਵਕਾਂ ਦੇ ਨਾਲ ਲੰਘਿਆ। ਸੇਵਕਾਂ ਵਿੱਚੋਂ ਕਿਸੇ ਨੇ ਕਿਹਾ ਕਿ ਜੀ! ਇਸ ਨੂੰ ਸੌਣ ਦਿਓ, ਸ਼ਾਇਦ ਇਹ ਕੋਈ ਆਜ਼ਾਦੀ ਦਾ ਸੁਪਨਾ ਦੇਖ ਰਿਹਾ ਹੋਵੇ। ਪੈਗ਼ੰਬਰ ਨੇ ਜਵਾਬ ਦਿੱਤਾ ਕਿ





ਨਹੀਂ, ਨਹੀਂ, ਇਸ ਨੂੰ ਜਗਾਓ। ਉਸ ਨੂੰ ਸੁਪਨੇ ਨਾ ਲੈਣ ਦਿਓ। ਉਸ ਨੂੰ ਆਖੋ ਕਿ **ਆਜ਼ਾਦੀ ਸੁੱਤਿਆਂ ਨਹੀਂ, ਸਗੋਂ ਜਾਗਿਆਂ ਮਿਲਦੀ ਹੈ ਅਤੇ ਆਜ਼ਾਦੀ ਦੇ ਸੁਪਨੇ ਲੈਣ ਨਾਲੋਂ ਆਜ਼ਾਦੀ ਹਾਸਲ ਕਰਨ ਲਈ ਯਤਨ ਕਰਨੇ ਕਿੱਤੇ ਵੱਧ ਚੰਗੇ ਹਨ। ਗੁਰਬਾਣੀ ਨੇ ਕਿੰਨਾ ਸੁਹਣਾ ਫੈਸਲਾ ਸੁਣਾਇਆ ਹੈ -**

*ਇਸੁ ਗ੍ਰਿਹ ਮਹਿ ਕੋਈ ਜਾਗਤੁ ਰਹੈ॥*
*ਸਾਬਤੁ ਵਸਤੁ ਓਹੁ ਅਪਨੀ ਲਹੈ॥ (ਮ: ੫, ੧੮੨)*

ਸਿੱਖ ਕੌਮ ਦੇ ਵਿਦਵਾਨਾਂ ਦਾ ਇੱਕ ਵੱਡਾ ਦੁਖਾਂਤ ਇਹ ਹੈ ਕਿ ਉਹ ਜਦੋਂ ਵੀ ਗੁਰੂ ਗ੍ਰੰਥ ਸਾਹਿਬ ਦੇ ਰਾਜਨੀਤਕ ਸੰਦੇਸ਼ ਦੀ ਵਿਲੱਖਣਤਾ ਬਾਰੇ ਕੁਝ ਦੱਸਣ ਲਗਦੇ ਹਨ ਤਾਂ ਉਹ ਬਹੁਗਿਣਤੀ ਵੱਲੋਂ ਦਿੱਤੇ ਮੌਜੂਦਾ ਰਾਜਨੀਤਕ ਢਾਂਚੇ ਦੇ ਪ੍ਰਭਾਵ ਹੇਠ ਰਹਿ ਕੇ ਹੀ ਗੁਰੂ ਗ੍ਰੰਥ ਸਾਹਿਬ ਦੇ ਰਾਜਨੀਤਕ ਪੈਗ਼ਾਮ ਦੀ ਵਿਆਖਿਆ ਕਰਦੇ ਹਨ। ਉਹ ਨਿਰਭਉ ਹੋ ਕੇ, ਨਿਰਵੈਰ ਹੋ ਕੇ, ਸੁਤੰਤਰ ਤੇ ਨਿਰਪੱਖ ਹੋ ਕੇ ਗੁਰੂ ਗ੍ਰੰਥ ਸਾਹਿਬ ਦੇ ਰਾਜਨੀਤਕ ਪੈਗ਼ਾਮ ਦੀ ਰੂਪਰੇਖਾ ਨਿਸ਼ਚਿਤ ਨਹੀਂ ਕਰਦੇ। ਉਨ੍ਹਾਂ ਨੂੰ ਇੰਝ ਮਹਿਸੂਸ ਹੁੰਦਾ ਹੈ, ਜਿਵੇਂ ਕੋਈ ਅਦਿੱਖ ਤਾਕਤ ਉਨ੍ਹਾਂ ਦੀਆਂ ਸਾਰੀਆਂ ਸਰਗਰਮੀਆਂ ਦਾ ਪਿੱਛਾ ਕਰ ਰਹੀ ਹੈ। ਇੰਝ ਸਿੱਖਾਂ ਦੀ ਨੌਜਵਾਨ ਪੀੜ੍ਹੀ ਨੂੰ ਸਿੱਖ ਰਾਜਨੀਤੀ ਦੀ ਸੁਤੰਤਰ ਹਸਤੀ ਬਾਰੇ ਕੋਈ ਵੀ ਗਿਆਨ ਹਾਸਿਲ ਨਹੀਂ ਹੁੰਦਾ। ਇਹ ਸੁਣ ਕੇ ਹੈਰਾਨੀ ਹੋਵੇਗੀ ਕਿ ਅਜੇ ਤੱਕ ਕਿਸੇ ਵੀ ਸਿੱਖ ਸੰਸਥਾ ਨੇ ਅਕਾਲ ਤਖ਼ਤ ਦੇ 'ਜਥੇਦਾਰ' ਦੀ ਨਿਯੁਕਤੀ, ਮੌਜੂਦਾ ਹਾਲਤਾਂ ਵਿੱਚ ਸਰਬੱਤ ਖਾਲਸੇ ਦੀ ਬਣਤਰ ਅਤੇ ਗੁਰਮੱਤਾ ਸੋਧਣ ਦੀ ਵਿਧੀ ਬਾਰੇ ਕੋਈ ਭਰੋਸੇਯੋਗ ਖਰੜਾ ਪੇਸ਼ ਨਹੀਂ ਕੀਤਾ। ਸੱਚ ਤਾਂ ਇਹ ਹੈ ਕਿ ਸਿੱਖ ਸੰਸਥਾਵਾਂ 'ਤੇ ਕਾਬਜ਼ ਸਿੱਖ ਆਗੂਆਂ ਨੂੰ ਵੀ ਇਹੋ ਜਿਹੇ ਕੰਮ ਵਿੱਚ ਕੋਈ ਦਿਲਚਸਪੀ ਹੀ ਨਹੀਂ।

ਸਾਡੀ ਹੈਰਾਨੀ ਵਿੱਚ ਉਸ ਵੇਲੇ ਹੋਰ ਵੀ ਵਾਧਾ ਹੋ ਜਾਂਦਾ ਹੈ, ਜਦੋਂ ਅਸੀਂ ਵੇਖਦੇ ਹਾਂ ਕਿ ਵਿਦੇਸ਼ਾਂ ਵਿੱਚ ਜਿੱਥੇ ਸਿੱਖ ਵਿਦਵਾਨਾਂ ਕੋਲ ਜਾਣਕਾਰੀ ਦੇ ਸਾਰੇ ਸੋਮੇ ਹਨ, ਉਥੇ ਵੀ ਗੁਰੂ ਗ੍ਰੰਥ ਸਾਹਿਬ ਦੇ ਰਾਜਨੀਤਕ ਪੈਗ਼ਾਮ ਬਾਰੇ ਨਿੱਠ ਕੇ ਵਿਚਾਰ ਨਹੀਂ ਹੋਈ। ਘੱਟੋ ਘੱਟ ਅਜੇ ਤੱਕ ਸਿਰਫ਼ ਇਸੇ ਵਿਸ਼ੇ ਨੂੰ ਲੈ ਕੇ ਸ਼ਾਇਦ ਹੀ ਕਦੇ ਕੋਈ ਸੈਮੀਨਾਰ ਹੋਇਆ ਹੋਵੇ। ਇਸ ਸਬੰਧ ਵਿੱਚ ਕੋਈ ਵਿਸ਼ੇਸ਼ ਮੈਗਜ਼ੀਨ ਵੀ ਨਹੀਂ ਛਪਦਾ। ਟਾਵੇਂ-ਟਾਵੇਂ ਲੇਖ ਜਰੂਰ ਛਪਦੇ ਹਨ, ਪਰ ਉਹ ਵੀ ਸਤਈ ਪੱਧਰ ਦੇ ਹੁੰਦੇ ਹਨ ਅਤੇ ਉਨ੍ਹਾਂ ਦੀ ਸ਼ਬਦਾਵਲੀ ਸਿੱਖ ਜਜ਼ਬਿਆਂ ਨੂੰ ਟੁੰਬਦੀ ਹੀ ਨਹੀਂ, ਇੱਕ ਨਵਾਂ ਉਤਸ਼ਾਹ ਹੀ ਨਹੀਂ ਜਗਾਉਂਦੀ। ਸਾਡੇ ਸਿੱਖ ਲੀਡਰ ਕਦੇ ਵੀ ਰਾਜਨੀਤੀ ਦੇ ਸਿਧਾਂਤਾਂ, ਥਿਊਰੀਆਂ ਅਤੇ ਅਮਲਾਂ ਦੇ ਵਿਕਾਸ ਤੇ ਵਿਗਾਸ ਬਾਰੇ ਇਤਿਹਾਸ ਵਿੱਚ ਹੋਈਆਂ ਖ਼ੋਜਾਂ ਸਬੰਧੀ ਡੂੰਘੀਆਂ ਗੱਲਾਂ ਨਹੀਂ ਕਰਦੇ। ਉਨ੍ਹਾਂ ਨੂੰ ਚਲੰਤ ਰਾਜਨੀਤਕ ਸੰਸਥਾਵਾਂ 'ਤੇ ਕਾਬਜ਼ ਹੋਣ ਦੀ ਕਾਹਲੀ ਤੇ ਦੌੜ ਹੀ ਲੱਗੀ ਰਹਿੰਦੀ ਹੈ। ਉਹ ਘੱਟ ਹੀ ਇਨ੍ਹਾਂ ਗੱਲਾਂ ਵਿੱਚ ਦਿਲਚਸਪੀ ਲੈਂਦੇ ਹਨ ਕਿ ਸਿੱਖੀ ਦੀਆਂ ਆਪਣੀਆਂ ਮੌਲਿਕ ਰਾਜਨੀਤਕ ਸੰਸਥਾਵਾਂ ਵੀ ਸਿਰਜੀਆਂ ਜਾ ਸਕਦੀਆਂ ਹਨ। ਸਿੱਖ ਕੌਮ ਦਾ ਰਾਜਸੀ ਭਵਿੱਖ ਉਨ੍ਹਾਂ ਦੇ ਏਜੰਡੇ 'ਤੇ ਕਦੇ ਵੀ ਨਹੀਂ ਹੁੰਦਾ। ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਦੀ

ਵੀ ਤੱਤ ਰੂਪ ਵਿੱਚ ਬਹੁਤ ਘੱਟ ਸਮਝ ਹੈ ਅਤੇ ਸੰਸਾਰ ਵਿੱਚ ਪੇਸ਼ ਹੋ ਰਹੇ ਤਾਜ਼ਾ ਰਾਜਸੀ ਰੁਝਾਨਾਂ, ਵਰਤਾਰਿਆਂ ਅਤੇ ਵਹਿਮਾਂ ਬਾਰੇ ਵੀ ਉਨ੍ਹਾਂ ਕੋਲ ਬਹੁਪਰਤੀ ਜਾਣਕਾਰੀ ਨਹੀਂ, ਇਉਂ ਉਹ ਆਪਣੇ ਧਰਮ ਗ੍ਰੰਥ ਤੋਂ ਵੀ ਦੂਰ ਹਨ ਅਤੇ ਜੇ ਉਹ ਮੌਜੂਦਾ ਰਾਜਨੀਤੀ ਦੀ ਆਧੁਨਿਕ ਵਿਆਖਿਆ ਕਦੇ ਕਰਦੇ ਵੀ ਹਨ ਤਾਂ ਉਸ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਰਾਜਸੀ ਆਦਰਸ਼ ਸ਼ਾਮਲ ਨਹੀਂ ਹੁੰਦੇ ਅਤੇ ਉਹ ਵਿਆਖਿਆ ਸਿੱਖ ਇਤਿਹਾਸ ਦੇ ਜਜ਼ਬਿਆਂ ਤੋਂ ਸੱਖਣੀ ਹੁੰਦੀ ਹੈ। ਅਸਲ ਵਿੱਚ ਇਹ ਕਹਿਣ ਵਿੱਚ ਕੁਝ ਧਿਰਾਂ ਨਾਰਾਜ਼ ਹੋ ਸਕਦੀਆਂ ਹਨ ਕਿ **ਮੌਜੂਦਾ ਸਿੱਖ ਰਾਜਨੀਤੀ ਗੁਰੂ (ਸ਼ਬਦ-ਗੁਰੂ) ਤੋਂ ਬੇਮੁੱਖ ਹੈ ਅਤੇ ਇਹੀ ਕਾਰਨ ਹੈ ਕਿ ਸਾਡੀ ਜ਼ਿੰਦਗੀ ਦੇ ਹਰ ਪਹਿਲੂ ਵਿੱਚ ਭੰਬਲਭੂਸਾ ਹੈ। ਕਿਸੇ ਸ਼ਾਇਰ ਨੇ ਠੀਕ ਹੀ ਕਿਹਾ ਹੈ -**

***ਗੁਰੂ ਬਿਨ ਜਿਉਂਦੇ ਸਿੱਖ, ਜਦੋਂ ਰਣ ਖ਼ਾਸ ਦੇ।***
***ਬੇਲਗਾਮ ਸਭ ਯੁੱਧ ਹੋਣ ਇਤਿਹਾਸ ਦੇ।''***

## ਰੱਬੀ-ਧਰਮ ਦਾ ਰਾਜ ਕਿਹੋ ਜਿਹਾ ਹੋਵੇਗਾ ?

ਰੱਬੀ ਧਰਮ ਦੇ ਰਾਜ ਦੀ ਸਟੇਟ ਦੀ ਰੂਪ ਰੇਖਾ ਕਿਹੋ ਜਿਹੀ ਹੋਵੇ ? ਇਸ ਦੀ ਰੂਪ ਰੇਖਾ ਤੇ ਨੁਹਾਰ ਖ਼ਾਲਸਾ ਪੰਥ ਦੇ ਇਤਿਹਾਸ ਵਿੱਚ ਕਿਸ ਤਰ੍ਹਾਂ ਦੀ ਰਹੀ ਹੈ ? ਇਤਿਹਾਸ ਵਿੱਚ ਵਿਚਰਦਿਆਂ ਇਸ ਦਿਸ਼ਾ ਵਿੱਚ ਖ਼ਾਲਸੇ ਕੋਲੋਂ ਕਿਹੜੀਆਂ ਗ਼ਲਤੀਆਂ ਹੋਈਆਂ ਹਨ ? ਉਹ ਕਦੋਂ ਕਦੋਂ ਗੁਰੂ ਲਿਵ ਦੇ ਨੇੜੇ-ਨੇੜੇ ਰਿਹਾ ਤੇ ਕਦੋਂ ਕਦੋਂ ਦੂਰ ਜਾਕੇ ਭਟਕਦਾ ਰਿਹਾ ? ਅੱਜ ਦੀਆਂ ਹਾਲਤਾਂ ਵਿੱਚ ਇਹ ਸਟੇਟ ਕਿਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ? ਇਸ ਸਵਾਲ ਤੇ ਵੀ ਗੰਭੀਰ ਵਿਚਾਰ ਕਰਨ ਦੀ ਲੋੜ ਹੈ ਕਿ ਰਾਜਸੀ ਮਾਮਲਿਆਂ ਵਿੱਚ ਦਾਰਸ਼ਨਿਕ ਖ਼ੋਜ ਦਾ ਅਧਿਐਨ ਸਾਡੀ ਦਾਨਿਸ਼ਵਰ ਬਿਰਤੀ ਵਿੱਚੋਂ ਗੈਰ-ਹਾਜ਼ਰ ਕਿਉਂ ਹੈ ? ਰਾਜ ਦੀ ਕਾਰਜ-ਸੀਮਾਂ ਕਿਵੇਂ ਨਿਰਧਾਰਤ ਕੀਤੀ ਜਾਵੇ ? ...ਇਹ ਸਾਰੇ ਗੰਭੀਰ ਸਵਾਲ ਖ਼ਾਲਸਾ ਪੰਥ ਦੀ ਵਿਵੇਕ ਬਿਰਤੀ ਦਾ ਹਿੱਸਾ ਬਣਨੇ ਚਾਹੀਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਲਿਵ ਵਿੱਚ ਜੁੜਕੇ ਸਾਨੂੰ ਇਨ੍ਹਾਂ ਸਵਾਲਾਂ ਦੇ ਸਨਮੁੱਖ ਹੋਣਾ ਪਵੇਗਾ। ਜੇ ਖ਼ਾਲਸਾ ਜੀ ਇਨ੍ਹਾਂ ਸਵਾਲਾਂ ਨੂੰ ਮੁਖ਼ਾਤਿਬ ਨਹੀਂ ਹੁੰਦੇ ਜਿਵੇਂ ਕਿ ਅੱਜ ਖ਼ਾਲਸਾ ਪੰਥ ਦੀ ਹਾਲਤ ਹੈ, ਤਾਂ ਉਹ ਗੁਰੂ ਸਾਹਿਬ ਦੇ ਰਾਜਨੀਤਕ ਪੈਗ਼ਾਮ ਦੀਆਂ ਸੂਖ਼ਮ ਪਰਤਾਂ ਦੇ ਦੀਦਾਰ ਨਹੀਂ ਕਰ ਸਕਣਗੇ ਅਤੇ ਨਾਂ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਪੇਸ਼ ਕੀਤੇ ਰਾਹ ਦੇ ਡੂੰਘੇ ਰਾਜ਼ ਖ਼ਾਲਸਾ ਜੀ ਨੂੰ ਸਮਝ ਪੈ ਸਕਣਗੇ।'' (ਕਰਮਜੀਤ ਸਿੰਘ : 'ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵਿਚਾਰਿ' ਸੰਕਲਪ ਦਾ ਰਾਜਨੀਤਕ ਪ੍ਰਕਾਸ਼)।

ਪਰਮੇਸ਼ਰ ਸ੍ਰਿਸ਼ਟੀ ਦੀ ਸਾਜਨਾ ਕਰਕੇ ਇਸਦੇ ਬ੍ਰਹਮੰਡੀ ਵਰਤਾਰੇ (ਈਸ਼ਵਰੀ ਪ੍ਰਬੰਧ) ਲਈ ਅਟੱਲ ਕਾਇਦੇ-ਕਾਨੂੰਨ, ਨਿਯਮਾਂ ਦਾ ਵਿਧੀ-ਵਿਧਾਨ ਵੀ ਨਾਲ ਦੀ ਨਾਲ ਹੀ ਸਿਰਜ ਕੇ ਲਾਗੂ ਕਰ ਦੇਂਦਾ ਹੈ। ਇਨ੍ਹਾਂ ਰੱਬੀ ਕਾਇਦੇ-ਕਾਨੂੰਨਾਂ, ਨਿਯਮਾਂ ਨੂੰ ਸ਼ਬਦ-ਗੁਰੂ ਦੇ ਉਪਦੇਸ਼ਾਂ ਰਾਹੀਂ ਸਮਝਕੇ, ਅਮਲੀ ਤੌਰ ਤੇ ਲਾਗੂ ਕਰਨਾ ਹੀ 'ਰੱਬੀ-ਧਰਮ ਦਾ ਰਾਜ' ਹੈ। ਦੂਸਰੇ ਸ਼ਬਦਾਂ ਵਿੱਚ ਇਹੋ ਹੀ ਖ਼ਾਲਸਾ ਹਲੇਮੀ ਰਾਜ ਹੈ ਕਿਉਂਕਿ ਇਸ ਰਾਜ ਵਿਚ ਸਮੁੱਚੀ





ਮਨੁੱਖਤਾ ਕੇਵਲ ਅਤੇ ਕੇਵਲ ਪ੍ਰਭੂ-ਪਿਤਾ ਦੀ ਹੀ ਰਿਆਇਆ ਹੋਵੇਗੀ। 'ਖ਼ਾਲਸਾ' ਸ਼ਬਦ ਦਾ ਅਰਥ ਵੀ ਜ਼ਮੀਨ ਦਾ ਉਹ ਟੁਕੜਾ ਹੈ ਜਿਹੜਾ ਸਿੱਧਾ ਬਾਦਸ਼ਾਹ ਦੇ ਅਧੀਨ ਹੁੰਦਾ ਹੈ ਅਤੇ ਜਿਸ ਉਪਰ ਕੋਈ ਅਹਿਲਕਾਰ ਕੋਈ ਟੈਕਸ ਆਦਿ ਨਹੀਂ ਲਗਾ ਸਕਦਾ।

ਸੰਖੇਪ ਵਿੱਚ, ਇਸ ਰਾਜ ਵਿੱਚ ਸਮੁੱਚੀ ਮਨੁੱਖਤਾ ਇੱਕ ਅਜਿਹੇ ਵਿਲੱਖਣ ਵਿਸ਼ਵ-ਭਾਈਚਾਰੇ ਵਿੱਚ ਸ਼ਾਮਲ ਹੋ ਜਾਵੇਗੀ ਜਿਸ ਵਿੱਚ ਸਾਰੇ ਪ੍ਰਾਣੀ ਬਿਨਾਂ ਕਿਸੇ ਨਸਲ, ਰੰਗ, ਲਿੰਗ, ਦੇਸ਼, ਕੌਮ, ਜ਼ਾਤ-ਪਾਤ, ਉਚ-ਨੀਚ ਦੇ ਭਿੰਨ-ਭੇਦ ਦੇ, ਹਰ ਪੱਖ ਤੋਂ ਬਰਾਬਰ ਮਨੁੱਖੀ ਹੱਕਾਂ ਦੇ ਅਧਿਕਾਰੀ ਹੋਣਗੇ। ਹਰ ਇੱਕ ਪ੍ਰਾਣੀ ਆਪਸ ਵਿੱਚ ਪ੍ਰੇਮ-ਭਰੀ ਸਦਭਾਵਨਾ ਵਾਲਾ ਵਰਤਾਰਾ ਅਖ਼ਤਿਆਰ ਕਰੇਗਾ। ਕਿਸੇ ਨਾਲ ਕਿਸੇ ਪੱਧਰ ਤੇ ਵੀ ਕਿਸੇ ਕਿਸਮ ਦਾ ਵਿਤਕਰਾ ਜਾਂ ਅਨਿਆਏਂ ਨਹੀਂ ਹੋਵੇਗਾ। ਹਰ ਇੱਕ ਪ੍ਰਾਣੀ ਲਈ ਦਸਾਂ ਨਹੁੰਆਂ ਦੀ ਸੁੱਚੀ ਕਿਰਤ ਕਰਨਾ ਅਤੇ ਵੰਡ-ਛਕਣਾ ਜਰੂਰੀ ਹੋਵੇਗਾ।

ਇਸ ਰਾਜ ਵਿੱਚ ਕੋਈ ਮੁੱਖ ਮੰਤਰੀ, ਪ੍ਰਧਾਨ ਮੰਤਰੀ, ਰਾਸ਼ਟਰਪਤੀ ਜਾਂ ਬਾਦਸ਼ਾਹ (ਹਾਕਮ) ਨਹੀਂ ਹੋਵੇਗਾ। ਪਿੰਡ ਪੱਧਰ ਤੋਂ ਲੈਕੇ ਕੌਮੀ ਅਤੇ ਦੇਸ਼-ਪੱਧਰ ਤੱਕ ਪੰਚ-ਪ੍ਰਧਾਨੀ ਪੰਚਾਇਤੀ ਰਾਜ ਪ੍ਰਬੰਧਕੀ ਢਾਂਚਾ ਕਾਇਮ ਕੀਤਾ ਜਾਵੇਗਾ। ਰਿਸ਼ਵਤ-ਖੋਰੀ, ਠੱਗੀ-ਠੋਰੀ, ਧੱਕੇ-ਸ਼ਾਹੀ, ਬੇ-ਇਨਸਾਫ਼ੀ ਦਾ ਬੀਜ-ਨਾਸ਼ ਕਰ ਦਿੱਤਾ ਜਾਵੇਗਾ।

ਰਾਜ ਪੱਧਰ ਤੋਂ ਲੈਕੇ ਰਾਸ਼ਟਰ ਪੱਧਰ ਦਾ ਵਿਧਾਨ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼, ਸਮੁੱਚੇ ਭਾਈਚਾਰੇ ਨੂੰ ਸੰਬੋਧਤ, ਰੱਬੀ ਬਾਣੀ ਦੇ ਸਰਬੱਤ ਦੇ ਭਲੇ ਦੇ ਸਿਧਾਂਤਾਂ ਦੇ ਅਨੁਕੂਲ ਕਾਇਮ ਕੀਤਾ ਜਾਵੇਗਾ। ਵਿਧਾਨ-ਪਾਲਕਾ, ਕਾਰਜ-ਪਾਲਕਾ, ਨਿਆਏਂ-ਪਾਲਕਾ ਅਤੇ ਮੀਡੀਆ ਦੀ ਕਾਰਜ-ਕੁਸ਼ਲਤਾ ਲਈ ਅਜੇਹਾ ਪ੍ਰਬੰਧ ਅਮਲ ਵਿਚ ਲਿਆਂਦਾ ਜਾਵੇਗਾ ਕਿ ਜਿੱਥੇ ਫ਼ੈਡਰਲ ਲੋਕ-ਰਾਜ ਦੇ ਇਹ ਥੰਮ ਆਪੋ ਆਪਣੇ ਕਾਰਜ ਖੇਤਰਾਂ ਵਿੱਚ ਬਿਨਾਂ ਕਿਸੇ ਬੇ-ਲੋੜੀ ਸਿਆਸੀ ਜਾਂ ਹੋਰ ਕਿਸੇ ਕਿਸਮ ਦੀ ਦਖਲਅੰਦਾਜ਼ੀ ਜਾਂ ਦਬਾਅ ਤੋਂ ਮੁਕਤ ਰਹਿਕੇ ਪੂਰੀ ਸੁਤੰਤਰਤਾ ਅਤੇ ਨਿਰਪੱਖਤਾ ਨਾਲ ਆਪਣੀਆਂ ਜਿਮੇਂਵਾਰੀਆਂ ਨਿਭਾ ਸਕਣਗੇ, ਉੱਥੇ ਇਹ ਆਪੋ ਆਪਣੀਆਂ ਜਿਮੇਂਵਾਰੀਆਂ ਤੋਂ ਬਾਗ਼ੀ ਹੋ ਕੇ ਆਪ-ਹੁਦਰਾ ਜਾਂ ਤਾਨਾਸ਼ਾਹੀ ਵਰਤਾਰਾ ਵੀ ਅਮਲ ਵਿੱਚ ਨਹੀਂ ਲਿਆ ਸਕਣਗੇ ਬਲਕਿ ਇੱਕ ਦੂਸਰੇ ਦੇ ਪੂਰਕ ਹੋਕੇ ਲੋਕਾਈ ਦੀ ਸੇਵਾ ਕਰਨਗੇ। ਲੋੜ ਅਨੁਸਾਰ ਰਾਜ ਪੱਧਰ ਤੇ ਹੀ ਹਥਿਆਰਬੰਦ-ਫ਼ੌਜਾਂ ਦਾ ਗਠਨ ਕੀਤਾ ਜਾਵੇਗਾ ਤਾਕਿ ਰੱਬੀ ਧਰਮ ਦੇ ਰਾਜ-ਪ੍ਰਬੰਧ ਨੂੰ ਕੋਈ ਅੰਦਰੂਨੀ ਜਾਂ ਬਾਹਰੋਂ ਨੁਕਸਾਨ ਨਾ ਪਹੁੰਚਾ ਸਕੇ। ਅਸਲ ਵਿੱਚ ਇਹ ਸਹੀ ਮਾਅਨਿਆਂ ਵਿੱਚ ਸਰਬੱਤ ਦੇ ਭਲੇ ਵਾਸਤੇ ਫ਼ੈਡਰਲ ਲੋਕ-ਰਾਜ ਹੋਵੇਗਾ।

# ੫.

# ਬ੍ਰਾਹਮਣਵਾਦ (ਜ਼ਾਤਿ-ਪਾਤੀ ਸਿਸਟਮ) - ਇਕ ਭਰਮ-ਜਾਲ ਤੇ ਗ਼ੁਲਾਮੀ ਦਾ ਫ਼ੰਧਾ

## ਹਿੰਦੂ ਮੱਤ ?

ਗੁਰੂ ਨਾਨਕ ਸਾਹਿਬ ਦੇ ਪ੍ਰਗਟ ਹੋਣ ਦੇ ਸਮੇਂ ਤੱਕ ਭਾਰਤ ਦੇ ਕਈ ਹਿੱਸਿਆਂ ਵਿੱਚ ਇੱਕ ਬਹੁਤ ਹੀ ਬਚਿੱਤ੍ਰ ਕਿਸਮ ਦਾ, ਜ਼ਾਤਿ-ਪਾਤਿ ਦੇ ਨਾਂ ਤੇ ਮਨੁੱਖੀ ਸਮਾਜ ਨੂੰ ਅਲੱਗ-ਅਲੱਗ ਸ੍ਰੇਣੀਆਂ ਵਿੱਚ ਵੰਡ ਕੇ, ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲਾ ਅਸਮਾਜਿਕ ਸਿਸਟਮ ਵੀ ਹੋਂਦ ਵਿੱਚ ਆ ਚੁੱਕਾ ਸੀ। 'ਯਹੂਦੀ ਮੱਤ', ਬੁੱਧ-ਮੱਤ, ਈਸਾਈ-ਮੱਤ ਜਾਂ ਇਸਲਾਮ-ਮੱਤ ਦੀ ਤਰ੍ਹਾਂ ਇਹ ਕੋਈ ਵੱਖਰਾ ਮੱਤ ਜਾਂ ਮਜ਼੍ਹਬ ਨਹੀਂ ਸੀ ਬਲਕਿ ਇਹ ਇੱਕ ਪੜ੍ਹੇ-ਲਿਖੇ, ਸ਼ਾਤਰ, ਖ਼ੁਦਗਰਜ਼ ਟੋਲੇ ਦੇ ਸ਼ੈਤਾਨ ਦਿਮਾਗ਼ ਦੀ ਉਪਜ ਸੀ। ਇਹ ਟੋਲਾ (ਲਾਬੀ) ਆਪਣੇ ਆਪ ਨੂੰ ਬ੍ਰਾਹਮਣ (ਪੁਜਾਰੀ) ਕਹਿੰਦਾ ਸੀ। ਇਸ ਲਾਬੀ ਨੇ ਅਲੱਗ-ਅਲੱਗ ਸਮੇਂ ਦੌਰਾਨ ਰਚੇ ਗਏ 'ਵੇਦਾਂ', ਰਿਸ਼ੀ ਮਨੂੰ ਦੀ 'ਮਨੂੰ-ਸਿੰਮ੍ਰਿਤੀ', ਰਿਸ਼ੀ ਬਾਲਮੀਕ ਦੀ ਰਚਨਾ 'ਰਾਮਾਇਣ' (ਮਿਥਿਹਾਸ), 'ਮਹਾਂਭਾਰਤ' (ਮਿਥਿਹਾਸ ਤੇ ਇਤਿਹਾਸ ਦਾ ਸੁਮੇਲ), ਕਈ 'ਪੌਰਾਣਿਕ ਸਾਖੀਆਂ' ਅਤੇ 'ਉਪਨਿਸ਼ਦਾਂ' ਆਦਿ ਰਚਨਾਵਾਂ ਵਿੱਚ ਵਾਧੇ-ਘਾਟੇ (ਭੰਨ-ਤੋੜ) ਕਰ ਕੇ ਇਨ੍ਹਾਂ 'ਰਚਨਾਵਾਂ' ਨੂੰ ਇੱਕ ਲੜੀ ਵਿੱਚ ਪ੍ਰੋਣ ਦੇ (ਅਸਫ਼ਲ) ਯਤਨ ਕਰਕੇ ਇੱਕ ਮਿਲ-ਗੋਭਾ ਜਿਹੀ ਫ਼ਿਲਾਸਫ਼ੀ ਨੂੰ ਹੋਂਦ ਵਿੱਚ ਲਿਆਂਦਾ। ਇਸ ਵਿਚਾਰਧਾਰਾ ਦੇ ਆਧਾਰ 'ਤੇ ਹੋਂਦ ਵਿੱਚ ਆਏ ਸਮਾਜਿਕ ਸਿਸਟਮ ਨੂੰ 'ਵਰਨ-ਆਸ਼ਰਮ ਸਿਸਟਮ', 'ਜ਼ਾਤਿ-ਪਾਤੀ ਸਿਸਟਮ', 'ਬ੍ਰਾਹਮਣਵਾਦ', 'ਬਿਪਰਵਾਦ', 'ਮਨੂੰਵਾਦ', 'ਪੁਜਾਰੀਵਾਦ', 'ਹਿੰਦੂਤਵ' ਆਦਿ ਨਾਵਾਂ ਨਾਲ ਜਾਣਿਆ ਜਾਂਦਾ ਹੈ। **ਇਸ ਸਿਸਟਮ ਨੂੰ 'ਮਜ਼੍ਹਬ' ਜਾਂ 'ਮੱਤ' ਕਹਿਣਾ ਤਕਨੀਕੀ ਪੱਖ ਤੋਂ ਗ਼ਲਤ ਹੈ ਕਿਉਂਕਿ ਦੂਸਰੇ ਮੱਤਾਂ ਦੀ ਤਰ੍ਹਾਂ ਇਸ ਵਿਚਾਰਧਾਰਾ ਦਾ ਕੋਈ 'ਇੱਕ ਬਾਨੀ' ਨਹੀਂ, 'ਇੱਕ ਇਸ਼ਟ' ਨਹੀਂ, 'ਇੱਕ ਧਰਮ ਗ੍ਰੰਥ' ਨਹੀਂ, ਕੋਈ 'ਇਕਸਾਰਤਾ ਵਾਲਾ ਫ਼ਲਸਫ਼ਾ', ਨਹੀਂ ਅਤੇ ਨਾ ਹੀ ਕੋਈ ਅਤੀਤ ਦੀਆਂ ਮਾਣ-ਮੱਤੀਆਂ ਸਮਾਜਿਕ, ਧਾਰਮਿਕ, ਸਭਿਆਚਾਰਕ, ਰਾਜਨੀਤਕ ਅਤੇ ਭਾਵਨਾਤਮਿਕ ਸਾਂਝਾਂ ਵਾਲਾ ਇਤਿਹਾਸ। ਇਸ ਮਾਨਵ-ਵਿਰੋਧੀ, ਗੈਰ-ਕੁਦਰਤੀ ਵਿਚਾਰਧਾਰਾ ਦੀ ਧਰਮ ਦੇ ਨਾਂ 'ਤੇ ਦੁਰ-ਵਰਤੋਂ ਕਰਕੇ ਇਹ ਵਿਹੱਲੜ ਅਤੇ ਲੁੱਗੜ, ਕਿਸਮ ਦੀ ਅਖੌਤੀ ਬ੍ਰਾਹਮਣ ਲਾਬੀ ਆਪਣੇ ਆਪ ਨੂੰ 'ਜਗਤ-ਗੁਰੂ' ਦੀ ਪਦਵੀ ਦੇ ਕੇ ਮਨੁੱਖੀ ਸਮਾਜ ਦੀ ਪਿੱਠ 'ਤੇ ਪੱਕੀ ਕਾਠੀ ਪਾ ਕੇ ਅਜਿਹੇ ਵਿਲੱਖਣ ਢੰਗ ਨਾਲ ਸਵਾਰ ਹੋਈ ਬੈਠੀ ਸੀ, ਜਿਸ ਦੇ ਬਰਾਬਰ ਦੀ ਕੋਈ ਮਿਸਾਲ, ਮਨੁੱਖੀ ਇਤਿਹਾਸ ਵਿੱਚ, ਭਾਰਤ ਤੋਂ ਸਿਵਾਏ, ਲੱਭਣੀ ਬੜੀ ਮੁਸ਼ਕਲ ਹੈ।**

ਇਹ ਇੱਕ ਅਜਿਹੀ ਗੁੰਝਲਦਾਰ ਅਤੇ ਪੀਡੀ ਗੰਢ ਹੈ ਜਿਸ ਨੂੰ ਖੋਲ੍ਹ ਸਕਣਾ ਜੇਕਰ





ਅਸੰਭਵ ਨਹੀਂ ਤਾਂ ਅਤਿ-ਕਠਨ ਜ਼ਰੂਰ ਹੈ। ਇਸ ਸਮਾਜਕ ਸਿਸਟਮ ਦੀ ਵਿਸਥਾਰਪੂਰਵਕ ਵਿਆਖਿਆ ਕਰਨ ਲਈ ਇੱਕ ਵਡ-ਆਕਾਰੀ ਪੁਸਤਕ ਲਿਖੀ ਜਾ ਸਕਦੀ ਹੈ। ਇਸ ਸਮਾਜਕ (ਅਸਲ ਵਿੱਚ ਸਮਾਜ-ਵਿਰੋਧੀ) ਸਿਸਟਮ ਦਾ ਮੁੱਢ ਕਦੋਂ ਤੇ ਕਿਵੇਂ ਬੱਝਿਆ, ਇਸ ਬਾਰੇ ਨਿਸ਼ਚਤ ਤੌਰ 'ਤੇ ਕੁੱਝ ਵੀ ਕਹਿ ਸਕਣਾ ਬਹੁਤ ਮੁਸ਼ਕਲ ਹੈ।

## ਸ਼ਬਦ 'ਹਿੰਦੂ' ਦਾ ਇਤਿਹਾਸ

"ਅਸਲ ਵਿੱਚ 'ਹਿੰਦੂ' ਕਦੇ ਵੀ ਕੋਈ 'ਧਰਮ' ਨਹੀਂ ਸੀ। 'ਹਿੰਦੂ' ਸ਼ਬਦ ਹੀ ਨਹੀਂ ਸੀ। ਫਿਰ ਇਸ ਸ਼ਬਦ ਦੀ ਉਪਜ ਕਿਵੇਂ ਹੋਈ? ਕੁਝ ਇਤਿਹਾਸਕ ਘਟਨਾ-ਚੱਕਰਾਂ ਵੱਲ ਧਿਆਨ ਦੇਣਾ ਪਵੇਗਾ। ਇੱਕ ਅਵਸਰ ਤੇ ਅਫ਼ਗਾਨਿਸਤਾਨ ਦੇ ਰਸਤੇ ਵੱਡੀ ਗਿਣਤੀ ਵਿੱਚ ਆਰੀਆਂ ਵਾਂਗ ਯੂਨਾਨੀਆਂ, ਮੁਗ਼ਲਾਂ, ਈਰਾਨੀਆਂ, ਪਠਾਣਾਂ ਆਦਿ ਦੀਆਂ ਵਹੀਰਾਂ ਸਾਡੇ ਦੇਸ਼ ਵਿੱਚ ਦਾਖ਼ਲ ਹੋਣ ਲੱਗੀਆਂ। ਜਦ ਯੂਨਾਨੀ ਆਏ ਤਾਂ ਉਨ੍ਹਾਂ ਦਾ ਸਭ ਤੋਂ ਪਹਿਲੋਂ ਸਾਡੇ ਪੱਛਮ ਦੇ ਸਰਹੱਦੀ ਦਰਿਆ 'ਸਿੰਧ' ਨਾਲ ਵਾਹ ਪਿਆ। ਸਿੰਧ ਦਰਿਆ ਨੂੰ ਪਾਰ ਕਰਕੇ ਉਹ ਲੋਕ ਵੱਡੀ ਗਿਣਤੀ ਵਿੱਚ ਅੱਜ ਦੇ ਪਾਕਿਸਤਾਨੀ ਤੇ ਭਾਰਤੀ ਪੰਜਾਬ ਵਿੱਚ ਦਾਖ਼ਲ ਹੋਏ। ਫਿਰ ਇਥੋਂ ਦੇ ਰਾਜੇ ਬਣ ਗਏ। ਦੋ ਸਦੀਆਂ (ਇੱਕ ਸਦੀ ਈਸਵੀ ਸੰਨ ਦੇ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਈਸਵੀ ਸੰਨ ਦੀ ਪਹਿਲੀ ਸਦੀ) ਇਸ ਧਰਤੀ ਉੱਤੇ ਯੂਨਾਨੀਆਂ ਨੇ ਹਕੂਮਤ ਕੀਤੀ ਅਤੇ ਇਥੋਂ ਦੇ ਵਸਨੀਕ ਵੀ ਬਣ ਗਏ। 'ਧਰਮ' ਉਨ੍ਹਾਂ ਨੇ ਧਾਰਨ ਕਰ ਲਿਆ 'ਮਹਾਂਯਾਨੀ-ਬੁੱਧ'।

ਇਹ ਉਹੀ ਲੋਕ ਸਨ ਜਿਨ੍ਹਾਂ ਨੇ ਪਹਿਲੀ ਵਾਰ ਸਾਡੇ ਸਰਹੱਦੀ ਦਰਿਆ 'ਸਿੰਧ' ਦੇ ਨਾਂ ਉੱਤੇ ਦਰਿਆ ਦੇ ਪੂਰਬਲੇ ਪੱਖ ਨੂੰ 'ਸਿੰਧੂ' ਨਾਂ ਦੇ ਦਿੱਤਾ। ਏਦਾਂ ਇਤਿਹਾਸ ਵਿੱਚ ਸਾਡੇ ਦੇਸ਼ ਦਾ ਨਾਂ 'ਸਿੰਧੂ' ਧਰਿਆ ਗਿਆ। ਬਾਹਰੋਂ ਆਏ ਯੂਨਾਨੀ ਨਾ ਰਹੇ, ਉਹ ਵੀ 'ਸਿੰਧੂ' ਕਹਾਉਂਣ ਲੱਗ ਪਏ। ਇਸ ਇਲਾਕੇ ਦਾ ਨਾਂ ਵੀ 'ਸਿੰਧੂ' ਤੇ ਇਥੋਂ ਦੇ ਵਸਨੀਕਾਂ ਦਾ ਨਵਾਂ ਸਾਂਝਾ ਨਾਂ ਵੀ 'ਸਿੰਧੂ' ਹੋ ਗਿਆ। 'ਸਿੰਧੂ' ਸ਼ਬਦ ਦਾ ਧਰਮ ਨਾਲ ਕੋਈ ਤਅੱਲਕ ਨਹੀਂ ਸੀ - ਇਹ ਤਾਂ ਉਸ ਧਰਤੀ ਦਾ ਨਾਂ ਸੀ ਜਿਸ ਵਿੱਚ ਉਨ੍ਹਾਂ ਦਾ ਵਾਸਾ ਸੀ। ....ਯੂਨਾਨੀ, ਹਾਕਮ ਕੌਮ, ਏਥੋਂ ਦੇ ਪੱਕੇ ਵਸਨੀਕ ਹੋ ਜਾਣ 'ਤੇ ਆਪਣੀ ਕੌਮੀਅਤ ਵੀ 'ਸਿੰਧੂ' ਕਹਿਣ ਲਗ ਪਏ ਸਨ। ਭਾਵੇਂ ਉਨ੍ਹਾਂ ਦਾ ਧਰਮ 'ਮਹਾਂਯਾਨੀ ਬੁੱਧ' ਧਰਮ ਸੀ ਅਤੇ ਆਪਣੇ ਆਪ ਨੂੰ ਬੋਧੀ ਕਹਿੰਦੇ ਸਨ।

## 'ਸਿੰਧੂ' ਤੋਂ 'ਹਿੰਦੂ'

ਇਸ ਤੋਂ ਕਾਫ਼ੀ ਚਿਰ ਪਿੱਛੋਂ ਈਰਾਨੀਆਂ ਨੇ ਅਫ਼ਗਾਨਿਸਤਾਨ ਦੇ ਰਸਤੇ ਅਤੇ ਦਰਿਆ ਸਿੰਧ ਨੂੰ ਪਾਰ ਕਰਕੇ ਉਨ੍ਹਾਂ ਦਿਨਾਂ ਵਿੱਚ 'ਸਿੰਧੂ' ਕਹਾਉਂਦੇ ਇਲਾਕਿਆਂ ਵਿੱਚ ਦਾਖਲਾ ਪ੍ਰਾਪਤ ਕਰ ਲਿਆ। **ਈਰਾਨੀ 'ਸਿੰਧੂ' ਕਰ ਕੇ ਬੋਲ ਨਹੀਂ ਸੀ ਸਕਦੇ। ਉਹ 'ਸ' ਦੀ ਥਾਂ 'ਹ' ਬੋਲਦੇ ਸਨ। ਉਨ੍ਹਾਂ ਦੇ ਰਾਜਕਾਲ ਵਿੱਚ 'ਸਿੰਧੂ' ਸ਼ਬਦ ਬਦਲ ਕੇ 'ਹਿੰਦੂ' ਹੋ ਗਿਆ। ਹੌਲੀ ਹੌਲੀ, ਅਫ਼ਗਾਨਿਸਤਾਨ, ਤਾਜਕਸਤਾਨ, ਤੁਰਕਸਤਾਨ ਦੀ ਰੀਸੋ-ਰੀਸੀ, 'ਹਿੰਦੂ' ਕਹਾਉਂਦੇ**

**ਇਸ ਧਰਤੀ ਦੇ ਵਾਸੀਆਂ ਨੇ 'ਹਿੰਦੂ' ਸ਼ਬਦ ਨਾਲ 'ਸਤਾਨ' ਜੋੜ ਕੇ 'ਹਿੰਦੋਸਤਾਨ' ਤੇ ਫਿਰ 'ਹਿੰਦੁਸਤਾਨੀ' ਆਖਣਾ ਸ਼ੁਰੂ ਕਰ ਦਿੱਤਾ।....**

**ਕੀ 'ਹਿੰਦੂ' ਕੋਈ 'ਧਰਮ' ਹੈ? ਜਵਾਬ ਹੈ - 'ਬਿਲਕੁਲ ਨਹੀਂ'।**

ਪਰ ਸਾਡੇ ਦੇਸ਼ ਵਿੱਚ ਬਹੁਤ ਵੱਡਾ ਤਬਕਾ ਉਨ੍ਹਾਂ ਲੋਕਾਂ ਦਾ ਹੈ ਜਿਹੜੇ ਆਪਣੇ ਆਪ ਨੂੰ ਹਿੰਦੂ-ਧਰਮੀ ਆਖਦੇ ਹਨ। ਉਨ੍ਹਾਂ ਨੂੰ ਪੁੱਛ ਬੈਠੋ ਕਿ ਹਿੰਦੂ ਧਰਮ ਹੈ ਕੀ? ਤਾਂ ਜਵਾਬ ਕਿਸੇ ਕੋਲ ਵੀ ਨਹੀਂ। ਇਹ ਤਾਂ ਜਿਵੇਂ ਇੱਕ ਮਨੌਤ ਹੀ ਬਣ ਕੇ ਰਹਿ ਗਈ ਹੋਵੇ। ਪਹਿਲਾਂ ਤਾਂ ਸਾਡੇ ਕੋਲ 'ਹਿੰਦੂ' ਸ਼ਬਦ ਹੀ ਨਹੀਂ ਸੀ। ਫਿਰ ਜਦ ਸਮਾਂ ਪਾ ਕੇ ਪ੍ਰਾਪਤ ਹੋਇਆ ਤਾਂ ਇਸਦਾ ਮਤਲਬ ਸੀ, ਇੱਕ ਖ਼ਾਸ ਇਲਾਕਾ ਤੇ ਉਸਦੇ ਵਾਸੀ।...

**ਹਿੰਦੂ ਕਹਾਉਂਦੇ 'ਧਰਮ' ਦੀ ਸਥਾਪਨਾ ਕਦੋਂ ਹੋਈ? ਕਿਸ ਵਿਅਕਤੀ ਦੁਆਰਾ ਹੋਈ? ਇਸ ਦਾ ਬਾਨੀ ਕੌਣ ਹੋਇਆ? ਉਹ ਹੈ ਕੀ? ਕੀ ਕਹਿੰਦਾ ਹੈ 'ਹਿੰਦੂ ਧਰਮ'? ਇਨ੍ਹਾਂ ਸੁਆਲਾਂ ਦਾ ਜਵਾਬ 'ਸਿਫ਼ਰ' ਹੈ, ਬਸ 'ਸਿਫ਼ਰ'।....**

ਪਰ ਹੁਣ ਤਾਂ ਇੱਕ ਹੋਰ ਕੌਤਕ ਵਰਤ ਗਿਆ ਹੋਇਆ ਹੈ।...'ਹਿੰਦੁਸਤਾਨ' ਦੇ ਕਰ ਦਿੱਤੇ ਗਏ ਕਈ ਟੁਕੜੇ। ਉਸ ਵਿੱਚੋਂ ਕੱਢ ਕੇ ਪਾਕਿਸਤਾਨ ਬਣਾ ਦਿੱਤਾ ਗਿਆ। ਬੰਗਾਲ ਦੀ ਚੀਰ-ਫਾੜ ਹੋਈ, ਬਰਮਾ ਵੀ ਖ਼ਤਮ, ਲੰਕਾ ਦੀ ਧਰਤੀ ਵੀ ਅੱਡ। ....ਕਿਥੇ ਹੈ ਹਿੰਦੁਸਤਾਨ? ਕਿਤੇ ਵੀ ਨਹੀਂ। ਇਸੇ ਲਈ **ਭਾਰਤ ਨੇ ਜਦ ਆਪਣਾ ਲਿਖਤ ਵਿੱਚ ਵਿਧਾਨ ਅਤੇ ਸੰਵਿਧਾਨ ਸਵੀਕਾਰ ਕੀਤਾ ਤਾਂ ਉਸ ਵਿੱਚ ਦੇਸ਼ ਦਾ 'ਨਾਮ-ਕਰਨ' ਹਿੰਦੁਸਤਾਨ ਨਹੀਂ ਰੱਖਿਆ। ਸੰਵਿਧਾਨ ਰਾਹੀਂ ਇਸ ਦੇਸ਼ ਦੇ ਲੋਕਾਂ ਅਤੇ ਸੰਵਿਧਾਨ-ਸਭਾ ਤੇ ਸੰਸਦ ਨੇ ਦੇਸ਼ ਦਾ ਨਾਮ 'ਭਾਰਤ' ਸਵੀਕਾਰ ਕਰ ਲਿਆ ਜਿਸ ਨੂੰ ਅੰਗ੍ਰੇਜ਼ੀ ਵਿੱਚ 'ਇੰਡੀਆ' ਸਵੀਕਾਰਿਆ ਗਿਆ ਹੈ।**

**ਫਿਰ ਜੇ 'ਹਿੰਦੁਸਤਾਨ' ਹੀ ਨਹੀਂ ਰਿਹਾ ਤਾਂ 'ਹਿੰਦੂ' ਕਿੱਥੇ ਗਏ ਜਿਹੜੇ ਇਸ ਦੇਸ਼ ਦੇ ਵਸਨੀਕ ਸਨ?**

**ਨਾ 'ਹਿੰਦੁਸਤਾਨ', ਨਾ 'ਹਿੰਦੂ', ਨਾ 'ਹਿੰਦੀ' ਤੇ ਨਾ ਕਿਧਰੇ ਕੋਈ 'ਹਿੰਦੂ ਧਰਮ'....ਇਹੋ ਸੱਚ ਹੈ।**

## ਧਰਮ-ਸ਼ਾਸਤਰਾਂ ਵਿੱਚ 'ਹਿੰਦੂ' ਸ਼ਬਦ

ਸਾਡੇ ਦੇਸ਼ ਦੇ ਪੁਰਾਣੇ ਅਤੀਤ ਵਿੱਚ 'ਹਿੰਦੂ' ਸ਼ਬਦ ਦੀ ਕਿਧਰੇ ਕੋਈ ਹੋਂਦ ਨਹੀਂ ਮਿਲਦੀ। ਉਨ੍ਹਾਂ ਸਮਿਆਂ ਵਿੱਚ ਰਚੀਆਂ ਗਈਆਂ ਸਾਰੀਆਂ ਦੀਆਂ ਸਾਰੀਆਂ ਰਚਨਾਵਾਂ ਵਿੱਚ, ਇੱਕ ਵਾਰੀ ਵੀ ਕਿਧਰੇ, ਕਿਸੇ ਸਬੰਧ ਵਿੱਚ 'ਹਿੰਦੂ' ਸ਼ਬਦ ਲਿਖਿਆ ਜਾਂ ਵਰਤਿਆ ਹੋਇਆ ਨਹੀਂ ਮਿਲਦਾ।

**ਚਾਰੇ ਦੇ ਚਾਰੇ ਵੇਦ 'ਹਿੰਦੂ' ਲਫ਼ਜ਼ ਤੋਂ ਵਿਰਵੇ ਹਨ। ਛੇ ਦੇ ਛੇ ਸ਼ਾਸਤਰ 'ਹਿੰਦੂ' ਸ਼ਬਦ ਤੋਂ ਸੱਖਣੇ। ਸਾਰੇ ਦੇ ਸਾਰੇ ਉਪਨਿਸ਼ਦ 'ਹਿੰਦੂ' ਅੱਖਰ ਤੋਂ ਵਾਂਝੇ। ਸਾਰੇ ਦੇ ਸਾਰੇ ਪੌਰਾਣਾਂ**





**ਦਾ ਵੀ ਇਹੋ ਹਾਲ। ਏਥੋਂ ਤੱਕ ਕਿ 'ਮਹਾਂਭਾਰਤ' ਤੇ 'ਰਮਾਇਣ' ਆਦਿ ਵਿੱਚ ਵੀ ਕਿਧਰੇ ਇੱਕ-ਅੱਧ ਵਾਰ 'ਹਿੰਦੂ' ਸ਼ਬਦ ਨਹੀਂ ਮਿਲਦਾ। ਮਤਲਬ ਇਹ ਹੋਇਆ ਕਿ ਸਾਡੇ ਦੇਸ਼ ਵਿੱਚ 'ਹਿੰਦੂ' ਸ਼ਬਦ ਦੀ, ਅੱਜ ਮੰਨੇ ਜਾਂਦੇ 'ਹਿੰਦੂ ਗ੍ਰੰਥਾਂ' ਵਿੱਚ ਬਿਲਕੁਲ ਹੀ ਕੋਈ ਹੋਂਦ ਨਹੀਂ। ....ਲੋਕ ਧਾਰਮਿਕ ਸਨ, 'ਬਹੁ-ਧਰਮੀ ਪ੍ਰਣਾਲੀ' ਸੀ। ਪਰ 'ਹਿੰਦੂ ਧਰਮ' ਦੇ ਨਾਂ ਤੋਂ ਵੀ ਸਾਰੇ ਦੇ ਸਾਰੇ ਨਾ-ਵਾਕਫ਼ ਸਨ। ਕਿਸੇ ਦਾ 'ਧਰਮ' ਵੀ 'ਹਿੰਦੂ ਧਰਮ' ਨਹੀਂ ਸੀ ਕਹਾਉਂਦਾ।"** (ਕੌਮੀ ਸੂਰਾ ਅਗੱਸਤ 2008 ਵਿੱਚ ਡਾ: ਗੁਰਚਰਨ ਸਿੰਘ ਦਾ 'ਵਿਸ਼ੇਸ਼ ਖ਼ੋਜ' ਦੇ ਪੰਨਿਆਂ ਤੇ ਪ੍ਰਕਾਸ਼ਤ ਹੋਇਆ ਲੇਖ, "ਕੀ ਹਿੰਦੂ ਨਾਂ ਦਾ ਕੋਈ ਧਰਮ ਵੀ ਇਸ ਦੇਸ਼ ਵਿੱਚ ਪੈਦਾ ਹੋਇਆ ਸੀ?")

"ਸਿੰਧ ਘਾਟੀ ਦੀ ਸਭਿਅਤਾ ਵੇਲੇ ਪੂਰੇ ਦੱਖਣੀ ਏਸ਼ੀਆ ਵਿੱਚ ਲੋਕਾਂ ਦਾ ਕੋਈ ਜਥੇਬੰਦ ਧਰਮ ਨਹੀਂ ਸੀ। ਲੋਕ ਕੁਦਰਤੀ ਤਾਕਤਾਂ ਅਤੇ ਆਫ਼ਤਾਂ ਤੋਂ ਡਰਦੇ ਸਨ, ਉਨ੍ਹਾਂ ਤੋਂ ਰਹਿਮ ਦੀ ਭਿੱਖਿਆ ਮੰਗਦੇ ਸਨ ਤੇ ਉਨ੍ਹਾਂ ਦੀ ਪੂਜਾ ਕਰਦੇ ਸਨ। ਵਰਧਮਾਨ, ਜੈਨ ਅਤੇ ਗੌਤਮ ਬੁੱਧ ਨੇ 'ਜੈਨ' ਤੇ 'ਬੁਧ' ਧਰਮਾਂ ਦਾ ਮੁੱਢ ਬੰਨ੍ਹਿਆ। ਯਾਨਿ ਦੱਖਣੀ ਏਸ਼ੀਆ ਵਿੱਚ ਸਭ ਤੋਂ ਪਹਿਲੇ ਧਰਮ ਜੈਨ ਤੇ ਬੁੱਧ ਧਰਮ ਸਨ।

ਬੁੱਧ ਤੋਂ ਪਹਿਲਾਂ ਲੋਕ ਤਾਕਤ (ਸ਼ਕਤੀ) ਦੇ ਕਾਲਪਨਿਕ ਦੇਵਤੇ 'ਸ਼ਿਵ' ਦੀ ਪੂਜਾ ਕਰਦੇ ਸਨ (ਯਾਨਿ ਉਸ ਤੋਂ ਡਰਦੇ ਸਨ ਤੇ ਚਾਲਾਕ ਲੋਕਾਂ, ਯਾਨਿ ਬ੍ਰਾਹਮਣਾਂ ਨੇ ਉਨ੍ਹਾਂ ਨੂੰ ਅਖੌਤੀ ਪੂਜਾ ਵਿੱਚ ਉਲਝਾ ਲਿਆ)। ਇਸ ਕਾਲ ਦੀ ਇੱਕ ਹੋਰ ਦਿਲਚਸਪ ਗੱਲ ਇਹ ਹੈ ਕਿ ਬ੍ਰਾਹਮਣਾਂ ਨੇ ਦੇਵਤਿਆਂ ਨਾਲੋਂ ਦੇਵੀਆਂ ਵਧੇਰੇ ਕਾਇਮ ਕੀਤੀਆਂ ਸਨ ਕਿਉਂਕਿ ਵਧੇਰੇ ਕੁਦਰਤੀ ਆਫ਼ਤਾਂ ਮਾਦਾ (ਨਾਰੀ ਲਿੰਗ) ਸਨ: ਹਨ੍ਹੇਰੀ, ਅੱਗ, ਵਰਸ਼ਾ, ਗ਼ਰੀਬੀ, ਭੁੱਖ, ਲੜਾਈ, ਬੀਮਾਰੀ। ਇਸੇ ਕਰਕੇ, ਸ੍ਰੀ ਲੱਛਮੀ, ਢਕੇਸ਼ਵਰੀ, ਦੁਰਗਾ/ਚੰਡੀ/ਭਗਉਤੀ, ਕਾਮਾਖਿਆ, ਅੰਬਾ/ਜਗਦੰਬਾ, ਸ਼ੇਰਾਂਵਾਲੀ, ਜੋਤਾਂ ਵਾਲੀ, ਨੈਣਾਂਵਾਲੀ ਦੇਵੀਆਂ ਸਨ। ਇਸ ਦੇ ਨਾਲ ਹੀ ਬ੍ਰਾਹਮਣਾਂ ਨੇ ਦੈਂਤ ਵੀ ਪੈਦਾ ਕਰ ਲਏ ਜਿਨ੍ਹਾਂ ਨੂੰ ਦੇਵਤਿਆਂ ਦੀ ਬਜਾਇ ਇਨ੍ਹਾਂ ਦੇਵੀਆਂ ਤੋਂ ਹਰਵਾਇਆ ਤੇ ਮਰਵਾਇਆ। ਦਰਅਸਲ, ਇਹ ਦੱਖਣੀ ਏਸ਼ੀਆ ਦੇ ਇਸ ਇਲਾਕੇ ਦੇ ਲੋਕਾਂ ਦੀ ਬੁਜ਼ਦਿੱਲੀ ਸੀ ਕਿ ਉਹ ਧਾੜਵੀਆਂ ਦਾ ਟਾਕਰਾ ਨਹੀਂ ਸਨ ਕਰ ਸਕਦੇ ਤੇ ਔਰਤਾਂ (ਦੇਵੀਆਂ) ਤੋਂ ਦੁਸ਼ਮਣਾਂ ਨੂੰ ਹਰਵਾਉਂਦੇ ਸਨ। 'ਬੁੱਤ ਪੂਜਾ' ਤੇ 'ਦੇਵੀ-ਪੂਜਾ' ਇਸੇ ਕਾਲ ਦੀ ਪੈਦਾਵਾਰ ਹਨ। ਇਸ ਤਰ੍ਹਾਂ ਦੇ ਧਰਮ (ਦਰਅਸਲ ਕਰਮ-ਕਾਂਡ) ਦਾ ਕਾਲ ਸੰਨ 1000 ਤੋਂ ਸੰਨ 600 'ਪੁਰਾਣਾ ਕਾਲ' ('ਓਲਡ ਇਰਾ' ਜਾਂ ਈਸਾ ਤੋਂ ਪਹਿਲਾਂ - ਬੀ.ਸੀ.) ਹੈ।

ਦੱਖਣੀ ਏਸ਼ੀਆ ਦੇ ਲੋਕਾਂ ਦੀ ਇਸ ਬੁੱਤ-ਪੂਜਾ ਨੂੰ ਗੌਤਮ ਬੁੱਧ (ਜਨਮ 567 ਪੁਰਾਣਾ ਕਾਲ) ਨੇ ਤੋੜਿਆ। ਛੇਤੀ ਹੀ ਲੋਕ ਸਮਝ ਗਏ ਤੇ ਬ੍ਰਾਹਮਣਾਂ ਦੀ 'ਕਮਾਈ' ਘਟ ਗਈ ਤੇ ਉਨ੍ਹਾਂ ਦੀ ਰੋਜ਼ੀ ਨੂੰ ਸੱਟ ਵੱਜੀ। ਇਸ ਕਰਕੇ ਬ੍ਰਾਹਮਣਾਂ ਨੂੰ ਬੁੱਧ-ਧਰਮ 'ਤੇ ਬਹੁਤ ਗੁੱਸਾ ਸੀ ਅਤੇ ਇਸ ਧਰਮ ਨਾਲ ਬੜੀ ਨਫ਼ਰਤ ਸੀ।" [ਡਾ: ਹਰਜਿੰਦਰ ਸਿੰਘ ਦਿਲਗੀਰ: ਸਿੱਖ ਤਵਾਰੀਖ਼ (ਪਹਿਲਾ ਹਿੱਸਾ), ਸਫ਼ੇ 96-97]

## ਮਨੂੰਵਾਦ ਦੇ ਮੁਢਲੇ ਅਸੂਲ:

੧. ਚਾਰੇ ਵੇਦ ਧੁਰੋਂ ਹੀ ਬਣੇ ਬਣਾਏ ਆਏ ਹਨ ('ਅਲਹਾਮੀ' ਜਾਂ 'ਸੁਰਤੀ' ਹਨ)। ਇਹ ਸਾਰੇ ਹੀ ਦੁਨਿਆਵੀ ਅਤੇ ਰੁਹਾਨੀ ਗਿਆਨ ਦੇ ਸੋਤਰ (ਸੋਮਾ) ਹਨ। (ਫ਼ੀਅਰ ਜੇ.ਬੀ: ਆਈ.ਏ. ਭਾਗ 4 (੧੮੭੫), ਪੰ.੧੨੩)

੨. ਈਸ਼ਵਰ ਨੇ (ਬ੍ਰਹਮੇ ਤੋਂ ਸਾਰੀ ਸ੍ਰਿਸ਼ਟੀ ਦੀ ਸਾਜਨਾ ਕਰਵਾ ਕੇ) ਚਾਰ ਜ਼ਾਤਾਂ ਜਾਂ ਵਰਣ (ਬ੍ਰਾਹਮਣ, ਖੱਤਰੀ, ਵੈਸ਼ ਤੇ ਸ਼ੂਦਰ) ਬਣਾਈਆਂ। (ਜ਼ਾਜਨਿਕ ਜੇ.ਯੂ: ਜੇ.ਆਰ.ਏ.ਐਸ.ਬੀ (੧੮੭੨), ਪੰਨਾ:੧੦੦-੧੦੨; ਫ਼ੀਅਰ ਜੇ.ਬੀ: ਆਈ.ਏ. ਭਾਗ-੪ (੧੮੭੫)

੩. ਬਰ੍ਹਮਾ ਨੇ ਮਨੂੰ-ਸਿੰਮ੍ਰਿਤਿ ਅਰਥਾਤ ਕਾਨੂੰਨ-ਪ੍ਰਣਾਲੀ ਆਪ ਤਿਆਰ ਕੀਤੀ ਤੇ ਮਨੂੰ ਨੂੰ ਸਮਝਾਈ। ਮਨੂੰ ਨੇ ਇਹ ਅੱਗੇ ਭ੍ਰਿਗੂ ਨੂੰ ਸਿਖਾਈ। ਮਨੂੰ-ਸਿੰਮ੍ਰਿਤਿ ਦੇ ਪਹਿਲੇ ਸਾਰੇ ਹਿੱਸੇ ਅੰਦਰ ਅਤੇ ਅੰਤ ਜੇਹੇ ਵਿੱਚ ਵੀ ਮਨੂੰ ਦੇ ਧਰਮ ਸ਼ਾਸਤਰ (ਮਨੂੰ ਸਿੰਮ੍ਰਿਤਿ) ਨੂੰ ਰੱਬੀ ਪ੍ਰੇਰਨਾ ਦੁਆਰਾ, ਵੇਦਾਂ ਦੀ ਵਿਆਖਿਆ ਕਰਨ ਵਾਲਾ ਦੱਸਿਆ ਗਿਆ ਹੈ ਅਤੇ ਇਸ ਦੀ ਤੁਲਨਾ ਲਗਭਗ ਵੇਦਾਂ ਦੇ ਬਰਾਬਰ ਹੀ ਕੀਤੀ ਗਈ ਹੈ (ਪੰ.18)।

੪. ਵੇਦਾਂਗ, ਮੇਮਾਂਸਾ ਨਿਆਏ, ਧਰਮ-ਸ਼ਾਸਤਰ ਤੇ ਪੌਰਾਣ ਵੇਦਾਂ ਵਿੱਚੋਂ ਨਿਕਲੀਆਂ ਹੋਈਆਂ ਸ਼ਾਖਾਂ ਹਨ (ਮਨੂੰ ਸਿੰਮ੍ਰਿਤਿ ਪੰ. ੧੦੯, ੩੫੯)।

੫. ਜੋ ਕੁੱਝ ਵੀ ਵੇਦਾਂ ਤੋਂ ਬਾਹਰ ਹੈ, ਜਾਂ ਜੋ ਕੁੱਝ ਵੀ ਮਨੂੰ ਦੀ ਸੰਪੂਰਨ ਸਿਆਣਪ ਰਾਹੀਂ ਵੇਦਾਂ ਵਿੱਚੋਂ ਲੈ ਕੇ ਧਰਮ-ਸ਼ਾਸਤਰ ਵਿੱਚ ਨਹੀਂ ਲਿਖਿਆ ਗਿਆ, ਉਹ ਮਨੁੱਖੀ ਕੰਮ ਹੈ, ਬੇਕਾਰ ਹੈ, ਝੂਠ ਹੈ। ਵੇਦਾਂ ਵਿੱਚ ਵਿਸ਼ਵਾਸ ਨਾ ਕਰਨਾ ਘੋਰ ਪਾਪ ਹੈ। ਜੇ ਕੋਈ 'ਕਾਫ਼ਰ-ਪੁਸਤਕ' ਦਾ ਆਸਰਾ ਲੈ ਕੇ, ਧੁਰੋਂ ਉਤਰੇ ਹੋਏ ਵੇਦਾਂ ਤੇ ਧਰਮ-ਸ਼ਾਸਤਰਾਂ ਦੇ ਅਧਿਕਾਰ ਉੱਤੇ ਕਿੰਤੂ ਕਰਦਾ ਹੈ, ਉਹ ਕਾਫ਼ਰ ਸਮਝਿਆ ਜਾਣ ਯੋਗ ਹੈ ਅਤੇ ਸਦਾਚਾਰੀ ਲੋਕਾਂ ਦੇ ਸਮਾਜ ਵਿੱਚੋਂ ਛੇਕੇ ਜਾਣ ਯੋਗ ਹੈ। [Phear, J.B. : I.A. Vol. 4, (1875), P-124)]।

੬. ਮਨੁੱਖ ਜਨਮ ਤੋਂ ਹੀ ਨਾ-ਬਰਾਬਰ ਹੁੰਦੇ ਹਨ, ਉਨ੍ਹਾਂ ਦੀ ਨਾ-ਬਰਾਬਰੀ ਸਦਾ ਹੀ ਕਾਇਮ ਰਹਿੰਦੀ ਹੈ ਤੇ ਉਨ੍ਹਾਂ ਵਿਚਾਲੇ ਫ਼ਰਕ ਉਤਨਾ ਹੀ ਹੁੰਦਾ ਹੈ ਜਿਤਨਾ ਕੁੱਤੇ ਅਤੇ ਬੰਦੇ ਵਿਚਾਲੇ [Max Weber : P-144]।

੭. ਪਰਜਾਪਤੀ (ਪਰਮੇਸ਼ਰ) ਨੇ ਸ਼ੂਦਰਾਂ ਨੂੰ ਦੂਜੀਆਂ ਜਾਤਾਂ ਦਾ ਗ਼ੁਲਾਮ ਬਣਾ ਕੇ ਪੈਦਾ ਕੀਤਾ ਹੈ (Mahabharat, xii, 2295, 2297); (Maur, J.:I.A. Vol.6, P-252)।

੮. ਬ੍ਰਾਹਮਣ ਦੀ ਸਿੱਖਿਆ ਮਨੁੱਖ ਵਾਸਤੇ ਸਿੱਕੇ-ਬੰਦ ਹੈ, ਕਿਉਂਕਿ ਇਸ ਦੀ ਨੀਂਹ ਵੇਦ ਹਨ (Manu, xi, 85; Max Weber, P-59)।





੯. ਬ੍ਰਾਹਮਣ ਭਾਵੇਂ ਪੜ੍ਹਿਆ ਹੋਵੇ ਜਾਂ ਨਾ, ਤੇ ਭਾਵਾਂ ਕਿਰਦਾਰ ਦਾ ਪੁੱਜ ਕੇ ਮਾੜਾ ਵੀ ਹੋਵੇ, ਉਹ ਫਿਰ ਵੀ ਵੱਡਾ ਦੇਵਤਾ ਹੁੰਦਾ ਹੈ (Manu, ix, 317, 319)।

੧੦. ਇਸਤਰੀ, ਸ਼ੂਦਰ, ਕੁੱਤੇ ਅਤੇ ਕਾਂ ਝੂਠ ਦਾ ਨਮੂਨਾ ਹਨ। (ਸਤਪਤ ਬ੍ਰਹਮਣ ਗ੍ਰੰਥ: xiv, 1.1.31)

੧੧. ਪਤੀ ਦਾ ਆਪਣੀ ਪਤਨੀ ਉੱਤੇ ਪੂਰਾ ਅਧਿਕਾਰ ਹੈ। ਉਹ ਉਸਨੂੰ ਮਾਰ-ਪਿੱਟ ਸਕਦਾ ਹੈ। ਜੇ ਪਤਨੀ ਜ਼ਰਾ ਵੀ ਕੌੜੀ ਗੱਲ ਕਰੇ ਤਾਂ ਉਸ ਨੂੰ ਇਕ ਦਮ ਤਿਆਗ ਸਕਦਾ ਹੈ ਅਤੇ ਪਤਨੀ ਲਈ ਉਚਿਤ ਹੈ ਕਿ ਉਹ ਆਪਣੇ ਪਤੀ ਦੀ ਦੇਵਤਾ ਸਮਝ ਕੇ ਪੂਜਾ ਕਰੇ, ਭਾਵੇਂ ਉਸ ਵਿੱਚ ਕੋਈ ਗੁਣ ਨਾ ਵੀ ਹੋਵੇ ਅਤੇ ਭਾਵੇਂ ਉਹ ਵਿਭਚਾਰੀ ਵੀ ਹੋਵੇ (Manu, vii, 299)।

੧੨. ਰੱਬ ਵੀ ਅਵਤਾਰ ਧਾਰ ਕੇ ਜੂਨਾਂ ਵਿੱਚ ਆਉਂਦਾ ਹੈ। (ਰਾਮ ਚੰਦਰ, ਕ੍ਰਿਸ਼ਨ ਆਦਿ ਰੱਬ (ਵਿਸ਼ਨੂੰ) ਦੇ ਅਵਤਾਰ ਹਨ)।

੧੩. ਅਵਤਾਰਾਂ ਦੀ ਪੂਜਾ ਤੋਂ ਇਲਾਵਾ, ਆਪਣੇ ਕਿਸੇ ਮਨ-ਪਸੰਦ ਦੇਵੀ-ਦੇਵਤੇ ਦੀ ਪੂਜਾ ਕਰਨੀ ਵੀ ਜ਼ਰੂਰੀ ਹੈ।

੧੪. ਆਪੋ ਆਪਣੀ ਜ਼ਾਤ ਲਈ (ਬ੍ਰਾਹਮਣ ਵੱਲੋਂ ਮੁਕੱਰਰ ਕੀਤੀਆਂ) ਰੀਤਾਂ, ਰਸਮਾਂ, ਰਵਾਇਤਾਂ, ਪ੍ਰੰਪਰਾਵਾਂ (ਮਨੂੰ ਦੇ ਧਰਮ-ਸ਼ਾਸਤਰ ਅਨੁਸਾਰ) ਦੀ ਪਾਲਣਾ ਕਰਨੀ ਧਰਮੀ ਹੋਣ ਲਈ ਅਤੀ ਲਾਜ਼ਮੀ ਹੈ। ਅਜਿਹਾ ਨਾ ਕਰਨ ਦੀ ਹਾਲਤ ਵਿੱਚ ਕਿਸੇ ਵਿਅਕਤੀ ਨੂੰ ਜ਼ਾਤਿ-ਪਾਤੀ ਸਮਾਜ ਵਿੱਚੋਂ ਛੇਕਿਆ ਜਾ ਸਕਦਾ ਹੈ ਅਤੇ ਫ਼ਿਰਕਿਆਂ ਦਾ ਜ਼ਾਤਿ-ਪਾਤੀ ਰੁਤਬਾ ਨੀਵਾਂ ਕੀਤਾ ਜਾ ਸਕਦਾ ਹੈ [Bharatiya, Vol. i; P-493; Crooke, W.:E.R.E. Vol. 6; Muir, J.:J.R.A.S. (1866), P-286-87; Max Weber, PP-35, 106; Manu, ii, 23; Phear, J.B. : I.A. Vol. 4 (1875), P-127)]।

੧੫. ਬ੍ਰਾਹਮਣ ਦਾ ਆਦਰ-ਸਨਮਾਨ ਕਰਨਾ ਅਤੀ ਜ਼ਰੂਰੀ ਹੈ। ਉਲੰਘਣਾ ਕਰਨ ਵਾਲੇ ਫ਼ਿਰਕਿਆਂ ਦਾ ਜ਼ਾਤੀ-ਰੁਤਬਾ ਨੀਵਾਂ ਕੀਤਾ ਜਾ ਸਕਦਾ ਹੈ [Phear, J.B. : I.A. Vol. 4, (1875), P-127)]।

੧੬. ਜ਼ਾਤ ਜੱਦੀ ਹੈ, ਇਸ ਨੂੰ ਬਦਲਿਆ ਨਹੀਂ ਜਾ ਸਕਦਾ। ਜੇ ਕੋਈ ਆਪਣੀ ਜ਼ਾਤ ਲਈ ਵਰਜਤ ਰਸਮਾਂ ਕਰਨ ਦੀ ਜ਼ੁਰਅੱਤ ਕਰੇ ਤਾਂ ਉਸ ਨੂੰ ਕਤਲ ਕੀਤਾ ਜਾਣਾ, ਜ਼ਾਤ-ਪਾਤੀ ਕਾਨੂੰਨ ਦੇ ਐਨ ਮੁਤਾਬਕ ਹੈ [Senart, P-100]।

੧੭. ਭਿੱਟ ਜਾਂ ਛੂਤ-ਛਾਤ ਵੀ ਜ਼ਾਤ-ਪਾਤੀ ਸਿਸਟਮ ਦਾ ਇੱਕ ਅਹਿਮ ਅਸੂਲ ਹੈ। ਕੇਵਲ ਸਿੱਧੀ-ਛੋਹ ਦੇ ਕਾਰਨ ਹੀ ਨਹੀਂ ਬਲਕਿ ਅਸਿੱਧੀ-ਛੋਹ (ਪਰਛਾਵਾਂ ਜਾਂ ਨਜ਼ਰ ਪੈਣ ਮਾਤਰ ਨਾਲ ਹੀ) ਦੇ ਕਾਰਨ ਵੀ ਭਿੱਟ ਚੰਮੜ ਜਾਂਦੀ ਹੈ [Senart, PP38, 43; Max Weber, P-106; Hutton, P-79]।

੧੮. ਜ਼ਾਤ-ਪਾਤ ਦਾ ਰੁਤਬਾ ਬਾਕੀ ਸਾਰੇ ਆਰਥਕ, ਸਮਾਜਿਕ, ਰਾਜਸੀ ਰੁਤਬਿਆਂ ਤੋਂ ਉੱਚਾ ਹੈ। ਬ੍ਰਾਹਮਣ (ਪ੍ਰੋਹਤ) ਦਾ ਜ਼ਾਤੀ ਰੁਤਬਾ ਛਤਰਪਤੀ ਰਾਜੇ ਦੇ ਜ਼ਾਤੀ ਰੁਤਬੇ ਤੋਂ ਉੱਚਾ ਹੈ। (ਐਸਾ ਅਖੌਤੀ ਧਾਰਮਕ ਗੀਤਾਂ ਤੇ ਰਸਮਾਂ ਦੀ ਮਨੌਤ ਨੂੰ ਵੱਡੀ ਮਾਨਤਾ ਮਿਲਣ ਕਾਰਨ ਹੋਇਆ ਅਤੇ ਪੁਜਾਰੀ ਜਮਾਤ ਇਸ ਹੱਦ ਤੱਕ ਸਿਰ ਚੜ੍ਹ ਗਈ ਕਿ ਜਿਸ ਦੀ ਮਿਸਾਲ ਦੁਨੀਆਂ ਵਿੱਚ ਹੋਰ ਕਿਧਰੇ ਨਹੀਂ ਮਿਲਦੀ। ਬ੍ਰਾਹਮਣ ਜ਼ਾਤ ਦੀ ਸਰਦਾਰੀ, ਜ਼ਾਤ-ਪਾਤੀ ਸਮਾਜ ਦਾ ਕੇਂਦਰੀ ਸਿਧਾਂਤ ਬਣ ਗਿਆ) [(Max Weber, P-30); Senart, P-18-19, 36, 85); Hutton, P-71; Gart, E.A. : E.R.E. Vol. 3, P-236)।

੧੯. ਜ਼ਾਤ-ਪਾਤੀ ਸਮਾਜ ਵਿੱਚ ਸ਼ਾਮਲ ਹੋਣ ਲਈ, ਬ੍ਰਾਹਮਣ ਵੱਲੋਂ ਪ੍ਰਵਾਨ ਕੀਤੀ ਹੋਈ ਕਿਸੇ ਨਾ ਕਿਸੇ ਜ਼ਾਤ ਵਿੱਚ ਸ਼ਾਮਿਲ ਹੋਣਾ ਜ਼ਰੂਰੀ ਹੈ [(Max Weber, P-29)।

੨੦. ਜੇਕਰ ਬ੍ਰਾਹਮਣ ਕੋਈ ਅਪ੍ਰਾਧ ਕਰ ਬੈਠੇ ਤਾਂ ਉਸ ਦੀ ਸਜ਼ਾ ਬ੍ਰਾਹਮਣ ਨੂੰ ਨਹੀਂ ਬਲਕਿ ਉਸ ਦੇਸ਼ ਦੇ ਰਾਜੇ ਨੂੰ ਮਿਲਣੀ ਚਾਹੀਦੀ ਹੈ ਕਿਉਂਕਿ ਉਸ ਨਾਲਾਇਕ ਨੇ ਬ੍ਰਾਹਮਣ ਦੀਆਂ ਲੋੜਾਂ ਦੀ ਪੂਰਤੀ ਵੱਲ ਉਚਿਤ ਧਿਆਨ ਕਿਉਂ ਨਾ ਦਿੱਤਾ ਜਿਸ ਕਾਰਨ ਬ੍ਰਾਹਮਣ ਨੂੰ ਅਪ੍ਰਾਧ ਕਰਨ ਲਈ ਮਜ਼ਬੂਰ ਹੋਣਾ ਪਿਆ।

੨੧. ਔਰਤ, ਵੈਸ਼ ਅਤੇ ਸ਼ੂਦਰ ਇੱਕੋ ਸ਼੍ਰੇਣੀ ਵਿੱਚ ਰੱਖੇ ਗਏ ਹਨ ਅਤੇ ਇਨ੍ਹਾਂ ਨੂੰ ਰੱਬ ਦੀ ਭਗਤੀ ਕਰਨ ਦਾ ਅਧਿਕਾਰ ਨਹੀਂ (ਭਗਵਤ ਗੀਤਾ, ii, ੩੨)।

੨੨. ਵਿਧਵਾ ਇਸਤਰੀ ਵਿਆਹ ਨਹੀਂ ਕਰ ਸਕਦੀ। (Manu, V, 156-7; ਯਜਨਾਵਾਲਕਯਾ, 1.75)

੨੩. ਬਰ੍ਹਮਾ ਸਾਰੀ ਸ੍ਰਿਸ਼ਟੀ ਨੂੰ ਪੈਦਾ ਕਰਨ ਵਾਲਾ, ਵਿਸ਼ਨੂ ਸ੍ਰਿਸ਼ਟੀ ਨੂੰ ਪਾਲਣ ਵਾਲਾ ਅਤੇ ਸ਼ਿਵਜੀ ਖ਼ਤਮ ਕਰਨ ਵਾਲਾ ਹੈ (ਯਾਨਿ ਕਿ ਰੱਬ ਇੱਕ ਨਹੀਂ, ਤਿੰਨ ਰੱਬ ਹਨ)।

੨੪. ਤੀਰਥ ਇਸ਼ਨਾਨ ਕਰਨੇ, ਬਰਤ ਰੱਖਣੇ, ਸ਼੍ਰਾਧ ਕਰਾਉਂਣੇ, ਬ੍ਰਾਹਮਣਾਂ ਨੂੰ ਦਾਨ ਕਰਨਾ, ਯਗ-ਹਵਨ ਕਰਾਉਂਣੇ, ਸ਼ਗਨ-ਅਪਸ਼ਗਨ, ਲਗਨ (ਮਹੂਰਤ) ਦੀ ਵਿਚਾਰ ਰੱਖਣਾ ਆਦਿ ਜ਼ਰੂਰੀ ਕਰਨਯੋਗ ਧਰਮ-ਕਰਮ, ਹਨ।

੨੫. ਕੋਈ ਵੀ ਮੁੱਖ ਧਾਰਮਕ, ਸਮਾਜਕ ਅਤੇ ਰਾਜਸੀ ਰਸਮ, ਬ੍ਰਾਹਮਣ ਦੀ ਸ਼ਮੂਲੀਅਤ ਤੋਂ ਬਿਨਾਂ ਸਿਰੇ ਨਹੀਂ ਚੜ੍ਹਾਈ ਜਾ ਸਕਦੀ।

੨੬. ਰਾਜਸੀ ਤਾਕਤ ਬ੍ਰਾਹਮਣ ਦੇ ਜ਼ਾਤੀ ਰੁਤਬੇ ਦੇ ਅਧੀਨ ਹੈ। 'ਰਾਜ-ਪ੍ਰੋਹਤ' ਦੀ ਪ੍ਰਵਾਨਗੀ ਤੋਂ ਬਿਨਾਂ ਰਾਜਾ ਪਰਜਾ 'ਤੇ ਰਾਜ ਕਰਨ ਦਾ ਅਧਿਕਾਰੀ ਨਹੀਂ ਬਣ ਸਕਦਾ।





੨੭. **ਜ਼ਾਤ-ਪਾਤੀ ਸਮਾਜਕ ਸਿਸਟਮ ਨੂੰ ਚੁਣੌਤੀ ਦੇਣ ਵਾਲੀਆਂ ਲਹਿਰਾਂ ਜਾਂ ਸ਼ਕਤੀਆਂ ਨੂੰ ਪਹਿਲਾਂ ਘੂਰ ਕੇ ਤਾੜਨਾ ਕੀਤੀ ਜਾਵੇ, ਹਰ ਯੋਗ ਅਤੇ ਅਯੋਗ ਢੰਗ ਨਾਲ ਇਨ੍ਹਾਂ ਦੀ ਹਰ ਪੱਧਰ 'ਤੇ ਵਿਰੋਧਤਾ ਕੀਤੀ ਜਾਵੇ। ਇਨ੍ਹਾਂ ਦੀਆਂ ਧਾਰਮਕ ਅਤੇ ਸਾਹਿਤ ਪੁਸਤਕਾਂ (ਸਮੇਤ ਇਤਿਹਾਸਕ ਪੁਸਤਕਾਂ ਦੇ) ਵਿੱਚ ਭੰਨ ਤੋੜ ਕਰਕੇ ਭੰਬਲਭੂਸੇ ਵਿੱਚ ਪਾਇਆ ਜਾਵੇ ਅਤੇ ਅੰਤ ਵਿੱਚ ਮਨੂੰਵਾਦ ਵਿੱਚ ਸਮੋਇਆ ਜਾਵੇ। ਜੇਕਰ ਅਜਿਹਾ ਕਰਨ ਨਾਲ ਸਫ਼ਲਤਾ ਨਾ ਮਿਲੇ ਤਾਂ ਯੋਗ ਸਮੇਂ 'ਤੇ ਇਨ੍ਹਾਂ ਆਜ਼ਾਦ ਵਿਚਾਰਧਾਰਾਵਾਂ ਨੂੰ ਸਖ਼ਤੀ ਨਾਲ ਕੁਚਲ ਦਿੱਤਾ ਜਾਵੇ।**

੨੮. ਜ਼ਾਤ-ਪਾਤੀ ਸਮਾਜ ਅੰਦਰ, ਬ੍ਰਾਹਮਣ ਨੂੰ "ਗੁਰੂ" ਦੀ ਪਦਵੀ ਹਾਸਿਲ ਹੈ। (ਵਾਰ ਆਸਾ ਮ.੧, ਪੰਨਾ ੪੭੧)।

੨੯. ਵੱਖ-ਵੱਖ ਜ਼ਾਤਾਂ ਦੇ ਲੋਕਾਂ ਵਿਚਕਾਰ ਇਕੱਠੇ ਮਿਲ ਕੇ ਖਾਣ-ਪੀਣ ਦੀ ਖੁੱਲ੍ਹ ਨਹੀਂ।

੩੦. ਜ਼ਾਤ-ਪਾਤੀ ਪ੍ਰਬੰਧ 'ਤੇ ਕਿੰਤੂ ਕਰਨਾ ਘੋਰ ਪਾਪ ਹੈ।

੩੧. ਬਰ੍ਹਮਾ ਦੇ ਮੁੱਖ ਵਿੱਚੋਂ ਬ੍ਰਾਹਮਣ ਪੈਦਾ ਹੋਏ, ਭੁਜਾਵਾਂ ਵਿੱਚੋਂ ਕਸ਼ੱਤਰੀ (ਖੱਤਰੀ), ਪੇਟ ਵਿੱਚੋਂ ਵੈਸ਼ ਅਤੇ ਪੈਰਾਂ ਵਿੱਚੋਂ ਸ਼ੂਦਰ।

੩੨. ਜੋ ਮਨੁੱਖ ਆਪਣੇ ਜ਼ਾਤੀ-ਧਰਮ (ਜ਼ਾਤ ਨਾਲ ਸਬੰਧਤ ਰਸਮਾਂ ਗੀਤਾਂ, ਕਰਮ-ਕਾਂਡ) ਨੂੰ ਨਹੀਂ ਮੰਨਦਾ, ਉਹ ਦੈਂਤ ਦੀ ਜੂਨ ਵਿੱਚ ਪੈਂਦਾ ਹੈ [Manu, xii, 71-72; Mcuie Williams: J.R.A.S. (1866)]।

੩੩. ਇੱਕ ਖ਼ਾਸ ਉਮਰ ਵਿੱਚ (ਤਕਰੀਬਨ 9-10 ਸਾਲ ਦੀ ਉਮਰ ਵਿੱਚ) ਬ੍ਰਾਹਮਣ, ਖੱਤਰੀ ਅਤੇ ਵੈਸ਼ ਵਾਸਤੇ ਜਨੇਊ ਪਹਿਨਣ ਦੀ ਰਸਮ ਕਰਨਾ ਲਾਜ਼ਮੀ ਹੈ ਨਹੀਂ ਤਾਂ ਉਹ ਜ਼ਾਤਿ-ਪਾਤੀ ਸਿਸਟਮ ਵਿੱਚੋਂ ਖ਼ਾਰਜ ਸਮਝਿਆ ਜਾਂਦਾ ਹੈ। ਸ਼ੂਦ੍ਰ ਅਤੇ ਇਸਤਰੀ ਜਨੇਊ ਪਹਿਨਣ ਦੇ ਅਧਿਕਾਰੀ ਨਹੀਂ ਹਨ।

## ਜ਼ਾਤ-ਪਾਤੀ ਸਿਸਟਮ ਬਾਰੇ ਪ੍ਰਸਿੱਧ ਵਿਦਵਾਨਾਂ ਦੀ ਰਾਏ

"ਨਿਚੋੜ ਇਹ ਹੈ ਕਿ ਬ੍ਰਾਹਮਣਾਂ ਨੇ ਸੁਚੇਤ ਤੌਰ 'ਤੇ ਜ਼ਾਤ-ਪਾਤੀ ਵਿਚਾਰਧਾਰਾ ਘੜੀ, ਧਾਰਮਕ ਪੁਸਤਕਾਂ ਤੇ ਸਾਹਿਤ ਵਿੱਚ ਭੰਨ-ਤੋੜ ਅਤੇ ਹੇਰਾ-ਫੇਰੀ ਕੀਤੀ ਅਤੇ ਰਵਾਇਤਾਂ ਨੂੰ ਅਦਲਿਆ ਬਦਲਿਆ। ਏਸੇ ਸਦਕਾ, ਉਹ ਧਾਰਮਕ ਅਤੇ ਭਾਈਚਾਰਕ ਖੇਤਰ ਦਾ ਧੁਰਾ ਬਣ ਗਏ ਅਤੇ ਰਾਜਸੀ ਤਾਕਤ ਉਤੇ ਭਾਰੂ ਹੋ ਗਏ।... ਜ਼ਾਤ-ਪਾਤੀ ਸਿਸਟਮ ਨੇ ਬ੍ਰਾਹਮਣ ਜ਼ਾਤੀ ਦੇ ਲਾਭਾਂ ਦੀ ਸੇਵਾ ਕੀਤੀ ਅਤੇ ਬ੍ਰਾਹਮਣਾਂ ਨੇ ਇਸ ਪ੍ਰਬੰਧ ਨੂੰ ਕਾਇਮ ਰੱਖਣ ਲਈ ਪੂਰੇ ਤਾਣ ਲਾਏ। ਉਨ੍ਹਾਂ ਨੇ ਧਰਮ-ਗ੍ਰੰਥਾਂ ਦੇ ਅਧਿਕਾਰ, ਰਵਾਇਤ, ਰਿਵਾਜ, ਰਸਮ, ਰੀਤ, ਅਵਤਾਰ-ਸਿਧਾਂਤ, ਧਰਮ ਦੇ ਵਿਚਾਰ, ਸੁੱਚ-ਭਿੱਟ ਆਦਿ, ਸੱਭ ਦੀ ਵਰਤੋਂ ਆਪਣੇ ਲਾਭਾਂ ਲਈ ਤੇ ਸਮਾਜ ਦੀ ਜ਼ਾਤ-ਪਾਤੀ ਬਣਤਰ ਪੱਕਿਆਂ ਕਰਨ

ਲਈ ਕੀਤੀ। **ਅਸਲ ਵਿੱਚ, ਸਮਾਜ ਦੀ ਜ਼ਾਤ-ਪਾਤੀ ਬਣਤਰ, ਬ੍ਰਾਹਮਣਾਂ ਦੇ ਜ਼ਾਤੀ-ਲਾਭ ਅਤੇ ਜ਼ਾਤੀ-ਸਿਧਾਂਤ ਇੱਕ ਦੂਜੇ ਵਿੱਚ ਇਸ ਤਰ੍ਹਾਂ ਘੁਲ-ਮਿਲ ਗਏ ਕਿ ਇਹ ਦੱਸਣਾ ਵੀ ਮੁਸ਼ਕਲ ਹੋ ਗਿਆ ਕਿ ਕਿੱਥੋਂ ਕਿਹੜਾ ਸ਼ੁਰੂ ਹੁੰਦਾ ਹੈ ਤੇ ਕਿੱਥੇ ਖ਼ਤਮ ਹੁੰਦਾ ਹੈ। ਇਸ ਤਰ੍ਹਾਂ ਇਨ੍ਹਾਂ ਸੱਭ ਕੜੀਆਂ ਨੇ ਮਿਲ ਕੇ ਸਮਾਜਕ-ਪਿਛਾਖੜ ਦੀ ਇੱਕ ਨਾ-ਖੋਲ੍ਹੀ ਜਾ ਸਕਣ ਵਾਲੀ ਗੁੰਝਲਦਾਰ ਤੇ ਪੀਡੀ ਗੰਢ ਬੰਨ੍ਹ ਦਿੱਤੀ। ਕੋਈ ਵੀ ਅਗਾਂਹ-ਵਧੂ ਲਹਿਰ ਜਿਸਦਾ ਨਿਸ਼ਾਨਾ ਸਮਾਜਕ ਤਰੱਕੀ ਹੋਵੇ, ਇਸ ਗੁੰਝਲਦਾਰ ਗੰਢ ਨੂੰ ਖੋਲ੍ਹੇ ਜਾਂ ਕੱਟੇ ਬਗ਼ੈਰ ਅੱਗੇ ਕਦਮ ਨਹੀਂ ਸੀ ਪੁੱਟ ਸਕਦੀ।........** ਹੋਰਨਾਂ ਦੇਸ਼ਾਂ ਵਿੱਚ ਨਸਲੀ ਮਿਲਾਵਟ ਦੇ ਨਾਲ-ਨਾਲ ਨਸਲੀ ਤੁਅੱਸਬ ਘਟਦੇ ਰਹੇ ਹਨ, ਵਧਦੇ ਉੱਕਾ ਹੀ ਨਹੀਂ ਰਹੇ। **ਫਿਰ ਕੇਵਲ ਭਾਰਤ ਵਿੱਚ ਹੀ ਇਹ ਗੰਗਾ ਉਲਟੀ ਕਿਉਂ ਚੱਲੀ? ਇਹ ਉਲਟੀ ਚਾਲ ਬ੍ਰਾਹਮਣਵਾਦ ਦੀ ਆਪਣੀ ਗ਼ੈਰ-ਕੁਦਰਤੀ ਘਾੜਤ ਸੀ। ਇਹੋ ਭੇਦ ਹੈ ਜਿਸ ਨੂੰ ਅਸਾਂ ਸਮਝਣਾ ਹੈ। ਜੇ ਜ਼ਾਤ-ਪਾਤੀ ਸਿਰਫ਼ ਆਰੀਆ ਨਸਲ ਦੇ ਲਾਭ ਨੂੰ ਹੀ ਮੁੱਖ ਰੱਖ ਕੇ ਬਣੀ ਹੁੰਦੀ ਤਾਂ ਖੱਤਰੀਆਂ, ਵੈਸ਼ਾਂ ਤੇ ਆਰੀਆ ਇਸਤਰੀਆਂ ਨੂੰ ਕਿਉਂ ਛੁਟਿਆਇਆ ਗਿਆ? ਇਹ ਇੱਕ ਮੰਨੀ ਹੋਈ ਇਤਿਹਾਸਕ ਸਚਾਈ ਹੈ ਕਿ ਬ੍ਰਾਹਮਣਾਂ ਅਤੇ ਖੱਤਰੀਆਂ ਵਿਚਾਲੇ, ਉਪੱਰਲਾ ਦਰਜਾ ਹਾਸਿਲ ਕਰਨ ਖ਼ਾਤਰ, ਲੰਮੇ ਸਮੇਂ ਤੱਕ ਘੋਲ ਚਲਦਾ ਰਿਹਾ, ਜਿਸ ਵਿੱਚ ਆਖ਼ਰ ਖੱਤਰੀਆਂ ਨੂੰ ਹਾਰ ਹੋਈ, ਉਨ੍ਹਾਂ ਦੀ ਸਮਾਜਕ ਤਾਕਤ ਲਗਭਗ ਖ਼ਤਮ ਹੋ ਗਈ"** (ਜਗਜੀਤ ਸਿੰਘ: ਸਿੱਖ ਇਨਕਲਾਬ, ਪੰਨੇ: 21, 44, 48, 50, 51)।

"ਜ਼ਾਤ-ਪਾਤੀ ਦਾ ਜੋ ਗਿਰਾਵਟੀ ਚੱਕਰ ਚੱਲਿਆ, ਇਸ ਦੇ ਦੋ ਪਹਿਲੂ ਖ਼ਾਸ ਧਿਆਨਯੋਗ ਹਨ। ਪਹਿਲਾ, 'ਭਾਈਚਾਰਕ ਪਿੱਛਾਂ-ਖਿੱਚੂ ਸ਼ਕਤੀ', ਜ਼ਾਤ-ਪਾਤੀ ਸੁਸਾਇਟੀ ਨੂੰ ਚਲਾਉਣ ਵਾਲੀ ਇੱਕ ਸਦੀਵੀ ਕਾਇਮ ਰਹਿਣ ਵਾਲੀ ਸ਼ਕਤੀ ਬਣ ਗਈ। ਦੂਜਾ, ਜ਼ਾਤ-ਪਾਤੀ ਪ੍ਰਬੰਧ ਬੰਦਿਆਂ ਅਤੇ ਗਰੁੱਪਾਂ ਨੂੰ ਨੀਵੇਂ ਕਰੀ ਜਾਣ ਵਾਲੀ ਤੇ ਆਪਣੇ ਹੀ ਬਲ ਨਾਲ ਚੱਲੀ ਜਾਣ ਵਾਲੀ ਐਸੀ ਮਸ਼ੀਨ ਬਣ ਗਈ,. ਜਿਸ ਨੂੰ ਬਾਹਰੋਂ ਧੱਕਾ ਲਾਉਂਣ ਦੀ ਲੋੜ ਨਹੀਂ ਸੀ... **ਜ਼ਾਤ-ਪਾਤ ਪ੍ਰਬੰਧ ਦੀ ਆਪਣੀ ਬਣਤਰ ਦੀ ਰਗ-ਰਗ ਵਿੱਚ ਹੀ ਪਿਛਾਂਹ-ਖਿੱਚੂ ਅਸਲਾ ਭਰਪੂਰ ਸੀ। ਉਸ ਨੇ ਹਰ ਇੱਕ (ਜੋ ਵੀ ਇਸ ਦੀ ਮਾਰ ਥੱਲੇ ਆਇਆ) ਨੂੰ ਨੀਵਿਆਂ ਕੀਤਾ...** ਇੱਕ ਵੇਰ ਜਦ ਬ੍ਰਾਹਮਣ ਜ਼ਾਤੀ ਦੀ ਪ੍ਰਧਾਨਗੀ ਸਥਾਪਤ ਹੋ ਗਈ, ਤਾਂ ਜ਼ਾਤਾਂ ਵਿਚਕਾਰ ਮੁਕਾਬਲੇ ਨਾਲੋਂ, ਉੱਪ-ਜ਼ਾਤੀਆਂ ਵਿਚਕਾਰ ਘੋਲ ਵਧੇਰੇ ਤਿੱਖਾ ਹੋ ਗਿਆ। ਇੱਥੋਂ ਤੱਕ ਕਿ ਬ੍ਰਾਹਮਣ ਜ਼ਾਤ ਵੀ ਉੱਚੀਆਂ ਤੇ ਨੀਵੀਆਂ ਉੱਪ-ਜ਼ਾਤਾਂ ਵਿੱਚ ਵੰਡੀ ਗਈ। **ਨਤੀਜਾ ਇਹ ਹੋਇਆ ਕਿ ਜ਼ਾਤ-ਪਾਤੀ ਸਮਾਜ ਤਿੰਨ ਹਜ਼ਾਰ ਤੋਂ ਉੱਪਰ ਦਰਜਿਆਂ-ਬਦਰਜਿਆਂ ਵਿੱਚ ਵੰਡਿਆ ਗਿਆ। ਇਸ ਤਰ੍ਹਾਂ ਜ਼ਾਤ-ਪਾਤੀ ਪ੍ਰਬੰਧ ਨੇ ਬੰਦਿਆਂ ਤੇ ਗਰੁੱਪਾਂ ਨੂੰ ਨੀਵਿਆਂ ਕਰੀ ਜਾਣ ਵਾਲੇ ਇਕ ਰੋੜ੍ਹ ਦੀ ਸ਼ਕਲ ਧਾਰਨ ਕਰ ਲਈ"** (ਜਗਜੀਤ ਸਿੰਘ, ਸਿੱਖ ਇਨਕਲਾਬ, ਪੰ.੧੫,੧੬)।

**ਵੇਦ:** "ਹਿੰਦੂ-ਮੱਤ" ਦੇ ਜੋ ਕੁੱਝ ਵੀ ਲੋਕ ਅਤੇ ਪ੍ਰਲੋਕ ਦੇ ਸਿਲਸਿਲੇ ਵਿੱਚ ਬੁਨਿਆਦੀ ਵੀਚਾਰ ਹਨ, ਉਨ੍ਹਾਂ ਦਾ ਵੇਦਾਂ ਵਿੱਚ ਕੋਈ ਜ਼ਿਕਰ ਨਹੀਂ ਮਿਲਦਾ। ਵੇਦ ਤਾਂ





'ਹਿੰਦੂ-ਵਾਦੀ' ਧਰਮ ਦੇ ਉਲਟ ਹਨ"... "ਰਿਗ ਵੇਦ ਦੇ ਭਜਨਾਂ ਦੇ ਰਚਨ ਵਾਲੇ ਇਨ੍ਹਾਂ ਨੂੰ ਉੱਚਪਾਇ ਦੀ ਕਿਰਤ ਜਤਲਾਉਂਦੇ ਸਨ ਪਰ ਉਹ ਇਨ੍ਹਾਂ ਨੂੰ ਰੱਬੀ-ਕਿਰਤ ਨਹੀਂ ਮੰਨਦੇ ਸਨ, ਕਿਉਂਕਿ ਇਨ੍ਹਾਂ ਨੂੰ ਉਹ ਆਮ ਤੌਰ 'ਤੇ ਆਪਣੇ ਮਨ ਦੀ ਰਚਨਾ ਹੀ ਕਹਿੰਦੇ ਸਨ।" [Muir, J.:J.R.A.S. (1866), P-260]।

**ਮਨੂੰ ਦਾ ਧਰਮ ਸ਼ਾਸਤਰ- ਮਨੂੰ ਸਿੰਮ੍ਰਿਤਿ:** "ਇਨ੍ਹਾਂ ਸ਼ਾਸਤਰਾਂ ਨੇ ਵੈਸ਼ਾਂ ਅਤੇ ਔਰਤਾਂ ਦੀ ਦਸ਼ਾ ਨਿੱਘਰੀ ਕਰ ਦਿੱਤੀ ਅਤੇ ਨਿਆਂ ਦੇ ਸਾਰੇ ਨੇਮਾਂ ਨੂੰ ਤਲਾਂਜਲੀ ਦੇ ਕੇ ਸਜ਼ਾ-ਪ੍ਰਣਾਲੀ ਨੂੰ ਸ਼ੂਦਰਾਂ ਦੇ ਵਿਰੁੱਧ ਅਤੇ ਬ੍ਰਾਹਮਣਾਂ ਦੇ ਹੱਕ ਵਿੱਚ ਕਰ ਦਿੱਤਾ".... ਮਨੂੰ-ਸਿੰਮ੍ਰਿਤਿ ਦਾ ਆਕਾਰ ਛੋਟਾ ਕੀਤਾ ਗਿਆ ਅਤੇ ਪੁਰਾਣੇ ਗ੍ਰੰਥ (ਪਾਠ) ਵਿੱਚ ਨਵੇਂ ਪਿਛਾਂਹ-ਖਿੱਚੂ ਕਾਨੂੰਨ ਘਸੋੜੇ ਗਏ" [Dutta, B.H.: Journal of Bihar and Orissa Research Society, Part-I, P-363]।

**ਉਪਨਿਸ਼ਦਾਂ:** "ਸੱਭ ਤੋਂ ਪਹਿਲਾਂ ਉਪਨਿਸ਼ਦਾਂ ਨੇ ਵੇਦਿਕ ਪ੍ਰੰਪਰਾ ਨਾਲੋਂ ਨਿਖੇੜਾ ਕੀਤਾ"... "ਇਹ ਬਲੀ ਦੇਣ ਅਤੇ ਗੀਤਾਂ ਪੂਰੀਆਂ ਕਰਨ ਵਾਲੇ ਵੈਦਿਕ-ਮੱਤ ਨਾਲੋਂ ਅਸੂਲੀ ਤੌਰ 'ਤੇ ਵਖਰੀ ਹੋਈ"... "ਉਪਨਿਸ਼ਦਾਂ ਨੂੰ ਬ੍ਰਾਹਮਣਾਂ ਨੇ ਪਹਿਲੋਂ ਆਪਣੀ ਉਸੇ ਵਿਚਾਰਧਾਰਾ ਦੀ ਰੰਗਤ ਦੇ ਦਿੱਤੀ ਜਿਸ ਦਾ ਉਪਨਿਸ਼ਦਾਂ ਵਿੱਚ ਵਿਰੋਧ ਕੀਤਾ ਗਿਆ ਸੀ ਅਤੇ ਫਿਰ ਆਪਣੇ ਪੁਰਾਤਨ ਵਿਦਿਅਕ ਸਾਹਿਤ ਵਿੱਚ ਸਮੋ ਲਿਆ। ਆਤਮਾ ਅਤੇ ਜਗਤ ਦੀ ਡੂੰਘੀ ਅਸਲੀਅਤ ਬਾਰੇ ਉਪਨਿਸ਼ਦਾਂ ਦੇ ਧਾਰਮਿਕ ਨਿਰਣਿਆਂ ਨਾਲ ਬ੍ਰਾਹਮਣ ਗ੍ਰੰਥਾਂ ਦੇ ਉਹ ਮੰਤਰ ਅਤੇ ਗੁਰ (ਫ਼ਾਰਮੂਲੇ) ਘੋਲ-ਮੇਲ ਲਏ ਗਏ ਜੋ ਬਲੀਆਂ ਅਤੇ ਰਸਮਾਂ ਅਦਾ ਕਰਨ ਨੂੰ ਸਹੀ ਕਰਾਰ ਦਿੰਦੇ ਸਨ ਜਾਂ ਉਨ੍ਹਾਂ ਦੇ ਨੇਮ ਘੜਦੇ ਸਨ [Winternitz : History of Indian Culture, Tras. by Mrs. S. Ketkar; Bharatiya : Vol. I, P-472, 229, 472-73; Deussen, P. : The Philosophy of the Upnishdas, P-21]।

ਬ੍ਰਾਹਮਣਾਂ ਦੀ ਇਸ ਸਾਜਿਸ਼ ਦੀ ਮਿਸਾਲ ਹੇਠਾਂ ਦਿੱਤੀ ਜਾ ਰਹੀ ਹੈ :-

"ਉਪਨਿਸ਼ਦਾਂ ਵਿਚਲੇ ਅਸਲੀ ਗਿਆਨ ਦੀ ਨੀਂਹ ਹੈ ਤਪੱਸਿਆ, ਆਪਣੇ ਆਪ ਉਤੇ ਕਾਬੂ ਤੇ ਗੀਤਾਂ'। ਵੇਦਾਂ ਰਾਹੀਂ ਇਨ੍ਹਾਂ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ, ਸਚਾਈ ਤੱਤ ਹੈ"... "ਗੀਤਾਂ ਦਾ ਗਿਆਨ ਰਿਸ਼ੀਆਂ ਨੂੰ ਹੋਇਆ ਸੀ ਅਤੇ ਇਹ ਵੇਦਾਂ ਦੇ ਮੰਤਰਾਂ ਨਾਲ ਜੁੜੀਆਂ ਸਨ, ਸਹੀ ਗੱਲ ਇਹੀ ਹੈ"... "ਦੇਵਤਿਆਂ ਅਤੇ ਵੱਡੇ-ਵਡੇਰਿਆਂ ਦੇ ਸਨਮਾਨ ਵਿੱਚ ਗੀਤਾਂ ਪੂਰੀਆਂ ਕਰਨ ਤੋਂ ਉੱਕਣਾ ਨਹੀਂ ਚਾਹੀਦਾ"। ਇਸ ਕਿਸਮ ਦੇ ਇਹ ਕਥਨ ਇੱਕਾ-ਦੁੱਕਾ ਨਹੀਂ, ਬਹੁਤ ਸਾਰੇ ਹਨ। ਵਾਰਤਕ ਵਿੱਚ ਲਿਖੇ ਹੋਏ ਉਪਨਿਸ਼ਦਾਂ ਵਿੱਚ ਪੂਰੇ ਦੇ ਪੂਰੇ ਕਾਂਡ ਅਜਿਹੇ ਮਿਲਦੇ ਹਨ ਜਿਨ੍ਹਾਂ ਵਿੱਚ ਉਪਨਿਸ਼ਦਾਂ ਦੀ ਵਿਚਾਰਧਾਰਾ ਵਾਲੀ ਗੱਲ ਬੜੀ ਘੱਟ ਹੈ। ਉਹ ਬਿਲਕੁਲ ਬ੍ਰਾਹਮਣ-ਗ੍ਰੰਥ ਹੀ ਪਰਤੀਤ ਹੁੰਦੇ ਹਨ। ਉਨ੍ਹਾਂ (ਉਪਨਿਸ਼ਦਾਂ) ਵਿੱਚ ਕਰਨਯੋਗ ਰਸਮਾਂ ਦਾ ਜ਼ਿਕਰ ਹੈ ਅਤੇ ਇਨ੍ਹਾਂ ਰਸਮਾਂ ਵਿੱਚ ਪੜ੍ਹੇ ਜਾਣ ਵਾਲੇ ਮੰਤਰਾਂ ਤੇ ਉਨ੍ਹਾਂ ਦੀ ਵਿਆਖਿਆ ਹੈ। ਇਸ ਤੋਂ ਸਿਵਾਏ ਹੋਰ ਕੁੱਝ ਨਹੀਂ" [Chattopadhya, B.K. : J.R.A.S.B. (Third Series), Vol. 17; Ke. UP.I. 1.3);

(Chattopadhya, B.K.:Mu UP. 1.2.1); Chattopadhya, B.K. : Tai UP.1.11.2); Bhattacharjee, U.C. : J. and P.A.S.B. (New Series) Vol. 22; P-20] I

**ਰਮਾਇਣ**: "ਇਹ ਇੱਕ ਮਿਥਿਹਾਸਕ ਨਾਵਲ ਕਰ ਕੇ ਪ੍ਰਸਿੱਧ ਹੈ ਅਤੇ ਇਸ ਦੇ ਲੇਖਕ ਬਾਲਮੀਕੀ ਬਾਰੇ ਕਹਾਵਤ ਹੈ ਕਿ ਉਹ "ਕੋਲੀ" ਜ਼ਾਤ ਦਾ ਸੀ। ਇਹ ਜ਼ਾਤ ਬੰਬਈ ਦੇ ਸਮੁੰਦਰ ਦੇ ਕੰਢੇ ਉਨ੍ਹਾਂ ਆਦਿਵਾਸੀ ਫ਼ਿਰਕਿਆਂ ਵਿੱਚੋਂ ਇੱਕ ਹੈ, ਜਿਨ੍ਹਾਂ ਨੂੰ ਬੜੀ ਘਿਰਣਾ ਕੀਤੀ ਜਾਂਦੀ ਹੈ। ਰਾਮਾਇਣ ਵਿੱਚੋਂ ਅਵਤਾਰਵਾਦ (ਬ੍ਰਾਹਮਣ ਦੇ ਰੱਬ ਦੇ ਜਨਮ ਲੈਣ ਦਾ ਸਿਧਾਂਤ) ਦੇ ਸਿਧਾਂਤ ਨੂੰ ਪਿਛੋਕੜ ਨਾਲ ਜੋੜ ਕੇ ਜ਼ਾਤ-ਪਾਤੀ ਪ੍ਰਬੰਧ ਨੂੰ ਈਸ਼ਵਰੀ ਪ੍ਰਵਾਨਗੀ ਲੈਣ ਵਾਸਤੇ ਅਵਤਾਰਾਂ ਦੇ ਅਧਿਕਾਰ ਨੂੰ ਵਰਤਿਆ ਗਿਆ। ਭਗਵਾਨ ਰਾਮ ਬਾਰੇ ਇਹ ਕਿਹਾ ਗਿਆ ਕਿ ਉਨ੍ਹਾਂ ਨੇ ਇੱਕ ਸ਼ੂਦਰ ਰਿਸ਼ੀ 'ਸ਼ੰਭੂਕ' ਦਾ ਸਿਰ ਇਸ ਵਾਸਤੇ ਕੱਟ ਦਿੱਤਾ ਸੀ ਕਿ ਉਹ ਅਜਿਹੀਆਂ ਧਾਰਮਕ ਰਸਮਾਂ ਅਦਾ ਕਰ ਰਿਹਾ ਸੀ ਜੋ ਉਸ ਦੀ ਜ਼ਾਤ ਲਈ ਵਰਜਿਤ ਸਨ" (Senart, P-100) "ਰਾਮਾਇਣ ਤੇ ਪੌਰਾਣ (ਸਮੇਤ ਮਹਾਂਭਾਰਤ) ਝੂਠੀਆਂ ਕਾਲਪਨਿਕ, ਚਮਤਕਾਰਕ ਪੁਸਤਕਾਂ ਹਨ" (ਡਾ. ਸ਼ਰਵਪੱਲੀ ਰਾਧਾ ਕ੍ਰਿਸ਼ਨਨਃ ਭਾਰਤੀ ਦਰਸ਼ਨ, ਜਿਲਦ ਇੱਕ ਸਫਾ-੭)। "ਬ੍ਰਾਹਮਣ ਮਰੇ ਹੋਏ ਵਿਦੇਸ਼ੀ ਰਾਜਿਆਂ ਰਾਮ, ਸ਼ੰਕਰ, ਕ੍ਰਿਸ਼ਨ ਦੀਆਂ ਮੂਰਤੀਆਂ ਮੰਦਰਾਂ ਵਿੱਚ ਰੱਖ ਕੇ, ਉਨ੍ਹਾਂ ਦੀ ਪੂਜਾ ਕਰਵਾਉਂਦੇ ਹਨ ਅਤੇ ਆਪਣੀ ਰੋਜ਼ੀ ਰੋਟੀ ਚਲਾਉਣ ਲਈ ਜਨਤਾ ਨੂੰ ਲੁਟਦੇ ਹਨ।" (ਜਵਾਹਰ ਲਾਲ ਨਹਿਰੂਃ ਡਿਸਕਵਰੀ ਆਫ਼ ਇੰਡੀਆ, ਪੰ.੧੪੩)।

**ਮਹਾਂਭਾਰਤ** : "ਅਜੋਕੇ ਮਹਾਂਭਾਰਤ ਬਾਰੇ ਸ਼ੱਕ ਨਹੀਂ ਕਿ ਇਹ ਵਿਆਸ ਰਿਸ਼ੀ ਦੀ ਪਹਿਲੀ ਤੇ ਮੌਲਿਕ ਇਤਿਹਾਸਕ ਰਚਨਾ ਦਾ ਬਦਲਿਆ ਹੋਇਆ ਰੂਪ ਹੈ, ਜਿਸ ਨੂੰ 'ਵੈਸ਼ਮਪਾਯਾਨੀ' ਨੇ ਤਰਤੀਬ ਦਿੱਤੀ ਅਤੇ ਦੂਜੀ ਵਾਰ ਟਿੱਪਣੀਆਂ ਅਤੇ ਵਾਧਿਆਂ ਸਮੇਤ 'ਸੌਤੀ' ਨੇ ਇਸ ਨੂੰ ਜਾਰੀ ਕੀਤਾ" [Vaidya, C.V. : The Mahabharta, a criticism, P-7] I

"ਅੰਦਾਜ਼ਾ ਇਹ ਹੈ ਕਿ ਬੁੱਧ ਮੱਤ ਦਾ ਮੁਕਾਬਲਾ ਕਰਨ ਲਈ ਅਜਿਹੇ ਵਾਧੇ ਘਾਟੇ ਕੀਤੇ ਗਏ, ਕਿਉਂਕਿ ਸਾਰੇ ਹੀ ਮਹਾਂਭਾਰਤ ਵਿੱਚ, "ਧਰਮ ਦੀ ਮਨੌਤ" ਅਤੇ "ਬ੍ਰਾਹਮਣ ਦੀ ਅਧੀਨਗੀ" ਮੰਨਣ ਲਈ ਲਗਾਤਾਰ ਤਾੜਨਾ ਕੀਤੀ ਗਈ ਹੈ।" (ibid) ਮਹਾਂਭਾਰਤ ਵਿੱਚ ਕਿਹਾ ਗਿਆ ਹੈ ਕਿ (੧.੨੬੯) ਜਦ ਦੇਵਤੇ ਤੱਕੜੀ ਦੇ ਇੱਕ ਛਾਬੇ ਵਿੱਚ ਚਾਰੇ ਵੇਦਾਂ ਨੂੰ ਰਖਦੇ ਹਨ ਤੇ ਦੂਜੇ ਛਾਬੇ ਵਿੱਚ ਇਕੱਲੇ ਮਹਾਂਭਾਰਤ ਨੂੰ, ਤਾਂ ਮਹਾਂਭਾਰਤ ਵਾਲਾ ਪਾਸਾ ਭਾਰਾ ਹੁੰਦਾ ਹੈ। ਅਗਨੀ ਪੌਰਾਣ (੧,੮-੧੧) ਦਾਅਵਾ ਕਰਦਾ ਹੈ ਕਿ ਉਸ ਵਿੱਚ ਮਹਾਨ ਬ੍ਰਹਮ ਗਿਆਨ ਅਕਾਸ਼ਬਾਣੀ ਹੈ ਪਰ ਵੇਦ ਉਸੇ ਦਾ ਇੱਕ ਹਲਕਾ ਜਿਹਾ ਪ੍ਰਗਟਾਵਾ ਹਨ। ਭਗਵਤ ਗੀਤਾ ਵਿੱਚ ਵੀ ਇਸਦੇ ਨਾਲ ਮਿਲਦੀ ਜੁਲਦੀ ਗੱਲ ਕਹੀ ਗਈ ਹੈ" [Barth, K. : The Religions of India, Foot Note on P-154] I

**ਭਗਵਤ ਗੀਤਾ**: "ਜਿਸ ਰੂਪ ਵਿੱਚ ਭਗਵਤ ਗੀਤਾ ਅੱਜ ਮਿਲਦੀ ਹੈ, ਇਸ





ਦਾ ਰੂਪ ਵੱਖ-ਵੱਖ ਲੇਖਕਾਂ ਨੇ ਬਣਾਇਆ, ਕਿਉਂਕਿ ਇਸ ਵਿੱਚ ਜੋ ਆਪਸੀ-ਵਿਰੋਧ ਵਾਲੇ ਸਿਧਾਂਤ ਨਜ਼ਰ ਆਉਂਦੇ ਹਨ, ਉਨ੍ਹਾਂ ਦਾ ਅਸਲੀ ਕਾਰਨ ਇਹੀ ਹੋ ਸਕਦਾ ਹੈ।" "ਸੱਭ ਤੋਂ ਵੱਡਾ ਸਬੂਤ ਇਹ ਹੈ ਕਿ ਉਸ ਸਮੇਂ ਜਦ ਕਿ ਭਾਗਵਤ ਵਾਲਿਆਂ ਦਾ ਬ੍ਰਾਹਮਣਵਾਦ ਵਿੱਚ ਮੇਲ ਹੋਇਆਂ ਦੇਰ ਹੋ ਚੁੱਕੀ ਸੀ ਤਾਂ ਵੀ ਸ਼ੰਕਰਾਚਾਰੀਆ ਮੁਤਾਬਿਕ ਇਸ ਵਿਚਲੇ (ਭਾਗਵਤਵਾਦ) ਦਾ ਅਸਲਾ ਵੇਦ-ਵਿਰੋਧੀ ਸੀ।" [Hopkins and Holtzman cited by U.G. Utgikar, I.A. Vol. 47, PP-1-8); utgikar, W.H. : I.A. Vol. 47] I

**ਪੌਰਾਣ** : "ਨਵੀਨ ਬ੍ਰਾਹਮਣਵਾਦ ਦੋ ਤਰੀਕਿਆਂ ਨਾਲ ਵਧਿਆ। ਪਹਿਲਾ, ਅਵਤਾਰਾਂ ਦੀ ਇੱਕ ਪਾਲ ਘੜੀ ਗਈ, ਖ਼ਾਸ ਕਰ ਕੇ ਰਾਮਾਇਣ, ਮਹਾਂਭਾਰਤ ਤੇ ਪੌਰਾਣਾਂ ਦੀ ਮਦਦ ਨਾਲ, ਜਿਨ੍ਹਾਂ ਬਾਰੇ ਕਥਾ-ਕਹਾਣੀਆਂ ਪ੍ਰਚੱਲਤ ਰਵਾਇਤ ਵਿੱਚੋਂ ਜਾਂ ਲੋਕ-ਕਥਾਵਾਂ ਵਿੱਚੋਂ ਲਈਆਂ ਗਈਆਂ ਜਾਂ ਰਵਾਇਤ ਦੇ ਜੋੜ-ਤੋੜ ਵਿੱਚੋਂ ...। ਦੂਜਾ, ਬ੍ਰਾਹਮਣੀ ਘੇਰੇ ਤੋਂ ਬਾਹਰ ਦੀਆਂ ਨਸਲਾਂ ਵਿੱਚੋਂ ਦੇਵਤਿਆਂ, ਧਾਰਮਕ ਕਥਾਵਾਂ ਤੇ ਪਰਥਾਵਾਂ ਨੂੰ ਅਪਣਾਇਆ ਗਿਆ" (ਮੁੱਖ ਤੌਰ 'ਤੇ ਅਠਾਰਾਂ ਪੌਰਾਣਾਂ ਦਾ ਜ਼ਿਕਰ ਮਿਲਦਾ ਹੈ)। ਇਹ ਅਲੱਗ-ਅਲੱਗ ਸਮੇਂ ਵਿੱਚ ਅਲੱਗ-ਅਲੱਗ ਲੇਖਕਾਂ ਵੱਲੋਂ ਲਿਖੇ ਗਏ। ਸ਼ਾਤਰ ਬ੍ਰਾਹਮਣੀ ਦਿਮਾਗ਼ ਨੇ ਇਨ੍ਹਾਂ ਵਿੱਚ ਵੀ, ਆਪਣਾ ਉੱਲੂ ਸਿੱਧਾ ਕਰਨ ਲਈ, ਲੋੜ ਅਨੁਸਾਰ ਤਬਦੀਲੀਆਂ ਕਰ ਲਈਆਂ। ਇਸ ਵਿਗਾੜ ਦਾ ਇੱਕ ਪ੍ਰੱਤਖ ਸਬੂਤ ਇਹ ਹੈ ਕਿ ਭਾਵੇਂ ਇਹ ਵੱਖ-ਵੱਖ ਸਮੇਂ ਵਿੱਚ ਰਚੇ ਗਏ, ਪਰ ਸਾਰੇ ਹੀ ਪੌਰਾਣਾਂ ਵਿੱਚ (ਹਰੇਕ ਅੰਦਰ) ਸਾਰੇ ਹੀ ਮੁੱਖ ਅਠਾਰਾਂ ਪੌਰਾਣਾਂ ਦੇ ਨਾਮ, ਹਰੇਕ ਦੇ ਅੰਦਰਲੇ ਪਾਠ ਵਿੱਚ ਮਿਲਦੇ ਹਨ)।" ਪ੍ਰੋਫ਼ੈਸਰ ਵਿਲਸਨ ਦੀ ਰਾਇ ਹੈ ਕਿ ਪੁਰਾਣੇ ਤੋਂ ਪੁਰਾਣਾ ਪੌਰਾਣ-ਗ੍ਰੰਥ ਅੱਠਵੀਂ ਜਾਂ ਨੌਂਵੀਂ ਸਦੀ ਤੋਂ ਪਹਿਲਾਂ ਦਾ ਨਹੀਂ ਅਤੇ ਨੇੜੇ ਤੋਂ ਨੇੜੇ ਦਾ, ਤਿੰਨ-ਚਾਰ ਸਦੀਆਂ ਪਹਿਲਾਂ ਦਾ ਹੋਵੇਗਾ" [(Crooke, W, : E.R.E. Vol. 6, P-698); Sykes, W.H. : J.R.A.S., Vol. 6, P-445); Max Weber, P-144] I

"ਜਿਵੇਂ ਅੱਜ ਪੰਜਾਬ ਵਿੱਚ ਮਿਰਜ਼ਾ-ਸਾਹਿਬਾਂ, ਸੱਸੀ-ਪੁੰਨੂ, ਹੀਰ-ਰਾਂਝਾ, ਸੋਹਣੀ-ਮਹੀਵਾਲ ਦੇ ਕਿੱਸੇ ਮਕਬੂਲ ਹੋਣ ਮਗਰੋਂ ਤਵਾਰੀਖ਼ ਜਾਪਣ ਲੱਗ ਪਏ ਹਨ, ਇੰਞ ਹੀ ਉੱਤਰ ਪ੍ਰਦੇਸ਼, ਮੱਧ-ਪ੍ਰਦੇਸ਼ ਬਿਹਾਰ ਵਿੱਚ ਮਹਾਂਭਾਰਤ ਤੇ ਰਮਾਇਣ ਕਾਵਿ-ਨਾਵਲ ਪਹਿਲਾਂ ਤਾਂ ਖਿਆਲੀ (ਕਾਲਪਨਿਕ) ਕਹਾਣੀਆਂ ਤੋਂ 'ਮਿਥਹਾਸ' ਬਣੇ ਤੇ ਫੇਰ 'ਤਵਾਰੀਖ਼' ਵਜੋਂ ਪ੍ਰਚਾਰੇ ਜਾਣ ਲੱਗ ਪਏ। ਸੰਨ 500 ਸਾਲ 'ਪੁਰਾਣਾ ਕਾਲ' (ਜਿਸ ਨੂੰ ਈਸਾਈ ਬੀ.ਸੀ. ਲਿਖਦੇ ਹਨ ਤੇ ਦੂਜੇ ਲੋਕ ੳ.ਈ. ਯਾਨਿ 'ਓਲਡ ਇਰਾ', ਪੰਜਾਬੀ ਵਿੱਚ 'ਪੁਰਾਣਾ ਕਾਲ') ਦੇ ਆਲੇ-ਦੁਆਲੇ ਇਨ੍ਹਾਂ ਦੀ ਰਚਨਾ ਹੋਈ ਤੇ ਤਕਰੀਬਨ ਇੱਕ ਹਜ਼ਾਰ ਸਾਲ ਮਗਰੋਂ, ਸੰਨ 500 (ਨਵਾਂ ਕਾਲ) ਦੇ ਨੇੜੇ, ਇਹ ਲੋਕ-ਸਾਹਿਤ ਬਣ ਗਏ। ਇਸ ਦੇ ਨਾਲ ਹੀ ਪੁਜਾਰੀ ਜਮਾਤ (ਬ੍ਰਾਹਮਣ-ਪੁਰੋਹਿਤ) ਪੈਦਾ ਹੋ ਗਈ। ਉਨ੍ਹਾਂ ਨੇ ਮਹਾਂਭਾਰਤ ਤੇ ਰਮਾਇਣ ਦੇ ਖਿਆਲੀ ਹੀਰੋਆਂ ਨੂੰ ਪਹਿਲਾਂ ਰਾਜੇ ਤੇ ਫਿਰ ਮਿਥਹਾਸਕ ਦੇਵਤੇ ਬਣਾ ਕੇ ਪੇਸ਼ ਕਰਨਾ ਸ਼ੁਰੂ ਕਰ ਦਿੱਤਾ। ਇਹ ਕਾਰਵਾਈ ਵੀ ਦੋ ਕੁ ਸੌ ਸਾਲ ਚਲਦੀ ਰਹੀ। ਬਸ, ਇਸੇ ਵਿੱਚੋਂ ਹੀ

ਅੱਠਵੀਂ-ਨੌਵੀਂ ਸਦੀ (ਨਵਾਂ/ਮੌਜੂਦਾ ਕਾਲ) ਵਿੱਚ ਇਨ੍ਹਾਂ ਖਿਆਲੀ (ਕਾਲਪਨਿਕ) ਹੀਰੋਆਂ ਦੀ ਪੂਜਾ (ਕਰਮ-ਕਾਂਡ) ਦੇ ਧਰਮ ਦਾ ਜਨਮ ਹੋਇਆ।

ਇਸ 'ਧਰਮ' (ਕਰਮ-ਕਾਂਡ) ਦੀ ਸ਼ੁਰੂਆਤ ਤੋਂ ਪਹਿਲਾਂ ਇਨ੍ਹਾਂ ਦੇਸ਼ਾਂ (ਮਗਧ, ਕਾਸ਼ੀ, ਵਗ਼ੈਰਾ) ਦੇ ਲੋਕ ਕੁਦਰਤੀ ਤਾਕਤਾਂ ਤੇ ਮਿਥਹਾਸਕ ਦੇਵਤਿਆਂ ਦੀ ਪੂਜਾ ਕਰਦੇ ਸਨ। ਇਨ੍ਹਾਂ ਵਿਚੋਂ ਮੁੱਖ ਸਨ : ਸ਼ਿਵ, ਵਿਸ਼ਨੂੰ, ਸੂਰਜ, ਇੰਦਰ! ਸ਼ਿਵ ਦੇ ਮੰਨਣ ਵਾਲੇ ਬਹੁਤਾ ਕਰਕੇ ਕਾਮਰੂਪ, ਬੰਗਾਲ ਤੇ ਬਿਹਾਰ ਵਿੱਚ ਸਨ। ਵਿਸ਼ਨੂੰ ਦੇ ਪੁਜਾਰੀ ਵਧੇਰੇ ਕਰਕੇ ਉੱਤਰ-ਪ੍ਰਦੇਸ਼ ਤੇ ਮੱਧ-ਪ੍ਰਦੇਸ਼ ਵਿੱਚ ਸਨ। ਸੂਰਜ ਦੇਵਤਾ ਰੌਸ਼ਨੀ ਤੇ ਐਨਰਜੀ ਦਾ ਦੇਵਤਾ ਮੰਨਿਆ ਜਾਂਦਾ ਸੀ। ਇਸ ਦੇ ਪੁਜਾਰੀ ਵਧੇਰੇ ਕਰਕੇ ਕਰਨਾਟਕ ਤੇ ਹੋਰ ਦੱਖਣੀ ਇਲਾਕਿਆਂ ਵਿੱਚ ਸਨ। ...ਸੰਨ 1200 ਤੱਕ ਪੰਜਾਬ ਵਿੱਚ ਮੁੱਖ ਧਰਮ ਬੁਧ ਧਰਮ ਹੀ ਸੀ।....

ਬ੍ਰਾਹਮਣਾਂ ਦੇ ਮੌਜੂਦਾ ਕਰਮ-ਕਾਂਡ ਦੀ ਸ਼ੁਰੂਆਤ ਅੱਠਵੀਂ ਸਦੀ ਦੇ ਅਖੀਰ ਜਾਂ ਨੌਂਵੀ-ਸਦੀ ਦੇ ਸ਼ੁਰੂ ਵਿੱਚ ਹੋਈ ਸੀ। ਇਸ ਦਾ ਆਗੂ ਦੱਖਣ ਦਾ ਇੱਕ ਬ੍ਰਾਹਮਣ ਸ਼ੰਕਰਾਚਾਰਯ ਸੀ। ਉਸ ਨੇ ਮੁਕਾਮੀ ਰਾਜਿਆਂ ਦੀ ਮਦਦ ਨਾਲ ਜੈਨ ਅਤੇ ਬੁੱਧ ਸੈਂਟਰਾਂ 'ਤੇ ਕਬਜ਼ੇ ਕਰ ਲਏ। ਜੈਨੀਆਂ ਦੇ ਸੈਂਟਰਾਂ 'ਤੇ ਕਬਜ਼ਾ ਕਰਨ ਵੇਲੇ ਬ੍ਰਾਹਮਣਾਂ ਨੂੰ ਕੋਈ ਮੁਸ਼ਕਲ ਨਾ ਆਈ ਕਿਉਂਕਿ ਇੱਕ ਤਾਂ ਉਹ 'ਅਹਿੰਸਾ' ਦੇ 'ਪੁਜਾਰੀ' ਸਨ ਤੇ ਦੂਜਾ ਉਨ੍ਹਾਂ ਦੇ ਸੈਂਟਰਾਂ ਦੇ ਇੰਚਾਰਜ ਵਧੇਰੇ ਕਰਕੇ ਬ੍ਰਾਹਮਣਾਂ ਵਿੱਚੋਂ ਹੀ ਸਨ। **ਬੁੱਧ ਧਰਮ ਦੇ ਸੈਂਟਰ ਬ੍ਰਾਹਮਣਾਂ ਦੇ ਜ਼ਾਲਮਾਨਾ ਹਮਲਿਆਂ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਏ। ਉਨ੍ਹਾਂ ਦੀ ਬਹੁਤ ਤਬਾਹੀ ਹੋਈ, ਬੁੱਧ ਦੇ ਬੁੱਤ ਤੋੜ ਦਿੱਤੇ, ਈਮਾਰਤਾਂ ਤਬਾਹ ਕਰ ਦਿੱਤੀਆਂ ਤੇ ਉਨ੍ਹਾਂ ਦੀਆਂ ਲਾਇਬ੍ਰੇਰੀਆਂ ਸਾੜ ਦਿੱਤੀਆਂ।** ਸ਼ੰਕਰਾਚਾਰਯਾ ਦਾ ਐਕਸ਼ਨ ਢਾਹੂ ਤੇ ਨੈਗੇਟਿਵ ਸੀ। ਇਸ ਨੇ ਬੁੱਧ ਧਰਮ ਦਾ ਨੁਕਸਾਨ ਤਾਂ ਕੀਤਾ ਪਰ ਇਸ ਨਾਲ ਮੌਜੂਦਾ 'ਹਿੰਦੂ-ਧਰਮ' ਪੈਦਾ ਨਹੀਂ ਸੀ ਹੋ ਸਕਿਆ।...ਇਸ ਮਗਰੋਂ ਯਾਰਵੀਂ ਸਦੀ ਵਿੱਚ ਇੱਕ ਹੋਰ ਬ੍ਰਾਹਮਣ ਰਾਮਾਨੁਜ ਨੇ 'ਕਰਮ-ਕਾਂਡ' ਅਤੇ 'ਬੁੱਤ-ਪੂਜਾ' ਦਾ ਵਧੇਰੇ ਪ੍ਰਚਾਰ ਤੇ ਪਸਾਰ ਕੀਤਾ। ਇਸ ਮਗਰੋਂ ਇੱਕ ਹੋਰ ਬ੍ਰਾਹਮਣ ਰਾਮਾਨੰਦ ਨੇ ਵੀ ਇਸ ਵਿੱਚ ਵੱਡਾ ਰੋਲ ਅਦਾ ਕੀਤਾ। ਪੰਦਰਵੀਂ ਸਦੀ ਦੇ ਅਖੀਰ ਵਿੱਚ ਜੰਮਿਆ, ਨਾਡੀਆ ਦਾ ਇੱਕ ਬ੍ਰਾਹਮਣ, ਚੈਤੰਨਿਆ ਦਰਅਸਲ ਵਿਸ਼ਨੂੰ ਭਗਤੀ ਦਾ ਪਹਿਲਾ ਅਹਿਮ ਪ੍ਰਚਾਰਕ ਸੀ। ਤਕਰੀਬਨ ਇਸੇ ਵੇਲੇ ਹੀ ਤੇਲਿੰਗਾਨਾ ਦਾ ਇੱਕ ਬ੍ਰਾਹਮਣ ਵੱਲਭੀ ਵੀ ਇਸੇ ਲਹਿਰ ਦਾ ਪ੍ਰਚਾਰਕ ਬਣਿਆ। ਦੱਖਣ-ਪੂਰਬ ਦੇ ਇਹ ਬ੍ਰਾਹਮਣ ਦਰਅਸਲ ਸਿਰਫ਼ ਵਿਸ਼ਨੂੰ ਦੇ ਪ੍ਰਚਾਰਕ ਸਨ ਜਦਕਿ ਧੁਰ-ਪੂਰਬ ਵਿੱਚ ਅਜੇ ਵੀ ਸ਼ਿਵ-ਪੂਜਾ ਦਾ ਹੀ ਬੋਲਬਾਲਾ ਸੀ।

ਰਮਾਇਣ ਤੇ ਮਹਾਂਭਾਰਤ ਦੀਆਂ ਖਿਆਲੀ (ਕਾਲਪਨਿਕ) ਕਹਾਣੀਆਂ ਵਿੱਚੋਂ ਪੈਦਾ ਹੋਇਆ ਕਰਮ-ਕਾਂਡ ਚੌਧਵੀਂ ਸਦੀ ਤੱਕ ਪੰਜਾਬ ਵਿੱਚ ਨਹੀਂ ਪੁੱਜਾ ਸੀ (ਪੰਜਾਬ ਵਿੱਚ ਰਾਮ ਤੇ ਕ੍ਰਿਸ਼ਨ ਦਾ 'ਧਰਮ' ਦਰਅਸਲ ਮੁਸਲਮਾਨ ਹਾਕਮਾਂ ਦੇ ਮੁਲਾਜ਼ਮ ਲੈਕੇ ਆਏ ਸਨ। ਇਸ ਦੀਆਂ ਪਹਿਲੀਆਂ ਜੜ੍ਹਾਂ ਕਾਸ਼ੀ ਮਥੁਰਾ ਤੇ ਅਯੁਧਿਆ ਵਗੈਰਾ ਵਿੱਚ ਲੱਗੀਆਂ ਸਨ ਕਿਉਂਕਿ ਰਾਮਾਇਣ ਤੇ ਮਹਾਂਭਾਰਤ ਕਾਵਿ-ਨਾਵਲਾਂ ਵਿੱਚ ਇਨ੍ਹਾਂ ਥਾਵਾਂ ਦਾ ਜ਼ਿਕਰ





**ਹੈ। ਰਾਮਾਇਣ ਤੇ ਮਹਾਂਭਾਰਤ ਕਾਵਿ-ਨਾਵਲ ਵੀ ਕੋਈ ਇੱਕੋ ਵਾਰੀ ਵਿੱਚ ਨਹੀਂ ਸਨ ਲਿਖੇ ਗਏ। ਇਹ ਤਾਂ 500 (ਪੁਰਾਣਾ ਕਾਲ) ਤੋਂ ਸੰਨ 500 (ਨਵਾਂ ਕਾਲ) ਤੱਕ, ਤਕਰੀਬਨ ਇੱਕ ਹਜ਼ਾਰ ਸਾਲ, ਕਿੱਸਿਆਂ ਵਾਂਗ ਲੋਕ-ਸਾਹਿਤ ਬਣਦੇ, ਬਦਲਦੇ, ਨਿੱਖਰਦੇ, ਘਟਦੇ-ਵਧਦੇ ਗਏ। ਇਨ੍ਹਾਂ ਨੂੰ ਵੱਖ-ਵੱਖ ਕਵੀਆਂ ਨੇ ਕਈ-ਕਈ ਰੂਪ ਦਿੱਤੇ।**

ਹੌਲੀ-ਹੌਲੀ, ਦੱਖਣੀ ਏਸ਼ੀਆ ਦੇ ਦੇਵਤੇ ਸ਼ਿਵ, ਵਿਸ਼ਨੂੰ, ਸੂਰਜ, ਇੰਦਰ ਕਮਜ਼ੋਰ ਹੁੰਦੇ ਗਏ ਅਤੇ ਨਵੇਂ ਮਿਥਹਾਸ ਹਰਮਨ ਪਿਆਰੇ ਹੋਣ ਲੱਗ ਪਏ। ਇਨ੍ਹਾਂ ਦੇ ਹੀਰੋਆਂ ਰਾਮ, ਕ੍ਰਿਸ਼ਨ, ਹਨੂੰਮਾਨ ਨੇ ਸ਼ਿਵ ਅਤੇ ਵਿਸ਼ਨੂੰ ਦੀ ਥਾਂ ਲੈ ਲਈ। ਸ਼ਿਵ ਸਿਰਫ਼ ਬੰਗਾਲ-ਆਸਾਮ ਵਿੱਚ, ਵਿਸ਼ਨੂੰ ਹਰਿਦੁਆਰ ਬੈਲਟ ਵਿੱਚ, ਸੂਰਜ ਦੇਵਤਾ ਕਰਨਾਟਕ ਵਿੱਚ, ਇੰਦਰ ਕਾਮਰੂਪ (ਆਸਾਮ) ਵਿੱਚ ਮਹਿਦੂਦ ਹੋ ਗਏ। ਮੁਰਦਿਆਂ ਦੀਆਂ ਅਸਥੀਆਂ ਪਾਉਣ ਕਰਕੇ ਹਰਿਦੁਆਰ, ਪਿੰਡ ਭਰਨ ਵਾਸਤੇ ਗਯਾ ਭਾਵੇਂ ਕਾਫ਼ੀ ਹੱਦ ਤੱਕ ਬਚੇ ਰਹੇ ਪਰ ਨਵੇਂ ਕੇਂਦਰ ਕੁਰੂਸ਼ੇਤਰ, ਮਥਰਾ, ਅਯੁੱਧਿਆ ਤੇ ਫਿਰ ਮੱਟਨ, ਕਪਾਲ ਮੋਚਨ ਤੇ ਪਿਹੋਵਾ ਬਣ ਗਏ। ਹੋਰ ਤਾਂ ਹੋਰ ਕਾਸ਼ੀ ਵੀ ਹੌਲੀ-ਹੌਲੀ ਆਪਨੀ ਅਹਿਮੀਅਤ ਗੁਆ ਬੈਠਾ। **ਮੌਜੂਦਾ ਹਿੰਦੂ 'ਧਰਮ' ਇਨ੍ਹਾਂ ਖਿਆਲੀ (ਕਾਲਪਨਿਕ) ਕਹਾਣੀਆਂ ਤੇ ਮਿਥਹਾਸ ਦੇ ਹੀਰੋਆਂ ਅਤੇ ਕਰਮ-ਕਾਂਡ ਦਾ ਮਿਲਗੋਭਾ ਹੈ। ਇਸੇ ਕਰਕੇ ਇਸ 'ਧਰਮ' ਦਾ ਕੋਈ ਪੱਕਾ ਸਪੱਸ਼ਟ ਫ਼ਲਸਫ਼ਾ ਨਹੀਂ ਹੈ ਤੇ ਇਸ ਵਿੱਚ ਥਾਂ-ਥਾਂ ਤੇ ਇਕ-ਦੂਜੇ ਦੇ ਵਿਰੋਧੀ ਗੱਲਾਂ ਭਰੀਆਂ ਹੋਈਆਂ ਹਨ।**

ਰਾਮਾਇਣ ਬਾਰੇ ਗਾਂਧੀ ਨੇ ਕਿਹਾ ਸੀ ਕਿ ਜੇ ਰਾਮਾਇਣ ਨੂੰ ਇਤਿਹਾਸ ਦੇ ਤੌਰ 'ਤੇ ਲੈਣਾ ਹੋਵੇ ਤਾਂ ਮੈ ਇਸ ਨੂੰ ਰੱਦ ਕਰ ਦਿਆਂਗਾ। ਭਾਰਤ ਦੇ ਰਾਸ਼ਟਰਪਤੀ ਡਾ: ਰਾਧਾ ਕ੍ਰਿਸ਼ਨਨ ਨੇ ਵੀ ਰਾਮਾਇਣ ਨੂੰ ਖ਼ਾਲਸ ਮਿਥਹਾਸ ਕਿਹਾ ਸੀ। **ਮੌਜੂਦਾ ਖ਼ੋਜੀਆਂ ਵਿਚੋਂ ਰੋਮੀਲਾ ਥਾਪਰ (ਹਿਸਟਰੀ ਆਫ਼ ਇੰਡੀਆ, ਜਿਲਦ ਪਹਿਲੀ, ਸਫ਼ਾ 32) ਤਾਂ ਮਹਾਂਭਾਰਤ ਨੂੰ ਕਿਸੇ ਮੁਕਾਮੀ ਜਿਹੇ ਝਗੜੇ 'ਚੋਂ ਬਣੀ ਕਹਾਣੀ ਕਹਿੰਦੀ ਹੈ ਅਤੇ ਰਾਮਾਇਣ ਨੂੰ ਆਰੀਆਂ ਤੇ ਇਸ ਇਲਾਕੇ ਦੇ ਅਸਲੀ ਮੂਲ ਵਾਸੀਆਂ ਦੀ ਲੜਾਈ ਦਾ ਕਾਲਪਨਿਕ ਇਤਿਹਾਸ ਕਹਿੰਦੀ ਹੈ। ਉਸ ਦਾ ਇਹ ਵੀ ਵਿਚਾਰ ਹੈ ਕਿ ਇਹ ਗੰਗ-ਦੁਆਬ ਦੇ ਕਿਸਾਨਾਂ ਅਤੇ ਵਿੰਧਿਆਨ ਦੇ ਪੁਰਾਣੇ ਸ਼ਿਕਾਰੀ ਅਤੇ ਭੋਜਨ ਇਕੱਠਾ ਕਰਨ ਵਾਲੇ ਕਬੀਲਿਆਂ ਵਿਚਕਾਰ ਹੋਈਆਂ ਲੜਾਈਆਂ ਦੇ ਪਲਾਟ 'ਚੋਂ ਪੈਦਾ ਹੋਈ ਕਾਲਪਨਿਕ ਕਹਾਣੀ ਹੈ ਤੇ ਸ੍ਰੀਲੰਕਾ ਦੀ ਕਹਾਣੀ ਕਿਸੇ ਨੇ ਮਗਰੋਂ ਪਾ ਦਿੱਤੀ ਹੋ ਸਕਦੀ ਹੈ।** (ਹਿਸ਼ਟਰੀ ਆਫ਼ ਇੰਡੀਆ ਜਿਲਦ ਪਹਿਲੀ, ਸਫ਼ਾ 32-33)। ਉਹ ਰਾਮ ਰਾਜ ਨੂੰ ਸੁਪਨਿਆਂ ਦੀ ਕਾਲਪਨਿਕ ਫ਼ਿਲਾਸਫ਼ੀ ਆਖਦੀ ਹੈ। ਕੇ.ਅਨਤੋਵਾ, ਜੀ. ਬੋਨਗਾਰਡ ਲੈਵਿਨ ਤੇ ਸੀ. ਕੋਤੋਵਸੀ, ਏ ਹਿਸਟਰੀ ਆਫ਼ ਇੰਡੀਆ, ਜਿਲਦ ਪਹਿਲੀ, (ਸਫ਼ਾ 52, 53) ਵਿੱਚ ਵੀ ਰਾਮਾਇਣ ਨੂੰ ਇੰਡੋ-ਆਰੀਆਂ ਦੇ ਹਮਲੇ ਨਾਲ ਸਬੰਧਤ ਕਰਦੇ ਹਨ। ਉਨ੍ਹਾਂ ਮੁਤਾਬਿਕ, **ਰਾਮਾਇਣ ਚੌਥੀ ਸਦੀ 'ਪੁਰਾਣਾ ਕਾਲ' ਤੋਂ ਚੌਥੀ ਸਦੀ 'ਨਵਾਂ ਕਾਲ' ਵਿਚਕਾਰ ਰਚੀ ਗਈ ਸੀ। ਇਸ ਵਿੱਚ ਬਹੁਤ ਸਾਰੀਆਂ ਗੱਲਾਂ ਪਹਿਲੀ ਸਦੀ ਦੀਆਂ ਵੀ ਮਿਲਦੀਆਂ ਹਨ।....**

ਹਾਲਾਂਕਿ ਪੰਜਾਬ ਵਿੱਚ ਜੈਨੀਆਂ ਦਾ ਕੋਈ ਨਾਂ-ਨਿਸ਼ਾਨ ਨਹੀਂ ਸੀ, ਪਰ ਭਾਰਤ

ਵਿੱਚੋਂ ਵਰਧਮਾਨ ਮਹਾਂਵੀਰ ਦੇ ਚੇਲਿਆਂ ਵਿੱਚੋਂ ਕਈ ਪੰਜਾਬ ਵਿੱਚ ਆ ਵਸੇ ਸਨ ਅਤੇ ਕੁਝ ਨਵੇਂ ਹਮਲਾਵਰਾਂ, ਰਾਜਿਆਂ ਤੇ ਅਹਿਲਕਾਰਾਂ ਵੱਜੋਂ ਆਏ ਸਨ। ਇਸੇ ਕਰਕੇ ਪੰਜਾਬ ਵਿੱਚ ਫੈਲੇ ਨਵੇਂ ਬ੍ਰਾਹਮਣੀ ਕਰਮ-ਕਾਂਡ (ਜਿਸ ਨੂੰ ਮੁਸਲਮਾਨ ਹਮਲਾਵਰਾਂ ਨੇ ਸਿੰਧੂ/ਹਿੰਦੂ ਆਖਿਆ) ਵਿੱਚ ਬੋਧੀਆਂ, ਜੈਨੀਆਂ ਅਤੇ ਕਬਾਇਲੀ ਰਿਵਾਇਤਾਂ ਤੇ ਸੰਸਕਾਰ ਇੱਕ 'ਧਰਮ' ਵਜੋਂ ਕਾਇਮ ਹੋ ਗਏ। ਪੰਜਾਬ ਦਾ ਮੌਜੂਦਾ ਬ੍ਰਾਹਮਣੀ ਕਰਮ-ਕਾਂਡ ਇਨ੍ਹਾਂ ਵੱਖ-ਵੱਖ ਪੈਟਰਨ ਵਾਲੇ ਸੰਸਕਾਰਾਂ, ਰਿਵਾਇਤਾਂ ਤੇ ਅਕੀਦੇ ਦੇ ਮਿਲਗੋਭੇ ਦਾ 'ਧਰਮ' ਹੈ। ਇਸੇ ਕਰਕੇ ਪੰਜਾਬ, ਹਿੰਦੁਸਤਾਨ, ਦਰਾਵੜਸਤਾਨ, ਬੰਗਾਲ, ਮਰਹੱਟੇ ਅਤੇ ਰਾਜਪੂਤਾਂ ਦੇ ਮੁਲਕਾਂ ਤੋਂ ਵੱਖਰਾ ਹੈ। ਇਨ੍ਹਾਂ ਸਾਰਿਆਂ ਦਾ ਅਕੀਦਾ, ਰਿਵਾਇਤਾਂ, ਸੰਸਕਾਰ ਅਤੇ ਪੂਜਾ ਦੇ ਤਰੀਕੇ ਇੱਕ-ਦੂਜੇ ਤੋਂ ਵੱਖਰੇ ਹਨ।

ਇਨ੍ਹਾਂ ਦੇ ਦੇਵਤੇ ਵੀ ਵੱਖ-ਵੱਖ ਸਨ।....ਇੰਜ ਹੀ ਕਿਸੇ ਇਲਾਕੇ ਵਿੱਚ ਰਾਜਾ ਰਾਮ ਮਕਬੂਲ ਸੀ ਤੇ ਕਿਸੇ ਜਗ੍ਹਾ ਰਾਜਾ ਕ੍ਰਿਸ਼ਨ। ਵਕਤ ਬੀਤਣ ਨਾਲ ਇਨ੍ਹਾਂ ਦੇਵੀ-ਦੇਵਤਿਆਂ ਦੇ ਬੁੱਤ ਬਣਨ ਲੱਗੇ ਤੇ ਇਨ੍ਹਾਂ ਦੇ ਨਾਂ 'ਤੇ ਮੰਦਰ ਵੀ ਬਣਨ ਲੱਗ ਪਏ। ਇਨ੍ਹਾਂ ਮੰਦਰਾਂ ਵਿੱਚ ਬੁੱਤਾਂ ਦੀ ਪੂਜਾ ਹੋਣ ਲੱਗ ਪਈ। ਹੌਲੀ-ਹੌਲੀ ਪੁਜਾਰੀ ਜਮਾਤ ਵੀ ਕਾਇਮ ਹੋ ਗਈ। ਵਕਤ ਦੇ ਬੀਤਣ ਨਾਲ ਇਸ ਜਮਾਤ ਨੇ ਵੱਖ-ਵੱਖ ਮੰਦਰਾਂ ਵਿੱਚ ਹੋਣ ਵਾਲੇ ਪੂਜਾ-ਪਾਠ ਨੂੰ ਆਪਣੀ ਰੋਜ਼ੀ ਦਾ ਵਸੀਲਾ ਬਣਾ ਲਿਆ... ਰਾਜਿਆਂ ਨੇ ਦੇਵਤਿਆਂ ਦੇ ਪੁਜਾਰੀਆਂ ਨੂੰ ਸਰਪ੍ਰਸਤੀ ਦੇਣੀ ਤੇ ਲੈਣੀ ਸ਼ੁਰੂ ਕਰ ਦਿੱਤੀ। ਸਮਾਂ ਬੀਤਣ ਨਾਲ ਰਾਜਿਆਂ ਨੇ ਇਸ ਪੁਜਾਰੀ ਜਮਾਤ ਨੂੰ ਆਪਣੇ ਮੁਫ਼ਾਦ ਵਾਸਤੇ ਵਰਤਣਾ ਸ਼ੁਰੂ ਕਰ ਦਿੱਤਾ।

...ਕੁਝ ਚਾਲਾਕ ਪੁਜਾਰੀਆਂ ਨੇ ਆਪਣੇ ਕਾਇਮ ਕੀਤੇ ਹੋਏ ਡੇਰਿਆਂ ਅਤੇ ਮੰਦਰਾਂ ਵਿੱਚ ਇੱਕ ਤੋਂ ਵੱਧ ਬੁੱਤ ਰੱਖਣੇ ਸ਼ੁਰੂ ਕਰ ਦਿੱਤੇ ਤਾਂ ਜੋ ਉਹ ਹਰ ਤਰ੍ਹਾਂ ਦੇ ਸ਼ਰਧਾਲੂ ਤੋਂ ਦਾਨ ਲੈ ਸਕਣ। **ਹੌਲੀ-ਹੌਲੀ ਦੇਵਤੇ ਸਾਂਝੇ ਬਣਦੇ ਗਏ। ਇਨ੍ਹਾਂ ਦੀ ਸਾਂਝ ਚੋਂ ਪੈਦਾ ਹੋਏ ਕਰਮ-ਕਾਂਡ ਨੂੰ 'ਹਿੰਦੂ ਮੱਤ' ਆਖਿਆ ਜਾਣ ਲੱਗ ਪਿਆ ਅਤੇ ਇਹ ਨਾਂ ਵੀ ਇਨ੍ਹਾਂ ਨੇ ਆਪ ਨਹੀਂ ਚੁਣਿਆ ਸੀ ਬਲਕਿ ਮੁਸਲਮਾਨਾਂ ਵੱਲੋਂ ਦਿੱਤਾ ਗਿਆ ਸੀ। ਇਸ ਨਾਂ ਨੂੰ ਯੂਰਪੀਨਾਂ ਤੇ ਹੋਰ ਯਾਤਰੂਆਂ ਨੇ ਵਧੇਰੇ ਮਕਬੂਲੀਅਤ ਦਿਵਾਈ।”** [ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਪਹਿਲਾ ਹਿੱਸਾ) ਸਫ਼ੇ 96-100]

**ਸਿੱਟਾ:** “ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜ਼ਾਤੀ ਦੇ ਤੌਰ 'ਤੇ ਬ੍ਰਾਹਮਣ ਕਈ ਕਾਰਨਾਂ ਕਰ ਕੇ ਜ਼ਾਤ-ਪਾਤੀ ਸਿਸਟਮ ਦਾ ਧੁਰਾ ਸਨ। ਉਹ ਇਸ ਦੇ ਵਿਚਾਰਧਾਰਕ ਵੀ ਸਨ ਅਤੇ ਕੇਂਦਰੀ ਧੁਰਾ ਵੀ ਜਿਸ ਦੇ ਆਲੇ-ਦੁਆਲੇ ਸਾਰਾ ਸਿਸਟਮ ਘੁੰਮਦਾ ਸੀ। **ਬੁੱਧ ਮੱਤ ਨੂੰ ਗੱਦੀ ਤੋਂ ਲਾਹੁਣ ਲਈ ਅਤੇ ਆਰੀਆ ਅਤੇ ਗ਼ੈਰ-ਆਰੀਆ ਖ਼ੂਨ ਦੇ ਮੇਲ ਨੂੰ ਰੋਕਣ ਲਈ, ਇੱਕ ਵੱਡੇ ਸੁਚੇਤ ਯਤਨ ਦੀ ਲੋੜ ਸੀ। ਇਹ ਸੁਚੇਤ ਯਤਨ ਬ੍ਰਾਹਮਣਾਂ ਨੇ ਕੀਤਾ। ਇਸ ਵਿੱਚ ਵੀ ਕੋਈ ਸ਼ੱਕ ਨਹੀਂ ਕਿ ਵੇਦਿਕ ਸਮੇਂ ਤੋਂ ਬਾਅਦ ਦਾ ਸਾਰਾ ਹੀ ਗ਼ੈਰ-ਕਾਫਰੀ (ਸਨਾਤਨੀ) ਸਾਹਿਤ ਬ੍ਰਾਹਮਣਾਂ ਦੀ ਘਾੜਤ ਹੈ। ਸਨਾਤਨੀ ਰਵਾਇਤਾਂ ਵੀ ਮੁੱਖ ਤੌਰ 'ਤੇ ਉਨ੍ਹਾਂ ਨੇ ਹੀ ਘੜੀਆਂ। ਬ੍ਰਾਹਮਣ ਨੇ ਇਸ ਗੱਲ ਦਾ ਵੀ ਪ੍ਰਬੰਧ ਕੀਤਾ ਕਿ ਜੋ ਵੀ ਉਨ੍ਹਾਂ ਦੀ**





**ਅਲੋਚਨਾ ਕਰੇ, ਉਸ ਨੂੰ ਕਾਫ਼ਰ ਦੱਸ ਕੇ ਉਸਦਾ ਮੂੰਹ ਬੰਦ ਕੀਤਾ ਜਾਵੇ, ਕਿਉਂਕਿ ਕਾਫ਼ਰ ਹੋਣ ਦੇ ਨਤੀਜੇ ਚੰਗੇ ਨਹੀਂ ਸਨ। ਅਸਲ ਵਿੱਚ, ਜਿਸ ਤਰ੍ਹਾਂ ਬ੍ਰਾਹਮਣਾਂ ਨੇ ਆਪਣੇ ਲਈ ਵੇਦਾਂ ਤੋਂ ਅਧਿਕਾਰ ਹਾਸਿਲ ਕੀਤਾ ਤੇ ਰਵਾਇਤ ਨੂੰ ਆਪਣੀ ਮਰਜ਼ੀ ਅਨੁਸਾਰ ਢਾਲਿਆ, ਏਸੇ ਅਮਲ ਕਾਰਨ ਹੀ ਸਨਾਤਨ-ਮੱਤ ਪ੍ਰੰਪਰਾ ਦੇ ਇੱਕ ਲੜੀ ਵਿੱਚ ਪ੍ਰੋਤੇ ਹੋਣ ਦਾ ਭੁਲੇਖਾ ਪਾਉਂਦਾ ਹੈ। ਇਨ੍ਹਾਂ ਢੰਗਾਂ ਤਰੀਕਿਆਂ ਨਾਲ ਨਵੀਨ-ਬ੍ਰਾਹਮਣਵਾਦ ਦੇ ਨਵਿਆਂ ਦੇਵਤਿਆਂ ਨੂੰ ਵੇਦਿਕ-ਦੇਵਤਿਆਂ ਦੇ ਨਾਲ ਜੋੜਿਆ ਗਿਆ, ਨਵੀਆਂ ਰਸਮਾਂ ਪੁਰਾਣੀਆਂ ਨਾਲ ਜੋੜੀਆਂ ਗਈਆਂ ਅਤੇ ਵੇਦਾਂ ਦੇ ਸਮੇਂ ਤੋਂ ਬਾਅਦ ਦੇ ਸਾਹਿਤ ਨੂੰ ਵੇਦਾਂ ਦੇ ਅਧਿਕਾਰ ਦਾ ਦਰਜਾ ਦਿੱਤਾ ਗਿਆ। ਮਨ-ਮਰਜ਼ੀ ਦੇ ਇਨ੍ਹਾਂ ਦਾਅਵਿਆਂ ਤੇ ਰਵਾਇਤਾਂ ਦੀ ਤੋੜ-ਮਰੋੜ ਦੀ ਕਿਉਂਕਿ ਵਿਵੇਕ ਢੰਗ ਨਾਲ ਛਾਣ-ਬੀਣ ਨਹੀਂ ਹੁੰਦੀ ਸੀ, ਇਸ ਲਈ ਬ੍ਰਾਹਮਣਾਂ ਨੂੰ ਇਨ੍ਹਾਂ ਦੀ ਮਦਦ ਨਾਲ ਆਪਣਾ ਉੱਲੂ ਸਿੱਧਾ ਕਰਨ ਤੇ ਜ਼ਾਤ-ਪਾਤੀ ਪ੍ਰਬੰਧ ਨੂੰ ਕਾਇਮ ਰੱਖਣ ਦਾ ਚੰਗਾ ਸਾਧਨ ਮਿਲ ਗਿਆ”** (ਜਗਜੀਤ ਸਿੰਘ: 'ਸਿੱਖ ਇਨਕਲਾਬ', ਪੰਨਾ ੪੫)।

**ਨੋਟ:** ਉਪਰ ਦਿੱਤੇ ਸਾਰੇ ਹਵਾਲੇ, 'ਮਨੂੰਵਾਦ ਦੇ ਮੁਢਲੇ ਅਸੂਲ' ਤੋਂ ਲੈ ਕੇ, (ਡਾ: ਹਰਜਿੰਦਰ ਸਿੰਘ ਦਿਲਗੀਰ ਤੋਂ ਇਲਾਵਾ) ਪ੍ਰਸਿੱਧ ਵਿਦਵਾਨ ਜਗਜੀਤ ਸਿੰਘ ਦੀ ਪੁਸਤਕ 'ਸਿੱਖ ਇਨਕਲਾਬ' ਵਿੱਚੋਂ ਲਏ ਗਏ ਹਨ।

## ਕਿਰਤ ਦਾ ਨਿਰਾਦਰ

“ਬ੍ਰਾਹਮਣਵਾਦੀ ਵਿਵਸਥਾ ਇੱਕ ਅਜਿਹੀ ਵਿਵਸਥਾ ਹੈ, ਜਿਸ ਵਿੱਚ ਕਿਰਤ ਦਾ ਅਨਾਦਰ ਕੀਤਾ ਜਾਂਦਾ ਹੈ। **ਬ੍ਰਾਹਮਣਵਾਦ ਵਿੱਚ ਜ਼ਾਤੀਆਂ ਦਾ ਬਟਵਾਰਾ ਕਿਰਤ ਦੇ ਆਧਾਰ 'ਤੇ ਕੀਤਾ ਜਾਂਦਾ ਹੈ। ਇਥੇ ਜੋ ਪ੍ਰਜੀਵੀ (Parasite) ਹੈ, ਯਾਨਿ ਕਿਰਤ ਨਾ ਕਰਕੇ ਮੰਗ ਕੇ ਖਾਂਦਾ ਹੈ (ਭਾਵ ਪੁਜਾਰੀ), ਉਹ ਸਭ ਤੋਂ ਵੱਧ ਪੂਜਨੀਕ ਹੈ, ਜਿਹੜਾ 'ਛਿਨ-ਝਪਟ' (ਲੁੱਟ) ਕੇ ਖਾਂਦਾ ਹੈ (ਯਾਨਿ ਖੱਤ੍ਰੀ), ਉਹ ਦੂਜੇ ਦਰਜੇ ਦਾ ਪੂਜਨੀਕ ਹੈ, ਜਿਹੜਾ 'ਹੇਰਾ-ਫੇਰੀ' ਨਾਲ ਖਾਂਦਾ ਹੈ (ਬਾਣੀਆ) , ਉਹ ਤੀਜੇ ਦਰਜੇ ਦਾ ਪੂਜਨੀਕ ਹੈ ਅਤੇ ਜਿਹੜਾ ਖ਼ੂਨ-ਪਸੀਨਾ ਇੱਕ ਕਰਕੇ ਸਖ਼ਤ ਮਿਹਨਤ ਨਾਲ ਕਮਾਉਂਦਾ ਹੈ (ਭਾਵ ਹੱਥੀਂ ਕਿਰਤ ਕਰਨ ਵਾਲਾ), ਉਹ ਸਭ ਤੋਂ ਨੀਵੇਂ ਦਰਜੇ ਦਾ ਮੰਨਿਆ ਜਾਂਦਾ ਹੈ।....**

## ਗੈਰ-ਵਿਗਿਆਨਕ (ਅੰਧ-ਵਿਸ਼ਵਾਸੀ) ਵਿਚਾਰਧਾਰਾ

ਬ੍ਰਾਹਮਣਵਾਦ ਅੰਧ-ਵਿਸ਼ਵਾਸ ਦੀ ਜੜ੍ਹ ਹੈ। ਉਸ ਦੀ ਹਰ ਮਾਨਤਾ ਵਿਗਿਆਨ-ਵਿਰੋਧੀ ਹੈ। **ਬ੍ਰਾਹਮਣਵਾਦ ਕਹਿੰਦਾ ਹੈ ਕਿ, “ਜੋ ਕਿਹਾ ਜਾ ਰਿਹਾ ਹੈ, ਉਸ ਤੇ ਇੰਨ-ਬਿੰਨ ਵਿਸ਼ਵਾਸ਼ ਕਰੋ। ਪਰ ਵਿਗਿਆਨ ਕਹਿੰਦਾ ਹੈ ਕਿ ਪਹਿਲਾਂ ਜਾਣੋਂ, ਤਾਂ ਮੰਨੋ। ਬ੍ਰਾਹਮਣਵਾਦ (ਅੰਧ)-ਵਿਸ਼ਵਾਸ ਅਤੇ ਆਸਥਾ 'ਤੇ ਟਿਕਿਆ ਹੋਇਆ ਹੈ, ਜਦਕਿ ਵਿਗਿਆਨ 'ਸੱਚ' 'ਤੇ ਟਿਕਿਆ ਹੋਇਆ ਹੈ।...**

ਗਣੇਸ਼, ਸ਼ੰਕਰ (ਸ਼ਿਵ) ਦਾ ਪੁੱਤਰ ਨਹੀਂ ਸੀ। ਉਸ ਨੂੰ ਪਾਰਬਤੀ ਨੇ ਵਿਆਹ ਤੋਂ

ਪਹਿਲਾਂ ਜਾਂ ਬਾਅਦ ਕਿਸੇ ਹੋਰ ਪੁਰਸ਼ ਨਾਲ ਪੈਦਾ ਕੀਤਾ ਸੀ। ਸ਼ੰਕਰ ਜਦੋਂ ਬਾਹਰੋਂ ਆਏ ਤਾਂ ਉਨ੍ਹਾਂ ਉਸ ਬਾਲਕ ਨੂੰ ਨੰਗੀ ਨਹਾ ਰਹੀ ਮਾਂ ਦੀ ਚੌਕੀਦਾਰੀ ਕਰਦਿਆਂ ਪਾਇਆ। ਸ਼ੰਕਰ ਨੇ ਪੁੱਛਿਆ ਕਿ, "ਤੂੰ ਕੌਣ ਹੈ?" ਤਾਂ ਉਸ ਨੇ ਪਾਰਬਤੀ ਦਾ ਪੁੱਤਰ ਦੱਸਿਆ। ਸ਼ੰਕਰ ਨੇ ਉਸਦਾ ਸਿਰ ਕੱਟ ਲਿਆ। ਇਸ 'ਤੇ ਪਾਰਬਤੀ ਨਰਾਜ਼ ਹੋਈ ਤਾਂ ਸ਼ੰਕਰ ਨੇ ਹਾਥੀ ਦਾ ਸਿਰ ਲਗਾ ਕੇ ਉਸ ਨੂੰ ਜਿੰਦਾ ਕਰ ਦਿੱਤਾ!!....ਹਾਥੀ ਦਾ ਸਿਰ ਇਨਸਾਨ ਦੇ ਬਾਲਕ 'ਤੇ ਲਗਾਉਣਾ ਵੀ ਇੱਕ ਬੇ-ਸਿਰ-ਪੈਰ ਦੀ ਗੱਲ ਹੈ। ਇਹ ਵੀ ਸੋਚਣ ਵਾਲੀ ਗੱਲ ਹੈ ਕਿ ਹਾਥੀ ਇੱਕ ਜਾਨਵਰ ਹੈ-ਉਹ ਜੀਭ ਨਾਲ ਆਦਮੀ ਦੀ ਤਰ੍ਹਾਂ ਗੱਲਾਂ ਨਹੀਂ ਕਰਦਾ। ਫਿਰ ਗਣੇਸ਼ ਜੀ ਕਿਵੇਂ ਗੱਲਾਂ ਕਰਦੇ ਹੋਣਗੇ?... **ਬ੍ਰਾਹਮਣਵਾਦ ਨੇ ਅਜਿਹੇ ਅਨੇਕਾਂ ਬੇ-ਸਿਰ-ਪੈਰ ਅੰਧ-ਵਿਸ਼ਵਾਸ਼ ਫੈਲਾਏ ਹਨ ਜਿਹੜੇ ਵਿਗਿਆਨ ਦੇ ਸਾਹਮਣੇ ਅਸੰਭਵ ਹਨ ਜਿਵੇਂ ਗਣੇਸ਼ ਦੀ ਸਵਾਰੀ ਚੂਹਾ, ਦੇਵੀ ਦੀ ਸਵਾਰੀ ਕੁੱਤਾ, ਸਰਸਵਤੀ ਦੀ ਸਵਾਰੀ ਹੰਸ-ਇਹ ਸਭ ਅਸੰਭਵ ਅਤੇ ਝੂਠ ਹੈ। ਪਰ, ''ਬਹਿਸ ਨਾ ਕਰੋ, ਮੰਨ ਲਓ'', ਇਹੀ ਬ੍ਰਾਹਮਣਵਾਦ ਹੈ। ਬ੍ਰਾਹਮਣਵਾਦੀ ਗ੍ਰੰਥ ਇਸ ਤਰ੍ਹਾਂ ਦੇ ਅਨੇਕਾਂ ਝੂਠਾਂ ਨਾਲ ਭਰੇ ਪਏ ਹਨ।**

## ਬ੍ਰਾਹਮਣਵਾਦ ਕਾਰਨ ਭ੍ਰਿਸ਼ਟਾਚਾਰ

ਸੱਚ ਇਹ ਹੈ ਕਿ ਗ਼ਰੀਬੀ ਭ੍ਰਿਸ਼ਟਾਚਾਰ ਦਾ ਕਾਰਨ ਹੈ ਅਤੇ ਭ੍ਰਿਸ਼ਟਾਚਾਰ ਬ੍ਰਾਹਮਣਵਾਦ ਕਾਰਨ ਹੈ। ਬ੍ਰਾਹਮਣਵਾਦ ਦੀ ਇਹ ਖ਼ਾਸੀਅਤ ਹੈ ਕਿ ਜੋ ਜਿੰਨਾ ਜਿਆਦਾ ਨਿਠੱਲਾ ਹੈ ਉਹ ਉਨਾਂ ਹੀ ਪੂਜਨੀਕ ਹੈ। ਗ਼ਰੀਬ ਮਜਦੂਰ ਇੱਥੇ ਸਨਮਾਨ ਦਾ ਪਾਤਰ ਨਹੀਂ ਹੈ।...**ਅੱਜ ਭਾਰਤੀ ਪ੍ਰਸ਼ਾਸਨ ਵਿੱਚ ਭ੍ਰਿਸ਼ਟਾਚਾਰ ਇਸ ਵਾਸਤੇ ਹੈ ਕਿ 90 ਫ਼ੀ ਸਦੀ ਨੌਕਰਸ਼ਾਹ ਬ੍ਰਾਹਮਣਵਾਦੀ ਹਨ। ਅਦਵਿਜਾਂ (ਨੀਵੀਆਂ ਜ਼ਾਤਾਂ ਵਾਲਿਆਂ) ਨੂੰ ਪ੍ਰਸ਼ਾਸਨਕ ਵਿਵਸਥਾ ਵਿੱਚ ਨਾ ਘੁਸਣ ਦੇਣ ਦੀ ਪੂਰੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿਉਂਕਿ ਬ੍ਰਾਹਮਣਵਾਦ ਮੁਤਾਬਿਕ ਅਦਵਿਜਾਂ ਨੂੰ ਦਵਿਜਾਂ 'ਤੇ ਸ਼ਾਸਨ ਕਰਨ ਦਾ ਅਧਿਕਾਰ ਨਹੀਂ।**

**ਬ੍ਰਾਹਮਣਵਾਦ ਵਿੱਚ ਜ਼ਾਤ ਦੇ ਨਾਮ 'ਤੇ ਸਨਮਾਨ ਮਿਲਦਾ ਹੈ, ਗੁਣਾਂ ਮੁਤਾਬਿਕ ਨਹੀਂ। ਜੇਕਰ ਸ਼ੂਦਰ ਸੱਚਾ, ਸਦਗੁਣੀ, ਸੰਜਮੀ ਤੇ ਚੰਗਾ ਹੈ, ਤਾਂ ਵੀ ਉਹ 'ਪਤਿਤ', ਔਗੁਣੀ, ਵਹਿਸ਼ੀ, ਦੁਸ਼ਟ, ਬ੍ਰਾਹਮਣ ਤੋਂ ਘੱਟ ਸਨਮਾਨ ਹੀ ਪਾਏਗਾ।...**

**ਭਾਰਤ ਦੁਨੀਆਂ ਦੀਆਂ ਨਜ਼ਰਾਂ ਵਿੱਚ ਇੱਕ ਅਸਭਿਅਕ ਦੇਸ਼ ਹੈ। ਸਭਿਅਤਾ ਦਾ ਆਧਾਰ 'ਬਰਾਬਰੀ' ਹੈ। ਜਿਸ ਸਮਾਜ ਵਿੱਚ, ਬਰਾਬਰੀ ਹੁੰਦੀ ਹੈ, ਉਸ ਵਿੱਚ ਸ਼ਾਂਤੀ ਹੁੰਦੀ ਹੈ ਅਤੇ ਸਮਾਜ ਦੀ ਤਰੱਕੀ ਲਈ ਸ਼ਾਂਤੀ ਜਰੂਰੀ ਹੈ। 'ਬਰਾਬਰੀ' ਏਕਤਾ ਦੀ ਮਾਂ ਹੈ, ਵਿਤਕਰਾ ਏਕਤਾ ਨੂੰ ਖੰਡਿਤ ਕਰਦਾ ਹੈ। ਏਕੇ ਵਿੱਚ ਤਾਕਤ ਹੁੰਦੀ ਹੈ ਅਤੇ ਜਿਥੇ ਤਾਕਤ ਹੁੰਦੀ ਹੈ, ਉਥੇ ਗ਼ੁਲਾਮੀ ਨਹੀਂ ਫਟਕਦੀ।**

ਕਮਜ਼ੋਰ ਸਮਾਜ ਹਮੇਸ਼ਾ ਗ਼ੁਲਾਮ ਰਹਿੰਦਾ ਹੈ। **ਬਰਾਬਰੀ ਅਣਖ਼ ਨਾਲ ਜੁੜੀ ਹੁੰਦੀ ਹੈ ਅਤੇ ਅਣਖ਼ੀਲਾ ਸਮਾਜ ਕਦੀ ਗ਼ੁਲਾਮ ਨਹੀਂ ਬਣਦਾ।** ਬ੍ਰਾਹਮਣਵਾਦ ਵਿਤਕਰੇ ਅਤੇ ਸ਼ੋਸ਼ਨ ਦਾ ਮੂਲ ਹੈ ਅਤੇ ਅਣਖ਼ ਦਾ ਨਾਸ਼ਕ ਹੈ। ਇਸ ਲਈ **ਦੇਸ਼ ਦੀ ਸਮਾਜਕ-ਮਾਨਸਿਕ ਗ਼ੁਲਾਮੀ**





**ਅਤੇ ਪਿਛੜੇਪਨ ਲਈ ਬ੍ਰਾਹਮਣਵਾਦ ਹੀ ਜਿਮੇਂਵਾਰ ਹੈ।''** (ਇੰਡੀਆ ਅਵੇਰਨੈਸ ਅਪ੍ਰੈਲ 2008 ਵਿੱਚ (ਸਫ਼ੇ 18-20) ਪ੍ਰਕਾਸ਼ਤ ਸੁੰਦਰ ਲਾਲ ਸਾਗਰ ਦਾ ਲੇਖ, 'ਬ੍ਰਾਹਮਣਵਾਦ : ਭਾਰਤੀ ਸਮਾਜਕ ਵਿਵਸਥਾ ਲਈ ਇੱਕ ਸਰਾਪ')।

## 'ਬ੍ਰਾਹਮਣਵਾਦ' ਧੁਰ ਕੀ ਬਾਣੀ ਦੀ ਪਰਖ ਕਸਵੱਟੀ ਤੇ

ਬ੍ਰਾਹਮਣਵਾਦ ਦਾ ਕੋਈ ਵੀ ਅਸੂਲ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਦੀ ਕਸਵੱਟੀ ਤੇ ਮਾੜਾ-ਮੋਟਾ ਵੀ ਖ਼ਰਾ ਨਹੀਂ ਉਤਰਦਾ। ਇਸ ਦੇ ਜਿਸ ਅਸੂਲ ਨੂੰ ਵੀ ਚੁੱਕ ਕੇ ਪਰਖਣ ਦਾ ਯਤਨ ਕਰੀਦਾ ਹੈ, ਉਹੀ ਰੇਤ ਦੀ ਕੰਧ ਵਾਂਗੂੰ ਧੜਾਕ ਕਰ ਕੇ ਧਰਤੀ 'ਤੇ ਡਿੱਗ ਕੇ ਮਿੱਟੀ ਦੀ ਮੁੱਠ ਬਣ ਜਾਂਦਾ ਹੈ। ਅਸਲ ਵਿੱਚ, ਪਰਖ਼ ਉਸੇ ਚੀਜ਼ ਦੀ ਕਰਨ ਦਾ ਲਾਭ ਹੁੰਦਾ ਹੈ ਜਿਸ ਵਿੱਚ ਕੁੱਝ ਨਾ ਕੁੱਝ ਸੱਚ ਦਾ ਅੰਸ਼ ਹੋਣ ਦੀ ਸੰਭਾਵਨਾ ਹੁੰਦੀ ਹੈ। ਜਿੱਥੇ ਸਾਰੇ ਦਾ ਸਾਰਾ ਖ਼ੋਟ ਹੀ ਖ਼ੋਟ ਹੋਵੇ, ਉਥੇ ਪਰਖ ਕਰ ਕੇ ਕੁੱਝ ਹੱਥ-ਪੱਲੇ ਨਹੀਂ ਪੈਂਦਾ। ਇਹੀ ਹਾਲ ਬ੍ਰਾਹਮਣਵਾਦ ਦੇ, ਸ਼ਾਤਰ ਬ੍ਰਾਹਮਣ ਦੇ, ਆਪ-ਹੁਦਰੇ, ਮਨੁੱਖਤਾ-ਵਿਰੋਧੀ, ਘੜੇ ਹੋਏ ਅਸੂਲਾਂ ਦਾ ਹੈ। ਆਓ, ਜ਼ਰਾ ਵਿਚਾਰੀਏ :

## ਵੇਦ ਈਸ਼ਵਰੀ ਕਿਰਤ ?

*ਬੇਦ ਕਤੇਬ ਇਫਤਰਾ ਭਾਈ, ਦਿਲ ਕਾ ਫਿਕਰੁ ਨ ਜਾਇ॥*

*(ਕਬੀਰ ਜੀ, ੭੨੭)*

**ਭਾਵ:** ਹੇ ਭਾਈ! ਬ੍ਰਾਹਮਣਵਾਦ ਦੇ ਵੇਦ ਅਤੇ ਪੱਛਮੀ ਮੱਤਾਂ ਦੇ ਪੁਸਤਕ (ਤੌਰੇਤ, ਜ਼ਬੂਰ, ਅੰਜੀਲ, ਕੁਰਾਨ) ਬਨਾਵਟਾਂ ਹਨ; (ਉਨ੍ਹਾਂ ਦੇ ਪੜ੍ਹਨ ਨਾਲ) ਮਨ ਦੀ ਅਸ਼ਾਂਤੀ ਦੂਰ ਨਹੀਂ ਹੁੰਦੀ।

## ਸਿੰਮ੍ਰਿਤਿ ਦੀ ਅਸਲੀਅਤ

*ਬੇਦ ਕੀ ਪੁਤ੍ਰੀ ਸਿੰਮ੍ਰਿਤਿ ਭਾਈ॥ ਸਾਂਕਲ, ਜੇਵਰੀ ਲੈ ਹੈ ਆਈ॥*

*(ਕਬੀਰ ਜੀ, ੩੨੯)*

**ਭਾਵ:** ਹੇ ਭਾਈ! ਸਿੰਮ੍ਰਿਤਿ ਵੇਦਾਂ ਦੀ ਧੀ ਹੈ (ਜੋ ਲੋਕਾਂ ਲਈ ਕਰਮ-ਕਾਂਡ ਰੂਪੀ) ਸੰਗਲ ਤੇ ਰੱਸੀ ਲੈ ਕੇ (ਨੂੜਨ ਲਈ) ਆਈ ਹੈ।

## ਕੀ ਮਨੁੱਖ ਜਨਮ ਤੋਂ ਹੀ ਨਾ-ਬਰਾਬਰ ਹੁੰਦੇ ਹਨ ?

*'ਏਕੁ ਪਿਤਾ ਏਕਸ ਕੇ ਹਮ ਬਾਰਿਕ, ਤੂ ਮੇਰਾ ਗੁਰਹਾਈ॥ (ਮ.੫,੬੧੧)*

**ਭਾਵ:** ਹੇ ਮਿੱਤਰ! (ਸਾਡਾ) ਇੱਕੋ ਹੀ ਪ੍ਰਭੂ ਪਿਤਾ ਹੈ, ਅਸੀਂ ਇੱਕੋ ਪ੍ਰਭੂ-ਪਿਤਾ ਦੇ ਬੱਚੇ ਹਾਂ, (ਫਿਰ) ਤੂੰ ਮੇਰਾ ਗੁਰ ਭਾਈ (ਭੀ) ਹੈ। (ਰੱਬ ਨੇ ਕੋਈ ਉੱਚੀ-ਨੀਵੀਂ ਜ਼ਾਤ ਪੈਦਾ ਨਹੀਂ ਕੀਤੀ)।

## ਕੀ ਬ੍ਰਾਹਮਣ ਨੂੰ ਸਮਾਜ ਵਿੱਚ 'ਗੁਰੂ' ਦੀ ਪਦਵੀ ਹਾਸਲ ਹੈ ?

*"ਕਬੀਰ, ਬਾਮਨੁ ਗੁਰੂ ਹੈ ਜਗਤ ਕਾ, ਭਗਤਨ ਕਾ ਗੁਰੁ ਨਾਹਿ॥*
*ਅਰਝਿ ਉਰਝਿ ਕੈ ਪਚਿ ਮੂਆ ਚਾਰਉ ਬੇਦਹੁ ਮਾਹਿ॥*

*(ਕਬੀਰ ਜੀ, ੧੩੭੭)*

**ਭਾਵ** : ਹੇ ਕਬੀਰ! (ਆਖ-ਮੈਨੂੰ ਇਹ ਜੋ ਜੀਵਨ-ਦਾਤਿ ਮਿਲੀ ਹੈ, ਜੀਵਨ-ਦਾਤੇ ਸਤਿਗੁਰੂ (ਪਰਮੇਸ਼ਰ) ਤੋਂ ਮਿਲੀ ਹੈ। ਜਨੇਊ ਆਦਿਕ ਪੁਆ ਕੇ, (ਕਰਮ-ਕਾਂਡ ਦਾ ਰਾਹ ਦੱਸ ਕੇ) ਬ੍ਰਾਹਮਣ ਸਿਰਫ਼ ਦੁਨੀਆਦਾਰਾਂ ਦਾ ਗੁਰੂ ਅਖਵਾ ਰਿਹਾ ਹੈ, ਰੱਬ-ਪ੍ਰਸਤਾਂ ਦਾ ਉਪਦੇਸ਼-ਦਾਤਾ ਬ੍ਰਾਹਮਣ ਨਹੀਂ ਬਣ ਸਕਦਾ, ਕਿਉਂਕਿ ਇਹ ਤਾਂ ਆਪ ਹੀ ਚੌਹਾਂ ਵੇਦਾਂ ਦੇ ਹਵਨ-ਯੱਗ ਆਦਿਕ ਨਿਸ਼ਫ਼ਲ ਕਰਮ-ਕਾਂਡਾਂ ਦੀਆਂ ਉਲਝਣਾਂ ਵਿੱਚ ਫਸ ਕੇ ਆਤਮਕ ਮੌਤ ਮਰ ਚੁੱਕਾ ਹੈ (ਇਹ ਆਪਣੇ ਚੇਲਿਆਂ ਦਾ ਕੀ ਸਵਾਰੂਗਾ ?)।

## ਉੱਚੀ ਜ਼ਾਤ ਦਾ ਹੰਕਾਰ ?

ਰੱਬੀ ਗੁਰਮਤਿ ਫ਼ਲਸਫ਼ੇ (ਗੁਰੂ ਗ੍ਰੰਥ ਸਾਹਿਬ) ਅੰਦਰ 'ਜ਼ਾਤ' ਦੀ ਹੋਂਦ ਨੂੰ ਹੀ ਰੱਦ ਕਰ ਦਿੱਤਾ ਗਿਆ ਹੈ।

*"ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥ ੧॥ (ਮ. ੩, ੧੧੨੮)*

**ਭਾਵ**: ਹੇ ਮੂਰਖ! ਹੇ ਗਵਾਰ! (ਉੱਚੀ) ਜ਼ਾਤ ਦਾ ਮਾਣ ਨਾ ਕਰ। ਇਸ ਮਾਣ-ਅਹੰਕਾਰ ਤੋਂ (ਭਾਈਚਾਰਕ ਜੀਵਨ ਵਿੱਚ) ਕਈ ਵਿਗਾੜ ਚੱਲ ਪੈਂਦੇ ਹਨ॥ ਰਹਾਉ॥ ਹੇ ਭਾਈ! ਕੋਈ ਭੀ ਧਿਰ (ਉੱਚੀ) ਜ਼ਾਤ ਦਾ ਮਾਣ ਨਾ ਕਰਿਓ। (ਜ਼ਾਤ ਦੇ ਆਸਰੇ ਬ੍ਰਾਹਮਣ ਨਹੀਂ ਬਣੀਦਾ) ਉਹ ਮਨੁੱਖ ਹੀ (ਅਸਲ ਵਿੱਚ) ਬ੍ਰਾਹਮਣ ਹੈ ਜਿਹੜਾ ਬ੍ਰਹਮ (ਪਰਮੇਸ਼ਰ) ਨਾਲ ਡੂੰਘੀ ਪ੍ਰੇਮ-ਸਾਂਝ ਪਾ ਲੈਂਦਾ ਹੈ।੧।

## ਕੀ ਰੱਬ ਵੀ ਜਨਮ-ਮਰਨ ਦੇ ਚੱਕਰ ਵਿਚ ?

ਜੀ ਹਾਂ! ਬ੍ਰਾਹਮਣ ਨੇ ਆਪਣੇ ਰੱਬਾਂ (ਬ੍ਰਹਮਾ, ਵਿਸ਼ਨੂੰ, ਮਹੇਸ਼) ਨੂੰ ਵੀ ਜਨਮ-ਮਰਨ ਦੇ ਚੱਕਰ ਵਿੱਚ ਪਾ ਰੱਖਿਆ ਹੈ, ਭਾਵ ਕਿ ਰੱਬ ਵੀ ਅਵਤਾਰ ਧਾਰ ਕੇ ਆਉਂਦਾ ਜਾਂਦਾ ਰਹਿੰਦਾ ਹੈ। ਅਜਿਹੀ ਕਲਪਨਾ ਕਰਨ ਵਾਲੇ ਸ਼ਾਤਰ ਬ੍ਰਾਹਮਣ ਨੂੰ ਕੀ ਕਿਹਾ ਜਾਵੇ ?

*ਭਰਮਿ ਭੂਲੇ ਨਰ ਕਰਤ ਕਚਰਾਇਣ॥ ਜਨਮ ਮਰਨ ਤੇ ਰਹਤ ਨਾਰਾਇਣ॥੧॥ ਰਹਾਉ॥ (ਮ: ੫, ੧੧੩੬)*

**ਭਾਵ**: ਭਟਕਣਾ ਦੇ ਕਾਰਨ ਕੁਰਾਹੇ ਪਏ ਹੋਏ ਹੇ ਮਨੁੱਖ! ਤੂੰ ਇਹ ਕੱਚੀਆਂ-ਪਿੱਲੀਆਂ ਗੱਲਾਂ ਕਰ ਰਿਹਾ ਹੈਂ (ਕਿ ਪਰਮਾਤਮਾ ਨੇ ਭਾਦਰੋਂ ਵਦੀ ਅਸ਼ਟਮੀ ਨੂੰ ਕ੍ਰਿਸ਼ਨ ਦੇ ਰੂਪ ਵਿੱਚ ਜਨਮ ਲਿਆ)। ਪਰਮਾਤਮਾ ਜਨਮ ਮਰਨ ਤੋਂ ਪਰ੍ਹੇ ਹੈ॥ ਰਹਾਉ॥





## ਦੇਵੀ ਦੇਵਤਿਆਂ ਦੀ ਪੂਜਾ ?

*ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ॥*
*ਪਾਹਣੁ ਨੀਰਿ ਪਖਾਲੀਐ ਭਾਈ, ਜਲ ਮਹਿ ਬੂਡਹਿ ਤੇਹਿ (ਮ.੧,੬੩੭)*

**ਭਾਵ**: ਹੇ ਭਾਈ! ਜੇ ਦੇਵੀ ਦੇਵਤਿਆਂ ਦੀਆਂ ਪੱਥਰ ਆਦਿਕ ਦੀਆਂ ਮੂਰਤੀਆਂ ਦੀ ਪੂਜਾ ਕਰੀਏ, ਤਾਂ ਇਹ ਕੁੱਝ ਵੀ ਨਹੀਂ ਦੇ ਸਕਦੇ, ਮੈਂ ਇਨ੍ਹਾਂ ਪਾਸੋਂ ਕੁੱਝ ਵੀ ਨਹੀਂ ਮੰਗਦਾ। ਪੱਥਰ ਨੂੰ ਪਾਣੀ ਨਾਲ ਧੋਂਦੇ ਰਹੀਏ, ਤਾਂ ਭੀ ਉਹ (ਪੱਥਰ ਦੇ ਬਣਾਏ ਹੋਏ ਦੇਵੀ ਦੇਵਤੇ) ਪਾਣੀ ਵਿੱਚ ਡੁੱਬ ਜਾਂਦੇ ਹਨ (ਆਪਣੇ ਪੂਜਾਰੀਆਂ ਨੂੰ ਉਹ ਕਿਵੇਂ ਸੰਸਾਰ-ਸਮੁੰਦਰ ਤੋਂ ਤਾਰ ਸਕਦੇ ਹਨ ?)।

## ਕਰਮ-ਕਾਂਡ (ਧਰਮ-ਕਰਮ)

*ਕਰਮ-ਕਾਂਡ ਬਹੁ ਕਰਹਿ ਅਚਾਰ॥ ਬਿਨੁ ਨਾਵੈ ਧ੍ਰਿਗੁ ਧ੍ਰਿਗੁ ਅਹੰਕਾਰ॥ (ਮ.੩, ਪੰ. ੧੬੨)*

**ਭਾਵ**: ਅਜੇਹੇ ਧਰਮ-ਕਰਮ (ਪਖੰਡ-ਕਰਮ) ਕਰਨ ਵਾਲੇ ਆਪਣੇ ਆਪ ਨੂੰ ਧਰਮੀ ਹੋਣ ਦਾ ਭਰਮ ਪਾਲ ਕੇ ਹੰਕਾਰ ਵਿੱਚ ਹੀ ਵਾਧਾ ਕਰਦੇ ਹਨ ਅਤੇ ਲਾਹਨਤਾਂ ਪਾਉਣ ਦੇ ਜੋਗ ਹਨ।

## ਇਸਤਰੀ ਜ਼ਾਤੀ ਦੀ ਨਿਰਾਦਰੀ ?

*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥ (ਮ.੧, ੪੭੩)*

**ਭਾਵ**: ਜਿਹੜੀ ਇਸਤਰੀ ਜ਼ਾਤੀ ਤੋਂ ਰਾਜਿਆਂ ਦੇ ਵੀ ਰਾਜੇ (ਪੀਰ, ਫ਼ਕੀਰ, ਭਗਤ) ਜਨਮ ਲੈਂਦੇ ਹਨ, ਉਸ ਨੂੰ ਮੰਦਾ ਆਖਣਾ ਠੀਕ ਨਹੀਂ। ਇਸਤਰੀ ਦੇ ਅਧਿਕਾਰ ਮਰਦਾਂ ਦੇ ਬਰਾਬਰ ਹਨ।

## ਭਿੱਟ, ਛੂਤ-ਛਾਤ।

*ਅਭਾਖਿਆ ਕਾ ਕੁਠਾ ਬਕਰਾ ਖਾਣਾ॥ ਚਉਕੇ ਉਪਰਿ ਕਿਸੈ ਨਾ ਜਾਣਾ॥*
*ਦੇ ਕੇ ਚਉਕਾ ਕੱਢੀ ਕਾਰ॥ ਉਪਰਿ ਆਏ ਬੈਠੇ ਕੂੜਿਆਰ॥*
*ਮਤੁ ਭਿਟੈ ਵੇ ਮਤੁ ਭਿਟੈ॥ ਇਹੁ ਅੰਨੁ ਅਸਾਡਾ ਫਿਟੈ॥*
*ਤਨਿ ਫਿਟੈ, ਫੇੜ ਕਰੇਨਿ॥ ਮਨਿ ਜੂਠੈ, ਚੁਲੀ ਭਰੇਨਿ॥*
*ਕਹੁ ਨਾਨਕ, ਸਚੁ ਧਿਆਈਐ। ਸੁਚਿ ਹੋਵੈ ਤਾਂ, ਸਚੁ ਪਾਈਐ॥*

*(ਮ.੧, ੪੭੨)*

**ਭਾਵ**: ਇਨ੍ਹਾਂ ਪਖੰਡੀਆਂ ਬ੍ਰਾਹਮਣਾਂ ਨੇ ਪਖੰਡ ਦੀਆਂ ਹੱਦਾਂ ਹੀ ਮੁਕਾ ਦਿੱਤੀਆਂ ਹਨ, ਇਹ ਮੁਸਲਮਾਨੀ ਰੀਤ ਅਨੁਸਾਰ ਕਲਮਾ ਪੜ੍ਹ ਕੇ ਕੋਹਿਆ ਹੋਇਆ ਬਕਰਾ ਖਾਂਦੇ

ਹਨ, ਜੋ ਮੁਸਲਮਾਨਾਂ ਦੇ ਹੱਥਾਂ ਨਾਲ ਤਿਆਰ ਕੀਤਾ ਹੋਇਆ ਹੈ, ਤੇ ਦੂਜੇ ਪਾਸੇ ਇਹ ਹੋਰ ਲੋਕਾਂ ਨੂੰ ਇਉਂ ਕਹਿੰਦੇ ਹਨ ਕਿ, 'ਸਾਡੇ ਚੌਂਕੇ ਤੇ ਕੋਈ ਨਾ ਚੜ੍ਹੇ।' ਚੌਂਕਾ ਪਾ ਕੇ (ਗਊ ਦੇ ਗੋਬਰ ਦਾ ਪੋਚਾ ਲਾ ਕੇ, ਗੰਗਾ-ਜਲ ਛਿੜਕ ਕੇ) ਦੁਆਲੇ ਲਕੀਰ ਖਿੱਚਦੇ ਹਨ ਕਿ ਇਹ ਪਵਿੱਤਰ ਤੇ ਸੁੱਚਾ ਅਸਥਾਨ ਬਣ ਗਿਆ ਹੈ। ਪਰ ਉਸ ਚੌਂਕੇ ਉਤੇ ਇਹ ਕੂੜਿਆਰ ਜੀਵਨ ਵਾਲੇ ਪਖੰਡੀ ਆ ਕੇ ਬੈਠ ਜਾਂਦੇ ਹਨ। ਚੌਂਕੇ ਬਾਰੇ ਇਹ ਇਉਂ ਕਹਿੰਦੇ ਹਨ ਕਿ ਹੋਰ ਕੋਈ ਇਸ ਵੱਲ ਨਾ ਆਵੇ। ਮਤਾਂ ਇਹ ਸੁੱਚਾ ਚੌਂਕਾ ਭਿੱਟਿਆ ਜਾਵੇ ਅਤੇ ਸਾਡਾ ਇਹ ਅਨਾਜ (ਭੋਜਨ) ਖ਼ਰਾਬ ਹੋ ਜਾਏ (ਖਾਣ ਲਾਇਕ ਨਾ ਰਹੇ) ਪਰ ਆਪ ਇਹ ਆਪਣੇ ਫਿੱਟੇ (ਅਪਵਿੱਤਰ) ਸਰੀਰ ਨਾਲ ਭੈੜੇ ਪਾਪ-ਕਰਮ ਕਰਦੇ ਹਨ। ਅਪਵਿੱਤਰ ਅਤੇ ਅਸ਼ੁੱਧ ਮਨ ਨਾਲ ਬਾਹਰੋਂ ਚੂਲੀਆਂ ਭਰਦੇ ਹਨ ਤੇ ਸੁੱਚੇ ਬਣ-ਬਣ ਦਸਦੇ ਹਨ। ਗੁਰਦੇਵ ਕਹਿੰਦੇ ਹਨ ਕਿ ਸੱਚੇ ਪ੍ਰਭੂ ਨੂੰ ਧਿਆਉਣਾ ਚਾਹੀਦਾ ਹੈ। ਜੇ ਸੱਚਾ ਪ੍ਰਭੂ ਪ੍ਰਾਪਤ ਹੋ ਜਾਵੇ ਤਾਂ ਹੀ (ਅੰਦਰ ਤੇ ਬਾਹਰ) ਸੁੱਚ ਹੋ ਸਕਦੀ ਹੈ। ਭਾਵ ਪਰਮੇਸ਼ਰ ਦੀ ਪ੍ਰਾਪਤੀ ਤੋਂ ਬਿਨਾ ਸੁੱਚਮ ਦਾ ਕੋਈ ਅਰਥ ਨਹੀਂ।

## ਗੁਰਮਤਿ ਫ਼ਲਸਫ਼ੇ ਅਨੁਸਾਰ ਬਰ੍ਹਮਾ, ਵਿਸ਼ਨੂੰ, ਮਹੇਸ਼ ਦੀ ਪਦ ਪਦਵੀ

ਪਰਮੇਸ਼ਰ ਨੇ ਸ੍ਰਿਸ਼ਟੀ ਦਾ ਕਾਰ-ਵਿਹਾਰ ਚਲਾਉਣ ਲਈ ਕੋਈ ਵੱਖਰੇ ਅਹੁਦੇਦਾਰ ਜਾਂ ਸਲਾਹਕਾਰ ਨਹੀਂ ਥਾਪੇ ਹੋਏ। ਪ੍ਰਭੂ ਆਪ ਹੀ ਸ੍ਰਿਸ਼ਟੀ ਦੀ ਰਚਨਾ ਕਰ ਕੇ ਇਸ ਦੀ ਹਰ ਪੱਖ ਤੋਂ ਦੇਖ-ਭਾਲ ਕਰਦਾ ਹੈ। ਇਹ ਸਾਰੇ ਕਾਰਜ ਉਸ ਮਾਲਿਕ ਦੇ 'ਹੁਕਮੁ' ਰੂਪੀ ਅਟੱਲ ਨਿਯਮਾਂ ਅਨੁਸਾਰ ਆਪਣੇ ਆਪ ਹੋ ਰਹੇ ਹਨ। ਗੁਰਮਤਿ ਫ਼ਲਸਫ਼ਾ ਕਿਸੇ ਅਵਤਾਰ ਜਾਂ ਦੇਵੀ ਦੇਵਤੇ ਨੂੰ ਰਤਾ ਭਰ ਵੀ ਪ੍ਰਵਾਨਗੀ ਨਹੀਂ ਦਿੰਦਾ।

*ਬ੍ਰਹਮਾ ਬਿਸਨੁ ਮਹੇਸੁ ਨ ਕੋਈ॥ ਅਵਰੁ ਨ ਦੀਸੈ ਏਕੋ ਸੋਈ॥ (ਮ: ੧, ੧੦੩੫)*

*ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ, ਘਟਿ ਘਟਿ ਜੋਤਿ ਸਮੋਇ॥ (ਮ.੧, ੧੯)*

ਪਰਮਾਤਮਾ ਤੋਂ (ਸੂਖਮ ਤੱਤ) ਪਵਣ ਬਣਿਆ, ਪਵਣ ਤੋਂ (ਦੋ ਗੈਸਾਂ ਹਾਈਡਰੋਜਨ ਅਤੇ ਆਕਸੀਜਨ ਦੇ ਰਸਾਇਣਕ ਮੇਲ ਤੋਂ) ਜਲ ($H_2O$) ਹੋਂਦ ਵਿੱਚ ਆਇਆ, ਜਲ ਤੋਂ ਸਾਰਾ ਜਗਤ ਰਚਿਆ ਗਿਆ।





# ੬.
# ਲਾਸਾਨੀ ਇਨਕਲਾਬ ਦਾ ਚੜ੍ਹਦੀ ਕਲਾ ਵਾਲਾ ਇਤਿਹਾਸ (1708 ਤੋਂ 1783)

ਸਮੁੱਚੇ ਸੰਸਾਰ ਵਿੱਚ ਰੱਬ ਦਾ ਰਾਜ ਸਥਾਪਤ ਕਰਨ ਲਈ ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਗ਼ਰੀਬ-ਜਨਤਕ ਆਧਾਰ ਵਾਲੇ ਲਾਸਾਨੀ ਇਨਕਲਾਬ ਦੇ ਤਕਰੀਬਨ ਦੋ ਸਦੀਆਂ ਦੇ ਇਤਿਹਾਸ ਦੀਆਂ ਕੁਝ ਕੁ ਅਹਿਮ ਘਟਨਾਵਾਂ ਦਾ ਸੰਖੇਪ ਜ਼ਿਕਰ ਕੀਤਾ ਜਾ ਚੁੱਕਾ ਹੈ। ਤਤਕਾਲੀਨ ਤੁਅੱਸਬੀ ਹਕੂਮਤਾਂ ਅਤੇ ਖ਼ੁਦਗਰਜ਼ ਮਾਨਵ-ਵਿਰੋਧੀ ਸੰਗਠਨਾਂ ਨੇ ਇਸ ਇਨਕਲਾਬ ਨੂੰ ਰੋਕਣ ਲਈ ਪੂਰੀ ਵਾਹ ਲਾਈ ਜਿਸਦੇ ਫਲਸਰੂਪ ਗੁਰੂ ਨਾਨਕ ਸਾਹਿਬ ਦੇ ਪੰਜਵੇਂ, ਨੌਂਵੇਂ ਅਤੇ ਦਸਵੇਂ ਉਤਰਾਧਿਅਕਾਰੀ ਗੁਰੂ ਜਾਮਿਆਂ ਨੇ ਲਾਸਾਨੀ ਸ਼ਹਾਦਤਾਂ ਅਤੇ ਕੁਰਬਾਨੀਆਂ ਦੇ ਕੇ ਇਨਕਲਾਬ ਦੇ ਨਿਸ਼ਾਨੇ ਹਾਸਿਲ ਕਰਨ ਲਈ ਸੰਸਾਰ ਵਿੱਚ ਲਾਸਾਨੀ ਇਤਿਹਾਸ ਦੀ ਸਿਰਜਨਾ ਕੀਤੀ। ਇਹ ਲਾਸਾਨੀ ਇਨਕਲਾਬ ਨਿਰੰਤਰ ਆਪਣੇ ਨਿਸ਼ਾਨੇ ਵੱਲ ਅਡੋਲਤਾ ਅਤੇ ਦ੍ਰਿੜ੍ਹਤਾ ਨਾਲ ਵਧਦਾ ਚਲਾ ਗਿਆ।

ਆਓ, ਹੁਣ 1708 ਤੋਂ ਬਾਅਦ ਦੇ ਸਮੇਂ ਦੌਰਾਨ ਇਸ ਇਨਕਲਾਬ ਦੇ ਵਿਕਾਸ ਦੀ ਤਸਵੀਰ ਦੇ ਦਰਸ਼ਨ, ਉੱਘੇ ਇਤਿਹਾਸਕਾਰਾਂ, ਚਿੰਤਕਾਂ ਅਤੇ ਵਿਦਵਾਨਾਂ ਦੀਆਂ ਲਿਖਤਾਂ ਵਿੱਚੋਂ ਕਰਨ ਦਾ ਯਤਨ ਕਰੀਏ।

## ਖ਼ਾਲਸਾ ਜੀ ਦੇ ਬੋਲ ਬਾਲੇ

"ਕਲਗ਼ੀਧਰ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ 4 ਸਤੰਬਰ 1708 ਨੂੰ ਲਛਮਣ ਦਾਸ (ਮਾਧੋ ਦਾਸ) ਨੂੰ ਖੰਡੇ ਦੀ ਪਾਹੁਲ ਬਖਸ਼ਿਸ਼ ਕਰਕੇ ਉਸਦਾ ਨਾਂ ਬੰਦਾ ਸਿੰਘ ਰੱਖ ਦਿੱਤਾ। ਇੱਕ ਮਹੀਨਾ ਬੰਦਾ ਸਿੰਘ ਨੂੰ ਆਪਣੇ ਪਾਸ ਰੱਖ ਕੇ ਉਸ ਨੂੰ ਹਰ ਪੱਖ ਤੋਂ ਸਿਖਲਾਈ ਦਿੱਤੀ ਅਤੇ 5 ਅਕਤੂਬਰ 1708 ਨੂੰ ਕੁਝ ਸਿੰਘ ਨਾਲ ਦੇਕੇ ਭਾਈ ਭਗਵੰਤ ਸਿੰਘ ਬੰਗੇਸ਼ਵਰੀ ਦੇ ਵਪਾਰਿਕ ਕਾਫ਼ਲੇ ਨਾਲ ਪੰਜਾਬ ਵੱਲ ਤੋਰ ਦਿੱਤਾ। **ਗੁਰੂ ਜੀ ਨੇ ਬੰਦਾ ਸਿੰਘ ਨੂੰ ਖ਼ਾਲਸੇ ਦਾ ਨੀਲਾ ਨਿਸ਼ਾਨ, ਇੱਕ ਨਗਾਰਾ, ਪੰਜ ਤੀਰ ਅਤੇ ਇੱਕ ਚਿੱਠੀ (ਜਿਸ ਨੂੰ ਹੁਕਮਨਾਮਾ ਵੀ ਕਿਹਾ ਜਾਂਦਾ ਹੈ) ਵੀ ਦਿੱਤੀ ਜਿਸ ਵਿੱਚ ਸਿੱਖਾਂ ਦੇ ਨਾਂ ਪੈਗ਼ਾਮ ਲਿਖਿਆ ਹੋਇਆ ਸੀ ਕਿ ਉਹ ਬੰਦਾ ਸਿੰਘ ਦਾ ਤਹਿ-ਦਿਲੋਂ ਸਾਥ ਦੇਣ।** ਬੰਦਾ ਸਿੰਘ ਅਜੇ ਪੰਜਾਬ ਦੇ ਰਸਤੇ ਵਿੱਚ ਹੀ ਸੀ ਕਿ ਉਸ ਨੂੰ ਗੁਰੂ ਗੋਬਿੰਦ ਸਿੰਘ ਸਾਹਿਬ 'ਤੇ ਪਠਾਣ ਦੇ ਹਮਲੇ ਅਤੇ ਉਨ੍ਹਾਂ (ਗੁਰੂ ਜੀ) ਦੀ ਸ਼ਹੀਦੀ ਦਾ ਪਤਾ ਲੱਗਾ। ਪਰ ਉਹ ਗੁਰੂ ਵੱਲੋਂ ਸੌਂਪਿਆ ਮਿਸ਼ਨ ਪੂਰਾ ਕਰਨ ਦੀ ਸੋਚ ਨੂੰ ਸਾਹਵੇਂ ਰੱਖ ਕੇ ਵਾਪਿਸ ਨਹੀਂ ਮੁੜਿਆ ਤੇ ਪੰਜਾਬ ਵੱਲ ਵਧਦਾ ਗਿਆ।....ਤਕਰੀਬਨ ਚਾਰ ਮਹੀਨੇ ਵਿੱਚ 15-16 ਸੌ ਕਿਲੋਮੀਟਰ ਫ਼ਾਸਲਾ ਤੈਅ ਕਰਕੇ, ਬੰਦਾ ਸਿੰਘ ਬਾਂਗਰ ਦੇਸ਼ ਵਿੱਚ ਪਰਗਣਾ

ਖਰਖੌਦਾ ਵਿੱਚ ਪੁੱਜ ਗਿਆ (ਖਰਖੌਦਾ ਸਾਂਪਲਾ ਤਹਿਸੀਲ ਵਿੱਚ, ਸਾਂਪਲਾ ਤੇ ਸੋਨੀਪਤ ਦੇ ਵਿਚਕਾਰ, ਦਿੱਲੀ ਦੇ ਉੱਤਰ-ਪੱਛਮ ਵਿੱਚ, ਦਿੱਲੀ ਤੋਂ ਤਕਰੀਬਨ 40 ਤੇ ਰੋਹਤਕ ਤੋਂ 33 ਕਿਲੋਮੀਟਰ ਦੂਰ ਹੈ)। ਉਦੋਂ ਇਹ ਇਲਾਕਾ ਉਜਾੜ-ਬੀਆਬਾਨ ਹੋਣ ਕਰਕੇ ਕਾਫ਼ੀ ਹੱਦ ਤੱਕ ਮਹਿਫ਼ੂਜ਼ (ਫ਼ੌਜੀ ਪੱਖ ਤੋਂ) ਸੀ। ਇਥੋਂ ਬੰਦਾ ਸਿੰਘ ਨੇ ਪੰਜਾਬ ਦੇਸ ਵਿੱਚ ਵੱਖ-ਵੱਖ ਇਲਾਕਿਆਂ ਦੇ ਮੁੱਖੀ ਸਿੱਖਾਂ ਨੂੰ ਖ਼ਤ ਭੇਜ ਕੇ ਗੁਰੂ ਸਾਹਿਬ ਦਾ ਪੈਗ਼ਾਮ ਦਿੱਤਾ ਅਤੇ ਹਥਿਆਰਬੰਦ ਹੋ ਕੇ ਬਾਂਗਰ ਦੇਸ਼ ਵਿੱਚ ਪੁੱਜਣ ਵਾਸਤੇ ਆਖਿਆ। ਕੁਝ ਹੀ ਦਿਨਾਂ ਵਿੱਚ ਪੰਜ ਸੌ ਦੇ ਕਰੀਬ ਸਿੱਖ ਉਸ ਕੋਲ ਪੁੱਜ ਗਏ।

ਬੰਦਾ ਸਿੰਘ ਦਾ ਪਹਿਲਾ ਐਕਸ਼ਨ ਸੋਨੀਪਤ ਵਿੱਚ ਸੀ। ਭਾਵੇਂ ਸਿੱਖਾਂ ਦੀ ਗਿਣਤੀ ਥੋੜੀ ਸੀ, ਪਰ ਸੋਨੀਪਤ ਦਾ ਫ਼ੌਜਦਾਰ ਉਨ੍ਹਾਂ ਦਾ ਟਾਕਰਾ ਕਰਨ ਦੀ ਬਜਾਇ ਡਰਦਾ-ਮਾਰਾ ਨਗਰ ਛੱਡ ਕੇ ਦਿੱਲੀ ਨੂੰ ਨੱਸ ਗਿਆ। ਸਿੱਖਾਂ ਨੇ ਸ਼ਾਹੀ ਖ਼ਜ਼ਾਨਾ, ਘੋੜੇ ਅਤੇ ਹਥਿਆਰ ਲੁੱਟ ਲਏ ਪਰ ਆਮ ਜਨਤਾ ਨੂੰ ਕੁਝ ਵੀ ਨਾ ਕਿਹਾ।

ਇਸ ਤੋਂ ਪਿੱਛੋਂ ਬੰਦਾ ਸਿੰਘ ਨੂੰ ਪਤਾ ਲੱਗਿਆ ਕਿ ਮੁਗ਼ਲ ਸਰਕਾਰ ਦਾ ਸ਼ਾਹੀ ਖ਼ਜ਼ਾਨਾ ਲੈਕੇ ਇੱਕ ਫ਼ੌਜੀ ਦਸਤਾ ਦਿੱਲੀ ਜਾ ਰਿਹਾ ਹੈ ਅਤੇ ਉਸ ਵੇਲੇ ਉਹ ਕੈਥਲ ਤੋਂ 20 ਕਿਲੋਮੀਟਰ ਦੂਰ, ਬਹੁਣ (ਭੂਣ) ਪਿੰਡ ਵਿੱਚ ਪੜਾਅ ਕਰ ਰਿਹਾ ਹੈ। ਬੰਦਾ ਸਿੰਘ ਨੇ ਅਚਾਨਕ ਹਮਲਾ ਕਰਕੇ ਇਹ ਸ਼ਾਹੀ ਖ਼ਾਜ਼ਾਨਾ ਵੀ ਕਾਬੂ ਕਰ ਲਿਆ। ਇਸ ਤਰ੍ਹਾਂ ਕਾਬੂ ਕੀਤੇ ਘੋੜੇ ਅਤੇ ਖ਼ਜ਼ਾਨੇ ਨੂੰ ਬੰਦਾ ਸਿੰਘ ਨੇ ਸਿੱਖਾਂ ਵਿੱਚ ਵੰਡ ਦਿੱਤਾ।

ਕੁਝ ਹਫਤਿਆਂ ਵਿੱਚ ਹੀ ਮਾਲਵੇ ਦੇ ਬਹੁਤ ਸਾਰੇ ਸਿੱਖ ਜਵਾਨ, ਘੋੜਿਆਂ ਅਤੇ ਹਥਿਆਰਾਂ ਨਾਲ ਲੈਸ ਹੋ ਕੇ, ਬੰਦਾ ਸਿੰਘ ਦੇ ਕੈਂਪ ਵਿੱਚ ਪਹੁੰਚ ਗਏ ਅਤੇ ਇਨ੍ਹਾਂ ਦੀ ਗਿਣਤੀ ਚਾਰ ਹਜ਼ਾਰ ਤੋਂ ਵੀ ਵਧ ਗਈ। ਬੰਦਾ ਸਿੰਘ ਨੇ ਸਿੱਖਾਂ ਨੂੰ ਸਮਝਾਇਆ ਕਿ ਸਾਡੀ ਸਭ ਤੋਂ ਵੱਡੀ ਕਾਰਵਾਈ ਸਾਹਰਿੰਦ (ਹੁਣ ਸਰਹਿੰਦ) ਵਿੱਚ ਹੋਵੇਗੀ। ਪਰ ਉਸ ਵਾਸਤੇ ਇੱਕ ਵੱਡੀ ਫ਼ੌਜ ਅਤੇ ਚੋਖੀ ਗਿਣਤੀ ਵਿੱਚ ਵਧੀਆ ਹਥਿਆਰਾਂ ਦੀ ਲੋੜ ਹੋਵੇਗੀ। ਇਹ ਨਿਸ਼ਾਨਾ ਹਾਸਿਲ ਕਰਨ ਵਾਸਤੇ ਸਾਨੂੰ ਪਹਿਲਾਂ ਕੁਝ ਸ਼ਾਹੀ ਅਸਲਾ-ਖ਼ਾਨਿਆਂ ’ਤੇ ਕਬਜ਼ਾ ਕਰਨਾ ਪਵੇਗਾ। ਇਸ ਮਕਸਦ ਵਾਸਤੇ ਬੰਦਾ ਸਿੰਘ ਨੇ ਨਾਰਨੌਲ, ਭਿਵਾਨੀ, ਹਿਸਾਰ ਵਗ਼ੈਰਾ ਤੇ ਹਮਲੇ ਕਰਕੇ ਅਸਲਾ ਤੇ ਖ਼ਜ਼ਾਨੇ ਖੋਹ ਲਏ। ਇਸ ਸਮੇਂ ਦੌਰਾਨ ਹੀ ਹੋਰ ਵੀ ਬਹੁਤ ਸਾਰੇ ਸਿੱਖ ਉਸ ਦੇ ਕੈਂਪ ਵਿੱਚ ਆ ਸ਼ਾਮਿਲ ਹੋਏ।

ਇਸ ਦੇ ਨਾਲ ਹੀ ਬੰਦਾ ਸਿੰਘ ਨੇ ਫ਼ੈਸਲਾ ਕੀਤਾ ਕਿ ਸਰਹਿੰਦ ’ਤੇ ਹਮਲਾ ਕਰਨ ਤੋਂ ਪਹਿਲਾਂ ਇਸ ਦੇ ਆਲੇ-ਦੁਆਲੇ ਦੇ ਜਿਲ੍ਹਿਆਂ ਤੇ ਕਬਜ਼ਾ ਕਰ ਲਿਆ ਜਾਵੇ ਤਾਂ ਜੋ ਸਰਹਿੰਦ ਦੇ ਹਾਕਮ ਨੂੰ ਕਿਸੇ ਪਾਸਿਓਂ ਕੋਈ ਮਦਦ ਮਿਲਣ ਦੀ ਆਸ ਨਾ ਰਹੇ। ਦੂਜਾ, ਸਿੱਖ ਫ਼ੌਜਾਂ ਨੂੰ ਬਹੁਤ ਸਾਰੇ ਹਥਿਆਰ ਅਤੇ ਪੈਸੇ ਦੀ ਵੀ ਲੋੜ ਸੀ। ਇਸ ਸਾਰੇ ਕੁਝ ਵਾਸਤੇ ਸਮਾਣਾ ਤੋਂ ਵਧੀਆ ਕੋਈ ਹੋਰ ਜਗਹ ਨਹੀਂ ਸੀ ਹੋ ਸਕਦੀ। ਇਸ ਸੋਚ ਨਾਲ ਉਸ ਨੇ ਸਭ ਤੋਂ ਪਹਿਲਾਂ ਸਮਾਣਾ ’ਤੇ ਕਬਜ਼ਾ ਕਰਨ ਦਾ ਪਲਾਨ ਬਣਾਇਆ।





## ਸਮਾਣਾ ’ਤੇ ਕਬਜ਼ਾ

ਕਿਸੇ ਜ਼ਮਾਨੇ ਵਿੱਚ ਸਮਾਣਾ ਮਾਲਵਾ ਤੇ ਬਾਂਗਰ ਦੇਸ਼ ਦੀ ਰਾਜਧਾਨੀ ਰਿਹਾ ਸੀ। 1360 ਵਿੱਚ ਫਿਰੋਜ਼ਸ਼ਾਹ ਤੁਗ਼ਲਕ ਨੇ ਸਮਾਣਾ ਦੀ ਥਾਂ ਸਰਹਿੰਦ ਨੂੰ ਰਾਜਧਾਨੀ ਬਣਾ ਦਿੱਤਾ। ਫਿਰ ਵੀ 1709 ਵਿੱਚ ਵੀ, ਇਸ ਦੇ ਨੌਂ ਪਰਗਨੇ ਸਨ। ਬਹੁਤ ਸਾਰੇ ਅਮੀਰ-ਵਜ਼ੀਰ ਇਥੇ ਰਹਿੰਦੇ ਸਨ। ਇਨ੍ਹਾਂ ਵਿੱਚੋਂ 22 ਉਮਰਾ (ਅਮੀਰ) ਤਾਂ ਉਹ ਸਨ, ਜਿਨ੍ਹਾਂ ਨੂੰ ਪਾਲਕੀਆਂ ਵਿੱਚ ਆਉਂਣ-ਜਾਣ ਦਾ ਹੱਕ ਹਾਸਿਲ ਸੀ। ਇਨ੍ਹਾਂ ਸਾਰਿਆਂ ਦੀਆਂ ਹਵੇਲੀਆਂ ਕਿਲ੍ਹਿਆਂ ਵਰਗੀਆਂ ਸਨ। ਇਥੋਂ ਦਾ ਮੁੱਖ ਕਿਲ੍ਹਾ ਵੀ ਬਹੁਤ ਮਜ਼ਬੂਤ ਸੀ (ਇਸ ਕਿਲ੍ਹੇ ਦੀ ਕੰਧ ਦਾ ਇੱਕ ਹਿੱਸਾ ਅੱਜ 2009 ਵਿੱਚ ਵੀ ਮੌਜੂਦ ਹੈ)।

11 ਨਵੰਬਰ 1675 ਦੇ ਦਿਨ ਗੁਰੂ ਤੇਗ਼ ਬਹਾਦਰ ਸਾਹਿਬ ਦਾ ਸੀਸ ਧੜ ਤੋਂ ਜੁਦਾ ਕਰਨ ਵਾਲਾ ਜੱਲਾਦ ਸੱਯਦ ਜਲਾਲੁੱਦੀਨ ਇੱਥੋਂ ਦਾ ਹੀ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਦੋਹਾਂ ਨਿੱਕੇ ਸਾਹਿਬਜ਼ਾਦਿਆਂ ਨੂੰ ਵੀ ਇਸੇ ਸ਼ਹਿਰ ਦੇ ਜੱਲਾਦਾਂ ਸਈਅਦ ਸ਼ਾਸ਼ਲ ਬੇਗ ਤੇ ਬਾਸ਼ਲ ਬੇਗ਼ ਨੇ ਹੀ ਦਸੰਬਰ 1705 ਵਿੱਚ, ਕੋਹ-ਕੋਹ ਕੇ ਕਤਲ ਕੀਤਾ ਸੀ। ਅਨੰਦਪੁਰ ਸਾਹਿਬ ’ਚ 4 ਦਸੰਬਰ 1705 ਦੇ ਦਿਨ ਗੁਰੂ ਸਾਹਿਬ ਨੂੰ ਬਾਦਸ਼ਾਹ ਦੀ ਝੂਠੀ ਚਿੱਠੀ ਪਹੁੰਚਾਉਂਣ ਵਾਲਾ ਸੱਯਦ ਅਲੀ ਹੁਸੈਨ ਵੀ ਇਥੋਂ ਦਾ ਹੀ ਸੀ। ਸਿੱਖ ਇਸ ਨੂੰ “ਜੱਲਾਦਾਂ ਦਾ ਸ਼ਹਿਰ” ਆਖ ਕੇ ਚੇਤੇ ਕਰਦੇ ਸਨ। ਇਸ ਕਰਕੇ ਵੀ ਬੰਦਾ ਸਿੰਘ ਨੇ ਸਭ ਤੋਂ ਪਹਿਲਾਂ ਇਸੇ ਸ਼ਹਿਰ ਨੂੰ ਸੋਧਣ ਦਾ ਫ਼ੈਸਲਾ ਕੀਤਾ।

26 ਨਵੰਬਰ 1709 ਦੇ ਦਿਨ ਬੰਦਾ ਸਿੰਘ ਬਹਾਦਰ ਦੀ ਅਗਵਾਈ ਵਿੱਚ ਸਿੱਖ ਫ਼ੌਜਾਂ ਨੇ ਅਚਾਨਕ ਹੀ ਸਮਾਣੇ ’ਤੇ ਹਮਲਾ ਕਰਕੇ ਕੁਝ ਕੁ ਘੰਟਿਆਂ ਦੀ ਲੜਾਈ ਤੋਂ ਬਾਅਦ ਇਸਦੇ ਕਿਲ੍ਹੇ ਤੇ ਕਬਜ਼ਾ ਕਰ ਲਿਆ। ਸਮਾਣੇ ਉੱਤੇ ਕਬਜ਼ਾ ਕਰਨ ਮਗਰੋਂ ਬੰਦਾ ਸਿੰਘ ਬਹਾਦਰ ਨੇ ਐਲਾਨ ਕੀਤਾ ਕਿ ਕਿਸੇ ਵੀ ਨਿਰਦੋਸ਼ ਬੰਦੇ ਨੂੰ ਕੁਝ ਨਹੀਂ ਕਿਹਾ ਜਾਵੇਗਾ ਅਤੇ ਸਿਰਫ਼ ਜ਼ਾਲਮ ਹਾਕਮਾਂ ਅਤੇ ਜੱਲਾਦਾਂ ਨੂੰ ਹੀ ਸਜ਼ਾ ਦਿੱਤੀ ਜਾਵੇਗੀ। ਅਜੇ ਸ਼ਾਮ ਪੂਰੀ ਤਰ੍ਹਾਂ ਢਲੀ ਨਹੀਂ ਸੀ ਕਿ ਸਿੱਖਾਂ ਦਾ ਟਾਕਰਾ ਕਰਨ ਵਾਲੇ ਸਾਰੇ ਮੁਗ਼ਲ ਤੇ ਸੱਯਦ ਖ਼ਤਮ ਹੋ ਚੁੱਕੇ ਸਨ ਜਾਂ ਸ਼ਹਿਰ ’ਚੋਂ ਦੌੜ ਚੁੱਕੇ ਸਨ। ਸਿੱਖਾਂ ਨੇ ਕਿਸੇ ਵੀ ਔਰਤ, ਬੁੱਢੇ ਤੇ ਬੱਚੇ ਨੂੰ ਕੁਝ ਵੀ ਨਾ ਕਿਹਾ ਅਤੇ ਨਾ ਹੀ ਕਿਸੇ ਮਸੀਤ ਦਾ ਕੋਈ ਨੁਕਸਾਨ ਕੀਤਾ। ਉਸ ਵੇਲੇ ਦੀਆਂ ਘੱਟੋ-ਘੱਟ ਪੰਜ ਮਸੀਤਾਂ ’ਤੇ ਮਜ਼ਾਰ ਅੱਜ ਤੱਕ ਵੀ ਮੌਜੂਦ ਹਨ।

ਸਮਾਣੇ ਤੇ ਕਬਜ਼ੇ ਦੌਰਾਨ ਸਿੱਖ ਫ਼ੌਜਾਂ ਨੂੰ ਹਥਿਆਰਾਂ ਦਾ ਵੱਡਾ ਖ਼ਜ਼ਾਨਾ, ਬਹੁਤ ਸਾਰਾ ਸੋਨਾ, ਚਾਂਦੀ ਤੇ ਰੁਪਏ ਅਤੇ ਸੈਂਕੜੇ ਘੋੜੇ ਹਾਸਿਲ ਹੋਏ। ਇਸ ਵੇਲੇ ਤੱਕ ਸਿੱਖ ਫ਼ੌਜ ਵਿੱਚ ਦਸ-ਬਾਰਾਂ ਹਜ਼ਾਰ ਸਿੱਖ ਸ਼ਾਮਿਲ ਹੋ ਚੁੱਕੇ ਸਨ। ਇਸ ਤੋਂ ਬਾਅਦ, ਸਿੱਖ ਫ਼ੌਜਾਂ ਨੇ ਅੱਧ ਨਵੰਬਰ 1709 ਤੱਕ ਘੁੜਾਮ ਦੇ ਮਸ਼ਹੂਰ ਕਿਲ੍ਹੇ, ਠੱਸਕਾ, ਥਾਨੇਸਰ, ਸ਼ਾਹਬਾਦ (ਮਾਰਕੰਡਾ), ਮੁਸਤਫ਼ਾਬਾਦ, ਕੁੰਜਪੁਰਾ, ਕਪੂਰੀ, ਸਢੌਰਾ ਆਦਿ ਵੀ ਫ਼ਤਹਿ ਕਰ ਲਏ।

## ਲੋਹਗੜ੍ਹ (ਮੁਖ਼ਲਿਸਗੜ੍ਹ) ਤੇ ਕਬਜ਼ਾ

ਸਢੌਰਾ ਤੋਂ 15-20 ਕਿਲੋਮੀਟਰ ਦੂਰ, ਸੋਮ ਨਦੀ ਦੇ ਕਿਨਾਰੇ, ਪਿੰਡ ਪੰਮੂ ਅਤੇ ਡਸਕਾ ਦੇ ਵਿਚਕਾਰਲੀਆਂ ਪਹਾੜੀਆਂ ਵਿੱਚ ਇੱਕ ਕਿਲ੍ਹਾ ਸੀ ਜਿਸ ਨੂੰ ਇੱਕ ਪਠਾਣ ਮੁਖ਼ਲਿਸਖਾਨ (ਜੋ ਸ਼ਾਹ ਜਹਾਨ ਬਾਦਸ਼ਾਹ ਦਾ ਇੱਕ ਜਰਨੈਲ ਸੀ) ਨੇ 1650-55 ਵਿੱਚ ਬਣਾਇਆ ਸੀ। ਉਪਰ ਵਰਣਨ ਕੀਤੀਆਂ ਜਿੱਤਾਂ ਤੋਂ ਬਾਅਦ, ਫਰਵਰੀ 1710 ਵਿੱਚ ਇੱਕ ਮਹਿਫ਼ੂਜ ਕਿਲ੍ਹੇ ਦੀ ਲੋੜ ਨੂੰ ਮਹਿਸੂਸ ਕਰਦਿਆਂ ਇਸ ਮੁਖ਼ਲਿਸਗੜ੍ਹ ਕਿਲ੍ਹੇ ਤੇ ਹਮਲਾ ਕਰਕੇ ਆਸਾਨੀ ਨਾਲ ਹੀ (ਕਿਉਂਕਿ ਉਸ ਵਕਤ ਇਸ ਵਿੱਚ ਗਿਣਤੀ ਦੇ ਲੋਕ ਹੀ ਸਨ) ਕਬਜ਼ਾ ਕਰ ਲਿਆ ਅਤੇ ਇਸ ਦੀ ਮਰੰਮਤ ਕਰਕੇ ਮਹਿਫ਼ੂਜ ਬਣਾ ਲਿਆ। ਇਹ ਕਿਲ੍ਹਾ ਪਹਾੜਾਂ ਅਤੇ ਖੱਡਾਂ ਨਾਲ ਘਿਰਿਆ ਹੋਇਆ ਹੋਣ ਕਰਕੇ ਇਸ ’ਤੇ ਹਮਲਾ ਕਰਕੇ ਇਸ ਨੂੰ ਜਿੱਤਣਾ ਆਸਾਨ ਨਹੀਂ ਸੀ। ਬੰਦਾ ਸਿੰਘ ਨੇ ਮੁਖ਼ਲਿਸਗੜ੍ਹ ਦਾ ਨਾਂ ਬਦਲ ਕੇ ਲੋਹਗੜ੍ਹ ਰੱਖ ਦਿੱਤਾ।

ਮਈ 1710 ਦੇ ਸ਼ੁਰੂ ਵਿੱਚ ਦੋ ਹਜ਼ਾਰ ਦੇ ਕਰੀਬ ਸਿੱਖ ਬੰਦਾ ਸਿੰਘ ਨਾਲ ਸ਼ਾਮਿਲ ਹੋਣ ਵਾਸਤੇ ਕੀਰਤਪੁਰ ਵਿੱਚ ਪੁੱਜ ਚੁੱਕੇ ਸਨ। ਕੀਰਤਪੁਰ ਤੋਂ ਉਨ੍ਹਾਂ ਰੂਪੜ ਰਾਹੀਂ ਛੱਤ-ਬਨੂੜ ਪੁੱਜ ਕੇ ਬੰਦਾ ਸਿੰਘ ਦੇ ਨਾਲ ਰਲਣਾ ਸੀ। ਇਸ ਦੀ ਖ਼ਬਰ ਸੂਬਾ ਸਰਹਿੰਦ ਵਜ਼ੀਰ ਖ਼ਾਨ ਨੂੰ ਮਿਲ ਚੁੱਕੀ ਸੀ। ਉਸਨੇ ਮਲੇਰਕੋਟਲਾ ਦੇ ਨਵਾਬ ਸ਼ੇਰ ਮੁਹੰਮਦ ਖ਼ਾਨ ਨੂੰ ਫ਼ੌਜ ਲਿਜਾ ਕੇ ਮਾਝੇ ਵੱਲੋਂ ਆ ਰਹੇ ਸਿੱਖਾਂ ਨੂੰ ਰੋਕਣ ਵਾਸਤੇ ਹਦਾਇਤਾਂ ਦਿੱਤੀਆਂ। ਰੂਪੜ ਦੇ ਨੇੜੇ ਸਤਲੁਜ ਦਰਿਆ ਦੇ ਕੰਢੇ, ਪਿੰਡ ਬਹਿਲੋਲਪੁਰ ਦੀ ਜੂਹ ਵਿੱਚ ਸਿੱਖਾਂ ਅਤੇ ਮਲੇਰੀ ਫ਼ੌਜਾਂ ਵਿੱਚ ਜ਼ਬਰਦਸਤ ਜੰਗ ਹੋਈ। ਮਲੇਰੀ ਫ਼ੌਜਾਂ ਦੀ ਗਿਣਤੀ ਵੀ ਵਧੇਰੇ ਸੀ ਅਤੇ ਉਨ੍ਹਾਂ ਕੋਲ ਹਥਿਆਰ ਵੀ ਜਿਆਦਾ ਅਤੇ ਵਧੀਆ ਸਨ। ਲੜਾਈ ਦੇ ਪਹਿਲੇ ਦਿਨ ਮਲੇਰੀਆਂ ਦਾ ਪਲੜਾ ਭਾਰੀ ਜਾਪਦਾ ਸੀ। ਹਨ੍ਹੇਰਾ ਹੋਣ ’ਤੇ ਲੜਾਈ ਬੰਦ ਹੋ ਗਈ। ਰਾਤ ਨੂੰ ਮਾਝੇ ਤੋਂ ਕੁਝ ਹੋਰ ਸਿੱਖ ਵੀ ਉਨ੍ਹਾਂ ਨਾਲ ਆ ਰਲੇ। ਸਵੇਰ ਦੀ ਪਹੁ ਫੁਟਦਿਆਂ ਹੀ ਸਿੱਖਾਂ ਨੇ ਇੱਕਦਮ ਮਲੇਰੀਆਂ ਤੇ ਹਮਲਾ ਕਰ ਦਿੱਤਾ। ਘਮਸਾਨ ਦੀ ਜੰਗ ਹੋਈ ਜਿਸ ਵਿੱਚ ਨਵਾਬ ਸ਼ੇਰ ਮੁਹੰਮਦ ਦਾ ਭਰਾ ਖਿਜ਼ਰ ਖ਼ਾਨ ਅਤੇ ਸ਼ੇਰ ਮੁਹੰਮਦ ਦੇ ਦੋ ਭਤੀਜੇ ਖ਼ਾਨ ਅਲੀ ਤੇ ਮੁਹੰਮਦ ਬਖ਼ਸ਼ ਮਾਰੇ ਗਏ। ਸ਼ੇਰ ਮੁਹੰਮਦ ਵੀ ਜ਼ਖ਼ਮੀ ਹੋ ਗਿਆ। ਸਾਰੀਆਂ ਪਠਾਣ ਫ਼ੌਜਾਂ ਮੈਦਾਨ ’ਚੋਂ ਦੌੜ ਗਈਆਂ (ਖ਼ਾਫ਼ੀ ਖ਼ਾਨ, ਚੈਪਟ ੨, ਸਫ਼ਾ 653)

## ਚੱਪੜ-ਚਿੱੜੀ ਦੀ ਲੜਾਈ

ਵਜ਼ੀਰ ਖ਼ਾਨ ਨੇ ਦਿੱਲੀ ਅਤੇ ਲਹੌਰ ਤੋਂ ਹੋਰ ਫ਼ੌਜ ਅਤੇ ਹਥਿਆਰ ਮੰਗਵਾ ਲਏ ਉਸ ਕੋਲ ਵੱਡੀ ਗਿਣਤੀ ਵਿੱਚ ਹਥਿਆਰ, ਘੋੜੇ, ਹਾਥੀ ਅਤੇ ਗੋਲਾ-ਬਾਰੂਦ ਸੀ। ਉਹ ਚਾਹੁੰਦਾ ਸੀ ਕਿ ਸਿੱਖਾਂ ਤੇ ਅਚਾਨਕ ਹੀ ਹਮਲਾ ਕਰ ਦਿੱਤਾ ਜਾਵੇ, ਉਹ ਬੰਦਾ ਸਿੰਘ ਨੂੰ ਸਰਹਿੰਦ ਤੋਂ ਬਾਹਰ ਹੀ ਟੱਕਰਨਾ ਚਾਹੁੰਦਾ ਸੀ। ਇਸ ਦੇ ਨਾਲ ਹੀ ਉਸ ਨੇ ਇੱਕ ਹੋਰ ਚਾਲ ਚੱਲੀ। ਉਸ ਨੇ ਸੁੱਚਾ ਨੰਦ ਦੇ ਇੱਕ ਭਤੀਜੇ ਗੰਡਾ ਮੱਲ ਨੂੰ ਇੱਕ ਹਜ਼ਾਰ ਹਿੰਦੂ ਫ਼ੌਜੀ ਦੇ ਕੇ ਬੰਦਾ ਸਿੰਘ





ਦੀਆਂ ਫ਼ੌਜਾਂ ਵਿੱਚ ਸ਼ਾਮਿਲ ਹੋਣ ਵਾਸਤੇ ਛੱਤ-ਬਨੂੜ ਵੱਲ ਤੋਰ ਦਿੱਤਾ। ਉਸ ਦੀ ਪਲਾਨ ਇਹ ਸੀ ਕਿ ਜੰਗ ਸ਼ੁਰੂ ਹੁੰਦਿਆਂ ਹੀ ਇਹ ਸਾਰੇ ਗ਼ਦਾਰੀ ਕਰਕੇ ਮੈਦਾਨ ਛੱਡ ਕੇ ਭੱਜ ਜਾਣ ਜਿਸ ਨਾਲ ਸਿੱਖ ਫ਼ੌਜਾਂ ਵਿੱਚ ਖ਼ਲਬਲੀ ਮੱਚ ਜਾਵੇ ਤੇ ਇਸੇ ਉਲਝਣ ਵਿੱਚ ਉਹ ਮਾਰੇ ਜਾਣ ਜਾਂ ਮੈਦਾਨ ਛੱਡ ਜਾਣ। ਬੰਦਾ ਸਿੰਘ ਨੇ ਇਨ੍ਹਾਂ ਦੀ ਗੱਲ ਤੇ ਯਕੀਨ ਨਾ ਕੀਤਾ ਅਤੇ ਇਨ੍ਹਾਂ ਨੂੰ ਅੱਗੇ ਲਾਉਂਣ ਦੀ ਬਜਾਇ ਸਭ ਤੋਂ ਆਖ਼ਰੀ ਜੰਗੀ ਕਤਾਰਾਂ ਵਿੱਚ ਰੱਖਿਆ।

ਸਾਰੇ ਸਿੱਖ ਚੱਪੜ-ਚਿੱੜੀ ਦੀ ਜੂਹ ਵਿੱਚ ਇਕੱਠੇ ਹੋ ਗਏ। (ਅਜਿਹਾ ਜਾਪਦਾ ਹੈ ਕਿ ਕਦੇ ਇਸ ਥਾਂ ’ਤੇ ਇੱਕ ਵੱਡਾ ਛੱਪੜ ਅਤੇ ਨੇੜੇ ਹੀ ਇੱਕ ਝਿੜੀ ਹੋਵੇਗੀ, ਜਿਸਦਾ ਨਾਂ ਮਗਰੋਂ ‘ਛੱਪੜ-ਝਿੜੀ’ ਤੋਂ ਵਿਗੜ ਕੇ ‘ਚੱਪੜ-ਚਿੜੀ’ ਬਣ ਗਿਆ ਹੋਵੇਗਾ)। ਇਥੋਂ ਸਾਹਰਿੰਦ 30-32 ਕਿਲੋਮੀਟਰ ਦੂਰ ਸੀ। ਇਹ ਇਲਾਕਾ ਹੁਣ ਚੰਡੀਗੜ੍ਹ ਦੇ ਨਾਲ ਆਬਾਦ ਹੋਏ ਸ਼ਹਿਰ ਸਾਹਿਬਜਾਦਾ ਅਜੀਤ ਸਿੰਘ ਨਗਰ ਵਿੱਚ (ਉੱਤਰ-ਪੱਛਮ ਵਾਲੇ ਪਾਸੇ) ਆ ਗਿਆ ਹੈ। ਵਜ਼ੀਰ ਖ਼ਾਨ ਨੇ ਵੀ ਆਪਣੀਆਂ ਫ਼ੌਜਾਂ ਲਿਆ ਕੇ ਇਸ ਇਲਾਕੇ ਵਿੱਚ ਮੋਰਚਾ-ਬੰਦੀ ਕਰ ਲਈ। ਉਸ ਨੇ ਸਭ ਤੋਂ ਮੂਹਰਲੀ ਕਤਾਰ ਵਿੱਚ ਤੋਪਾਂ ਬੀੜ ਦਿੱਤੀਆਂ, ਉਸਤੋਂ ਪਿੱਛੋਂ ਹਾਥੀ ਤੇ ਫਿਰ ਬਾਕੀ ਫ਼ੌਜ ਦੇ ਦਸਤੇ ਲਾਏ ਗਏ।

ਬੰਦਾ ਸਿੰਘ ਨੇ ਸਾਰੀਆਂ ਫ਼ੌਜਾਂ ਨੂੰ ਚਾਰ ਹਿੱਸਿਆਂ ਵਿੱਚ ਵੰਡ ਦਿੱਤਾ। ਸਿੱਖਾਂ ਕੋਲ ਹੁਣ ਤੱਕ ਛੇ ਤੋਪਾਂ ਵੀ ਆ ਚੁੱਕੀਆਂ ਸਨ। ਬੰਦਾ ਸਿੰਘ ਨੇ ਇਕ ਰਾਖਵਾਂ ਫ਼ੌਜੀ ਦਸਤਾ ਆਪਣੇ ਕੋਲ ਰੱਖ ਕੇ ਇੱਕ ਟਿੱਬੇ ਤੇ ਮੋਰਚੇ ਲਾ ਲਏ ਅਤੇ ਸਾਰੀ ਹਾਲਾਤ ਤੇ ਨਿਗਾਹ ਰੱਖਣ ਲੱਗ ਪਿਆ। 10 ਮਈ 1710 ਤੱਕ ਦੋਨਾਂ ਪਾਸਿਆਂ ਤੋਂ ਮੋਰਚਾ-ਬੰਦੀ ਕੀਤੀ ਜਾ ਚੁੱਕੀ ਸੀ। ਸਿੱਖ ਫ਼ੌਜਾਂ ਨੇ ਜੈਕਾਰੇ ਛੱਡ ਕੇ ਮੁਗ਼ਲ ਫ਼ੌਜਾਂ ਤੇ ਹਮਲਾ ਕਰਨ ਦਾ ਪ੍ਰਭਾਵ ਦਿੱਤਾ ਪਰ ਮੁਗ਼ਲ ਫ਼ੌਜਾਂ ਦੀਆਂ ਤੋਪਾਂ ਦੀ ਮਾਰ ਤੋਂ ਆਪਣੇ ਆਪ ਨੂੰ ਦੂਰ ਰੱਖਿਆ। ਮੁਗ਼ਲਾਂ ਦੀਆਂ ਤੋਪਾਂ ਨੇ ਅੱਗ ਵਰਸਾਈ। ਅਜਿਹੀਆਂ ਝਕਾਨੀਆਂ ਦੇ-ਦੇ ਕੇ ਸਿੱਖਾਂ ਨੇ ਮੁਗ਼ਲਾਂ ਦੀਆਂ ਤੋਪਾਂ ਦੇ ਗੋਲਿਆਂ ਦਾ ਭੰਡਾਰ ਤਕਰੀਬਨ ਖ਼ਤਮ ਹੀ ਕਰਵਾ ਦਿੱਤਾ। ਉਧਰ ਸਿੱਖਾਂ ਦੀਆਂ ਤੋਪਾਂ ਨੇ ਵੀ ਸਾਹਰਿੰਦੀ ਤੋਪਚੀਆਂ ਨੂੰ ਆਪਣੀ ਮਾਰ ਹੇਠ ਲੈ ਆਂਦਾ ਜਿਸ ਨਾਲ ਉਨ੍ਹਾਂ ਵੱਲੋਂ ਤੋਪਾਂ ਦੀ ਗੋਲਾਬਾਰੀ ਬੰਦ ਹੋ ਗਈ। ਮੁਗ਼ਲਾਂ ਦੇ ਹਾਥੀ ਵੀ ਸਿੱਖਾਂ ਦੀਆਂ ਤੋਪਾਂ ਦੀ ਮਾਰ ਹੇਠ ਆ ਗਏ। ਸਿੱਖਾਂ ਨੇ ਇਕਦਮ ਗੋਲੇ ਬਰਸਾ ਕੇ ਹਾਥੀਆਂ ਨੂੰ ਖ਼ਦੇੜਨ ਦੀ ਕੋਸ਼ਿਸ਼ ਕੀਤੀ। ਵਜ਼ੀਰ ਖ਼ਾਨ ਦੀ ਫ਼ੌਜ ਦੇ ਕੁਝ ਹਾਥੀ ਜ਼ਖ਼ਮੀ ਹੋ ਕੇ ਚਿੰਘਾੜਦੇ ਹੋਏ ਪਿੱਛੇ ਨੂੰ ਦੌੜੇ ਅਤੇ ਆਪਣੀਆਂ ਫ਼ੌਜਾਂ ਨੂੰ ਹੀ ਜਖ਼ਮੀ ਕਰ ਗਏ। ਹੁਣ ਸਿੱਖ ਘੋੜ ਸਵਾਰ ਸਾਹਰਿੰਦੀ ਫ਼ੌਜਾਂ ਵਿੱਚ ਜਾ ਵੜੇ ਅਤੇ ਵੱਢ-ਟੁੱਕ ਸ਼ੁਰੂ ਹੋ ਗਈ। ਘਮਸਾਨ ਦਾ ਜੰਗ ਮੱਚਿਆ। ਬੰਦਾ ਸਿੰਘ ਨੇ ਜਰੂਰਤ ਅਨੁਸਾਰ ਆਪਣੇ ਰਾਖਵੇਂ ਫ਼ੌਜੀ ਦਸਤੇ ਦੀ ਯੋਗ ਵਰਤੋਂ ਕੀਤੀ। ‘ਜਹਾਦ’ ਦੇ ਨਾਂ ਤੇ ਇਕੱਠੇ ਕੀਤੇ ਪਠਾਣ ਤੇ ਮੁਗ਼ਲ ਜੰਗ ਦੇ ਤੌਰ-ਤਰੀਕਿਆਂ ਤੋਂ ਅਣਜਾਣ ਹੋਣ ਕਰਕੇ ਖਿਸਕਣੇ ਸ਼ੁਰੂ ਹੋ ਗਏ। ਇਸ ਮੌਕੇ ਤੇ ਸੁੱਚਾ ਨੰਦ ਦਾ ਭਤੀਜਾ ਗੰਡਾ ਮੱਲ ਵੀ ਆਪਣੇ ਜਾਸੂਸ ਹਿੰਦੂ ਫ਼ੌਜੀ ਲੈਕੇ ਭੱਜਣ ਲੱਗ ਪਿਆ। ਇਸ ਨਾਲ ਸਿੱਖਾਂ ਦੇ ਖ਼ੇਮੇ ਵਿੱਚ ਵੀ ਕੁੱਝ ਘਬਰਾਹਟ ਫ਼ੈਲ ਗਈ। ਇਸ ਨੂੰ ਵੇਖ ਕੇ ਬੰਦਾ ਸਿੰਘ ਟਿੱਲੇ ਤੋਂ ਉੱਤਰ ਕੇ ਆਪ ਮੈਦਾਨੇ-

ਜੰਗ ਵਿੱਚ ਆ ਗਿਆ। ਬੰਦਾ ਸਿੰਘ ਨੂੰ ਆਪਣੇ ਵਿੱਚ ਖੜ੍ਹਾ ਵੇਖ ਕੇ ਸਿੱਖਾਂ ਦੇ ਹੌਂਸਲੇ ਦੂਣੇ-ਚੌਣੇ ਹੋ ਗਏ ਤੇ ਉਹ ਨਵੇਂ ਜੋਸ਼ ਨਾਲ ਸਾਹਰਿੰਦੀ ਫ਼ੌਜਾਂ ਤੇ ਟੁੱਟ ਪਏ। ਸਾਹਰਿੰਦੀ ਫ਼ੌਜਾਂ ਦੇ ਪੈਰ ਉੱਖੜ ਗਏ। ਇਹ ਵੇਖ ਕੇ ਵਜ਼ੀਰ ਖ਼ਾਨ ਤੇ ਉਸਦਾ ਵਜੀਰ ਸੁੱਚਾ ਨੰਦ ਆਪ ਅਗਲੀਆਂ ਸਫ਼ਾਂ ਵਿੱਚ ਆ ਗਏ ਅਤੇ ਸਾਹਰਿੰਦੀ ਫ਼ੌਜਾਂ ਨੂੰ ਹਲਾਸ਼ੇਰੀ ਦੇਣ ਲੱਗੇ। ਬਾਜ਼ ਸਿੰਘ ਸੁੱਚਾ ਨੰਦ ਵੱਲ ਵਧਿਆ ਤਾਂ ਬੁਜ਼ਦਿਲ ਸੁੱਚਾ ਨੰਦ ਖ਼ੌਫ਼ ਨਾਲ ਦਹਿਲ ਗਿਆ ਤੇ ਪਿੱਛੇ ਨੂੰ ਭੱਜ ਪਿਆ ਅਤੇ ਸਾਹਰਿੰਦ ਜਾ ਕੇ ਹੀ ਦਮ ਲਿਆ। ਇਸ ਮਗਰੋਂ ਜਦ ਬਾਜ਼ ਸਿੰਘ ਤੇ ਫ਼ਤਹਿ ਸਿੰਘ ਦੀ ਨਿਗਾਹ ਵਜ਼ੀਰ ਖ਼ਾਨ ਤੇ ਪਈ ਤਾਂ ਉਹ ਘੋੜੇ ਦੌੜਾ ਕੇ ਉਸ ਵੱਲ ਆ ਗਏ ਤੇ ਉਸਦੇ ਹਾਥੀ ਨੂੰ ਘੇਰ ਲਿਆ। ਹੁਣ ਹੱਥੋ-ਹੱਥ ਲੜਾਈ ਹੋਈ ਜਿਸ ਵਿੱਚ ਵਜ਼ੀਰ ਖ਼ਾਨ ਮਾਰਿਆ ਗਿਆ। ਏਨੇ ਵਿੱਚ ਹੀ ਉਨ੍ਹਾਂ ਨੂੰ ਸ਼ੇਰ ਮੁਹੰਮਦ ਖ਼ਾਨ (ਮਲੇਰਕੋਟਲੇ ਵਾਲਾ) ਵੀ ਨਜ਼ਰ ਆ ਗਿਆ। ਸਿੱਖਾਂ ਨੇ ਉਸ ਨੂੰ ਵੀ ਪਾਰ ਬੁਲਾ ਦਿੱਤਾ। ਉਸਦਾ ਭਰਾ ਖ਼ਵਾਜਾ ਅਲੀ ਵੀ ਮਾਰਿਆ ਗਿਆ। ਇਨ੍ਹਾਂ ਦੀ ਮੌਤ ਤੋਂ ਬਾਅਦ ਇੱਕ ਵੀ ਪਠਾਣ ਜਾਂ ਮੁਗ਼ਲ ਫ਼ੌਜੀ ਮੈਦਾਨ ਵਿੱਚ ਨਾ ਠਹਿਰਿਆ। ਸਾਰੇ ਮੁਗ਼ਲ ਫ਼ੌਜੀ ਸਭ ਕੁਝ ਛੱਡ ਕੇ ਖ਼ਾਲੀ ਹੱਥ ਸਿਰਫ਼ ਜਾਨ ਬਚਾਕੇ ਭੱਜ ਗਏ। ਇਹ ਲੜਾਈ 12 ਮਈ ਦੀ ਸਵੇਰ ਤੋਂ ਦੁਪਹਿਰ ਤੱਕ ਹੀ ਚੱਲੀ ਸੀ (ਅਖ਼ਬਾਰਤੇ-ਦਰਬਾਰੇ ਮੁਅੱਲਾ)।

ਇੱਕ ਸੋਮੇ ਮੁਤਾਬਕ ਇਸ ਜੰਗ ਵਿੱਚ 30 ਹਜ਼ਾਰ ਸਿੱਖ ਸ਼ਹੀਦ ਹੋਏ ਅਤੇ 50 ਹਜ਼ਾਰ ਮੁਗ਼ਲ-ਪਠਾਣ ਮਾਰੇ ਗਏ। ਪਰ ਇਹ ਗਿਣਤੀ ਠੀਕ ਨਹੀਂ ਜਾਪਦੀ। ਇੱਕ ਦੂਜਾ ਸੋਮਾ ਇਹ ਗਿਣਤੀ ਤਰਤੀਬਵਾਰ ਤਿੰਨ ਤੇ ਪੰਜ ਹਜ਼ਾਰ ਦਸਦਾ ਹੈ, ਜਿਹੜੀ ਠੀਕ ਮੰਨੀ ਜਾ ਸਕਦੀ ਹੈ। ਇਸ ਤੋਂ ਇਲਾਵਾ ਬਹੁਤ ਸਾਰੇ ਸਿੱਖ ਜ਼ਖ਼ਮੀ ਹੋਏ। ਸ਼ਹੀਦ ਹੋਣ ਵਾਲਿਆਂ ਵਿੱਚ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਸ਼ਸਤਰ ਸਿਖਾਉਣ ਵਾਲਾ ਉਸਤਾਦ ਭਾਈ ਬਜਰ ਸਿੰਘ ਰਠੌਰ ਵੀ ਸੀ। ਇਸ ਜੰਗ ਵਿੱਚ 45 ਵੱਡੀਆਂ-ਛੋਟੀਆਂ ਤੋਪਾਂ, ਦਰਜਨਾਂ ਹਾਥੀ, ਸੈਂਕੜੇ ਘੋੜੇ ਅਤੇ ਬਹੁਤ ਸਾਰੀਆਂ ਬੰਦੂਕਾਂ ਸਿੱਖਾਂ ਦੇ ਹੱਥ ਲੱਗੀਆਂ।

## ਸਾਹਰਿੰਦ ਸ਼ਹਿਰ ਤੇ ਕਬਜ਼ਾ

ਲੜਾਈ ਖ਼ਤਮ ਹੋਣ ਮਗਰੋਂ ਜ਼ਖ਼ਮੀ ਸਿੱਖਾਂ ਦੀ ਮਰਹਮ ਪੱਟੀ ਕੀਤੀ ਗਈ ਪਰ ਸਿੱਖਾਂ ਕੋਲ ਏਨੀ ਮਰਹਮ ਨਹੀਂ ਸੀ ਕਿ ਹਰ ਇੱਕ ਜ਼ਖ਼ਮੀ ਨੂੰ ਮੁਹੱਈਆ ਕੀਤੀ ਜਾ ਸਕੇ। ਸ਼ਹੀਦ ਸਿੱਖਾਂ ਨੂੰ ਇਕੱਠੇ ਕਰਕੇ ਉਨ੍ਹਾਂ ਦਾ ਸਸਕਾਰ ਕੀਤਾ ਗਿਆ। ਇਹ ਸਾਰਾ ਸਮਾਂ ਸਿੱਖ ਸ਼ਬਦ ਗਾਉਂਦੇ ਅਤੇ ਪਾਠ ਕਰਦੇ ਰਹੇ। ਸਸਕਾਰ ਕਰਨ ਮਗਰੋਂ ਬਾਕੀ ਸਿੱਖ ਫ਼ੌਜਾਂ ਸਾਹਰਿੰਦ ਵੱਲ ਚੱਲ ਪਈਆਂ।

ਸਿੱਖਾਂ ਨੇ ਸਾਹਰਿੰਦ ਨੂੰ ਜਾਕੇ ਰਾਤ ਨੂੰ ਘੇਰਾ ਪਾ ਲਿਆ। ਅਗਲੇ ਦਿਨ ਇੱਕ ਨਿੱਕੀ ਜਿਹੀ ਝੜਪ ਮਗਰੋਂ ਸਿੱਖ ਸ਼ਹਿਰ ਵਿੱਚ ਦਾਖਲ ਹੋ ਗਏ। ਉਨ੍ਹਾਂ ਨੇ ਵਜ਼ੀਰ ਖ਼ਾਨ ਦੀ ਲਾਸ਼ ਦਾ ਜਲੂਸ ਕੱਢਿਆ ਅਤੇ ਕਿਲ੍ਹੇ ਦੇ ਕੋਲ ਲਿਆਕੇ ਇੱਕ ਦਰੱਖਤ ਨਾਲ ਪੁੱਠਾ ਲਟਕਾ ਦਿੱਤਾ। ਗਿਰਝਾਂ ਅਤੇ ਹੋਰ ਪੰਛੀਆਂ ਨੇ ਉਸ ਦੀ ਲਾਸ਼ ਨੂੰ ਨੋਚਣਾ ਸ਼ੁਰੂ ਕਰ ਦਿੱਤਾ। ਇਹ





ਦੇਖ ਕੇ ਸ਼ਹਿਰ ਦੇ ਲੋਕ ਬੁਰੀ ਤਰ੍ਹਾਂ ਦਹਿਲ ਗਏ। ਉਨ੍ਹਾਂ ਵਿੱਚੋਂ ਕਈਆਂ ਨੇ ਸਿੱਖ ਫ਼ੌਜਾਂ ਤੋਂ ਰਹਿਮ ਦੀ ਮੰਗ ਕੀਤੀ। ਸਿੱਖਾਂ ਨੇ ਸ਼ਹਿਰਵਾਸੀਆਂ ਨੂੰ ਯਕੀਨ ਦਿਵਾਇਆ ਕਿ ਕਿਸੇ ਬੇਗੁਨਾਹ ਦਾ ਕੋਈ ਵੀ ਸਿੱਖ ਵਾਲ ਵੀ ਵਿੰਗਾ ਨਹੀਂ ਕਰੇਗਾ। ਹੁਣ ਸਿੱਖਾਂ ਨੇ ਕਿਲ੍ਹੇ ਵੱਲ ਮੂੰਹ ਕੀਤਾ। ਇਥੇ ਜ਼ਬਰਦਸਤ ਲੜਾਈ ਹੋਈ। ਕਿਲ੍ਹੇ ਦੀਆਂ ਤੋਪਾਂ ਦੇ ਗੋਲਿਆਂ ਨਾਲ 500 ਦੇ ਕਰੀਬ ਸਿੱਖ ਸ਼ਹੀਦ ਹੋ ਗਏ। ਇਸ ਤੇ ਕੁਝ ਸਿੱਖ ਕਿਲ੍ਹੇ ਦੇ ਨੇੜਲੇ ਇੱਕ ਭੱਠੇ ’ਤੇ ਚੜ੍ਹ ਗਏ ਤੇ ਉਥੋਂ ਉਨ੍ਹਾਂ ਨੇ ਕਿਲ੍ਹੇ ’ਚੋਂ ਗੋਲੇ ਬਰਸਾਉਂਦੀਆਂ ਤੋਪਾਂ ਦੇ ਤੋਪਚੀ ਮਾਰ ਦਿੱਤੇ। ਹੁਣ ਸਿੱਖ ਫ਼ੌਜ ਨੇ ਚੱਪੜ-ਚਿੜੀ ਵਿੱਚ ਸਾਹਰਿੰਦੀ ਫ਼ੌਜ ਤੋਂ ਖੋਹੀਆਂ ਤੋਪਾਂ ਨਾਲ ਕਿਲ੍ਹੇ ਤੇ ਗੋਲਾਬਾਰੀ ਕਰਕੇ ਅੰਦਰ ਜਾਣ ਦਾ ਰਸਤਾ ਬਣਾ ਲਿਆ। ਕਿਲ੍ਹੇ ਦੇ ਅੰਦਰ ਬਚੀ-ਖੁਚੀ ਸਾਹਰਿੰਦੀ ਫ਼ੌਜ, ਜੋ ਅਜੇ ਆਕੀ ਹੋਈ ਬੈਠੀ ਸੀ, ਨੇ ਵੀ ਥੋੜੇ ਹੀ ਸਮੇਂ ਵਿੱਚ ਹਥਿਆਰ ਸੁੱਟ ਦਿੱਤੇ। ਬੰਦਾ ਸਿੰਘ ਨੇ ਇਨ੍ਹਾਂ ਸਾਰਿਆਂ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਦੇ ਦਿੱਤਾ।

ਛੇਤੀ ਹੀ ਸਾਹਰਿੰਦ ਤੇ ਸਿੱਖਾਂ ਦਾ ਮੁਕੰਮਲ ਕਬਜ਼ਾ ਹੋ ਗਿਆ। ਵਜ਼ੀਰ ਖ਼ਾਨ ਦਾ ਪੁੱਤਰ ਸਮੁੰਦ ਖਾਂ ਚੋਖੀ ਦੌਲਤ ਲੈ ਕੇ ਦਿੱਲੀ ਵੱਲ ਭੱਜ ਚੁੱਕਾ ਸੀ ਪਰ ਸੁਚਾ ਨੰਦ ਅਜੇ ਵੀ ਸ਼ਹਿਰ ਵਿੱਚ ਹੀ ਲੁਕਿਆ ਬੈਠਾ ਸੀ।

ਬੰਦਾ ਸਿੰਘ ਨੇ ਮੁੱਖੀ ਸ਼ਹਿਰੀਆਂ ਦਾ ਇੱਕ ਇਕੱਠ ਬੁਲਾਇਆ ਅਤੇ ਐਲਾਨ ਕੀਤਾ ਕਿ ਕਿਸੇ ਵੀ ਬੇਗ਼ੁਨਾਹ ਨੂੰ ਕੋਈ ਤਕਲੀਫ਼ ਨਹੀਂ ਆਉਂਣ ਦੇਣਗੇ ਪਰ ਕਿਸੇ ਵੀ ਮੁਜ਼ਰਿਮ ਨੂੰ ਮੁਆਫ਼ ਨਹੀਂ ਕੀਤਾ ਜਾਵੇਗਾ। ਇਸ ਤੇ ਲੋਕਾਂ ਨੇ ਰਾਹਤ ਮਹਿਸੂਸ ਕੀਤੀ। ਬਹੁਤ ਸਾਰੇ ਲੋਕ ਬੰਦਾ ਸਿੰਘ ਨਾਲ ਮਿਲਵਰਤਣ ਕਰਨ ਲਗ ਪਏ। ਉਨ੍ਹਾਂ ਵਿੱਚੋਂ ਕਿਸੇ ਨੇ ਸੁੱਚਾ ਨੰਦ ਦਾ ਵੀ ਥਹੁ-ਪਤਾ ਦੱਸ ਦਿੱਤਾ। **ਸੁੱਚਾ ਨੰਦ ਚੱਪੜ-ਚਿੜੀ ਵਿੱਚੋਂ ਦੌੜ ਆਉਂਣ ਦੇ ਬਾਵਜੂਦ ਸਾਹਰਿੰਦ ’ਚੋਂ ਦੌੜ ਨਹੀਂ ਸਕਿਆ ਸੀ ਕਿਉਂਕਿ ਉਹ ਆਪਣੀ ਬੇਸ਼ੁਮਾਰ ਇਕੱਠੀ ਕੀਤੀ ਹੋਈ ਦੌਲਤ ਨੂੰ ਸੰਭਾਲਣ ਅਤੇ ਕੱਢ ਕੇ ਲਿਜਾਣ ਦੀਆਂ ਸਕੀਮਾਂ ਘੜਦਾ ਰਹਿ ਗਿਆ ਸੀ। ਉਸ ਨੂੰ ਗ੍ਰਿਫ਼ਤਾਰ ਕਰਕੇ, ਉਸ ਦੇ ਨੱਕ ਵਿੱਚ ਨਕੇਲ ਪਾ ਕੇ ਉਸ ਨੂੰ ਘਰ-ਘਰ ਵਿੱਚ ਭਿੱਖਿਆ ਮੰਗਣ ’ਤੇ ਮਜ਼ਬੂਰ ਕੀਤਾ ਗਿਆ। ਰਸਤੇ ਵਿੱਚ ਲੋਕਾਂ ਨੇ ਉਸ ਨੂੰ ਪੱਥਰ ਵੀ ਮਾਰੇ। ਅਖ਼ੀਰ ਬੁਰੀ ਤਰ੍ਹਾਂ ਜ਼ਲੀਲ ਹੋ ਕੇ ਸੁੱਚਾ ਨੰਦ ਮਰ ਗਿਆ। ਉਸਦੀ ਸਾਰੀ ਦੌਲਤ ਨੂੰ ਜ਼ਬਤ ਕਰ ਲਿਆ ਗਿਆ।**

ਇਬਰਤਨਾਮਾ ਦਾ ਲਿਖਾਰੀ ਮੁਹੰਮਦ ਕਾਸਿਮ ਲਿਖਦਾ ਹੈ ਕਿ, “ਇੰਞ ਜਾਪਦਾ ਸੀ ਕਿ ਉਸਨੇ ਇਹ ਸਾਰੀ ਦੌਲਤ ਇਸੇ ਦਿਨ ਵਾਸਤੇ ਇਕੱਠੀ ਕੀਤੀ ਹੋਈ ਸੀ।” **ਮੁਹੰਮਦ ਕਾਸਿਮ ਇਹ ਵੀ ਲਿਖਦਾ ਹੈ ਕਿ, “ਲੋਕ ਕਹਿੰਦੇ ਸਨ ਕਿ ਵਜ਼ੀਰ ਖ਼ਾਨ ਦੇ ਵੇਲੇ ਕੋਈ ਐਸਾ ਜ਼ੁਲਮ ਨਹੀਂ ਸੀ ਜੋ ਗ਼ਰੀਬਾਂ ਉੱਤੇ ਨਾ ਕੀਤਾ ਗਿਆ ਹੋਵੇ ਤੇ ਹੁਣ (ਜ਼ੁਲਮ ਦਾ) ਕੋਈ ਅਜਿਹਾ ਬੀਜ ਨਹੀਂ ਸੀ ਜਿਸ ਨੂੰ ਫ਼ਲ ਨਾ ਲੱਗਾ ਹੋਵੇ। ਜਿਹਾ ਬੀਜਿਆ ਗਿਆ, ਤਿਹਾ ਵੱਢਿਆ ਗਿਆ।” (ਮੁਹੰਮਦ ਕਾਸਿਮ : ਇਬਰਤਨਾਮਾ, ਪੰਨੇ, 133-46; ਬ੍ਰਿਟਿਸ਼ ਲਾਇਬ੍ਰੇਰੀ ਦੀ ਹੱਥ ਲਿਖਤ ਦੇ ਸਫ਼ੇ 26 ਬੀ ਤੋਂ 35 ਬੀ)**

ਬੰਦਾ ਸਿੰਘ ਨੇ ਸੁੱਚਾ ਨੰਦ ਦੇ ਪਰਿਵਾਰ ਨੂੰ ਵੀ ਸਜ਼ਾ ਦਿੱਤੀ। ਉਨ੍ਹਾਂ ਨੂੰ ਜਿਸਮ ਦੇ

ਗੁਪਤ ਅੰਗ ਢੱਕਣ ਜੋਗਾ ਕਪੜਾ ਦੇ ਕੇ ਸ਼ਹਿਰ ਵਿੱਚ ਮੰਗਣ 'ਤੇ ਮਜ਼ਬੂਰ ਕੀਤਾ ਗਿਆ ਤੇ ਨਾਲ ਹੀ ਸ਼ਹਿਰ ਵਿੱਚ ਇਹ ਮੁਨਿਆਦੀ ਵੀ ਕਰਵਾ ਦਿੱਤੀ ਕਿ ਕੋਈ ਵੀ ਬੰਦਾ ਇਨ੍ਹਾਂ ਨੂੰ ਇੱਕ ਕੌਡੀ ਤੋਂ ਵੱਧ ਭਿਖਿਆ ਨਾ ਦੇਵੇ। ਇਸ ਦੇ ਨਾਲ ਹੀ ਬੰਦਾ ਸਿੰਘ ਨੇ ਹਰ ਉਸ ਸ਼ਖਸ਼ ਨੂੰ ਸਜ਼ਾ-ਇ-ਮੌਤ ਦਿੱਤੀ ਜਿਸ ਨੇ ਲੋਕਾਂ ਤੇ ਜ਼ੁਲਮ ਢਾਏ ਸਨ। (ਤਾਰੀਖ਼ੇ ਮੁਹੰਮਦ ਸ਼ਾਹੀ)। **ਸੁਚਾ ਨੰਦ ਅਤੇ ਵਜ਼ੀਰ ਖ਼ਾਨ ਦੇ ਮਹਿਲਾਂ ਬਾਰੇ ਮੁਹੰਮਦ ਕਾਸਿਮ ਲਿਖਦਾ ਹੈ ਕਿ ਉਨ੍ਹਾਂ ਦੇ "ਸਵਰਗਾਂ ਵਰਗੇ ਮਹਿਲ ਕਾਵਾਂ ਦੇ ਅੱਡੇ ਬਣ ਗਏ।"**

## ਬੰਦਾ ਸਿੰਘ ਦਾ ਮੁਸਲਮਾਨਾਂ ਨਾਲ ਸਲੂਕ

ਭਾਵੇਂ ਬੰਦਾ ਸਿੰਘ ਨੇ ਸਾਰੇ ਦੁਸ਼ਮਣਾਂ ਨੂੰ ਸਖ਼ਤ ਸਜ਼ਾ ਦੇ ਦਿੱਤੀ ਸੀ ਪਰ ਉਸ ਨੇ ਗੁੱਸੇ ਵਿੱਚ ਕਦੇ ਵੀ ਕਿਸੇ ਨੂੰ ਤੰਗ ਨਹੀਂ ਕੀਤਾ। ਹੋਰ ਤਾਂ ਹੋਰ, ਗੁਰੂ ਅਰਜਨ ਸਾਹਿਬ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਦੀ ਸ਼ਹੀਦੀ ਤੇ ਖ਼ੁਸ਼ੀ ਮਨਾਉਂਣ ਵਾਲੇ ਸਾਹਰਿੰਦੀ ਸ਼ੇਖ਼ਾਂ ਨੂੰ ਵੀ ਕੁਝ ਨਹੀਂ ਕਿਹਾ। **ਦਰਅਸਲ ਬੰਦਾ ਸਿੰਘ ਦੀ ਜੰਗ ਮੁਸਲਮਾਨਾਂ ਦੇ ਖ਼ਿਲਾਫ਼ ਨਹੀਂ ਸੀ, ਬਲਕਿ ਜ਼ੁਲਮ ਕਰਨ ਵਾਲਿਆਂ ਦੇ ਖ਼ਿਲਾਫ਼ ਸੀ। ਇਸੇ ਕਰਕੇ ਬੰਦਾ ਸਿੰਘ ਨੇ ਕਿਸੇ ਵੀ ਇਸਲਾਮੀ ਅਦਾਰੇ 'ਤੇ ਹਮਲਾ ਨਹੀਂ ਕੀਤਾ। ਅੱਜ (2008 ਵਿੱਚ) ਬੰਦਾ ਸਿੰਘ ਦੇ ਹਮਲੇ ਤੋਂ 300 ਸਾਲ ਮਗਰੋਂ ਵੀ, ਸ਼ੇਖ਼ ਅਹਿਮਦ ਸਾਹਰਿੰਦੀ ਦਾ ਮਜ਼ਾਰ ਅਤੇ ਡੇਰਾ, ਲਾਲ ਮਸਜਿਦ, ਸਧਨੇ ਕਸਾਈ ਦੀ ਮਸਜਿਦ, ਉਸਤਾਦ ਤੇ ਸ਼ਾਗਿਰਦ ਦੇ ਮਕਬਰੇ, ਸਾਹਰਿੰਦ ਤੇ ਇਸ ਦੇ ਆਲੇ-ਦੁਆਲੇ ਆਪਣੇ ਜੌਹੇ-ਜਲਾਲ ਵਿੱਚ ਖੜ੍ਹੇ ਹਨ। ਦਰਿਆ ਯਮੁਨਾ ਤੇ ਸਤਲੁਜ ਵਿਚਕਾਰਲਾ ਸਾਰਾ ਇਲਾਕਾ ਸਾਹਰਿੰਦ ਦੀ ਹਕੂਮਤ ਹੇਠ ਸੀ।"** [ਡਾ. ਹਰਜਿੰਦਰ ਸਿੰਘ ਦਿਲਗੀਰ 'ਸਿੱਖ ਤਵਾਰੀਖ਼ (ਦੂਜਾ ਹਿੱਸਾ) ਪੰਨੇ 348-368]

## ਜਾਗੀਰਦਾਰੀ ਖ਼ਤਮ ਕਰਨਾ

**"ਬੰਦਾ ਸਿੰਘ ਨੇ 27 ਮਈ 1710 ਦੇ ਦਿਨ ਕਿਲ੍ਹੇ ਦੇ ਬਾਹਰ ਆਮ ਲੋਕਾਂ ਦਾ ਇੱਕ ਇਕੱਠ ਬੁਲਾਇਆ ਅਤੇ ਲੋਕਰਾਜ ਦਾ ਐਲਾਨ ਕੀਤਾ। ਉਸ ਨੇ ਇਹ ਵੀ ਕਿਹਾ ਕਿ ਜ਼ਮੀਨ** ਦਾ ਮਾਲਿਕ ਕਾਸ਼ਤਕਾਰ (ਵਾਹੀ ਕਰਨ ਵਾਲਾ ਕਿਰਸਾਣ) ਹੀ ਹੋਵੇਗਾ ਅਤੇ ਉਹ ਸਿਰਫ਼ ਇੱਕ ਤਿਹਾਈ (ਤੀਜਾ ਹਿੱਸਾ) ਵਟਾਈ ਸਰਕਾਰ ਨੂੰ ਬੰਧਾਨ ਵਜੋਂ ਦੇਵੇਗਾ। **ਬੰਦਾ ਸਿੰਘ ਨੇ ਜ਼ਮੀਂਦਾਰੀ ਸਿਸਟਮ ਉੱਕਾ ਹੀ ਖ਼ਤਮ ਕਰਨ ਦਾ ਵੀ ਐਲਾਨ ਕਰ ਦਿੱਤਾ। ਇਹ ਬੰਦਾ ਸਿੰਘ ਹੀ ਸੀ ਜਿਸ ਨੇ 'ਦਲਿਤ' ਜਾਣੇ ਜਾਂਦੇ, ਹੀਣੇ ਅਤੇ ਨਿਗੁਣੇ ਜਿਹੇ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਦਿੱਤਾ ਸੀ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਦੁਨੀਆਂ ਭਰ ਵਿੱਚ ਜਾਗੀਰਦਾਰੀ ਦਾ ਸਭ ਤੋਂ ਪਹਿਲਾ ਖ਼ਾਤਮਾ ਬੰਦਾ ਸਿੰਘ ਨੇ ਸਿੱਖ ਹੋਮਲੈਂਡ ਵਿੱਚ ਕੀਤਾ ਸੀ।**

ਇਸ ਦੇ ਨਾਲ ਹੀ ਬੰਦਾ ਸਿੰਘ ਨੇ ਖ਼ਾਲਸਾ ਰਾਜ ਦਾ ਨਵਾਂ ਸਿੱਕਾ ਵੀ ਜਾਰੀ ਕੀਤਾ। ਇਸ ਦੇ ਇੱਕ ਪਾਸੇ ਇਹ ਲਿਖਿਆ ਸੀ :





*ਸਿੱਕਾ ਜ਼ਦ ਬਰ ਹਰਦੋ ਆਲਿਮ, ਤੇਗ਼ਿ ਨਾਨਕ ਵਾਹਿਬ ਅਸਤ*
*ਫ਼ਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਂ ਫ਼ਜ਼ਲਿ ਸੱਚਾ ਸਾਹਿਬ ਅਸਤ*

(ਦੋ ਜਹਾਨਾਂ ਦੇ ਸੱਚੇ ਪਾਤਿਸ਼ਾਹ ਦੀ ਮਿਹਰ ਨਾਲ ਇਹ ਸਿੱਕਾ ਜਾਰੀ ਕੀਤਾ ਗਿਆ। ਗੁਰੂ ਨਾਨਕ ਦੀ ਤੇਗ਼ ਹਰੇਕ ਦਾਤ ਬਖਸ਼ਦੀ ਹੈ; ਅਕਾਲ ਪੁਰਖੁ ਦੇ ਫ਼ਜ਼ਲ ਨਾਲ ਸ਼ਹਿਨਸ਼ਾਹਾਂ ਦੇ ਸ਼ਹਿਨਸ਼ਾਹ ਗੁਰੂ ਗੋਬਿੰਦ ਸਿੰਘ ਦੀ ਫ਼ਤਹਿ ਹੋਈ ਹੈ)।

ਸਿੱਕੇ ਦੇ ਦੂਜੇ ਪਾਸੇ ਲਿਖਿਆ ਸੀ :

*ਜ਼ਰਬ ਬ ਅਮਾਨੁਲ ਦਹਰ ਮਸੱਵਰਤ ਸ਼ਹਿਰ*
*ਜ਼ੀਨਤੁੱਲ ਬਖ਼ਤ ਮੁਬਾਰਕ ਬਖਤ॥*

(ਦੁਨੀਆਂ ਦੇ ਸਕੂਨ ਭਰੇ ਥਾਂ, ਜੰਨਤ ਵਰਗੇ ਸ਼ਹਿਰ, ਭਾਗਾਂ ਵਾਲੇ ਤਖ਼ਤ ਦੀ ਰਾਜਧਾਨੀ ਵਿੱਚ, ਜਾਰੀ ਹੋਇਆ)

ਇੰਞ ਹੀ ਖ਼ਾਲਸਾ ਰਾਜ ਦੀ ਮੁਹਰ ਵੀ ਜਾਰੀ ਕੀਤੀ ਗਈ, ਜਿਸ ਤੇ ਲਿਖਿਆ ਸੀ:

*ਅਜ਼ਮਤਿ ਨਾਨਕ ਗੁਰੂ ਹਮ ਜ਼ਾਹਿਰੋ ਹਮ ਬਾਤਨ ਅਸਤ॥*
*ਪਾਦਸ਼ਾਹ ਦੀਨੋ-ਦੁਨੀਆਂ ਆਪ ਸੱਚਾ ਸਾਹਿਬ ਅਸਤ॥*

(ਅੰਦਰ-ਬਾਹਰ, ਸਾਰੇ ਪਾਸੇ, ਗੁਰੂ ਨਾਨਕ ਦੀ ਹੀ ਵਡਿਆਈ ਹੈ। ਉਹ ਸੱਚਾ ਰੱਬ ਦੀਨ-ਦੁਨੀਆਂ ਦੋਹਾਂ ਦਾ ਵਾਲੀ ਹੈ)

ਮਗਰੋਂ ਇਸ ਦੀ ਥਾਂ 'ਤੇ ਹੇਠ ਲਿਖੀ ਮੁਹਰ ਜਾਰੀ ਕੀਤੀ ਗਈ :

*ਦੇਗ਼ੋ-ਤੇਗ਼ੋ-ਫ਼ਤਹਿ-ਓ ਨੁਸਰਤ ਬੇਦਿਰੰਗ*
*ਯਾਫ਼ਤ ਅਜ਼ ਨਾਨਕ ਗੁਰੂ-ਗੋਬਿੰਦ ਸਿੰਘ*

(ਦੇਗ਼ ਤੇਗ਼ ਅਤੇ ਫ਼ਤਹਿ ਬਿਨਾਂ ਕਿਸੇ ਦੇਰੀ ਤੋਂ ਗੁਰੂ ਨਾਨਕ ਸਾਹਿਬ-ਗੁਰੂ ਗੋਬਿੰਦ ਸਿੰਘ ਤੋਂ ਹਾਸਿਲ ਹੋਈ)

ਇਸ ਤੋਂ ਸਾਫ਼ ਪਤਾ ਲਗਦਾ ਹੈ ਕਿ ਬੰਦਾ ਸਿੰਘ ਨੇ ਨਾਂ ਤਾਂ ਆਪਣੇ ਨਾਂ 'ਤੇ ਸਿੱਕਾ ਜਾਰੀ ਕੀਤਾ ਅਤੇ ਨਾ ਹੀ ਉਸ ਨੇ ਆਪਣੇ ਨਾਂ ਦੀ ਮੁਹਰ ਚਲਾਈ। ਬੰਦਾ ਸਿੰਘ ਨੇ ਹਰ ਕਾਮਯਾਬੀ ਨੂੰ ਗੁਰੂ ਸਾਹਿਬ ਨੂੰ ਹੀ ਸਮਰਪਣ ਕੀਤਾ ਸੀ। ਦੁਨੀਆਂ ਭਰ ਦੀ ਤਵਾਰੀਖ਼ ਵਿੱਚ ਕਦੇ ਕਿਸੇ ਜੇਤੂ ਜਾਂ ਹਾਕਮ ਨੇ ਅੱਜ ਤੱਕ ਆਪਣੇ ਨਾਂ ਤੋਂ ਸਿਵਾ ਕਦੇ ਕਿਸੇ ਹੋਰ ਦੇ ਨਾਂ ਦਾ ਸਿੱਕਾ ਜਾਰੀ ਨਹੀਂ ਕੀਤਾ। ਹੋਰ ਤਾਂ ਹੋਰ ਅੱਲ੍ਹਾ ਦੇ ਨਾਂ 'ਤੇ ਅਤੇ ਇਸਲਾਮ ਦੀ ਸ਼ਾਨ ਦੇ ਨਾਂ 'ਤੇ ਹਕੂਮਤਾਂ ਕਾਇਮ ਕਰਨ ਵਾਲੇ ਮੁਸਲਮਾਨ ਰਾਜੇ ਵੀ ਆਪਣੇ ਨਾਂ ਦਾ ਸਿੱਕਾ ਜਾਰੀ ਕਰਿਆ ਕਰਦੇ ਸਨ ਤੇ ਆਪਣਾ ਖ਼ੁਤਬਾ ਪੜ੍ਹਵਾਇਆ ਕਰਦੇ ਸਨ। ਪਰ, ਬੰਦਾ ਸਿੰਘ ਤਾਂ ਆਪਣੇ ਆਪ ਨੂੰ 'ਗੁਰੂ ਦਾ ਬੰਦਾ' ਆਖਿਆ ਕਰਦਾ ਸੀ।

ਸਰਹਿੰਦ ਦੀ ਜਿੱਤ ਦੇ ਦਿਨ ਤੋਂ ਖ਼ਾਲਸੇ ਦਾ (ਬੰਦਾ ਸਿੰਘ ਦਾ ਨਹੀਂ) ਨਵਾਂ ਸੰਮਤ ਵੀ ਜਾਰੀ ਕੀਤਾ ਗਿਆ।

ਸਰਹਿੰਦ ਫ਼ਤਹਿ ਕਰਨ ਤੋਂ ਬਾਅਦ ਬੰਦਾ ਸਿੰਘ ਨੇ ਮਲੇਰਕੋਟਲਾ, ਦੇਓਬੰਦ, ਜਲਾਲਾਬਾਦ, ਸਹਾਰਨਪੁਰ, ਬੇਹੁਟ, ਜਲਾਲਮੜ੍ਹੀ, ਨਨੌਤਾ, ਆਦਿ ਤੇ ਹਮਲੇ ਕਰਕੇ ਫ਼ਤਹਿ ਕੀਤੇ ਅਤੇ ਲਾਹੌਰ ਤੇ ਰਿਆੜਕੀ (ਮਾਝਾ) ਵਿੱਚ ਵੀ ਦਬਦਬਾ ਕਾਇਮ ਕੀਤਾ।

ਇੱਕ ਸਾਲ ਤੋਂ ਵੀ ਘੱਟ ਸਮੇਂ (ਨਵੰਬਰ 1709 ਤੋਂ ਸਤੰਬਰ 1710) ਵਿੱਚ ਬੰਦਾ ਸਿੰਘ ਦੀ ਅਗਵਾਈ ਵਿੱਚ ਸਿੱਖਾਂ ਨੇ ਦਰਿਆਵਾਂ ਰਾਵੀ ਤੇ ਯਮੁਨਾ ਵਿੱਚਕਾਰਲਾ ਤੇ ਆਲੇ-ਦੁਆਲੇ ਦਾ ਇਲਾਕਾ ਆਜ਼ਾਦ ਕਰਵਾ ਲਿਆ ਸੀ। **ਇਸ ਵੇਲੇ ਛੇ ਸੂਬਿਆਂ (ਸੂਬਾ ਸਰਹਿੰਦ, ਸੂਬਾ ਹਿਸਾਰ, ਸਹਾਰਨਪੁਰ, ਲਹੌਰ, ਜੰਮੂ ਅਤੇ ਹਿਮਾਚਲ) ਵਿੱਚ ਸਿੱਖਾਂ ਦਾ ਬੋਲਬਾਲਾ ਕਾਇਮ ਹੋ ਚੁੱਕਾ ਸੀ। ਧਰਤੀ ਦੇ ਇਸ ਟੁਕੜੇ ’ਤੇ ਰੱਬੀ ਧਰਮ ਦਾ ਰਾਜ ਕਾਇਮ ਹੋ ਗਿਆ ਸੀ।**

ਬਹਾਦਰ ਸ਼ਾਹ ਨੇ ਦੱਖਣ ਵਿੱਚ ਆਪਣੇ ਆਖ਼ਰੀ ਭਰਾ ਕਾਮ ਬਖਸ਼ ਨੂੰ ਹਰਾਕੇ, ਕਤਲ ਕਰਕੇ 19 ਜਨਵਰੀ 1709 ਨੂੰ ਦਿੱਲੀ ਵੱਲ ਵਾਪਸੀ ਚਾਲੇ ਪਾ ਦਿੱਤੇ। ਦਿੱਲੀ ਪਹੁੰਚ ਕੇ ਅਕਤੂਬਰ 1710 ਤੋਂ ਉਸ ਨੇ ਸਿੱਖਾਂ ਦੇ ਖ਼ਿਲਾਫ਼ ਮੁਹਿੰਮ ਦੀ ਕਮਾਨ ਆਪ ਸੰਭਾਲ ਲਈ ਸਿੱਖਾਂ ਦੇ ਕਤਲੇਆਮ ਦੇ ਹੁਕਮ ਜਾਰੀ ਹੋ ਗਏ। ਇਸ ਤੋਂ ਬਾਅਦ ਕਦੀ ਮੁਗ਼ਲਾਂ ਦਾ ਅਤੇ ਕਦੀ ਸਿੱਖ ਫ਼ੌਜਾਂ ਦਾ ਪੱਲੜਾ ਭਾਰੀ ਹੁੰਦਾ ਰਿਹਾ। **ਅਖ਼ੀਰ ਬਾਦਸ਼ਾਹ ਬਹਾਦਰ ਸ਼ਾਹ ਸਿੱਖਾਂ ਦੇ ਖ਼ੌਫ਼ ਕਰਕੇ ਬੇਹੱਦ ਪਰੇਸ਼ਾਨ ਰਹਿਣ ਲੱਗ ਪਿਆ ਅਤੇ ਮਾਨਸਿਕ ਬਿਮਾਰੀ ਦਾ ਸ਼ਿਕਾਰ ਹੋ ਕੇ 27-28 ਫਰਵਰੀ 1712 ਨੂੰ ਲਹੌਰ ਵਿੱਚ ਉਸ ਦੀ ਇਸੇ ਪਾਗ਼ਲਪਨ ਕਾਰਨ ਮੌਤ ਹੋ ਗਈ।**

ਬਹਾਦਰ ਸ਼ਾਹ ਦੀ ਮੌਤ ਤੋਂ ਮਗਰੋਂ ਉਸ ਦੇ ਪੁਤਰਾਂ ਵਿੱਚ ਤਖ਼ਤ ਲਈ ਜੰਗ ਹੋਈ। ਉਸਦਾ ਪੁੱਤਰ ਜਹਾਂਦਾਰ ਸ਼ਾਹ ਆਪਣੇ ਤਿੰਨਾਂ ਭਰਾਵਾਂ ਨੂੰ ਜੰਗ ਵਿੱਚ ਕਤਲ ਕਰਕੇ 23 ਮਾਰਚ 1712 ਨੂੰ ਰਸਮੀ ਤੌਰ ’ਤੇ ਤਖ਼ਤ ’ਤੇ ਬੈਠਾ। ਜਹਾਂਦਾਰ ਸ਼ਾਹ ਦੀ ਬਾਦਸ਼ਾਹਤ 8 ਮਹੀਨੇ ਹੀ ਰਹੀ। ਦੂਜੇ ਪਾਸੇ ਉਸ ਦੇ ਭਤੀਜੇ ਫ਼ਾਰੁਖ਼ਸੀਆਰ ਨੇ 27 ਮਾਰਚ ਨੂੰ ਪਟਨਾ ਵਿੱਚ ਖ਼ੁਦ ਨੂੰ ਬਾਦਸ਼ਾਹ ਐਲਾਨ ਕਰ ਦਿੱਤਾ। ਅਖ਼ੀਰ ਵਿੱਚ 31 ਜਨਵਰੀ 1713 ਨੂੰ ਫ਼ਰੁਖ਼ਸੀਆਰ ਨੇ ਜਹਾਂਦਾਰ ਸ਼ਾਹ ਨੂੰ ਕਤਲ ਕਰਵਾਕੇ ਆਪ ਹਕੂਮਤ ਸੰਭਾਲ ਲਈ।

ਮਾਰਚ 1715 ਦੇ ਆਖ਼ਰੀ ਹਫਤੇ ਜਦ ਬੰਦਾ ਸਿੰਘ ਗੁਰਦਾਸ ਨੰਗਲ ਦੀ ਗੜ੍ਹੀ ਵਿੱਚ ਬੁਰੀ ਤਰ੍ਹਾਂ ਘਿਰ ਗਿਆ ਤਾਂ ਉਸ ਕੋਲ ਤਕਰੀਬਨ ਪੰਜ ਕੁ ਹਜ਼ਾਰ ਫ਼ੌਜ ਸੀ। ਇਸ ਗੜ੍ਹੀ ਵਿੱਚ ਸਿਰਫ ਹਜ਼ਾਰ-ਬਾਰ੍ਹਾਂ ਸੌ ਬੰਦੇ ਹੀ ਸਮਾ ਸਕਦੇ ਸਨ। ਜਦ ਏਨੇ ਕੁ ਸਿੱਖ ਗੜ੍ਹੀ ਵਿੱਚ ਵੜ ਗਏ ਤਾਂ ਬਾਕੀਆਂ ਕੋਲ ਘੇਰਾ ਚੀਰ ਕੇ ਨਿਕਲਣ ਦੀ ਕੋਸ਼ਿਸ਼ ਕਰਨ ਤੋਂ ਸਿਵਾ ਕੋਈ ਚਾਰਾ ਨਹੀਂ ਸੀ। ਇਸ ਕਰਕੇ ਬਾਕੀ ਦੇ ਚਾਰ ਕੁ ਹਜ਼ਾਰ ਸਿੱਖਾਂ ਨੇ ਇੱਕ ਪਾਸੇ ਭੱਜਣਾ ਸ਼ੁਰੂ ਕਰ ਦਿੱਤਾ। ਪਰ ਘੇਰਾ ਚਾਰੇ ਪਾਸਿਓਂ ਪਿਆ ਹੋਣ ਕਰਕੇ ਇਨ੍ਹਾਂ ਵਿੱਚੋਂ ਬਹੁਤੇ ਸਿੱਖ





ਮਾਰੇ ਗਏ। ਖ਼ਾਫ਼ੀ ਖ਼ਾਨ ਮੁਤਾਬਿਕ ਇਸ ਮੌਕੇ ਤੇ ਤਿੰਨ ਤੋਂ ਚਾਰ ਹਜ਼ਾਰ ਸਿੱਖ ਮਾਰੇ ਗਏ ਅਤੇ ਬਹੁਤ ਸਾਰੇ ਗ੍ਰਿਫ਼ਤਾਰ ਕਰ ਲਏ ਗਏ। ਸ਼ਹੀਦ ਸਿੱਖਾਂ ਵਿੱਚੋਂ 2 ਹਜ਼ਾਰ ਦੇ ਸਿਰ ਕੱਟ ਕੇ ਅਤੇ ਇੱਕ ਹਜ਼ਾਰ ਦੇ ਕਰੀਬ ਸਿੱਖਾਂ ਨੂੰ ਬੇੜੀਆਂ ਪਾ ਕੇ ਬਾਦਸ਼ਾਹ ਕੋਲ ਪੇਸ਼ ਕਰਨ ਵਾਸਤੇ ਦਿੱਲੀ ਤੋਰ ਦਿੱਤਾ ਗਿਆ। (ਐਲੀਅਟ ਐਂਡ ਡਾਊਸਨ, ਜਿਲਦ 2, ਸਫ਼ਾ 457)।

## ਬੰਦਾ ਸਿੰਘ ਤੇ ਬਾਕੀ ਸਿੱਖਾਂ ਦੀ ਗ੍ਰਿਫ਼ਤਾਰੀ

ਅੱਠ ਮਹੀਨੇ ਦੇ ਘੇਰੇ ਦੌਰਾਨ ਹੁਣ ਉਨ੍ਹਾਂ ਕੋਲ ਖਾਣ ਵਾਸਤੇ ਹਵਾ ਤੋਂ ਸਿਵਾ ਕੁੱਝ ਵੀ ਨਹੀਂ ਸੀ। ਅਖ਼ੀਰ, ਜਦ ਕਈ ਦਿਨ ਤੱਕ ਗੜ੍ਹੀ ’ਚੋਂ ਕੋਈ ਹਿਲ-ਜੁਲ ਨਾ ਹੋਈ ਤਾਂ ਮੁਗ਼ਲ ਫ਼ੌਜਾਂ ਦੇ ਇੱਕ ਹਜੂਮ ਨੇ ਇਕਦਮ ਹੱਲਾ ਬੋਲ ਦਿੱਤਾ। ਅੱਗੇ ਅਧਮੋਏ ਪਏ ਦੋ-ਚਾਰ ਸੌ ਸਿੱਖ ਨਜ਼ਰ ਆਏ, ਜਿਨ੍ਹਾਂ ਨੂੰ ਉਨ੍ਹਾਂ ਨੇ ‘ਗ੍ਰਿਫ਼ਤਾਰ’ ਕਰ ਲਿਆ। ਬੰਦਾ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਅਧਮੋਏ ਨੂੰ ਹੀ ਉਸੇ ਵੇਲੇ ਬੇੜੀਆਂ ਅਤੇ ਸੰਗਲਾਂ ਨਾਲ ਜਕੜ ਦਿੱਤਾ ਗਿਆ। ਇਨ੍ਹਾਂ ਸਾਰਿਆਂ ਨੂੰ ਭਾਰੀ ਫ਼ੌਜ ਦੇ ਘੇਰੇ ਵਿੱਚ ਲਾਹੌਰ ਲਿਜਾਇਆ ਗਿਆ। ਲਾਹੌਰ ਦੇ ਬਜ਼ਾਰਾਂ ਵਿੱਚ ਇਨ੍ਹਾਂ ਦਾ ਜਲੂਸ ਕੱਢਿਆ ਗਿਆ। ਇਨ੍ਹਾਂ ਨੂੰ ਪੈਰਾਂ ਵਿੱਚ ਬੇੜੀਆਂ, ਗਲਾਂ ਵਿੱਚ ਤੌਕ, ਲੱਕ ਨਾਲ ਜੰਜ਼ੀਰਾਂ ਬੰਨ੍ਹ ਕੇ ਗੱਡਿਆਂ ’ਤੇ ਲੱਦ ਕੇ ਬਰਸਤਾ ਸਾਰਹਿੰਦ ਦਿੱਲੀ ਭੇਜਣ ਦਾ ਫੈਸਲਾ ਕੀਤਾ ਗਿਆ। ਇਨ੍ਹਾਂ ਦਿਨਾਂ ਵਿੱਚ ਬਹੁਤ ਸਾਰੇ ਹੋਰ ਸਿੱਖ ਵੀ ਗ੍ਰਿਫ਼ਤਾਰ ਕਰਕੇ ਇਨ੍ਹਾਂ ਵਿੱਚ ਸ਼ਾਮਿਲ ਕਰ ਦਿੱਤੇ ਗਏ। ਲਾਹੌਰ ਵਿੱਚ ਸਿੱਖਾਂ ਦੇ ਸਿਰਫ਼ 700 ਸਿਰ ਸਨ ਜੋ ਦਿੱਲੀ ਪਹੁੰਚਣ ਤੱਕ 2000 ਹੋ ਚੁੱਕੇ ਸਨ। ਇਹ ਸਾਰਾ ਕੁਝ ਇਸ ਕਰਕੇ ਕੀਤਾ ਗਿਆ ਤਾਂ ਜੋ ਬਾਦਸ਼ਾਹ ਨੂੰ ਵੱਡੀ ਕਾਰਗੁਜ਼ਾਰੀ ਦਿਖਾਈ ਜਾ ਸਕੇ (ਕੇਸਰ ਸਿੰਘ ਛਿੱਬਰ, ਬੰਸਾਵਲੀਨਾਮਾ, ਸਫ਼ਾ 294)।

29 ਫ਼ਰਵਰੀ 1716 ਨੂੰ ਇਨ੍ਹਾਂ ਕੈਦੀਆਂ ਦਾ ਦਿੱਲੀ ਵਿੱਚ ਜਲੂਸ ਕੱਢਿਆ ਗਿਆ। ਜਲੂਸ ਦੇ ਸਭ ਤੋਂ ਅੱਗੇ ਇੱਕ ਬੈਂਡ ਵਾਜਾ ਜਾ ਰਿਹਾ ਸੀ। ਇਹ ਜਲੂਸ ਦਿੱਲੀ ਦੇ ਨੇੜੇ ਪਿੰਡ ਅਗਰਾਬਾਦ ਤੋਂ ਸ਼ੁਰੂ ਹੋਕੇ, 10 ਕਿਲੋਮੀਟਰ ਦੂਰ, ਲਾਲ ਕਿਲ੍ਹਾ ਤੱਕ ਲਿਜਾਇਆ ਗਿਆ। ਇਸ ਬੈਂਡ ਦੇ ਪਿੱਛੇ ਦੋ ਹਜ਼ਾਰ ਸਿੱਖਾਂ ਦੇ ਸਿਰ, ਜਿਨ੍ਹਾਂ ਨੂੰ ਤੂੜੀ ਭਰ ਕੇ ਬਾਂਸਾਂ ਤੇ ਲਟਕਾਇਆ ਹੋਇਆ ਸੀ, ਜਾ ਰਹੇ ਸਨ। ਇਨ੍ਹਾਂ ਦੇ ਸਿਰਾਂ ਦੇ ਵਾਲ ਖੁੱਲ੍ਹੇ ਰੱਖੇ ਹੋਏ ਸਨ ਤਾਂ ਜੋ ਲੋਕ ਪਛਾਣ ਸਕਣ ਕਿ ਇਹ ਸਿੱਖਾਂ ਦੇ ਹੀ ਸਿਰ ਹਨ। ਇਸ ਮਗਰੋਂ ਇੱਕ ਲੰਬੇ ਬਾਂਸ ’ਤੇ ਮਰੀ ਹੋਈ ਬਿੱਲੀ ਲਟਕਾਈ ਹੋਈ ਸੀ ਜਿਸ ਦਾ ਮਤਲਬ ਇਹ ਸੀ ਕਿ ਸਿੱਖਾਂ ਦੇ ਘਰਾਂ ਵਿੱਚ ਇਨਸਾਨ ਤਾਂ ਕੀ ਕੋਈ ਮਰਿਆ ਹੋਇਆ ਜਾਨਵਰ ਵੀ ਨਹੀਂ ਰਿਹਾ। ਇਸ ਬਿੱਲੀ ਦੇ ਪਿੱਛੇ ਇੱਕ ਹਾਥੀ ਸੀ ਜਿਸ ਉੱਤੇ ਰੱਖੇ ਹੋਏ ਪਿੰਜਰੇ ਵਿੱਚ ਬੰਦਾ ਸਿੰਘ ਸੀ।

ਬੰਦਾ ਸਿੰਘ ਦਾ ਮਜ਼ਾਕ ਉਡਾਉਂਣ ਵਾਸਤੇ ਉਸ ਨੂੰ ਇੱਕ ਲਾੜੇ ਵਾਂਗ ਸੁਨਹਿਰੀ ਜ਼ਰੀ ਵਾਲੀ ਲਾਲ ਪੱਗ, ਅਨਾਰਾਂ ਦੇ ਫੁੱਲਾਂ ਦੇ ਰੰਗ ਦਾ ਸ਼ਾਹੀ ਚੋਗਾ ਪਾਇਆ ਹੋਇਆ ਸੀ। ਉਸ ਦੇ ਸਿਰ ’ਤੇ ਇੱਕ ਲੱਕੜੀ ਦਾ ਖੋਖਾ-ਨੁਮਾ ਤਿੰਨ-ਚਾਰ ਕਿਲੋ ਮਿੱਟੀ ਨਾਲ ਭਰਕੇ ਰੱਖਿਆ ਹੋਇਆ ਸੀ, ਜਿਸ ਦੇ ਭਾਰ ਨਾਲ ਉਹ ਗਰਦਨ ਝੁਕਾਈ ਟੇਡਾ ਬੈਠਾ ਹੋਇਆ ਸੀ।

ਬੰਦਾ ਸਿੰਘ ਭਾਵੇਂ ਪਿੰਜਰੇ ਵਿੱਚ ਬੰਦ ਸੀ ਪਰ ਫਿਰ ਵੀ ਉਸ ਦੇ ਪਿੱਛੇ ਨੰਗੀ ਤਲਵਾਰ ਹੱਥ ਵਿੱਚ ਫੜ ਕੇ ਇੱਕ ਸਿਪਾਹੀ ਖੜ੍ਹਾ ਕੀਤਾ ਹੋਇਆ ਸੀ ਕਿਉਂਕਿ ਮੁਗ਼ਲ ਡਰਦੇ ਸੀ ਕਿ ਕਿਤੇ ਬੰਦਾ ਜਾਦੂ ਨਾਲ ਉੱਡ ਹੀ ਨਾ ਜਾਵੇ। ਬੰਦਾ ਸਿੰਘ ਵਾਲੇ ਹਾਥੀ ਦੇ ਪਿੱਛੇ 740 ਕੈਦੀ ਸਨ। ਇਨ੍ਹਾਂ ਦੇ ਮੂੰਹ ਤੇ ਕਾਲਖ਼ ਮਲੀ ਹੋਈ ਸੀ। ਉਨ੍ਹਾਂ ਦਾ ਇੱਕ-ਇੱਕ ਹੱਥ ਗਰਦਨ ਦੇ ਪਿੱਛੇ ਕਰਕੇ ਸ਼ਿਕੰਜੇ ਵਿੱਚ ਕੱਸ ਕੇ ਬੰਨ੍ਹਿਆ ਹੋਇਆ ਸੀ। ਉਨ੍ਹਾਂ ਦੇ ਸਿਰਾਂ 'ਤੇ ਕਾਗਜ਼ ਦੀਆਂ ਖੋਖਾ-ਟੋਪੀਆਂ ਰੱਖੀਆਂ ਹੋਈਆਂ ਸਨ ਤੇ ਉਨ੍ਹਾਂ ਦੇ ਜਿਸਮਾਂ ਤੇ ਭੇਡਾਂ ਦੀ ਖੱਲ ਲਪੇਟੀ ਹੋਈ ਸੀ। ਉਨ੍ਹਾਂ ਦਾ ਇਹ ਰੂਪ ਉਨ੍ਹਾਂ ਦਾ ਮਜ਼ਾਕ ਉਡਾਉਂਣ ਅਤੇ ਉਨ੍ਹਾਂ ਦੀ ਬੇਇੱਜ਼ਤੀ ਕਰਨ ਵਾਸਤੇ ਬਣਾਇਆ ਗਿਆ ਸੀ। ਉਨ੍ਹਾਂ ਨੂੰ ਦੋ-ਦੋ ਕਰਕੇ ਕਾਠੀਆਂ ਤੋਂ ਸੱਖਣੇ ਊਠਾਂ ਉੱਤੇ ਬਿਠਾਇਆ (ਦਰਅਸਲ ਲੱਦਿਆ) ਹੋਇਆ ਸੀ।

ਇਸ ਜਲੂਸ ਦੇ ਪਿੱਛੇ ਮੁਹੰਮਦ ਅਮੀਨ ਖ਼ਾਨ, ਉਸਦਾ ਪੁੱਤਰ ਕਮਰ-ਉਦ-ਦੀਨ ਖ਼ਾਨ ਅਤੇ ਜ਼ਕਰੀਆ ਖ਼ਾਨ (ਪੁੱਤਰ ਅਬਦੁਸ ਸਮਦ ਖ਼ਾਨ) ਜੇਤੂਆਂ ਵਾਂਗ ਆਕੜ-ਆਕੜ ਕੇ ਚੱਲ ਰਹੇ ਸਨ। ਲੋਕ ਸਿੱਖਾਂ ਨੂੰ ਮਜ਼ਾਕ ਕਰ ਰਹੇ ਸਨ, ਗਾਲ੍ਹਾਂ ਕੱਢ ਰਹੇ ਸਨ, ਬੇਇੱਜ਼ਤੀ ਕਰ ਰਹੇ ਸਨ ਤੇ ਉਨ੍ਹਾਂ ਵੱਲ ਵੇਖ ਵੇਖ ਕੇ ਕੋਝੀਆਂ ਸੈਨਤਾਂ ਕਰ ਰਹੇ ਸਨ। ਕਈ ਲੋਕ ਹੂ-ਹੂ ਕਰਕੇ ਤਾੜੀਆਂ ਮਾਰ ਰਹੇ ਸਨ ਤੇ ਖੁਸ਼ੀ ਵਿੱਚ ਖੀਵੇ ਹੋ ਕੇ ਨੱਚ ਰਹੇ ਸਨ। ਪਰ ਸਿੱਖਾਂ ਦੇ ਚਿਹਰਿਆਂ 'ਤੇ ਜ਼ਰਾ ਜਿੰਨੀ ਵੀ ਮਾਯੂਸੀ, ਸ਼ਿਕਨ, ਪੀੜ ਜਾਂ ਅਫ਼ਸੋਸ ਨਹੀਂ ਸੀ। ਉਹ ਆਪਣੇ ਆਪ ਨੂੰ ਹਾਰੇ ਹੋਏ ਨਹੀਂ ਸਨ ਮਹਿਸੂਸ ਕਰਦੇ। ਉਹ ਸ਼ਬਦ ਗਾ ਰਹੇ ਸਨ ਤੇ ਵਾਹਿਗੁਰੂ ਦਾ ਜਾਪ ਕਰਦੇ ਜਾ ਰਹੇ ਸਨ। ਉਨ੍ਹਾਂ ਨੂੰ ਵੇਖ ਕੇ ਇੰਞ ਜਾਪਦਾ ਸੀ ਕਿ ਜਿਵੇਂ ਉਨ੍ਹਾਂ ਨੂੰ ਕੁਝ ਵੀ ਨਾ ਹੋਇਆ ਹੋਵੇ। (ਸੀ.ਆਰ. ਵਿਲਸਨ: ਅਰਲੀ ਐਨਲਜ਼ ਆਫ਼ ਇੰਗਲਿਸ਼ ਇਨ ਬੰਗਾਲ, ਸਫ਼ਾ 96-98; ਮਿਰਜ਼ਾ ਮੁਹੰਮਦ ਹਾਰਸੀ : ਇਬਰਤਨਾਮਾ, ਸਫ਼ਾ 52ਬੀ ਤੋਂ 53 ਏ)।

**ਇੱਕ ਸੋਮੇ ਮੁਤਾਬਕ ਬੰਦਾ ਸਿੰਘ ਨੂੰ ਬਾਦਸ਼ਾਹ ਫਾਰੁਖ਼ਸੀਆਰ ਕੋਲ ਪੇਸ਼ ਕੀਤਾ ਗਿਆ ਸੀ। ਬਾਦਸ਼ਾਹ ਨੇ ਬੰਦਾ ਸਿੰਘ ਨੂੰ ਪੁੱਛਿਆ ਕਿ, "ਤੂੰ ਆਪਣੇ ਵਾਸਤੇ ਕਿਹੋ ਜਿਹੀ ਮੌਤ ਚੁਣੇਗਾ?" ਇਸ ਤੇ ਬੰਦਾ ਸਿੰਘ ਨੇ ਇਕਦਮ ਕਿਹਾ, "ਜਿਹੋ ਜਿਹੀ ਬਾਦਸ਼ਾਹ ਆਪਣੀ ਮੌਤ ਚਾਹਵੇਗਾ।" (ਅਹਿਵਾਲ-ਇ-ਅਦੀਨਾ ਬੇਗ ਸਫ਼ਾ 20)। ਉਂਞ ਫਾਰੁਖ਼ਸੀਆਰ ਨੂੰ ਵੀ ਉਹੀ ਮੌਤ ਮਿਲੀ ਜਿਹੜੀ ਉਸ ਨੇ ਬੰਦਾ ਸਿੰਘ ਨੂੰ ਦਿੱਤੀ ਸੀ।**

## ਗ੍ਰਿਫ਼ਤਾਰ ਸਿੱਖਾਂ ਦਾ ਕਤਲੇਆਮ

5 ਮਾਰਚ 1716 ਦੇ ਦਿਨ ਬਾਦਸ਼ਾਹ ਨੇ ਸਰਬਰਾਹ ਖ਼ਾਨ ਕੋਤਵਾਲ ਨੂੰ ਹੁਕਮ ਦਿੱਤਾ ਕਿ ਬੰਦਾ ਸਿੰਘ ਅਤੇ ਉਸ ਦੇ ਖ਼ਾਸ 17 ਸਾਥੀਆਂ ਨੂੰ ਛੱਡ ਕੇ ਬਾਕੀ ਦੇ ਹਰ ਰੋਜ਼ ਇੱਕ-ਇੱਕ ਸੌ ਕਰਕੇ ਕਤਲ ਕਰ ਦਿੱਤੇ ਜਾਣ। ਇਸੇ ਦਿਨ ਇਨ੍ਹਾਂ ਦਾ ਕਤਲੇਆਮ ਸ਼ੁਰੂ ਹੋ ਗਿਆ। **ਉਨ੍ਹਾਂ ਨੂੰ ਮੁਸਲਮਾਨ ਬਣਨ ਦੀ ਸ਼ਰਤ 'ਤੇ ਜਾਨ-ਬਖ਼ਸ਼ੀ ਦੀ ਪੇਸ਼ਕਸ਼ ਕੀਤੀ ਗਈ, ਪਰ ਇੱਕ ਵੀ ਸਿੱਖ ਮੁਸਲਮਾਨ ਬਣਨ ਵਾਸਤੇ ਰਾਜ਼ੀ ਨਾ ਹੋਇਆ। ਉਹ ਸਾਰੇ ਵਾਹਿਗੁਰੂ ਵਾਹਿਗੁਰੂ ਕਹਿੰਦੇ ਸ਼ਹੀਦ ਹੋ ਗਏ।** ਉਹ ਤਾਂ ਸਗੋਂ ਇਹ ਕਹਿੰਦੇ ਰਹੇ, 'ਮੁਕਤਾ (ਮੁਕਤ





ਕਰਨ ਵਾਲਾ, ਯਾਨਿ ਜੱਲਾਦ), ਮੈਨੂੰ ਪਹਿਲੋਂ ਸ਼ਹੀਦ ਕਰ।' (ਖ਼ਾਫ਼ੀ ਖ਼ਾਨ ਜਿਲਦ 2, ਸਫ਼ਾ 766, ਹਕੀਕਤ-ਇ-ਬਿਨਾ-ਓ-ਅਰੂਜ਼-ਇ-ਸਿੱਖਾਂ, ਸਫ਼ਾ 10)।

ਬੰਦਾ ਸਿੰਘ ਤੇ ਉਸਦੇ ਬਾਕੀ ਸਾਥੀਆਂ ਨੂੰ ਤਿੰਨ ਮਹੀਨੇ ਬਹੁਤ ਤਸੀਹੇ ਦਿੱਤੇ ਗਏ। ਸਭ ਤੋਂ ਪਹਿਲਾਂ ਬੰਦਾ ਸਿੰਘ ਨੂੰ ਪਿੰਜਰੇ ਵਿੱਚੋਂ ਕੱਢ ਕੇ ਜ਼ਮੀਨ ਤੇ ਬਿਠਾਇਆ ਗਿਆ। ਫਿਰ ਉਸ ਦਾ ਸੱਜਾ ਹੱਥ ਆਜ਼ਾਦ ਕਰਕੇ ਉਸ ਵਿੱਚ ਛੁਰਾ ਫੜਾਇਆ ਗਿਆ ਤੇ ਉਸ ਨੂੰ ਆਪਣੇ ਚਾਰ ਸਾਲ ਦੇ ਪੁੱਤਰ ਅਜੈ ਸਿੰਘ ਨੂੰ ਕਤਲ ਕਰਨ ਵਾਸਤੇ ਕਿਹਾ ਗਿਆ। ਬੰਦਾ ਸਿੰਘ ਚੁੱਪ-ਚਾਪ ਅਡੋਲ ਬੈਠਾ ਰਿਹਾ। ਇਸ ਤੇ ਜੱਲਾਦ ਨੇ ਉਸ ਦੇ ਪੁੱਤਰ ਨੂੰ ਕਤਲ ਕੀਤਾ ਅਤੇ ਉਸ ਦਾ ਕਲੇਜਾ ਬੰਦਾ ਸਿੰਘ ਦੇ ਮੂੰਹ ਵਿੱਚ ਧੱਕਣ ਦੀ ਕੋਸ਼ਿਸ਼ ਕੀਤੀ। ਇਸ ਮਗਰੋਂ ਇੱਕ ਤੇਜ ਹਥਿਆਰ ਨਾਲ ਬੰਦਾ ਸਿੰਘ ਦੀ ਸੱਜੀ ਅੱਖ ਕੱਢੀ ਗਈ ਤੇ ਫਿਰ ਖੱਬੀ ਦਾ ਡੇਲਾ ਵੀ ਕੱਢ ਦਿੱਤਾ ਗਿਆ। ਇਸ ਮਗਰੋਂ ਉਸਦਾ ਖੱਬਾ ਪੈਰ ਤੇ ਫਿਰ ਸੱਜਾ ਪੈਰ ਵੱਢੇ ਗਏ। ਅਗਲਾ ਵਾਰ ਉਸ ਦੇ ਦੋਹਾਂ ਹੱਥਾਂ 'ਤੇ ਕੀਤਾ ਗਿਆ। ਇਸ ਮਗਰੋਂ ਜੰਬੂਰਾਂ ਨਾਲ ਉਸ ਦਾ ਮਾਸ ਨੋਚਿਆ ਗਿਆ ਤੇ ਅਖ਼ੀਰ ਇੱਕ ਹਥੌੜਾ ਮਾਰ ਕੇ ਉਸਦਾ ਸਿਰ ਵੀ ਫੇਹ ਦਿੱਤਾ ਗਿਆ। ਇਸ ਮਗਰੋਂ ਉਸ ਦੀ ਲਾਸ਼ ਦੇ ਟੁਕੜੇ-ਟੁਕੜੇ ਕਰ ਦਿੱਤੇ ਗਏ। (ਖ਼ਾਫ਼ੀ ਖ਼ਾਨ, ਚੈਪਟਰ 2 ਸਫ਼ਾ 766-67)। ਉਸ ਰਾਤ ਜਾਂ ਅਗਲੀ ਰਾਤ ਅਮਰ ਸਿੰਘ ਕੰਬੋਜ ਖੇਮਕਰਨੀ ਬੰਦਾ ਸਿੰਘ ਦੇ ਸਿਰ ਤੇ ਬੰਨ੍ਹੀ ਲਾਲ ਪੱਗ ਵਿੱਚ ਉਸ ਦੀ ਲਾਸ਼ ਦੇ ਟੁਕੜੇ ਇਕੱਠੇ ਕਰਕੇ ਲੈ ਗਿਆ ਤੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ। ਬੰਦਾ ਸਿੰਘ ਦੇ ਬਾਕੀ ਸਾਥੀਆਂ ਨੂੰ ਅਗਲੇ ਦਿਨ 10 ਜੂਨ ਨੂੰ ਸ਼ਹੀਦ ਕਰ ਦਿੱਤਾ ਗਿਆ।

ਜਦ ਬੰਦਾ ਸਿੰਘ ਨੂੰ ਦਿੱਲੀ ਲਿਆਂਦਾ ਗਿਆ ਤਾਂ ਉਸ ਦੀਆਂ ਕੁਝ ਗੱਲਾਂ ਮੁਸਲਮਾਨ ਲਿਖਾਰੀਆਂ ਨੇ ਕਲਮਬੰਦ ਕੀਤੀਆਂ ਸਨ। ਖ਼ਾਫ਼ੀ ਖ਼ਾਨ ਲਿਖਦਾ ਹੈ :

**ਮੁਹੰਮਦ ਅਮੀਨ ਖ਼ਾਨ ਨੇ ਉਸ ਨੂੰ ਪੁੱਛਿਆ ਕਿ ਤੈਨੂੰ ਕਿਸ ਕਰਕੇ ਇਸ ਜੰਗ ਵਾਸਤੇ ਮਜਬੂਰ ਹੋਣਾ ਪਿਆ, ਤਾਂ ਬੰਦਾ ਸਿੰਘ ਨੇ ਜਵਾਬ ਦਿੱਤਾ : "ਜਦ (ਰੱਬ ਤੋਂ) ਬੇਮੁਖਤਾ ਦੇ ਪਾਪ ਹੱਦੋਂ ਵਧ ਜਾਂਦੇ ਹਨ ਤਾਂ ਰੱਬ ਇਨ੍ਹਾਂ ਪਾਪਾਂ ਦਾ ਫ਼ਲ ਭੁਗਤਾਣ ਵਾਸਤੇ ਮੇਰੇ ਵਰਗਾ ਬੰਦਾ ਮੁਕੱਰਰ ਕਰ ਦੇਂਦਾ ਹੈ ਤਾਂ ਜੋ ਉਸ ਜਮਾਤ ਦੇ ਕਰਮਾਂ ਦੀ ਸਜ਼ਾ ਦੇਣ ਦਾ ਕਾਰਨ ਬਣੇ। ਜਦੋਂ ਉਹ ਦੁਨੀਆਂ ਨੂੰ ਉਜਾੜਨਾ ਚਾਹੁੰਦਾ ਹੈ ਤਾਂ ਉਹ ਦੇਸ਼ ਨੂੰ ਜ਼ਾਲਿਮਾਂ ਦੇ ਪੰਜੇ ਵਿੱਚ ਦੇ ਦੇਂਦਾ ਹੈ।"** (ਖ਼ਾਫੀ ਖ਼ਾਨ : ਮੁੰਤਖ਼ਬੁਲ ਲੁਬਾਬ, ਸਫ਼ਾ 765-67)।

## ਕੀ ਫਾਰੁਖ਼ਸੀਆਰ ਨੇ 'ਮਾਤਾਵਾਂ' ਨੂੰ ਵਰਤਿਆ?

ਆਮਤੌਰ ਤੇ ਕਿਹਾ ਜਾਂਦਾ ਹੈ ਕਿ ਫਾਰੁਖ਼ਸੀਆਰ ਨੇ ਗੁਰੂ ਗੋਬਿੰਦ ਸਿੰਘ ਸਾਹਿਬ ਦੀਆਂ ਪਤਨੀਆਂ ਤੋਂ ਬੰਦਾ ਸਿੰਘ ਦੇ ਖ਼ਿਲਾਫ਼ ਖ਼ਤ ਲਿਖਵਾਏ ਸਨ।....ਪਰ, ਬੰਦਾ ਸਿੰਘ ਨੇ ਮਾਤਾਵਾਂ ਦਾ ਕਹਿਣਾ ਮੰਨਣ ਤੋਂ ਨਾਂਹ ਕਰ ਦਿੱਤੀ....ਤਾਂ ਮਾਤਾ ਸੁੰਦਰ ਕੌਰ ਨੇ ਬੰਦਾ ਸਿੰਘ ਨੂੰ ਪੰਥ 'ਚੋਂ ਖ਼ਾਰਜ ਕਰ ਦਿੱਤਾ। ਪਰ, ਸਿੱਖ ਪੰਥ ਨੇ ਬੰਦਾ ਸਿੰਘ ਦਾ ਡਟ ਕੇ ਸਾਥ

ਦਿੱਤਾ। [ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਦੂਜਾ ਹਿੱਸਾ), ਪੰਨਾ ੩੬੯-੪੫੨]

## ਬੰਦਾ ਸਿੰਘ ਤੇ ਬਿਨੋਦ ਸਿੰਘ ਦੇ ਝਗੜੇ ਦੀ ਅਸਲੀਅਤ

"ਕੁਝ ਲੇਖਕਾਂ ਨੇ ਅਖੌਤੀ ਤੱਤ ਖ਼ਾਲਸਾ ਅਤੇ ਅਖੌਤੀ ਬੰਦਈ ਖ਼ਾਲਸਾ ਦਾ 'ਝਗੜਾ' ਬੜੀ ਤਫ਼ਸੀਲ ਨਾਲ ਬਿਆਨ ਕੀਤਾ ਹੈ।......ਜਿਥੋਂ ਤੱਕ ਬਿਨੋਦ ਸਿੰਘ ਦੇ ਬੰਦਾ ਸਿੰਘ ਤੋਂ ਅੱਡ ਹੋਣ ਦਾ ਮਸਲਾ ਹੈ, 9 ਜੁਲਾਈ 1714 ਦੇ ਦਿਨ ਬਾਦਸ਼ਾਹ ਫ਼ਾਰੁਖ਼ਸੀਆਰ ਨੂੰ ਖ਼ਬਰ ਮਿਲਦੀ ਹੈ ਕਿ "ਬਾਜ਼ ਸਿੰਘ (ਬਿਨੋਦ ਸਿੰਘ ਨਹੀਂ) ਬੰਦਾ ਸਿੰਘ ਤੋਂ ਅੱਡ ਹੋ ਗਿਆ ਹੈ ਤੇ ਉਸਦੇ ਨਾਲ ਫ਼ੌਜ ਦਾ ਇੱਕ ਵੱਡਾ ਹਿੱਸਾ ਚਲਾ ਗਿਆ ਹੈ।" ਏਥੇ ਵੀ ਬਾਜ਼ ਸਿੰਘ ਨੂੰ ਮੁਗ਼ਲਾਂ ਨਾਲ ਸਮਝੌਤਾ ਕਰਦਾ ਜਾਂ ਜਾਗੀਰ ਲੈਂਦਾ ਨਹੀਂ ਦੱਸਿਆ ਗਿਆ ਬਲਕਿ ਵੱਖਰਾ ਹੋ ਕੇ ਵੀ ਆਪਣੀ ਫ਼ੌਜ ਸਮੇਤ ਮੁਗ਼ਲਾਂ ਨਾਲ ਟੱਕਰ ਲੈਂਦਾ ਦਿਖਾਇਆ ਗਿਆ ਹੈ (ਹੋ ਸਕਦਾ ਹੈ ਕਿ ਬੰਦਾ ਸਿੰਘ ਨੇ ਬਾਜ਼ ਸਿੰਘ ਨੂੰ ਵੱਖਰੇ ਮੋਰਚੇ ਵਾਸਤੇ ਭੇਜਿਆ ਹੋਵੇ)। ਦੂਜੇ ਪਾਸੇ ਗੁਰਦਾਸ-ਨੰਗਲ ਦੇ ਘੇਰੇ ਵਿੱਚੋਂ ਬਿਨੋਦ ਸਿੰਘ ਦੇ ਨਿਕਲ ਜਾਣ ਦੀ ਗੱਲ ਵੀ ਨਾਮੁਮਕਿਨ ਹੈ। ਉਸ ਦੁਆਲੇ ਘੇਰਾ ਏਨਾ ਜ਼ਬਰਦਸਤ ਸੀ ਕਿ ਉਥੋਂ ਕੋਈ ਬਚ ਕੇ ਨਹੀਂ ਸੀ ਜਾ ਸਕਦਾ। ਹਾਂ, ਉਥੇ ਰੁਕਣ ਨੂੰ ਨਾ-ਮਨਜ਼ੂਰ ਕਰਕੇ ਘੇਰਾ ਪੈਣ ਤੋਂ ਪਹਿਲਾਂ ਹੀ (ਮਾਰਚ 1715 ਵਿੱਚ ਹੀ) ਨਿਕਲ ਜਾਣਾ ਤਾਂ ਮੰਨਿਆ ਜਾ ਸਕਦਾ ਹੈ। ਪਰ ਇਸ ਦਾ ਮਤਲਬ ਬੰਦਾ ਸਿੰਘ ਨਾਲ ਦੁਸ਼ਮਣੀ ਨਹੀਂ ਹੋ ਸਕਦੀ ਸੀ। ਅਖ਼ਬਾਰਾਤੇ-ਦਰਬਾਰੇ ਮੁਅੱਲਾ ਵਿੱਚ ਕਿਤੇ ਵੀ ਅਜਿਹਾ ਕੋਈ ਹੋਰ ਜ਼ਿਕਰ ਨਹੀਂ ਜਿਸ ਵਿੱਚ ਅਜੀਤ ਸਿੰਘ ਪਾਲਿਤ ਤੋਂ ਸਿਵਾ ਕਿਸੇ ਅਜਿਹੇ ਸਿੱਖ ਬਾਰੇ ਲਿਖਿਆ ਹੋਵੇ ਜਿਸ ਨੇ ਮੁਗ਼ਲਾਂ ਨਾਲ ਸਮਝੌਤਾ ਕੀਤਾ ਹੋਵੇ, ਜਾਗੀਰ ਲਈ ਹੋਵੇ ਜਾਂ ਨੌਕਰੀ ਕੀਤੀ ਹੋਵੇ (ਜਿਵੇਂ ਰਤਨ ਸਿੰਘ ਭੰਗੂ ਅਤੇ ਗਿਆਨੀ ਗਿਆਨ ਸਿੰਘ ਨੇ ਲਿਖਿਆ ਹੈ)।

ਰਤਨ ਸਿੰਘ ਭੰਗੂ ਤਾਂ ਇਥੋਂ ਤੱਕ ਲਿਖਦਾ ਹੈ ਕਿ ਕਾਹਨ ਸਿੰਘ, ਮੀਰੀ ਸਿੰਘ, ਫ਼ਤਹਿ ਸਿੰਘ, ਸ਼ਾਮ ਸਿੰਘ ਨੌਰੰਗਾਵਾਲੀਆ ਨੂੰ ਬਾਦਸ਼ਾਹ ਨੇ 5 ਹਜ਼ਾਰ ਫ਼ੌਜ ਦਾ ਮੁਖੀ ਬਣਾ ਦਿੱਤਾ ਸੀ। ਇੱਕ ਘੋੜ ਸਵਾਰ ਨੂੰ 30 ਰੁਪਏ ਮਹੀਨਾ, ਪੈਦਲ ਨੂੰ 15 ਰੁਪਏ ਮਹੀਨਾ ਤੇ ਸਿਰਦਾਰ ਨੂੰ 150 ਰੁਪੈ ਤਨਖ਼ਾਹ ਮਿਲਦੀ ਸੀ। ਕੁੱਝ 'ਤੱਤ ਖ਼ਾਲਸੀਏ' ਗੁਰੂ ਚੱਕ (ਅੰਮ੍ਰਿਤਸਰ) ਵਿੱਚ ਵੀ ਰਹੇ ਜਿਨ੍ਹਾਂ ਨੂੰ ਮੁਗ਼ਲ ਸਰਕਾਰ ਨੇ 5 ਹਜ਼ਾਰ ਰੁਪੈ ਮਹੀਨਾ ਦਿੱਤੇ। ਰਤਨ ਸਿੰਘ ਭੰਗੂ ਤਾਂ ਇਹ ਵੀ ਲਿਖਦਾ ਹੈ ਕਿ ਤੱਤ ਖ਼ਾਲਸਾ ਨੇ ਸਰਕਾਰ ਨਾਲ ਮਿਲ ਕੇ ਲਹੌਰ ਸ਼ਹਿਰ ਨੂੰ ਬੰਦਾ ਸਿੰਘ ਤੋਂ ਬਚਾਉਂਣ ਵਾਸਤੇ ਆਪਣੀ ਫ਼ੌਜ ਵੀ ਭੇਜੀ ਸੀ, ਜਿਸ ਨੇ ਕੋਹਾਲੀ ਦੇ ਨੇੜੇ, ਘਣੀਏ ਦੇ ਪਿੰਡ ਵਿੱਚ, ਬੰਦਾ ਸਿੰਘ ਨਾਲ ਟੱਕਰ ਲੈ ਕੇ, ਉਸ ਨੂੰ ਹਰਾ ਕੇ, ਲਾਹੌਰ ਨੂੰ ਬਚਾਇਆ ਸੀ (ਰਤਨ ਸਿੰਘ ਭੰਗੂ : ਪ੍ਰਾਚੀਨ ਪੰਥ ਪ੍ਰਕਾਸ਼, ਸਫ਼ੇ 134-137, 162-63, 1982 ਦੀ ਐਡੀਸ਼ਨ)

**ਪਰ ਕਿਸੇ ਵੀ ਹੋਰ ਸਿੱਖ ਜਾਂ ਮੁਸਲਮਾਨ ਲਿਖਾਰੀ ਨੇ ਅਖੌਤੀ ਤੱਤ ਖ਼ਾਲਸਾ, ਜਾਂ ਕਿਸੇ**





**ਹੋਰ ਸਿੱਖ ਧੜੇ ਵੱਲੋਂ, ਲਾਹੌਰ ਸ਼ਹਿਰ ਵਾਸਤੇ ਹੋਈ ਇਸ ਲੜਾਈ ਵਿੱਚ ਕੀਤੇ ਰੋਲ ਦਾ ਜ਼ਿਕਰ ਤੱਕ ਨਹੀਂ ਕੀਤਾ। ਹੋਰ ਤਾਂ ਹੋਰ ਅਖ਼ਬਾਰਾਤੇ-ਦਰਬਾਰੇ-ਮੁਅੱਲਾ ਵਿੱਚ ਇਸ ਲੜਾਈ ਦਾ ਜਾਂ ਅਖੌਤੀ ਤੱਤ ਖ਼ਾਲਸਾ ਵੱਲੋਂ ਮੁਗ਼ਲਾਂ ਦੀ ਮਦਦ ਕੀਤੇ ਜਾਣ ਦਾ ਜ਼ਿਕਰ ਬਿਲਕੁਲ ਨਹੀਂ ਹੈ।....ਅਜਿਹਾ ਜਾਪਦਾ ਹੈ ਕਿ ਇਹ ਸਭ ਕੁਝ ਰਤਨ ਸਿੰਘ ਭੰਗੂ ਨੇ ਸੁਣੇ-ਸੁਣਾਏ ਕਿਸੇ ਗ਼ਲਤ ਪ੍ਰਾਪੇਗੰਡੇ ਦੇ ਅਸਰ ਹੇਠਾਂ ਆ ਕੇ ਲਿਖਿਆ ਹੋਵੇਗਾ ਤੇ ਗਿਆਨੀ ਗਿਆਨ ਸਿੰਘ ਨੇ ਤਾਂ ਆਪਣੀ ਰਚਨਾ ਭੰਗੂ ਦੇ ਆਧਾਰ ਤੇ ਹੀ ਲਿਖੀ ਸੀ।**

## ਅਖੌਤੀ 'ਤੱਤ ਖਾਲਸਾ' ਅਤੇ 'ਬੰਦਈ ਖਾਲਸਾ' ਝਗੜਾ ਤੇ ਭਾਈ ਮਨੀ ਸਿੰਘ

ਭਾਈ ਮਨੀ ਸਿੰਘ ਵੱਲੋਂ ਅਖੌਤੀ ਤੱਤ ਖ਼ਾਲਸਾ ਅਤੇ ਅਖੌਤੀ ਬੰਦਈ ਖ਼ਾਲਸਾ ਦਾ ਝਗੜਾ ਹੱਲ ਕਰਵਾਉਂਣਾ 18 ਅਕਤੂਬਰ 17 ਕਤਕ ਦੀ ਘਟਨਾ ਹੈ। ਇਹ ਝਗੜਾ ਅਮਰ ਸਿੰਘ ਖੇਮਕਰਨੀ (ਜੋ ਬੰਦਾ ਸਿੰਘ ਦੀ ਫ਼ੌਜ ਵਿੱਚੋਂ ਬਚੇ-ਖੁਚੇ ਕੁਝ ਸਿੱਖਾਂ ਦਾ ਆਗੂ ਸੀ) ਅਤੇ ਤਰੇਹਨ ਪਰਿਵਾਰ (ਕਾਨ੍ਹ ਸਿੰਘ, ਮੀਰੀ ਸਿੰਘ) ਵਿਚਕਾਰ ਸਿਰਫ਼ ਗੁਰਦੁਆਰੇ ਅਤੇ ਇਸ ਦੇ ਚੜ੍ਹਾਵੇ 'ਤੇ ਕਬਜ਼ੇ ਦਾ ਮਸਲਾ ਸੀ ਨਾ ਕਿ ਕੋਈ ਸਿਧਾਂਤਕ ਜੰਗ।

## ਬੰਦਾ ਸਿੰਘ ਤੇ ਲਾਏ ਗਏ ਦੋਸ਼ਾਂ ਦੀ ਸਚਾਈ

**ਬੰਦਾ ਸਿੰਘ ਦੇ ਖ਼ਿਲਾਫ਼ ਪ੍ਰਾਪੇਗੰਡਾ ਮੁਗ਼ਲਾਂ ਵੱਲੋਂ ਜਾਂ ਇਨ੍ਹਾਂ "ਸਾਹਿਬਜ਼ਾਦਿਆਂ" (ਗੁਰੂ ਅੰਗਦ ਸਾਹਿਬ ਦੇ ਬੰਸ ਵਿੱਚੋਂ ਬਿਨੋਦ ਸਿੰਘ ਦਾ ਪੁੱਤਰ ਕਾਨ੍ਹ ਸਿੰਘ ਅਤੇ ਉਸਦਾ ਪੁੱਤਰ ਮੀਰੀ ਸਿੰਘ) ਵੱਲੋਂ ਕਰਵਾਇਆ/ਕੀਤਾ ਗਿਆ ਜਾਪਦਾ ਹੈ। ਬੰਦਾ ਸਿੰਘ ਤੇ ਲਾਏ ਸਾਰੇ ਦੋਸ਼ ਝੂਠੇ ਹਨ ਅਤੇ ਉਨ੍ਹਾਂ ਵਿੱਚੋਂ ਕੁਝ ਤਾਂ ਸਿੱਖੀ ਅਸੂਲਾਂ ਦੇ ਉਲਟ ਹੀ ਹਨ। ਜਿਵੇਂ ਕਿ ਉਸਦੇ ਵਿਆਹ ਕਰਨ ਨੂੰ ਗੁਰੂ ਦੇ ਹੁਕਮ ਦੇ ਉਲਟ ਆਖਣਾ। ਦੂਜਾ, ਬੰਦਾ ਸਿੰਘ ਨੇ ਕਦੇ ਗੱਦੀ ਨਹੀਂ ਸੀ ਲਾਈ। ਉਸ ਨੇ ਤਾਂ ਕਦੇ ਖ਼ੁਦ ਨੂੰ ਬਾਦਸ਼ਾਹ ਜਾਂ ਹਾਕਮ ਜਾਂ ਜਥੇਦਾਰ ਵੀ ਨਹੀਂ ਅਖਵਾਇਆ ਸੀ। ਉਹ ਤਾਂ ਖ਼ੁਦ ਨੂੰ ਗੁਰੂ ਦਾ ਗ਼ੁਲਾਮ ਕਿਹਾ ਕਰਦਾ ਸੀ। ਉਸ ਨੇ ਸਰਹਿੰਦ ਜਿੱਤ ਕੇ ਬਾਜ਼ ਸਿੰਘ ਨੂੰ, ਸਮਾਣਾ ਫ਼ਤਹਿ ਸਿੰਘ ਨੂੰ, ਥਾਨੇਸਰ ਰਾਮ ਸਿੰਘ ਨੂੰ ਤੇ ਬਾਕੀ ਇਲਾਕੇ ਵੀ ਜਿੱਤਣ ਮਗਰੋਂ ਵੱਖ-ਵੱਖ ਸਿੱਖਾਂ ਨੂੰ ਸੌਂਪ ਦਿੱਤੇ ਸਨ ਤੇ ਆਪ ਲੋਹਗੜ੍ਹ ਕਿਲ੍ਹੇ ਵਿੱਚ ਜਾ ਬੈਠਾ ਸੀ, ਜਿਥੋਂ ਉਹ ਅਸਲਾ ਤਿਆਰ ਕਰਾਕੇ ਭੇਜਦਾ ਰਹਿੰਦਾ ਸੀ।**

ਉਹ ਹਰ ਇੱਕ ਸਿੱਖ ਨੂੰ 'ਸਿੰਘ ਜੀ' ਆਖ ਕੇ ਬੁਲਾਉਂਦਾ ਸੀ ਤੇ ਕਦੇ ਕਿਸੇ ਸਿੱਖ ਨੂੰ ਜੂਨੀਅਰ ਨਹੀਂ ਸੀ ਸਮਝਦਾ। ਇਹੋ ਜਿਹੀ ਹਲੀਮੀ, ਭਾਈਚਾਰਕ ਸੋਚ, ਬੰਦਾ ਸਿੰਘ ਤੋਂ ਬਾਅਦ ਦੂਜੀ ਪੀੜ੍ਹੀ ਦੇ ਮਿਸਲ ਆਗੂਆਂ (ਦਰਬਾਰਾ ਸਿੰਘ, ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਹਲੂਵਾਲੀਆ, ਜੱਸਾ ਸਿੰਘ ਰਾਮਗੜ੍ਹੀਆ, ਬਘੇਲ ਸਿੰਘ ਵਗ਼ੈਰਾ ਨੂੰ ਛੱਡ ਕੇ), ਰਣਜੀਤ ਸਿੰਘ ਜਾਂ ਕਿਸੇ ਵੀ ਸਿੱਖ ਜਰਨੈਲ, ਜਾਗ਼ੀਰਦਾਰ ਤਾਂ ਕੀ ਕਿਸੇ ਸਿੱਖ ਪ੍ਰਚਾਰਕ ਵਿੱਚ ਵੀ ਨਹੀਂ ਮਿਲਦੀ। ਇਰਵਨ (ਲੇਟਰ ਮੁਗਲਜ਼ ਵਿੱਚ) ਲਿਖਦਾ ਹੈ ਕਿ, **"ਇੱਕ ਚੂਹੜਾ ਜਾਂ ਚਮਿਆਰ, ਜੋ ਹਿੰਦੂਆਂ ਵਿੱਚ ਨੀਵਿਆਂ ਤੋਂ ਵੀ ਨੀਵਾਂ ਗਿਣਿਆ ਜਾਂਦਾ ਸੀ, ਸਿਰਫ਼**

**ਘਰੋਂ ਆ ਕੇ ਗੁਰੂ (ਬੰਦਾ ਸਿੰਘ) ਕੋਲ ਹਾਜ਼ਿਰ ਹੋਣਾ ਹੁੰਦਾ ਸੀ ਤੇ ਥੋੜ੍ਹੇ ਹੀ ਚਿਰ ਵਿੱਚ ਉਹ ਆਪਣੇ ਪਿੰਡ (ਇਲਾਕੇ) ਦਾ ਹਾਕਮ ਬਣ ਕੇ ਆ ਜਾਂਦਾ ਸੀ।"**

ਉਸ ਵੱਲੋਂ ਜਾਰੀ ਕੀਤੇ ਸਿੱਕੇ ਅਤੇ ਮੁਹਰ ਦੀ ਇਬਾਰਤ ਤੋਂ ਸਪੱਸ਼ਟ ਦਿੱਸ ਰਿਹਾ ਹੈ ਕਿ ਉਹ ਹਰ ਥਾਂ ਗੁਰੂ ਨਾਨਕ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਬਾਦਸ਼ਾਹਤ ਹੀ ਮੰਨਦਾ ਹੈ ਨਾ ਕਿ ਆਪਣੀ। ਇੰਞ ਹੀ ਇਹ ਵੀ ਗ਼ਲਤ ਹੈ ਕਿ ਬੰਦਾ ਸਿੰਘ ਨੇ ਆਪਣੇ ਆਪ ਨੂੰ ਗੁਰੂ ਅਖਵਾਇਆ ਸੀ, ਜਾਂ ਉਸਨੇ ਗੱਦੀ ਲਾਈ ਸੀ ਜਾਂ "ਵਾਹਿਗੁਰੂ ਜੀ ਦੀ ਫ਼ਤਹਿ" ਦੀ ਥਾਂ "ਫ਼ਤਹਿ ਦਰਸ਼ਨ" ਦਾ ਨਾਅਰਾ ਘੜਨਾ ਵੀ ਗ਼ਲਤ ਹੈ। ਇਸ ਦੀ ਅਸਲੀਅਤ ਦਰਅਸਲ ਇਹ ਹੈ ਕਿ ਜਦ ਚਪੜ-ਚਿੜੀ ਦੀ ਲੜਾਈ ਸ਼ੁਰੂ ਹੋਣ ਲੱਗੀ ਤਾਂ ਸਰਹਿੰਦੀ ਫ਼ੌਜ ਵਿੱਚ ਸਾਰੇ ਪਾਸਿਓਂ "ਯਾ ਅਲੀ, ਯਾ ਅਲੀ, ਅਲ੍ਹਾ ਹੂ ਅਕਬਰ" ਦੀਆਂ ਆਵਾਜਾਂ ਆ ਰਹੀਆਂ ਸਨ। ਇਸ ਤੇ ਸਿੱਖਾਂ ਨੇ, "ਅਕਾਲ, ਅਕਾਲ!!" ਦੇ ਜੈਕਾਰੇ ਸ਼ੁਰੂ ਕਰ ਦਿੱਤੇ। ਸਿੱਖ ਜਰਨੈਲਾਂ ਨੇ "ਸੱਚਾ ਪਾਤਸ਼ਾਹ" ਅਤੇ "ਫ਼ਤਹਿ ਦਰਸ਼ਨ" ਦੇ ਨਵੇਂ ਜੈਕਾਰੇ ਵੀ ਘੜ ਲਏ ਕਿਉਂਕਿ ਇਹ ਜੈਕਾਰੇ "ਯਾ ਅਲੀ" ਅਤੇ "ਅਲ੍ਹਾ ਹੂ ਅਕਬਰ" ਵਾਂਗ ਜਾਪਦੇ ਸਨ। (ਐਲੀਅਟ ਐਂਡ ਡਾਊਸਨ, ਜਿਲਦ 6, ਸਫ਼ਾ 414)।

**ਗੁਰੂ ਸਾਹਿਬ ਦੀ ਸੰਗਤ ਵਿੱਚ ਆਉਂਣ ਮਗਰੋਂ ਬੰਦਾ ਸਿੰਘ ਇੱਕ ਪੂਰਨ ਗੁਰਸਿੱਖ ਸੀ। ਜਿਸ ਸ਼ਖਸ ਨੇ ਕਦੇ ਇੱਕ ਚੰਗਾ ਤਗੜਾ ਡੇਰਾ ਕਾਇਮ ਕੀਤਾ ਹੋਵੇ, ਜਿਸ ਦੇ ਵੱਡੀ ਗਿਣਤੀ ਵਿੱਚ ਚੇਲੇ ਹੋਣ ਤੇ ਜਿਸਦਾ ਦਬਦਬਾ ਖ਼ੂਬ ਕਾਇਮ ਹੋਇਆ ਹੋਵੇ, ਉਹ ਇਹ ਸਾਰਾ ਕੁਝ ਛੱਡ ਕੇ 'ਗੁਰੂ ਦਾ ਬੰਦਾ' ਬਣ ਜਾਵੇ, ਉਸ ਸ਼ਖਸ ਤੇ ਇਹ ਇਲਜ਼ਾਮ ਲਾਉਂਣਾ ਕਿ ਉਹ ਗੁਰੂ ਦੇ ਰਸਤੇ ਤੋਂ ਭਟਕ ਗਿਆ ਸੀ, ਇੱਕ ਮਹਾਨ ਹਸਤੀ ਦੀ ਪੰਥ ਨੂੰ ਦੇਣ ਅਤੇ ਉਸ ਦੀ ਮਹਾਨ ਕੁਰਬਾਨੀ ਦੀ ਬੇਕਦਰੀ ਕਰਨਾ ਅਤੇ ਅਹਿਸਾਨ-ਫ਼ਰਾਮੋਸ਼ੀ ਵਾਲੀ ਗੱਲ ਹੈ। ਕਮਾਲ ਦੀ ਗੱਲ ਤਾਂ ਇਹ ਹੈ ਕਿ ਉਸ ਨੂੰ ਮੁਸਲਮਾਨ ਬਣ ਜਾਣ ਦੀ ਸੂਰਤ ਵਿੱਚ ਸਾਰੇ ਸੁਖ ਮਿਲਣ ਦੀ ਪੇਸ਼ਕਸ਼ ਸੀ ਤੇ ਫਿਰ ਵੀ ਉਸ ਨੇ ਸਿੱਖ ਧਰਮ ਛੱਡਣ ਤੋਂ ਨਾਂਹ ਕਰ ਦਿੱਤੀ ਸੀ। ਗੁਰੂ ਵਾਸਤੇ, ਸਿੱਖੀ ਵਾਸਤੇ, ਧਰਮ ਵਾਸਤੇ, ਦੁਨੀਆਂ ਭਰ ਦੇ ਦਰਦਨਾਕ ਤੇ ਅੰਤਾਂ ਦੇ ਤਸੀਹੇ ਸਹਿ ਕੇ, ਸਿੱਖੀ ਨੂੰ ਕੇਸਾਂ-ਸੁਆਸਾਂ ਸੰਗ ਨਿਭਾਉਂਦਿਆਂ ਸ਼ਹੀਦ ਹੋਣਾ ਮਨਜ਼ੂਰ ਕਰਨ ਵਾਲਾ, ਜੇ ਸੱਚਾ ਸਿੱਖ ਨਹੀਂ ਸੀ ਤਾਂ ਹੋਰ ਕੀ ਸੀ?**

**ਅਜਿਹਾ ਜਾਪਦਾ ਹੈ ਕਿ ਅਖੌਤੀ ਸਾਹਿਬਜ਼ਾਦਿਆਂ (ਗੁਰੂ ਅੰਗਦ ਸਾਹਿਬ ਜੀ ਦੀ ਔਲਾਦ) ਨੇ ਆਪਣੇ ਆਪ ਨੂੰ ਸੱਚੇ ਤੇ ਉੱਚੇ ਸਾਬਿਤ ਕਰਨ ਵਾਸਤੇ ਜਾਂ ਮੁਗ਼ਲਾਂ ਦੀ ਹਮਦਰਦੀ ਹਾਸਿਲ ਕਰਨ ਵਾਸਤੇ ਜਾਂ ਸੌਖੇ ਦਿਨਾਂ ਵਿੱਚ ਗੁਰਦੁਆਰਿਆਂ ਦਾ ਚੜ੍ਹਾਵਾ ਹਜ਼ਮ ਕਰਨ ਵਾਸਤੇ ਜਾਂ ਸਿੱਖਾਂ ਕੋਲੋਂ ਮੱਥਾ ਟਿਕਾਉਣ ਜਾਂ ਗੁਰੂ ਅਖਵਾਉਂਣ ਦੀ ਸਾਜ਼ਿਸ ਹੇਠ, ਤੱਤ ਖ਼ਾਲਸਾ ਬੰਦਈ ਖ਼ਾਲਸਾ ਦੇ ਨਾਂ ਤੇ ਬੰਦਾ ਸਿੰਘ ਨਾਲ ਧੱਕਾ ਹੀ ਨਹੀਂ ਜ਼ੁਲਮ ਕੀਤਾ ਸੀ। ਇਹ ਨਿਰੀ ਅਹਿਸਾਨ-ਫ਼ਰਾਮੋਸ਼ੀ ਸੀ।**

## ਬੰਦਾ ਸਿੰਘ (ਬਾਦਸ਼ਾਹ) ਦੀ ਦੇਣ

ਬੰਦਾ ਸਿੰਘ ਇੱਕ ਸਖ਼ਸ਼ ਨਹੀਂ ਬਲਕਿ ਇੱਕ ਮੋਅਜਜ਼ਾ (ਕਰਾਮਾਤ) ਸੀ। ਉਸ ਨੇ





ਪੰਚ ਨਦ ਦੀ ਧਰਤੀ 'ਤੇ ਇਕ ਮਹਾਨ ਇਨਕਲਾਬ ਲਿਆਂਦਾ ਸੀ। ਬੰਦਾ ਸਿੰਘ ਦੀ ਸ਼ਹੀਦੀ ਅਜਾਈਂ ਨਹੀਂ ਗਈ। ਇਸ ਸ਼ਹੀਦੀ ਨੇ ਸਿੱਖ ਪੰਥ ਦੀ, ਪੰਜਾਬ ਦੀ ਤੇ ਸਾਰੇ ਜਜ਼ੀਰੇ (ਏਸ਼ੀਆ) ਦੀ ਤਵਾਰੀਖ਼ ਬਦਲਣ ਦਾ ਆਗ਼ਾਜ਼ ਕਰ ਦਿੱਤਾ। ਉਸ ਨੇ ਸੱਤ ਸੌ ਸਾਲ ਦੀ ਵਿਦੇਸ਼ੀ ਹਕੂਮਤ ਨੂੰ ਇਕ ਵਾਰ ਤਾਂ ਤੋੜ ਕੇ ਰੱਖ ਦਿੱਤਾ ਸੀ। **ਉਹ ਅਜਿਹਾ ਜਰਨੈਲ ਸੀ ਜਿਸ ਨੇ ਦੁਨੀਆਂ ਦੀ ਸਭ ਤੋਂ ਵੱਡੀ ਸਲਤਨਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੱਤੀਆਂ। ਉਸ ਦੇ ਜਿਉਂਦਿਆਂ ਜੀਅ ਸਿਰਫ਼ ਬਾਦਸ਼ਾਹ ਹੀ ਨਹੀਂ ਬਲਕਿ ਚਾਰ-ਪੰਜ ਸੂਬਿਆਂ ਦੇ ਗਵਰਨਰ ਵੀ, ਇੱਕ ਰਾਤ ਵੀ, ਅਮਨ-ਚੈਨ ਨਾਲ ਸੌਂ ਨਹੀਂ ਸਕੇ ਸਨ। ਮੁਗ਼ਲ ਸਰਕਾਰ ਦੀ ਇੱਕ ਲੱਖ ਤੋਂ ਵੀ ਵੱਧ ਫ਼ੌਜ (ਦੋ-ਤਿਹਾਈ ਤੋਂ ਵੀ ਵੱਧ ਫ਼ੌਜ) ਬੰਦਾ ਸਿੰਘ ਦੇ ਪਿੱਛੇ ਲੱਗੀ ਰਹੀ।**

ਇਸ ਜਦੋਜਹਿਦ ਦੌਰਾਨ ਤੀਹ-ਚਾਲ੍ਹੀ ਹਜ਼ਾਰ ਸਿੱਖ ਸ਼ਹੀਦ ਹੋਏ। ਇਸ ਦੇ ਬਾਵਜੂਦ ਸਿੱਖ ਕੌਮ ਆਜ਼ਾਦੀ ਵਾਸਤੇ ਜੂਝਦੀ ਰਹੀ। ਬੰਦਾ ਸਿੰਘ ਤੋਂ ਬਾਅਦ ਵੀ ਮੁਗ਼ਲ ਬਾਦਸ਼ਾਹ ਪੰਜਾਬ ਵਿੱਚ ਸੁੱਖ ਦੀ ਹਕੂਮਤ ਨਾ ਕਰ ਸਕੇ। ਪੰਜਾਬ ਵਿੱਚੋਂ ਹਿੱਲੀਆਂ ਮੁਗ਼ਲ ਦਰਬਾਰ ਦੀਆਂ ਜੜ੍ਹਾਂ ਸਾਰੇ ਪਾਸਿਆਂ ਤੋਂ ਹਿੱਲ ਗਈਆਂ ਤੇ ਅਖ਼ੀਰ **ਸਿੱਖ, ਪੰਜਾਬ ਹੀ ਨਹੀਂ ਬਲਕਿ ਹਿੰਦੁਸਤਾਨ, ਰਾਜਸਥਾਨ ਤੇ ਪਹਾੜਾਂ ਵਿੱਚ ਵੀ, ਸਿਆਸੀ ਫ਼ੈਸਲੇ ਕਰਨ ਵਾਲੀ ਹਸਤੀ ਬਣ ਚੁੱਕੇ ਸਨ। ਇਹ ਸਾਰਾ ਕੁਝ ਬੰਦਾ ਸਿੰਘ ਦੀ ਹੀ ਦੇਣ ਸੀ।** ਉਂਞ ਜੇ ਰਤਨ ਸਿੰਘ ਭੰਗੂ ਦੀ ਗੱਲ ਮੰਨ ਲਈਏ ਕਿ ਗੁਰੂ ਗੋਬਿੰਦ ਸਿੰਘ ਜੀ ਦੀਆਂ ਪਤਨੀਆਂ, ਪਾਲਿਤ ਅਜੀਤ ਸਿੰਘ ਤੇ ਸਰਕਾਰੀ ਤੱਤ ਖ਼ਾਲਸਾ ਨੇ ਬੰਦਾ ਸਿੰਘ ਦੇ ਖ਼ਿਲਾਫ਼ ਮੁਗ਼ਲਾਂ ਦੀ ਸਿੱਧੀ ਤੇ ਅਸਿੱਧੀ ਮਦਦ ਕੀਤੀ ਤਾਂ ਤੇ ਹੋਰ ਵੀ ਕਮਾਲ ਹੈ ਕਿ ਇਸ ਹਾਲਤ ਦੇ ਬਾਵਜੂਦ ਵੀ ਬੰਦਾ ਸਿੰਘ ਨੇ ਜੋ ਕਾਰਨਾਮਾ ਕੀਤਾ ਉਹ ਸਿੱਖਾਂ ਦੀ ਤਵਾਰੀਖ਼ ਦਾ, ਗੁਰੂ-ਕਾਲ ਤੋਂ ਮਗਰੋਂ ਦਾ, ਸਭ ਤੋਂ ਵੱਧ ਸੁਨਹਿਰੀ ਕਾਲ ਹੈ।

ਬੰਦਾ ਸਿੰਘ ਨੇ ਪੰਜਾਬੀਆਂ ਅਤੇ ਹਿੰਦੁਸਤਾਨੀਆਂ ਨੂੰ ਕੌਮੀਅਤ ਦਾ ਪਹਿਲਾ ਸਬਕ ਪੜ੍ਹਾਇਆ ਪਰ ਗ਼ੁਲਾਮ ਹਿੰਦੁਸਤਾਨੀ ਜ਼ਿਹਨੀਅਤ ਇਸ ਨੂੰ ਨਾ ਸਮਝ ਸਕੀ। ਸਿਰਫ਼ ਸਿੱਖ ਕੌਮ ਨੇ ਹੀ ਇਸ ਨੂੰ ਸਮਝਿਆ, ਕਬੂਲਿਆ ਤੇ ਇਸ ਵਾਸਤੇ ਬੇਮਿਸਾਲ ਕੁਰਬਾਨੀਆਂ ਦੇ ਕੇ ਪੰਜਾਬ ਨੂੰ ਕੌਮੀਅਤ ਦਿਵਾਈ।

**ਬੰਦਾ ਸਿੰਘ ਨੇ ਸਿੱਖਾਂ ਨੂੰ ਆਜ਼ਾਦੀ ਦੀ ਕੀਮਤ ਸਮਝਾਈ। ਇੱਕ ਹਾਕਮ ਅਤੇ ਗ਼ੁਲਾਮ ਦਾ ਫ਼ਰਕ ਸਮਝਣ ਮਗਰੋਂ ਸਿੱਖਾਂ ਨੇ ਮੁੜ ਗ਼ੁਲਾਮੀ ਕਬੂਲਣ ਤੋਂ ਨਾਂਹ ਕਰ ਦਿੱਤੀ। ਬੰਦਾ ਸਿੰਘ ਨੇ ਸਿੱਖਾਂ ਨੂੰ ਨਵੀਂ (ਹਕੂਮਤ ਦੀ) ਸ਼ਾਹੀ ਮੁਹਰ, ਖ਼ਾਲਸਾਈ, ਸਿੱਕਾ ਅਤੇ ਨਵਾਂ ਸੰਮਤ ਦਿੱਤਾ। ਉਸ ਨੇ ਜਾਗੀਰਦਾਰੀ ਖ਼ਤਮ ਕਰਨ ਦੀ ਸੋਚ ਨੂੰ ਤਵਾਰੀਖ਼ ਵਿੱਚ ਪਹਿਲੀ ਵਾਰ ਅਮਲ ਵਿੱਚ ਲਿਆ ਕੇ ਦਿਖਾਇਆ। ਉਸ ਨੇ ਹਰ ਇੱਕ ਵਾਹੀਕਰਨ ਵਾਲੇ ਨੂੰ ਜ਼ਮੀਨ ਦਾ ਮਾਲਿਕ ਬਣਾ ਦਿੱਤਾ। ਉਸ ਨੇ ਸਿੱਖਾਂ ਨੂੰ ਲੀਡਰਸ਼ਿਪ ਅਤੇ ਹੀਰੋਸ਼ਿਪ ਦਾ ਫ਼ਲਸਫ਼ਾ ਦ੍ਰਿੜ ਕਰਵਾਇਆ। ਉਸ ਨੇ ਸਿੱਖਾਂ ਨੂੰ ਜਥੇਬੰਦ ਹੋ ਕੇ ਜੇਤੂ ਹੋਣ ਦਾ ਅਹਿਸਾਸ ਸਮਝਾਇਆ।**

ਉਸ ਨੇ ਸ਼ਹੀਦੀ ਵੇਲੇ ਆਖ਼ਰਾਂ ਦੇ ਤਸੀਹੇ ਬਰਦਾਸ਼ਤ ਕਰਕੇ ਈਨ ਨਾ ਮੰਨਣ ਅਤੇ ਧਰਮ ਅਤੇ ਅਣਖ਼ ਖ਼ਾਤਰ ਕੁਰਬਾਨ ਹੋਣ ਦੀ ਮਿਸਾਲ ਪੇਸ਼ ਕੀਤੀ। ਉਸਨੇ ਸੱਚਾ ਸਿੱਖੀ

ਜੀਵਨ ਜਿਉਂਣ ਦਾ ਰਾਹ ਸਮਝਾਇਆ ਅਤੇ ਆਪ ਵੀ ਇੱਕ ਸੱਚੇ ਸਿੱਖ ਵਾਂਗ ਜੀਵਿਆ ਅਤੇ ਮਰਿਆ। ਸਿਰਫ਼ 45 ਸਾਲ ਦੀ ਉਮਰ ਵਿੱਚ ਹੀ ਉਸ ਨੇ ਇਸ ਸਾਰੇ ਕਮਾਲ ਨੂੰ ਅੰਜ਼ਾਮ ਕਰ ਕੇ ਦਿਖਾਇਆ।

**ਸਿੱਖ ਤਵਾਰੀਖ਼ ਵਿੱਚ ਬੰਦਾ ਸਿੰਘ ਦਾ ਨਾਂ, ਗੁਰੂ ਸਾਹਿਬਾਨ ਤੋਂ ਮਗਰੋਂ ਦੀ ਤਵਾਰੀਖ਼ ਵਿੱਚ, ਸਭ ਤੋਂ ਵੱਧ ਅਹਿਮੀਅਤ ਰਖਦਾ ਹੈ। ਬਾਕੀ ਦੀ ਫ਼ੌਜੀ ਤੇ ਸਿਆਸੀ ਤਵਾਰੀਖ਼ ਉਸ ਵੱਲੋਂ ਹਾਸਿਲ ਕੀਤੀ ਕਾਮਯਾਬੀ ਦੀ ਬੁਨਿਆਦ ’ਤੇ ਉਸਰੀ ਸੀ ਅਤੇ ਇਸ ਮਹਿਲ ਦੀਆਂ ਮਜ਼ਬੂਤ ਨੀਹਾਂ ਉਸ ਨੇ ਹੀ ਰੱਖੀਆਂ ਸਨ।**

## ਬੰਦਾ ਸਿੰਘ ਤੇ ਇਸਲਾਮ

ਕੁਝ ਮੁਸਲਮਾਨ ਲਿਖਾਰੀਆਂ ਨੇ ਬੰਦਾ ਸਿੰਘ ਨੂੰ ਮੁਸਲਮਾਨਾਂ ’ਤੇ ਜ਼ੁਲਮ ਕਰਨ ਵਾਲੇ ਦੇ ਤੌਰ ਤੇ ਪੇਸ਼ ਕੀਤਾ ਹੈ ਜੋ ਕਿ ਸਿਰਫ਼ ਅਤੇ ਸਿਰਫ਼ ਬੇਇਨਸਾਫ਼ੀ ਹੈ। **ਤਵਾਰੀਖ਼ ਗਵਾਹ ਹੈ ਕਿ ਬੰਦਾ ਸਿੰਘ ਨੇ ਇੱਕ ਵੀ ਬੇ.ਗੁਨਾਹ ਮੁਸਲਮਾਨ ਨਹੀਂ ਸੀ ਮਾਰਿਆ। ਉਸ ਨੇ ਸਿਰਫ਼ ਜ਼ਾਲਮਾਂ ਨੂੰ ਸਜ਼ਾ ਦਿੱਤੀ ਸੀ।** ਆਮ ਮੁਸਲਮਾਨ ਤਾਂ ਖ਼ੁਦ ਸਈਅਦ, ਮੁਗ਼ਲ ਤੇ ਪਠਾਣ ਹਾਕਮਾਂ ਦੇ ਜ਼ੁਲਮਾਂ ਦਾ ਸ਼ਿਕਾਰ ਸਨ। ਇਸ ਕਰਕੇ ਆਮ ਮੁਸਲਮਾਨ ਸਗੋਂ ਬੰਦਾ ਸਿੰਘ ਦੀ ਮਦਦ ਕਰਦੇ ਰਹੇ ਸਨ। ਸਮਾਣਾ, ਸਢੌਰਾ, ਬੂੜੀਆ, ਕਲਾਨੌਰ ਅਤੇ ਕਈ ਹੋਰ ਜਗਹ ਮੁਸਲਮਾਨਾਂ ਨੇ ਬੰਦਾ ਸਿੰਘ ਦੇ ਮੋਢੇ ਨਾਲ ਮੋਢਾ ਜੋੜ ਕੇ ਮਦਦ ਕੀਤੀ ਤੇ ਪੰਜਾਬ ਦੀ ਆਜ਼ਾਦੀ ਦੀ ਜਦੋਜਹਿਦ ਵਿੱਚ ਪੂਰਾ ਹਿੱਸਾ ਪਾਇਆ।

**ਬੰਦਾ ਸਿੰਘ ਨੇ ਜਦ ਵੀ ਕੋਈ ਇਲਾਕਾ ਜਿੱਤਿਆ, ਉਸ ਨੇ ਕਿਸੇ ਮਸਜਿਦ ਨੂੰ ਹੱਥ ਤੱਕ ਨਹੀਂ ਲਾਇਆ। ਸਮਾਣਾ, ਸਾਹਰਿੰਦ (ਹੁਣ ਫਤਹਿਗੜ੍ਹ ਸਾਹਿਬ), ਸਢੌਰਾ ਤੇ ਕਈ ਹੋਰ ਜਗਹ ਅੱਜ ਵੀ ਬੰਦਾ ਸਿੰਘ ਤੋਂ ਪਹਿਲਾਂ ਦੀਆਂ ਬਹੁਤ ਸਾਰੀਆਂ ਮਸਜਿਦਾਂ ਤੇ ਮਜ਼ਾਰਾਂ ਹੂ-ਬ-ਹੂ ਕਾਇਮ ਹਨ। ਦੂਜੇ ਪਾਸੇ ਮੁਸਲਮਾਨ ਹਾਕਮਾਂ ਨੇ ਸਿੱਖਾਂ ਦੇ ਹਰ ਧਾਰਮਿਕ ਅਦਾਰੇ ਨੂੰ ਕਈ ਵਾਰ ਲੁੱਟਿਆ ਤੇ ਢਾਹਿਆ ਸੀ ਅਤੇ ਸਰੋਵਰ ਮਿੱਟੀ, ਮਲਬੇ ਅਤੇ ਕੂੜੇ ਨਾਲ ਪੂਰ ਦਿੱਤੇ ਸਨ।**

ਹੋਰ ਤਾਂ ਹੋਰ ਮੁਗ਼ਲ ਬਾਦਸ਼ਾਹ ਦੇ ਦਰਬਾਰ ਵਿੱਚ (28 ਅਪ੍ਰੈਲ 1711 ਨੂੰ) ਵੀ ਇਹ ਚਰਚਾ ਹੋਇਆ ਸੀ ਕਿ ਮੁਸਲਮਾਨ ਉਸ (ਬੰਦਾ ਸਿੰਘ) ਤੋਂ ਖ਼ੁਸ਼ ਹਨ ਤੇ ਕਲਾਨੌਰ ਵਿੱਚ ਤਾਂ 5 ਹਜ਼ਾਰ ਮੁਸਲਮਾਨ ਉਸ ਦੀ ਫ਼ੌਜ ਵਿੱਚ ਵੀ ਸ਼ਾਮਿਲ ਹੋ ਚੁੱਕੇ ਸਨ। **ਬੰਦਾ ਸਿੰਘ, ਸਿੱਖ ਅਤੇ ਮੁਸਲਮਾਨ ਹਰ ਇੱਕ ਨੂੰ, ‘ਜੀ’ ਕਹਿ ਕੇ ਬੁਲਾਉਂਦਾ ਸੀ ਤੇ ਇਸਲਾਮ ਜਾਂ ਇਸ ਦੇ ਬਾਨੀ ਹਜ਼ਰਤ ਮੁਹੰਮਦ ਬਾਰੇ ਉਸ ਨੇ ਕਦੇ ਵੀ ਕੁਬੋਲ ਨਹੀਂ ਸੀ ਵਰਤਿਆ।** ਦੂਜੇ ਪਾਸੇ, ਮੁਸਲਮਾਨ ਸਾਰੇ ਹੀ ਸਿੱਖਾਂ ਨੂੰ ਨਫ਼ਰਤ ਕਰਦੇ ਸਨ ਤੇ ਆਮ ਬੋਲਚਾਲ ਜਾਂ ਲਿਖਤ ਜਾਂ ਹੁਕਮ ਵਿੱਚ ਕੁੱਤੇ ਜਾਂ ਕਾਫ਼ਰ ਜਾਂ ਚੋਰ ਕਹਿੰਦੇ ਜਾਂ ਲਿਖਦੇ ਸਨ। **ਬੰਦਾ ਸਿੰਘ ਨੇ ਸਿੱਖਾਂ ਨੂੰ ਵੀ ਬੇਇਨਸਾਫ਼ੀ ਤੋਂ ਰੋਕਣ ਵਾਸਤੇ ਬੜੀਆਂ ਸਖ਼ਤ ਹਦਾਇਤਾਂ ਦਿੱਤੀਆਂ ਹੋਈਆਂ ਸਨ।** ਦੂਜੇ ਪਾਸੇ ਮੁਗ਼ਲ ਹਾਕਮਾਂ ਨੇ ਬੰਦਾ ਸਿੰਘ ਦੀ ਸਿਆਸੀ ਜਦੋਜਹਿਦ ਦੇ ਖ਼ਿਲਾਫ਼ ‘ਜਹਾਦ’ ਦਾ ਨਾਅਰਾ ਲਾਇਆ ਸੀ ਅਤੇ ਆਮ ਸਿੱਖਾਂ ’ਤੇ ਜ਼ੁਲਮ ਕੀਤੇ ਸਨ। ਬਹਾਦਰ ਸ਼ਾਹ ਨੇ ਤਾਂ 10





ਦਸੰਬਰ 1710 ਨੂੰ ‘ਜਿੱਥੇ ਵੀ ਸਿੱਖ ਨਜ਼ਰ ਆਵੇ ਕਤਲ ਕਰ ਦਿੱਤਾ ਜਾਵੇ’ ਦਾ ਫ਼ੁਰਮਾਨ ਵੀ ਜਾਰੀ ਕਰ ਦਿਤਾ ਸੀ। **ਸੋ, ਬੰਦਾ ਸਿੰਘ ਨੂੰ ਇਸਲਾਮ-ਵਿਰੋਧੀ ਕਹਿਣਾ ਉਸ ਨਾਲ ਧੱਕਾ ਹੈ ਤੇ ਤਵਾਰੀਖ਼ ਨਾਲ ਜ਼ਿਆਦਤੀ ਹੈ।**

## ਬੰਦਾ ਸਿੰਘ ਅਤੇ ਹਿੰਦੂ ਰਾਜੇ ਤੇ ਚੌਧਰੀ

**ਬੰਦਾ ਸਿੰਘ ਵੱਲੋਂ ਲੜੀ ਗਈ ਆਜ਼ਾਦੀ ਦੀ ਜੰਗ ਵਿੱਚ ਕਿਸੇ ਵੀ ਹਿੰਦੂ ਨੇ ਸਾਥ ਨਹੀਂ ਸੀ ਦਿੱਤਾ। ਜੇ ਕਿਤੇ ਕੋਈ ਹਿੰਦੂ ਉਸ ਦੇ ਨਾਲ ਰਲੇ ਤਾਂ ਉਨ੍ਹਾਂ ਦਾ ਨਿਸ਼ਾਨਾ ਸਿਰਫ਼ ਲੁੱਟਮਾਰ ਤੱਕ ਹੀ ਸੀਮਤ ਸੀ। ਜਦ ਅਸਲ ਲੜਾਈ ਦਾ ਵੇਲਾ ਆਉਂਦਾ ਸੀ ਤਾਂ ਇਹ ਹਿੰਦੂ ਮੈਦਾਨ ਵਿੱਚੋਂ ਭੱਜ ਜਾਇਆ ਕਰਦੇ ਸਨ। ਜਿੰਨੇ ਵੀ ਹਿੰਦੂ ਰਾਜੇ ਸਨ ਉਹ ਸ਼ਰ੍ਹੇਆਮ ਮੁਗ਼ਲ ਬਾਦਸ਼ਾਹਾਂ ਦਾ ਸਾਥ ਦੇਂਦੇ ਰਹੇ ਸਨ। ਬਹੁਤੇ ਹਿੰਦੂ ਰਾਜੇ ਤਾਂ ਆਪਣੀਆਂ ਫ਼ੌਜਾਂ ਲੈ ਕੇ ਮੁਗ਼ਲ ਫ਼ੌਜਾਂ ਨਾਲ ਰਲਕੇ ਸਿੱਖਾਂ ਦੇ ਖ਼ਿਲਾਫ਼ ਲੜੇ ਸਨ।** ਇਨ੍ਹਾਂ ਵਿੱਚੋਂ ਛਤਰਸਾਲ ਬੁੰਦੇਲਾ, ਚੂੜਾਮਨਿ ਜੱਟ (ਮਗਰੋਂ ਇਹ ਭਰਤਪੁਰ ਦਾ ਹਾਕਮ ਬਣਿਆ। ਇਹ ਸੂਰਜ ਮੱਲ ਦਾ ਪਿਤਾ ਸੀ), ਗੋਪਾਲ ਸਿੰਹ ਭਦਾਵੜੀਆ, ਉਦਿਤ ਸਿੰਹ ਬੁੰਦੇਲਾ, ਬਦਨ ਸਿੰਹ ਬੁੰਦੇਲਾ, ਬਚਨ ਸਿੰਹ ਕਛਵਾਹਾ, ਅਜੀਤ ਸਿੰਹ ਜੋਧਪੁਰੀਆ, ਜੈ ਸਿੰਹ ਸਵਾਈ ਜੈਪੁਰੀਆ, ਅਜਮੇਰ ਦਾ ਰਾਜਾ ਅਮਰ ਸਿੰਹ ਅਤੇ ਸ਼ਿਵਾਲਕ ਪਹਾੜਾਂ (ਨਾਹਨ, ਜੰਮੂ, ਕੁੱਲੂ, ਕਾਂਗੜਾ ਵਗ਼ੈਰਾ) ਦੇ ਹਿੰਦੂ ਰਾਜੇ ਤੇ ਹੋਰ ਕਈ ਤਾਂ ਸਿੱਖਾਂ ਦੇ ਖ਼ਿਲਾਫ਼ ਸਗੋਂ ਅੱਗੇ ਹੋ ਕੇ ਲੜੇ ਸਨ। **ਜੋਧਪੁਰ ਅਤੇ ਜੈਪੁਰ ਦੇ ਹਿੰਦੂ ਰਾਜਿਆਂ ਨੇ ਤਾਂ ਸਤੰਬਰ 1711 ਵਿੱਚ ਉਨ੍ਹਾਂ ਨੂੰ ਮਿਲਣ ਆਏ ਸਿੱਖ ਸਫ਼ੀਰ ਵੀ ਕਤਲ ਕਰ ਦਿੱਤੇ ਸਨ।** ......ਸਤੰਬਰ-ਅਕਤੂਬਰ 1710 ਵਿੱਚ ਲਾਹੌਰ ਦੇ ਜਹਾਦ ਵਿੱਚ ਅਤੇ ਨਵੰਬਰ 1710 ਦੀ ਲੋਹਗੜ੍ਹ ਦੇ ਘੇਰੇ ਅਤੇ ਮਈ-ਦਸੰਬਰ 1715 ਦੇ ਗੁਰਦਾਸ ਨੰਗਲ ਦੇ ਘੇਰੇ ਵੇਲੇ, ਦਰਜ਼ਨਾਂ ਹਿੰਦੂ ਰਾਜੇ ਅਤੇ ਚੌਧਰੀ ਆਪਣੀਆਂ ਫ਼ੌਜਾਂ ਲੈ ਕੇ ਆਪ ਖ਼ੁਦ ਆਏ ਹੋਏ ਸਨ। ਪਰ ਜੇ ਇਸ ਵੇਲੇ ਰਾਜਿਸਥਾਨ ਦੇ ਹਿੰਦੂ ਰਾਜਪੂਤ ਰਾਜੇ ਬਗ਼ਾਵਤ ਕਰ ਦੇਂਦੇ ਤਾਂ ਮੁਗ਼ਲ ਫ਼ੌਜਾਂ ਦੋ ਮੁਹਾਜ਼ਾਂ ’ਤੇ ਵੰਡੀਆਂ ਜਾਣੀਆਂ ਸਨ ਅਤੇ ਪੰਜਾਬ ਅਤੇ ਰਾਜਿਸਥਾਨ ਵਿੱਚੋਂ ਮੁਗ਼ਲ ਹਕੂਮਤ ਖ਼ਤਮ ਹੋ ਜਾਣ ਦੇ ਪੂਰੇ ਆਸਾਰ ਸਨ।

ਸਿਰਫ਼ ਰਾਜਿਆਂ, ਚੌਧਰੀਆਂ ਤੇ ਜਾਗੀਰਦਾਰਾਂ ਹੀ ਨਹੀਂ ਆਮ ਹਿੰਦੂਆਂ ਵਿੱਚੋਂ ਵੀ ਕਿਸੇ ਨੇ ਬੰਦਾ ਸਿੰਘ ਜਾਂ ਸਿੱਖ ਫ਼ੌਜਾਂ ਦਾ ਸਾਥ ਨਹੀਂ ਸੀ ਦਿੱਤਾ। **ਹੋਰ ਤਾਂ ਹੋਰ ਪੰਜਾਬ ਦਾ ਇੱਕ ਵੀ ਹਿੰਦੂ, ਬੰਦਾ ਸਿੰਘ ਦੀ ਫ਼ੌਜ ਵਿੱਚ ਨਹੀਂ ਸੀ ਤੇ ਸਿਰਫ਼ ‘ਗੁਰੂ ਦੇ ਸ਼ੇਰ’ ਹੀ ਜਾਨਾਂ ਵਾਰਨ ਵਾਸਤੇ ਅੱਗੇ ਆਏ ਸਨ। ਪੰਜਾਬੀ ਹਿੰਦੂਆਂ ਦੀਆਂ ਨਸਲਾਂ ਨੇ ਹੀ ਮਗਰੋਂ ਲਖਪਤ ਰਾਏ, ਜਸਪਤ ਰਾਏ, ਲਛਮੀ ਦਾਸ, ਭਵਾਨੀ ਦਾਸ ਪੈਦਾ ਕੀਤੇ ਸਨ ਜੋ ਮੁਗ਼ਲਾਂ ਦੇ ਵਜ਼ੀਰ ਤੇ ਜਰਨੈਲ ਬਣ ਕੇ ਸਿੱਖਾਂ ’ਤੇ ਜ਼ੁਲਮ ਢਾਹੁੰਦੇ ਰਹੇ ਸਨ।”**

[ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਦੂਜਾ ਹਿੱਸਾ), ਪੰਨੇ 452-462]

“ਬੰਦਾ ਸਿੰਘ ਦੀ ਸ਼ਹੀਦੀ ਤੋਂ ਮਗਰੋਂ ਵੀ ਮੁਗ਼ਲ ਸਰਕਾਰ ਨੂੰ ਤਸੱਲੀ ਨਹੀਂ ਸੀ ਕਿ ਉਹ ਅਮਨ-ਅਮਾਨ ਨਾਲ ਹਕੂਮਤ ਕਰ ਸਕਣਗੇ। ਉਨ੍ਹਾਂ ਨੂੰ ਸਿੱਖਾਂ ਦੇ ਵਜੂਦ ਤੋਂ ਹੀ ਡਰ

ਲਗਦਾ ਸੀ। ਇਸੇ ਕਰਕੇ ਉਨ੍ਹਾਂ ਨੇ ਸਿੱਖਾਂ ਨੂੰ ਬਿਲਕੁਲ ਹੀ ਖ਼ਤਮ ਕਰਨ ਦਾ ਫ਼ੈਸਲਾ ਕਰ ਲਿਆ ਸੀ। ਇਸ ਫ਼ੈਸਲੇ ਨੂੰ ਅਮਲ ਵਿੱਚ ਲਿਆਉਂਣ ਵਾਸਤੇ ਲਾਹੌਰ ਦੇ ਸੂਬੇਦਾਰ ਨੇ ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖ ਦਿੱਤੇ ਸਨ। ਲਾਲਚ ਵਿੱਚ ਆਕੇ ਮੁਸਲਮਾਨ ਹੀ ਨਹੀਂ ਹਿੰਦੂਆਂ ਨੇ ਵੀ ਸਿੱਖਾਂ ਨੂੰ ਫੜਵਾਉਂਣਾ ਤੇ ਮਰਵਾਉਂਣਾ ਸ਼ੁਰੂ ਕਰ ਦਿੱਤਾ।

**ਕੁਝ ਮਹੀਨੇ ਤਾਂ ਸਿੱਖਾਂ ਦਾ ਸ਼ਿਕਾਰ ਕੀਤਾ ਜਾਂਦਾ ਰਿਹਾ ਪਰ ਅਖ਼ੀਰ ਸਾਰੇ ਸਿੱਖ ਵਤਨ ਛੱਡ ਕੇ ਪਨਾਹਗਾਹਾਂ ਨੂੰ ਨਿਕਲ ਗਏ। ਇਸ ਹਾਲਤ ਵਿੱਚ ਸਿਖ ਲੱਭਣੇ ਮੁਸ਼ਕਿਲ ਹੋ ਗਏ। ਇਸ ’ਤੇ ਮੁਕਾਮੀ ਮੁਸਲਮਾਨ ਹਾਕਮਾਂ ਨੇ ਨਵੇਂ ਈਨਾਮ ਐਲਾਨ ਕਰ ਦਿੱਤੇ। ਸਿੱਖ ਦੀ ਖ਼ਬਰ ਦੇਣ ਤੇ 10 ਰੁਪਏ, ਸਿੱਖ ਦਿਖਾਉਂਣ ਬਦਲੇ 20 ਰੁਪਏ, ਸਿੱਖ ਨੂੰ ਗ੍ਰਿਫ਼ਤਾਰ ਕਰਵਾਉਂਣ ਦੇ 40 ਰੁਪਏ ਅਤੇ ਸਿੱਖ ਦਾ ਸਿਰ ਲਿਆਉਂਣ ਦੇ 80 ਰੁਪਏ ਈਨਾਮ ਐਲਾਨੇ ਗਏ। ਸਾਰੇ ਹਿੰਦੂਆਂ ਨੇ ਡਰਦਿਆਂ ਮਾਰਿਆਂ ਆਪਣੇ ਸਿਰ ਮੁੰਨਵਾ ਲਏ (ਫਾਰਸਟਰ, ਜਿਲਦ 2, ਸਫ਼ਾ 312-13)**

**ਨੋਟ** :- ਅੱਜ ਤੋਂ ਤਕਰੀਬਨ ਤਿੰਨ ਸਦੀਆਂ ਪਹਿਲਾਂ ਇਹ ਕਾਫ਼ੀ ਵਡੀਆਂ ਰਕਮਾਂ ਸਨ। ਉਸ ਵਕਤ ਤੇ 10 ਰੁਪਏ ਅੱਜ ਦੇ ਤਕਰੀਬਨ 10 ਹਜ਼ਾਰ ਦੇ ਬਰਾਬਰ ਬਣਦੇ ਹਨ।

ਵਿੱਚ-ਵਿੱਚ ਸਿੱਖ ਕਦੇ-ਕਦੇ ਸਰਕਾਰੀ ਖ਼ਜ਼ਾਨਿਆਂ ’ਤੇ ਅਸਲਾ-ਖ਼ਾਨਿਆਂ ਤੇ ਹਮਲੇ ਕਰਕੇ ਖ਼ਜ਼ਾਨਾ ਤੇ ਅਸਲਾ ਵੀ ਲੁੱਟ ਕੇ ਲੈ ਜਾਂਦੇ ਸਨ। **ਛੁਪਣ-ਗਾਹਾਂ ਵਿੱਚ ਵੀ ਸਿੱਖਾਂ ਨੂੰ ਬੜੇ ਔਖੇ ਦਿਨ ਕੱਟਣੇ ਪਏ। ਨਾ ਖਾਣ ਨੂੰ, ਨਾ ਪਹਿਨਣ ਨੂੰ, ਨਾ ਸਿਰ ਛੁਪਾਉਂਣ ਨੂੰ ਥਾਂ। ਅਸਮਾਨ ਹੇਠਾਂ, ਰੜੇ ਮੈਦਾਨ ਵਿੱਚ ਰਹਿਣਾ-ਸੌਣਾ, ਜੰਗਲ ’ਚ ਮਿਲਣ ਵਾਲੇ ਫ਼ਲ ਤੇ ਪੱਤੇ ਖਾ ਕੇ ਗੁਜ਼ਾਰਾ ਕਰਨਾ ਸਿੱਖਾਂ ਦਾ ਰੋਜ਼ਨਾਮਚਾ ਸੀ। ਭੁੱਖ, ਦੁੱਖ, ਤਕਲੀਫ਼, ਦਰਦਾਂ, ਬੀਮਾਰੀਆਂ, ਘਬਰਾਹਟ, ਹਨ੍ਹੇਰੇ, ਉਨੀਂਦੇ ਦਾ ਬੋਲਬਾਲਾ ਸੀ। ਆਜ਼ਾਦੀ, ਅਣਖ-ਭਰੀ ਜਿੰਦਗੀ, ਬਿਖੜੇ ਪੈਂਡੇ, ਹਨ੍ਹੇਰੇ ਰਸਤੇ ਨੇ ਉਨ੍ਹਾਂ ਵਿੱਚ ਦ੍ਰਿੜਤਾ, ਸੰਜੀਦਗੀ, ਸਬਰ ਅਤੇ ਅਕਾਲ ਪੁਰਖੁ ’ਤੇ ਯਕੀਨ ਵਧਾਇਆ। ਸਖ਼ਤੀ ਨੇ ਸਿੱਖਾਂ ਨੂੰ ਕਮਜ਼ੋਰ ਨਹੀਂ ਕੀਤਾ ਬਲਕਿ ਲੋਹਾ ਕਰ ਦਿੱਤਾ।** ਰੁਕਾਵਟਾਂ ਤੇ ਜਦੋਜਹਿਦ ਨੂੰ ਉਨ੍ਹਾਂ ਨੇ ਆਪਣੇ ਇਮਤਹਾਨ ਸਮਝਿਆ। ਲਾਹੌਰ ਦੇ ਸੂਬੇਦਾਰ ਅਬਦੁਸ ਸਮਦ ਖ਼ਾਨ ਦੇ ਜ਼ੁਲਮ ਦੀ ਕਹਾਣੀ ਦਾ ਜ਼ਿਕਰ ਕਰਦਿਆਂ ਮੁੰਤਖ਼ਬੁ-ਉਲ-ਲੁਬਾਬ ਦਾ ਲਿਖਾਰੀ ਕਹਿੰਦਾ ਹੈ, “ਉਸ ਨੇ ਪੰਜਾਬ ਦੀ ਧਰਤੀ ਨੂੰ (ਸਿੱਖਾਂ ਦੇ) ਖ਼ੂਨ ਨਾਲ ਰੰਗ ਦਿੱਤਾ।”

ਫ਼ਾਰੁਖ਼ਸੀਆਰ, ਜੋ ਆਪਣੇ ਤਾਏ ਅਤੇ ਚਚੇਰੇ ਭਰਾਵਾਂ ਦੇ ਕਤਲਾਂ ਮਗਰੋਂ ਬਾਦਸ਼ਾਹ ਬਣਿਆ ਸੀ ਤੇ ਜਿਸ ਨੇ ਬੰਦਾ ਸਿੰਘ ਬਹਾਦਰ ਨੂੰ ਜ਼ਮਾਨੇ ਦੇ ਸਭ ਤੋਂ ਵੱਧ ਜ਼ਾਲਮਾਨਾ ਤਸੀਹੇ ਦੇਕੇ ਸ਼ਹੀਦ ਕੀਤਾ ਸੀ, ਨੂੰ ਵੀ ਅਕਾਲ ਪੁਰਖੁ ਨੇ ਉਹੀ ਸਜ਼ਾ ਦਿੱਤੀ। 28 ਫ਼ਰਵਰੀ 1719 ਦੇ ਦਿਨ (ਬੰਦਾ ਸਿੰਘ ਬਹਾਦਰ ਦੀ ਸ਼ਹੀਦੀ ਤੋਂ ਪੌਣੇ ਤਿੰਨ ਸਾਲ ਮਗਰੋਂ) ਉਸ ਨੂੰ ਬਾੜ੍ਹਾ ਦੇ ਉਨ੍ਹਾਂ ਸੱਯਦਾਂ, ਜਿਨ੍ਹਾਂ ਨੇ ਉਸ ਨੂੰ ਤਖ਼ਤ ਦਿਵਾਇਆ ਸੀ, ਨੇ ਹੀ ਦੋਹਾਂ ਅੱਖਾਂ ਤੋਂ ਅੰਨ੍ਹਾ ਕਰ ਦਿੱਤਾ। (ਇਸ ਤੋਂ ਦੋ ਮਹੀਨੇ ਮਗਰੋਂ 27 ਅਪ੍ਰੈਲ ਨੂੰ ਉਸ ਨੂੰ ਮਾਰ ਵੀ ਦਿੱਤਾ ਗਿਆ)।





ਫ਼ਾਰੁਖ਼ਸੀਆਰ ਤੋਂ ਮਗਰੋਂ ਬਹਾਦਰ ਸ਼ਾਹ ਦਾ ਪੋਤਾ ਤੇ ਰਫ਼ੀ-ਉਸ਼-ਸ਼ਾਨ ਦਾ ਪੁੱਤਰ ਸ਼ਮਸ-ਉਦ-ਦੀਨ (ਰਫ਼ੀ-ਉਦ-ਅਰਜਾਤ) 8 ਮਈ 1719 ਦੇ ਦਿਨ ਬਾਦਸ਼ਾਹ ਬਣਾਇਆ ਗਿਆ। ਉਹ ਕੁਝ ਦਿਨ ਮਗਰੋਂ ਹੀ 25 ਮਈ ਨੂੰ ਹਟਾ ਦਿੱਤਾ ਗਿਆ। ਉਸ ਮਗਰੋਂ 27 ਮਈ ਨੂੰ ਉਸ ਦੇ ਭਰਾ ਸ਼ਾਹ ਜਹਾਨ ਦੂਜਾ (ਰਫ਼ੀ-ਉਦ-ਦੌਲਾ) ਨੇ ਹਕੂਮਤ ਸੰਭਾਲੀ। ਉਹ ਵੀ ਤਿੰਨ ਮਹੀਨੇ ਮਗਰੋਂ 8 ਸਤੰਬਰ 1719 ਦੇ ਦਿਨ ਦੁਨੀਆਂ ਤੋਂ ਵਿਦਾ ਹੋ ਗਿਆ। ਇਸ ਦੌਰਾਨ ਕੁਝ ਦਿਨ ਵਾਸਤੇ ਨੇਕੂਸਿਆਰ (ਜੋ ਔਰੰਗਜ਼ੇਬ ਦੇ ਚੌਥੇ ਪੁੱਤਰ ਅਕਬਰ (1704 ਵਿੱਚ ਮਰ ਗਿਆ ਸੀ) ਦਾ ਪੁੱਤਰ ਸੀ, ਇੱਕ ਧੜੇ ਵੱਲੋਂ ਬਾਦਸ਼ਾਹ ਐਲਾਨਿਆ ਗਿਆ ਸੀ, ਪਰ ਉਹ ਦਿੱਲੀ ਦੇ ਤਖ਼ਤ ’ਤੇ ਬੈਠ ਨਾ ਸਕਿਆ। ਅਖ਼ੀਰ ਬਹਾਦਰ ਸ਼ਾਹ ਦਾ ਪੋਤਾ ਰੌਸ਼ਨ ਅਖ਼ਤਰ (ਮੁਹੰਮਦ ਸ਼ਾਹ ਰੰਗੀਲਾ) 28 ਸਤੰਬਰ 1719 ਨੂੰ ਤਖ਼ਤ ’ਤੇ ਬਿਠਾਇਆ ਗਿਆ। ਉਸ ਵੇਲੇ ਇਹ ਨਾਮ-ਨਿਹਾਦ ਬਾਦਸ਼ਾਹ ਤਖ਼ਤ ’ਤੇ ਬਿਠਾਏ ਤਾਂ ਗਏ ਸਨ ਪਰ ਦਰਅਸਲ ਉਨ੍ਹਾਂ ਦੀ ਕੋਈ ਤਾਕਤ ਨਹੀਂ ਸੀ। ਅਸਲ ਤਾਕਤ ਸੱਯਦ ਭਰਾ ਜਰਨੈਲਾਂ ਕੋਲ ਹੀ ਸੀ।

ਇਸ ਦੌਰਾਨ, ਘਰੋਂ ਬੇਘਰ ਹੋਏ ਸਿੱਖਾਂ ਨੇ ਵੀ ਆਪਣੇ ਆਪ ਨੂੰ ਛੋਟੇ-ਵੱਡੇ ਜਥਿਆਂ ਦੇ ਰੂਪ ਵਿੱਚ ਜਥੇਬੰਦ ਕਰਕੇ ਵਿਚਰਨਾ ਸ਼ੁਰੂ ਕਰ ਦਿੱਤਾ। ਉਨ੍ਹਾਂ ‘ਛਾਪਾ-ਮਾਰ’ (ਗੁਰੀਲਾ) ਜੰਗ ਦੇ ਢੰਗ-ਤਰੀਕੇ ਵਿਕਸਤ ਕਰਕੇ ਐਕਸ਼ਨ ਕਰਨੇ ਸ਼ੁਰੂ ਕਰ ਦਿੱਤੇ ਕਿਉਂਕਿ ਉਸ ਵਕਤ ਪੰਜਾਬ (ਮੌਜੂਦਾ ਪੱਛਮੀ ਅਤੇ ਪੂਰਬੀ ਪੰਜਾਬ, ਹਿਮਾਚਲ, ਜੰਮੂ-ਕਸ਼ਮੀਰ ਅਤੇ ਹਰਿਆਣੇ) ਵਿੱਚ ਬਹੁਤ ਸਾਰੇ ਜੰਗਲ ਸਨ। ਵਕਤ ਦੇ ਹਾਲਾਤ ਨੂੰ ਮਹਿਸੂਸ ਕਰਕੇ ਦਿੱਲੀ ਦੇ ਹਾਕਮਾਂ ਨੇ ਅਬਦੁਸ ਸਮਦ ਖ਼ਾਨ (ਜੋ 1713 ਤੋਂ ਲਾਹੌਰ ਦਾ ਸੂਬੇਦਾਰ ਚਲਿਆ ਆ ਰਿਹਾ ਸੀ) ਨੂੰ 1726 ਵਿੱਚ ਮੁਲਤਾਨ ਦਾ ਗਵਰਨਰ ਬਣਾ ਦਿੱਤਾ (ਜਿਥੇ ਉਹ ਸਿੱਖਾਂ ਹੱਥੋਂ ਸਜ਼ਾ ਮਿਲਣ ਤੋਂ ਬਚ ਗਿਆ ਅਤੇ 1737 ਵਿੱਚ ਮਰ ਗਿਆ) ਤੇ ਉਸ ਦੀ ਥਾਂ ’ਤੇ ਉਸ ਦਾ ਪੁੱਤਰ ਜ਼ਕਰੀਆ ਖ਼ਾਨ (ਜੋ 1713 ਤੋਂ 1720 ਤੱਕ ਜੰਮੂ ਤੇ 1720 ਤੋਂ 1726 ਤੱਕ ਕਸ਼ਮੀਰ ਦਾ ਸੂਬੇਦਾਰ ਸੀ) ਨੂੰ ਲਾਹੌਰ ਦਾ ਸੂਬੇਦਾਰ ਬਣਾ ਦਿੱਤਾ। ਉਸਨੇ 20 ਹਜ਼ਾਰ ਫ਼ੌਜੀਆਂ ਦੀ “ਗਸ਼ਤੀ ਫ਼ੌਜ” ਭਰਤੀ ਕੀਤੀ। ਇਸ ਵਿੱਚੋਂ ਉਸਨੇ ਦਸ ਹਜ਼ਾਰ ਆਪਣੇ ਕੋਲ ਰੱਖੇ ਤੇ ਬਾਕੀ ਫ਼ੌਜ ਦੇ ਇੱਕ-ਇੱਕ ਹਜ਼ਾਰ ਦੇ ਦਸ ਜੱਥੇ ਬਣਾ ਕੇ, ਉਨ੍ਹਾਂ ਨੂੰ ਤੇਜ਼ ਘੋੜੇ, ਊਠ ਤੇ ਬੰਦੂਕਾਂ ਦਿੱਤੀਆਂ ਅਤੇ ਵੱਖ-ਵੱਖ ਇਲਾਕਿਆਂ ਵਿੱਚ ਗਸ਼ਤ ਕਰਨ ਵਾਸਤੇ ਤਾਈਨਾਤ ਕਰ ਦਿੱਤਾ। ਇਸ ਫ਼ੌਜ ਦਾ ਕੰਮ ਸਿੱਖਾਂ ਦਾ ਖ਼ੁਰਾ-ਖੋਜ ਲੱਭਣਾ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨਾ ਜਾਂ ਕਤਲ ਕਰਨਾ ਸੀ। ਇਹ ਦੌਰ ਸੱਤ ਸਾਲ ਚਲਦਾ ਰਿਹਾ। ਇਸ ਮੁਹਿੰਮ ਦੌਰਾਨ ਮੁਗ਼ਲਾਂ ਦੇ ਬਹੁਤ ਸਾਰੇ ਫ਼ੌਜੀ ਮਾਰੇ ਗਏ। ਸਰਕਾਰ ਦੀ ਮਾਲੀ ਹਾਲਤ ਵੀ ਵਿਗੜ ਰਹੀ ਸੀ। ਇਸ ਕਰਕੇ ਜ਼ਕਰੀਆ ਖ਼ਾਨ ਨੇ ਮੁਗ਼ਲ ਬਾਦਸ਼ਾਹ ਦੀ ਸਹਿਮਤੀ ਲੈਕੇ ਸਿੱਖਾਂ ਨਾਲ ਹੋਰ ਟੱਕਰ ਲੈਣ ਦੀ ਬਜਾਏ ਉਨ੍ਹਾਂ ਨਾਲ ਵਕਤੀ ਤੌਰ ਤੇ ਸਮਝੌਤਾ ਕਰਨ ਲਈ ਭਾਈ ਸੁਬੇਗ ਸਿੰਘ ਦੇ ਰਾਹੀਂ ਇਹ ਪੇਸ਼ਕਸ਼ ਕੀਤੀ ਕਿ ਮੈਂ ਸਿੱਖਾਂ ਨੂੰ ਗੁਰੂ ਦਾ ਚੱਕ ਅਤੇ ਆਲੇ-ਦੁਆਲੇ ਦੇ ਸਾਰੇ ਪਰਗਨਿਆਂ ਦੀ ਜਾਗੀਰ ਦੇਣ ਵਾਸਤੇ ਤਿਆਰ ਹਾਂ ਪਰ ਸ਼ਰਤ ਇਹ ਹੈ ਕਿ ਉਹ ਮੇਰੀ ਦੋਸਤੀ ਦਾ ਹੱਥ ਕਬੂਲ ਕਰ ਲੈਣ।

ਬਹੁਤੇ ਸਿੱਖ ਆਗੂ ਇਸ ਪੇਸ਼ਕਸ਼ ਨੂੰ ਕਬੂਲ ਕਰਨ ਦੇ ਸਖ਼ਤ ਖ਼ਿਲਾਫ਼ ਸਨ। ਪਰ ਆਖ਼ਿਰ ਵਿੱਚ ਸੋਚ-ਵਿਚਾਰ ਕਰਕੇ, ਗੁਰਮੱਤਾ ਕਰਕੇ ਇਹ ਨਵਾਬੀ ਸ: ਕਪੂਰ ਸਿੰਘ ਨੂੰ ਦੇ ਦਿੱਤੀ। ਇਸ ਦੇ ਨਾਲ ਹੀ ਸਰਬੱਤ ਖ਼ਾਲਸਾ ਨੇ ਜ਼ਕਰੀਆ ਖ਼ਾਨ ਨੂੰ ਆਖ ਭੇਜਿਆ ਕਿ ਨਵਾਬ ਕਪੂਰ ਸਿੰਘ ਜਾਂ ਕੋਈ ਵੀ ਹੋਰ ਸਿੱਖ ਨੁਮਾਇੰਦਾ ਮੁਗ਼ਲਾਂ ਦੇ ਦਰਬਾਰ ਵਿੱਚ ਪੇਸ਼ ਨਹੀਂ ਹੋਇਆ ਕਰੇਗਾ। ਇੱਕ ਸੋਮੇ ਮੁਤਾਬਕ 18 ਪਿੰਡਾਂ ਦਾ, ਸਾਲ ਦਾ ਇੱਕ ਲੱਖ ਰੁਪੈ ਮਾਲੀਆ ਸਿੱਖਾਂ ਨੂੰ ਮਿਲਣਾ ਸੀ ਜੋ ਕਿ ਉਸ ਵਕਤ ਇੱਕ ਵੱਡੀ ਰਕਮ ਸੀ।

## ਖ਼ਾਲਸਾ ਫ਼ੌਜ ਨੂੰ ਤਰੁਣਾ ਦਲ ਤੇ ਬੁੱਢਾ ਦਲ ਵਿੱਚ ਵੰਡਣਾ

ਇਨ੍ਹਾਂ ਦਿਨਾਂ ਵਿੱਚ ਹੀ ਖ਼ਾਲਸਾ ਫ਼ੌਜ ਨੂੰ ਪੂਰੀ ਤਰ੍ਹਾਂ ਜਥੇਬੰਦ ਕਰਨ ਵਾਸਤੇ ਇੱਕ ਇੱਕਠ ਅਕਾਲ ਤਖ਼ਤ ਸਾਹਿਬ ’ਤੇ ਬੁਲਾਇਆ ਗਿਆ। ਵਡੇਰੀ ਉਮਰ ਦੇ ਸਿੱਖ ‘ਬੁੱਢਾ-ਦਲ’ ਦਾ ਹਿੱਸਾ ਬਣ ਗਏ ਅਤੇ ਨੌਜਵਾਨ ‘ਤਰੁਣਾ ਦਲ’ ਦਾ। ਬੁੱਢਾ ਦਲ ਦੇ ਪੰਜ ਜਥੇ ਬਣਾਏ ਗਏ। ਇਨ੍ਹਾਂ ਦੇ ਮੁਖੀ ਸਨ : (1) ਬਾਬਾ ਦੀਪ ਸਿੰਘ ਪਹੂਵਿੰਡੀਏ (2) ਜੀਵਨ ਸਿੰਘ ਤੇ ਬੀਰ ਸਿੰਘ (3) ਕਾਨ੍ਹ ਸਿੰਘ ਤੇ ਭਾਈ ਬਿਨੋਦ ਸਿੰਘ ਗੋਇੰਦਵਾਲੀਏ (4) ਧਰਮ ਸਿੰਘ ਤੇ ਕਰਮ ਸਿੰਘ ਗੁਰੂ ਦਾ ਚੱਕ (ਅੰਮ੍ਰਿਤਸਰ) ਵਾਲੇ (5) ਦਸੋਂਧਾ ਸਿੰਘ ਕੋਟ ਬੁੱਢਾ ਵਾਲਾ। ਇਵੇਂ ਹੀ ਤਰੁਣਾ ਦਲ ਦੇ ਵੀ ਪੰਜ ਜਥੇ ਬਣਾਏ ਗਏ। ਇਨ੍ਹਾਂ ਦੇ ਮੁਖੀ ਸਨ (1) ਸੁੱਖਾ ਸਿੰਘ ਮਾੜੀ ਕੰਬੋ (2) ਗੁਰਬਖ਼ਸ਼ ਸਿੰਘ ਰੋੜਾਂਵਾਲੀ (3) ਬਾਘ ਸਿੰਘ ਹਲੋਵਾਲੀਆ (4) ਗੁਰਦਿਆਲ ਸਿੰਘ ਡੱਲੇਵਾਲ (5) ਸ਼ਾਮ ਸਿੰਘ ਨਾਰੋਕੀ। ਇਨ੍ਹਾਂ ਸਾਰੇ ਦਸਾਂ ਜਥਿਆਂ ਦੀ ਸਾਂਝੀ ਕਮਾਂਡ ਨਵਾਬ ਕਪੂਰ ਸਿੰਘ ਕੋਲ ਸੀ। ਗੁਰਦੁਆਰਿਆਂ ਦੀ ਸੇਵਾ-ਸੰਭਾਲ ਅਤੇ ਪ੍ਰਚਾਰ ਬੁੱਢਾ ਦਲ ਦੀ ਦੇਖ-ਰੇਖ ਹੇਠ ਸੀ ਅਤੇ ਕੌਮੀ ਹਿਫ਼ਾਜ਼ਤ ਦਾ ਜਿੰਮਾ ਤਰੁਣਾ ਦਲ ਕੋਲ ਸੀ। ਇਸ ਮੌਕੇ ’ਤੇ ਸਿੱਖ ਫ਼ੌਜਾਂ ਨੇ ਪੰਜ ਨੀਲੇ ਨਿਸ਼ਾਨ ਸ਼ਾਹਿਬ ਅਕਾਲ ਤਖ਼ਤ ਸਾਹਿਬ ’ਤੇ ਲਹਿਰਾਏ।

**ਗੁਰੂ ਸਾਹਿਬ ਦੇ ਵੇਲੇ ਨਿਸ਼ਾਨ ਸਾਹਿਬ ਦਾ ਰੰਗ ਨੀਲਾ ਹੁੰਦਾ ਸੀ। ਪੀਲਾ, ਭਗਵਾਂ, ਕੇਸਰੀ ਰੰਗ ਉਦਾਸੀਆਂ ਵੱਲੋਂ ਆਇਆ ਹੈ। ਇਹ ਤਬਦੀਲੀ ਨੌਨਿਹਾਲ ਸਿੰਘ ਦੇ ਰਾਜ ਦੌਰਾਨ ਡੋਗਰਿਆਂ ਦੇ ਅਸਰ ਹੇਠ ਤੇ ਅੰਗ੍ਰੇਜ਼ਾਂ ਵੇਲੇ ਬ੍ਰਾਹਮਣ ਤੇਜਾ ਸਿੰਹ ਗ਼ਦਾਰ ਦੀ ਕਮਾਂਡ ਹੇਠ ਸ਼ੁਰੂ ਹੋਈ ਸੀ। ਪਰ ਅਸਲ ਨਿਸ਼ਾਨ ਸਾਹਿਬ ਨਿਹੰਗਾਂ ਕੋਲ ਸੀ ਤੇ ਉਨ੍ਹਾਂ ਨੇ ਗੁਰੂ ਸਾਹਿਬ ਦੇ ਵੇਲੇ ਦਾ ਰੰਗ ਅੱਜ ਵੀ ਨਹੀਂ ਛੱਡਿਆ।**

ਜਾਗ਼ੀਰ ਦੀ ਰਕਮ ਨਾਲ ਸਿੱਖ ਫ਼ੌਜਾਂ ਕੋਲ ਕਾਫ਼ੀ ਘੋੜੇ ਤੇ ਅਸਲਾ ਆ ਚੁੱਕਾ ਸੀ ਤੇ ਹੁਣ ਉਹ ਇੱਕ ਦਰਮਿਆਨੇ ਦਰਜੇ ਦੀ ਫ਼ੌਜ ਦਾ ਮੁਕਾਬਲਾ ਕਰਨ ਦੇ ਕਾਬਲ ਹੋ ਚੁੱਕੇ ਸਨ। ਪਰ, ਜਾਗ਼ੀਰ ਕਬੂਲ ਕਰਨ ਦੇ ਨਾਲ ਹੀ ਸਿੱਖਾਂ ਵਿੱਚ ਇਹ ਅਹਿਸਾਸ ਵੀ ਆਉਣ ਲੱਗ ਪਿਆ ਕਿ ਜਿਵੇਂ ਉਨ੍ਹਾਂ ਨੇ ਕੋਈ ਗ਼ਲਤੀ ਕਰ ਲਈ ਹੋਵੇ। ਕਈ ਆਗੂ ਇਹ ਸੋਚਣ ਲੱਗ ਪਏ ਸਨ ਕਿ ਇਹ ਕਾਰਵਾਈ ਜ਼ਾਲਮ ਸਰਕਾਰ ਨਾਲ ਭਾਈਵਾਲੀ ਪਾਉਣ ਵਰਗੀ ਹਰਕਤ ਹੈ। ਕੁਝ ਆਗੂ ਇਸ ਨੂੰ ‘ਮੁਗ਼ਲਾਂ’ ਅੱਗੇ ਗੋਡੇ ਟੇਕਣਾ” ਵੀ ਆਖਣ ਲੱਗ ਪਏ ਸਨ। ਇਹ ਜਾਗ਼ੀਰ ਚਾਰ-ਪੰਜ ਮਹੀਨੇ ਹੀ ਕਾਇਮ ਰਹੀ। ਛਛੋਪੰਜ, ਨਮੋਸ਼ੀ, ਗੁੱਸੇ ਤੇ ਪਛੁਤਾਵੇ ਦੀ ਹਾਲਤ ਵਿੱਚ ਤਰੁਣਾ ਦਲ ਦੀਆਂ ਫ਼ੌਜਾਂ ਨੇ ਇੱਕ ਵਾਰ ਫੇਰ ਸ਼ਾਹੀ ਇਲਾਕਿਆਂ





’ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਲਾਹੌਰ ਦੇ ਸੂਬੇਦਾਰ ਨੇ ਸਿੱਖਾਂ ਦੀ ਜਾਗ਼ੀਰ ਜ਼ਬਤ ਕਰਨ ਦਾ ਐਲਾਨ ਕਰ ਦਿੱਤਾ।

ਪਰ ਇੱਕ ਹੋਰ ਸੋਮੇ ਮੁਤਾਬਿਕ ਜ਼ਕਰੀਆ ਖ਼ਾਨ ਦੀ ਨੀਅਤ ਪਹਿਲਾਂ ਤੋਂ ਹੀ ਮਾੜੀ ਸੀ। ਉਹ ਚਾਹੁੰਦਾ ਸੀ ਕਿ ਜਾਗ਼ੀਰ ਮਿਲਣ ਨਾਲ ਸਿੱਖ ਸੁਸਤ ਹੋ ਜਾਣਗੇ ਅਤੇ ਆਰਾਮ-ਤਲਬ ਹੋਣ ਮਗਰੋਂ ਲੜਾਈ ਕਰਨ ਵੇਲੇ ਕਮਜ਼ੋਰ ਸਾਬਿਤ ਹੋਣਗੇ। ਉਸਨੇ ਜਦ ਦੇਖਿਆ ਕਿ ਅਮਨ-ਅਮਾਨ ਹੋ ਗਿਆ ਹੈ ਤਾਂ ਉਸਨੇ ਜਾਗ਼ੀਰ ਜ਼ਬਤ ਕਰਨ ਦਾ ਐਲਾਨ ਕਰ ਦਿੱਤਾ ਤੇ ਸਿੱਖਾਂ ਨੂੰ ਪੈਗ਼ਾਮ ਭੇਜਿਆ ਕਿ ਹੁਣ ਅਮਨ-ਅਮਾਨ ਹੋ ਚੁੱਕਾ ਹੈ ਤੇ ਤੁਸੀਂ ਆਪੋ-ਆਪਣੇ ਘਰੋ-ਘਰੀਂ ਜਾਕੇ ਖੇਤੀ ਕਰੋ।

## ਨਾਦਰਸ਼ਾਹ ਦਾ ਹਮਲਾ (ਫ਼ਰਵਰੀ-ਮਾਰਚ 1739)

9 ਮਾਰਚ 1739 ਦੇ ਦਿਨ ਨਾਦਰਸ਼ਾਹ ਜੇਤੂ ਦੇ ਰੂਪ ਵਿੱਚ ਦਿੱਲੀ ਵਿੱਚ ਦਾਖ਼ਲ ਹੋਇਆ। ਦਿੱਲੀ ਦੀ ਲੁੱਟ-ਮਾਰ, ਕਤਲੋ-ਗਾਰਤ ਕਰਕੇ ਬਹੁਤ ਸਾਰਾ ਸੋਨਾ-ਚਾਂਦੀ, ਨਕਦੀ, ਹਾਥੀ-ਘੋੜੇ-ਊਠ, ਕੋਹੇਨੂਰ ਹੀਰਾ, ਤਖ਼ਤੇ-ਤਾਊਸ, ਹਜ਼ਾਰਾਂ ਕਾਰੀਗਰ, **ਦਸ ਹਜ਼ਾਰ ਤੋਂ ਵੱਧ ਖ਼ੂਬਸੂਰਤ ਔਰਤਾਂ, ਬਾਦਸ਼ਾਹ ਦੀ ਜਵਾਨ ਧੀ (ਆਪਣੀ ਨੂੰਹ ਬਣਾਕੇ) ਲੈ ਕੇ 25 ਮਈ 1739 ਦੇ ਦਿਨ ਈਰਾਨ ਨੂੰ ਵਾਪਿਸ ਚੱਲ ਪਿਆ। ਰਸਤੇ ਵਿੱਚ ਸਿੱਖਾਂ ਨੇ ਉਸ ’ਤੇ ਕਈ ਵਾਰ ਹਮਲਾ ਕੀਤਾ ਅਤੇ ਤਕਰੀਬਨ ਸਾਰੀਆਂ ਔਰਤਾਂ ਨੂੰ ਛੁਡਾ ਲਿਆ।** ਉਨ੍ਹਾਂ ਨੇ ਅਖ਼ਨੂਰ ਕੋਲ ਆਖ਼ਰੀ ਵਾਰ ਹਮਲਾ ਕਰ ਕੇ ਬਹੁਤ ਸਾਰਾ ਅਸਲਾ, ਘੋੜੇ ਤੇ ਖ਼ਜ਼ਾਨਾ ਲੁੱਟ ਲਿਆ। ਨਾਦਰ ਸ਼ਾਹ ਨੇ ਪੰਜਾਬ ਦੇ ਸੂਬੇਦਾਰ ਜ਼ਕਰੀਆ ਖ਼ਾਨ ਤੋਂ ਇਨ੍ਹਾਂ ‘ਲੁਟੇਰਿਆਂ’ ਬਾਰੇ ਪੁੱਛਗਿੱਛ ਕੀਤੀ। ਇੱਕ ਲੇਖਕ ਨੇ ਇਸ ਪੁੱਛਗਿੱਛ ਨੂੰ ਇਨ੍ਹਾਂ ਲਫ਼ਜ਼ਾਂ ਵਿੱਚ ਬਿਆਨ ਕੀਤਾ ਹੈ :

ਨਾਦਰ : ਇਹ ਲੁਟੇਰੇ ਕੌਣ ਹਨ ?

ਜ਼ਕਰੀਆ : ਇਹ ਲੋਕ ਸਿੱਖ ਹਨ। ਨਾ ਇਹ ਹਿੰਦੂ ਹਨ ਨਾ ਮੁਸਲਮਾਨ। ਮੁਗ਼ਲ ਸਰਕਾਰ ਇਨ੍ਹਾਂ ਨੂੰ ਬਾਗ਼ੀ ਸਮਝਦੀ ਹੈ ਅਤੇ ਜੇ ਇਨ੍ਹਾਂ ’ਚੋਂ ਕੋਈ ਹੱਥ ਆ ਜਾਵੇ ਤਾਂ ਇਨ੍ਹਾਂ ਨੂੰ ਮਾਰ ਦਿੱਤਾ ਜਾਂਦਾ ਹੈ।

ਨਾਦਰ : ਇਹ ਲੋਕ ਕਿਥੇ ਰਹਿੰਦੇ ਹਨ ?

ਜ਼ਕਰੀਆ : ਇਨ੍ਹਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ’ਤੇ ਹਨ।

ਨਾਦਰ : ਤਾਂ ਫਿਰ ਉਹ ਦਿਨ ਦੂਰ ਨਹੀਂ ਜਦੋਂ ਇਹ ਸਿਰ ਉਠਾਉਂਣਗੇ ਤੇ ਤੁਹਾਡੀ ਹਕੂਮਤ ਖੋਹ ਲੈਣਗੇ।

[ਅਹਿਮਦ ਸ਼ਾਹ ਬਟਾਲੀਆ; ਜ਼ਿਕਰ-ਇ-ਗੁਰੂਆਂ-ਵ-ਇਬਤਦਾ-ਇ-ਸਿੰਘਾਂ ਵਾ ਮਜ਼ਹਬ-ਇ-ਇਸ਼ਾਂ, ਸਫ਼ਾ 13; ਫ਼ਾਰਸਟਰ: ਏ ਜਰਨੀ ਫ਼ਰਾਮ ਬੰਗਾਲ ਟੂ ਇੰਗਲੈਂਡ (1798), ਜਿਲਦ ਪਹਿਲੀ, ਸਫ਼ਾ 272; ਮਾਲਕਮ: ਸਕੈਚ ਆਫ਼ ਦ ਸਿੱਖਜ਼, (1812), ਸਫ਼ਾ 86]

11 ਅਗਸਤ 1740 ਦੇ ਦਿਨ ਭਾਈ ਸੁੱਖਾ ਸਿੰਘ ਤੇ ਮਹਿਤਾਬ ਸਿੰਘ ਨੇ ਦਰਬਾਰ

ਸਾਹਿਬ ਦੀ ਬੇ-ਅਦਬੀ ਕਰ ਰਹੇ ਮੱਸੇ ਰੰਗੜ ਦਾ ਸਿਰ ਵੱਢ ਕੇ ਬੀਕਾਨੇਰ ਵਿੱਚ ਖ਼ਾਲਸਾ ਜੀ ਦੇ ਇਕੱਠ ਵਿੱਚ ਪੇਸ਼ ਕੀਤਾ। ਜੁਲਾਈ 1745 ਨੂੰ ਭਾਈ ਤਾਰੂ ਸਿੰਘ ਦੀ ਖੋਪਰੀ ਉਤਾਰ ਕੇ ਸ਼ਹੀਦ ਕਰ ਦਿੱਤਾ ਗਿਆ। (ਅਲੀ-ਉਦ-ਦੀਨ, ਸਫ਼ਾ 210 ਏ ਤੇ ਬੀ; ਮੀਰ ਮੁਹੰਮਦ ਅਹਿਸਨ, ਸਫ਼ਾ 364 ਏ; ਖੁਸ਼ਵਕਤ ਰਾਏ : ਸਫ਼ਾ 72)। ਜਿਸ ਦਿਨ ਉਸ ਦੀ ਸ਼ਹੀਦੀ ਹੋਈ ਉਸੇ ਦਿਨ ਹੀ ਉਸ ਦੀ ਖੋਪਰੀ ਲਾਹੁਣ ਦਾ ਹੁਕਮ ਦੇਣ ਵਾਲਾ ਜ਼ਕਰੀਆ ਖ਼ਾਨ ਵੀ ਮਰ ਗਿਆ। ਇਸੇ ਦਿਨ ਹੀ (ਮੱਸਾ ਰੰਘੜ ਨੂੰ ਸਜ਼ਾ ਦੇਣ ਵਾਲੇ) ਮਹਿਤਾਬ ਸਿੰਘ ਮੀਰਾਂਕੋਟ (ਜਿਸ ਨੂੰ ਜੂਨ 1745 ਦੇ ਆਖ਼ਰੀ ਦਿਨਾਂ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਸੀ) ਨੂੰ ਵੀ ਸ਼ਹੀਦ ਕੀਤਾ ਗਿਆ ਸੀ।

ਜੁਲਾਈ 1745 ਤੋਂ ਮਾਰਚ 1746 ਦੌਰਾਨ, ਮੁਗ਼ਲ ਬਾਦਸ਼ਾਹ ਅਤੇ ਉਸਦੇ ਅਹਿਲਕਾਰਾਂ ਵਿੱਚ ਕੁਝ ਮਤਭੇਦ ਹੋਣ ਕਾਰਨ, ਲਾਹੌਰ ਦੀ ਸੂਬੇਦਾਰੀ ਬਾਰੇ ਕੋਈ ਸਪੱਸ਼ਟ ਫ਼ੈਸਲਾ ਨਾ ਹੋ ਸਕਿਆ। ਇਸ ਦੌਰਾਨ ਸਿੱਖਾਂ ਨੂੰ ਕੁਝ ਚਿਰ ਵਾਸਤੇ ਆਰਾਮ ਦਾ ਸਾਹ ਆ ਗਿਆ ਸੀ। 14 ਅਗੱਸਤ 1745 ਨੂੰ ਹਿੰਦੂ ਦੀਵਾਲੀ ਮਨਾਉਂਣ ਵਿੱਚ ਰੁੱਝੇ ਹੋਏ ਸਨ। ਇਸ ਦਿਨ ਸਿੱਖਾਂ ਨੇ ਵੀ ਇੱਕ ਸਰਬੱਤ ਖ਼ਾਲਸਾ ਇਕੱਠ ਬੁਲਾਇਆ। (ਨਵਾਬ) ਕਪੂਰ ਸਿੰਘ ਦੀ ਅਗਵਾਈ ਵਿੱਚ ਹਜ਼ਾਰਾਂ ਸਿੱਖ ਗੁਰੂ ਦਾ ਚੱਕ (ਅੰਮ੍ਰਿਤਸਰ) ਪੁੱਜੇ। ਇਸ ਮੌਕੇ ਤੇ ਕੌਮ ਦੇ ਮਸਲਿਆਂ ’ਤੇ ਭਰਵੀਂ ਵਿਚਾਰ ਹੋਈ। ਕੌਮ ਦੀ ਆਜ਼ਾਦੀ ਦੀ ਜਦੋਜਹਿਦ ਨੂੰ ਸੁਚੱਜੇ ਤਰੀਕੇ ਨਾਲ ਚਲਾਉਂਣ ਵਾਸਤੇ ਸਾਰੀ ਖ਼ਾਲਸਾ ਫ਼ੌਜ ਨੂੰ 100-100 ਦੇ 30 (ਇੱਕ ਸੋਮਾ 25 ਜਥੇ ਲਿਖਦਾ ਹੈ) ਜੱਥਿਆਂ ਵਿੱਚ ਵੰਡ ਦਿੱਤਾ ਗਿਆ। ਇਨ੍ਹਾਂ ਜਥਿਆਂ ਵਿੱਚ ਕੋਈ ਅਹੁਦਾ, ਰੈਂਕ ਜਾਂ ਦਰਜਾ ਨਹੀਂ ਸੀ। **ਖ਼ਾਲਸਾ ਫ਼ੌਜ ਵਿੱਚ ਸ਼ਾਮਿਲ ਹੋਣ ਵਾਸਤੇ “ਘੋੜਸਵਾਰੀ ਦੀ ਜਾਚ ਹੋਣਾ, ਤਲਵਾਰ ਚਲਾਉਂਣਾ ਆਉਂਣਾ ਅਤੇ ਜਿੰਦ ਪੰਥ ਦੇ ਲੇਖੇ ਲਾਉਂਣ ਦਾ ਐਲਾਨ” ਤਿੰਨ ਹੀ ਸ਼ਰਤਾਂ ਸਨ। ਕਿਸੇ ਫ਼ੌਜੀ ਦੀ ਕੋਈ ਤਨਖ਼ਾਹ ਨਹੀਂ ਸੀ ਤੇ ਉਸ ਦਾ ਈਨਾਮ ਸ਼ਹੀਦੀ ਸੀ। ਜਥੇ ਦੇ ਹਰ ਮੈਂਬਰ ਜਾਂ ਜਥੇਦਾਰ ਦੀ ਹਸਤੀ ਇੱਕੋ ਜਿਹੀ ਸੀ ਅਤੇ ਸਾਰੇ ਫ਼ੈਸਲੇ ਗੁਰਮੱਤੇ ਰਾਹੀਂ ਹੋਇਆ ਕਰਦੇ ਸਨ। ਜਦੋਂ ਕੋਈ ਜਥਾ ਸ਼ਾਹੀ ਖ਼ਜ਼ਾਨੇ ਲੁੱਟ ਕੇ ਲੈ ਆਂਦਾ ਜਾਂ ਕਿਤੇ ਕੋਈ ਰਕਮ, ਹਥਿਆਰ ਜਾਂ ਘੋੜੇ ਹਾਸਿਲ ਹੋਇਆ ਕਰਦੇ ਸਨ, ਤਾਂ ਉਸ ਨੂੰ ਹਰ ਇੱਕ ਸਿੱਖ ਫ਼ੌਜੀ ਵਿੱਚ ਬਰਾਬਰ ਬਰਾਬਰ ਵੰਡ ਦਿੱਤਾ ਜਾਂਦਾ ਸੀ। ਕੋਈ ਵੀ ਸਿੱਖ ਕਿਸੇ ਵੀ ਜਥੇ ਵਿੱਚ ਸ਼ਾਮਿਲ ਹੋ ਸਕਦਾ ਸੀ।** (ਬੂਟੇ ਸ਼ਾਹ: ਸਫ਼ਾ 308ਏ; ਅਲੀ-ਉਦ-ਦੀਨ: ਸਫ਼ਾ 158 ਏ ਤੇ ਬੀ; ਮਾਲਕਮ: ਸਫ਼ਾ 89; ਗਰਿਫ਼ਨ: ਸਫ਼ਾ 16)।”

[ਡਾ: ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਦੂਜਾ ਹਿੱਸਾ), ਪੰਨੇ 465-95]

## ਜਸਪਤ ਦਾ ਕਤਲ ਅਤੇ ਲਖਪਤ ਰਾਏ ਦੇ ਜ਼ੁਲਮ

“ਸਿੱਖ ਫ਼ੌਜ ਨੂੰ ਜਥੇਬੰਦ ਕਰਨ ਦੇ ਨਾਲ-ਨਾਲ ਪੰਥ ਵੱਲੋਂ ਇਹ ਗੁਰਮੱਤਾ ਵੀ ਕੀਤਾ ਗਿਆ ਕਿ ਸ਼ਾਹੀ ਅਸਲਾਖ਼ਾਨੇ, ਅਸਤਬਲ ਅਤੇ ਖ਼ਜ਼ਾਨੇ ਲੁੱਟੇ ਜਾਣ। ਜਨਵਰੀ 1746 ਦੇ ਆਖ਼ਰੀ ਦਿਨਾਂ ਵਿੱਚ ਸਿੱਖਾਂ ਦਾ ਇਕ ਜਥਾ ਜੱਸਾ ਸਿੰਘ ਆਹਲੂਵਾਲੀਆ ਤੇ





ਸੁੱਖਾ ਸਿੰਘ ਮਾੜੀ ਕੰਬੋ ਦੀ ਅਗਵਾਈ ਹੇਠ ਸ਼ਿਵਾਲਕ ਦੀਆਂ ਪਹਾੜੀਆਂ ਵੱਲ ਨੂੰ ਜਾਂਦਾ ਹੋਇਆ ਪਿੰਡ ਖ਼ੋਖਰਾਂ (ਏਮਨਾਬਾਦ ਦੇ ਨੇੜੇ) ਦੇ ਬਾਹਰ ਰੁਕ ਕੇ ਲੰਗਰ ਛਕਣ ਵਾਸਤੇ ਤਿਆਰੀਆਂ ਕਰ ਰਿਹਾ ਸੀ। ਯਾਹੀਆ ਖ਼ਾਨ ਦੇ ਹਿੰਦੂ ਵਜ਼ੀਰ ਲਖਪਤ ਰਾਏ ਦਾ ਭਰਾ ਜਸਪਤ ਰਾਏ (ਫ਼ੌਜਦਾਰ ਏਮਨਾਬਾਦ) ਆਪਣੀ ਕੁਝ ਫ਼ੌਜ ਲੈ ਕੇ ਜਥੇ ਦੇ ਗਲ ਪੈ ਗਿਆ ਅਤੇ ਹੋਈ ਝੜਪ ਵਿੱਚ ਮਾਰਿਆ ਗਿਆ। (ਅਲੀ-ਉਦ-ਦੀਨ: ਸਫ਼ਾ 105ਏ ਤੇ ਬੀ; ਖੁਸ਼ਵਕਤ ਰਾਏ; ਤਾਰੀਖ਼-ਇ-ਸਿੱਖਾਂ, ਸਫ਼ਾ 74; ਰਤਨ ਸਿੰਘ ਭੰਗੂ: ਸਫ਼ਾ 305-319)।

ਜਦੋਂ ਜਸਪਤ ਰਾਏ ਦੇ ਮਾਰੇ ਜਾਣ ਦੀ ਖ਼ਬਰ ਉਸਦੇ ਭਰਾ ਲਖਪਤ ਰਾਏ ਨੂੰ ਮਿਲੀ ਤਾਂ ਉਹ ਗੁੱਸੇ ਵਿੱਚ ਪਾਗ਼ਲ ਹੋ ਗਿਆ। ਉਸ ਨੇ ਤਾਂ ਇੱਥੋਂ ਤੱਕ ਵੀ ਐਲਾਨ ਕੀਤਾ ਕਿ, “ਸਿੱਖ ਧਰਮ ਨੂੰ ਇੱਕ ਖੱਤ੍ਰੀ....ਨੇ ਸ਼ੁਰੂ ਕੀਤਾ ਸੀ ਅਤੇ ਜਦ ਤੱਕ ਮੈਂ ਸਿੱਖਾਂ ਦਾ ਨਾਂ ਤਾਰੀਖ਼ ਵਿੱਚੋਂ ਮਿਟਾ ਨਹੀਂ ਲੈਂਦਾ, ਮੈਂ ਆਪਣੇ ਆਪ ਨੂੰ ਖੱਤਰੀ ਨਹੀਂ ਕਹਾਂਗਾ।” (ਖੁਸਵਕਤ ਰਾਏ : ਤਾਰੀਖ-ਏ-ਸਿੱਖਾਂ, ਸਫ਼ਾ 47)। **ਲਖਪਤ ਰਾਏ ਦੇ ਹੁਕਮ ਅਧੀਨ 10 ਮਾਰਚ 1746 ਦੇ ਦਿਨ ਲਾਹੌਰ ਦੇ ਨਖ਼ਾਸ ਚੌਂਕ ਵਿੱਚ ਇੱਕ ਹਜ਼ਾਰ ਤੋਂ ਵੱਧ ਸਿੱਖ ਸ਼ਹੀਦ ਕੀਤੇ ਗਏ ਜਿਨ੍ਹਾਂ ਵਿੱਚ ਭਾਈ ਸੁਬੇਗ ਸਿੰਘ ਤੇ ਉਨ੍ਹਾਂ ਦਾ ਬੇਟਾ ਸ਼ਾਹਬਾਜ ਸਿੰਘ ਵੀ ਸ਼ਾਮਿਲ ਸਨ, ਜਿਨ੍ਹਾਂ ਨੂੰ ਚਰਖੜੀ ’ਤੇ ਚਾੜ੍ਹ ਕੇ, ਉਨ੍ਹਾਂ ਦਾ ਜਿਸਮ ਨੋਚ-ਨੋਚ ਕੇ, ਸ਼ਹੀਦ ਕੀਤਾ ਗਿਆ। ਲਖਪਤ ਰਾਏ ਨੇ ਦਰਬਾਰ ਸਾਹਿਬ ਅਤੇ ਕੁਝ ਹੋਰ ਗੁਰਦੁਆਰਿਆਂ ’ਤੇ ਹਮਲੇ ਵੀ ਕੀਤੇ ਤੇ ਢਾਹ ਦਿੱਤੇ। ਉਸਨੇ ਗੁਰੂ ਗ੍ਰੰਥ ਸਾਹਿਬ ਦਾ ਇੱਕ ਸਰੂਪ ਵੀ ਸਾੜਿਆ।**

## ਛੋਟਾ ਘਲੂਘਾਰਾ (1 ਮਈ 1746)

ਅਪ੍ਰੈਲ 1746 ਦੇ ਆਖ਼ਰੀ ਦਿਨਾਂ ਵਿੱਚ ਕੋਈ ਦਸ ਕੁ ਹਜ਼ਾਰ ਸਿੱਖ ਰਾਵੀ ਦਰਿਆ ਦੀ ਛੰਭ ਵਿੱਚ, ਕਾਹਨੂੰਵਾਨ ਦੇ ਨੇੜੇ, ਲੁਕੇ ਹੋਏ ਸਨ। ਇਨ੍ਹਾਂ ਵਿੱਚ ਨਵਾਬ ਕਪੂਰ ਸਿੰਘ, ਜੱਸਾ ਸਿੰਘ ਆਲੂਵਾਲੀਆ, ਸੁੱਖਾ ਸਿੰਘ ਮਾੜੀ ਕੰਬੋ, ਗੁਰਦਿਆਲ ਸਿੰਘ ਡੱਲੇਵਾਲੀਆ ਤੇ ਚੜ੍ਹਤ ਸਿੰਘ ਸ਼ੁਕਰਚੱਕੀਆ ਵਗ਼ੈਰਾ ਵੀ ਸਨ। ਉਨ੍ਹੀਂ ਦਿਨੀਂ ਇਹ ਜੰਗਲ ਬੜਾ ਸੰਘਣਾ ਅਤੇ ਡਰਾਉਂਣਾ ਸੀ ਅਤੇ ਆਮ ਲੋਕ ਇਧਰ ਜਾਣ ਤੋਂ ਡਰਦੇ ਸਨ। ਜਦੋਂ ਇਸ ਦੀ ਖ਼ਬਰ ਲਖਪਤ ਰਾਏ ਨੂੰ ਮਿਲੀ ਤਾਂ ਉਸ ਨੇ ਅਤੇ ਲਾਹੌਰ ਦੇ ਸੂਬੇਦਾਰ ਯਾਹੀਆ ਖ਼ਾਨ ਨੇ ਹਜ਼ਾਰਾਂ ਦੀ ਗਿਣਤੀ ਵਿੱਚ ਫ਼ੌਜ ਨੂੰ ਕਾਹਨੂਵਾਨ ਨੂੰ ਘੇਰਾ ਪਾਉਣ ਵਾਸਤੇ ਲੈ ਆਂਦਾ। ਜਦੋਂ ਸਿੱਖ ਫ਼ੌਜਾਂ ਨੂੰ ਇਸ ਘੇਰੇ ਦਾ ਪਤਾ ਲਗਾ ਤਾਂ ਉਨ੍ਹਾਂ ਨੇ ਗੁਰੀਲਾ ਲੜਾਈ ਸ਼ੁਰੂ ਕਰ ਦਿੱਤੀ। ਇਹ ਲੜਾਈ ਕਈ ਦਿਨ ਚਲਦੀ ਰਹੀ। ਇਸ ਲੜਾਈ ਵਿੱਚ ਲਖਪਤ ਰਾਏ ਦਾ ਪੁੱਤਰ ਹਰਭਜ ਰਾਏ, ਯਾਹੀਆ ਖ਼ਾਨ ਦਾ ਪੁੱਤਰ ਨਾਹਰ ਖ਼ਾਨ ਅਤੇ ਦੋ ਅਹਿਮ ਜਰਨੈਲ ਕਰਮ ਬਖਸ਼ ਤੇ ਮਹਿਮੂਦ ਖ਼ਾਨ ਵੀ ਮਾਰੇ ਗਏ। ਹੁਣ ਲਖਪਤ ਰਾਏ ਨੇ ਬੇਲਦਾਰਾਂ ਨੂੰ ਕਹਿ ਕੇ ਇੱਕ ਹਜ਼ਾਰ ਤਰਖਾਣ ਬੁਲਾ ਕੇ ਜੰਗਲ ਕੱਟਣਾ ਸ਼ੁਰੂ ਕਰ ਦਿੱਤਾ। ਜੰਗਲ ਨੂੰ ਚਾਰੇ ਪਾਸਿਓਂ ਘੇਰਾ ਪਾਕੇ ਅੱਗ ਲੁਆ ਦਿੱਤੀ। ਸਿੱਖ ਫ਼ੌਜਾਂ ਨੇ ਘੇਰਾ ਤੋੜ ਕੇ ਨਿਕਲ ਜਾਣ ਦੀ ਕੋਸ਼ਿਸ਼ ਕੀਤੀ। ਲਖਪਤ ਨੇ ਤੋਪਾਂ ਅਤੇ ਬੰਦੂਕਾਂ ਦੇ ਮੂੰਹ ਭਜਦੇ ਹੋਏ ਸਿੱਖਾਂ ਵੱਲ ਖ੍ਹੋਲ ਦਿੱਤੇ।

ਇਸ ਦੌਰਾਨ, ਕੁਝ ਸਿੱਖ ਦਰਿਆ ਰਾਵੀ ਦੇ ਉੱਪਰ ਵੱਲ ਨਿਕਲ ਗਏ। ਇੰਞ ਹੀ ਕੁਝ ਸਿੱਖ ਦਰਿਆ ਪਾਰ ਕਰਕੇ ਹਿਠਾੜ ਵੱਲ ਚੱਲ ਪਏ, ਕੁਝ ਸਿੱਖ ਦਰਿਆ ਵਿੱਚ ਡੁੱਬ ਗਏ। ਉਨ੍ਹਾਂ ਦਿਨਾਂ ਵਿੱਚ ਦਰਿਆ ਦੇ ਨਾਲ-ਨਾਲ ਤਕਰੀਬਨ ਤਿੰਨ ਕਿਲੋਮੀਟਰ ਰੇਤਲਾ ਮੈਦਾਨ ਹੁੰਦਾ ਸੀ। ਸਿਖਰ ਦੀ ਗਰਮੀ ਹੋਣ ਕਾਰਨ, ਤਪਦੀ ਰੇਤ ਵਿੱਚ ਸਿੱਖਾਂ ਦੇ ਪੈਰ ਸੜਨ ਲੱਗੇ ਤਾਂ ਉਨ੍ਹਾਂ ਨੇ ਕੁੜਤੇ, ਚਾਦਰੇ ਤੇ ਪੱਗਾਂ ਪਾੜਕੇ ਪੈਰ ਬੰਨ੍ਹ ਲਏ ਅਤੇ ਤਪਦੀ ਰੇਤ ਵਿੱਚ ਚਲਦੇ ਗਏ। ਸਿੱਖ ਕਈ ਦਿਨਾਂ ਤੋਂ ਭੁੱਖੇ ਸਨ ਅਤੇ ਇਹੀ ਹਾਲ ਉਨ੍ਹਾਂ ਦੇ ਘੋੜਿਆਂ ਦਾ ਸੀ। ਇਥੋਂ ਇਹ ਸਿੱਖ ਹਰਿਗੋਬਿੰਦਪੁਰ ਦੇ ਜੰਗਲ ਵਿੱਚ ਚਲੇ ਗਏ। ਇਸ ਇਲਾਕੇ ਵਿੱਚ ਘੋੜਿਆਂ ਨੂੰ ਦਰਖ਼ਤਾਂ ਦੇ ਪੱਤੇ ਤੇ ਸਿੱਖਾਂ ਨੂੰ ਡੇਲ੍ਹੇ ਖਾਕੇ ਗੁਜ਼ਾਰਾ ਕਰਨਾ ਪਿਆ। ਅਗਲੇ ਦਿਨ ਸਿੱਖ ਬਿਆਸ ਦਰਿਆ ਪਾਰ ਕਰਕੇ ਦੋਆਬੇ ਵਿੱਚ ਦਾਖ਼ਲ ਹੋ ਗਏ। ਲਖਪਤ ਵੀ ਉਨ੍ਹਾਂ ਦਾ ਪਿੱਛਾ ਕਰਦਾ ਆ ਰਿਹਾ ਸੀ। ਸਿੱਖ ਸਤਲੁਜ ਦਰਿਆ ਪਾਰ ਕਰਕੇ ਮਾਲਵੇ ਵੱਲ ਨਿਕਲ ਗਏ।

ਇਸ ਘਲੂਘਾਰੇ ਵਿੱਚ ਸੱਤ ਤੋਂ ਦਸ ਹਜ਼ਾਰ ਦੇ ਕਰੀਬ ਸਿੱਖ ਸ਼ਹੀਦ ਹੋ ਗਏ ਅਤੇ ਤਿੰਨ ਹਜ਼ਾਰ ਦੇ ਕਰੀਬ ਗ੍ਰਿਫ਼ਤਾਰ ਕਰ ਲਏ ਗਏ। ਗ੍ਰਿਫ਼ਤਾਰਾਂ ਨੂੰ ਲਾਹੌਰ ਲਿਜਾ ਕੇ, ਸ਼ਾਹੀ ਕਿਲ੍ਹੇ ਦੇ ਪਿੱਛੇ, ਨਖ਼ਾਸ ਚੌਕ ਵਿੱਚ ਸ਼ਹੀਦ ਕਰ ਦਿੱਤਾ ਗਿਆ (ਜਿਸ ਜਗ੍ਹਾ ਸਿੱਖਾਂ ਨੂੰ ਸ਼ਹੀਦ ਕੀਤਾ ਜਾਂਦਾ ਰਿਹਾ, ਉਸ ਥਾਂ 'ਗੁਰਦੁਆਰਾ ਸ਼ਹੀਦ ਗੰਜ ਭਾਈ ਮਨੀ ਸਿੰਘ ਬਣਿਆ ਹੋਇਆ ਸੀ। ਹੁਣ ਉਸ ਥਾਂ 'ਤੇ ਕੁਝ ਦੁਕਾਨਦਾਰਾਂ ਨੇ ਕਬਜ਼ਾ ਕੀਤਾ ਹੋਇਆ ਹੈ ਤੇ ਦੁਕਾਨਾਂ ਬਣਾਈਆਂ ਹੋਈਆਂ ਹਨ। ਸਿੱਖ ਤਾਰੀਖ਼ ਵਿੱਚ ਇਸ ਕਤਲੇਆਮ ਨੂੰ 'ਛੋਟਾ ਘਲੂਘਾਰਾ' ਆਖ ਕੇ ਚੇਤੇ ਕੀਤਾ ਜਾਂਦਾ ਹੈ। 5 ਫ਼ਰਵੀਰ 1762 ਦੇ ਘੱਲੂਘਾਰੇ ਨੂੰ 'ਵੱਡਾ ਘੱਲੂਘਾਰਾ' ਆਖਿਆ ਜਾਂਦਾ ਹੈ।)

## ਦਲ ਖ਼ਾਲਸਾ ਦੀ ਕਾਇਮੀ

29 ਮਾਰਚ 1748 ਦੇ ਦਿਨ ਸਰਬੱਤ ਖ਼ਾਲਸਾ ਦਾ ਇੱਕ ਅਹਿਮ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਵੇਲੇ ਖ਼ਾਲਸਾ ਫ਼ੌਜਾਂ ਦੇ 65 ਜਥੇ ਵੱਖ-ਵੱਖ ਇਲਾਕਿਆਂ ਵਿੱਚ ਵਿਚਰ ਰਹੇ ਸਨ। ਸਰਬੱਤ ਖ਼ਾਲਸਾ ਦੇ ਇਸ ਇਕੱਠ ਨੇ ਸਾਰੇ 65 ਜਥਿਆਂ ਨੂੰ 11 ਮਿਸਲਾਂ ਵਿੱਚ ਵੰਡਣ ਦਾ ਗੁਰਮਤਾ ਕੀਤਾ। ਗੁਰਮਤੇ ਮੁਤਾਬਿਕ (ਨਵਾਬ) ਕਪੂਰ ਸਿੰਘ ਸਰਬੱਤ ਖ਼ਾਲਸਾ ਦੇ ਜਥੇਦਾਰ ਅਤੇ ਸ. ਜੱਸਾ ਸਿੰਘ ਆਹਲੂਵਾਲੀਆ ਦਲ ਖ਼ਾਲਸਾ (ਯਾਨਿ ਸਾਰੀ ਖ਼ਾਲਸਾ ਫ਼ੌਜ) ਦੇ ਜਥੇਦਾਰ ਬਣਾਏ ਗਏ। ਹਰ ਇੱਕ ਮਿਸਲ ਦੀ ਕਮਾਨ ਇੱਕ ਜਥੇਦਾਰ ਨੂੰ ਸੌਂਪੀ ਗਈ।

(ਇਨ੍ਹਾਂ ਮਹਾਨ ਜਰਨੈਲਾਂ ਨੇ ਆਪਣੇ ਆਪ ਨੂੰ ਕਦੇ ਵੀ ਸਿੰਘ ਸਾਹਿਬ ਨਹੀਂ ਅਖਵਾਇਆ ਸੀ। ਪਰ ਅੱਜ ਦੇ ਪੁਜਾਰੀ ਖ਼ੁਦ ਨੂੰ 'ਸਿੰਘਾਂ ਦਾ ਸਾਹਿਬ' ਅਖਵਾਉਣ ਲੱਗਿਆਂ ਜ਼ਰਾ ਵੀ ਸ਼ਰਮ ਨਹੀਂ ਕਰਦੇ)

ਸਰਬੱਤ ਖ਼ਾਲਸਾ ਨੇ ਇਹ ਵੀ ਫੈਸਲਾ ਕੀਤਾ ਕਿ ਕੋਈ ਵੀ ਸਿੱਖ ਦਲ ਖ਼ਾਲਸਾ ਦੀ





ਕਿਸੇ ਵੀ ਮਿਸਲ ਵਿੱਚ ਸ਼ਾਮਿਲ ਹੋ ਸਕਦਾ ਹੈ। ਹਰ ਮਿਸਲ ਆਪਣੇ ਅੰਦਰੂਨੀ ਮਾਮਲਿਆਂ ਵਿੱਚ ਖ਼ੁਦ-ਮੁਖ਼ਤਿਆਰ ਹੋਵੇਗੀ, ਪਰ ਕੌਮੀ ਮਸਲੇ ਜਾਂ ਮਿਸਲਾਂ ਦੇ ਆਪਸੀ ਝਗੜੇ ਤੇ ਫ਼ੌਜੀ ਮਾਮਲੇ ਦਲ ਖ਼ਾਲਸਾ (ਸਰਬੱਤ ਖ਼ਾਲਸਾ) ਦੇ ਇਕੱਠ ਵਿੱਚ ਵਿਚਾਰੇ ਜਾਇਆ ਕਰਨਗੇ। ਫ਼ੌਜੀ ਮਾਮਲਿਆਂ ਵਿੱਚ ਦਲ ਖ਼ਾਲਸਾ ਦੇ ਜਥੇਦਾਰ (ਸੁਪਰੀਮ ਕਮਾਂਡਰ) ਦਾ ਹੁਕਮ ਸਾਰੇ ਕਬੂਲ ਕਰਿਆ ਕਰਨਗੇ। ਇਹ ਇਕੱਠ ਉਦੋਂ ਹਿੰਦੂ-ਦਿਹਾੜਿਆਂ, ਵਿਸਾਖੀ ਅਤੇ ਦੀਵਾਲੀ, 'ਤੇ ਕਰਨ ਦਾ ਫੈਸਲਾ ਹੋਇਆ ਸੀ। ਦੋਹਾਂ ਦਿਹਾੜਿਆਂ ਵਿੱਚ ਛੇ ਮਹੀਨੇ ਦਾ ਫ਼ਾਸਲਾ ਬਣਦਾ ਸੀ। ਇਹ ਦਿਨ ਤਕਰੀਬਨ ਸਾਰੇ ਹਿੰਦੂ ਮਨਾਉਂਦੇ ਸਨ, ਇਸ ਕਰਕੇ ਜਾਣਨਾ ਸੌਖਾ ਹੁੰਦਾ ਸੀ ਕਿ ਸਰਬੱਤ ਖ਼ਾਲਸਾ ਇਕੱਠ ਕਿਸ ਦਿਨ ਹੋਵੇਗਾ, ਕਿਉਂਕਿ ਉਦੋਂ ਡਾਇਰੀਆਂ ਜਾਂ ਕੈਲੰਡਰ ਨਹੀਂ ਹੋਇਆ ਕਰਦੇ ਸਨ ਤੇ ਉਂਞ ਵੀ ਸਿੱਖ ਅਕਸਰ ਪਨਾਹਗਾਹਾਂ ਵਿੱਚ ਰਿਹਾ ਕਰਦੇ ਸਨ, ਜਿੱਥੇ ਦਿਨ-ਵਾਰ ਦਾ ਪਤਾ ਹੀ ਨਹੀਂ ਸੀ ਲਗਦਾ। **ਸਰਬੱਤ ਖ਼ਾਲਸਾ ਨੇ ਇਹ ਵੀ ਫੈਸਲਾ ਕੀਤਾ ਕਿ ਹਰ ਕੌਮੀ ਮਸਲੇ ਦਾ ਹੱਲ ਗੁਰਮਤੇ ਰਾਹੀਂ ਕੱਢਿਆ ਜਾਇਆ ਕਰੇਗਾ। ਸਰਬੱਤ ਖ਼ਾਲਸਾ ਨੇ ਗੁਰਦੁਆਰਿਆਂ ਦੀ ਸੇਵਾ-ਸੰਭਾਲ ਭਾਈ ਦੀਪ ਸਿੰਘ ਦੀ ਅਗਵਾਈ ਵਾਲੀ ਮਿਸਲ ਨੂੰ ਸੌਂਪ ਦਿੱਤੀ। ਇਹ ਵੀ ਗੁਰਮਤਾ ਕੀਤਾ ਗਿਆ ਕਿ ਦਰਬਾਰ ਸਾਹਿਬ ਦੀ ਸੇਵਾ-ਸੰਭਾਲ ਵੀ ਇਸ ਮਿਸਲ ਦੇ ਸੇਵਾਦਾਰ ਹੀ ਕਰਿਆ ਕਰਨਗੇ ਅਤੇ ਮਿਸਲਾਂ ਜਾਂ ਸਿੱਖਾਂ ਦੇ ਛੋਟੇ-ਮੋਟੇ ਮਸਲੇ ਵੀ ਇਹੀ ਸੁਲਝਾਇਆ ਕਰਨਗੇ।**

## ਮੀਰ ਮਨੂੰ ਦਾ ਜ਼ਮਾਨਾ

11 ਅਪ੍ਰੈਲ 1748 ਦੇ ਦਿਨ ਮੀਰ ਮੰਨੂ ਲਾਹੌਰ ਦਾ ਗਵਰਨਰ ਬਣਿਆ। ਲਖਪਤ ਰਾਏ ਨੂੰ ਗ੍ਰਿਫ਼ਤਾਰ ਕਰਕੇ 30 ਲੱਖ ਰੁਪਏ ਜੁਰਮਾਨਾ ਕੀਤਾ ਗਿਆ। ਲਖਪਤ ਰਾਏ ਦੀ 18 ਲੱਖ ਦੀ ਨਕਦੀ ਤੋਂ ਇਲਾਵਾ ਉਸ ਦੀ ਜਾਇਦਾਦ ਵੇਚ ਕੇ ਕੁਲ 2 ਲੱਖ ਰੁਪਏ ਬਣੇ। ਬਾਕੀ ਦੇ 10 ਲੱਖ ਦੀਵਾਨ ਕੌੜਾ ਮੱਲ ਨੇ ਅਦਾ ਕਰਕੇ ਮੀਰ ਮਨੂੰ ਤੋਂ ਲਖਪਤ ਰਾਏ ਨੂੰ ਆਪਣੀ ਸਪੁਰਦਗੀ ਵਿੱਚ ਲੈ ਲਿਆ। ਮਗਰੋਂ ਦੀਵਾਨ ਨੇ ਲਖਪਤ ਨੂੰ ਸਿੱਖਾਂ ਦੇ ਹਵਾਲੇ ਕਰ ਦਿਤਾ।

## ਲਖਪਤ ਦੀ ਮੌਤ

ਇੱਕ ਸੋਮੇ ਮੁਤਾਬਿਕ ਸਿੱਖਾਂ ਨੇ ਲਖਪਤ ਨੂੰ ਉਸਦੇ ਹੱਥ ਪੈਰ ਬੰਨ੍ਹ ਕੇ ਪਾਖ਼ਾਨਾ ਕਰਨ ਵਾਲੀ ਡੂੰਘੀ ਥਾਂ 'ਤੇ ਸੁੱਟ ਦਿੱਤਾ। ਲੋਕ ਉਸ 'ਤੇ ਪਾਖ਼ਾਨਾ ਕਰਦੇ ਰਹੇ। ਇੰਞ ਇਸ ਦਹਿਸ਼ਤਗਰਦ, ਜ਼ਾਲਿਮ, ਲਾਲਾ ਲਖਪਤ ਰਾਏ ਨੂੰ ਉਸਦੇ ਵਹਿਸ਼ੀਆਨਾ ਜ਼ੁਲਮਾਂ ਦੀ ਸਜ਼ਾ ਮਿਲੀ। ਸਿੱਖਾਂ 'ਤੇ ਜ਼ੁਲਮ ਕਰਨ ਵਾਲਾ ਇਹ ਲਾਲਾ ਲਖਪਤ ਰਾਏ ਆਪਣੀ ਬੜੀ ਬੁਰੀ ਮੌਤੇ ਮਰਿਆ।

## ਮੀਰ ਮਨੂੰ ਵੱਲੋਂ ਵੀ ਸਿੱਖਾਂ ਦਾ ਕਤਲੇਆਮ

ਸ਼ੁਰੂ-ਸ਼ੁਰੂ ਵਿੱਚ ਤਾਂ ਇਸਨੇ ਸਿੱਖਾਂ ਨੂੰ ਕੁਝ ਨਾ ਕਿਹਾ ਪਰ ਜਦ ਉਸ ਦੇ ਪੈਰ ਪੱਕੇ ਹੋ

ਗਏ ਤਾਂ ਉਸਨੇ ਵੀ ਸਿੱਖਾਂ ਦਾ ਕਤਲੇਆਮ ਸ਼ੁਰੂ ਕਰ ਦਿੱਤਾ। ਇਸ ਤਰ੍ਹਾਂ ਇੱਕ ਵਾਰ ਫੇਰ ਹਜ਼ਾਰਾਂ ਸਿੱਖ ਲਾਹੌਰ ਦੇ ਕਿਲ੍ਹੇ ਦੇ ਪਿੱਛੇ ਨਿਖ਼ਾਸ ਚੌਕ ਵਿੱਚ ਕਤਲ ਕਰ ਦਿੱਤੇ ਗਏ। ਇਹ ਦੌਰ 5-6 ਮਹੀਨੇ ਚਲਦਾ ਰਿਹਾ। (ਲਤੀਫ਼: ਹਿਸਟਰੀ ਆਫ਼ ਪੰਜਾਬ, ਸਫ਼ਾ 221)। **ਮੁਫ਼ਤੀ ਅਲੀ-ਉਦ-ਦੀਨ ਇਬਰਤਨਾਮਾ ਵਿੱਚ ਲਿਖਦਾ ਹੈ ਕਿ ਮੀਰ ਮਨੂੰ ਨੇ ਸਿੱਖਾਂ ਨੂੰ ਖ਼ਤਮ ਕਰਨ ਵਾਸਤੇ ਪੂਰਾ ਟਿੱਲ ਲਾਇਆ। ਮਨੂੰ ਨੇ ਸਿੱਖ ਬੀਬੀਆਂ ਅਤੇ ਬੱਚਿਆਂ ਦਾ ਵੀ ਘਾਣ ਕੀਤਾ। ਬੀਬੀਆਂ ਨੂੰ ਜੇਲ੍ਹਾਂ ਵਿੱਚ ਸਵਾ-ਸਵਾ ਮਣ (40 ਕਿਲੋ) ਕਣਕ ਹਰ ਰੋਜ਼ ਪੀਸਣ ਦਾ ਹੁਕਮ ਸੀ ਤੇ ਇਸ ਬਦਲੇ ਉਨ੍ਹਾਂ ਨੂੰ ਚੱਪਾ (ਚੌਥਾ ਹਿੱਸਾ) ਰੋਟੀ ਮਿਲਦੀ ਸੀ। ਇਨ੍ਹਾਂ ਜੇਲ੍ਹਾਂ ਵਿੱਚ ਹੀ ਬੀਬੀਆਂ ਦੇ ਕੋਲੋਂ ਉਨ੍ਹਾਂ ਦੇ ਬੱਚੇ ਖੋਹ ਕੇ ਤਸੀਹੇ ਦੇ-ਦੇ ਕੇ ਮਾਰੇ ਜਾਂਦੇ ਸਨ ਤੇ ਉਨ੍ਹਾਂ ਦੀਆਂ ਲਾਸ਼ਾਂ ਦੇ ਟੁਕੜਿਆਂ ਦੇ ਹਾਰ ਪਰੋ ਕੇ ਉਨ੍ਹਾਂ ਦੇ ਗਲਾਂ ਵਿੱਚ ਪਾਏ ਜਾਂਦੇ ਸਨ। ਅਜਿਹਾ ਕਰਕੇ ਉਨ੍ਹਾਂ ਨੂੰ ਡਰਾਇਆ ਜਾਂਦਾ ਸੀ ਤਾਂ ਜੋ ਉਹ ਮੁਸਲਮਾਨ ਬਣ ਜਾਣ। ਪਰ ਇੱਕ ਵੀ ਬੀਬੀ ਨੇ ਆਪਣਾ ਧਰਮ ਨਾ ਛੱਡਿਆ।**

ਮਨੂੰ ਦੇ ਜ਼ੁਲਮੀ-ਦੌਰ ਦੌਰਾਨ ਹਜ਼ਾਰਾਂ ਹੀ ਸਿੱਖ ਕਤਲ ਕੀਤੇ ਗਏ। ਮੀਰ ਮਨੂੰ ਦੇ ਆਪਣੇ ਇੱਕ ਗ਼ੁਲਾਮ ਮਿਸਕੀਨ ਮੁਤਾਬਿਕ ਮਨੂੰ ਦੇ ਜ਼ੁਲਮਾਂ ਨੇ ਸਿੱਖਾਂ ਨੂੰ ਵਧੇਰੇ ਤਕੜਿਆਂ ਕੀਤਾ। ਸ਼ਹੀਦਾਂ ਦੀ ਰਾਖ ਵਿੱਚੋਂ ਉਹ ਵਧੇਰੇ ਆਨ ਤੇ ਸ਼ਾਨ ਨਾਲ ਉੱਭਰੇ। ਉਨ੍ਹਾਂ ਦੇ ਇਰਾਦੇ ਵਧੇਰੇ ਬੁਲੰਦ ਹੋਏ। ਅਜਿਹਾ ਜਾਪਦਾ ਸੀ ਕਿ ਸਿੱਖ ਕੌਮ ਇੱਕ ਵਧੇਰੇ ਬੁਲੰਦ ਹੌਂਸਲੇ ਨਾਲ ਉਭਰੇਗੀ ਅਤੇ ਮਨੂੰ ਦੇ ਜ਼ੁਲਮਾਂ ਦਾ ਹਿਸਾਬ ਜ਼ਰੂਰ ਲਵੇਗੀ।" [ਡਾ: ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਦੂਜਾ ਹਿੱਸਾ) ਸਫ਼ੇ 495-521]

## ਨਦੌਣ ਦੀ ਲੜਾਈ

"ਮੀਰ ਮਨੂੰ ਵੱਲੋਂ ਚਲਾਏ ਗਏ ਜ਼ੁਲਮੀ ਦੌਰ ਦੌਰਾਨ ਸਿੱਖ ਪਹਾੜਾਂ ਅਤੇ ਮਾਰੂਥਲਾਂ ਵੱਲ ਨਿਕਲ ਗਏ ਸਨ। ਬਹੁਤੇ ਪਹਾੜੀ ਹਿੰਦੂ ਰਾਜੇ ਵੀ ਸਿੱਖਾਂ ਦੀ ਮਦਦ ਕਰਨ ਦੀ ਬਜਾਏ ਮੀਰ ਮਨੂੰ ਦਾ ਸਾਥ ਦੇ ਰਹੇ ਸਨ। ਉਨ੍ਹਾਂ ਵਿੱਚੋਂ ਕਈਆਂ ਨੇ ਤਾਂ ਸੈਕੜੇ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ ਲਾਹੌਰ ਪਹੁੰਚਾ ਕੇ ਈਨਾਮ ਵੀ ਹਾਸਲ ਕੀਤੇ ਸਨ ਪਰ ਫਿਰ ਵੀ ਕੁਝ ਪਹਾੜੀ ਰਾਜੇ ਅੰਦਰੋਂ-ਅੰਦਰੀਂ ਸਿੱਖਾਂ ਨਾਲ ਹਮਦਰਦੀ ਰਖਦੇ ਸਨ। ਇਨ੍ਹਾਂ ਵਿੱਚ ਮੰਡੀ ਅਤੇ ਹਰੀਪੁਰ ਦੇ ਰਾਜੇ ਵੀ ਸਨ (ਇਹ ਦੋਵੇਂ ਰਾਜ ਘਰਾਣੇ ਗੁਰੂ ਨਾਨਕ ਸਾਹਿਬ ਦੇ ਵੇਲੇ ਤੋਂ ਹੀ ਸਿੱਖੀ ਨਾਲ ਜੁੜੇ ਹੋਏ ਸਨ)। ਜੁਲਾਈ 1752 ਦੇ ਅਖ਼ੀਰ ਵਿੱਚ ਮੀਰ ਮਨੂੰ ਨੇ ਇਨ੍ਹਾਂ ਪਹਾੜੀ ਰਿਆਸਤਾਂ ਤੋਂ ਵਾਧਾ ਮਾਮਲਾ (ਟੈਕਸ) ਮੰਗ ਲਿਆ ਤੇ ਅਦਾ ਨਾ ਕਰਨ ਤੇ ਜ਼ੁਰਮਾਨਾ ਵੀ ਕਰ ਦਿੱਤਾ। ਜਦ ਰਾਜਿਆਂ ਨੇ ਏਨੀ ਰਕਮ ਦੇਣ ਤੋਂ ਮਜ਼ਬੂਰੀ ਦਿਖਾਈ ਤਾਂ ਮਨੂੰ ਨੇ ਇਨ੍ਹਾਂ ਦੇ ਖ਼ਿਲਾਫ਼ ਫ਼ੌਜ ਭੇਜ ਦਿੱਤੀ। ਇਸ ਵੇਲੇ ਕੁਝ ਸਿੱਖ ਫ਼ੌਜਾਂ ਅਨੰਦਪੁਰ ਸਾਹਿਬ ਅਤੇ ਇਸਦੇ ਆਲੇ-ਦੁਆਲੇ ਦੇ ਇਲਾਕੇ ਵਿੱਚ ਸਨ। ਪਹਾੜੀ ਰਾਜਿਆਂ ਨੇ ਇਨ੍ਹਾਂ ਤੱਕ ਪਹੁੰਚ ਕੀਤੀ। ਜੱਸਾ ਸਿੰਘ ਆਹਲੂਵਾਲੀਆ ਫ਼ੌਜ ਲੈ ਕੇ ਛੇਤੀ ਹੀ ਨਦੌਣ ਪੁੱਜ ਗਿਆ। ਅਗਲੇ ਦੋ ਦਿਨ ਦੀ ਲੜਾਈ ਵਿੱਚ ਸਿੱਖ ਫ਼ੌਜਾਂ ਨੇ ਮੁਗ਼ਲ ਹਮਲਾਵਰਾਂ ਦੇ ਖ਼ੂਬ ਆਹੂ ਲਾਹੇ। ਸੈਂਕੜੇ ਬੰਦੇ ਮਰਵਾ ਕੇ ਲਾਹੌਰੀ ਫ਼ੌਜ ਮੈਦਾਨ ਛੱਡ ਕੇ ਭੱਜ ਗਈ। (ਨਦੌਣ ਵਿੱਚ 1691 ਵਿੱਚ ਵੀ ਗੁਰੂ





ਗੋਬਿੰਦ ਸਿੰਘ ਸਾਹਿਬ ਵੇਲੇ, ਸਿੱਖਾਂ ਨੇ ਪਹਾੜੀ ਰਾਜਿਆਂ ਦੀ ਮਦਦ ਕੀਤੀ ਸੀ)।

## ਨਵਾਬ ਕਪੂਰ ਸਿੰਘ ਦਾ ਚਲਾਣਾ

7 ਅਕਤੂਬਰ 1753 ਦੇ ਦਿਨ ਦਲ ਖ਼ਾਲਸਾ ਦੇ ਜਥੇਦਾਰ ਨਵਾਬ ਕਪੂਰ ਸਿੰਘ ਚੜ੍ਹਾਈ ਕਰ ਗਏ। ਉਨ੍ਹਾਂ ਦੀ ਸਿਹਤ ਕਾਫ਼ੀ ਚਿਰ ਤੋਂ ਖ਼ਰਾਬ ਚਲੀ ਆ ਰਹੀ ਸੀ ਕਿਉਂਕਿ ਇੱਕ ਲੜਾਈ ਵਿੱਚ ਗੋਲੀ ਲੱਗਣ ਕਾਰਨ ਹੋਇਆ ਉਨ੍ਹਾਂ ਦਾ ਜ਼ਖ਼ਮ ਭਰ ਨਹੀਂ ਸੀ ਸਕਿਆ। ਨਵਾਬ ਕਪੂਰ ਸਿੰਘ ਦੀ ਮੌਤ ਨਾਲ ਸਿੱਖ ਕੌਮ ਪਾਸੋਂ ਇੱਕ ਮਹਾਨ ਜਰਨੈਲ ਖੁੱਸ ਗਿਆ। ਭਾਵੇਂ ਜੱਸਾ ਸਿੰਘ ਆਹਲੂਵਾਲੀਆ ਨੇ ਗੈਰ-ਰਸਮੀ ਤੌਰ 'ਤੇ ਦਲ ਖ਼ਾਲਸਾ ਦੀ ਕਮਾਨ ਸੰਭਾਲ ਲਈ ਸੀ ਪਰ ਬਤੌਰ ਜਥੇਦਾਰ ਰਸਮੀ ਚੋਣ (ਮਨਜ਼ੂਰੀ) 10 ਅਪ੍ਰੈਲ 1754 ਦੇ ਦਿਨ ਸਰਬੱਤ ਖ਼ਾਲਸਾ ਇਕੱਠ ਵਿੱਚ ਹੀ ਹੋਈ।

## ਸਿੱਖ ਬੀਬੀਆਂ ਦੀ ਰਿਹਾਈ

ਜਦ ਸਿੱਖਾਂ ਨੂੰ ਮੀਰ ਮਨੂੰ ਦੀ ਮੌਤ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਰਾਤੋ-ਰਾਤ ਲਾਹੌਰ ਵਿੱਚ ਮਨੂੰ ਦੀ ਜੇਲ੍ਹ ਤੇ ਹਮਲਾ ਕਰਕੇ ਕੈਦ ਸਿੰਘਣੀਆਂ ਤੇ ਬੱਚਿਆਂ ਨੂੰ ਰਿਹਾਅ ਕਰਵਾ ਲਿਆ। ਮੁਗ਼ਲ ਮਨੂੰ ਦੇ ਅਫ਼ਸੋਸ ਵਿੱਚ ਰੁੱਝੇ ਹੋਣ ਕਰਕੇ, ਉਨ੍ਹਾਂ ਨੂੰ ਰੋਕ ਨਾ ਸਕੇ।

## ਅਕਾਲ ਤਖ਼ਤ ਸਾਹਿਬ ਤੋਂ 'ਰਾਖੀ' ਦਾ ਐਲਾਨ (10 ਅਪ੍ਰੈਲ 1754)

ਮੀਰ ਮਨੂੰ ਦੇ ਮਰਨ ਮਗਰੋਂ, 10 ਅਪ੍ਰੈਲ, 1754 ਦੇ ਦਿਨ, ਕਈ ਸਾਲ ਮਗਰੋਂ ਪਹਿਲੀ ਵਾਰ, ਸਿੱਖ ਅਕਾਲ ਤਖ਼ਤ ਸਾਹਿਬ 'ਤੇ ਇਕੱਠੇ ਹੋਏ। ਇਸ ਮੌਕੇ 'ਤੇ ਹੋਏ ਇੱਕ ਸਰਬੱਤ ਖ਼ਾਲਸਾ ਇਕੱਠ ਵਿੱਚ ਸਿੱਖ-ਕੌਮ ਨੇ ਪੰਜਾਬੀਆਂ ਨੂੰ 'ਰਾਖੀ' ਦੇਣ ਦਾ ਗੁਰਮਤਾ ਕੀਤਾ। ਇਸ ਮੁਤਾਬਿਕ ਕਿਸਾਨਾਂ ਅਤੇ ਵਪਾਰੀਆਂ ਨੇ ਸਿੱਖਾਂ ਨੂੰ ਮਾਲੀਆ ਦੇਣਾ ਸੀ ਤੇ ਇਸ ਬਦਲੇ ਸਿੱਖਾਂ ਨੇ ਉਨ੍ਹਾਂ ਨੂੰ ਅਫ਼ਗਾਨ ਧਾੜਵੀਆਂ ਅਤੇ ਮੁਗ਼ਲ ਸਰਕਾਰ ਤੋਂ ਹਿਫ਼ਾਜ਼ਤ ਦੇਣੀ ਸੀ। ਸਿੱਖਾਂ ਵੱਲੋਂ ਮਿਲੀ ਇਹ ਪੇਸ਼ਕਸ਼ ਵਪਾਰੀਆਂ, ਅਤੇ ਖ਼ਾਸ ਕਰਕੇ ਕਿਸਾਨਾਂ, ਵਾਸਤੇ ਇੱਕ ਗ਼ੈਬੀ ਤੋਹਫ਼ਾ ਸੀ। ਕਿਉਂਕਿ ਉਨ੍ਹਾਂ ਦਿਨਾਂ ਵਿੱਚ ਕਿਸਾਨਾਂ ਨੂੰ ਆਪਣੀ ਫ਼ਸਲ ਅਤੇ ਸ਼ਾਹੂਕਾਰ ਤੇ ਵਾਪਾਰੀ ਨੂੰ ਆਪਣੀ ਦੌਲਤ ਅਤੇ ਜਿਣਸ ਦਾ ਮੁਗ਼ਲਾਂ ਅਤੇ ਅਹਿਮਦ ਸ਼ਾਹ ਹੱਥੋਂ ਲੁੱਟੇ ਜਾਣ ਦਾ ਹਮੇਸ਼ਾਂ ਡਰ ਰਹਿੰਦਾ ਸੀ। ਪੰਜਾਬ ਵਿੱਚ ਇਹ ਅਖਾਣ ਆਮਤੌਰ ਤੇ ਮਸ਼ਹੂਰ ਸੀ : **ਖਾਧਾ ਪੀਤਾ ਲਾਹੇ ਦਾ ਤੇ ਬਾਕੀ ਅਹਿਮਦ ਸ਼ਾਹੇ ਦਾ।** ਇਸ ਕਰਕੇ ਪੰਜਾਬ ਦੇ ਕਿਸਾਨਾਂ ਨੇ ਬੜੀ ਖ਼ੁਸ਼ੀ ਨਾਲ ਸਿੱਖਾਂ ਦੀ 'ਰਾਖੀ' ਦੀ ਪੇਸ਼ਕਸ਼ ਕਬੂਲ ਕੀਤੀ। ਹੌਲੀ-ਹੌਲੀ ਪੰਜਾਬ ਦਾ ਬਹੁਤ ਸਾਰਾ ਹਿੱਸਾ ਸਿੱਖਾਂ ਦੀ ਪਨਾਹ ਹੇਠ ਆ ਗਿਆ (ਮਿਸਕੀਨ, ਸਫ਼ਾ 84)।

## ਸਿੱਖ ਪਹਿਲੀ ਵਾਰ ਹਾਕਮ ਬਣੇ

ਜੂਨ 1755 ਵਿਚ ਖ਼ਾਲਸਾ ਫ਼ੌਜਾਂ ਨੇ ਨਾਰਨੌਲ, ਕਰਨਾਲ ਅਤੇ ਜੈਪੁਰ 'ਤੇ ਵੀ ਹਮਲੇ ਕੀਤੇ ਤੇ ਬਹੁਤ ਸਾਰਾ ਮਾਲ, ਅਸਬਾਬ ਤੇ ਦੌਲਤ ਲੁੱਟੀ। ਨਵੰਬਰ ਵਿੱਚ ਜੱਸਾ ਸਿੰਘ

ਆਹਲੂਵਾਲੀਆ ਦੀ ਮਿਸਲ ਨੇ ਫ਼ਤਹਿਬਾਦ (ਦਰਿਆ ਬਿਆਸ ਦੇ ਕੰਢੇ) ਵਿੱਚ ਆਪਣੀ ਪੱਕੀ ਹਕੂਮਤ ਕਾਇਮ ਕਰਨ ਦਾ ਐਲਾਨ ਕਰ ਦਿੱਤਾ। 1756 ਦੀ ਅਪ੍ਰੈਲ 'ਚ ਸਿੱਖਾਂ ਨੇ ਫੇਰ ਲਾਹੌਰ ਤੇ ਹਮਲਾ ਕੀਤਾ। ਇੱਕ ਮਹੀਨੇ ਦੇ ਅੰਦਰ-ਅੰਦਰ ਹੀ ਸਿੱਖਾਂ ਨੇ ਕਲਾਨੌਰ, ਬਟਾਲਾ ਅਤੇ ਅੰਮ੍ਰਿਤਸਰ ਦੇ ਆਲੇ-ਦੁਆਲੇ ਦੇ ਇਲਾਕੇ 'ਤੇ ਵੀ ਕਬਜ਼ਾ ਕਰ ਲਿਆ। 1756 ਤੱਕ ਪੰਜਾਬ ਦੇ ਬਹੁਤੇ ਹਿੱਸੇ 'ਤੇ ਸਿੱਖਾਂ ਦੀ ਅਮਲੀ ਹਕੂਮਤ ਕਾਇਮ ਹੋ ਚੁੱਕੀ ਸੀ।

## ਤਿੰਨ ਸਾਲ ਵਿੱਚ ਲਾਹੌਰ ਦੇ 9 ਸੂਬੇਦਾਰ ਅਤੇ ਦੁੱਰਾਨੀ ਦਾ ਚੌਥਾ ਹਮਲਾ

ਮੀਰ ਮਨੂੰ ਦੇ ਮਰਨ ਮਗਰੋਂ ਨਵੰਬਰ 1753 ਤੋਂ ਅਕਤੂਬਰ 1756 ਤੱਕ ਲਾਹੌਰ ਦਰਬਾਰ ਦੇ 9 ਸੂਬੇਦਾਰ ਰਹੇ। ਮੁਗ਼ਲਾਨੀ ਬੇਗ਼ਮ (ਮੀਰ ਮਨੂੰ ਦੀ ਵਿਧਵਾ) ਨੇ ਅਹਿਮਦ ਸ਼ਾਹ ਦੁੱਰਾਨੀ ਨੂੰ ਪੰਜਾਬ 'ਤੇ ਹਮਲਾ ਕਰਨ ਵਾਸਤੇ ਸੱਦਾ ਭੇਜਿਆ। ਦੁੱਰਾਨੀ ਦੀਆਂ ਭੇਜੀਆਂ ਹੋਈਆਂ ਫ਼ੌਜਾਂ ਨੇ 25 ਨਵੰਬਰ 1756 ਨੂੰ ਲਾਹੌਰ ਤੇ ਕਬਜ਼ਾ ਕਰ ਲਿਆ। ਅਹਿਮਦ ਸ਼ਾਹ ਆਪ ਵੀ 20 ਦਸੰਬਰ ਨੂੰ ਲਾਹੌਰ ਪਹੁੰਚ ਗਿਆ। 1757 ਵਿਚ ਦੁਰਾਨੀ ਨੇ ਦਿੱਲੀ ਦੀ ਲੁੱਟਮਾਰ ਕਰਕੇ ਭਰਤਪੁਰ, ਮਥਰਾ, ਬਿੰਦਰਾਬਨ, ਗੋਕੁਲ ਦੀ ਵੀ ਲੁੱਟ-ਮਾਰ ਕੀਤੀ। ...ਦਿੱਲੀ ਤੋਂ ਵਤਨ ਮੁੜ ਜਾਣ ਤੋਂ ਪਹਿਲਾਂ ਅਹਿਮਦ ਸ਼ਾਹ ਨੇ ਲੁੱਟ ਦਾ ਸਾਰਾ ਮਾਲ 28,000 ਗੱਡਿਆਂ, ਬਲਦਾਂ, ਖੋਤਿਆਂ, ਖੱਚਰਾਂ ਅਤੇ ਘੋੜਿਆਂ 'ਤੇ ਲੱਦ ਕੇ ਸਿੱਧਾ ਆਪਣੇ ਵਤਨ ਵੱਲ ਟੋਰ ਦਿੱਤਾ। ਖ਼ਾਲਸਾ ਫ਼ੌਜਾਂ ਨੇ ਇਸ ਕਾਫ਼ਲੇ 'ਤੇ ਹਮਲੇ ਕਰਕੇ ਝਨਾਂ ਦਰਿਆ ਤੱਕ ਜਾਂਦੇ-ਜਾਂਦੇ ਲੁੱਟ ਦੇ ਮਾਲ ਨੂੰ ਕਾਫ਼ੀ ਹਲਕਾ ਕਰ ਦਿੱਤਾ। ਅਹਿਮਦ ਸ਼ਾਹ ਨੇ ਵਾਪਿਸ ਪਰਤਣ ਤੋਂ ਪਹਿਲਾਂ ਸਾਹਰਿੰਦ ਲਾਹੌਰ ਤੇ ਮੁਲਤਾਨ ਨੂੰ ਆਪਣੇ ਰਾਜ ਵਿੱਚ ਮਿਲਾਉਂਣ ਦਾ ਐਲਾਨ ਕਰ ਦਿੱਤਾ ਸੀ।

## ਕਰਤਾਰਪੁਰ (ਜਲੰਧਰ) ਤੇ ਹਮਲਾ

ਇਸ ਲੁੱਟ ਦੇ ਕਾਫ਼ਲੇ ਨਾਲ ਜਾ ਰਹੇ **ਦੁੱਰਾਨੀ ਦੇ ਪੁਤਰ ਤੈਮੂਰ ਅਤੇ ਜਰਨੈਲ ਜਹਾਨ ਖ਼ਾਨ ਨੇ ਕਰਤਾਰਪੁਰ 'ਤੇ ਹਮਲਾ ਕਰਕੇ ਸ਼ਹਿਰ ਨੂੰ ਅੱਗ ਲਗਾ ਦਿਤੀ। ਇਸ ਅੱਗ ਵਿੱਚ ਗੁਰਦੁਆਰਾ ਥੰਮ੍ਹ ਸਾਹਿਬ ਅਤੇ ਗੁਰੂ ਗ੍ਰੰਥ ਸਾਹਿਬ ਦਾ ਪਹਿਲਾ ਸਰੂਪ (ਭਾਈ ਗੁਰਦਾਸ ਲਿਖਤ) ਵੀ ਸੜ ਗਏ (ਦੱਸੇ ਜਾਂਦੇ ਹਨ)। ਮਗਰੋਂ ਧੀਰ ਮੱਲ੍ਹੀਆਂ ਨੇ ਕੁਝ ਪੁਰਾਣੀਆਂ ਹੱਥ ਲਿਖਤ ਬੀੜਾਂ ਹਾਸਿਲ ਕੀਤੀਆਂ, ਜਿਹੜੀਆਂ ਕਿ ਬੰਨੋ ਵਾਲੀ ਖਾਰੀ ਬੀੜ ਦੀਆਂ ਨਕਲਾਂ ਹਨ। ਜਿਹੜਾ ਸਰੂਪ ਉਹ ਭਾਈ ਗੁਰਦਾਸ ਦਾ ਲਿਖਿਆ ਹੋਣ ਦਾ ਦਾਅਵਾ ਕਰਦੇ ਹਨ, ਉਹ ਦਰਅਸਲ ਇਨ੍ਹਾਂ ਵਿੱਚੋਂ ਹੀ ਕੋਈ ਬੀੜ ਹੈ। ਪਰ ਇਹ ਗਲ ਦਿਲਚਸਪ ਹੈ ਕਿ ਉਹ ਕਦੇ ਕਿਸੇ ਇੱਕ ਬੀੜ ਤੇ ਕਦੇ ਦੂਜੀ ਬੀੜ ਨੂੰ ਭਾਈ ਗੁਰਦਾਸ ਦੀ ਬਣਾ ਦੇਂਦੇ ਹਨ।**

## ਤੈਮੂਰ ਵੱਲੋਂ ਗੁਰੂ ਦਾ ਚੱਕ (ਅੰਮ੍ਰਿਤਸਰ) 'ਤੇ ਕਬਜ਼ਾ

ਅਹਿਮਦ ਸ਼ਾਹ ਦੇ ਜਾਣ ਮਗਰੋਂ ਤੈਮੂਰ ਨੇ ਸਿੱਖਾਂ ਵੱਲੋਂ ਆਪਣਾ ਲੁੱਟ ਦਾ ਮਾਲ ਖੋਹੇ ਜਾਣ ਬਦਲੇ ਉਨ੍ਹਾਂ ਨੂੰ ਹੋਰ ਸਜ਼ਾ ਦੇਣ ਦਾ ਫ਼ੈਸਲਾ ਕੀਤਾ। ਮਈ 1757 ਵਿੱਚ ਉਸਨੇ





ਅੰਮ੍ਰਿਤਸਰ 'ਤੇ ਹਮਲਾ ਕਰਕੇ ਇਸ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ। ਉਸ ਨੇ ਰਾਮਗੜ੍ਹ ਕਿਲ੍ਹਾ ਅਤੇ ਦਰਬਾਰ ਸਾਹਿਬ ਨੂੰ ਢਾਹ ਦਿਤਾ ਅਤੇ ਅੰਮ੍ਰਿਤਸਰ ਸਰੋਵਰ ਨੂੰ ਮਲਬੇ ਨਾਲ ਪੂਰ ਦਿੱਤਾ।

## ਭਾਈ ਦੀਪ ਸਿੰਘ ਤੇ ਹਜ਼ਾਰਾਂ ਸਿੱਖਾਂ ਦੀਆਂ ਸ਼ਹੀਦੀਆਂ (11 ਨਵੰਬਰ 1757)

ਦਰਬਾਰ ਸਾਹਿਬ ਢਾਹੁਣ ਮਗਰੋਂ ਤੈਮੂਰ ਨੇ ਸੈਂਕੜੇ ਅਫ਼ਗਾਨ ਫ਼ੌਜਾਂ ਨੂੰ ਅੰਮ੍ਰਿਤਸਰ ਵਿੱਚ ਹੀ ਰਹਿਣ ਦਿਤਾ ਅਤੇ ਇਥੇ ਇੱਕ ਪੱਕੀ ਚੌਕੀ ਬਿਠਾ ਦਿੱਤੀ। ਇਹ ਫ਼ੌਜੀ ਦਰਬਾਰ ਸਾਹਿਬ ਦੀ ਬੇਅਦਬੀ ਕਰਦੇ ਸਨ। ਉਨ੍ਹਾਂ ਦਿਨਾਂ ਵਿੱਚ 'ਦੀਪ ਸਿੰਘ ਦੀ ਮਿਸਲ' ਦਾ ਡੇਰਾ ਤਲਵੰਡੀ ਸਾਬੋ ਵਿੱਚ ਸੀ। ਅਹਿਮਦ ਸ਼ਾਹ ਅਤੇ ਤੈਮੂਰ ਵੱਲੋਂ ਸਿੱਖਾਂ 'ਤੇ ਜ਼ੁਲਮ ਕਰਨ ਅਤੇ ਦਰਬਾਰ ਸਾਹਿਬ ਅਤੇ ਅੰਮ੍ਰਿਤਸਰ ਸਰੋਵਰ ਦੀ ਬੇਅਦਬੀ ਕਰਨ ਦੀ ਖ਼ਬਰ ਜਦੋਂ ਦੀਪ ਸਿੰਘ ਤੱਕ ਪੁੱਜੀ ਤਾਂ ਉਨ੍ਹਾਂ ਨੇ ਦੁੱਰਾਨੀ ਦੀ ਫ਼ੌਜ ਨਾਲ ਦੋ-ਹੱਥ ਕਰਨ ਦਾ ਫ਼ੈਸਲਾ ਕਰ ਲਿਆ। ਉਹ ਆਪਣੇ ਸਾਥੀਆਂ ਸਣੇ ਅੰਮ੍ਰਿਤਸਰ ਵੱਲ ਚੱਲ ਪਏ। ਰਸਤੇ ਵਿੱਚ ਥਾਂ-ਥਾਂ ਤੋਂ ਸਿੱਖ ਭਾਈ ਦੀਪ ਸਿੰਘ ਦੇ ਜਥੇ ਵਿੱਚ ਸ਼ਾਮਿਲ ਹੁੰਦੇ ਗਏ। ਸਿੱਖ ਸੋਮਿਆਂ ਅਨੁਸਾਰ ਪੰਜ ਤੋਂ ਸੱਤ ਹਜ਼ਾਰ ਸਿੱਖ ਇਸ ਜਥੇ ਵਿੱਚ ਸ਼ਾਮਿਲ ਸਨ। ਉਧਰੋਂ ਅਫ਼ਗਾਨ ਜਰਨੈਲ ਜਹਾਨ ਖ਼ਾਨ ਵੀ ਆਪਣੀ ਫ਼ੌਜ ਲੈ ਕੇ ਅੰਮ੍ਰਿਤਸਰ ਵੱਲ ਚੱਲ ਪਿਆ। ਪੱਟੀ ਦੇ ਫ਼ੌਜਦਾਰ ਕਾਸਿਮ ਖ਼ਾਨ ਦੀ ਫ਼ੌਜ ਵੀ ਇਨ੍ਹਾਂ ਦੇ ਨਾਲ ਆ ਗਈ। 11 ਨਵੰਬਰ 1757 ਦੇ ਦਿਨ ਅੰਮ੍ਰਿਤਸਰ ਵਿੱਚ ਲਹੂ-ਵੀਟਵੀਂ ਲੜਾਈ ਹੋਈ। (ਮਿਸਕੀਨ, ਸਫ਼ਾ 162-65)। ਇੱਕ ਸੋਮੇ ਮੁਤਾਬਿਕ ਇਸ ਲੜਾਈ ਵਿੱਚ ਬਹੁਤ ਸਾਰੇ ਅਫ਼ਗਾਨ ਸਿਪਾਹੀ ਮਾਰੇ ਗਏ ਤੇ ਸਾਰੇ ਦੇ ਸਾਰੇ ਸਿੱਖ ਵੀ ਸ਼ਹੀਦ ਹੋ ਗਏ। **ਭਾਈ ਦੀਪ ਸਿੰਘ ਨੇ ਵਡੇਰੀ ਉਮਰ ਹੋਣ ਦੇ ਬਾਵਜੂਦ ਬੜੀ ਬਹਾਦਰੀ ਨਾਲ ਖੰਡਾ ਚਲਾਇਆ। ਉਹ ਲੜਦੇ-ਲੜਦੇ ਦਰਬਾਰ ਸਾਹਿਬ ਵੱਲ ਵਧਦੇ ਗਏ। ਗੁਰਦੁਆਰਾ ਸ਼ਹੀਦਾਂ ਲਾਗੇ ਉਨ੍ਹਾਂ ਦੀ ਗਰਦਨ 'ਤੇ ਤਲਵਾਰ ਦਾ ਇੱਕ ਜ਼ੋਰ ਦਾ ਵਾਰ ਹੋਇਆ, ਜਿਸ ਨਾਲ ਉਨ੍ਹਾਂ ਦੀ ਧੌਣ ਕਾਫ਼ੀ ਹੱਦ ਤੱਕ ਕੱਟੀ ਗਈ, ਪਰ ਉਹ ਇੱਕ ਹੱਥ ਨਾਲ ਸਿਰ ਤੇ ਗਰਦਨ ਨੂੰ ਸੰਭਾਲਦੇ ਹੋਏ ਦੂਜੇ ਹੱਥ ਨਾਲ ਖੰਡਾ ਚਲਾਉਂਦੇ ਗਏ।** (ਭਾਈ ਦੀਪ ਸਿੰਘ ਨੂੰ ਵੇਖ ਕੇ ਅਫ਼ਗਾਨ ਬਹੁਤ ਡਰੇ ਕਿ ਇੱਕ ਸਿੱਖ ਕੱਟੀ ਹੋਈ ਗਰਦਨ ਦੇ ਬਾਵਜੂਦ ਆਹੂ ਲਾਹ ਰਿਹਾ ਹੈ। ਇਸ ਨਾਲ ਅਫ਼ਗਾਨ ਫ਼ੌਜਾਂ ਵਿੱਚ ਦਹਿਸ਼ਤ ਫ਼ੈਲ ਗਈ)। **ਅਖ਼ੀਰ ਅੰਮ੍ਰਿਤਸਰ ਸਰੋਵਰ ਦੀ ਦੱਖਣੀ ਬਾਹੀ ਕੋਲ ਆ ਕੇ ਭਾਈ ਦੀਪ ਸਿੰਘ ਡਿੱਗ ਪਏ ਤੇ ਸ਼ਹੀਦ ਹੋ ਗਏ।**

## ਸਿੱਖਾਂ ਦਾ ਜਲੰਧਰ 'ਤੇ ਕਬਜ਼ਾ

ਦਸੰਬਰ 1757 ਵਿੱਚ ਸਿੱਖਾਂ ਅਤੇ ਅਦੀਨਾ ਬੇਗ਼ ਦੀਆਂ ਸਾਂਝੀਆਂ ਫ਼ੌਜਾਂ ਨੇ ਮਾਹਿਲਪੁਰ (ਹੁਸ਼ਿਆਰਪੁਰ) ਵਿੱਚ ਦੁੱਰਾਨੀ ਫ਼ੌਜਾਂ ਦੇ ਜਰਨੈਲ ਬੁਲੰਦ ਖ਼ਾਨ ਤੇ ਮੁਰਾਦ ਖ਼ਾਨ ਨੂੰ ਕਰਾਰੀ ਹਾਰ ਦਿੱਤੀ। ਇਸ ਲੜਾਈ ਤੋਂ ਪਿੱਛੋਂ ਸਿੱਖ ਫ਼ੌਜਾਂ ਨੇ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਵਿੱਚ ਜਲੰਧਰ 'ਤੇ ਹਮਲਾ ਕੀਤਾ। ਇਸ ਲੜਾਈ ਵਿੱਚ ਅਫ਼ਗਾਨ ਜਰਨੈਲ

ਸੱਦਾਤ ਖ਼ਾਨ ਅਫ਼ਰੀਦੀ ਮਾਰਿਆ ਗਿਆ। ਇਸ ਮਗਰੋਂ **ਸਿੱਖਾਂ ਨੇ ਨਾਸਿਰ ਅਲੀ ਦੀ ਕੱਬਰ ਲੱਭ ਕੇ ਉਸਦੀ ਲਾਸ਼ ਨੂੰ ਕੱਢ ਕੇ ਸਾੜਿਆ ਤੇ ਇੰਵ ਉਸ ਨੂੰ ਕਰਤਾਰਪੁਰ ਦੇ ਗੁਰਦੁਆਰੇ ਅਤੇ ਗੁਰੂ ਗ੍ਰੰਥ ਸਾਹਿਬ ਦਾ ਭਾਈ ਗੁਰਦਾਸ ਦਾ ਲਿਖਿਆ, ਪਹਿਲਾ ਸਰੂਪ ਸਾੜਨ ਦੀ ਸਜ਼ਾ ਦਿੱਤੀ। (ਇੱਕ ਮੁਸਲਮਾਨ ਵਾਸਤੇ ਸਭ ਤੋਂ ਵੱਡੀ ਸਜ਼ਾ ਉਸ ਦੀ ਲਾਸ਼ ਦਾ ਸੜਨਾ ਹੈ।)**

## ਜੱਸਾ ਸਿੰਘ 'ਬੰਦੀ-ਛੋੜ' ਨੇ 2200 ਹਿੰਦੂ ਲੜਕੀਆਂ ਰਿਹਾਅ ਕਰਵਾਈਆਂ

ਜਨਵਰੀ 1761 ਵਿੱਚ, ਦਿੱਲੀ 'ਤੇ ਕਾਬਜ਼ ਹੋ ਚੁੱਕੇ ਮਰਹੱਟਿਆਂ ਅਤੇ ਅਹਿਮਦ ਸ਼ਾਹ ਅਬਦਾਲੀ ਵਿੱਚ ਪਾਨੀਪਤ ਦੇ ਮੈਦਾਨ ਵਿੱਚ ਆਹਮੋਂ-ਸਾਹਮਣਾ ਮੁਕਾਬਲਾ ਹੋਇਆ ਜਿਸ ਵਿੱਚ ਇੱਕ ਤਾਰੀਖ਼ਦਾਨ ਮਾਰੇ ਜਾਣ ਵਾਲੇ ਮਰਹੱਟਿਆਂ ਦੀ ਗਿਣਤੀ ਇੱਕ ਲੱਖ ਦੇ ਕਰੀਬ ਦਸਦਾ ਹੈ। ਇਸ ਤੋਂ ਮਗਰੋਂ ਅਹਿਮਦ ਸ਼ਾਹ ਦੀਆਂ ਫ਼ੌਜਾਂ ਨੇ ਦਿੱਲੀ ਭਾਰੀ ਲੁੱਟ-ਮਾਰ ਕੀਤੀ। **ਚਾਰੇ ਪਾਸਿਓਂ ਚੋਖਾ ਕੀਮਤੀ ਖ਼ਜ਼ਾਨਾ ਲੁਟ ਕੇ, ਹਜ਼ਾਰਾਂ ਖੂਬਸੂਰਤ ਹਿੰਦੂ ਕੁੜੀਆਂ ਗ੍ਰਿਫ਼ਤਾਰ ਕਰਕੇ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਹਿੰਦੂਆਂ ਨੂੰ ਗ਼ੁਲਾਮ ਬਣਾਕੇ ਅਹਿਮਦਸ਼ਾਹ ਵਾਪਿਸ ਵਤਨ ਲਈ ਚੱਲ ਪਿਆ।**

ਅਜੇ ਅਹਿਮਦ ਸ਼ਾਹ ਪੰਜਾਬ ਨਹੀਂ ਸੀ ਪੁੱਜਾ। 10 ਅਪ੍ਰੈਲ 1761 ਦੇ ਦਿਨ ਸਿੱਖਾਂ ਦਾ ਸਰਬੱਤ ਖ਼ਾਲਸਾ ਇਕੱਠ ਅੰਮ੍ਰਿਤਸਰ ਵਿੱਚ ਹੋਇਆ। ਇਸ ਮੌਕੇ 'ਤੇ ਬਹੁਤ ਸਾਰੇ ਹਿੰਦੂ, ਖ਼ਾਲਸਾ ਫ਼ੌਜਾਂ ਦੇ ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਕੋਲ ਆ ਫ਼ਰਿਆਦੀ ਹੋਏ ਤੇ ਉਨ੍ਹਾਂ ਨੇ ਆਪਣੀਆਂ ਧੀਆਂ ਅਹਿਮਦ ਸ਼ਾਹ ਤੋਂ ਛੁਡਵਾਉਂਣ ਲਈ ਅਰਜ਼ੋਈਆਂ ਕੀਤੀਆਂ। ਉਨ੍ਹਾਂ ਵੱਲੋਂ ਕੀਤੀ ਫ਼ਰਿਆਦ ਅਠਾਰਵੀਂ ਸਦੀ ਦੇ ਇਸ ਗੀਤ 'ਚ ਪੇਸ਼ ਕੀਤੀ ਮਿਲਦੀ ਹੈ :

*ਵੇ ਮੋੜੀ ਭਾਈ ਕੱਛ ਵਾਲਿਆ ਸਿਰਦਾਰਾ।*
*ਧੀ ਸਾਡੀ ਗਈ, ਬਸਰੇ ਨੂੰ ਗਈ।*
*ਏਨ੍ਹਾਂ ਦੀਆਂ ਗੁੱਡੀਆਂ ਭੁਆਈਂ ਸਿੰਘਾ ਛਈ।*
*ਵੇ ਮੋੜੀਂ ਭਾਈ ਕੱਛ ਵਾਲਿਆ ਸਿਰਦਾਰਾ।*

**ਹਿੰਦੂਆਂ ਦੇ ਵਿਰਲਾਪ ਅਤੇ ਅਰਜ਼ੋਈਆਂ ਸੁਣ ਕੇ ਜੱਸਾ ਸਿੰਘ ਆਹਲੂਵਾਲੀਆ ਅਤੇ ਹੋਰ ਖ਼ਾਲਸਾ ਜਰਨੈਲਾਂ ਨੇ ਮੁੜ ਰਹੀ ਅਫ਼ਗਾਨ ਫ਼ੌਜ 'ਤੇ ਹਮਲਾ ਕਰ ਦਿੱਤਾ ਅਤੇ ਹਜ਼ਾਰਾਂ (ਇੱਕ ਸੋਮੇ ਮੁਤਾਬਿਕ 2200) ਹਿੰਦੂ ਕੁੜੀਆਂ ਨੂੰ ਰਿਹਾਅ ਕਰਵਾਇਆ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਘਰੋ-ਘਰੀਂ ਛੱਡ ਕੇ ਆਏ। (ਕਨ੍ਹਈਆ ਲਾਲ : ਤਾਰੀਖ਼-ਇ-ਪੰਜਾਬ, ਸਫ਼ਾ 100)। ਅਫ਼ਗਾਨ ਫ਼ੌਜਾਂ 'ਤੇ ਹਮਲੇ ਦੌਰਾਨ ਸਿੱਖਾਂ ਨੇ ਉਨ੍ਹਾਂ ਦਾ ਕਾਫ਼ੀ ਖ਼ਜ਼ਾਨਾ ਤੇ ਅਸਲਾ ਵੀ ਖੋਹ ਲਿਆ। ਸਿੱਖਾਂ ਨੇ ਅਹਿਮਦ ਸ਼ਾਹ ਦੀ ਫ਼ੌਜ ਦਾ ਦਰਿਆ ਸਿੰਧ (ਇੱਕ ਸੋਮੇ ਮੁਤਾਬਿਕ ਦਰਿਆ ਅਟਕ ਤੱਕ) ਤੱਕ ਪਿੱਛਾ ਕੀਤਾ।**

ਹਜ਼ਾਰਾਂ ਹਿੰਦੂ ਕੁੜੀਆਂ ਰਿਹਾਅ ਕਰਵਾਉਂਣ ਦੇ ਕਾਰਨਾਮੇ 'ਤੇ ਲੋਕਾਂ ਨੇ ਜੱਸਾ





ਸਿੰਘ ਅਤੇ ਖ਼ਾਲਸਾ ਫ਼ੌਜ ਨੂੰ 'ਬੰਦੀ-ਛੋੜ' ਦਾ ਖ਼ਿਤਾਬ ਦਿੱਤਾ। (**ਪਰ ਇਸ ਦੇ ਮੁਕਾਬਲੇ ਵਿੱਚ 1984 ਦੀ ਖ਼ੂਨੀ ਨਵੰਬਰ ਵਿੱਚ ਅਹਿਸਾਨ ਫ਼ਰਾਮੋਸ਼ ਹਿੰਦੂ ਦਹਿਸ਼ਤਗਰਦਾਂ ਨੇ ਦਿੱਲੀ ਵਿੱਚ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਅਤੇ ਉਨ੍ਹਾਂ ਦੀਆ ਲੜਕੀਆਂ ਅਗਵਾ ਕਰਕੇ ਉਨ੍ਹਾਂ ਨਾਲ ਵਹਿਸ਼ੀਆਨਾ ਜ਼ਬਰ-ਜ਼ਨਾਹ ਕੀਤਾ**)।

## ਲਾਹੌਰ ਦੁਆਲੇ ਲੜਾਈਆਂ

ਅਹਿਮਦ ਸ਼ਾਹ ਦੁੱਰਾਨੀ ਨੇ ਕਾਬਲ ਪਹੁੰਚਣ ਮਗਰੋਂ ਸਿੱਖਾਂ ਨੂੰ ਸਬਕ ਸਿਖਾਉਂਣ ਦਾ ਫ਼ੈਸਲਾ ਕੀਤਾ। ਉਸ ਨੇ ਆਪਣੇ ਇੱਕ ਜਰਨੈਲ ਨੂਰ-ਉਦ-ਦੀਨ ਬਾਮਜ਼ਈ ਦੀ ਅਗਵਾਈ ਵਿੱਚ ਬਾਰ੍ਹਾਂ ਹਜ਼ਾਰ ਫ਼ੌਜ ਸਿਰਫ਼ ਸਿੱਖਾਂ ਦੇ ਖ਼ਿਲਾਫ਼ ਭੇਜੀ। ਅਗੱਸਤ 1761 ਵਿੱਚ ਝਨਾਂ ਦਰਿਆ ਪਾਰ ਕਰਦਿਆਂ ਹੀ ਇਸ ਦੀ ਟੱਕਰ ਚੜ੍ਹਤ ਸਿੰਘ ਸ਼ੁਕਰਚੱਕੀਆ ਦੀ ਫ਼ੌਜ ਨਾਲ ਹੋ ਗਈ। ਚੜ੍ਹਤ ਸਿੰਘ ਨੇ ਵੀ ਤਿਆਰੀ ਕੀਤੀ ਹੋਈ ਸੀ। ਹੋਰ ਮਿਸਲਾਂ ਦੀਆਂ ਫ਼ੌਜਾਂ ਵੀ ਉਸ ਦਾ ਸਾਥ ਦੇਣ ਲਈ ਪਹੁੰਚੀਆਂ ਹੋਈਆਂ ਸਨ। ਅਫ਼ਗਾਨਾਂ ਅਤੇ ਸਿੱਖਾਂ ਦੀ ਜ਼ਬਰਦਸਤ ਲੜਾਈ ਹੋਈ। ਇਸ ਲੜਾਈ ਵਿੱਚ ਸਿੱਖਾਂ ਨੇ ਅਫ਼ਗਾਨਾਂ ਦੇ ਖ਼ੂਬ ਆਹੂ ਲਾਹੇ। ਸਿੱਖਾਂ ਦੇ ਹਮਲੇ ਦੀ ਮਾਰ ਨਾ ਝਲਦੇ ਹੋਏ ਅਫ਼ਗਾਨ ਫ਼ੌਜੀ ਡਰਕੇ ਭੱਜ ਗਏ ਅਤੇ ਸਿਆਲਕੋਟ ਦੇ ਕਿਲ੍ਹੇ ਵਿੱਚ ਜਾ ਪਨਾਹ ਲਈ। ਸਿੱਖ ਫ਼ੌਜਾਂ ਨੇ ਉਨ੍ਹਾਂ ਦਾ ਪਿੱਛਾ ਕੀਤਾ ਤੇ ਸ਼ਹਿਰ ਨੂੰ ਘੇਰ ਲਿਆ। ਕੁਝ ਹੀ ਦਿਨਾਂ ਵਿਚ ਨੂਰ-ਉਦ-ਦੀਨ ਦੀ ਫ਼ੌਜ ਭੁੱਖੀ ਮਰਨ ਲੱਗ ਪਈ। ਇਸ 'ਤੇ ਇੱਕ ਦਿਨ ਨੂਰ-ਉਦ-ਦੀਨ, ਆਪਣੀ ਫ਼ੌਜ ਨੂੰ ਇਕੱਲਿਆਂ ਛੱਡ ਕੇ, ਇੱਕ ਮੰਗਤੇ ਦੇ ਭੇਸ ਵਿੱਚ ਉੱਥੋਂ ਨਿਕਲ ਗਿਆ। ਇਸ ਮਗਰੋਂ ਇਸ ਫ਼ੌਜ ਨੇ ਹਥਿਆਰ ਸੁੱਟ ਦਿੱਤੇ। ਸਿੱਖਾਂ ਨੇ ਇਨ੍ਹਾਂ ਸਾਰਿਆਂ ਨੂੰ ਮੁਆਫ਼ ਕਰ ਦਿੱਤਾ ਅਤੇ ਵਾਪਿਸ ਘਰ (ਅਫ਼ਗਾਨਿਸਤਾਨ) ਜਾਣ ਦੀ ਇਜਾਜ਼ਤ ਦੇ ਦਿੱਤੀ। (ਮੁਫ਼ਤੀ ਗ਼ੁਲਾਮ ਸਰਵਾਰ : ਤਾਰੀਖ਼-ਇ-ਮਖ਼ਜਨ-ਪੰਜਾਬ, ਸਫ਼ਾ 471; ਸੋਹਨ ਲਾਲ ਸੂਰੀ, ਜਿਲਦ ਦੂਜੀ, ਸਫ਼ੇ 6-7; ਕਨ੍ਹਈਆ ਲਾਲ : ਤਾਰੀਖ਼-ਇ-ਪੰਜਾਬ, ਸਫ਼ਾ 81)।

ਇਸ ਹਾਰ ਦਾ ਬਦਲਾ ਲੈਣ ਲਈ ਲਾਹੌਰ ਦੇ ਸੂਬੇਦਾਰ ਖ਼ਵਾਜ਼ਾ ਅਬੈਦ (ਉਬੈਦ) ਖ਼ਾਨ ਨੇ 9-10 ਹਜ਼ਾਰ ਨਵੀਂ ਫ਼ੌਜ ਭਰਤੀ ਕੀਤੀ। ਉਸ ਨੇ ਸਤੰਬਰ 1761 ਵਿੱਚ ਚੜ੍ਹਤ ਸਿੰਘ 'ਤੇ ਹਮਲਾ ਕਰਨ ਦੀ ਪਲਾਨ ਬਣਾਈ। ਉਸ ਨੇ ਚੜ੍ਹਤ ਸਿੰਘ ਨੂੰ ਗੁਜਰਾਂ ਵਾਲੇ ਕਿਲ੍ਹੇ ਵਿੱਚ ਘੇਰ ਲਿਆ। ਜਦ ਇਸਦਾ ਪਤਾ ਦੂਜੇ ਸਿੱਖ ਆਗੂਆਂ ਨੂੰ ਲੱਗਾ ਤਾਂ ਉਹ ਸਾਰੇ ਆਪਣੀਆਂ ਫ਼ੌਜਾਂ ਲੈਕੇ ਉਥੇ ਪਹੁੰਚ ਗਏ। ਜਦ ਇਸ ਦੀ ਸੋਅ ਖਵਾਜ਼ਾ ਅਬੈਦ ਖ਼ਾਨ ਨੂੰ ਮਿਲੀ ਤਾਂ ਉਹ ਹਮਲੇ ਤੋਂ ਪਹਿਲੀ ਰਾਤ ਨੂੰ ਹੀ ਮੈਦਾਨ ਛੱਡ ਕੇ ਹਿਰਨ ਹੋ ਗਿਆ। ਪਿੱਛੋਂ ਸਿੱਖਾਂ ਨੇ ਉਸ ਦੀ ਫ਼ੌਜ ਤੇ ਹਮਲਾ ਕਰ ਦਿੱਤਾ। ਬੌਖ਼ਲਾਈ ਤੇ ਡਰੀ ਹੋਈ ਫ਼ੌਜ ਲਾਹੌਰ ਨੂੰ ਦੌੜ ਗਈ। ਇਸ ਮੌਕੇ 'ਤੇ ਅਬੈਦ ਖ਼ਾਨ ਦੇ ਬਹੁਤ ਸਾਰੇ ਘੋੜੇ, ਊਠ ਅਤੇ ਕੀਮਤੀ ਅਸਲਾ ਸਿੱਖ ਫ਼ੌਜਾਂ ਦੇ ਹੱਥ ਲਗਾ। (ਸੋਹਨ ਲਾਲ ਸੂਰੀ : ਜਿਲਦ ਦੂਜੀ, ਸਫ਼ਾ 8; ਬਖ਼ਤ ਮੱਲ, ਸਫ਼ਾ 82; ਅਹਿਮਦ ਸ਼ਾਹ ਬਟਾਲੀਆ, ਸਫ਼ਾ 890-91, ਮਿਸਕੀਨ : ਸਫ਼ਾ 237; ਅਲੀ-ਉਦ-ਦੀਨ: ਸਫ਼ਾ 12ਏ; ਖ਼ੁਸਵਕਤ ਰਾਏ : ਸਫ਼ਾ 94-103)।

## ਲਾਹੌਰ 'ਤੇ ਕਬਜ਼ਾ

ਸਿੱਖ ਫ਼ੌਜਾਂ ਨੇ ਬੁਜ਼ਦਿਲ ਅਬੈਦ ਖ਼ਾਨ ਦਾ ਲਾਹੌਰ ਤੱਕ ਪਿੱਛਾ ਕੀਤਾ। ਉਸਨੇ ਸ਼ਹਿਰ ਪੁੱਜ ਕੇ ਸਾਰੇ ਦਰਵਾਜੇ ਬੰਦ ਕਰਵਾ ਦਿਤੇ ਤੇ ਆਪ ਕਿਲ੍ਹੇ ਵਿੱਚ ਵੜ ਕੇ ਬੈਠ ਗਿਆ। ਸਿੱਖ ਫ਼ੌਜਾਂ ਨੇ ਸ਼ਹਿਰ ਨੂੰ ਸਾਰੇ ਪਾਸਿਆਂ ਤੋਂ ਘੇਰ ਲਿਆ। ਲੋਕੀ ਭੁੱਖੇ ਮਰਨ ਲੱਗੇ। ਸਿੱਖ ਲੋਕਾਂ ਨੂੰ ਤੰਗ ਨਹੀਂ ਸਨ ਕਰਨਾ ਚਾਹੁੰਦੇ ਪਰ ਉਹ ਜਾਣਦੇ ਸਨ ਕਿ ਲੋਕ ਮਜ਼ਬੂਰ ਹੋਕੇ ਅਬੈਦ ਖ਼ਾਨ ਨੂੰ ਹਥਿਆਰ ਸੁੱਟਣ ਲਈ ਮਜਬੂਰ ਕਰ ਦੇਣਗੇ। ਸਿੱਖਾਂ ਨੇ ਅਜਿਹਾ ਪਹਿਲਾਂ ਵੀ, ਨਵੰਬਰ 1760 ਵਿੱਚ ਕੀਤਾ ਸੀ ਜਦੋਂ ਮੁਹੰਮਦ ਖ਼ਾਨ ਨੇ ਸਿੱਖਾਂ ਨੂੰ 30 ਹਜ਼ਾਰ ਰੁਪਏ ਨਜ਼ਰਾਨਾ ਦੇ ਕੇ ਘੇਰਾ ਚੁਕਵਾਇਆ ਸੀ।

ਕੁਝ ਚਿਰ ਤਾਂ ਲਾਹੌਰ ਦੇ ਸ਼ਹਿਰੀ ਅਬੈਦ ਖ਼ਾਨ ਨੂੰ ਸਮਝਾਉਂਦੇ ਰਹੇ ਪਰ ਉਹ ਬੁਜ਼ਦਿਲ ਨਾਂ ਤਾਂ ਸਿੱਖਾਂ ਦਾ ਟਾਕਰਾ ਕਰਨ ਵਾਸਤੇ ਤਿਆਰ ਸੀ ਤੇ ਨਾਂ ਹੀ ਹਥਿਆਰ ਸੁੱਟਣ ਵਾਸਤੇ। ਇਹ ਵੇਖ ਕੇ ਸ਼ਹਿਰ ਦੇ ਮੋਹਿਤਬਰ ਲੋਕਾਂ ਨੇ ਇਕੱਠ ਕਰਕੇ ਵਿਚਾਰ ਕੀਤੀ ਕਿ ਸ਼ਹਿਰ ਦੇ ਦਰਵਾਜੇ ਖੋਲ੍ਹ ਦਿਤੇ ਜਾਣ। ਸ਼ਹਿਰ ਵਾਸੀਆਂ ਨੇ ਸਿੱਖ ਫ਼ੌਜਾਂ ਨੂੰ ਜੀਅ ਆਇਆਂ ਆਖਿਆ। ਛੇਤੀ ਹੀ ਕਿਲ੍ਹਾ ਵੀ ਸਿੱਖਾਂ ਦੇ ਕਬਜ਼ੇ ਵਿੱਚ ਆ ਗਿਆ ਅਤੇ ਅਬੈਦ ਖ਼ਾਨ ਇਸ ਲੜਾਈ ਵਿੱਚ ਮਾਰਿਆ ਗਿਆ। ਲਾਹੌਰ ਸ਼ਹਿਰ ਪਿਛਲੇ ਸੱਤ ਸੌ ਸਾਲ ਤੋਂ ਵਿਦੇਸ਼ੀ ਧਾੜਵੀਆਂ ਦੇ ਕਬਜ਼ੇ ਵਿੱਚ ਸੀ। ਕਦੇ ਇਸ 'ਤੇ ਗੌਰੀ ਕਾਬਜ਼ ਰਹੇ, ਕਦੇ ਗ਼ੁਲਾਮ, ਕਦੇ ਖਲਜੀ, ਕਦੇ ਤੁਗ਼ਲਕ, ਕਦੇ ਲੋਧੀ, ਕਦੇ ਮੁਗ਼ਲ ਤੇ ਕਦੇ ਅਫ਼ਗਾਨ। ਇਸ ਨੂੰ ਸਤੰਬਰ 1761 ਵਿੱਚ ਪਹਿਲੀ ਵਾਰੀ ਸਿੱਖਾਂ ਨੇ ਹੀ ਆਜ਼ਾਦ ਕਰਵਾਇਆ ਸੀ। (ਅਹਿਮਦ ਸ਼ਾਹ ਬਟਾਲਵੀ, ਸਫ਼ਾ 889, ਸਿਆਰੁਲ ਮੁਤਾਖ਼ਰੀਨ, ਜਿਲਦ ਤੀਜੀ, ਸਫ਼ਾ 74)।

ਹੁਣ ਮਾਝੇ ਤੇ ਦੋਆਬੇ ਦਾ ਬਹੁਤਾ ਹਿੱਸਾ ਸਿੱਖਾਂ ਦੀ ਕਮਾਂਡ ਹੇਠ ਸੀ। ਪਟਿਆਲਾ, ਬਰਨਾਲਾ ਵਗ਼ੈਰਾ ਵਿੱਚ ਪਹਿਲਾਂ ਹੀ ਆਲਾ ਸਿੰਘ ਖ਼ਾਨਦਾਨ ਦੀ ਹਕੂਮਤ ਕਾਇਮ ਹੋ ਚੁੱਕੀ ਸੀ।

## ਵੱਡਾ ਘੱਲੂਘਾਰਾ (5 ਫ਼ਰਵਰੀ 1762)

ਅਹਿਮਦਸ਼ਾਹ ਜਨਵਰੀ 1761 ਵਿੱਚ, ਏਸ਼ੀਆ ਦੀ ਦੂਜੀ ਵੱਡੀ ਤਾਕਤ, ਮਰਹੱਟਿਆਂ ਨੂੰ ਪਾਣੀਪਤ ਦੇ ਮੈਦਾਨ ਵਿੱਚ ਬੁਰੀ ਤਰ੍ਹਾਂ ਹਰਾ ਚੁੱਕਾ ਸੀ। ਹੁਣ ਉਹ ਸਿੱਖਾਂ ਨੂੰ ਸਬਕ ਸਿਖਾਉਂਣ ਲਈ ਕਾਬਲ ਤੋਂ ਚੱਲ ਪਿਆ। ਜੰਡਿਆਲਾ ਤੋਂ ਆਕਲ ਦਾਸ (ਹਰਭਗਤ) ਨਿਰੰਜਨੀਆਂ ਸੂਹੀਏਂ ਦੇ ਤੌਰ ਤੇ ਉਸਦੇ ਨਾਲ ਰਲ ਗਿਆ। 3 ਫ਼ਰਵਰੀ 1762 ਨੂੰ ਉਸ ਨੂੰ ਖ਼ਬਰ ਮਿਲੀ ਕਿ ਸਿੱਖ ਮਲੇਰਕੋਟਲਾ ਤੋਂ 16-17 ਕਿਲੋਮੀਟਰ ਦੂਰ ਪਿੰਡ ਰਾਏਪੁਰ ਗੁੱਜਰਵਾਲ ਕੋਲ ਰੁਕੇ ਹੋਏ ਹਨ। ਇਸ ਵੇਲੇ ਉਸ ਕੋਲ ਇੱਕ ਲੱਖ ਤੋਂ ਵੱਧ ਫ਼ੌਜ, ਕਈ ਤੋਪਾਂ ਅਤੇ ਬੇਸ਼ੁਮਾਰ ਅਸਲਾ ਸੀ। ਉਸਨੇ ਲਾਹੌਰ ਤੋਂ ਮਲੇਰਕੋਟਲਾ ਦਾ ਸਫ਼ਰ, ਤਕਰੀਬਨ 225 ਕਿਲੋਮੀਟਰ, ਡੇਢ ਦਿਨ ਵਿੱਚ ਮੁਕਾ ਲਿਆ ਅਤੇ ਮਲੇਰਕੋਟਲੇ ਦੇ ਨੇੜੇ ਪੁੱਜ ਗਿਆ। ਉਸ ਨੇ ਆਪਣੀ ਫ਼ੌਜ ਨੂੰ ਤਿੰਨ ਹਿੱਸਿਆਂ ਵਿੱਚ ਵੰਡਿਆ ਅਤੇ ਬੇਖ਼ਬਰ ਬੈਠੇ ਸਿੱਖਾਂ ਨੂੰ ਸਾਰੇ





ਪਾਸਿਆਂ ਤੋਂ ਘੇਰ ਲਿਆ। ਉਸ ਵਕਤ ਸਿੱਖਾਂ ਦੇ ਨਾਲ ਉਨ੍ਹਾਂ ਦੇ ਟੱਬਰ ਵੀ ਸਨ। ਇਨ੍ਹਾਂ ਵਿੱਚ 5 ਹਜ਼ਾਰ ਦੇ ਕਰੀਬ ਬੀਬੀਆਂ ਅਤੇ ਬੱਚਿਆਂ ਸਣੇ ਸਿੱਖਾਂ ਦੀ ਕੁੱਲ ਗਿਣਤੀ 40 ਤੋਂ 50 ਹਜ਼ਾਰ ਦੇ ਕਰੀਬ ਸੀ। ਇਸ ਹਾਲਤ ਵਿੱਚ **ਸਿੱਖਾਂ ਕੋਲ ਕੋਈ ਚਾਰਾ ਨਹੀਂ ਸੀ ਕਿ ਉਹ ਘੇਰਾ ਤੋੜਕੇ ਨਿਕਲਣ ਦੀ ਕੋਸ਼ਿਸ਼ ਕਰਦੇ। ਇਸ ਕਰਕੇ ਸਿੱਖਾਂ ਨੇ ਇੱਕ ਵਹੀਰ** (**ਚਲਦੇ-ਫਿਰਦੇ ਕਿਲ੍ਹੇ**) **ਦੀ ਸ਼ਕਲ ਵਿੱਚ ਬਰਨਾਲੇ ਵੱਲ ਵਧਣਾ ਸ਼ੁਰੂ ਕਰ ਦਿੱਤਾ ਵਹੀਰ ਦੇ ਸਾਰੇ ਪਾਸੇ ਤਕੜੇ ਜਵਾਨ ਸਨ ਤੇ ਵਿਚਕਾਰ ਟੱਬਰ ਸਨ। ਸਿੱਖ ਹੌਲੀ-ਹੌਲੀ ਅੱਗੇ ਵੀ ਵਧਦੇ ਗਏ ਤੇ ਨਾਲ ਹੀ ਲੜਦੇ ਵੀ ਗਏ।** ਅਫ਼ਗਾਨ ਫ਼ੌਜਾਂ ਸਿੱਖਾਂ ਦਾ 40 ਕਿਲੋਮੀਟਰ ਤੱਕ ਘਾਣ ਕਰਦੀਆਂ ਗਈਆਂ। ਹੁਣ ਅਫ਼ਗਾਨ ਫ਼ੌਜਾਂ ਵੀ ਥੱਕ ਚੁੱਕੀਆਂ ਸਨ। ਉਹ ਲਗਾਤਾਰ ਡੇਢ ਦਿਨ ਚਲਦੇ ਰਹੇ ਸਨ ਤੇ ਉਸ ਮਗਰੋਂ 15 ਘੰਟੇ ਲੜਦੇ ਰਹੇ ਸਨ। ਹੁਣ ਉਹ ਪਿਆਸੇ, ਭੁੱਖੇ ਤੇ ਥੱਕੇ ਹੋਏ ਸਨ। ਉਨ੍ਹਾਂ ਨੂੰ ਕੁਤਬਾ ਪਿੰਡ ਤੋਂ ਕੁੱਝ ਅੱਗੇ ਪਾਣੀ ਦੀ ਢਾਬ ਨਜ਼ਰ ਆਈ। ਬਹੁਤੇ ਫ਼ੌਜੀ ਪਾਣੀ ਪੀਣ ਵਾਸਤੇ ਇੱਕ ਦੂਜੇ ਨੂੰ ਪਿੱਛੇ ਧੱਕਣ ਲੱਗ ਪਏ। ਦੂਜੇ ਪਾਸੇ ਸਿੱਖ ਆਪਣੀਆਂ ਜਾਨਾਂ ਬਚਾਉਣ ਵਾਸਤੇ ਭੱਜੇ ਜਾ ਰਹੇ ਸਨ।

**ਇਸ ਜਦੋਜਹਿਦ ਵਿੱਚ ਤਕਰੀਬਨ 25-30 ਹਜ਼ਾਰ ਸਿੱਖ ਸ਼ਹੀਦ ਹੋ ਗਏ। ਸ਼ਹੀਦ ਹੋਣ ਵਾਲਿਆਂ ਵਿੱਚ ਬਹੁਤ ਸਾਰੀਆਂ ਬੀਬੀਆਂ ਅਤੇ ਬੱਚੇ ਸਨ। ਸਿੱਖ ਤਵਾਰੀਖ਼ ਵਿੱਚ ਇਸ ਨੂੰ (ਪਹਿਲੀ ਮਈ 1746 ਦੇ ਘੱਲੂਘਾਰੇ ਦੇ ਮੁਕਾਬਲੇ ਵਿੱਚ) ਵੱਡਾ ਘੱਲੂਘਾਰਾ ਆਖ ਕੇ ਚੇਤੇ ਕੀਤਾ ਜਾਂਦਾ ਹੈ। ਇਸ ਘੱਲੂਘਾਰੇ ਵਿੱਚ ਜੱਸਾ ਸਿੰਘ ਆਹਲੂਵਾਲੀਆ ਤੇ ਚੜ੍ਹਤ ਸਿੰਘ ਸ਼ੁਕਰਚੱਕੀਆ ਨੇ ਬਹੁਤ ਕਮਾਲ ਦਾ ਰੋਲ ਅਦਾ ਕੀਤਾ। ਇਨ੍ਹਾਂ ਦੋਹਾਂ ਜਰਨੈਲਾਂ ਨੂੰ ਤੀਰਾਂ, ਬਰਛਿਆਂ ਤੇ ਤਲਵਾਰਾਂ ਦੇ 20-20 ਤੋਂ ਵੱਧ ਜ਼ਖ਼ਮ ਆਏ ਸਨ ਤੇ ਦੂਜੇ ਸਿੱਖਾਂ ਨੂੰ ਵੀ 5 ਤੋਂ 7 ਜ਼ਖ਼ਮ ਜਰੂਰ ਆਏ ਸਨ।**

ਅਹਿਮਦ ਸ਼ਾਹ ਨੇ ਹਜ਼ਾਰਾਂ ਸਿੱਖਾਂ ਦਾ ਕਤਲ ਤਾਂ ਕਰ ਦਿੱਤਾ ਸੀ ਪਰ ਉਹ ਹੁਣ ਅੰਦਰੋ-ਅੰਦਰੀ ਡਰਦਾ ਵੀ ਸੀ ਕਿ ਸਿੱਖ ਇਸ ਕਤਲੇਆਮ ਦਾ ਜਵਾਬ ਜਰੂਰ ਦੇਣਗੇ। ਉਸਨੇ ਆਪਣੇ ਵਫ਼ਾਦਾਰ ਰਾਜੇ ਆਲਾ ਸਿੰਘ ਰਾਹੀਂ ਸਿੱਖਾਂ ਨਾਲ ਰਸਾਈ ਕਰਨ ਦੀ ਕੋਸ਼ਿਸ਼ ਕੀਤੀ। ਉਸਨੇ ਸਿੱਖਾਂ ਨੂੰ ਪੇਸ਼ਕਸ਼ ਕੀਤੀ ਕਿ ਉਹ ਉਸ ਨਾਲ ਇਲਾਕੇ ਦੀ ਵੰਡ ਕਰ ਲੈਣ ਅਤੇ ਇੱਕ-ਦੂਜੇ ਦੇ ਇਲਾਕੇ ਵਿੱਚ ਦਖ਼ਲ ਨਾ ਦੇਣ। ਸਿੱਖ ਆਗੂਆਂ ਨੇ ਅਹਿਮਦ ਸ਼ਾਹ ਨੂੰ ਜਵਾਬ ਭੇਜਿਆ ਕਿ ਕਦੇ ਵੀ ਕਿਸੇ ਨੂੰ ਥਾਲੀ ਵਿੱਚ ਪਾ ਕੇ ਰਾਜ ਨਹੀਂ ਮਿਲਦਾ। ਸਿੱਖਾਂ ਦਾ ਉਸ ਨਾਲ ਕੋਈ ਮੇਲ ਨਹੀਂ। ਉਹ ਤਾਂ ਵਿਦੇਸ਼ੀ ਹਮਲਾਵਰ ਹੈ ਤੇ ਪੰਜਾਬ ਵਿੱਚ ਆਪਣੀ ਹਕੂਮਤ ਕਾਇਮ ਕਰਨਾ ਚਾਹੁੰਦਾ ਹੈ ਤੇ ਸਿੱਖ ਵਿਦੇਸ਼ੀ ਹਕੂਮਤ ਦੇ ਬਿਲਕੁਲ ਖ਼ਿਲਾਫ਼ ਹਨ। ਉਸਦਾ ਤੇ ਸਿੱਖਾਂ ਦਾ ਮੇਲ ਬਾਰੂਦ ਤੇ ਅੱਗ ਦੇ ਮੇਲ ਵਾਂਗ ਹੈ। ਸਿੱਖ ਨੂੰ ਖ਼ੁਦਮੁਖ਼ਤਿਆਰੀ ਅਕਾਲ ਪੁਰਖੁ ਨੇ ਦੇਣੀ ਹੈ ਤੇ ਇਹ ਸਿੱਖਾਂ ਨੇ ਸਿਰ ਦੇ ਕੇ ਹਾਸਿਲ ਕਰਨੀ ਹੈ ਨਾ ਕਿ ਕਿਸੇ ਤੋਂ ਮੰਗ ਕੇ (ਰਤਨ ਸਿੰਘ ਭੰਗੂ, ਸਫ਼ਾ 473)।

## ਦਰਬਾਰ ਸਾਹਿਬ ਢਾਹੁਣਾ

10 ਅਪ੍ਰੈਲ 1762 ਦੇ ਦਿਨ ਅਹਿਮਦ ਸ਼ਾਹ ਨੇ, ਸਾਹਮਣੇ ਖੜ੍ਹੇ ਹੋ ਕੇ, ਅਕਾਲ

ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ ਦੀਆਂ ਅਜੇ ਅਧੂਰੀਆਂ ਬਣੀਆਂ ਇਮਾਰਤਾਂ ਢਾਹ ਦਿੱਤੀਆਂ ਅਤੇ ਸਰੋਵਰ ਨੂੰ ਮਲਬੇ ਤੇ ਹੱਡੀਆਂ ਨਾਲ ਭਰ ਦਿੱਤਾ। "ਇਹ ਵੀ ਕਿਹਾ ਜਾਂਦਾ ਹੈ ਕਿ ਅਕਾਲ ਤਖ਼ਤ ਸਾਹਿਬ ਨੂੰ ਬਾਰੂਦ ਨਾਲ ਉਡਾਂਦਿਆਂ ਇੱਕ ਇੱਟ ਉਸ ਦੇ ਨੱਕ ਤੇ ਜਾ ਵੱਜੀ। ਇਸ ਇੱਟ ਨਾਲ ਹੋਇਆ ਜ਼ਖ਼ਮ ਕਦੇ ਵੀ ਠੀਕ ਨਾ ਹੋ ਸਕਿਆ ਅਤੇ ਇਸ ਜ਼ਖ਼ਮ ਨੇ ਹੀ ਅਖ਼ੀਰ ਅਹਿਮਦ ਸ਼ਾਹ ਦੀ ਜਾਨ ਲੈ ਲਈ। (ਪਰ ਇਸ ਗੱਲ ਦੀ ਤਸਦੀਕ ਕਿਸੇ ਫ਼ਾਰਸੀ ਸੋਮੇ ਤੋਂ ਨਹੀਂ ਹੁੰਦੀ। ਉਂਞ ਅਹਿਮਦ ਸ਼ਾਹ ਦੀ ਮੌਤ ਇਸ ਤੋਂ ਦਸ ਸਾਲ ਬਾਅਦ 1772 ਵਿੱਚ ਹੋਈ ਸੀ)।

## ਖ਼ਾਲਸੇ ਦਾ ਚੜ੍ਹਦੀ ਕਲਾ ਦਾ ਤਵਾਰੀਖ਼ੀ ਗੁਰਮਤਾ

**9 ਅਪ੍ਰੈਲ 1762 ਦੇ ਦਿਨ ਖਿਦਰਾਣੇ ਦੀ ਢਾਬ (ਮੁਕਤਸਰ) ਵਿੱਚ ਸਰਬੱਤ ਖ਼ਾਲਸਾ ਦਾ ਇਕੱਠ ਹੋਇਆ। ਇਸ ਇਕੱਠ ਵਿੱਚ ਵੱਡੇ ਘੱਲੂਘਾਰੇ ਦੇ ਸ਼ਹੀਦ ਹੋਏ ਸਿੰਘਾਂ ਸਿੰਘਣੀਆਂ ਤੇ ਬੱਚਿਆਂ ਨੂੰ ਅਕੀਦਤ ਪੇਸ਼ ਕਰਨ ਵਜੋਂ ਇੱਕ ਗੁਰਮਤਾ ਕੀਤਾ ਗਿਆ। ਇਸ ਗੁਰਮਤੇ ਵਿੱਚ ਆਖਿਆ ਗਿਆ ਸੀ ਕਿ, "ਸ਼ਹੀਦੀਆਂ ਨਾਲ ਸਾਡਾ (ਮਨਾਂ ਦਾ) ਖੋਟ ਝੜ ਗਿਆ ਹੈ ਅਤੇ ਅਸੀਂ ਕੁੰਦਨ ਹੋ ਗਏ ਹਾਂ ਤੇ ਹੁਣ ਅਸੀਂ ਅਹਿਮਦ ਸ਼ਾਹ ਦਾ ਆਹਮਣੇ-ਸਾਹਮਣੇ ਟਾਕਰਾ ਕਰਾਂਗੇ।" ਇਹ ਖ਼ਾਲਸੇ ਦੀ ਲਾਸਾਨੀ ਚੜ੍ਹਦੀ ਕਲਾ ਸੀ ਕਿ ਤਕਰੀਬਨ ਅੱਧੀ ਕੌਮ ਸ਼ਹੀਦ ਹੋਣ ਮਗਰੋਂ ਵੀ ਉਹ ਇਹੋ ਜਿਹਾ ਗੁਰਮਤਾ ਕਰ ਸਕਦੇ ਸਨ। ਇਹੋ ਜਿਹੇ ਖ਼ੌਫ਼ਨਾਕ ਸਾਕੇ ਮਗਰੋਂ ਵੀ ਉਹ ਦੁਨੀਆਂ ਦੀ ਸਭ ਤੋ ਵੱਡੀ ਦਹਿਸ਼ਤ ਨਾਲ ਟੱਕਰ ਲੈਣ ਵਾਸਤੇ ਤਿਆਰ ਸਨ ਅਤੇ ਅਜਿਹੇ ਸਨ ਸਿੱਖਾਂ ਦੇ ਹੌਂਸਲੇ, ਸਿੱਖਾਂ ਦੀ ਰੂਹਾਨੀ ਤਾਕਤ ਤੇ ਸਿੱਖਾਂ ਦਾ ਮਜ਼ਬੂਤ ਇਰਾਦਾ। ਸਿੱਖਾਂ ਨੇ ਚੜ੍ਹਦੀ ਕਲਾ ਗੁਰੂ ਨਾਨਕ ਸਾਹਿਬ ਤੋਂ ਹਾਸਿਲ ਕੀਤੀ ਸੀ, ਗੁਰਬਾਣੀ (ਸ਼ਬਦ-ਗੁਰੂ) ਤੋਂ ਸਿੱਖੀ ਸੀ, ਸ਼ਹੀਦੀ ਗੁਰੂ ਸਾਹਿਬਾਨ ਤੋਂ ਅਤੇ ਸ਼ਹੀਦਾਂ, ਮੁਰੀਦਾਂ, ਜੁਝਾਰੂਆਂ ਤੋਂ ਵਿਰਸੇ ਵਿੱਚ ਲਈ ਸੀ।**

## ਸਿੱਖਾਂ ਵੱਲੋਂ ਸਾਹਰਿੰਦ 'ਤੇ ਹਮਲਾ

ਖਿਦਰਾਣੇ ਦੀ ਢਾਬ ਦੇ ਗੁਰਮਤੇ 'ਤੇ ਅਮਲ ਵਜੋਂ ਸਿੱਖਾਂ ਨੇ ਮਈ 1762 ਵਿੱਚ ਸਾਹਰਿੰਦ 'ਤੇ ਹਮਲਾ ਕੀਤਾ। (ਬਰਾਊਨ, ਜਿਲਦ ਦੂਜੀ, ਸਫ਼ਾ 25-26, ਫ਼ਾਰਸਟਰ, ਜਿਲਦ ਪਹਿਲੀ, ਸਫ਼ਾ 100-101)। ਸਿੱਖਾਂ ਦੇ ਇਸ ਅਚਾਨਕ ਹਮਲੇ ਨੇ ਸਰਹਿੰਦ ਦੇ ਸੂਬੇਦਾਰ ਜੈਨ ਖ਼ਾਨ ਦੇ ਗੋਡੇ ਲੁਆ ਦਿੱਤੇ ਅਤੇ ਉਸਨੇ ਸਿੱਖਾਂ ਨੂੰ 50 ਹਜ਼ਾਰ ਰੁਪਏ ਨਜ਼ਰਾਨਾ ਦੇਣਾ ਮੰਨ ਲਿਆ। ਅਹਿਮਦ ਸ਼ਾਹ ਅਜੇ ਲਾਹੌਰ ਵਿੱਚ ਹੀ ਸੀ। ਜਦ ਇਸ ਦੀ ਖ਼ਬਰ ਉਸ ਨੂੰ ਪੁੱਜੀ ਤਾਂ ਉਹ ਬੜਾ ਡਰਿਆ। ਅਫ਼ਗ਼ਾਨਾਂ ਦੀ ਲੁੱਟਮਾਰ ਨੇ ਫਸਲਾਂ ਦੀ ਤਬਾਹੀ ਕਰ ਦਿੱਤੀ ਅਤੇ ਚਾਰੇ ਪਾਸੇ ਅੰਨ ਦਾ ਕਾਲ ਪੈ ਗਿਆ। ਲੋਕ ਸਿੱਖਾਂ ਵੱਲੋਂ ਦਿੱਤੀ 'ਰਾਖੀ' ਦੇ ਦਿਨਾਂ ਨੂੰ ਯਾਦ ਕਰਨ ਲੱਗ ਪਏ।

## ਅਹਿਮਦਸ਼ਾਹ ਨਾਲ ਦੋ-ਦੋ ਹੱਥ

16-17 ਅਕਤੂਬਰ 1762 ਦੇ ਦਿਨ ਹਿੰਦੂ ਦੀਵਾਲੀ ਦਾ ਤਿਉਹਾਰ ਮਨਾ ਰਹੇ





ਸਨ। ਇਸ ਦਿਨ ਸਰਬੱਤ ਖ਼ਾਲਸਾ ਦਾ ਇਕੱਠ ਅਕਾਲ ਤਖ਼ਤ ਸਾਹਿਬ 'ਤੇ ਹੋਇਆ। ਇਸ ਮੌਕੇ ਦਰਬਾਰ ਸਾਹਿਬ ਵਿੱਚ 30-40 ਹਜ਼ਾਰ ਦੇ ਕਰੀਬ ਸਿੱਖ ਇਕੱਠੇ ਹੋਏ ਸਨ। ਇਸ ਦਿਨ ਸਰਬੱਤ ਖ਼ਾਲਸਾ ਨੇ ਗੁਰਮਤਾ ਕੀਤਾ ਕਿ ਹੁਣ ਅਹਿਮਦ ਸ਼ਾਹ ਨਾਲ ਆਹਮੋ-ਸਾਹਮਣੇ ਤੇ ਫ਼ੈਸਲਾਕੁਨ ਲੜਾਈ ਕਰਨ ਦਾ ਮੌਕਾ ਆ ਗਿਆ ਹੈ। ਉਧਰ ਅਹਿਮਦ ਸ਼ਾਹ ਦੁੱਰਾਨੀ ਨੇ ਵੀ ਸਿੱਖਾਂ 'ਤੇ ਇੱਕ ਹੋਰ ਹਮਲਾ ਕਰਨ ਦੀ ਪਲਾਨਿੰਗ ਕੀਤੀ ਹੋਈ ਸੀ। ਜਦੋਂ ਉਸ ਨੂੰ ਪਤਾ ਲਗਾ ਕਿ ਸਿੱਖ ਅੰਮ੍ਰਿਤਸਰ ਇਕੱਠੇ ਹੋਏ ਹਨ ਤਾਂ ਉਹ ਵੀ ਫ਼ੌਜ ਲੈ ਕੇ ਇਧਰ ਵੱਲ ਆ ਗਿਆ ਅਤੇ ਅੰਮ੍ਰਿਤਸਰ ਤੋਂ 6 ਮੀਲ ਦੂਰ ਪੜਾਅ ਕੀਤਾ। ਉਸਨੇ ਆਪਣੇ ਏਲਚੀ ਸਿੱਖਾਂ ਵੱਲ ਭੇਜੇ ਅਤੇ ਈਨ ਮੰਨਣ ਵਾਸਤੇ ਕਿਹਾ। ਸਿੱਖਾਂ ਨੇ ਅਹਿਮਦ ਸ਼ਾਹ ਦੇ ਏਲਚੀਆਂ ਨੂੰ ਜਵਾਬ ਦਿੱਤਾ ਕਿ, **"ਸਿੱਖ ਕਦੇ ਕਿਸੇ ਦੀ ਈਨ ਨਹੀਂ ਮੰਨਦੇ ਤੇ ਜੇ ਅਹਿਮਦ ਸ਼ਾਹ ਸਿੱਖਾਂ ਦੇ ਹੱਥ ਵੇਖਣੇ ਚਾਹੁੰਦਾ ਹੈ ਤਾਂ ਮੁਕਾਬਲੇ ਵਿੱਚ ਆ ਜਾਵੇ। ਅਸੀਂ ਤਾਂ ਉਸ ਨੂੰ ਸਦਾ ਵਾਸਤੇ ਸਿੱਖ-ਮੁਲਕ ਵਿੱਚੋਂ ਕੱਢਣਾ ਹੈ।"** [ਜੇਮਜ਼ ਬਰਾਊਨ : ਹਿਸਟਰੀ ਆਫ਼ ਰਾਈਜ਼ ਐਂਡ ਪਰਾਗਰੈਸ ਆਫ਼ ਦ ਸਿੱਖਜ਼, (1788), ਸਫ਼ਾ 25]।

ਹੁਣ, ਅੰਮ੍ਰਿਤਸਰ ਸ਼ਹਿਰ ਦੇ ਬਾਹਰ ਅਹਿਮਦ ਸ਼ਾਹ ਅਤੇ ਖ਼ਾਲਸਾ ਫ਼ੌਜ ਵਿਚਕਾਰ ਲਹੂ-ਡੋਲ੍ਹਵੀਂ ਜੰਗ ਹੋਈ। ਅਹਿਮਦ ਸ਼ਾਹ ਦੀ ਅੱਧੀ ਫ਼ੌਜ ਕਸ਼ਮੀਰ 'ਤੇ ਹਮਲਾ ਕਰਨ ਗਈ ਹੋਈ ਸੀ। ਪਰ ਫਿਰ ਵੀ ਉਸ ਕੋਲ ਅਜੇ 50 ਹਜ਼ਾਰ ਦੇ ਕਰੀਬ ਫ਼ੌਜ ਸੀ ਤੇ ਖ਼ਾਲਸਾ ਫ਼ੌਜਾਂ ਦੀ ਗਿਣਤੀ ਕੋਈ 30-40 ਹਜ਼ਾਰ ਦੇ ਕਰੀਬ ਸੀ। ਇਸ ਲੜਾਈ ਵਿੱਚ ਸਿੱਖਾਂ ਨੇ ਅਫ਼ਗ਼ਾਨਾਂ ਦੇ ਖ਼ੂਬ ਆਹੂ ਲਾਹੇ। ਹਜ਼ਾਰਾਂ ਅਫ਼ਗਾਨ ਫ਼ੌਜੀ ਮਾਰੇ ਗਏ ਅਤੇ ਸੈਂਕੜੇ ਗ੍ਰਿਫ਼ਤਾਰ ਕਰ ਲਏ ਗਏ। **ਉਸ ਵੇਲੇ ਦੀ ਦੁਨੀਆਂ ਦੀ ਸਭ ਤੋਂ ਵੱਡੀ ਦਹਿਸ਼ਤ, ਉਨ੍ਹਾਂ ਸਿੱਖਾਂ ਹੱਥੋਂ ਬੁਰੀ ਤਰ੍ਹਾਂ ਮਾਰ ਖਾ ਗਿਆ, ਜਿਨ੍ਹਾਂ ਦੀ ਅੱਧੀ ਦੇ ਕਰੀਬ ਆਬਾਦੀ ਨੂੰ ਸਿਰਫ਼ ਅੱਠ ਮਹੀਨੇ ਪਹਿਲਾਂ ਕੁੱਪ-ਰਹੀੜਾ ਦੇ ਇਲਾਕੇ ਵਿੱਚ ਉਸਨੇ ਖ਼ਤਮ ਕਰ ਦਿੱਤਾ ਸੀ।**

**ਹਾਰਨ ਮਗਰੋਂ, ਬੇਇੱਜ਼ਤ, ਕਮਜ਼ੋਰ ਅਤੇ ਉਦਾਸ ਹੋਇਆ ਅਹਿਮਦ ਸ਼ਾਹ ਰਾਤ ਦੇ ਹਨੇਰੇ ਵਿੱਚ ਅੰਮ੍ਰਿਤਸਰ ਤੋਂ ਵਾਪਿਸ ਲਾਹੌਰ ਚਲਾ ਗਿਆ। ਇਸ ਮਗਰੋਂ ਅਹਿਮਦ ਸ਼ਾਹ ਦੋ ਮਹੀਨੇ ਉਥੇ ਰਿਹਾ ਪਰ ਉਸ ਨੇ ਅੰਮ੍ਰਿਤਸਰ ਵੱਲ ਫਿਰ ਮੂੰਹ ਨਾ ਕੀਤਾ।** ਉਹ 12 ਦਸੰਬਰ 1762 ਨੂੰ ਵਾਪਿਸ ਆਪਣੇ ਵਤਨ ਮੁੜ ਗਿਆ। ਉਸ ਨੇ ਵਾਪਿਸ ਜਾਣ ਤੋਂ ਪਹਿਲਾਂ ਇੱਕ ਵਾਰ ਫੇਰ ਸਿੱਖਾਂ ਨਾਲ ਸਮਝੌਤਾ ਕਰਨ ਦੀ ਕੋਸ਼ਿਸ਼ ਕੀਤੀ, ਪਰ ਸਿੱਖਾਂ ਨੇ ਇੱਕ ਜ਼ਾਲਮ ਨਾਲ ਕਿਸੇ ਵੀ ਤਰ੍ਹਾਂ ਦਾ ਮੇਲ ਰੱਖਣ ਤੋਂ ਨਾਂਹ ਕਰ ਦਿੱਤੀ। ਵਾਪਿਸ ਜਾਂਦੇ ਅਹਿਮਦ ਸ਼ਾਹ ਦਾ ਖ਼ਾਲਸਾ ਫ਼ੌਜਾਂ ਨੇ ਝਨਾਂ ਦਰਿਆ ਤੱਕ ਪਿੱਛਾ ਕੀਤਾ ਅਤੇ ਉਸਦਾ ਬਹੁਤ ਨੁਕਸਾਨ ਕੀਤਾ। **ਕਈ ਵਾਰ ਤਾਂ ਖ਼ਾਲਸਾ ਫ਼ੌਜਾਂ ਅਹਿਮਦ ਸ਼ਾਹ ਦੇ ਆਪਣੇ ਖੇਮੇ ਦੇ ਬਹੁਤ ਨੇੜੇ ਤੱਕ ਵੀ ਹਮਲਾ ਕਰਦੀਆਂ ਸਨ ਤੇ ਉਹ ਡਰ ਨਾਲ ਕੰਬ ਜਾਂਦਾ ਸੀ। ਹੁਣ ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਉਹ ਸਿੱਖਾਂ ਦਾ ਸਿੱਧਾ ਮੁਕਾਬਲਾ ਵੀ ਨਹੀਂ ਕਰ ਸਕੇਗਾ।**

## ਕਸੂਰ ਦੇ ਇੱਕ ਬ੍ਰਾਹਮਣ ਦੀ ਬੀਵੀ ਛੁਡਾਉਂਣਾ

10 ਅਪ੍ਰੈਲ 1763 ਦੇ ਦਿਨ ਜਦੋਂ ਖ਼ਾਲਸਾ ਫ਼ੌਜਾਂ ਦਾ ਇੱਕ ਇਕੱਠ ਅਕਾਲ ਤਖ਼ਤ

ਸਾਹਿਬ ’ਤੇ ਹੋ ਰਿਹਾ ਸੀ ਤਾਂ ਕਸੂਰ ਦਾ ਇੱਕ ਬ੍ਰਾਹਮਣ ਅਕਾਲ ਤਖ਼ਤ ਸਾਹਿਬ ’ਤੇ ਪੇਸ਼ ਹੋਇਆ ਅਤੇ ਅਰਜ਼ ਕੀਤੀ ਕਿ ਕਸੂਰ ਦਾ ਹਾਕਮ ਉਸਮਾਨ ਖ਼ਾਨ ਉਸ ਦੀ ਬੀਬੀ ਨੂੰ ਚੁੱਕ ਕੇ ਲੈ ਗਿਆ ਹੈ। ਹਰੀ ਸਿੰਘ ਭੰਗੀ ਨੇ ਇਕਦਮ ਉਸ ਬ੍ਰਾਹਮਣ ਦੀ ਮਦਦ ਕਰਨ ਵਾਸਤੇ ‘ਹਾਂਅ’ ਕਰ ਦਿੱਤੀ। ਪਰ ਉਸ ਨੂੰ ਕੁਝ ਸਿੱਖ ਜਰਨੈਲਾਂ ਨੇ ਸਮਝਾਇਆ ਕਿ ਕਸੂਰ ਕੋਈ ਮਾਮੂਲੀ ਰਿਆਸਤ ਨਹੀਂ ਬਲਕਿ ਇਸ ਨੂੰ ਤਾਂ ਵੱਡੇ-ਵੱਡੇ ਮੁਗ਼ਲ ਤੇ ਅਫ਼ਗਾਨ ਹਾਕਮ ਵੀ ਨਹੀਂ ਸਨ ਝੁਕਾ ਸਕੇ। ਪਰ, ਹਰੀ ਸਿੰਘ ਨੇ ਕਿਹਾ ਮੈਂ ਬਚਨ ਕਰ ਦਿੱਤਾ ਹੈ ਤੇ ਮੈਂ ਤਾਂ ਕਸੂਰ ਜਾਵਾਂਗਾ ਹੀ। ਇਸ ’ਤੇ ਹਾਜ਼ਰ ਸਰਬੱਤ ਖ਼ਾਲਸਾ ਨੇ ਉਸ ਵੇਲੇ ਗੁਰਮਤਾ ਸੋਧਿਆ ਤੇ ਗੁਰੂ ਗ੍ਰੰਥ ਸਾਹਿਬ ’ਚੋਂ ਵਾਕ ਲਿਆ। ਇਸ ਮਗਰੋਂ ਅਰਦਾਸ ਕਰਕੇ ਸਿੱਖ ਫ਼ੌਜਾਂ ਨੇ ਕਸੂਰ ’ਤੇ ਚੜ੍ਹਾਈ ਕਰ ਦਿੱਤੀ। ਕਸੂਰ ਵਿੱਚ 12 ਵੱਡੇ ਕਿਲ੍ਹੇ ਸਨ। ਇਨ੍ਹਾਂ ਸਾਰਿਆਂ ਕਿਲ੍ਹਿਆਂ ਵਿੱਚ ਫ਼ੌਜ ਵੀ ਬੜੀ ਸੀ ਤੇ ਉਨ੍ਹਾਂ ਕੋਲ ਅਸਲਾ ਵੀ ਬਹੁਤ ਸੀ।

ਖ਼ਾਲਸਾ ਫ਼ੌਜਾਂ ਦੀ ਅਡਵਾਂਸ ਪਾਰਟੀ ਨੇ ਵਪਾਰੀਆਂ ਦੇ ਭੇਸ ਵਿੱਚ ਕਸੂਰ ਦਾ ਚੱਕਰ ਲਾ ਕੇ ਖ਼ਬਰ ਲਿਆਂਦੀ ਕਿ ਕਸੂਰ ਵਿੱਚ ਕਿਸੇ ਨੂੰ ਸਿੱਖਾਂ ਵੱਲੋਂ ਹਮਲਾ ਕੀਤੇ ਜਾਣ ਬਾਰੇ ਖ਼ਾਬੋ-ਖ਼ਿਆਲ ਵੀ ਨਹੀਂ। ਦੂਜਾ, ਗਰਮੀਆਂ ਹੋਣ ਕਾਰਨ ਪਠਾਣ ਸਾਰਾ ਦਿਨ ਤਹਿਖ਼ਾਨਿਆਂ ਵਿੱਚ ਵੜੇ ਰਹਿੰਦੇ ਸਨ। ਤੀਜਾ, ਰਮਜ਼ਾਨ (ਰੋਜ਼ਿਆਂ) ਦਾ ਮਹੀਨਾ ਹੋਣ ਕਰਕੇ, ਉਹ ਸਾਰਾ ਦਿਨ ਭੁੱਖੇ-ਪਿਆਸੇ ਰਹਿੰਦੇ ਸਨ ਤੇ ਦਿਨ ਦਾ ਬਹੁਤਾ ਹਿੱਸਾ ਉਹ ਆਰਾਮ ਕਰਦੇ ਸਨ। ਸਿੱਖ ਜਰਨੈਲਾਂ ਨੇ ਫ਼ੈਸਲਾ ਕੀਤਾ ਕਿ ਕਸੂਰ ’ਤੇ ਹਮਲਾ ਸਿਖਰ ਦੁਪਹਿਰ ਵੇਲੇ ਹੀ ਕੀਤਾ ਜਾਵੇ। ਇਸ ਵੇਲੇ ਸਿੱਖ ਫ਼ੌਜਾਂ ਦੀ ਗਿਣਤੀ 24 ਹਜ਼ਾਰ ਹੋ ਚੁੱਕੀ ਸੀ। ਕਸੂਰ ਪੁੱਜ ਕੇ ਸਿੱਖਾਂ ਨੇ ਸ਼ਹਿਰ ਦੇ ਹਰ ਦਰਵਾਜੇ ’ਤੇ ਆਪਣੇ ਫ਼ੌਜੀ ਤਾਈਨਾਤ ਕਰ ਦਿੱਤੇ ਤੇ ਕਿਲ੍ਹਿਆਂ ’ਤੇ ਧਾਵਾ ਬੋਲ ਦਿੱਤਾ। ਸਭ ਤੋਂ ਪਹਿਲਾਂ ਉਸਮਾਨ ਖ਼ਾਨ ਦੇ ਕਿਲ੍ਹੇ ਤੇ ਕਬਜ਼ਾ ਕੀਤਾ ਗਿਆ। ਉਸਮਾਨ ਖ਼ਾਨ ਮਾਰਿਆ ਗਿਆ ਤੇ ਬ੍ਰਾਹਮਣ ਨੂੰ ਉਸ ਦੀ ਬੀਬੀ ਮਿਲ ਗਈ। ਇਸ ਮਗਰੋਂ ਪਠਾਣਾਂ ਦਾ ਚੀਫ਼ ਗ਼ੁਲਾਮ ਮੁਹੱਈ-ਉਦ-ਦੀਨ ਵੀ ਮਾਰਿਆ ਗਿਆ। ਉਸਦੇ ਭਤੀਜੇ ਹਮੀਦ ਖ਼ਾਨ ਨੇ ਹਥਿਆਰ ਸੁੱਟ ਦਿੱਤੇ ਤੇ ਝੰਡਾ ਸਿੰਘ ਭੰਗੀ ਤੋਂ ਜਾਨ ਬਖ਼ਸ਼ੀ ਦੀ ਅਰਜ਼ ਕੀਤੀ। ਉਸ ਨੂੰ ਚਾਰ ਲੱਖ ਰੁਪਏ ਨਜ਼ਰਾਨਾ ਲੈ ਕੇ ਮੁਆਫ਼ ਕੀਤਾ ਗਿਆ। ਕਸੂਰੀਆਂ ਨੂੰ ਸੋਧਣ ਮਗਰੋਂ ਸਿੱਖ ਫ਼ੌਜਾਂ ਨੇ ਸ਼ਹਿਰ ਦੇ ਅਮੀਰਾਂ ਨੂੰ ਖ਼ੂਬ ਲੁੱਟਿਆ। ਇਸ ਲੁੱਟ ਵਿੱਚੋਂ ਰਾਮਗੜ੍ਹੀਆ ਮਿਸਲ ਨੂੰ ਬਹੁਤ ਕੁਝ ਲੱਭਾ। ਕਿਹਾ ਜਾਂਦਾ ਹੈ ਕਿ ਜੱਸਾ ਸਿੰਘ ਨੂੰ ਇਸ ਲੁੱਟ ਵਿੱਚੋਂ ਐਨਾ ਸੋਨਾ, ਹੀਰੇ, ਮੋਤੀ ਤੇ ਹੋਰ ਗਹਿਣੇ ਮਿਲੇ ਕਿ ਇਸ ਸਮਾਨ ਨੂੰ ਇੱਕ ਵੱਡੇ ਪਲੰਘ ’ਤੇ ਬੰਨ੍ਹ ਕੇ ਚਾਰ ਆਦਮੀ ਚੁੱਕ ਕੇ ਲੈ ਕੇ ਗਏ। ਇੱਕ ਸੋਮੇ ਮੁਤਾਬਿਕ ਜੱਸਾ ਸਿੰਘ ਨੇ ਇਹ ਸਾਰਾ ਕੁਝ ਆਪਣੇ ਕਬਜ਼ੇ ਵਿੱਚ ਰੱਖ ਲਿਆ ਜਿਸ ਨਾਲ ਮਿਸਲਾਂ ਵਿੱਚ ਖ਼ੂਬ ਝਗੜਾ ਹੋਇਆ ’ਤੇ ਇਹ ਆਪਸੀ ਦੁਸ਼ਮਣੀ ਦਾ ਵੱਡਾ ਕਾਰਨ ਬਣਿਆ।

ਇਸ ਲੜਾਈ ਵਿੱਚ ਹਜ਼ਾਰਾਂ ਅਫ਼ਗਾਨ ਮਾਰੇ ਗਏ ਤੇ ਸੈਂਕੜੇ ਸਿੱਖ ਵੀ ਸ਼ਹੀਦ ਹੋਏ।

## ਸਾਹਰਿੰਦ ’ਤੇ ਕਬਜ਼ਾ

13 ਜਨਵਰੀ 1764 ਦੇ ਦਿਨ 50 ਹਜ਼ਾਰ ਦੇ ਕਰੀਬ ਸਿੱਖ ਫ਼ੌਜਾਂ ਨੇ ਸਾਹਰਿੰਦ ਨੂੰ





ਘੇਰ ਲਿਆ। ਸਾਹਰਿੰਦ ਦਾ ਸੂਬੇਦਾਰ ਜੈਨ ਖ਼ਾਨ ਇਸ ਝੜਪ ਵਿੱਚ ਮਾਰਿਆ ਗਿਆ ਅਤੇ ਸਾਹਰਿੰਦ ਦੇ ਕਿਲ੍ਹੇ ’ਤੇ ਸਿੱਖਾਂ ਦਾ ਕਬਜ਼ਾ ਹੋ ਗਿਆ।

## ਲਾਹੌਰ ਦੇ ਸੂਬੇਦਾਰ ਤੋਂ ਈਨ ਮਨਵਾਉਂਣੀ

ਫਰਵਰੀ 1764 ਵਿੱਚ ਲਾਹੌਰ ਦੇ ਸੂਬੇਦਾਰ ਕਾਬਲੀ ਮੱਲ ਨੇ ਸੋਭਾ ਸਿੰਘ ਨਾਲ ਸਮਝੌਤਾ ਕਰ ਕੇ ਮੁਲਤਾਨ ਵੱਲੋਂ ਆਉਣ ਵਾਲੇ ਸਾਮਾਨ ਦੀ ਚੁੰਗੀ ਉਸ ਨੂੰ ਦੇਣੀ ਮਨਜ਼ੂਰ ਕਰ ਲਈ।

ਉਨ੍ਹੀ ਦਿਨੀਂ ਅਹਿਮਦ ਸ਼ਾਹ ਦੁੱਰਾਨੀ ਦਾ ਚਾਚਾ ਸਰਬੁਲੰਦ ਖ਼ਾਨ ਕਸ਼ਮੀਰ ਦਾ ਸੂਬੇਦਾਰ ਸੀ। ਜਦ ਉਸ ਨੂੰ ਰੋਹਤਾਸ ਖ਼ੁਸ ਜਾਣ ਦੀ ਖ਼ਬਰ ਮਿਲੀ ਤਾਂ ਉਹ 12 ਹਜ਼ਾਰ ਫ਼ੌਜ ਲੈ ਕੇ ਅਟਕ ਆ ਪੁੱਜਾ। ਜਦ ਇਸ ਦੀ ਖ਼ਬਰ ਚੜ੍ਹਤ ਸਿੰਘ ਨੂੰ ਮਿਲੀ ਤਾਂ ਉਹ ਸਾਰਾ ਕੁਝ ਛੱਡ ਕੇ ਸਰਬੁਲੰਦ ਖ਼ਾਨ ’ਤੇ ਹਮਲਾ ਕਰਨ ਵਾਸਤੇ ਚੱਲ ਪਿਆ। ਚੜ੍ਹਤ ਸਿੰਘ ਦਾ ਹਮਲਾ ਏਨਾ ਜ਼ਬਰਦਸਤ ਸੀ ਕਿ ਅਫ਼ਗਾਨ ਸਿਪਾਹੀ ਡਰਦੇ ਮਾਰੇ ਭੱਜ ਪਏ ਤੇ ਬੁਲੰਦ ਖ਼ਾਨ ਜਿਉਂਦਾ ਹੀ ਸਿੱਖਾਂ ਦੇ ਹੱਥ ਆ ਗਿਆ। ਉਸ ਨੂੰ ਰੋਹਤਾਸ ਦੇ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਗਿਆ। ਇੱਕ ਦਿਨ ਉਸਨੇ ਕਿਹਾ, “ਮੈਨੂੰ ਛੱਡ ਦਿਓ, ਜੇ ਮੈਂ ਬਾਦਸ਼ਾਹ ਬਣ ਗਿਆ ਤਾਂ ਤੁਹਾਨੂੰ (ਚੜ੍ਹਤ ਸਿੰਘ ਨੂੰ) ਏਥੋਂ ਦਾ ਫ਼ੌਜਦਾਰ ਬਣਾ ਦੇਵਾਂਗਾ।” ਇਸ ’ਤੇ **ਚੜ੍ਹਤ ਸਿੰਘ ਨੇ ਕਿਹਾ ਕਿ, “ਸਿੱਖਾਂ ਨੂੰ ਹਕੂਮਤ ਅਕਾਲ ਪੁਰਖੁ ਨੇ ਬਖਸ਼ੀ ਹੈ। ਅਸੀਂ ਤੈਨੂੰ ਕੈਦ ਵਿੱਚ ਰੱਖਣਾ ਚਾਹੁੰਦੇ ਹਾਂ ਤਾਂ ਜੋ ਦੁਨੀਆਂ ਨੂੰ ਪਤਾ ਲੱਗੇ ਕਿ ਅਹਿਮਦ ਸ਼ਾਹ ਦਾ ਚਾਚਾ ਚੜ੍ਹਤ ਸਿੰਘ ਦੀ ਕੈਦ ਵਿੱਚ ਹੈ।** ਸਰਬੁਲੰਦ ਖ਼ਾਨ ਨੇ ਚੜ੍ਹਤ ਸਿੰਘ ਨੂੰ ਕਿਹਾ, “ਇਸ ਤੋਂ ਵਧੀਆ ਇਹ ਹੋਵੇਗਾ ਕਿ ਤੂੰ ਮੈਨੂੰ ਰਿਹਾਅ ਕਰ ਦੇ ਤੇ ਲੋਕ ਕਹਿਣਗੇ ਕਿ ਚੜ੍ਹਤ ਸਿੰਘ ਏਡਾ ਮਹਾਨ ਹੈ ਕਿ ਉਸ ਨੇ ਅਹਿਮਦ ਸ਼ਾਹ ਦੇ ਚਾਚੇ ਨੂੰ ਗ੍ਰਿਫ਼ਤਾਰ ਕਰ ਲਿਆ ਸੀ ਤੇ ਰਹਿਮ ਖਾ ਕੇ ਰਿਹਾਅ ਵੀ ਕਰ ਦਿੱਤਾ ਸੀ।” (ਗਣੇਸ਼ ਦਾਸ : ਚਾਰ ਬਾਗ਼-ਇ-ਪੰਜਾਬ, ਸਫ਼ਾ 131; ਸੋਹਨ ਲਾਲ: ਉਮਦਾ-ਤੁੱਤ-ਤਵਾਰੀਖ਼, ਜਿਲਦ ਦੂਜੀ, ਸਫ਼ਾ 12)।

## ਅਹਿਮਦ ਸ਼ਾਹ ਦਾ ਸੱਤਵਾਂ ਹਮਲਾ ਤੇ ਸਿੱਖਾਂ ਦੇ ਖ਼ਿਲਾਫ਼ ਜਹਾਦ :

ਮਾਰਚ 1764 ਵਿੱਚ ਅਹਿਮਦ ਸ਼ਾਹ ਦੁੱਰਾਨੀ ਨੇ ਇੱਕ ਵਾਰ ਫੇਰ ਪੰਜਾਬ ਵੱਲ ਮੂੰਹ ਕਰ ਲਿਆ। ਦਰਅਸਲ ਉਸ ਨੂੰ ਜ਼ੈਨ ਖ਼ਾਨ ਦੇ ਮਾਰੇ ਜਾਣ, ਰੋਹਤਾਸ ਦੇ ਖੁੱਸਣ ਤੇ ਸਰਬੁਲੰਦ ਖ਼ਾਨ ਦੇ ਗ੍ਰਿਫ਼ਤਾਰ ਹੋਣ, ਜਲੰਧਰ ਤੋਂ ਸਾਦਾਤ ਖ਼ਾਨ ਦੇ ਕੱਢੇ ਜਾਣ, ਲਾਹੌਰ ਵਿੱਚ ਕਾਬੁਲੀ ਮੱਲ ਦੀ ਹਾਰ, ਸਿਆਲਕੋਟ ਵਿੱਚ ਜਹਾਨ ਖ਼ਾਨ ਦੀ ਹਾਰ ਤੇ ਪੰਜਾਬ ਵਿੱਚੋਂ ਅਗ਼ਫਾਨ ਹਕੂਮਤ ਦੇ ਖ਼ਾਤਮੇ ਦਾ ਬੜਾ ਦੁੱਖ ਸੀ। ਉਹ ਸਿੱਖਾਂ ਨੂੰ ਸਬਕ ਸਿਖਾਉਂਣਾ ਚਾਹੁੰਦਾ ਸੀ। ਪਰ ਉਹ ਹੁਣ ਸਿੱਖਾਂ ਤੋਂ ਡਰਦਾ ਵੀ ਸੀ। ਇਸ ਕਰਕੇ ਉਸ ਨੇ ਮੁਸਲਮਾਨਾਂ ਨੂੰ ‘ਜਹਾਦ’ ਦੇ ਨਾਂ ’ਤੇ ਭੜਕਾਉਂਣ ਦੀ ਕੋਸ਼ਿਸ਼ ਕੀਤੀ। ਉਹ ਛੇ ਮਹੀਨੇ ਕੋਸ਼ਿਸ਼ਾਂ ਕਰਦਾ ਰਿਹਾ। ਹੋਰ ਕੋਈ ਤਾਂ ਨਹੀਂ ਪਰ ਬਲੋਚ ਆਗੂ ਨਾਸਿਰ ਖ਼ਾਨ ਉਸਦੇ ਅਸਰ ਹੇਠ ਆ ਗਿਆ। ਅਖ਼ੀਰ 18 ਹਜ਼ਾਰ ਦੁੱਰਾਨੀ ਤੇ 12 ਹਜ਼ਾਰ ਬਲੋਚੀ ਫ਼ੌਜ ਲੈ ਕੇ ਅਹਿਮਦ ਸ਼ਾਹ

ਅਕਤੂਬਰ 1764 ਵਿੱਚ ਪੰਜਾਬ ਨੂੰ ਚੱਲ ਪਿਆ। ਦੋਵੇਂ ਫ਼ੌਜਾਂ ਏਮਨਾਬਾਦ ਕੋਲ ਇਕੱਠੀਆਂ ਹੋ ਗਈਆਂ।

ਇਸ ਵੇਲੇ ਪੰਜਾਬ ਵਿੱਚ ਬਹੁਤੀਆਂ ਸਿੱਖ ਫ਼ੌਜਾਂ ਮੌਜੂਦ ਨਹੀਂ ਸਨ। ਜੱਸਾ ਸਿੰਘ 15 ਹਜ਼ਾਰ ਫ਼ੌਜ ਲੈ ਕੇ ਭਰਤਪੁਰ ਦੇ ਜਾਟ ਰਾਜੇ ਜਵਾਹਰ ਸਿੰਘ ਦੀ ਮਦਦ ਵਾਸਤੇ ਗਿਆ ਹੋਇਆ ਸੀ। ਹਾਂ, ਚੜ੍ਹਤ ਸਿੰਘ ਉਸ ਵੇਲੇ ਸਿਆਲਕੋਟ ਵਿੱਚ ਹਾਜ਼ਿਰ ਸੀ। ਉਹ ਅਹਿਮਦ ਸ਼ਾਹ ਨਾਲ ਦੋ-ਹੱਥ ਕਰਨ ਲਈ ਲਾਹੌਰ ਵੱਲ ਨੂੰ ਚੱਲ ਪਿਆ ਅਤੇ ਸੂਹ ਲੈ ਕੇ ਅਚਾਣਕ ਉਸ ਦੀਆਂ ਫ਼ੌਜਾਂ ’ਤੇ ਹਮਲਾ ਕਰ ਦਿੱਤਾ। ਇਸ ਹਮਲੇ ਵਿੱਚ ਅਹਿਮਦ ਸ਼ਾਹ ਦਾ ਇੱਕ ਜਰਨੈਲ ਅਹਿਮਦ ਖ਼ਾਨ ਬਲੀਦੀ ’ਤੇ ਉਸਦਾ ਪੁੱਤਰ ਮਾਰੇ ਗਏ ਤੇ ਬਲੋਚ ਆਗੂ ਨਾਸਿਰ ਖ਼ਾਨ ਦਾ ਘੋੜਾ ਮਾਰਿਆ ਗਿਆ ਤੇ ਉਹ ਆਪ ਵੀ ਜ਼ਖ਼ਮੀ ਹੋ ਗਿਆ। ਹਨੇਰਾ ਪੈਣ ਤੱਕ ਜੰਗ ਚਲਦੀ ਰਹੀ ਤੇ ਅਹਿਮਦ ਸ਼ਾਹ ਦੀ ਫ਼ੌਜ ਦਾ ਜਾਨ-ਮਾਲ ਦਾ ਬੜਾ ਨੁਕਸਾਨ ਹੋਇਆ।

## 30 ਸਿੱਖਾਂ ਦੀਆਂ ਅਕਾਲ ਤਖ਼ਤ ਸਾਹਿਬ ’ਤੇ ਸ਼ਹੀਦੀਆਂ

ਇਸ ਹਮਲੇ ਦੌਰਾਨ ਲੁੱਟ-ਮਾਰ ਕਰਦਾ ਹੋਇਆ ਅਹਿਮਦ ਸ਼ਾਹ ਪਹਿਲੀ ਦਸੰਬਰ 1764 ਨੂੰ ਜਦ ਦਰਬਾਰ ਸਾਹਿਬ ਪੁੱਜਾ ਤਾਂ ਸਿਰਫ਼ 30 ਸਿੱਖ ਅਕਾਲ ਤਖ਼ਤ ਸਾਹਿਬ ਦੇ ਬੁੰਗੇ ਵਿੱਚ ਹਾਜ਼ਿਰ ਸਨ ਜੋ ਉਥੇ ਸੇਵਾ-ਸੰਭਾਲ ਲਈ ਰੁਕੇ ਹੋਏ ਸਨ। ਸ: ਗੁਰਬਖ਼ਸ਼ ਸਿੰਘ ਦੀ ਅਗਵਾਈ ਵਿੱਚ 30 ਸਿੱਖ, 30 ਹਜ਼ਾਰ ਅਫ਼ਗਾਨ ਤੇ ਬਲੋਚ ਫ਼ੌਜਾਂ ਨਾਲ ਅ-ਸਾਵੀਂ ਲੜਾਈ ਵਿੱਚ ਜਾਨ ਤੋੜ ਕੇ ਲੜੇ ਅਤੇ ਸੈਂਕੜੇ ਅਫ਼ਗਾਨਾਂ ਤੇ ਬਲੋਚਾਂ ਨੂੰ ਮਾਰਨ ਮਗਰੋਂ, ਸ਼ਹੀਦ ਹੋ ਗਏ।

**ਅਹਿਮਦ ਸ਼ਾਹ ਨਾਲ ਆਏ ਇੱਕ ਬਲੋਚੀ ਤਾਰੀਖ਼ਦਾਨ ਕਾਜੀ ਨੂਰ ਮੁਹੰਮਦ ਨੇ ਇਸ ਲੜਾਈ ਦਾ ਬਿਆਨ ਕਰਦਿਆਂ ਲਿਖਿਆ ਹੈ :**

**“ਉਹ ਸਿਰਫ਼ ਤੀਹ ਸਨ ਪਰ ਉਨ੍ਹਾਂ ਦੇ ਦਿਲ ਵਿੱਚ ਜ਼ਰਾ ਜਿੰਨਾਂ ਵੀ ਡਰ ਨਹੀਂ ਸੀ...ਉਹ ਗੁਰੂ ਵਾਸਤੇ ਜਾਨਾਂ ਵਾਰਨ ਵਾਸਤੇ ਡੱਟੇ ਹੋਏ ਸਨ......ਉਹ ਸ਼ੇਰ ਦੀ ਤਰ੍ਹਾਂ ਆਉਂਦੇ ਸਨ ਅਤੇ ਲੂੰਬੜ ਦੀ ਤਰ੍ਹਾਂ ਪਿੱਛੇ ਹੱਟ ਜਾਂਦੇ ਸਨ......ਜੇ ਕਿਸੇ ਨੇ ਲੜਾਈ ਦਾ ਹੁੱਨਰ ਸਿੱਖਣਾ ਹੋਵੇ ਤਾਂ ਉਹ ਸਿੱਖਾਂ ਨਾਲ ਆਹਮੋ-ਸਾਹਮਣੀ ਲੜਾਈ ਕਰੇ....ਉਹ ਇੱਕ-ਇੱਕ ਪੰਜਾਹ-ਪੰਜਾਹ ਜਿੰਨੇ ਸਨ.....ਜੇ ਉਹ ਲੜਾਈ ਵਿੱਚ ਪਿੱਛੇ ਹੱਟਦੇ ਸਨ ਤਾਂ ਇਹ ਨਹੀਂ ਸਮਝ ਲੈਣਾ ਚਾਹੀਦਾ ਕਿ ਉਹ ਭੱਜ ਰਹੇ ਸਨ, ਇਹ ਤਾਂ ਉਨ੍ਹਾਂ ਦਾ ਇੱਕ ਪੈਂਤੜਾ ਹੀ ਹੁੰਦਾ ਹੈ....।”**

ਮਗਰੋਂ, ਅਹਿਮਦਸ਼ਾਹ ਲਾਹੌਰ ਨੂੰ ਮੁੜ ਗਿਆ। ਜਿਥੇ ਉਸ ਨੂੰ ਪਤਾ ਲੱਗਾ ਕਿ ਉਸਦਾ ਸਾਥੀ ਨਜ਼ੀਬ-ਉਦ-ਦੌਲਾ ਦਿੱਲੀ ਵਿੱਚ ਘਿਰਿਆ ਹੋਇਆ ਹੈ। ਉਸਦੀ ਮਦਦ ਕਰਨ ਵਾਸਤੇ ਉਹ ਸਾਹਰਿੰਦ ਵੱਲ ਚੱਲ ਪਿਆ। ਪਰ ਉਹ ਪੰਜਾਬ ਦੇ ਵਿਚਕਾਰੋਂ ਜਰਨੈਲੀ ਸੜਕ ਤੋਂ ਜਾਣ ਦੀ ਬਜਾਏ, ਬੜੀ ਸਾਵਧਾਨੀ ਨਾਲ ਸ਼ਿਵਾਲਕ ਪਹਾੜੀਆਂ ਦੇ ਨਾਲ-ਨਾਲ ਦੀ ਹੋ ਕੇ ਹੌਲੀ-ਹੌਲੀ ਚਲਦਾ ਗਿਆ। ਉਹ ਸਿੱਖਾਂ ਨਾਲ ਸਿੱਧੀ ਟੱਕਰ ਲੈਣ ਤੋਂ ਗੁਰੇਜ਼ ਕਰਨਾ ਚਾਹੁੰਦਾ ਸੀ।





# ਸਿੱਖਾਂ ਹੱਥੋਂ ਅਹਿਮਦ ਸ਼ਾਹ ਨੂੰ ਹਾਰਾਂ

## ਜੰਡਿਆਲਾ

ਸਾਹਰਿੰਦ ਨੂੰ ਜਾਂਦਾ-ਜਾਂਦਾ ਉਹ ਆਪਣੇ ਸਭ ਤੋਂ ਵੱਡੇ ‘ਟਾਊਟ’ ਹਰਗਭਗਤ ਨਿਰੰਜਨੀਏ ਨੂੰ ਮਿਲਣ ਵਾਸਤੇ ਜੰਡਿਆਲਾ ਨੂੰ ਗਿਆ। ਜੰਡਿਆਲਾ ਪੁੱਜਣ ਤੋਂ ਪਹਿਲਾਂ ਉਸ ਨੂੰ ਸਿੱਖਾਂ ਦੇ ਇੱਕ ਜਥੇ ਨਾਲ ਲੜਾਈ ਕਰਨੀ ਪਈ। ਇਸ ਲੜਾਈ ਵਿੱਚ ਅਫ਼ਗਾਨਾਂ ਦਾ ਬੜਾ ਨੁਕਸਾਨ ਹੋਇਆ। ਦੁੱਰਾਨੀ ਦਾ ਇੱਕ ਜਰਨੈਲ ਰਹੀਮ ਖ਼ਾਨ ਬਖ਼ਸ਼ੀ ਵੀ ਇਸ ਵਿੱਚ ਮਾਰਿਆ ਗਿਆ। (ਖ਼ੁਸ਼ਵਕਤ ਰਾਏ, ਸਫ਼ਾ 96)

## ਬਟਾਲਾ

ਇਸ ਹਾਰ ਮਗਰੋਂ ਦੁੱਰਾਨੀ ਬਟਾਲਾ ਨੂੰ ਚੱਲ ਪਿਆ। ਇਸ ਮੌਕੇ ’ਤੇ ਹੋਈ ਲੜਾਈ ਵਿੱਚ ਅਫ਼ਗਾਨਾਂ ਨੂੰ ਫੇਰ ਹਾਰ ਹੋਈ ਤੇ ਅਹਿਮਦ ਸ਼ਾਹ ਦਾ ਚਾਚਾ ਸਰਬੁਲੰਦ ਖ਼ਾਨ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

## ਅਦੀਨਾ ਨਗਰ

ਹੁਣ ਦੁੱਰਾਨੀ ਨੇ ਮੈਦਾਨੀ ਇਲਾਕੇ ਵਿੱਚ ਜਾਣ ਦੀ ਬਜਾਏ ਪਹਾੜੀ ਰਸਤਾ ਫੜ ਲਿਆ। ਬਟਾਲਾ ਤੋਂ ਅਦੀਨਾ ਨਗਰ ਜਾਂਦੇ ’ਤੇ ਸਿੱਖਾਂ ਨੇ ਫੇਰ ਹਮਲਾ ਕਰ ਦਿੱਤਾ। ਇਸ ਵਾਰ ਸਿੱਖਾਂ ਦਾ ਵੀ ਨੁਕਸਾਨ ਹੋਇਆ ਤੇ ਉਹ ਪਿੱਛੇ ਹੱਟ ਗਏ। (ਖ਼ੁਸ਼ਵਕਤ ਰਾਏ ਸਫ਼ਾ 97, ਅਹਿਮਦ ਸ਼ਾਹ ਬਟਾਲੀਆ, ਸਫ਼ਾ 894)।

## ਬਿਆਸ ਦੇ ਕੰਢੇ

ਅਦੀਨਾਨਗਰ ਤੋਂ ਅਫ਼ਗਾਨਾਂ ਨੇ ਦਰਿਆ ਬਿਆਸ (ਸ਼ਾਇਦ ਤਲਵਾੜਾ ਕੋਲੋਂ) ਪਾਰ ਕੀਤਾ। ਇਸ ਰਸਤੇ ਹੁਸ਼ਿਆਰਪੁਰ ਦੇ ਇਲਾਕੇ ਵਿੱਚ ਸਿੱਖਾਂ ਨੇ ਫੇਰ ਅਫ਼ਗਾਨ ਫ਼ੌਜਾਂ ’ਤੇ ਗੁਰੀਲੇ ਹਮਲੇ ਕਰਨੇ ਜਾਰੀ ਰੱਖੇ।

## ਰੂਪੜ/ਸਤਲੁਜ ਪਾਰ ਸਿੱਖਾਂ ਦਾ ਹਮਲਾ

ਸਤਲੁਜ ਦਰਿਆ ਪਾਰ ਕਰਨ ਤੋਂ ਪਹਿਲਾਂ ਅਹਿਮਦ ਸ਼ਾਹ ਨੂੰ ਇੱਕ ਵਾਰ ਫੇਰ ਸਿੱਖਾਂ ਦੇ ਹਮਲੇ ਦਾ ਟਾਕਰਾ ਕਰਨਾ ਪਿਆ। ਹੁਣ ਅਹਿਮਦ ਸ਼ਾਹ ਨੇ ਸਖ਼ਤ ਹਦਾਇਤਾਂ ਦਿੱਤੀਆਂ ਹੋਈਆਂ ਸਨ ਕਿ ਕੋਈ ਵੀ ਸਿੱਖਾਂ ਦਾ ਪਿੱਛਾ ਨਹੀਂ ਕਰੇਗਾ।

## ਅਹਿਮਦਸ਼ਾਹ ਵਾਪਿਸ ਕਾਬਲ ਨੂੰ

ਕੁੰਜਪੁਰਾ ਪੁੱਜ ਕੇ ਉਸ ਨੂੰ ਖ਼ਬਰ ਮਿਲੀ ਕਿ ਜਵਾਹਰ ਸਿੰਘ ਜਾਟ ਤੇ ਨਜ਼ੀਬ-ਉਦ-ਦੌਲਾ ਵਿੱਚ ਸਮਝੌਤਾ ਹੋ ਗਿਆ ਹੈ ਤੇ ਹੁਣ ਨਜ਼ੀਬ-ਉਦ-ਦੌਲਾ ਨੂੰ ਉਸ ਦੀ ਮਦਦ ਦੀ ਲੋੜ ਨਹੀਂ। ਇਥੋਂ, ਉਹ ਆਪਣੇ ਅਫ਼ਗਾਨ ਸਾਥੀਆਂ ਦੀ ਸਲਾਹ ਮੰਨ ਕੇ, ਦਿੱਲੀ ਜਾਏ ਬਿਨਾ ਹੀ ਵਾਪਿਸ ਆਪਣੇ ਵਤਨ ਨੂੰ ਮੁੜ ਪਿਆ। ਵਾਪਸੀ ਦੇ ਸਫ਼ਰ ਦੌਰਾਨ ਵੀ ਸਿੱਖ

ਫ਼ੌਜਾਂ ਨੇ ਉਸਦਾ ਖਹਿੜਾ ਨਹੀਂ ਛੱਡਿਆ ਅਤੇ ਝਨਾ ਦਰਿਆ ਤੱਕ ਉਸ 'ਤੇ ਗੁਰੀਲਾ ਅਤੇ ਸਿੱਧੇ ਹਮਲੇ ਕਰਕੇ ਉਸ ਨੂੰ ਬਖ਼ਤ ਪਾਈ ਰੱਖਿਆ। **ਅਹਿਮਦ ਸ਼ਾਹ ਦਾ ਇਹ ਦੌਰਾ ਉਸ ਵਾਸਤੇ ਡਰ, ਨਾਕਾਮਯਾਬੀ ਤੇ ਨਮੋਸ਼ੀ ਦਾ ਦੌਰਾ ਸੀ ਤੇ ਹੁਣ ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਉਹ ਸਿੱਖਾਂ ਦੇ ਮੁਕਾਬਲੇ ਵਿੱਚ ਇੱਕ ਕਮਜ਼ੋਰ ਜਰਨੈਲ ਹੈ।**

## ਲਾਹੌਰ 'ਤੇ ਕਬਜ਼ਾ

10 ਅਪ੍ਰੈਲ 1765 ਦੇ ਸਰਬੱਤ ਖ਼ਾਲਸਾ ਇਕੱਠ ਵਿੱਚ ਇਹ ਗੁਰਮਤਾ ਵੀ ਕੀਤਾ ਗਿਆ ਕਿ ਲਾਹੌਰ 'ਤੇ ਕਬਜ਼ਾ ਕਰ ਲਿਆ ਜਾਵੇ। ਸਿੱਖ ਫ਼ੌਜਾਂ ਲਹਿਣਾ ਸਿੰਘ, ਗੁੱਜਰ ਸਿੰਘ ਤੇ ਹੋਰ ਜਰਨੈਲਾਂ ਦੀ ਅਗਵਾਈ ਵਿੱਚ ਲਾਹੌਰ ਵੱਲ ਚੱਲ ਪਈਆਂ ਅਤੇ 16 ਮਈ 1765 ਦੇ ਦਿਨ ਤੂਫ਼ਾਨ ਦੀ ਤੇਜੀ ਨਾਲ ਸ਼ਹਿਰ ਵਿੱਚ ਦਾਖਿਲ ਹੋ ਗਈਆਂ ਅਤੇ ਲਾਹੌਰ ਦੇ ਕਿਲ੍ਹੇ ਤੇ ਮੁਕੰਮਲ ਕਬਜ਼ਾ ਕਰ ਲਿਆ।

## ਖ਼ਾਲਸਾਈ ਸਿੱਕਾ ਜਾਰੀ ਕਰਨਾ

ਲਾਹੌਰ ਵਿੱਚ ਖ਼ਾਲਸਾਈ ਹਕੂਮਤ ਕਾਇਮ ਕਰਨ ਮਗਰੋਂ ਸਿੱਖਾਂ ਨੇ ਗੁਰੂ ਸਾਹਿਬਾਨ ਦੇ ਨਾਂ ਤੇ ਨਾਨਕ ਸ਼ਾਹੀ ਸਿੱਕਾ ਜਾਰੀ ਕੀਤਾ। ਇਸ ਸਿੱਕੇ 'ਤੇ ਉਕੱਰੀ ਇਬਾਰਤ ਇੰਞ ਸੀ:

ਦੇਗ਼-ਓ-ਤੇਗ਼-ਓ-ਫ਼ਤਹਿ-ਓ-ਨੁਸਰਤ ਬੇਦਰੰਗ

ਯਾਫ਼ਤ ਅਜ ਨਾਨਕ ਗੁਰੂ ਗੋਬਿੰਦ ਸਿੰਘ

(ਦੇਸ਼ ਤੇ ਤੇਗ਼ ਦੀ ਫ਼ਤਹਿ ਅਤੇ ਫੌਰੀ ਮਦਦ ਅਕਾਲਪੁਰਖੁ ਤੋਂ, ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤੱਕ, ਗੁਰੂਆਂ ਦੀ ਬਖ਼ਸ਼ਿਸ਼ ਨਾਲ ਹਾਸਿਲ ਹੋਈ)

ਸਿੱਕੇ ਦੇ ਦੂਜੇ ਪਾਸੇ ਲਿਖਿਆ ਸੀ :

"ਲਾਹੌਰ ਵਿਚ ਸੰਮਤ 1822 (1765) ਵਿੱਚ ਘੜਿਆ ਗਿਆ।"

## ਅਹਿਮਦ ਸ਼ਾਹ ਦਾ ਅੱਠਵਾਂ ਹਮਲਾ

ਦਸੰਬਰ 1766 ਵਿੱਚ ਅਹਿਮਦ ਸ਼ਾਹ ਨੇ ਅਟਕ ਦਰਿਆ ਪਾਰ ਕੀਤਾ। ਉਸ ਦੀ ਪਹਿਲੀ ਟੱਕਰ ਜਿਹਲਮ ਦਰਿਆ ਦੇ ਕੰਢੇ ਰੋਹਤਾਸ ਵਿੱਚ ਬਲਮ ਸਿੰਘ ਦੀ ਫ਼ੌਜ ਨਾਲ ਹੋਈ। ਬਲਮ ਸਿੰਘ ਦੀ ਫ਼ੌਜ ਦੀ ਗਿਣਤੀ ਬਹੁਤ ਥੋੜ੍ਹੀ ਸੀ ਤੇ ਉਨ੍ਹਾਂ ਕੋਲ ਅਸਲਾ ਵੀ ਘੱਟ ਸੀ। ਇਸ ਕਰਕੇ ਸਿੱਖਾਂ ਦਾ ਬਹੁਤ ਨੁਕਸਾਨ ਹੋਇਆ। 22 ਦਸੰਬਰ ਨੂੰ ਅਹਿਮਦ ਸ਼ਾਹ ਲਾਹੌਰ ਪੁੱਜਾ। ਸਿੱਖਾਂ ਨੇ ਉਸ ਨਾਲ ਟੱਕਰ ਲੈ ਕੇ ਨੁਕਸਾਨ ਉਠਾਉਣ ਦੀ ਬਜਾਏ ਲਾਹੌਰ ਛੱਡ ਜਾਣ ਦਾ ਫੈਸਲਾ ਕੀਤਾ। ਸੋਭਾ ਸਿੰਘ, ਲਹਿਣਾ ਸਿੰਘ ਤੇ ਗੁੱਜਰ ਸਿੰਘ ਲਾਹੌਰ ਤੋਂ ਚਲੇ ਗਏ। ਕੁਝ ਦਿਨ ਬਾਅਦ ਦੁੱਰਾਨੀ ਸਾਹਰਿੰਦ ਵੱਲ ਚਲਾ ਗਿਆ। ਇਸ ਦੌਰਾਨ ਵੀ ਕੁਝ ਲੜਾਈਆਂ ਹੋਈਆਂ। ਦੋਨਾਂ ਧਿਰਾਂ ਦੇ ਨੁਕਸਾਨ ਵੀ ਹੋਏ। ਅਹਿਮਦਸ਼ਾਹ ਨੇ 17 ਮਾਰਚ 1767 ਨੂੰ ਸਾਹਰਿੰਦ ਤੋਂ ਵਾਪਿਸੀ ਸ਼ੁਰੂ ਕਰ ਦਿੱਤੀ। ਅਹਿਮਦ ਸ਼ਾਹ ਦੇ ਜਾਣ ਤੋਂ





ਬਾਅਦ ਗੁੱਜਰ ਸਿੰਘ, ਲਹਿਣਾ ਸਿੰਘ ਤੇ ਸੋਭਾ ਸਿੰਘ ਨੇ ਫੇਰ ਲਾਹੌਰ ਤੇ ਕਬਜ਼ਾ ਕਰ ਲਿਆ।

## ਦੁੱਰਾਨੀ ਦਾ ਨੌਵਾਂ, ਦਸਵਾਂ ਤੇ ਯਾਰਵਾਂ ਹਮਲਾ

ਦਸੰਬਰ 1768 ਵਿੱਚ ਦੁੱਰਾਨੀ ਨੇ ਨੌਵੀਂ ਵਾਰ ਪੰਜਾਬ 'ਤੇ ਹਮਲਾ ਕੀਤਾ ਪਰ ਉਹ ਜਿਹਲਮ ਦਰਿਆ ਤੋਂ ਹੀ ਮੁੜ ਗਿਆ। ਫਿਰ ਉਸ ਨੇ ਦਸੰਬਰ 1769 ਤੇ ਜੂਨ 1770 ਵਿੱਚ ਪੰਜਾਬ ਵੱਲ ਮੂੰਹ ਕਰਿਆ ਪਰ ਪਿਸ਼ਾਵਰ ਤੋਂ ਹੀ ਵਾਪਿਸ ਮੁੜ ਗਿਆ। ਅਗੱਸਤ 1771 ਵਿੱਚ ਉਸਨੇ ਬਾਰ੍ਹਵੀਂ ਵਾਰ ਹਮਲਾ ਕਰਨ ਦੀ ਪਲਾਨ ਬਣਾਈ ਪਰ ਰੱਬ ਨੂੰ ਇਹ ਮਨਜ਼ੂਰ ਨਹੀਂ ਸੀ। **ਹੁਣ ਉਹ ਇੱਕ ਕਮਜ਼ੋਰ, ਬੁੱਢਾ, ਨਿਮੋਝੂਣਾ, ਬੇਬਸ, ਬੇਦਿਲ, ਹਾਰਿਆ ਹੋਇਆ, ਥੱਕਿਆ ਹੋਇਆ, ਘਬਰਾਇਆ ਹੋਇਆ ਸ਼ਖ਼ਸ਼ ਸੀ। ਅਖ਼ੀਰ ਸਿੱਖਾਂ ਦੀ ਤਾਕਤ ਤੋਂ ਡਰਦਾ, ਵਿਚਾਰਾ ਅਹਿਮਦ ਸ਼ਾਹ 23 ਅਕਤੂਬਰ 1772 ਦੇ ਦਿਨ ਇਸ ਦੁਨੀਆਂ ਤੋਂ ਵਿਦਾ ਹੋ ਗਿਆ। (ਇੱਕ ਸੋਮਾ ਉਸ ਦੀ ਮੌਤ 14 ਅਪ੍ਰੈਲ 1772 ਦੀ ਮੰਨਦਾ ਹੈ)। ਇਸ ਤੋਂ ਬਾਅਦ ਅਫ਼ਗਾਨ ਧਾੜਵੀਆਂ ਦੀ ਦਹਿਸ਼ਤ ਤਕਰੀਬਨ ਖ਼ਤਮ ਹੋ ਗਈ।**

## ਜੰਗਾਂ ਅਤੇ ਘੱਲੂਘਾਰਿਆਂ ਵਿੱਚ ਕਿੰਨੇ ਕੁ ਸਿੱਖ ਸ਼ਹੀਦ ਹੋਏ ?

1765 ਤੱਕ ਇਹ ਗਿਣਤੀ ਤਕਰੀਬਨ ਦੋ ਲੱਖ ਬਣਦੀ ਹੈ। ਸਿੱਖਾਂ ਵੱਲੋਂ ਆਪਣੇ ਮੁਲਕ ਦੀ ਆਜ਼ਾਦੀ ਵਾਸਤੇ ਵੀ (1765 ਤੋਂ 1849 ਵਿਚਕਾਰ) ਹਜ਼ਾਰਾਂ ਸ਼ਹੀਦੀਆਂ ਦਿੱਤੀਆਂ ਗਈਆਂ ਸਨ। 1947 ਵਿੱਚ ਮੁਲਕ ਦੀ ਵੰਡ ਵੇਲੇ ਵੀ ਲੱਖਾਂ ਸਿੱਖ ਕਤਲ ਕੀਤੇ ਗਏ ਸਨ। 1978 ਤੋਂ 1995 ਤੱਕ ਵੀ ਇੱਕ ਤੋਂ ਡੇਢ ਲੱਖ ਸਿੱਖ ਕਤਲ ਕੀਤੇ ਗਏ ਸਨ। ਉਂਞ ਹਰ ਮੌਤ ਨੂੰ ਸ਼ਹੀਦੀ ਨਹੀਂ ਕਿਹਾ ਜਾ ਸਕਦਾ।

[ਡਾ: ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਦੂਜਾ ਹਿੱਸਾ) ਸਫ਼ੇ 521-585]

## ਦਿੱਲੀ, ਯਮਨਾ-ਗੰਗ ਦੋਆਬ ਅਤੇ ਰਾਜਿਸਥਾਨ ਵਿੱਚ ਸਿੱਖਾਂ ਦਾ ਦਬਦਬਾ

## ਦਿੱਲੀ ਦੇ ਲਾਲ੍ਹ ਕਿਲੇ 'ਤੇ ਸਿੱਖਾਂ ਦਾ ਨੀਲਾ ਨਿਸ਼ਾਨ ਸਾਹਿਬ

"ਦਿੱਲੀ ਦਰਬਾਰ ਦੀ ਕਮਜ਼ੋਰੀ ਤੇ ਰਾਜਸੀ ਮਾਹੌਲ ਦਾ ਫ਼ਾਇਦਾ ਉਠਾਉਂਦਿਆਂ ਸਿੱਖਾਂ ਨੇ 8 ਮਾਰਚ 1783 ਦੇ ਦਿਨ ਦਿੱਲੀ 'ਤੇ ਹਮਲਾ ਕਰ ਦਿੱਤਾ। ਉਹ ਅਲੀਗੜ੍ਹ ਵੱਲੋਂ ਆਏ ਤੇ ਉਨ੍ਹਾਂ ਨੇ ਸ਼ਾਮ ਤੱਕ ਲਾਲ ਕਿਲ੍ਹੇ ਨੂੰ ਘੇਰਾ ਪਾ ਲਿਆ। ਕਸ਼ਮੀਰੀ ਗੇਟ ਦੇ ਬਾਹਰ ਹਜ਼ਾਰਾਂ ਸਿੱਖ ਫ਼ੌਜਾਂ ਖੜ੍ਹੀਆਂ ਸਨ। ਸਿੱਖਾਂ ਨੇ ਗੇਟ ਤੋੜਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਨਾਕਾਮ ਰਹੇ। ਅਖ਼ੀਰ 9 ਮਾਰਚ ਦੇ ਦਿਨ ਸਿੱਖ ਫ਼ੌਜਾਂ ਨੇ ਤੋਪਾਂ ਨਾਲ ਕਿਲ੍ਹੇ ਦੀ ਕੰਧ ਦਾ ਇੱਕ ਹਿੱਸਾ ਉਡਾ ਦਿੱਤਾ ਤੇ ਇਸ ਮਘੋਰੇ (ਮੋਰੀ) ਰਾਹੀਂ ਕਿਲ੍ਹੇ ਵਿੱਚ ਦਾਖ਼ਿਲ ਹੋ ਗਏ। ਅੱਜ ਵੀ ਇਸ ਇਲਾਕੇ ਨੂੰ 'ਮੋਰੀ ਗੇਟ' ਕਹਿੰਦੇ ਹਨ। ਸਿੱਖ ਫ਼ੌਜਾਂ ਜੱਸਾ ਸਿੰਘ ਆਹਲੂਵਾਲੀਆ,

ਜੱਸਾ ਸਿੰਘ ਰਾਮਗੜ੍ਹੀਆ, ਬਘੇਲ ਸਿੰਘ, ਰਾਏ ਸਿੰਘ ਵਗ਼ੈਰਾ ਦੀ ਅਗਵਾਈ ਵਿੱਚ ਲਾਲ ਕਿਲ੍ਹੇ ਵਿੱਚ ਦਾਖਿਲ ਹੋ ਗਈਆਂ ਅਤੇ ਕਿਲ੍ਹੇ ’ਤੇ ਖ਼ਾਲਸੇ ਦਾ ਨੀਲਾ ਨਿਸ਼ਾਨ ਸਾਹਿਬ ਲਹਿਰਾ ਦਿੱਤਾ। ਇਸ ਮੌਕੇ ’ਤੇ ਜਰਨੈਲਾਂ ਨੇ, ਦਲ ਖ਼ਾਲਸਾ ਦਾ ਮੁਖੀ ਹੋਣ ਦੇ ਨਾਤੇ ਜੱਸਾ ਸਿੰਘ ਆਹਲੂਵਾਲੀਆ ਨੂੰ ਤਖ਼ਤ ’ਤੇ ਬੈਠਣ ਵਾਸਤੇ ਕਿਹਾ ਪਰ ਉਸ ਇਹ ਕਹਿ ਕੇ ਨਾਂਹ ਕਰ ਦਿੱਤੀ ਕਿ ਸਿੱਖਾਂ ਵਿੱਚ ਅਜਿਹੇ ਬਾਦਸ਼ਾਹ ਦਾ ਕੋਈ ਸਿਧਾਂਤ ਨਹੀਂ ਹੈ। ਇਸ ਵਾਸਤੇ ਕੋਈ ਵੀ ਉਸ ਤਖ਼ਤ ਤੇ ਬੈਠਣ ਵਾਸਤੇ ਤਿਆਰ ਨਾ ਹੋਇਆ।

ਕੁਝ ਚਿਰ ਮਗਰੋਂ ਹੀ ਉਨ੍ਹਾਂ ਨੂੰ ਬਾਦਸ਼ਾਹ ਨੇ ਦਿੱਲੀ ਦੀ ਚੁੰਗੀ ਵਿੱਚੋਂ ਛੇ ਆਨੇ (ਸਾਢੇ 37%) ਹਿੱਸੇ ਦੇਣੇ ਮੰਨ ਕੇ ਉਨ੍ਹਾਂ ਨੂੰ ਭੇਜ ਦਿੱਤਾ। **ਇਸ ਮੌਕੇ ’ਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਕਿਹਾ ਕਿ ਜੇ ਅਸੀਂ ਦਿੱਲੀ ਦੇ ਤਖ਼ਤ ’ਤੇ ਨਹੀਂ ਬੈਠਣਾ ਤਾਂ ਅਸੀਂ ਇਸ ਤਖ਼ਤ ਦਾ ਥੜ੍ਹਾ ਯਾਦਗਾਰ ਵਜੋਂ ਅੰਮ੍ਰਿਤਸਰ ਵਿੱਚ ਜਰੂਰ ਲੈ ਕੇ ਜਾਵਾਂਗੇ ਤਾਂ ਜੋ ਤਵਾਰੀਖ਼ ਵਿੱਚ ਇਹ ਸਨਦ ਰਹੇ ਕਿ ਕਦੇ ਦਿੱਲੀ ਦਾ ਤਖ਼ਤ ਵੀ ਸਿੱਖਾਂ ਦੇ ਕਦਮਾਂ ਹੇਠ ਰਿਹਾ ਸੀ ਤੇ ਇਸ ਦੀ ਸਿੱਲ ਹਮੇਸ਼ਾ ਹੀ ਸਿੱਖਾਂ ਦੇ ਪੈਰਾਂ ਹੇਠ ਰਹੇਗੀ। (ਤਖ਼ਤ ਵਾਲੀ ਇਹ ਸਿੱਲ ਜੱਸਾ ਸਿੰਘ ਰਾਮਗੜ੍ਹੀਆ ਆਪਣੇ ਬੁੰਗੇ ਵਿੱਚ ਲੈ ਗਿਆ ਸੀ ਜੋ ਅੱਜ ਵੀ ਉਥੇ ਮੌਜੂਦ ਹੈ।)**

## ਬਘੇਲ ਸਿੰਘ ਦਾ ਤੀਸ ਹਜ਼ਾਰੀ ਤੇ ਪੁਲ ਮਿਠਾਈ

ਉਸ ਵੇਲੇ ਸਿੱਖ ਫ਼ੌਜਾਂ ਦੀ ਗਿਣਤੀ 30 ਹਜ਼ਾਰ ਸੀ ਤੇ ਜਿਸ ਥਾਂ ’ਤੇ ਸਿੱਖ ਫ਼ੌਜਾਂ ਠਹਿਰੀਆਂ ਸਨ ਉਸ ਨੂੰ ਅੱਜ ਵੀ ‘ਤੀਸ ਹਜ਼ਾਰੀ’ ਵਜੋਂ ਜਾਣਿਆ ਜਾਂਦਾ ਹੈ। (ਦਿੱਲੀ ਦਾ ਹਾਈਕੋਰਟ ਤੀਸ ਹਜ਼ਾਰੀ ਵਿੱਚ ਹੀ ਹੈ।) ਇੰਞ ਹੀ ਜਿਸ ਪੁਲ ’ਤੇ ਜਿੱਤ ਦੀ ਖ਼ੁਸ਼ੀ ਵਿੱਚ ਸਿੱਖ ਫ਼ੌਜੀਆਂ ਨੇ ਮਿਠਾਈ ਵੰਡੀ ਸੀ ਉਸ ਦਾ ਨਾਂ ਅੱਜ ਵੀ ‘ਪੁੱਲ ਮਿਠਾਈ’ ਵਜੋਂ ਜਾਣਿਆ ਜਾਂਦਾ ਹੈ।

## ਦਿੱਲੀ ਦੇ ਇਤਿਹਾਸਕ ਗੁਰਦੁਆਰੇ ਬਣਾਉਂਣਾ

ਇਸ ਦੇ ਨਾਲ ਹੀ ਸਿੱਖਾਂ ਨੇ ਦਿੱਲੀ ਵਿੱਚ ਗੁਰੂ ਸਾਹਿਬ ਨਾਲ ਸਬੰਧਤ ਥਾਵਾਂ ’ਤੇ ਯਦਾਗਾਰਾਂ ਬਣਾਉਣ ਵਾਸਤੇ ਜਗਹ ਵੀ ਲੈ ਲਈ। ਗੁਰਦੁਆਰਾ ਸੀਸ ਗੰਜ, ਰਕਾਬਗੰਜ, ਬੰਗਲਾ ਸਾਹਿਬ, ਬਾਲਾ ਸਾਹਿਬ, ਦਮਦਮਾ ਸਾਹਿਬ, ਮੋਤੀ ਬਾਗ਼ ਵਗ਼ੈਰਾ ਬਣਾਉਣ ਵਾਸਤੇ ਬਾਬਾ ਬਘੇਲ ਸਿੰਘ ਤੇ ਜੱਸਾ ਸਿੰਘ ਰਾਮਗੜ੍ਹੀਆ ਨੇ ਖ਼ਾਸ ਰੋਲ ਅਦਾ ਕੀਤਾ। ਇਸ ਸਾਰੇ ਸਮੇਂ ਦੌਰਾਨ ਦਿੱਲੀ ਦੀ ਕੋਤਵਾਲੀ ਤੇ ਸਿੱਖ ਫ਼ੌਜਾਂ ਦਾ ਕਬਜ਼ਾ ਰਿਹਾ।” (ਡਾ: ਹਰਜਿੰਦਰ ਸਿੰਘ ਦਿਲਗੀਰ: ਉਪਰੋਕਤ, ਸਫ਼ੇ 611-618)





# ੭.
# ਸਿੱਖ ਮਿਸਲਾਂ ਅਤੇ ਗੁਰਮਤਿ ਇਨਕਲਾਬ

## ਸਿੱਖ ਮਿਸਲਾਂ ਦਾ ਲੇਖਾ ਜੋਖਾ

“ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਹੋਏ ਆਲਮਗੀਰੀ ਸਿੱਖ ਫ਼ਲਸਫ਼ੇ ਵਿੱਚ ਕਿਸੇ ਦੀ ਗ਼ੁਲਾਮੀ ਕਰਨ ਨੂੰ ਮੁੱਢੋਂ ਹੀ ਰੱਦ ਕੀਤਾ ਹੋਇਆ ਹੈ। ਦੂਜੇ ਪਾਸੇ ਇਸ ਦਾ ਮਤਲਬ ਇਹ ਵੀ ਹੈ ਕਿ ਸਿੱਖ ਹਾਕਮ ਨਹੀਂ ਹੋ ਸਕਦਾ। (ਇਸ ਦਾ ਮਤਲਬ ਹਰਗਿਜ਼ ਇਹ ਨਹੀਂ ਕਿ ਉਹ ਆਪਣੇ ਮੁਲਕ ਦੀ ਹਕੂਮਤ ਨਹੀਂ ਸੰਭਾਲ ਸਕਦਾ)। ਜੇ ਇੱਕ ਸਿੱਖ ਹਾਕਮ ਬਣਨ ਦੀ ਸੋਚ ਰਖਦਾ ਹੈ ਤਾਂ ਉਹ ਯਕੀਨਨ ਸਿੱਖ ਫ਼ਲਸਫ਼ੇ ਤੋਂ ਜਾਂ ਤਾਂ ਅਣਜਾਣ ਹੈ ਤੇ ਜਾਂ ਫਿਰ ਦੰਭੀ (ਪਖੰਡੀ) ਹੈ, ਜੋ ਅਖਵਾਉਂਣਾ ਤਾਂ ਸਿੱਖ ਚਾਹੁੰਦਾ ਹੈ ਪਰ ਇਸ ਤੇ ਅਮਲ ਨਹੀਂ ਕਰਨਾ ਚਾਹੁੰਦਾ। **ਸਿੱਖ ਫ਼ਲਸਫ਼ੇ ਮੁਤਾਬਿਕ ‘ਹਾਕਮ’ (ਹੁਕਮ ਚਲਾਉਂਣ ਵਾਲਾ) ਸਿਰਫ਼ ਅਕਾਲ ਪੁਰਖ਼ ਹੀ ਹੈ। ਸਿੱਖ ਨਾਜ਼ਮ (Administrator), ‘ਪ੍ਰਬੰਧਕ’ ਤਾਂ ਹੋ ਸਕਦਾ ਹੈ, ‘ਹਾਕਮ’ ਨਹੀਂ। ‘ਬੇਗ਼ਮਪੁਰਾ’ ਤੇ ‘ਹਲੇਮੀ ਰਾਜ’ ਵਿੱਚ ਹਾਕਮ ਵਾਲੀ ਸੋਚ ਨਹੀਂ ਰੱਖੀ ਜਾ ਸਕਦੀ।**

**ਸਿੱਖਾਂ ਦੀ ਹਥਿਆਰਬੰਦ ਜਦੋਜਹਿਦ ਮੁਗ਼ਲਾਂ ਤੇ ਅਫ਼ਗਾਨਾਂ ਤੋਂ ਹਕੂਮਤ ਖੋਹ ਕੇ ਉਨ੍ਹਾਂ ਦੀ ਜਗ੍ਹਾ ਦਸਤਾਰਾਂ ਵਾਲੇ (ਸਿੱਖ) ਹਾਕਮ ਬਿਠਾਉਂਣ ਵਾਸਤੇ ਨਹੀਂ ਸੀ, ਬਲਕਿ ਜ਼ਾਲਮ ਹਾਕਮਾਂ ਨੂੰ ਖ਼ਤਮ ਕਰਕੇ, ਜ਼ੁਲਮ ਦੇ ਦੌਰ ਨੂੰ ਮੁਕਾ ਕੇ, (ਰੱਬੀ ਧਰਮ ਦਾ) ਹਲੇਮੀ ਰਾਜ ਕਾਇਮ ਕਰਨਾ ਸੀ। ਇਸ ਫ਼ਲਸਫ਼ੇ ਦਾ ਨਿਜ਼ਾਮ ਬੰਦਾ ਸਿੰਘ ਬਹਾਦਰ ਨੇ 1710 ਵਿੱਚ ਸਰਹਿੰਦ ’ਤੇ ਕਬਜ਼ੇ ਤੋਂ ਬਾਅਦ ਕਾਇਮ ਕਰ ਦਿੱਤਾ ਸੀ।** 1753 ਤੋਂ ਮਗਰੋਂ ਜਦ ਸਿੱਖਾਂ ਨੇ ਕਿਸਾਨਾਂ ਤੇ ਹੋਰ ਲੋਕਾਂ ਨੂੰ ‘ਰਾਖੀ’ ਦੀ ਪੇਸ਼ਕਸ਼ ਕੀਤੀ ਸੀ ਤਾਂ ਵੀ ਉਨ੍ਹਾਂ ਨੇ ‘ਹਾਕਮ’ ਬਣਨ ਦੀ ਸੋਚ ਨਹੀਂ ਸੀ ਰੱਖੀ। ਸਿੱਖ ਲੋਕਾਂ ਨੂੰ ਇਨਸਾਫ਼, ਬਰਾਬਰੀ, ਇਨਸਾਨੀ ਹਕੂਕ, ਭਾਈਚਾਰਕ ਸਾਂਝ, ਮਿਹਰ, ਸੱਜਣਤਾਈ ਵੰਡਦੇ ਸਨ। ਫਿਰ ਜਦੋਂ 1765 ਵਿੱਚ ਉਨ੍ਹਾਂ ਨੇ ਲਾਹੌਰ ਅਤੇ ਹੋਰ ਥਾਵਾਂ ’ਤੇ ਕਬਜ਼ੇ ਕਰਕੇ ਮੁਲਕ ਦਾ ਇੰਤਜ਼ਾਮ ਚਲਾਉਂਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਦਾ ਨਿਜ਼ਾਮ ਲੋਕਾਂ ਵਿੱਚ ਏਨਾ ਹਰਦਿਲ-ਅਜ਼ੀਜ਼ ਤੇ ਮਕਬੂਲ ਸੀ ਕਿ ਜਦੋਂ ਅਫ਼ਗ਼ਾਨ ਜਾਂ ਮੁਗ਼ਲ ਉਨ੍ਹਾਂ ਤੋਂ ਸਿੱਖਾਂ ਦੇ ਤੌਰ ਤਰੀਕਿਆਂ, ਉਨ੍ਹਾਂ ਦੇ ਇਨਸਾਫ਼ ਅਤੇ ਉਨ੍ਹਾਂ ਦੇ ਜੀਵਨ-ਜਾਚ ਦੀ ਗੱਲ ਪੁਛਦੇ ਸਨ ਤਾਂ ਉਹ (ਮੁਕਾਮੀ ਲੋਕ) ਸਿੱਖਾਂ ਦੀ ਤਾਰੀਫ਼ ਕਰਦੇ ਨਹੀਂ ਸਨ ਥਕਦੇ...”। [ਡਾ. ਹਰਜਿੰਦਰ ਸਿੰਘ ਦਿਲਗੀਰ : ਉਪਰੋਕਤ, ਸਫ਼ੇ 611-619]

## ਲਾਸਾਨੀ ਗੁਰਮਤਿ ਇਨਕਲਾਬ ਨਿਵਾਣਾਂ ਵੱਲ ਨੂੰ ਹੋ ਤੁਰਿਆ

“ਪਰ ਜਿਉਂ-ਜਿਉਂ ਸਿੱਖਾਂ ਕੋਲ ਤਾਕਤ ਆਉਂਦੀ ਗਈ, ਦੌਲਤ ਮਿਲਣ ਲੱਗ ਪਈ, ਲੋਕ ‘ਸਿਰਦਾਰ’ ਆਖ ਕੇ, ਸਿਰ ਝੁਕਾ ਕੇ, ਸਲਾਮਾਂ ਕਰਨ ਲੱਗ ਪਏ ਤਾਂ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਆਪਣਾ ਆਪ ‘ਕੁਝ ਹੋਰ ਹੀ’ ਲੱਗਣ ਲੱਗ ਪਿਆ। ਹੌਲੀ-ਹੌਲੀ ਉਨ੍ਹਾਂ

ਨੇ ਨਿਜ਼ਾਮ ਚਲਾਉਣ ਵਾਸਤੇ, ਲੇਖਾ ਰੱਖਣ ਵਾਸਤੇ, ਖ਼ਤ ਲਿਖਣ ਵਾਸਤੇ 'ਅਫ਼ਸਰ' ਵੀ ਲਾਉਣੇ ਸ਼ੁਰੂ ਕਰ ਦਿੱਤੇ। ਇਹ ਸਾਰੇ ਮੁਲਾਜ਼ਮ ਗੈਰ-ਸਿੱਖ ਤੇ ਵਧੇਰੇ ਕਰਕੇ ਹਿੰਦੂ ਸਨ ਤੇ ਕੁਝ ਪੰਜਾਬੀ ਖੱਤਰੀ ਵੀ ਸਨ। ਇਨ੍ਹਾਂ ਵਿੱਚੋਂ ਕੁਝ ਹਿੰਦੁਸਤਾਨ (ਹੁਣ ਯੂ.ਪੀ., ਐਮ.ਪੀ. ਵਗ਼ੈਰਾ) ਦੇ ਬ੍ਰਾਹਮਣ ਸਨ। ਇਨ੍ਹਾਂ ਦਾ ਇੱਕ ਵੱਡਾ ਹਿੱਸਾ ਪਹਿਲਾਂ ਕਿਸੇ ਨਾ ਕਿਸੇ ਮੁਗ਼ਲ ਜਾਂ ਹਿੰਦੂ ਰਾਜੇ, ਵਜ਼ੀਰ, ਅਮੀਰ, ਨਵਾਬ, ਫ਼ੌਜਦਾਰ, ਨਾਇਬ ਵਗ਼ੈਰਾ ਕੋਲ ਕੰਮ ਕਰਦਾ ਰਿਹਾ ਸੀ ਤੇ ਉਨ੍ਹਾਂ ਕੋਲ ਉਸ ਨਿਜ਼ਾਮ ਦਾ ਤਜ਼ਰਬਾ ਹੀ ਨਹੀਂ ਬਲਕਿ ਆਦਤਾਂ ਵੀ ਕਾਇਮ ਸਨ। ਹਿੰਦੂ ਰਜਵਾੜਿਆਂ, ਨਵਾਬਾਂ ਤੇ ਜਿੰਮੀਦਾਰਾਂ ਦੇ ਤੌਰ-ਤਰੀਕੇ ਵੀ ਵਧੇਰੇ ਕਰਕੇ ਮੁਗ਼ਲਾਂ ਵਰਗੇ ਹੀ ਸਨ ਤੇ ਇਸ ਕਰਕੇ ਉਨ੍ਹਾਂ ਦੇ ਮੁਲਾਜ਼ਮ (ਅਫ਼ਸਰ) ਵੀ ਮੁਗ਼ਲਾਂ ਵਾਲੀ ਫ਼ਿਤਰਤ ਰਖਦੇ ਸਨ। ਇਸ ਫ਼ਿਤਰਤ ਵਿੱਚ ਹੁਕਮ ਕਰਨਾ, ਅੱਯਾਸ਼ੀ, ਧੱਕੇ-ਸ਼ਾਹੀ, ਕੁਨਬਾ-ਪੁਰਬੀ, ਨਸ਼ੇ, ਵੱਡੀ ਗਿਣਤੀ ਵਿੱਚ ਔਰਤਾਂ ਰੱਖਣਾ ਵੀ ਸ਼ਾਮਿਲ ਸੀ। ਜਦੋਂ ਸਿੱਖ 'ਮਿਸਲਦਾਰਾਂ' ਨੇ ਆਪਣੇ ਨਿਜ਼ਾਮ ਵਾਸਤੇ ਇਹ ਅਹਿਲਕਾਰ ਭਰਤੀ ਕੀਤੇ ਤਾਂ ਉਨ੍ਹਾਂ ਵਿੱਚੋਂ ਬਹੁਤੇ ਇਨ੍ਹਾਂ ਸਾਬਕਾ ਅਹਿਲਕਾਰਾਂ ਵਿੱਚੋਂ ਹੀ ਸਨ ਤੇ ਜਾਂ ਇਸ ਕਿਸਮ ਦੇ ਲੋਕ ਹੀ ਸਨ।

ਦੂਜਾ, ਬੰਦਾ ਸਿੰਘ ਵੇਲੇ ਜੂਝਣ ਵਾਲੇ ਸਾਥੀਆਂ ਵਿੱਚੋਂ ਬਹੁਤੇ ਗੁਰੂ ਸਾਹਿਬ ਦੇ ਨੇੜੇ ਰਹਿਣ ਵਾਲੇ ਸਿੱਖ ਸਨ ਜਾਂ ਹੋਰ ਹਜ਼ੂਰੀ ਸਿੱਖਾਂ ਦੀ ਔਲਾਦ ਸਨ। ਜਦ ਬੰਦਾ ਸਿੰਘ ਨੇ ਕੁਝ ਇਲਾਕੇ ਜਿੱਤ ਲਏ ਤਾਂ ਸਿੱਖਾਂ ਦੇ ਨਾਲ-ਨਾਲ ਬਹੁਤ ਸਾਰੇ ਹਿੰਦੂ (ਗੁੱਜਰ, ਜਾਟ ਤੇ ਰਾਜਪੂਤ) ਵੀ ਉਸਦੀ ਫ਼ੌਜ ਵਿੱਚ ਸ਼ਾਮਿਲ ਹੋ ਗਏ। ਪਰ ਇਨ੍ਹਾਂ ਦਾ ਨਿਸ਼ਾਨਾ ਸਿਰਫ਼ ਤੇ ਸਿਰਫ਼ ਲੁੱਟ-ਮਾਰ ਕਰਨਾ ਹੀ ਸੀ। (ਹਰੀ ਰਾਮ ਗੁਪਤਾ : ਹਿਸਟਰੀ ਆਫ਼ ਦਾ ਸਿਖਜ਼, ਜਿਲਦ 2, ਸਫ਼ਾ 35)। ਜਦੋਂ ਬੰਦਾ ਸਿੰਘ ਅਤੇ ਸਿੱਖਾਂ ਦੀਆਂ ਸ਼ਹੀਦੀਆਂ ਦਾ ਦੌਰ ਆਇਆ ਤਾਂ ਇਹ ਸਾਰੇ ਹਿੰਦੂ ਦਾੜ੍ਹੀ ਕੇਸ ਮੁੰਨਵਾ ਕੇ ਫੇਰ ਆਪਣੇ 'ਅਸਲ' ਰੂਪ ਵਿੱਚ ਆ ਗਏ (ਹਿੰਦੂ ਬਣ ਗਏ)। ਮਗਰੋਂ ਫੇਰ, ਖ਼ਾਸ ਕਰਕੇ ਮੀਰ ਮਨੂੰ ਦੀ ਮੌਤ (1753) ਮਗਰੋਂ, ਜਦ ਸਿੱਖਾਂ ਦੇ ਦਿਨ ਫਿਰੇ ਅਤੇ ਮੁਗ਼ਲ ਤੇ ਅਫ਼ਗਾਨ ਕਮਜ਼ੋਰ ਹੋਣ ਲੱਗ ਪਏ, ਤਾਂ ਬਹੁਤ ਸਾਰੇ ਪੰਜਾਬੀ ਹਿੰਦੂ ਜੱਟ ਵੀ ਸਿੱਖ ਫ਼ੌਜ ਦਾ ਹਿੱਸਾ ਬਣ ਗਏ। ਉਨ੍ਹਾਂ ਦਾ ਨਿਸ਼ਾਨਾ ਨਾ ਤਾਂ ਸਿੱਖੀ ਸੀ ਅਤੇ ਨਾ ਹੀ ਜ਼ੁਲਮ ਦਾ ਨਾਸ ਕਰਕੇ 'ਹਲੇਮੀ ਰਾਜ' ਕਾਇਮ ਕਰਨਾ ਸੀ। ਉਹ ਜਾਂ ਤਾਂ ਜ਼ੁਲਮ ਜਾਂ ਗ਼ਰੀਬੀ ਤੋਂ ਤੰਗ ਆਏ ਹੋਏ ਸਿੱਖ ਫ਼ੌਜਾਂ ਵਿੱਚ ਸ਼ਾਮਿਲ ਹੋਏ ਸਨ ਤੇ ਜਾਂ ਉਹ ਸਿੱਖ ਰਾਜ ਦੇ ਆਉਣ ਦੀ ਉਮੀਦ ਵਿੱਚ, ਤਾਕਤ ਵਿੱਚ ਆਉਣ ਦੀ ਸੋਚ ਨਾਲ ਖ਼ਾਲਸਾ ਫ਼ੌਜ ਦੇ ਨੇੜੇ ਹੋਏ ਸਨ।

**ਜਦੋਂ ਸਿੱਖ ਮਿਸਲਾਂ ਦੇ ਹੱਥ ਹਕੂਮਤ ਆਈ ਤਾਂ ਇਹ ਤਾਕਤ ਤੇ ਦੌਲਤ ਦੀ ਲੁੱਟ ਕਰਨ ਆਏ ਨਵੇਂ ਸਜੇ ਅਖੌਤੀ ਤੇ ਨਵੇਂ ਸਿੱਖ ਪਹਿਲਾਂ-ਪਹਿਲ ਤਾਂ 'ਸਿੱਖ ਕਾਮਨਵੈਲਥ' ਦੀ ਸੋਚ ਨਾਲ ਚਲਦੇ ਰਹੇ। ਪਰ ਜਦੋਂ ਜੱਸਾ ਸਿੰਘ ਆਹਲੂਵਾਲੀਆ ਬੁਢਾਪੇ ਦੇ ਆਖ਼ਰੀ ਹਿੱਸੇ ਵਿੱਚ ਆਇਆ ਤਾਂ ਉਸ ਦੀ ਕਮਾਂਡ ਕਮਜ਼ੋਰ ਹੋ ਗਈ। ਦੂਜਾ, ਮਿਸਲਾਂ ਦੇ ਆਗੂ ਹੁਣ ਦੌਲਤ ਤੇ ਤਾਕਤ ਵਾਲੇ ਬਣ ਚੁੱਕੇ ਸਨ ਤੇ ਉਹ ਆਪਣੇ ਆਪ ਨੂੰ ਹੌਲੀ-ਹੌਲੀ 'ਹਾਕਮ' ਵੀ ਸਮਝਣ ਲੱਗ ਪਏ ਸਨ।**





ਇਨ੍ਹਾਂ ਵਿੱਚੋਂ ਬਹੁਤੇ ਸਿੱਖ ਫ਼ਲਸਫ਼ੇ ਤੇ ਸਿੱਖ ਜੀਵਨ-ਜਾਚ ਤੋਂ ਤਕਰੀਬਨ ਕੋਰੇ ਹੀ ਸਨ। ਤੀਜਾ, ਇਨ੍ਹਾਂ ਸਮਿਆਂ ਵਿੱਚ ਪੜ੍ਹੇ-ਲਿਖੇ ਹਿੰਦੂ, ਖਾਸ ਕਰਕੇ ਬ੍ਰਾਹਮਣ ਅਤੇ ਖ਼ੱਤਰੀ ਹਿੰਦੂ, ਸਿੱਖ ਮਿਸਲਾਂ ਦੇ ਆਗੂਆਂ ਦੇ ਨੇੜੇ ਹੋਣ ਲੱਗ ਪਏ। ਉਹ ਉਨ੍ਹਾਂ ਨੂੰ ਲਿਖਤ-ਪੜ੍ਹਤ ਕਰਨ ਅਤੇ ਹਿਸਾਬ-ਕਿਤਾਬ ਰੱਖਣ ਵਿੱਚ 'ਮਦਦ' ਕਰਨ ਲੱਗ ਪਏ। ਹੌਲੀ-ਹੌਲੀ ਉਹ ਮਿਸਲਾਂ ਦੇ ਆਗੂਆਂ ਦੇ 'ਦੀਵਾਨ' (ਵਜ਼ੀਰ) ਬਣ ਗਏ ਤੇ ਅਖ਼ੀਰ ਉਹ ਇਨ੍ਹਾਂ ਆਗੂਆਂ ਨੂੰ ਆਪਣੀ ਮਰਜ਼ੀ ਨਾਲ ਚਲਾਉਣ ਲੱਗ ਪਏ। ਉਹ ਅਨਪੜ੍ਹ ਮਿਸਲਦਾਰਾਂ ਨੂੰ 'ਸਿਆਸਤ ਦੇ ਗੁਰ' ਵੀ ਸਿਖਾਉਣ ਲੱਗ ਪਏ। **ਬੱਸ ਇਸੇ ਮਹੌਲ ਨੇ ਹੀ ਸਿੱਖ ਆਗੂਆਂ ਵਿੱਚ 'ਹਾਕਮ' ਹੋਣ ਦਾ ਅਹਿਸਾਸ ਭਰਨਾ ਸ਼ੁਰੂ ਕਰ ਦਿੱਤਾ। ਉਹ ਆਪਣੇ ਇੰਤਜ਼ਾਮ ਅਤੇ ਰਾਖੀ ਹੇਠਲੇ ਇਲਾਕਿਆਂ ਨੂੰ ਆਪਣੀ ਰਿਆਸਤ ਸਮਝਣ ਲੱਗ ਪਏ। ਛੇਤੀ ਹੀ ਉਨ੍ਹਾਂ ਨੇ ਹੋਰ ਇਲਾਕੇ ਅਤੇ ਤਾਕਤ ਹਾਸਿਲ ਕਰਨ ਵਾਸਤੇ, ਇੱਕ-ਦੂਜੇ ਨੂੰ ਢਾਹੁਣਾ ਸ਼ੁਰੂ ਕਰ ਦਿੱਤਾ। ਇਸ ਨੇ ਈਰਖਾ, ਲੁੱਟ, ਭਰਾ-ਮਾਰੂ ਜੰਗ, ਧੱਕੇ-ਸ਼ਾਹੀ ਅਤੇ ਖ਼ੁਦਗਰਜ਼ੀ ਵਾਲੀ ਸੋਚ ਨੂੰ ਜਨਮ ਦਿੱਤਾ।** ਇਸ ਦੇ ਨਤੀਜੇ ਵਜੋਂ ਨਸ਼ਿਆਂ ਦਾ ਪ੍ਰਸਾਰ ਵੀ ਹੋਣ ਲੱਗ ਪਿਆ। ਇਸ ਦੇ ਨਾਲ ਹੀ ਕਾਮ ਵੀ ਭਾਰੂ ਹੋਣ ਲੱਗ ਪਿਆ। ਕਈ-ਕਈ ਜ਼ਨਾਨੀਆਂ, ਗੋਲੀਆਂ, ਰਖੈਲਾਂ ਇਨ੍ਹਾਂ ਮਿਸਲਦਾਰਾਂ ਦੇ ਹਰਮਾਂ ਵਿੱਚ ਸ਼ਾਮਿਲ ਹੋਣ ਲੱਗ ਪਈਆਂ। **ਦੋ-ਢਾਈ ਦਹਾਕਿਆਂ ਵਿੱਚ ਹੀ ਕਈ ਮਿਸਲਾਂ ਦੇ ਆਗੂ ਮੁਗ਼ਲ ਹਾਕਮਾਂ ਵਾਲੀ ਜ਼ਿੰਦਗੀ ਜੀਣ ਲੱਗ ਪਏ ਸਨ। ਇਨ੍ਹਾਂ ਨੂੰ 'ਮੁਗ਼ਲੀਆ-ਸਿੱਖ' ਕਹਿਣਾ ਗ਼ਲਤ ਨਹੀਂ ਹੋਵੇਗਾ। ਜਿਵੇਂ ਭਾਰਤ ਵਿੱਚ ਜ਼ੈਲ ਸਿੰਘ ਪਰੈਜ਼ੀਡੈਂਟ (ਰਾਸ਼ਟਰਪਤੀ) ਜਾਂ ਡਾ. ਮਨਮੋਹਨ ਸਿੰਘ ਪ੍ਰਧਾਨ ਮੰਤਰੀ ਬਣ ਜਾਣ ਨਾਲ ਭਾਰਤ ਵਿੱਚ ਸਿੱਖ ਰਾਜ ਕਾਇਮ ਨਹੀਂ ਹੋ ਜਾਂਦਾ, ਉਵੇਂ ਹੀ ਇਹ ਦਸਤਾਰ ਵਾਲੇ ਰਣਜੀਤ ਸਿੰਘ ਜਾਂ ਕਿਸੇ ਹੋਰ ਸਿੱਖ ਦੇ ਰਾਜਾ (ਜਾਂ ਮਹਾਰਾਜਾ) ਬਣ ਜਾਣ ਨਾਲ ਉਸ ਦੀ ਹਕੂਮਤ ਸਿੱਖ ਰਾਜ ਨਹੀਂ ਬਣ ਜਾਂਦੀ। ਸਿੱਖ ਰਾਜ ਤਾਂ ਹੀ ਬਣਦਾ ਹੈ ਜੇ ਉਹ ਸਿੱਖੀ ਸਿਧਾਂਤਾਂ ਮੁਤਾਬਕ ਚਲਾਇਆ ਜਾਵੇ।**

ਮਿਸਲਾਂ ਦੇ ਮੁਖੀ ਆਪਣੇ ਬੁਢਾਪੇ ਵਿੱਚ ਭੁੱਲ ਗਏ ਕਿ ਉਹ ਆਪਣਾ ਇਲਾਕਾ ਆਪਣੀ ਮਿਸਲ ਦੇ ਕਿਸੇ ਹੋਰ (ਕਾਬਲ) ਜਰਨੈਲ ਨੂੰ ਸੌਂਪ ਦੇਣ ਤੇ ਇਸਦੀ ਬਜਾਏ ਉਨ੍ਹਾਂ ਨੇ ਆਪਣੇ ਪੁੱਤਰਾਂ, ਭਤੀਜਿਆਂ ਤੇ ਹੋਰ ਰਿਸ਼ਤੇਦਾਰਾਂ ਨੂੰ 'ਹਾਕਮ' ਬਣਾਉਣਾ ਸ਼ੁਰੂ ਕਰ ਦਿੱਤਾ। ਇਹ ਸੋਚ ਗੁਰੂ ਦੇ ਹੁਕਮ ਦੇ ਉਲਟ ਸੀ। ਗੁਰੂ ਸਾਹਿਬ ਦਾ ਤਾਂ ਹੁਕਮ ਹੈ ਕਿ ਤਖ਼ਤ 'ਤੇ ਉਹੀ ਬੈਠਣਾ ਚਾਹੀਦਾ ਹੈ ਜੋ ਤਖ਼ਤ ਦੇ ਲਾਇਕ ਹੋਵੇ।

**ਭਟਕਣ ਦੀ ਇਹ ਲਹਿਰ ਹੌਲੀ-ਹੌਲੀ ਵਧਦੀ ਗਈ। ਕਈ ਮਿਸਲਾਂ ਦੀ ਆਪਸ ਵਿੱਚ ਹੀ ਇੱਕ-ਦੂਜੇ ਦੇ ਇਲਾਕਿਆਂ ਤੇ ਕਬਜ਼ੇ ਕਰਨ ਲਈ ਜੰਗ ਹੋਈ। ਇਨ੍ਹਾਂ ਜੰਗਾਂ ਵਿੱਚ ਵਧੇਰੇ ਰੋਲ ਭੰਗੀ, ਰਾਮਗੜ੍ਹੀਆ, ਸ਼ੁਕਰਚੱਕੀਆ, ਕਨ੍ਹਈਆ, ਕਰੋੜਸਿੰਘੀਆਂ ਮਿਸਲਾਂ ਦਾ ਸੀ। ਇਹ ਪੰਜੇ ਮਿਸਲਾਂ ਇੱਕ-ਦੂਜੇ ਤੋਂ ਇਲਾਕੇ ਖੋਹਣ ਵਾਸਤੇ ਕਈ ਵਾਰ ਜੁੱਟ ਬਣਾ ਕੇ ਵੀ ਇੱਕ-ਦੂਜੇ ਦੇ ਖ਼ਿਲਾਫ਼ ਲੜੀਆਂ ਸਨ। ਇਹ ਸੋਚ ਹਰਗਿਜ਼ ਸਿੱਖ-ਸੋਚ ਨਹੀਂ ਸੀ। ਇਹ ਗੁਰੂ ਸਾਹਿਬ ਦੀ ਸਿੱਖਿਆ ਦੇ ਬਿਲਕੁਲ ਉਲਟ ਸੀ। ਇਹ ਸਿੱਖੀ ਦੇ ਰਾਹ ਤੋਂ ਭਟਕਣਾ ਸੀ। ਇਕ-ਵਾਰ ਦਾ ਸ਼ੁਰੂ ਹੋਇਆ ਇਹ ਅ-ਸਿੱਖ ਦੌਰ ਦਿਨੋਂ-ਦਿਨ ਚੁੜੇਰਾ ਤੇ ਵਡੇਰਾ ਹੁੰਦਾ ਗਿਆ ਤੇ ਅਖ਼ੀਰ**

**ਇਸਨੇ ਸਿੱਖ ਹਕੂਮਤਾਂ ਨੂੰ ਖ਼ਾਨਦਾਨੀ, ਨਿੱਜੀ ਤੇ ਮਾਫ਼ੀਆ ਸੋਚ ਵਾਲੀ ਹਕੂਮਤ ਵਿੱਚ ਬਦਲ ਦਿੱਤਾ। ਜਿਹੜੀ ਕਿਰਪਾਨ ਜ਼ਾਲਮ ਦੇ ਨਾਸ਼ ਵਾਸਤੇ ਵਰਤੀ ਜਾਂਦੀ ਸੀ, ਹੁਣ ਆਪਣੇ ਭਰਾਵਾਂ ਦੀਆਂ ਗਰਦਨਾਂ 'ਤੇ ਚੱਲਣ ਲੱਗ ਪਈ ਸੀ।"**

[ਡਾ. ਹਰਜਿੰਦਰ ਸਿੰਘ ਦਿਲਗੀਰ, ਉਪਰੋਕਤ, ਸਫ਼ੇ 619-622]

1716 ਵਿੱਚ ਬੰਦਾ ਸਿੰਘ ਦੀ ਸ਼ਹੀਦੀ ਤੋਂ ਮਗਰੋਂ ਤਕਰੀਬਨ ਸਾਰੀ ਦੀ ਸਾਰੀ ਸਿੱਖ ਕੌਮ ਨੂੰ ਆਪਣੇ ਘਰ-ਘਾਟ ਛੱਡ ਕੇ ਜੰਗਲਾਂ-ਬੇਲਿਆਂ, ਪਹਾੜਾਂ ਅਤੇ ਬੀਕਾਨੇਰ ਵੱਲ ਦੇ ਮਾਰੂਥਲਾਂ ਵੱਲ ਖੁੱਲ੍ਹੇ ਅਸਮਾਨ ਹੇਠ ਵਾਸਾ ਕਰਨ ਲਈ ਮਜ਼ਬੂਰ ਹੋਣਾ ਪਿਆ ਸੀ। ਅਜਿਹੇ ਹਾਲਾਤ ਤਕਰੀਬਨ 1770 ਤੱਕ ਬਣੇ ਰਹੇ। ਇਸ ਬਿਪਤਾ ਦੇ ਸਮੇਂ ਦੌਰਾਨ ਸਮੁੱਚੀ ਸਿੱਖ ਕੌਮ ਇੱਕ ਪਾਸੇ ਤਾਂ ਜ਼ਾਲਮ ਮੁਗ਼ਲ ਹਕੂਮਤ ਨਾਲ ਅਤੇ ਦੂਜੇ ਪਾਸੇ ਵਿਦੇਸ਼ੀ ਅਫ਼ਗਾਨ ਹਮਲਾਵਰਾਂ ਦੇ ਖ਼ਿਲਾਫ਼ ਜਿੰਦਗੀ-ਮੌਤ ਦੇ ਤਿੱਖੇ ਹਥਿਆਰਬੰਦ ਸੰਘਰਸ਼ ਵਿੱਚ ਬੁਰੀ ਤਰ੍ਹਾਂ ਉਲਝੀ ਰਹੀ। ਇਸ ਕਰਕੇ ਸਿੱਖ ਕੌਮ ਦੀਆਂ ਦੋ-ਤਿੰਨ ਪੁਸ਼ਤਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਫ਼ਲਸਫ਼ੇ ਬਾਰੇ ਯੋਗ ਢੰਗ ਨਾਲ ਜਾਣਕਾਰੀ ਨਾ ਦਿੱਤੀ ਜਾ ਸਕੀ। ਨਤੀਜਾ ਇਹ ਨਿਕਲਿਆ ਕਿ ਸਿੱਖ ਕੌਮ ਗੁਰਮਤਿ ਸਿਧਾਂਤਾਂ ਨਾਲੋਂ ਟੁੱਟ ਗਈ ਅਤੇ ਗੁਰਮਤਿ ਇਨਕਲਾਬ ਅੱਗੇ ਵਿਕਾਸ ਕਰਨ ਦੀ ਬਜਾਏ ਨਿਵਾਣਾਂ ਵੱਲ ਨੂੰ ਹੋ ਤੁਰਿਆ।



ਲਾਸਾਨੀ ਇਨਕਲਾਬ

# ੮.

# ਮਹਾਰਾਜਾ ਰਣਜੀਤ ਸਿੰਘ ਅਤੇ ਗੁਰਮਤਿ ਇਨਕਲਾਬ

"23 ਅਕਤੂਬਰ 1772 ਦੇ ਦਿਨ ਅਹਿਮਦ ਸ਼ਾਹ ਦੁੱਰਾਨੀ ਦੀ ਮੌਤ ਹੋ ਗਈ। ਉਸ ਮਗਰੋਂ ਉਸਦਾ ਪੁੱਤਰ ਤੈਮੂਰ ਸ਼ਾਹ ਕਾਬਲ ਦਾ ਹਾਕਮ ਬਣਿਆ। ਭਾਵੇਂ ਉਹ 18 ਮਈ 1793 ਤੱਕ ਜਿਉਂਦਾ ਰਿਹਾ ਪਰ ਉਹ ਪੰਜਾਬ ਵਿੱਚ ਕਦੇ ਵੀ ਬੋਲ-ਬਾਲਾ ਕਾਇਮ ਨਾ ਕਰ ਸਕਿਆ। ਉਸ ਮਗਰੋਂ ਉਸਦਾ ਪੁੱਤਰ ਸ਼ਾਹ ਜ਼ਮਾਨ ਗੱਦੀ 'ਤੇ ਬੈਠਿਆ। ਸ਼ਾਹ ਜ਼ਮਾਨ ਨੇ ਵੀ ਆਪਣੇ ਦਾਦੇ ਅਹਿਮਦ ਸ਼ਾਹ ਦੁਰੱਾਨੀ ਵਾਂਗ, ਚਾਰ ਵਾਰ ਪੰਜਾਬ ਕੂਚ ਕੀਤਾ। ਇਨ੍ਹਾਂ ਚੌਹਾਂ ਹਮਲਿਆਂ ਦੌਰਾਨ ਦੋ ਵਾਰ ਉਸ ਦੀ ਟੱਕਰ ਸਿੱਖ ਫ਼ੌਜਾਂ ਨਾਲ ਹੋਈ, ਜਿਨ੍ਹਾਂ ਵਿੱਚ ਅਫ਼ਗਾਨ ਫ਼ੌਜਾਂ ਦਾ ਬਹੁਤ ਨੁਕਸਾਨ ਹੋਇਆ। ਅਖ਼ੀਰ 4 ਜਨਵਰੀ 1799 ਦੇ ਦਿਨ ਸ਼ਾਹ ਜ਼ਮਾਨ ਗੁਰੂ ਦਾ ਚੱਕ (ਅੰਮ੍ਰਿਤਸਰ) ਤੋਂ ਆਖ਼ਰੀ ਵਾਰ ਆਪਣੇ ਮੁਲਕ ਨੂੰ ਰਵਾਨਾ ਹੋ ਗਿਆ।

## ਲਾਹੌਰ 'ਤੇ ਰਣਜੀਤ ਸਿੰਘ ਦਾ ਕਬਜ਼ਾ

1799 ਵਿੱਚ ਲਾਹੌਰ ਉਤੇ ਭੰਗੀ ਮਿਸਲ ਦਾ ਕਬਜ਼ਾ ਸੀ। ਚੇਤ ਸਿੰਘ ਭੰਗੀ ਸ਼ਹਿਰ ਦਾ ਨਾਜ਼ਮ ਸੀ। ਸਿੱਖ ਧਰਮ ਦੀ ਸਿੱਖਿਆ ਉਸਦੇ ਨੇੜਿਓਂ ਵੀ ਨਹੀਂ ਸੀ ਲੰਘੀ। ਉਹ ਆਕੜ-ਖੋਰ, ਨਸ਼ਈ ਅਤੇ ਧੱਕੜਖੋਰ ਸੀ। ਲਾਹੌਰ ਦੇ ਕੁਝ ਸੀਨੀਅਰ ਸ਼ਹਿਰੀਆਂ, ਜਿਨ੍ਹਾਂ ਵਿੱਚ ਹਕੀਮ ਹਾਕਮ ਰਾਏ, ਮੀਆਂ ਆਸ਼ਿਕ ਮੁਹੰਮਦ, ਮੀਆਂ ਮੁਹਕਮਦੀਨ, ਮੁਹੰਮਦ ਬਾਕਿਰ, ਮੁਫ਼ਤੀ ਮੁਕੱਰਮ, ਸੀਰ ਸ਼ਾਅਦੀ, ਭਾਈ ਗੁਰਬਖ਼ਸ਼ ਸਿੰਘ ਅਤੇ ਕੁਝ ਹੋਰ ਮੋਹਤਬਰ ਵਿਅਕਤੀ ਸ਼ਾਮਿਲ ਸਨ, ਨੇ ਇੱਕ ਖ਼ਤ ਲਿਖ ਕੇ ਸ਼ੁਕਰਚੱਕੀਆ ਮਿਸਲ ਦੇ 19 ਸਾਲਾ ਨੌਜਵਾਨ ਮੁਖੀ, ਰਣਜੀਤ ਸਿੰਘ ਗੁਜਰਾਂਵਾਲਾ ਨੂੰ ਭੇਜਿਆ ਅਤੇ ਲਾਹੌਰ 'ਤੇ ਕਬਜ਼ਾ ਕਰਕੇ ਇਥੋਂ ਦੀ ਹਕੂਮਤ ਸੰਭਾਲਣ ਦੀ ਅਰਜ਼ ਕੀਤੀ। ਉਨ੍ਹਾਂ ਨੇ ਰਣਜੀਤ ਸਿੰਘ ਨੂੰ ਯਕੀਨ ਦਿਵਾਇਆ ਕਿ ਸਾਰੇ ਸਿਰਕਰਦਾ ਸ਼ਹਿਰੀ, ਅਮੀਰ-ਵਜ਼ੀਰ ਤੇ ਹੋਰ ਆਗੂ ਉਸਦਾ ਸਾਥ ਦੇਣਗੇ। **ਰਣਜੀਤ ਸਿੰਘ ਨੇ ਇਸ ਚਿੱਠੀ ਬਾਰੇ ਆਪਣੀ ਸੱਸ ਸਦਾ ਕੌਰ (ਮੁੱਖੀ ਨਕੱਈ ਮਿਸਲ) ਨਾਲ ਸਲਾਹ ਕੀਤੀ। ਉਸ ਨੇ ਆਪਣੇ ਜੁਆਈ ਦੀ ਪੂਰੀ ਮਦਦ ਕਰਨ ਦਾ ਵਾਅਦਾ ਕੀਤਾ** (ਤੇ **ਲੋੜ ਪੈਣ 'ਤੇ ਫ਼ੌਜ ਦੀ ਆਪ ਅਗਵਾਈ ਕਰਕੇ ਮੁਹਿੰਮ ਵਿੱਚ ਸ਼ਾਮਿਲ ਵੀ ਹੋਈ**)। **ਸਦਾ ਕੌਰ ਲੇਖਕ ਦੇ ਜ਼ੱਦੀ ਪਿੰਡ ਰਾਊਕੇ ਕਲਾਂ ਦੀ ਧੀ ਸੀ। ਉਹ ਇੱਕ ਦਲੇਰ, ਸੁੱਘੜ, ਵਧੀਆ ਪ੍ਰਬੰਧਕ ਅਤੇ ਦੂਰ-ਅੰਦੇਸ਼ ਇਸਤਰੀ ਸੀ।**

**ਇਸ ਵੇਲੇ ਤੱਕ 'ਸਰਬੱਤ ਖ਼ਾਲਸਾ', ਸਿੱਖ ਮਿਸਲਾਂ ਜਾਂ ਆਗੂਆਂ ਦਾ ਸਾਂਝਾ ਇਕੱਠ ਤਕਰੀਬਨ ਆਖਰੀ ਸਾਹਾਂ 'ਤੇ ਸੀ। ਸੰਨ 1783 ਵਿੱਚ ਜੱਸਾ ਸਿੰਘ ਆਹਲੂਵਾਲੀਆ ਦੀ ਮੌਤ ਮਗਰੋਂ, ਸਿੱਖ ਮਿਸਲਾਂ ਆਪਣਾ ਇੱਕ ਆਗੂ ਨਹੀਂ ਸਨ ਚੁਣ ਸਕੀਆਂ। ਉਂਝ ਵੀ ਉਹ 1783 ਤੋਂ ਪਹਿਲਾਂ ਹੀ ਆਪਸ ਵਿਚ ਤਾਕਤ ਖੋਹਣ ਦੀ ਜੰਗ ਵੱਲ ਟੁਰ ਚੁੱਕੀਆਂ ਸਨ ਤੇ**

**ਉਨ੍ਹਾਂ ਨੇ ਜੱਸਾ ਸਿੰਘ ਆਹਲੂਵਾਲੀਆ ਨੂੰ ਵੀ ਨਜ਼ਰ-ਅੰਦਾਜ਼ ਕਰਨਾ ਸ਼ੁਰੂ ਕਰ ਦਿੱਤਾ ਸੀ। ਸਿੱਖ ਕੌਮ ਵਿਚਲੇ ਇਤਹਾਦ, ਭਾਈਚਾਰਕ-ਸੋਚ ਅਤੇ ਕੌਮੀ ਇਨਕਲਾਬ ਦਾ ਇਹ ਇੱਕ ਤਰ੍ਹਾਂ ਨਾਲ ਨਿਘਾਰ ਸੀ। ਇਸ ਨੂੰ ਉਸ ਵੇਲੇ ਸ਼ਾਇਦ ਰੋਕਿਆ ਜਾ ਸਕਦਾ ਸੀ, ਪਰ ਕਿਉਂਕਿ ਬੇ-ਲਾਗ, ਸੱਚੇ-ਸੁਚੇ ਪਹਿਲੀ ਕਤਾਰ ਦੇ ਸਾਰੇ ਆਗੂ ਚੜ੍ਹਾਈ ਕਰ ਚੁੱਕੇ ਸਨ, ਉਨ੍ਹਾਂ ਦੇ ਜਿੱਤੇ ਇਲਾਕਿਆਂ ਦੇ ਨਾਜ਼ਮ/ਮਾਲਿਕ ਯਾਨਿ ਵਾਰਿਸ ਉਹ ਸਨ ਜੋ ਸਿੱਖ ਫ਼ਲਸਫ਼ੇ ਤੋਂ ਬਹੁਤਾ ਕਰਕੇ ਅਣਜਾਣ ਸਨ। ਉਹ ਸਿੱਖ ਰਾਜ ਨੂੰ ਨਿੱਜੀ ਰਾਜ ਸਮਝਦੇ ਹੋਏ ਪਲੇ ਤੇ ਵੱਡੇ ਹੋਏ ਸਨ। ਇਸ ਕਰਕੇ ਇੱਕ ਵਾਰ ਸ਼ੁਰੂ ਹੋਏ 'ਪੁੱਠੇ-ਗੇੜ' ਨੂੰ ਕੋਈ ਠੱਲ੍ਹ ਨਾ ਪਈ।**

ਨੌਜਵਾਨ ਰਣਜੀਤ ਸਿੰਘ ਨੂੰ ਲਾਹੌਰ 'ਤੇ ਕਬਜ਼ਾ ਕਰਨ ਦਾ ਸੱਦਾ ਦੇਣਾ, ਭਰਾ-ਮਾਰੂ ਜੰਗ ਅਤੇ ਵੱਧ ਤੋਂ ਵੱਧ ਤਾਕਤ ਇਕੱਠੀ ਕਰਨ ਦੀ ਅ-ਸਿੱਖ ਸੋਚ ਦੀ ਸ਼ੁਰੂਆਤ ਸੀ। ਹਿੰਦੂ ਮਿਥਹਾਸ ਵਿੱਚ ਆਪਣੀ ਹਕੂਮਤ ਦੇ ਆਲੇ-ਦੁਆਲੇ ਦੇ ਦੇਸ਼ਾਂ ਵਿੱਚ ਘੋੜਾ ਫੇਰ ਕੇ ਆਪਣੇ ਗ਼ੁਲਾਮ ਬਣਾਉਂਣ ਵਾਲਾ ਤਰੀਕਾ, ਰਣਜੀਤ ਸਿੰਘ ਵੱਲੋਂ ਲਾਹੌਰ 'ਤੇ ਕਬਜ਼ਾ ਕਰਨ ਨਾਲ, ਸਿੱਖ-ਤਵਾਰੀਖ਼ ਵਿੱਚ ਵੀ ਸ਼ੁਰੂ ਹੋ ਗਿਆ ਸੀ।

ਪਲਾਨ ਮੁਤਾਬਿਕ, ਰਣਜੀਤ ਸਿੰਘ 7 ਜੁਲਾਈ 1799 ਦੀ ਸਵੇਰ ਨੂੰ ਸ਼ਹਿਰ ਵਿੱਚ ਦਾਖ਼ਿਲ ਹੋਕੇ ਕਾਬਜ਼ ਹੋ ਗਿਆ। **ਕਿਲ੍ਹੇ ਤੇ ਕਬਜ਼ਾ ਕਰਨ ਵਾਸਤੇ ਚੇਤ ਸਿੰਘ ਦੀ ਵਫ਼ਾਦਾਰ ਫ਼ੌਜ ਨੇ ਕੁਝ ਚਿਰ ਲੜਾਈ ਕੀਤੀ ਪਰ ਉਨ੍ਹਾਂ ਦੀ ਗਿਣਤੀ ਥੋੜ੍ਹੀ ਹੋਣ ਕਰਕੇ ਉਨ੍ਹਾਂ ਨੇ ਹਥਿਆਰ ਸੁੱਟ ਦਿੱਤੇ। ਚੇਤ ਸਿੰਘ ਨੂੰ ਇੱਕ ਜਾਗੀਰ ਦੇ ਕੇ ਬਾ-ਇੱਜ਼ਤ ਲਾਹੌਰ ਤੋਂ ਭੇਜ ਦਿੱਤਾ ਗਿਆ। (ਜਾਗੀਰ ਦਾ ਇਹ ਪੈਟਰਨ ਸਿੱਖ ਫ਼ਲਸਫ਼ੇ ਵਿੱਚ ਮਨਜ਼ੂਰ ਨਹੀਂ ਕੀਤਾ ਜਾ ਸਕਦਾ। ਜਦ ਬੰਦਾ ਸਿੰਘ ਨੇ ਸਰਹਿੰਦ ਨੂੰ ਆਜ਼ਾਦ ਕਰਵਾਇਆ ਤਾਂ ਉਸ ਨੇ ਜਾਗੀਰਦਾਰੀ ਸਿਸਟਮ ਨੂੰ ਬਿਲਕੁਲ ਹੀ ਖ਼ਤਮ ਕਰ ਦਿੱਤਾ ਸੀ। ਹੁਣ ਰਣਜੀਤ ਸਿੰਘ ਨੇ ਫੇਰ ਪੁੱਠਾ-ਗੇੜਾ ਚਲਾ ਦਿੱਤਾ ਸੀ)।**

## ਕਸੂਰ ਤੇ ਕਬਜ਼ਾ

ਇਸ ਕਾਮਯਾਬੀ ਨੇ ਰਣਜੀਤ ਸਿੰਘ ਦੇ ਹੌਂਸਲੇ ਬੁਲੰਦ ਕਰ ਦਿੱਤੇ। ਉਹ ਮਸਤ ਗਿਆ ਅਤੇ ਉਸਦਾ ਦਿਲ 'ਮਹਾਰਾਜਾ' ਬਣਨ ਲਈ ਉੱਸਲਵੱਟੇ ਲੈਣ ਲੱਗਾ। ਉਸ ਨੇ 1801 ਵਿੱਚ ਕਸੂਰ ਨੂੰ ਈਨ ਮਨਵਾਈ ਅਤੇ 1806 ਵਿੱਚ ਇਸਦੇ ਇਲਾਕੇ 'ਤੇ ਕਬਜ਼ਾ ਕਰਕੇ ਇਥੋਂ ਦੇ ਹਾਕਮ ਨੂੰ ਮਮਕੋਟ ਦਾ ਕਿਲ੍ਹਾ ਅਤੇ ਕੁਝ ਜਾਗੀਰ ਦੇ ਕੇ ਕਸੂਰ ਤੋਂ ਟੋਰ ਦਿਤਾ।

## ਅੰਮ੍ਰਿਤਸਰ 'ਤੇ ਕਬਜ਼ਾ

ਕਸੂਰ 'ਤੇ ਕਬਜ਼ਾ ਕਰਨ ਤੋਂ ਬਾਅਦ ਰਣਜੀਤ ਸਿੰਘ ਨੇ ਸਾਂਝੇ ਸਿੱਖ ਨਗਰ ਗੁਰੂ ਦਾ ਚੱਕ, ਅੰਮ੍ਰਿਤਸਰ 'ਤੇ ਕਬਜ਼ਾ ਕਰਨ ਦਾ ਫੈਸਲਾ ਕੀਤਾ। ਅੰਮ੍ਰਿਤਸਰ ਉਸ ਵੇਲੇ ਭੰਗੀ ਮਿਸਲ ਕੋਲ ਸੀ। 25 ਫਰਵਰੀ 1804 ਦੇ ਦਿਨ ਗ਼ੁਲਾਬ ਸਿੰਘ ਭੰਗੀ ਦੇ ਪੁੱਤਰ 'ਤੇ ਹਮਲਾ ਕਰਕੇ ਉਸ ਨੂੰ ਮਾਰ ਕੇ ਤੇ ਉਸਦੀ ਮਾਂ ਨੂੰ ਮੀਂਹ ਪੈਂਦੇ ਵਿੱਚ ਘਰੋਂ ਕੱਢ ਕੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ।



ਲਾਸਾਨੀ ਇਨਕਲਾਬ

## ਮੁਲਤਾਨ 'ਤੇ ਕਬਜ਼ਾ

ਮੁਲਤਾਨ ਦੇ ਕਿਲ੍ਹੇ ਤੇ ਰਣਜੀਤ ਸਿੰਘ ਨੇ 6 ਵਾਰ ਹਮਲਾ ਕੀਤਾ (1803, 1805, 1807, 1810, 1816 ਤੇ 1817) ਪਰ ਹਰ ਵਾਰ ਨਾਕਾਮਯਾਬੀ ਹੀ ਹੱਥ ਲੱਗੀ। ਅਖ਼ੀਰ 30 ਮਈ 1817 ਦੇ ਦਿਨ, ਅਕਾਲੀ ਫੂਲਾ ਸਿੰਘ ਦੀ ਫ਼ੌਜ ਨੇ ਸ਼ਹੀਦੀਆਂ ਦੇ ਕੇ, ਮੁਲਤਾਨ ਜਿੱਤ ਕੇ, ਰਣਜੀਤ ਸਿੰਘ ਦੀ ਝੋਲੀ 'ਚ ਪਾ ਦਿੱਤਾ।

## ਸਿਆਲਕੋਟ 'ਤੇ ਕਬਜ਼ਾ

1818 ਵਿੱਚ ਰਣਜੀਤ ਸਿੰਘ ਨੇ ਸਿਆਲਕੋਟ 'ਤੇ ਵੀ ਕਬਜ਼ਾ ਕਰ ਲਿਆ।

## ਮਿਸਲਾਂ ਦੇ ਇਲਾਕੇ ਖੋਹਣਾ

ਇਨ੍ਹਾਂ ਦਿਨਾਂ ਵਿੱਚ ਹੀ ਰਣਜੀਤ ਸਿੰਘ ਨੇ ਰਚਨਾ ਦੋਆਬ ਵਿੱਚ ਜੱਸਾ ਸਿੰਘ ਦੁੱਲੂ ਅਤੇ ਦਲ ਸਿੰਘ ਦਾ ਇਲਾਕਾ ਖੋਹ ਲਿਆ। ਇਸ ਮਗਰੋਂ ਉਸ ਨੇ ਝਨ੍ਹਾਂ ਅਤੇ ਜਿਹਲਮ ਵਿਚਕਾਰ ਜੋਧ ਸਿੰਘ ਬਾਜਵਾ ਦਾ ਇਲਾਕਾ ਵੀ ਖੋਹ ਲਿਆ। 1807 ਵਿੱਚ ਤਾਰਾ ਸਿੰਘ ਗੈਬਾ ਦੀ ਮੌਤ ਹੋਈ ਤਾਂ ਰਣਜੀਤ ਸਿੰਘ ਨੇ ਮਾਤਮ-ਪੁਰਸੀ ਕਰਨ ਦੇ ਬਹਾਨੇ ਰਾਹੋਂ ਜਾ ਕੇ ਇਸ 'ਤੇ ਕਬਜ਼ਾ ਕਰ ਲਿਆ ਤੇ ਫਿਰ ਉਸਦੇ ਨਕੋਦਰ ਦੇ ਇਲਾਕੇ 'ਤੇ ਵੀ ਕਬਜ਼ਾ ਕਰ ਲਿਆ। ਕੁਝ ਚਿਰ ਮਗਰੋਂ ਕੰਗ ਖਾਨਦਾਨ ਤੋਂ ਫਲੌਰ ਅਤੇ ਭਾਈ ਬਘੇਲ ਸਿੰਘ ਦੀ ਵਿਧਵਾ ਤੋਂ ਹਰਿਆਣਾ (ਮੌਜੂਦਾ ਜਿਲ੍ਹਾ ਹੁਸ਼ਿਆਰਪੁਰ ਵਿੱਚ) ਵੀ ਖੋਹ ਲਏ। ਇਸ ਵੇਲੇ ਬਿਆਸ ਤੇ ਰਾਵੀ ਵਿਚਕਾਰਲੇ ਇਲਾਕਿਆਂ ਵਿੱਚੋਂ ਪਠਾਨਕੋਟ ਤਾਰਾ ਸਿੰਘ ਸੰਧੂ, ਸੁਜਾਨਪੁਰ ਵਿੱਚ ਬੁੱਧ ਸਿੰਘ ਬੱਗਾ, ਦੀਨਾ ਨਗਰ ਵਿੱਚ ਗੁਲਾਬ ਸਿੰਘ ਖੈਰਾ, ਚਮਿਆਰੀ ਵਿੱਚ ਰੰਧਾਵਾ ਖ਼ਾਨਦਾਨ, ਮਾਰੂਫ਼ ਵਿੱਚ ਬੁੱਧ ਸਿੰਘ ਕਾਬਜ਼ ਸਨ। ਰਣਜੀਤ ਸਿੰਘ ਨੇ ਇਨ੍ਹਾਂ ਸਾਰਿਆਂ ਦੇ ਇਲਾਕੇ ਖੋਹ ਕੇ, ਉਨ੍ਹਾਂ ਨੂੰ ਜਾਗੀਰਾਂ ਦੇ ਦਿੱਤੀਆਂ। ਇੰਝ ਹੀ ਉਸ ਨੇ ਫਗਵਾੜਾ (ਨਵੰਬਰ 1802 ਵਿੱਚ), ਹੁਸ਼ਿਆਰਪੁਰ, ਬਜਵਾੜਾ, ਹੁਜਰਾਸ਼ਾਹ ਮੁਕੀਮ (ਸੱਈਦਾਂ ਤੋਂ), ਕਮਾਲੀਆ (ਖਰਲਾਂ ਤੋਂ), ਪਿੰਡੀ ਭੱਟੀਆਂ (ਭੱਟੀਆਂ ਤੋਂ), ਪਿੰਡੀ ਘੈਬ (ਨਵਾਬ ਖਾਨ ਜੋਧੜਾ ਤੋਂ), ਫ਼ਤਹਿ ਜੰਗ ਦੇ ਆਲੇ-ਦੁਆਲੇ (ਮੁਹੰਮਦ ਖਾਨ ਘੈਬਾ ਤੋਂ) ਦੇ ਇਲਾਕੇ ਵੀ ਖੋਹ ਲਏ। ਇਨ੍ਹਾਂ ਦਿਨਾਂ ਵਿੱਚ ਹੀ ਬਘੇਲ ਸਿੰਘ ਕਰੋੜ ਸਿੰਘੀਆ ਦੀ ਸਰਦਾਰਨੀ ਚੜ੍ਹਾਈ ਕਰ ਗਈ ਤੇ ਰਣਜੀਤ ਸਿੰਘ ਨੇ ਉਸ ਦੇ ਇਲਾਕੇ 'ਤੇ ਕਬਜ਼ਾ ਕਰ ਲਿਆ। **ਰਣਜੀਤ ਸਿੰਘ ਨੇ ਤਾਂ ਆਪਣੀ ਸੱਸ ਸਦਾ ਕੌਰ ਨੂੰ ਵੀ ਨਹੀਂ ਬਖ਼ਸ਼ਿਆ ਤੇ ਉਸ ਨੂੰ ਕੈਦ ਵਿੱਚ ਸੁੱਟ ਕੇ ਉਸਦੇ ਇਲਾਕਿਆਂ 'ਤੇ ਵੀ ਕਬਜ਼ਾ ਕਰ ਲਿਆ (ਤੇ ਉਹ 11 ਸਾਲ ਨਜ਼ਰਬੰਦੀ/ਕੈਦ ਵਿੱਚ ਰਹਿ ਕੇ ਮਰ ਗਈ)। ਇਹ ਗੱਲ ਕਾਬਲੇ-ਜ਼ਿਕਰ ਹੈ ਕਿ ਸਦਾ ਕੌਰ ਦਾ ਕੋਈ ਪੁੱਤਰ ਨਹੀਂ ਸੀ ਤੇ ਉਸਦੇ ਮਰਨ ਮਗਰੋਂ ਉਸ ਦੀ ਰਿਆਸਤ ਰਣਜੀਤ ਸਿੰਘ ਨੂੰ ਹੀ ਮਿਲ ਜਾਣੀ ਸੀ ਪਰ ਫਿਰ ਵੀ ਰਣਜੀਤ ਸਿੰਘ ਨੇ ਉਸ ਨੂੰ ਕੈਦ ਕਰਕੇ ਉਸਦਾ ਇਲਾਕਾ ਖੋਹ ਲਿਆ।**

## ਡੋਗਰਿਆਂ ਅਤੇ ਬ੍ਰਾਹਮਣਾਂ ਦਾ ਘੇਰਾ

**ਜਦ ਰਣਜੀਤ ਸਿੰਘ ਕੋਲ ਅਥਾਹ ਤਾਕਤ ਆ ਗਈ ਤਾਂ ਉਸਨੇ ਆਪਣੀ ਹਕੂਮਤ**

**ਵਿੱਚ ਗੈਰ-ਸਿੱਖਾਂ ਨੂੰ ਵਧੇਰੇ ਤਾਕਤ ਦੇਣੀ ਸ਼ੁਰੂ ਕਰ ਦਿੱਤੀ। ਖੁਸ਼ਾਮਦ-ਪਸੰਦ ਤਬੀਅਤ ਵਾਲੇ ਰਾਜੇ ਨੂੰ ਖ਼ੂਬਸੂਰਤ ਪਹਾੜੀ ਕੁੜੀਆਂ, ਸ਼ਰਾਬ ਤੇ ਹੋਰ ਨਸ਼ੇ ਮੁਹੱਈਆ ਕਰਵਾਕੇ ਬ੍ਰਾਹਮਣ, ਡੋਗਰੇ ਤੇ ਪਹਾੜੀਏ ਰਣਜੀਤ ਸਿੰਘ ਦੀ ਵਜ਼ਾਰਤ ਵਿੱਚ ਤਾਕਤ ਹਾਸਿਲ ਕਰਦੇ ਰਹੇ।**

**ਮਿਸ਼ਰ ਬੇਲੀ ਰਾਮ ਰਣਜੀਤ ਸਿੰਘ ਦਾ ਖ਼ਜ਼ਾਨਚੀ ਸੀ। ਇਹ ਵਜ਼ੀਰ ਜਾਣ ਬੁਝ ਕੇ, ਦਿਖਾਵੇ ਵਜੋਂ ਕੁਝ ਰਕਮ ਦਰਬਾਰ ਸਾਹਿਬ ਨੂੰ ਭੇਟਾ ਕਰਵਾ ਦੇਂਦਾ ਸੀ, ਪਰ ਉਸ ਤੋਂ ਕਈ ਗੁਣਾ ਵਧੇਰੇ ਮੰਦਰਾਂ ਨੂੰ ਦਿਵਾ ਦੇਂਦਾ ਸੀ। ਇਹ ਬ੍ਰਾਹਮਣ ਵਜ਼ੀਰ ਨੇ ਦਰਬਾਰ ਸਾਹਿਬ ਦੇ ਦੁਆਲੇ ਬਹੁਤ ਸਾਰੀ ਜ਼ਮੀਨ ਉਦਾਸੀਆਂ ਨੂੰ ਦਿਵਾ ਦਿੱਤੀ ਸੀ (ਜਿਥੇ ਉਨ੍ਹਾਂ ਨੇ ਆਪਣੇ ਅਖਾੜੇ ਅਤੇ ਡੇਰੇ ਬਣਾ ਲਏ ਜਿਥੇ ਸਿੱਖ ਫ਼ਲਸਫ਼ੇ ਦੇ ਉਲਟ ਮਰਯਾਦਾ ਚਲਾਈ ਜਾਂਦੀ ਸੀ ਤੇ ਮਗਰੋਂ ਇਨ੍ਹਾਂ ਡੇਰਿਆਂ ਵਿੱਚ ਸਿੱਖ ਤਵਾਰੀਖ਼, ਫ਼ਿਲਾਸਫ਼ੀ ਤੇ ਗੁਰਬਾਣੀ ਨੂੰ ਵਿਗਾੜਨ ਵਾਲੀਆਂ ਕਈ ਕਿਤਾਬਾਂ ਵੀ ਲਿਖੀਆਂ ਅਤੇ ਪ੍ਰਚਾਰੀਆਂ ਗਈਆਂ), ਹਾਲਾਂਕਿ ਗੁਰੂ ਦਾ ਚੱਕ (ਅੰਮ੍ਰਿਤਸਰ) ਦੀ ਇਹ ਸਾਰੀ ਜ਼ਮੀਨ ਦਰਬਾਰ ਸਾਹਿਬ ਦੀ ਸੀ ਜਿਸ ਨੂੰ 1564 ਵਿੱਚ ਗੁਰੂ ਰਾਮਦਾਸ ਸਾਹਿਬ ਨੇ ਤੁੰਗ ਪਿੰਡ ਦੇ ਲੋਕਾਂ ਤੋਂ ਪੂਰਾ ਮੁੱਲ ਤਾਰਕੇ ਖ਼ਰੀਦਿਆ ਸੀ ਤੇ ਇਸ ਨੂੰ ਅੱਗੇ ਵੇਚਿਆ ਜਾਂ ਦਾਨ ਨਹੀਂ ਸੀ ਦਿੱਤਾ ਜਾ ਸਕਦਾ।**

**ਇਨ੍ਹਾਂ ਬ੍ਰਾਹਮਣ ਸਲਾਹਕਾਰਾਂ ਨੇ ਰਣਜੀਤ ਸਿੰਘ ਤੋਂ ਉਸ ਦੇ ਝੰਡੇ ਦਾ ਰੰਗ ਵੀ ਨੀਲੇ ਤੋਂ ਸਫ਼ੈਦ ਤੇ ਫਿਰ ਭਗਵਾਂ/ਕੇਸਰੀ/ਪੀਲਾ ਕਰਵਾ ਲਿਆ ਸੀ। ਰਣਜੀਤ ਸਿੰਘ ਏਨਾ ਨਾਹਿਲ, ਅਣਜਾਣ ਤੇ ਮੂਰਖ਼ ਸੀ ਕਿ ਉਸ ਨੂੰ ਪਤਾ ਹੀ ਨਾ ਲੱਗ ਸਕਿਆ ਕਿ ਬ੍ਰਾਹਮਣਾਂ ਤੇ ਡੋਗਰਿਆਂ ਨੇ ਉਸਦਾ ਦਰਬਾਰ, ਤਾਜ, ਖ਼ਜ਼ਾਨਾ, ਫ਼ੌਜ ਤੇ ਨਿਜ਼ਾਮ ਸਭ ਆਪਣੇ ਕਬਜ਼ੇ ਵਿੱਚ ਕੀਤੇ ਹੋਏ ਸਨ। ਇਨ੍ਹਾਂ ਨੇ ਸਿੱਖਾਂ ਨੂੰ ਰਣਜੀਤ ਸਿੰਘ ਦੇ ਵਿਚਾਰਵਾਨ-ਸਲਾਹਕਾਰ-ਸਰਕਲ (Think Tank) ਤੋਂ ਦੂਰ ਰੱਖਣ ਵਿੱਚ ਕਮਾਲ ਦੀ ਕਾਮਯਾਬੀ ਹਾਸਿਲ ਕਰ ਲਈ ਸੀ। ਇਹੋ ਜਿਹੇ ਰਾਜ ਦਾ ਹਸ਼ਰ ਕੋਈ ਵੀ ਆਸਾਨੀ ਨਾਲ ਸਮਝ ਸਕਦਾ ਸੀ।**

ਜੇ ਰਣਜੀਤ ਸਿੰਘ ਨੇ ਹਰੀ ਸਿੰਘ ਨਲਵਾ ਜਾਂ ਕਿਸੇ ਹੋਰ ਸਿੱਖ ਜਰਨੈਲ ਨੂੰ ਗਵਰਨਰੀ ਜਾਂ ਕੋਈ ਹੋਰ ਅਹਿਮ ਅਹੁਦਾ ਦਿੱਤਾ ਤਾਂ ਉਹ ਸਿਰਫ਼ ਇਸ ਕਰਕੇ ਦਿੱਤਾ ਸੀ ਤਾਂ ਜੋ ਉਹ ਸਿੱਖ ਜਰਨੈਲ ਉਸ ਇਲਾਕੇ ਵਿੱਚ ਅਮਨ ਕਾਇਮ ਕਰ ਸਕੇ, ਤੇ ਜਦੋਂ ਅਮਨ ਕਾਇਮ ਹੋ ਜਾਂਦਾ ਸੀ ਜਾਂ ਹਾਲਾਤ ਸੌਖੇ ਹੋ ਜਾਂਦੇ ਸਨ ਤਾਂ ਇਨ੍ਹਾਂ ਥਾਵਾਂ 'ਤੇ ਫਿਰ ਹਿੰਦੂ ਅਹੁਦੇਦਾਰ ਅਤੇ ਅਫ਼ਸਰ ਲਾ ਦਿੱਤੇ ਜਾਂਦੇ ਸਨ।

## ਰਣਜੀਤ ਸਿੰਘ ਅਤੇ ਸਿੱਖੀ ਅਸੂਲ

ਜਦੋਂ 1799 ਵਿੱਚ ਰਣਜੀਤ ਸਿੰਘ ਨੇ ਲਾਹੌਰ ਦੇ ਬੇਇਨਸਾਫ਼ ਭੰਗੀ ਹਾਕਮਾਂ ਤੋਂ ਲੋਕਾਂ ਦੀ ਜਾਨ ਦੀ ਖਲਾਸੀ ਕਰਵਾਈ ਤਾਂ ਉਹ 'ਸਰਬੱਤ ਖ਼ਾਲਸਾ' ਦਾ ਅਸੂਲ ਤੋੜਨ ਦੇ ਬਾਵਜੂਦ, ਕੁਝ ਹੱਦ ਤੱਕ, ਸਹੀ ਚਲ ਰਿਹਾ ਸੀ। ਪਰ ਜਦੋਂ ਉਸ ਨੂੰ ਭੰਗੀਆਂ ਵਾਂਗ 'ਹਕੂਮਤ' ਦਾ ਝੱਸ ਪੈ ਗਿਆ ਤਾਂ ਉਹ ਇੱਕ ਆਮ ਰਾਜੇ ਵਾਂਗ ਕਰਨ ਲੱਗ ਪਿਆ। **ਸੰਨ 1801 ਵਿੱਚ 'ਮਹਾਰਾਜਾ' ਬਣਨ ਦਾ ਲਾਲਚ ਉਸਦੀ ਸਭ ਤੋਂ ਪਹਿਲੀ ਅ-ਸਿੱਖ ਕਾਰਵਾਈ**





**ਸੀ। ਇਸ ਤੋਂ ਬਾਅਦ ਖ਼ੁਦਪ੍ਰਸਤੀ, ਹਾਕਮ-ਪਣ, ਆਪ-ਹੁਦਰਾਪਣ, ਹੈਂਕੜ ਤੇ ਅੱਯਾਸ਼ੀ ਆਪਣੇ ਆਪ ਹੀ ਤੁਰੀਆਂ ਆਉਣੀਆਂ ਸਨ। ਛੇਤੀ ਹੀ ਇਹ ਸਾਰੀਆਂ ਬੁਰਿਆਈਆਂ ਰਣਜੀਤ ਸਿੰਘ ਵਿੱਚ ਆਉਂਣੀਆਂ ਸ਼ੁਰੂ ਹੋ ਗਈਆਂ** ਸਨ ਤੇ ਕੁਝ ਹੀ ਸਾਲਾਂ ਵਿੱਚ ਉਹ ਇੱਕ ਆਮ ਅੱਯਾਸ਼ ਰਾਜਾ ਬਣ ਚੁੱਕਿਆ ਸੀ।

## ਸਰਬੱਤ ਖ਼ਾਲਸਾ

ਅਕਾਲੀ ਫੂਲਾ ਸਿੰਘ ਸ਼ਹੀਦੀ ਮਿਸਲ ਦਾ ਮੁੱਖ ਸੇਵਾਦਾਰ ਸੀ ਜਿਹੜੀ ਗੁਰਦੁਆਰਿਆਂ ਦੀ ਸੇਵਾ-ਸੰਭਾਲ ਕਰਿਆ ਕਰਦੀ ਸੀ। ਇਸ ਸੇਵਾ ਕਾਰਨ ਉਹ ਸਰਬੱਤ ਖਾਲਸਾ ਇਕੱਠ ਬੁਲਾਕੇ ਕੌਮੀ ਮਸਲਿਆਂ 'ਤੇ ਵਿਚਾਰਾਂ ਕਰਵਾ ਸਕਦਾ ਸੀ (ਅਕਾਲ ਤਖ਼ਤ ਸਾਹਿਬ 'ਤੇ ਸਰਬੱਤ ਖ਼ਾਲਸਾ ਇਕੱਠ ਸ਼ਹੀਦਾਂ ਮਿਸਲ ਦੇ ਮੁਖੀ ਜਾਂ ਦਲ ਖ਼ਾਲਸਾ/ਸਰਬੱਤ ਖਾਲਸਾ ਦੇ ਜਥੇਦਾਰ ਬੁਲਾਇਆ ਕਰਦੇ ਸਨ। **ਅਕਾਲ ਤਖ਼ਤ ਦੇ ਅਖੌਤੀ ਜਥੇਦਾਰ ਦਾ ਅਹੁਦਾ ਅਕਾਲੀਆਂ ਨੇ 12 ਅਕਤੂਬਰ 1920 ਤੋਂ ਮਗਰੋਂ ਨਾਂ-ਮਾਤਰ ਅਤੇ 1960 ਤੋਂ ਮਗਰੋਂ ਅਮਲੀ ਤੌਰ ਤੇ ਘੜਿਆ ਸੀ)। ਸਿੱਖ ਕਿਰਦਾਰ ਦੇ ਪੱਖ ਤੋਂ ਇਹ ਅਸਲ ਵਿੱਚ ਅਕਾਲੀ ਨਹੀਂ, 'ਕਾਲੀ' ਸਨ।**

ਸਿਰਦਾਰ ਕਪੂਰ ਸਿੰਘ ਜੀ ਆਪਣੀ ਪੁਸਤਕ 'ਪ੍ਰਾਸ਼ਰ-ਪ੍ਰਸ਼ਨ' (ਦ ਬੈਸਾਖੀ ਆਫ਼ ਗੁਰੂ ਗੋਬਿੰਦ ਸਿੰਘ) ਵਿੱਚ ਲਿਖਦੇ ਹਨ :

**''ਹਰ ਸਿੱਖ ਕੈਪਟਨ, ਜਥੇਦਾਰ ਜਾਂ ਸਿਰਦਾਰ ਜਦੋਂ ਕੁਝ ਇਲਾਕਾ ਖ਼ਾਲਸਾ ਰਾਜ ਵਾਸਤੇ ਆਜ਼ਾਦ ਕਰਵਾ ਲੈਂਦਾ ਸੀ, ਉਹ ਉਸ ਨੂੰ ਅੰਮ੍ਰਿਤਸਰ ਵਿੱਚ ਅਕਾਲ ਤਖ਼ਤ ਸਾਹਿਬ ਦੇ ਕਸਟੋਡੀਅਨ ਜਨਰਲ (ਦਲ ਖ਼ਾਲਸਾ ਦੇ ਜਥੇਦਾਰ, ਸਰਬਰਾਹ ਨਹੀਂ) ਕੋਲ ਰਿਕਾਰਡ ਵਿੱਚ ਦਰਜ ਕਰਵਾ ਦਿੰਦਾ ਸੀ। ....ਇਹ ਉਸ ਵਕਤ ਤੱਕ ਵਾਸਤੇ ਸੀ ਜਦੋਂ ਸਿੱਖ ਅਸੂਲਾਂ 'ਤੇ ਸਿੱਖ ਸਿਆਸਤ ਮੁਤਾਬਿਕ ਬਣੇ ਇੱਕ ਆਈਨ ਹੇਠ 'ਖ਼ਾਲਸਾ ਰਾਜ' ਦਾ ਰਸਮੀ ਐਲਾਨ ਕਰ ਦਿੱਤਾ ਜਾਵੇਗਾ।** (ਪ੍ਰਾਸ਼ਰ-ਪ੍ਰਸ਼ਨ, ਸਫਾ 352-53)।

**ਰਣਜੀਤ ਸਿੰਘ ਨੇ 'ਖਾਲਸਾ ਰਾਜ' ਦੇ ਇਲਾਕੇ ਖੋਹ-ਖੋਹ ਕੇ ਸ਼ਖ਼ਸ਼ੀ ਹਕੂਮਤ ਕਾਇਮ ਕਰ ਲਈ। ਉਸ ਨੇ ਉਹ ਇਲਾਕੇ ਕਬਜ਼ੇ ਵਿੱਚ ਕਰ ਲਏ ਜਿਹੜੇ ਮਿਸਲਾਂ ਨੇ 'ਖ਼ਾਲਸਾ ਰਾਜ' ਦੇ ਐਲਾਨ ਵਾਸਤੇ ਆਜ਼ਾਦ ਕਰਵਾਏ ਸਨ। ਇਹ ਹਕੂਮਤ 'ਖ਼ਾਲਸਾ ਰਾਜ' ਤੋਂ ਇੱਕ ਬਾਦਸ਼ਾਹ ਦੀ 'ਜ਼ਾਤੀ-ਹਕੂਮਤ' ਵਿੱਚ ਬਦਲ ਗਈ। ਇਹ ਖ਼ਾਲਸਾਈ ਤਰੀਕਿਆਂ ਵੱਲ ਤੁਰਨ ਦੀ ਬਜਾਇ ਸਿੱਖ-ਇਨਕਲਾਬ ਨੂੰ 'ਪੁੱਠਾ-ਗੇੜਾ' ਦੇਣਾ ਸੀ। ਹਾਕਮ ਬਦਲ ਗਏ ਸਨ, ਤਰੀਕਾ ਉਹੀ ਸੀ। ਮੁਗ਼ਲਾਂ ਦੀ ਥਾਂ ਪੱਗ ਵਾਲਾ ਰਾਜਾ ਸੀ ਤੇ ਬ੍ਰਾਹਮਣਾਂ ਅਤੇ ਡੋਗਰਿਆਂ ਦੇ ਹੱਥ ਵਿੱਚ ਸਾਰਾ ਕੰਟਰੋਲ ਸੀ।**

**ਤਾਜਪੋਸ਼ੀ ਦੇ ਕੁਝ ਸਾਲ ਮਗਰੋਂ ਹੀ ਉਸ ਨੇ ਸਿੱਖ ਸਿਆਸਤ ਦੇ ਸਭ ਤੋਂ ਕੀਮਤੀ ਹਿੱਸਾ 'ਸਰਬੱਤ-ਖ਼ਾਲਸਾ' ਕਰਨ ਤੇ ਰੋਕ ਲਾ ਦਿੱਤੀ ਤੇ ਖ਼ਾਲਸੇ ਦੀਆਂ ਜਿੱਤਾਂ ਨਾਲ ਹਾਸਿਲ**

**ਹੋਏ ਇਲਾਕੇ ਤੇ ਆਪਣੀ ਮਰਜ਼ੀ ਦੀ ਵਜ਼ਾਰਤ ਠੋਸ ਦਿੱਤੀ। ਇਹ ਅਸਲ ਹਿੰਦੂ ਤਰੀਕਾ ਸੀ। (ਪ੍ਰਾਸ਼ਰ-ਪ੍ਰਸ਼ਨ, ਸਫ਼ਾ 359-60)।**

**ਰਣਜੀਤ ਸਿੰਘ ਆਪਣੇ ਆਪ ਨੂੰ 'ਸਿੰਘ ਸਾਹਿਬ' ਅਖਵਾਉਂਦਾ ਸੀ (ਵੇਖੋ ਦਰਬਾਰ ਸਾਹਿਬ ਦੇ ਮੁੱਖ ਗੇਟ 'ਤੇ ਲੱਗੀ ਤਖਤੀ)। 'ਸਿੰਘ ਸਾਹਿਬ' ਦਾ ਮਤਲਬ ਹੈ 'ਸਿੰਘਾਂ ਦਾ ਸਾਹਿਬ/ ਮਾਲਿਕ' (ਵੇਖੋ : ਮਹਾਨ ਕੋਸ਼, ਲੇਖਕ ਭਾਈ ਕਾਨ੍ਹ ਸਿੰਘ ਨਾਭਾ)। ਅੱਜ ਤਾਂ ਜਣਾ-ਖਣਾ ਗ੍ਰੰਥੀ ਵੀ ਖ਼ੁਦ ਨੂੰ ਸਿੰਘਾਂ ਦਾ ਮਾਲਿਕ (ਸਿੰਘ ਸਾਹਿਬ) ਅਖਵਾਉਂਦਾ ਹੈ।**

## ਰਣਜੀਤ ਸਿੰਘ ਦੀ ਮੌਤ

(ਮਹਾਰਾਜਾ) ਰਣਜੀਤ ਸਿੰਘ ਦੀ ਸ਼ਰਾਬ ਪੀਣ ਦੀ ਆਦਤ ਬੇਹੱਦ ਮਾੜੀ ਸੀ। ਇਸ ਨੇ ਉਸਦਾ ਜਿਸਮ ਗਾਲ ਦਿੱਤਾ ਸੀ। ਪਚਵੰਜਾ ਸਾਲ ਦੀ ਉਮਰ ਮਗਰੋਂ ਉਹ ਜਿਸਮਾਨੀ ਤੌਰ 'ਤੇ ਬੇਹੱਦ ਕਮਜ਼ੋਰ ਹੋ ਚੁੱਕਾ ਸੀ। ਪਰ ਅਜੇ ਵੀ ਉਹ ਸ਼ਰਾਬ ਦਾ ਗ਼ੁਲਾਮ ਸੀ ਤੇ ਸ਼ਰਾਬ ਵੀ ਉਹ ਤੇਜ ਤੋਂ ਤੇਜ ਪੀਵਿਆ ਕਰਦਾ ਸੀ। 1838 ਵਿੱਚ ਜਦ ਅੰਗਰੇਜ਼ ਜਨਰਲ ਮੈਕਨੌਟਨ ਲਾਹੌਰ ਆਇਆ ਤਾਂ ਉਦੋਂ ਵੀ ਉਸਨੇ ਉਸ ਨਾਲ ਬੈਠ ਕੇ ਆਪਣੀ ਅਤੇ ਅੰਗਰੇਜ਼ਾਂ ਦੀ ਸ਼ਰਾਬ ਰੱਜ ਕੇ 'ਸੁੜਕੀ' ਸੀ। ਇਸ ਪਿੱਛੋਂ ਉਸ 'ਤੇ ਅਧਰੰਗ ਦਾ ਹਮਲਾ ਹੋਇਆ। ਇਹ ਵੀ ਵਿਚਾਰ ਆਮ ਪ੍ਰਚੱਲਤ ਸੀ ਕਿ ਅੰਗਰੇਜ਼ਾਂ ਨੇ ਰਣਜੀਤ ਸਿੰਘ ਨੂੰ ਮਿੱਠੀ-ਜ਼ਹਿਰ ਵਾਲੀ ਸ਼ਰਾਬ ਦਿੱਤੀ ਸੀ, ਜਿਸ ਨੇ ਉਸ ਨੂੰ ਛੇਤੀ ਹੀ ਬਿਸਤਰੇ 'ਤੇ ਪਾ ਦਿੱਤਾ। ਅਖ਼ੀਰ 27 ਜੂਨ 1839 ਦੇ ਦਿਨ ਉਸ ਦੀ ਮੌਤ ਹੋ ਗਈ। ਉਸਦੇ ਸਸਕਾਰ ਵੇਲੇ ਉਸ ਦੀਆਂ ਚਾਰ ਹਿੰਦੂ ਰਾਣੀਆਂ ਤੇ ਸੱਤ ਗੋਲੀਆਂ 'ਸੱਤੀ' ਹੋਈਆਂ।" [ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਦੂਜਾ ਹਿੱਸਾ), ਸਫ਼ੇ 619-40]

## ਡੋਗਰੇ ਅਤੇ ਬ੍ਰਾਹਮਣਾਂ ਦੀਆਂ ਗ਼ਦਾਰੀਆਂ :

ਰਣਜੀਤ ਸਿੰਘ ਦੀ ਮੌਤ ਤੋਂ ਮਗਰੋਂ ਉਸ ਦਾ ਸਭ ਤੋਂ ਵੱਡਾ ਪੁੱਤਰ ਖੜਕ ਸਿੰਘ 'ਮਹਾਰਾਜਾ' ਬਣਿਆ। ਰਣਜੀਤ ਸਿੰਘ ਨੇ ਆਪਣੀ ਹਕੂਮਤ ਦੀ ਬਹੁਤੀ ਤਾਕਤ ਡੋਗਰਾ ਭਰਾਵਾਂ ਧਿਆਨ ਸਿੰਹ, ਗੁਲਾਬ ਸਿੰਹ ਤੇ ਸੁਚੇਤ ਸਿੰਹ ਵਗ਼ੈਰਾ ਨੂੰ ਸੌਂਪੀ ਹੋਈ ਸੀ। ਧਿਆਨ ਸਿੰਹ ਉਸਦਾ ਪ੍ਰਧਾਨ ਮੰਤਰੀ ਸੀ। ਪੂਰਬੀਏ ਬ੍ਰਾਹਮਣ ਮਿਸ਼ਰ ਲਾਲ ਸਿੰਹ ਅਤੇ ਮਿਸ਼ਰ ਤੇਜ ਸਿੰਹ ਉੱਚੇ ਪ੍ਰਸ਼ਾਸਨਕ ਅਹੁਦਿਆਂ 'ਤੇ ਤਾਇਨਾਤ ਸਨ। ਇਨ੍ਹਾਂ ਸਾਰਿਆਂ ਨੇ ਅੰਦਰ-ਖਾਤੇ ਅੰਗ੍ਰੇਜ਼ੀ ਸਾਮਰਾਜ ਨਾਲ ਰਾਬਤਾ ਕਾਇਮ ਕੀਤਾ ਹੋਇਆ ਸੀ। ਇਨ੍ਹਾਂ ਤੋਂ ਇਲਾਵਾ ਰਣਜੀਤ ਸਿੰਘ ਦੇ ਕਈ ਯੂਰਪੀਨ ਜਰਨੈਲ ਵੀ ਅੰਗਰੇਜ਼ਾਂ ਨਾਲ ਰਾਬਤਾ ਬਣਾ ਰਹੇ ਸਨ।

ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਇਨ੍ਹਾਂ ਸਾਰੇ ਗ਼ਦਾਰਾਂ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ **ਬਿਪਰਵਾਦ ਦੀ ਚਾਣਕੀਆ ਨੀਤੀ ਅਨੁਸਾਰ ਕੁੱਝ ਜਾਲ੍ਹੀ ਚਿੱਠੀਆਂ ਤਿਆਰ ਕਰਵਾਕੇ ਰਣਜੀਤ ਸਿੰਘ ਦੇ ਵਾਰਸਾਂ, ਹਮਾਇਤੀਆਂ ਅਤੇ ਸਿੱਖ ਫ਼ੌਜ ਵਿੱਚ ਮਤ-ਭੇਦ ਪੈਦਾ ਕਰਵਾ ਕੇ ਖਾਨਾ-ਜੰਗੀ ਸ਼ੁਰੂ ਕਰਵਾ ਦਿੱਤੀ।** ਬਾਜਵਾ, ਖੜਕ ਸਿੰਘ ਦਾ ਪੁੱਤਰ ਨੌਨਿਹਾਲ





ਸਿੰਘ, ਖੜਕ ਸਿੰਘ ਦੀ ਪਤਨੀ ਚੰਦ ਕੌਰ, ਰਣਜੀਤ ਸਿੰਘ ਦਾ ਪੁੱਤਰ ਰਾਜਾ ਸ਼ੇਰ ਸਿੰਘ, ਬਾਬਾ ਬੀਰ ਸਿੰਘ ਨੌਰੰਗਾਬਾਦ, ਹਰੀ ਸਿੰਘ ਨਲਵਾ ਦਾ ਪੁੱਤਰ ਜਵਾਹਰ ਸਿੰਘ, ਰਣਜੀਤ ਸਿੰਘ ਦਾ ਪੁੱਤਰ ਕਸ਼ਮੀਰਾ ਸਿੰਘ, ਰਾਣੀ ਜਿੰਦ ਕੌਰ ਦਾ ਭਰਾ ਜਵਾਹਰ ਸਿੰਘ, ਰਣਜੀਤ ਸਿੰਘ ਦੇ ਰਿਸ਼ਤੇਦਾਰ ਸੰਧਾਵਾਲੀਏ ਸਰਦਾਰ ਆਦਿ ਇੱਕ ਤੋਂ ਬਾਅਦ ਇੱਕ ਕਤਲ ਕਰ ਦਿੱਤੇ ਗਏ।

"ਖ਼ੂਨ ਦੀ ਇਹ ਹੋਲੀ ਖੇਲ੍ਹਣ ਤੋਂ ਬਾਅਦ 18 ਸਤੰਬਰ 1843 ਨੂੰ ਰਣਜੀਤ ਸਿੰਘ ਦੇ ਸਭ ਤੋਂ ਛੋਟੇ ਪੁੱਤਰ ਦਲੀਪ ਸਿੰਘ ਨੂੰ ਗੱਦੀ 'ਤੇ ਬਿਠਾ ਦਿੱਤਾ ਗਿਆ। ਧਿਆਨ ਸਿੰਹ ਡੋਗਰੇ ਦਾ ਪੁੱਤਰ ਹੀਰਾ ਸਿੰਹ ਉਸਦਾ ਵਜ਼ੀਰ ਬਣ ਗਿਆ। **ਰਣਜੀਤ ਸਿੰਘ ਦੇ ਸਾਰੇ ਮਰਦ ਵਾਰਸਾਂ ਨੂੰ ਖ਼ਤਮ ਕਰਕੇ ਹੀਰਾ ਸਿੰਹ ਨੂੰ ਮਹਾਰਾਜਾ ਬਣਾਉਣ ਵਾਸਤੇ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਸਨ।**

## ਲਾਹੌਰ ਸਰਕਾਰ ਖ਼ਤਮ ਕਰਨ ਦੀ ਤਿਆਰੀ

ਦਲੀਪ ਸਿੰਘ ਦੇ ਮਾਮਾ ਜਵਾਹਰ ਸਿੰਘ ਦੇ ਕਤਲ ਤੋਂ ਬਆਦ 8 ਨਵੰਬਰ 1845 ਨੂੰ ਮਿਸ਼ਰ ਲਾਲ ਸਿੰਹ ਨੂੰ ਪ੍ਰਧਾਨ ਮੰਤਰੀ ਅਤੇ ਮਿਸ਼ਰ ਚੇਤ ਸਿੰਹ ਨੂੰ ਸਿੱਖ ਫ਼ੌਜਾਂ ਦਾ ਮੁੱਖੀ ਬਣਾ ਦਿੱਤਾ ਗਿਆ। ਇਨ੍ਹਾਂ ਦੋਹਾਂ ਬ੍ਰਾਹਮਣਾਂ ਨੇ ਤਾਕਤ ਸੰਭਾਲਣ ਦੇ ਨਾਲ ਹੀ ਅੰਗ੍ਰੇਜ਼ਾਂ ਨਾਲ ਸਾਜ਼-ਬਾਜ਼ ਵੀ ਕਰਨੀ ਸ਼ੁਰੂ ਕਰ ਦਿੱਤੀ।

**ਦਰਅਸਲ, ਅੰਗ੍ਰੇਜ਼ ਰਣਜੀਤ ਸਿੰਘ ਦੀ ਮੌਤ ਤੋਂ ਕਾਫ਼ੀ ਅਰਸਾ ਪਹਿਲਾਂ ਤੋਂ ਹੀ ਪੰਜਾਬ 'ਤੇ ਕਬਜ਼ਾ ਕਰਨ ਦੀਆਂ ਤਿਆਰੀਆਂ ਕਰ ਰਹੇ ਸਨ। 1838 ਵਿੱਚ ਹੈਨਰੀ ਫ਼ੇਨ ਨੇ ਬਰਤਾਨਵੀ ਸਰਕਾਰ ਨੂੰ ਇੱਕ ਪਲਾਨਿੰਗ ਬਣਾ ਕੇ ਵੀ ਦਿੱਤੀ ਸੀ ਜਿਸ ਮੁਤਾਬਿਕ ਦੋ ਸਾਲ ਵਿੱਚ ਪੰਜਾਬ 'ਤੇ ਕਬਜ਼ਾ ਕੀਤਾ ਜਾਣਾ ਸੀ। ਇਸ ਪਲਾਨ ਨੂੰ ਅਮਲ ਵਿੱਚ ਲਿਆਉਂਣ ਵਾਸਤੇ 6 ਸਾਲ ਲੱਗ ਗਏ ਪਰ 1844 ਵਿੱਚ ਇਸ ਨੂੰ ਇਕ ਵਾਰ ਫੇਰ ਅੱਗੇ ਪਾ ਦਿੱਤਾ ਗਿਆ ਸੀ।**

ਇਨ੍ਹਾਂ ਰਣਜੀਤ ਸਿੰਘ ਦੇ ਚਾਪਲੂਸੀਏ ਡੋਗਰੇ, ਬ੍ਰਾਹਮਣ ਅਤੇ ਯੂਰਪੀਨ ਜਰਨੈਲਾਂ ਦੀਆਂ ਸਾਜਿਸ਼ਾਂ ਕਾਰਨ ਸਿੱਖਾਂ ਅਤੇ ਅੰਗ੍ਰੇਜ਼ਾਂ ਵਿਚਕਾਰ ਜੰਗਾਂ ਦਾ ਸਿਲਸਿਲਾ ਦਸੰਬਰ 1845 ਵਿੱਚ ਮੁਦਕੀ ਦੀ ਜੰਗ ਨਾਲ ਸ਼ੁਰੂ ਹੋ ਕੇ 21 ਫਰਵਰੀ 1849 ਵਿੱਚ ਗੁਜਰਾਤ ਦੀ ਜੰਗ ਨਾਲ ਖ਼ਤਮ ਹੋਇਆ। **ਇਨ੍ਹਾਂ ਵਿੱਚੋਂ ਬਹੁਤੀਆਂ ਜੰਗਾਂ ਵਿੱਚ ਸਿੱਖ ਫ਼ੌਜਾਂ ਜੇਤੂ ਰਹੀਆਂ ਸਨ ਪਰ ਜਿਸ ਦੇਸ਼ ਦਾ ਪ੍ਰਧਾਨ ਮੰਤਰੀ, ਫ਼ੌਜਾਂ ਦਾ ਮੁੱਖੀ ਅਤੇ ਹੋਰ ਸਰਕਾਰੀ-ਤੰਤਰ ਬੇ-ਸ਼ਰਮ ਹੋ ਕੇ ਗ਼ਦਾਰੀ ਕਰ ਰਿਹਾ ਹੋਵੇ ਉਸ ਦੀਆਂ ਫ਼ੌਜਾਂ ਦੀ ਅੰਤ ਵਿੱਚ ਹਾਰ ਹੋ ਕੇ ਹੀ ਰਹਿੰਦੀ ਹੈ। ਇਹ ਭਾਣਾ ਪੰਜਾਬ ਨਾਲ ਵੀ ਵਰਤਿਆ।** 29 ਮਾਰਚ 1849 ਨੂੰ ਲਾਰਡ ਡਲਹੋਜ਼ੀ ਨੇ ਪੰਜਾਬ ਨੂੰ ਅੰਗ੍ਰੇਜ਼ੀ ਰਾਜ ਵਿੱਚ ਸ਼ਾਮਿਲ ਕਰਨ ਦਾ ਐਲਾਨ ਕਰ ਦਿੱਤਾ।

ਗ਼ਦਾਰ ਲਾਲ ਸਿੰਹ ਬ੍ਰਾਹਮਣ ਨੇ ਤਾਂ ਕੈਪਟਨ ਨਿਕੋਲਸਨ ਨੂੰ ਸਭਰਾਓਂ ਦੇ ਹਮਲੇ ਦੀ ਪੂਰੀ ਪਲਾਨ ਲਿਖਤੀ ਰੂਪ ਵਿੱਚ ਭੇਜੀ ਹੋਈ ਸੀ। ਇਹ ਜੰਗ 10 ਫਰਵਰੀ 1846 ਨੂੰ

ਸਭਰਾਓਂ ਵਿੱਚ ਲੜੀ ਗਈ ਸੀ ਪਰ ਨਿਕੋਲਸਨ ਕੋਲ ਇਹ ਪਲਾਨ 7 ਫਰਵਰੀ 1846 ਦੇ ਦਿਨ ਪੁੱਜ ਚੁੱਕੀ ਸੀ (ਕਲਕੱਤਾ ਰੀਵੀਊ, ਜੂਨ 1849, ਸਫ਼ਾ 549)।

**ਸਭਰਾਓਂ ਦੀ ਲੜਾਈ ਵਿੱਚ ਸਿੱਖਾਂ ਦਾ ਹੱਥ ਉੱਪਰ ਸੀ। ਅੰਗ੍ਰੇਜ਼ੀ ਫ਼ੌਜਾਂ ਦੇ ਤਿੰਨ ਹਮਲੇ ਬੁਰੀ ਤਰ੍ਹਾਂ ਨਾਕਾਮ ਰਹੇ ਸਨ ਤੇ ਅੰਗ੍ਰੇਜ਼ ਮਾਰ ਖਾ ਕੇ ਪਿੱਛੇ ਹਟ ਗਏ ਸਨ। ਉਨ੍ਹਾਂ ਉੱਤੇ ਮੋੜਵਾਂ ਹਮਲਾ ਕਰਕੇ ਉਨ੍ਹਾਂ ਨੂੰ ਖ਼ਤਮ ਕਰਨ ਦੀ ਬਜਾਏ ਜੇਤੂ ਸਿੱਖ ਫ਼ੌਜ ਦਾ ਮੁਖੀ (ਬ੍ਰਾਹਮਣ ਤੇਜ ਸਿੰਹ) ਮੈਦਾਨ ਛੱਡ ਕੇ ਭੱਜ ਗਿਆ ਤੇ ਜਾਂਦਾ ਹੋਇਆ ਦਰਿਆ ਸਤਲੁਜ ’ਤੇ ਬਣਿਆ ਬੇੜੀਆਂ ਦਾ ਪੁੱਲ ਵੀ ਤੋੜ ਗਿਆ। (ਕਨਿੰਘਮ, ਸਫ਼ਾ 284)। ਉਸ ਨੇ ਇਸ ਦੀ ਇਤਲਾਹ ਅੰਗ੍ਰੇਜ਼ੀ ਫ਼ੌਜ ਨੂੰ ਵੀ ਕਰ ਦਿੱਤੀ ਸੀ। ਇਸ ਤੇ ਅੰਗ੍ਰੇਜ਼ੀ ਫ਼ੌਜ ਨੇ ਸਿੱਖਾਂ ’ਤੇ ਨਵਾਂ ਹਮਲਾ ਕਰ ਦਿੱਤਾ।**

ਕਨਿੰਘਮ, ਸ਼ਾਮ ਸਿੰਘ ਨੂੰ 284 ਸਫ਼ੇ ’ਤੇ ਫ਼ੇਰ ਜਜ਼ਬਾਤ ਭਰੀ ਅਕੀਦਤ ਪੇਸ਼ ਕਰਦਾ ਹੋਇਆ, ਲਿਖਦਾ ਹੈ ਕਿ “ਗ਼ਦਾਰ ਲਾਲ ਸਿੰਹ ਆਪਣੀਆਂ ਫ਼ੌਜਾਂ ਦਾ ਤਾਜ਼ਾ ਹਮਲਾ ਕਰਵਾਉਂਣ ਦੀ ਬਜਾਇ, ਪਹਿਲੇ ਹਮਲੇ ਵੇਲੇ ਹੀ ਦੌੜ ਗਿਆ ਤੇ ਜਾਂਦੀ ਵਾਰੀ ਇੱਕ ਕਿਸ਼ਤੀ ਡੋਬ ਗਿਆ (ਤਾਂ ਜੋ ਫ਼ੌਜਾਂ ਵਾਪਿਸ ਨਾ ਮੁੜ ਸਕਣ)। ਪਰ ਮਹਾਨ ਸ਼ਾਮ ਸਿੰਘ (ਅਟਾਰੀਵਾਲਾ) ਨੂੰ ਅਪਣਾ ਪ੍ਣ ਯਾਦ ਸੀ। ਉਸ ਨੇ ਚਿੱਟੇ ਬਸਤਰ ਪਾਏ ਹੋਏ ਸਨ ਤੇ ਉਹ ਆਪਣਾ ਸਿਰ ਤਲੀ ’ਤੇ ਰੱਖ ਕੇ ਆਪਣੇ ਸਾਥੀਆਂ ਸਣੇ ਜੂਝ ਰਿਹਾ ਸੀ। ਉਹ ਉਦੋਂ ਤੱਕ ਲੜਦਾ ਰਿਹਾ ਜਦ ਤੱਕ ਸ਼ਹੀਦ ਨਾ ਹੋ ਗਿਆ।

**ਚੇਲਿਆਂ ਵਾਲੀ ਦੀ ਜੰਗ ਬਾਰੇ ਗਰਿਫ਼ਨ ਇਸ ਨੂੰ “ਅਫ਼ਗਾਨਿਸਤਾਨ ਵਿੱਚ ਬਰਤਾਨਵੀ ਫ਼ੌਜਾਂ ਦੇ ਕਤਲੇਆਮ ਵਾਂਗ ਖ਼ੌਫ਼ਨਾਕ” ਦਸਦਾ ਹੈ। ਐਡਵਿਨ ਆਰਨਲਡ ਨੇ ਇਸ ਲੜਾਈ ਬਾਰੇ ਕਿਹਾ ਸੀ ਕਿ, “ਜੇ ਸਿੱਖ ਅਜਿਹੀ ਇੱਕ ਹੋਰ ਲੜਾਈ ਜਿੱਤ ਜਾਂਦੇ ਤਾਂ ਬਰਤਾਨੀਆ ਦੀ ਹਕੂਮਤ ਨਾ ਸਿਰਫ਼ ਪੰਜਾਬ ’ਚੋਂ ਹੀ ਖ਼ਤਮ ਹੋ ਜਾਣੀ ਸੀ ਬਲਕਿ ਉਨ੍ਹਾਂ ਨੂੰ ਭਾਰਤ ਵਿੱਚੋਂ ਵੀ ਕੱਢ ਦਿੱਤਾ ਜਾਣਾ ਸੀ।” ਜਰਨੈਲ ਥੈਕਵਿਲ ਲਿਖਦਾ ਹੈ ਕਿ, “ਮੇਰਾ ਖ਼ਿਆਲ ਹੈ ਕਿ ਇਸ ਘਲੂਘਾਰੇ ਵਿੱਚੋਂ ਮੇਰਾ ਇੱਕ ਵੀ ਸਿਪਾਹੀ ਨਹੀਂ ਸੀ ਬਚਿਆ।...ਬਰਤਾਨਵੀ ਫ਼ੌਜ ਸਿੱਖ ਫ਼ੌਜੀਆਂ ਤੋਂ ਏਨੀ ਖ਼ੌਫ਼ਜ਼ਦਾ ਸੀ ਕਿ ਉਹ ਮੈਦਾਨ ਵਿੱਚੋਂ ਇੰਵ ਭੱਜ ਗਏ ਸਨ ਜਿਵੇਂ ਭੇਡਾਂ ਆਪਣੀ ਜਾਨ ਬਚਾਉਂਣ ਵਾਸਤੇ ਭਜਦੀਆਂ ਹਨ।” (ਡਾ: ਹਰਜਿੰਦਰ ਸਿੰਘ ਦਿਲਗੀਰ** : ਉਪਰੋਕਤ, ਸਫ਼ੇ 646-74)





# ੯.
# ਅੰਗਰੇਜ਼ਾਂ ਦੀ ਗ਼ੁਲਾਮੀ ਦੇ ਖ਼ਿਲਾਫ਼ ਅਧੂਰੀ ਜਦੋਜਹਿਦ (1849-1887)

## ਭਾਈ ਮਹਾਰਾਜ ਸਿੰਘ

“ਗੁਜਰਾਤ ਵਿੱਚ ਸਿੱਖਾਂ ਦੀ ਹਾਰ ਮਗਰੋਂ ਅਟਾਰੀਵਾਲਿਆਂ ਨੇ ਹਥਿਆਰ ਸੁੱਟ ਦਿੱਤੇ ਸਨ, ਪਰ, ਭਾਈ ਮਹਾਰਾਜ ਸਿੰਘ ਨੌਰੰਗਾਬਾਦੀ ਇਸ ਦੇ ਹੱਕ ਵਿੱਚ ਨਹੀਂ ਸਨ। ਉਹ ਅਜੇ ਘੱਟੋ-ਘੱਟ ਇੱਕ ਹੋਰ ਲੜਾਈ ਜਰੂਰ ਲੜਨਾ ਚਾਹੁੰਦੇ ਸਨ। ....ਭਾਈ ਮਹਾਰਾਜ ਸਿੰਘ ਨੇ ਲੋਕਾਂ ਨੂੰ ਜਗਾਉਂਣ ਵਾਸਤੇ ਗ੍ਰੰਥੀਆਂ ਤੇ ਪ੍ਚਾਰਕਾਂ ਦੀ ਡਿਊਟੀ ਲਗਾਈ...ਉਸ ਨੇ ਹਥਿਆਰ ਹਾਸਿਲ ਕਰਨ ਵਾਸਤੇ ਜਲੰਧਰ ਤੇ ਹੁਸ਼ਿਆਰਪੁਰ ਦੀਆਂ ਛਾਵਣੀਆਂ ’ਤੇ ਹਮਲਾ ਕਰਨ ਦੀ ਪਲਾਨ ਬਣਾਈ।...ਅੰਗ੍ਰੇਜ਼ਾਂ ਨੇ ਇਸ ਸਿੱਖ ਜਰਨੈਲ ਭਾਈ ਮਹਾਰਾਜ ਸਿੰਘ ਦੀ ਗ੍ਿਫਤਾਰੀ ਵਾਸਤੇ ਦਸ ਹਜ਼ਾਰ ਰੁਪਏ ਦਾ ਈਨਾਮ ਐਲਾਣ ਕਰ ਦਿੱਤਾ। ਦੁਨੀਆ ਭਰ ਦੀ ਤਵਾਰੀਖ਼ ਵਿੱਚ (2001 ਵਿੱਚ ਬਿਨ ਲਾਦੇਨ ਦੇ ਈਨਾਮ ਤੋਂ ਪਹਿਲਾਂ) ਏਡਾ ਵੱਡਾ ਇਨਾਮ ਕਿਸੇ ਦਾ ਨਹੀਂ ਸੀ ਰੱਖਿਆ ਗਿਆ। 1849 ਦੇ ਦਸ ਹਜ਼ਾਰ ਰੁਪੈ ਅੱਜ ਦੇ ਕਰੋੜ ਰੁਪੈ ਦੇ ਬਰਾਬਰ ਸਨ।

ਭਾਈ ਮਹਾਰਾਜ ਸਿੰਘ ਤੋਂ ਸਾਰੇ ਅੰਗ੍ਰੇਜ਼, ਸਣੇ ਲਾਰਡ ਡਲਹੌਜ਼ੀ ਦੇ, ਏਨਾ ਡਰਦੇ ਸਨ ਕਿ ਇੱਕ ਵਾਰ ਲਾਰਡ ਡਲਹੌਜ਼ੀ ਨੇ ਲਿਖਿਆ ਸੀ ਕਿ, “...ਜੇ ਉਹ ਮੇਰੇ ਹੱਥ ਆ ਗਿਆ ਤਾਂ ਮੈਂ ਉਸ ਨੂੰ ਫ਼ਾਂਸੀ ਲਾ ਦਿਆਂਗਾ।” (ਡਲਹੌਜੀ ਪੇਪਰਜ਼, ਨੰਬਰ 87, 15 ਦਸੰਬਰ 1849)। **ਭਾਈ ਮਹਾਰਾਜ ਸਿੰਘ ਬਾਰੇ ਬਰਾਊਨ ਦੇ ਲਫ਼ਜ਼ ਸਨ: “ਇਸ ਮੌਕੇ ’ਤੇ ਇੱਕ ਸਿੱਖ ਮਹਾਰਾਜ ਸਿੰਘ ਉੱਠਿਆ। ਉਸ ਨੇ ਖ਼ਾਲਸੇ ਦੀ ਤਲਵਾਰ ਮਿਆਨ ’ਚੋਂ ਕੱਢੀ ਅਤੇ ਬ੍ਰਿਟਿਸ਼ (ਜਿਹੜੇ ਸਿੱਖਾਂ ਨੂੰ ਖ਼ਤਮ ਕਰਨ ਵਾਸਤੇ ਮੁਸਲਮਾਨਾਂ ਨਾਲ ਮਿਲੇ ਹੋਏ ਸਨ) ਦੇ ਖ਼ਿਲਾਫ਼ ਬਗ਼ਾਵਤ ਦਾ ਝੰਡਾ ਖੜ੍ਹਾ ਕੀਤਾ। ਮਹਾਰਾਜ ਸਿੰਘ ਨੇ ਆਮ ਸਿੱਖਾਂ, ਸੂਬਾਈ ਅਹਿਲਕਾਰਾਂ ਅਤੇ ਸੂਬੇ ਦੀਆਂ ਸਿਰਕਰਦਾ ਹਸਤੀਆਂ ਨਾਲ ਰਾਬਤਾ ਬਣਾਇਆ। ਉਸਨੇ ਉਨ੍ਹਾਂ ਤੋਂ ਫ਼ੰਡ ਲਏ ਤੇ ਪਿੰਡਾਂ ਵਿੱਚ ਲੋਕਾਂ ਵਿੱਚ ਅਸੰਤੋਸ਼ ਦੀ ਲਹਿਰ ਚਲਾਈ। ਲੋਕ ਉਸ ਦੀ ਫ਼ੌਜ ਨੂੰ ਰੋਟੀ ਦੇਂਦੇ ਸਨ, ਪੇਂਡੂ ਜੱਟ ਉਸ ਦੇ ਨਾਲ ਰਲ ਗਏ ਸਨ, ਛੋਟੇ ਅਫ਼ਸਰ; ਕਾਰਦਾਰ, ਪੁਲੀਸ ਤੇ ਫ਼ੌਜ ਨੇ ਉਸ ਨੂੰ ਖ਼ਾਲਸੇ ਦਾ ਮੁਹਾਫ਼ਿਜ਼ ਆਖ ਕੇ ਸਤਿਕਾਰ ਦਿੱਤਾ” (ਬਰਾਊਨ ਪੇਪਰਜ਼, ਬ੍ਰਿਟਿਸ਼ ਮਿਊਜ਼ਿਅਮ, ਲੰਡਨ, ਫੋਲੀਓ 193 ਬੀ ਤੇ 194 ਏ)।**

ਜਲੰਧਰ ਦੇ, ਉਦੋਂ ਦੇ ਡਿਪਟੀ ਕਮਿਸ਼ਨਰ, ਵੰਸਿਤਾਰਤ ਮੁਤਾਬਿਕ, **“ਭਾਈ ਇੱਕ ਆਦਮੀ ਨਹੀਂ ਹੈ। ਉਹ ਮੁਕਾਮੀ ਲੋਕਾਂ ਵਾਸਤੇ ਉਵੇਂ ਹੀ ਹੈ ਜਿਵੇਂ ਕੱਟੜ ਈਸਾਈਆਂ ਵਾਸਤੇ ਜੀਸਸ ਕਰਾਈਸਟ ਹੈ”।** (ਸੀਕਰਟ ਕੰਸਲਟੇਸ਼ਨਜ਼, ਤਾਰੀਖ਼ 31 ਜਨਵਰੀ 1850, ਨੰਬਰ 25)।

**ਇਹੀ ਕਾਰਨ ਸਨ ਕਿ ਅੰਗ੍ਰੇਜ਼ ਭਾਈ ਮਹਾਰਾਜ ਸਿੰਘ ਤੋਂ ਬੜਾ ਡਰਦੇ ਸਨ ਤੇ ਉਸ ਦੀ ਭਾਲ ਵਿੱਚ ਸਾਰੀ ਮਸ਼ੀਨਰੀ ਲੱਗੀ ਹੋਈ ਸੀ। ਅੰਗ੍ਰੇਜ਼ਾਂ ਨੇ ਮੁਸਲਮਾਨਾਂ ਅਤੇ ਹਿੰਦੂਆਂ ਵਿੱਚ ਇਹ ਪਰਚਾਰ ਕੀਤਾ ਹੋਇਆ ਸੀ ਕਿ ਭਾਈ ਮਹਾਰਾਜ ਸਿੰਘ ਨਿਰੋਲ ਖ਼ਾਲਸਾ ਰਾਜ ਕਾਇਮ ਕਰਨਾ ਚਾਹੁੰਦਾ ਹੈ।...**

28 ਦਸੰਬਰ 1849 ਦੇ ਦਿਨ, ਜਲੰਧਰ ਤੇ ਹੁਸ਼ਿਆਰਪੁਰ ਛਾਉਣੀਆਂ ’ਤੇ ਹਮਲੇ ਤੋਂ ਸਿਰਫ਼ 6 ਦਿਨ ਪਹਿਲਾਂ, ਭਾਈ ਮਹਾਰਾਜ ਸਿੰਘ ਆਦਮਪੁਰ ਨੇੜੇ ਇੱਕ ਗੰਨੇ ਦੇ ਖੇਤ ਵਿੱਚ ਆਪਣੇ 21 ਸਾਥੀਆਂ ਸਣੇ ਲੁਕੇ ਹੋਏ ਸਨ ਕਿ ਉਨ੍ਹਾਂ ਨੂੰ ਇੱਕ ਮੁਸਲਮਾਨ ਨੇ ਵੇਖ ਲਿਆ। ਉਸ ਨੇ ਜਲੰਧਰ ਜਾ ਕੇ ਡਿਪਟੀ ਕਮਿਸ਼ਨਰ ਨੂੰ ਇਸ ਦੀ ਇਤਲਾਹ ਦੇ ਦਿੱਤੀ। ਡਿਪਟੀ ਕਮਿਸ਼ਨਰ ਇਕਦਮ ਭਾਰੀ ਫ਼ੋਰਸ ਲੈ ਕੇ ਆ ਪੁੱਜਾ... ਭਾਈ ਮਹਾਰਾਜ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਸੇ ਵਕਤ ਸੰਗਲਾਂ ਤੇ ਬੇੜੀਆਂ ਵਿੱਚ ਜਕੜ ਦਿੱਤਾ ਗਿਆ।...(ਉਸ ਨੂੰ ਪਹਿਲਾਂ ਜਲੰਧਰ ਜੇਲ੍ਹ, ਫਿਰ ਕਲਕੱਤਾ ਭੇਜ ਦਿੱਤਾ ਗਿਆ)। ਅੰਗ੍ਰੇਜ਼ ਅਜੇ ਵੀ ਉਸ ਤੋਂ ਬਹੁਤ ਡਰਦੇ ਸਨ। ਇਸ ਕਰਕੇ ਉਨ੍ਹਾਂ ਨੇ ਉਸ ਨੂੰ ਜਲਾਵਤਨ ਕਰਕੇ ਸਿੰਗਾਪੁਰ ਭੇਜ ਦਿੱਤਾ।

**ਸਿੰਘਾਪੁਰ ਵਿੱਚ ਉਸ ਨੂੰ ਇੱਕ ਨਿੱਕੀ ਜਿਹੀ ਕੋਠੜੀ ਵਿੱਚ ਰੱਖਿਆ ਗਿਆ ਜਿਥੇ ਸਿੱਲ੍ਹ ਤੇ ਹਨ੍ਹੇਰਾ ਸੀ। ਇਸ ਨਿੱਕੀ ਜਿਹੀ ਕੋਠੜੀ ਵਿੱਚ ਵੀ ਉਸ ਨੂੰ ਬੇੜੀਆਂ ਪਾਈਆਂ ਹੋਈਆਂ ਸਨ। ਨਤੀਜੇ ਦੇ ਤੌਰ ’ਤੇ ਭਾਈ ਮਹਾਰਾਜ ਸਿੰਘ ਨੂੰ ਪੱਠਿਆਂ ਦੀਆਂ ਦਰਦਾਂ ਸ਼ੁਰੂ ਹੋ ਗਈਆਂ। ਹਨੇਰੀ ਕੋਠੜੀ ਦੀ ਕੈਦ ਕਾਰਨ ਉਸ ਦੀਆਂ ਅੱਖਾਂ ਦੀ ਰੌਸ਼ਨੀ ਵੀ ਜਾਂਦੀ ਰਹੀ। ਥੋੜੇ ਚਿਰ ਵਿੱਚ ਹੀ ਉਹ ਹੱਡੀਆਂ ਦੀ ਮੁੱਠ ਬਣ ਕੇ ਰਹਿ ਗਿਆ (ਇਹ ਸੀ ਅੰਗ੍ਰੇਜ਼ਾਂ ਦਾ ਇੱਕ ਸਿਆਸੀ ਕੈਦੀ ਨਾਲ ਸਲੂਕ)। ਅੰਗ੍ਰੇਜ਼ਾਂ ਨੂੰ ਵਾਰ ਕਨਵੈਨਸ਼ਨਜ਼, ਇਨਸਾਨੀਅਤ, ਇਨਸਾਫ਼ ਸਭ ਭੁੱਲ ਚੁੱਕੇ ਸਨ ਤੇ ਉਨ੍ਹਾਂ ’ਤੇ ਸਿਰਫ਼ ਇੱਕ ਜ਼ਾਲਮ ਵਹਿਸ਼ੀ ਸੋਚ ਹਾਵੀ ਸੀ। ਅਖ਼ੀਰ ਇਸ ‘ਨਰਕ’ ਵਿੱਚ ਕੈਦ ਕਟਦਿਆਂ ਉਹ 5 ਜੁਲਾਈ 1858 ਦੇ ਦਿਨ ਚੜ੍ਹਾਈ ਕਰ ਗਿਆ।**

ਭਾਈ ਮਹਾਰਾਜ ਸਿੰਘ ਦੇ ਨਾਲ ਉਸ ਦੇ ਸਾਰੇ ਕਰੀਬੀ ਸਾਥੀ ਵੀ ਫੜ੍ਹੇ ਗਏ ਸਨ ਤੇ ਪਿੱਛੇ ਕੋਈ ਜਥੇਬੰਦ ਕਰਨ ਵਾਲਾ ਨਹੀਂ ਸੀ ਰਹਿ ਗਿਆ। ਇਸ ਕਰਕੇ ਅੰਗ੍ਰੇਜ਼ਾਂ ਦੇ ਖ਼ਿਲਾਫ਼ ਹੋਣ ਵਾਲੀ ਆਖ਼ਰੀ ਜਦੋਜਹਿਦ ਅਧੂਰੀ ਰਹਿ ਗਈ। (ਭਾਈ ਮਹਾਰਾਜ ਸਿੰਘ ਸਬੰਧੀ ਐਮ.ਐਲ. ਆਹਲੂਵਾਲੀਆ ਦੀ ਕਿਤਾਬ ਬਹੁਤ ਕੀਮਤੀ ਜਾਣਕਾਰੀ ਨਾਲ ਭਰੀ ਹੋਈ ਹੈ)।

## ਰਾਣੀ ਜਿੰਦਾਂ ਦੀ ਜਦੋਜਹਿਦ

**ਲਾਰਡ ਡਲਹੌਜ਼ੀ ਨੇ ਜਿੰਦਾਂ ਬਾਰੇ ਇੱਕ ਵਾਰ ਲਿਖਿਆ ਸੀ ਕਿ, “ਪੰਜਾਬ ਵਿੱਚ ਇਕੱਲੀ ਰਾਣੀ ਜਿੰਦ ਕੌਰ ਹੀ ਮਰਦਾਂ ਵਾਲੀ ਹਸਤੀ ਰਖਦੀ ਹੈ (ਪ੍ਰਾਈਵੇਟ ਕਾਰਸਪੌਂਡੈਂਸ ਰੀਲੇਟਿੰਗ ਟੂ ਸਿੱਖ ਵਾਰਜ਼ ਸਫ਼ਾ 167)। ਇਹੀ ਕਾਰਨ ਸੀ ਕਿ ਅੰਗ੍ਰੇਜ਼ ਉਸ ਤੋਂ ਬਹੁਤ ਡਰਦੇ ਸਨ।** ਰਾਣੀ ਨੂੰ 16 ਮਈ 1848 ਦੇ ਦਿਨ, ਇੱਕ ਕੈਦੀ ਵਜੋਂ, ਬਨਾਰਸ ਲਿਜਾਇਆ





ਗਿਆ ਸੀ। ਬਨਾਰਸ ਕਿਲ੍ਹੇ ਵਿੱਚੋਂ ਵੀ ਉਸ ਦਾ ਰਾਬਤਾ ਭਾਈ ਮਹਾਰਾਜ ਸਿੰਘ ਤੇ ਚਤਰ ਸਿੰਘ ਅਟਾਰੀਵਾਲਾ (ਚਤਰ ਸਿੰਘ ਦੀ ਧੀ ਦੀ ਮੰਗਣੀ ਦਲੀਪ ਸਿੰਘ ਨਾਲ ਹੋਈ ਸੀ) ਨਾਲ ਬਣਿਆ ਹੋਇਆ ਸੀ। ਇਸ ਦਾ ਅੰਗ੍ਰੇਜ਼ਾਂ ਨੂੰ ਪਤਾ ਲੱਗਿਆ ਤਾਂ ਉਨ੍ਹਾਂ ਨੇ ਫ਼ੌਜ ਦੇ ਸਖਤ ਪਹਿਰੇ ਹੇਠ ਜਿੰਦ ਕੌਰ ਨੂੰ ਅਪ੍ਰੈਲ 1849 ਵਿੱਚ ਸਭ ਤੋਂ ਵੱਧ ਮਹਿਫੂਜ ਕਿਲ੍ਹੇ ਚਿਨਾਰ ਵਿੱਚ ਨਜ਼ਰਬੰਦ ਕਰ ਦਿੱਤਾ। **6 ਅਪ੍ਰੈਲ 1849 ਨੂੰ ਜਿੰਦ ਕੌਰ ਭੇਸ ਬਦਲ ਕੇ ਕਿਲ੍ਹੇ ਵਿੱਚੋਂ ਫ਼ਰਾਰ ਹੋ ਗਈ।**...ਅਖ਼ੀਰ 19 ਅਪ੍ਰੈਲ ਨੂੰ ਰਾਣੀ ਦੇ ਕਿਲ੍ਹੇ ਵਿੱਚੋਂ ਨਿਕਲ ਜਾਣ ਦਾ ਰਾਜ ਖੁੱਲ੍ਹਿਆ (ਸੀਕਰਟ ਕਨਸਲਟੇਸ਼ਨਜ਼, 26 ਮਈ 1849, ਨੰਬਰ 125, 136)।

ਚਿਨਾਰ ’ਚੋਂ ਨਿਕਲ ਕੇ ਰਾਣੀ ਜਿੰਦਾਂ ਪਹਿਲਾਂ ਪਟਨਾ ਪੁੱਜੀ ਤੇ ਫਿਰ ਨੇਪਾਲ ਨੂੰ ਚਲੀ ਗਈ। ਉਹ 29 ਅਪ੍ਰੈਲ 1849 ਦੇ ਦਿਨ ਕਠਮੰਡੂ ਪੁੱਜੀ। ਇੱਥੇ ਉਸ ਨੇ ਨੇਪਾਲ ਦੇ ਰਾਜੇ ਤੋਂ ਅੰਗ੍ਰੇਜ਼ਾਂ ਦੇ ਖ਼ਿਲਾਫ਼ ਮਦਦ ਮੰਗੀ ਪਰ ਉਸ ਵਿਚਾਰੇ ਕੋਲ ਏਡੀ ਵੱਡੀ ਤਾਕਤ ਦੇ ਖ਼ਿਲਾਫ਼ ਖੜ੍ਹੇ ਹੋਣ ਜੋਗੀ ਜਾਨ ਕਿਥੇ ਸੀ? **ਰਾਣੀ ਜਿੰਦਾਂ ਨੇ ਜੰਮੂ ਦੇ ਰਾਜੇ ਗੁਲਾਬ ਸਿੰਘ ਡੋਗਰਾ ਨਾਲ ਵੀ ਰਾਬਤਾ ਬਣਾਇਆ ਪਰ ਉਹ ਤਾਂ ਖ਼ੁਦ ਅੰਗ੍ਰੇਜ਼ਾਂ ਨਾਲ ਮਿਲਿਆ ਹੋਇਆ ਸੀ। ਗੁਲਾਬ ਸਿੰਘ ਨੇ ਰਾਣੀ ਦੀ ਮਦਦ ਕਰਨ ਦੀ ਬਜਾਇ ਇਹ ਜਾਣਕਾਰੀ ਅੰਗ੍ਰੇਜ਼ਾਂ ਨੂੰ ਦੇ ਦਿੱਤੀ (ਪੋਲੀਟੀਕਲ ਕੰਸਲਟੇਸ਼ਨਜ਼, 22 ਮਾਰਚ 1850)।**

## ਰਾਣੀ ਜਿੰਦਾਂ ਨੇ ਹੌਸਲਾ ਛੱਡਿਆ

ਸਾਰੇ ਪਾਸਿਆਂ ਤੋਂ ਬੇ-ਉਮੀਦ ਹੋ ਕੇ ਅਖ਼ੀਰ ਰਾਣੀ ਨੇ ਹੌਸਲਾ ਛੱਡ ਦਿੱਤਾ। 1856 ਵਿੱਚ ਰਾਣੀ ਨੇ ਅੰਗ੍ਰੇਜ਼ਾਂ ਤੱਕ ਪਹੁੰਚ ਕਰਕੇ ਆਪਣੇ ਪੁੱਤਰ ਦਲੀਪ ਸਿੰਘ ਕੋਲ ਇੰਗਲੈਂਡ ਜਾਣ ਦੀ ‘ਇਜ਼ਾਜ਼ਤ’ ਮੰਗੀ, ਪਰ ਅੰਗ੍ਰੇਜ਼ਾਂ ਨੇ ਨਾਂਹ ਕਰ ਦਿੱਤੀ।

## ਅੰਗ੍ਰੇਜ਼ਾਂ ਦਾ ਦਲੀਪ ਸਿੰਘ ਨਾਲ ਘਿਰਣਾਯੋਗ ਵਰਤਾਰਾ

ਦਲੀਪ ਸਿੰਘ ਨੂੰ 1849 ਵਿੱਚ ਗੱਦੀ ਤੋਂ ਲਾਹੁਣ ਤੋਂ ਪਹਿਲਾਂ ਉਸ ਦੀ ਮਾਂ ਨੂੰ ਕੈਦ ਕਰਕੇ ਹਿੰਦੁਸਤਾਨ ਜਲਾਵਤਨ ਕੀਤਾ ਜਾ ਚੁੱਕਾ ਸੀ ਤੇ ਹੁਣ ਦਲੀਪ ਸਿੰਘ ਨੂੰ ਵੀ ਪੰਜਾਬ ਵਿੱਚੋਂ ਕੱਢ ਕੇ ਹਿੰਦੁਸਤਾਨ ਜਲਾਵਤਨ ਕਰਨ ਦਾ ਹੁਕਮ ਦਿੱਤਾ ਗਿਆ ਸੀ ਤਾਕਿ ਉਹ ਸਿੱਖਾਂ ਦੇ ਵਿੱਚ ਰਹਿ ਕੇ ਉਨ੍ਹਾਂ ਦੇ ਜਜ਼ਬਾਤਾਂ ਨੂੰ ਭੜਕਾ ਕੇ ਸਾਮਰਾਜ ਲਈ ਕੋਈ ਮੁਸੀਬਤ ਦਾ ਕਾਰਨ ਨਾ ਬਣ ਸਕੇ। ਦਲੀਪ ਸਿੰਘ 21 ਦਸੰਬਰ 1849 ਦੇ **ਦਿਨ ਆਖ਼ਰੀ ਵਾਰ ਆਪਣੇ ਬਾਪ ਦੀ ਸਮਾਧ ’ਤੇ ਗਿਆ ਤੇ ਇਸ ਮਗਰੋਂ ਉਸ ਨੂੰ ਪੰਜਾਬ ਤੋਂ ਹਮੇਸ਼ਾ ਵਾਸਤੇ ਕੱਢ ਕੇ ਯੂ.ਪੀ. ਵਿੱਚ ਸ਼ਹਿਰ ਫ਼ਤਹਿਗੜ੍ਹ (ਕਾਨਪੁਰ ਨੇੜੇ) ਭੇਜ ਦਿੱਤਾ ਗਿਆ। ਉਸ ਦੇ ਨਾਲ ਉਸਦੇ ਭਰਾ ਮਹਾਰਾਜਾ ਸ਼ੇਰ ਸਿੰਘ ਦੀ ਵਿਧਵਾ ਤੇ ਉਸ ਦਾ 6 ਸਾਲਾ ਪੁੱਤਰ ਸ਼ਿਵਦੇਵ ਸਿੰਘ ਵੀ ਸਨ। ਸਫ਼ਰ ਕਰਦੇ-ਕਰਦੇ ਉਹ 17 ਫ਼ਰਵਰੀ 1850 ਦੇ ਦਿਨ ਫ਼ਤਹਿਗੜ੍ਹ ਪੁੱਜੇ। ਦਲੀਪ ਸਿੰਘ ਦੇ ਇੱਥੇ ਪੁੱਜਣ ਮਗਰੋਂ ਉਸ ਦੇ ਸਾਰੇ ਸਿੱਖ ਤੇ ਪੰਜਾਬੀ ਸੇਵਾਦਾਰ ਹਟਾ ਦਿੱਤੇ ਗਏ। ਹੁਣ ਉਸ ਦਾ ਸਾਥੀ ਉਸ ਦਾ ਉਸਤਾਦ ਡਾ: ਲੌਗਿਨ, ਉਸ ਦੇ ਘਰ ਵਾਲੀ ਲੇਡੀ ਲੌਗਿਨ, ਇੱਕ ਹਿੰਦੂ ਤੋਂ ਈਸਾਈ ਬਣਿਆ ਭਜਨ ਲਾਲ ਤੇ ਕੁਝ ਗੋਰੇ ਨੌਕਰ ਸਨ। ਯਾਨਿ ਉਸ**

**ਨੂੰ ਸਿੱਖੀ ਤੇ ਪੰਜਾਬੀ ਮਾਹੌਲ ਤੋਂ ਪੂਰੀ ਤਰ੍ਹਾਂ ਦੂਰ ਕਰ ਦਿੱਤਾ ਗਿਆ ਸੀ। ਉਸ ਨੂੰ ਈਸਾਈ ਬਣਾਉਂਣ ਵਾਸਤੇ ਇਹ ਸਾਰਾ ਕੁਝ ਕਰਨਾ ਜਰੂਰੀ ਸੀ।** (ਮਾਈਕਲ ਅਲੈਗਜੈਂਦਰ ਅਤੇ ਐਸ. ਆਨੰਦ, ਕੁਈਨ ਵਿਕਟੋਰੀਆਜ਼ ਦਲੀਪ ਸਿੰਘ, ਸਫ਼ੇ 97-101, ਵਧੇਰੇ ਤਫ਼ਸੀਲ ਵਾਸਤੇ : ਲੇਡੀ ਲੋਗਿਨ, ਸਰ ਜਾਹਨ ਲੋਗਿਨ ਐਂਡ ਦਲੀਪ ਸਿੰਘ)।

**ਇਸ ਈਸਾਈ ਬਣਾਉਂਣ ਵਾਲੇ ਮਾਹੌਲ ਵਿੱਚ ਸਾਢੇ 11 ਸਾਲ ਦਾ ਦਲੀਪ ਸਿੰਘ ਬਹੁਤੀ ਦੇਰ ਬਚ ਨਾ ਸਕਿਆ ਅਤੇ ਸਿਰਫ਼ ਤਿੰਨ ਸਾਲ ਦੇ ਅੰਦਰ ਹੀ ਉਹ ਸਿੱਖੀ ਨੂੰ ਛੱਡ ਕੇ ਈਸਾਈਆਂ ਵਾਂਗ ਜੀਣ ਲੱਗ ਪਿਆ।...8 ਮਾਰਚ 1853 ਦੇ ਦਿਨ ਉਸ ਨੂੰ 'ਬੈਪਟਾਈਜ਼' ਕਰਕੇ ਈਸਾਈ ਬਣਾ ਲਿਆ ਗਿਆ। ਇਸ ਵੇਲੇ ਉਸ ਦੀ ਉਮਰ 14 ਸਾਲ 6 ਮਹੀਨੇ ਸੀ। (ਦਲੀਪ ਸਿੰਘ ਐਂਡ ਗਵਰਨਮਿੰਟ ਸਫ਼ਾ 83)।**

**ਦਲੀਪ ਸਿੰਘ ਨੂੰ ਈਸਾਈ ਬਣਾਉਂਣ ਤੋਂ ਛੇਤੀ ਮਗਰੋਂ ਹੀ ਇੰਗਲੈਂਡ ਲਿਜਾਇਆ ਗਿਆ। ਇੱਥੇ ਉਸ ਨੂੰ ਅੱਯਾਸ਼ੀ ਦੇ ਮਾਹੌਲ ਵਿੱਚ ਰੱਖਿਆ ਗਿਆ ਤਾਂ ਜੋ ਉਹ ਹੋਰ ਕੁਝ ਵੀ ਸੋਚਣ ਜੋਗਾ ਨਾ ਰਹੇ। 7 ਸਾਲ ਮਗਰੋਂ, 1861 ਵਿੱਚ ਉਸ ਨੂੰ ਆਪਣੀ ਮਾਂ ਨੂੰ ਇੰਗਲੈਂਡ ਲਿਆਉਂਣ ਦੀ ਇਜਾਜ਼ਤ ਮਿਲੀ ਜਿਹੜੀ ਕਿ ਉਥੇ ਆਕੇ ਡੇਢ ਸਾਲ ਮਗਰੋਂ ਹੀ ਚੜ੍ਹਾਈ ਕਰ ਗਈ। ਪੁੱਤਰ ਕੋਲ ਪੁੱਜ ਕੇ ਵੀ ਰਾਣੀ ਵਿਚਾਰੀ ਅਕਸਰ ਰੋਂਦੀ ਰਹਿੰਦੀ ਸੀ। ਅਖ਼ੀਰ ਝੁਰਦੀ, ਰੋਂਦੀ, ਤੜਫ਼ਦੀ ਰਾਣੀ ਜਿੰਦਾਂ ਆਪਣੀਆਂ ਅੱਖਾਂ ਦੀ ਜੋਤ ਵੀ ਗੁਆ ਬੈਠੀ ਤੇ 'ਹੱਡੀਆਂ ਦੀ ਮੁੱਠ' ਬਣਕੇ ਰਹਿ ਗਈ। ਦਲੀਪ ਸਿੰਘ ਨੂੰ 13 ਸਾਲ ਮਗਰੋਂ ਜਦੋਂ ਰਾਣੀ ਜਿੰਦਾਂ ਮਿਲੀ ਤਾਂ ਪੁੱਤਰ ਨੂੰ ਮੂੰਹ-ਸਿਰ ਮੁੰਨੇ ਰੂਪ ਵਿੱਚ ਵੇਖ ਕੇ ਉਹ ਭੁੱਬਾਂ ਮਾਰ ਕੇ ਰੋਈ ਸੀ।**

ਇਹ ਵੀ ਹੋ ਸਕਦਾ ਹੈ ਕਿ ਅੰਗ੍ਰੇਜ਼ਾਂ ਨੇ ਡਾਕਟਰਾਂ ਰਾਹੀਂ ਉਸ ਨੂੰ ਦਵਾਈਆਂ ਦੇ ਨਾਂ 'ਤੇ ਜ਼ਹਿਰ ਦੇ ਕੇ ਉਸਦਾ ਕੰਡਾ ਕੱਢਣ ਦੀ ਕੋਸ਼ਿਸ਼ ਕੀਤੀ ਹੋਵੇ। **ਉਹ ਦੋ ਸਾਲ ਦੇ ਅੰਦਰ-ਅੰਦਰ ਪਹਿਲੀ ਅਗੱਸਤ 1863 ਦੇ ਦਿਨ (ਤਕਰੀਬਨ 43 ਸਾਲ ਦੀ ਉਮਰ ਵਿੱਚ), ਇੰਗਲੈਂਡ ਵਿੱਚ ਹੀ ਚੜ੍ਹਾਈ ਕਰ ਗਈ। ਇੰਜ (ਲਾਰਡ ਡਲਹੌਜ਼ੀ ਦੇ ਲਫ਼ਜ਼ਾਂ ਵਿੱਚ), "ਪੰਜਾਬ ਦੀ ਇੱਕੋ-ਇੱਕ 'ਮਰਦ' ਸ਼ਖ਼ਸ਼ੀਅਤ" ਦਿਲਗ਼ੀਰ ਹੋ ਕੇ ਇਸ ਦੁਨੀਆਂ ਤੋਂ ਚਲੀ ਗਈ। ਉਸ ਦੀਆਂ ਅਸਥੀਆਂ ਜਲ-ਪ੍ਰਵਾਹ ਕਰਨ ਵਾਸਤੇ ਅੰਗ੍ਰੇਜ਼ਾਂ ਨੇ ਉਸ ਦੇ ਪੁੱਤਰ ਨੂੰ ਸਿਰਫ਼ ਬੰਬਈ ਤੱਕ ਆਉਂਣ ਦੀ ਇਜਾਜ਼ਤ ਦਿੱਤੀ ਤੇ ਪੰਜਾਬ ਵੱਲ ਮੂੰਹ ਵੀ ਨਾ ਕਰਨ ਦਿੱਤਾ।**

ਮਾਂ ਦੀ ਮੌਤ ਦੇ ਮਗਰੋਂ ਉਸ ਨੇ ਇਕ ਜਰਮਨ ਕੁੜੀ ਬੰਬਾ ਮੂਲਰ ਨਾਲ ਵਿਆਹ ਕਰਵਾਇਆ ਜਿਸ ਨੇ ਉਸ ਦੇ ਦੋ ਪੁੱਤਰਾਂ ਤੇ ਇੱਕ ਧੀ ਨੂੰ ਜਨਮ ਦਿੱਤਾ। ਦਲੀਪ ਸਿੰਘ ਨੂੰ ਚੰਗੀ ਪੈਨਸ਼ਨ ਮਿਲਦੀ ਸੀ ਜਿਸ ਕਾਰਨ ਉਹ ਅੱਯਾਸ਼ੀ ਵਾਲੀ ਜ਼ਿੰਦਗੀ ਬਿਤਾਉਂਦਾ ਸੀ।...**ਆਖ਼ਿਰ ਨਿਰਾਸ਼ ਹੋਕੇ ਦਲੀਪ ਸਿੰਘ ਸਿੱਖਾਂ ਵੱਲ ਮੁੜਿਆ। ਠਾਕਰ ਸਿੰਘ ਸੰਧਾਵਾਲੀਆ 1884 ਵਿੱਚ ਇੰਗਲੈਂਡ ਆਇਆ ਤਾਂ ਉਸਦਾ ਰਾਬਤਾ ਦਲੀਪ ਸਿੰਘ ਨਾਲ ਬਣਿਆ। ਦੋਹਾਂ ਵਿੱਚ ਹੋਈ ਗੱਲਬਾਤ ਮਗਰੋਂ ਦਲੀਪ ਸਿੰਘ ਨੇ ਸਿੱਖ ਬਣ ਜਾਣ ਦਾ ਐਲਾਨ ਕੀਤਾ। 9 ਮਾਰਚ**





**1886 ਨੂੰ ਉਸ ਨੇ ਸਿੱਖ ਕੌਮ ਤੋਂ, ਈਸਾਈ ਬਣਨ ਦੀ (ਗ਼ਲਤੀ ਦੀ) ਮੁਆਫ਼ੀ ਵੀ ਮੰਗੀ ਤੇ ਨਾਲ ਹੀ ਨਾਲ ਰਾਜ ਹਾਸਿਲ ਕਰਨ ਵਿੱਚ ਮਦਦ ਵੀ ਮੰਗੀ।**

ਅਪ੍ਰੈਲ 1886 ਦੇ ਸ਼ੁਰੂ ਵਿੱਚ ਉਹ ਚੁਪ-ਚਾਪ ਇੰਗਲੈਂਡ ਤੋਂ ਪੰਜਾਬ ਲਈ ਚੱਲ ਪਿਆ। ਬ੍ਰਿਟਿਸ਼ ਅਫ਼ਸਰਾਂ ਨੇ ਉਸ ਨੂੰ 15 ਅਪ੍ਰੈਲ ਨੂੰ ਅਦਨ ਵਿੱਚ ਹੀ ਰੋਕ ਲਿਆ ਅਤੇ ਵਾਪਿਸ ਲੰਡਨ ਪਰਤ ਜਾਣ ਲਈ ਕਿਹਾ। ਉਸ ਨੇ ਆਪਣਾ ਪਰਿਵਾਰ ਤਾਂ ਵਾਪਿਸ ਭੇਜ ਦਿੱਤਾ ਪਰ ਆਪ ਉਥੇ ਹੀ ਰਿਹਾ ਅਤੇ ਸਿੱਖਾਂ ਨਾਲ ਰਾਬਤਾ ਬਣਾਇਆ। **ਉਸ ਨੇ ਇਥੇ (ਅਦਨ ਵਿੱਚ ਹੀ) ਹੀ 25 ਮਈ 1886 ਦੇ ਦਿਨ ਪੰਜ ਸਿੱਖਾਂ ਤੋਂ 'ਖੰਡੇ ਦੀ ਪਹੁਲ' ਲਈ। ਦਲੀਪ ਸਿੰਘ ਦੀ ਇਸ ਕਾਰਵਾਈ ਮਗਰੋਂ, ਬ੍ਰਿਟਿਸ਼ ਹਾਕਮਾਂ ਨੇ ਜੂਨ 1886 ਦੇ ਸ਼ੁਰੂ ਵਿੱਚ ਹੀ ਉਸ ਨੂੰ ਜ਼ਬਰਦਸਤੀ ਇੰਗਲੈਂਡ ਨੂੰ ਡੀਪੋਰਟ ਕਰ ਦਿੱਤਾ।** ਇੱਥੋਂ ਇੱਕ ਦਿਨ ਉਹ ਚੁਪ-ਚਾਪ ਫਰਾਂਸ ਨੂੰ ਨਿਕਲ ਗਿਆ। ਫਰੈਂਚ ਸਰਕਾਰ ਨੇ ਉਸ ਦੀ ਪਾਂਡੀਚਰੀ ਜਾਣ ਦੀ ਇਜਾਜ਼ਤ ਨੂੰ ਠੁਕਰਾ ਦਿੱਤਾ। ਪਰ ਉਹ ਆਇਰਿਸ਼ ਨਾਂ ਹੇਠ ਪਾਸਪੋਰਟ ਹਾਸਲ ਕਰਨ ਵਿੱਚ ਕਾਮਯਾਬ ਹੋ ਗਿਆ। ਪੈਰਿਸ ਤੋਂ ਉਹ ਜਰਮਨ ਦੇ ਸ਼ਹਿਰ ਬਰਲਨ ਪਹੁੰਚ ਗਿਆ ਤੇ ਉਥੋਂ ਰੂਸ ਪੁੱਜ ਗਿਆ। ਰੂਸ ਦੇ ਰਾਜਾ ਜ਼ਾਰ ਤੋਂ ਉਸ ਨੇ ਅੰਗ੍ਰੇਜ਼ਾਂ ਦੇ ਖ਼ਿਲਾਫ਼ ਮਦਦ ਮੰਗੀ ਪਰ ਜ਼ਾਰ ਨੇ ਨਾਂਹ ਕਰ ਦਿੱਤੀ। ਨਿਰਾਸ਼ ਦਲੀਪ ਸਿੰਘ ਨੇ ਅਕਤੂਬਰ 1887 ਵਿੱਚ ਪੰਜਾਬ ਦੇ ਸਿੱਖਾਂ ਤੋਂ ਮਦਦ ਮੰਗੀ ਪਰ ਕਿਸੇ ਵੀ ਸਿੱਖ ਨੇ ਉਸ ਦੀ ਮਦਦ ਨਾ ਕੀਤੀ। ਅਖ਼ੀਰ ਉਹ ਵਾਪਿਸ ਇੰਗਲੈਂਡ ਮੁੜ ਗਿਆ। 1887 ਵਿੱਚ ਹੀ ਉਸ ਦੀ ਪਤਨੀ ਬੰਬਾ ਮੂਲਰ ਚੜ੍ਹਾਈ ਕਰ ਗਈ। ਫਿਰ ਦਲੀਪ ਸਿੰਘ ਨੇ ਇੱਕ ਇੰਗਲਿਸ਼ ਔਰਤ ਅਦਾ ਡਗਲਸ ਵੈਥਰਿਲ ਨਾਲ ਵਿਆਹ ਕਰ ਲਿਆ ਜਿਸ ਤੋਂ ਦੋ ਹੋਰ ਧੀਆਂ ਨੇ ਜਨਮ ਲਿਆ। **ਅਕਤੂਬਰ 1893 ਵਿੱਚ ਉਹ ਪੈਰਿਸ ਚਲਾ ਗਿਆ। 23 ਅਕਤੂਬਰ 1893 ਦੇ ਦਿਨ ਉਸ ਦੀ ਏਥੋਂ ਦੇ ਗਰੈਂਡ ਹੋਟਲ ਵਿੱਚ ਮੌਤ ਹੋ ਗਈ। ਇਸ ਵੇਲੇ ਉਸ ਦੀ ਉਮਰ 55 ਸਾਲ ਦੀ ਸੀ। ਦਲੀਪ ਸਿੰਘ ਦੀ ਲਾਸ਼ ਉਸਦੀ ਪਹਿਲੀ ਪਤਨੀ ਬੰਬਾ ਮੂਲਰ ਦੀ ਕਬਰ ਦੇ ਨੇੜੇ ਦਬਾ ਦਿੱਤੀ ਗਈ। ....ਦਲੀਪ ਸਿੰਘ ਦੇ ਪੰਜੇ ਬੱਚੇ ਬੇ-ਔਲਾਦ ਰਹੇ ਤੇ ਉਸ ਖ਼ਾਨਦਾਨ ਦਾ ਨਾ-ਨਿਸ਼ਾਨ ਵੀ ਇਸ ਦੁਨੀਆਂ ਵਿੱਚ ਨਹੀਂ ਰਿਹਾ।"**

[ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਦੂਜਾ ਹਿੱਸਾ) ਸਫ਼ੇ 677-686]।

# ੧੦.
# ਸਿੱਖ ਕੌਮ ਦੀ ਆਜ਼ਾਦੀ ਲਈ ਦੂਜੀ ਜੱਦੋਜਹਿਦ : ਇੱਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ (੧੮੪੯-੧੯੪੭)

## ਪੰਜਾਬ ’ਤੇ ਅੰਗਰੇਜ਼ਾਂ ਦਾ ਕਬਜ਼ਾ

“ਰਣਜੀਤ ਸਿੰਘ ਦੀ ਹਕੂਮਤ ਨੂੰ ਅੰਗਰੇਜ਼ ਬੜੀ ਕੈਰੀ ਨਿਗਾਹ ਨਾਲ ਵੇਖਦੇ ਸਨ। 1845-49 ਵਿੱਚ ਉਨ੍ਹਾਂ ਦਾ ਇਰਾਦਾ ਰਣਜੀਤ ਸਿੰਘ ਦੇ ਵਾਰਿਸਾਂ ਨੂੰ ਹਰਾਉਂਣ ਦਾ ਨਹੀਂ ਬਲਕਿ ਇਸ ਮੁਲਕ (ਪੰਜਾਬ ਦੇਸ) ਦੀ ਹੋਂਦ ਨੂੰ ਖ਼ਤਮ ਕਰਨ ਤੇ ਇਸ (ਰਣਜੀਤ ਸਿੰਘ) ਦੇ ਖ਼ਾਨਦਾਨ ਨੂੰ ਬਿਲਕੁਲ ਖ਼ਤਮ ਕਰਨਾ ਸੀ।

## ਸਿੱਖ ਫ਼ੌਜ ਅਤੇ ਕਿਲ੍ਹਿਆਂ ਨੂੰ ਖ਼ਤਮ ਕਰਨਾ

ਅੰਗਰੇਜ਼ਾਂ ਨੇ ਸਭ ਤੋਂ ਪਹਿਲਾ ਕੰਮ ਇਹ ਕੀਤਾ ਕਿ ਲਾਹੌਰ ਵਿੱਚ ਫ਼ੌਜੀਆਂ ਦਾ ਇਕੱਠ ਬੁਲਾਇਆ ਤੇ ਹਰ ਇੱਕ ਫ਼ੌਜੀ ਨੂੰ ਤਨਖ਼ਾਹ ਦੇ ਕੇ ਘਰੋ-ਘਰੀਂ ਟੋਰ ਦਿੱਤਾ ਗਿਆ ਤੇ ਉਨ੍ਹਾਂ ਦੇ ਹਥਿਆਰ ਜਮ੍ਹਾਂ ਕਰਵਾ ਲਏ ਗਏ। ਇਸ ਤੋਂ ਬਾਅਦ ਜੋ-ਜੋ ਕਿਲ੍ਹੇ ਅੰਗਰੇਜ਼ੀ ਸਾਮਰਾਜ ਦੀ ਹਿਫ਼ਾਜਤ ਵਾਸਤੇ ਜ਼ਰੂਰੀ ਸਮਝੇ ਗਏ ਉਹ ਰੱਖ ਲਏ ਗਏ ਅਤੇ ਬਾਕੀ ਦੇ ਸਾਰੇ ਕਿਲ੍ਹੇ ਢਾਹ ਕੇ ਉਨ੍ਹਾਂ ਦਾ ਨਾਮੋ-ਓ-ਨਿਸ਼ਾਨ ਹੀ ਮਿਟਾ ਦਿੱਤਾ ਗਿਆ। ਮਗਰੋਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਸਿਰਫ਼ ਅੰਗਰੇਜ਼ਾਂ ਜਾਂ ਬਾਹਰਲੇ ਅਹਿਲਕਾਰਾਂ ਨਾਲ ਤਾਂ ਹਕੂਮਤ ਨਹੀਂ ਕੀਤੀ ਜਾ ਸਕਣੀ, ਇਸ ਕਰਕੇ ਡਲਹੌਜ਼ੀ ਨੇ ਕੁੱਝ ਸਿੱਖ ਫ਼ੌਜੀਆਂ ਨੂੰ ਨੌਕਰੀਆਂ ਦੇਣ ਦਾ ਫ਼ੈਸਲਾ ਕੀਤਾ। ਇਸ ਮਕਸਦ ਵਾਸਤੇ ਉਨ੍ਹਾਂ ਨੇ ਵਫ਼ਾਦਾਰੀਆਂ ਦੀ ਪਰਖ ਕਰਨ ਮਗਰੋਂ ਸਿੱਖ ਫ਼ੌਜੀਆਂ ਦੇ ਪੰਜ ਪਿਆਦਾ ਦਸਤੇ ਅਤੇ ਪੰਜ ਰਜਮੰਟਾਂ ਬਣਾ ਦਿੱਤੀਆਂ। ਇਸ ਤੋਂ ਇਲਾਵਾ ਪੰਜਾਬ-ਅਫ਼ਗਾਨ ਬਾਰਡਰ ਦੀ ਹਿਫ਼ਾਜ਼ਤ ਵਾਸਤੇ ਬਣਾਈ ਫ਼ੋਰਸ ਵਿੱਚ ਇੱਕ ਹਜ਼ਾਰ ਦੇ ਕਰੀਬ ਸਿੱਖਾਂ ਨੂੰ ਵੀ ਭਰਤੀ ਕੀਤਾ ਗਿਆ। (ਮਗਰੋਂ 12 ਸਤੰਬਰ 1897 ਨੂੰ ਸਾਰਾਗੜ੍ਹੀ ਦੀ ਲੜਾਈ ਵਿੱਚ ਇਸੇ ਫ਼ੌਜ ਨੇ ਹੀ ਸਰਹੱਦ ਬਚਾਈ ਸੀ)। ਪੰਜਾਬ ਵਿੱਚ ਅਮਨ-ਅਮਾਨ ਕਾਇਮ ਰੱਖਣ ਵਾਸਤੇ ਭਰਤੀ ਕੀਤੀ ਪੰਦਰਾਂ ਹਜ਼ਾਰ ਪੁਲਿਸ ਵਿੱਚ ਵੀ ਦਸ ਕੁ ਫ਼ੀ ਸਦੀ ਸਿੱਖ ਸਨ।

ਇਸ ਤੋਂ ਮਗਰੋਂ ਅੰਗਰੇਜ਼ਾਂ ਨੇ ਪੰਜਾਬ ਵਿੱਚ ਸ਼ਹਿਰੀ ਬੰਦੋਬਸਤ ਅਤੇ ਬੁਨਿਆਦੀ ਢਾਂਚਾ ਵੀ ਖੜ੍ਹਾ ਕੀਤਾ। ਨਹਿਰਾਂ, ਸੜਕਾਂ ਤੋਂ ਇਲਾਵਾ ਰੇਲ ਦੀ ਪਟੜੀ ਵੀ ਵਿਛਾਉਂਣੀ ਸ਼ੁਰੂ ਕਰ ਦਿੱਤੀ। ਜਾਗੀਰਦਾਰ ਅਤੇ ਕਿਲ੍ਹੇਦਾਰਾਂ ਨੂੰ ਵੀ ਅੰਗਰੇਜ਼ਾਂ ਦੀ ਵਫ਼ਾਦਾਰੀ ਬਦਲੇ ਜਗੀਰਾਂ ਕਾਇਮ ਰੱਖੇ ਜਾਣ ਦਾ ਯਕੀਨ ਦਿਵਾ ਦਿੱਤਾ ਗਿਆ ਸੀ। ਇਹ ਸਾਰਾ ਕੁਝ ਲੋਕਾਂ





ਵਿੱਚ ਅੰਗਰੇਜ਼ ਵਾਸਤੇ ਨਫ਼ਰਤ ਨੂੰ ਘਟਾਉਂਣ ਵਿੱਚ ਬੜਾ ਮਦਦਗਾਰ ਸਾਬਿਤ ਹੋਇਆ। ਪੰਜਾਬੀਆਂ ਨੂੰ ਹੋਰ ਵੀ ਬੜੀਆਂ ਸਹੂਲਤਾਂ ਦੇਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਜੋ ਉਨ੍ਹਾਂ ਦੀ ਹਮਦਰਦੀ ਅਤੇ ਹਮਾਇਤ ਹਾਸਿਲ ਕਰ ਸਕਣ। ਇਸ ਵਿੱਚ ਪੰਜਾਬ ਵਿੱਚ ਸਕੂਲ ਖੋਲ੍ਹਣੇ ਅਤੇ ਹੋਰ ਬੁਨਿਆਦੀ ਢਾਂਚਾ ਕਾਇਮ ਕਰਨਾ ਵੀ ਸੀ।

## ਧਰਮ ਬਚਾਉਂਣ ਦੀ ਜਦੋਜਹਿਦ

ਅੰਗਰੇਜ਼ਾਂ ਨੇ ਪੰਜਾਬ ਨੂੰ ਕਬਜ਼ੇ ਹੇਠ ਰੱਖਣ ਲਈ ਅਤੇ ਲੋਕਾਂ ਨੂੰ ਆਜ਼ਾਦੀ ਦੇ ਸੁਪਨੇ ਲੈਣ ਤੋਂ ਰੋਕਣ ਲਈ ਉਨ੍ਹਾਂ ਦੇ ਧਰਮ, ਕਲਚਰ, ਬੋਲੀ ਦੇ ਵਿਰਸੇ ਤੋਂ ਤੋੜਨ ਲਈ ਵਿਉਂਤ ਬਣਾਈ। ਸਾਰੇ ਪੰਜਾਬ ਨੂੰ ਹੀ ਈਸਾਈ ਬਣਾਉਂਣ ਵਾਸਤੇ ਅੰਗਰੇਜ਼ਾਂ ਨੇ ਸਭ ਤੋਂ ਪਹਿਲਾਂ ਸ਼ਾਹੀ ਖ਼ਾਨਦਾਨ ਨੂੰ ਈਸਾਈ ਬਣਾਉਂਣ ਵੱਲ ਕਦਮ ਉਠਾਏ। (ਸਾਬਕਾ) ਮਹਾਰਾਜਾ ਦਲੀਪ ਸਿੰਘ ਨੂੰ ਉਨ੍ਹਾਂ ਨੇ ਇੱਕ ਤਰ੍ਹਾਂ ਨਾਲ ‘ਕੈਦ’ ਕੀਤਾ ਹੋਇਆ ਸੀ। ਉਸ ਨੂੰ ਕਿਸੇ ਸਿੱਖ ਨਾਲ ਮਿਲਣ ਦੀ ਇਜਾਜ਼ਤ ਨਹੀਂ ਸੀ। ਉਸ ਬੱਚੇ ਨੂੰ ਫੁਸਲਾ ਕੇ ਤੇ ਮੂਰਖ਼ ਬਣਾ ਕੇ, ਪੰਦਰਾਂ ਸਾਲ ਤੋਂ ਵੀ ਘੱਟ ਉੱਮਰ ਵਿੱਚ, 8 ਮਾਰਚ 1853 ਦੇ ਦਿਨ ਈਸਾਈ ਬਣਾ ਕੇ 19 ਅਪ੍ਰੈਲ 1854 ਨੂੰ ਇੰਗਲੈਂਡ ਨੂੰ ਟੋਰ ਦਿੱਤਾ ਗਿਆ। ਦਲੀਪ ਸਿੰਘ ਤੋਂ ਇਲਾਵਾ ਦਿਆਲ ਸਿੰਘ ਮਜੀਠੀਆ ਤੋਂ ਅੰਮ੍ਰਿਤਸਰ ਵਿੱਚ ਈਸਾਈ ਗਿਰਜੇ ਵਾਸਤੇ ਥਾਂ ਦਾਨ ਵਿੱਚ ਲਈ ਗਈ ਤੇ ਉਸ ਤੋਂ ਮਜੀਠਾ ਵਿੱਚ ਵੀ ਇੱਕ ਗਿਰਜਾ ਘਰ ਬਣਵਾਇਆ ਗਿਆ। ਅੰਗਰੇਜ਼ ਸਰਕਾਰ ਨੇ ਬਹੁਤ ਸਾਰੇ ਪਾਦਰੀ ਪੰਜਾਬ ਵਿੱਚ ਲੈ ਆਂਦੇ। ਇਨ੍ਹਾਂ ਪਾਦਰੀਆਂ ਨੇ ਪੰਜਾਬ ਦੇ ਸ਼ਹਿਰਾਂ ਦੇ ਬਾਜ਼ਾਰਾਂ ਵਿੱਚ ਖੜ੍ਹੇ ਹੋ ਕੇ ਈਸਾਈ ਧਰਮ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਸਭ ਤੋਂ ਪਹਿਲਾਂ ਲੁਧਿਆਣਾ ਵਿੱਚ ਈਸਾਈ ਮਿਸ਼ਨ ਕਾਇਮ ਕੀਤਾ ਗਿਆ ਅਤੇ ਫਿਰ 9 ਫਰਵਰੀ 1852 ਨੂੰ ‘ਚਰਚ ਮਿਸ਼ਨਰੀ ਐਸੋਸੀਏਸ਼ਨ’ ਬਣਾ ਕੇ ਇਸ ਦੇ ਹੈੱਡਕੁਆਰਟਰਜ਼ ਸਿੱਖ-ਨਗਰ ਅੰਮ੍ਰਿਤਸਰ ਬਣਾ ਦਿੱਤੇ ਗਏ। **ਅੰਗਰੇਜ਼ ਸਰਕਾਰ ਨੇ ਈਸਾਈ ਮਜ਼੍ਹਬ ਦਾ ਲਿਟਰੇਚਰ ਛਾਪ-ਛਾਪ ਕੇ ਸਿੱਖੀ ਦੇ ਖ਼ਿਲਾਫ਼ ਮਾਹੌਲ ਪੈਦਾ ਕੀਤਾ। ਇਸ ਦੇ ਨਾਲ ਸਿੱਖ ਧਰਮ, ਫ਼ਿਲਾਸਫ਼ੀ ਤੇ ਤਵਾਰੀਖ਼ ਬਾਰੇ ਵੱਖ-ਵੱਖ ਲਿਖਤਾਂ ਛਾਪ ਕੇ ਉਲਝਣਾਂ ਤੇ ਭੁਲੇਖੇ ਖੜ੍ਹੇ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਸਿੱਖ ਮਿਸਲਾਂ ਦੇ ਆਗੂਆਂ ਅਤੇ ਸਿੱਖ ਰਾਜਿਆਂ-ਮਹਾਰਾਜਿਆਂ ਨੂੰ ਲੁਟੇਰੇ, ਡਾਕੂ ਤੇ ਜ਼ਾਲਮ ਸਾਬਿਤ ਕਰਨ ਵਾਸਤੇ ਝੂਠੀ ਤਵਾਰੀਖ਼ ਦਾ ਪ੍ਰਚਾਰ ਕੀਤਾ ਗਿਆ। 1855 ਤੱਕ, ਸਿਰਫ਼ ਪੰਜ ਸਾਲਾਂ ਵਿੱਚ ਹੀ, 375 ਪਿੰਡਾਂ ਵਿੱਚ ਈਸਾਈ ਮਿਸ਼ਨ ਕਾਇਮ ਹੋ ਚੁੱਕੇ ਸਨ। ਇਨ੍ਹਾਂ ਦੇ ਪ੍ਰਚਾਰ ਹੇਠ 1860 ਤੱਕ 20 ਹਜ਼ਾਰ ਦੇ ਕਰੀਬ ਲੋਕ ਈਸਾਈ ਬਣ ਚੁੱਕੇ ਸਨ ਅਤੇ 5-7 ਹਜ਼ਾਰ ਹੋਰ ਵੀ ਇਹੋ ਜਿਹਾ ਜੀਵਨ ਜੀਣ ਵਾਸਤੇ ਤਿਆਰ ਸਨ।**

**ਬੱਚੇ ਸਕੂਲਾਂ ਦੇ ਸਿਲੇਬਸ ਵਿੱਚ ਵੀ ਈਸਾਈ ਧਰਮ ਬਾਰੇ ਪੜ੍ਹਨ ਲੱਗ ਪਏ। ਉਨ੍ਹਾਂ ਨੂੰ ਨੌਕਰੀਆਂ ਵੀ ਮਿਲਣ ਲੱਗ ਪਈਆਂ।** (ਇਹੀ ਹਾਲ 1947 ਤੋਂ ਬਾਅਦ ਭਾਰਤ ਦੀ ਹਕੂਮਤ ਹਿੰਦੂ ਆਗੂਆਂ ਦੇ ਹੱਥ ਆਉਂਣ ਵੇਲੇ ਹੋਇਆ ਸੀ। ਉਦੋਂ ਵੀ ਬਹੁਤ ਸਾਰੇ ਕਮਜ਼ੋਰ ਤੇ ਬੁਜ਼ਦਿਲ ਸਿੱਖ, ਨੌਕਰੀਆਂ ਅਤੇ ਅਹੁਦਿਆਂ ਦੇ ਲਾਲਚ ਵਿੱਚ, ਪਤਿਤ ਹੋ ਗਏ। ਇਹੀ

ਗੱਲ ਫਿਰ 1977-78 ਵਿੱਚ ਦੁਹਰਾਈ ਗਈ ਜਦ ਸੈਂਟਰ ਦੀ ਜਨਤਾ ਸਰਕਾਰ ਵਿਚਲੇ ਫ਼ਿਰਕੂ ਹਿੰਦੂ ਅੰਸਰਾਂ ਨੇ ਬਹੁਤ ਸਾਰੇ ਕਮਜ਼ੋਰ ਅਤੇ ਬੁਜ਼ਦਿਲ ਸਿੱਖਾਂ ਨੂੰ ਨੌਕਰੀਆਂ ਤੇ ਤਰੱਕੀਆਂ ਦੇ ਕੇ ਨਿਰੰਕਾਰੀਆਂ, ਰਾਧਾਸੁਆਮੀਆਂ ਤੇ ਸਰਸਾ ਡੇਰੇ ਵਾਲੇ ਨਾਲ ਜੋੜਿਆ। ਫਿਰ 1997-2002 ਦੌਰਾਨ ਬਾਦਲ ਸਰਕਾਰ ਵੇਲੇ ਵੀ ਭਾਜਪਾ ਦੇ ਫ਼ਿਰਕੂ ਆਗੂਆਂ ਨੇ ਆਪ ਵੀ, ਤੇ ਬੇ-ਦੀਨੇ ਬਾਦਲ ਰਾਹੀਂ ਵੀ, ਬਹੁਤ ਸਾਰੇ ਲਾਲਚੀ, ਕਮਜ਼ੋਰ ਅਤੇ ਬੁਜ਼ਦਿਲ ਸਿੱਖਾਂ ਨੂੰ ਆਰ.ਐਸ.ਐਸ., ਨੂਰਮਹਿਲੀਏ, ਆਸ਼ੂਤੋਸ਼, ਮਾਨ ਸਿੰਘ ਪਿਹੋਵਾ, ਨਾਮਧਾਰੀਆਂ, ਪਿਆਰਾ ਭਨਿਆਰਾ ਤੇ ਹੋਰ ਸਾਧਾਂ ਨਾਲ ਜੋੜਨ ਵਿੱਚ ਸਾਜ਼ਸੀ ਰੋਲ ਅਦਾ ਕੀਤਾ। ਬਾਦਲ ਨੇ ਤਾਂ ਖ਼ੁਦ ਹਵਨ/ਪੂਜਾ ਕਰ/ਕਰਵਾਕੇ, ਸਰਸਾ ਡੇਰੇ ਜਾ ਕੇ ਅਤੇ ਉਸ ਦੀ ਬੀਵੀ ਨੇ ਨੂਰਮਹਿਲੀਏ ਦੇ ਕਦਮਾਂ ਵਿੱਚ ਬੈਠ ਕੇ, ਸਿੱਖਾਂ ਵਿੱਚ ਧਰਮ ਵਿੱਚ ਅਕੀਦਾ ਤੇ ਪ੍ਰਪੱਕਤਾ ਅਤੇ ਪੰਥਕ ਜਜ਼ਬਾਤ ਖ਼ਤਮ ਕਰਨ ਵਿੱਚ ਵੱਡਾ ਰੋਲ ਅਦਾ ਕੀਤਾ)।

**ਦੁਨੀਆਂ ਦਾ ਇਹ ਰਿਵਾਜ਼ ਹੈ ਕਿ ਕਮਜ਼ੋਰ, ਲਾਚਾਰ, ਗ਼ਰੀਬ ਲੋਕ ਛੇਤੀ ਹੀ ਹਾਕਮ ਕੌਮ ਦੇ ਧਰਮ ਨੂੰ ਅਪਨਾਉਂਣ ਵਾਸਤੇ ਤਿਆਰ ਹੋ ਜਾਂਦੇ ਹਨ। ਪਹਿਲੀ ਪੀੜ੍ਹੀ ਲਾਲਚ ਜਾਂ ਮਜ਼ਬੂਰੀ ਹੇਠ ਅਜਿਹਾ ਕਰਦੀ ਹੈ, ਪਰ ਦੂਜੀ ਤੇ ਤੀਜੀ ਪੀੜ੍ਹੀ ਨੂੰ ਆਪਣਾ ਨਵਾਂ ਧਰਮ ਅਸਲ ਧਰਮ ਲੱਗਣ ਲੱਗ ਪੈਂਦਾ ਹੈ ਤੇ ਚੌਥੀ ਪੀੜ੍ਹੀ ਨੂੰ ਤਾਂ ਬਜ਼ੁਰਗਾਂ ਦਾ ਧਰਮ ਭੁੱਲ ਹੀ ਚੁੱਕਾ ਹੁੰਦਾ ਹੈ। ਫਿਰ ਉਹ ਆਪਣੇ ਵੱਡੇ-ਵਡੇਰਿਆਂ ਦੇ ਪੁਰਾਣੇ ਧਰਮ ਨੂੰ ਮਾੜਾ, ਨੀਵਾਂ ਅਤੇ ਪ੍ਰਾਚੀਨ ਕਹਿਣ ਲੱਗ ਪੈਂਦੇ ਹਨ। ਰਾਜਿਸਥਾਨ ਦੇ ਰਾਜਪੂਤਾਂ ’ਚੋਂ, ਕਸ਼ਮੀਰ ਦੇ ਬ੍ਰਾਹਮਣਾਂ ’ਚੋਂ ਤੇ ਪੰਜਾਬ ਦੇ ਜੱਟਾਂ ’ਚੋਂ ਮੁਸਲਮਾਨ ਬਣੇ ਲੋਕ ਅਜਿਹੇ ਹੀ ਹਨ।**

ਜਿਨ੍ਹਾਂ ਕੌਮਾਂ ਦਾ ਰਾਜ ਖੁੱਸ ਜਾਵੇ, ਉਨ੍ਹਾਂ ਦੇ ਮੰਨਣ ਵਾਲਿਆਂ ਵਿੱਚੋਂ ਕਮਜ਼ੋਰ ਤੇ ਬੁਜ਼ਦਿਲ ਲੋਕਾਂ ਦਾ ਧਾਰਮਿਕ ਅਕੀਦਾ ਵੀ ਡੋਲਣ ਲੱਗ ਪੈਂਦਾ ਹੈ। 1849 ਵਿੱਚ ਅੰਗਰੇਜ਼ਾਂ ਵੱਲੋਂ ਸਿੱਖਾਂ ਤੋਂ ਰਾਜ ਖੋਹੇ ਜਾਣ ਮਗਰੋਂ ਵੀ ਇੰਝ ਹੀ ਹੋਇਆ। ਰਣਜੀਤ ਸਿੰਘ ਵੇਲੇ ਸਿੱਖਾਂ ਦੀ ਗਿਣਤੀ 80 ਲੱਖ ਅਤੇ ਇੱਕ ਕਰੋੜ ਦੇ ਵਿਚਕਾਰ ਸੀ, ਜਿਹੜੀ ਕਿ 1861 ਵਿੱਚ ਘੱਟ ਕੇ 11 ਲੱਖ 41 ਹਜ਼ਾਰ 848 ਰਹਿ ਗਈ ਸੀ। ਹੋਰ ਤਾਂ ਹੋਰ, ਸਿੱਖ ਕੌਮ ਦੇ ਸਭ ਤੋਂ ਵੱਡੇ ਅਤੇ ਧਾਰਮਿਕ ਸ਼ਹਿਰ ਅੰਮ੍ਰਿਤਸਰ ਵਿੱਚ ਸਿੱਖਾਂ ਦੀ ਆਬਾਦੀ, ਜੋ 1849 ਵਿੱਚ ਤਿੰਨ ਲੱਖ ਦੇ ਕਰੀਬ ਸੀ, 1868 ਵਿੱਚ 2 ਲੱਖ 32 ਹਜ਼ਾਰ 224 ਸੀ, 1881 ਵਿੱਚ 2 ਲੱਖ 16 ਹਜ਼ਾਰ 136 ਰਹਿ ਗਈ ਸੀ। ਯਾਨਿ ਇੱਕੋ ਸ਼ਹਿਰ ਵਿੱਚ 80 ਹਜ਼ਾਰ ਤੋਂ ਵੱਧ ਸਿੱਖ ਆਪਣਾ ਧਰਮ ਛੱਡ ਚੁੱਕੇ ਸਨ। .....ਦਰਅਸਲ ਦਲੀਪ ਸਿੰਘ ਅਤੇ ਕਪੂਰਥਲਾ ਰਿਆਸਤ ਦੇ ਕੰਵਰ ਹਰਨਾਮ ਸਿੰਘ ਦਾ ਈਸਾਈ ਮਜ਼੍ਹਬ ਵੱਲ ਝੁਕ ਜਾਣਾ ਅਤੇ ਡੋਗਰਿਆਂ ਤੇ ਸਰਕਾਰੀ ਬ੍ਰਾਹਮਣਾਂ ਦਾ ਦਿਖਾਵੇ ਦੇ ਸਿੱਖ ਤੋਂ ਇਕਦਮ ਹਿੰਦੂ ਬਣ ਜਾਣਾ ਸਿੱਖਾਂ ’ਤੇ ਬੜਾ ਮਾੜਾ ਅਸਰ ਕਰ ਗਿਆ। ਰਾਜ ਖੁੱਸ ਜਾਣਾ, ਹੌਸਲੇ ਪਸਤ ਹੋ ਜਾਣਾ, ਕੌਮੀ ਸਾਂਝ ਘਟ ਜਾਣਾ ਵੀ ਵਡੇ ਕਾਰਨ ਸਨ।

**ਅੰਗਰੇਜ਼ਾਂ ਵੱਲੋਂ ਤਿਆਰ ਕਰਵਾਈਆਂ ਗਈਆਂ ਜਾਂ ਕੁਝ ਅੰਗਰੇਜ਼ਾਂ ਵੱਲੋਂ ਆਪਣੇ ਤੌਰ ’ਤੇ ਲਿਖੀਆਂ ਗਈਆਂ ਕਿਤਾਬਾਂ ਵਿੱਚੋਂ ਸਾਫ਼ ਪਤਾ ਲੱਗ**





**ਜਾਂਦਾ ਹੈ ਕਿ ਸਰਕਾਰ ਸਿੱਖਾਂ ਬਾਰੇ ਇੱਕ ਪਾਸੇ ਤਾਂ ਡੂੰਘੀ ਜਾਣਕਾਰੀ ਹਾਸਿਲ ਕਰਨ ਵਾਸਤੇ ਅਤੇ ਦੂਜਾ ਸਿੱਖਾਂ ਦੇ ਖ਼ਿਲਾਫ਼ ਪ੍ਰਾਪੇਗੰਡਾ ਕਰਨ ਦੀ ਸੋਚ ਨਾਲ ਕਿਤਾਬਾਂ ਲਿਖਵਾ ਰਹੀ ਸੀ। ਅੰਗਰੇਜ਼ ਸਿੱਖਾਂ ਦੀ ਤਵਾਰੀਖ਼ ਅਤੇ ਫ਼ਲਸਫ਼ੇ ਨੂੰ ਉਲਟ-ਪੁਲਟ, ਵੱਖ-ਵੱਖ (ਆਪਾ-ਵਿਰੋਧੀ) ਪੇਸ਼ ਕਰਕੇ ਉਨ੍ਹਾਂ ਵਿੱਚ ਉਲਝਣ, ਭੁਲੇਖਾ ਅਤੇ ਦੁਚਿੱਤੀ ਪੈਦਾ ਕਰਕੇ ਉਨ੍ਹਾਂ ਨੂੰ ਈਸਾਈਅਤ ਵੱਲ ਟੋਰਨਾ ਚਾਹੁੰਦੇ ਸਨ। ਉਨ੍ਹਾਂ ਨੇ ਮਾਲਕਮ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਮੁਕਾਬਲੇ ਇੱਕ ਹੋਰ ਗ੍ਰੰਥ (ਬਚਿੱਤ੍ਰ ਨਾਟਕ, ਹੁਣ ਅਖੌਤੀ ਦਸਮ ਗ੍ਰੰਥ ਹੋਣ ਦਾ ਪ੍ਰਚਾਰ ਕਰਕੇ ਸਿੱਖਾਂ ਨੂੰ ਉਲਝਣ ਵਿੱਚ ਪਾਇਆ ਜੋ ਅੱਜ 2008 ਵਿੱਚ ਵੀ ਉਵੇਂ ਹੀ ਕਾਇਮ ਹੈ)।**

**ਅੰਗਰੇਜ਼ਾਂ ਨੇ ਨਿਰਮਲੇ ਤੇ ਉਦਾਸੀਆਂ ਨੂੰ ਵਧੇਰੇ ‘ਸਿੱਕੇਬੰਦ’ ਸਿੱਖ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਨੇ ਬੂਟੇ ਸ਼ਾਹ ਰਾਹੀਂ ਇਹ ਭੁਲੇਖਾ ਖੜ੍ਹਾ ਕੀਤਾ ਕਿ ਦਰਬਾਰ ਸਾਹਿਬ ਦੀ ਨੀਂਹ ਇੱਕ ਮੁਸਲਮਾਨ ਨੇ ਰੱਖੀ ਸੀ। ਇਹ ਲਿਖਣ ਦਾ ਮਕਸਦ ਹਿੰਦੂਆਂ ਨੂੰ ਭਰਮ ਪਾਉਂਣਾ ਸੀ ਕਿ ਸਿੱਖ ਇਸਲਾਮ ਦੇ ਨੇੜੇ ਹਨ। ਅੰਗਰੇਜ਼ਾਂ ਨੇ ਤਾਂ ਗੁਰੂ ਨਾਨਕ ਸਾਹਿਬ ਨੂੰ ਕਬੀਰ ਜੀ ਦਾ ਚੇਲਾ ਸਾਬਿਤ ਕਰਨ ਦੀ ਨਾਕਾਮ ਕੋਸ਼ਿਸ਼ ਵੀ ਕੀਤੀ (ਹਾਲਾਂਕਿ ਭਗਤ ਕਬੀਰ ਅਤੇ ਰਵਿਦਾਸ ਜੀ ਨੇ 1508 ਵਿੱਚ ਗੁਰੂ ਨਾਨਕ ਸਾਹਿਬ ਦੀ ਬਨਾਰਸ ਫੇਰੀ ਵੇਲੇ ਉਨ੍ਹਾਂ ਨੂੰ ਆਪਣਾ ‘ਗੁਰੂ’ ਧਾਰਿਆ ਸੀ)।**

**ਧਾਰਮਿਕ ਫ਼ਲਸਫ਼ੇ ਨੂੰ ਗ਼ਲਤ ਪੇਸ਼ ਕਰਨ ਵਿੱਚ ਚਾਰਲਸ ਵਿਲਕਿਨਜ਼, ਬਰਾਊਂਨ, ਜਾਰਜ ਫ਼ੌਸਟਰ, ਮਾਲਕਮ, ਐਚ.ਐਚ. ਵਿਲਸਨ ਨੇ ਬੜੀ ਸਾਜ਼ਿਸੀ ਸਮੱਗਰੀ ਪੇਸ਼ ਕੀਤੀ ਤੇ ਸਿੱਖ ਧਰਮ ਨੂੰ ਹਿੰਦੂ-ਸੁਧਾਰਵਾਦੀ, ਰੱਬ ਤੋਂ ਮੁਨੱਕਰ, ਮਿਲੀਟੈਂਟ ਕੌਮ ਵ.ਗੈਰਾ ਦੇ ਫ਼ਤਵੇ ਦਿੱਤੇ ਤੇ ਗ਼ਲਤ ਸਮੱਗਰੀ ਦਾ ਪ੍ਰਚਾਰ ਤੇ ਪ੍ਰਸਾਰ ਕੀਤਾ।**

**ਪਰ ਇਨ੍ਹਾਂ ਸਾਜਿਸ਼ੀ ਲਿਖਤਾਂ ਦੇ ਮੁਕਾਬਲੇ ਤੇ ਕਨਿੰਘਮ (1846) ਤੇ ਮੈਕਾਲਿਫ਼ (1905) ਨੇ ਵੱਧ ਤੋਂ ਵੱਧ ਸੱਚ ਲਿਖਣ ਦੀ ਕੋਸ਼ਿਸ਼ ਕੀਤੀ ਤੇ ਨਤੀਜੇ ਦੇ ਤੌਰ ’ਤੇ ਕਨਿੰਘਮ ਨੂੰ ਤਾਂ ਸਰਕਾਰੀ ਨੌਕਰੀ ਤੋਂ ਬਰਤਰਫ਼ੀ ਦਾ ਈਨਾਮ ਵੀ ਹਾਸਿਲ ਹੋਇਆ।**

ਅੰਗਰੇਜ਼ਾਂ ਨੇ ਨਿਰਮਲੇ, ਉਦਾਸੀ, ਬੇਦੀ, ਸੋਢੀ, ਭੱਲੇ ਵ.ਗੈਰਾ ਨੂੰ ਸਰਕਾਰੀ ਸਰਪ੍ਰਸਤੀ ਦਿੱਤੀ। 1920 ਤੋਂ ਮਗਰੋਂ ਕੂਕੇ (ਨਾਮਧਾਰੀ) ਵੀ ਉਨ੍ਹਾਂ ਦੀਆਂ ਹਦਾਇਤਾਂ ਮੁਤਾਬਿਕ ਚੱਲੇ ਤੇ ਗੁਰੂ-ਡੰਮ ਖੜ੍ਹਾ ਕੀਤਾ। ਅੰਗਰੇਜ਼ਾਂ ਨੇ ਕੁਰੱਪਟ ਸਰਬਰਾਹ ਅਤੇ ਮਹੰਤ ਗੁਰਦੁਆਰਿਆਂ ਦੇ ਇੱਕ ਤਰ੍ਹਾਂ ਨਾਲ ਮਾਲਿਕ ਬਣਾ ਕੇ ਇਨ੍ਹਾਂ ਅਦਾਰਿਆਂ ਵਿੱਚ ਹਿੰਦੂ ਬੁਤ-ਪੂਜਾ, ਵਿਭਚਾਰ, ਕੁਰੱਪਸ਼ਨ, ਕਰਮਕਾਂਡ ਵ.ਗੈਰਾ ਨੂੰ ਉਤਸ਼ਾਹਿਤ ਕੀਤਾ।

ਇੰਞ ਹੀ ਅੰਗਰੇਜ਼ਾਂ ਨੇ ਫ਼ੌਜ 'ਚੋਂ ਰੀਟਾਇਰ ਹੋਏ ਜਾਂ ਨਾਵਾਂ ਕਟਵਾ ਕੇ ਆਏ ਜਾਂ ਆਪ ਭੇਜੇ ਸਾਧਾਂ ਦਾ ਟੋਲਾ ਖੜ੍ਹਾ ਕਰਨਾ ਸ਼ੁਰੂ ਕਰ ਦਿੱਤਾ ਜਾਂ ਉਨ੍ਹਾਂ ਨੂੰ 'ਸੰਤ' ਆਖ ਕੇ ਉਚਿਆਣਾ (ਪਰਮੋਟ ਕਰਨਾ) ਸ਼ੁਰੂ ਕਰ ਦਿੱਤਾ। 1850 ਤੋਂ 1930 ਤੱਕ ਅੰਗਰੇਜ਼ਾਂ ਨੇ ਬਹੁਤ ਸਾਰੇ ਸਾਧ ਖੜ੍ਹੇ ਕੀਤੇ ਸਨ।

ਅੰਗਰੇਜ਼ਾਂ ਨੇ ਸਿੱਖਾਂ ਦੇ ਖ਼ਿਲਾਫ਼ ਹਿੰਦੂਆਂ ਨੂੰ ਵੀ ਪੂਰਾ ਮਿਲਵਰਤਣ ਅਤੇ ਸ੍ਰਪਰਸਤੀ ਦਿੱਤੀ। ਸਨਾਤਨ ਸਭਾ ਤੇ ਆਰੀਆ ਸਮਾਜ ਅੰਗਰੇਜ਼ਾਂ ਦੀ ਹੀ ਦੇਣ ਹਨ। ਅੰਗਰੇਜ਼ਾਂ ਨੇ ਕਸ਼ਮੀਰ, ਪੰਜਾਬ, ਸੂਬਾ ਸਰਹੱਦ ਵਿੱਚ ਮੁਸਲਮਾਨਾਂ ਤੇ ਸਿੱਖਾਂ ਵਿੱਚ ਵੀ ਫੁੱਟ ਪਾਉਂਣ ਵਾਸਤੇ ਹਰ ਹਰਬਾ ਵਰਤਿਆ।

1920-25 ਦੀ ਅਕਾਲੀ ਲਹਿਰ ਵੇਲੇ ਵੀ ਅੰਗਰੇਜ਼ਾਂ ਨੇ ਕੁਝ ਅਕਾਲੀ ਆਗੂ ਖ਼ਰੀਦ ਕੇ ਉਨ੍ਹਾਂ ਰਾਹੀਂ ਕੌਮ ਵਿੱਚ ਫੁੱਟ ਪਾਉਣ ਦੀਆਂ 'ਸੰਜੀਦਾ' ਕੋਸ਼ਿਸ਼ਾਂ ਕੀਤੀਆਂ। ਜੋ ਲੋਕ ਖ਼ਰੀਦੇ ਨਹੀਂ ਜਾ ਸਕਦੇ ਸਨ, ਉਨ੍ਹਾਂ ਨੂੰ ਹੋਰ ਕਈ ਤਰੀਕਿਆਂ ਨਾਲ ਮਸ਼ਹੂਰੀ, ਮਾਹੌਲ ਅਤੇ ਮੁਕਾਮ ਮੁਹੱਈਆ ਕਰਵਾਕੇ ਸੀਨੀਅਰ ਆਗੂ ਬਣਾਉਂਣ ਦੀਆਂ ਕੋਸ਼ਿਸ਼ਾਂ ਕੀਤੀਆਂ ਜੋ 1947 ਤੋਂ ਮਗਰੋਂ ਕਾਂਗਰਸ ਤੇ ਆਰ.ਐਸ.ਐਸ. ਨੇ ਵੀ ਦੁਹਰਾਇਆ। ਅੱਜ ਵੀ ਬਹੁਤੇ 'ਅਕਾਲੀ' ਤੇ ਹੋਰ ਸਿੱਖ ਆਗੂ ਅਜਿਹੀਆਂ ਏਜੰਸੀਆਂ ਦੀਆਂ ਹਦਾਇਤਾਂ ਹੇਠ ਚਲਦੇ ਹਨ।

## ਈਸਾਈ ਧਰਮ ਦਾ ਪ੍ਰਚਾਰ

ਪੰਜਾਬ 'ਤੇ ਅੰਗਰੇਜ਼ਾਂ ਦੇ ਕਬਜ਼ੇ ਤੋਂ ਪਹਿਲਾਂ ਵੀ ਈਸਾਈ ਪ੍ਰਚਾਰਕਾਂ ਨੂੰ ਪੰਜਾਬ ਵਿੱਚ ਭੇਜਣ ਦੀਆਂ ਕਾਰਵਾਈਆਂ ਹੋਈਆਂ ਸਨ।

ਈਸਾਈ ਧਰਮ ਦੇ ਪ੍ਰਚਾਰ ਵਾਸਤੇ ਮਿਸ਼ਨ ਸੋਸਾਇਟੀਆਂ ਤੇ ਸਰਕਾਰ ਨੇ ਲੋਕ-ਭਲਾਈ





ਦੇ ਬਹੁਤ ਕੰਮ ਕੀਤੇ। ਇਨ੍ਹਾਂ ਨੇ ਘੱਟੋ-ਘੱਟ 6 ਕਾਲਜ ਖੋਲ੍ਹੇ ਅਤੇ ਦਰਜਨ ਦੇ ਕਰੀਬ ਹਸਪਤਾਲ। ਇਸ ਤੋਂ ਇਲਾਵਾ ਦੋ ਕੋਹੜੀ ਆਸ਼ਰਮ (ਤਰਨ ਤਾਰਨ ਤੇ ਅੰਬਾਲਾ) ਵੀ ਕਾਇਮ ਕੀਤੇ। **ਇਸ ਸਾਰੇ ਕੁਝ ਦੇ ਬਾਵਜੂਦ ਆਮ ਲੋਕ ਈਸਾਈ ਧਰਮ ਵੱਲ ਖਿੱਚੇ ਨਾ ਜਾ ਸਕੇ। ਇਸ ਦਾ ਮਾਅਨਾ ਸਾਫ਼ ਹੈ ਕਿ ਲੋਕ-ਭਲਾਈ ਦੇ ਪ੍ਰਾਜੈਕਟ ਵੀ ਧਰਮ ਬਦਲੀ ਵਿੱਚ ਬਹੁਤੇ ਮਦਦਗਾਰ ਨਹੀਂ ਹੁੰਦੇ। ਸਿਰਫ਼ ਉਹ ਧਰਮ ਹੀ ਖਿੱਚ ਪਾਉਂਦਾ ਹੈ ਜਿਹੜਾ ਲੋਕਾਂ ਦੇ ਦਿਲਾਂ ਵਿੱਚ ਉੱਤਰ ਜਾਵੇ।**

## ਗੁਰਦੁਆਰਿਆਂ ਵਿੱਚ ਹਿੰਦੂ ਧਰਮ ਦਾ ਪ੍ਰਚਾਰ

ਇਸ ਦੇ ਨਾਲ ਹੀ ਸਿੱਖਾਂ ਦੇ ਗੁਰਦੁਆਰੇ (ਜੋ 1823 ਵਿੱਚ ਅਕਾਲੀ ਫੂਲਾ ਸਿੰਘ ਦੀ ਸ਼ਹੀਦੀ ਤੋਂ ਮਗਰੋਂ, ਡੋਗਰਿਆਂ ਦੀ ਸਰਪ੍ਰਸਤੀ ਹੇਠ ਆ ਚੁੱਕੇ ਸਨ) ਵਿੱਚ ਸਿੱਖ ਧਰਮ ਦੀ ਥਾਂ ਹਿੰਦੂ ਮੱਤ ਦਾ ਪ੍ਰਚਾਰ ਵਧੇਰੇ ਹੋਣ ਲੱਗ ਪਿਆ ਸੀ। ਗੁਰਦੁਆਰਿਆਂ ਵਿੱਚ ਹਿੰਦੂ ਕਰਮ-ਕਾਂਡ ਹੀ ਨਹੀਂ ਬਲਕਿ ਹਿੰਦੂ ਮਿਥਿਹਾਸਕ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਵੀ ਵੜਨ ਲੱਗ ਪਈਆਂ ਸਨ। **ਕਈ ਗੁਰਦੁਆਰਿਆਂ ਨੂੰ ਮੰਦਰ ਬਣਾ ਦਿਤਾ ਗਿਆ ਸੀ (ਇਨ੍ਹਾਂ ਵਿੱਚ ਜੰਮੂ ਅਤੇ ਸ੍ਰੀਨਗਰ ਦੇ ਗੁਰਦੁਆਰੇ ਮੁੱਖ ਸਨ ਜਿਨ੍ਹਾਂ ਨੂੰ ਗੁਲਾਬ ਸਿੰਘ ਡੋਗਰੇ ਨੇ ਮੰਦਰ ਬਣਾਇਆ ਸੀ) ਅਤੇ ਕਈਆਂ ਦੇ ਨੇੜੇ ਇੱਕ-ਅੱਧ ਹਿੰਦੂ ਮੂਰਤੀ ਰੱਖ ਕੇ ਹੌਲੀ-ਹੌਲੀ ਛੋਟੇ ਅਤੇ ਫਿਰ ਵੱਡੇ ਬਹੁਤ ਸਾਰੇ ਮੰਦਰ ਉਸਾਰ ਦਿੱਤੇ ਗਏ ਸਨ। ਅੱਜ ਵੀ ਦਰਬਾਰ ਸਾਹਿਬ ਦੇ ਆਲੇ ਦੁਆਲੇ ਘੱਟੋ-ਘੱਟ ਵੀਹ 'ਬਾਬਰੀ ਮਸਜਿਦਾਂ' (ਮੰਦਰ) ਬਣੇ ਹੋਏ ਹਨ।** ਕੀਰਤਪੁਰ, ਕਰਤਾਰਪੁਰ, ਪਾਉਂਟਾ, ਅਨੰਦਪੁਰ ਸਾਰੇ ਗੁਰੂ ਸਾਹਿਬ ਨੇ ਕੀਮਤ ਦੇ ਕੇ ਖ਼ਰੀਦੇ ਸਨ। ਅੰਗਰੇਜ਼ੀ ਰਾਜ ਵਿੱਚ ਇਨ੍ਹਾਂ ਨਗਰਾਂ ਵਿੱਚ ਵੀ ਥਾਂ-ਥਾਂ 'ਤੇ ਮੰਦਰ ਉਸਾਰ ਦਿੱਤੇ ਗਏ ਸਨ। ਅੰਮ੍ਰਿਤਸਰ ਵਿੱਚ ਤਾਂ ਦਰਬਾਰ ਸਾਹਿਬ ਦੇ ਮੂਹਰੇ, ਮਹਾਰਾਜਾ ਰਣਜੀਤ ਸਿੰਘ ਦੇ ਬੁੰਗੇ ਵਾਲੀ ਥਾਂ 'ਤੇ ਘੰਟਾ-ਘਰ ਦੇ ਨਾਂ 'ਤੇ ਇੱਕ ਚਰਚ ਦੀ ਸ਼ਕਲ ਦੀ ਇਮਾਰਤ ਬਣਾ ਦਿੱਤੀ ਗਈ ਸੀ। ਇਹ 1880-84 ਵਿੱਚ ਬਣੀ ਸੀ ਤੇ ਸਿੱਖਾਂ ਨੇ 1948 ਵਿੱਚ ਢਾਹੀ ਸੀ।

**1997 ਤੋਂ ਮਗਰੋਂ ਬਾਦਲ ਦੇ ਰਾਜ ਵਿੱਚ ਵੀ ਸਿੱਖ ਸ਼ਹਿਰਾਂ ਵਿੱਚ ਹੀ ਨਹੀਂ, ਗੁਰਦੁਆਰਿਆਂ ਦੇ ਮੂਹਰੇ, ਉਨ੍ਹਾਂ ਦੇ ਨਾਲ-ਨਾਲ, ਨੇੜੇ ਤੇ ਆਲੇ-ਦੁਆਲੇ 100 ਤੋਂ ਵੱਧ ਮੰਦਰ ਬਣਾਏ ਗਏ ਸਨ। ਹਿੰਦੂ, ਗੁਰਦੁਆਰਿਆਂ ਦੇ ਨੇੜੇ, ਕਿਸੇ ਥਾਂ 'ਤੇ ਜ਼ਮੀਨ ਵਿੱਚ ਇੱਕ ਪੱਥਰ ਦੀ ਮੂਰਤੀ ਦੱਬ ਦੇਂਦੇ ਹਨ ਤੇ ਫਿਰ ਇਸ ਦੇ 'ਪ੍ਰਾਚੀਨ' ਮੰਦਰ ਹੋਣ ਦਾ ਡਰਾਮਾ ਸ਼ੁਰੂ ਕਰ ਦੇਂਦੇ ਹਨ। ਇਸ ਤੋਂ ਇਲਾਵਾ ਪੰਜਾਬ ਵਿੱਚ ਥਾਂ-ਥਾਂ 'ਤੇ ਕਿਸੇ ਪਿੱਪਲ ਜਾਂ ਬੋਹੜ ਹੇਠ (ਹੁਣ ਤਾਂ ਬਾਜ਼ਾਰਾਂ ਵਿੱਚ ਬਿਜਲੀ ਦੇ ਖੰਭਿਆਂ ਨਾਲ ਬੰਨ੍ਹ ਕੇ ਵੀ) ਇੱਕ-ਅੱਧ ਮੂਰਤੀ ਜਾਂ ਲੰਮਾ ਪੱਥਰ, ਜੇ ਹੋ ਸਕੇ ਤਾਂ ਸ਼ਿਵਲਿੰਗ ਵਰਗਾ, ਰੱਖ ਕੇ, ਦੋ-ਚਾਰ ਮਹੀਨੇ ਇੱਕ-ਦੋ ਫੁੱਲ ਰੱਖ ਕੇ 'ਪੂਜਾ' ਦਾ ਡਰਾਮਾ ਕਰਕੇ ਮਗਰੋਂ ਉਸ ਥਾਂ 'ਤੇ ਕੱਚੀ, ਨਿੱਕੀ ਜਿਹੀ ਵਲਗਣ ਬਣਾ ਦਿੱਤੀ ਜਾਂਦੀ ਹੈ ਤੇ ਮਗਰੋਂ ਉਸ ਨੂੰ 'ਹਿੰਦੂ-ਪੂਜਾ ਅਸਥਾਨ' ਕਹਿ ਕੇ ਮੰਦਰ ਬਣਾਉਣ ਦੀਆਂ**

**ਕਾਰਵਾਈਆਂ ਸ਼ੁਰੂ ਹੋ ਜਾਂਦੀਆਂ ਹਨ। ਗੁਰੂਆਂ ਦੇ ਵਸਾਏ ਹੋਏ ਨਗਰਾਂ ਵਿੱਚ 1947 ਤੱਕ ਇੱਕ ਵੀ ਮੰਦਰ ਨਹੀਂ ਸੀ, ਪਰ ਹੁਣ ਇਕੱਲੇ ਅੰਮ੍ਰਿਤਸਰ ਵਿੱਚ ਹੀ, ਗਲੀਆਂ ਦੇ ਮੋੜਾਂ 'ਤੇ, ਪੁਰਾਣੇ ਖੂਹਾਂ ਕੰਢੇ ਜਾਂ ਖੋਲਿਆਂ ਵ.ਗੈਰਾ ਵਿੱਚ ਪੱਥਰ ਰੱਖ ਕੇ ਖੜ੍ਹੇ ਕੀਤੇ ਹੋਏ 500 ਦੇ ਕਰੀਬ 'ਨਾਜ਼ਾਇਜ਼-ਧੱਕਾ-ਮੰਦਰ' ਬਣਾ ਲਏ ਗਏ ਹਨ। ਇਹੀ ਹਾਲ ਕੀਰਤਪੁਰ, ਕਰਤਾਰਪੁਰ, ਤਰਨਤਾਰਨ, ਅਨੰਦਪੁਰ ਦਾ ਵੀ ਹੈ। ਪੰਜਾਬ ਦੇ ਬਾਕੀ ਸ਼ਹਿਰਾਂ ਵਿੱਚ ਵੀ ਅਜਿਹੇ ਹਜ਼ਾਰਾਂ 'ਨਾਜਾਇਜ਼-ਧੱਕਾ-ਮੰਦਰ' ਬਣ ਚੁੱਕੇ ਹਨ। ਹੁਣ ਪੂਰਬੀਏ ਭਈਆਂ ਦੀਆਂ ਝੁਗੀਆਂ ਵਿੱਚ ਤੇ ਉਨ੍ਹਾਂ ਦੇ ਨੇੜੇ-ਤੇੜੇ ਦੀਆਂ ਸਰਕਾਰੀ ਜਮੀਨਾਂ ਵਿੱਚ ਵੀ ਇੰਵ ਹੀ ਸੈਂਕੜੇ 'ਨਾਜਾਇਜ਼-ਧੱਕਾ-ਮੰਦਰ' ਬਣਾਏ ਜਾ ਚੁਕੇ ਹਨ ਤੇ ਹਰ ਰੋਜ਼ ਨਵੇਂ ਬਣ ਰਹੇ ਹਨ।**

**ਅੰਗਰੇਜ਼ੀ ਰਾਜ ਵਿੱਚ, ਸਰਕਾਰੀ ਸਰਪ੍ਰਸਤੀ ਹੇਠ, ਬੇਦੀ, ਸੋਢੀ ਤੇ ਭੱਲੇ ਆਪਣੇ ਆਪ ਨੂੰ 'ਗੁਰੂ' ਆਖਣ ਲੱਗ ਪਏ ਸਨ। ਇੰਵ ਹੀ ਇਨ੍ਹਾਂ ਤੇ ਹੋਰ ਸਾਧ ਟੋਲਿਆਂ ਨੇ ਸਿੱਖਾਂ ਨੂੰ ਹਿੰਦੂ ਦਿਹਾੜਿਆਂ ਅਤੇ ਸੰਸਕਾਰਾਂ (ਸੰਗਰਾਂਦ, ਮੱਸਿਆ, ਪੂਰਨਮਾਸੀ, ਪੰਚਮੀ, ਵਰਤ, ਪੂਜਾ, ਸ਼ਰਾਧ, ਹਵਨ, ਗੁੱਗਾ-ਪੂਜਾ, ਵਿਸ਼ਵਕਰਮਾ-ਪੂਜਾ, ਜਠੇਰਿਆਂ ਦੀ ਪੂਜਾ, ਤੁਲਸੀ, ਕੰਜਕਾਂ ਵ.ਗੈਰਾ) ਦੇ ਨਾਲ-ਨਾਲ ਹਿੰਦੂ ਤਿਉਹਾਰਾਂ (ਦੀਵਾਲੀ, ਹੋਲੀ, ਬਸੰਤ, ਰੱਖੜੀ) ਵੱਲ ਵੀ ਟੋਰਨ ਦੀਆਂ ਕਾਰਵਾਈਆਂ ਕੀਤੀਆਂ।... ਸਿਆਸੀ ਤਾਕਤ ਖੁੱਸਣ ਅਤੇ ਮਾਲੀ ਹਾਲਤ ਕਮਜ਼ੋਰ ਹੋਣ ਨਾਲ ਭੋਲੇ-ਭਾਲੇ ਅਤੇ ਬੇਸਮਝ ਸਿੱਖ ਇਨ੍ਹਾਂ ਸੰਕਟ-ਮੋਚਨਾਂ ਸ਼ਬਦਾਂ, ਮੰਤਰ ਤੇ ਯਗ-ਹਵਨ ਵਿੱਚ ਫਸਣ ਲੱਗ ਪਏ।**

22 ਦਸੰਬਰ 1869 ਨੂੰ ਸਰਕਾਰ ਨੇ ਬ੍ਰਾਹਮਣ ਤੇਜ ਰਾਮ (ਜੋ ਰਾਜਾ ਤੇਜ ਸਿੰਘ ਅਖਵਾਉਂਦਾ ਸੀ ਤੇ ਜਿਸ ਨੇ ਗ਼ਦਾਰੀ ਕਰਕੇ, ਸਿੱਖ ਫ਼ੌਜ ਮਰਵਾ ਕੇ, ਅੰਗਰੇਜ਼ਾਂ ਨੂੰ ਪੰਜਾਬ ਸੰਭਾਲ ਦਿੱਤਾ ਸੀ) ਦਰਬਾਰ ਸਾਹਿਬ ਦੇ ਇੰਤਜਾਮ ਲਈ ਬਣਾਈ ਕਮੇਟੀ ਦਾ ਮੁਖੀ ਬਣਾ ਦਿੱਤਾ। ਇਸ ਦੇ ਨਾਲ ਹੀ ਦਰਬਾਰ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿੱਚ ਹਿੰਦੂ ਕਰਮ-ਕਾਂਡ ਅਤੇ ਹਿੰਦੂ ਸੰਸਕਾਰ ਅਤੇ ਰਵਾਇਤਾਂ ਲਾਗੂ ਕਰਕੇ ਪ੍ਰਚਾਰੇ ਜਾਣ ਲੱਗ ਪਏ। ਮੰਦਰਾਂ ਦੇ ਪੁਜਾਰੀਆਂ ਵਾਂਗ ਗੁਰਦੁਆਰਿਆਂ ਦੇ ਪੁਜਾਰੀ, ਗ੍ਰੰਥੀ, ਭਾਈ, ਸਰਬਰਾਹ, ਮਹੰਤ ਸਭ ਗੁਰਦੁਆਰਿਆਂ ਦੇ ਚੜ੍ਹਾਵੇ ਨੂੰ ਅੱਯਾਸ਼ੀ ਅਤੇ ਨਿੱਜੀ ਖਰਚਿਆਂ ਵਾਸਤੇ ਵਰਤਣ ਲੱਗ ਪਏ। ਧਰਮ ਪ੍ਰਚਾਰ ਵਾਸਤੇ ਇੱਕ ਪੈਸਾ ਵੀ ਖ਼ਰਚ ਨਹੀਂ ਸੀ ਹੁੰਦਾ। ਗੁਰਦੁਆਰਿਆਂ ਵਿੱਚ ਸਿਰਫ਼ ਕਰਮ-ਕਾਂਡ ਤੇ ਪਾਖੰਡ ਜਾਂ ਫਿਰ ਪਾਪ ਤੇ ਅਧਰਮ ਦਾ ਬੋਲਬਾਲਾ ਸੀ।

**ਇਹੀ ਹਾਲ ਅੱਜਕਲ ਹੋ ਚੁਕਾ ਹੈ। ਹੁਣ ਫਿਰ ਗੁਰਦੁਆਰੇ ਮਹੰਤਾਂ ਤੇ ਮਸੰਦਾਂ ਦੇ ਅੱਡੇ ਬਣ ਚੁੱਕੇ ਹਨ। ਹੁਣ ਬਹੁਤੇ ਗੁਰਦੁਆਰਿਆਂ ਦੇ ਪ੍ਰਬੰਧਕ (ਚੌਧਰੀ) ਇਨ੍ਹਾਂ ਨੂੰ ਆਪਣੀਆਂ ਨਿੱਜੀ ਜਾਇਦਾਦਾਂ ਤੇ ਦੁਕਾਨਾਂ ਸਮਝਦੇ ਹਨ। ਹੁਣ ਤਾਂ ਨਵੇਂ ਜਾਗੀਰਦਾਰ ਤੇ ਅਮੀਰ ਸਿੱਖ ਆਪਣੀ ਦੌਲਤ ਈਮਾਰਤਾਂ ਬਣਾਉਂਣ, ਸੰਗਮਰਮਰ ਲਾਉਂਣ, ਸੋਨਾ ਲਾਉਂਣ, ਰੁਮਾਲੇ ਚੜ੍ਹਾਉਂਣ, ਮੁ.ਫਤ ਰੋਟੀਆਂ (ਲੰਗਰ) ਖੁਆਉਂਣ ਵ.ਗੈਰਾ ਵਾਸਤੇ ਖ਼ਰਚ ਕਰਦੇ ਹਨ, ਪਰ ਧਰਮ ਪ੍ਰਚਾਰ ਵਾਸਤੇ ਨਹੀਂ।**





ਸਭ ਤੋਂ ਵੱਧ ਮਾਰੂ ਅਸਰ ਹਿੰਦੂ ਮਜ਼ਬ ਦਾ ਸੀ। ਹਿੰਦੂਆਂ ਨੇ ਭੋਲੇ-ਭਾਲੇ ਸਿੱਖਾਂ ਵਿੱਚ ਇਹ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ ਕਿ ਸਿੱਖ ਹਿੰਦੂ-ਸਮਾਜ (ਮਨੂੰਵਾਦੀ ਵਰਨ-ਆਸ਼ਰਮ) ਦਾ ਹਿੱਸਾ ਹਨ। ਸਿੱਖਾਂ ਦੇ ਧਾਰਮਿਕ ਸੰਸਕਾਰਾਂ (ਵਿਆਹ, ਮੌਤ ਵ.ਗੈਰਾ) ਨੂੰ ਬ੍ਰਾਹਮਣਾਂ ਨੇ ਫਿਰ ਹਾਈਜੈਕ ਕਰ ਲਿਆ।"

[ਡਾ: ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਤੀਜਾ ਹਿੱਸਾ), ਸਫ਼ੇ 688-705)]

ਉੱਪਰ ਵਰਨਣ ਕੀਤੇ ਹਾਲਾਤਾਂ ਵਿੱਚ ਇਹ ਸਪੱਸ਼ਟ ਹੋ ਚੁੱਕਾ ਹੈ ਕਿ ਅੰਗਰੇਜ਼, ਬ੍ਰਾਹਮਣ ਅਤੇ ਡੋਗਰੇ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਅਤੇ ਸਿੱਖ ਇਤਿਹਾਸ ਨੂੰ ਵਿਗਾੜ ਕੇ ਸਿੱਖ ਕੌਮ ਨੂੰ ਖ਼ਤਮ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਾ ਰਹੇ ਸਨ। ਇਸ ਖ਼ਤਰਨਾਕ ਰੁਝਾਨ ਨੂੰ ਠੱਲ੍ਹ ਪਾਉਂਣ ਵਾਸਤੇ ਕੁਝ ਧਾਰਮਿਕ ਅਤੇ ਸਿਆਸੀ ਲਹਿਰਾਂ ਚੱਲ ਪਈਆਂ। ਇਨ੍ਹਾਂ ਬਾਰੇ ਬਹੁਤ ਹੀ ਸੰਖੇਪ ਜਾਣਕਾਰੀ (ਸੰਕੇਤਕ ਰੂਪ ਵਿੱਚ) ਅੱਗੇ ਦਿੱਤੀ ਜਾ ਰਹੀ ਹੈ।

## 'ਨਿਰੰਕਾਰੀ ਲਹਿਰ'

**"ਭਾਈ ਦਿਆਲ ਜੀ ਨੇ 1851 ਵਿੱਚ ਰਾਵਲਪਿੰਡੀ ਵਿੱਚ ਨਿਰੰਕਾਰੀ ਦਰਬਾਰ ਦੀ ਨੀਂਹ ਰੱਖੀ ਅਤੇ ਸਿੱਖ ਧਰਮ ਵਿੱਚ ਵਾੜੇ ਜਾ ਚੁਕੇ ਬ੍ਰਾਹਮਣਵਾਦ ਨੂੰ ਬਾਹਰ ਕੱਢਣ ਦੇ ਯਤਨ ਕੀਤੇ ਅਤੇ ਕੁਝ ਵਰਨਣਯੋਗ ਪ੍ਰਾਪਤੀਆਂ ਹਾਸਿਲ ਕੀਤੀਆਂ। ਸਿੱਖਾਂ ਦੇ ਵਿਆਹ ਲਈ 'ਬੇਦੀ' ਦੀ ਰਸਮ ਨੂੰ ਠੁਕਰਾ ਕੇ ਉਨ੍ਹਾਂ ਦੇ ਉਤਰਾਧਿਕਾਰੀ ਭਾਈ ਦਰਬਾਰਾ ਸਿੰਘ ਨੇ ਚਾਰ ਲਾਵਾਂ ਪੜ੍ਹਕੇ ਗੁਰੂ ਗ੍ਰੰਥ ਸਾਹਿਬ ਦੇ ਦੁਆਲੇ ਚਾਰ ਪਰਕਰਮਾ ਕਰਵਾ ਕੇ ਵਿਆਹ ਕਰਾਉਂਣ ਦਾ ਤਰੀਕਾ ਸ਼ੁਰੂ ਕੀਤਾ। (1947 ਤੋਂ ਮਗਰੋਂ ਦਿੱਲੀ ਵਿੱਚ ਚੱਲਿਆ ਨਿਰੰਕਾਰੀ ਦਰਬਾਰ ਪੋਠੋਹਾਰ ਵਾਲਾ ਨਹੀਂ ਬਲਕਿ ਧਾਰਮਿਕ ਲੇਬਲ ਹੇਠ, ਇੱਕ ਮਾਫ਼ੀਆ ਵਰਗੀ, ਜਮਾਤ ਹੈ ਜਿਸ ਨੂੰ ਹਿੰਦੂ ਤੇ ਹੋਰ ਸਿੱਖ-ਵਿਰੋਧੀ ਏਜੰਸੀਆਂ ਦੀ ਸਿੱਧੀ ਹਮਾਇਤ ਹਾਸਲ ਹੈ। ਇਹ ਗੱਲ ਵੀ ਕਾਬਲੇ-ਜ਼ਿਕਰ ਹੈ ਕਿ ਇੰਦਰਾ ਗਾਂਧੀ ਵੀ ਇਸ ਗਰੁੱਪ ਦੇ ਜਲਸੇ ਵਿੱਚ ਨੰਗੇ ਪੈਰੀਂ ਜਾਇਆ ਕਰਦੀ ਸੀ ਤਾਂ ਜੋ ਉਸਦੀ 'ਸ਼ਰਧਾ' ਨੂੰ ਵੇਖ ਕੇ ਲੋਕ ਇਸ ਜਮਾਤ ਦੇ ਨਾਲ ਜੁੜਨ ਤੇ ਸਿੱਖ-ਵਿਰੋਧੀ ਤਾਕਤਾਂ ਨੂੰ ਵਧੇਰੇ ਤਾਕਤ ਮਿਲੇ। ਸਰਕਾਰ ਅਤੇ ਹਿੰਦੂ ਜਥੇਬੰਦੀਆਂ ਦੀ ਖ਼ੁਫ਼ੀਆ ਸਰਪ੍ਰਸਤੀ ਰਾਧਾ ਸੁਆਮੀ, ਡੇਰਾ ਸੱਚਾ ਸੌਦਾ, ਆਸ਼ੂਤੋਸੀਆਂ-ਨੂਰਮਹਿਲੀਆਂ ਵ.ਗੈਰਾ ਨੂੰ ਵੀ ਹਾਸਿਲ ਸੀ/ਹੈ। ਬਹੁਤੇ ਪੁਲਿਸ ਅਤੇ ਆਈ.ਏ.ਐਸ. ਅ.ਫ਼ਸਰ ਇਨ੍ਹਾਂ ਜਥੇਬੰਦੀਆਂ ਨਾਲ ਜੁੜੇ ਹੋਏ ਹਨ।)**

## ਕੂਕਾ ਲਹਿਰ

ਰਾਮ ਸਿੰਘ (1816-1885) ਕੰਵਰ ਨੌਨਿਹਾਲ ਸਿੰਘ (ਪੁੱਤਰ ਮਹਾਰਾਜਾ ਰਣਜੀਤ ਸਿੰਘ) ਦੀ ਫ਼ੌਜ ਵਿੱਚ, ਇੱਕ ਆਮ ਸਿਪਾਹੀ ਸੀ। ਪਹਿਲੀ ਐਂਗਲੋ-ਸਿੱਖ ਲੜਾਈ ਦੇ ਖ਼ਤਮ ਹੋਣ ਮਗਰੋਂ ਉਸ ਨੂੰ ਫ਼ੌਜ 'ਚੋਂ ਖ਼ਾਰਜ ਕਰ ਦਿੱਤਾ ਗਿਆ। ਮਗਰੋਂ ਉਸ ਨੇ ਇੱਕ ਧਾਰਮਕ ਜਥਾ ਬਣਾ ਲਿਆ। ਉਸ ਨੇ ਲੋਕਾਂ ਵਿੱਚ ਜ਼ਾਤ-ਪਾਤ ਛੱਡਣ, ਵਿਧਵਾ-ਵਿਆਹ ਦੀ

ਹਮਾਇਤ, ਸ਼ਰਾਬ ਤੇ ਹੋਰ ਨਸ਼ਿਆਂ ਨੂੰ ਨਾ ਵਰਤਣ, ਸਮਾਧਾਂ ਨੂੰ ਨਾ ਮੰਨਣ ਵਗ਼ੈਰਾ ਵਾਸਤੇ ਪ੍ਰਚਾਰ ਕੀਤਾ। ਕਿਉਂਕਿ ਉਹ ਕੀਰਤਨ ਕਰਨ ਸਮੇਂ ਉੱਚੀ-ਉੱਚੀ 'ਕੂਕਾਂ' ਮਾਰਦੇ ਸਨ, ਇਸੇ ਕਰਕੇ ਲੋਕ ਉਨ੍ਹਾਂ ਨੂੰ 'ਕੂਕੇ' ਕਿਹਾ ਕਰਦੇ ਸਨ। ਉਨ੍ਹਾਂ ਨੇ ਬੁੱਤ-ਪ੍ਰਸਤੀ ਦੇ ਖ਼ਿਲਾਫ਼ ਪ੍ਰਚਾਰ ਕੀਤਾ, ਕਈ ਥਾਈਂ ਸਮਾਧਾਂ ਵੀ ਢਾਹੀਆਂ, ਬੁਚੜਾਂ ਨੂੰ ਵੀ ਕਤਲ ਕੀਤਾ।

## ਕੂਕੇ ਨਾਮਧਾਰੀ ਕਿਵੇਂ ਬਣੇ ?

1920 ਵਿੱਚ ਜਦੋਂ ਅਕਾਲੀ ਲਹਿਰ ਸ਼ੁਰੂ ਹੋਈ ਤਾਂ ਅੰਗਰੇਜ਼ਾਂ ਨੇ ਇਸ ਲਹਿਰ ਦਾ ਵਿਰੋਧ ਕਰਨ ਲਈ ਰਾਮ ਸਿੰਘ ਦੇ ਭਤੀਜੇ ਪ੍ਰਤਾਪ ਸਿੰਘ (ਪੁੱਤਰ ਹਰੀ ਸਿੰਘ) ਤੱਕ ਪਹੁੰਚ ਕੀਤੀ। ਉਸ ਨੂੰ 'ਨਾਮਧਾਰੀ' ਕਹਿ ਕੇ ਰਾਮ ਸਿੰਘ ਦਾ ਵਾਰਿਸ ਬਣਾ ਕੇ ਪੇਸ਼ ਕੀਤਾ ਪਰ ਮਗਰੋਂ ਇਸ ਨੂੰ 'ਫ਼ਿਰਕਾ' ਤੇ ਫਿਰ 'ਤੇਰਵਾਂ ਗੁਰੂ' ਬਣਾ ਕੇ ਸਿੱਖ ਧਰਮ ਦੇ ਖ਼ਿਲਾਫ਼ ਲਹਿਰ ਵਜੋਂ ਖੜ੍ਹਾ ਕਰਨ ਦੀ ਕੋਸ਼ਿਸ਼ ਕੀਤੀ।

**ਇਸ ਟੋਲੇ ਨੇ ਰਾਮ ਸਿੰਘ ਨੂੰ ਬਾਰ੍ਹਵਾਂ ਗੁਰੂ (ਬਾਲਕ ਸਿੰਘ ਨੂੰ ਯਾਰਵਾਂ ਗੁਰੂ ਕਹਿ ਕੇ) ਬਣਾਉਂਣ ਦੀ ਸਾਜਿਸ਼ 'ਤੇ ਅਮਲ ਸ਼ੁਰੂ ਕਰ ਦਿੱਤਾ। ਇਹ ਸ਼ਰ੍ਹੇਆਮ ਗੁਰੂ ਗ੍ਰੰਥ ਸਾਹਿਬ ਨੂੰ ਰੱਦ ਕਰਨਾ ਸੀ। 1941 ਵਿੱਚ ਜਦੋਂ ਇਨ੍ਹਾਂ ਨੇ ਗੁਰੂ ਗ੍ਰੰਥ ਸਾਹਿਬ ਦੇ ਵਰਕੇ (ਪੱਤਰੇ) ਅਲੱਗ-ਅਲੱਗ ਕਰਕੇ ਇੱਕ-ਇੱਕ ਪੱਤਰੇ ਦਾ ਪਾਠ ਕਰਨ ਦਾ ਕੁਫ਼ਰ ਕਰਨ ਦਾ ਐਲਾਨ ਕੀਤਾ ਤਾਂ ਸਿੱਖ ਆਗੂਆਂ ਨੇ 'ਕੂਕਾ ਕੁਫ਼ਰ ਤੋੜ' ਕਾਨਫ਼ਰੰਸਾਂ ਕਰਕੇ ਇਨ੍ਹਾਂ ਦੇ ਖ਼ਿਲਾਫ਼ ਕਦਮ ਚੁੱਕੇ।**

## ਕੂਕਿਆਂ ਵੱਲੋਂ ਮਹੰਤਾਂ ਦੀ ਮਦਦ

ਨਾਂ ਤਾਂ ਰਾਮ ਸਿੰਘ ਖ਼ੁਦ ਨੂੰ ਗੁਰੂ ਮੰਨਦਾ ਸੀ ਤੇ ਨਾ ਹੀ ਉਸ ਦੀ ਕੋਈ ਕਾਰਵਾਈ ਅਜਿਹੀ ਸੀ ਜਿਸ ਤੋਂ ਜ਼ਾਹਰ ਹੋਵੇ ਕਿ ਉਹ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਸੀ ਮੰਨਦਾ। ਇਹ ਤਾਂ 1920 ਵਿੱਚ ਅੰਗਰੇਜ਼ਾਂ ਨੇ ਮਹੰਤਾਂ ਰਾਹੀਂ ਰਾਮ ਸਿੰਘ ਦੇ ਭਰਾ ਨੂੰ 'ਨਾਮਧਾਰੀਆ' ਦਾ ਦਰਜਾ ਦੇ ਕੇ ਗੁਰਦੁਆਰਾ ਸੁਧਾਰ ਲਹਿਰ ਦੇ ਖ਼ਿਲਾਫ਼ ਵਰਤਣ ਵੇਲੇ ਰਾਮ ਸਿੰਘ ਦੇ ਭਤੀਜੇ ਤੋਂ ਗੁਰੂ-ਡੰਮ ਦਾ ਪ੍ਰਚਾਰ ਸ਼ੁਰੂ ਕਰਵਾਇਆ ਸੀ। ਇਹ ਮਹੰਤ ਨਰੈਣੂ ਦੀਆਂ ਮੀਟਿੰਗਾਂ ਵਿੱਚ ਸ਼ਾਮਿਲ ਹੋ ਕੇ ਉਸ ਵਾਸਤੇ ਜਾਨ ਵਾਰਨ ਦੀਆਂ ਕਸਮਾਂ ਖਾਂਦੇ ਰਹੇ। **ਅਕਾਲੀ ਲਹਿਰ ਦੇ ਸ਼ੁਰੂ ਹੁੰਦਿਆਂ ਹੀ 1920 ਵਿੱਚ ਇਨ੍ਹਾਂ ਨੇ ਹਫ਼ਤਾਵਾਰ ਅਖ਼ਬਾਰ 'ਸਤਜੁਗ' ਤੇ ਫਿਰ 1922 ਵਿਚ ਰੋਜ਼ਾਨਾ 'ਕੂਕਾ' ਅਖ਼ਬਾਰ ਸ਼ੁਰੂ ਕੀਤਾ। ਇਨ੍ਹਾਂ ਅਖ਼ਬਾਰਾਂ ਰਾਹੀਂ ਪਹਿਲਾਂ ਤਾਂ ਗੁਰਦੁਆਰਾ ਸੁਧਾਰ ਲਹਿਰ ਦੀ ਮੁਖ਼ਾਲਫ਼ਤ ਸ਼ੁਰੂ ਕੀਤੀ ਗਈ ਤੇ ਫਿਰ ਰਾਮ ਸਿੰਘ ਦੇ ਭਤੀਜੇ ਪ੍ਰਤਾਪ ਨੂੰ ਗੁਰੂ ਬਣਾ ਕੇ ਪੇਸ਼ ਕੀਤਾ ਗਿਆ।**

1947 ਤੋਂ ਮਗਰੋਂ ਕੂਕੇ ਕਾਂਗਰਸ ਦੇ ਵਫ਼ਾਦਾਰ ਬਣ ਗਏ ਤੇ ਅੱਜ ਤੱਕ ਕੂਕੇ ਕਾਂਗਰਸ ਦੇ ਹਮਾਇਤੀ ਰਹੇ ਹਨ ਅਤੇ ਰਹਿਣਗੇ। ਕੂਕੇ ਕਿਸੇ ਵੀ ਨੁਕਤੇ ਤੋਂ ਸਿੱਖ ਨਹੀਂ ਮੰਨੇ ਜਾ ਸਕਦੇ। ਉਹ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਨਹੀਂ ਮੰਨਦੇ।





## ਸਿੱਖੀ ਦੇ ਨਿਆਰਾਪਣ ਨੂੰ ਬਚਾਉਂਣ ਲਈ ਜੱਦੋਜਹਿਦ (ਸਿੰਘ ਸਭਾ ਲਹਿਰ)

1873 ਵਿੱਚ ਇੱਕ ਡਰਾਮਾਈ ਘਟਨਾ ਘਟੀ। ਅੰਮ੍ਰਿਤਸਰ ਮਿਸ਼ਨ ਸਕੂਲ ਵਿੱਚ ਪੜ੍ਹ ਰਹੇ ਚਾਰ ਸਿੱਖ ਬੱਚਿਆਂ (ਅਤਰ ਸਿੰਘ, ਸਾਧੂ ਸਿਘ, ਸੰਤੋਖ ਸਿੰਘ ਅਤੇ ਆਇਆ ਸਿੰਘ) ਨੇ ਐਲਾਨ ਕੀਤਾ ਕਿ ਉਹ ਈਸਾਈ ਮੱਤ ਵਿੱਚ ਸ਼ਾਮਿਲ ਹੋਣਾ ਚਾਹੁੰਦੇ ਹਨ। ਇਸ ਤੋਂ ਪਹਿਲਾਂ ਵੀ ਭਾਵੇਂ ਦੋ ਰਾਜ ਘਰਾਣਿਆਂ ਦੇ ਬੱਚੇ (ਦਲੀਪ ਸਿੰਘ ਤੇ ਹਰਨਾਮ ਸਿੰਘ ਕਪੂਰਥਲਾ) ਈਸਾਈ ਬਣ ਚੁੱਕੇ ਸਨ ਪਰ ਹੋਰ ਅਖੌਤੀ ਉੱਚੇ ਖ਼ਾਨਦਾਨਾਂ ਵਿੱਚੋਂ ਕੋਈ ਵੀ ਈਸਾਈ ਨਹੀਂ ਸੀ ਬਣਿਆ। ਖ਼ੈਰ, ਕੁਝ ਸਰਗਰਮ ਸਿੱਖਾਂ ਨੇ ਇਨ੍ਹਾਂ ਬੱਚਿਆਂ ਨੂੰ ਸਮਝਾ-ਬੁਝਾ ਕੇ ਇਸ ਹਰਕਤ ਤੋਂ ਰੋਕ ਲਿਆ।

ਇਨ੍ਹਾਂ ਦਿਨਾਂ ਵਿੱਚ ਹੀ 'ਗੁਰੂ ਦਾ ਬਾਗ' ਅੰਮ੍ਰਿਤਸਰ (ਦਰਬਾਰ ਸਾਹਿਬ ਦੀ ਹਦੂਦ ਵਿੱਚ) ਅੰਗਰੇਜ਼ਾਂ ਦੇ ਇੱਕ ਏਜੰਟ ਬ੍ਰਾਹਮਣ ਸ਼ਰਧਾ ਰਾਮ (ਵਾਸੀ ਫਿਲੌਰ) ਨੇ ਕਥਾ ਕਰਨੀ ਸ਼ੁਰੂ ਕਰ ਦਿੱਤੀ। ਉਸਨੇ ਹੋਰ ਊਲ-ਜਲੂਲ ਤੋਂ ਇਲਾਵਾ ਸਿੱਖ ਧਰਮ ਦੀ ਸ਼ਾਨ ਵਿੱਚ ਵੀ ਗੁਸਤਾਖ਼ੀ ਕੀਤੀ। ਉਸ ਦੀ ਇਸ ਬਕਵਾਸ ਨੂੰ ਸਿੱਖ ਚੁੱਪ-ਚਾਪ ਸੁਣਕੇ ਨਜ਼ਰ-ਅੰਦਾਜ਼ ਕਰਦੇ ਰਹੇ। ਇਸ ਤੇ ਉਹ ਬ੍ਰਾਹਮਣ ਹੋਰ ਵੀ ਵਧੇਰੇ ਜ਼ੋਰ ਨਾਲ ਸਿੱਖੀ ਦੇ ਖ਼ਿਲਾਫ਼ ਹਮਲੇ ਕਰਨ ਲੱਗ ਪਿਆ। ਜਦ ਉਹ ਨਾ ਹੱਟਿਆ ਤਾਂ ਕੁਝ ਸਿੱਖ ਨੌਜਵਾਨਾਂ ਨੇ ਮਿਲ ਕੇ ਇਸ ਬ੍ਰਾਹਮਣ ਦੀ ਗੁਰੂ-ਨਿੰਦਾ ਦਾ ਜਵਾਬ ਦੇਣਾ ਸ਼ੁਰੂ ਕਰ ਦਿੱਤਾ ਤਾਂ ਉਹ ਡਰਦਾ ਉਥੋਂ ਚਲਾ ਗਿਆ।

ਨੌਜਵਾਨਾਂ ਦੇ ਇਸ ਕਦਮ ਦੀਆਂ ਖ਼ਬਰਾਂ ਹੋਰ ਸਿੱਖ ਸਰਗਰਮ ਤੇ ਸਿਰਕਰਦਾ ਸ਼ਖ਼ਸ਼ੀਅਤਾਂ ਨੂੰ ਵੀ ਪੁਜੀਆਂ। ਇਨ੍ਹਾਂ ਵਿੱਚ ਠਾਕਰ ਸਿੰਘ ਸੰਧਾਵਾਲੀਆ, ਗਿਆਨੀ ਗਿਆਨ ਸਿੰਘ, ਗਿਆਨੀ ਸਰਦੂਲ ਸਿੰਘ ਵਗ਼ੈਰਾ ਵੀ ਸਨ। ਹੋਰਨਾਂ ਨਾਲ ਵੀ ਇਨ੍ਹਾਂ ਨੇ ਰਾਬਤਾ ਬਣਾਇਆ ਅਤੇ ਅਖ਼ੀਰ **ਪਹਿਲੀ ਅਕਤੂਬਰ 1873 ਦੇ ਦਿਨ ਸਿੱਖਾਂ ਦਾ ਇੱਕ ਇਕੱਠ ਅੰਮ੍ਰਿਤਸਰ ਵਿੱਚ ਬੁਲਾ ਲਿਆ। ਇਨ੍ਹਾਂ ਸਾਰਿਆਂ ਨੇ ਮਿਲ ਕੇ 'ਗੁਰੂ ਸਿੰਘ ਸਭਾ' ਬਣਾਉਂਣ ਦਾ ਮਤਾ ਪਾਸ ਕੀਤਾ।**

ਸਿੰਘ ਸਭਾ ਲਹਿਰ ਦੇ ਅਸਰ ਹੇਠ ਸਭ ਤੋਂ ਪਹਿਲਾਂ ਇੱਕ ਖ਼ਾਲਸਾ ਸਕੂਲ ਖੋਲ੍ਹਿਆ ਗਿਆ। ਮਗਰੋਂ 1879 ਵਿੱਚ ਇੱਕ 'ਗੁਰਮੁਖੀ ਅਖ਼ਬਾਰ' ਵੀ ਸ਼ੁਰੂ ਕੀਤਾ ਗਿਆ। ਇਸ ਦੇ ਐਡੀਟਰ ਪ੍ਰੋ. ਗੁਰਮੁਖ ਸਿੰਘ ਓਰੀਐਂਟਲ ਕਾਲਜ ਲਾਹੌਰ ਦੇ ਪ੍ਰੋਫ਼ੈਸਰ ਸਨ। **ਗੁਰੂ ਸਿੰਘ ਸਭਾ ਲਹਿਰ ਦਾ ਨਿਸ਼ਾਨਾ ਸਿੱਖ ਧਰਮ ਅਤੇ ਸਮਾਜ ਵਿੱਚ ਆਈਆਂ ਕੁਰੀਤੀਆਂ ਦੂਰ ਕਰ ਕੇ ਸਿੱਖ ਧਰਮ ਦੀ ਅਸਲੀ ਮਰਿਆਦਾ ਕਾਇਮ ਕਰਨਾ ਸੀ। ਗਿਆਨੀ ਦਿੱਤ ਸਿੰਘ ਵੀ ਇਸ ਲਹਿਰ ਵਿੱਚ ਸ਼ਾਮਿਲ ਹੋ ਗਏ ਅਤੇ ਭਰਪੂਰ ਯੋਗਦਾਨ ਪਾਇਆ।**

## ਚੀਫ਼ ਖ਼ਾਲਸਾ ਦੀਵਾਨ ਦੀ ਕਾਇਮੀ

ਕੁਝ ਕੁ ਪੰਥਕ ਇਕੱਤ੍ਰਤਾਵਾਂ ਕਰਨ ਤੋਂ ਬਾਅਦ, ਸਤੰਬਰ 1902 ਵਿੱਚ 'ਚੀਫ਼ ਖ਼ਾਲਸਾ ਦੀਵਾਨ' ਦਾ ਵਿਧਾਨ ਪਾਸ ਕੀਤਾ ਗਿਆ ਅਤੇ 30 ਅਕਤੂਬਰ 1902 ਦੇ ਦਿਨ

ਰਸਮੀ ਤੌਰ ਤੇ ਕਾਇਮ ਕਰ ਦਿੱਤਾ ਗਿਆ। ਇਹ ਜਥਾ 1 ਜੁਲਾਈ 1903 ਨੂੰ ਰਜਿਸਟਰ ਕਰਵਾਇਆ ਗਿਆ। ਬਹੁਤ ਸਾਰੀਆਂ ਸਿੰਘ ਸਭਾਵਾਂ ਇਸ ਨਾਲ ਸਬੰਧਤ ਹੋ ਗਈਆਂ।

ਚੀਫ਼ ਖ਼ਾਲਸਾ ਦੀਵਾਨ ਦੇ ਅਹਿਮ ਕੰਮਾਂ ਵਿੱਚੋਂ ਸਭ ਤੋਂ ਪਹਿਲਾ ਪ੍ਰਾਜੈਕਟ ਅੰਮ੍ਰਿਤਸਰ ਦਾ 'ਸੈਂਟਰਲ ਖ਼ਾਲਸਾ ਯਤੀਮਖਾਨਾ' ਸੀ ਜੋ ਅਪ੍ਰੈਲ 1904 ਵਿੱਚ ਕਾਇਮ ਕੀਤਾ ਗਿਆ। ਇਸ ਯਤੀਮਖ਼ਾਨੇ ਨੇ ਬੇਸਹਾਰਾ ਸਿੱਖ ਬੱਚਿਆਂ ਨੂੰ ਆਸਰਾ ਦਿੱਤਾ ਤੇ ਪੜ੍ਹਾਈ ਵੀ ਕਰਵਾਈ। ਦੀਵਾਨ ਨੇ 1908 ਵਿੱਚ ਸ਼ਿਕਾਰਪੁਰ (ਸਿੰਧ) ਅਤੇ 1909 ਵਿੱਚ ਖ਼ਾਲਸਾ ਉਪਦੇਸ਼ਕ ਕਾਲਜ ਯਤੀਮਖ਼ਾਨਾ ਘਰਜਾਖ (ਗੁਜਰਾਂਵਾਲਾ) ਵੀ ਕਾਇਮ ਕੀਤੇ। ਦੀਵਾਨ ਨੇ 1908 ਵਿੱਚ ਹੀ ਖ਼ਾਲਸਾ ਪ੍ਰਚਾਰਕ ਵਿਦਿਆਲਾ ਤਰਨਤਾਰਨ ਵਿੱਚ ਕਾਇਮ ਕਰਕੇ ਸਹੀ ਮਾਅਨਿਆਂ ਵਿੱਚ ਪਹਿਲਾ ਸਿੱਖ ਮਿਸ਼ਨਰੀ ਕਾਲਜ ਕਾਇਮ ਕੀਤਾ। 1915 ਵਿੱਚ, ਤਰਨਤਾਰਨ ਵਿੱਚ, ਸੈਂਟਰਲ ਖ਼ਾਲਸਾ ਹਸਪਤਾਲ ਖੋਲ੍ਹਿਆ ਗਿਆ। ਮਗਰੋਂ ਇਥੇ ਇੱਕ ਬਿਰਧ ਆਸ਼ਰਮ ਵੀ ਖੋਲ੍ਹਿਆ।

**ਚੀਫ਼ ਖ਼ਾਲਸਾ ਦੀਵਾਨ ਦਾ ਇੱਕ ਬਹੁਤ ਵੱਡਾ ਕਾਰਨਾਮਾ ਸਿੱਖ ਐਜੂਕੇਸ਼ਨਲ ਕਾਨਫ਼ਰੰਸਾਂ ਦੀ ਨੀਂਹ ਰੱਖਣਾ ਸੀ। ਇਨ੍ਹਾਂ ਕਾਨਫ਼ਰੰਸਾਂ ਨੇ ਸਿੱਖ ਵਿਦਿਅਕ ਸੰਸਾਰ ਵਿੱਚ ਬੜਾ ਅਹਿਮ ਰੋਲ ਅਦਾ ਕੀਤਾ। ਦੀਵਾਨ ਨੇ ਬਹੁਤ ਸਾਰੇ ਸਕੂਲ ਵੀ ਖੋਲ੍ਹੇ। ਅੱਜ ਚੀਫ਼ ਖ਼ਾਲਸਾ ਦੀਵਾਨ ਦੇ 50 ਤੋਂ ਵੱਧ ਸਕੂਲ ਚੱਲ ਰਹੇ ਹਨ। ਖ਼ਾਲਸਾ ਟਰੈਕਟ ਸੁਸਾਇਟੀ ਅਤੇ ਖ਼ਾਲਸਾ ਸਮਾਚਾਰ ਹਫ਼ਤਾਵਾਰੀ ਪਰਚਾ ਵੀ ਚੀਫ਼ ਖ਼ਾਲਸਾ ਦੀਵਾਨ ਦੇ ਵਧੀਆ ਕੰਮਾਂ ਵਿੱਚੋਂ ਹਨ।**

## ਅਨੰਦ ਮੈਰਿਜ ਐਕਟ (1908-09)

1908 ਵਿੱਚ ਇਮਪੀਰੀਅਲ ਕੌਂਸਲ ਦੇ ਮੈਂਬਰ, ਨਾਭਾ ਦੇ ਕੰਵਰ ਰਿਪਦੁਮਨ ਸਿੰਘ (ਮਗਰੋਂ ਮਹਾਰਾਜ) ਨੇ 'ਅਨੰਦ ਮੈਰਿਜ ਬਿੱਲ ਪੇਸ਼ ਕਰਕੇ ਸਿੱਖ ਅਨੰਦ ਮੈਰਿਜ ਐਕਟ ਨੂੰ ਕਾਨੂੰਨੀ ਦਰਜਾ ਦਿਵਾਇਆ।

2008 ਵਿੱਚ ਪਾਕਿਸਤਾਨ ਨੇ ਅਨੰਦ ਮੈਰਿਜ ਐਕਟ ਨੂੰ ਪੂਰੀ ਤਰ੍ਹਾਂ ਕਾਨੂੰਨ ਬਣਾ ਦਿੱਤਾ ਪਰ (2008 ਮਾਰਚ ਤੱਕ) ਸਿੱਖ ਹੀ ਨਹੀਂ ਬਲਕਿ ਅਕਾਲੀ ਅਖਵਾਉਂਦੀ ਬਾਦਲ ਸਰਕਾਰ ਨੇ ਇਸ ਐਕਟ ਨੂੰ ਕਾਨੂੰਨੀ ਸ਼ਕਲ ਦੇਣ ਵਾਸਤੇ ਕੋਈ ਕਾਰਵਾਈ ਨਾ ਕੀਤੀ।

1909 ਵਿੱਚ ਇੱਕ ਹੋਰ ਅਹਿਮ ਘਟਨਾ ਹੋਈ। ਇਸ ਸਾਲ ਮੈਕਸ ਆਰਥਰ ਮੈਕਾਲਿਫ਼ ਦੀ ਕਿਤਾਬ 'ਸਿੱਖ ਰਿਲੀਜਨ' ਅੰਗਰੇਜ਼ੀ ਵਿੱਚ ਛਪ ਗਈ ਜਿਸ ਨਾਲ ਗ਼ੈਰ-ਸਿੱਖਾਂ ਨੂੰ ਸਿੱਖ ਧਰਮ ਅਤੇ ਤਵਾਰੀਖ਼ ਦੀ ਕਾਫ਼ੀ ਹੱਦ ਤੱਕ ਸਹੀ ਜਾਣਕਾਰੀ ਮਿਲਣੀ ਸ਼ੁਰੂ ਹੋ ਗਈ। ਹੁਣ ਗ਼ੈਰ ਸਿੱਖਾਂ ਨੂੰ ਸੌਖਿਆਂ ਪਤਾ ਲੱਗਣਾ ਸ਼ੁਰੂ ਹੋ ਗਿਆ ਕਿ ਸਿੱਖ ਹਿੰਦੂ ਨਹੀਂ ਹਨ।

## ਗ਼ਦਰ ਲਹਿਰ (1913-18)

ਕੁਝ ਲੇਖਕਾਂ ਵੱਲੋਂ ਭਾਵੇਂ ਗ਼ਦਰ ਲਹਿਰ ਦਾ ਸਿਰਾ 1913-14 ਨਾਲ ਜੋੜਿਆ ਜਾਂਦਾ ਹੈ, ਪਰ ਇਸ ਦੀਆਂ ਜੰਮਣ-ਪੀੜਾਂ ਚਿਰੋਕਣੀਆਂ ਪੁਰਾਣੀਆਂ ਸਨ। **ਪੰਜਾਬ ਵਿੱਚ**





**ਮਿਸਲਾਂ ਵੱਲੋਂ ਖ਼ਾਲਸਾ ਰਾਜ ਕਾਇਮ ਕੀਤੇ ਜਾਣ ਮਗਰੋਂ ਭਾਵੇਂ ਅੱਧੀ ਸਦੀ ਰਣਜੀਤ ਸਿੰਘ ਨੇ ਤੇ ਫਿਰ ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕਰੀ ਰੱਖਿਆ, ਪਰ ਸਿੱਖ ਕੌਮ ਦੀ ਆਪਣੀ ਹਕੂਮਤ ਕਾਇਮ ਕਰਨ ਦੀ ਧੁੰਨ ਉਵੇਂ ਹੀ ਕਾਇਮ ਰਹੀ।**

ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ, ਅਮਰੀਕਾ ਵਿੱਚ ਬੈਠੇ ਕੁਝ ਸਿੱਖ ਮਾਲੀ ਪੱਖੋਂ ਸੌਖੇ ਹੋ ਗਏ ਸਨ। ਉਹ ਕੁਝ ਕਰਨਾ ਲੋਚਦੇ ਸਨ। ਉਨ੍ਹਾਂ ਨੇ 1906 ਵਿੱਚ 15 ਹਜ਼ਾਰ ਡਾਲਰ ਖ਼ਰਚ ਕੇ, ਵੈਨਕੂਵਰ ਵਿੱਚ ਇੱਕ ਗੁਰਦੁਆਰਾ ਬਣਾ ਲਿਆ ਸੀ। ਇਸ ਮਗਰੋਂ ਸਿੱਖਾਂ ਨੇ ਪੈਸੇ ਇਕੱਠੇ ਕਰਕੇ ਢਾਈ ਲੱਖ ਰੁਪਏ ਨਾਲ 'ਗੁਰੂ ਨਾਨਕ ਮਾਇਨਿੰਗ ਕੰਪਣੀ' ਬਣਾ ਲਈ ਸੀ। ਇਸਦੇ ਨਾਲ ਹੀ 25 ਹਜ਼ਾਰ ਡਾਲਰ ਦੀ ਰਕਮ ਨਾਲ ਈਗਲਜ਼ ਹਾਰਬਰ ਵਿੱਚ 250 ਏਕੜ ਜ਼ਮੀਨ ਖ਼ਰੀਦ ਲਈ ਤਾਂ ਜੋ 'ਗੁਰੂ ਨਾਨਕ ਕਲੋਨੀ' ਬਣਾਈ ਜਾ ਸਕੇ। ਇਸ ਵੇਲੇ ਤਕਰੀਬਨ 10 ਹਜ਼ਾਰ ਸਿੱਖ ਕੈਨੇਡਾ ਵਿੱਚ ਕੰਮ ਕਰ ਰਹੇ ਸਨ। ਸਿੱਖਾਂ ਦੀ ਇਸ ਤਰੱਕੀ 'ਤੇ ਗੋਰੇ ਈਰਖ਼ਾ ਕਰਨ ਲੱਗ ਪਏ। ਉਨ੍ਹਾਂ ਨੇ ਇੱਕ ਵਾਰ ਇਹ ਵੀ ਪਲਾਨ ਕੀਤਾ ਕਿ ਏਸ਼ੀਅਨਾਂ ਨੂੰ ਕੈਨੇਡਾ ਤੋਂ ਬਾਹਰ ਕੱਢਿਆ ਜਾਵੇ ਤੇ ਇਸ ਸਕੀਮ ਹੇਠ ਉਨ੍ਹਾਂ ਨੂੰ ਹਾਂਡਰਸ ਭੇਜਣ ਦੀ ਸਕੀਮ ਬਣਾਈ। ਪਰ ਜਦੋਂ ਸਿੱਖ ਨੁਮਾਇੰਦਿਆਂ ਸਤਨਾਗਰ ਸਿੰਘ ਤੇ ਸ਼ਾਮ ਸਿੰਘ ਨੇ ਹਾਂਡਰਸ ਦਾ ਦੌਰਾ ਕਰਕੇ ਹਾਲਾਤ ਵੇਖੇ ਤਾਂ ਸਿੱਖਾਂ ਨੇ ਉੱਥੇ ਜਾਣ ਤੋਂ ਨਾਂਹ ਕਰ ਦਿੱਤੀ।

ਉਧਰ ਕੈਨੇਡਾ ਵਿੱਚ ਸਿੱਖ ਆਵਾਸੀਆਂ ਦੇ ਪਰਿਵਾਰਾਂ ਦੇ ਦਾਖ਼ਲੇ 'ਤੇ ਪਾਬੰਦੀਆਂ ਲੱਗੀਆਂ ਹੋਈਆਂ ਸਨ। ਅੰਗਰੇਜ਼ਾਂ ਨੇ ਕਾਨੂੰਨ ਬਣਾ ਦਿੱਤਾ ਸੀ ਕਿ ਸਿਰਫ਼ ਉਹ ਸ਼ਖਸ ਹੀ ਕੈਨੇਡਾ ਆ ਸਕਦਾ ਹੈ ਜਿਹੜਾ ਆਪਣੇ ਮੁਲਕ ਤੋਂ ਸਿੱਧਾ ਜਹਾਜ਼ ਤੇ ਆਇਆ ਹੋਵੇ ਤੇ ਜਿਸ ਕੋਲ 600 ਡਾਲਰ ਵੀ ਹੋਣ। ਚੀਨ ਤੋਂ ਤਾਂ ਸਿੱਧੇ ਜਹਾਜ਼ ਆਉਂਦੇ ਸਨ ਪਰ ਕਲਕੱਤਾ ਜਾਂ ਬੰਬਈ ਤੋਂ ਨਹੀਂ। ਸਿੱਖਾਂ ਦੇ ਨੁਮਾਇੰਦਿਆਂ ਨੇ ਇੰਗਲੈਂਡ ਜਾ ਕੇ ਇਹ ਬੇ-ਇਨਸਾਫ਼ੀਆਂ ਦੂਰ ਕਰਨ ਲਈ ਕੋਸ਼ਿਸ਼ਾਂ ਕੀਤੀਆਂ। ਗਵਰਨਰ ਪੰਜਾਬ ਨਾਲ ਵੀ ਸ਼ਿਮਲਾ ਵਿੱਚ ਗੱਲਬਾਤ ਕੀਤੀ ਪਰ ਕੋਈ ਸਾਰਥਕ ਨਤੀਜਾ ਨਾ ਨਿਕਲਿਆ।

**ਅੰਗਰੇਜ਼ੀ ਸਰਕਾਰ ਦੀਆਂ 1914 ਦੀਆਂ ਖ਼ੁਫ਼ੀਆ ਫ਼ਾਈਲਾਂ ਮੁਤਾਬਿਕ ਕੈਨੇਡਾ ਦੇ ਸਿੱਖਾਂ ਦਾ ਮਸਲਾ ਸਿਰਫ਼ ਮੁਕਾਮੀ ਨਹੀਂ ਸੀ। ਇਸ ਦੇ ਪਿੱਛੇ ਇੱਕ ਪੂਰੀ ਦੀ ਪੂਰੀ ਅਣਐਲਾਨੀ ਬਾਗ਼ੀਆਨਾ, ਪਰ ਖ਼ੁਫ਼ੀਆ ਲਹਿਰ ਚੱਲ ਰਹੀ ਸੀ।**

## ਗ਼ਦਰ ਪਾਰਟੀ ਦਾ ਬਣਨਾ

**ਅਮਰੀਕਾ, ਕੈਨੇਡਾ, ਚੀਨ, ਹਾਂਗਕਾਂਗ, ਸਿੰਘਾਪੁਰ ਵਗ਼ੈਰਾ ਵਿੱਚ ਬੈਠੇ ਮੁਲਕ-ਦਰਦੀ ਸਿੰਘਾਂ ਦੀ ਆਜ਼ਾਦੀ ਦੀ ਤਹਿਰੀਕ ਜਦੋਂ ਬੁਲੰਦੀਆਂ ਵੱਲ ਵਧਣ ਲੱਗੀ ਤਾਂ ਲਾਲਾ ਹਰਦਿਆਲ ਵਰਗਿਆਂ ਨੇ ਇਸ ਤਹਿਰੀਕ ਨੂੰ 'ਹਾਈਜੈਕ' ਕਰਨ ਲਈ ਸਾਜਿਸ਼ ਘੜੀ। ਇਸ ਸਾਜਿਸ਼ ਦਾ ਸਭ ਤੋਂ ਪਹਿਲਾ ਹਿੱਸਾ ਸੀ ਭੋਲੇ ਭਾਲੇ ਸਿੱਖਾਂ ਨੂੰ ਪੰਜਾਬ ਦੀ ਜਗਹ ਹਿੰਦੁਸਤਾਨ ਦੀ ਆਜ਼ਾਦੀ ਵਾਸਤੇ ਉਕਸਾਉਣਾ।** ਪਹਿਲੀ ਨਵੰਬਰ 1913 ਨੂੰ 'ਗਦਰ' ਨਾਂ ਦਾ ਪਰਚਾ ਵੀ ਜਾਰੀ ਕਰ

ਦਿੱਤਾ ਗਿਆ। ਛੇਤੀ ਹੀ ਕਈ ਮੁਲਕਾਂ ਵਿੱਚ ਇਸ ਦੀਆਂ ਬਰਾਂਚਾਂ ਕਾਇਮ ਹੋ ਗਈਆਂ।

ਗ਼ਦਰ ਪਾਰਟੀ ਨੇ ਪਲਾਨਿੰਗ ਕੀਤੀ ਕਿ ਅੰਗਰੇਜ਼ਾਂ ਨੂੰ ਪੜਾਅ-ਵਾਰ ਪਿਛਾੜ ਕੇ ਮੁਲਕ ਆਜ਼ਾਦ ਕਰਵਾਇਆ ਜਾਏ। ਇਸ ਮਕਸਦ ਵਾਸਤੇ ਇੱਕ ਲੰਮੀ ਪਲਾਨ ਤਿਆਰ ਕੀਤੀ ਗਈ। **ਪਲਾਨ ਮੁਤਾਬਿਕ ਸਭ ਤੋਂ ਪਹਿਲਾਂ ਅੰਗਰੇਜ਼ਾਂ ਤੋਂ ਪੰਜਾਬ ਨੂੰ ਆਜ਼ਾਦ ਕਰਾਇਆ ਜਾਣਾ ਸੀ ਤੇ ਇਹ ਸਾਰਾ ਘੋਲ ਹਥਿਆਰਬੰਦ ਹੋਣਾ ਸੀ। ਪੰਜਾਬ ਤੋਂ ਬਾਅਦ ਕਸ਼ਮੀਰ ਤੇ ਫਿਰ ਸੈਂਟਰਲ ਇੰਡੀਆ ਵੱਲ ਕੂਚ ਕੀਤਾ ਜਾਣਾ ਸੀ। ਲਾਲਾ ਹਰਦਿਆਲ ਨੇ ਗ਼ਦਰ ਲਹਿਰ ਨੂੰ ਤਾਰਪੀਡੋ ਕਰਨ ਦੇ ਯਤਨ ਕੀਤੇ। ਸੋ ਇਸ ਹਰਕਤ ਨਾਲ ਹੀ ਗ਼ਦਰ ਲਹਿਰ ਦੀ ਨਾਕਾਮਯਾਬੀ ਦਾ ਮੁੱਢ ਬੱਝ ਜਾਂਦਾ ਹੈ।**

## ਕਾਮਾਗਾਟਾਮਾਰੂ ਜਹਾਜ਼

ਗ਼ਦਰ ਪਾਰਟੀ ਵੱਲੋਂ ਇਨਕਲਾਬੀ ਐਕਸ਼ਨ 1924-25 ਵਿੱਚ ਕਰਨ ਵਾਸਤੇ ਤਿਆਰੀ ਕੀਤੀ ਜਾ ਰਹੀ ਸੀ, ਪਰ ਜੰਗ (ਪਹਿਲੀ ਵਿਸ਼ਵ ਜੰਗ) ਸ਼ੁਰੂ ਹੋ ਜਾਣ ਦੀ ਵਜਹ ਕਰਕੇ ਇਸ ਦੀ ਤਾਰੀਖ਼ ਅਗਾਊਂ ਕਰਕੇ 1917 ਤੇ ਲੈ ਆਂਦੀ ਗਈ। ਇਸ ਵਿਚਕਾਰ ਹੀ ਕਾਮਾਗਾਟਾਮਾਰੂ ਜਹਾਜ਼ ਵਾਲੀ ਘਟਨਾ ਹੋ ਗਈ। ਅੰਗਰੇਜ਼ਾਂ ਵੱਲੋਂ ਭਾਰਤ ਤੋਂ ਸਿੱਧਾ ਜਹਾਜ਼ ਰਾਹੀਂ ਕੈਨੇਡਾ ਪਹੁੰਚਣ ਦੀ ਕਾਨੂੰਨੀ ਅੜਿੱਚਣ ਨੂੰ ਦੂਰ ਕਰਨ ਲਈ ਹੀ ਇਹ ਜਾਪਾਨੀ ਸਮੁੰਦਰੀ ਜਹਾਜ਼ ਕਿਰਾਏ ਤੇ ਲਿਆ ਗਿਆ। ਕੈਨੇਡਾ ਦੇ (ਉਦੋਂ ਕੈਨੇਡਾ ਵਿੱਚ ਬਰਤਾਨੀਆਂ ਦੀ ਹਕੂਮਤ ਸੀ) ਨਸਲੀ ਹਾਕਮਾਂ ਨੇ ਇੰਵ ਸਿੱਧੇ ਪੁੱਜੇ ਜਹਾਜ਼ ਦੇ ਮੁਸਾਫ਼ਿਰਾਂ ਨੂੰ ਵੀ ਵੈਨਕੂਵਰ ਉਤਰਨ ਦੀ ਇਜਾਜ਼ਤ ਨਾ ਦਿੱਤੀ। ਕੈਨੇਡਾ ਦੇ ਹਾਕਮਾਂ ਨੇ ਜਹਾਜ਼ 'ਤੇ ਫਾਇਰਿੰਗ ਕਰਨ ਦੀ ਧਮਕੀ ਦਿੱਤੀ। ਇਸ ਦੇ ਜਵਾਬ ਵਿੱਚ ਕੈਨੇਡਾ ਦੀ ਸਿੱਖ ਸੰਗਤ ਨੇ 21 ਜੁਲਾਈ 1914 ਨੂੰ ਵੈਨਕੂਵਰ ਦੇ ਗੁਰਦੁਆਰੇ ਵਿੱਚ ਇੱਕ ਇਕੱਠ ਕੀਤਾ ਤੇ ਮਤਾ ਪਾਸ ਕੀਤਾ ਕਿ ਜੇਕਰ ਜਹਾਜ਼ 'ਤੇ ਗੋਲੀ ਚਲਾਈ ਗਈ ਤਾਂ ਸਿੱਖ ਵੈਨਕੂਵਰ ਸ਼ਹਿਰ ਨੂੰ ਸਾੜ ਕੇ ਸੁਆਹ ਕਰ ਦੇਣਗੇ।

ਸਿੱਖਾਂ ਦੇ ਇਸ ਐਲਾਨਨਾਮੇ 'ਤੇ ਸਰਕਾਰ ਡਰ ਗਈ। ਸਰਕਾਰ ਨੇ ਸਿੱਖ ਆਗੂਆਂ ਨਾਲ ਫਿਰ ਗੱਲਬਾਤ ਕੀਤੀ। ਕੈਨੇਡਾ ਸਰਕਾਰ ਨੇ ਜਹਾਜ਼ ਨੂੰ ਤੇਲ ਤੇ ਖਾਣ-ਪੀਣ ਦਾ ਸਾਮਾਨ ਲੈਣ ਦੀ ਇਜਾਜ਼ਤ ਦੇ ਦਿੱਤੀ। ਅਖ਼ੀਰ, 23 ਜੁਲਾਈ ਨੂੰ ਜਹਾਜ਼ ਵਾਪਿਸ ਕਲਕੱਤੇ ਨੂੰ ਮੁੜ ਪਿਆ। 29 ਸਤੰਬਰ 1914 ਨੂੰ ਜਦੋਂ ਇਹ ਜਹਾਜ਼ ਬਜਬਜ ਘਾਟ (ਕਲਕੱਤਾ) ਪਹੁੰਚਿਆ ਤਾਂ ਪੁਲੀਸ ਨੇ ਮੁਸਾਫ਼ਰਾਂ 'ਤੇ ਗੋਲੀ ਚਲਾ ਕੇ 15 ਮੁਸਾਫ਼ਿਰ ਮਾਰ ਦਿੱਤੇ। ਇਸ ਘਟਨਾ ਨਾਲ ਗ਼ਦਰ ਲਹਿਰ ਨੂੰ ਹੋਰ ਵੀ ਤਾਕਤ ਮਿਲੀ। **ਸਿਰਫ਼ ਚੀਫ਼ ਖ਼ਾਲਸਾ ਦੀਵਾਨ ਅਤੇ ਕਾਂਗਰਸ ਪਾਰਟੀ ਨੇ ਹੀ ਇਨ੍ਹਾਂ ਸਿੱਖਾਂ ਦੀ ਮੁਖ਼ਾਲਫ਼ਤ ਕੀਤੀ।**

ਉਧਰ ਸਰਕਾਰ ਨੂੰ ਵੀ ਗ਼ਦਰੀ ਕਾਰਵਾਈਆਂ ਦੀ ਸਾਰੀ ਸੂਹ ਮਿਲ ਰਹੀ ਸੀ। ਸਰਕਾਰ ਨੇ ਕਿਰਪਾਲ ਸਿੰਘ ਬਰਾੜ ਨਾਂ ਦਾ ਸੀ.ਆਈ.ਡੀ. ਦਾ ਬੰਦਾ ਗ਼ਦਰ ਪਾਰਟੀ ਵਿੱਚ ਵਾੜ ਦਿੱਤਾ ਸੀ ਤੇ ਭੋਲੇ ਗ਼ਦਰੀਆਂ ਨੇ ਉਸ ਨੂੰ ਸੈਂਟਰਲ ਕਮੇਟੀ ਵਿੱਚ ਵੀ ਸ਼ਾਮਿਲ





ਕਰ ਲਿਆ ਸੀ। ਕਮਾਲ ਦੀ ਗੱਲ ਤਾਂ ਇਹ ਹੈ ਕਿ ਉਹ ਅਜੇ ਸਿਰਫ਼ 9 ਦਿਨ ਪਹਿਲਾਂ ਹੀ ਪਾਰਟੀ ਵਿੱਚ ਸ਼ਾਮਿਲ ਹੋਇਆ ਸੀ। ਖ਼ੈਰ, ਛੇਤੀ ਹੀ ਉਸ ਬਾਰੇ ਕੁਝ ਵਰਕਰਾਂ ਨੂੰ ਸੂਹ ਮਿਲ ਗਈ। ਇਸ ਕਰਕੇ ਗ਼ਦਰ ਦੀ ਤਾਰੀਖ਼ ਦੋ ਦਿਨ ਅਗਾਊਂ ਕਰ ਲਈ ਗਈ। ਉਸ ਨੂੰ ਇਸ ਤਾਰੀਖ਼ ਦਾ ਵੀ ਪਤਾ ਲੱਗ ਗਿਆ। ਇਸ ਕਰਕੇ ਉਸ ਦੀ ਮੁਖ਼ਬਰੀ ਨਾਲ, 19 ਫ਼ਰਵਰੀ 1915 ਨੂੰ ਸ਼ਾਮ ਦੇ ਸਾਢੇ ਚਾਰ ਵਜੇ (ਗ਼ਦਰ ਸ਼ੁਰੂ ਹੋਣ ਤੋਂ ਕੁੱਝ ਘੰਟੇ ਪਹਿਲਾਂ ਹੀ), ਪਾਰਟੀ ਦੇ ਹੈਡਕੁਆਟਰ ਤੇ ਛਾਪਾ ਮਾਰ ਕੇ ਬਹੁਤ ਸਾਰੇ ਆਗੂ ਗ੍ਰਿਫ਼ਤਾਰ ਕਰ ਲਏ ਗਏ। ਇਸ ਨਾਲ ਗ਼ਦਰ ਇਨਕਲਾਬ ਸ਼ੁਰੂ ਹੋਣ ਤੋਂ ਪਹਿਲਾਂ ਹੀ ਖ਼ਤਮ ਹੋ ਗਿਆ।

## ਮੁਕੱਦਮੇ ਤੇ ਸਜ਼ਾਵਾਂ

ਗ਼ਦਰ ਲਹਿਰ ਦਾ ਵੱਡਾ ਐਕਸ਼ਨ ਨਾਕਾਮਯਾਬ ਹੋਣ ਮਗਰੋਂ ਗ੍ਰਿਫ਼ਤਾਰ ਕੀਤੇ ਗਏ ਗ਼ਦਰੀਆਂ ਉਪਰ ਮੁਕੱਦਮੇ ਚਲਾਏ ਗਏ। ਇੱਕ ਰੀਪੋਰਟ ਮੁਤਾਬਕ ਕੁਲ 101 ਜਣੇ ਫਾਂਸੀ ਲੱਗੇ ਜਾਂ ਗੋਲੀਆਂ ਨਾਲ ਉਡਾਏ ਗਏ, 316 ਨੂੰ ਲੰਬੀਆਂ ਕੈਦਾਂ ਹੋਈਆਂ ਤੇ 42 ਬਰੀ ਹੋਏ। ਬਹੁਤ ਸਾਰੇ ਕੈਦੀ ਜੇਲ੍ਹਾਂ ਵਿੱਚ ਵੀ ਤਸੀਹਿਆਂ ਨਾਲ ਮਰ ਗਏ। ਕਈਆਂ ਨੇ ਹਿਰਾਸਤ 'ਚੋਂ ਜਾਂ ਜੇਲ੍ਹਾਂ ਵਿੱਚੋਂ ਦੌੜਨ ਦੀਆਂ ਕੋਸ਼ਿਸ਼ਾਂ ਵੀ ਕੀਤੀਆਂ। ਇਨ੍ਹਾਂ ਵਿੱਚੋਂ ਵੀ ਕਈ ਮਾਰੇ ਗਏ। ਕੁਝ ਗ਼ਦਰੀ ਤਾਂ ਕਾਫ਼ੀ ਦੇਰ ਤੱਕ ਫ਼ਰਾਰ ਰਹੇ।

## ਗ਼ਦਰ ਫੇਲ੍ਹ ਹੋਣ ਦੀ ਵਜ੍ਹਾ

ਗ਼ਦਰ ਲਹਿਰ ਦੇ ਫੇਲ੍ਹ ਹੋਣ ਦੀਆਂ ਵਜਾਹ ਸਨ :

**ਚੰਗੀ ਲੀਡਰਸ਼ਿਪ ਨਾ ਹੋਣਾ, ਕਾਰਵਾਈਆਂ ਦਾ ਖ਼ੁਫ਼ੀਆ ਨਾ ਰੱਖਿਆ ਜਾਣਾ, ਜਥੇਬੰਦਕ ਸੂਝ-ਬੂਝ ਦੀ ਘਾਟ, ਸੂਹੀਆਂ ਦਾ ਦਾਖ਼ਲਾ, ਸੀ.ਆਈ.ਡੀ. ਦੀ ਚੁਸਤੀ, ਆਪਸ 'ਚ ਮੇਲ-ਜੋਲ ਤੇ ਰਾਬਤੇ ਦੀ ਘਾਟ, ਸਰਕਾਰ ਵੱਲੋਂ ਸਖ਼ਤੀਆਂ ਵਗ਼ੈਰਾ। ਸੀ.ਆਈ.ਡੀ. ਦੇ ਚੀਫ਼ ਆਈਸਮੌਂਗਰ ਅਤੇ ਸਲੈਟਰੀ ਵੀ ਆਪਣੀ 1918 ਦੀ ਰੀਪੋਰਟ ਵਿੱਚ ਇਹੀ ਨਤੀਜੇ ਹੀ ਕੱਢਦੇ ਹਨ।**

ਗ਼ਦਰ ਲਹਿਰ ਸਿਰਫ਼ ਸਿੱਖ ਇਨਕਲਾਬ ਹੀ ਸੀ। ਇਸ ਵਿੱਚ 95 ਫ਼ੀ ਸਦੀ ਤੋਂ ਵੱਧ ਸਿੱਖ ਸਨ। ਇਸ ਦੀਆਂ ਕਾਰਵਾਈਆਂ ਦੇ ਸੈਂਟਰ ਸਿਰਫ਼ ਗੁਰਦੁਆਰੇ ਸਨ। ਇਸ ਦੇ ਐਕਸ਼ਨ ਤਕਰੀਬਨ ਸਾਰੇ ਹੀ ਪੰਜਾਬ ਵਿੱਚ ਹੋਏ ਸਨ। **ਗ਼ਦਰ ਪਾਰਟੀ ਵਿੱਚ ਵੜੀ ਸਾਰੀ ਹਿੰਦੂ ਲੀਡਰਸ਼ਿਪ (ਵਿਸ਼ਨੂੰ ਗਣੇਸ਼ ਪਿੰਗਲੇ ਨੂੰ ਛੱਡ ਕੇ) ਬੁਜ਼ਦਿਲ, ਲਾਲਚੀ ਤੇ ਖ਼ੁਦਗਰਜ਼ ਸੀ।**

ਅੰਗਰੇਜ਼ ਸਰਕਾਰ ਦੀਆਂ ਖ਼ੁਫ਼ੀਆ ਰੀਪੋਰਟਾਂ ਮੁਤਾਬਿਕ, "ਗ਼ਦਰ ਫੇਲ੍ਹ ਹੋਣ ਮਗਰੋਂ ਵੀ, ਇਸ ਲਹਿਰ ਨੂੰ ਬਾਹਰਲੇ ਮੁਲਕਾਂ ਵਿੱਚ ਗਏ ਸਿੱਖਾਂ ਨੇ ਜਿੰਦਾ ਰੱਖਿਆ।...ਇਹ ਸਿੱਖ 'ਦਹਿਸ਼ਤਪਸੰਦ' ਪੰਜਾਬ ਵਿੱਚ ਬਰਤਾਨਵੀ ਹਕੂਮਤ ਨੂੰ ਨਫ਼ਰਤ ਕਰਦੇ ਸਨ ਅਤੇ ਇਸ ਦੇ ਪੰਜਾਬ ਵਿੱਚ ਖ਼ਾਤਮੇ ਵਾਸਤੇ ਜੂਝ ਰਹੇ ਸਨ।" (ਹੋਮ ਪੁਲੀਟੀਕਲ, ਫਾਈਲ ਨੰਬਰ 134/11/1923)

## ਸਿੱਖ ਲੀਗ ਕਾਇਮ ਕੀਤੀ ਗਈ

ਸਿੰਘ ਸਭਾਵਾਂ ਅਤੇ ਚੀਫ਼ ਖ਼ਾਲਸਾ ਦੀਵਾਨ ਦੀ ਪਾਲਿਸੀ-ਪ੍ਰੋਗਰਾਮਾਂ ਵਿੱਚ ਆਮਤੌਰ ਤੇ ਸਿੱਖਾਂ ਦੇ ਸਿਆਸੀ ਮਸਲਿਆਂ ਬਾਰੇ ਕੋਈ ਵੱਡਾ ਰੋਲ ਨਹੀਂ ਸੀ। ਇਸ ਕਰਕੇ ਸਿੱਖ ਕੌਮ ਦੇ ਸਿਆਸੀ ਮਸਲਿਆਂ ਨੂੰ ਨਜਿੱਠਣ ਵਾਸਤੇ, ਸਰਗਰਮ ਸਿੱਖ ਲੀਡਰਾਂ ਨੇ ਇੱਕ ਇਕੱਠ ਬੁਲਾ ਕੇ ਦਸੰਬਰ 1919 ਵਿੱਚ ਮੁਸਲਮਾਨਾਂ ਦੀ 'ਮੁਸਲਿਮ ਲੀਗ' ਵਾਂਗ ਇੱਕ ਨਵੀਂ ਜਥੇਬੰਦੀ 'ਸਿੱਖ ਲੀਗ' ਦੇ ਨਾਂ ਤੇ ਕਾਇਮ ਕਰ ਲਈ। ਮਗਰੋਂ ਇਸ ਦਾ ਨਾਂ ਸੈਂਟਰਲ ਸਿੱਖ ਲੀਗ ਹੋ ਗਿਆ। ਅਗਲੇ ਦਸ ਸਾਲਾਂ ਤੱਕ ਸਿੱਖ ਲੀਗ ਸਿੱਖ ਜਥੇਬੰਦੀਆਂ ਦੀ ਛਤਰੀ ਬਣੀ ਰਹੀ, ਸਾਂਝੇ ਫ਼ੈਸਲੇ ਵੀ ਲੈਂਦੀ ਰਹੀ, ਪਰ 1932 ਤੋਂ ਮਗਰੋਂ ਇਸ ਦੇ ਰਸਮੀ ਇਜਲਾਸ ਵੀ ਬੰਦ ਹੋ ਗਏ ਅਤੇ ਇਸਦੇ ਬਹੁਤੇ ਆਗੂ ਅਕਾਲੀ ਦਲ ਵਿੱਚ ਸ਼ਾਮਿਲ ਹੋ ਗਏ ਤੇ ਕੁੱਝ ਕੁ ਕਾਂਗਰਸ ਵਿੱਚ ਵੀ ਚਲੇ ਗਏ। ਕੁਲ ਮਿਲਾ ਕੇ ਸਿੱਖ ਲੀਗ ਇੱਕ ਰਸਮੀ ਸਿੱਖ ਪਾਰਲੀਮੈਂਟ ਵਰਗੀ ਜਮਾਤ ਹੀ ਰਹੀ।"

[ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਤੀਜਾ ਹਿੱਸਾ) ਸਫ਼ੇ 705-773]

## ਗੁਰਦੁਆਰਾ ਸੁਧਾਰ ਲਹਿਰ

"ਅੰਗਰੇਜ਼ਾਂ ਨੇ ਦਰਬਾਰ ਸਾਹਿਬ ਸਮੇਤ ਸਾਰੇ ਗੁਰਦੁਆਰਿਆਂ ਅਤੇ ਅਕਾਲ ਤਖ਼ਤ ਸਾਹਿਬ ਨੂੰ ਆਪਣੇ ਪੂਰੇ ਕੰਟਰੋਲ ਵਿੱਚ ਕੀਤਾ ਹੋਇਆ ਸੀ। ਇਨ੍ਹਾਂ ਸੰਸਥਾਵਾਂ 'ਤੇ ਕਾਬਜ਼ ਮਹੰਤ ਇਨ੍ਹਾਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਦੇ ਸਨ ਅਤੇ ਪੁੱਜ ਕੇ ਭਰਿਸ਼ਟ, ਸ਼ਰਾਬੀ-ਕਬਾਬੀ, ਅੱਯਾਸ਼, ਬਦ-ਇਖਲਾਕ ਅਤੇ ਗੁੰਡਿਆਂ ਵਾਲੀ ਜ਼ਿੰਦਗੀ ਬਤੀਤ ਕਰ ਰਹੇ ਸਨ। ਮਹੰਤਾਂ ਨੇ ਗੁਰਦੁਆਰਿਆਂ ਦੀਆਂ ਜਾਇਦਾਦਾਂ ਨੂੰ ਖ਼ੁਰਦ-ਬੁਰਦ ਕਰਨਾ ਵੀ ਸ਼ੁਰੂ ਕਰ ਦਿੱਤਾ ਸੀ। **ਅੰਗਰੇਜ਼ੀ ਸਰਕਾਰ ਗੁਰਦੁਆਰਿਆਂ ਵਿੱਚੋਂ ਗੁਰੂ ਨਾਨਕ ਸਾਹਿਬ ਦੇ ਆਲਮਗੀਰੀ ਫ਼ਲਸਫ਼ੇ ਨੂੰ ਖ਼ਤਮ ਕਰਨ ਤੇ ਤੁਲੀ ਹੋਈ ਸੀ।**

ਪਰ, ਹੁਣ ਸਿੱਖ ਵਿਦਿਅਕ, ਧਾਰਮਿਕ ਅਤੇ ਸਿਆਸੀ ਪੱਖਾਂ ਤੋਂ ਜਾਗਰੂਕ ਹੋ ਚੁੱਕੇ ਸਨ। ਅੰਗਰੇਜ਼ ਸਰਕਾਰ ਨਹੀਂ ਚਾਹੁੰਦੀ ਸੀ ਕਿ ਗੁਰਦੁਆਰਿਆਂ ਦਾ ਪ੍ਰਬੰਧ ਸਿੱਖਾਂ ਦੇ ਹੱਥ ਵਿੱਚ ਚਲਾ ਜਾਵੇ, ਕਿਉਂਕਿ ਅਜਿਹਾ ਹੋਣ ਨਾਲ, ਸਿੱਖਾਂ ਵਾਸਤੇ ਜਥੇਬੰਦ ਹੋਣ ਲਈ ਇੱਕ ਪਲੈਟਫ਼ਾਰਮ ਮਿਲ ਜਾਣਾ ਸੀ। ਅਜਿਹੇ ਦੁਖਦਾਈ ਹਾਲਤਾਂ ਨੇ ਸਿੱਖ ਕੌਮ ਨੂੰ ਆਪਣੇ ਗੁਰਅਸਥਾਨਾਂ ਨੂੰ ਆਜ਼ਾਦ ਕਰਾਉਣ ਵਾਸਤੇ ਮਾਹੌਲ ਪੈਦਾ ਕਰ ਦਿੱਤਾ। 13 ਅਪ੍ਰੈਲ 1919 ਨੂੰ ਜਲ੍ਹਿਆਂ ਵਾਲਾ ਬਾਗ਼ ਦਾ ਸਾਕਾ ਵਰਤ ਗਿਆ। ਮਈ 1920 ਤੋਂ ਰੋਜ਼ਾਨਾ 'ਅਕਾਲੀ' ਅਖ਼ਬਾਰ ਵੀ ਸ਼ੁਰੂ ਹੋ ਗਿਆ ਜਿਸ ਨੇ ਸਿੱਖ ਕੌਮ ਨੂੰ ਇੱਕ ਪਲੈਟਫ਼ਾਰਮ 'ਤੇ ਇਕੱਠਾ ਕਰਨ ਲਈ ਸ਼ਲਾਘਾਯੋਗ ਰੋਲ ਅਦਾ ਕੀਤਾ। ਇਸ ਲਹਿਰ ਦੇ ਅਧੀਨ ਸਿੱਖ ਕੌਮ ਨੇ ਪੁਰਅਮਨ ਰਹਿ ਕੇ ਸੈਂਕੜੇ ਸ਼ਹੀਦੀਆਂ ਦੇ ਕੇ, ਦਰਬਾਰ ਸਾਹਿਬ, ਨਨਕਾਣਾ ਸਾਹਿਬ, ਅਕਾਲ ਤਖ਼ਤ ਸਾਹਿਬ ਅਤੇ ਹੋਰ ਗੁਰਦੁਆਰਿਆਂ ਨੂੰ ਆਜ਼ਾਦ ਕਰਾਕੇ ਆਪਣੇ ਪ੍ਰਬੰਧ ਹੇਠ





ਲਿਆਂਦਾ। ਗੁਰਦੁਆਰਿਆਂ ਦਾ ਗੁਰਮਤਿ ਅਨੁਸਾਰ ਪ੍ਰਬੰਧ ਕਰਨ ਲਈ 15 ਨਵੰਬਰ 1920 ਨੂੰ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਸਰਬੱਤ ਖ਼ਾਲਸਾ ਦਾ ਇਕੱਠ ਬੁਲਾ ਕੇ 175 ਮੈਂਬਰੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਬਣਾਈ ਗਈ। 14 ਦਸੰਬਰ 1920 ਨੂੰ ਅਕਾਲ ਤਖ਼ਤ ਸਾਹਿਬ 'ਤੇ ਹੋਏ ਕੌਮੀ ਇਕੱਠ ਵਿੱਚ 'ਗੁਰਦੁਆਰਾ ਸੇਵਕ ਦਲ' ਕਾਇਮ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਜਥੇਬੰਦੀ ਦਾ ਨਾਂ ਮਨਜ਼ੂਰ ਕਰਨ ਲਈ ਇੱਕ ਕੌਮੀ ਇਕੱਠ 23 ਜਨਵਰੀ 1921 ਨੂੰ ਅਕਾਲ ਤਖ਼ਤ ਸਾਹਿਬ 'ਤੇ ਬੁਲਾਕੇ ਇਸ ਦਾ ਨਾਂ 'ਅਕਾਲੀ ਦਲ' ਸਵੀਕਾਰ ਕਰ ਲਿਆ ਗਿਆ। (ਮਗਰੋਂ 29 ਮਾਰਚ 1922 ਦੇ ਦਿਨ ਅਕਾਲੀ ਦਲ ਨੇ ਆਪਣੇ ਛੇਵੇਂ ਮਤੇ ਮੁਤਾਬਿਕ ਜਥੇਬੰਦੀ ਦਾ ਨਾਂ 'ਸ਼੍ਰੋਮਣੀ ਅਕਾਲੀ ਦਲ' ਰੱਖ ਲਿਆ। **ਅਕਾਲੀ ਦਲ ਨੇ ਦੋ-ਨੁਕਾਤੀ ਪ੍ਰੋਗਰਾਮ ਐਲਾਨਿਆਂ : 1. ਸਾਰੇ ਅਕਾਲੀ ਜਥਿਆਂ ਨੂੰ ਇਕੱਠੇ ਕਰਕੇ ਪੰਥ ਦੀ ਸੇਵਾ ਕਰਨੀ। 2. ਗੁਰਦੁਆਰਿਆਂ ਦੀ ਸੇਵਾ ਵਾਸਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੁਕਮ ਉਤੇ ਅਮਲ ਕਰਨਾ**) (**ਰੋਜ਼ਾਨਾ ਅਕਾਲੀ**, 28 **ਦਸੰਬਰ 1921**)।

## ਬਬਰ ਅਕਾਲੀ ਲਹਿਰ

ਗੁਰ ਅਸਥਾਨਾਂ ਨੂੰ ਆਜ਼ਾਦ ਕਰਵਾਉਂਣ ਲਈ ਸ਼ਾਂਤਮਈ ਰਹਿਕੇ ਸਿੱਖਾਂ ਵੱਲੋਂ ਦਿੱਤੀਆਂ ਸ਼ਹੀਦੀਆਂ ਨੇ ਕੌਮ ਵਿੱਚ ਅਥਾਹ ਰੋਸ ਪੈਦਾ ਕਰ ਦਿੱਤਾ ਸੀ। ਕੁਝ ਖਾੜਕੂ ਨੌਜਵਾਨਾਂ ਨੇ ਆਪਸ ਵਿੱਚ ਮਿਲ ਕੇ ਇਨ੍ਹਾਂ ਸ਼ਹੀਦੀਆਂ ਲਈ ਜਿਮੇਂਦਾਰ ਸ਼ਖ਼ਸਾਂ ਨੂੰ ਸੋਧਣ (ਕਤਲ ਕਰਨ) ਦਾ ਮਤਾ ਪਾਸ ਕੀਤਾ। ਇਸ ਜਥੇ ਦਾ ਨਾਂ ਬਬਰ ਅਕਾਲੀ ਜੱਥਾ ਪੈ ਗਿਆ। ਕਿਉਂਕਿ ਉਨ੍ਹਾਂ ਨੇ ਇੱਕ ਖ਼ੁਫ਼ੀਆ ਅਖ਼ਬਾਰ ਵੀ ਸ਼ੁਰੂ ਕਰ ਦਿੱਤਾ ਸੀ ਅਤੇ ਇਸ ਅਖ਼ਬਾਰ ਦਾ ਐਡੀਟਰ ਕਰਮ ਸਿੰਘ ਦੌਲਤਪੁਰੀ ਆਪਣੇ ਨਾਂ ਨਾਲ 'ਬਬਰ' ਤਖ਼ੱਲੁਸ ਲਿਖਿਆ ਕਰਦਾ ਸੀ। ਹੌਲੀ-ਹੌਲੀ ਬਹੁਤ ਸਾਰੇ ਨੌਜਵਾਨ ਇਸ ਜਥੇ ਵਿੱਚ ਸ਼ਾਮਿਲ ਹੋ ਗਏ।

ਬਬਰ ਅਕਾਲੀਆਂ ਨੇ ਬਹੁਤ ਸਾਰੇ ਸਰਕਾਰੀ ਟਾਊਟ, ਸਰਕਾਰੀ ਸੂਹੀਏ, ਜਾਗੀਰਦਾਰ ਤੇ ਹੋਰ ਮੁਜ਼ਰਿਮ ਕਤਲ ਕੀਤੇ। ਬਬਰਾਂ ਦੇ ਕੇਸ ਵਿੱਚ 96 ਸਿੰਘਾਂ ਨੂੰ ਗ੍ਰਿਫ਼ਤਾਰ ਕਰਕੇ ਮੁਕੱਦਮੇ ਚਲਾਕੇ ਕੁਝ ਨੂੰ ਫ਼ਾਂਸੀ, ਕੁਝ ਕੁ ਨੂੰ ਲੰਬੀਆਂ ਸਜ਼ਾਵਾਂ ਅਤੇ ਕੁਝ ਕੁ ਨੂੰ ਰਿਹਾਅ ਕਰ ਦਿੱਤਾ ਗਿਆ।

ਬਬਰ ਅਕਾਲੀ ਲਹਿਰ (1921-25) ਭਾਵੇਂ ਥੋੜ੍ਹਾ ਚਿਰ ਹੀ ਰਹੀ ਪਰ ਇਸੇ ਸੋਚ ਨੇ ਮਗਰੋਂ ਹੋਰ ਕਈ ਖ਼ਾੜਕੂ ਜਥੇਬੰਦੀਆਂ ਨੂੰ ਜਨਮ ਦਿੱਤਾ।

## ਅਕਾਲੀ ਲੀਡਰਸ਼ਿਪ ਵਿੱਚ ਫ਼ੁੱਟ ਦਾ ਆ.ਗਾਜ਼

"ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਿੱਖ ਆਗੂ ਇੱਕ ਸੱਚੇ ਦਲ ਖ਼ਾਲਸਾ ਵਾਂਗ ਜੁੜਦੇ ਰਹੇ ਅਤੇ ਇੱਕ 'ਸਰਬੱਤ ਖ਼ਾਲਸਾ' ਵਾਂਗ ਫ਼ੈਸਲੇ ਲੈਂਦੇ ਰਹੇ, ਪਰ ਖ਼ੁਫ਼ੀਆ ਏਜੰਸੀਆਂ ਦੇ ਏਜੰਟ ਅਤੇ ਮਨੂੰਵਾਦੀ ਸੋਚ ਦੇ ਧਾਰਨੀ ਹਿੰਦੂ ਆਗੂਆਂ ਨੇ ਉਨ੍ਹਾਂ ਦਾ ਇਹ ਏਕਾ ਕਾਇਮ ਨਾ ਰਹਿਣ ਦਿੱਤਾ।

ਉਂਝ ਤਾਂ ਅਕਾਲੀ ਆਗੂਆਂ ਵਿੱਚ ਫੁੱਟ ਦਾ ਆਗ਼ਾਜ 26 ਜਨਵਰੀ 1926 ਦੇ ਦਿਨ ਹੀ ਹੋ ਗਿਆ ਸੀ ਜਿਸ ਵਕਤ ਸ: ਬ: ਮਹਿਤਾਬ ਸਿੰਘ, ਗਿਆਨੀ ਸ਼ੇਰ ਸਿੰਘ ਅਤੇ ਉਨ੍ਹਾਂ ਦੇ 21 ਹੋਰ ਸਾਥੀ ਗੁਰਦੁਆਰਾ ਐਕਟ ’ਤੇ ਅਮਲ ਕਰਨ ਦੀ ਸ਼ਰਤ ’ਤੇ ਲਾਹੌਰ ਕਿਲ੍ਹੇ ਵਿੱਚੋਂ ਰਿਹਾਅ ਕਰ ਦਿੱਤੇ ਸਨ। ਪਰ 15 ਅਕਾਲੀ ਆਗੂਆਂ ਨੇ ਸ਼ਰਤਾਂ ਮੰਨਣ ਤੋਂ ਇਨਕਾਰ ਕਰ ਦਿੱਤਾ ਸੀ (ਇਹ ਸਾਰੇ 7 ਮਹੀਨੇ ਮਗਰੋਂ 27 ਸਤੰਬਰ 1926 ਨੂੰ ਰਿਹਾਅ ਹੋਏ ਸਨ)। ਇਸ ਨਾ-ਮੁਰਾਦ ਬੀਮਾਰੀ ਨੇ ਸਿੱਖ ਆਗੂਆਂ ਦਾ ਅੱਜ ਤੱਕ ਵੀ ਪਿੱਛਾ ਨਹੀਂ ਛੱਡਿਆ।

## ਸ਼ੇਰਾਂ ਦੀ ਫ਼ੌਜ ਦੇ ਗਧੇ ਜਰਨੈਲ

**ਮੁਸਲਿਮ ਲੀਗ ਮੁਸਲਮਾਨਾਂ ਦੇ ਹਿੱਤਾਂ ਬਾਰੇ ਸੋਚਦੀ ਸੀ ਅਤੇ ਹਿੰਦੂਆਂ ਦੀ ਪਾਰਟੀ ਕਾਂਗਰਸ ਦਾ ਰਤਾ ਵੀ ਭਰੋਸਾ ਨਹੀਂ ਸੀ ਕਰਦੀ। ਪਰ ਅਕਾਲੀ ਆਗੂਆਂ ਨੂੰ ਪੰਥ ਦਾ ਸਾਂਝਾ ਹਿੱਤ ਵੀ ਧੜੇ-ਬੰਦੀ ਵਿੱਚ ਪਾ ਦੇਂਦਾ ਸੀ।....ਦੂਜਾ, ਉਨ੍ਹਾਂ ਵਿੱਚ ਸਿਧਾਂਤਕ ਰਾਜਸੀ ਸੂਝ ਦੀ ਵੀ ਸ਼ਾਇਦ ਕਮੀ ਸੀ ਕਿ ਉਹ ਇਹ ਨਾ ਸਮਝ ਸਕੇ ਕਿ ਕਲ੍ਹ ਨੂੰ ਵੋਟਾਂ ਦੀ ਗਿਣਤੀ ਦੇ ਆਧਾਰ ’ਤੇ ਹੋਣ ਵਾਲੇ ਫ਼ੈਸਲਿਆਂ ਵਿੱਚ ਸਿੱਖ ਕੀ ਕਰਨਗੇ? ਕੌਮ ਦਾ ਘਰ (ਦੇਸ਼) ਬਣਾਉਂਣ ਬਾਰੇ ਸੰਜੀਦਾ ਹੋ ਕੇ ਸੋਚ ਵੀ ਨਾਂ ਸਕੇ ਤੇ ਫ਼ਾਲਤੂ ਮਸਲਿਆਂ ਵਿੱਚ ਐਜੀਟੇਸ਼ਨ, ਬਿਆਨਬਾਜੀ, ਮਤੇ ਪਾਸ ਕਰਨ ਅਤੇ ਹੋਰ ਕਾਰਵਾਈਆਂ ਵਿੱਚ ਹੀ ਉਲਝੇ ਰਹੇ।**

**“ਗਾਂਧੀ ਇੱਕ ਆਮ ਫ਼ਿਰਕਾਪ੍ਰਸਤ ਹਿੰਦੂ ਸੀ। ਉਸ ਦੀ ਸੋਚ ਇੱਕ ਆਮ ਬਾਣੀਏ ਹਿੰਦੂ ਵਾਲੀ ਸੀ। ਉਹ ਮੁਸਲਮਾਨਾਂ ਅਤੇ ਖ਼ਾਸ ਕਰਕੇ ਸਿੱਖਾਂ ਨੂੰ ਦਿਲੋਂ ਨਫ਼ਰਤ ਕਰਦਾ ਸੀ।”**

[ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਤੀਜਾ ਹਿੱਸਾ) ਸਫ਼ੇ 972, 987, 993]

**“ਕਾਂਗਰਸ ਦੀ ਵਾਗਡੋਰ ਗਾਂਧੀ ਦੇ ਹੱਥ ਵਿੱਚ ਸੀ। ਉਸਨੇ ਸਿੱਖ ਆਗੂਆਂ ਨੂੰ ਭਰਮਾ ਕੇ, ਗੁਰਦੁਆਰਾ ਸੁਧਾਰ ਲਹਿਰ ਦੀ ਜਦੋਜਹਿਦ ਵੱਲੋਂ ਸਿੱਖ ਆਗੂਆਂ ਦਾ ਧਿਆਨ ਮੋੜ ਕੇ ਉਨ੍ਹਾਂ ਨੂੰ ਭਾਰਤ ਦੀ ਅਜ਼ਾਦੀ ਦੀ ਲਹਿਰ ਵਿੱਚ ਸ਼ਾਮਿਲ ਕਰ ਲਿਆ ਤਾਕਿ ਸਿੱਖ ਕੌਮ ਆਜ਼ਾਦ ਸਿੱਖ ਸਟੇਟ ਮੰਗਣ ਦੀ ਬਜਾਏ ਅੰਗਰੇਜ਼ਾਂ ਦੇ ਖ਼ਿਲਾਫ਼ ਭਾਰਤ ਦੀ ਆਜ਼ਾਦੀ ਦੀ ਲਹਿਰ ਵਿੱਚ ਉਲਝ ਜਾਵੇ ਅਤੇ ਆਜ਼ਾਦੀ ਮਿਲਣ ਤੋਂ ਬਾਅਦ ਹਿੰਦੂ ਬਹੁਗਿਣਤੀ ਦੇ ਰਹਿਮੋ-ਕਰਮ ਤੇ ਹੀ ਨਿਰਭਰ ਹੋ ਜਾਵੇ। ਗਾਂਧੀ ਦੇ ਵਿਛਾਏ ਇਸ ਕਪਟੀ ਜਾਲ ਵਿੱਚ ਸਿੱਖ ਆਗੂ ਫਸ ਗਏ ਅਤੇ ਸਿੱਖ ਕੌਮ ਵਾਸਤੇ ਪ੍ਰਭੁਸੱਤਾ-ਸੰਪੰਨ ਆਜ਼ਾਦ ਦੇਸ਼ ਹਾਸਿਲ ਕਰਨ ਲਈ ਸੰਜੀਦਾ ਹੋ ਕੇ ਜਦੋਜਹਿਦ ਨਾ ਕਰ ਸਕੇ।**

## 1940-47 ਦੀ ਸਿੱਖ ਸਿਆਸਤ ਦਾ ਲੇਖਾ-ਜੋਖਾ

1920 ਵਿੱਚ ਜਿਨ੍ਹਾਂ ਹਾਲਤਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਕਾਇਮੀ ਹੋਈ ਸੀ, ਉਹ ਵੇਖਣ ਨੂੰ ਤਾਂ ਸਿਰਫ ਧਾਰਮਿਕ ਸਨ ਪਰ ਇਸਦੇ ਨਾਲ-ਨਾਲ ਸਿੱਖ ਆਗੂਆਂ ਵਿੱਚ





ਇਹ ਸੋਚ ਵੀ ਚੱਲ ਪਈ ਸੀ ਕਿ ਸਿੱਖਾਂ ਦਾ ਰਾਜ, ਜੋ ਅੰਗਰੇਜ਼ਾਂ ਨੇ ਇਕ ਟਰੱਸਟੀ ਦੇ ਰੂਪ ਵਿੱਚ ਮਹਾਰਾਜਾ ਦਲੀਪ ਸਿੰਘ ਤੋਂ ਲਿਆ ਸੀ, ਵਾਪਿਸ ਮਿਲਣਾ ਚਾਹੀਦਾ ਹੈ। ਅਜਿਹੀ ਸੋਚ ਭਾਵੇਂ ਐਲਾਨੀਆਂ ਨਹੀਂ ਸੀ ਪਰ ਫਿਰ ਵੀ ਅੰਦਰੋ-ਅੰਦਰੀ ਇਸ ਦਾ ਚਰਚਾ ਹੋਣ ਲੱਗ ਪਿਆ ਸੀ। ਸ਼ਾਇਦ ਇਸ ਸੋਚ ਨੇ ਹੀ ਅਕਾਲੀ ਦਲ ਨੂੰ ਸਿਆਸੀ ਜਥੇਬੰਦੀ ਬਣਾਇਆ। ਭਾਵੇਂ ਜੈਤੋ ਦਾ ਮੋਰਚਾ ਸਿਆਸੀ ਹੀ ਸੀ, ਪਰ ਸ਼੍ਰੋਮਣੀ ਅਕਾਲੀ ਦਲ ਦਾ ਵੱਡਾ ਕਦਮ ਸੀ।

ਗੁਰਦੁਆਰਾ ਸੁਧਾਰ ਲਹਿਰ ਦੇ ਦੌਰਾਨ ਕੁੱਝ ਗੱਲਾਂ ਖ਼ਾਸਤੌਰ ’ਤੇ ਸਾਹਮਣੇ ਆਈਆਂ ਜਿਵੇਂ ਕਿ ਗਾਂਧੀ, ਲਾਜਪਤ ਰਾਏ ਤੇ ਕਈ ਹੋਰ ਕਾਂਗਰਸੀ, ਆਰੀਆ ਸਮਾਜੀ ਤੇ ਹੋਰ ਹਿੰਦੂ ਆਗੂਆਂ ਨੇ ਮਹੰਤਾਂ ਨਾਲ ਸਿੱਧੀ ਜਾਂ ਅਸਿੱਧੀ ਹਮਦਰਦੀ ਤੇ ਸਿੱਖਾਂ ਦੀ ਮੁਖ਼ਾਲਫ਼ਤ ਕੀਤੀ। ਦੂਜੇ ਪਾਸੇ ਮੁਸਲਮਾਨਾਂ ਵੱਲੋਂ ਮਹੰਤਾਂ ਦੀ ਮੁਖ਼ਾਲਫ਼ਤ ਕੀਤੀ ਗਈ, ਜਿਸ ਦੇ ਪਿੱਛੇ ਮੁਸਲਮਾਨਾਂ ਦੀਆਂ ਦੋ ਨੀਅਤਾਂ ਸਾਫ਼ ਸਨ ਕਿ ਸਿੱਖਾਂ ਦੀ ਹਮਾਇਤ ਕਰਨਾ ਅਤੇ ਹਿੰਦੂਆਂ ਦੇ ਖ਼ਿਲਾਫ਼ ਖੜ੍ਹਨਾ ਅਤੇ ਸਿੱਖਾਂ ਨਾਲ ਹਮਦਰਦੀ ਦਾ ਇਜ਼ਹਾਰ ਕਰਕੇ ਹਿੰਦੂਆਂ ਦੇ ਖ਼ਿਲਾਫ਼ ਸਿੱਖ-ਹਮਾਇਤ ਹਾਸਿਲ ਕਰਨ ਦਾ ਮਾਹੌਲ ਸਿਰਜਨਾ।

ਕਾਂਗਰਸ ਨੇ ਜਦੋਂ ਮੁਸਲਮਾਨਾਂ ਨਾਲ ਸਮਝੌਤਾ ਕਰਨਾ ਹੁੰਦਾ ਸੀ ਤਾਂ ਸਿੱਖਾਂ ਦੀ ਕੀਮਤ ’ਤੇ ਕੀਤਾ ਜਾਂਦਾ ਸੀ। ਇਸ ਤੋਂ ਇਲਾਵਾ 1942 ਵਿੱਚ ਗਾਂਧੀ ਤੇ ਤਾਰਾ ਸਿੰਘ ਵਿਚਕਾਰ ਚਿੱਠੀਆਂ, ਗਾਂਧੀ ਦੀ ਸਿੱਖ ਧਰਮ ਨਾਲ ਨਫ਼ਰਤ, ਉਸ ਦੇ ਦਿਲ ਵਿੱਚ ਭਰੀ ਹੋਈ ਜ਼ਹਿਰ ਦਾ ਸ਼ੀਸ਼ਾ ਹਨ। **ਪਰ ਹਿੰਦੂ ਆਗੂ ਮਿੱਠੀਆਂ-ਮਿੱਠੀਆਂ ਗੱਲਾਂ ਕਰ ਕੇ ਇਨ੍ਹਾਂ ਬੁਜ਼ਦਿਲ, ਕਮਜ਼ੋਰ, ਬੇ-ਸਮਝ ਸਿੱਖ ਆਗੂਆਂ ਨੂੰ ਭਰਮਾ ਲੈਂਦੇ ਸਨ। ਇਸ ਮਾਰਸ਼ਲ ਕੌਮ ਨੂੰ, ਕੁਰਬਾਨੀਆਂ ਦੇਣ ਵਾਲੀ ਕੌਮ ਨੂੰ, 1929 ਤੋਂ 1947 ਤੱਕ ਗਿੜਗਿੜਾ ਕੇ ਹਿੰਦੂਆਂ ਰਾਹੀਂ ਅੰਗਰੇਜ਼ਾਂ ਤੋਂ ਫ਼ਾਇਦੇ ਤੇ ਰਿਆਇਤਾਂ ਮੰਗਣੀਆਂ ਪਈਆਂ। 1947 ਵਿੱਚ ਇੱਕ ਸੌ ਤੋਂ ਵੱਧ ਇਤਿਹਾਸਕ ਗੁਰਦੁਆਰੇ ਛੱਡਣੇ ਪਏ, ਕਰੋੜਾਂ ਰੁਪਿਆਂ ਦੀਆਂ ਜਾਇਦਾਦਾਂ ਤਬਾਹ ਕਰਵਾਈਆਂ, ਹਜ਼ਾਰਾਂ ਇਸਤਰੀਆਂ ਅਗਵਾ ਹੋਈਆਂ ਤੇ ਬਦਲੇ ਵਿਚ ਮਿਲੀ ਨਫ਼ਰਤ, ਬੇਇੱਜ਼ਤੀ, ਜ਼ਲਾਲਤ ਅਤੇ ਨਵੀਂ ਗ਼ੁਲਾਮੀ।**

.....ਤੇ ਇਥੇ ਹੀ ਬਸ ਨਹੀਂ, 1947 ਤੋਂ ਮਗਰੋਂ ਵੀ, ਇਸ ਤੋਂ ਵੀ ਮਾੜੀ ਹਾਲਤ ਵੇਖਣੀ ਪਈ। ਸਿੱਖਾਂ ਨੂੰ ਦੂਜੇ-ਤੀਜੇ ਦਰਜੇ ਦੀ ਕੌਮ ਬਣ ਕੇ ਰਹਿਣਾ ਪਿਆ। ਛੋਟੀਆਂ-ਛੋਟੀਆਂ ਹੱਕੀ ਮੰਗਾਂ ਲਈ ਵੀ ਲੰਮੀ ਜਦੋ-ਜਹਿਦ ਕਰਨੀ ਪਈ, ਪੰਜਾਬੀ ਬੋਲੀ ਦਾ ਸੂਬਾ ਬਣਾਉਂਣ ਵਾਸਤੇ 19 ਸਾਲ ਜੇਲ੍ਹਾਂ ਭਰਨੀਆਂ ਪਈਆ। ....ਸਿਰਫ਼ ਏਨਾ ਹੀ ਨਹੀਂ **ਬਾਅਦ ਵਿੱਚ ਵੀ (ਅਜੇ ਤੱਕ ਵੀ) ਅਕਾਲੀ ਆਗੂ ਉਥੇ ਹੀ ਖੜ੍ਹੇ** ਹਨ ਤੇ ਕਦੇ ਜਨਤਾ **ਪਾਰਟੀ, ਕਦੇ ਭਾਜਪਾ (ਪੁਰਾਣਾ ਜਨਸੰਘ) ਤੇ ਕਦੇ ਕੋਈ ਤੇ ਕਦੇ ਕੋਈ ਪਰ ਸਿੱਖ ਬੇਹਤਰੀ ਦਾ ਕੋਈ ਵੀ ਨਹੀਂ ਸੋਚ ਰਿਹਾ। ਜਦੋਂ ਕਿ ਅਕਾਲੀ ਦਲ ਨੂੰ ਤਾਂ ਸਿਰਫ਼ ਤੇ ਸਿਰਫ਼ ਕੌਮ ਦੀ ਬੇਹਤਰੀ ਵਾਸਤੇ ਹਰ ਕਦਮ ਚੁੱਕਣਾ ਚਾਹੀਦਾ ਸੀ ਅਤੇ ਹਰ ਮੁਆਹਿਦਾ ਕਰਨਾ ਚਾਹੀਦਾ ਸੀ। ਇਹ ਗੱਲ, ਪਤਾ ਨਹੀਂ ਕਦੇ ਸਿੱਖ ਆਗੂ ਸਮਝਣਗੇ ਜਾਂ ਨਹੀਂ।”...**

[ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਤੀਜਾ ਹਿੱਸਾ) ਸਫ਼ੇ 1051, 1062-64]।

## ਸਿੱਖ : ਘੱਟ ਗਿਣਤੀ ਕਿ ਕੌਮੀ ਭਾਈਚਾਰਾ ?

"ਇਸ ਬਾਰੇ ਵੀ ਕੋਈ ਦੋ ਰਾਵਾਂ ਨਹੀਂ ਸਨ ਕਿ ਭਾਰਤ ਦੇ ਅਲੱਗ-ਅਲੱਗ ਵਰਗਾਂ ਨੂੰ ਅੰਗ੍ਰੇਜ਼ ਹਾਕਮਾਂ ਵਿਰੁੱਧ ਇਕੱਠੇ ਰਲਕੇ ਜੂਝਣਾ ਚਾਹੀਦਾ ਸੀ। ਪਰ ਸੁਆਲ ਇਹ ਸੀ ਕਿ ਇਸ ਸਾਂਝ ਦਾ ਆਧਾਰ ਕੀ ਹੋਵੇ? **ਮੁਹੰਮਦ ਇਕਬਾਲ ਦੀ ਇਸ ਬਾਰੇ ਧਾਰਨਾ ਬਹੁਤ ਹੀ ਸਾਫ਼ ਤੇ ਸਪੱਸ਼ਟ ਸੀ ਕਿ, "ਇਕ ਸਾਂਝਾ ਭਾਰਤ ਇਸ ਹਕੀਕੀ ਸੱਚ ਦੀਆਂ ਬੁਨਿਆਦਾਂ ਉਤੇ ਹੀ ਉਸਰ ਸਕਦਾ ਹੈ ਕਿ ਭਾਰਤ ਅੰਦਰ ਇੱਕ ਤੋਂ ਵੱਧ ਕੌਮਾਂ ਵਸਦੀਆਂ ਹਨ। ਭਾਰਤੀ ਆਗੂ 'ਸਾਂਝੀ ਭਾਰਤੀ ਕੌਮਪ੍ਰਸਤੀ' ਦੇ ਵਿਚਾਰ, ਜੋ ਕਿ ਅਲੱਗ-ਭਾਈਚਾਰਿਆਂ ਦੀ ਵਿਚਾਰਧਾਰਕ ਇੱਕ-ਮਿੱਕਤਾ (Fusion) ਦੀ ਧਾਰਨਾ 'ਤੇ ਅਧਾਰਤ ਹੈ, ਨੂੰ ਜਿੰਨੀ ਜਲਦੀ ਮਨ ਵਿੱਚੋਂ ਕੱਢ ਦੇਣਗੇ, ਉਨਾ ਹੀ ਸਾਰਿਆਂ ਦਾ ਭਲਾ ਹੋਵੇਗਾ।... ਇਨ੍ਹਾਂ ਅਲੱਗ-ਅਲੱਗ ਭਾਈਚਾਰਿਆਂ ਵਿੱਚ ਇੱਕ-ਮਿੱਕਤਾ ਦੀ ਕੋਈ ਗੁਜਾਇੰਸ਼ ਨਹੀਂ।"** [**ਅਜੀਤ ਸਿੰਘ ਸਰੱਹਦੀ : ਨੈਸ਼ਨੇਲਿਜਮਜ਼ ਇੰਨ ਇੰਡੀਆ, ਦੀ ਪਰੌਬਲਮ, ਸਫ਼ਾ 67**]

**...ਇੱਕ ਸਵੈ-ਚੇਤੰਨ ਤੇ ਖ਼ੁਦਦਾਰ ਕੌਮ, ਕਿੰਨੀ ਵੀ ਛੋਟੀ ਕਿਉਂ ਨਾ ਹੋਵੇ, ਅਧੀਨਗੀ ਦੇ ਰਿਸ਼ਤੇ ਨੂੰ ਕਿਸੇ ਵੀ ਰੂਪ ਵਿੱਚ ਪ੍ਰਵਾਨ ਕਰਨ ਤੋਂ ਇਨਕਾਰੀ ਹੁੰਦੀ ਹੈ। 1947 ਤੋਂ ਪਹਿਲਾਂ ਦੇ ਭਾਰਤ ਅੰਦਰ ਵੀ ਇਹੀ ਰੌਲਾ ਸੀ ਅਤੇ ਅਜੋਕੇ ਭਾਰਤ ਵਿੱਚ ਵੀ ਇਹੀ ਰੌਲਾ ਹੈ।** ਪਰ ਹਿੰਦੂ ਆਗੂ ਭਾਰਤ ਨੂੰ ਬਹੁ-ਕੌਮੀ ਦੇਸ਼ ਮੰਨਣ ਲਈ ਤਿਆਰ ਨਹੀਂ ਸਨ (ਨਾ ਅੱਜ ਹਨ)। ਭਾਰੂ ਬਹੁਗਿਣਤੀ ਵਿੱਚ ਹੋਣ ਕਰਕੇ, ਉਹ ਹਰ ਮਸਲੇ ਨੂੰ ਅੰਕਾਂ ਦੀ ਗਿਣਤੀ ਦੀ ਦ੍ਰਿਸ਼ਟੀ ਤੋਂ ਦੇਖਣ ਤੇ ਨਜਿੱਠਣ ਦੀ ਅੜੀ ਕਰਦੇ ਸਨ।.... ਸਿੱਖ ਕੌਮ ਦੇ ਅੰਤਰ-ਮਨ ਅੰਦਰ ਆਜ਼ਾਦੀ ਦੀ ਇੱਛਾ ਨੇ ਗੁਰੂ ਸਾਹਿਬਾਨ ਵੇਲੇ ਤੋਂ ਹੀ ਸਰੂਪ ਧਾਰਿਆ ਹੋਇਆ ਸੀ। ....1849 ਵਿੱਚ ਆਜ਼ਾਦ ਸਿੱਖ-ਰਾਜ ਦੇ ਖ਼ੁੱਸ ਜਾਣ ਨਾਲ ਇਹ ਆਜ਼ਾਦੀ ਦੀ ਇੱਛਾ ਖ਼ਤਮ ਨਹੀਂ ਸੀ ਹੋ ਗਈ। ....ਇਹੀ ਤੜਪ ਸੀ ਜੋ ਸਿੱਖ ਕੌਮ ਨੂੰ ਬਰਤਾਨਵੀਂ ਹਾਕਮਾਂ ਵਿਰੁੱਧ ਵਾਰ-ਵਾਰ ਸੰਘਰਸ਼ ਲਈ ਪ੍ਰੇਰਦੀ ਸੀ। ਜੇਕਰ ਭਾਰਤ ਦੀ ਆਜ਼ਾਦੀ ਦੀ ਲੜਾਈ ਅੰਦਰ, ਕੁਰਬਾਨੀਆਂ ਦੇ ਲਿਹਾਜ਼ ਨਾਲ, ਭਾਰਤ ਦੇ ਬਾਕੀ ਲੋਕਾਂ ਦੀ ਤੁਲਨਾ ਵਿੱਚ ਸਿੱਖ ਕੌਮ ਦੀ ਦੇਣ ਕਿਤੇ ਵਾਧੂ ਹੈ ਤਾਂ ਇਸ ਦੀ ਬੁਨਿਆਦੀ ਵਜ੍ਹਾ ਸਿੱਖ ਕੌਮ ਅੰਦਰ ਜਾਗੀ ਕੌਮੀ ਚੇਤਨਾ ਹੀ ਹੈ।... ਸਿੱਖ ਲੀਡਰਸ਼ਿਪ ਨੂੰ ਸਿੱਖ ਕੌਮ ਦੀ ਆਜ਼ਾਦੀ ਦਾ ਪੈਂਤੜਾ ਉਭਾਰਨਾ ਚਾਹੀਦਾ ਸੀ। ਸਿੱਖ ਕੌਮ ਦੇ ਧਾਰਮਿਕ, ਸਭਿਆਚਾਰਕ ਆਰਥਕ ਤੇ ਰਾਜਸੀ ਹਿੱਤ ਵੀ ਅਜਿਹੇ ਹੀ ਪੈਂਤੜੇ ਦੀ ਮੰਗ ਕਰਦੇ ਸਨ ਕਿਉਂਕਿ ਆਜ਼ਾਦੀ ਤੋਂ ਬਿਨਾਂ ਇਨ੍ਹਾਂ ਹਿੱਤਾਂ ਦੀ ਸੁਰੱਖਿਆ ਕਤੱਈ ਤੌਰ ਤੇ ਸੰਭਵ ਨਹੀਂ ਸੀ।

**ਸਿੱਖ ਕੌਮ ਨੂੰ ਆਜ਼ਾਦ ਸਿੱਖ ਸਟੇਟ ਮਿਲ ਸਕਦੀ ਸੀ, ਪਰ ਸਿੱਖ ਲੀਡਰਸ਼ਿਪ ਗੁਰੂ ਨਾਨਕ ਫ਼ਲਸਫ਼ੇ ਅਤੇ ਰਾਜਨੀਤੀ ਦੇ ਸਿਧਾਂਤਾਂ ਤੋਂ ਕੋਰੀ ਸੀ। ਪਰ ਇਸ ਮਾਮਲੇ ਵਿੱਚ ਪ੍ਰਮੁੱਖ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਕਿਸੇ ਵੀ ਬੱਝਵੇਂ ਖਿੱਤੇ ਅੰਦਰ ਬਹੁ-ਗਿਣਤੀ ਨਾ ਹੋਣ**





**ਕਰਕੇ ਸਿੱਖਾਂ ਵੱਲੋਂ ਅਜਿਹੀ ਪੋਜ਼ੀਸ਼ਨ ਲੈ ਸਕਣੀ ਨਾ ਸਿਰਫ਼ ਬੇਹੱਦ ਔਖੀ ਸਗੋਂ ਅਸੰਭਵ ਵਰਗੀ ਗੱਲ ਲਗਦੀ ਸੀ।.... ਜਦ ਵੀ ਸਿੱਖ ਆਗੂਆਂ ਨੂੰ ਅਜਿਹੇ ਰਾਜ ਦੀਆਂ ਹੱਦਾਂ ਬਾਰੇ ਪੁੱਛਿਆ ਗਿਆ ਤਾਂ ਉਹ ਕਦੇ ਵੀ ਤਸੱਲੀਬਖ਼ਸ਼ ਜਵਾਬ ਨਾ ਦੇ ਸਕੇ। ....ਇਸ ਕਰਕੇ ਉਨ੍ਹਾਂ ਦੀ ਆਜ਼ਾਦ ਸਿੱਖ ਰਾਜ ਦੀ ਮੰਗ ਨੂੰ ਤਰਕ-ਵਿਹੂਣੀ ਅਤੇ ਅਣ-ਉਚਿਤ ਕਹਿ ਕੇ ਰੱਦ ਕੀਤਾ ਜਾਂਦਾ ਰਿਹਾ। ਸਿੱਖ ਆਗੂ ਕਿਉਂਕਿ ਖ਼ੁਦ ਇਸ ਮੰਗ ਪ੍ਰਤੀ ਗੰਭੀਰ ਨਹੀਂ ਸਨ ਅਤੇ ਉਹ ਇਸ ਨੂੰ ਪਾਕਿਸਤਾਨ ਦੀ ਮੰਗ ਦਾ ਵਿਰੋਧ ਕਰਨ ਲਈ ਇੱਕ ਹਥਿਆਰ ਦੇ ਤੌਰ 'ਤੇ ਵਰਤ ਰਹੇ ਸਨ।**

....ਸਿੱਖਾਂ ਦੀ ਕਿਸੇ ਵੀ ਬੱਝਵੇਂ ਖੇਤਰ ਅੰਦਰ ਬਹੁਗਿਣਤੀ ਨਾ ਹੋਣੀ, ਬਿਨਾ-ਸ਼ੱਕ, ਇੱਕ ਵੱਡੀ ਸਮੱਸਿਆ ਸੀ। ...ਇਸ ਅਮਲੀ ਮੁਸ਼ਕਲ ਨਾਲ ਆਜ਼ਾਦ ਸਿੱਖ ਸਟੇਟ ਦੀ ਸਥਾਪਨਾ ਦਾ ਕਾਰਜ ਬੇਹੱਦ ਦੁੱਭਰ ਜਰੂਰ ਬਣਦਾ ਸੀ, ਪ੍ਰੰਤੂ, ਇਸ ਆਧਾਰ 'ਤੇ ਹੀ ਸਿੱਖ ਕੌਮ ਦੀ ਆਜ਼ਾਦੀ ਦੀ ਮੰਗ ਤੇ ਪੈਂਤੜੇ ਨੂੰ ਅਣਉਚਿਤ ਠਹਿਰਾਉਣਾ, ਨਾ ਸਿਰਫ਼ ਸਿੱਖ ਭਾਈਚਾਰੇ ਨਾਲ ਵੱਡੀ ਬੇ-ਇਨਸਾਫ਼ੀ ਸੀ, ਸਗੋਂ ਕੌਮੀ ਸਵਾਲ ਬਾਰੇ ਇੱਕ ਵੱਡੀ ਕੁਤਾਹੀ ਨੂੰ ਮਾਨਤਾ ਦੇਣ ਵਾਲੀ ਗੱਲ ਵੀ ਸੀ।

**ਆਮ ਪ੍ਰਚੱਲਤ ਤੇ ਪ੍ਰਵਾਨਤ ਧਾਰਨਾ ਇਹ ਕਹਿੰਦੀ ਹੈ ਕਿ ਕਿਸੇ ਵੀ ਕੌਮ ਦੀ ਆਜ਼ਾਦ ਸਟੇਟ ਕਾਇਮ ਕਰਨ ਦੀ ਮੰਗ ਸਿਰਫ਼ ਅਤੇ ਸਿਰਫ਼ ਉਸ ਸੂਰਤ ਵਿੱਚ ਹੀ ਮੰਨਣਯੋਗ ਹੋ ਸਕਦੀ ਹੈ ਜਦੋਂ ਉਸ ਦੀ ਇੱਕ ਬੱਝਵੇਂ ਖਿੱਤੇ ਅੰਦਰ ਬਹੁਗਿਣਤੀ ਹੋਵੇ। ਆਮ ਰੂਪ ਵਿੱਚ ਇਹ ਗੱਲ ਦਰੁੱਸਤ ਹੈ ਅਤੇ ਜਚਣਹਾਰ ਵੀ ਲਗਦੀ ਹੈ। ਪਰ ਕਿਸੇ ਵੀ ਆਮ-ਸਮਝ, ਨਿਯਮ ਜਾਂ ਧਾਰਨਾਂ ਨੂੰ ਲੈ ਲਵੋ, ਉਹ ਕਦੇ ਵੀ ਪਰਮ-ਸੰਪੂਰਨ (absolute) ਨਹੀਂ ਹੁੰਦੀ; ਹੋ ਹੀ ਨਹੀਂ ਸਕਦੀ। ਇਹ ਕੁਦਰਤਿ ਦਾ ਨਿਯਮ ਹੈ। ਜਿੱਥੇ ਇਹ ਗੱਲ ਠੀਕ ਹੈ ਕਿ ਹਰ ਵਰਤਾਰਾ ਕਿਸੇ ਨਾ ਕਿਸੇ ਨਿਯਮ ਅਧੀਨ ਚੱਲਦਾ ਹੈ, ਉਥੇ ਇਹ ਵੀ ਸੱਚ ਹੈ ਕਿ ਸਾਰੇ ਵਰਤਾਰੇ ਐਨੇ ਸਰਲ ਪੱਧਰੇ ਨਹੀਂ ਹੁੰਦੇ ਜੋ ਉਨ੍ਹਾਂ ਨੂੰ ਪੂਰਨ ਰੂਪ ਵਿੱਚ ਆਮ ਨਿਯਮਾਂ ਅੰਦਰ ਬੰਨ੍ਹਿਆ ਜਾ ਸਕੇ। ਕੁਦਰਤਿ ਦਾ ਨਿਯਮ ਵੰਨ-ਸੁਵੰਨਤਾ ਹੈ, ਨਾ ਕਿ ਇੱਕ-ਰੂਪਤਾ। ਵੰਨ-ਸੁਵੰਨਤਾ ਸਿਰਫ਼ ਵੱਖੋ-ਵੱਖਰੇ ਵਰਤਾਰਿਆਂ ਦੇ ਰੂਪ 'ਚ ਹੀ ਨਹੀਂ, ਸਗੋਂ ਅੱਗੋਂ ਹਰ ਵਰਤਾਰੇ ਦੇ ਅੰਦਰ ਵੀ ਵੇਖਣ ਨੂੰ ਮਿਲਦੀ ਹੈ। ਹਰ ਵੱਡੇ ਵਿਆਪਕ ਤੇ ਗੁੰਝਲਦਾਰ ਵਰਤਾਰੇ ਅੰਦਰ ਕੁਝ ਗੱਲਾਂ ਅਜਿਹੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਆਮ ਸਮਝ ਦੇ ਘੇਰੇ 'ਚ ਫਿੱਟ ਕਰਨਾ ਮੁਸ਼ਕਲ ਹੁੰਦਾ ਹੈ। ਇਨ੍ਹਾਂ ਨੂੰ ਆਮ ਤੌਰ 'ਤੇ ਅਸਾਧਾਰਨ ਜਾਂ ਛੋਟਵੇ (Exceptional) ਪੱਖ ਕਿਹਾ ਜਾਂਦਾ ਹੈ। ਇਹ ਪੱਖ ਆਮ ਨਿਯਮਾਂ ਤੋਂ ਬਾਹਰ ਹੁੰਦੇ ਹਨ ਤੇ ਇਨ੍ਹਾਂ ਅਸਾਧਾਰਨ ਮਾਮਲਿਆਂ ਦੇ ਹੱਲ ਵੀ ਅਸਾਧਾਰਨ ਹੁੰਦੇ ਹਨ, ਆਮ ਨਹੀਂ।**

**ਸਿੱਖ ਕੌਮ ਦਾ ਮਸਲਾ ਕੁਝ ਅਜਿਹਾ ਹੀ ਸੀ। ਜਿਥੇ ਸਿੱਖ ਕੌਮ ਅੰਦਰ ਇੱਕ ਕੌਮ ਵਾਲੀਆਂ ਸਾਰੀਆਂ ਵਿਸ਼ੇਸ਼ਤਾਈਆਂ ਵਿਦਮਾਨ ਸਨ, ਉਥੇ ਇਸ ਦੀ ਆਜ਼ਾਦ ਸਟੇਟ ਦੀ ਸਥਾਪਨਾ ਦੇ ਰਾਹ ਵਿੱਚ ਇੱਕ ਬਹੁਤ ਹੀ ਵੱਡੀ ਅਮਲੀ ਮੁਸ਼ਕਲ ਆ ਖੜ੍ਹੀ ਸੀ.... ਕੌਮਾਂ ਦੇ ਇਤਿਹਾਸ ਅੰਦਰ ਅਜਿਹੀ ਅਨੋਖੀ ਉਦਾਹਰਣ ਘੱਟ ਹੀ ਦੇਖਣ ਨੂੰ ਮਿਲਦੀ ਹੈ। ਇੱਕ ਯਹੂਦੀ**

**ਸਨ ਜਿਨ੍ਹਾਂ ਦੀ ਸਮੱਸਿਆ ਇਸ ਪੱਖੋਂ ਮੇਲ ਖਾਂਦੀ ਸੀ। ਕੁਝ ਯੂਰਪੀ ਦੇਸਾਂ ਅੰਦਰ ਯਹੂਦੀ ਲੋਕਾਂ ਉਤੇ ਹੋ ਰਹੇ ਵਹਿਸ਼ੀ ਅਤਿਆਚਾਰਾਂ ਨੇ, ਖ਼ਾਸ ਕਰਕੇ ਫ਼ਾਸ਼ੀਵਾਦੀ ਤਾਕਤਾਂ ਵੱਲੋਂ ਵਿੱਢੀ ਯਹੂਦੀ ਭਾਈਚਾਰੇ ਦੀ ਨਸਲਕੁਸ਼ੀ ਦੀ ਮੁਹਿੰਮ ਨੇ ਯਹੂਦੀਆਂ ਦੇ ਮਸਲੇ ਨੂੰ ਅਜਿਹੀ ਅਹਿਮੀਅਤ ਪ੍ਰਦਾਨ ਕਰ ਦਿੱਤੀ ਸੀ ਕਿ ਦੂਜੀ ਸੰਸਾਰ ਜੰਗ ਤੋਂ ਬਾਅਦ ਯਹੂਦੀ ਮਸਲੇ ਦਾ ਜੋ ਹੱਲ ਅਮਲ ਵਿੱਚ ਲਿਆਂਦਾ ਗਿਆ, ਉਹ ਕੌਮੀ ਸਵਾਲ ਬਾਰੇ ਆਮ ਸਮਝ ਅਤੇ ਰਵਾਇਤ ਨਾਲੋਂ ਇਕਦਮ ਵੱਖਰਾ ਸੀ। ਕੁਝ ਵੱਡੀਆਂ ਤਾਕਤਾਂ ਦੀ ਮਦਦ ਨਾਲ ਯਹੂਦੀਆਂ ਦੀ ਅਜਿਹੀ ਜਗ੍ਹਾ ਆਜ਼ਾਦ ਸਟੇਟ ਸਥਾਪਤ ਕੀਤੀ ਗਈ ਜਿੱਥੇ ਉਨ੍ਹਾਂ ਦੀ ਵਸੋਂ ਮਹਿਜ਼ ਛੇ ਫ਼ੀ ਸਦੀ ਸੀ। ਆਜ਼ਾਦ ਸਟੇਟ ਦੀ ਸਥਾਪਨਾ ਤੋਂ ਬਾਅਦ ਦੁਨੀਆ ਭਰ ਚੋਂ ਯਹੂਦੀ ਉਥੇ ਆ ਕੇ ਵਸਣੇ ਸ਼ੁਰੂ ਹੋ ਗਏ ਤੇ ਕੌਮੀ ਦਾਬੇ ਤੇ ਅਤਿਆਚਾਰਾਂ ਦੀ ਸਦੀਆਂ ਪੁਰਾਣੀ ਲਾਹਨਤ ਤੋਂ ਸੁਰਖ਼ਰੂ ਹੋ ਗਏ।**

ਸਿੱਖ ਕੌਮ ਦੀ ਸਮੱਸਿਆ ਨੂੰ ਵੀ ਕੁਝ ਇਸ ਤਰ੍ਹਾਂ ਦੀ ਪਹੁੰਚ ਅਪਨਾ ਕੇ ਹੀ ਸਮਝਿਆ ਤੇ ਹੱਲ ਕੀਤਾ ਜਾ ਸਕਦਾ ਸੀ ਅਤੇ ਕੀਤਾ ਜਾਣਾ ਚਾਹੀਦਾ ਸੀ। ਇਤਿਹਾਸ ਕਈ ਵਾਰ ਕੌਮਾਂ ਨੂੰ ਅਜਿਹੀਆਂ ਕਸੂਤੀਆਂ ਹਾਲਤਾਂ ਵਿੱਚ ਧੱਕ ਦਿੰਦਾ ਹੈ ਕਿ ਉਨ੍ਹਾਂ ਸਾਹਮਣੇ ਸੁਖਾਲੇ ਰਾਹਾਂ ਦੀ ਚੋਣ ਕਰਨ ਦੀਆਂ ਗੁੰਜਾਇਸ਼ਾਂ ਖ਼ਤਮ ਹੋ ਜਾਂਦੀਆਂ ਹਨ। ਉਨ੍ਹਾਂ ਨੂੰ ਕਠੋਰ ਰਾਹਾਂ 'ਚੋਂ ਹੀ ਕਿਸੇ ਇੱਕ ਦੀ ਚੋਣ ਕਰਨੀ ਪੈਂਦੀ ਹੈ। ਅਜਿਹੇ ਮਾਮਲਿਆਂ ਵਿੱਚ ਅਕਸਰ ਹੀ ਆਮ ਸਮਝ ਅਤੇ ਰਵਾਇਤ ਨਾਲੋਂ ਹਟਵੇਂ ਫੈਸਲੇ ਲੈਣੇ ਪੈਂਦੇ ਹਨ। ਇਹ ਹਾਲਤ ਦੀ ਲੋੜ ਤੇ ਮਜਬੂਰੀ ਹੁੰਦੀ ਹੈ। ਜੇਕਰ ਸਿੱਖ ਲੀਡਰਸ਼ਿਪ ਮਸਲੇ ਨੂੰ ਇਸ ਦ੍ਰਿਸ਼ਟੀਕੋਣ ਤੋਂ ਸੰਬੋਧਤ ਹੋਈ ਹੁੰਦੀ ਤਾਂ ਉਸ ਨੂੰ ਇੱਕ ਅਮਲੀ ਮੁਸ਼ਕਲ ਤੋਂ ਘਬਰਾ ਕੇ ਆਪਣੇ ਸਿਧਾਂਤਕ ਪੈਂਤੜੇ ਤੋਂ ਪਿਛਾਂਹ ਹਟਣ ਦੀ ਥਾਂ, ਸਿਧਾਂਤਕ ਪੋਜ਼ੀਸ਼ਨ ਉਤੇ ਗੱਡਵੇਂ-ਪੈਰੀਂ ਖੜ੍ਹਦਿਆਂ ਹੋਇਆਂ ਅਮਲੀ ਮੁਸ਼ਕਲ ਦਾ ਹੱਲ, ਉਹ ਕਿੰਨਾ ਵੀ ਔਖਾ ਤੇ ਕਠੋਰ ਹੁੰਦਾ, ਤਲਾਸ਼ਣ ਦੀ ਦਿਸ਼ਾ ਵੱਲ ਯਤਨ ਕਰਨੇ ਚਾਹੀਦੇ ਸਨ। ਸਾਡੀ ਜਾਚੇ **ਉਸ ਵੇਲੇ ਵਧੇਰੇ ਠੀਕ ਤੇ ਉੱਚਿਤ ਪੋਜ਼ੀਸ਼ਨ ਇਹ ਬਣਦੀ ਸੀ ਕਿ ਸਿੱਖ ਲੀਡਰਸ਼ਿਪ ਵੱਲੋਂ ਪੰਜਾਬ ਦੀ ਮੁੜ-ਹੱਦਬੰਦੀ ਦੀ ਅਜਿਹੀ ਤਸਵੀਰ ਪੇਸ਼ ਕੀਤੀ ਜਾਂਦੀ ਜਿਸ ਨਾਲ ਸਿੱਖ ਕੌਮ ਇੱਕ ਬੱਝਵੇਂ ਖੇਤਰ ਅੰਦਰ ਭਾਰੂ ਪੋਜ਼ੀਸ਼ਨ ਅਖ਼ਤਿਆਰ ਕਰਨ ਦੀ ਹਾਲਤ ਵਿੱਚ ਹੋ ਜਾਂਦੀ।** ਇਤਿਹਾਸਕ ਦ੍ਰਿਸ਼ਟੀਕੋਣ ਤੋਂ ਦੇਖਿਆਂ ਪੰਜਾਬ ਦਾ ਕੇਂਦਰੀ ਇਲਾਕਾ, ਜਿਸ ਵਿੱਚ ਰਾਵੀ ਤੋਂ ਲੈਕੇ ਘੱਗਰ ਦਰਿਆ ਤੱਕ ਦਾ ਇਲਾਕਾ ਆ ਜਾਂਦਾ ਹੈ, ਸਿੱਖ ਪੰਥ ਦਾ ਪੰਘੂੜਾ ਕਿਹਾ ਜਾ ਸਕਦਾ ਹੈ। ਇਹੀ ਉਹ ਇਲਾਕਾ ਹੈ ਜਿਥੇ ਸਿੱਖ ਕੌਮ ਦੀਆਂ ਮਹਾਨ ਤੇ ਗੌਰਵਸ਼ੀਲ ਇਤਿਹਾਸਕ ਪ੍ਰੰਪਰਾਵਾਂ ਵਿਕੱਸਤ ਹੋਈਆਂ। ਉਸ ਵੇਲੇ ਪੰਜਾਬ ਅੰਦਰ ਸਿੱਖਾਂ ਦੀ ਕੁੱਲ ਵਸੋਂ ਪੰਜਾਹ ਲੱਖ ਤੋਂ ਉੱਪਰ ਬਣਦੀ ਸੀ। ਇਸ ਵਿੱਚੋਂ 35 ਲੱਖ ਦੇ ਕਰੀਬ 'ਕੱਲੇ ਕੇਂਦਰੀ ਪੰਜਾਬ ਵਿੱਚ ਹੀ ਸੀ। ਕੇਂਦਰੀ ਪੰਜਾਬ ਦੇ ਇਸ ਇਲਾਕੇ ਦਾ ਕੁੱਲ ਰਕਬਾ ਸਾਢੇ ਬਾਈ ਹਜ਼ਾਰ ਵਰਗਮੀਲ ਸੀ। ਕੁੱਲ ਵਸੋਂ ਇੱਕ ਕਰੋੜ ਪੰਜ ਲੱਖ ਸੀ। ਇਸ ਵਿੱਚ ਹਿੰਦੂ ਵਸੋਂ 31.6 ਫ਼ੀ ਸਦੀ, ਮੁਸਲਮਾਨ 34.5 ਫ਼ੀ ਸਦੀ ਅਤੇ ਸਿੱਖ 33.7 ਫ਼ੀ ਸਦੀ ਸਨ। ਪੰਜਾਬ ਅੰਦਰਲੀ ਕੁੱਲ ਸਿੱਖ ਵਸੋਂ ਵਿੱਚੋਂ 70 ਫ਼ੀ ਸਦੀ ਸਿੱਖ ਆਬਾਦੀ ਇਸ ਇਲਾਕੇ ਵਿੱਚ ਪੈਂਦੀ ਸੀ। ਦੂਜੇ ਪਾਸੇ ਰਾਵੀ ਪਾਰਲੇ ਪੱਛਮੀ ਪੰਜਾਬ ਅੰਦਰ ਮੁਸਲਮਾਨਾਂ ਦੀ ਵਸੋਂ 74 ਫ਼ੀ ਸਦੀ ਸੀ ਜੋ ਕਿ ਪੰਜਾਬ ਦੀ ਕੁੱਲ





ਮੁਸਲਮਾਨ ਆਬਾਦੀ ਦਾ 82 ਫ਼ੀ ਸਦੀ ਸੀ। ਘੱਗਰ ਤੋਂ ਪਰ੍ਹੇ ਅੰਬਾਲਾ ਡਵੀਜ਼ਨ ਅੰਦਰ ਜ਼ਿਆਦਾ ਕਰਕੇ ਹਿੰਦੀ ਬੋਲਦੇ ਇਲਾਕੇ ਪੈਂਦੇ ਸਨ ਜਿਨ੍ਹਾਂ ਵਿੱਚ 76 ਫ਼ੀ ਸਦੀ ਆਬਾਦੀ ਹਿੰਦੂਆਂ ਦੀ ਸੀ। [G. Adhikari : ‘Sikh Homeland’ in T.G. Jacob (Ed.) National Question in Indian CPI Documents (1942-47), P, 133] ਲੰਡਨ ਦੀ ਸਰਬ ਪਾਰਟੀ ਗੋਲਮੇਜ ਕਾਨਫਰੰਸ ਅੰਦਰ ਸਰ ਜੈਫਰੇ ਕੌਰਬਟ (ਜੋ ਪੰਜਾਬ ਦਾ ਵਿੱਤ ਕਮਿਸ਼ਨਰ ਰਹਿ ਚੁੱਕਾ ਸੀ) ਨੇ ਸੁਝਾਅ ਰੱਖਿਆ ਸੀ ਕਿ ਅੰਬਾਲਾ ਡਿਵੀਜ਼ਨ ਨੂੰ ਪੰਜਾਬ ਨਾਲੋਂ ਅਲਹਿਦਾ ਕਰ ਦੇਣਾ ਚਾਹੀਦਾ ਹੈ, ਕਿਉਂਕਿ ਇਹ ਇਤਿਹਾਸਕ ਤੌਰ ਤੇ ਪੰਜਾਬ ਦਾ ਹਿੱਸਾ ਨਹੀਂ ਸੀ। ਇਥੋਂ ਦੇ ਲੋਕਾਂ ਦੀ ਬੋਲੀ ਪੰਜਾਬੀ ਨਹੀਂ। ਪੰਜਾਬ ਦੇ ਪੰਜ ਦਰਿਆ ਇਸ ਦੀ ਜ਼ਮੀਨ ਨਹੀਂ ਸਿੰਜਦੇ। ਇਸ ਦਾ ਕੁਦਰਤੀ ਵਾਹ-ਵਾਸਤਾ ਤੇ ਲਗਾਅ ਮੇਰਠ ਤੇ ਆਗਰਾ ਡਿਵੀਜਨਾਂ ਨਾਲ ਹੈ। ਇਸ ਤਜਵੀਜ਼ ਤੇ ਅਮਲ ਹੋਣ ਨਾਲ ਪੰਜਾਬ ਵਿੱਚ ਮੁਸਲਮਾਨ ਭਾਰੂ ਗਿਣਤੀ ਵਿੱਚ (63 ਫ਼ੀਸਦੀ) ਹੋ ਜਾਣੇ ਸਨ। ਇਸ ਕਰਕੇ ਸਿੱਖ ਆਗੂਆਂ ਨੂੰ ਇਹ ਸੁਝਾਅ ਕਤੱਈ ਤੌਰ ਤੇ ਮਨਜ਼ੂਰ ਨਹੀਂ ਸੀ। (ਕੇ.ਐਲ ਟੌਟੋਜਾ ਸਫ਼ਾ 155-56)। ਉਨ੍ਹਾਂ ਇਸ ਦੇ ਪ੍ਰਤੀਕਰਮ ਵਜੋਂ ਮੋੜਵੀਂ ਤਜਵੀਜ਼ ਰੱਖੀ ਕਿ ਰਾਵਲਪਿੰਡੀ ਤੇ ਮੁਲਤਾਨ ਡਿਵੀਜ਼ਨਾਂ (ਮਿੰਟਗੁਮਰੀ ਤੇ ਲਾਇਲਪੁਰ ਨੂੰ ਛੱਡ ਕੇ) ਪੰਜਾਬ ਨਾਲੋਂ ਤੋੜ ਕੇ ਸਰਹੱਦੀ ਸੂਬੇ ਨਾਲ ਜੋੜ ਦਿੱਤੀਆਂ ਜਾਣ। (ਕੇ.ਐਲ. ਟੌਟੇਜਾ)। ਇਸ ਨਾਲ ਮੁਸਲਮਾਨ ਘੱਟ-ਗਿਣਤੀ ਵਿੱਚ ਆ ਜਾਣੇ ਸਨ। ਇਸ ਕਰਕੇ ਮੁਸਲਮਾਨਾਂ ਵੱਲੋਂ ਇਸ ਦਾ ਤਿੱਖਾ ਵਿਰੋਧ ਕੀਤਾ ਗਿਆ। ਸੋ ਦੇਖਿਆ ਜਾਵੇ ਤਾਂ ਪੰਜਾਬ ਦੇ ਹਿੰਦੂ, ਸਿੱਖ ਤੇ ਮੁਸਲਮਾਨ ਭਾਈਚਾਰਿਆਂ 'ਚੋਂ ਕਿਸੇ ਦੀ ਵੀ ਮੰਗ ਨਿਆਈਂ ਨਹੀਂ ਸੀ। ਸਿੱਖ ਆਗੂਆਂ ਵੱਲੋਂ ਪੰਜਾਬ ਵਿੱਚ ਮੁਸਲਮਾਨਾਂ ਨੂੰ ਘੱਟ-ਗਿਣਤੀ ਵਿੱਚ ਧੱਕਣ ਲਈ ਸੁਝਾਈਆਂ ਜਾ ਰਹੀਆਂ ਤਜਵੀਜਾਂ ਮੁਸਲਮਾਨਾਂ ਨਾਲ ਬੇ-ਇਨਸਾਫ਼ੀ ਕਰਦੀਆਂ ਸਨ। ਦੂਜੇ ਪਾਸੇ ਮੁਸਲਿਮ ਆਗੂਆਂ ਵੱਲੋਂ ਸਮੁੱਚੇ ਪੰਜਾਬ ਨੂੰ ਪਾਕਿਸਤਾਨ ਵਿੱਚ ਸ਼ਾਮਿਲ ਕਰਨ ਦੀ ਜ਼ਿੱਦ ਸਿੱਖਾਂ ਨਾਲ ਘੋਰ-ਅਨਿਆਂ ਸੀ ਕਿਉਂਕਿ ਇਸ ਨਾਲ ਸਿੱਖਾਂ ਉਤੇ ਮੁਸਲਿਮ ਬਹੁਗਿਣਤੀ ਦਾ ਰਾਜਸੀ ਗ਼ਲਬਾ ਸਥਾਪਤ ਹੁੰਦਾ ਸੀ। ਹਿੰਦੂ ਆਗੂਆਂ ਵੱਲੋਂ ਪੰਜਾਬ ਦੇ ਜਿਸ ਹਿੱਸੇ ਨੂੰ ਹਿੰਦੁਸਤਾਨ ਨਾਲ ਜੋੜਿਆ ਜਾ ਰਿਹਾ ਸੀ, ਉਸ ਨਾਲ ਸਿੱਖਾਂ ਨੂੰ ਹਿੰਦੂਆਂ ਦੀ ਗ਼ੁਲਾਮੀ ਦਾ ਮੁਥਾਜ ਬਣਨਾ ਪੈਣਾ ਸੀ। ਸੋ ਅਜਿਹੀ ਹਾਲਤ ਵਿੱਚ **ਵਧੇਰੇ ਉਚਿਤ ਪੋਜ਼ੀਸ਼ਨ ਇਹੀ ਬਣਦੀ ਸੀ ਕਿ ਪੰਜਾਬ ਦੀ ਮੁੜ-ਹੱਦਬੰਦੀ ਕਰਕੇ ਇਸ ਦੇ ਕੇਂਦਰੀ ਭਾਗ ਅੰਦਰ ਸਿੱਖਾਂ ਨੂੰ ਆਪਣੀ ਹੋਣੀ ਆਪ ਘੜਨ ਦਾ ਅਧਿਕਾਰ ਤੇ ਮੌਕਾ ਮੁਹੱਈਆ ਕੀਤਾ ਜਾਂਦਾ। ਪੰਜਾਬ ਦੇ ਤਿੰਨ ਪੂਰਬੀ, ਕੇਂਦਰੀ ਤੇ ਪੱਛਮੀ ਯੂਨਿਟ ਕਾਇਮ ਕਰਨ ਨਾਲ ਤਿੰਨੇ ਹੀ ਭਾਈਚਾਰਿਆਂ ਦੀਆਂ ਸਮਸਿਆਵਾਂ ਦਾ ਨਿਆਇਪੂਰਨ ਹੱਲ ਨਿਕਲ ਸਕਦਾ ਸੀ। ਮੁਸਲਮਾਨ ਪੱਛਮੀ ਪੰਜਾਬ ਅੰਦਰ ਆਪਣੀ ਆਜ਼ਾਦੀ ਮਾਣ ਸਕਦੇ ਸਨ। ਘੱਗਰ-ਪਾਰਲੀ ਗੈਰ-ਪੰਜਾਬੀ ਹਿੰਦੂ ਜਨਤਾ ਗੰਗਾ-ਜਮਨਾ ਕਲਚਰ ਦਾ ਅੰਗ ਬਣ ਕੇ ਆਪਣੀ ਆਜ਼ਾਦੀ ਦਾ ਸੁਖ ਮਾਣ ਸਕਦੀ ਸੀ। ਕੇਂਦਰੀ ਪੰਜਾਬ 'ਚ ਭਾਵੇਂ ਉਸ ਮੌਕੇ ਸਿੱਖਾਂ ਦੀ 33.7 ਫ਼ੀ ਸਦੀ ਦੇ ਕਰੀਬ ਵਸੋਂ ਬਣਦੀ ਸੀ। ਪਰ ਜੇਕਰ ਪੰਜਾਬ ਦੇ ਪੱਛਮੀ ਹਿੱਸੇ ਦੀ ਸਿੱਖ ਆਬਾਦੀ ਦਾ ਕੇਂਦਰੀ ਪੰਜਾਬ ਦੀ ਮੁਸਲਿਮ ਵਸੋਂ ਨਾਲ ਤਬਾਦਲਾ ਹੋ ਜਾਂਦਾ**

**ਤਾਂ ਕੇਂਦਰੀ ਪੰਜਾਬ ਅੰਦਰ ਸਿੱਖਾਂ ਦੀ ਵਸੋਂ 60 ਫ਼ੀ ਸਦੀ ਤੱਕ ਪਹੁੰਚ ਜਾਣੀ ਸੀ। ਇਉਂ ਉਹ ਅਮਲੀ ਮੁਸ਼ਕਲ ਦੂਰ ਹੋ ਜਾਣੀ ਸੀ ਜੋ ਕਿ ਸਿੱਖ ਕੌਮ ਦੀ ਆਜ਼ਾਦੀ ਦੇ ਰਾਹ ਦੀ ਮੁੱਖ ਰੁਕਾਵਟ ਮੰਨੀ ਜਾ ਰਹੀ ਸੀ। ਇਸ ਦੇ ਨਾਲ ਹੀ, ਸਿੱਖ ਆਗੂ ਆਪਣੀ ਤਰਕ-ਵਿਹੂਣੀ ਤੇ ਦੀਵਾਲੀਆ ਕਿਸਮ ਦੀ ਰਾਜਨੀਤੀ ਦੇ ਸੰਤਾਪ ਤੋਂ ਮੁਕਤ ਹੋ ਸਕਦੇ ਸਨ।**

ਸੁਆਲ ਉਠਦਾ ਹੈ ਕਿ ਕੀ ਇਹ ਪੋਜੀਸ਼ਨ ਅਮਲਯੋਗ ਹੈ ਸੀ? ਕੀ ਬਰਤਾਨਵੀ ਹਾਕਮ ਤੇ ਦੂਸਰੀਆਂ ਧਿਰਾਂ ਇਸ ਤਜਵੀਜ਼ ਨਾਲ ਸਹਿਮਤ ਹੋ ਜਾਂਦੀਆਂ? ਰਵਾਇਤੀ ਦ੍ਰਿਸ਼ਟੀਕੋਂਣ ਤੋਂ ਦੇਖਿਆਂ ਇਸ ਸਵਾਲ ਦਾ ਸਹੀ ਜਵਾਬ ਲੱਭ ਸਕਣਾ ਨਾਮੁਮਕਿਨ ਹੋਵੇਗਾ। **ਅਜਿਹੇ ਮਾਮਲਿਆਂ ’ਚ ਇਸ ਸਚਾਈ ਨੂੰ ਗ੍ਰਹਿਣ ਕਰਨਾ ਜਰੂਰੀ ਹੈ ਕਿ ਇਤਿਹਾਸ ਦੀਆਂ ਅਜਿਹੀਆਂ ਅ-ਸਾਧਾਰਨ ਸਮੱਸਿਆਵਾਂ ਦੇ ਅਸਾਧਾਰਨ ਹੱਲ, ਸਾਧਾਰਨ ਹਾਲਤਾਂ ਵਿੱਚ ਨਹੀਂ, ਅਸਾਧਾਰਨ ਹਾਲਤਾਂ ਵਿੱਚ ਹੀ ਸੰਭਵ ਹੁੰਦੇ ਹਨ।** ਅਜਿਹੀਆਂ ਘੜੀਆਂ ਨੂੰ ‘ਇਤਿਹਾਸਕ ਮੌਕਾ-ਮੇਲ’ (Historical Conjucture) ਕਿਹਾ ਜਾਂਦਾ ਹੈ। ਸੰਨ ਸੰਤਾਲੀ ਮੌਕੇ ਭਾਰਤੀ ਸਮਾਜ ਦੀਆਂ ਅੰਦਰੂਨੀ ਵਿਰੋਧਤਾਈਆਂ ਦੇ ਵਿਸਫ਼ੋਟ ਨਾਲ ਜੋ ਹਾਲਤ ਪੈਦਾ ਹੋ ਗਈ ਸੀ, ਉਹ ਕਿਸੇ ਵੀ ਤਰ੍ਹਾਂ ਸਾਧਾਰਨ ਨਹੀਂ ਸੀ। ਦੇਸ਼ ਦਾ ਬਟਵਾਰਾ ਅਟੱਲ ਬਣ ਗਿਆ ਸੀ। ਬਰਤਾਨਵੀਂ ਹਾਕਮਾਂ ਦੀ ਸਾਜਿਸ਼ ਕਰਕੇ ਨਹੀ (ਜਿਵੇਂ ਕਿ ਆਮ ਧਾਰਨਾ ਬਣੀ ਹੋਈ ਹੈ) ਸਗੋਂ ਭਾਰਤ ਦੀਆਂ ਆਪਣੀਆਂ ਹੀ ਸਮਾਜੀ ਵਿਰੋਧਤਾਈਆਂ ਦੇ ਅੰਦਰੂਨੀ ਗਤੀ-ਅਮਲ ਦੀ ਵਜ੍ਹਾ ਕਰਕੇ। **ਦੋ ਸ਼ਰੀਕ ਭਾਈਚਾਰਿਆਂ-ਹਿੰਦੂ ਤੇ ਮੁਸਲਮਾਨ ਅਤੇ ਦੋ ਸ਼ਰੀਕ ਤਾਕਤਾਂ-ਕਾਂਗਰਸ ਤੇ ਮੁਸਲਿਮ ਲੀਗ ਦੇ ਆਪਸੀ ਟਕਰਾਓ ਨੇ ਸਿੱਖ ਕੌਮ ਦੇ ਇੱਕ ਨਿਰਣਾਇਕ ਸ਼ਕਤੀ ਵਜੋਂ ਉਭਰਨ ਦੇ ਇਤਿਹਾਸਕ ਮੌਕੇ ਸਿਰਜਾ ਦਿੱਤੇ ਸਨ।** ਮੁਸਲਿਮ ਆਗੂ ਆਪਣੇ ਸ਼ਰੀਕ ਹਿੰਦੂ ਵਰਗ ਨੂੰ ਰਾਜਸੀ ਤੌਰ ਤੇ ਵੱਡੀ ਸੱਟ ਮਾਰਨ ਦੀ ਨੀਅਤ ਨਾਲ ਸਿੱਖ ਕੌਮ ਨੂੰ ਪਤਿਆਉਂਣ ਅਤੇ ਭਰਮਾਉਂਣ ਦੇ ਸਿਰਤੋੜ ਯਤਨ ਕਰ ਰਹੇ ਸਨ। ਕਿਸੇ ਖੁਸ਼ੀ ਨਾਲ ਨਹੀਂ, ਸਗੋਂ ਹਾਲਤਾਂ ਦੀ ਲੋੜ ਅਤੇ ਮਜ਼ਬੂਰੀ ਵਿੱਚੋਂ ਸਿੱਖ ਭਾਈਚਾਰੇ ਦੇ ਸਹਿਯੋਗ ਨਾਲ ਉਹ ਪਾਕਿਸਤਾਨ ਦੀ ਸਰਹੱਦ ਨੂੰ ਯਮੁਨਾ ਦੇ ਕਰੀਬ ਲੈ ਜਾਣ ਦੀਆਂ ਲਾਲਸਾਵਾਂ ਪਾਲ ਰਹੇ ਸਨ। ਉੱਧਰ ਹਿੰਦੂ ਆਗੂਆਂ ਨੂੰ ਇਸ ਹੋਣੀ ਦੀ ਕਲਪਨਾ ਤੋਂ ਹੀ ਭੈਅ ਲਗਦਾ ਸੀ। ਇਸ ਨਾਲ ਨਾ ਸਿਰਫ਼ ਪਾਕਿਸਤਾਨ ਦੀ ਸਰਹੱਦ ਐਨ ਦਿੱਲੀ ਦੀਆਂ ਬਰੂਹਾਂ ਤੱਕ ਆ ਪਹੁੰਚਣੀ ਸੀ ਸਗੋਂ ਜੰਮੂ ਤੇ ਕਸ਼ਮੀਰ ਉਨ੍ਹਾਂ ਦੇ ਹੱਥੋਂ ਤਿਲਕ ਕੇ ਮੁਸਲਿਮ ਆਗੂਆਂ ਦੀ ਝੋਲੀ ’ਚ ਚਲਾ ਜਾਣਾ ਸੀ। ਹਿੰਦੂ ਆਗੂ ਇਸ ਹੋਣੀ ਨੂੰ ਟਾਲਣ ਲਈ ਸਿੱਖ ਕੌਮ ਨੂੰ ਵੱਡੀ ਤੋਂ ਵੱਡੀ ਰਿਆਇਤ ਦੇਣ ਲਈ ਵੀ ਤਿਆਰ ਹੋ ਸਕਦੇ ਸਨ। ਖੁਸ਼ੀ ਨਾਲ ਨਹੀਂ, ਸਗੋਂ ਹਾਲਤਾਂ ਦੀ ਲੋੜ ਤੇ ਮਜ਼ਬੂਰੀ ਵਿੱਚੋਂ।

ਬਰਤਾਨਵੀ ਹਾਕਮਾਂ ਅੰਦਰ ਕੁਝ ਪ੍ਰਭਾਵਸ਼ਾਲੀ ਵਰਗ, ਖ਼ਾਸ ਕਰਕੇ ਫ਼ੌਜੀ ਪਿਛੋਕੜ ਵਾਲੇ ਲੋਕ ਕੌਮ ਦੀ ਬਿਹਤਰੀ ਲਈ ਸਿਰ ਤੋੜ ਕੋਸ਼ਿਸ਼ਾਂ ਵਿੱਚ ਜੁਟੇ ਹੋਏ ਸਨ। (ਰਾਮ ਨਾਰਾਇਣ ਕੁਮਾਰ : ਦ ਸਿੱਖ ਅਨਰੈਸਟ ਐਂਡ ਦ ਇੰਡੀਅਨ ਸਟੇਟ, ਸਫ਼ਾ, 143)। **ਜੇਕਰ ਇਸਦਾ ਕੋਈ ਚੰਗਾ ਨਤੀਜਾ ਨਹੀਂ ਨਿਕਲ ਸਕਿਆ ਤਾਂ ਇਸ ਦੀ ਮੁੱਖ ਵਜ੍ਹਾ ਬਰਤਾਨਵੀ**





**ਹਾਕਮ ਨਹੀਂ ਸਗੋਂ ਸਿੱਖ ਆਗੂ ਸਨ, ਜਿਨ੍ਹਾਂ ਨੂੰ ਹਿੰਦੂ ਆਗੂਆਂ ਨੇ ਅਜਿਹੀ ਢਾਕ ’ਤੇ ਚੜ੍ਹਾ ਰੱਖਿਆ ਸੀ ਕਿ ਉਹ ਹਿੰਦੂ ਆਗੂਆਂ ਦੀ ਮਰਜ਼ੀ ਤੋਂ ਵੱਖਰਾ ਫ਼ੈਸਲਾ ਲੈਣ ਲਈ ਤਿਆਰ ਹੀ ਨਹੀਂ ਸਨ।** ਜੇਕਰ ਸਿੱਖ ਲੀਡਰਸ਼ਿਪ ਨੇ ਕਾਫ਼ੀ ਪਹਿਲਾਂ ਤੋਂ ਹੀ, ਸਾਈਮਨ ਕਮਿਸ਼ਨ ਦੀ ਸਥਾਪਨਾ ਤੇ ‘ਨਹਿਰੂ ਰੀਪੋਰਟ’ ਵੇਲੇ ਤੋਂ ਹੀ ਪੰਜਾਬ ਦੀ ਮੁੜ-ਹੱਦਬੰਦੀ ਅਤੇ ਸਿੱਖ ਤੇ ਮੁਸਲਿਮ ਵਸੋਂ ਦੇ ਅਮਨਪੂਰਵਕ ਤੇ ਵਿਉਂਤਬੰਦ ਤਬਾਦਲੇ ਦੀ ਪੋਜ਼ੀਸ਼ਨ ਰੱਖੀ ਹੁੰਦੀ, ਅਤੇ ਇਸ ਪੋਜ਼ੀਸ਼ਨ ਦੀ ਦ੍ਰਿੜਤਾ ਤੇ ਧੜੱਲੇ ਨਾਲ ਪੈਰਵਾਈ ਕੀਤੀ ਹੁੰਦੀ ਤਾਂ ਬਰਤਾਨਵੀ ਹਾਕਮਾਂ ਲਈ ਇਸ ਤਜਵੀਜ਼ ਨੂੰ ਪੈਂਦੀ ਸੱਟੇ ਹੀ ਰੱਦ ਕਰ ਦੇਣਾ ਅਤੀ ਮੁਸ਼ਕਲ ਹੋਣਾ ਸੀ ਕਿਉਂਕਿ ਸਿੱਖ ਲੀਡਰਸ਼ਿਪ ਦੀਆਂ ਹੋਰਨਾਂ ਪੋਜ਼ੀਸ਼ਨਾਂ ਦੇ ਸਿਧਾਂਤਕ ਖ਼ੋਖਲੇਪਣ ਦੇ ਉਲਟ, ਇਹ ਪੋਜੀਸ਼ਨ ਕਿਤੇ ਤਰਕ-ਸੰਗਤ ਤੇ ਵਜ਼ਨਦਾਰ ਹੋਣੀ ਸੀ।...ਉਸ ਮੌਕੇ ਦੀ ਹੁਕਮਰਾਨ ਤਾਕਤ ਦਾ ਦਿਲ ਓਨਾ ਕਾਲਾ ਨਹੀਂ ਸੀ ਜਿੰਨਾ ਸੰਤਾਲੀ ਤੋਂ ਬਾਅਦ ਦਿੱਲੀ ਤਖ਼ਤ ਤੇ ਬਿਰਾਜਮਾਨ ਹੋਏ ਹਿੰਦੂ ਹਾਕਮਾਂ ਦਾ ਸਾਬਤ ਹੋਇਆ ਹੈ।... **ਪਰ ਇਸ ਨੂੰ ਸਿੱਖ ਕੌਮ ਦਾ ਦੁਰਭਾਗ ਹੀ ਸਮਝਿਆ ਜਾਣਾ ਚਾਹੀਦਾ ਹੈ ਕਿ ਸਿੱਖ ਲੀਡਰਸ਼ਿਪ ਨਾ ਤਾਂ ਹਾਲਤਾਂ ਦੀ ਨਬਜ਼ ਨੂੰ ਪਛਾਣ ਸਕੀ ਤੇ ਨਾ ਹੀ ਆਪਣੀ ਸੌਦੇਬਾਜ਼ੀ (Bargaining Power) ਦੀ ਤਾਕਤ ਦਾ ਸਹੀ ਅਨੁਮਾਨ ਲਾ ਸਕੀ।”**

[ਵੀਹਵੀਂ ਸਦੀ ਦੀ ਸਿੱਖ ਰਾਜਨੀਤੀ - ਇੱਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ : ਲੇਖਕ ਅਜਮੇਰ ਸਿੰਘ, ਸਫ਼ੇ 70-84]

# ੧੧.
# ਆਜ਼ਾਦੀ ਦਾ ਫ਼ੰਧਾ - ਲਾਸਾਨੀ ਇਨਕਲਾਬ ਦੇ ਸਿਧਾਂਤਾਂ ਵੱਲੋਂ ਗਾਫ਼ਲ ਸਿੱਖ ਕੌਮ ਠੱਗੀ ਗਈ
# (੧੯੪੭-੧੯੮੪)

ਸਿੱਖ ਕੌਮ ਨੇ ਭਾਰਤ ਦੀ ਵੰਡ ਸਮੇਂ ਖ਼ੁਦਮੁਖ਼ਤਿਆਰੀ ਹਾਸਿਲ ਕਰਨ ਦਾ ਮਿਲਿਆ ਸੁਨਹਿਰੀ ਮੌਕਾ ਗੁਆ ਲਿਆ ਅਤੇ ਉਹ 'ਲੁੱਟੇ ਗਏ' ਸ਼ਖ਼ਸ਼ ਦੀ ਤਰ੍ਹਾਂ ਡੌਰ-ਭੌਰੇ ਹੋ ਕੇ ਰਹਿ ਗਏ। ਸਿੱਖ ਆਗੂਆਂ ਦੀ ਇਸ ਨਾਲਾਇਕੀ ਦਾ ਮੁੱਖ ਕਾਰਨ ਉਨ੍ਹਾਂ ਦੀ ਗੁਰਮਤਿ ਸਿਧਾਂਤਾਂ ਪ੍ਰਤੀ ਚੇਤਨਾ ਦੇ ਪੱਧਰ 'ਤੇ ਗੰਧਲੀ ਸੋਚ ਸੀ ਅਤੇ ਅੱਜ ਵੀ ਹੈ।

ਦੇਸ਼ ਦੀ ਵੰਡ ਦੇ ਨਾਲ ਹੀ ਪੰਜਾਬ ਦੀ ਧਰਤੀ 'ਤੇ ਵਗਦੇ ਪੰਜ ਦਰਿਆਵਾਂ ਵਿੱਚ ਛੇਵਾਂ ਦਰਿਆ ਖ਼ੂਨ ਦਾ ਵਗ ਤੁਰਿਆ। ਖ਼ੂਨੀ ਦਰਿਆ ਦੇ ਦੋਹੇ ਪਾਸੀਂ ਨਫ਼ਰਤ ਦੇ ਗੀਤ ਗਾਏ ਗਏ ਅਤੇ ਜ਼ਹਿਰ ਦੇ ਬੀਜ ਬੀਜੇ ਗਏ। **ਇਹ ਸਤਰਾਂ ਲਿਖਦੇ ਸਮੇਂ ਦਿੱਲ ਭੁੱਬਾਂ ਮਾਰ ਕੇ ਰੋ ਰਿਹਾ ਹੈ ਅਤੇ ਕਲਮ ਕੰਬ ਰਹੀ ਹੈ। 1947 ਨੇ ਪੰਜਾਬ ਵਿੱਚ ਲੱਖਾਂ ਸਿੱਖਾਂ, ਮੁਸਲਮਾਨਾਂ ਅਤੇ ਹਿੰਦੂਆਂ ਦਾ ਖ਼ੂਨ ਡੁਲ੍ਹਦਾ ਵੇਖਿਆ। ਇਹੀ ਹਾਲ ਬੰਗਾਲ ਵਿੱਚ ਵੀ ਹੋਇਆ। ਹਜ਼ਾਰਾਂ ਹੀ ਇਸਤਰੀਆਂ ਦੀ ਇੱਜ਼ਤ ਲੁੱਟੀ ਗਈ ਅਤੇ ਹਜ਼ਾਰਾਂ ਇਸਤਰੀਆਂ ਨੇ ਅਪਨੀ ਇੱਜ਼ਤ ਬਚਾਉਂਣ ਲਈ ਖੂਹਾਂ ਵਿੱਚ ਛਾਲਾਂ ਮਾਰ ਕੇ ਆਤਮਹੱਤਿਆ ਕਰ ਲਈ। ਸੈਂਕੜੇ ਹੀ ਸਿੱਖ ਇਸਤਰੀਆਂ, ਬੇਵਸੀ ਦੀ ਹਾਲਤ ਵਿੱਚ, ਮੁਸਲਮਾਨ ਘਰਾਂ ਵਿੱਚ ਬੰਦੀ ਬਣਾ ਲਈਆਂ ਗਈਆਂ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਮੁਸਲਮਾਨਾਂ ਨੇ, ਉਨ੍ਹਾਂ ਦੀ ਇੱਛਾ ਦੇ ਵਿਰੁੱਧ, ਮੁਸਲਮਾਨ ਬਣਾਕੇ ਆਪਣੇ ਘਰੀਂ ਵਸਾ ਲਿਆ।**

## ਆਜ਼ਾਦ ਭਾਰਤ ਵਿੱਚ ਸਿੱਖਾਂ ਨੂੰ ਪਹਿਲਾ ਤੋਹ.ਫਾ-ਸਿੱਖ ਇੱਕ ਜ਼ਰਾਇਮ- ਪੇਸ਼ਾ ਕੌਮ ਹਨ

ਪੰਜਾਬ ਦੇ ਗਵਰਨਰ ਚੰਦੂ ਲਾਲ ਤ੍ਰਿਵੇਦੀ ਨੇ 10 ਅਕਤੂਬਰ 1947 ਨੂੰ ਹੇਠਾਂ ਦਿੱਤਾ ਸਰਕੂਲਰ ਜਾਰੀ ਕਰ ਕੇ ਬਿਪਤਾ ਦੀ ਮਾਰੀ ਹੋਈ ਸਿੱਖ ਕੌਮ ਨੂੰ, ਜਿਸਦਾ ਬਹੁਤ ਵੱਡਾ ਹਿੱਸਾ ਪਾਕਿਸਤਾਨ ਵਾਲੇ ਪੰਜਾਬ ਵਿੱਚੋਂ ਜਾਨ, ਮਾਲ ਅਤੇ ਇੱਜ਼ਤ-ਆਬਰੂ ਲੁਟਾ ਕੇ ਰਫ਼ਿਊਜੀ ਬਣਕੇ ਭਾਰਤ ਵਿੱਚ ਆਇਆ ਸੀ, ਆਜ਼ਾਦੀ ਦਾ ਪਹਿਲਾ ਤੋਹਫ਼ਾ ਪੇਸ਼ ਕੀਤਾ:

**"ਸਿੱਖ ਇੱਕ ਜ਼ਰਾਇਮ-ਪੇਸ਼ਾ ਕੌਮ ਹਨ ਅਤੇ ਸੂਬੇ ਦੇ ਇਨਸਾਫ਼-ਪਸੰਦ ਹਿੰਦੂਆਂ ਲਈ ਖ਼ਤਰਾ ਹਨ। ਡਿਪਟੀ ਕਮਿਸ਼ਨਰਾਂ ਨੂੰ ਇਨ੍ਹਾਂ ਵਿਰੁੱਧ ਖ਼ਾਸ ਕਦਮ ਚੁੱਕਣੇ ਚਾਹੀਦੇ ਹਨ।"**

"ਸ਼ਰਮਨਾਕ ਗੱਲ ਇਹ ਸੀ ਕਿ ਇਸ ਸਰਕੂਲਰ ਦੇ ਜਾਰੀ ਕਰਨ ਸਮੇਂ ਪੰਜਾਬ ਦਾ





ਹੋਮ ਮਨਿਸਟਰ ਸਵਰਣ ਸਿੰਘ ਸੀ ਅਤੇ ਅਜਿਹੇ ਸਰਕੂਲਰ ਹੋਮ ਮਨਿਸਟਰੀ ਹੀ ਤਿਆਰ ਕਰ ਕੇ ਗਵਰਨਰ ਵੱਲੋਂ ਜਾਰੀ ਕਰਵਾਉਂਦੀ ਹੁੰਦੀ ਹੈ।"

[ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਚੌਥਾ ਹਿੱਸਾ) ਸਫ਼ਾ 1067]

## ਸਿੱਖ ਲੀਡਰਸ਼ਿਪ ਕਿੱਥੋਂ ਉਖੱੜੀ ਤੇ ਕਿਉਂ ?

**"ਸਮਾਜੀ ਅਤੇ ਰਾਜਸੀ ਲਹਿਰਾਂ ਦੇ ਵਰਤਾਰਿਆਂ ਦਾ ਇਹ ਆਮ ਜਿਹਾ ਲੱਛਣ ਹੈ ਕਿ ਕੁੱਝ ਕੈਰੀਅਰਿਸਟ ਤੇ ਖ਼ੁਦਗਰਜ਼ ਕਿਸਮ ਦੇ ਲੋਕ ਕਿਵੇਂ ਨਾ ਕਿਵੇਂ ਮੋਹਰੀ ਸਫ਼ਾਂ ਅੰਦਰ ਘੁੱਸ ਆਉਂਦੇ ਹਨ ਅਤੇ ਲਹਿਰ ਦੇ ਮਾਣ, ਵਕਾਰ ਤੇ ਤਾਕਤ ਨੂੰ ਆਪਣੇ ਨਿੱਜੀ ਮੁਫ਼ਾਦਾਂ ਲਈ ਵਰਤਣ ਦੀ ਰਾਜਨੀਤਕ ਖੇਡ ਖੇਡਦੇ ਹਨ** (ਅਜਿਹਾ ਸਪੱਸ਼ਟ ਵਰਤਾਰਾ ਅੱਜ ਦੀ ਸਿੱਖ ਲੀਡਰਸ਼ਿਪ ਵਿੱਚ ਵੀ ਆਮ ਹੀ ਵੇਖਣ ਨੂੰ ਮਿਲ ਰਿਹਾ ਹੈ)। ਸਿੱਖ ਲਹਿਰ ਦੀਆਂ ਆਗੂ ਸਫ਼ਾਂ ਅੰਦਰ ਵੀ ਅਜਿਹਾ 'ਖੋਟ' ਆ ਰਲਿਆ ਸੀ ਜੋ ਸਿੱਖ ਕੌਮ ਦੇ ਸਮੂਹਕ ਹਿੱਤਾਂ ਦੀ ਥਾਂ ਆਪਣੇ ਨਿੱਜੀ ਮੁਫ਼ਾਦਾਂ ਨੂੰ ਪ੍ਰਮੁੱਖ ਰੱਖਦਾ ਸੀ (ਅੱਜ ਵੀ ਰੱਖ ਰਿਹਾ ਹੈ) ਅਤੇ ਇਸੇ ਦ੍ਰਿਸ਼ਟੀ ਤੋਂ ਸਿੱਖ ਲੀਡਰਸ਼ਿਪ ਦੇ ਨੀਤੀ-ਪੈਂਤੜਿਆਂ 'ਤੇ ਅਸਰ-ਅੰਦਾਜ ਹੋਣ ਦੀਆਂ ਕੋਸ਼ਿਸ਼ਾਂ ਕਰਦਾ ਸੀ।........ ਉਸ ਮੌਕੇ ਸਿੱਖ ਲੀਡਰਸ਼ਿਪ ਦੇ ਵੱਡੇ ਹਿੱਸੇ ਰਾਜਸੀ ਤੌਰ 'ਤੇ ਕਾਂਗਰਸੀ ਆਗੂਆਂ ਦੇ ਪਿੱਛਲੱਗੂ ਜ਼ਰੂਰ ਬਣ ਤੁਰੇ ਅਤੇ ਉਨ੍ਹਾਂ ਕੋਲੋਂ ਨੀਤੀ ਪੈਂਤੜੇ ਘੜਨ ਦੇ ਮਾਮਲੇ 'ਚ ਹੋਈਆਂ ਬੱਜਰ ਗ਼ਲਤੀਆਂ ਨਾਲ ਪੰਥ ਨੂੰ ਬੇਥਾਹ ਨੁਕਸਾਨ ਵੀ ਝੱਲਣਾ ਪਿਆ ਪਰ ਇਹ ਉਨ੍ਹਾਂ ਸਿੱਖੀ ਪਿਆਰ ਜਾਂ ਨੇਕ-ਨੀਅਤੀ ਦੀ ਘਾਟ ਕਰ ਕੇ ਨਹੀਂ ਕੀਤਾ। ਇਹ ਉਨ੍ਹਾਂ ਦੀ ਕੁੱਝ ਬੁਨਿਆਦੀ ਗੱਲਾਂ ਬਾਰੇ ਗ਼ਲਤ ਸਿਧਾਂਤਕ ਸਮਝ ਤੇ ਪੋਜੀਸ਼ਨਾਂ ਦਾ ਤਰਕ ਹੀ ਸੀ ਜਿਸ ਨੇ ਉਨ੍ਹਾਂ ਨੂੰ ਅਜਿਹੀ ਰਾਜਨੀਤਕ ਪਟੜੀ 'ਤੇ ਚਾੜ੍ਹ ਦਿੱਤਾ ਜਿਸ ਵਿੱਚ ਭਾਰਤ ਦੀ ਆਜ਼ਾਦੀ ਪਰ ਪੰਥ ਦੀ ਬਰਬਾਦੀ ਨਿਸ਼ਚਤ ਸੀ। ਇਸ ਕਰ ਕੇ ਕੁੱਲ ਤੋਂ ਬੁਨਿਆਦੀ ਤੇ ਅਹਿਮ ਸਵਾਲ ਇਹ ਹੈ ਕਿ ਸਿੱਖ ਲੀਡਰਸ਼ਿਪ ਨੇ ਸਿਧਾਂਤਕ ਟਪਲਾ ਕਿਥੇ ਖਾਧਾ ਅਤੇ ਕਿਉਂ ? ਜੇਕਰ ਉਸ ਦੀਆਂ ਰਾਜਨੀਤਕ ਗ਼ਲਤੀਆਂ ਭੁੱਲਾ ਕੇ ਥਿੜਕਣਬਾਜ਼ੀਆਂ ਦੇ ਮੁੱਖ ਸਰੋਤ ਦੀ ਪਛਾਣ ਕਰ ਲਈ ਜਾਵੇ ਤਾਂ ਮਰਜ਼ ਦੀ ਤਸ਼ਖ਼ੀਸ਼ ਦਾ ਕੰਮ ਮੁਕੰਮਲ ਹੋ ਜਾਵੇਗਾ।

## ਕੌਮ ਬਨਾਮ ਘੱਟ ਗਿਣਤੀ ਸਮਾਜਕ ਭਾਈਚਾਰਾ

**...ਸਿੱਖ ਆਗੂ ਇੱਕ ਪਾਸੇ ਤਾਂ ਸਾਂਝੀ ਭਾਰਤੀ ਕੌਮ ਦੀ ਧਾਰਨਾ ਨਾਲ ਆਪਣੀ ਪੂਰੀ ਸਹਿਮਤੀ ਪ੍ਰਗਟਾ ਰਹੇ ਸਨ ਅਤੇ ਭਾਰਤ ਦੇ ਸਭਨਾਂ ਲੋਕਾਂ ਅੰਦਰ ਸਾਂਝੀ ਕੌਮੀ ਭਾਵਨਾ ਨੂੰ ਪ੍ਰਫੁੱਲਤ ਕਰਨ ਦੇ ਕਾਰਜ ਪ੍ਰਤੀ ਆਪਣੀ ਵਚਨਬੱਧਤਾ ਦਰਸਾ ਰਹੇ ਸਨ ਪਰ ਦੂਜੇ ਪਾਸੇ ਨਾਲ ਹੀ ਸਿੱਖ ਪੰਥ ਦੀ ਨਿਵੇਕਲੀ ਪਛਾਣ ਤੇ ਹਸਤੀ ਬਰਕਰਾਰ ਰੱਖਣ ਬਾਰੇ ਵੀ ਪੂਰੇ ਫਿਕਰਮੰਦ ਸਨ। ਸਿੱਖ ਆਗੂਆਂ ਦੀ ਇਹ ਪੁਜੀਸ਼ਨ ਸਵੈ-ਵਿਰੋਧੀ ਸੀ।** ਇਹ ਦੋਵੇਂ ਗੱਲਾਂ ਇੱਕ ਦੂਜੇ ਨੂੰ ਕੱਟਦੀਆਂ ਸਨ ਤੇ ਇਨ੍ਹਾਂ ਵਿੱਚ ਰਸਾਈ ਸੰਭਵ ਨਹੀਂ ਸੀ। ਸਵਾਲ ਇਹ ਨਹੀਂ ਸੀ ਕਿ ਭਾਰਤ ਦੇ ਸਭਨਾਂ ਲੋਕਾਂ ਵਿਚਕਾਰ ਆਪਸੀ ਭਾਈਚਾਰੇ ਦੇ ਸਹਿਯੋਗ ਦੀ ਭਾਵਨਾ ਪ੍ਰਫੁੱਲਤ ਕੀਤੀ ਜਾਵੇ ਜਾਂ ਨਾ। ਸਵਾਲ ਇਹ ਸੀ ਕਿ ਇਸ ਦਾ ਆਧਾਰ ਕੀ ਹੋਵੇ ?

......**“ਅਜਿਹੀਆਂ ਦੋ ਕੌਮਾਂ ਨੂੰ ਘੱਟਗਿਣਤੀ ਤੇ ਬਹੁਗਿਣਤੀ ਵਜੋਂ ਇੱਕੋ ਸਾਂਝੇ ਰਾਜ ਵਿੱਚ ਨਰੜ ਦੇਣ ਦਾ ਨਤੀਜਾ ਇਹ ਨਿਕਲੇਗਾ ਕਿ ਬੇਚੈਨੀ ਹੋਰ ਭੜਕੇਗੀ”** (**ਜੋਸੂਆ ਫ਼ਜ਼ਲ-ਉਦ-ਦੀਨ : ਸੀਕੂਲਿਰਿਜ਼ਮ ਇਨ ਇੰਡੀਆ-ਏ ਸਾਈਕੋ-ਪੋਲੀਟਿਕਲ ਸਟੱਡੀ, ਪੰਜਾਬੀ ਦਰਬਾਰ ਪਬਲਿਸ਼ਿੰਗ ਹਾਊਸ, ਲਾਹੌਰ, ਸਫ਼ੇ 139-40**)।

ਬੱਸ ਇਹੀ ਗੱਲ ਸੀ। ਕੌਮਾਂ ਦੇ ਮਾਮਲੇ ਵਿੱਚ ਬਹੁਗਿਣਤੀ ਬਨਾਮ ਘੱਟ ਗਿਣਤੀ ਦੀ ਕੋਈ ਗੱਲ ਨਹੀਂ ਰਹਿ ਜਾਂਦੀ। ਬਹੁ ਗਿਣਤੀ/ਘੱਟ ਗਿਣਤੀ ਦਾ ਅਸੂਲ ਜਾਂ ਤਾਂ ਇੱਕ-ਜ਼ਾਤੀ ਸਮਾਜਾਂ ’ਤੇ ਲਾਗੂ ਹੁੰਦਾ ਹੈ ਅਤੇ ਜਾਂ ਅਜਿਹੇ ਬਹੁ-ਭਾਂਤੀ ਸਮਾਜਾਂ ’ਤੇ ਜਿਥੇ ਇੱਕ ਭਾਰੂ ਕੌਮ ਦੇ ਨਾਲੋ ਨਾਲ ਕੁੱਝ ਨਸਲੀ ਭਾਸ਼ਾਈ ਜਾਂ ਧਾਰਮਕ ਘੱਟ ਗਿਣਤੀਆਂ ਵੀ ਵਸ ਰਹੀਆਂ ਹੋਣ। ਅਜਿਹੇ ਬਹੁ-ਭਾਂਤੀ ਸਮਾਜਾਂ ’ਤੇ ਭਾਰੂ ਕੌਮ ਦੇ ਨਾਲੋ ਨਾਲ ਕੁੱਝ ਨਸਲੀ, ਭਾਸ਼ਾਈ ਜਾਂ ਧਾਰਮਕ ਘੱਟ ਗਿਣਤੀਆਂ ਦੇ ਹੱਕਾਂ ਦੀ ਸੰਵਿਧਾਨਕ ਸੁਰੱਖਿਆ ਦੇ ਮਾਮਲੇ ਉਠਦੇ ਹਨ ਪਰ **ਇੱਕ ਬਹੁ-ਕੌਮੀ (ਮਲਟੀ ਨੈਸ਼ਨਲ) ਦੇਸ਼ ਅੰਦਰ ਕੌਮਾਂ ਦੇ ਆਪਸੀ ਸੰਬਧਾਂ ਵਿੱਚ ਬਹੁਗਿਣਤੀ/ਘੱਟਗਿਣਤੀ ਦੀ ਧਾਰਨਾ ਕੋਈ ਮਾਇਨੇ ਨਹੀਂ ਰੱਖਦੀ। ਕੌਮ ਵੱਡੀ ਹੋਵੇ ਜਾਂ ਛੋਟੀ, ਦੌਲਤਮੰਦ ਹੋਵੇ ਜਾਂ ਥੁੜਮਾਰੀ, ਉੱਨਤ ਹੋਵੇ ਜਾਂ ਪਿਛੜੀ ਉਹ ਬਰਾਬਰ ਦੇ ਸਲੂਕ ਅਤੇ ਮਾਣ ਸਤਿਕਾਰ ਦੀ ਹੱਕਦਾਰ ਹੁੰਦੀ ਹੈ। ਇਹ ਦਸਤੂਰ ਕੌਮਾਂਤਰੀ ਪੱਧਰ ’ਤੇ ਚਿਰੋਕਣਾ ਪ੍ਰਵਾਨ ਹੋ ਚੁੱਕਾ ਹੈ।**

........ਸਿੱਖ ਲੀਡਰਸ਼ਿਪ ਦੀ ਭਾਰਤ ਦੀ ਸਮਾਜੀ ਸਭਿਆਚਾਰਕ ਬਣਤਰ ਬਾਰੇ ਸਮਝ ਬੇਹੱਦ ਗ਼ਲਤ ਅਤੇ ਘਚੋਲੇ ਭਰੀ ਸੀ। ਇਹ ਘਚੋਲਾ ਸਿਰਫ਼ ਰਾਜਸੀ ਖੇਤਰ ਅੰਦਰ ਹੀ ਨਹੀਂ ਸੀ। ਇਸ ਦਾ ਵੱਧ ਗੂੜ੍ਹਾ ਪ੍ਰਗਟਾਵਾ ਚਿੰਤਨ ਦੇ ਖੇਤਰ ਅੰਦਰ ਮਿਲਦਾ ਹੈ। ਇਸ ਸਦੀ ਦੇ ਕਿਸੇ ਵੀ ਸਿੱਖ ਵਿਦਵਾਨ ਦੀ ਇਸ ਮਸਲੇ ਬਾਰੇ ਕਿਸੇ ਵੀ ਲਿਖਤ ਜਾਂ ਟਿੱਪਣੀ ਨੂੰ ਲੈ ਲਓ, ਉਸ ਵਿੱਚੋਂ ਸਿਧਾਂਤਕ ਅਸਪੱਸ਼ਟਤਾ ਤੇ ਥਿੜਕਨ ਸਾਫ਼ ਨਜ਼ਰ ਪੈ ਜਾਵੇਗੀ। ........ਇਸ ਘੱਟ ਗਿਣਤੀ ਵਾਲੀ ਸੋਚ (ਮਾਈਨਾਰਟੀ ਕੰਪਲੈਕਸ) ਵਿੱਚੋਂ ਨਾ ਸਿੱਖ ਕੌਮ ਦੀ ਆਜ਼ਾਦੀ ਦਾ ਸਕੰਲਪ ਉਭਰ ਸਕਦਾ ਸੀ ਤੇ ਨਾ ਹੀ ਇੱਛਾ। ਇਸ ਕਰ ਕੇ ਅਕਾਲੀ ਲੀਡਰਸ਼ਿਪ ਨੂੰ ਹਿੰਦੂ ਆਗੂਆਂ ਅੱਗੇ ਇਹ ਸਫ਼ਾਈਆਂ ਦੇਣ ਕਿ, “ਕੋਈ ਸਿੱਖ ਸੁਪਨੇ ਵਿੱਚ ਵੀ ਆਜ਼ਾਦ ਸਿੱਖ ਰਾਜ ਸਥਾਪਤ ਕਰਨ ਦੀ ਇੱਛਾ ਨਹੀਂ ਰੱਖ ਸਕਦਾ” ਵਿੱਚ ਰਤੀ ਭਰ ਵੀ ਝਿਜਕ ਮਹਿਸੂਸ ਨਹੀਂ ਸੀ ਹੁੰਦੀ। ਘੱਟ ਗਿਣਤੀ ਵਾਲੀ ਸੋਚ ਵਿੱਚੋਂ ਘੱਟ ਗਿਣਤੀ ਦੇ ਹੱਕਾਂ ਦੀ ਸੁਰੱਖਿਆ ਦਾ ਸਰੋਕਾਰ ਹੀ ਪੈਦਾ ਹੋ ਸਕਦਾ ਸੀ। ਉਹ ਹੋਇਆ ਵੀ।.. ... **ਕੋਈ ਘੱਟ ਗਿਣਤੀ ਵਰਗ ਜੇ ਘੱਟ ਗਿਣਤੀ ਦੀ ਚੇਤਨਾ ਹੀ ਰਖਦਾ ਹੋਵੇ ਤਾਂ ਉਹ ਸਿਰੇ ਦੀ ਪੁਜ਼ੀਸ਼ਨ ਨਹੀਂ ਲੈ ਸਕਦਾ। ਲੈ ਵੀ ਲਏ ਤਾਂ ਇਸ ’ਤੇ ਅਡੋਲਤਾ ਨਾਲ ਖੜ੍ਹੇ ਨਹੀਂ ਹੋ ਸਕਦਾ। ਬਹੁ-ਭਾਂਤੀ ਰਾਜ ਅੰਦਰ ਕਿਉਂਕਿ ਘੱਟ ਗਿਣਤੀ ਵਰਗ ਦੀ ਹੋਣੀ ਹੀ ਕੁੱਝ ਇਸ ਤਰ੍ਹਾਂ ਦੀ ਨਿਸ਼ਚਤ ਹੋਈ ਹੁੰਦੀ ਹੈ ਕਿ ਉਸ ਨੂੰ ਭਾਰੂ ਵਰਗ ਦੇ ਰਾਜਸੀ ਗ਼ਲਬੇ ਦੀ ਲਾਹਨਤ ਤੋਂ ਅੰਸ਼ਕ ਰੂਪ ਵਿੱਚ ਹੀ ਰਾਹਤ ਮਿਲ ਸਕਦੀ ਹੈ( ਸੰਵਿਧਾਨਿਕ ਸੁਰੱਖਿਆਵਾਂ ਰਾਹੀਂ)।** ਉਹ ਉਸ ਤੋਂ ਮੁਕੰਮਲ ਰੂਪ ਵਿੱਚ ਸੁਰਖ਼ਰੂ ਨਹੀਂ ਹੋ ਸਕਦਾ। ਇਸ ਕਰ ਕੇ ਆਮ ਤੌਰ ’ਤੇ ਘੱਟ ਗਿਣਤੀ ਵਰਗ ਰਾਜਸੀ ਦਾਬੇ ਨੂੰ ਕਿਸੇ ਵੀ ਸੂਰਤ ’ਤੇ ਕਿਸੇ ਵੀ ਸ਼ਕਲ ਵਿੱਚ ਨਾ ਸਹਿਣ ਕਰਨ





ਵਰਗੀਆਂ ਸਿਰੇ ਦੀਆਂ ਰਾਜਸੀ ਪੁਜ਼ੀਸ਼ਨਾਂ ਨਹੀਂ ਲੈਂਦੇ। ਉਨ੍ਹਾਂ ਦੇ ਸਰੋਕਾਰ ਦੇ ਯਤਨ ਇਸ ਦਾਬੇ ਦੇ ਬੋਝ ਤੇ ਇਸ ਦੀ ਚੋਭ ਨੂੰ ਵੱਧ ਤੋਂ ਵੱਧ ਹੱਦ ਤੱਕ ਘੱਟ ਕਰਨ ਦੀ ਦਿਸ਼ਾ ਵੱਲ ਸੇਧਤ ਹੁੰਦੇ ਹਨ। ਰਾਜਸੀ ਦਾਬੇ ਦੇ ਜੂਲੇ ਨੂੰ ਪੂਰੀ ਤਰ੍ਹਾਂ ਵਗਾਹ ਮਾਰਨਾ ਉਨ੍ਹਾਂ ਦੇ ਭਾਗਾਂ ਵਿੱਚ ਨਹੀਂ ਹੁੰਦਾ। ਹਾਂ, ਉਸ ਜੂਲੇ ਦੀ ਅਰਲੀ ਨੂੰ ਗੱਲ ਤੋਂ ਵਧੇਰੇ ਦੂਰ ਰਿਸਕਾਉਣ ਲਈ ਯਤਨਸ਼ੀਲ ਜ਼ਰੂਰ ਹੁੰਦੇ ਹਨ।

**ਸਵੈ-ਚੇਤੰਨ ਕੌਮਾਂ ਦਾ ਮਾਮਲਾ ਏਦੂੰ ਵੱਖਰਾ ਹੁੰਦਾ ਹੈ। ਕੌਮੀ ਚੇਤਨਾ ਜਦੋਂ ਜੋਬਨ ’ਤੇ ਆ ਜਾਵੇ ਤਾਂ ਸਬੰਧਤ ਭਾਈਚਾਰਾ ਸ਼ਰੀਕ-ਕੌਮ ਦੇ ਦਾਬੇ ਨੂੰ “ਕਿਸੇ ਵੀ ਸੂਰਤ ਤੇ ਕਿਸੇ ਵੀ ਸ਼ਕਲ ਵਿੱਚ” ਸਹਿਣ ਕਰਨ ਤੋਂ ਇਨਕਾਰੀ ਹੋ ਜਾਂਦਾ ਹੈ। ਇੱਕ ਘੱਟ ਗਿਣਤੀ ਵਰਗ ਦੀ ਚੇਤਨਾ ’ਤੇ ਕੌਮੀ ਚੇਤਨਾ ਵਿੱਚ ਇਹ ਅਹਿਮ ਫ਼ਰਕ ਹੁੰਦਾ ਹੈ।** ਸੋ ਜਦ ਸਿੱਖ ਭਾਈਚਾਰਾ ਮੁਸਲਮ ਵਰਗ ਦੀ ਰਾਜਸੀ ਗ਼ੁਲਾਮੀ ਨੂੰ “ਕਿਸੇ ਵੀ ਸੂਰਤ ’ਤੇ ਕਿਸੇ ਵੀ ਸ਼ਕਲ ਵਿੱਚ ” ਝੱਲਣ ਤੋਂ ਮੁਨਕਰ ਹੋ ਰਿਹਾ ਸੀ ਤਾਂ ਉਹ, ਤੱਤ ਰੂਪ ਵਿੱਚ, ਆਪਣੀ ਕੌਮੀ ਚੇਤਨਾ ਦਾ ਪ੍ਰਗਟਾਵਾ ਕਰ ਰਿਹਾ ਸੀ, ਭਾਵੇਂ ਕਿ ਉਹ ਇਸ ਤੋਂ ਸੁਚੇਤ ਨਹੀਂ ਸੀ। ਸਿੱਖ ਆਗੂ ਮੁਸਲਮ ਆਗੂਆਂ ਨਾਲ ਗੱਲਬਾਤ ਦੌਰਾਨ ਆਪਣੇ ਹਿੱਤ ਬਾਰੇ ਇਸ ਹੱਦ ਤੱਕ ਜਾਗਰੂਕਤਾ ਦਾ ਪ੍ਰਗਟਾਵਾ ਕਰ ਰਹੇ ਸਨ ਕਿ ਉਹ ਮੁਸਲਮ ਆਗੂਆਂ ਦੀ ਕਿਸੇ ਫੋਕੀ ਯਕੀਨ–ਦਹਾਨੀ ਉਤੇ ਧਿਜਣ ਦੀ ਥਾਂ, ਉਹ ਪਾਕਿਸਤਾਨ ’ਚ ਸ਼ਾਮਿਲ ਹੋਣ ਲਈ ਹਰ ਮਸਲੇ ਬਾਰੇ ਠੋਸ ਅਤੇ ਲਿਖਤੀ ਸੰਵਿਧਾਨਕ ਗਰੰਟੀਆਂ ਦੀ ਸ਼ਰਤ ਰੱਖ ਰਹੇ ਸਨ। ਇਸ ਦੇ ਉਲਟ **ਆਪਣੀ ਹੋਣੀ ਨੂੰ ਭਾਰਤ ਨਾਲ ਜੋੜਨ ਦਾ ਫ਼ੈਸਲਾ ਕਰਨ ਮੌਕੇ ਉਨ੍ਹਾਂ ਹਿੰਦੂ ਆਗੂਆਂ ਕੋਲੋਂ ਕਿਸੇ ਇੱਕ ਵੀ ਗੱਲ ਬਾਰੇ ਲਿਖਤੀ ਭਰੋਸਾ, ਸੰਵਿਧਾਨਕ ਗਰੰਟੀ ਦੀ ਮੰਗ ਨਹੀਂ ਕੀਤੀ। ਉਨ੍ਹਾਂ ਸਭ ਕੁਝ ‘ਰਾਮ ਭਰੋਸੇ’ ਛੱਡਣ ਦਾ ਜੋ ਰਾਜਨੀਤਕ ਕੱਚਪੁਣਾ ਦਿਖਾਇਆ, ਉਸ ’ਚੋਂ ਉਨ੍ਹਾਂ ਦੀ ਕੌਮੀ ਚੇਤਨਾ ਦੀ ਤਾਂ ਗੱਲ ਹੀ ਛੱਡੋ, ਘੱਟ ਗਿਣਤੀ ਵਰਗ ਚੇਤਨਾ ਦੀ ਵੀ ਕੋਈ ਝਲਕ ਨਹੀਂ ਦਿਖਦੀ।**........ਮੁਸਲਮ ਆਗੂਆਂ ਨੂੰ ਪਤਾ ਸੀ ਕਿ ਸੰਵਿਧਾਨ ਨੂੰ ਬਦਲਣ ਜਾਂ ਰੱਦ ਕਰਨ ’ਚ ਬਹੁਤੀ ਦੇਰ ਨਹੀਂ ਲੱਗਦੀ। ਬਹੁ-ਗਿਣਤੀ ਨਾਲ ਹੋਵੇ ਤਾਂ ਬਹੁਤ ਜ਼ੋਰ ਵੀ ਨਹੀਂ ਲੱਗਦਾ। ਪਰ ਸਿੱਖ ਲੀਡਰਸ਼ਿਪ ਇਸ ਰਾਜਸੀ ਸੋਝੀ ਤੋਂ ਊਣੀ ਹੀ ਨਹੀਂ, ਲਗਪਗ ਕੋਰੀ ਸੀ। ਕਿਸੇ ਮੁਸਲਮ ਬੁੱਧੀਮਾਨ ਵੱਲੋਂ ਕਹੀ ਗੱਲ ਕਿੰਨੀ ਸੱਚੀ ਪ੍ਰਤੀਤ ਹੁੰਦੀ ਹੈ ਕਿ, **“ਹਿੰਦੂ ਆਗੂ ਆਉਂਣ ਵਾਲੇ ਘਟਨਾਕਰਮ ਦਾ ਅਗਾਊਂ ਅਨੁਮਾਨ ਲਾ ਲੈਂਦੇ ਹਨ, ਮੁਸਲਮਾਨ ਮੌਕਾ ਆਉਂਣ ’ਤੇ ਅੱਖਾਂ ਖੋਲ੍ਹਦੇ ਹਨ ਅਤੇ ਸਿੱਖਾਂ ਦੀਆਂ ਅੱਖਾਂ ਮੌਕਾ ਲੰਘ ਜਾਣ ਤੋਂ ਬਾਅਦ ਜਾ ਕੇ ਖੁਲ੍ਹਦੀਆਂ ਹਨ”** (ਸ. ਕਪੂਰ ਸਿੰਘ: ਸਾਚੀ ਸਾਖੀ, ਸਫਾ 136)।

(ਅਜਮੇਰ ਸਿੰਘ : ਵੀਹਵੀਂ ਸਦੀ ਦੀ ਸਿੱਖ ਰਾਜਨੀਤੀ, ਇੱਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ, ਸਫ਼ੇ 68-77)।

## “ਮਛਲੀ ਜਾਲ ਨਾ ਜਾਣਿਆ”

**ਅਸਲੀਅਤ ਵਿੱਚ ਸਿੱਖ ਲੀਡਰਸ਼ਿਪ ਅੰਦਰਲੇ ‘ਨੈਸ਼ਨਲਿਸਟ’ ਹਿੱਸੇ ਵਿੱਚੋਂ ਸਿੱਖ ਰਾਜ ਦੇ ਹਾਮੀ ਨਹੀਂ ਸਨ। ਉਹ ਜਿਸ ਵਿਚਾਰਧਾਰਾ ਦਾ ਲੜ ਫੜ ਕੇ ਚੱਲ ਰਹੇ ਸਨ ਉਹ**

**ਉਨ੍ਹਾਂ ਨੂੰ ਅਜਿਹੀ ਸੋਚ ਦੇ ਰਾਹ ਪੈਂਣ ਤੋਂ ਸਖ਼ਤੀ ਨਾਲ ਮਨ੍ਹਾਂ ਕਰਦੀ ਸੀ। ਹਾਂ, ਸਿੱਖ ਰਈਸ ਵਰਗਾਂ ਅੰਦਰਲੇ ਕਾਫ਼ੀ ਹਿੱਸੇ ਜ਼ਰੂਰ ਆਜ਼ਾਦ ਸਿੱਖ ਰਾਜ ਦੀ ਕਾਇਮੀ ਦੀ ਚਾਹਨਾ ਰੱਖਦੇ ਸਨ। ਇਸ ਮੰਤਵ ਲਈ ਉਹ ਬਰਤਾਨਵੀਂ ਹਾਕਮਾਂ ਦੀ ਹਮਾਇਤ ਤੇ ਸਦਭਾਵਨਾ ਆਸਰੇ ਮੁਸਲਮ ਆਗੂਆਂ ਨਾਲ ਲੈਅ-ਦੇਅ ਕਰਨ ਦੇ ਰੌਂਅ ਵਿੱਚ ਸਨ। ਪਰ ਉਸ ਮੌਕੇ ਇਸ ਵਰਗ ਦੀ ਪੰਥ ਅੰਦਰ ਬਹੁਤ ਪੁੱਗਤ ਨਹੀਂ ਸੀ। ਆਮ ਸਿੱਖ ਜਨਤਾ ਵੀ 'ਨੈਸ਼ਨਲਿਸਟ' ਵਿਚਾਰਧਾਰਾ ਦੇ ਜਾਦੂ-ਅਸਰ ਹੇਠ ਸੀ। ਇਸ ਕਰਕੇ ਸਿੱਖ ਕੌਮ ਦੇ ਹਿੰਦੂ ਭਾਰਤ ਨਾਲ ਰਲੇਵੇਂ ਦੀ ਗੱਲ ਸਹਿਜੇ ਹੀ ਪ੍ਰਵਾਨ ਹੋ ਗਈ।** ਕੌਮੀ ਸਵਾਲ ਬਾਰੇ ਸਿਧਾਂਤਕ ਪੱਖ ਤੋਂ ਕੱਚੇ ਹੋਣ ਕਾਰਨ ਸਿੱਖ ਆਗੂਆਂ ਅੰਦਰ 'ਨੈਸ਼ਨਲਿਸਟ ਵਰਗ', ਸਿੱਖ ਕੌਮ ਦੇ ਮਸਲੇ ਨੂੰ ਕੌਮੀ ਆਜ਼ਾਦੀ ਦੇ ਪੈਂਤੜੇ ਤੋਂ ਮੁਖ਼ਾਤਬ ਹੋਣ ਦੇ ਸਮਰੱਥ ਨਹੀਂ ਸੀ। ਉਨ੍ਹਾਂ ਦੀ ਸੋਚ ਦੀ ਉਡਾਣ ਸੀਮਤ ਸੀ। ਉਹ ਹਿੰਦੂ ਆਗੂਆਂ ਦੇ ਮਨੋਰਥਾਂ ਤੇ ਉਨ੍ਹਾਂ ਦੀਆਂ ਚਾਲਾਂ ਨੂੰ ਸਮਝ ਸਕਣ ਦੀ ਬੌਧਿਕ ਕਾਬਲੀਅਤ ਤੋਂ ਊਣੇ ਸਨ। ਆਪਣੇ ਇਸ ਅਨਾੜੀਪੁਣੇ ਕਰਕੇ ਉਨ੍ਹਾਂ ਨੂੰ ਆਜ਼ਾਦ ਭਾਰਤ ਅੰਦਰ ਸਿੱਖ ਕੌਮ ਨਾਲ ਕਿਸੇ ਵਧੀਕੀ ਜਾਂ ਬੇ-ਇਨਸਾਫ਼ੀ ਦੀ ਤਵੱਕੋ ਨਹੀਂ ਸੀ। ਜੇਕਰ ਕਾਂਗਰਸੀ ਆਗੂਆਂ ਵੱਲੋਂ ਅੱਡ-ਅੱਡ ਮੌਕਿਆਂ 'ਤੇ ਸਿੱਖ ਕੌਮ ਨਾਲ ਕੀਤੇ ਕੌਲ-ਇਕਰਾਰਾਂ ਉਤੇ ਇੱਕ ਤੈਰਵੀਂ ਜਿਹੀ ਨਜ਼ਰ ਮਾਰੀ ਜਾਵੇ ਤਾਂ ਸਿੱਖ ਲੀਡਰਸ਼ਿਪ ਦੇ ਇਸ ਵਿਸ਼ਵਾਸ਼ ਦਾ ਰਹੱਸ ਸਹਿਜੇ ਹੀ ਸਮਝ 'ਚ ਆ ਜਾਂਦਾ ਹੈ।

1. ਦਸੰਬਰ 1929 ਵਿੱਚ ਕਾਂਗਰਸ ਪਾਰਟੀ ਦੇ ਲਾਹੌਰ ਸੈਸ਼ਨ ਵਿੱਚ ਇਹ ਮਤਾ ਪ੍ਰਵਾਨ ਕੀਤਾ ਗਿਆ ਕਿ, "ਕਾਂਗਰਸ ਪਾਰਟੀ ਸਿੱਖਾਂ, ਮੁਸਲਮਾਨਾਂ ਤੇ ਹੋਰਨਾਂ ਘੱਟਗਿਣਤੀਆਂ ਨੂੰ ਇਹ ਭਰੋਸਾ ਦੁਆਉਂਦੀ ਹੈ ਕਿ ਭਾਰਤ ਦੇ ਕਿਸੇ ਸੰਭਾਵੀ ਸੰਵਿਧਾਨ ਵਿੱਚ ਕਾਂਗਰਸ ਨੂੰ ਅਜਿਹਾ ਹੱਲ ਮਨਜ਼ੂਰ ਨਹੀਂ ਹੋਵੇਗਾ ਜੋ ਸਬੰਧਤ ਧਿਰਾਂ ਦੀ ਪੂਰਨ ਤਸੱਲੀ ਨਾ ਕਰਵਾਉਂਦਾ ਹੋਵੇ" (ਕੇ. ਐਲ. ਟੂਟੇਜਾ : ਸਿੱਖ ਪਾਲਿਟਿਕਸ, ਸਫ਼ਾ 168)।

2. 16 ਮਾਰਚ 1931 ਨੂੰ (ਮਹਾਤਮਾ) ਗਾਂਧੀ ਗੁਰਦੁਆਰਾ ਸੀਸ ਗੰਜ (ਦਿੱਲੀ) ਦੇ ਇੱਕ ਵਿਸ਼ੇਸ਼ ਦੀਵਾਨ ਵਿੱਚ ਗਿਆ। ....... ਜਦ ਉਸ ਕੋਲੋਂ ਪੁੱਛਿਆ ਗਿਆ ਕਿ ਜੇਕਰ ਕਾਂਗਰਸ ਸਿੱਖਾਂ ਨਾਲ ਕੀਤੇ ਕੌਲ-ਕਰਾਰਾਂ ਤੋਂ ਮੁੱਕਰ ਗਈ ਤਾਂ ਸਿੱਖਾਂ ਦਾ ਕੀ ਬਣੇਗਾ, ਤਾਂ ਗਾਂਧੀ ਦਾ ਉੱਤਰ ਸੀ ਕਿ, "ਭਰਾਵੋ, ਕਾਂਗਰਸ ਨੇ ਲਾਹੌਰ ਵਿੱਚ ਮਤਾ ਪਾਸ ਕਰ ਦਿੱਤਾ ਹੋਇਆ ਹੈ ਕਿ ਉਹ ਕੋਈ ਅਜਿਹਾ ਵਿਧਾਨ ਨਹੀਂ ਬਣਾਏਗੀ ਜਿਸ ਨੂੰ ਸਿੱਖ ਪ੍ਰਵਾਨ ਨਾ ਕਰਨ। ਮੈਨੂੰ ਸਮਝ ਨਹੀਂ ਆਉਂਦੀ ਕਿ ਇਸ ਨਾਲੋਂ ਹੋਰ ਵੱਧ ਭਰੋਸਾ ਮੈਂ ਸਿੱਖਾਂ ਨੂੰ ਕੀ ਦੇਵਾਂ। ....... ਮੈਂ ਸਿੱਖਾਂ ਨੂੰ ਆਖਦਾ ਹਾਂ ਕਿ ਉਹ ਮੇਰੇ ਬਚਨਾਂ 'ਤੇ ਵਿਸ਼ਵਾਸ਼ ਕਰਨ ਅਤੇ ਕਾਂਗਰਸ ਦੇ ਮਤੇ ਉਤੇ ਭਰੋਸਾ ਰੱਖਣ ਕਿ ਕਾਂਗਰਸ ਸਿੱਖ ਭਾਈਚਾਰੇ ਨਾਲ ਤਾਂ ਕੀ, ਕਿਸੇ ਇੱਕ ਵਿਅਕਤੀ ਨਾਲ ਵੀ ਵਿਸ਼ਵਾਸ਼ਘਾਤ ਨਹੀਂ ਕਰੇਗੀ। ਜੇ ਉਸ ਨੇ ਅਜਿਹਾ ਕੀਤਾ ਤਾਂ ਉਹ ਆਪਣੀ ਮੌਤ ਆਪ ਹੀ ਮਰ ਜਾਵੇਗੀ। ਸਿੱਖੋ, ਭਾਈਓ ਤੇ ਭੈਣੋਂ, ਮੇਰੀ ਬੇਨਤੀ ਹੈ ਕਿ ਤੁਸੀਂ





ਸਾਰੇ ਸ਼ੱਕ ਤੇ ਸੰਸੇ ਤਿਆਗ ਦਿਓ....... ਇਸ ਤੋਂ ਵੱਧ ਮੈਂ ਹੋਰ ਕੀ ਆਖਾਂ? ਪਰਮਾਤਮਾ ਸਾਖੀ ਹੈ ਕਿ ਮੈਂ ਜੋ ਬਚਨ ਕਰ ਰਿਹਾ ਹਾਂ ਉਨ੍ਹਾਂ ਤੋਂ ਮੈਂ ਤੇ ਕਾਂਗਰਸ ਕਦੇ ਨਹੀਂ ਫਿਰਾਂਗੇ।" (ਯੰਗ ਇੰਡੀਆ: 19 ਮਾਰਚ 1931)।

3. ਜਵਾਹਰ ਲਾਲ ਨਹਿਰੂ ਨੇ 6 ਜੁਲਾਈ 1946 ਨੂੰ ਕਲਕੱਤਾ ਵਿਖੇ ਇੱਕ ਪ੍ਰੈੱਸ ਕਾਨਫ਼ਰੰਸ ਵਿੱਚ ਇਹ ਗੱਲ ਆਖੀ ਕਿ, "ਪੰਜਾਬ ਦੇ ਬਹਾਦਰ ਸਿੱਖ ਵਿਸ਼ੇਸ਼ ਸਲੂਕ ਦੇ ਹੱਕਦਾਰ ਹਨ। ਮੈਨੂੰ ਇਸ 'ਚ ਕੋਈ ਗ਼ਲਤ ਗੱਲ ਨਹੀਂ ਲੱਗਦੀ ਕਿ ਹਿੰਦੁਸਤਾਨ ਦੇ ਉੱਤਰ ਵਿੱਚ ਇੱਕ ਅਜਿਹਾ ਇਲਾਕਾ ਕਾਇਮ ਕੀਤਾ ਜਾਵੇ ਜਿਥੇਂ ਕਿ ਸਿੱਖ ਵੀ ਆਜ਼ਾਦੀ ਦਾ ਨਿੱਘ ਮਾਣ ਸਕਣ" [ਸਟੇਟਸਮੈਨ (ਕਲਕੱਤਾ), ਜੁਲਾਈ 7, 1946]।

4. 10 ਅਗਸਤ 1946 ਨੂੰ ਕਾਂਗਰਸ ਵਰਕਿੰਗ ਕਮੇਟੀ ਨੇ ਇੱਕ ਬਾਕਾਇਦਾ ਮਤਾ ਪਾਸ ਕਰਕੇ ਸਿੱਖਾਂ ਨੂੰ ਇਹ ਭਰੋਸਾ ਦੁਆਇਆ ਕਿ, "ਕਾਂਗਰਸ ਉਨ੍ਹਾਂ ਦੀਆਂ ਵਾਜਬ ਸ਼ਿਕਾਇਤਾਂ ਨੂੰ ਦੂਰ ਕਰਨ ਅਤੇ ਪੰਜਾਬ ਅੰਦਰ ਉਨ੍ਹਾਂ ਦੇ ਹਿਤਾਂ ਦੀ ਸੁਰੱਖਿਆ ਲਈ ਢੁਕਵੇਂ ਉਪਾਅ ਕਰਨ ਵਿੱਚ ਹਰ ਸੰਭਵ ਸਹਾਇਤਾ ਕਰੇਗੀ" (ਰਾਮ ਨਰਾਇਣ ਕੁਮਾਰ : ਦ ਸਿੱਖ ਅਨਰੈਸਟ ਐਂਡ ਦ ਇੰਡੀਅਨ ਸਟੇਟ, ਸਫ਼ਾ 213)।

5. 5 ਦਸੰਬਰ 1946 ਨੂੰ ਜਦ ਭਾਰਤ ਦੀ ਵਿਧਾਨ ਤਿਆਰ ਕਰਨ ਵਾਲੀ ਪ੍ਰੀਸ਼ਦ ਦੀ ਪਹਿਲੀ ਬੈਠਕ ਦਿੱਲੀ ਵਿੱਚ ਹੋਈ ਤਾਂ ਉਸ ਸਮੇਂ ਬਾਬੂ ਰਾਜਿੰਦਰ ਪ੍ਰਸ਼ਾਦ ਦੀ ਪ੍ਰਧਾਨਗੀ ਹੇਠਾਂ ਪੰਡਤ ਜਵਾਹਰ ਲਾਲ ਨਹਿਰੂ ਨੇ ਕੁੱਲ ਤੋਂ ਪਹਿਲਾਂ ਜੋ ਮਤਾ ਪੇਸ਼ ਕੀਤਾ ਉਸ ਵਿੱਚ ਇਹ ਕਿਹਾ ਗਿਆ ਕਿ, "ਘੱਟਗਿਣਤੀਆਂ ਦੇ ਰਾਜਸੀ ਅਧਿਕਾਰਾਂ ਦੀ ਸੁਰੱਖਿਆ ਲਈ ਪੂਰਨ ਪ੍ਰਬੰਧ ਕੀਤੇ ਜਾਣਗੇ। ਇਹ ਸਾਡਾ ਐਲਾਨ ਹੈ ਤੇ ਇਹ ਸਾਡਾ ਪ੍ਰਣ ਹੈ ਤੇ ਇਹ ਸਾਡਾ ਬਚਨ ਹੈ, ਜੋ ਅਸੀਂ ਸਾਰੇ ਸੰਸਾਰ ਦੇ ਸਨਮੁੱਖ ਹਿੰਦੁਸਤਾਨ ਦੇ ਕਰੋੜਾਂ ਨਾਗਰਿਕਾਂ ਨੂੰ ਦਿੰਦੇ ਹਾਂ। ਇਸ ਲਈ ਇਹ ਪਵਿੱਤਰ ਸਹੁੰ ਹੈ ਕਿ ਜਿਸ ਦਾ ਪਾਲਣ ਕਰਨਾ ਸਾਡਾ ਪਰਮ ਧਰਮ ਹੈ" (ਬੀ.ਸ਼ਿਵਾ ਰਾਉ : ਫ਼ਰੇਮਿੰਗ ਆਫ਼ ਇੰਡੀਅਨ ਕਾਨਸਟੀਟਿਊਸ਼ਨ, ਸਫ਼ਾ 181)।

**'ਨੈਸ਼ਨਲਿਸਟ' ਸਿੱਖ ਲੀਡਰਸ਼ਿਪ ਦੀ ਇਹ 'ਨੈਸ਼ਨਲਿਸਟ' ਵਿਚਾਰਧਾਰਾ ਹੀ ਸੀ ਜੋ ਉਸ ਨੂੰ ਕਾਂਗਰਸੀ ਆਗੂਆਂ ਵੱਲੋਂ ਵਿਛਾਏ ਇਸ ਜਾਲ ਵੱਲ ਧਰੂਹ ਕੇ ਲੈ ਗਈ। ਵਿਚਾਰਧਾਰਕ ਉਲ੍ਹਾਰਪੁਣ, ਮਨੁੱਖ ਦੀ ਘੋਖ-ਪੜਤਾਲ ਦੀ ਸਮਰੱਥਾ ਨੂੰ ਬੇਹੱਦ ਨਿਤਾਣਾ ਬਣਾ ਕੇ ਰੱਖ ਦਿੰਦਾ ਹੈ। ਇਹੀ ਵਜ੍ਹਾ ਸੀ ਕਿ ਸਿੱਖ ਲੀਡਰਸ਼ਿਪ ਨੇ ਕਾਂਗਰਸੀ ਆਗੂਆਂ ਦੇ ਇਨ੍ਹਾਂ ਵਾਅਦਿਆਂ ਤੇ ਭਰੋਸਿਆਂ ਨੂੰ ਘੋਖਵੀਂ ਨਿਗਾਹ ਨਾਲ ਜਾਂਚਣ-ਪਰਖਣ ਦੀ ਥਾਂ ਇਨ੍ਹਾਂ ਉਤੇ ਅੰਨ੍ਹਾ ਵਿਸ਼ਵਾਸ਼ ਕਰ ਲਿਆ। ਵਰਨਾ ਇਹ ਗੱਲ ਬੁੱਝਣੀ ਬਹੁਤੀ ਔਖੀ ਨਹੀਂ ਸੀ ਕਿ ਇੱਕ ਤਾਂ ਇਨ੍ਹਾਂ ਵਾਅਦਿਆਂ ਅੰਦਰ ਠੋਸ ਗੱਲ ਕੋਈ ਨਹੀਂ ਸੀ ਕੀਤੀ ਗਈ, ਸਿਰਫ਼ ਕਾਂਗਰਸੀ ਆਗੂਆਂ ਦੇ ਬਚਨਾਂ ਤੇ ਵਿਸ਼ਵਾਸ਼ ਕਰਨ ਦੀ ਹੀ ਗੱਲ ਕੀਤੀ ਗਈ ਸੀ। ਦੂਜਾ, ਜੇਕਰ ਉੱਪਰ ਬਿਆਨੇ**

**ਪੰਜਾਂ ਹੀ ਵਾਅਦਿਆਂ ਦੇ ਸਮੇਂ ਤੇ ਸਥਿਤੀ ਦਾ ਵਿਸ਼ਲੇਸ਼ਨ ਕੀਤਾ ਜਾਵੇ ਤਾਂ ਇਹ ਸੱਚਾਈ ਸਾਫ਼ ਉਜਾਗਰ ਹੁੰਦੀ ਹੈ ਕਿ ਇਹ ਵਾਅਦੇ ਉਦੋਂ ਹੀ ਕੀਤੇ ਗਏ ਜਦ ਕਾਂਗਰਸੀ ਆਗੂਆਂ ਨੂੰ ਸਿੱਖ ਲੀਡਰਸ਼ਿਪ ਦੀ ਹਮਾਇਤ ਤੇ ਸਹਿਯੋਗ ਦੀ ਭਾਰੀ ਲੋੜ ਸੀ। ਸੋ, ਸਿੱਖ ਲੀਡਰਸ਼ਿਪ ਜੇਕਰ ਥੋੜ੍ਹੀ ਜਿੰਨੀ ਵੀ ਪੜਚੋਲ ਤੇ ਵਿਸ਼ਲੇਸ਼ਨ ਦੀ ਬਿਰਤੀ ਰੱਖਦੀ ਹੁੰਦੀ ਤਾਂ ਉਸ ਨੂੰ ਕਾਂਗਰਸੀ ਆਗੂਆਂ ਦੇ ਇਨ੍ਹਾਂ ਵਾਅਦਿਆਂ ਅਤੇ ਉਨ੍ਹਾਂ ਦੇ ਹਕੀਕੀ ਇਰਾਦਿਆਂ 'ਚ ਵੱਡੇ ਪਾੜੇ ਦੀ ਹਕੀਕਤ ਪਛਾਣਨ ਵਿੱਚ ਬਹੁਤੀ ਮੁਸ਼ਕਲ ਨਹੀਂ ਸੀ ਆਉਣੀ।''**

[ਅਜਮੇਰ ਸਿੰਘ: ਉਪਰੋਕਤ, ਸਫ਼ੇ 87-89]

## ਕੌਮੀ ਜਜ਼ਬੇ ਦੀ ਉਤਪਤੀ ਅਤੇ ਵਿਕਾਸ

"ਸਮਾਜਿਕ ਵਿਗਿਆਨ ਦੇ ਦ੍ਰਿਸ਼ਟੀਕੋਣ ਤੋਂ ਦੇਖਿਆਂ ਕੌਮੀ ਜਜ਼ਬੇ ਦੀ ਉਤਪਤੀ ਤੇ ਵਿਕਾਸ ਦਾ ਅਮਲ ਇੱਕ ਇਤਿਹਾਸਕ ਵਰਤਾਰਾ ਹੈ ਜੋ ਇਤਿਹਾਸ ਦੇ ਇੱਕ ਖ਼ਾਸ ਪੜਾਅ ਤੇ ਜਾ ਕੇ ਪੈਦਾ ਹੋਇਆ। ਮੁੱਧਯੁਗ ਦੇ ਮੁਢਲੇ ਦੌਰ ਤੱਕ 'ਕੌਮ' ਅਤੇ 'ਕੌਮਪ੍ਰਸਤੀ' ਦਾ ਕੋਈ ਸੰਕਲਪ ਪੈਦਾ ਨਹੀਂ ਸੀ ਹੋਇਆ। ਲੋਕਾਂ ਦੀ ਬੁਨਿਆਦੀ ਵਫ਼ਾਦਾਰੀ ਅਪਣੇ ਰਾਜੇ ਅਤੇ ਰਾਜਾਸ਼ਾਹੀ ਨਾਲ ਹੁੰਦੀ ਸੀ। ਪਰਜਾ ਅੰਦਰ ਆਪਣੇ ਰਾਜੇ ਤੇ ਉਸਦੇ ਰਾਜ ਦੀ ਰੱਖਿਆ ਨੂੰ ਆਪਣਾ ਧਰਮ ਸਮਝਣ ਦੀ ਸੋਚ ਤੇ ਭਾਵਨਾ ਵਿਕੱਸਤ ਕਰਨ ਦੇ ਯਤਨ ਕੀਤੇ ਜਾਂਦੇ ਸਨ। ਇਸ ਕਾਰਜ ਵਿੱਚ ਧਾਰਮਿਕ ਮੁਖੀਆਂ ਦਾ ਉਚੇਚਾ ਸਹਿਯੋਗ ਲਿਆ ਜਾਂਦਾ ਸੀ। ........ਰਾਜ ਦੀਆਂ ਫ਼ੌਜਾਂ 'ਮਾਗਵੀਂ ਧਾੜ' ਦੇ ਦਸਤੂਰ ਅਨੁਸਾਰ ਖੜ੍ਹੀਆਂ ਕੀਤੀਆਂ ਜਾਂਦੀਆ ਸਨ। .......ਇਤਿਹਾਸ ਅੰਦਰ ਮੱਧਯੁਗ ਦੀਆਂ ਸਾਰੀਆਂ ਜੰਗਾਂ ਦੌਰਾਨ 'ਧਰਮ' ਅਤੇ 'ਰਾਜ-ਭਗਤੀ' ਦੇ ਜਜ਼ਬੇ ਨੇ ਨਿਰਣਾਇਕ ਭੂਮਿਕਾ ਨਿਭਾਈ ਹੈ। ....

ਮੁੱਧਯੁਗ ਦੇ ਮਗਰਲੇ ਦੌਰ ਅੰਦਰ ਹਾਲਤ ਵਿੱਚ ਇੱਕ ਵੱਡੀ ਤੇ ਸਿਫ਼ਤੀ ਤਬਦੀਲੀ ਵਾਪਰਨੀ ਸ਼ੁਰੂ ਹੋਈ। ਲੋਕਾਂ ਅੰਦਰ ਆਪਣੀ ਜ਼ੁਬਾਨ, ਧਰਤੀ, ਵਿਰਾਸਤ, ਭਾਈਚਾਰੇ 'ਤੇ ਸਭਿਆਚਾਰ ਨਾਲ ਮੋਹ ਦੀਆਂ, ਭਾਵਨਾਵਾਂ ਪ੍ਰਫੁੱਲਤ ਹੋਣ ਲੱਗੀਆਂ। ਆਰਥਿਕ, ਸਮਾਜਿਕ ਤੇ ਸਭਿਆਚਾਰਕ ਜ਼ਿੰਦਗੀ ਅੰਦਰ ਵੱਡੀਆਂ ਵਿਕਾਸਮੁਖੀ ਤਬਦੀਲੀਆਂ ਦੇ ਸਿਲਸਿਲੇ ਨਾਲ, ਲੰਮੇ ਚਿਰਾਂ ਤੋਂ ਇੱਕ ਸਾਂਝੇ ਖੇਤਰ ਅੰਦਰ ਰਹਿੰਦੇ ਆ ਰਹੇ ਅਤੇ ਸਾਂਝੀ ਜ਼ੁਬਾਨ, ਸਭਿਆਚਾਰ, ਇਤਿਹਾਸ ਤੇ ਵਿਰਸੇ ਦੀਆਂ ਸਾਂਝੀਆਂ ਤੰਦਾਂ ਨਾਲ ਜੁੜੇ ਲੋਕਾਂ ਦੇ ਅਲੱਗ-ਅਲੱਗ ਕੌਮੀ ਭਾਈਚਾਰਿਆਂ ਦੇ ਰੂਪ ਵਿੱਚ ਜਥੇਬੰਦ ਹੋਣ ਦਾ ਅਮਲ ਅੱਗੇ ਵਧਿਆ। ਸਹਿਜੇ-ਸਹਿਜੇ ਉਨ੍ਹਾਂ ਦੀਆਂ ਅਲੱਗ-ਅਲੱਗ ਕੌਮੀ ਹਸਤੀਆਂ ਉੱਭਰ ਆਈਆਂ .......ਰਾਜ-ਭਗਤੀ ਦੇ ਜਜ਼ਬੇ ਦੀ ਜਗ੍ਹਾ ਕੌਮੀ ਸੋਝੀ ਤੇ ਭਾਵਨਾ ਪ੍ਰਫੁੱਲਤ ਹੋਣ ਲੱਗੀ .......... ਲੋਕ ਹਰ ਮਸਲੇ ਨੂੰ ਆਪਣੇ ਕੌਮੀ ਹਿਤਾਂ ਦੇ ਨੁਕਤਾ-ਨਜ਼ਰ ਤੋਂ ਦੇਖਣ ਲੱਗੇ ........ਇਸ ਆਧਾਰ 'ਤੇ 'ਜਾਇਜ਼' ਅਤੇ 'ਨਾ-ਜਾਇਜ਼' ਅਮਲਾਂ ਦਾ ਨਿਖੇੜਾ ਹੋਣ ਲੱਗਾ। 'ਹੱਕੀ' ਅਤੇ 'ਗ਼ਲਤ' ਕੁਰਬਾਨੀਆਂ ਵਿੱਚ ਵਖਰੇਵਾਂ ਕੀਤਾ ਜਾਣ ਲੱਗਾ। ਕੌਮੀ ਰਾਜਾਂ ਦੀਆਂ ਹੱਦਾਂ ਇੱਕ ਨਿਸ਼ਚਿਤ ਅਸੂਲ ਤੇ ਮਰਯਾਦਾ ਅਨੁਸਾਰ ਤੈਅ ਹੋਣ ਲੱਗ ਪਈਆਂ। ਕੌਮੀ ਰਾਜਾਂ ਦੀਆਂ ਹਥਿਆਰਬੰਦ ਫ਼ੌਜਾਂ ਅੰਦਰ 'ਮਾਗਵੀਂ ਧਾੜ' ਵਾਲੀ ਬਿਰਤੀ





ਦੀ ਥਾਂ ਕੌਮੀ ਸੋਚ ਤੇ ਭਾਵਨਾਂ ਨੇ ਲੈਣੀ ਸ਼ੁਰੂ ਕਰ ਦਿੱਤੀ। ਯੂਰਪ ਅੰਦਰ ਅਤੇ ਖ਼ਾਸ ਕਰਕੇ ਇਸ ਦੇ ਪੱਛਮੀ ਭਾਗ ਅੰਦਰ, ਕਿਉਂਕਿ ਹਰ ਕੌਮ ਨੇ ਆਪੋ-ਆਪਣੇ ਆਜ਼ਾਦ ਕੌਮੀ-ਰਾਜ ਸਥਾਪਤ ਕਰ ਲਏ ਸਨ, ਇਸ ਕਰਕੇ ਇੱਕੋ ਇਕਹਿਰੀ ਕੌਮ 'ਤੇ ਆਧਾਰਤ ਇਨ੍ਹਾਂ ਰਾਜਾਂ ਅੰਦਰ 'ਦੇਸ਼-ਭਗਤੀ' ਅਤੇ 'ਕੌਮ-ਪ੍ਰਸਤੀ' ਦੀਆਂ ਟਰਮਾਂ ਸਮ-ਅਰਥੀ ਹੋ ਨਿਬੜੀਆਂ। ਪਰ ਪੂਰਬ ਦੇ ਬਹੁਤੇ ਦੇਸ਼ਾਂ ਅੰਦਰ, ਜਿਥੇ ਇੱਕ ਤੋਂ ਵੱਧ ਕੌਮਾਂ ਨੂੰ ਇੱਕੋ ਸਾਂਝੇ ਰਾਜ ਅੰਦਰ ਨਰੜ ਕੇ ਰੱਖਿਆ ਹੋਇਆ ਸੀ, 'ਦੇਸ਼-ਭਗਤੀ' ਤੇ ਕੌਮ-ਪ੍ਰਸਤੀ' ਦੋ ਅਲੱਗ-ਅਲੱਗ ਗੱਲਾਂ ਸਨ। ਇੱਕ ਬਹੁ-ਕੌਮੀ ਰਾਜ ਅੰਦਰ 'ਗ਼ਾਲਬ-ਕੌਮ' ਅਤੇ 'ਮਹਿਕੂਮ-ਕੌਮ' (ਜਾਂ ਕੌਮਾਂ) ਦੇ ਹਿਤ ਇੱਕ ਸਮਾਨ ਨਹੀਂ ਹੋ ਸਕਦੇ। ਦੋਨਾਂ ਦੇ ਹਿਤਾਂ ਤੇ ਨਜ਼ਰੀਏ ਵਿੱਚ ਬੁਨਿਆਦੀ ਪਾੜਾ ਹੁੰਦਾ ਹੈ। ਗ਼ਾਲਬ ਕੌਮ ਦੀ ਰੁਚੀ ਦੇਸ਼ ਦੇ ਕਾਇਮ-ਮੁਕਾਮ ਢਾਂਚੇ ਅਤੇ ਸਰੂਪ ਨੂੰ ਬਰਕਰਾਰ ਰੱਖਣ ਵਿੱਚ ਹੁੰਦੀ ਹੈ ਕਿਉਂ ਜੁ ਇਹ ਢਾਂਚਾ ਉਸਨੂੰ ਦੇਸ਼ ਅੰਦਰਲੀਆਂ ਦੂਸਰੀਆਂ ਮਜ਼ਲੂਮ ਕੌਮਾਂ ਉਤੇ ਕਾਠੀ ਪਾ ਕੇ ਰੱਖਣ ਵਿੱਚ ਸਹਾਈ ਹੁੰਦਾ ਹੈ। ਇਸ ਦੇ ਉਲਟ, ਮਹਿਕੂਮ ਕੌਮਾਂ ਦੇ ਹਿਤ ਇਸ ਢਾਂਚੇ ਨੂੰ ਜਾਂ ਤਾਂ ਪੂਰੀ ਤਰ੍ਹਾਂ ਤਹਿਸ-ਨਹਿਸ ਕਰ ਸੁੱਟਣ ਜਾਂ ਫਿਰ ਇਸ ਵਿੱਚ ਭਾਰੀ ਰੱਦੋ-ਬਦਲ ਲਿਆਉਂਣ ਦੀ ਮੰਗ ਕਰਦੇ ਹਨ, ਜਿਸ ਨਾਲ ਉਹ ਗ਼ਾਲਬ-ਕੌਮ ਦੀ ਗ਼ੁਲਾਮੀ ਤੋਂ ਨਿਜ਼ਾਤ ਹਾਸਿਲ ਕਰ ਸਕਣ। ਇਸ ਤਰ੍ਹਾਂ ਦੇਸ਼ ਦੇ ਕਾਇਮ-ਮੁਕਾਮ ਢਾਂਚੇ ਦੀ ਰੱਖਿਆ ਕਰਨਾ ਗ਼ਾਲਬ ਕੌਮ ਦਾ 'ਦੇਸ਼-ਭਗਤ' ਕਰਤਵ ਹੋ ਜਾਂਦਾ ਹੈ, ਜਦ ਕਿ ਇਸ ਢਾਂਚੇ ਦੀਆਂ ਚੂਲਾਂ ਉਖੇੜ ਸੁੱਟਣੀਆਂ ਮਹਿਕੂਮ ਕੌਮਾਂ ਦੀ ਪਹਿਲੀ ਲੋੜ ਬਣ ਜਾਂਦੀ ਹੈ ਮਹਿਕੂਮ ਕੌਮਾਂ ਦੀ ਜੰਤਾ, ਜੇਕਰ ਉਸ ਦੀ ਆਪਣੀ ਹੀ ਗ਼ੁਲਾਮੀ ਦੇ ਇਸ ਸੰਦ ਦੀ ਰੱਖਿਆ ਕਰਕੇ ਇਸ ਨੂੰ ਮਜ਼ਬੂਤੀ ਬਖਸ਼ਦੀ ਹੈ ਤਾਂ ਉਹ ਆਪਣੀ ਹੀ ਗਰਦਨ ਦੁਆਲੇ ਫ਼ਾਸੀ ਦਾ ਰੱਸਾ ਕੱਸਣ ਦਾ ਸਵੈ-ਵਿਨਾਸ਼ਕਾਰੀ ਕਰਮ ਕਰ ਰਹੀ ਹੁੰਦੀ ਹੈ। ਜਿਵੇਂ ਗ਼ਾਲਬ ਕੌਮ ਅਤੇ ਮਹਿਕੂਮ ਕੌਮ ਦੇ ਹਿਤ ਇੱਕ-ਸਮਾਨ ਨਹੀਂ ਹੁੰਦੇ, ਉਸੇ ਤਰ੍ਹਾਂ ਉਨ੍ਹਾਂ ਦੇ ਫ਼ਰਜ਼ ਵੀ ਇੱਕ-ਸਮਾਨ ਨਹੀਂ ਹੋ ਸਕਦੇ। ਇੱਕ ਲਈ ਜੋ 'ਪੁੰਨ ਹੈ, ਦੂਜੇ ਲਈ ਉਹ 'ਪਾਪ' ਹੈ। ਇੱਕ ਲਈ ਜੋ ਪਵਿੱਤਰ ਹੈ , ਦੂਜੇ ਲਈ ਉਹ ਦੂਸ਼ਤ ਹੈ। ਜਿਥੇ ਮਹਿਕੂਮ ਕੌਮ ਵੱਲੋਂ ਆਪਣੀ ਆਜ਼ਾਦੀ ਲਈ ਲੜਨਾ ਉਸ ਦਾ ਕੌਮੀ ਫ਼ਰਜ਼ ਤੇ ਪਵਿੱਤਰ ਕਰਮ ਹੈ, ਉਥੇ ਗ਼ਾਲਬ ਕੌਮ ਦੀਆਂ ਨਜ਼ਰਾਂ ਵਿੱਚ ਇਹ ਘੋਰ-ਅਪ੍ਰਾਧ ਹੈ। ਗ਼ਾਲਬ ਧਿਰ ਦੀ ਕੌਮ-ਪ੍ਰਸਤੀ ਤੇ ਮਜ਼ਲੂਮ-ਧਿਰ ਦੀ ਕੌਮ-ਪ੍ਰਸਤੀ ਵਿਚਕਾਰ ਵੱਡਾ ਵਖਰੇਵਾਂ ਹੁੰਦਾ ਹੈ। ਗ਼ਾਲਬ ਕੌਮ ਦਾ ਇਹ ਯਤਨ ਹੁੰਦਾ ਹੈ ਕਿ ਦੇਸ਼ ਦੀ ਸਮੁੱਚੀ ਜਨਤਾ ਅੰਦਰ ਦੇਸ਼ ਦੀ ਰੱਖਿਆ ਦਾ ਜਜ਼ਬਾ ਪ੍ਰਫੁੱਲਤ ਕੀਤਾ ਜਾਵੇ। ਇਸ ਉਦੇਸ਼ ਲਈ, ਉਸ ਵੱਲੋਂ ਇਸ ਨੂੰ 'ਪਵਿੱਤਰ ਫ਼ਰਜ਼' 'ਪਵਿੱਤਰ ਜਜ਼ਬਾ' ਤੇ 'ਪਵਿੱਤਰ ਕਰਮ' ਕਹਿ ਕੇ ਦੱਸਿਆ ਜਾਂਦਾ ਹੈ। ਆਮ ਜੰਤਾ ਅੰਦਰ ਦੇਸ਼ ਪ੍ਰਤੀ ਵਫ਼ਾਦਾਰੀ ਬਾਰੇ ਗ਼ਲਤ ਵਿਚਾਰ ਤੇ ਭਾਵਨਾਵਾਂ ਦਾ ਪ੍ਰਸਾਰ ਕੀਤਾ ਜਾਂਦਾ ਹੈ। ਗ਼ਾਲਬ ਕੌਮ ਅੰਦਰਲੇ ਹੁਕਮਰਾਨ ਵਰਗ ਦਾ ਸਾਰਾ ਯਤਨ ਹੁੰਦਾ ਹੈ ਕਿ ਮਹਿਕੂਮ ਕੌਮ ਦੇ ਅੰਦਰ 'ਕੌਮੀ ਚੇਤਨਾ' ਦੇ ਵਿਕਾਸ ਨੂੰ ਮੋਂਦਾ ਲਾ ਦਿੱਤਾ ਜਾਵੇ। ਇਸ ਮੰਤਵ ਲਈ ਉਸ ਵੱਲੋਂ ਮਹਿਕੂਮ ਕੌਮ ਦੀ ਜੰਤਾ ਅੰਦਰ ਗੁਮਰਾਹਕੁਨ ਵਿਚਾਰਾਂ ਤੇ ਧਾਰਨਾਵਾਂ ਦੇ ਪ੍ਰਚਾਰ-ਪ੍ਰਸਾਰ ਦੇ ਉਚੇਚੇ ਯਤਨ ਕੀਤੇ ਜਾਂਦੇ ਹਨ। ਮਹਿਕੂਮ ਕੌਮਾਂ ਦੇ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕਰਨਾ ਇਸ ਰਣਨੀਤੀ ਦਾ ਅਹਿਮ ਹਿੱਸਾ ਹੁੰਦਾ ਹੈ। ਮਹਿਕੂਮ ਕੌਮ ਦੇ ਲੋਕਾਂ ਦੀ ਬੁੱਧੀ ਭ੍ਰਿਸ਼ਟ ਕਰਨ ਲਈ, ਇਸ ਕਾਰਜ ਵਿੱਚ

ਕਾਬਲ ਵਿਦਵਾਨਾਂ ਦੀਆਂ ਸੇਵਾਵਾਂ ਹਾਸਿਲ ਕੀਤੀਆਂ ਜਾਂਦੀਆਂ ਹਨ। ਖ਼ੁਦ ਮਹਿਕੂਮ ਕੌਮਾਂ ਦੇ ਵਿਦਵਾਨਾਂ ਤੇ ਲਿਖਾਰੀਆਂ ਨੂੰ ਇਸ ਬਦਕਾਰ ਧੰਦੇ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਚੈਕੋਸਲੋਵਾਕੀਆ (ਜੋ ਹੁਣ ਦੋ ਅਲੱਗ-ਅਲੱਗ ਅਤੇ ਆਜ਼ਾਦ ਕੌਮੀ ਰਾਜਾਂ ਵਿੱਚ ਤਬਦੀਲ ਹੋ ਚੁੱਕਾ ਹੈ) ਦਾ ਇੱਕ ਪ੍ਰਤਿਭਾਵਾਨ ਲੇਖਕ Milan Kundera ਗ਼ਾਲਬ ਕੌਮਾਂ ਦੇ ਇਸ ਘਿਨਾਉਂਣੇ ਕਰਮ ਨੂੰ ਇਸ ਤਰ੍ਹਾਂ ਬਿਆਨ ਕਰਦਾ ਹੈ:

"ਇੱਕ ਕੌਮ ਨੂੰ ਨੇਸਤੋਨਾਬੂਦ ਕਰਨ ਦਾ ਪਹਿਲਾ ਕਦਮ ਉਸ ਦੀ ਯਾਦਦਾਸ਼ਤ ਨੂੰ ਮੇਟ ਸੁੱਟਣਾ ਹੁੰਦਾ ਹੈ। ਉਸ ਦੀਆਂ ਕਿਤਾਬਾਂ, ਉਸ ਦੇ ਸਭਿਆਚਾਰ, ਉਸ ਦੇ ਇਤਿਹਾਸ ਨੂੰ ਉਜਾੜ ਦਿਓ, ਫਿਰ ਕਿਸੇ ਕੋਲੋਂ ਨਵੀਆਂ ਕਿਤਾਬਾਂ ਲਿਖਵਾ ਲਓ, ਨਵਾਂ ਸਭਿਆਚਾਰ ਘੜ ਲਓ, ਇੱਕ ਨਵਾਂ ਇਤਿਹਾਸ ਈਜਾਦ ਕਰ ਲਵੋ। ਕੁਝ ਚਿਰ ਬਾਅਦ ਉਹ ਕੌਮ ਆਪੇ ਇਹ ਗੱਲ ਭੁੱਲ ਜਾਵੇਗੀ ਕਿ ਉਹ ਕੀ ਹੈ ਤੇ ਕੀ ਸੀ ........ਮਨੁੱਖ ਦੀ ਸੱਤਾ ਦੇ ਵਿਰੁਧ ਜਦੋਜਹਿਦ ਯਾਦਦਾਸ਼ਤ ਦੀ ਭੁੱਲ-ਭੁਲਾਅ ਜਾਣ ਦੇ ਵਿਰੁਧ ਜਦੋਜਹਿਦ ਹੈ" (ਮਿਲਾਨ ਕੁੰਦਰਾ : ਦ ਬੁੱਕ ਆਫ਼ ਲਾਫ਼ਟਰ ਐਂਡ ਫ਼ਾਰਗੈਟਿੰਗ)।

ਉਪਰੋਕਤ ਚਰਚਾ ਦੀ ਰੌਸ਼ਨੀ ਵਿੱਚ ਦੇਖਿਆਂ ਸਿੱਖ ਲੀਡਰਸ਼ਿਪ ਦੀ ਅਤੇ ਆਮ ਰੂਪ ਵਿੱਚ ਸਮੁੱਚੇ ਸਿੱਖ ਭਾਈਚਾਰੇ ਦੀ 'ਕੌਮੀ–ਚੇਤਨਾ' ਦੀ ਮੰਦੀ ਦਸ਼ਾ ਆਪਣੇ ਮੂੰਹੋਂ ਆਪ ਬੋਲਦੀ ਸੁਣੀ ਜਾ ਸਕਦੀ ਹੈ। ਕੌਮੀ–ਚੇਤਨਾ ਦੀ ਜੋ ਆਮ ਤਸਵੀਰ ਉੱਪਰ ਖਿੱਚੀ ਗਈ ਹੈ, ਉਹ ਬਿਨ੍ਹਾ–ਸ਼ੱਕ ਇੱਕ ਆਦਰਸ਼ਕ ਹਾਲਤ ਨੂੰ ਰੂਪਮਾਨ ਕਰਦੀ ਹੈ। ਆਮ ਹਕੀਕਤ ਤੇ ਆਦਰਸ਼ਕ ਹਾਲਤ ਵਿੱਚ ਹਮੇਸ਼ਾ ਪਾੜਾ ਰਹਿੰਦਾ ਹੈ। ਪਰ ਸਿੱਖ ਕੌਮ ਦੇ ਮਾਮਲੇ ਵਿੱਚ ਇਹ ਪਾੜਾ ਏਨਾ ਵੱਡਾ ਹੈ ਕਿ ਕਈ ਪੱਖਾਂ ਤੋਂ ਸਿੱਖ ਕੌਮ ਅਜੇ ਮੱਧਯੁਗੀ ਚੇਤਨਾ ਦੀ ਅਵੱਸਥਾ 'ਤੇ ਹੀ ਅਟਕੀ ਪ੍ਰਤੀਤ ਹੁੰਦੀ ਹੈ। **ਸਿੱਖ ਜਨਤਾ ਦੇ ਭਾਰਤੀ-ਰਾਜ ਤੇ ਦੇਸ਼ ਪ੍ਰਤੀ ਵਫ਼ਾਦਾਰੀ ਦੇ ਜਜ਼ਬੇ 'ਚ 'ਕੌਮੀ-ਚੇਤਨਾ' ਦਾ ਕੋਈ ਮਾਮੂਲੀ ਜਿਹਾ ਵੀ ਅੰਸ਼ ਦਿਖਾਈ ਨਹੀਂ ਦਿੰਦਾ।"** (ਅਜਮੇਰ ਸਿੰਘ : ਵੀਹਵੀਂ ਸਦੀ ਦੀ ਸਿੱਖ ਰਾਜਨੀਤੀ –ਇਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ, ਸਫ਼ੇ 111–113)

## ਕੌਮ ਦੀ ਪ੍ਰੀਭਾਸ਼ਾ

"ਇਤਿਹਾਸ ਅੰਦਰ ਕੌਮਾਂ ਦੇ ਉਗਮਣ ਤੇ ਵਿਗਸਣ ਦੇ ਅਮਲ ਬਾਰੇ, ਪਿਛਲੀਆਂ ਲੱਗਪਗ ਦੋ ਸਦੀਆਂ ਤੋਂ, ਅਲੱਗ–ਅਲੱਗ ਵਿਦਵਾਨਾਂ ਦੇ ਅਲੱਗ–ਅਲੱਗ ਸਿਧਾਂਤ ਰਹੇ ਹਨ। ਜ਼ਿੰਦਗੀ ਦੇ ਠੋਸ ਤਜ਼ਰਬੇ ਨੇ ਇਨ੍ਹਾਂ 'ਚੋਂ ਕੁਝ ਸਿਧਾਂਤਾਂ ਨੂੰ ਪੂਰੀ ਤਰ੍ਹਾਂ ਨਿਕਾਰ ਦਿੱਤਾ ਹੈ, ਕਈਆਂ ਦੀ ਅੰਸ਼ਕ ਤੇ ਕਈਆਂ ਦੀ ਭਾਰੂ ਰੂਪ ਵਿੱਚ ਪੁਸ਼ਟੀ ਕੀਤੀ ਹੈ। ਮਨੁੱਖੀ ਇਤਿਹਾਸ ਦੇ ਇਸ ਅਤੀ ਅਹਿਮ ਵਰਤਾਰੇ ਬਾਰੇ ਪਿਛਲੀਆਂ ਦੋ ਸਦੀਆਂ ਦੌਰਾਨ ਪੈਦਾ ਹੋਏ ਸਮੁੱਚੇ ਗਿਆਨ ਅਤੇ ਜ਼ਿੰਦਗੀ ਦੇ ਠੋਸ ਤਜ਼ਰਬੇ ਦਾ ਨਿਚੋੜ ਕੱਢਿਆ ਜਾਵੇ ਤਾਂ ਇਹ ਸੱਚਾਈ ਉਭੱਰ ਕੇ ਸਾਹਮਣੇ ਆਉਂਦੀ ਹੈ ਕਿ ਕਿਸੇ ਕੌਮੀ–ਭਾਈਚਾਰੇ ਦੇ ਵਜੂਦ ਦੇ ਘੜ੍ਹਨ, ਤਰਾਸ਼ਣ ਤੇ ਸੰਭਾਲਣ ਵਿੱਚ ਕਿਸੇ ਇੱਕ ਗੱਲ ਦਾ ਨਹੀਂ ਬਲਕਿ ਕਈ ਅੰਸ਼ਾਂ ਦਾ ਰਲਵਾਂ-ਮਿਲਵਾਂ ਰੋਲ ਹੁੰਦਾ ਹੈ। **ਉੱਨੀਵੀਂ ਸਦੀ ਦੇ ਉੱਘੇ ਫ਼ਰਾਂਸੀਸੀ ਚਿੰਤਕ ਅਰਨੈਸਟ ਰੇਨਨ ਨੇ**





ਕੌਮ ਨੂੰ ਇੱਕ 'ਜਿਉਂਦੀ ਜਾਗਦੀ ਆਤਮਾ' ਅਤੇ ਇੱਕ 'ਰੂਹਾਨੀ ਸੰਗਤ' ਦੀ ਸੰਗਿਆ ਦਿੱਤੀ ਹੈ। ਉਸ ਦੇ ਵਿਚਾਰ ਵਿੱਚ ਇੱਕ ਕੌਮੀ-ਭਾਈਚਾਰੇ ਦੇ ਮੈਂਬਰਾਂ ਅੰਦਰ ਦੋ ਗੱਲਾਂ ਜ਼ਰੂਰੀ ਹਨ। ਇੱਕ, "ਯਾਦਾਂ ਦੇ ਇੱਕ ਅਮੀਰ ਵਿਰਸੇ ਦਾ ਸਾਂਝਾ ਖ਼ਜ਼ਾਨਾ"। ਦੂਜਾ, "ਹਕੀਕੀ ਰਜ਼ਾ, ਭਾਵ ਇਕੱਠਿਆਂ ਰਹਿਣ ਦੀ ਚਾਹ ਅਤੇ ਸਾਂਝੇ ਵਿਰਸੇ ਨੂੰ ਸੰਭਾਲ ਕੇ ਰੱਖਣ ਦਾ ਦ੍ਰਿੜ ਇਰਾਦਾ"। ਇਸ ਦੇ ਨਾਲ ਹੀ, ਰੇਨਨ ਭਵਿੱਖ ਦੇ ਆਦਰਸ਼ਾਂ ਦੀ ਸਾਂਝ ਨੂੰ ਵੱਡੀ ਅਹਿਮੀਅਤ ਦਿੰਦਾ ਹੈ। ਉਹ ਇੱਕ ਕੌਮੀ ਭਾਈਚਾਰੇ ਅੰਦਰ ਅਤੀਤ ਵਿੱਚ ਰਲਕੇ ਝੱਲੀਆਂ ਮੁਸੀਬਤਾਂ ਦੇ ਸਾਂਝੇ ਅਹਿਸਾਸ, ਹਾਰਾਂ ਦੇ ਸਾਂਝੇ ਦਰਦ, ਜਿੱਤਾਂ ਦੇ ਸਾਂਝੇ ਸਰੂਰ, ਸਾਂਝੀਆਂ ਖ਼ੁਸ਼ੀਆਂ ਅਤੇ ਭਵਿੱਖ ਦੇ ਸਾਂਝੇ ਸੁਪਨਿਆਂ ਨੂੰ ਇੱਕ ਕੌਮ ਦੇ ਅਤਿ ਅਹਿਮ ਅਤੇ ਜ਼ਰੂਰੀ ਲੱਛਣ ਗਿਣਦਾ ਹੈ।" (ਉਪਰੋਕਤ ਸਫ਼ਾ 125)।

ਸਿੱਖ ਕੌਮ ਅੰਦਰ ਉੱਪਰ ਵਰਣਨ ਕੀਤੇ ਸਾਰੇ ਲੱਛਣ ਮੌਜੂਦ ਹਨ, ਬਲਕਿ ਇਸ ਤੋਂ ਵੀ ਅੱਗੇ ਵੱਧ ਕੇ 'ਇੱਕ ਇਸ਼ਟ' 'ਇੱਕ ਮਿਸ਼ਨ' 'ਇੱਕ ਜੀਵਨ-ਜੁਗਤਿ,' 'ਇੱਕ ਨਿਸ਼ਾਨ', 'ਇੱਕ ਵਿਧਾਨ' ਵੀ ਇਸ ਦੀ ਵਿਰਾਸਤ ਵਿੱਚ ਸ਼ਾਮਿਲ ਹਨ। ਜਿਥੇ ਸਿੱਖ ਕੌਮ ਅੰਦਰ ਬਾਹਰੀ ਸਰੂਪ ਅਤੇ ਚਿੰਨ੍ਹਾਂ ਦੀ ਇਕਸਾਰਤਾ ਹੈ, ਉਥੇ ਅੰਦਰੂਨੀ ਅਤੇ ਰੂਹਾਨੀਅਤ ਵਿਚਾਰਧਾਰਾ ਦੀ ਵੀ ਇਕਸਾਰਤਾ ਹੈ ਜਿਸ ਦਾ ਉਦੇਸ਼ ਹੈ ਸਮੁੱਚੀ ਮਨੁੱਖਤਾ ਦੀ ਭਲਾਈ। **ਸਰਬੱਤ ਦੇ ਭਲੇ ਦੇ ਸਿੱਖ ਕੌਮ ਦੇ ਇਸ ਸਿਧਾਂਤ ਦਾ ਆਧਾਰ ਹੈ Unity and Parent- hood of God, Equality and Brother-hood of Mankind". ਇਸ ਬੁਨਿਆਦੀ ਆਦਰਸ਼ ਦੇ ਹਾਣ ਦਾ ਹੋਰ ਕੋਈ ਵੀ ਆਦਰਸ਼ ਸੰਸਾਰ ਦੀ ਹੋਰ ਕਿਸੇ ਕੌਮ ਦੀ ਵਿਰਾਸਤ ਵਿੱਚ ਸ਼ਾਮਿਲ ਨਹੀਂ ਅਤੇ ਸਿੱਖ ਕੌਮ ਲਈ ਇਹ ਇੱਕ ਮਾਣ ਵਾਲੀ ਗੱਲ ਹੈ।** ਜਿਥੇ 'ਮਾਂ-ਬੋਲੀ ਦੀ ਸਾਂਝ' ਅਤੇ 'ਇੱਕ ਭੂਗੋਲਿਕ ਖੇਤਰ ਵਿੱਚ ਵਾਸਾ' ਹੋਣਾ ਵੀ ਕਿਸੇ ਕੌਮ ਦੇ ਲੱਛਣਾਂ ਵਿੱਚ ਸ਼ਾਮਿਲ ਮੰਨੇ ਜਾ ਸਕਦੇ ਹਨ, ਪਰ ਕੇਵਲ ਇਨ੍ਹਾਂ ਦੋਨਾਂ ਲੱਛਣਾਂ ਦੀ ਸਾਂਝ ਮਾਤਰ ਹੀ ਕਿਸੇ ਕੌਮ ਦੀ ਪਛਾਣ ਦੇ ਮਾਪ-ਦੰਡ ਨਹੀਂ ਹੋ ਸਕਦੇ। ਇਸ ਦੀ ਜਿਉਂਦੀ ਜਾਗਦੀ ਮਿਸਾਲ ਅਣ-ਵੰਡਿਆ ਭਾਰਤ ਜਾਂ ਵਰਤਮਾਨ ਭਾਰਤ ਦਾ ਸੂਬਾ ਪੰਜਾਬ ਹੈ। ਇਸ ਭੂਗੋਲਿਕ ਖੇਤਰ ਵਿੱਚ ਮੁਸਲਮਾਨ, ਹਿੰਦੂ, ਈਸਾਈ ਅਤੇ ਹੋਰ ਕਈ ਮਜ਼੍ਹਬੀ ਫ਼ਿਰਕੇ ਵਸਦੇ ਸਨ, (ਹੁਣ ਵੀ ਵਸਦੇ ਹਨ) ਪਰ ਇਹ ਕਦੇ ਵੀ ਇੱਕ ਸਾਂਝੀ ਕੌਮ ਦੇ ਅੰਸ਼ ਨਹੀਂ ਰਹੇ ਅਤੇ ਨਾਂ ਹੁਣ ਹੀ ਹਨ। **ਜਿਵੇਂ ਇੱਕ ਕੌਮ ਸੰਸਾਰ ਦੇ ਇੱਕ ਤੋਂ ਵੱਧ ਭੂਗੋਲਿਕ ਖੇਤਰਾਂ ਵਿੱਚ ਵੱਸੀ ਹੋਈ ਹੋ ਸਕਦੀ ਹੈ, ਤਿਵੇਂ ਹੀ ਇੱਕ ਤੋਂ ਵੱਧ ਕੌਮਾਂ ਦੂਨੀਆਂ ਦੇ ਇੱਕ ਸਾਂਝੇ ਭੂਗੋਲਿਕ ਖੇਤਰ ਅੰਦਰ ਵੱਸੀਆਂ ਵੇਖੀਆਂ ਜਾ ਸਕਦੀਆਂ ਹਨ। ਇਸ ਲਈ 'ਇੱਕ ਦੇਸ਼-ਇੱਕ ਕੌਮ' ਦਾ ਸਿਧਾਂਤ ਕੋਰਾ ਝੂਠ ਹੈ।**

"ਸਿੱਖ ਕੌਮ ਦੀ ਧਾਰਨਾਂ ਨੂੰ ਝੁਠਲਾਉਣ ਦੇ ਯਤਨ, ਮੋਟੇ ਤੌਰ 'ਤੇ ਦੋ ਧਿਰਾਂ ਵੱਲੋਂ ਕੀਤੇ ਜਾ ਰਹੇ ਹਨ। ਇੱਕ, ਬ੍ਰਾਹਮਣ-ਬਾਣੀਆਵਾਦੀ ਵਿਚਾਰਧਾਰਾ ਦੇ ਹਮਾਇਤੀਆਂ ਵੱਲੋਂ ਜੋ ਕਿ ਸਿੱਖ ਕੌਮ ਨੂੰ ਹਿੰਦੂ (ਬ੍ਰਾਹਮਣਵਾਦ) ਭਾਈਚਾਰੇ ਦਾ ਹੀ ਇੱਕ ਅੰਗ ਦਰਸਾਉਂਣ ਦੀ

**ਮੂਰਖਤਾ ਕਰ ਰਹੇ ਹਨ। ਦੂਜਾ, ਉਨ੍ਹਾਂ ਤਾਕਤਾਂ ਵੱਲੋਂ ਜੋ ਇਸ ਅਸੂਲ ਉੱਤੇ ਹੀ ਕੱਟੜਪੁਣੇ ਨਾਲ ਅੜੀਆਂ ਹੋਈਆਂ ਹਨ ਕਿ ਮਜ਼੍ਹਬ ਕਿਸੇ ਕੌਮ ਦਾ ਅਧਾਰ ਨਹੀਂ ਹੋ ਸਕਦਾ।** ਖੱਬੇ-ਪੱਖੀ ਤਾਕਤਾਂ ਇਸ ਅਸੂਲ ਦੀ ਪੈਰਵਾਈ ਕਰਨ ਵਿੱਚ ਸਭ ਤੋਂ ਮੂਹਰੇ ਹਨ। ਇਸ ਤੋਂ ਇਲਾਵਾ 'ਪੱਛਮ ਦੀ ਆਧੁਨਿਕ ਸੋਚ' ਤੋਂ ਪ੍ਰਭਾਵਤ ਹੋਰ ਵੀ ਲੋਕ ਸਨ ਜਿਨ੍ਹਾ ਨੂੰ 'ਸਿੱਖ-ਕੌਮ' ਦੀ ਧਾਰਨਾ 'ਚੋਂ ਫ਼ਿਰਕੂ ਤੰਗ-ਨਜ਼ਰੀ ਦਾ ਮੁਸ਼ਕ ਆਉਂਦਾ ਸੀ। ਉਹ ਧਰਮ ਨੂੰ ਮਨੁੱਖ ਦਾ ਇੱਕ ਨਿੱਜੀ ਮਾਮਲਾ ਕਰਾਰ ਦੇਣ ਦੀ ਪੱਛਮ ਦੀ ਸੈਕੂਲਰ ਵਿਚਾਰਧਾਰਾ ਦੇ ਕਾਇਲ ਸਨ।" (ਅਜਮੇਰ ਸਿੰਘ; ਉਪਰੋਕਤ, ਸਫ਼ਾ 126)।

ਸਿੱਖ ਸਿਧਾਂਤ ਬ੍ਰਾਹਮਣਵਾਦ ਦੇ ਸਾਰੇ ਮਾਨਵ-ਵਿਰੋਧੀ ਅਸੂਲਾਂ ਨੂੰ ਸਿਰੇ ਤੋਂ ਹੀ ਨਿਕਾਰਦਾ ਹੈ ਅਤੇ ਵੱਖਰੇ-ਵੱਖਰੇ ਮਜ਼੍ਹਬਾਂ ਦੇ ਉਨ੍ਹਾਂ ਮਾਨਵਵਾਦੀ ਸਿਧਾਂਤਾਂ ਨੂੰ ਹੀ ਸਵੀਕਾਰ ਕਰਦਾ ਹੈ ਜੋ ਸਮੁੱਚੀ ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰੀ ਦੇ ਅਧਾਰ 'ਤੇ ਮਾਨਵ-ਹੱਕਾਂ ਦੀ ਰੱਖਵਾਲੀ ਦੀ ਜ਼ਾਮਨੀ ਦੇਂਦੇ ਹਨ। **ਮੂਲ ਰੂਪ ਵਿੱਚ, ਸਿੱਖ-ਸਿਧਾਂਤ ਦਾ ਆਧਾਰ 'ਰੱਬੀ-ਰਜ਼ਾ' ਹੈ, ਕਿਸੇ ਪੈਗੰਬਰ, ਅਵਤਾਰ ਜਾਂ ਰੱਬ ਦੇ ਕਿਸੇ ਵਿਸ਼ੇਸ਼ ਪੁੱਤਰ ਦਾ ਪ੍ਰਚੱਲਤ ਕੀਤਾ (ਮਜ਼੍ਹਬ) ਜਾਂ ਮੱਤ ਨਹੀਂ।** ਸਿੱਖ ਸਿਧਾਂਤ ਵੀ ਸਿਰਫ਼ ਮੱਤ ਜਾਂ ਮਜ਼੍ਹਬ ਨੂੰ ਹੀ ਕਿਸੇ ਕੌਮ ਦਾ ਆਧਾਰ ਨਹੀਂ ਮੰਨਦਾ। ਸਿੱਖ ਫ਼ਲਸਫ਼ੇ ਅਨੁਸਾਰ ਮਜ਼੍ਹਬ ਜਾਂ ਮੱਤ ਇੱਕ ਤੋਂ ਵਧੀਕ ਹੋ ਸਕਦੇ ਹਨ (ਅਤੇ ਹਨ ਵੀ) ਪਰ ਸਾਰੀ ਮਨੁੱਖਤਾ ਦਾ 'ਧਰਮ' ਇੱਕ ਹੀ ਹੈ ਅਤੇ ਉਹ ਹੈ 'ਰੱਬੀ-ਰਜ਼ਾ' 'ਤੇ ਅਧਾਰਤ ਮਨੁੱਖੀ ਫ਼ਰਜ਼ ਅਤੇ ਮਨੁੱਖੀ ਹੱਕਾਂ ਦੀ ਪਾਲਣਾ ਕਰਨਾ (ਇਨਸਾਨੀਅਤ)। ਇਸ ਕਰਕੇ ਸਿੱਖ ਕੌਮ ਬਾਰੇ ਬ੍ਰਾਹਮਣਵਾਦੀਆਂ (ਹਿੰਦੂਆਂ) ਦੀਆਂ ਦਲੀਲਾਂ (ਹੁੱਜਤਾਂ) ਅਤੇ ਦੂਸਰੀਆਂ ਧਿਰਾਂ ਦੀਆਂ ਕਲਪਨਾਵਾਂ ਦਾ ਕੋਈ ਸਾਰਥਕ ਆਧਾਰ ਹੀ ਨਹੀਂ ਨਜ਼ਰ ਆਉਂਦਾ। **ਸੰਖੇਪ ਵਿੱਚ, ਸਿੱਖ-ਕੌਮ ਦੀ ਚੇਤਨਾ ਦਾ ਆਧਾਰ, ਰੱਬੀ ਰਜ਼ਾ ਅਨੁਸਾਰ, (ਗੁਰੂ) ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤਾ ਸਰਬੱਤ ਦੇ ਭਲੇ 'ਤੇ ਆਧਾਰਤ ਸ਼ਬਦ-ਗੁਰੂ ਦਾ (ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਕੀਤਾ) ਆਲਮਗੀਰੀ ਫ਼ਲਸਫ਼ਾ ਹੀ ਹੈ, ਇਸ ਤੋਂ ਨਾਂ ਤਾਂ ਕੁਝ ਵੱਧ ਅਤੇ ਨਾ ਹੀ ਘੱਟ। ਇਸ ਸਰਬ ਕਲਿਆਣਕਾਰੀ ਫ਼ਲਸਫ਼ੇ ਅਧੀਨ ਦਸਮੇਸ਼ ਪਿਤਾ (ਗੁਰੂ) ਗੋਬਿੰਦ ਸਿੰਘ ਜੀ ਨੇ 30 ਮਾਰਚ 1699 ਨੂੰ (ਇੱਕ ਹੋਰ ਸੋਮੇ ਅਨੁਸਾਰ 30 ਮਾਰਚ 1698) ਵਿਸਾਖੀ ਦੇ ਦਿਨ, ਸਿੱਖ ਕੌਮ ਵਿੱਚ ਸ਼ਾਮਿਲ ਹੋਣ ਵਾਲੇ ਵਿਅਕਤੀਆਂ ਨੂੰ ਸ਼ਮਸ਼ੀਰ ਦੀ ਧਾਰ ਤੇ ਪਰਖ ਕੇ ਜਿਥੇ ਸ਼ਸਤਰਧਾਰੀ ਹੋਣ ਦਾ ਹੁਕਮ ਕੀਤਾ ਸੀ, ਉਥੇ ਉਨ੍ਹਾਂ ਨੂੰ ਪੂਰਬਲੇ ਸਮੁੱਚੇ ਕਰਮ (ਕਰਮ-ਕਾਂਡ) ਮਜ਼੍ਹਬ, ਜ਼ਾਤ, ਵੰਸ਼, ਕੁੱਲ, ਵਹਿਮ-ਭਰਮ, ਨਸਲ-ਭੇਦ, ਰੰਗ-ਭੇਦ, ਲਿੰਗ-ਭੇਦ ਆਦਿ ਨਾਲੋਂ ਸਾਰੇ ਸਬੰਧ ਤੋੜਨ ਦਾ ਸਖ਼ਤ ਆਦੇਸ਼ ਵੀ ਦਿੱਤਾ ਸੀ। ਅਜਿਹੇ ਨਿਯਮਾਂ ਅਧੀਨ ਹੋਂਦ ਵਿੱਚ ਆਈ ਸਿੱਖ-ਕੌਮ ਦੀ ਸਾਰਥਿਕਤਾ ਦੂਜੀਆਂ ਭੂਗੋਲਿਕ, ਨਸਲੀ ਜਾਂ ਕਿਸੇ ਹੋਰ ਆਧਾਰ 'ਤੇ ਹੋਂਦ ਵਿੱਚ ਆਈਆਂ ਕੌਮਾਂ ਨਾਲੋਂ ਕਿਤੇ ਵੱਧ ਹਕੀਕੀ ਅਤੇ ਪ੍ਰਮਾਣੀਕ ਹੈ।**

## 'ਕੌਮ-ਪ੍ਰਸਤੀ' ਬਨਾਮ 'ਦੇਸ਼-ਪ੍ਰਸਤੀ'

ਕੌਮ (Nation) ਅਤੇ ਦੇਸ਼ (Country) ਇੱਕੋ ਚੀਜ਼ ਨਹੀਂ, ਦੋ ਅਲੱਗ-ਅਲੱਗ





ਵੰਨਗੀਆਂ ਹਨ। ਇੱਕੋ ਦੇਸ਼ ਅੰਦਰ ਕਈ ਕੌਮਾਂ ਹੋ ਸਕਦੀਆਂ ਹਨ ਜਾਂ ਇੱਕੋ ਕੌਮ ਕਈ ਦੇਸ਼ਾਂ ਵਿੱਚ ਵਿੱਖਰੀ ਹੋਈ ਹੋ ਸਕਦੀ ਹੈ।

ਕਿਸੇ ਦੇਸ਼ ਦੀਆਂ ਭੂਗੋਲਿਕ ਹੱਦਾਂ ਵੀ ਇਤਿਹਾਸ ਅੰਦਰ, ਬਦਲਦੀਆਂ ਰਹਿੰਦੀਆਂ ਹਨ। ਦੁਨੀਆਂ ਦਾ ਇਤਿਹਾਸ ਇਸ ਸੱਚਾਈ ਦਾ ਗਵਾਹ ਹੈ ਕਿ ਕਿਸੇ ਵੇਲੇ ਇੱਕ ਦੇਸ਼ ਦੇ ਨਾਂ ਨਾਲ ਜਾਣੇ ਜਾਣ ਵਾਲੇ ਭੂਗੋਲਿਕ ਖਿੱਤੇ ਵਿੱਚ ਅਲੱਗ-ਅਲੱਗ ਪ੍ਰਭੂਸੱਤਾ-ਸੰਪੰਨ ਦੇਸ਼ ਵੀ ਹੋਂਦ ਵਿੱਚ ਆਉਂਦੇ ਰਹੇ ਹਨ। ਇਸ ਤੋਂ ਇਲਾਵਾ ਰਾਜਸੀ ਧੱਕੇ-ਸ਼ਾਹੀ ਨਾਲ ਕਿਸੇ ਦੇਸ਼ ਦੇ ਕੀਤੇ ਟੁਕੜੇ, ਆਪਣੇ ਸਾਂਝੇ ਵਿਰਸੇ, ਸਾਂਝੇ ਸਭਿਆਚਾਰ, ਸਾਂਝੇ ਫ਼ਲਸਫ਼ੇ ਅਤੇ ਇਕੱਠੇ ਸਾਂਝੇ ਅਤੀਤ ਦੀਆਂ ਬਲਵਾਨ ਭਾਵਨਾਵਾਂ ਦੀ ਹੋਂਦ ਕਾਰਨ ਫਿਰ ਤੋਂ ਇੱਕ ਵੀ ਹੋ ਜਾਂਦੇ ਰਹੇ ਹਨ।

**"ਜਿੱਥੋਂ ਤੱਕ ਮੌਜੂਦਾ ਭਾਰਤ ਦਾ ਸਬੰਧ ਹੈ, ਇਤਿਹਾਸ ਅੰਦਰ ਕਦੇ ਵੀ ਇਹ ਉਪ-ਮਹਾਂਦੀਪ ਇੱਕ ਦੇਸ਼ ਨਹੀਂ ਰਿਹਾ। ਸੱਚ ਪੁੱਛੋ ਤਾਂ 1947 ਤੱਕ ਕੋਈ ਭਾਰਤ ਵੀ ਨਹੀਂ ਸੀ। ਇਹ ਸਾਰੇ ਤਾਂ 20-25 ਦੇਸ਼ ਸਨ ਜਿਹੜੇ ਅੰਗਰੇਜ਼ਾਂ ਨੇ ਇੱਕ-ਇੱਕ ਕਰਕੇ ਜਿੱਤ ਲਏ ਅਤੇ ਇਨ੍ਹਾਂ ਦੇਸ਼ਾਂ ਨੂੰ ਸਾਂਝੇ ਨਿਜ਼ਾਮ ਵਿੱਚ ਕਾਬੂ ਕਰੀ ਰੱਖਿਆ।** ਅੰਗਰੇਜ਼ਾਂ ਦਾ ਇਹ ਨਿਜ਼ਾਮ ਫ਼ੌਜੀ ਤੇ ਸਿਆਸੀ ਇੰਤਜ਼ਾਮ ਪੱਖੋਂ ਇੱਕ ਯੂਨਿਟ ਸੀ ਨਾ ਕਿ ਇੱਕ ਦੇਸ਼। ਜਿਵੇਂ ਅੱਜ ਵੀ ਯੂਰਪ ਵਿੱਚ 20 ਤੋਂ ਵੱਧ ਦੇਸ਼ ਹਨ, ਉਵੇਂ ਹੀ ਇਸ ਦੱਖਣੀ ਏਸ਼ੀਆ ਦੇ ਇਸ ਵੱਡੇ ਜ਼ਜ਼ੀਰੇ ਵਿੱਚ ਹਮੇਸ਼ਾ ਹੀ ਕਈ ਦੇਸ਼ ਰਹੇ ਹਨ। ਦੱਖਣੀ ਏਸ਼ੀਆ ਦੀ ਸਿਆਸੀ ਤਵਾਰੀਖ਼ ਵਿੱਚ ਇਨ੍ਹਾਂ ਪੁਰਾਣੇ ਦੇਸ਼ਾਂ ਦੇ ਨਾਂ ਵੀ ਮਿਲ ਜਾਂਦੇ ਹਨ। 'ਪੁਰਾਣਾ ਕਾਲ' 1000 ਵਿੱਚ (ਯਾਨੀ **ਅੱਜ ਤੋਂ 3000 ਸਾਲ ਪਹਿਲਾਂ) 23 ਦੇਸ਼ ਇਸ ਭੂਗੋਲਿਕ ਖਿੱਤੇ ਅੰਦਰ ਯਕੀਨਨ ਤੌਰ ਤੇ ਮੌਜੂਦ ਸਨ।" (ਡਾ. ਹਰਜਿੰਦਰ ਸਿੰਘ ਦਿਲਗੀਰ : ਉਪਰੋਕਤ, ਸਫ਼ਾ 27-28)**

"ਯੂਰਪ ਅੰਦਰ ਚੱਲੇ ਵਿਸ਼ੇਸ਼ ਇਤਿਹਾਸਕ ਅਮਲ ਨੇ ਸਦੀਆਂ ਤੋਂ ਵੱਖੋ-ਵੱਖਰੇ ਨਿਸ਼ਚਿਤ ਭੂਗੋਲਕ ਖਿੱਤਿਆਂ 'ਚ ਕੱਠੇ ਰਹਿੰਦੇ ਆ ਰਹੇ ਲੋਕਾਂ ਨੂੰ ਨਾ ਸਿਰਫ਼ ਇਤਿਹਾਸ, ਵਿਰਸੇ, ਭਾਸ਼ਾ, ਸਭਿਆਚਾਰ ਤੇ ਮਾਨਸਿਕ ਮੁਹਾਂਦਰੇ ਦੀ ਸਮੂਹਿਕ ਸਾਂਝ ਵਰਗੇ ਨਿਖਰਵੇਂ ਕੌਮੀ ਲੱਛਣ ਪ੍ਰਦਾਨ ਕਰ ਦਿੱਤੇ ਸਨ ਸਗੋਂ ਮੱਧਯੁਗ ਦੇ ਖ਼ਾਤਮੇ ਨਾਲ ਇਨ੍ਹਾਂ ਨੂੰ ਆਪੋ-ਆਪਣੇ ਖ਼ੁਦ-ਮੁਖਤਿਆਰ ਕੌਮੀ ਰਾਜਾਂ ਦੀ ਦਾਤ ਵੀ ਨਸੀਬ ਹੋ ਗਈ ਸੀ। ਇਉਂ ਆਪਣੇ ਕੌਮੀ ਰਾਜ ਪ੍ਰਤੀ ਸ਼ਰਧਾ ਤੇ ਵਫ਼ਾਦਾਰੀ ਦਾ ਪ੍ਰਬਲ ਜਜ਼ਬਾ, ਇਨ੍ਹਾਂ ਯੂਰਪੀ ਕੌਮਾਂ ਦੀ ਭਾਰੂ ਪਛਾਣ ਹੋ ਨਿਬੜੀ ਸੀ।

ਪੱਛਮ ਦੀ ਇਹ ਹਕੀਕਤ, ਪੂਰਬ ਦਾ ਸੁਪਨਾ ਸੀ। ਇਸ ਸੁਪਨੇ ਨੇ ਪੂਰਬ ਦੇ ਅੱਡ-ਅੱਡ ਖਿੱਤਿਆਂ ਅੰਦਰ ਅੱਡ-ਅੱਡ ਸਰੂਪ ਧਾਰਨ ਕੀਤਾ। ਭਾਰਤ ਅੰਦਰ 'ਹਿੰਦੂ' ਵਰਗ ਦੇ ਪੜ੍ਹੇ-ਲਿਖੇ ਤੱਤਾਂ ਨੂੰ, ਇਸ ਸੁਪਨੇ ਨੇ ਖਾਸ ਤੌਰ ਤੇ ਮੋਹਿਆ। ਵਜ੍ਹਾ ਇਹ ਕਿ ਇਹ ਸੁਪਨਾ

ਉਨ੍ਹਾਂ ਨੂੰ ਭਾਰਤ ਦੇ ਰਾਜਭਾਗ 'ਤੇ ਕਾਬਜ਼ ਹੋਣ ਦੇ ਸਿੱਧੇ ਤੇ ਸਪੱਸ਼ਟ ਰਾਹ ਦੀ ਦੱਸ ਪਾਉਂਦਾ ਸੀ। ਜੇਕਰ ਸਮੁੱਚਾ ਭਾਰਤ ਯੂਰਪੀ ਕੌਮੀ ਰਾਜਾਂ ਦੀ ਤਰਜ਼ 'ਤੇ ਇੱਕ-ਜੁੱਟ ਰਾਜ ਦਾ ਸਰੂਪ ਅਖ਼ਤਿਆਰ ਕਰਦਾ ਸੀ ਤਾਂ ਪੱਛਮੀ ਲੋਕਤੰਤਰ ਦੇ ਕਾਇਦੇ ਕਾਨੂੰਨਾਂ ਅਨੁਸਾਰ 'ਹਿੰਦੂ' ਬਹੁਗਿਣਤੀ ਵਰਗ ਹੀ ਭਾਰਤੀ ਰਾਜਭਾਗ ਦਾ ਕੁਦਰਤੀ ਦਾਅਵੇਦਾਰ ਬਣਦਾ ਸੀ। ਸੋ ਇਸ ਸੋਚ ਦੀ ਪ੍ਰੇਰਨਾ ਤਹਿਤ 'ਹਿੰਦੂ' ਵਰਗ ਭਾਰਤੀ ਕੌਮਵਾਦ ਦਾ ਦ੍ਰਿੜ ਝੰਡਾ-ਬਰਦਾਰ ਬਣ ਕੇ ਅੱਗੇ ਆਇਆ ਤੇ ਨਾਲ ਹੀ ਪੱਛਮ ਦੀ ਨਵੀਨ ਜਮਹੂਰੀ ਵਿਚਾਰਧਾਰਾ ਦਾ ਵੀ, ਕਿਉਂਕਿ 'ਕੌਮਵਾਦ' ਵਾਂਗ ਹੀ, ਸਿਰਾਂ ਦੀ ਗਿਣਤੀ 'ਤੇ ਅਧਾਰਤ ਲੋਕਤੰਤ੍ਰੀ ਰਾਜਪ੍ਰਣਾਲੀ ਵੀ ਇਸ ਦੇ ਵਰਗ-ਹਿੱਤ ਨੂੰ ਘਿਓ ਵਾਂਗ ਲਗਦੀ ਸੀ।

'ਹਿੰਦੂ' ਆਗੂਆਂ ਵੱਲੋਂ ਜ਼ੋਸ਼ੋਖ਼ਰੋਸ਼ ਨਾਲ ਅਪਣਾਈ ਗਈ ਇਸ ਕੌਮ-ਪ੍ਰਸਤੀ ਦੀ ਅਸਲੀ ਤਾਸੀਰ ਕੀ ਸੀ? ਇਹ ਉਨ੍ਹਾਂ ਦੇ ਕਥਨਾ ਤੇ ਕਰਮਾਂ ਤੋਂ ਭਲੀਭਾਂਤ ਸਪੱਸ਼ਟ ਹੋ ਜਾਂਦੀ ਹੈ। **ਲਾਲਾ ਲਾਜਪਤ ਰਾਏ** ਦੀ ਇਹ ਦ੍ਰਿੜ ਧਾਰਨਾ ਸੀ ਕਿ, ਪ੍ਰਾਚੀਨ ਭਾਰਤ ਦੇ ਗੌਰਵ ਦੀ ਗਾਥਾ 'ਚੋਂ ਹੀ ਭਾਰਤੀ ਲੋਕਾਂ ਅੰਦਰ ਆਪਣੇ-ਆਪਣੇ ਧਰਮ ਅਤੇ ਸੰਸਕ੍ਰਿਤੀ ਪ੍ਰਤੀ ਗੌਰਵ ਦੀਆਂ ਭਾਵਨਾਵਾਂ ਪੈਦਾ ਹੋ ਸਕਦੀਆਂ ਹਨ ਅਤੇ ਉਨ੍ਹਾਂ ਅੰਦਰ ਦੇਸ਼-ਪ੍ਰੇਮ ਅਤੇ ਕੌਮ-ਪ੍ਰਸਤੀ ਦਾ ਜਜ਼ਬਾ ਉੱਭਰ ਸਕਦਾ ਹੈ। ਲਾਲਾ ਜੀ ਦਾ ਇਹ ਕਥਨ ਉਨ੍ਹਾਂ ਦੀ ਸਵੈ-ਜੀਵਨੀ (ਸਟੋਰੀ ਆਫ਼ ਮਾਈ ਲਾਈਫ਼ ) 'ਚੋਂ ਲਿਆ ਗਿਆ ਹੈ। ਜਿਸ ਵਿੱਚ ਉਹ **ਇਹ ਗੱਲ ਵੀ ਕਹਿੰਦੇ ਹਨ ਕਿ ਬ੍ਰਹਮੋਂ ਸਮਾਜ ਦਾ ਆਗੂ ਬਾਬੂ ਨਵੀਨ ਚੰਦਰ ਰਾਏ, "ਹਿੰਦੀ ਨੂੰ ਭਾਰਤ ਦੀ ਕੌਮੀ ਭਾਸ਼ਾ ਵਜੋਂ ਦੇਖਦਾ ਸੀ ਅਤੇ ਚਾਹੁੰਦਾ ਸੀ ਕਿ ਇਹ ਭਾਰਤੀ ਕੌਮੀਅਤ ਦੇ ਚਬੂਤਰੇ ਦੀ ਆਧਾਰਸ਼ਿਲਾ ਬਣੇ। ਇਨ੍ਹਾਂ ਵਿਚਾਰਾਂ ਨੇ ਮੈਨੂੰ ਗੂੜ੍ਹੀ ਤਰ੍ਹਾਂ ਪ੍ਰਭਾਵਤ ਕੀਤਾ।"**

**ਅਰਬਿੰਦੋ ਘੋਸ਼ ਭਾਰਤ ਦੀ ਮੁੜ-ਸਿਰਜਨਾ ਲਈ ਵੇਦਾਂ ਅਤੇ ਭਗਵਤ ਗੀਤਾ ਦੀਆਂ ਸਿਖਿਆਵਾਂ ਨੂੰ ਅਧਾਰ ਬਣਾਉਣ ਦੇ ਵਿਚਾਰ ਦੀ ਖੁੱਲ੍ਹਮ-ਖੁੱਲ੍ਹੀ ਵਕਾਲਤ ਕਰਦਾ ਸੀ। ਪ੍ਰਸਿੱਧ ਇਤਿਹਾਸਕਾਰ ਆਰ.ਸੀ. ਮਜ਼ੂਮਦਾਰ ਅਨੁਸਾਰ ਬੰਗਾਲ ਅੰਦਰ ਹੀ ਨੈਸ਼ਨਲ ਸੁਸਾਇਟੀ ਨਾਂ ਦੀ ਇੱਕ 'ਕੌਮ-ਪ੍ਰਸਤ' ਸਭਾ ਦੇ ਬਾਨੀ ਗੋਪਾਲ ਮਿਤਰ ਦਾ ਮੰਨਣਾ ਸੀ ਕਿ , "ਭਾਰਤ ਅੰਦਰ ਕੌਮੀ ਏਕਤਾ ਦੀ ਬੁਨਿਆਦ ਹਿੰਦੂ ਧਰਮ ਹੈ" (ਆਰ.ਸੀ. ਮਜ਼ੂਮਦਾਰ: ਥਰੀ ਫੇਜ਼ਿਜ਼ ਆਫ਼ ਇੰਡੀਅਨ ਸਟਰੱਗਲ ਫ਼ਾਰ ਫ਼ਰੀਡਮ, ਸਫਾ 8) ਬਾਲ ਗੰਗਾਧਰ ਤਿਲਕ ਨੇ ਖੁੱਲ੍ਹੇਆਮ ਇਹ ਮੰਗ ਕੀਤੀ ਕਿ ਹਿੰਦੀ ਨੂੰ ਭਾਰਤ ਦੀ ਕੌਮੀ ਜ਼ੁਬਾਨ ਦਾ ਦਰਜ਼ਾ ਦਿੱਤਾ ਜਾਵੇ ਕਿਉਂ ਜੋ, "ਇਹ ਹਿੰਦੂ ਕੌਮਵਾਦ ਲਈ ਜ਼ਰੂਰੀ ਸੰਜੋਗ-ਕੜੀ ਹੈ"** (ਅਜੀਤ ਸਿੰਘ ਸਰਹੱਦੀ : ਨੈਸ਼ਨੇਲਿਜ਼ਮ ਇਨ ਇੰਡੀਆ- ਦ ਪਰੌਬਲਮ, ਸਫਾ 13) । ਹੋਰ ਤਾਂ ਹੋਰ, ਸੈਕੁਲੇਰਿਜ਼ਮ ਦੇ ਦੂਤ ਸਮਝੇ ਜਾਂਦੇ ਜਵਾਹਰ ਲਾਲ ਨਹਿਰੂ ਵਰਗੇ ਨਵੀਨ ਦਿੱਖ ਵਾਲੇ ਆਗੂ ਵੀ ਆਪਣੇ ਹਿੰਦੂਵਾਦੀ ਝੁਕਾਵਾਂ ਤੋਂ ਮੁਕਤ ਨਹੀਂ ਸਨ। **ਨਹਿਰੂ ਆਪਣੀ ਸਵੈ-ਜੀਵਨੀ ਅੰਦਰ ਇਸ ਦਾ ਇਕਬਾਲ ਇਉਂ ਕਰਦਾ ਹੈ: " ਮੇਰੇ ਪਿੱਛੇ, ਕਿਤੇ ਨੀਮ-ਚੇਤਨਾ ਅੰਦਰ ਬ੍ਰਾਹਮਣਾਂ ਦੀਆਂ ਸੈਕੜੇ ਪੁਸ਼ਤਾਂ ਦੀਆਂ ਨਸਲੀ ਯਾਦਾਂ ਪਈਆਂ ਹਨ। ਮੈਂ ਜ਼ਾਤਪੁਣੇ ਦੀ ਇਸ ਵਿਰਾਸਤ ਤੋਂ ਜਾਂ ਅਜਿਹੀ ਕਿਸੇ ਸੱਜਰੀ ਸਹੇੜ ਤੋਂ ਸੁਰਖ਼ੁਰੂ ਨਹੀਂ ਹੋ ਸਕਦਾ । ਇਹ ਦੋਨੋਂ ਮੇਰੇ ਵਜੂਦ ਦਾ ਹਿੱਸਾ ਹਨ" (ਜਵਾਹਰ ਲਾਲ ਨਹਿਰੂ : ਆਟੋਬਾਇਉਗ੍ਰਾਫ਼ੀ, ਸਫਾ 353)।**





ਹਿੰਦੂ ਕਾਂਗਰਸੀ ਆਗੂਆਂ ਵੱਲੋਂ ਜੋ ਭਾਰਤੀ ਕੌਮ ਦਾ ਸੰਕਲਪ ਉਭਾਰਿਆ ਜਾ ਰਿਹਾ ਸੀ, ਉਸ ਦਾ ਹਕੀਕੀ ਤੇ ਤਰਕ-ਯੁਕਤ ਆਧਾਰ ਕੋਈ ਨਹੀਂ ਸੀ। ਪੱਛਮ ਅੰਦਰ ਜੋ ਕੌਮਾਂ ਇੱਕ ਇੱਕਹਿਰੇ ਰੂਪ ਵਿੱਚ ਸੰਗਠਿਤ ਹੋਈਆਂ, ਉਹ ਮਹਿਜ਼ ਆਗੂਆਂ ਦੀ ਨੇਕ ਇਛਾਵਾਂ ਕਰ ਕੇ ਹੀ ਨਹੀਂ ਸਨ ਹੋ ਗਈਆਂ। ਇੱਕ ਲੰਬੇ ਇਤਿਹਾਸਕ ਅਮਲ 'ਚੋਂ ਉਨ੍ਹਾਂ ਦੀ ਸੱਚਮੁੱਚ ਦੀ ਸੰਯੁਕਤ ਕੌਮੀ ਹਸਤੀ ਵਿਕੱਸਤ ਹੋ ਚੁੱਕੀ ਸੀ। ਇਸ ਕਰਕੇ ਉਥੇ ਕੌਮੀ ਜਜ਼ਬੇ ਨੇ ਹੋਰਨਾਂ ਸਭਨਾਂ ਜਜ਼ਬਿਆਂ (ਧਾਰਮਕ, ਨਸਲੀ ਆਦਿ) ਉਤੇ ਫ਼ਤਹਿ ਹਾਸਿਲ ਕਰ ਲਈ ਸੀ। ਪਰ ਇਥੇ ਹਿੰਦੁਸਤਾਨ ਅੰਦਰ ਅਜਿਹੀ ਕੋਈ ਗੱਲ ਨਹੀਂ ਸੀ ਵਾਪਰੀ। ਪਹਿਲੀ ਗੱਲ, ਜੇਕਰ ਮੂਲ ਭਾਰਤੀ ਸਭਿਆਚਾਰ ਤੇ ਪ੍ਰੰਪਰਾ ਨੂੰ ਹੀ ਲਈਏ ਤਾਂ ਇਸ ਅੰਦਰ ਨਸਲੀ, ਧਾਰਮਕ, ਭਾਸ਼ਾਈ ਤੇ ਸਭਿਆਚਾਰਕ ਪੱਖ ਤੋਂ ਏਨੇ ਵਿਰੋਧ ਵਖਰੇਵੇਂ ਸਨ ਕਿ **Ainslie T. Embree ਨਾਂ ਦੇ ਪ੍ਰਸਿੱਧ ਬਰਤਾਨਵੀਂ ਚਿੰਤਕ (ਜਿਸ ਨੇ ਭਾਰਤੀ ਧਾਰਮਿਕ ਤੇ ਸਭਿਆਚਾਰਕ ਪ੍ਰੰਪਰਾ ਦੇ ਵਿਸ਼ੇ ਤੇ ਗੂੜ੍ਹਾ ਤੇ ਗਹਿਰ-ਗੰਭੀਰ ਅਧਿਐਨ ਕੀਤਾ ਹੈ) ਦਾ ਇਹ ਮੰਨਣਾ ਹੈ ਕਿ, "ਕਿਸੇ ਹੋਰ ਜਗ੍ਹਾ ਇਹ ਅਲੱਗ-ਅਲੱਗ ਕੌਮੀਅਤਾਂ ਹੋਣੀਆਂ ਸਨ, ਜਿਵੇਂ ਕਿ ਯੂਰਪ ਅੰਦਰ ਹੋਇਆ"** Ainslie T.Embree: ਯੁਟੋਪੀਆ ਇੰਨ ਕਨਫਲਿਕਟ-ਰੀਲੀਜਨ ਐਂਡ ਨੈਸ਼ਨਲਿਜ਼ਮ ਇੰਨ ਇੰਡੀਆ) ਭਾਰਤ ਦੀ ਸਮਾਜੀ ਸਭਿਆਚਾਰਕ ਹਕੀਕਤ ਬਾਰੇ **Ainslie T.Embree:** ਦੇ ਇਹ ਵਿਚਾਰ ਵੀ ਕਾਫ਼ੀ ਭਾਵਪੂਰਤ ਹਨ ਕਿ, **"ਜੇਕਰ ਉਨੀਵੀਂ ਸਦੀ ਦੇ ਬਰਤਾਨਵੀਂ ਤੇ ਫਰਾਂਸੀਸੀ ਟਕਸਾਲੀ ਮਾਡਲਾਂ ਦੇ ਮਾਪਦੰਡ ਅਪਣਾਏ ਜਾਣ ਤਾਂ ਭਾਰਤ ਕੌਮਪੁਣੇ ਦੀ ਕੋਈ ਵੀ ਸ਼ਰਤ ਪੂਰੀ ਨਹੀਂ ਕਰਦਾ ਕਿਉਂਕਿ ਇੱਕ ਸਾਂਝੀ ਭਾਸ਼ਾ, ਸਾਂਝਾ ਗੌਰਵਮਈ ਇਤਿਹਾਸਕ ਅਨੁਭਵ, ਇੱਕ ਸਾਂਝੀ ਧਾਰਮਕ ਪ੍ਰੰਪਰਾ, ਨਸਲੀ ਇੱਕਰੂਪਤਾ ਵਰਗੀਆਂ ਸਾਰੀਆਂ ਚੀਜ਼ਾਂ ਦੀ ਭਾਰਤ ਅੰਦਰ ਰੜਕਵੀਂ ਅਣਹੋਂਦ ਹੈ,** ਫਿਰ ਇਹ ਹਿੰਦੂ ਬਹੁਗਿਣਤੀ ਦੇ ਦਰਮਿਆਨ ਇੱਕ ਵੱਡੀ ਮੁਸਲਿਮ ਘੱਟ ਗਿਣਤੀ ਦੀ ਹੋਂਦ ਗਹਿਰੇ ਪਾੜਿਆਂ ਦਾ ਸਬੱਬ ਬਣੀ ਹੋਈ ਹੈ। ਇਨ੍ਹਾਂ ਦੋਨੋਂ ਧਰਮਾਂ ਦੀ 'ਪਰਮ-ਸੱਚ' ਦੀ ਕਲਪਨਾ ਏਨੀ ਅਲੱਗ-ਅੱਲਗ ਹੈ ਕਿ ਕੋਈ ਅਸਾਧ ਆਸ਼ਾਵਾਦੀ ਹੀ, ਇਨ੍ਹਾਂ ਦੀ ਸਵੈ-ਚੇਤੰਨ ਭਾਈਚਾਰਿਆਂ ਵਜੋਂ ਸਹਿਭਾਵ ਦੀ ਕਲਪਨਾ ਕਰ ਸਕਦਾ ਹੈ।" (ਐਂਸਲੀ .ਟੀ.ਐਮਬਰੀ : ਉਪਰੋਕਤ, ਸਫਾ 61) ........ (ਅਜਮੇਰ ਸਿੰਘ : ਉਪਰੋਕਤ, ਸਫਾ 32-37)।

**ਭਾਈ ਰਣਧੀਰ ਸਿੰਘ 'ਦੇਸ਼-ਪ੍ਰਸਤੀ' ਪ੍ਰਤੀ ਸਿੱਖ ਦ੍ਰਿਸ਼ਟੀ ਕੌਣ ਦੀ ਵਿਆਖਿਆ** ਇਸ ਤਰ੍ਹਾਂ ਕਰਦੇ ਹਨ: "ਜਿਸ ਰਾਜ ਵਿੱਚ ਸਾਡੇ ਧਰਮ ਕਰਮਾਂ ਨੂੰ ਸਾਡੇ ਧਰਮ ਅਨੁਸਾਰ ਰਾਜਮਦ ਦੇ ਧੱਕੇ ਅਤੇ ਧਿੰਗੋਜ਼ੋਰੀ ਨਾਲ ਅਨਿਆਈ ਹੱਥ ਪਾਉਂਦੇ ਹੋਣ, ਉਸ ਰਾਜ ਦੀ ਅਸੀਂ ਗੁਰੂ ਅਕਾਲ ਪੁਰਖ ਦੇ ਆਸਰੇ ਜੜ੍ਹ ਉਖੇੜ ਦੇਣੀ ਹੈ। ਖ਼ਾਲਕ(ਅਕਾਲ ਪੁਰਖ) ਦੀ ਖ਼ਲਕਤ ਨੂੰ ਸੁਖੀ ਦੇਖ ਕੇ ਸੁਖੀ ਹੋਣਾ ਹੈ, ਦੁਖੀ ਦੇਖ ਕੇ ਦੁੱਖ ਦਾ ਦਾਰੂ ਕਰਨਾ ਹੈ। ਪਰ ਕਰਨਾ ਹੈ ਪੂਰਨ ਗੁਰਮਤਿ ਦੇ ਅਸੂਲਾਂ 'ਤੇ ਦ੍ਰਿੜ ਰਹਿਕੇ ਅਤੇ ਦ੍ਰਿੜਤਾ ਸਹਿਤ ਗੁਰਮਤਿ ਅਸੂਲਾਂ ਉਤੇ ਚੱਲ ਕੇ।" (ਦਲਬੀਰ ਸਿੰਘ ਪੱਤਰਕਾਰ ਦਾ ਇੰਡੀਆ ਅਵੇਰਨੈਸ ਜੁਲਾਈ

2008 ਦੇ ਪਰਚੇ ਵਿੱਚ (ਸਫੇ 23–26) ਪ੍ਰਕਾਸ਼ਤ ਹੋਇਆ ਲੇਖ, 'ਪੰਥ–ਪ੍ਰਸਤੀ ਬਨਾਮ ਦੇਸ਼–ਪ੍ਰਸਤੀ')। **ਉਪਰ 'ਕੌਮ' ਅਤੇ 'ਦੇਸ਼' ਦੇ ਸੰਕਲਪ ਬਾਰੇ ਕੀਤੀ ਸੰਖੇਪ ਵਿਚਾਰ ਦੇ, ਦੋ ਸਪੱਸ਼ਟ ਸਿੱਟੇ ਨਿਕਲ ਰਹੇ ਹਨ। ਪਹਿਲਾ, ਮੌਜੂਦਾ ਭਾਰਤ ਨਾਂ ਤਾਂ 'ਇੱਕ ਦੇਸ਼' ਅਤੇ ਨਾ ਹੀ 'ਇੱਕ ਕੌਮ' ਹੋਣ ਦੇ ਅੰਤਰ-ਰਾਸ਼ਟਰੀ ਪੱਧਰ ਉਤੇ ਪ੍ਰਵਾਨ ਕੀਤੇ ਮਾਪ-ਦੰਡਾਂ ਦੀਆਂ ਸ਼ਰਤਾਂ ਪੂਰੀਆਂ ਕਰਦਾ ਹੈ। ਇਹ ਇੱਕ 'ਬੁਹ ਕੌਮੀ', 'ਬੁਹ-ਨਸਲੀ', 'ਬਹੁ-ਮਜ਼ਬੀ', 'ਬਹੁ-ਭਾਸ਼ੀ', ਅਲੱਗ-ਅਲੱਗ ਵਿਰਸੇ, ਰਹੁ-ਰੀਤਾਂ, ਪ੍ਰੰਪਰਾਵਾਂ, ਰਿਵਾਇਤਾਂ ਵਾਲੇ ਕੌਮੀ ਭਾਈਚਾਰਿਆਂ ਅਤੇ ਸਮਾਜਿਕ ਘੱਟ-ਗਿਣਤੀ ਵਰਗਾਂ ਦਾ ਮਿਲਗੋਭਾ ਉੱਪ-ਮਹਾਂਦੀਪ ਹੈ। ਇਨ੍ਹਾਂ ਸਾਰਿਆਂ ਨੂੰ 'ਹਿੰਦੂਵਾਦ' ਰੂਪੀ ਇਕੋ ਕੌਮੀਅਤ ਵਿੱਚ ਜ਼ਬਰੀ ਨਰੜ ਕੇ ਰੱਖਣ ਅਤੇ ਇਨ੍ਹਾਂ ਦੀ ਆਪੋ-ਆਪਣੀ ਵਿਲੱਖਣ ਹੋਂਦ ਨੂੰ ਖ਼ਤਮ ਕਰ ਕੇ ਬ੍ਰਾਹਮਣਵਾਦ ਦੇ ਖਾਰੇ ਸੁਮੰਦਰ ਵਿੱਚ ਸਮੋ ਲੈਣ ਲਈ ਹਰ ਪੱਧਰ ਤੇ ਕੀਤੀਆਂ ਜਾ ਰਹੀਆਂ ਗੈਰ-ਕੁਦਰਤੀ, ਗੈਰ-ਕਾਨੂੰਨੀ, ਗੈਰ-ਇਖ਼ਲਾਕੀ ਕਾਰਵਾਈਆਂ ਦੇ ਫ਼ਲਸਰੂਪ 1947 ਤੋਂ ਭਾਰਤ ਦੇ ਕਈ ਖਿੱਤਿਆਂ ਵਿੱਚ ਮਨੁੱਖਤਾ ਦਾ ਘਾਣ ਕੀਤਾ ਜਾ ਰਿਹਾ ਹੈ ਅਤੇ ਜਦੋਂ ਤੱਕ ਇਸ ਮਾਨਵ-ਵਿਰੋਧੀ ਅਮਲ ਨੂੰ ਪੱਕੇ ਤੌਰ ਤੇ ਬੰਦ ਨਹੀਂ ਕੀਤਾ ਜਾਂਦਾ, ਦੁਨੀਆਂ ਦੇ ਇਸ ਭੂਗੋਲਿਕ ਖਿੱਤੇ ਅੰਦਰ ਸ਼ਾਂਤੀ ਨਹੀਂ ਹੋ ਸਕਦੀ। ਦੂਜਾ, ਹਰ ਇੱਕ ਛੋਟੀ ਜਾਂ ਵੱਡੀ ਕੌਮ ਦੇ ਆਪੋ-ਆਪਣੇ ਕੌਮੀ ਹਿੱਤ ਦੇਸ਼ ਦੇ ਹਿੱਤਾਂ ਤੋਂ ਪਹਿਲਾਂ ਹਨ - ਕੌਮਾਂ ਲਈ 'ਕੌਮ ਪ੍ਰਸਤੀ' ਦੀ ਧਾਰਨਾ 'ਦੇਸ਼ ਪ੍ਰਸਤੀ' ਦੀ ਧਾਰਨਾਂ ਨਾਲੋਂ ਜ਼ਿਆਦਾ ਪਵਿੱਤਰ ਅਤੇ ਮਹੱਤਵਪੂਰਨ ਹੁੰਦੀ ਹੈ।**

14 ਮਾਰਚ 1948 ਨੂੰ, ਸ਼੍ਰੋਮਣੀ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ ਦਿੱਲੀ ਵਿਖੇ ਹੋਈ ਆਪਣੀ ਇੱਕ ਅਹਿਮ ਮੀਟਿੰਗ ਵਿੱਚ, ਅਕਾਲੀ ਦਲ ਵੱਲੋਂ ਸਾਰੀਆਂ ਰਾਜਸੀ ਸਰਗਰਮੀਆਂ ਤਿਆਗ ਕੇ, ਸਿੱਖ ਕੌਮ ਦੇ ਰਾਜਸੀ ਉਦੇਸ਼ਾਂ ਦੀ ਪੂਰਤੀ ਲਈ ਕਾਂਗਰਸੀ ਆਗੂਆਂ ਦੀ 'ਨੇਕ–ਨੀਅਤੀ ਅਤੇ ਇੰਨਸਾਫ਼–ਪਸੰਦੀ' ਉਤੇ ਨਿਰਭਰ ਕਰਨ ਦਾ ਫ਼ੈਸਲਾ ਕਰ ਲਿਆ।

ਇਸ ਤੋਂ ਅੱਠ ਕੁ ਮਹੀਨੇ ਬਾਅਦ ਵਿਧਾਨਸਾਜ਼ ਅਸੰਬਲੀ ਦੀ ਘੱਟਗਿਣਤੀਆਂ ਬਾਰੇ ਉਚ-ਪੱਧਰੀ ਸਬ–ਕਮੇਟੀ ਨੇ ਆਪਣੀ 23 ਨਵੰਬਰ 1948 ਦੀ ਰਿਪੋਰਟ ਵਿੱਚ ਸਿੱਖ ਕੌਮ ਪ੍ਰਤੀ ਆਪਣੀ 'ਨੇਕ–ਨੀਅਤੀ ਤੇ ਇੰਨਸਾਫ਼-ਪਸੰਦੀ' ਦਾ ਇਸ ਤਰ੍ਹਾਂ ਪ੍ਰਗਟਾਵਾ ਕੀਤਾ:

**"ਅਸੀਂ ਵੇਖਿਆ ਹੈ ਕਿ ਬੇਸ਼ਕ ਵੰਡ ਤੋਂ ਪਹਿਲਾਂ ਤੇ ਬਾਅਦ 'ਚ ਵੀ ਪੰਜਾਬ ਦੇ ਸਿੱਖਾਂ ਨੂੰ ਭਾਰੀ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਹੈ ......ਪਰ ਫਿਰ ਵੀ ਅਸੀਂ ਇਸ ਨਤੀਜੇ ਤੇ ਪਹੁੰਚੇ ਹਾਂ ਕਿ ਉਨ੍ਹਾਂ ਨੂੰ ਘੱਟਗਿਣਤੀ ਦੇ ਅਧਾਰ 'ਤੇ ਕੋਈ ਵਿਸ਼ੇਸ਼ ਅਧਿਕਾਰ ਦੇਣਾ ਉਚਿਤ ਨਹੀਂ।" (ਗੁਰਮੀਤ ਸਿੰਘ : ਹਿਸਟਰੀ ਆਫ਼ ਸਿੱਖ ਸਟਰਗਲਜ਼), (ਪਹਿਲਾ ਹਿੱਸਾ), ਸ.ਫ਼ੇ 84-86।**

## ਪੈਪਸੂ ਦੀ ਕਾਇਮੀ ਅਤੇ ਖ਼ਾਤਮਾ

" ਮਈ 1948 ਵਿੱਚ ਅੱਧੀ ਦਰਜ਼ਨ ਤੋਂ ਵੱਧ ਸਿੱਖ ਰਿਆਸਤਾਂ (ਪਟਿਆਲਾ,





ਨਾਭਾ, ਫ਼ਰੀਦਕੋਟ, ਕਪੂਰਥਲਾ, ਜੀਂਦ, ਕਲਸੀਆ, ਮਲੇਰਕੋਟਲਾ, ਤੇ ਨਾਲਾਗੜ੍ਹ) ਨੂੰ ਇਕੱਠੇ ਕਰਕੇ 15 ਜੁਲਾਈ ਨੂੰ 'ਪੈਪਸੂ ਸਟੇਟ' ਦਾ ਉਦਘਾਟਨ ਕਰ ਦਿਤਾ ਗਿਆ। ਪੈਪਸੂ ਦੀ ਕੁੱਲ 35 ਲੱਖ ਆਬਾਦੀ 'ਚੋਂ ਸਿੱਖ ਵਸੋਂ ਬਹੁਗਿਣਤੀ ਦੇ ਕਾਫ਼ੀ ਕਰੀਬ ਪਹੁੰਚਦੀ ਸੀ। ਇਹੀ ਵਜ੍ਹਾ ਸੀ ਕਿ ਪਹਿਲੀਆਂ ਆਮ ਚੋਣਾਂ ਅੰਦਰ ਕਾਂਗਰਸ ਨੂੰ ਦੇਸ਼ ਭਰ 'ਚ ਸਿਰਫ਼ ਪੈਪਸੂ ਅੰਦਰ ਹੀ ਪਛਾੜ ਦਾ ਮੂੰਹ ਦੇਖਣਾ ਪਿਆ ਸੀ। ਪੈਪਸੂ ਵਿੱਚ ਅਕਾਲੀਆਂ ਦੀ ਮਦਦ ਨਾਲ ਸ. ਗਿਆਨ ਸਿੰਘ ਰਾੜੇਵਾਲੇ ਦੀ ਅਗਵਾਈ ਹੇਠ ਦੇਸ਼ ਅੰਦਰਲੀ ਪਹਿਲੀ ਗ਼ੈਰ-ਕਾਂਗਰਸੀ ਅਤੇ ਸਾਂਝਾ-ਮੋਰਚਾ ਸਰਕਾਰ (21 ਅਪ੍ਰੈਲ 1952) ਹੋਂਦ ਵਿੱਚ ਆਈ ਪਰ ਚੋਣ ਪਟੀਸ਼ਨ ਅੰਦਰ **ਰਾੜੇਵਾਲਾ ਦੀ ਚੋਣ ਰੱਦ ਹੋ ਜਾਣ ਕਾਰਨ ਕੇਂਦਰੀ ਸਰਕਾਰ ਨੂੰ ਪੈਪਸੂ ਦੀ ਇਸ ਗ਼ੈਰ ਕਾਂਗਰਸੀ ਸਰਕਾਰ ਵਾਲਾ 'ਕੰਡਾ ਕੱਢ ਕੇ' (ਮਾਰਚ 1953) ਰਾਸ਼ਟਰਪਤੀ ਰਾਜ ਲਾਗੂ ਕਰਨ ਦਾ ਸੁਖਾਲਾ ਬਹਾਨਾ ਮਿਲ ਗਿਆ ਜਦਕਿ ਅਕਾਲੀਆਂ ਵੱਲੋਂ ਬਦਲਵੀਂ ਸਰਕਾਰ ਬਣਾਉਂਣ ਦੀਆਂ ਸੰਭਾਵਨਾਵਾਂ ਮੌਜੂਦ ਸਨ। ਕਿਸੇ ਸੂਬੇ ਦੀ ਚੁਣੀ ਹੋਈ ਸਰਕਾਰ ਨੂੰ ਭੰਗ ਕਰ ਕੇ ਰਾਸ਼ਟਰਪਤੀ ਰਾਜ ਲਾਗੂ ਕਰਨ ਦਾ, ਆਜ਼ਾਦ ਭਾਰਤ ਦੇ ਇਤਿਹਾਸ ਅੰਦਰ ਇਹ ਪਹਿਲਾ ਮੌਕਾ ਸੀ (ਅਜੀਤ ਸਿੰਘ ਸਰਹੱਦੀ : ਉਪਰੋਕਤ, ਸ.ਫ਼ਾ 233)। ਪਹਿਲੀ ਨਵੰਬਰ 1956 ਨੂੰ ਪੈਪਸੂ ਦੇ ਪੰਜਾਬ ਵਿੱਚ ਰਲੇਵੇਂ ਨਾਲ ਸਿੱਖਾਂ ਦਾ ਇਹ ਹੋਮਲੈਂਡ ਵੀ ਹਿੰਦੂ ਬਹੁਗਿਣਤੀ ਦੇ ਪਰਛਾਵੇਂ ਹੇਠ ਚਲਾ ਗਿਆ।**

## ਸਾਂਝੀ ਚੋਣ-ਪ੍ਰਣਾਲੀ ਲਾਗੂ ਹੋ ਗਈ

"ਹਿੰਦੂ ਆਗੂ ਜਾਣਦੇ ਸਨ ਕਿ ਵੱਖਰੇ ਚੋਣ ਖੇਤਰਾਂ ਨਾਲ ਘੱਟ ਗਿਣਤੀ ਧਾਰਮਿਕ ਵਰਗਾਂ ਅੰਦਰ ਆਪਣੀ ਵੱਖਰੀ ਪਛਾਣ ਦੀਆਂ ਭਾਵਨਾਵਾਂ ਹੋਰ ਮਜ਼ਬੂਤੀ ਫੜਨਗੀਆਂ। ਉਨ੍ਹਾਂ ਦੀ ਹਿੰਦੂ ਵਰਗ 'ਤੇ ਮੁਥਾਜ਼ਗੀ ਦੀਆਂ ਬੁਨਿਆਦਾਂ ਕਮਜ਼ੋਰ ਪੈ ਜਾਣਗੀਆਂ ਅਤੇ ਉਨ੍ਹਾਂ ਅੰਦਰ ਆਪਣੀ ਤਾਕਤ ਉਤੇ ਭਰੋਸੇ ਦਾ ਜ਼ਹਿਰ ਫੈਲ ਜਾਵੇਗਾ... ਅਤੇ ਸੁਭਾਵਕ ਹੀ ਇੱਕ ਇਕਹਿਰੀ ਅਤੇ ਸਰਬ ਸਾਂਝੀ ਭਾਰਤੀ ਕੌਮ ਦੇ ਵਿਕਾਸ ਨੂੰ ਮਾੜੇ ਰੁਖ ਪ੍ਰਭਾਵਤ ਕਰਨਗੀਆਂ। **'ਭਾਰਤੀ ਕੌਮ' ਦਾ ਸੰਕਲਪ ਅਤੇ ਜਜ਼ਬਾ ਹੀ ਤਾਂ ਹੈ ਜੋ ਹਿੰਦੂ ਕੌਮ-ਪ੍ਰਸਤੀ ਦੇ ਫਿਰਕੂ ਤੱਤ 'ਤੇ 'ਸੈਕੂਲਿਰਿਜ਼ਮ' ਦਾ ਭਰਮਾਊ ਗਿਲਾ.ਫ ਚਾੜ੍ਹਨ ਤੇ ਘੱਟਗਿਣਤੀ ਧਾਰਮਕ ਭਾਈਚਾਰਿਆਂ 'ਤੇ ਹਿੰਦੂ ਵਰਗ ਦੀ ਵਿਚਾਰਧਾਰਕ ਸਰਦਾਰੀ ਮੜ੍ਹਨ ਵਿੱਚ ਹਿੰਦੂ ਹਾਕਮਾਂ ਦੀ ਮਦਦ ਕਰਦਾ ਹੈ। ਫਿਰ ਉਹ ਆਪਣੇ ਇਸ ਵਿਚਾਰਧਾਰਕ ਹਥਿਆਰ ਨੂੰ ਛੱਡਣ ਤਾਂ ਭਲਾ ਕਿਉਂ ?** ਇਸ ਸਾਂਝੀ ਚੋਣ-ਪ੍ਰਣਾਲੀ ਦਾ ਹੀ ਸ਼ਰਾਪ ਹੈ ਕਿ ਸ. ਕਪੂਰ ਸਿੰਘ ਵਰਗੇ 'ਸਿੱਖ ਹੋਮਲੈਂਡ' ਦੇ ਦ੍ਰਿੜ ਸਮਰਥਕ ਨੂੰ ਵੀ 1967 ਦੀਆਂ ਚੋਣਾਂ ਅੰਦਰ ਨਿਰਾਸ਼ਾਜਨਕ ਹਾਰ ਦਾ ਦੁਖਦਾਈ ਤਜ਼ਰਬਾ ਹੰਢਾਉਣ ਤੋਂ ਝੱਟ ਬਾਅਦ, ਅਕਾਲੀ ਦਲ ਅਤੇ 'ਜਨਸੰਘ' ਨਾਂ ਦੀ ਕੱਟੜ ਹਿੰਦੂ ਫ਼ਿਰਕਾਪ੍ਰਸਤ ਜਮਾਤ ਵਿਚਕਾਰ ਚੋਣ ਗਠਜੋੜ ਦੀ ਵਜ਼ਾਹਤ ਕਰਨੀ ਪਈ (ਸ. ਕਪੂਰ ਸਿੰਘ ਦਾ ਅਕਤੂਬਰ 1968 ਵਿੱਚ ਕਰੰਟ ਨਾਲ ਇੰਟਰਵਿਊ) **ਇਸ ਚੋਣ-**

**ਪ੍ਰਣਾਲੀ ਅਧੀਨ ਸੱਚੀ ਪੰਥਕ ਸੋਚ ਰੱਖਣ ਵਾਲੇ ਆਗੂਆਂ ਤੇ ਉਮੀਦਵਾਰਾਂ ਨੂੰ ਵੀ ਚੋਣਾਂ ਮੌਕੇ, ਮੰਦਰਾਂ ਵਿੱਚ ਟੱਲੀਆਂ ਖੜਕਾਉਣ ਅਤੇ ਆਰਤੀਆਂ ਉਤਾਰਨ ਵਰਗੇ ਗੁਰਮਤਿ ਵਿਰੋਧੀ ਅਤੇ ਸਵੈ-ਮਾਣ ਨਾਸ਼ਕ ਅਮਲ ਕਰਨ ਲਈ ਮਜਬੂਰ ਹੋਣਾ ਪੈ ਜਾਂਦਾ ਹੈ"....**

## ਚਉ-ਤਰਫ਼ੀ ਘੇਰਾਬੰਦੀ

"…. ਅਸਲ ਵਿੱਚ ਸੰਨ ਸੰਤਾਲੀ ਦੇ ਬਟਵਾਰੇ ਦੌਰਾਨ ਲੁੱਟੀ-ਪੁੱਟੀ ਤੇ ਲਹੂ ਲੁਹਾਣ ਹੋਈ ਸਿੱਖ ਕੌਮ ਨੂੰ ਕਈ ਤਰਫ਼ੋਂ ਅਤੇ ਬਹੁਤ ਹੀ ਸ਼ਕਤੀਸ਼ਾਲੀ ਹਮਲੇ ਦਾ ਸਾਹਮਣਾ ਕਰਨਾ ਪੈ ਰਿਹਾ ਸੀ। ਬਟਵਾਰੇ ਤੋਂ ਬਾਅਦ ਪੰਜਾਬ ਅੰਦਰ ਹਿੰਦੂ ਵਰਗ ਦੀ ਭਾਰੀ ਬਹੁਸੰਮਤੀ (62 ਫ਼ੀ ਸਦੀ) ਬਣ ਜਾਣ ਸਦਕਾ ਪੰਜਾਬ ਪੂਰੀ ਤਰ੍ਹਾਂ ਕਾਂਗਰਸ ਪਾਰਟੀ ਦੇ 'ਯਮ-ਜੱਫ਼ੇ' ਵਿੱਚ ਆ ਗਿਆ ਸੀ। ਪੰਜਾਬ ਅੰਦਰ ਕਾਂਗਰਸ ਪਾਰਟੀ ਨੂੰ ਆਰੀਆ ਸਮਾਜ ਦਾ ਹੀ ਰਾਜਸੀ ਵਿੰਗ ਕਿਹਾ ਜਾ ਸਕਦਾ ਸੀ ਜੋ ਪੰਜਾਬ ਦੇ ਹਿੰਦੂ ਵਪਾਰੀ ਵਰਗ ਦੀ ਸੋਚ ਤੇ ਹਿਤਾਂ ਦੀ ਤਰਜਮਾਨੀ ਕਰਦਾ ਸੀ। ਭਾਵੇਂ ਗਿਣਤੀ ਦੇ ਲਿਹਾਜ਼ ਨਾਲ ਆਪਣੇ ਆਪ ਵਿੱਚ ਇਹ ਵਰਗ ਪੰਜਾਬੀ ਵਸੋਂ ਦਾ ਇੱਕ ਨਿਗੂਣਾ ਭਾਗ ਹੀ ਸੀ ਪਰ ਇਸ ਵਰਗ ਦੀ ਰਾਜਨੀਤਕ ਅਤੇ ਸਭਿਆਚਾਰਕ ਮਾਰ ਇਸ ਦੇ ਆਕਾਰ ਨਾਲੋਂ ਕਈ ਗੁਣਾਂ ਵੱਧ ਸੀ। ਪੰਜਾਬ ਦਾ ਸਮੁੱਚਾ ਸਵਰਨਜ਼ਾਤੀ ਹਿੰਦੂ ਤਬਕਾ ਇਸ ਬਾਣੀਆ ਵਰਗ ਦਾ ਪੱਕਾ ਯੁੱਧ-ਸਾਥੀ ਸੀ। ਸਮੁੱਚੇ 'ਗਊ ਖੇਤਰ' (ਯੂ.ਪੀ., ਬਿਹਾਰ, ਹਰਿਆਣਾ) ਦਾ ਬ੍ਰਾਹਮਣ ਤੇ ਬਾਣੀਆ ਪੰਜਾਬੀ ਹਿੰਦੂ ਵਰਗ ਦਾ ਡਟਵਾਂ ਵਿਚਾਰਧਾਰਕ ਸੰਗੀ ਸੀ। ਸਿੱਖ-ਵਿਰੋਧ ਦੇ ਮਾਮਲੇ 'ਚ, ਪੰਜਾਬੀ ਹਿੰਦੂ ਵਰਗ ਨੂੰ ਉੱਤਰੀ ਭਾਰਤ ਦੀ ਆਮ ਹਿੰਦੂ ਜਨਤਾ ਦੀ, ਖ਼ਾਸ ਕਰ ਕੇ ਸਵਰਨਜ਼ਾਤੀ ਤਬਕਿਆਂ ਦੀ ਪੱਕੀ ਹਮਾਇਤ ਹਾਸਿਲ ਸੀ। ਪੰਜਾਬ ਤੋਂ ਲੈ ਕੇ ਕੇਂਦਰ ਤੱਕ, ਸਭਨਾਂ ਅਹਿਮ ਖੇਤਰਾਂ ਅੰਦਰ ਤੇ ਪਦਵੀਆਂ 'ਤੇ, ਮੁਤੱਸਬੀ ਵਿਚਾਰਧਾਰਾ ਨੂੰ ਪ੍ਰਣਾਏ ਪੰਜਾਬੀ ਹਿੰਦੂ ਅਫ਼ਸਰਸ਼ਾਹ ਲਾਣੇ ਦੀ ਸਰਦਾਰੀ ਸੀ। ਪੰਜਾਬ ਅੰਦਰ ਪ੍ਰੈਸ ਆਰੀਆ ਸਮਾਜ ਤਾਕਤਾਂ ਦਾ ਪ੍ਰਮੁੱਖ ਹਥਿਆਰ ਸੀ ਜਿਸ ਦੀ ਫ਼ਿਰਕੂ ਉਦੇਸ਼ਾਂ ਲਈ ਵਰਤੋਂ ਦਾ ਉਸ ਨੂੰ ਵਿਸ਼ੇਸ਼ ਤਜ਼ਰਬਾ ਤੇ ਮੁਹਾਰਤ ਹਾਸਿਲ ਸੀ। ਕੁੱਲ-ਹਿੰਦ ਪੱਧਰ 'ਤੇ ਕਾਂਗਰਸ ਪਾਰਟੀ ਤੇ ਹਕੂਮਤ ਅੰਦਰ ਪੰਜਾਬੀ ਹਿੰਦੂ ਵਰਗ ਦਾ ਖ਼ਾਸ ਅਸਰ-ਰਸੂਖ਼ ਸੀ ਅਤੇ ਪੰਜਾਬ ਤੇ ਸਿੱਖ ਪੰਥ ਦੇ ਸਬੰਧ 'ਚ ਨੀਤੀ ਨਿਰਣੇ ਤੈਅ ਕਰਨ ਦੇ ਮਾਮਲੇ 'ਚ ਉਸ ਦੀ ਪੁਗਾਊ ਹੈਸੀਅਤ ਸੀ। ਪੰਜਾਬੀ ਹਿੰਦੂ ਵਰਗ ਦੀ ਤਾਕਤ ਤੇ ਅਸਰ-ਰਸੂਖ਼ ਦੇ ਇਸ ਵਿਸ਼ਾਲ ਤਾਣੇ-ਬਾਣੇ ਅੰਦਰ ਸਿੱਖ ਕੌਮ ਚੁਫੇਰਿਉਂ ਘਿਰੀ ਅਤੇ ਖ਼ਤਰੇ ਮੂੰਹ ਆਈ ਮਹਿਸੂਸ ਕਰਨ ਲੱਗੀ। **ਕੁੱਲ ਹਿੰਦ ਪੱਧਰ 'ਤੇ ਕਾਂਗਰਸੀ (ਹਿੰਦੂ) ਲੀਡਰਸ਼ਿਪ ਆਪਣੇ ਸਾਰੇ ਵਾਅਦਿਆਂ ਅਤੇ ਇਕਰਾਰਾਂ ਤੋਂ ਬੇ-ਹਯਾਈ ਨਾਲ ਮੂੰਹ ਭੁਆ ਕੇ, ਆਜ਼ਾਦ ਭਾਰਤ ਦੇ ਸੰਵਿਧਾਨ ਅੰਦਰ ਸਿੱਖਾਂ ਦੇ ਨੁਕਤਾ-ਨਜ਼ਰ ਨੂੰ 'ਸੂਈ ਦੇ ਨੱਕੇ ਜਿੰਨੀ' ਵੀ ਜਗ੍ਹਾ ਦੇਣ ਲਈ ਤਿਆਰ ਨਹੀਂ ਸੀ। ਸਿੱਖ ਕੌਮ ਦੇ ਸਰੋਕਾਰਾਂ, ਤੌਖਲਿਆਂ ਤੇ ਮੰਗਾਂ (ਹੱਕਾਂ) ਨੂੰ ਨਾ ਸਿਰਫ਼ ਬੇਰੁਖੀ ਨਾਲ ਠੁਕਰਾਇਆ ਜਾ ਰਿਹਾ ਸੀ ਸਗੋਂ ਉਨ੍ਹਾਂ ਦਾ ਬਹੁਤ ਹੀ**





**ਕਰੂਰਤਾ ਨਾਲ ਮਖੌਲ ਉਡਾਇਆ ਜਾ ਰਿਹਾ ਸੀ।** (ਵਿਧਾਨ ਸਾਜ਼ ਅਸੈਂਬਲੀ ਅੰਦਰ 25 ਮਈ 1949 ਨੂੰ ਧਾਰਮਿਕ ਘੱਟ ਗਿਣਤੀ ਵਰਗ ਵਜੋਂ ਸਿੱਖਾਂ ਦੀ ਰਿਜ਼ਰਵੇਸ਼ਨ ਦੀ ਮੰਗ ਦੇ ਵਿਰੋਧ ਵਿੱਚ ਸਰਦਾਰ ਪਟੇਲ ਵੱਲੋਂ ਦਿੱਤਾ ਗਿਆ ਚਿੜਚਿੜਾ ਭਾਸ਼ਣ, ਸਿੱਖ ਸੰਵੇਦਨਸ਼ੀਲਤਾ ਨੂੰ ਟਿੱਚ ਕਰ ਕੇ ਜਾਣਨ ਦੀ ਹੰਕਾਰੀ ਬਿਰਤੀ ਦਾ ਸੁੰਦਰ ਨਮੂਨਾ ਪੇਸ਼ ਕਰਦਾ ਹੈ (ਗੁਰਮੀਤ ਸਿੰਘ : ਹਿਸਟਰੀ ਆਫ਼ ਸਿੱਖ ਸਟਰੱਗਲਜ਼ (ਪਹਿਲਾ ਭਾਗ), ਸਫ਼ੇ 329-34)। **ਦੂਜੇ ਹੱਥ, ਫਿਰਕੂ ਤੁਅੱਸਬਾਂ ਦੀ ਡੰਗੀ ਹੋਈ ਹਿੰਦੂ ਅਫ਼ਸਰਸ਼ਾਹੀ, ਹਰ ਖੇਤਰ ਅੰਦਰ ਸਿੱਖਾਂ ਨੂੰ ਪ੍ਰੇਸ਼ਾਨ ਕਰਨ ਤੇ ਨੁੱਕਰੇ ਲਾਉਂਣ ਲਈ ਤੁਲੀ ਹੋਈ ਸੀ।** ਨੌਕਰੀਆਂ ਦੀ ਭਰਤੀ ਤੋਂ ਲੈ ਕੇ ਤਰੱਕੀਆਂ ਦੇਣ ਤੱਕ, ਡਿਊਟੀਆਂ ਦੀ ਵੰਡ ਤੋਂ ਲੈ ਕੇ ਛੁੱਟੀਆਂ ਮਨਜ਼ੂਰ ਕਰਨ ਤਕ, ਹਰ ਖੇਤਰ ਅੰਦਰ ਸਿੱਖਾਂ ਨੂੰ ਜ਼ਲੀਲ ਕੀਤਾ ਜਾ ਰਿਹਾ ਸੀ। **ਫ਼ਿਰਕੂ ਪੱਖ-ਬਾਜ਼ੀ ਦੀ ਇਹ ਖੇਡ ਐਨੇ ਨੰਗੇ ਰੂਪ ਵਿੱਚ ਖੇਡੀ ਜਾ ਰਹੀ ਸੀ ਕਿ ਗਊ ਦੇ ਜਾਇਆਂ ਵਰਗੇ ਕਾਂਗਰਸੀ ਸਿੱਖਾਂ ਨੂੰ ਵੀ ਇਸ ਵਿਰੁੱਧ ਖੁੱਲ੍ਹੇ ਬਿਆਨ ਦੇਣ ਲਈ ਮਜਬੂਰ ਹੋਣਾ ਪੈ ਰਿਹਾ ਸੀ। (ਅਜੀਤ ਸਿੰਘ ਸਰਹੱਦੀ : ਪੰਜਾਬੀ ਸੂਬੇ ਦੀ ਗਾਥਾ ਸਫ਼ਾ 166)। "ਪੰਜਾਬ ਦੀ ਸਮੁੱਚੀ ਹਿੰਦੂ ਪ੍ਰੈਸ (ਹਿੰਦ ਸਮਾਚਾਰ, ਪੰਜਾਬ ਕੇਸਰੀ, ਮਿਲਾਪ ਤੇ ਟ੍ਰਿਬਿਊਨ ਆਦਿ) ਨੇ ਇਸ ਸਿੱਖ-ਵਿਰੋਧੀ ਫ਼ਿਰਕੂ ਜ਼ਹਾਦ ਅੰਦਰ 'ਤੋਪਖਾਨੇ' ਦੀ ਕਮਾਨ ਸੰਭਾਲ ਲਈ ਹੋਈ ਸੀ ਜਿਥੋਂ ਸ਼ਬਦਾਂ ਦੀ ਥਾਂ 'ਤੇ ਫ਼ਿਰਕੂ ਤੁਅੱਸਬਾਂ ਦਾ ਬਾਰੂਦ ਵਰਤਾਇਆ ਜਾ ਰਿਹਾ ਸੀ।" (ਅਜਮੇਰ ਸਿੰਘ : ਵੀਹਵੀਂ ਸਦੀ ਦੀ ਸਿੱਖ ਰਾਜਨੀਤੀ-ਇੱਕ ਗ਼ੁਲਾਮੀ ਤੋਂ ਦੂਜੀ ਗ਼ੁਲਾਮੀ ਤੱਕ ਸਫ਼ੇ 97-98, 144-156)।** "ਸਿੱਖਾਂ ਨੂੰ ਰਾਜਨੀਤਕ ਤੌਰ 'ਤੇ ਸੰਤੁਸ਼ਟ ਕਰਨ ਲਈ ਕੋਈ ਵੀ ਕਦਮ ਨਾ ਉਠਾਇਆ ਗਿਆ। ਉਨ੍ਹਾਂ ਦੇ ਵਾਜਬ ਦਾਅਵਿਆਂ ਦਾ ਵੀ ਮਜ਼ਾਕ ਉਡਾਇਆ ਗਿਆ। ਉਨ੍ਹਾਂ ਦੀਆਂ ਇੱਛਾਵਾਂ 'ਤੇ ਦੰਦੀਆਂ ਕੱਢੀਆਂ ਗਈਆਂ। ਉਨ੍ਹਾਂ ਦੇ ਲੀਡਰ ਜੇਲ੍ਹ ਅੰਦਰ ਸੁੱਟ ਦਿੱਤੇ ਗਏ ਅਤੇ ਉਨ੍ਹਾਂ ਨੂੰ ਇਹ ਅਹਿਸਾਸ ਕਰਵਾ ਦਿੱਤਾ ਗਿਆ ਕਿ ਉਹ ਘਟੀਆ ਦਰਜੇ ਦੇ ਨਾਗਰਿਕ ਹਨ। **ਭਾਵਾਤਮਕ ਏਕਤਾ 'ਤੇ ਜ਼ੋਰ ਦਿੱਤਾ ਗਿਆ ਪਰ ਇਸ ਦਾ ਸ਼ੋਰ ਵੀ ਹਵਾ ਵਿੱਚ ਹੀ ਪਾਇਆ ਗਿਆ ਅਤੇ ਇਸ ਲਈ ਕੋਈ ਆਧਾਰ ਤਿਆਰ ਨਾ ਕੀਤਾ ਗਿਆ। (ਪੰਥ ਅੰਦਰੋਂ) ਹੱਥ-ਠੋਕੇ ਕਿਸਮ ਦੇ ਬੰਦੇ ਚੁਣੇ ਗਏ ਅਤੇ ਉਨ੍ਹਾਂ ਦਾ ਗੁੱਡਾ ਬੰਨ੍ਹਿਆ ਗਿਆ ….।"**

(ਅਜੀਤ ਸਿੰਘ ਸਰਹੱਦੀ : ਪੰਜਾਬੀ ਸੂਬੇ ਦੀ ਗਾਥਾ)

## ਪੰਜਾਬੀ ਸੂਬੇ ਦਾ ਮੋਰਚਾ

ਸਿੱਖ ਲੀਡਰਸ਼ਿਪ ਨੇ ਪੰਜਾਬੀ ਬੋਲੀ ਦੇ ਆਧਾਰ 'ਤੇ ਪੰਜਾਬੀ ਸੂਬਾ ਲੈਣ ਲਈ ਪੁਰ-ਅਮਨ ਮੋਰਚਾ ਲਾ ਦਿੱਤਾ। ਹਜ਼ਾਰਾਂ (57 ਹਜ਼ਾਰ) ਸਿੱਖਾਂ ਨੂੰ ਜੇਲ੍ਹਾਂ ਵਿੱਚ ਬੰਦ ਕਰ ਦਿੱਤਾ ਗਿਆ। ਕਈ ਸਿੱਖ ਸ਼ਹੀਦ ਕਰ ਦਿੱਤੇ ਗਏ ਅਤੇ ਸਿੱਖ ਕੌਮ ਨੂੰ ਜ਼ਲੀਲ ਕਰਨ ਲਈ ਅਨੇਕਾਂ ਘਿਨਾਉਂਣੇ ਹਥਕੰਡੇ ਵਰਤੇ ਗਏ। ਸ਼੍ਰੋਮਣੀ ਅਕਾਲੀ ਦਲ ਦੋਫਾੜ ਹੋ ਗਿਆ। (ਮਾਸਟਰ ਦਲ, ਫ਼ਤਿਹ ਸਿੰਘ ਦਲ)। ਸਿੱਖ ਕੌਮ ਨੂੰ ਕੁੱਟਣ ਲਈ ਸਿੱਖੀ ਸਰੂਪ ਵਾਲੇ ਹੱਥ-ਠੋਕੇ ਕਾਂਗਰਸੀ ਸਿੱਖਾਂ ਦੀ ਵਰਤੋਂ ਕੀਤੀ ਗਈ। 3 ਸਤੰਬਰ 1966 ਨੂੰ ਕੇਂਦਰ ਸਰਕਾਰ ਨੇ ਬੇਵਸ ਹੋ ਕੇ, ਲੋਕ

ਸਭਾ ਅੰਦਰ 'ਪੰਜਾਬ ਪੁਨਰਗਠਨ ਬਿਲ' ਪੇਸ਼ ਕਰ ਦਿੱਤਾ ਜਿਸ ਅਨੁਸਾਰ ਸਿੱਖ ਕੌਮ ਨਾਲ ਹੇਠਾਂ ਵਰਨਣ ਬੇ-ਇਨਸਾਫ਼ੀਆਂ ਅਤੇ ਧੱਕੇਸ਼ਾਹੀਆਂ ਕੀਤੀਆਂ ਗਈਆਂ :

1. ਗੰਗਾਨਗਰ (ਰਾਜਸਥਾਨ) ਸਮੇਤ ਕਿੰਨੇ ਹੀ ਪੰਜਾਬੀ ਬੋਲਦੇ ਇਲਾਕੇ ਪੰਜਾਬ ਕੋਲੋਂ ਖੋਹ ਲਏ ਗਏ।
2. ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਕੇਂਦਰੀ-ਸ਼ਾਸਤ ਇਲਾਕਾ ਕਰਾਰ ਦੇ ਦਿੱਤਾ ਗਿਆ।
3. ਪੰਜਾਬ ਦੇ ਪਾਣੀਆਂ ਦੇ ਸਾਰੇ ਹੈੱਡਵਰਕਸ (ਭਾਖੜਾ ਬਿਆਸ ਡੈਮ ਆਦਿ) ਪੰਜਾਬ ਤੋਂ ਖੋਹ ਕੇ ਕੇਂਦਰੀ ਸਰਕਾਰ ਨੇ ਆਪਣੇ ਸਿੱਧੇ ਪ੍ਰਬੰਧ ਹੇਠ ਲੈ ਲਏ।
4. ਪੰਜਾਬ ਤੇ ਹਰਿਆਣਾ ਵਿਚਕਾਰ ਸਾਂਝੀਆਂ ਕੜੀਆਂ (ਸਾਂਝਾ ਗਵਰਨਰ, ਸਾਂਝੀ ਹਾਈ ਕੋਰਟ, ਸਾਂਝਾ ਬਿਜਲੀ ਬੋਰਡ, ਸਾਂਝੀ ਵਿੱਤੀ ਕਾਰਪੋਰੇਸ਼ਨ ਆਦਿ) ਕਾਇਮ ਰਖੀਆਂ ਗਈਆਂ।

ਸਿੱਖ ਕੌਮ ਦੇ ਜ਼ੋਰਦਾਰ ਵਿਰੋਧ ਦੇ ਬਾਵਜੂਦ ਪਾਰਲੀਮੈਂਟ ਨੇ ਇਹ ਬਿਲ 7 ਸਤੰਬਰ ਨੂੰ ਪਾਸ ਕਰ ਦਿੱਤਾ ਅਤੇ 18 ਸਤਬੰਰ ਨੂੰ ਰਾਸ਼ਟਰਪਤੀ ਦੀ ਮਨਜ਼ੂਰੀ ਨਾਲ ਇਹ ਕਾਨੂੰਨ ਬਣ ਗਿਆ ਅਤੇ 1 ਨਵੰਬਰ 1966 ਨੂੰ ਲਾਗੂ ਹੋ ਗਿਆ। ਅੰਤਰਰਾਸ਼ਟਰੀ (ਇੰਟਰਨੈਸ਼ਨਲ) 'ਰਿਪੇਰੀਅਨ ਕਾਨੂੰਨ' ਅਨੁਸਾਰ ਦਰਿਆਵਾਂ ਦੇ ਪਾਣੀਆਂ 'ਤੇ ਸਿਰਫ਼ ਉਨ੍ਹਾਂ ਸੂਬਿਆਂ ਦਾ ਹੀ ਅਧਿਕਾਰ ਹੁੰਦਾ ਹੈ ਜਿਨ੍ਹਾਂ ਵਿੱਚੋਂ ਦੀ ਇਹ ਦਰਿਆ ਲੰਘਦੇ ਹਨ ਕਿਉਂਕਿ ਜਦੋਂ ਕਦੇ ਇਨ੍ਹਾਂ ਵਿੱਚ ਹੜ੍ਹ ਆਉਂਦੇ ਹਨ ਤਾਂ ਤਬਾਹੀ ਵੀ ਇਨ੍ਹਾਂ ਸੂਬਿਆਂ ਦੀ ਹੀ ਮਚਾਉਂਦੇ ਹਨ ਪਰ ਪੰਜਾਬ ਦੇ ਮਾਮਲੇ ਵਿੱਚ ਇਨ੍ਹਾਂ ਕਾਨੂੰਨੀ ਅਸੂਲਾਂ ਨੂੰ ਛਿੱਕੇ 'ਤੇ ਟੰਗ ਕੇ ਗ਼ੈਰ ਕਾਨੂੰਨੀ ਢੰਗ ਨਾਲ ਪੰਜਾਬ ਦੇ ਦਰਿਆਵਾਂ ਦਾ ਤਕਰੀਬਨ 75 ਫ਼ੀ ਸਦੀ ਪਾਣੀ ਪੰਜਾਬ ਤੋਂ ਬਾਹਰਲੇ ਗ਼ੈਰ-ਰਿਪੇਰੀਅਨ ਸੂਬਿਆਂ (ਰਾਜਸਥਾਨ, ਹਰਿਆਣਾ, ਦਿੱਲੀ ਆਦਿ) ਨੂੰ ਲੁਟਾ ਦਿੱਤਾ ਗਿਆ। ਇਸ ਜ਼ੁਲਮ ਦਾ ਸੰਤਾਪ ਅੱਜ ਤੱਕ ਵੀ ਪੰਜਾਬ (ਖ਼ਾਸ ਕਰ ਕੇ ਸਿੱਖ) ਭੋਗ ਰਿਹਾ ਹੈ।

## ਆਨੰਦਪੁਰ ਦਾ ਮਤਾ

"ਸੱਠਵਿਆਂ ਦੇ ਦਹਾਕੇ ਦੌਰਾਨ ਹਰੇ ਇਨਕਲਾਬ ਨੇ ਪੰਜਾਬ ਦੀ ਕਿਰਸਾਣੀ ਦੀ ਆਰਥਕ ਦਸ਼ਾ ਵਿੱਚ ਕੁੱਝ ਸੁਧਾਰ ਲਿਆਂਦਾ। ਰਾਜ ਪ੍ਰਬੰਧ ਦੇ ਹੋਰਨਾਂ ਖੇਤਰਾਂ ਵਿੱਚ ਵੀ ਕੁੱਝ ਸਿੱਖਾਂ ਨੂੰ ਉੱਚੀਆਂ ਪਦਵੀਆਂ ਪ੍ਰਾਪਤ ਹੋ ਗਈਆਂ।" ਵਾਪਾਰ ਅਤੇ ਤਕਨੀਕੀ ਖੇਤਰਾਂ ਵਿੱਚ ਵੀ ਕੁੱਝ ਚੋਣਵੇਂ ਸਿੱਖਾਂ ਨੇ ਚੰਗੀ ਮੁਹਾਰਤ ਹਾਸਿਲ ਕਰ ਲਈ ਪਰ ਇਸ ਸੱਭ ਕੁੱਝ ਦੇ ਬਾਵਜੂਦ ਸਿੱਖ ਕੌਮ ਆਤਮਕ ਪੱਧਰ 'ਤੇ ਉਦਾਸ ਅਤੇ ਢਹਿੰਦੀਆਂ ਕਲਾਂ ਵਿੱਚ ਵਿਚਰ ਰਹੀ ਸੀ। ਉਸ ਨੂੰ ਕਿਸੇ ਵੱਡੀ ਕਮੀ ਅਤੇ ਡੂੰਘੇ ਖਲਾਅ ਦਾ ਅਹਿਸਾਸ ਹੋ ਰਿਹਾ ਸੀ। ਇਹ ਕਮੀ ਕੀ ਸੀ? ਇਸ ਬਾਰੇ ਸਿੱਖ ਕੌਮ ਨਾ ਤਾਂ ਚੇਤਨਾ ਦੀ ਪੱਧਰ 'ਤੇ ਸਪੱਸ਼ਟ ਸੀ ਤੇ ਨਾ ਇਕਮੱਤ ਸੀ। ਕੌਮ ਦੇ ਅੱਡ-ਅੱਡ ਵਰਗਾਂ ਤੇ ਹਿੱਸਿਆਂ ਦੇ ਅਨੁਭਵ ਅਲੱਗ-ਅਲੱਗ ਸਨ। ਪਰ ਸਾਰਿਆਂ ਦੀ ਚੀਸ ਸਾਂਝੀ ਸੀ।" (ਸ. ਅਜਮੇਰ ਸਿੰਘ : ਉਪਰੋਕਤ, ਸਫ਼ਾ 280)।





"ਅਜਿਹੀ ਹਾਲਤ ਵਿੱਚ ਅਕਾਲੀ ਲੀਡਰਸ਼ਿਪ ਨੂੰ ਕਿਸੇ ਵੰਨਿਉਂ ਇਹ ਸਿਆਣੀ ਮੱਤ ਮਿਲ ਗਈ ਕਿ ਠੋਸ ਪਾਲਿਸੀ ਪ੍ਰੋਗਰਾਮ ਦੀ ਗ਼ੈਰ-ਮੌਜੂਦਗੀ ਵਿੱਚ ਅਕਾਲੀ ਦਲ ਸਿਧਾਂਤਕ ਗੰਧਲਚੌਂਦ ਤੇ ਆਪਾ-ਧਾਪੀ ਦੀ ਜਿੱਲ੍ਹਣ 'ਚੋਂ ਬਾਹਰ ਨਹੀਂ ਨਿਕਲ ਸਕੇਗਾ। ਇਸ ਰੌਸ਼ਨੀ ਵਿੱਚ ਅਕਾਲੀ ਦਲ ਦੀ ਵਰਕਿੰਗ ਕਮੇਟੀ ਨੇ 11 ਦਸੰਬਰ 1972 ਦੀ ਮੀਟਿੰਗ ਵਿੱਚ ਇਹ ਅਹਿਮ ਨਿਰਣਾ ਲੈ ਲਿਆ ਕਿ ਦੇਸ਼ ਦੇ ਸਮੁੱਚੇ ਰਾਜਸੀ ਘਟਨਾਕ੍ਰਮ ਤੇ ਸਿਆਸੀ ਦ੍ਰਿਸ਼ ਨੂੰ ਸਾਹਮਣੇ ਰਖਦਿਆਂ ਹੋਇਆਂ ਅਕਾਲੀ ਦਲ ਦੇ ਮਨੋਰਥਾਂ ਤੇ ਨੀਤੀਆਂ ਬਾਰੇ ਨਵੇਂ ਸਿਰਿਉਂ ਵਿਚਾਰ ਕਰ ਕੇ ਪਾਲਸੀ ਪ੍ਰੋਗਰਾਮ ਤਿਆਰ ਕੀਤਾ ਜਾਵੇ। ਅਕਾਲੀ ਦਲ ਦੀ ਇੱਕ ਸਬ ਕਮੇਟੀ ਨੇ ਦਸ ਕੁ ਮਹੀਨਿਆਂ ਦੀ ਮਿਹਨਤ ਕਰ ਕੇ ਪਾਲਸੀ ਪ੍ਰੋਗਰਾਮ ਦਾ ਖਰੜਾ ਤਿਆਰ ਕਰ ਲਿਆ। ਵਰਕਿੰਗ ਕਮੇਟੀ ਨੇ 16-17 ਅਕਤੂਬਰ 1973 ਨੂੰ ਆਨੰਦਪੁਰ ਸਾਹਿਬ ਵਿਖੇ ਹੋਈ ਦੋ-ਰੋਜ਼ਾ ਮੀਟਿੰਗ 'ਚ ਇਸ ਖਰੜੇ 'ਤੇ ਭਰਵੀਂ ਬਹਿਸ-ਵਿਚਾਰ ਕਰਨ ਉਪਰੰਤ ਲੋੜੀਂਦੀਆਂ ਸੋਧਾਂ ਤੇ ਅਦਲਾ-ਬਦਲੀਆਂ ਕਰ ਕੇ ਇਸ ਖਰੜੇ ਨੂੰ ਅੰਤਮ ਰੂਪ ਵਿੱਚ ਪ੍ਰਵਾਨ ਕਰ ਲਿਆ। ਅਕਾਲੀ ਦਲ ਅੰਦਰ ਪਾਲਸੀ ਪ੍ਰੋਗਰਾਮਾਂ ਦੀ ਜਗ੍ਹਾ 'ਮਤਿਆਂ' ਦੀ ਰਵਾਇਤ ਦਾ ਬੋਲਬਾਲਾ ਹੋਣ ਕਰ ਕੇ ਬਾਅਦ ਵਿੱਚ ਇਹ ਪਾਲਸੀ ਪ੍ਰੋਗਰਾਮ 'ਆਨੰਦਪੁਰ ਸਾਹਿਬ ਦੇ ਮਤੇ' ਦੇ ਨਾਂ ਹੇਠ ਮਸ਼ਹੂਰ ਹੋਇਆ। ਆਨੰਦਪੁਰ ਸਾਹਿਬ ਦੇ ਮਤੇ ਅੰਦਰ ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਸਿਧਾਂਤਾਂ ਤੇ ਮਨੋਰਥਾਂ ਨੂੰ ਅੰਕਤ ਕਰਨ ਤੋਂ ਇਲਾਵਾ ਆਰਥਕ, ਸਭਿਆਚਾਰਕ ਤੇ ਵਿਦਿਅਕ ਖੇਤਰ ਨਾਲ ਸਬੰਧਤ ਨੀਤੀਆਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਨਾਲ ਹੀ ਸਿੱਖ ਕੌਮ ਦੀਆਂ ਕੁੱਝ ਉੱਭਰਵੀਆਂ, ਫ਼ੌਰੀ ਮੰਗਾਂ ਤੇ ਮਸਲਿਆਂ ਨੂੰ ਵੀ ਉਭਾਰਿਆ ਗਿਆ ਹੈ ਪਰ ਮਤੇ ਦਾ ਅਸਲੀ ਤੱਤ ਇਸ ਦੇ ਬੁਨਿਆਦੀ ਸਿਧਾਂਤਾਂ, ਮਨੋਰਥਾਂ ਤੇ ਰਾਜਸੀ ਨਿਸ਼ਾਨੇ ਵਾਲੇ ਭਾਗ ਅੰਦਰ ਸਮੋਇਆ ਹੋਇਆ ਹੈ। ਸ. ਕਪੂਰ ਦੀ ਰਾਜਨੀਤਕ ਵਿਚਾਰਧਾਰਕ ਸੋਚ ਤੇ ਲਿਖਣ-ਸ਼ੈਲੀ ਤੋਂ ਵਾਕਫ਼ ਕਿਸੇ ਵੀ ਵਿਅਕਤੀ ਲਈ ਇਹ ਪਛਾਣ ਕਰ ਲੈਣੀ ਔਖੀ ਨਹੀਂ ਕਿ ਮਤੇ ਦਾ ਇਹ ਹਿੱਸਾ ਸਰਦਾਰ ਸਾਹਬ ਹੁਰਾਂ ਦੀ ਹੀ ਪ੍ਰਮਾਣਕ ਰਚਨਾ ਹੈ। ... **ਅਕਾਲੀ ਦਲ ਦੇ ਮਨੋਰਥਾਂ ਦੀ ਗੱਲ ਕਰਦਿਆਂ ਹੋਇਆਂ 'ਸਿੱਖਾਂ ਵਿੱਚ ਪੰਥਕ ਆਜ਼ਾਦ ਹਸਤੀ ਦਾ ਅਹਿਸਾਸ ਕਾਇਮ ਰੱਖਣ' 'ਤੇ ਉਚੇਚਾ ਜ਼ੋਰ ਦਿੱਤਾ ਗਿਆ ਅਤੇ ਸਿੱਖ ਕੌਮ ਦੀ ਪ੍ਰਭੂਤਾ ਦੇ ਸੰਕਲਪ ਨੂੰ ਅਮਲੀ ਜਾਮਾ ਪਹਿਨਾਉਣ ਲਈ ਅਜਿਹੇ 'ਦੇਸ਼ ਕਾਲ ਤੇ ਰਾਜਸੀ ਵਿਧਾਨ' ਦੀ ਧਾਰਨਾ ਪੇਸ਼ ਕੀਤੀ ਗਈ ਜਿਸ ਵਿੱਚ ਸਿੱਖ ਪੰਥ ਦੇ ਕੌਮੀ ਜਜ਼ਬੇ ਤੇ ਕੌਮੀਅਤ ਦਾ ਪ੍ਰਗਟਾਓ ਪੂਰਨ ਤੌਰ 'ਤੇ ਮੂਰਤੀਮਾਨ ਤੇ ਪ੍ਰਜਵਲਤ ਹੋ ਸਕੇ।......**

ਪੰਜਾਬੀ ਸੂਬੇ ਦੀ ਸਥਾਪਨਾ ਨਾਲ ਸਿੱਖ ਕੌਮ ਅੰਦਰ ਰਾਜਸੀ ਨਿਸ਼ਾਨੇ ਬਾਰੇ ਪੈਦਾ ਹੋਏ ਭੰਬਲਭੂਸੇ ਨੂੰ ਦੂਰ ਕਰਨ ਦੇ ਮੰਤਵ ਨਾਲ ਅਤੇ ਅੰਦਰ ਸਾਫ਼ ਸ਼ਬਦਾਂ ਵਿੱਚ ਇਹ ਗੱਲ ਚਿਤਾਰੀ ਗਈ ਕਿ **'ਪੰਥਕ ਰਾਜਸੀ ਨਿਸ਼ਾਨਾ ਨਿਸ਼ਚੇ ਤੌਰ 'ਤੇ ਸਾਹਿਬ ਦਸਮ ਪਾਤਿਸ਼ਾਹ ਦੇ ਆਦੇਸ਼ਾਂ, ਸਿੱਖ ਇਤਿਹਾਸ ਦੇ ਪੰਨਿਆਂ ਅਤੇ ਖ਼ਾਲਸਾ ਪੰਥ ਦੇ ਮਨ-ਮੰਦਰ ਵਿੱਚ ਉੱਕਰਿਆ ਚਲਿਆ ਆ ਰਿਹਾ ਹੈ, ਜਿਸ ਦਾ ਮਕਸਦ 'ਖ਼ਾਲਸਾ ਜੀ ਦੇ ਬੋਲਬਾਲੇ ਹੈ। ਖ਼ਾਲਸਾ ਜੀ ਦੇ ਇਸ ਜਨਮ-ਸਿੱਧ ਅਧਿਕਾਰ ਨੂੰ ਦ੍ਰਿਸ਼ਟਮਾਨ ਕਰਨ ਲਈ ਲੋੜੀਂਦੇ ਦੇਸ਼ ਕਾਲ ਅਤੇ ਵਿਧਾਨ ਦੀ ਸਿਰਜਨਾ ਪ੍ਰਾਪਤੀ, ਸ਼੍ਰੋਮਣੀ ਅਕਾਲੀ ਦਲ ਦੇ ਬੁਨਿਆਦੀ ਢਾਂਚੇ ਦੀ ਨੀਂਹ ਹੈ।"** ਦੇਸ਼

**ਅੰਦਰ ਸਹੀ ਅਰਥਾਂ ਵਿੱਚ ਫ਼ੈਡਰਲ ਢਾਂਚੇ ਦੀ ਉਸਾਰੀ ਦੀ ਵਕਾਲਤ ਕਰਦੇ ਹੋਏ ਪੰਜਾਬ ਤੇ ਦੇਸ਼ ਦੇ ਹੋਰਨਾਂ ਸੂਬਿਆਂ ਵਿੱਚ ਕੇਂਦਰ ਦੇ ਦਖ਼ਲ ਨੂੰ ਕੇਵਲ ਡਿਫ਼ੈਂਸ, ਬਦੇਸ਼ੀ ਮਾਮਲੇ, ਸੰਚਾਰ (ਡਾਕਤਾਰ ਆਦਿ)। ਰੇਲਵੇ ਤੇ ਕਰੰਸੀ ਦੇ ਖੇਤਰਾਂ ਤੱਕ ਸੀਮਤ ਰੱਖਣ ਦੀ ਧਾਰਨਾ ਪੇਸ਼ ਕੀਤੀ ਗਈ ਅਤੇ ਬਾਕੀ ਸਾਰੇ ਮਾਮਲਿਆਂ ਵਿੱਚ ਪੰਜਾਬ (ਤੇ ਹੋਰਨਾਂ ਸੂਬਿਆਂ) ਨੂੰ ਪੂਰਨ ਖ਼ੁਦਮੁਖ਼ਤਿਆਰੀ ਦੇਣ ਦੀ ਪੋਜੀਸ਼ਨ ਉਭਾਰੀ ਗਈ।........**

ਅਕਾਲੀ ਦਲ ਦੀ ਫ਼ੈਡਰਲ ਢਾਂਚੇ ਬਾਰੇ ਉਪਰੋਕਤ ਧਾਰਨਾ ਅੰਦਰ ਕੋਈ ਨਵੀਂ ਜਾਂ ਵਿਸ਼ੇਸ਼ ਗੱਲ ਨਹੀਂ ਸੀ। **ਬਰਤਾਨਵੀ ਹਾਕਮਾਂ ਵੱਲੋਂ ਭਾਰਤ ਨੂੰ ਆਜ਼ਾਦੀ ਸੌਂਪਣ ਲਈ 'ਕੈਬਿਨਟ ਮਿਸ਼ਨ ਯੋਜਨਾ' ਅੰਦਰ ਇੰਨ-ਬਿੰਨ ਇਹੋ ਤਜਵੀਜ਼ ਸੁਝਾਈ ਗਈ ਸੀ (ਰਾਮ ਨਾਰਾਇਣ ਕੁਮਾਰ : ਦ ਸਿੱਖ ਸਟਰਗਲ ਐਂਡ ਦ ਇੰਡੀਅਨ ਸਟੇਟ, ਸਫ਼ੇ 205-06)।** ਆਜ਼ਾਦੀ ਤੋਂ ਬਾਅਦ ਕੁੱਝ ਰਾਜਸੀ ਤਾਕਤਾਂ ਵੱਲੋਂ ਲਗਾਤਾਰ ਮੰਗਾਂ ਉਠਾਈਆਂ ਜਾ ਰਹੀਆਂ ਸਨ। ਖ਼ਾਸ ਕਰ ਕੇ ਤਾਮਿਲਨਾਡੂ ਅੰਦਰਲੇ ਦਰਾਵੜ ਦਲਾਂ ਅਤੇ ਪੱਛਮੀ ਬੰਗਾਲ ਤੇ ਕੇਰਲਾ ਦੀਆਂ ਕਮਿਊਨਿਸਟ ਤਾਕਤਾਂ ਸਾਲਾਂ ਤੋਂ ਇਸ ਮੰਗ 'ਤੇ ਜ਼ੋਰ ਦਿੰਦੀਆਂ ਆ ਰਹੀਆਂ ਸਨ ਪਰ ਅਕਾਲੀ ਲੀਡਰਸ਼ਿਪ ਦੇ ਮੂੰਹੋਂ ਫ਼ੈਡਰਲ ਢਾਂਚੇ ਦੀ ਗੱਲ ਨਿਕਲਣ ਦੀ ਦੇਰ ਸੀ ਕਿ ਪੰਜਾਬ ਦੀਆਂ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਅਪਣੀ ਫ਼ਿਤਰਤ ਮੁਤਾਬਕ ਇਸ ਵਿਰੁਧ ਤਿੱਖਾ ਵਾਵੇਲਾ ਖੜ੍ਹਾ ਕਰ ਦਿੱਤਾ। ਹਮੇਸ਼ਾ ਵਾਂਗ, ਪ੍ਰੈਸ ਨੇ ਇਸ ਸਿੱਖ-ਵਿਰੋਧੀ ਫ਼ਿਰਕੂ ਪ੍ਰਚਾਰ ਦੀ ਮੁਹਿੰਮ ਦੀ ਤੁਰਤ ਕਮਾਨ ਸੰਭਾਲ ਲਈ। ਦੇਸ਼ ਦੀ ਏਕਤਾ ਤੇ ਅਖੰਡਤਾ ਦੀ ਦੁਹਾਈ ਪਿਟਦਿਆਂ ਹੋਇਆਂ **ਆਨੰਦਪੁਰ ਸਾਹਿਬ ਦੇ ਮਤੇ ਨੂੰ ਵੱਖਵਾਦੀ ਕਹਿ ਕੇ ਭੰਡਿਆ ਜਾਣ ਲੱਗਾ ਅਤੇ ਇਸ ਦੀ 1940 ਵਾਲੇ ਮੁਸਲਿਮ ਲੀਗ ਦੇ ਮਤੇ ਨਾਲ ਤੁਲਨਾ ਕੀਤੀ ਜਾਣ ਲੱਗੀ। ਅਕਾਲੀ ਆਗੂਆਂ ਦੇ ਨਾਂ 'ਤੇ ਸਮੁੱਚੀ ਸਿੱਖ ਕੌਮ ਦੀ ਦੇਸ਼ ਪ੍ਰਤੀ ਵਫ਼ਾਦਾਰੀ ਬਾਰੇ ਸ਼ੰਕੇ ਪ੍ਰਗਟਾਏ ਜਾਣ ਲੱਗੇ।**

ਇਸ ਨਾਲ ਅਕਾਲੀ ਲੀਡਰਸ਼ਿਪ ਬਚਾਉ ਦੇ ਪੈਂਤੜੇ 'ਤੇ ਆ ਗਈ ਅਤੇ ਆਨੰਦਪੁਰ ਸਾਹਿਬ ਦੇ ਮਤੇ ਅੰਦਰ ਪੋਜੀਸ਼ਨਾਂ 'ਤੇ ਦ੍ਰਿੜਤਾ ਨਾਲ ਪਹਿਰਾ ਦੇਣ ਦੀ ਬਜਾਏ ਬਚਾਉ ਦੇ ਰਾਹ ਤਲਾਸ਼ਣ ਲੱਗ ਪਈ। ਅਸਲ ਵਿੱਚ ਅਕਾਲੀ ਲੀਡਰਸ਼ਿਪ ਅੰਦਰਲਾ ਮਾਇਆਧਾਰੀ ਰੁਚੀਆਂ ਵਾਲਾ ਸੁਆਰਥ-ਜੀਵੀ ਵਰਗ ਅਜਿਹੀ ਕੋਈ ਵੀ ਪੋਜ਼ੀਸ਼ਨ ਨਹੀਂ ਲੈਂਦਾ ਜਿਸ ਨਾਲ ਉਸ ਦਾ ਹਿੰਦੂਵਾਦੀ ਤਾਕਤਾਂ ਨਾਲ ਭਾਈਵਾਲੀ ਦਾ ਰਾਹ ਬੰਦ ਹੁੰਦਾ ਹੋਵੇ....। **ਹਿੰਦੂਵਾਦੀ ਤਾਕਤਾਂ ਕਿਸੇ ਹਾਲਤ ਵਿੱਚ ਕਿਸੇ ਹਿੰਦੂ ਬਹੁਗਿਣਤੀ ਵਾਲੇ ਰਾਜ ਲਈ ਤਾਂ ਵੱਧ ਅਧਿਕਾਰਾਂ ਦੀ ਮੰਗ ਨਾਲ ਸਹਿਮਤੀ ਪ੍ਰਗਟਾ ਸਕਦੀਆਂ ਹਨ ਪਰ ਕਿਸੇ ਘੱਟ ਗਿਣਤੀ ਭਾਈਚਾਰੇ ਦੀ ਬਹੁਗਿਣਤੀ ਵਾਲੇ ਰਾਜ ਦੇ ਗਲ ਉਤੋਂ ਕੇਂਦਰ ਦੇ ਜੂਲੇ ਨੂੰ ਢਿੱਲਾ ਕਰਨ ਦੀ ਤਜਵੀਜ਼ ਨੂੰ ਉਹ ਉੱਕਾ ਹੀ ਬਰਦਾਸ਼ਤ ਨਹੀਂ ਕਰ ਸਕਦੀਆਂ। ਪੰਜਾਬ ਦਾ ਹਿੰਦੂ ਵਰਗ ਇਸ 'ਮਰਜ਼' ਦਾ ਸੱਭ ਤੋਂ ਵੱਧ ਸ਼ਿਕਾਰ ਹੈ। ... ਉਹ ਸਿੱਖ ਕੌਮ ਨੂੰ ਹਰ ਪੱਖ ਤੋਂ ਕਮਜ਼ੋਰ ਅਤੇ ਦੁਬੇਲ ਬਣਾ ਕੇ ਰੱਖਣ ਦੀ ਸੋਚ 'ਤੇ ਰੁਚੀ ਪਾਲਦਾ ਹੈ.... ਕਿਉਂਕਿ ਉਸ ਦੀਆਂ ਦਿਲੀ ਸਾਂਝਾਂ ਪੰਜਾਬ ਨਾਲ ਨਹੀਂ ਦਿੱਲੀ ਨਾਲ ਹਨ।**





**ਅਕਾਲੀ ਲੀਡਰਸ਼ਿਪ ਨੇ 1973 ਵਿੱਚ ਆਨੰਦਪੁਰ ਸਾਹਿਬ ਦੇ ਮਤੇ ਨੂੰ ਸਿਧਾਂਤਕ ਸਪੱਸ਼ਟਤਾ 'ਚੋਂ ਅਤੇ ਦਿਲੀ-ਨਿਸ਼ਚੇ ਨਾਲ ਪ੍ਰਵਾਨ ਨਹੀਂ ਸੀ ਕੀਤਾ। ਉਸ ਨੇ ਇੱਕ ਖ਼ਾਸ ਹਾਲਤ 'ਚੋਂ ਉੱਠ ਕੇ ਵਕਤੀ-ਰੌਂਅ ਅਧੀਨ ਹੀ ਇਸ ਮਤੇ ਨਾਲ ਸਹਿਮਤੀ ਦਾ ਮੱਠਾ ਅਤੇ ਕੱਚਾ ਹੁੰਗਾਰਾ ਭਰਿਆ ਸੀ।... ਸਿਧਾਂਤਕ ਸਪੱਸ਼ਟਤਾ ਤੇ ਵਚਨਬੱਧਤਾ ਦੀ ਬਜਾਏ ਕਿਸੇ ਵਕਤੀ-ਰੌਂਅ ਅਧੀਨ ਲਈਆਂ ਗਈਆਂ ਪੋਜ਼ੀਸ਼ਨਾਂ ਬਹੁਤੀਆਂ ਹੰਢਣਸਾਰ ਸਾਬਤ ਨਹੀਂ ਹੁੰਦੀਆਂ। ਹਾਲਾਤ ਅਤੇ ਰੌਂਅ ਵਿੱਚ ਆਈ ਤਬਦੀਲੀ ਨਾਲ ਇਨ੍ਹਾਂ ਪੋਜ਼ੀਸ਼ਨਾਂ ਨੂੰ ਬੜੀ ਆਸਾਨੀ ਨਾਲ ਭੁਲਾ ਦਿੱਤਾ ਜਾਂਦਾ ਹੈ। ਆਨੰਦਪੁਰ ਸਾਹਿਬ ਦੇ ਮਤੇ ਨਾਲ ਵੀ ਠੀਕ ਇਹੋ ਗੱਲ ਵਾਪਰੀ।** ਸੋ ਜਦ 1977 ਵਿੱਚ ਕੇਂਦਰ ਵਿੱਚ ਸਥਾਪਤ ਹੋਈ ਜਨਤਾ ਗਠਜੋੜ ਸਰਕਾਰ ਵਿੱਚ ਅਕਾਲੀ ਦਲ ਭਾਈਵਾਲ ਬਣ ਗਿਆ ਤਾਂ ਆਰੀਆ ਸਮਾਜੀ ਤਾਕਤਾਂ ਨੇ ਵਿਰੋਧ ਤੇ ਸ਼ਰੀਕੇ ਦੀ ਭਾਵਨਾ 'ਚੋਂ ਸਿੱਖ ਕੌਮ ਵਿਰੁੱਧ ਆਪਣੇ ਵਿਚਾਰਧਾਰਕ ਹਮਲੇ ਦੀ ਧਾਰ ਤੇਜ਼ ਕਰ ਦਿੱਤੀ। ਸਿੱਖ ਕੌਮ ਦੀ ਨਿਆਰੀ ਹਸਤੀ ਦੇ ਦਾਅਵੇ ਨੂੰ ਚੁਣਵਾਂ ਨਿਸ਼ਾਨਾ ਬਣਾਉਂਦਿਆਂ ਹੋਇਆਂ ਆਨੰਦਪੁਰ ਸਾਹਿਬ ਦੇ ਮਤੇ ਨੂੰ ਫ਼ਿਰਕੂ ਤੇ ਵੱਖਵਾਦੀ ਗਰਦਾਨਣ ਦੀ ਸੁਰ ਉੱਚੀ ਚੁੱਕ ਦਿੱਤੀ ਗਈ। ਬਾਜਵੂਦ ਇਸ ਤੱਥ ਦੇ ਕਿ ਅਕਾਲੀ ਲੀਡਰਸ਼ਿਪ ਨੇ ਇਸ ਮਤੇ ਨੂੰ ਅਮਲੀ ਤੌਰ 'ਤੇ ਪੂਰੀ ਤਰ੍ਹਾਂ ਨਿਕਾਰ ਛੱਡਿਆ ਹੋਇਆ ਸੀ ਅਤੇ 1977 ਦੀਆਂ ਆਮ ਚੋਣਾਂ ਮੌਕੇ ਅਕਾਲੀ ਦਲ ਵੱਲੋਂ ਜਾਰੀ ਕੀਤੇ ਗਏ ਚੋਣ ਮੈਨੀਫ਼ੈਸਟੋ ਜਾਂ ਚੋਣ ਪ੍ਰਚਾਰ ਅੰਦਰ ਇਸ ਮਤੇ ਦਾ ਕਿਤੇ ਜ਼ਿਕਰ ਤੱਕ ਵੀ ਨਹੀਂ ਸੀ ਕੀਤਾ ਗਿਆ। **ਆਰੀਆ ਸਮਾਜੀ ਤਾਕਤਾਂ ਨੂੰ ਇਸ ਮਤੇ ਦਾ ਭੂਤ ਲਗਾਤਾਰ ਬੇਚੈਨ ਕਰ ਰਿਹਾ ਸੀ। ਉਨ੍ਹਾਂ ਦੇ ਮਨਾਂ ਨੂੰ ਉਨਾ ਚਿਰ ਧਰਵਾਸ ਨਹੀਂ ਸੀ ਆਉਂਦਾ ਜਿੰਨਾ ਚਿਰ ਅਕਾਲੀ ਲੀਡਰਸ਼ਿਪ ਇਸ ਮਤੇ ਨੂੰ ਦੋ ਟੂਕ ਰੂਪ 'ਚ ਰੱਦਣ ਅਤੇ ਤਿਆਗ਼ਣ ਦੀ ਪੋਜ਼ੀਸ਼ਨ ਨਹੀਂ ਸੀ ਲੈ ਲੈਂਦੀ। ਇਹ ਹਿੰਦੂਵਾਦੀ ਤਾਕਤਾਂ ਦੇ ਮਨ ਦਾ ਫ਼ੋਕਾ ਵਹਿਮ ਨਹੀਂ ਸੀ। ਸਗੋਂ ਸਿੱਖ ਕੌਮ ਦੀ ਨਿਆਰੀ ਹੋਂਦ ਨੂੰ ਖ਼ਤਮ ਕਰ ਕੇ ਉਸ ਨੂੰ ਹਿੰਦੂਵਾਦ ਦੇ ਵਹਿਣ ਅੰਦਰ ਸਮੋਅ ਲੈਣ ਦੇ ਯੁੱਧਨੀਤਕ ਉਦੇਸ਼ ਦੀ ਪੂਰਤੀ ਲਈ ਅਤੀ ਜ਼ਰੂਰੀ ਸ਼ਰਤ ਸੀ ਕਿਉਂਕਿ ਪੰਥਕ ਆਜ਼ਾਦ ਹਸਤੀ ਦੇ ਅਹਿਸਾਸ ਤੇ ਜਜ਼ਬੇ ਦਾ ਕੰਡਾ ਕੱਢੇ ਬਗ਼ੈਰ ਹਿੰਦੂ ਮਨ ਦੀ ਇਹ ਮੁਰਾਦ ਪੂਰੀ ਨਹੀਂ ਹੋ ਸਕਦੀ।** ਅਕਾਲੀ ਲੀਡਰਸ਼ਿਪ ਵੀ ਵਕਤੀ ਹਾਲਾਤ ਨੂੰ ਵੇਖ ਕੇ ਇਸ ਮਤੇ ਦੀਆਂ ਅਣਚਾਹੀਆਂ ਸਿਧਾਂਤਕ ਨੁੱਕਰਾਂ ਨੂੰ ਭੋਰ ਸੁੱਟਣ ਲਈ ਮਨ ਬਣਾਈ ਬੈਠੀ ਸੀ।.....

...ਇਸ ਉਦੇਸ਼ ਦੀ ਪੂਰਤੀ ਲਈ ਉਸ ਨੇ 28-29 ਅਕਤੂਬਰ 1978 ਨੂੰ ਲੁਧਿਆਣਾ ਵਿਖੇ ਜੁੜੀ ਅਠਾਰਵੀਂ ਸਰਬ ਹਿੰਦ ਅਕਾਲੀ ਕਾਨਫ਼ਰੰਸ ਦੇ ਮੌਕੇ ਦੀ ਭਰਪੂਰ ਵਰਤੋਂ ਕੀਤੀ। ਇਸ ਕਾਨਫ਼ਰੰਸ ਦੁਆਰਾ ਪ੍ਰਵਾਨ ਕੀਤੇ ਗਏ ਮਤਿਆਂ ਰਾਹੀਂ ਅਕਾਲੀ ਲੀਡਰਸ਼ਿਪ ਨੇ ਆਨੰਦਪੁਰ ਸਾਹਿਬ ਦੇ ਮਤੇ ਦੇ ਅਣਚਾਹੇ ਸਿਧਾਂਤਕ ਬੰਧਨਾਂ ਤੋਂ ਮੁਕੰਮਲ ਨਿਜਾਤ ਹਾਸਿਲ ਕਰ ਲਈ। ਕਾਨਫ਼ਰੰਸ ਅੰਦਰ ਕਿਸੇ ਵੀ ਪ੍ਰਮੁੱਖ ਅਕਾਲੀ ਆਗੂ ਨੇ ਵੱਖਰੀ ਸਿੱਖ ਕੌਮ ਦਾ

ਲਫ਼ਜ਼ ਜ਼ੁਬਾਨ 'ਤੇ ਨਾ ਲਿਆਂਦਾ। ਕਿਸੇ ਵੀ ਭਾਸ਼ਣ ਜਾਂ ਮਤੇ ਅੰਦਰ ਸਿੱਖ ਕੌਮ ਦੀ ਅਲੱਗ ਪਛਾਣ ਤੇ ਇਸ ਨੂੰ ਹਿੰਦੂਵਾਦੀ ਤਾਕਤਾਂ ਹੱਥੋਂ ਦਰਪੇਸ਼ ਖ਼ਤਰੇ ਦਾ ਜ਼ਿਕਰ ਤੱਕ ਨਾ ਕੀਤਾ ਗਿਆ। ... 1973 ਵਾਲੇ ਬੱਝਵੇਂ ਪਾਲਸੀ ਪ੍ਰੋਗਰਾਮ ਕੋਲੋਂ ਚੋਰਾਂ ਵਾਂਗ ਪੱਲਾ ਛੁਡਾਉਂਦਿਆਂ ਹੋਇਆਂ ਅਲੱਗ-ਅਲੱਗ ਰਾਜਸੀ, ਆਰਥਕ, ਧਾਰਮਕ ਤੇ ਸਭਿਆਚਾਰਕ ਮੰਗਾਂ/ਮਸਲਿਆਂ ਬਾਰੇ ਬਾਰਾਂ ਟੁੱਟਵੇਂ ਮਤੇ ਪ੍ਰਵਾਨ ਕੀਤੇ ਗਏ। ਇਨ੍ਹਾਂ ਬਾਰਾਂ ਮਤਿਆਂ 'ਚੋਂ ਕੁੱਲ ਤੋਂ ਪਹਿਲੇ ਅਤੇ ਅਹਿਮ (ਰਾਜਸੀ) ਮਤੇ ਅੰਦਰ 'ਪੰਥਕ ਰਾਜਸੀ ਨਿਸ਼ਾਨੇ' ਨੂੰ ਰਾਜਾਂ ਲਈ ਵਧੇਰੇ ਅਧਿਕਾਰਾਂ ਦੀ ਮੰਗ ਤੱਕ ਸੁੰਗੇੜ ਦਿੱਤਾ ਗਿਆ। ਇਸ ਕਾਨਫ਼ਰੰਸ ਵਿੱਚ ਸ. ਕਪੂਰ ਸਿੰਘ ਨੇ ਆਪਣੇ ਅਕੀਦੇ ਮੁਤਾਬਿਕ ਇਸ ਰੁਚੀ ਦਾ ਗੰਭੀਰ ਨੋਟਿਸ ਲੈਂਦਿਆਂ ਇਸ ਦੀ ਕਾਟਵੀਂ ਪੜਚੋਲ ਕੀਤੀ ਪਰ ਉਪਰ ਦਰਸਾਏ ਰਾਜਨੀਤਕ ਤੇ ਮਨੋਵਿਗਿਆਨਕ ਮਾਹੌਲ ਅੰਦਰ ਸਰਦਾਰ ਸਾਹਿਬ ਦੀ ਇਸ ਨੁਕਤਾਚੀਨੀ ਨੂੰ ਗੌਲਿਆ ਨਾ ਗਿਆ।" (ਅਜਮੇਰ ਸਿੰਘ : ਉਪਰੋਕਤ, ਸਫ਼ੇ 246-290)

## 1978 ਦੀ ਵਿਸਾਖੀ-ਇੱਕ ਖ਼ੂਨੀ ਇਤਿਹਾਸਕ ਮੋੜ

ਰਣਜੀਤ ਸਿੰਘ ਦੇ ਰਾਜ ਸਮੇਂ ਸਿੱਖ ਸਮਾਜ ਦਾ ਵੱਡਾ ਹਿੱਸਾ ਬ੍ਰਾਹਮਣਵਾਦੀ ਵਿਚਾਰਧਾਰਾ ਦਾ ਧਾਰਨੀ ਬਣ ਚੁੱਕਾ ਸੀ। ਸਿੱਖ ਜਗਤ ਦੀ ਇਸ ਦੁਖਦਾਈ ਹਾਲਤ ਨੂੰ ਸੁਧਾਰਨ ਲਈ ਬਾਬਾ ਦਿਆਲ ਨੇ ਰਾਵਲਪਿੰਡੀ ਵਿਖੇ ਸਿੱਖ ਸੁਧਾਰ ਦੀ ਲਹਿਰ ਦਾ ਆਗਾਜ਼ ਕੀਤਾ। ਸਮਾਂ ਪਾ ਕੇ ਇਹ ਲਹਿਰ 'ਨਿਰੰਕਾਰੀ ਦਰਬਾਰ' ਦੇ ਨਾਂ ਹੇਠ ਇੱਕ ਸੰਸਥਾ ਦਾ ਰੂਪ ਧਾਰਨ ਕਰ ਗਈ। ਬਾਅਦ ਵਿੱਚ ਇਹ ਸੰਸਥਾ ਇੱਕ ਸੰਪਰਦਾਇ ਦਾ ਰੂਪ ਅਖ਼ਤਿਆਰ ਕਰ ਗਈ। ਜਿਵੇਂ ਕਿ ਸੰਪਰਦਾਵਾਂ ਅੰਦਰ ਆਮ ਵਰਤਾਰਾ ਹੁੰਦਾ ਹੈ, ਇਸ ਦੇ ਮੁਖੀ ਦੀ ਪਦਵੀ ਪਿਤਾ-ਪੁਰਖੀ ਹੋ ਗਈ। 1928-29 ਵਿੱਚ ਨਿਰੰਕਾਰੀ ਦਰਬਾਰ ਦੇ ਤਤਕਾਲੀ ਮੁਖੀ ਭਾਈ ਗੁਰਦਿੱਤ ਸਿੰਘ ਨੇ ਅਪਣੇ ਇੱਕ ਪ੍ਰਚਾਰਕ ਬੂਟਾ ਸਿੰਘ ਨੂੰ ਇਸ ਕਰ ਕੇ ਇਸ ਸੰਸਥਾ 'ਚੋਂ ਖ਼ਾਰਜ ਕਰ ਦਿੱਤਾ ਕਿ ਉਹ ਸ਼ਰਾਬ ਪੀ ਕੇ ਦਰਬਾਰ ਵਿੱਚ ਆਉਂਦਾ ਸੀ। ਬੂਟਾ ਸਿੰਘ ਰਾਵਲਪਿੰਡੀ ਨੂੰ ਛੱਡ ਕੇ ਪਿਸ਼ੌਰ ਚਲਾ ਗਿਆ ਅਤੇ ਆਪਣੇ ਇੱਕ ਨਿਕਟਵਰਤੀ ਅਵਤਾਰ ਸਿੰਘ ਨਾਲ ਰਲ ਕੇ ਆਪਣੀ ਅਲੱਗ ਸ਼ਾਖ਼ਾ ਕਾਇਮ ਕਰ ਲਈ। ਬੂਟਾ ਸਿੰਘ ਦੀ ਮੌਤ ਤੋਂ ਬਾਅਦ ਅਵਤਾਰ ਸਿੰਘ ਨੇ ਆਪਣੇ ਆਪ ਨੂੰ ਬੂਟਾ ਸਿੰਘ ਦਾ ਉਤਰਾਧਿਕਾਰੀ ਹੋਣ ਦਾ ਐਲਾਨ ਕਰ ਦਿੱਤਾ। 1947 ਦੀ ਵੰਡ ਵੇਲੇ ਉਹ ਦਿੱਲੀ ਪਹਾੜ ਗੰਜ ਆ ਕੇ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗ ਪਿਆ ਅਤੇ 'ਸੰਤ ਨਿਰੰਕਾਰੀ ਮੰਡਲ' ਨਾਂ ਦੀ ਸੰਸਥਾ ਦਾ ਲੇਬਲ ਲਾ ਕੇ ਆਪਣੀਆਂ ਸਰਗਰਮੀਆਂ ਸ਼ੁਰੂ ਕਰ ਦਿੱਤੀਆਂ। ਉਸ ਨੇ ਆਪਣੇ ਆਪ ਨੂੰ 'ਰੱਬੀ ਅਵਤਾਰ' ਤੇ 'ਸਤਿਗੁਰੂ' ਅਖਵਾਉਂਣਾ ਸ਼ੁਰੂ ਕਰ ਦਿੱਤਾ। ਸ਼ਾਹੀ ਲਿਬਾਸ ਪਹਿਨ ਕੇ ਮੁਕਟ ਸਜਾਉਣਾ ਅਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਉੱਚੇ ਪੀੜ੍ਹੇ 'ਤੇ ਬੈਠ ਕੇ ਮੱਥੇ ਟਿਕਾਉਂਣੇ ਸ਼ੁਰੂ ਕਰ ਦਿੱਤੇ। ਗੁਰਬਾਣੀ ਦੀ ਆਪਣੀ ਮਨਮਰਜ਼ੀ ਅਨੁਸਾਰ ਵਿਆਖਿਆ ਕਰਨੀ ਸ਼ੁਰੂ ਕਰ ਦਿੱਤੀ। ਪੰਜਾਂ ਪਿਆਰਿਆਂ ਦੀ ਤਰਜ਼ 'ਤੇ ਆਪਣੇ ਸੱਤ ਪਿਆਰੇ ਥਾਪ ਦਿੱਤੇ। ਉਸ ਦੇ ਚਾਪਲੂਸ ਸ਼ਰਧਾਲੂਆਂ ਨੇ ਉਸ ਦੀ ਸਿਫ਼ਤ ਵਿੱਚ ਅਤੇ





ਗੁਰਮਤਿ ਸਿਧਾਂਤ ਨੂੰ ਛੁਟਿਆਉਂਣ ਲਈ ਗੁਰਬਾਣੀ ਦੀ ਰੀਸ ਨਾਲ ਹੋਛੀ ਤੁਕਬੰਦੀ ਕਰ ਕੇ 'ਅਵਤਾਰ ਬਾਣੀ' ਨਾਂ ਦੀ ਇੱਕ ਕਿਤਾਬ ਤਿਆਰ ਕਰ ਲਈ। ਉਨ੍ਹਾਂ ਦੀਆਂ ਇਨ੍ਹਾਂ ਹਰਕਤਾਂ ਦੀ ਵਜ੍ਹਾ ਕਰ ਕੇ ਬਹੁਤ ਸਾਰੇ ਹਿੰਦੂ ਉਸ ਦੇ ਚੇਲੇ ਬਣਦੇ ਚਲੇ ਗਏ ਕਿਉਂਕਿ ਹਿੰਦੂ ਵਿਚਾਰਧਾਰਾ (ਅਸਲ ਵਿੱਚ ਬਿਪਰਵਾਦੀ ਵਿਚਾਰਧਾਰਾ) ਅਨੁਸਾਰ ਰੱਬ ਵੀ ਜਨਮ ਮਰਨ ਦੇ ਚੱਕਰ ਵਿੱਚ ਫਸ ਕੇ ਅਵਤਾਰ ਧਾਰਦਾ ਰਹਿੰਦਾ ਹੈ ਅਤੇ ਹਿੰਦੂ ਜਨਤਾ ਅੰਨ੍ਹੀ-ਸ਼ਰਧਾ-ਵਸ ਇਨ੍ਹਾਂ ਅਵਤਾਰਾਂ ਦੇ ਮਗਰ ਭੱਜੀ ਫਿਰਦੀ ਰਹਿੰਦੀ ਹੈ। ਅਵਤਾਰ ਸਿੰਘ ਦੀਆਂ ਇਨ੍ਹਾਂ ਕੋਝੀਆਂ ਹਰਕਤਾਂ ਦਾ ਸਿੱਖ ਕੌਮ ਵਿੱਚ ਵਿਰੋਧ ਹੋਣ ਲੱਗਾ। ਬਹੁਤ ਸਾਰੇ ਸਿੱਖ ਵਿਦਵਾਨਾਂ ਅਤੇ ਸੰਸਥਾਵਾਂ ਨੇ ਆਪਣੇ ਲੇਖਾਂ ਅਤੇ ਕਿਤਾਬਚਿਆਂ ਰਾਹੀਂ ਇਨ੍ਹਾਂ ਨਾਪਾਕ ਕਾਰਵਾਈਆਂ ਦੀ ਬਾਦਲੀਲ ਆਲੋਚਨਾ ਕੀਤੀ। ਕਈ ਥਾਈਂ ਆਪਸੀ ਤਕਰਾਰ ਅਤੇ ਝਗੜੇ ਵੀ ਹੋਏ ਪਰ ਇਨ੍ਹਾਂ ਨਕਲੀ ਨਿਰੰਕਾਰੀਆਂ (ਸੰਤਨਿਰੰਕਾਰੀ ਮੰਡਲ) ਦੇ ਆਗੂਆਂ ਦੇ ਕੰਨ 'ਤੇ ਜੂੰ ਵੀ ਨਾ ਸਰਕੀ ਕਿਉਂਕਿ ਦੇਸ਼ ਦੀ ਵੰਡ ਤੋਂ ਬਾਅਦ ਬਿਪਰਵਾਦੀ ਸੋਚ ਦੀ ਹਮਾਇਤੀ 'ਬ੍ਰਾਹਮਣ-ਬਾਣੀਆ-ਹਾਕਮ' ਦੀ ਤਿੱਕੜੀ ਦੀ ਸ਼ਹਿ ਅਤੇ ਸਰਪ੍ਰਸਤੀ ਇਨ੍ਹਾਂ ਨੂੰ ਹਾਸਿਲ ਹੋ ਚੁੱਕੀ ਸੀ। **ਸਿੱਖ-ਵਿਰੋਧੀ ਸੰਸਥਾਵਾਂ ਅਤੇ ਸੰਪਰਦਾਵਾਂ ਨੂੰ ਨੰਗੀ ਹਕੂਮਤੀ ਸ਼ਹਿ ਅਤੇ ਸਰਪ੍ਰਸਤੀ ਦੇਣ ਦੀ ਨੀਤੀ ਦੀ ਘਾੜਤ ਵਿੱਚ ਸਰਦਾਰ ਵੱਲਭ ਭਾਈ ਪਟੇਲ ਨੇ ਮੁੱਖ ਰੋਲ ਅਦਾ ਕੀਤਾ ਸੀ। 'ਹੋਮ ਮਨਿਸਟਰ ਦੀ ਹੈਸੀਅਤ ਵਿੱਚ ਉਸ ਨੇ ਇਸ ਮੰਤਵ ਲਈ ਸਰਕਾਰੀ ਤਾਕਤ ਤੇ ਇਸ ਦੇ ਖ਼ੁਫ਼ੀਆ ਫ਼ੰਡਾਂ ਦੀ ਨਿਰਸੰਕੋਚਵੀਂ ਵਰਤੋਂ ਕੀਤੀ ਹੈ' (ਪੰਜ ਪਾਣੀ (ਹਫ਼ਤਾਵਰ), ਚੰਡੀਗੜ੍ਹ 7 ਮਈ, 1978)। "ਵਿਦੇਸ਼ਾਂ ਅੰਦਰ ਭਾਰਤੀ ਸਫ਼ਾਰਤਖ਼ਾਨਿਆਂ ਨੂੰ ਨਕਲੀ ਨਿਰੰਕਾਰੀ ਮੁਖੀ ਦੀ ਪੁਰਜ਼ੋਰ ਤਰੀਕੇ ਨਾਲ ਆਓ-ਭਗਤ ਕਰਨ ਦੇ ਲਿਖ਼ਤੀ ਆਦੇਸ਼ ਜਾਰੀ ਕੀਤੇ ਗਏ" (ਭਾਈ ਹਰੀ ਸਿੰਘ ਸ਼ੇਰਗਿੱਲ : ਜੈਨੇਸਿਜ਼ ਆਫ਼ ਸਿੱਖ ਨਿਰੰਕਾਰੀ ਟੱਸਲ; ਧਰਮ ਪ੍ਰਚਾਰ ਕਮੇਟੀ (ਸ਼੍ਰੋਮਣੀ ਗੁ. ਪ੍ਰ. ਕਮੇਟੀ, ਸਫ਼ਾ 20)।**

ਜਲੰਧਰ ਦੀ ਮਹਾਸ਼ਾ ਪ੍ਰੈਸ ਅਤੇ ਆਰੀਆ ਸਮਾਜੀ ਤਾਕਤਾਂ ਨਕਲੀ ਨਿਰੰਕਾਰੀਆਂ ਦੀ ਨੰਗੀ ਚਿੱਟੀ ਹਮਾਇਤ ਲਈ ਮੈਦਾਨ ਵਿੱਚ ਉੱਤਰ ਆਈਆਂ। ਨਤੀਜਾ ਇਹ ਨਿਕਲਿਆ ਕਿ ਨਕਲੀ ਨਿਰੰਕਾਰੀਆਂ ਦੀ ਆਰਥਕ ਸ਼ਕਤੀ ਅਤੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਹੈਰਾਨੀਜਨਕ ਵਾਧਾ ਹੋਇਆ। **1948 ਵਿੱਚ ਨਕਲੀ ਨਿਰੰਕਾਰੀਆਂ ਦੇ ਕੁਲ ਛੋਟੇ-ਵੱਡੇ ਮਿਲਾਕੇ ਭਾਰਤ ਵਿੱਚ 21 ਕੇਂਦਰ ਸਨ ਪਰ 1983 ਵਿੱਚ ਇਨ੍ਹਾਂ ਦੀ ਗਿਣਤੀ 700 ਤੱਕ ਜਾ ਪਹੁੰਚੀ। ਦਿੱਲੀ ਵਿੱਚ ਇੱਕ ਟੁੱਟੇ-ਫੁੱਟੇ ਕਿਰਾਏ ਦੇ ਮਕਾਨ ਤੋਂ ਆਰੰਭ ਹੋ ਕੇ ਇਨ੍ਹਾਂ ਦੀ ਇੱਕ ਪੂਰੀ ਆਲੀਸ਼ਾਨ ਕਲੋਨੀ ਹੋਂਦ ਵਿੱਚ ਆ ਗਈ।** ਪੰਜਾਬ ਦੇ ਤਕਰੀਬਨ ਹਰ ਸ਼ਹਿਰ ਅਤੇ ਕਸਬੇ ਅੰਦਰ ਇਨ੍ਹਾਂ ਨਕਲੀ ਨਿਰੰਕਾਰੀਆਂ ਦੇ ਨਿਰੰਕਾਰੀ ਭਵਨ ਪ੍ਰਗਟ ਹੋ ਗਏ। ਅਵਤਾਰ ਦੀ ਮੌਤ ਤੋਂ ਬਾਅਦ ਉਸ ਦਾ ਪੁੱਤਰ (ਰੱਬ ਦੇ ਅਵਤਾਰ ਦਾ ਪੁੱਤਰ) ਗੁਰਬਚਨ ਸਿੰਘ 'ਗੁਰੂਡੰਮੀ' ਭੀੜ ਦਾ ਮੁਖੀ ਬਣ ਬੈਠਾ ਅਤੇ ਉਸ ਨੇ ਆਪਣੇ ਬਾਪ ਤੋਂ ਵੀ ਚਾਰ ਕਦਮ ਅੱਗੇ

ਵਧ ਕੇ ਸਿੱਖ ਕੌਮ ਅਤੇ ਸਿੱਖ ਸਿਧਾਂਤਾਂ ਦਾ ਕੋਝੇ ਢੰਗ ਨਾਲ ਮਜ਼ਾਕ ਉਡਾਉਂਣਾ ਜਾਰੀ ਰੱਖਿਆ। ਸਰਕਾਰੀ ਹਮਾਇਤ ਅਤੇ ਬਿਪਰਵਾਦੀ ਤਾਕਤਾਂ ਦੀ ਸ਼ਹਿ ਨਾਲ ਇਸ ਮਨੁੱਖਤਾ ਦੀ ਦੁਸ਼ਮਣ ਲਹਿਰ ਨੇ ਨੀਮ-ਫ਼ਾਸ਼ੀ ਰੂਪ ਧਾਰਨਾ ਸ਼ੁਰੂ ਕਰ ਦਿੱਤਾ। **ਗੁਰਬਚਨ ਨੇ 'ਸੰਤ ਨਿਰੰਕਾਰੀ ਸੇਵਾ ਦਲ' ਦੇ ਨਾਂ ਹੇਠ ਆਪਣੀ ਇੱਕ 'ਨਿੱਜੀ ਹਥਿਆਰਬੰਦ ਸੈਨਾ' ਖੜ੍ਹੀ ਕਰ ਕੇ ਇਸ ਨੂੰ ਬਕਾਇਦਾ ਹਥਿਆਰਾਂ ਦੀ ਸਿਖਲਾਈ ਦੇਣੀ ਆਰੰਭ ਕਰ ਦਿੱਤੀ ਜਿਸ ਦਾ ਮੂਲ ਮੰਤਵ ਸਿੱਖ ਕੌਮ ਨੂੰ ਆਪਣੀ ਆਰਥਕ ਅਤੇ ਫ਼ਾਸ਼ੀ ਤਾਕਤ ਦੀ ਵਰਤੋਂ ਕਰ ਕੇ ਵੰਗਾਰਨਾ ਸੀ।** ਇਸ ਅਰਸੇ ਦੌਰਾਨ, ਅਕਾਲੀ ਰਾਜਸੀ ਅਤੇ ਧਾਰਮਕ ਲੀਡਰਾਂ ਅੰਦਰ ਆਏ ਸਿਧਾਂਤਕ ਅਤੇ ਨੈਤਿਕ ਨਿਘਾਰਾਂ ਨੇ ਇਸ ਟੋਲੇ ਦੇ ਹੌਂਸਲੇ ਹੋਰ ਵੀ ਵਧਾ ਦਿਤੇ। **1977 ਵਿੱਚ ਜਨਤਾ ਗਠਜੋੜ ਦੀ ਸਰਕਾਰ ਹੋਂਦ ਵਿੱਚ ਆ ਗਈ। ਇਸ ਕੇਂਦਰੀ ਸਰਕਾਰ ਵਿੱਚ ਵੀ ਸਿੱਖ-ਵਿਰੋਧੀ ਸੋਚ ਵਾਲੇ ਮੁਰਾਰਜੀ ਡਿਸਾਈ, ਚੌਧਰੀ ਚਰਨ ਸਿੰਘ ਵਰਗੇ ਆਗੂਆਂ ਅਤੇ ਜਨਸੰਘ (ਮੌਜੂਦਾ ਬੀ.ਜੇ.ਪੀ.) ਵਰਗੀਆਂ ਬਿਪਰਵਾਦੀ ਫ਼ਿਰਕਾਪ੍ਰਸਤ ਤਾਕਤਾਂ ਦਾ ਬੋਲਬਾਲਾ ਹੋਣ ਕਰ ਕੇ, ਇਸ ਨਕਲੀ ਨਿਰੰਕਾਰੀ ਲਹਿਰ ਨੂੰ ਪੂਰੀ ਹਮਾਇਤ ਮਿਲਦੀ ਰਹੀ।**

ਨਕਲੀ ਨਿਰੰਕਾਰੀ ਦੁਰਪ੍ਰਚਾਰ ਦੀ ਸੁਰ ਵਧੇਰੇ ਚੱਕਵੀਂ ਅਤੇ ਭੜਕਾਊ ਹੋ ਗਈ। 1977 ਵਿੱਚ ਨਕਲੀ ਨਿਰੰਕਾਰੀਆਂ ਦੀਆਂ ਵੋਟਾਂ ਦੀ ਭੀਖ ਮੰਗ ਕੇ ਪੰਜਾਬ ਦੇ ਰਾਜ ਸਿੰਘਾਸਣ 'ਤੇ ਕਾਬਜ਼ ਹੋਏ ਗੁਰੂ ਨਾਨਕ ਸਾਹਿਬ ਦੇ ਇਨਕਲਾਬ ਤੋਂ ਭਗੌੜੇ ਹੋ ਚੁੱਕੇ ਅਕਾਲੀ ਲੀਡਰਾਂ ਨੇ ਨਕਲੀ ਨਿਰੰਕਾਰੀਆਂ ਦੀਆਂ ਸਿੱਖ ਕੌਮ ਅਤੇ ਮਨੁੱਖਤਾ-ਵਿਰੋਧੀ ਕਰਤੂਤਾਂ ਦੇ ਵਿਰੁੱਧ ਕਿਸੇ ਵੀ ਕਿਸਮ ਦਾ ਕਦਮ ਚੁੱਕਣ ਤੋਂ ਟਾਲਾ ਵੱਟੀ ਰੱਖਿਆ, ਕਿਉਂਕਿ ਅਕਾਲੀ-ਜਨਤਾ ਗੱਠਜੋੜ ਦੀ ਸੂਬਾ ਸਰਕਾਰ ਦੀ ਵਾਗਡੋਰ ਅਸਲ ਵਿਚ ਬਿਪਰਵਾਦੀ ਫ਼ਾਸ਼ੀ ਤਾਕਤਾਂ ਦੇ ਹੱਥ ਵਿੱਚ ਸੀ।

29 ਜੁਲਾਈ 1977 ਨੂੰ ਭਾਈ ਕਰਤਾਰ ਸਿੰਘ, ਤੱਤਕਾਲੀਨ ਮੁਖੀ ਭਿੰਡਰਾਂਵਾਲੀ ਟਕਸਾਲ ਇੱਕ ਸੜਕ ਹਾਦਸੇ ਵਿੱਚ ਘਾਇਲ ਹੋ ਗਏ (ਜਾਂ ਘਾਇਲ ਕਰਵਾਏ ਗਏ?) ਅਤੇ 16 ਅਗੱਸਤ ਨੂੰ ਅਕਾਲ ਚਲਾਣਾ ਕਰ ਗਏ। ਉਨ੍ਹਾਂ ਤੋਂ ਬਾਅਦ ਭਾਈ ਜਰਨੈਲ ਸਿੰਘ ਟਕਸਾਲ ਭਿੰਡਰਾਂ ਦੇ ਮੁਖੀ ਬਣੇ। ਇਸ ਦੌਰਾਨ ਸੰਤ ਨਿਰੰਕਾਰੀ ਮੰਡਲ ਨੇ ਇੱਕ ਸੋਚੀ-ਸਮਝੀ ਸਾਜਿਸ਼ ਅਧੀਨ (ਜਿਸ ਵਿੱਚ ਤੱਤਕਾਲੀਨ ਅਕਾਲੀ ਸਰਕਾਰ ਦੀ ਭਾਈਵਾਲਤਾ ਤੋਂ ਇਨਕਾਰ ਕਰਨਾ ਮੁਸ਼ਕਲ ਪ੍ਰਤੀਤ ਹੁੰਦਾ ਹੈ) 1978 ਦੀ ਵਿਸਾਖੀ ਮੌਕੇ ਅੰਮ੍ਰਿਤਸਰ ਵਿੱਚ ਆਪਣਾ ਵੱਡਾ ਭਰਵਾਂ ਕੁੱਲ-ਹਿੰਦ ਸੰਮੇਲਨ ਕਰਨ ਦਾ ਪ੍ਰੋਗਰਾਮ ਉਲੀਕਿਆ। ਇਹ ਸਿੱਖਾਂ ਨੂੰ ਸਿੱਖਾਂ ਦੇ ਘਰ ਵਿੱਚ ਆ ਕੇ ਇੱਕ ਪਵਿੱਤਰ ਦਿਹਾੜੇ ਮੌਕੇ ਲਲਕਾਰਨ ਅਤੇ ਗਾਲ੍ਹਾਂ ਕੱਢਣ ਦੀ ਕੋਝੀ ਕਾਰਵਾਈ ਸੀ। ਸਿੱਖਾਂ ਦੀਆਂ ਭਾਵਨਾਵਾਂ ਦਾ ਘਾਣ ਕਰ ਕੇ ਪੰਜਾਬ ਦੀ ਅਕਾਲੀ-ਜਨਤਾ ਗੱਠਜੋੜ ਸਰਕਾਰ ਨੇ ਇਨ੍ਹਾਂ ਨਕਲੀ ਨਿਰੰਕਾਰੀਆਂ ਨੂੰ ਵਿਸਾਖੀ ਦੇ ਪਵਿੱਤਰ ਦਿਹਾੜੇ 'ਤੇ ਗੁਰੂ ਕੀ ਵਸਾਈ ਅਤੇ ਵਰੋਸਾਈ ਨਗਰੀ ਅੰਮ੍ਰਿਤਸਰ ਵਿਖੇ ਆਪਣੀ ਤਾਕਤ ਦਾ ਉਕਤ ਵਿਖਾਵਾ ਕਰਨ ਦੀ ਖੁੱਲ੍ਹੀ ਛੂਟ ਦੇ ਦਿੱਤੀ। 13 ਅਪ੍ਰੈਲ ਨੂੰ ਸਮਾਗਮ ਦੇ ਆਰੰਭ ਹੋਣ ਤੋਂ ਪਹਿਲਾਂ ਸਰਕਾਰੀ ਸ਼ਹਿ ਅਤੇ ਸਰਪ੍ਰਸਤੀ ਦੁਆਰਾ ਪ੍ਰਾਪਤ ਹੋਈ ਤਾਕਤ ਦਾ ਅਸ਼ਲੀਲ ਵਿਖਾਵਾ ਕਰਨ ਲਈ ਨਕਲੀ ਨਿਰੰਕਾਰੀਆਂ ਨੇ ਸ਼ਹਿਰ ਵਿੱਚ



ਲਾਸਾਨੀ ਇਨਕਲਾਬ

ਇੱਕ ਭਾਰੀ ਜਲੂਸ ਕੱਢਿਆ। ਇਹ ਸੱਭ ਕੁੱਝ ਵੇਖ ਕੇ ਭਾਈ ਜਰਨੈਲ ਸਿੰਘ ਨੇ ਤੁਰਤ ਦੀਵਾਨ ਹਾਲ ਮੰਜੀ ਸਾਹਿਬ ਵਿਖੇ ਪਹੁੰਚ ਕੇ ਸ਼੍ਰੋਮਣੀ ਕਮੇਟੀ ਦੇ ਜਨਰਲ ਸਕੱਤਰ ਅਤੇ ਪੰਜਾਬ ਸਰਕਾਰ ਵਿੱਚ ਸੀਨੀਅਰ ਮੰਤਰੀ ਜੀਵਨ ਸਿੰਘ ਉਮਰਾਨੰਗਲ ਨੂੰ ਮਿਲ ਕੇ ਕਿਹਾ ਕਿ ਉਹ ਆਪਣੀ ਜਿਮੇਂਵਾਰੀ ਸਮਝਦੇ ਹੋਏ ਨਕਲੀ ਨਿਰੰਕਾਰੀਆਂ ਨੂੰ ਖ਼ਰੂਦ ਕਰਨ ਤੋਂ ਰੋਕਣ ਲਈ ਯੋਗ ਕਾਰਵਾਈ ਕਰਨ। ਜੀਵਨ ਸਿੰਘ ਨੇ ਭਰੇ ਦੀਵਾਨ ਵਿੱਚ ਇਸ ਬਾਰੇ ਕੁੱਝ ਵੀ ਕਰਨ ਤੋਂ ਆਪਣੀ ਅਸਮਰੱਥਾ ਜ਼ਾਹਰ ਕੀਤੀ ਅਤੇ ਇਸ ਹਕੀਕਤ ਨੂੰ ਸ਼ਰ੍ਹੇਆਮ ਕਬੂਲ ਕੀਤਾ ਕਿ ਪੰਜਾਬ ਸਰਕਾਰ ਵਿੱਚ ਭਾਈਵਾਲ ਜਨਸੰਘ ਦੀ ਰਜ਼ਾਮੰਦੀ ਤੋਂ ਬਗ਼ੈਰ ਕੋਈ ਵੀ ਅਕਾਲੀ ਮੰਤਰੀ ਉੱਚਾ ਸਾਹ ਲੈਣ ਤੱਕ ਦੀ ਵੀ ਗੁਸਤਾਖ਼ੀ ਨਹੀਂ ਕਰ ਸਕਦਾ। ਇਸ ਤੋਂ ਬਾਅਦ ਭਾਈ ਜਰਨੈਲ ਸਿੰਘ ਨੇ ਅਖੰਡ ਕੀਰਤਨੀ ਜਥੇ ਦੇ ਸਿੰਘਾਂ ਨਾਲ ਸਲਾਹ ਕਰ ਕੇ ਸਿਦਕੀ ਸਿੰਘਾਂ ਦਾ ਇੱਕ ਸ਼ਾਂਤਮਈ ਜਥਾ ਸਮਾਗਮ ਵਾਲੀ ਜਗ੍ਹਾ ਭੇਜਣ ਦਾ ਫ਼ੈਸਲਾ ਕਰ ਲਿਆ ਤਾਕਿ ਨਕਲੀ ਨਿਰੰਕਾਰੀਆਂ ਦੇ ਸਮਾਗਮ ਦੇ ਪ੍ਰਬੰਧਕਾਂ ਕੋਲ ਰੋਸ ਪ੍ਰਗਟ ਕਰ ਕੇ ਉਨ੍ਹਾਂ ਨੂੰ ਖ਼ਰੂਦ ਕਰਨ ਤੋਂ ਰੋਕਿਆ ਜਾ ਸਕੇ। **ਪਰ ਨਕਲੀ ਨਿਰੰਕਾਰੀਆਂ ਦੇ ਸਿਰ 'ਤੇ ਆਪਣੀ ਵਹਿਸ਼ੀ ਤਾਕਤ ਦਾ ਭੂਤ ਬੁਰੀ ਤਰ੍ਹਾਂ ਸਵਾਰ ਹੋ ਚੁੱਕਿਆ ਸੀ ਅਤੇ ਉਹ ਸਿੱਖ ਕੌਮ ਨੂੰ ਸਬਕ ਸਿਖਾਉਂਣ ਲਈ ਆਪਣੇ ਨੀਮ-ਫ਼ਾਸ਼ੀ 'ਸੇਵਾ ਦਲ' ਦੇ ਚੋਣਵੇਂ ਵਲੰਟੀਅਰਾਂ ਨੂੰ ਪੂਰੀ ਤਰ੍ਹਾਂ ਹਥਿਆਰਾਂ ਨਾਲ ਲੈਸ ਕਰ ਕੇ ਨਾਲ ਲਿਆਏ ਸਨ। (ਫ਼ੌਜਾ ਸਿੰਘ : ਸੰਤ ਨਿਰੰਕਾਰੀ ਦਲ, ਏ ਚੈਲਿੰਜ ਫਾਰ ਇੰਡੀਅਨ ਸੁਸਾਇਟੀ, ਸਫ਼ਾ 20; ਦਲਬੀਰ ਸਿੰਘ : ਨੇੜਿਉਂ ਡਿੱਠੇ ਸੰਤ ਭਿੰਡਰਾਂ ਵਾਲੇ, ਸਫ਼ਾ 52)। ਸਿੰਘਾਂ ਦਾ ਜਥਾ ਅਜੇ ਸਮਾਗਮ ਵਾਲੀ ਜਗ੍ਹਾ ਤੋਂ 300-400 ਗਜ ਦੀ ਦੂਰੀ 'ਤੇ ਹੀ ਸੀ, ਜਦ ਉਸ 'ਤੇ ਗੋਲੀਆਂ ਦਾ ਮੀਂਹ ਵਰਨਾਂ ਸ਼ੁਰੂ ਹੋ ਗਿਆ। ਕੁੱਝ ਪਲਾਂ ਵਿੱਚ ਹੀ 13 ਸਿੰਘ ਸ਼ਹੀਦ ਹੋ ਗਏ ਅਤੇ 70 ਤੋਂ ਵੱਧ ਜ਼ਖ਼ਮੀ ਹੋ ਗਏ। ਹੈਰਾਨੀ ਦੀ ਗੱਲ ਇਹ ਹੈ ਕਿ ਇਸ ਖ਼ੂਨੀ ਵਾਰਦਾਤ ਤੋਂ ਬਾਅਦ ਵੀ ਇਹ ਸਮਾਗਮ ਘੰਟਿਆਂ-ਬੱਧੀ ਨਿਰਵਿਘਨ ਚਲਦਾ ਰਿਹਾ। ਸਮਾਗਮ ਦੀ ਸਮਾਪਤੀ ਤੋਂ ਬਾਅਦ ਅੰਮ੍ਰਿਤਸਰ ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਕੇ.ਐਸ.ਜੰਜੂਆ ਨਕਲੀ ਨਿਰੰਕਾਰੀ ਮੁਖੀ ਗੁਰਬਚਨ ਨੂੰ ਆਪਣੀ ਹਿਫ਼ਾਜ਼ਤ ਵਿੱਚ ਖ਼ੁਦ ਜਲੰਧਰ ਤੱਕ ਵਿਦਾ ਕਰ ਕੇ ਆਇਆ ਅਤੇ ਉਸ ਤੋਂ ਅੱਗੇ ਵੀ ਦਿੱਲੀ ਤੱਕ ਕਿਸੇ ਕਾਨੂੰਨ ਦੇ ਰਖਵਾਲੇ ਨੇ ਮੁਜ਼ਰਿਮ ਗੁਰਬਚਨ ਦੀ ਵਾਅ ਵੱਲ ਵੀ ਨਹੀਂ ਤੱਕਿਆ। (ਹਰਮਿੰਦਰ ਕੌਰ : ਬਲਿਊ ਸਟਾਰ ਓਵਰ ਅੰਮ੍ਰਿਤਸਰ, ਸਫ਼ਾ 50)। ਇਸ ਖ਼ੂਨੀ ਕਾਰੇ ਸਮੇਂ ਪੰਜਾਬ ਵਿੱਚ ਅਕਾਲੀ ਸਰਕਾਰ ਅਤੇ ਕੇਂਦਰ ਦੀ ਜਨਤਾ ਗੱਠਜੋੜ ਸਰਕਾਰ ਵਿੱਚ ਸ਼੍ਰੋਮਣੀ ਅਕਾਲੀ ਦਲ ਭਾਈਵਾਲ ਸੀ। ਸਿੱਖ ਇਤਿਹਾਸ ਨੂੰ ਖ਼ੂਨੀ ਮੋੜਾ ਦੇਣ ਵਾਲਾ ਇਹ ਇੱਕ ਖ਼ੂਨੀ ਕਾਂਡ ਸੀ।** 23 ਅਪ੍ਰੈਲ ਨੂੰ ਦੇਸ਼-ਵਿਦੇਸ਼ ਦੀ ਸਿੱਖ ਸੰਗਤਾਂ ਨੇ ਇਕੱਠ ਕਰ ਕੇ ਇਨ੍ਹਾਂ ਸ਼ਹੀਦ ਹੋਏ ਸਿੰਘਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਅਤੇ ਨਕਲੀ ਨਿਰੰਕਾਰੀਆਂ ਦੀਆਂ ਮਾਨਵ-ਵਿਰੋਧੀ ਸਰਗਰਮੀਆਂ 'ਤੇ ਪਾਬੰਦੀ ਲਾਉਣ ਦੀ ਆਵਾਜ਼ ਉਠਾਈ। 17 ਮਈ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਖੇ ਭਾਰੀ ਪੰਥਕ ਕਨਵੈਨਸ਼ਨ ਜੁੜੀ, ਜਿਸ ਵਿੱਚ ਅਕਾਲ ਤਖ਼ਤ ਵੱਲੋਂ ਨਕਲੀ ਨਿਰੰਕਾਰੀਆਂ ਦੇ ਵਿਰੁੱਧ ਹੁਕਮਨਾਮਾ ਜਾਰੀ ਕਰਨ ਦਾ ਫ਼ੈਸਲਾ ਲਿਆ ਗਿਆ। ਅਜਿਹੇ ਫ਼ੈਸਲੇ ਲਈ ਸਰਦਾਰ ਕਪੂਰ ਸਿੰਘ ਨੇ ਭਰਵਾਂ ਯੋਗਦਾਨ ਪਾਇਆ ਅਤੇ 'ਹੁਕਮਨਾਮਾ'

ਦਾ ਮੂਲ ਪਾਠ ਵੀ ਸਰਦਾਰ ਸਾਹਿਬ ਨੇ ਹੀ ਲਿਖਿਆ। ਇਸ ਫ਼ੈਸਲੇ ਅਨੁਸਾਰ 1 ਜੂਨ 1978 ਨੂੰ ਇਹ ਹੁਕਮਨਾਮਾ ਜਾਰੀ ਕਰ ਦਿੱਤਾ ਗਿਆ।

**ਇਸ ਖ਼ੂਨੀ ਕਾਂਡ ਤੋਂ ਬਾਅਦ ਦੇਸ਼ ਭਰ ਦੀਆਂ ਬਿਪਰਵਾਦੀ ਫ਼ਿਰਕਾਪ੍ਰਸਤ ਤਾਕਤਾਂ, ਮਹਾਸ਼ਾ ਪ੍ਰੈੱਸ, ਉੱਤਰੀ ਭਾਰਤ ਦਾ ਆਰੀਆ ਸਮਾਜੀ ਵਰਗ, ਕੇਂਦਰੀ ਸਰਕਾਰ ਤੋਂ ਲੈ ਕੇ, ਅਫ਼ਸਰਸ਼ਾਹੀ ਤੱਕ, ਨਿਆਂਪਾਲਕਾ ਤੋਂ ਲੈ ਕੇ ਮੀਡੀਏ ਤੱਕ, ਸਭ ਨੇ ਇਕ ਜ਼ੁਬਾਨ ਹੋ ਕੇ ਸਿੱਖਾਂ ਨੂੰ ਹੀ ਦੋਸ਼ੀ ਠਹਿਰਾਇਆ ਅਤੇ ਨਕਲੀ ਨਿਰੰਕਾਰੀਆਂ ਨੂੰ ਇੱਕ 'ਮਜ਼ਲੂਮ ਧਿਰ' ਦੇ ਰੂਪ ਵਿੱਚ ਪੇਸ਼ ਕੀਤਾ। ਇਸ ਦੌਰਾਨ ਗੁਰਬਚਨ ਨੇ ਕੇਂਦਰੀ ਸਰਕਾਰ ਦੀ ਸਹਾਇਤਾ ਨਾਲ ਸੁਪਰੀਮ ਕੋਰਟ 'ਤੋਂ ਪੇਸ਼ਗੀ-ਜ਼ਮਾਨਤ ਹਾਸਿਲ ਕਰ ਲਈ। ਮੁਕੱਦਮੇ ਦੀ ਸੁਣਵਾਈ ਅੰਮ੍ਰਿਤਸਰ ਤੋਂ ਤਬਦੀਲ ਕਰ ਕੇ ਕਰਨਾਲ ਕਰ ਦਿੱਤੀ ਗਈ। 4 ਜਨਵਰੀ 1980 ਨੂੰ ਕਰਨਾਲ ਦੇ ਸੈਸ਼ਨ ਜੱਜ ਸ੍ਰੀ ਆਰ.ਐਸ. ਗੁਪਤਾ ਨੇ ਗੁਰਬਚਨ ਸਮੇਤ ਸਾਰੇ ਦੇ ਸਾਰੇ 62 ਨਿਰੰਕਾਰੀ ਦੋਸ਼ੀਆਂ ਨੂੰ ਸਾਫ਼ ਬਰੀ ਕਰ ਦਿੱਤਾ। ਇਥੇ ਹੀ ਬੱਸ ਨਹੀਂ। ਮਾਣਯੋਗ ਸੈਸ਼ਨ ਜੱਜ ਨੇ ਪੰਜਾਬ ਸਰਕਾਰ ਤੇ ਪੁਲਿਸ ਦੀ 'ਬੇਕਸੂਰ' ਵਿਅਕਤੀਆਂ ਵਿਰੁੱਧ ਝੂਠਾ ਪਰਚਾ ਦਾਇਰ ਕਰਨ ਬਦਲੇ ਤਿੱਖੀ ਅਲੋਚਨਾ ਕੀਤੀ। (ਗੁਰਮੀਤ ਸਿੰਘ : ਹਿਸਟਰੀ ਆਫ਼ ਸਿੱਖ ਸਟਰਗਲਜ਼, ਭਾਗ ਦੂਜਾ, ਸਫ਼ਾ 54)।**

ਹਿੰਦੂ ਹਾਕਮਾਂ ਦੀ ਰਾਜਨੀਤਕ ਸਰਪ੍ਰਸਤੀ, ਕਾਨੂੰਨੀ ਓਟ ਤੇ ਨੈਤਿਕ ਹਲਾਸ਼ੇਰੀ ਦੀ ਬਦੌਲਤ ਗੁਰਬਚਨ ਨੂੰ ਇਡਾ ਵੱਡਾ ਉਪੱਦਰ ਕਰਨ ਦੇ ਬਾਵਜੂਦ ਇੱਕ ਦਿਨ ਵੀ ਜੇਲ੍ਹ ਜਾਂ ਥਾਣੇ ਦੀ ਹਵਾ ਨਹੀਂ ਖਾਣੀ ਪਈ।

5 ਨਵੰਬਰ 1978 ਨੂੰ ਦਿੱਲੀ ਦੇ ਗੁਰਦੁਆਰਾ ਬੰਗਲਾ ਸਾਹਿਬ ਤੋਂ ਰੋਸ-ਮਾਰਚ ਕੱਢ ਰਹੇ ਸਿੱਖਾਂ ਉੱਪਰ ਪੁਲਸ ਨੇ ਗੋਲੀ ਚਲਾ ਦਿੱਤੀ। ਤਿੰਨ ਸਿੰਘ ਸ਼ਹੀਦ ਅਤੇ 9 ਜ਼ਖ਼ਮੀ ਹੋ ਗਏ। ਇਹ ਸਿੰਘ ਦਿੱਲੀ ਦੇ ਰਾਮ ਲੀਲਾ ਗਰਾਊਂਡ ਵਿਖੇ ਨਕਲੀ ਨਿਰੰਕਾਰੀਆਂ ਦੇ ਹੋ ਰਹੇ ਸੰਮੇਲਨ ਦੇ ਖ਼ਿਲਾਫ਼ ਰੋਸ-ਮੁਜ਼ਾਹਰਾ ਕਰ ਰਹੇ ਸਨ।

**ਜਨਤਾ ਸਰਕਾਰ ਨੇ 1978 ਵਿੱਚ, ਘੱਟ-ਗਿਣਤੀ ਧਾਰਮਿਕ ਭਾਈਚਾਰਿਆਂ ਦੇ ਹਿੱਤਾਂ ਦੀ ਦੇਖਭਾਲ ਕਰਨ ਲਈ 'ਕੌਮੀ ਘੱਟ ਗਿਣਤੀ ਕਮਿਸ਼ਨ' ਕਾਇਮ ਕਰਨ ਦਾ ਫੈਸਲਾ ਕੀਤਾ ਪਰ ਸਿੱਖਾਂ ਨੂੰ ਹਿੰਦੂਆਂ ਨਾਲੋਂ ਵੱਖਰਾ ਮੰਨਣ ਤੋਂ ਇਨਕਾਰ ਕਰਕੇ ਸਿੱਖਾਂ ਨੂੰ ਇਸ ਕਮਿਸ਼ਨ ਵਿੱਚ ਸ਼ਾਮਿਲ ਕਰਨ ਤੋਂ ਸਾਫ਼ ਜੁਆਬ ਦੇ ਦਿੱਤਾ (ਕੁਲਦੀਪ ਨਈਅਰ - ਖੁਸ਼ਵੰਤ ਸਿੰਘ : ਪੰਜਾਬ ਦਾ ਦੁਖਾਂਤ, ਸਫ਼ਾ 48)।**

ਇਸੇ ਦੌਰਾਨ, ਪੰਜਾਬ ਸਰਕਾਰ ਨੇ 'ਸਤਲੁਜ-ਯਮੁਨਾ ਲਿੰਕ ਨਹਿਰ', ਜਿਸ ਰਾਹੀਂ





ਹਰਿਆਣਾ ਨੂੰ ਪੰਜਾਬ ਦੇ ਦਰਿਆਵਾਂ ਦਾ ਪਾਣੀ ਭੇਜਿਆ ਜਾਣਾ ਸੀ, ਦੀ ਉਸਾਰੀ ਕਰਨਾ ਮੰਨ ਲਿਆ ਅਤੇ ਇਸ ਮਕਸਦ ਲਈ ਕੇਂਦਰ ਸਰਕਾਰ ਕੋਲੋਂ ਇੱਕ ਕਰੋੜ ਰੁਪਏ ਦੀ ਰਾਸ਼ੀ ਵੀ ਵਸੂਲ ਕਰ ਲਈ ਅਤੇ ਧਾਰਾ 17-ਏ ਅਧੀਨ ਜ਼ਮੀਨ ਅਕਵਾਇਰ ਕਰਨ ਦੀ ਕਾਰਵਾਈ ਆਰੰਭ ਕਰ ਦਿੱਤੀ (ਗੁਰਮੀਤ ਸਿੰਘ : ਹਿਸਟਰੀ ਆਫ਼ ਸਿੱਖ ਸਟਰਗਲਜ਼, ਦੂਜਾ ਹਿੱਸਾ, ਸਫ਼ਾ 43)। **"ਪੰਜਾਬੀ ਸੂਬੇ ਦੀ ਸਥਾਪਨਾ ਵੇਲੇ ਕੇਂਦਰ ਦੀ ਕਾਂਗਰਸ ਸਰਕਾਰ ਨੇ ਪੰਜਾਬ ਦੇ ਦਰਿਆਈ ਪਾਣੀਆਂ ਤੇ ਹਾਈਡਲ ਪ੍ਰਾਜੈਕਟਸ ਦੇ ਕੰਟਰੋਲ ਨੂੰ 'ਝਗੜੇ ਵਾਲਾ ਮਾਮਲਾ' ਕਰਾਰ ਦਿੰਦਿਆਂ ਹੋਇਆਂ 'ਪੰਜਾਬ ਪੁਨਰਗਠਨ ਐਕਟ-1966' ਦੀ ਧਾਰਾ 78, 79 ਅਤੇ 80 ਅਧੀਨ ਇਹ ਕਹਿ ਕੇ ਆਪਣੇ ਕਬਜ਼ੇ ਹੇਠ ਰੱਖ ਲਿਆ ਸੀ ਕਿ ਝਗੜੇ ਨਾਲ, ਸਬੰਧਤ ਧਿਰਾਂ (ਪੰਜਾਬ, ਹਰਿਆਣਾ, ਰਾਜਸਥਾਨ) ਨਾਲ ਸਲਾਹ-ਮਸ਼ਵਰਾ ਕਰਕੇ ਇਸ ਦਾ 'ਨਿਆਈਂ ਹੱਲ' ਲੱਭ ਲਿਆ ਜਾਵੇਗਾ। ਦਰਿਆਈ ਪਾਣੀਆਂ ਬਾਰੇ ਕੌਮਾਂਤਰੀ ਕਾਨੂੰਨਾਂ ਤੇ ਮਰਯਾਦਾ ਦੇ ਮੁਤਾਬਿਕ ਇਨ੍ਹਾਂ ਦਰਿਆਈ ਪਾਣੀਆਂ ਤੇ ਹੈਡਵਰਕਸ ਉੱਤੇ ਨਿਰੋਲ ਪੰਜਾਬ ਦਾ ਹੀ ਹੱਕ ਬਣਦਾ ਹੈ। ਇਸ ਨੂੰ 'ਝਗੜੇ ਵਾਲਾ ਮਸਲਾ' ਕਰਾਰ ਦੇਣਾ ਪੰਜਾਬ ਨਾਲ ਸਰੀਂਹਣ ਬੇ-ਇਨਸਾਫ਼ੀ ਹੈ ਜਿਸ 'ਚੋਂ ਹਿੰਦੂ ਹਾਕਮਾਂ ਦੀ ਸਿੱਖਾਂ ਪ੍ਰਤੀ ਮੰਦਭਾਵਨਾ ਪ੍ਰਗਟ ਹੁੰਦੀ ਹੈ। ਇਹ ਮੰਦਭਾਵਨਾ ਉਸ ਵੇਲੇ ਖੁੱਲ੍ਹ ਕੇ ਬਾਹਰ ਆ ਗਈ ਜਦ ਐਮਰਜੈਂਸੀ ਦੌਰਾਨ ਇੰਦਰਾ ਗਾਂਧੀ ਨੇ (25 ਮਾਰਚ 1976 ਨੂੰ) ਦਰਿਆਈ ਪਾਣੀਆਂ ਬਾਰੇ ਆਪ-ਹੁਦਰੇ ਢੰਗ ਨਾਲ ਨਿਰਣਾ ਸੁਣਾ ਦਿੱਤਾ ਜਿਸ ਮੁਤਾਬਿਕ ਪੰਜਾਬ ਦੇ ਪਾਣੀਆਂ ਦਾ ਤਿੰਨ-ਚੌਥਾਈ ਹਿੱਸਾ ਗੁਆਂਢੀ ਰਾਜਾਂ ਦੀ ਝੋਲੀ ਪਾ ਦਿੱਤਾ ਗਿਆ" (ਗੁਰਦਰਸ਼ਨ ਸਿੰਘ : ਟਰੁੱਥ ਅਬਾਊਟ ਪੰਜਾਬ, ਸ਼੍ਰੋਮਣੀ ਕਮੇਟੀ ਸਫ਼ੇਦ ਪੇਪਰ, ਸਫ਼ੇ 76-77)**

## ਸਿੱਖ ਪਛਾਣ ਤੇ ਆਜ਼ਾਦੀ ਦਾ ਜਜ਼ਬਾ

"ਪੰਜਾਹਵਿਆਂ ਤੋਂ ਲੈ ਕੇ ਸੱਤਰਵਿਆਂ ਦੇ ਦਹਾਕਿਆਂ ਦੌਰਾਨ ਸਿੱਖ ਕੌਮ ਅੰਦਰ 'ਧਰਮ' ਨੂੰ ਦਰਪੇਸ਼ ਖ਼ਤਰੇ ਬਾਰੇ ਤਿੱਖਾ ਸਰੋਕਾਰ ਪੈਦਾ ਹੋਇਆ। ਇਹ ਖ਼ਤਰਾ ਦੋ ਪਾਸਿਆਂ ਤੋਂ ਮਹਿਸੂਸ ਕੀਤਾ ਗਿਆ। ਇੱਕ, 'ਅਧੁਨਿਕਵਾਦ' ਵੱਲਿਓਂ। ਦੂਜਾ 'ਬ੍ਰਾਹਮਣਵਾਦ' ਵੱਲੋਂ। ਅਧੁਨਿਕਵਾਦੀ ਸੋਚ ਅਤੇ ਪੱਛਮੀ ਤਰਜ਼ ਦੀ ਜੀਵਨ-ਸ਼ੈਲੀ ਦੇ, ਸਿੱਖ ਸਮਾਜ ਉੱਤੇ ਪੈ ਰਹੇ ਦੁਰ-ਪ੍ਰਭਾਵਾਂ ਨੂੰ ਪਛਾਣਨਾ ਬਹੁਤ ਮੁਸ਼ਕਲ ਨਹੀਂ ਸੀ ਅਤੇ ਨਾ ਹੀ ਇਸ ਵਿੱਚ ਕਿਸੇ ਧਿਰ ਨਾਲ ਤਕਰਾਰ ਜਾਂ ਟਕਰਾਉ ਦਾ ਖ਼ਦਸ਼ਾ ਸੀ। ਪ੍ਰੰਤੂ ਬ੍ਰਾਹਮਣਵਾਦ ਹੱਥੋਂ ਦਰਪੇਸ਼ ਖ਼ਤਰੇ ਦਾ ਮਾਮਲਾ ਇਸ ਤੋਂ ਵੱਖਰੀ ਤਰ੍ਹਾਂ ਦਾ ਸੀ। **ਬ੍ਰਾਹਮਣਵਾਦੀ ਵਿਚਾਰਧਾਰਾ ਨੇ ਸਿੱਖ ਚੇਤਨਾ ਅੰਦਰ ਏਨੀ ਗਹਿਰੀ ਘੁਸਪੈਠ ਕਰ ਰੱਖੀ ਹੋਈ ਸੀ ਕਿ ਸਿੱਖ ਫ਼ਲਸਫ਼ੇ ਦੀ ਸਿਧਾਂਤਕ ਵਿਲੱਖਣਤਾ ਤੇ ਨਿਰਮਲਤਾ ਬਣਾਈ ਰੱਖਣ ਬਾਰੇ ਚੇਤਨਾ ਬਹੁਤ ਹੀ ਪੱਤਲੀ ਪੈ ਗਈ ਸੀ। (ਅੱਜ ਵੀ ਹਾਲਾਤ ਇਹੋ ਜਿਹੇ ਹੀ ਹਨ)। ਪਹਿਲੀ ਗੱਲ ਤਾਂ ਸਿੱਖ ਫ਼ਲਸਫ਼ੇ ਦੀ ਸਿਧਾਂਤਕ ਨਿਰਮਲਤਾ ਅੰਦਰ ਬ੍ਰਾਹਮਣਵਾਦੀ ਖੋਟ ਰਲਾਉਣ ਦੇ ਯਤਨਾਂ ਤੇ ਮੰਤਵਾਂ ਨੂੰ ਬੁੱਝਣਾ ਹੀ ਏਨੀ ਸੌਖੀ ਗੱਲ ਨਹੀਂ ਸੀ (ਅੱਜ ਵੀ ਨਹੀਂ ਹੈ)। ਇਸ ਦੇ ਵਿਰੋਧ ਦਾ ਪੈਂਤੜਾ ਅਖ਼ਤਿਆਰ ਕਰਨ ਲਈ ਤਾਂ ਹੋਰ ਵੀ ਵੱਧ ਉਚੇਰੀ ਚੇਤਨਾ ਤੇ ਦ੍ਰਿੜ੍ਹ ਨਿਸਚਾ ਲੋੜੀਂਦਾ ਸੀ। ਸਿੱਖ ਕੌਮ ਦੇ**

**ਤੱਤਕਾਲੀ ਬੌਧਿਕ, ਰਾਜਨੀਤਕ ਤੇ ਧਾਰਮਿਕ ਰਹਿਬਰਾਂ ਅੰਦਰ ਇਹ ਗੁਣ ਬਹੁਤਾ ਆਮ ਨਹੀਂ ਸੀ ਪਾਇਆ ਜਾਂਦਾ।** ਉਨ੍ਹਾਂ ਅੰਦਰ ਇਸ ਖ਼ਤਰੇ ਦੀ ਗੰਭੀਰਤਾ ਨੂੰ ਪਛਾਣ ਸਕਣ ਦੀ ਸੂਝ-ਸਮਰੱਥਾ ਹੀ ਮਾਂਦੀ ਨਹੀਂ ਸੀ ਪੈ ਗਈ, ਉਨ੍ਹਾਂ ਅੰਦਰ ਇਸ ਦੇ ਵਿਰੋਧ ਵਿੱਚ ਡਟਣ ਦਾ ਲੜਾਕੂ ਜਜ਼ਬਾ ਤੇ ਤੱਤ ਵੀ ਨਹੀਂ ਸੀ ਰਿਹਾ। **ਨਤੀਜੇ ਵਜੋਂ, ਸਿੱਖ ਕੌਮ ਅੰਦਰ ਬ੍ਰਾਹਮਣਵਾਦੀ ਹਿੰਦੂਵਾਦ ਨਾਲ ਹਰ ਪੱਧਰ ’ਤੇ ਸਮਝੌਤਾ ਕਰਨ ਦੀਆਂ ਰੁਚੀਆਂ ਭਾਰੂ ਹੋ ਨਿਬੜੀਆਂ ਸਨ।**

....ਗੁਰੂ ਤੇ ਚੇਲੇ ਦੀ ਦਵੈਤ, ਭਾਰਤੀ ਵੈਦਿਕ ਪ੍ਰੰਪਰਾ (ਬਿਪਰਵਾਦ ਜਾਂ ਬ੍ਰਾਹਮਣਵਾਦ) ਦੀ ਚੂਲ ਹੈ ਅਤੇ ਭਾਰਤੀ ਬਿਪਰਵਾਦੀ ਫ਼ਲਸਫ਼ੇ ਦੀ ਰੀੜ ਦੀ ਹੱਡੀ ਹੈ। ‘ਦੇਹ-ਧਾਰੀ ਗੁਰੂ ਪ੍ਰੰਪਰਾ’ ਮਨੁੱਖ ਨੂੰ ‘ਵਿਡਾਣੀ ਚਾਕਰੀ’ ਸਿਖਾਉਂਣ ਦੀ ਪਾਠਸ਼ਾਲਾ ਹੈ। **....ਦੇਹ-ਧਾਰੀ ਗੁਰੂ ਦੇ ਚਰਨੀ ਪਿਆ ਮਨੁੱਖ ਬੌਣਾ-ਭਗਤ ਬਣ ਜਾਂਦਾ ਹੈ। ਦੇਹ-ਧਾਰੀ ਗੁਰੂਆਂ ਦੇ ਅੱਡੇ ਮਨੁੱਖ ਤੋਂ ਉਸਦਾ ‘ਸਵੈ’ (ਆਪਾ) ਖੋਹ ਲੈਂਦੇ ਹਨ। ਉਸ ਅੰਦਰ ਹੀਣਤਾ ਤੇ ਮੁਥਾਜਗੀ ਦਾ ਭਾਵ ਪੈਦਾ ਹੋ ਜਾਂਦਾ ਹੈ। ਇਸ ਭਾਵਨਾ ਦੇ ਸ਼ਿਕਾਰ ਹੋਏ ਮਨੁੱਖ ਅੰਦਰ ਗੌਰਵ ਅਤੇ ਆਜ਼ਾਦੀ ਦਾ ਜਜ਼ਬਾ ਅੰਗੜਾਈ ਨਹੀਂ ਲੈ ਸਕਦਾ। ਇਸ ਵਜ੍ਹਾ ਕਰਕੇ ਹੀ ਹਿੰਦੂ ਸਮਾਜ ਯੁਗਾਂ ਤੱਕ ਗ਼ੁਲਾਮੀ ਦੀ ਲਾਹਨਤ ਭੋਗਦਾ ਰਿਹਾ।** ਪੀਰੀ ਦੇ ਸੁਆਮੀਆਂ ਦੀ ਪੂਜਾ ਮਨੁੱਖ ਨੂੰ ਮੀਰੀ ਦੇ ਸੁਆਮੀਆਂ (ਕੇਂਦਰਿਤ ਰਾਜ) ਦਾ ਮੁਥਾਜ ਬਣਾ ਦਿੰਦੀ ਹੈ। ਇਸ ਤਰ੍ਹਾਂ **ਮੀਰੀ ਦੇ ਖੇਤਰ ਦਾ ਮੀਰ ਤੇ ਪੀਰੀ ਦੇ ਖੇਤਰ ਦਾ ਪੀਰ ਇੱਕ ਦੂਜੇ ਦੇ ਪੂਰਕ ਹਨ। ਦੋਨੋਂ ਹੀ ਮਾਨਵਤਾ ਦਾ ਸ਼ੋਸ਼ਣ ਕਰਦੇ ਹਨ।....**

ਬ੍ਰਾਹਮਣਵਾਦੀ ਵਿਚਾਰਧਾਰਾ ਦੇ ਉਲਟ, **ਸਿੱਖ ਫ਼ਲਸਫ਼ਾ ਮਨੁੱਖ ਦੀ ਹਰ ਪਰਕਾਰ ਦੇ ਬੰਧਨਾਂ ਤੋਂ ਮੁਕਤੀ ਦਾ ਫ਼ਲਸਫ਼ਾ ਹੈ। ਇਹ ਸ਼ਬਦ-ਗੁਰੂ (ਗਿਆਨ ਗੁਰੂ) ਦੀ ਰਹਿਨੁਮਾਈ ਹਾਸਿਲ ਕਰਕੇ ਪੀਰ ਦੀ ਪੀਰੀ ਨੂੰ ਅਤੇ ਮੀਰ ਦੀ ਮੀਰੀ ਨੂੰ ਖੋਹ ਲੈਣ ਦਾ ਵੱਲ ਸਿਖਾਉਂਦਾ ਹੈ।** ਇਹ ਫ਼ਲਸਫ਼ਾ ਮਨੁੱਖਤਾ ਨੂੰ ਜਾਗਰੂਕ ਕਰਕੇ ਪੀਰਾਂ ਦਾ ਹਾਣੀ ਬਣਾਉਂਦਾ ਹੈ ਅਤੇ ਮੀਰੀ ਨੂੰ ਹੰਨ-ਹੰਨੇ ਵੰਡਣ ਦੀ ਜਾਂਚ ਸਿਖਾਉਂਦਾ ਹੈ। ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਨੇ ਬੰਦੇ ਨੂੰ ‘ਆਪਣਾ ਮੂਲ ਪਛਾਣਨ’ ਅਤੇ ਤੇਜ-ਧਾਰਕ ਬਣਨ ਦੀ ਸਿੱਖਿਆ ਤੇ ਜਾਂਚ ਮੁਹੱਈਆ ਕੀਤੀ” (ਅਜਮੇਰ ਸਿੰਘ : ਉਪਰੋਕਤ, ਸਫ਼ੇ 300-02)

**ਐਮਰਜੈਂਸੀ ਦੌਰਾਨ, ਕਾਂਗਰਸ ਸਰਕਾਰ ਨੇ ਇੱਕ ਆਰਡੀਨੈਂਸ ਜਾਰੀ ਕਰਕੇ ਦੇਸ਼ ਦੀਆਂ ਹਥਿਆਰਬੰਦ ਫ਼ੌਜਾਂ ਅੰਦਰ ਰਾਜਾਂ ਦੀ ਨੁਮਾਇੰਦਗੀ ਨੂੰ ਵਸੋਂ ਦੇ ਅਨੁਪਾਤ ਨਾਲ ਜੋੜ ਦਿੱਤਾ। ਇਸ ਫ਼ੈਸਲੇ ਦਾ ਸਪਸ਼ਟ ਉਦੇਸ਼ ਫ਼ੌਜ ਅੰਦਰ ਸਿੱਖਾਂ ਦੀ ਗਿਣਤੀ ਨੂੰ ਘਟਾਉਂਣਾ ਸੀ ਕਿਉਂਕਿ ਉਦੋਂ ਤੱਕ ਸਿੱਖਾਂ ਦੀ ਫ਼ੌਜ ਅੰਦਰ ਗਿਣਤੀ ਉਨ੍ਹਾਂ ਦੀ ਵਸੋਂ ਦੀ ਅਨੁਪਾਤ**





**ਨਾਲੋਂ ਕੋਈ ਦਸ ਗੁਣਾ ਵਧੇਰੇ ਸੀ। ਜਦ ਅਕਾਲੀ ਵਫ਼ਦ ਨੇ ਤੱਤਕਾਲੀਨ ਪ੍ਰਧਾਨ ਮੰਤਰੀ ਮੁਰਾਰ ਜੀ ਦਿਸਾਈ ਨਾਲ ਇਸ ਵਿਤਕਰੇ ਨੂੰ ਦੂਰ ਕਰਨ ਲਈ ਗੱਲ ਕੀਤੀ ਤਾਂ ਉਸਨੇ ਹਕਾਰਤ ਨਾਲ ਸਿੱਖਾਂ ਦੀ ਮੰਗ ਨੂੰ ਠੁਕਰਾ ਦਿੱਤਾ।**

ਸਿੱਖ ਕੌਮ ਅੰਦਰ, ‘ਬਾਣੀਆ-ਬ੍ਰਾਹਮਣ-ਹਾਕਮ’ ਦੀ ਤਿੱਕੜੀ ਵੱਲੋਂ ਪੈਰ-ਪੈਰ ਤੇ ਵਿਤਕਰੇ ਅਤੇ ਧੱਕੇਸ਼ਾਹੀ ਦੇ ਗ਼ਲਬੇ ਤੇ ਵਰਤਾਰੇ ਦੀਆਂ ਉੱਪਰ ਵਰਣਨ ਕੀਤੀਆਂ ਕੁਛ ਕੁ ਘਟਨਾਵਾਂ ਨੇ ਭਾਰਤ ਦੇ ਸਮੁੱਚੇ ਰਾਜਸੀ ਢਾਂਚੇ ਬਾਰੇ ਬੇਦਿਲੀ ਅਤੇ ਵਿਗਾਨੇਪਣ ਦਾ ਅਹਿਸਾਸ ਪੈਦਾ ਕਰਨਾ ਸ਼ੁਰੂ ਕਰ ਦਿੱਤਾ। **ਜਦ ਦੇਸ਼ ਦੇ ਹਾਕਮ ਵਰਗ ਤੇ ਮੁਲਕ ਦੇ ਕਾਨੂੰਨੀ ਢਾਂਚੇ ਨੇ ਸਿੱਖਾਂ ਨੂੰ ਨਿਆਂ ਦੇਣ ਤੋਂ ਕੋਰਾ ਇਨਕਾਰ ਕਰ ਦਿੱਤਾ ਤਾਂ ਉਨ੍ਹਾਂ ਦੇ ਸਾਹਮਣੇ ਇੱਕ ਨਵੀਂ ਅਤੇ ਕਠੋਰ ਸਥਿਤੀ ਪੈਦਾ ਹੋ ਗਈ। ਉਹ ਅਪੀਲ ਕਰਨ ਤਾਂ ਕਿਸ ਦੇ ਅੱਗੇ ਕਰਨ?** ਉਹ ਆਪਣਾ ਦੁੱਖ ਕਿਸ ਦੇ ਅੱਗੇ ਰੋਣ? ਕੌਮ ਦੇ ਸਾਹਮਣੇ ਨਵੇਂ ਹਾਲਾਤ ਦੇ ਸਨਮੁਖ, ਨਵੇਂ, ਢੁਕਵੇਂ ਪੈਂਤੜੇ ਦੀ ਚੋਣ ਕਰਨ ਦਾ ਅਹਿਮ ਮਸਲਾ ਆਣ ਖੜ੍ਹਾ ਹੋਇਆ।

## ਨਕਲੀ ਨਿਰੰਕਾਰੀ ਮੁਖੀ ਦਾ ਕਤਲ

“ਪੰਜਾਬ ਸਰਕਾਰ ਦੁਆਰਾ ਨਿਰੰਕਾਰੀ-ਕਾਂਡ ਦੇ ਦੋਸ਼ੀਆਂ ਖ਼ਿਲਾਫ਼ ਹਾਈ ਕੋਰਟ ’ਚੋਂ ਮੁਕੱਦਮਾ ਵਾਪਸ ਲਏ ਜਾਣ ਦੇ ਕੁਝ ਹੀ ਦਿਨਾਂ ਬਾਅਦ 24 ਅਪ੍ਰੈਲ 1980 ਦੀ ਰਾਤ ਨੂੰ ਇੱਕ ਸਿੱਖ ਨੌਜਵਾਨ (ਭਾਈ ਰਣਜੀਤ ਸਿੰਘ) ਨੇ ਗੁਰਬਚਨ ਨੂੰ ਉਸ ਦੀ ਨਿਰੰਕਾਰੀ ਕਲੋਨੀ ਵਿਚਲੀ ਰਿਹਾਇਸ਼ਗਾਹ ਉੱਤੇ ਹੀ ਕਾਰ ਤੋਂ ਉਤਰਦੇ ਨੂੰ ਗੋਲੀਆਂ ਨਾਲ ਭੁੰਨ ਦਿੱਤਾ। **ਗੁਰਬਚਨ ਦੇ ਕਤਲ ਦਾ ਕਾਰਨ ਸੀ ਭਾਰਤ ਦੇ ਹਿੰਦੂ ਹੁਕਮਰਾਨ ਅਤੇ ਹਿੰਦੂਵਾਦੀ ਤਾਕਤਾਂ ਦੀ ਸਿੱਖ-ਦੁਸ਼ਮਣ ਸੋਚ। ਜਿਨ੍ਹਾਂ ਬਿਪਰਵਾਦੀਆਂ ਨੇ ਸਿੱਖਾਂ ਦੇ ਅੰਮ੍ਰਿਤਸਰ, ਕਾਨਪੁਰ, ਦਿੱਲੀ ਆਦਿ ਸ਼ਹਿਰਾਂ ਵਿੱਚ ਹੋਏ ਵਹਿਸ਼ੀਆਨਾਂ ਕਤਲਾਂ ਦੇ ਸਮੇਂ ਮੂੰਹੋਂ ‘ਉਫ਼’ ਤੱਕ ਨਹੀਂ ਸੀ ਕੀਤੀ, ਨਕਲੀ ਨਿਰੰਕਾਰੀ ਮੁਖੀ ਦੇ ਕਤਲ ’ਤੇ ਉਨ੍ਹਾਂ ਨੇ ਦੁਹੱਥੜੀ ਪਿੱਟਣਾ ਸ਼ੁਰੂ ਕਰ ਦਿੱਤਾ।** ਉਨ੍ਹਾਂ ਨੇ ਭਾਈ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੂੰ ਵੀ ਇਸ ਕਤਲ ਕੇਸ ਵਿੱਚ ਫਸਾਉਂਣ ਦੇ ਯਤਨ ਕੀਤੇ।

## ਦਰਿਆਈ ਪਾਣੀਆਂ ਦੇ ਮਸਲੇ ਤੇ ਪੰਜਾਬ ਨਾਲ ਇੱਕ ਹੋਰ ਧੱਕੇਸ਼ਾਹੀ

25 ਮਾਰਚ 1976 ਨੂੰ ਐਮਰਜੈਂਸੀ ਦੌਰਾਨ, ਇੰਦਰਾ ਗਾਂਧੀ ਵੱਲੋਂ ਪੰਜਾਬ ਨਾਲ ਦਰਿਆਈ ਪਾਣੀਆਂ ਦੇ ਮਸਲੇ ਤੇ ‘ਇੰਦਰਾ ਐਵਾਰਡ’ ਦੇ ਨਾਂ ਹੇਠ ਕੀਤੀ ਬੇਇਨਸਾਫ਼ੀ ਨੂੰ ਜਨਤਾ-ਗਠਜੋੜ ਦੀ ਸਰਕਾਰ ਨੇ ਵੀ ਦੂਰ ਨਾ ਕੀਤਾ। ਪੰਜਾਬ ਸਰਕਾਰ ਨੇ 1978 ਵਿੱਚ ਇਸ ‘ਇੰਦਰਾ ਐਵਾਰਡ’ ਦੀ ਕਾਨੂੰਨੀ ਵਾਜ਼ਬੀਅਤ ਨੂੰ ਸੁਪਰੀਮ ਕੋਰਟ ਵਿੱਚ ਉਜ਼ਰਦਾਰੀ ਦਾਖਲ ਕਰਕੇ ਚੁਣੌਤੀ ਦੇ ਦਿੱਤੀ। 1980 ਦੀਆਂ ਮੱਧਕਾਲੀ ਚੋਣਾਂ ਵਿੱਚ ਇੰਦਰਾ ਗਾਂਧੀ ਦੀ ਸਰਕਾਰ ਫਿਰ ਕਾਇਮ ਹੋ ਗਈ। ਉਸ ਨੇ ਸਿੱਖ ਕੌਮ ਦੇ ਹਿਤਾਂ ਤੇ ਹੋਰ ਮਾਰੂ ਸੱਟ ਮਾਰਨ

ਲਈ ਦਰਬਾਰਾ ਸਿੰਘ (ਤੱਤਕਾਲੀਨ ਕਾਂਗਰਸੀ ਮੁੱਖ ਮੰਤਰੀ ਪੰਜਾਬ) ਤੇ ਦਬਾਅ ਪਾਕੇ ਪੰਜਾਬ ਦਾ ਕੇਸ ਸੁਪਰੀਮ ਕੋਰਟ 'ਚੋਂ ਵਾਪਸ ਕਰਵਾ ਲਿਆ (ਕੁਲਦੀਪ ਨਈਅਰ ਤੇ ਖੁਸ਼ਵੰਤ ਸਿੰਘ : ਪੰਜਾਬ ਦਾ ਦੁਖਾਂਤ, ਸਫ਼ੇ 65-66)। ਨਾਲ ਦੀ ਨਾਲ ਹੀ, ਆਪਣਾ ਅਸਰ-ਰਸੂਖ ਅਤੇ ਦਬਾਅ ਪਾ ਕੇ ਪੰਜਾਬ, ਹਰਿਆਣਾ ਅਤੇ ਰਾਜਸਥਾਨ ਦੇ ਮੁੱਖ-ਮੰਤਰੀਆਂ ਦੀ ਤਿੱਕੜੀ ਕੋਲੋਂ 'ਨਵੇਂ ਸਮਝੌਤੇ' ਉੱਤੇ ਸਹਿਮਤੀ ਦੇ ਦਸਤਖ਼ਤ ਕਰਵਾ ਲਏ ਜਿਸ ਅਨੁਸਾਰ ਜਾਅਲੀ ਅਤੇ ਮਨਘੜੰਤ ਅੰਕੜਿਆਂ ਦੇ ਜ਼ਰੀਏ ਪੰਜਾਬ ਦੇ ਹਿੱਸੇ ਦੇ ਪਾਣੀਆਂ ਵਿੱਚ ਮਾਮੂਲੀ ਜਿਹਾ ਵਾਧਾ (0.72 ) ਕਰਨ ਦਾ ਝੂਠਾ ਪ੍ਰਭਾਵ ਦਿੱਤਾ ਗਿਆ। ਇਸ ਬੇਇਨਸਾਫ਼ੀ ਨੇ ਸਿੱਖ ਕੌਮ ਵਿੱਚ ਹੋਰ ਰੋਸ ਪੈਦਾ ਕਰ ਦਿੱਤਾ।

## ਬ੍ਰਾਹਮਣਵਾਦੀਆਂ ਦੇ ਜਨੂਨ ਵਿੱਚ ਹੋਰ ਵਾਧਾ ਹੋਇਆ

ਸਿੱਖ ਲੀਡਰਸ਼ਿਪ ਨੇ ਅੰਮ੍ਰਿਤਸਰ ਨੂੰ ਵੀ ਹਰਿਦੁਆਰ ਅਤੇ ਕੁਰਸ਼ੇਤਰ ਵਰਗੇ ਹਿੰਦੂ-ਤੀਰਥ ਕੇਂਦਰਾਂ ਵਾਂਗ 'ਪਵਿਤਰ ਨਗਰੀ' ਕਰਾਰ ਦੇ ਕੇ ਪਾਨ, ਬੀੜੀ-ਸਿਗਰਟ ਤੇ ਮੀਟ-ਸ਼ਰਾਬ ਦੀਆਂ ਦੁਕਾਨਾਂ ਨੂੰ ਸ਼ਹਿਰ ਤੋਂ ਬਾਹਰ ਲਿਜਾਣ ਤੇ ਜ਼ੋਰ ਦੇਣਾ ਸ਼ੁਰੂ ਕਰ ਦਿੱਤਾ। ਪਰ ਅੰਮ੍ਰਿਤਸਰ ਅੰਦਰ ਸਿੱਖਾਂ ਦੀ ਇਸ ਹੱਕੀ ਮੰਗ ਦੇ ਵਿਰੋਧ ਵਿੱਚ **ਬਿਪਰਵਾਦੀ ਤਾਕਤਾਂ ਨੇ ਅੰਮ੍ਰਿਤਸਰ ਵਿੱਚ ਭੜਕਾਊ ਨਾਅਰੇਬਾਜੀ ਕਰਦਿਆਂ ਅਤੇ ਸੋਟੀਆਂ ਤੇ ਸਿਗਰਟ-ਬੀੜੀਆਂ ਦੇ ਡੱਬੇ ਲਟਕਾ ਕੇ ਜਲੂਸ ਕੱਢ ਕੇ ਅਤਿ ਅਸ਼ਲੀਲ ਉਜੱਡਪੁਣੇ ਦਾ ਮੁਜ਼ਾਹਰਾ ਕੀਤਾ। ਰੇਲਵੇ ਸਟੇਸ਼ਨ ਅੰਮ੍ਰਿਤਸਰ ਵਿਖੇ ਰੱਖੇ ਦਰਬਾਰ ਸਾਹਿਬ ਦੇ ਮਾਡਲ ਅਤੇ ਗੁਰੂ ਰਾਮਦਾਸ ਜੀ ਦੀ ਫੋਟੋ ਨੂੰ ਵੀ ਭੰਨ-ਤੋੜ ਦਿੱਤਾ ਗਿਆ।** ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਦੀ ਇਸ ਭੜਕਾਹਟ ਦਾ ਕਰਾਰਾ ਜੁਆਬ ਦਿੰਦਿਆਂ ਭਾਈ ਜਰਨੈਲ ਸਿੰਘ ਨੇ 31 ਮਈ ਨੂੰ ਅੰਮ੍ਰਿਤਸਰ ਅੰਦਰ ਸਿੱਖਾਂ ਦੇ ਰੋਹ-ਭਰੇ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਮੁਜ਼ਾਹਰੇ ਦੀ ਅਗਵਾਈ ਕੀਤੀ। ਸਿੱਖਾਂ ਦੇ ਇਸ ਦਲੇਰੀ- ਭਰੇ ਪੈਂਤੜੇ ਤੋਂ ਬੁਖ਼ਲਾਹਟ ਵਿੱਚ ਆ ਕੇ ਲਾਲਾ ਜਗਤ ਨਾਰਾਇਣ ਤੇ ਵਰਿੰਦਰ (ਮਹਾਸ਼ਾ ਪ੍ਰੈਸ) ਨੇ ਚੀਕ-ਚਿਹਾੜਾ ਪਾਉਂਣਾ ਸ਼ੁਰੂ ਕਰ ਦਿੱਤਾ। ਦੇਸ਼ ਦੇ ਕਿਸੇ ਵੀ ਰਾਜਸੀ ਦਲ ਜਾਂ ਆਗੂ ਨੇ ਇਨ੍ਹਾਂ ਫ਼ਿਰਕਾਪ੍ਰਸਤਾਂ ਨੂੰ ਫ਼ਿਰਕੂ ਜ਼ਹਿਰ ਫੈਲਾਉਂਣ ਤੋਂ ਰੋਕਣ ਦੀ ਲੋੜ ਮਹਿਸੂਸ ਨਾ ਕੀਤੀ। ਪਰ ਭਾਈ ਜਰਨੈਲ ਸਿੰਘ ਉੱਤੇ 'ਫ਼ਿਰਕਾਪ੍ਰਸਤੀ ਫੈਲਾਉਂਣ' ਦੇ ਦੋਸ਼ਾਂ ਦੀ ਝੜੀ ਲਾਉਂਣ ਤੋਂ ਗੁਰੇਜ਼ ਨਾ ਕੀਤਾ। 9 ਸਤੰਬਰ 1981 ਦੀ ਸ਼ਾਮ ਨੂੰ ਲਾਲਾ ਜਗਤ ਨਾਰਾਇਣ ਦਾ ਲੁਧਿਆਣਾ ਦੇ ਜਲੰਧਰ ਬਾਈਪਾਸ ਨੇੜੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਗਿਆ। **ਹਿੰਦੂ ਭਾਵਨਾਵਾਂ ਦੀ ਤਰਜ਼ਮਾਨੀ ਕਰਦਿਆਂ ਹੋਇਆਂ ਦਰਬਾਰਾ ਸਿੰਘ ਨੇ ਲੁਧਿਆਣੇ ਦੇ ਪੁਲਸ ਕਪਤਾਨ ਦੌਲਤ ਰਾਮ ਭੱਟੀ ਦੀ ਅਗਵਾਈ ਹੇਠ 14 ਸਤੰਬਰ ਨੂੰ ਪਿੰਡ ਚੰਦੋ ਕਲਾਂ ਵਿੱਚ ਧਰਮ ਪ੍ਰਚਾਰ ਕਰਦੇ ਹੋਏ ਭਾਈ ਜਰਨੈਲ ਸਿੰਘ ਦੇ ਜਥੇ ਤੇ ਇੱਕ ਵੱਡੇ ਪੁਲਸ ਲਾਅ-ਲਸ਼ਕਰ ਦੁਆਰਾ ਹਮਲਾ ਕਰਵਾ ਦਿੱਤਾ।** ਪਰ ਪੁਲਸ ਦੇ ਚੰਦੋਕਲਾਂ ਪਹੁੰਚਣ ਤੋਂ ਪਹਿਲਾਂ ਹੀ ਭਾਈ ਜਰਨੈਲ ਸਿੰਘ ਮਹਿਤਾ ਚੌਕ ਲਈ ਰਵਾਨਾ ਹੋ ਗਏ ਸਨ। ਇਸ ਗੱਲ ਉੱਤੇ ਬੁਖ਼ਲਾਹਟ ਵਿੱਚ ਆਏ ਪੁਲਸੀਆਂ ਨੇ ਜਥੇ ਉੱਤੇ ਹਮਲਾ ਬੋਲ ਦਿੱਤਾ। **ਜਥੇ ਦੇ ਸਿੰਘਾਂ ਅਤੇ ਪਿੰਡ ਦੇ ਲੋਕਾਂ ਦੀ ਕੁੱਟ-ਮਾਰ ਕੀਤੀ, ਜਥੇ ਦੀਆਂ ਪ੍ਰਚਾਰ ਲਈ ਵਰਤੀਆਂ ਜਾਣ ਵਾਲੀਆਂ ਦੋ ਗੱਡੀਆਂ ਨੂੰ ਅੱਗ ਲਗਾ ਦਿੱਤੀ। ਜਿਸ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਇੱਕ ਸਰੂਪ**





**ਅਤੇ ਗੁਰਬਾਣੀ ਦੀਆਂ ਪੋਥੀਆਂ ਤੇ ਕੈਸਟਾਂ ਸੜ ਕੇ ਰਾਖ ਬਣ ਗਏ ('Sunday', ਸਤੰਬਰ 18, 1981)।** ਭਾਈ ਜਰਨੈਲ ਸਿੰਘ ਭਿੰਡਰਾਂ ਵਾਲਿਆਂ ਨੇ ਆਪਣੀ ਗ੍ਰਿਫ਼ਤਾਰੀ ਦਾ ਆਪ ਸਮਾਂ ਚੁਣ ਕੇ 20 ਸਤੰਬਰ ਨੂੰ ਗੁਰਦੁਆਰਾ ਗੁਰਦਰਸ਼ਨ ਪ੍ਰਕਾਸ਼ (ਮਹਿਤਾ ਚੌਂਕ) ਵਿਖੇ ਲਗਭਗ ਇੱਕ ਲੱਖ ਸੰਗਤਿ ਦੀ ਹਾਜ਼ਰੀ ਵਿੱਚ, ਸ਼ਾਂਤ-ਚਿੱਤ ਅਤੇ ਸੰਜੀਦਾ ਲਹਿਜੇ ਵਿੱਚ ਸੰਖੇਪ ਭਾਸ਼ਣ ਦੇਣ ਤੋਂ ਬਾਅਦ, ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਇਸ ਇਕੱਠ ਵਿੱਚ ਪੁਲਸ ਦੀ ਅਣਸੰਕੋਚਵੀਂ ਗੋਲੀਬਾਰੀ ਦੌਰਾਨ ਇੱਕ ਦਰਜਨ ਦੇ ਕਰੀਬ ਸਿੰਘ ਸ਼ਹੀਦ ਹੋ ਗਏ ਅਤੇ ਬਹੁਤ ਸਾਰੇ ਲੋਕ ਜ਼ਖ਼ਮੀ ਹੋ ਗਏ (ਦੀ ਇੰਡੀਅਨ ਐਕਸਪ੍ਰੈਸ, ਸਤੰਬਰ 21, 1981; ਹਿੰਦੁਸਤਾਨ ਟਾਈਮਜ਼, ਸਤੰਬਰ 21, 1981)। ਸਰਕਾਰ ਦੀਆਂ ਅਲੱਗ-ਅਲੱਗ ਖ਼ੁਫ਼ੀਆ ਏਜੰਸੀਆਂ ਨੂੰ ਭਾਈ ਜਰਨੈਲ ਸਿੰਘ ਜੀ ਕੋਲੋਂ ਲਗਾਤਾਰ 21 ਦਿਨ ਜੀਅ ਭਰ ਕੇ ਪੁੱਛ-ਗਿਛ ਕਰਕੇ ਜਦੋਂ ਕੁਝ ਵੀ ਹੱਥ ਪੱਲੇ ਨਾ ਪਿਆ ਤਾਂ ਉਨ੍ਹਾਂ ਨੂੰ ਫਿਰੋਜ਼ਪੁਰ ਜੇਲ੍ਹ ਅੰਦਰ ਅਦਾਲਤੀ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਜਿਥੋਂ ਉਹ 15 ਦਿਨ ਬਾਅਦ ਬਾ-ਇੱਜ਼ਤ ਰਿਹਾਅ ਹੋ ਕੇ ਆਪਣੇ ਹੈਡਕੁਆਰਟਰ ਮਹਿਤਾ ਚੌਕ ਪਹੁੰਚ ਗਏ।

## ਨਵਾਂ ਵਰਤਾਰਾ

ਫ਼ਲਸਤੀਨੀ ਮੁਜ਼ਾਹੇਦੀਨਾਂ ਦੇ ਤਜਰਬੇ ਤੋਂ ਪ੍ਰੇਰਤ ਹੋ ਕੇ, 29 ਸਤੰਬਰ ਨੂੰ ਦਲ ਖ਼ਾਲਸਾ ਨਾਲ ਸਬੰਧਤ ਛੇ ਨੌਜਵਾਨਾਂ ਨੇ, ਭਾਰਤ ਸਰਕਾਰ ਉੱਤੇ ਭਾਈ ਜਰਨੈਲ ਸਿੰਘ ਦੀ ਰਿਹਾਈ ਲਈ ਦਬਾਅ ਪਾਉਣ ਦੇ ਇਰਾਦੇ ਨਾਲ ਇੰਡੀਅਨ ਏਅਰ ਲਾਈਨਜ਼ ਦਾ ਇੱਕ ਜਹਾਜ਼ ਅਗਵਾ ਕਰ ਲਿਆ। ਇਹ ਜਹਾਜ਼ ਜਦੋਂ ਲਾਹੌਰ ਦੇ ਹਵਾਈ ਅੱਡੇ ਤੇ ਉਤਰਿਆ ਤਾਂ ਪਾਕਿਸਤਾਨੀ ਅਧਿਕਾਰੀਆਂ ਨੇ ਇਨ੍ਹਾਂ ਅਗਵਾਕਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਜੇਲ੍ਹ ਵਿੱਚ ਬੰਦ ਕਰ ਦਿੱਤਾ।

"ਇਸ ਦੌਰਾਨ, ਰਵਾਇਤੀ ਅਕਾਲੀ ਰਾਜਨੀਤੀ ਤੇਜੀ ਨਾਲ ਦਮੋਂ ਨਿਕਲਦੀ ਜਾ ਰਹੀ ਸੀ ਅਤੇ ਗਰਮ-ਖ਼ਿਆਲੀ ਧਾਰਾ ਦੇ ਵਿਕਾਸ ਦੇ ਰਾਹ ਖੁੱਲ੍ਹੀ ਜਾ ਰਹੇ ਸਨ। ਸਤਰਵਿਆਂ ਦੇ ਅਖ਼ੀਰ ਤੇ ਅੱਸੀਵਿਆਂ ਦੇ ਆਰੰਭ ਵਿੱਚ ਸਿੱਖ ਕੌਮ ਅੰਦਰ ਗਰਮ-ਖ਼ਿਆਲੀ ਰਾਜਨੀਤਕ ਫ਼ਰੰਟ ਉੱਤੇ ਤਿੱਖੀ ਸਿਧਾਂਤਕ ਤੇ ਅਮਲੀ ਸਰਗਰਮੀ ਸ਼ੁਰੂ ਹੋ ਗਈ। ਨਵੇਂ ਗਰਮ-ਗਿਆਲੀ ਮੰਚ ਤੇ ਸੰਗਠਨ ਹੋਂਦ ਵਿੱਚ ਆਉਂਣ ਲਗੇ ਅਤੇ ਵਿਚਾਰ-ਸੰਮੇਲਨਾਂ, ਕਨਵੈਨਸ਼ਨਾਂ ਤੇ ਕਾਨਫ਼ਰੰਸਾਂ ਦੇ ਜ਼ਰੀਏ ਰਵਾਇਤ ਨਾਲੋਂ ਹਟਵੀਆਂ ਤਿੱਖੀਆਂ ਸਿਧਾਂਤਕ ਪੋਜ਼ੀਸ਼ਨਾਂ ਦੇ ਖੁੱਲ੍ਹੇ ਐਲਾਨ ਹੋਣ ਲੱਗ ਪਏ।

6 ਅਗੱਸਤ 1978 ਨੂੰ ਕੁਝ ਗਰਮ-ਖ਼ਿਆਲੀ ਸਿੱਖ ਨੌਜਵਾਨਾਂ ਨੇ ਚੰਡੀਗੜ੍ਹ ਦੇ ਇੱਕ ਗੁਰਦੁਆਰੇ (ਅਕਾਲਗੜ੍ਹ) ਅੰਦਰ ਭਰਵੀਂ ਮੀਟਿੰਗ ਕਰਕੇ 'ਦਲ ਖ਼ਾਲਸਾ' ਨਾਂ ਦੀ ਇੱਕ ਜੁਝਾਰੂ ਜਥੇਬੰਦੀ ਕਾਇਮ ਕਰਨ ਦਾ ਫ਼ੈਸਲਾ ਕਰ ਲਿਆ। 13 ਅਗੱਸਤ ਨੂੰ ਚੰਡੀਗੜ੍ਹ ਦੇ ਅਰੋਮਾ ਹੋਟਲ ਵਿੱਚ ਇੱਕ ਪ੍ਰੈਸ ਕਾਨਫਰੰਸ ਅੰਦਰ ਇਸ ਜਥੇਬੰਦੀ ਦੀ ਸਥਾਪਨਾ ਦਾ ਬਾਕਾਇਦਾ ਐਲਾਨ ਕਰ ਦਿੱਤਾ ਗਿਆ। (ਇਸ ਲੜੀ ਵਿੱਚ ਇੱਕ ਹੋਰ ਵਾਧਾ ਕਰਦਿਆਂ ਹੋਇਆਂ ਡਾਕਟਰ ਜਗਜੀਤ ਸਿੰਘ ਚੌਹਾਨ ਨੇ 1980 ਦੀ ਵਿਸਾਖੀ ਦੇ ਪੁਰਬ ਤੇ ਅਨੰਦਪੁਰ

ਸਾਹਿਬ ਵਿਖੇ ਇੱਕ ਨਾਮਧਰੀਕ ਕਨਵੈਨਸ਼ਨ ਕਰਕੇ 'ਨੈਸ਼ਨਲ ਕੌਂਸਲ ਆਫ਼ ਖ਼ਾਲਸਤਾਨ' ਨਾਂ ਦੀ ਸੰਸਥਾ ਦਾ ਐਲਾਨ ਕਰ ਦਿੱਤਾ। ਉਸਨੇ ਆਪਣੇ ਆਪ ਨੂੰ ਇਸ ਕੌਂਸਲ ਦਾ ਪ੍ਰਧਾਨ ਥਾਪ ਲਿਆ ਤੇ ਬਲਬੀਰ ਸਿੰਘ ਸੰਧੂ ਨੂੰ ਸਕੱਤਰ ਜਨਰਲ ਕਰਾਰ ਦੇ ਦਿੱਤਾ। ਦੋ ਕੁ ਮਹੀਨਿਆਂ ਬਾਅਦ ਡਾ: ਜਗਜੀਤ ਸਿੰਘ ਨੇ ਲੰਡਨ ਤੋਂ 'ਖ਼ਾਲਸਤਾਨ ਗਣਰਾਜ' ਦੀ ਸਥਾਪਨਾ ਦਾ ਐਲਾਨ ਕਰ ਦਿੱਤਾ ਅਤੇ ਬਲਬੀਰ ਸਿੰਘ ਸੰਧੂ ਨੇ ਦਰਬਾਰ ਸਾਹਿਬ ਤੋਂ, ਪ੍ਰਤੀਕ ਰੂਪ ਵਿੱਚ ਖ਼ਾਲਸਤਾਨ ਦਾ ਕੌਮੀ ਝੰਡਾ, ਸਿੱਕਾ ਅਤੇ ਡਾਕ ਟਿਕਟਾਂ ਆਦਿ ਜਾਰੀ ਕਰ ਦਿੱਤੀਆਂ (ਸਤਿੰਦਰ ਸਿੰਘ : ਖ਼ਾਲਸਤਾਨ - ਐਨ ਅਕੈਡਮਿਕ ਅਨੈਲੇਸਿਜ਼, ਸਫ਼ਾ 55)।

ਇਸੇ ਤਰ੍ਹਾਂ 14-15 **ਮਾਰਚ 1981 ਨੂੰ ਚੀਫ਼ ਖ਼ਾਲਸਾ ਦੀਵਾਨ ਦੀ ਚੰਡੀਗੜ੍ਹ ਵਿਖੇ ਹੋਈ 54ਵੀਂ ਸਿੱਖ ਵਿਦਿਅਕ ਕਾਨਫ਼ਰੰਸ ਅੰਦਰ** ਅਮਰੀਕਾ ਤੋਂ ਪਧਾਰੇ ਡਾ: ਗੰਗਾ ਸਿੰਘ ਢਿੱਲੋਂ ਨੇ ਆਪਣੇ ਪ੍ਰਧਾਨਗੀ ਭਾਸ਼ਨ ਅੰਦਰ ਵੱਖਰੀ ਸਿੱਖ ਕੌਮ ਦੀ ਧਾਰਨਾ ਦੀ ਜ਼ੋਰਦਾਰ ਵਜ਼ਾਹਤ ਕਰਦਿਆਂ ਹੋਇਆਂ ਸਿੱਖਾਂ ਦੇ ਕੇਸ ਨੂੰ ਕੌਮਾਂਤਰੀ ਪੱਧਰ 'ਤੇ ਲਿਜਾਣ ਲਈ ਸਿੱਖਾਂ ਸਾਹਮਣੇ ਫ਼ਲਸਤੀਨ ਮੁਕਤੀ ਸੰਗਠਨ (ਪੀ.ਐਲ.ਓ.) ਵਾਂਗ ਯੂ.ਐਨ.ਓ. ਦੀ ਸਹਿਯੋਗੀ ਮੈਂਬਰਸ਼ਿਪ ਹਾਸਿਲ ਕਰਨ ਦੀ ਤਜਵੀਜ਼ ਪੇਸ਼ ਕੀਤੀ। ਹਾਜਰ ਸੰਗਤਿ ਨੇ ਇਸ ਤਜਵੀਜ਼ ਦਾ ਗਰਮਜੋਸ਼ੀ ਨਾਲ ਨਾਅਰੇ ਲਾ ਕੇ ਸਵਾਗਤ ਕੀਤਾ। ਕਾਨਫਰੰਸ ਨੇ **ਸਿੱਖਾਂ ਨੂੰ ਇੱਕ ਵੱਖਰੀ ਕੌਮ ਕਰਾਰ ਦੇਣ ਅਤੇ ਇਸ ਆਧਾਰ 'ਤੇ ਉਨ੍ਹਾਂ ਲਈ ਯੂ.ਐਨ.ਓ. ਦੀ ਸਹਿਯੋਗੀ ਮੈਂਬਰਸ਼ਿਪ ਹਾਸਿਲ ਕਰਨ ਬਾਰੇ ਸਰਬਸੰਮਤੀ ਨਾਲ ਮਤਾ ਪਾਸ ਕਰ ਦਿੱਤਾ** (ਹਰਮਿੰਦਰ ਕੌਰ : ਬਲਿਊ ਸਟਾਰ ਓਵਰ ਅੰਮ੍ਰਿਤਸਰ, ਸਫ਼ੇ 141-142)। ਦੇਸ਼ ਭਰ ਦੀਆਂ ਬਿਪਰਵਾਦੀ ਤਾਕਤਾਂ ਅਤੇ ਸਰਕਾਰੀ ਹਲਕਿਆਂ ਨੇ ਇਸ ਦੇ ਵਿਰੋਧ ਵਿੱਚ ਤਿੱਖਾ ਪ੍ਰਤੀਕਰਮ ਪ੍ਰਗਟ ਕੀਤਾ ਅਤੇ ਚੀਕ-ਚਿਹਾੜਾ ਪਾਇਆ। ਨਤੀਜੇ ਵਜੋਂ, **ਕੁਝ ਹੀ ਦਿਨਾਂ ਬਾਅਦ ਚੀਫ਼ ਖ਼ਾਲਸਾ ਦੀਵਾਨ ਦੀ ਲੀਡਰਸ਼ਿਪ ਨੇ ਆਪਣੇ ਆਪ ਨੂੰ ਇਸ ਪੋਜ਼ੀਸ਼ਨ ਨਾਲੋਂ ਅਲੱਗ ਕਰਦਿਆਂ ਹੋਇਆ 'ਦੇਸ਼ ਦੀ ਏਕਤਾ ਤੇ ਅਖੰਡਤਾ' ਵਿੱਚ ਆਪਣਾ ਅਤੁੱਟ ਵਿਸ਼ਵਾਸ ਪ੍ਰਗਟ ਕਰ ਦਿੱਤਾ। (ਹਰਬੰਸ ਸਿੰਘ : ਖ਼ਾਲਸਤਾਨ - ਸਰਬਪੱਖੀ ਅਧਿਐਨ, ਸਫ਼ੇ 47-50)।**

**29 ਮਾਰਚ ਨੂੰ ਸ਼੍ਰੋਮਣੀ ਕਮੇਟੀ ਦੀ ਜਨਰਲ ਬਾਡੀ ਨੇ 'ਵੱਖਰੀ ਸਿੱਖ ਕੌਮ' ਦੇ ਸਿਧਾਂਤ ਦੇ ਹੱਕ ਵਿੱਚ ਮਤਾ (ਨੰਬਰ 67) ਪਾਸ ਕਰ ਦਿੱਤਾ** [ਗੁਰਮੀਤ ਸਿੰਘ : ਹਿਸਟਰੀ ਆਫ਼ ਸਿੱਖ ਸਟਰਗਲਜ਼) (ਪਹਿਲਾ ਭਾਗ), ਸਫ਼ਾ 461]। 14 ਅਪ੍ਰੈਲ ਨੂੰ ਵਿਸਾਖੀ ਦੇ ਮੌਕੇ 'ਤੇ ਅਨੰਦਪੁਰ ਸਾਹਿਬ ਵਿੱਚ ਜੁੜੀ ਸੰਸਾਰ ਸਿੱਖ ਕਨਵੈਨਸ਼ਨ ਨੇ ਵੱਖਰੀ ਸਿੱਖ ਕੌਮ ਦੀ ਧਾਰਨਾ ਦੀ ਪ੍ਰੋੜਤਾ ਕਰ ਦਿੱਤੀ" (ਅਜਮੇਰ ਸਿੰਘ : ਉਪਰੋਕਤ ਸਫ਼ੇ 541-551)। ਭਾਈ ਹਰਚੰਦ ਸਿੰਘ ਲੌਂਗੋਵਾਲ ਨੇ ਵੀ 'ਸਿੱਖ ਇੱਕ ਵਖਰੀ ਕੌਮ' ਹੈ ਦੇ ਹੱਕ ਵਿੱਚ ਹਾਮੀ ਭਰਨੀ ਸ਼ੁਰੂ ਕਰ ਦਿੱਤੀ। (ਲਾਭ ਸਿੰਘ : ਮਸਲਾ ਸਿੱਖ ਇੱਕ ਵੱਖ ਕੌਮ ਦਾ, ਭੂਮਿਕਾ ਦੇ ਲਿਖਾਰੀ ਹਰਚੰਦ ਸਿੰਘ ਲੌਂਗੋਵਾਲ)।

"ਉਪਰੋਕਤ ਵਰਣਨ ਕੀਤੇ 'ਨਵੇਂ ਵਰਤਾਰੇ' ਵਿੱਚੋਂ ਕੁਝ ਅਹਿਮ ਸਿੱਟੇ ਨਿਕਲਦੇ ਨਜ਼ਰ ਆ ਰਹੇ ਹਨ। **ਪਹਿਲਾ, ਕਿਸੇ ਕੌਮ, ਭਾਵੇਂ ਉਹ ਕਿੰਨੀ ਵੀ 'ਇੱਕ-ਜੁਟ' ਜਾਂ 'ਇਕਸਾਰ'**





**ਕਿਉਂ ਨਾ ਹੋਵੇ, ਨੂੰ ਦਰਪੇਸ਼ ਚੁਣੌਤੀਆਂ ਬਾਰੇ ਉਸ ਕੌਮ ਦੇ ਸਾਰੇ ਵਰਗਾਂ ਦੀ ਸਮਝ ਅਤੇ ਉਨ੍ਹਾਂ ਚੁਣੌਤੀਆਂ ਦਾ ਟਾਕਰਾ ਕਰਨ ਲਈ ਅਪਣਾਏ ਜਾਣ ਵਾਲੇ ਪੈਂਤੜਿਆਂ ਬਾਰੇ 'ਸੰਪੂਰਨ ਇੱਕਮਿੱਕਤਾ' ਹੋ ਸਕਣੀ ਬਹੁਤ ਮੁਸ਼ਕਲ ਹੁੰਦੀ ਹੈ ਕਿਉਂਕਿ ਕੌਮ ਦੇ ਸਬੰਧਤ ਵਰਗਾਂ ਦੇ ਸਮਾਜਿਕ ਅਤੇ ਆਰਥਿਕ ਰੁਤਬੇ ਇਕਸਾਰ ਪਹੁੰਚ ਅਪਣਾਉਂਣ ਦੀ ਦਿਸ਼ਾ ਵਿੱਚ ਰੁਕਾਵਟਾਂ ਪੈਦਾ ਕਰਦੇ ਹਨ। ਦੂਜਾ, ਆਮਤੌਰ ਤੇ 'ਅਧੀਨ-ਕੌਮ' ਦੇ ਪਤਵੰਤੇ ਵਰਗ ਅੰਦਰ ਹੁਕਮਰਾਨ ਵਰਗ ਨਾਲ 'ਬਣਾ ਕੇ ਰੱਖਣ' ਅਤੇ ਉਸਦੇ 'ਨਾਲ ਰਲਕੇ ਚੱਲਣ' ਦੀ ਰੁਚੀ ਬਹੁਤ ਪ੍ਰਬਲ ਹੁੰਦੀ ਹੈ। ਤੀਜਾ, ਜੇਕਰ ਅਸਾਧਾਰਨ ਹਾਲਾਤਾਂ ਅੰਦਰ ਇਸ 'ਪਤਵੰਤੇ ਵਰਗ' ਨੂੰ 'ਹੁਕਮਰਾਨ ਵਰਗ' ਨਾਲੋਂ ਮਜਬੂਰੀ-ਵੱਸ, ਤੋੜ-ਵਿਛੋੜਾ ਕਰਨਾ ਵੀ ਪੈ ਜਾਵੇ ਤਾਂ ਉਦੋਂ ਵੀ ਇਹ ਪਤਵੰਤਾ ਵਰਗ ਸਮਝੌਤੇ ਲਈ 'ਅੰਦਰਖਾਤੇ' ਸਦਾ ਤਤਪਰ ਰਹਿੰਦਾ ਹੈ। ਚੀਫ਼ ਖ਼ਾਲਸਾ ਦੀਵਾਨ, ਆਪਣੀ ਸਥਾਪਨਾ ਦੇ ਸਮੇਂ ਤੋਂ ਹੀ, ਮੂਲ-ਰੂਪ ਵਿੱਚ, 'ਪਤਵੰਤੇ ਸਿੱਖ ਵਰਗ' ਦੀ ਸੋਚ ਤੇ ਭਾਵਨਾਵਾਂ ਦੀ ਤਰਜ਼ਮਾਨੀ ਕਰਦਾ ਆ ਰਿਹਾ ਹੈ। ਇੰਨ-ਬਿੰਨ ਇਹੋ ਹੀ ਹਾਲਤ ਸ਼੍ਰੋਮਣੀ ਅਕਾਲੀ ਦਲ ਵਿਚਲੇ 'ਪਤਵੰਤੇ ਸਿੱਖ ਵਰਗ' ਦੀ ਸੀ ਅਤੇ ਅੱਜ ਵੀ ਹੈ।**

29 ਜੁਲਾਈ 1981 ਦੇ ਦਿਨ ਹਰਚੰਦ ਸਿੰਘ ਲੌਂਗੋਵਾਲ ਦੀ ਪ੍ਰਧਾਨਗੀ ਹੇਠ ਮੰਜੀ ਸਾਹਿਬ (ਅੰਮ੍ਰਿਤਸਰ) ਵਿਖੇ ਇੱਕ ਵਿਸ਼ਾਲ ਸੰਸਾਰ ਸਿੱਖ ਕਨਵੈਨਸ਼ਨ ਦਾ ਇਕੱਠ ਹੋਇਆ ਜਿਸ ਵਿੱਚ ਸਿੱਖ ਕੌਮ ਦੇ ਮਸਲਿਆਂ ਬਾਰੇ ਵਿਚਾਰਾਂ ਹੋਈਆਂ। ਕੇਂਦਰੀ ਸਰਕਾਰ ਨੂੰ ਸਿੱਖ ਕੌਮ ਦੀਆਂ ਉਭੱਰਵੀਆਂ, ਮੰਗਾਂ ਪ੍ਰਵਾਨ ਕਰਨ ਲਈ ਇੱਕ ਮਹੀਨੇ ਦਾ ਸਮਾਂ ਦਿੱਤਾ ਗਿਆ। ਕਨਵੈਨਸ਼ਨ ਦੇ ਫ਼ੈਸਲੇ ਅਨੁਸਾਰ 7 ਸਤੰਬਰ ਨੂੰ ਪਾਰਲੀਮੈਂਟ ਦੇ ਮੂਹਰੇ ਇੱਕ ਵਿਸ਼ਾਲ ਸਿੱਖ ਮਾਰਚ ਜਥੇਬੰਦ ਕੀਤਾ ਗਿਆ। ਦਿੱਲੀ ਪ੍ਰਸ਼ਾਸਨ ਅਤੇ ਪੁਲਸ ਨੇ ਸਿੱਖ-ਵਿਰੋਧੀ ਭਾਵਨਾਵਾਂ ਦਾ ਮੁਜ਼ਾਹਰਾ ਕਰਦਿਆਂ ਹੋਇਆਂ ਸਿੱਖਾਂ ਦੇ ਇਸ ਪੁਰਅਮਨ ਮਾਰਚ ਉਤੇ ਲਾਠੀਚਾਰਜ ਕਰਕੇ ਦਰਜਨਾਂ ਸਿੱਖਾਂ ਨੂੰ ਬੁਰੀ ਤਰ੍ਹਾਂ ਜ਼ਖ਼ਮੀ ਕਰ ਦਿੱਤਾ। ਅਕਾਲੀ ਦਲ ਦੀਆਂ ਰਾਜਨੀਤਕ ਸਰਗਰਮੀਆਂ ਦੇ ਸਮਾਨ-ਅੰਤਰ ਹੀ ਪੰਜਾਬ ਵਿੱਚ ਖਾੜਕੂ ਕਾਰਵਾਈਆਂ ਦਾ ਸਿਲਸਿਲਾ ਅਰੰਭ ਹੋ ਗਿਆ। **ਇਸੇ ਦੌਰਾਨ ਕੇਂਦਰੀ ਸਰਕਾਰ ਅਤੇ ਅਕਾਲੀਆਂ ਵਿੱਚ ਗੱਲਬਾਤ ਦੇ ਕਈ ਦੌਰ ਚੱਲੇ ਪਰ ਕੋਈ ਨਤੀਜਾ ਨਾ ਨਿਕਲਿਆ ਕਿਉਂਕਿ ਇੰਦਰਾ ਗਾਂਧੀ ਅਤੇ ਉਸਦੀ ਸਰਕਾਰ ਸਿੱਖ ਕੌਮ ਦੀ ਕਿਸੇ ਵੀ ਹੱਕੀ ਮੰਗ ਨੂੰ ਪ੍ਰਵਾਨ ਕਰਨ ਦੇ ਰੌਂਅ ਵਿੱਚ ਨਹੀਂ ਸੀ।**

31 ਦਸੰਬਰ 1981 ਨੂੰ ਦਰਬਾਰਾ ਸਿੰਘ (ਤੱਤਕਾਲੀਨ ਮੁੱਖ ਮੰਤਰੀ ਪੰਜਾਬ) ਅਤੇ ਹਰਿਆਣਾ ਤੇ ਰਾਜਸਥਾਨ ਦੇ ਮੁੱਖ ਮੰਤਰੀਆਂ ਨਾਲ, ਧੌਂਸ ਦੇਕੇ ਕਰਵਾਏ ਗਏ ਦਰਿਆਈ ਪਾਣੀਆਂ ਦੇ ਫੈਸਲੇ ਮੁਤਾਬਿਕ, ਪੰਜਾਬ ਉੱਤੇ 31 ਦਸੰਬਰ 1983 ਤੱਕ 'ਸਤਲੁਜ-ਯਮੁਨਾ ਲਿੰਕ ਨਹਿਰ' ਵਿੱਚ ਪਾਣੀ ਵਗਦਾ ਕਰਨ ਦੀ ਸ਼ਰਤ ਮੜ੍ਹ ਦਿੱਤੀ (ਹਰਮਿੰਦਰ ਕੌਰ : ਬਲਿਊ ਸਟਾਰ ਓਵਰ ਅੰਮ੍ਰਿਤਸਰ, ਸਫ਼ਾ 116)। ਇੰਦਰਾ ਗਾਂਧੀ ਨੇ 5 ਅਪ੍ਰੈਲ 1982 ਨੂੰ ਪਾਰਲੀਮੈਂਟ ਹਾਊਸ ਵਿੱਚ ਅਕਾਲੀ ਆਗੂਆਂ ਨਾਲ ਉਨ੍ਹਾਂ ਦੀਆਂ ਮੰਗਾਂ ਬਾਰੇ ਇੱਕ ਮੀਟਿੰਗ ਕੀਤੀ। 8 ਅਪ੍ਰੈਲ ਨੂੰ ਉਸ ਨੇ ਕਪੂਰੀ ਵਿਖੇ ਖ਼ੁੱਦ ਟੱਕ ਲਾ ਕੇ ਸਤਲੁਜ-ਯਮੁਨਾ ਲਿੰਕ ਨਹਿਰ ਦੀ ਪੁਟਾਈ ਦਾ ਉਦਘਾਟਨ ਵੀ ਕਰ ਮਾਰਿਆ। ਅਜਿਹਾ ਅਕਾਲੀਆਂ ਨੂੰ ਜ਼ਲੀਲ ਕਰਨ ਲਈ ਅਤੇ ਆਪਣੀ ਰਾਜਸੀ ਭੱਲ ਬਣਾਉਣ ਲਈ ਕੀਤਾ ਗਿਆ ਸੀ।

"25-26 ਅਪ੍ਰੈਲ ਦੀ ਰਾਤ ਨੂੰ ਕਿਸੇ ਨੇ ਅੰਮ੍ਰਿਤਸਰ ਦੇ ਦੋ 'ਅਣਜਾਣੇ ਜਿਹੇ' ਮੰਦਰਾਂ ਅੰਦਰ ਗਊਆਂ ਦੇ ਵੱਢੇ ਹੋਏ ਸਿਰ ਸੁੱਟ ਦਿੱਤੇ। ਨਤੀਜੇ ਵਜੋਂ ਪੰਜਾਬ ਦੇ ਕਈ ਸ਼ਹਿਰਾਂ ਅਤੇ ਕਸਬਿਆਂ ਅੰਦਰ ਬਿਪਰਵਾਦੀ ਅਨਸਰਾਂ ਨੇ ਸਿੱਖਾਂ ਦੀਆਂ ਦੁਕਾਨਾਂ ਅਤੇ ਧਾਰਮਿਕ ਅਸਥਾਨਾਂ ਤੇ ਹਮਲੇ ਕੀਤੇ। ਮੋੜਵੇਂ ਰੂਪ ਵਿੱਚ, ਸਿੱਖਾਂ ਨੇ ਅੰਮ੍ਰਿਤਸਰ ਅੰਦਰ ਸਿਗਰਟ-ਪਾਨ ਦੀਆਂ ਕੁੱਝ ਦੁਕਾਨਾਂ ਸਾੜ ਦਿੱਤੀਆਂ। 9 ਜੂਨ ਨੂੰ ਬਠਿੰਡਾ ਜਿਲ੍ਹੇ ਦੇ ਪਿੰਡ ਮਾਖਾ ਵਿਖੇ ਫ਼ਿਰਕੂ ਅਨਸਰਾਂ ਨੇ ਇੱਕ ਗੁਰੁਦਆਰੇ ਨੂੰ ਅੱਗ ਲਗਾ ਦਿੱਤੀ ਜਿਸ ਨਾਲ ਗੁਰੂ ਗ੍ਰੰਥ ਸਾਹਿਬ ਦੇ ਕਈ ਸਰੂਪ ਨੁਕਸਾਨੇ ਗਏ। ਅਜਿਹੀਆਂ ਕਾਰਵਾਈਆਂ ਦੇ ਫਲਸਰੂਪ ਰੋਸ-ਮੁਜ਼ਾਹਰਿਆਂ, ਜੁਆਬੀ ਕਾਰਵਾਈਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਇਸ ਦੌਰਾਨ 21 ਦਸੰਬਰ, ਭਾਈ ਜਰਨੈਲ ਸਿੰਘ ਭਿੰਡਰਾਂਵਾਲੇ ਦੇ ਨੇੜੇ ਸਮਝੇ ਜਾਂਦੇ ਜਥੇਦਾਰ ਸੰਤੋਖ ਸਿੰਘ ਦਿੱਲੀ ਦਾ ਕਤਲ ਹੋ ਗਿਆ ਜਿਸਦਾ ਭਾਈ ਜਰਨੈਲ ਸਿੰਘ ਨੇ ਉਨ੍ਹਾਂ ਦੇ ਨਮਿੱਤ ਭੋਗ ਸਮਾਗਮ ਤੇ ਬੋਲਦਿਆਂ ਆਪਣੀ ਨਾਰਾਜ਼ਗੀ ਦਾ ਕਾਂਗਰਸੀ ਆਗੂਆਂ ਦੀ ਹਾਜ਼ਰੀ ਵਿੱਚ, ਬੇਬਾਕ ਪ੍ਰਗਟਾਵਾ ਕੀਤਾ (ਦਲਬੀਰ ਸਿੰਘ: ਨੇੜਿਓਂ ਡਿੱਠੇ ਸੰਤ ਭਿੰਡਰਾਂਵਾਲੇ, ਸਫ਼ਾ 170)। **ਕੁਝ ਦਿਨਾਂ ਬਾਅਦ ਪੰਜਾਬ ਸਰਕਾਰ ਨੇ ਭਿੰਡਰਾਂ ਵਾਲੇ ਜਥੇ ਦੇ ਹਥਿਆਰਾਂ ਦੇ ਲਾਇਸੈਂਸ ਰੱਦ ਕਰਨ ਅਤੇ ਹਥਿਆਰਾਂ ਨੂੰ ਜ਼ਬਤ ਕਰਨ ਦੇ ਹੁਕਮ ਜ਼ਾਰੀ ਕਰ ਦਿੱਤੇ।** (ਗੁਰਮੀਤ ਸਿੰਘ : ਉਪਰੋਕਤ, ਸਫ਼ਾ 65)। ਅਪ੍ਰੈਲ 1982 ਵਿੱਚ ਜਦ ਭਾਈ ਜਰਨੈਲ ਸਿੰਘ ਜਥੇ ਸਮੇਤ ਬੰਬਈ ਧਰਮ ਪ੍ਰਚਾਰ ਕਰ ਰਹੇ ਸਨ ਤਾਂ ਪੰਜਾਬ ਸਰਕਾਰ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਨ ਦੀ ਇੱਕ ਗੁਪਤ ਯੋਜਨਾ ਤਿਆਰ ਕੀਤੀ। ਪਰ ਭਾਈ ਜਰਨੈਲ ਸਿੰਘ ਨੂੰ ਵੇਲੇ ਸਿਰ ਇਸ ਦੀ ਸੂਚਨਾ ਮਿਲ ਜਾਣ ਕਰਕੇ ਇਹ ਯੋਜਨਾ ਸਿਰੇ ਨਾ ਚੜ੍ਹ ਸਕੀ ਅਤੇ ਭਾਈ ਜਰਨੈਲ ਸਿੰਘ ਗੁਪਤ ਢੰਗ ਤਰੀਕਿਆਂ ਨਾਲ ਵਾਪਸ ਗੁਰੂ ਨਾਨਕ ਨਿਵਾਸ (ਅੰਮ੍ਰਿਤਸਰ) ਪਹੁੰਚ ਗਏ। **ਉਨ੍ਹਾਂ ਨੇ ਲਾਇਸੈਂਸੀ ਹਥਿਆਰ ਜਮ੍ਹਾਂ ਕਰਾਉਂਣ ਤੋਂ ਇਨਕਾਰ ਕਰ ਦਿੱਤਾ ਅਤੇ ਉਲਟਾ ਵਾਰ ਕਰਦਿਆਂ ਆਪਣੇ ਵੱਲੋਂ ਹਕੂਮਤੀ ਧੜੇ ਅੱਗੇ ਦੋ ਕਰੜੀਆਂ ਸ਼ਰਤਾਂ ਰੱਖ ਦਿੱਤੀਆਂ। ਇੱਕ, ਜਿਨ੍ਹਾਂ ਹਥਿਆਰਾਂ ਨਾਲ ਪੁਲਸ ਨੇ ਚੰਦੋਕਲਾਂ ਅਤੇ ਮਹਿਤਾ ਚੌਂਕ ਵਿਖੇ ਸਿੱਖਾਂ ਦਾ ਕਤਲੇਆਮ ਕੀਤਾ ਸੀ, ਪਹਿਲਾਂ ਉਹ ਸਾਰੇ ਹਥਿਆਰ ਅਕਾਲ ਤਖ਼ਤ ਉੱਤੇ ਜਮ੍ਹਾਂ ਕਰਵਾਏ ਜਾਣ। ਦੂਜਾ, ਇਨ੍ਹਾਂ ਕਤਲਾਂ ਲਈ ਜ਼ੁਮੇਂਵਾਰ ਪੁਲਸੀਆਂ ਨੂੰ ਅਕਾਲ ਤਖ਼ਤ ਉੱਤੇ ਪੇਸ਼ ਕੀਤਾ ਜਾਵੇ ਤਾਂ ਜੁ ਉਨ੍ਹਾਂ ਨੂੰ ਸਿੱਖ ਪ੍ਰੰਪਰਾ ਮੁਤਾਬਿਕ ਢੁਕਵੀਆਂ ਸਜ਼ਾਵਾਂ ਦਿੱਤੀਆਂ ਜਾ ਸਕਣ** (ਗੁਰਮੀਤ ਸਿੰਘ : ਉਪਰੋਕਤ, ਸਫ਼ਾ 65)। **ਆਜ਼ਾਦ ਭਾਰਤ ਦੇ ਇਤਿਹਾਸ ਅੰਦਰ ਕਿਸੇ ਸਿੱਖ ਆਗੂ ਦੁਆਰਾ ਅਜਿਹਾ ਖ਼ੁਲ੍ਹੱਮ-ਖੁੱਲ੍ਹਾ ਬਾ.ਗੀਆਨਾ ਪੈਂਤੜਾ ਅਖ਼ਤਿਆਰ ਕਰਨ ਦੀ ਇਹ ਪਹਿਲੀ ਤੇ ਨਿਵੇਕਲੀ ਘਟਨਾ ਸੀ।** ਇਸ ਵਿੱਚ ਭਾਈ ਜਰਨੈਲ ਸਿੰਘ ਦੇ ਸ਼ਖ਼ਸੀ ਸੁਭਾਅ ਨਾਲੋਂ ਵੱਧ ਅਹਿਮ ਗੱਲ ਉਨ੍ਹਾਂ ਦੁਆਰਾ ਅਪਣਾਏ ਬੁਨਿਆਦੀ ਸਿਧਾਂਤਕ ਪੈਂਤੜੇ ਦੀ ਸੀ। ਉਨ੍ਹਾਂ ਨੇ ਬਹੁਤ ਸਮਾਂ ਪਹਿਲਾਂ ਹੀ ਇਸ ਹਕੀਕਤ ਨੂੰ ਸਮਝ ਲਿਆ ਸੀ ਕਿ **ਭਾਰਤ ਅੰਦਰ ਸਿੱਖਾਂ ਨਾਲ ਜੋ ਪੈਰ ਪੈਰ ਤੇ ਵਿਤਕਰੇ, ਬੇ-ਇਨਸਾ.ਫੀ ਅਤੇ ਧੱਕੇਸ਼ਾਹੀ ਦਾ ਵਰਤਾਰਾ ਵਰਤ ਰਿਹਾ ਸੀ, ਉਹ ਤੱਤ ਰੂਪ ਵਿੱਚ ਸਿੱਖ ਕੌਮ ਉੱਪਰ 'ਬਾਣੀਆ-ਬ੍ਰਾਹਮਣ-ਹਾਕਮ' ਦੀ ਮਾਨਵ-ਵਿਰੋਧੀ ਤਿੱਕੜੀ ਦੇ .ਗਲਬੇ ਅਤੇ ਸਿੱਖ ਕੌਮ ਦੀ**





**.ਗੁਲਾਮੀ ਦਾ ਪ੍ਰਤੀਕ ਸੀ (ਅਤੇ ਅੱਜ ਵੀ ਹੈ)।** ਦੂਜੇ ਪਾਸੇ, "ਉਹ ਅਕਾਲੀ ਆਗੂਆਂ ਦੀਆਂ ਸਿਧਾਂਤਕ ਮਰਜਾਂ ਤੇ ਸ਼ਖਸੀ ਕਮਜ਼ੋਰੀਆਂ ਬਾਰੇ ਵੀ ਬਰਾਬਰ ਜਾਣੀ-ਜਾਣ ਸਨ ਤੇ ਨਾਲ ਹੀ ਸਾਵਧਾਨ ਵੀ। ਇਸ ਕਰਕੇ, ਉਨ੍ਹਾਂ ਸਿੱਖ ਸੰਘਰਸ਼ ਦੀ ਧਾਰ ਨੂੰ ਸਿੱਖ ਕੌਮ ਦੇ ਬਾਹਰਲੇ ਦੁਸ਼ਮਣਾਂ (ਹਿੰਦੂ ਹਾਕਮਾਂ) ਖ਼ਿਲਾ.ਫ ਸੇਧਤ ਰੱਖਦੇ ਹੋਏ, ਨਾਲ ਹੀ, ਅਕਾਲੀ ਆਗੂਆਂ ਦੀ ਹਰ ਥਿੜਕਣ ਤੇ ਕਮਜ਼ੋਰੀ ਉੱਤੇ ਕਰੜੀ ਨਿਗ੍ਹਾ ਰੱਖ ਕੇ ਚੱਲਣ ਅਤੇ ਸਿੱਖ ਜਨਤਾ ਨੂੰ ਇਸ ਬਾਰੇ ਨਿਰੰਤਰ ਚੌਕੰਨੇ ਕਰਦੇ ਰਹਿਣ ਦੀ ਲੋੜ ਤੇ ਅਹਿਮੀਅਤ ਨੂੰ ਇੱਕ ਪਲ ਲਈ ਵੀ ਮਨੋਂ ਨਹੀਂ ਵਿਸਾਰਿਆ। ਇਸ ਸਦਕਾ ਸਿੱਖ ਸੰਘਰਸ਼ ਦੇ ਆਗਾਮੀ ਦੌਰ ਅੰਦਰ ਲੜਾਈ ਦੇ ਦੋਨੋਂ, ਬਹਿਰੂਨੀ ਤੇ ਅੰਦਰੂਨੀ ਮੋਰਚੇ ਨਿਰੰਤਰ ਭਖੇ ਰਹੇ। ਜਿਥੇ ਭਾਰਤੀ ਹਾਕਮਾਂ ਖ਼ਿਲਾ.ਫ ਸਿੱਖ ਕੌਮ ਦੀ ਆਜ਼ਾਦੀ ਦਾ ਸੰਘਰਸ਼ ਲਗਾਤਾਰ ਪਾਸਾਰ ਤੇ ਤੀਬਰਤਾ ਗ੍ਰਹਿਣ ਕਰਦਾ ਗਿਆ, ਨਾਲ ਹੀ ਸਿੱਖ ਕੌਮ ਦੇ ਅੰਦਰ ਸਿਧਾਂਤਕ ਜਦੋਜਹਿਦ ਅਤੇ ਪਾਲਾਬੰਦੀ ਦਾ ਅਮਲ ਵੀ ਨਿਰੰਤਰ ਡੂੰਘਾ ਤੇ ਪ੍ਰਚੰਡ ਹੁੰਦਾ ਚਲਾ ਗਿਆ।" (ਅਜਮੇਰ ਸਿੰਘ : ਉਪਰੋਕਤ, ਸਫ਼ਾ 363)।

## ਧਰਮਯੁਧ ਮੋਰਚਾ - ਲਾਸਾਨੀ ਉਭਾਰ

"ਭਾਈ ਜਰਨੈਲ ਸਿੰਘ ਦੀ ਹਰਮਨਪਿਆਰਤਾ ਦਿਨੋਂਦਿਨ ਵਧਦੀ ਜਾ ਰਹੀ ਸੀ। **ਇੰਦਰਾ ਗਾਂਧੀ ਦੀ ਰਣਨੀਤੀ ਦਾ ਇਹ ਪੈਂਤੜਾ ਸੀ ਕਿ ਸਿੱਖ-ਕੌਮ ਦੀ ਗਰਮ-ਖ਼ਿਆਲੀ ਧਾਰਾ ਨੂੰ ਵੱਧਣ ਦਾ ਮੌਕਾ ਵੀ ਦਿੱਤਾ ਜਾਵੇ ਪਰ ਇਸ ਨੂੰ ਇਕ ਨੀਯਤ ਸੀਮਾਂ ਨੂੰ ਪਾਰ ਵੀ ਨਾ ਕਰਨ ਦਿੱਤਾ ਜਾਵੇ।** ਇਸੇ ਨੀਤੀ ਅਧੀਨ ਉਸਨੇ ਗਿਆਨੀ ਜ਼ੈਲ ਸਿੰਘ ਨੂੰ ਪੰਜਾਬ ਦੀ ਰਾਜਨੀਤੀ ਤੋਂ ਅਲੱਗ ਕਰਕੇ 1982 ਵਿੱਚ ਰਾਸ਼ਟਰਪਤੀ ਦੇ ਅਹੁਦੇ ਤੇ ਬੈਠਾ ਦਿੱਤਾ ਅਤੇ ਦਰਬਾਰਾ ਸਿੰਘ ਨੂੰ ਖੁੱਲ੍ਹੀ ਛੁੱਟੀ ਦੇ ਦਿੱਤੀ ਤਾਂ ਕਿ ਭਾਈ ਜਰਨੈਲ ਸਿੰਘ ਅਤੇ ਭਿੰਡਰਾਂਵਾਲੀ ਟਕਸਾਲ 'ਤੇ ਕਰੜੀ ਨਿਗ੍ਹਾ ਰੱਖ ਕੇ ਯੋਗ ਕਾਰਵਾਈ ਕੀਤੀ ਜਾ ਸਕੇ। 17 ਜੁਲਾਈ ਨੂੰ ਪੰਜਾਬ ਪੁਲਸ ਨੇ ਟਕਸਾਲ ਦੇ ਤਿੰਨ ਸਿੰਘਾਂ ਨੂੰ ਇੱਕ ਕਤਲ ਕੇਸ ਵਿੱਚ ਫ਼ਸਾ ਕੇ ਗ੍ਰਿਫ਼ਤਾਰ ਕਰ ਲਿਆ। 19 ਜੁਲਾਈ ਨੂੰ ਜਦੋਂ ਭਾਈ ਅਮਰੀਕ ਸਿੰਘ (ਸਪੁੱਤਰ ਭਾਈ ਕਰਤਾਰ ਸਿੰਘ) ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਉਨ੍ਹਾਂ ਦੇ ਮੁਕੱਦਮੇ ਦੀ ਪੈਰਵੀ ਕਰਨ ਲਈ ਜਿਲ੍ਹਾ ਅੰਮ੍ਰਿਤਸਰ ਦੀ ਕਚਹਿਰੀ ਵਿੱਚ ਪੁੱਜੇ ਤਾਂ ਉਨ੍ਹਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ। ਉਸ ਤੋਂ ਅਗਲੇ ਦਿਨ ਭਾਈ ਜਰਨੈਲ ਸਿੰਘ ਦੇ ਨਿਕਟਵਰਤੀ ਅਤੇ ਟਕਸਾਲ ਦੇ ਅਹਿਮ ਵਰਕਰ ਭਾਈ ਠਾਰਾ ਸਿੰਘ ਨੂੰ ਵੀ ਫੜ ਲਿਆ ਗਿਆ। ਟਕਸਾਲ ਵਿਰੁੱਧ ਅਰੰਭ ਕੀਤੀ ਇਸ ਧੱਕੇਸ਼ਾਹੀ ਦੀ ਮੁਹਿੰਮ ਦੀ ਚੁਣੌਤੀ ਨੂੰ ਸਵੀਕਾਰ ਕਰਦੇ ਹੋਏ ਭਾਈ ਜਰਨੈਲ ਸਿੰਘ ਨੇ ਇਸ ਜ਼ਬਰ ਦੇ ਖ਼ਿਲਾਫ਼ ਸ਼ਾਂਤਮਈ ਸੰਘਰਸ਼ ਆਰੰਭ ਕਰਨ ਦਾ ਬਿਗੁਲ ਵਜਾ ਦਿੱਤਾ ਅਤੇ 25 ਜੁਲਾਈ ਨੂੰ ਮੰਜੀ ਸਾਹਿਬ ਵਿਖੇ ਇੱਕ ਭਰਵੀਂ ਪੰਥਕ ਕਨਵੈਨਸ਼ਨ ਬੁਲਾ ਕੇ ਦਰਬਾਰ ਸਾਹਿਬ ਤੋਂ ਰਵਾਇਤੀ ਤਰਜ਼ 'ਤੇ ਮੋਰਚਾ ਅਰੰਭ ਕਰ ਦਿੱਤਾ। ਫੈਸਲਾ ਹੋਇਆ ਕਿ ਹਰ ਰੋਜ਼ 51 ਸਿੰਘਾਂ ਦਾ ਜੱਥਾ ਅਕਾਲ ਤਖ਼ਤ ਸਾਹਿਬ ਤੋਂ ਅਰਦਾਸ ਕਰਕੇ ਪੁਰਅਮਨ ਢੰਗ ਨਾਲ ਗ੍ਰਿਫ਼ਤਾਰੀ ਦਿਆ ਕਰੇਗਾ।

ਹਰਚੰਦ ਸਿੰਘ ਲੌਂਗੋਵਾਲ ਨੇ 26 ਜੁਲਾਈ ਨੂੰ ਅਕਾਲੀ ਦਲ ਦੀ ਕਾਰਜਕਰਨੀ ਦੀ ਹੰਗਾਮੀ ਮੀਟਿੰਗ ਬੁਲਾ ਕੇ 'ਨਹਿਰ ਰੋਕੋ ਮੋਰਚੇ' ਨੂੰ ਬੰਦ ਕਰਕੇ ਭਾਈ ਜਰਨੈਲ ਸਿੰਘ ਵੱਲੋਂ ਅਰੰਭ ਕੀਤੇ ਮੋਰਚੇ ਵਿੱਚ ਸ਼ਾਮਿਲ ਹੋਣ ਦਾ ਬਾਕਾਇਦਾ ਐਲਾਨ ਕਰ ਦਿੱਤਾ ਅਤੇ ਇਸ ਨੂੰ 'ਧਰਮ-ਯੁੱਧ ਮੋਰਚਾ' ਦਾ ਨਾਉਂ ਦੇ ਦਿੱਤਾ (ਗੁਰਮੀਤ ਸਿੰਘ : ਉਪਰੋਕਤ , ਭਾਗ-2)। ਮੋਰਚੇ ਨੂੰ ਅਜਿਹਾ ਹੁੰਗਾਰਾ ਮਿਲਿਆ ਕਿ ਸਿੱਖ ਕੌਮ ਦੀਆਂ ਸਭ ਛੋਟੀਆਂ-ਵੱਡੀਆਂ ਤਾਕਤਾਂ ਇੱਕ-ਇੱਕ ਕਰਕੇ ਇਸ ਵਿੱਚ ਸ਼ਾਮਿਲ ਹੁੰਦੀਆਂ ਚਲੀਆਂ ਗਈਆਂ। 'ਚੀਫ਼ ਖ਼ਾਲਸਾ ਦੀਵਾਨ' ਵੀ ਇਸ ਵਿੱਚ ਸ਼ਾਮਿਲ ਹੋ ਗਿਆ। 30 ਸਤੰਬਰ 1982 ਨੂੰ ਜਥੇਦਾਰ ਜਗਦੇਵ ਸਿੰਘ ਤਲਵੰਡੀ ਨੇ ਆਪਣੇ ਤਕਰੀਬਨ ਪਿਛਲੇ ਡੇਢ ਸਾਲ ਤੋਂ ਦਿੱਲੀ ਵਿਖੇ ਅਲੱਗ ਤੌਰ ਤੇ ਅਰੰਭ ਕੀਤੇ ਹੋਏ ਮੋਰਚੇ ਨੂੰ ਠੱਪ ਕਰਕੇ 'ਧਰਮ-ਯੁੱਧ ਮੋਰਚੇ' ਵਿੱਚ ਸ਼ਾਮਿਲ ਹੋਣ ਦਾ ਐਲਾਨ ਕਰ ਦਿੱਤਾ (ਭਾਈ ਗੁਰਮੀਤ ਸਿੰਘ : ਉਪਰੋਕਤ, ਸਫ਼ਾ 75)। **ਅਕਾਲੀ ਦਲ ਦੇ ਸਾਰੇ ਵੱਡੇ ਲੀਡਰ, ਵਾਰੋ-ਵਾਰੀ, ਵੱਡੇ-ਭਾਰੀ ਜਥਿਆਂ ਦੀ ਅਗਵਾਈ ਕਰਦੇ ਹੋਏ ਗ੍ਰਿਫ਼ਤਾਰ ਹੋ ਗਏ ਅਤੇ ਦੋ ਮਹੀਨਿਆਂ ਦੇ ਅੰਦਰ ਹੀ ਪੰਜਾਬ ਦੀਆਂ ਸਾਰੀਆਂ ਜੇਲ੍ਹਾਂ ਨੱਕੋ-ਨੱਕ ਭਰ ਗਈਆਂ।**

## ਇੰਦਰਾ ਗਾਂਧੀ ਦੀ ਸਿੱਖ-ਸੰਘਰਸ਼ ਨੂੰ ਦਬਾਉਂਣ ਲਈ 'ਬਲ' ਅਤੇ 'ਛਲ' ਦੀ ਦੋ-ਧਾਰੀ ਨੀਤੀ

ਇੰਦਰਾ ਗਾਂਧੀ ਨੇ ਸਿੱਖ ਸੰਘਰਸ਼ ਨੂੰ ਦਬਾਉਂਣ ਲਈ 'ਬਲ' ਅਤੇ 'ਛਲ' ਦੀ ਦੋ-ਧਾਰੀ ਨੀਤੀ ਉੱਤੇ ਅਮਲ ਕਰਨਾ ਜਾਰੀ ਰੱਖਿਆ। ਪਰ ਇਸ ਦੇ ਬਾਵਜੂਦ ਮੋਰਚਾ ਲਗਾਤਾਰ ਪ੍ਰਚੰਡ ਹੁੰਦਾ ਚਲਾ ਗਿਆ। ਅਚਾਨਕ ਹੀ, ਇੰਦਰਾ ਗਾਂਧੀ ਨੇ, (ਦਿੱਲੀ ਵਿਖੇ 19 ਨਵੰਬਰ ਤੋਂ 4 ਦਸੰਬਰ 1982 ਤੱਕ ਹੋਣ ਜਾ ਰਹੀਆਂ ਏਸ਼ੀਆਈ ਖੇਡਾਂ ਦੇ ਮੱਦੇਨਜ਼ਰ) 15 ਅਕਤੂਬਰ ਤੋਂ ਜੇਲ੍ਹਾਂ ਵਿੱਚ ਨਜ਼ਰਬੰਦ ਸਾਰੇ ਸਿੱਖਾਂ ਨੂੰ ਰਿਹਾਅ ਕਰਨ ਦਾ ਐਲਾਨ ਕਰ ਦਿੱਤਾ। ਮੋਰਚਾ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ ਨੇ ਜੇਲ੍ਹਾਂ ਵਿੱਚੋਂ ਰਿਹਾਅ ਹੋਏ ਸਾਰੇ ਸਿੰਘਾਂ ਨੂੰ ਏਸ਼ੀਆਈ ਖੇਡਾਂ ਦੌਰਾਨ ਦਿੱਲੀ ਪਹੁੰਚਣ ਦਾ ਸੱਦਾ ਦੇ ਦਿੱਤਾ ਤਾਂ ਕਿ ਦਿੱਲੀ ਵਿਖੇ ਉਸ ਦੌਰਾਨ ਪ੍ਰਭਾਵਸ਼ਾਲੀ ਰੋਸ-ਦਿਖਾਵੇ ਕਰਕੇ ਸੰਸਾਰ ਦੇ ਲੋਕਾਂ ਦਾ ਧਿਆਨ ਸਿੱਖ ਕੌਮ ਦੀਆਂ ਸ਼ਕਾਇਤਾਂ ਵੱਲ ਖਿੱਚਿਆ ਜਾ ਸਕੇ।

## ਏਸ਼ੀਆਈ ਖੇਡਾਂ : ਫਿਰਕੂ-ਫ਼ਾਸ਼ੀਵਾਦ ਦਾ ਉਦਘਾਟਨ

**ਲੋਕ-ਰਾਜ ਪ੍ਰਣਾਲੀ ਅੰਦਰ ਸਮਾਜ ਦੇ ਹਰ ਇੱਕ ਵਰਗ ਨੂੰ ਆਪਣੇ ਮਸਲਿਆਂ ਅਤੇ ਸ਼ਕਾਇਤਾਂ ਬਾਰੇ ਪੁਰਅਮਨ ਢੰਗ ਨਾਲ ਮੁਜ਼ਾਹਰੇ ਕਰਨ ਦਾ ਸੰਵਿਧਾਨਕ ਹੱਕ ਹੁੰਦਾ ਹੈ ਕਿਉਂਕਿ ਇਸ ਰਾਜ-ਪ੍ਰਣਾਲੀ ਦੀ ਸਿਹਤ ਲਈ ਇਹ ਇੱਕ ਅਹਿਮ ਕਰਮ ਸਮਝਿਆ ਜਾਂਦਾ ਹੈ। ਪਰ ਭਾਰਤ ਵਿਚ 'ਲੋਕ-ਰਾਜ ਪ੍ਰਣਾਲੀ' ਦੇ ਵਿਖਾਵੇ ਅਧੀਨ ਅਸਲ ਵਿੱਚ 'ਬਾਣੀਆ-ਬ੍ਰਾਹਮਣ ਹਾਕਮ' ਦਾ ਫ਼ਿਰਕੂ-ਫ਼ਾਸ਼ੀਵਾਦ ਰਾਜ ਪ੍ਰਬੰਧ ਹੀ ਅਮਲ ਵਿਚ ਲਿਆਂਦਾ ਜਾ ਰਿਹਾ ਹੈ। ''ਫ਼ਿਰਕੂ-ਫ਼ਾਸ਼ੀਵਾਦ ਦਾ ਇਹ ਇੱਕ ਵਿਲੱਖਣ ਵਰਤਾਰਾ ਹੁੰਦਾ ਹੈ ਕਿ ਬਹੁਗਿਣਤੀ ਵਰਗ ਅੰਦਰ ਘੱਟ ਗਿਣਤੀ ਭਾਈਚਾਰਿਆਂ ਦੇ ਖ਼ਿਲਾਫ਼ ਨਫ਼ਰਤ ਤੇ ਜਨੂੰਨ ਭੜਕਾਉਂਣ**





**ਦੀਆਂ ਸੁਚੇਤ ਅਤੇ ਵਿਉਂਤਬੰਦ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਇਸ ਢੰਗ ਨਾਲ ਬਹੁਗਿਣਤੀ ਵਰਗ ਦੇ ਲੋਕਾਂ ਨੂੰ ਹਕੂਮਤੀ ਜ਼ਬਰ ਦੇ ਪੱਖ ਵਿੱਚ ਲਾਮਬੰਦ ਕੀਤਾ ਜਾਂਦਾ ਹੈ। ਫ਼ਿਰਕੂ-ਫ਼ਾਸ਼ੀਵਾਦ ਨੂੰ ਬਲ ਅਤੇ ਵੇਗ ਮੁਹਈਆ ਕਰਨ ਵਿੱਚ ਮੀਡੀਏ ਦੀ ਭੂਮਿਕਾ ਬਹੁਤ ਅਹਿਮ ਹੁੰਦੀ ਹੈ ਅਤੇ ਇਸ ਦੀ ਸਹਾਇਤਾ ਨਾਲ ਘਟ-ਗਿਣਤੀ ਭਾਈਚਾਰਿਆਂ ਦੇ ਵਿਰੁਧ 'ਦੁਸ਼-ਪ੍ਰਚਾਰ' ਦੀ ਮੁਹਿੰਮ ਲਾਮਬੰਦ ਕੀਤੀ ਜਾਂਦੀ ਹੈ। ਭਾਰਤ ਸਰਕਾਰ ਨੇ ਇਨ੍ਹਾਂ ਸਾਰੇ ਮਾਨਵ-ਵਿਰੋਧੀ ਹੱਥ-ਕੰਡਿਆਂ ਦੀ ਸਿੱਖਾਂ ਵਿਰੁੱਧ ਖੁੱਲ੍ਹ ਕੇ ਵਰਤੋਂ ਕੀਤੀ।**

ਹਿੰਦੂ ਪ੍ਰੈਸ ਇਸ ਕਾਰਜ ਵਿੱਚ ਵਧ ਚੜ੍ਹ ਕੇ ਹੱਥ ਵਟਾ ਰਹੀ ਸੀ। ਸਿੱਖਾਂ ਨੂੰ ਦੇਸ਼ ਦੀ ਜਨਤਾ ਸਾਹਮਣੇ 'ਵਹਿਸ਼ੀ', 'ਹਤਿਆਰੇ', 'ਦਹਿਸ਼ਤਗਰਦ' ਤੇ 'ਦੇਸ਼ ਦੇ ਦੁਸ਼ਮਣ' ਬਣਾ ਕੇ ਪੇਸ਼ ਕੀਤਾ ਜਾ ਰਿਹਾ ਸੀ ਅਤੇ ਹਿੰਦੂ ਜਨਤਾ ਨੂੰ ਅਜਿਹੀਆਂ 'ਦੇਸ਼-ਵਿਰੋਧੀ ਤਾਕਤਾਂ' ਖ਼ਿਲਾਫ਼ ਲਾਮਬੰਦ ਹੋਣ ਦੇ ਹੋਕਰੇ ਮਾਰੇ ਜਾ ਰਹੇ ਸਨ। ਅਕਾਲੀ ਲੀਡਰਸ਼ਿਪ ਨੇ ਐਮਰਜੈਂਸੀ (1975) ਦੌਰਾਨ ਮੋਰਚਾ ਲਾ ਕੇ ਇੰਦਰਾ ਗਾਂਧੀ ਦੀ ਨਿਰੰਕੁਸ਼ਤਾ ਨੂੰ ਚੁਣੌਤੀ ਦੇਣ ਦਾ ਜੋ ਰਾਜਨੀਤਕ ਸਾਹਸ ਕੀਤਾ ਸੀ, ਉਸ ਨੇ ਇੰਦਰਾ ਦੀ ਹਉਮੈਂ ਨੂੰ ਬੁਰੀ ਤਰ੍ਹਾਂ ਘਾਇਲ ਕਰਕੇ ਰੱਖ ਦਿੱਤਾ ਸੀ। ਕਈ ਸਾਲ ਲੰਘ ਜਾਣ ਦੇ ਬਾਵਜੂਦ ਵੀ ਉਸ ਨੇ ਆਪਣੇ ਮਨ ਅੰਦਰ ਅਕਾਲੀ ਲੀਡਰਸ਼ਿਪ ਪ੍ਰਤੀ ਇਹ ਰੰਜ਼ਸ਼ ਜਿਉਂ-ਦੀ-ਤਿਉਂ ਪਾਲ ਰੱਖੀ ਹੋਈ ਸੀ। ਅਕਾਲੀ ਦਲ ਵੱਲੋਂ ਏਸ਼ੀਆਈ ਖੇਡਾਂ ਦੌਰਾਨ ਦਿੱਲੀ ਵਿਖੇ ਰੋਸ-ਵਿਖਾਵਾ ਕਰਨ ਦੇ ਫ਼ੈਸਲੇ ਨੇ ਉਸ ਨੂੰ ਹੋਰ ਵਿਹੁ ਚਾੜ੍ਹ ਦਿੱਤੀ। ਉਸ ਅੰਦਰ ਬਹੁਗਿਣਤੀ ਦਾ ਹੰਕਾਰ ਇਕਦਮ ਫੁੰਕਾਰੇ ਮਾਰ ਉਠਿਆ। ਉਸਨੇ ਅਕਾਲੀ ਲੀਡਰਸ਼ਿਪ ਨੂੰ ਤੇ ਉਸਦੀ ਹਮਾਇਤ ਵਿੱਚ ਲਾਮਬੰਦ ਹੋਣ ਦੇ ਦੋਸ਼ ਬਦਲੇ ਸਮੁੱਚੇ ਸਿੱਖ ਭਾਈਚਾਰੇ ਨੂੰ ਇੱਕ 'ਕਰਾਰਾ ਸਬਕ ਸਿਖਾਉਂਣ' ਦੀ ਠਾਣ ਲਈ।

**ਹਰ ਜਗ੍ਹਾ ਹੀ, ਮੁਜ਼ਰਮਾਨਾ ਬਿਰਤੀ ਵਾਲੇ, ਭਾਵਹੀਣ ਤੇ ਜ਼ਾਹਲ ਕਿਸਮ ਦੇ ਤੱਤ ਹੀ ਫ਼ਾਸ਼ੀਵਾਦ ਦੀ ਮੁੱਖ ਟੇਕ ਬਣਦੇ ਹਨ। ਇਸ ਕਰਕੇ ਇੰਦਰਾ ਗਾਂਧੀ ਦੀ ਪਾਰਖੂ ਅੱਖ ਨੇ ਭਜਨ ਲਾਲ (ਜੋ ਸਬੱਬ ਨਾਲ ਉਸ ਵੇਲੇ ਹਰਿਆਣੇ ਦਾ ਮੁੱਖ-ਮੰਤਰੀ ਸੀ) ਦੇ ਇਨ੍ਹਾਂ 'ਕਰਤਾਰੀ ਗੁਣਾਂ' ਦੀ ਪਛਾਣ ਕਰਨ ਵਿੱਚ ਰਤੀ ਉਕਾਈ ਨਾ ਕੀਤੀ।** ...ਭਜਨ ਲਾਲ ਨੇ ਇੰਦਰਾ ਗਾਂਧੀ ਨੂੰ ਇਹ ਪੱਕਾ ਯਕੀਨ ਦੁਆ ਦਿੱਤਾ ਕਿ ਏਸ਼ੀਆਈ ਖੇਡਾਂ ਦੌਰਾਨ ਨਾ ਸਿਰਫ਼ ਪੰਜਾਬ ਤੋਂ ਇੱਕ ਵੀ ਸਿੱਖ ਦਿੱਲੀ ਨਹੀਂ ਪਹੁੰਚਣ ਦਿੱਤਾ ਜਾਵੇਗਾ ਸਗੋਂ ਸਿੱਖ ਕੌਮ ਨੂੰ ਭਾਰਤ ਅੰਦਰ ਉਸਦੇ ਅਸਲੀ ਸਥਾਨ ਤੇ ਰੁਤਬੇ ਦਾ ਵੀ ਅਹਿਸਾਸ ਕਰਵਾ ਦਿੱਤਾ ਜਾਵੇਗਾ। **19 ਨਵੰਬਰ ਨੂੰ ਭਜਨ ਲਾਲ ਨੇ ਆਪਣੀ ਪੁਲਸ ਫ਼ੋਰਸ ਦੇ ਗਲੋਂ ਪਟੇ ਲਾਹ ਦਿੱਤੇ ਤੇ ਉਸ ਨੂੰ ਸਿੱਖਾਂ ਉੱਤੇ ਝਪਟਣ ਲਈ ਖੁੱਲ੍ਹਾ ਛੱਡ ਦਿੱਤਾ। ਨਾਲ ਹੀ ਹੁੱਲੜਬਾਜ਼ਾਂ, ਲੁਟੇਰਿਆਂ, ਅਵਾਰਾਗਰਦਾਂ ਤੇ ਲਫੰਗਿਆਂ, ਯਾਨੀ ਕਿ ਹਰ ਕਿਸਮ ਦੇ ਅਪ੍ਰਾਧੀ ਬਿਰਤੀ ਵਾਲੇ ਅਨਸਰਾਂ ਨੂੰ ਸਿੱਖਾਂ ਖ਼ਿਲਾਫ਼ ਮਨਮਾਨੀਆਂ ਕਰਨ ਦੀ ਹਲਾਸ਼ੇਰੀ ਦੇ ਦਿੱਤੀ।** ਫਿਰ ਕੀ ਸੀ, ਪੰਜਾਬ ਤੋਂ ਦਿੱਲੀ ਨੂੰ ਜਾਂਦੀ ਹਰ ਬੱਸ, ਕਾਰ, ਟਰੱਕ ਤੇ ਰੇਲਗੱਡੀ ਨੂੰ ਹਰਿਆਣੇ ਅੰਦਰ ਜਗ੍ਹਾ-ਜਗ੍ਹਾ ਰੋਕਿਆ ਗਿਆ ਅਤੇ ਹਰ ਸਿੱਖ ਮੁਸਾਫ਼ਰ ਨੂੰ ਥੱਲੇ ਲਾਹ ਕੇ ਮਨਚਾਹੇ ਢੰਗਾਂ ਨਾਲ ਅਪਮਾਨਤ ਕੀਤਾ ਗਿਆ। ਪੁਲਸ ਨੇ ਨਾ ਕਿਸੇ ਸਿੱਖ ਦੀ ਪਦਵੀ ਦੇਖੀ ਨਾ ਰੁਤਬਾ, ਸਾਰਿਆਂ ਨਾਲ

ਇੱਕ ਵਾਢਿਓਂ ਘਿਨਾਉਣਾ ਸਲੂਕ ਕੀਤਾ ਗਿਆ। **ਭਾਰਤੀ ਫ਼ੌਜ ਦੇ ਸੇਵਾ-ਮੁਕਤ ਲੈਫਟੀਨੈਂਟ ਜਨਰਲ ਅਤੇ 1971 ਦੀ ਜੰਗ ਦੇ ਹੀਰੋ ਸ. ਜਗਜੀਤ ਸਿੰਘ ਅਰੋੜਾ ਤੇ ਭਾਰਤੀ ਹਵਾਈ ਸੈਨਾ ਦੇ ਸਾਬਕਾ ਮੁਖੀ ਸ. ਅਰਜਨ ਸਿੰਘ ਵਰਗੀਆਂ ਸਨਮਾਨਤ ਹਸਤੀਆਂ ਨਾਲ ਹਰਿਆਣਾ ਪੁਲਸ ਦੇ ਮਾਮੂਲੀ ਜਿਹੇ ਕਰਮਚਾਰੀਆਂ ਨੇ ਬਹੁਤ ਹੀ ਘਟੀਆ ਵਰਤਾਉ ਕੀਤਾ ਤੇ ਉਨ੍ਹਾਂ ਨੂੰ ਦਿੱਲੀ ਜਾਣ ਤੋਂ ਰੋਕਿਆ ਗਿਆ। ਜੇਕਰ ਹਿੰਦੂ ਪੁਲਸ ਮੁਲਾਜ਼ਮਾਂ ਦੇ ਮਨਾਂ ਅੰਦਰ ਨਿਰੰਤਰ ਫ਼ਿਰਕੂ ਪ੍ਰਾਪੇਗੰਡੇ ਦੇ ਜ਼ਰੀਏ ਇਹ ਫ਼ਿਰਕੂ ਧਾਰਨਾ ਨਾ ਭਰੀ ਹੁੰਦੀ ਕਿ ਹਿੰਦੂ ਹੀ ਭਾਰਤ ਦੇ ਅਸਲੀ ਮਾਲਕ ਹਨ ਅਤੇ ਸਿੱਖ ਕੌਮ ਤੇ ਹੋਰ ਘੱਟ ਗਿਣਤੀ ਧਾਰਮਿਕ ਵਰਗ ਭਾਰਤ ਅੰਦਰ ਹਿੰਦੂਆਂ ਦੀ ਮਰਜ਼ੀ ਤੇ ਰਹਿਮ ਦੇ ਆਸਰੇ ਹੀ ਰਹਿ ਰਹੇ ਤੇ ਰਹਿ ਸਕਦੇ ਹਨ, ਤਾਂ ਉਨ੍ਹਾਂ ਦੀ ਕੀ ਮਜਾਲ ਸੀ ਕਿ ਉਹ ਨਾਮੀ ਸਿੱਖ ਜਰਨੈਲਾਂ ਵੱਲ ਅੱਖ ਵੀ ਉੱਚੀ ਕਰਕੇ ਦੇਖ ਸਕਦੇ।** ਪਰ ਬਹੁਗਿਣਤੀ ਦੇ ਘੁਮੰਡ ਤੇ ਰਾਜਸੱਤਾ ਦੀ ਸਰਪ੍ਰਸਤੀ ਨੇ ਵਰਦੀਧਾਰੀ ਤੇ ਗੈਰ-ਵਰਦੀਧਾਰੀ ਹਿੰਦੂ ਹੁੱਲੜਬਾਜ਼ਾਂ ਦੇ ਦਿਮਾਗਾਂ ਨੂੰ ਅਜਿਹਾ ਫ਼ਤੂਰ ਚਾੜ੍ਹ ਦਿੱਤਾ ਹੋਇਆ ਸੀ ਕਿ ਉਨ੍ਹਾਂ ਹਰ ਸਿੱਖ ਨੂੰ ਉਸ ਦੇ ਅਹੁਦੇ ਤੇ ਰੁਤਬੇ ਦਾ ਭੇਦ ਕੀਤੇ ਬਿਨਾ, ਜ਼ਲੀਲ ਕਰਨ ਲੱਗਿਆਂ ਰਤੀ ਸੰਕੋਚ ਨਾ ਵਰਤਿਆ। **ਇਥੋਂ ਤੱਕ ਕਿ ਸਾਬਕਾ ਕੇਂਦਰੀ ਮੰਤਰੀ ਸ: ਸਵਰਨ ਸਿੰਘ ਅਤੇ ਬੀਬੀ ਅਮਰਜੀਤ ਕੌਰ (ਕਾਂਗਰਸੀ ਐਮ.ਪੀ.) ਵਰਗੇ ਬਾ-ਰਸੂਖ ਤੇ 'ਰਾਜ-ਭਗਤ' ਕਾਂਗਰਸੀ ਆਗੂਆਂ ਨਾਲ ਵੀ ਕੋਈ ਰਿਆਇਤ ਨਾ ਵਰਤੀ ਗਈ।"** (ਅਜਮੇਰ ਸਿੰਘ : ਉਪਰੋਕਤ, ਸਫ਼ੇ 369-71; ਸ. ਹਰਬੰਸ ਸਿੰਘ : ਹੈਰੀਟੇਜ਼ ਆਫ਼ ਸਿਖਸ, ਸਫ਼ਾ 358)।..........

"ਪਾਣੀਪਤ ਤੇ ਕੁਝ ਹੋਰਨਾਂ ਥਾਵਾਂ ਤੇ ਝਲਿਆਈਆਂ ਹੋਈਆਂ ਹਿੰਦੂ ਭੀੜਾਂ ਨੇ ਆਪਣੀ ਫ਼ਿਰਕੂ ਕਰਤੂਤ ਦਿਖਾਉਂਦਿਆਂ ਹੋਇਆਂ ਸਿੱਖ ਸਵਾਰੀਆਂ ਦੀ ਲੁੱਟ-ਖੋਹ ਤੇ ਮਾਰ-ਕੁਟਾਈ ਕਰਨ, ਸਿੱਖ ਔਰਤਾਂ ਨਾਲ ਬਦਤਮੀਜ਼ੀ ਨਾਲ ਪੇਸ਼ ਆਉਣ ਅਤੇ ਸਿੱਖਾਂ ਦੀਆਂ ਦੁਕਾਨਾਂ ਤੇ ਕਾਰੋਬਾਰਾਂ ਨੂੰ ਲੁੱਟਣ-ਸਾੜਨ ਦਾ ਸਿਲਸਿਲਾ ਦਿਨ-ਭਰ ਜਾਰੀ ਰੱਖਿਆ। ਕਿੰਨੇ ਹੀ ਥਾਵਾਂ ਤੇ ਗੁਰਦੁਆਰਿਆਂ ਨੂੰ ਅੱਗ ਲਗਾ ਕੇ ਲੂਹ ਸੁੱਟਿਆ ਗਿਆ" (ਮਾਰਕ ਟੱਲੀ ਤੇ ਸਤੀਸ਼ ਜੈਕਬ, ਅੰਮ੍ਰਿਤਸਰ : ਸ੍ਰੀਮਤੀ ਗਾਂਧੀ ਦੀ ਅੰਤਲੀ ਲੜਾਈ, ਸਫ਼ਾ 89)।

"ਮੋਰਚਾ ਡਿਕਟੇਟਰ ਹਰਚੰਦ ਸਿੰਘ ਲੌਂਗੋਵਾਲ ਦੇ ਸੱਦੇ 'ਤੇ 23 ਦਸੰਬਰ 1982 ਨੂੰ ਹਜ਼ਾਰਾਂ ਸਾਬਕਾ ਸਿੱਖ ਫ਼ੌਜੀ ਅੰਮ੍ਰਿਤਸਰ ਵਿਖੇ ਬੁਲਾਈ 'ਸਾਬਕਾ ਸਿੱਖ ਫ਼ੌਜੀ ਕਨਵੈਨਸ਼ਨ' ਵਿੱਚ ਪੂਰੇ ਜ਼ੋਸ਼ ਅਤੇ ਉਤਸ਼ਾਹ ਨਾਲ ਸ਼ਾਮਿਲ ਹੋਏ। ਇਸ ਤੋਂ ਕੁਝ ਦਿਨਾਂ ਬਾਅਦ, 9 ਜਨਵਰੀ 1983 ਨੂੰ ਮੰਜੀ ਸਾਹਿਬ ਅੰਮ੍ਰਿਤਸਰ ਵਿਖੇ ਸਿੱਖ ਬੁਧੀਜੀਵੀਆਂ ਦਾ ਇੱਕ ਵਿਸ਼ਾਲ





ਇਕੱਠ ਹੋਇਆ ਜਿਸ ਵਿੱਚ ਹਜ਼ਾਰਾਂ ਦੀ ਗਿਣਤੀ ਵਿੱਚ ਡਾਕਟਰਾਂ, ਇੰਜੀਨੀਅਰਾਂ ਤੇ ਹੋਰ ਬੁਧੀਜੀਵੀ ਵਰਗਾਂ ਨੇ ਉਤਸ਼ਾਹ ਨਾਲ ਸ਼ਿਰਕਤ ਕੀਤੀ" (ਹਰਬੰਸ ਸਿੰਘ : ਹੈਰੀਟੇਜ ਆਫ਼ ਸਿੱਖਸ, ਸਫ਼ੇ 359-60)।

"ਦਰਬਾਰਾ ਸਿੰਘ ਨੇ ਸਿੱਖ ਸੰਘਰਸ਼ ਨੂੰ ਸਖ਼ਤੀ ਨਾਲ ਕੁਚਲ ਦੇਣ ਦੇ ਜੋਸ਼ ਵਿੱਚ ਇੱਕ ਅਸਲੋਂ ਹੀ ਗੈਰ-ਜ਼ਮਹੂਰੀ ਤੇ ਗੈਰ-ਕਾਨੂੰਨੀ ਪੈਂਤੜਾ ਅਖ਼ਤਿਆਰ ਕਰ ਲਿਆ। ਉਸ ਨੇ ਸੰਤ ਜਰਨੈਲ ਸਿੰਘ ਦੇ ਦ੍ਰਿੜ ਸਮਰਥਕਾਂ ਨੂੰ ਮਾਰ ਮੁਕਾਉਣ ਲਈ ਝੂਠੇ ਪੁਲਸ ਮੁਕਾਬਲਿਆਂ ਦੀ ਉਸ ਤਰਕੀਬ ਉਤੇ ਅਮਲ ਕਰਨ ਦਾ ਨਿਰਣਾ ਕਰ ਲਿਆ, ਜਿਸ ਰਾਹੀਂ 1970-71 ਵਿੱਚ ਪੰਜਾਬ ਅੰਦਰ ਨਕਸਲੀ ਨੌਜੁਆਨਾਂ ਦਾ ਵੱਡੀ ਪੱਧਰ ਉੱਤੇ ਘਾਤ ਕੀਤਾ ਗਿਆ ਸੀ। ਬੀ.ਬੀ.ਸੀ. ਦੇ ਨੁਮਾਇੰਦੇ (ਮਾਰਕ ਟੱਲੀ) ਕੋਲ ਉਸ ਨੇ ਇਹ ਗੱਲ ਖੁੱਲ੍ਹੇਆਮ ਮੰਨੀ ਕਿ ਉਸਨੇ ਪੁਲਸ ਨੂੰ 'ਮੁਕਾਬਲੇ' ਬਣਾਉਣ ਬਾਰੇ ਬਾਕਾਇਦਾ ਹਦਾਇਤਾਂ ਦੇ ਰੱਖੀਆਂ ਸਨ" (ਮਾਰਕ ਟੱਲੀ ਤੇ ਸਤੀਸ਼ ਜੈਕਬ, ਅੰਮ੍ਰਿਤਸਰ : ਸ੍ਰੀਮਤੀ ਇੰਦਰਾ ਗਾਂਧੀ ਦੀ ਅੰਤਲੀ ਲੜਾਈ, ਸਫ਼ਾ 97)। "ਪੁਲਸ ਨੇ ਇਨ੍ਹਾਂ ਹਦਾਇਤਾਂ ਉੱਤੇ ਅਮਲ ਕਰਦੇ ਹੋਏ 27 ਮਈ 1982 ਨੂੰ ਪਿੰਡ ਨਾਗੋਕੇ (ਅੰਮ੍ਰਿਤਸਰ) ਦੇ ਇੱਕ ਅੰਮ੍ਰਿਤਧਾਰੀ ਸਿੰਘ (ਕੁਲਵੰਤ ਸਿੰਘ) ਨੂੰ ਘਰੋਂ ਗ੍ਰਿਫ਼ਤਾਰ ਕਰਕੇ, ਦੋ ਹਫ਼ਤਿਆਂ ਤੱਕ ਬੇਤਹਾਸ਼ਾ ਤਸ਼ੱਦਦ ਕਰਨ ਤੋਂ ਬਾਅਦ 9 ਜੂਨ ਦੀ ਰਾਤ ਨੂੰ ਅੰਮ੍ਰਿਤਸਰ ਸ਼ਹਿਰ ਦੇ ਬਾਹਰ-ਵਾਰ ਵੱਲਾ ਪਿੰਡ ਦੇ ਨੇੜੇ ਝੂਠਾ 'ਪੁਲਸ ਮੁਕਾਬਲਾ' ਦਿਖਾ ਕੇ ਹਲਾਕ ਕਰ ਦਿੱਤਾ।....**ਸਰਕਾਰ ਵੱਲੋਂ ਝੂਠੇ ਪੁਲਸ ਮੁਕਾਬਲਿਆਂ ਦਾ ਗੈਰ-ਜ਼ਮਹੂਰੀ ਤੇ ਗੈਰ-ਕਾਨੂੰਨੀ ਛੇੜਾ ਛੇੜ ਦੇਣ ਨਾਲ ਸਿੱਖ ਨੌਜੁਆਨਾਂ ਦੀਆਂ ਖਾੜਕੂ ਕਾਰਵਾਈਆਂ ਨੇ ਨਵਾਂ ਆਕਾਰ-ਪਸਾਰ ਅਖ਼ਤਿਆਰ ਕਰ ਲਿਆ। ਹੁਣ ਉਨ੍ਹਾਂ ਇਨਸਾਫ਼ ਅਤੇ ਬਦਲੇ ਦੀ ਭਾਵਨਾ ਨਾਲ ਚੋਣਵੇਂ ਪੁਲਸ ਮੁਲਾਜ਼ਮਾਂ ਦੇ ਕਤਲਾਂ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ।**...ਇਸਦੇ ਨਾਲ ਹੀ ਪੰਜਾਬ ਨੂੰ ਅਮਲੀ ਤੌਰ ਤੇ ਇੱਕ ਪੁਲਸ-ਰਾਜ ਵਿੱਚ ਤਬਦੀਲ ਕਰਨ ਦਾ ਸਿਲਸਿਲਾ ਜ਼ੋਰਾਂ-ਸ਼ੋਰਾਂ ਨਾਲ ਸ਼ੁਰੂ ਹੋ ਗਿਆ" (ਅਜਮੇਰ ਸਿੰਘ : ਉਪਰੋਕਤ, ਸਫ਼ਾ 376)।

ਹਰਚੰਦ ਸਿੰਘ ਲੌਂਗੋਵਾਲ ਨੇ ਸਿੱਖ ਕਾਜ ਲਈ 'ਮਰਜੀਵੜੇ' ਭਰਤੀ ਕਰਨ ਦਾ ਐਲਾਨ ਕਰ ਦਿੱਤਾ (ਗੁਰਮੀਤ ਸਿੰਘ : ਹਿਸ਼ਟਰੀ ਆਫ਼ ਸਿੱਖ ਸਟਰਗਲਜ਼, ਭਾਗ 2, ਸਫ਼ਾ 82)। 12 ਮਈ 1983 ਤੱਕ ਅਕਾਲ ਤਖ਼ਤ ਉੱਤੇ ਪ੍ਰਣ ਕਰਨ ਵਾਲੇ ਅਜਿਹੇ 'ਮਰਜੀਵੜਿਆਂ' ਦੀ ਗਿਣਤੀ ਇੱਕ ਲੱਖ ਦੀ ਸੰਖਿਆ ਨੂੰ ਪਾਰ ਕਰ ਗਈ (ਹਰਮਿੰਦਰ ਕੌਰ : ਬਲਿਊ ਸਟਾਰ ਓਵਰ ਅੰਮ੍ਰਿਤਸਰ, ਸਫ਼ਾ 121)।

**"4 ਅਪ੍ਰੈਲ ਨੂੰ ਪੰਜਾਬ ਅੰਦਰ ਅੱਧੀ ਦਰਜਨ ਤੋਂ ਵੱਧ ਥਾਵਾਂ ਤੇ ਪੁਲਸ ਤੇ ਸੀ.ਆਰ.ਪੀ. ਨੇ ਬਿਨਾ ਕਿਸੇ ਭੜਕਾਹਟ ਦੇ, ਘਿਨਾਉਣੇ, ਖ਼ੂਨੀ-ਕਾਂਡ ਰਚ ਮਾਰੇ...ਸਿੱਖ ਅੰਦੋਲਨਕਾਰੀਆਂ ਨੂੰ ਖੇਤਾਂ ਵਿੱਚ ਦੂਰ-ਦੂਰ ਤੱਕ ਪਿੱਛਾ ਕਰਕੇ ਦਿਨ ਦੇ ਚਿੱਟੇ ਚਾਨਣ ਵਿੱਚ ਗੋਲੀਆਂ ਨਾਲ ਭੁੰਨ ਦਿੱਤਾ ਗਿਆ।**...ਸਿੱਖ ਸੰਗਤਾਂ ਦੁਆਰਾ ਧਰਨੇ ਵਾਲੀ ਜਗ੍ਹਾ ਤੇ ਅਪੜਣ ਲਈ ਵਰਤੇ ਗਏ ਟਰੈਕਟਰਾਂ-ਟਰਾਲੀਆਂ ਨੂੰ ਅੱਗਾਂ ਲਗਾ ਕੇ ਲੂਹ ਦਿੱਤਾ ਗਿਆ। ....ਕਾਮਰੇਡ ਸੁਰਜੀਤ ਦਾ

ਕਹਿਣਾ ਸੀ ਕਿ, "ਪੁਲਸ ਦੇ ਅੱਤਿਆਚਾਰ ਦਿਲ ਦਹਿਲਾ ਦੇਣ ਵਾਲੇ ਸਨ"। ...ਪੁਰਅਮਨ ਨਾਲ ਰੋਸ ਪ੍ਰਗਟ ਕਰ ਰਹੇ ਵੀਹ ਤੋਂ ਵੱਧ ਨਿਹੱਥੇ ਸਿੱਖਾਂ ਨੂੰ ਬੇ-ਰਹਿਮੀ ਨਾਲ ਮੌਤ ਦੇ ਘਾਟ ਉਤਾਰ ਦਿੱਤਾ ਗਿਆ" (ਅਜਮੇਰ ਸਿੰਘ : ਉਪਰੋਕਤ, ਸਫ਼ਾ 379)।

**"ਪਟਿਆਲੇ ਵਿਖੇ 1983 ਦੀ ਰਾਮਨੌਮੀ ਵਾਲੇ ਦਿਨ ਹਿੰਦੂ ਸੁਰੱਕਸ਼ਾ ਸੰਮਤੀ ਦੁਆਰਾ ਕੱਢੇ ਗਏ ਜਲੂਸ ਵਿੱਚ ਸ਼ਾਮਿਲ ਖ਼ਰੂਦੀ ਤੱਤਾਂ ਨੇ ਸਿੱਖਾਂ ਦੀਆਂ ਦੁਕਾਨਾਂ ਨੂੰ ਅੱਗਾਂ ਲਗਾ ਦਿੱਤੀਆਂ ਅਤੇ ਦੋ ਰਾਹਗੀਰ ਸਿੱਖਾਂ ਨੂੰ ਜਾਨੋਂ ਮਾਰ ਸੁੱਟਿਆ।** ਮੋੜਵੇਂ ਰੂਪ ਵਿੱਚ, ਸਿੱਖਾਂ ਨੇ ਵੀ ਕੁਝ ਹਿੰਦੂ ਦੁਕਾਨਾਂ ਨੂੰ ਅੱਗ ਲਗਾ ਦਿੱਤੀ।" (ਗੁਰਮੀਤ ਸਿੰਘ : ਉਪਰੋਕਤ, ਸਫ਼ਾ 85)।

## ਇੰਦਰਾ-ਅਕਾਲੀ ਗਲਬਾਤ ਦਾ ਛਲਾਵਾ ਜਾਰੀ ਰਿਹਾ

"ਜਨਵਰੀ 1983 ਤੋਂ ਲੈ ਕੇ ਫ਼ਰਵਰੀ 1984 ਤੱਕ ਇੱਕੋ ਸਾਲ ਅੰਦਰ ਤਿੰਨ-ਧਿਰੀ ਗਲਬਾਤ ਦੇ ਦਸ ਦੌਰ ਚੱਲੇ। 16 ਨਵੰਬਰ 1982 ਤੋਂ ਲੈ ਕੇ 26 ਮਈ 1984 ਤੱਕ ਡੇਢ ਸਾਲ ਵਿੱਚ ਘੱਟੋ-ਘੱਟ 9 ਉੱਚ-ਪੱਧਰੀ ਗੁਪਤ ਮੀਟਿੰਗਾਂ ਹੋਈਆਂ ਜਿਨ੍ਹਾਂ ਵਿੱਚ ਵਾਰੋ ਵਾਰੀ ਸਾਰੇ ਚੋਟੀ ਦੇ ਅਕਾਲੀ ਆਗੂ ਸ਼ਾਮਿਲ ਹੁੰਦੇ ਰਹੇ [ਅਬੀਦਾ ਸਾਮੀ-ਉਦ-ਦੀਨ : ਦ ਪੰਜਾਬ ਕਰਾਈਸਸ-ਚੈਲਿੰਜ਼ਜ਼ ਐਂਡ ਰੈਸਪੋਂਸ, ਸਫ਼ੇ 693-94; ਗੁਰਮੀਤ ਸਿੰਘ : ਉਪਰੋਕਤ, ਸਫ਼ੇ 290-97" ਅਜਮੇਰ ਸਿੰਘ : ਉਪਰੋਕਤ, ਸਫ਼ਾ 383]। ਮੀਟਿੰਗਾਂ ਦਾ ਇਹ ਵੇਰਵਾ ਦਰਸਾਉਂਦਾ ਹੈ ਕਿ ਅਕਾਲੀ ਆਗੂਆਂ ਨੇ ਆਪਣੇ ਵੱਲੋਂ ਸਮਝੌਤੇ ਦੀ ਕੋਈ ਕਸਰ ਬਾਕੀ ਨਹੀਂ ਸੀ ਛੱਡੀ। ਚਸ਼ਮਦੀਦ ਗਵਾਹਾਂ ਤੇ ਜਾਣਕਾਰ ਹਲਕਿਆਂ ਨੇ, ਆਪਣੀਆਂ ਲਿਖਤਾਂ ਤੇ ਜ਼ੁਬਾਨੀ ਕਥਨਾਂ ਰਾਹੀਂ ਇਹ ਤੱਥ ਸਾਰੇ ਜੱਗ ਦੇ ਸਾਹਮਣੇ ਜ਼ਾਹਰ ਕਰ ਦਿੱਤਾ ਹੈ ਕਿ, **"ਬਹੁਤ ਵਾਰੀ ਜਦ ਅਕਾਲੀ ਆਗੂਆਂ ਤੇ ਕੇਂਦਰ ਸਰਕਾਰ ਦੇ ਅਧਿਕਾਰਤ ਨੁਮਾਇੰਦਿਆਂ ਵਿਚਕਾਰ ਸਮਝੌਤੇ ਦੀਆਂ ਸਾਰੀਆਂ ਮੱਦਾਂ ਉੱਤੇ ਸਹਿਮਤੀ ਹੋ ਜਾਂਦੀ ਰਹੀ ਤਾਂ ਐਨ ਆਖ਼ਰੀ ਮੌਕੇ ਇੰਦਰਾ ਗਾਂਧੀ ਵੱਲੋਂ ਇਸ ਨੂੰ ਆਪ-ਹੁਦਰੇ ਢੰਗ ਨਾਲ ਨਕਾਰ ਦਿੱਤਾ ਜਾਂਦਾ ਰਿਹਾ।"**

[ਇੰਦਰ ਕੁਮਾਰ ਗੁਜਰਾਲ, ਕੋਟਿਡ ਬਾਈ ਏ.ਜੀ. ਨੂਰਾਨੀ ਇਨ ਅਮਰੀਕ ਸਿੰਘ (Ed.), ਪੰਜਾਬ ਇਨ ਇੰਡੀਅਨ ਪਾਲਿਟਿਕਸ, ਸਫ਼ਾ 389; ਅਬੀਦਾ ਸਾਮੀ-ਉਦ-ਦੀਨ, ਉਪਰੋਕਤ, ਸਫ਼ਾ 344; ਹਰਕਿਸ਼ਨ ਸਿੰਘ ਸੁਰਜੀਤ, ਹਿੰਦੁਸਤਾਨ ਟਾਈਮਜ਼, ਅਕਤੂਬਰ 28, 1982; ਅਵਤਾਰ ਸਿੰਘ ਮਲਹੋਤਰਾ: ਦ ਪੰਜਾਬ ਕਰਾਈਸਿਸ ਐਂਡ ਦ ਵੇਅ ਆਊਟ, ਸਫ਼ਾ 18; ਸਤਪਾਲ ਡਾਂਗ : ਜੈਨੇਸਿਜ਼ ਆਫ਼ ਟੈਰੋਰਿਜ਼ਮ, ਸਫ਼ਾ 20, ਕੁਲਦੀਪ ਨਈਅਰ, ਸੰਡੇ 11-17 ਮਾਰਚ, 1984]।

**"ਇਸੇ ਦੌਰਾਨ, ਸਿੱਖਾਂ ਉੱਤੇ ਹਕੂਮਤੀ ਜ਼ਬਰ ਦੀਆਂ ਨਾ ਸਿਰਫ਼ ਘਟਨਾਵਾਂ ਵਧਦੀਆਂ ਗਈਆਂ ਸਗੋਂ ਇਸ ਵਿੱਚ ਦਿਨੋਂ-ਦਿਨ ਵਹਿਸ਼ੀਪੁਣੇ ਤੇ ਅਸ਼ਲੀਲਤਾ ਦੇ ਬਰਦਾਸ਼ਤ ਤੋਂ ਬਾਹਰ ਅੰਸ਼ ਸ਼ਾਮਿਲ ਹੁੰਦੇ ਗਏ। ਹਿੰਦੂ ਪੁਲਸ ਮੁਲਾਜ਼ਮਾਂ ਵੱਲੋਂ; ਫ਼ਿਰਕੂ ਤਸ਼ੱਦਦ ਅਧੀਨ, ਹਿਰਾਸਤ ਦੌਰਾਨ ਅੰਮ੍ਰਿਤਧਾਰੀ ਸਿੱਖਾਂ ਦੇ ਕੇਸ ਕਤਲ ਕਰ ਦੇਣ, ਉਨ੍ਹਾਂ ਦੇ ਮੂੰਹਾਂ ਵਿੱਚ ਤੰਬਾਕੂ**





**ਅਤੇ ਸਿਗਰਟਾਂ ਤੁੰਨ ਦੇਣ, ਉਨ੍ਹਾਂ ਦੇ ਮੂੰਹਾਂ ਅੰਦਰ ਮਨੁੱਖੀ ਗੰਦ ਧੱਕਣ ਦੀਆਂ ਅਸ਼ਿਸ਼ਟ ਹਰਕਤਾਂ ਕਰਨ, ਗਰਮ ਸਲਾਖਾਂ ਨਾਲ ਉਨ੍ਹਾਂ ਦੇ ਨਾਜ਼ਕ ਅੰਗਾਂ ਨੂੰ ਲੂਹ ਸੁੱਟਣ, ਜਿਸਮ ਉੱਤੇ ਚੀਰੇ ਦੇ ਕੇ ਜ਼ਖ਼ਮਾਂ ਅੰਦਰ ਲੂਣ ਤੇ ਮਿਰਚਾਂ ਆਦਿ ਭਰ ਦੇਣ ਅਤੇ ਜੰਮੂਰਾਂ ਨਾਲ ਨਹੁੰਆਂ ਨੂੰ ਮਾਸ ਨਾਲੋਂ ਖਿੱਚ ਕੇ ਵੱਖ ਕਰ ਦੇਣ ਵਰਗੀਆਂ ਦਿਲ-ਝੰਜੋੜੂ ਵਾਰਦਾਤਾਂ ਨੇ ਆਮ ਰੂਪ ਵਿੱਚ ਹੀ ਸਿੱਖ ਜੰਤਾ ਅੰਦਰ ਗੁੱਸੇ ਅਤੇ ਭੜਕਾਹਟ ਦਾ ਮਾਹੌਲ ਪੈਦਾ ਕਰ ਦਿੱਤਾ।** ਕੁਝ ਥਾਵਾਂ ਤੇ, ਖ਼ਾਸ ਕਰਕੇ ਹਰਿਆਣੇ ਅੰਦਰ,...ਸਿੱਖਾਂ ਦੇ ਧਾਰਮਿਕ ਅਸਥਾਨਾਂ, ਗ੍ਰੰਥਾਂ, ਚਿੰਨ੍ਹਾਂ ਤੇ ਵਿਸ਼ਵਾਸ਼ ਨੂੰ ਹਮਲੇ ਦਾ ਢੁਕਵਾਂ ਨਿਸ਼ਾਨਾ ਬਣਾਉਂਣ ਦੀਆਂ ਸਿਲਸਿਲੇਵਾਰ ਘਟਨਾਵਾਂ ਨੇ ਬਲਦੀ ਉਤੇ ਤੇਲ ਪਾਉਂਣ ਦਾ ਕਰਮ ਨਿਭਾਉਂਣਾ ਜਾਰੀ ਰੱਖਿਆ।....**ਸਿੱਖਾਂ ਵੱਲੋਂ ਹਿੰਦੂਆਂ ਦੇ ਧਾਰਮਿਕ ਅਸਥਾਨਾਂ, ਗ੍ਰੰਥਾਂ, ਚਿੰਨ੍ਹਾਂ ਤੇ ਵਿਸ਼ਵਾਸ਼ਾਂ ਦੀ ਬੇ-ਹੁਰਮਤੀ ਕਰਨ ਦੀ ਇੱਕ ਵੀ ਉਦਾਹਰਣ ਨਹੀਂ ਮਿਲਦੀ।...ਬੇਇਨਸਾਫ਼ੀ ਤੇ ਬਦ-ਦਿਆਨਤਦਾਰੀ ਦੀ ਹੱਦ ਇਹ ਕਿ ਫ਼ਿਰਕਾਪ੍ਰਸਤੀ ਦੇ ਇਲਜ਼ਾਮ ਉਲਟਾ ਸਿੱਖਾਂ ਉੱਤੇ ਮੜ੍ਹੇ ਜਾਣ ਲੱਗੇ।"** (ਅਜਮੇਰ ਸਿੰਘ ਉਪਰੋਕਤ, ਸਫ਼ੇ 389-90)।

"15 ਮਾਰਚ 1983 ਨੂੰ ਰਾਤ ਦੇ ਤੀਜੇ ਪਹਿਰ ਅੰਮ੍ਰਿਤਸਰ ਸ਼ਹਿਰ ਤੋਂ ਬਾਹਰ-ਵਾਰ ਮਾਨਾਂਵਾਲਾ ਪਿੰਡ ਦੇ ਨਜ਼ਦੀਕ ਦਮਦਮੀ ਟਕਸਾਲ ਦੀ ਇੱਕ ਜੀਪ ਉੱਤੇ ਅਚਾਨਕ ਘਾਤ ਲਾ ਕੇ ਹਮਲਾ ਕੀਤਾ ਗਿਆ ਜਿਸ ਨਾਲ ਜੀਪ 'ਚ ਸਵਾਰ ਇੱਕ ਸਿੰਘ ਦੀ ਥਾਏਂ ਮੌਤ ਹੋ ਗਈ ਜਦ ਕਿ ਜੀਪ ਚਲਾ ਰਿਹਾ ਦੂਸਰਾ ਸਿੰਘ ਬੁਰੀ ਤਰ੍ਹਾਂ ਘਾਇਲ ਹੋ ਗਿਆ (ਮਾਰਕ ਟੱਲੀ ਤੇ ਸਤੀਸ਼ ਜੈਕਬ ਅੰਮ੍ਰਿਤਸਰ : ਉਪਰੋਕਤ, ਸਫ਼ਾ 89)। ਬਾਅਦ 'ਚ ਪਤਾ ਚੱਲਿਆ ਕਿ ਪੁਲਸ ਨੂੰ ਉਸ ਦੇ ਕਿਸੇ ਸੂਹੀਏ ਨੇ ਇਹ ਗੁਪਤ ਸੂਚਨਾ ਦਿੱਤੀ ਸੀ ਕਿ ਰਾਤ ਨੂੰ ਸੰਤ ਭਿੰਡਰਾਂ ਵਾਲੇ ਜੀਪ 'ਚ ਸਵਾਰ ਹੋ ਕੇ ਆਪਣੇ ਮਹਿਤੇ ਚੌਂਕ ਵਾਲੇ ਮੁੱਖ ਟਿਕਾਣੇ ਉੱਤੇ ਗੇੜਾ ਮਾਰਨ ਜਾ ਰਹੇ ਹਨ। **ਪੁਲਸ ਨੇ ਜਿਸ ਢੰਗ ਨਾਲ ਇਸ ਜੀਪ ਉੱਤੇ ਘਾਤ ਲਗਾ ਕੇ ਹਮਲਾ ਕੀਤਾ, ਉਸ ਤੋਂ ਪਤਾ ਚਲਦਾ ਸੀ ਕਿ ਇਰਾਦਾ ਸੰਤ ਭਿੰਡਰਾਂਵਾਲੇ ਨੂੰ ਜਾਨੋਂ ਮਾਰ ਦੇਣ ਦਾ ਸੀ...ਇਹ ਫ਼ੈਸਲਾ, ਬਿਨਾ ਸ਼ੱਕ, ਉਤਲੇ ਪੱਧਰ ਤੇ ਹੋਇਆ ਹੋਵੇਗਾ ਅਤੇ ਬਾਕਾਇਦਾ ਸੋਚ ਵਿਚਾਰ ਕੇ ਹੋਇਆ ਹੋਵੇਗਾ।** 17 ਅਪ੍ਰੈਲ 1984 ਨੂੰ ਭਾਈ ਜਰਨੈਲ ਸਿੰਘ ਦੇ ਇਕ ਅਤੀ ਨਜ਼ਦੀਕੀ ਤੇ ਭਰੋਸੇਮੰਦ ਸਾਥੀ ਭਾਈ ਸੁਰਿੰਦਰ ਸਿੰਘ ਸੋਢੀ ਨੂੰ, ਇੱਕ ਗਹਿਰੀ ਸਾਜਿਸ਼ ਦੇ ਅਧੀਨ, ਦਰਬਾਰ ਸਾਹਿਬ ਸਮੂਹ ਦੇ ਨਾਲ ਲਗਵੇਂ ਇੱਕ ਹੋਟਲ ਵਿੱਚ ਧੋਖੇ ਨਾਲ ਗੋਲੀਆਂ ਮਾਰ ਕੇ ਹਲਾਕ ਕਰ ਦਿੱਤਾ ਗਿਆ।" (ਅਜਮੇਰ ਸਿੰਘ : ਉਪਰੋਕਤ, ਸਫ਼ੇ 392-98)।

**"ਅਪ੍ਰੈਲ ਦੇ ਆਖ਼ਰੀ ਹਫ਼ਤੇ ਕੇਂਦਰੀ ਨੀਮ ਫ਼ੌਜੀ ਬਲਾਂ ਨੇ 'ਛੁਪੇ ਹੋਏ ਖਾੜਕੂਆਂ ਨੂੰ ਫੜਨ' ਦੇ ਬਹਾਨੇ ਮੋਗਾ ਸ਼ਹਿਰ ਦੇ ਅੰਦਰ ਤਿੰਨ ਗੁਰਦੁਆਰਿਆਂ ਨੂੰ ਕਸਵਾਂ ਘੇਰਾ ਪਾ ਕੇ ਆਮ ਸ਼ਰਧਾਲੂਆਂ ਤੋਂ ਲੈ ਕੇ ਪਾਠੀਆਂ ਤੱਕ, ਹਰ ਕਿਸੇ ਦਾ ਆਉਂਣਾ ਜਾਣਾ ਮੁਕੰਮਲ ਤੌਰ ਤੇ ਬੰਦ ਕਰ ਦਿੱਤਾ ਸੀ।** ਹਫ਼ਤੇ ਭਰ ਤੋਂ ਵੀ ਵੱਧ ਚਲੀ ਇਸ ਘੇਰਾਬੰਦੀ ਦੌਰਾਨ ਰੋਹ ਵਿੱਚ ਆਏ ਸਿੱਖ ਸ਼ਰਧਾਲੂਆਂ ਉੱਤੇ **ਪੁਲਸ ਨੇ ਅੰਨ੍ਹੇਵਾਹ ਗੋਲੀਆਂ ਦੀਆਂ ਬੁਛਾੜਾਂ ਕਰਕੇ ਅੱਧੀ ਦਰਜਨ ਦੇ ਕਰੀਬ ਸਿੱਖਾਂ ਨੂੰ ਕਤਲ ਕਰ ਦਿੱਤਾ ਸੀ।.....**

ਉਧਰ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਕਾਰਕੁੰਨਾਂ ਨੇ 15-16 ਅਪ੍ਰੈਲ ਦੀ ਵਿਚਕਾਰਲੀ ਰਾਤ ਨੂੰ ਇੱਕੋ ਹੱਲੇ ਵਿੱਚ ਪੰਜਾਬ ਅੰਦਰ ਤਿੰਨ ਦਰਜਨ ਤੋਂ ਵੱਧ ਰੇਲਵੇ ਸਟੇਸ਼ਨਾਂ ਨੂੰ ਅੱਗ ਲਾ ਦਿੱਤੀ ਸੀ।....ਮਾਰਚ ਮਹੀਨੇ ਤੋਂ ਹੀ ਜਦ ਤੋਂ ਭਾਈ ਜਰਨੈਲ ਸਿੰਘ ਨੂੰ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦਾ ਅੰਦੇਸ਼ਾ ਹੋਣ ਲੱਗਾ ਸੀ, ਸਿੱਖ ਜੁਝਾਰੂਆਂ ਨੇ ਭਾਰਤੀ ਫ਼ੌਜ ਦੇ ਸਾਬਕਾ ਮੇਜਰ ਜਨਰਲ ਸੁਬੇਗ ਸਿੰਘ ਦੀ ਪ੍ਰਤਿਭਾਸ਼ੀਲ ਅਗਵਾਈ ਤੇ ਦੇਖ-ਰੇਖ ਹੇਠ ਦਰਬਾਰ ਸਾਹਿਬ ਦੇ ਸਮੁੱਚੇ ਖੇਤਰ ਦੀ ਤੇਜ਼ੀ ਨਾਲ ਮੋਰਚਾਬੰਦੀ ਕਰਨੀ ਸ਼ੁਰੂ ਕਰ ਦਿੱਤੀ ਹੋਈ ਸੀ। ....28 ਅਪ੍ਰੈਲ ਨੂੰ ਲੌਂਗੋਵਾਲ ਦੇ ਕੈਂਪ ਵਿੱਚੋਂ ਵੱਡੀ ਗਿਣਤੀ ਵਿੱਚ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ ਤੇ ਅਕਾਲੀ ਕਾਰਕੁਨਾਂ ਨੇ ਖੁੱਲ੍ਹੇ ਰੂਪ ਵਿੱਚ ਆਪਣੀਆਂ ਸੇਵਾਵਾਂ ਸੰਤ ਭਿੰਡਰਾਂ ਵਾਲੇ ਨੂੰ ਅਰਪਤ ਕਰ ਦਿੱਤੀਆਂ ਸਨ (ਇੰਡੀਆ ਟੂਡੇ, ਮਈ 15, 1984)। 12 ਮਈ ਨੂੰ ਜਲੰਧਰ ਵਿਖੇ ਸਿੱਖ ਜੁਝਾਰੂਆਂ ਨੇ ਮਰਹੂਮ ਲਾਲਾ ਜਗਤ ਨਰਾਇਣ ਦੇ ਸਭ ਤੋਂ ਵੱਡੇ ਪੁੱਤਰ ਅਤੇ ਵਾਰਸ ਰਮੇਸ਼ ਚੰਦਰ ਨੂੰ ਚਿੱਟੇ ਦਿਨ ਗੋਲੀਆਂ ਨਾਲ ਭੁੰਨ ਦਿੱਤਾ ਸੀ ਜਿਸ ਦੇ ਪ੍ਰਤੀਕਰਮ ਵਿੱਚ ਹਿੰਦੂ ਹਜੂਮਾਂ ਨੇ ਸ਼ਹਿਰ ਅੰਦਰ ਸਿੱਖ ਵਰਗ ਨੂੰ ਆਪਣਾ ਚੁਣਵਾਂ ਨਿਸ਼ਾਨਾ ਬਣਾਉਂਦੇ ਹੋਏ ਵੱਡੀ ਪੱਧਰ ’ਤੇ ਭੰਨ-ਤੋੜ ਤੇ ਸਾੜ-ਫੂਕ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਸੀ।....

26 ਮਈ ਨੂੰ ਜਦ ਦਿੱਲੀ ਆਈ.ਬੀ. (ਖ਼ੁਫੀਆ ਮਹਿਕਮਾ) ਦੇ ਗੈਸਟ ਹਾਊਸ ਅੰਦਰ ਅਕਾਲੀ ਆਗੂਆਂ ਦੀ ਤਿੱਕੜੀ (ਟੌਹੜਾ, ਬਾਦਲ ਤੇ ਬਰਨਾਲਾ) ਇੰਦਰਾ ਗਾਂਧੀ ਦੁਆਰਾ ਨਾਮਜ਼ਦ ਕੀਤੇ ਗਏ ਕੇਂਦਰ ਸਰਕਾਰ ਦੇ ਸੀਨੀਅਰ ਵਜ਼ੀਰਾਂ ਦੀ ਤਿੱਕੜੀ (ਪੀ.ਪੀ. ਨਰਸਿੰਮ੍ਹਾ ਰਾਓ, ਸ਼ਿਵ ਸ਼ੰਕਰ ਤੇ ਪ੍ਰਣਬ ਮੁਖਰਜੀ) ਨਾਲ ਆਪਣੀ ਵੱਲੋਂ ਵਧਵੀਂ ਹੱਦ ਤੱਕ ਲਿਫ਼ ਕੇ ਕੀਤੇ ਗਏ ਸਮਝੌਤੇ ਦੀਆਂ ਮੱਦਾਂ ਨੂੰ ਆਖ਼ਰੀ ਛੋਹਾਂ ਦੇ ਰਹੀ ਸੀ ਤਾਂ ਐਨ ਉਸੇ ਵੇਲੇ ਇੰਦਰਾ ਗਾਂਧੀ ਆਪਣੇ ਦਫ਼ਤਰ ਵਿੱਚ ਆਪਣੇ ਅਤੀ ਨਜ਼ਦੀਕੀ ਅਤੇ ਵਿਸ਼ਵਾਸ਼ਪਾਤਰ ਸਲਾਹਕਾਰਾਂ ਨਾਲ ਦਰਬਾਰ ਸਾਹਿਬ ਉੱਤੇ ਫ਼ੌਜੀ ਧਾਵਾ ਬੋਲਣ ਦੀਆਂ ਤਿਆਰੀਆਂ ਨੂੰ ਅੰਤਮ-ਛੋਹਾਂ ਦੇਣ ਵਿੱਚ ਲੱਗੀ ਹੋਈ ਸੀ।...ਸਰਕਾਰੀ ਵਜ਼ੀਰ, ਭੋਲੇ-ਭਾਅ ਹੀ, ਅਕਾਲੀ ਆਗੂਆਂ ਕੋਲੋਂ ਥੋੜ੍ਹੇ ਚਿਰ ਲਈ ਛੁੱਟੀ ਲੈ ਕੇ ਸਮਝੌਤੇ ਦੀਆਂ ਤੈਅ ਹੋਈਆਂ ਮੱਦਾਂ ਬਾਰੇ ਇੰਦਰਾ ਗਾਂਧੀ ਦੀ ਆਖ਼ਰੀ ਪ੍ਰਵਾਨਗੀ ਲੈਣ ਚਲੇ ਗਏ। ਉਨ੍ਹਾਂ ਨੂੰ ਉਮੀਦ ਨਾਲੋਂ ਕਿੱਤੇ ਘੱਟ ਸਮੇਂ ਦੇ ਅੰਦਰ ਹੀ ਮੁੜ ਆਏ ਦੇਖ ਕੇ ਇੱਕ ਵਾਰ ਤਾਂ ਅਕਾਲੀ ਆਗੂਆਂ ਦੀਆਂ ਅੱਖਾਂ ਅੰਦਰ ਸੁਖਾਵੀਂ ਆਸ ਦੀ ਚਮਕ ਪੈਦਾ ਹੋ ਉੱਠੀ ਸੀ। ....**ਜਦ ਵਜ਼ੀਰ ਤਿੱਕੜੀ ਦੇ ਇੱਕ ਮੈਂਬਰ ਨੇ ਮੁਰਦਾ ਆਵਾਜ਼ ਵਿੱਚ ਇਹ ਲਫ਼ਜ਼ ਕਹੇ ਕਿ, “ਮਾਫ਼ ਕਰਨਾ, ਮੈਡਮ ਮੰਨੀ ਨਹੀਂ” ਤਾਂ ਅਕਾਲੀ ਆਗੂਆਂ ਦੀ ਖਾਨਿਓਂ ਜਾਂਦੀ ਰਹੀ।**... 30 ਮਈ ਨੂੰ ਜਥੇਦਾਰ ਟੌਹੜਾ ਨੇ ਪੰਜਾਬ ਦੇ ਗਵਰਨਰ ਬੀ.ਡੀ. ਪਾਂਡੇ ਦਾ ਜਾ ਕੁੰਡਾ ਖੜਕਾਇਆ। ਗਵਰਨਰ ਨੂੰ ਵੀ ਸ਼ਾਇਦ ਇੰਦਰਾ ਗਾਂਧੀ ਦੇ ਨਾਪਾਕ ਇਰਾਦਿਆਂ ਦਾ ਪੂਰਾ ਗਿਆਨ ਨਹੀਂ ਸੀ ਅਤੇ ਉਹ ਅਜੇ ਵੀ ਸਮੱਸਿਆ ਦੇ ‘ਰਾਜਸੀ ਹੱਲ’ ਦੀਆਂ ਉਮੀਦਾਂ ਰੱਖ ਕੇ ਚੱਲ ਰਿਹਾ ਸੀ। ......ਅਗਲੇ ਦਿਨ ਸਵੇਰੇ ਹੀ ਜਥੇਦਾਰ ਟੌਹੜਾ ਸਿੱਧੇ ਸੰਤ ਜਰਨੈਲ ਸਿੰਘ ਕੋਲ ਪਹੁੰਚ ਗਏ ਅਤੇ ਹਾਲਾਤ ਨੂੰ





‘ਸੁਖਾਵਾਂ ਮੋੜ ਦੇਣ ਲਈ’ ਗਵਰਨਰ ਨਾਲ ਹੋਈ ਆਪਣੀ ਗੱਲਬਾਤ ਦਾ ਖ਼ੁਲਾਸਾ ਸੁਣਾਉਂਣ ਲੱਗ ਪਏ। ਸੰਤ ਜਰਨੈਲ ਸਿੰਘ ਨੇ ਆਪਣੀ ਆਦਤ ਮੁਤਾਬਿਕ ਠਰ੍ਹੰਮੇ ਤੇ ਪਿਆਰ ਨਾਲ ਜਥੇਦਾਰ ਨੂੰ ਹਾਲਤ ਦੀ ‘ਏਨੀ ਜਿਆਦਾ ਚਿੰਤਾ ਨਾ ਕਰਨ’ ਦੀ ਸਲਾਹ ਦਿੱਤੀ ਅਤੇ ਇੱਕ ਵਾਰ ਫਿਰ ਆਪਣਾ ਦਰਬਾਰ ਸਾਹਿਬ ਦੀ ਅਜ਼ਮਤ ਦੀ ਰਾਖੀ ਲਈ ਕੱਟ ਮਰਨ ਦਾ ਦ੍ਰਿੜ ਨਿਸਚਾ ਦੁਹਰਾਇਆ। ...... **ਦੋ ਗੱਲਾਂ ਬਾਰੇ ਉੱਕਾ ਹੀ ਕੋਈ ਭੁਲੇਖਾ ਨਹੀਂ ਸੀ ਰਹਿ ਗਿਆ। ਇੱਕ, ਇਹ ਕਿ ਇੰਦਰਾ ਗਾਂਧੀ ਦੀ, ਸਮੱਸਿਆ ਦਾ ਰਾਜਨੀਤਕ ਜਾਂ ਸ਼ਾਂਤੀਪੂਰਵਕ ਹੱਲ ਤਲਾਸ਼ਣ ਵਿੱਚ ਉੱਕਾ ਹੀ ਕੋਈ ਰੁਚੀ ਨਹੀਂ ਸੀ। ਅਕਾਲੀ ਆਗੂਆਂ ਨਾਲ ਵਾਰਤਾਲਾਪ ਦਾ ਢਕੌਂਜ ਤੇ ਪੰਜਾਬ ਮਸਲੇ ਦਾ ਰਾਜਸੀ ਹੱਲ ਢੂੰਡਣ ਦੀਆਂ ਗੱਲਾਂ ਦੇਸ਼ ਦੀ ਜਨਤਾ ਨੂੰ ਜਾਂ ਜਨਤਾ ਨਾਲੋਂ ਵੱਧ ਦੇਸ਼ ਦੇ ਰਾਜਸੀ ਕੁਨਬੇ ਨੂੰ ਮੂਰਖ ਬਣਾਉਂਣ ਦੀ ਧੋਖੇ ਭਰੀ ਰਾਜਸੀ ਚਾਲ ਤੋਂ ਵੱਧ ਹੋਰ ਕੁੱਝ ਨਹੀਂ ਸੀ। ਦੂਜਾ, ਜੋ ਲੋਕ ਸੰਤ ਜਰਨੈਲ ਸਿੰਘ ਦੇ ਕਿਰਦਾਰ ਨੂੰ ਤੁਅੱਸਬਾਂ ਤੋਂ ਮੁਕਤ ਹੋ ਕੇ ਪੜ੍ਹਨ ਤੇ ਸਮਝਣ ਦੀ ਰੁਚੀ ਰਖਦੇ ਸਨ, ਉਨ੍ਹਾਂ ਲਈ ਇਸ ਨਿਰਣੇ ’ਤੇ ਅਪੜਨ ਵਿੱਚ ਰਤਾ ਵੀ ਮੁਸ਼ਕਲ ਨਹੀਂ ਸੀ ਕਿ ਸੰਤ ਭਿੰਡਰਾਂਵਾਲਾ ਯਕੀਨਨ ਹੀ ਇੱਕ ਵਿਸ਼ੇਸ਼ ਧਾਤ ਦਾ ਬਣਿਆ ਹੋਇਆ ਵਿਅਕਤੀ ਸੀ ਜਿਸ ਕੋਲੋਂ ਕਿਸੇ ਡਰ ਜਾਂ ਯਰਕਾਵੇ ਅਤੇ ਲਾਲਚ ਜਾਂ ਬਹਿਕਾਵੇ ਵਿੱਚ ਆ ਕੇ, ਐਲਾਨੇ ਨਿਸ਼ਾਨੇ ਤੋਂ ਪਿੱਛੇ ਹੱਟ ਜਾਣ ਦੀ ਉੱਕਾ ਹੀ ਕੋਈ ਸੰਭਾਵਨਾ ਨਹੀਂ ਸੀ। ਇਸ ਤਰ੍ਹਾਂ ਇੰਦਰਾ ਗਾਂਧੀ ਤੇ ਜਰਨੈਲ ਸਿੰਘ, ‘ਬੁਰਾਈ’ ਤੇ ‘ਸਚਾਈ’ ਦੇ ਪ੍ਰਤੀਕਾਂ ਵਜੋਂ ਇੱਕ ਦੂਜੇ ਵਿਰੁੱਧ ਤਣਕੇ ਖਲੋ ਗਏ ਸਨ ਅਤੇ ਦੋਨਾਂ ’ਚੋਂ ਕਿਸੇ ਵੱਲੋਂ ਵੀ ਆਪਣੀ ਫ਼ਿਤਰਤ ਤੇ ਪੈਂਤੜੇ ਦਾ ਤਿਆਗ ਕਰ ਦੇਣ ਦੀਆਂ ਗੁੰਜਾਇਸ਼ਾਂ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਈਆਂ ਸਨ। ਜਦ ਹਾਲਤ ਇਹ ਬਣ ਜਾਵੇ ਤਾਂ ਇਤਿਹਾਸ ਅੰਦਰ ਇਨ੍ਹਾਂ ਉਲਟ-ਪੱਖੀ ਤਾਕਤਾਂ ਦੀ ਫ਼ੈਸਲਾਕੁੰਨ ਟੱਕਰ ਅਟੱਲ ਬਣ ਕੇ ਰਹਿ ਜਾਂਦੀ ਹੈ। ਮਨੁੱਖੀ ਇਤਿਹਾਸ ਅੰਦਰ ਤਵਾਰੀਖ਼ ਦੀ ਰਚਨਾ ਇਸ ਤਰ੍ਹਾਂ ਹੀ ਹੁੰਦੀ ਆਈ ਹੈ।” (ਅਜਮੇਰ ਸਿੰਘ : ਉਪਰੋਕਤ ਸਫ਼ੇ 416-19) ।**

# ੧੨.

# ਬਿਪਰਵਾਦੀ ਭਾਰਤੀ ਹਕੂਮਤ ਵੱਲੋਂ ਸਿੱਖ ਕੌਮ ਦਾ ਮਲੀਆਮੇਟ ਕਰਨ ਦਾ ਪਲਾਨ : ਦਰਬਾਰ ਸਾਹਿਬ ’ਤੇ ਭਾਰਤੀ ਫ਼ੌਜ ਦਾ ਹਮਲਾ (4-6 ਜੂਨ 1984)

## ਹਮਲੇ ਦੀ ਰੀਹਰਸਲ

**“ਇੰਦਰਾ ਗਾਂਧੀ ਨੇ ਕਾਫ਼ੀ ਅਰਸਾ ਪਹਿਲਾਂ ਹੀ ਦਰਬਾਰ ਸਾਹਿਬ ਅੰਮ੍ਰਿਤਸਰ ’ਤੇ ਇੱਕ ਵੱਡਾ ਫ਼ੌਜੀ ਹਮਲਾ ਕਰਕੇ ਸਿੱਖ ਕੌਮ ਨੂੰ ਸਬਕ ਸਿਖਾਉਂਣ ਦਾ ਮਨ ਬਣਾ ਲਿਆ ਸੀ। ਇਸ ਮਕਸਦ ਲਈ ਉਸਨੇ ਭਾਰਤੀ ਫ਼ੌਜ ਦੇ ਤਤਕਾਲੀ ਮੁਖੀ ਜਨਰਲ ਏ.ਐਸ. ਵੈਦਯ ਨੂੰ 15 ਜਨਵਰੀ 1984 ਨੂੰ ‘ਸੈਨਾ ਦਿਵਸ’ ਦੇ ਮੌਕੇ ਆਪਣੇ ਇਸ ਫ਼ੈਸਲੇ ਦੀ ਸੂਹ ਦੇ ਦਿੱਤੀ ਸੀ।(ਇੰਦਰ ਮਲਹੋਤਰਾ : ਇੰਦਰਾ ਗਾਂਧੀ-ਏ ਪਰਸਨਲ ਐਂਡ ਪੋਲੀਟੀਕਲ ਬਾਇਓਗਰਾਫ਼ੀ, ਸਫ਼ਾ 344)। ਇਸ ਵਾਸਤੇ, ਫ਼ੌਜ ਦੇ ਸਪੈਸ਼ਲ ਕਮਾਂਡੋ ਦਸਤਿਆਂ ਨੂੰ ਦਰਬਾਰ ਸਾਹਿਬ ਦਾ ਮਾਡਲ ਬਣਾ ਕੇ, ਚਕਰਾਤਾ (ਨੇੜੇ ਦੇਹਰਾਦੂਨ) ਅਤੇ ਸਰਸਾਵਾ (ਸਹਾਰਨਪੁਰ) ਵਿਖੇ, ਬਾਕਾਇਦਾ ਸਿਖਲਾਈ ਦੇਣੀ ਅਰੰਭ ਕਰ ਦਿੱਤੀ ਗਈ ਸੀ। ਇਸ ਹਮਲੇ ਨੂੰ ਜਾਇਜ਼ ਸਾਬਤ ਕਰਨ ਲਈ 1982 ਤੋਂ ਹੀ ਇੰਦਰਾ ਗਾਂਧੀ ਨੇ ਆਪਣੀ ਹਕੂਮਤੀ ਤਾਕਤ ਦੀ ਦੁਰਵਰਤੋਂ ਕਰਕੇ ਸਿੱਖ ਕੌਮ ਨੂੰ ਦੁਨੀਆਂ ਦੇ ਸਾਹਮਣੇ ਇੱਕ ਅਤਿਵਾਦੀ ਕੌਮ ਦੇ ਰੂਪ ਵਿੱਚ ਪੇਸ਼ ਕਰਨ ਲਈ ਅੱਡੀ-ਚੋਟੀ ਦਾ ਜ਼ੋਰ ਲਗਾਇਆ ਹੋਇਆ ਸੀ। ਭਾਰਤ ਦਾ ‘ਬ੍ਰਾਹਮਣ-ਬਾਣੀਆਵਾਦੀ ਮੀਡੀਆ’ ਵੀ ਇਸ ਕਾਰਜ ਵਿੱਚ ਉਸਦਾ ਪੂਰਾ ਸਹਿਜੋਗ ਦਿੰਦਾ ਆ ਰਿਹਾ ਸੀ।**

## ਬ੍ਰਾਹਮਣੀ ਚਾਣਕੀਆ ਨੀਤੀ ਦੀ ਵਰਤੋਂ

ਮਈ ਦੇ ਮਹੀਨੇ ਵਿੱਚ ਹੀ ਭਾਰਤੀ ਫ਼ੌਜ ਦੇ ਚੋਣਵੇਂ ਦਸਤੇ ਅੰਮ੍ਰਿਤਸਰ ਪਹੁੰਚਣੇ ਸ਼ੁਰੂ ਹੋ ਗਏ ਸਨ। ਪ੍ਰਭਾਵ ਇਹ ਦਿੱਤਾ ਜਾ ਰਿਹਾ ਸੀ ਕਿ ਪਾਕਿਸਤਾਨ ਨਾਲ ਲਗਦੀ ਸਰਹੱਦ ਦੀ ਹਿਫ਼ਾਜ਼ਤ ਲਈ ਅਜਿਹਾ ਕੀਤਾ ਜਾ ਰਿਹਾ ਸੀ। ਸਮੁੰਦਰੀ ਫ਼ੌਜ ਦੇ ਗੋਤਾਖ਼ੋਰ ਅਤੇ ਹਵਾਈ ਸੈਨਾ ਦੇ ਹੈਲੀਕਾਪਟਰ ਵੀ ਅੰਮ੍ਰਿਤਸਰ ਪਹੁੰਚ ਗਏ ਸਨ। ਹਮਲੇ ਦੀ ਸਮੁੱਚੀ ਜਿਮੇਂਵਾਰੀ ਪੱਛਮੀ ਕਮਾਨ ਦੇ ਆਰਮੀ ਕਮਾਂਡਰ ਲੈਫ਼-ਜਨਰਲ ਕੇ. ਸੁੰਦਰਜੀ ਨੂੰ ਸੌਂਪੀ ਗਈ





ਸੀ। ਪੱਛਮੀ ਕਮਾਨ ਦੇ ਚੀਫ਼ ਆਫ਼ ਸਟਾਫ਼ ਲੈਫ. ਜਨਰਲ ਰਣਜੀਤ ਸਿੰਘ ਦਿਆਲ ਨੂੰ ਸਾਰੀ ਫ਼ੌਜੀ ਕਾਰਵਾਈ ਦਾ ਮੁੱਖ-ਸੰਚਾਲਕ ਬਣਾਇਆ ਗਿਆ ਸੀ। ਦਰਬਾਰ ਸਾਹਿਬ ਕੰਪਲੈਕਸ ’ਤੇ ਫ਼ੌਜੀ ਹਮਲਾ ਕਰਕੇ ਕਬਜ਼ਾ ਕਰਨ ਦੀ ਮੁਹਿੰਮ ਦੀ ਅਗਵਾਈ ਮੇਜਰ ਜਨਰਲ ਕੁਲਦੀਪ ਸਿੰਘ ਬਰਾੜ ਨਾਂ ਦੇ ਇੱਕ ਮੋਨੇ ਸਿੱਖ ਨੂੰ ਸੌਂਪੀ ਗਈ ਸੀ। **ਇਥੇ ਇਹ ਨੁਕਤਾ ਵਿਸ਼ੇਸ਼ ਤੌਰ ਤੇ ਨੋਟ ਕਰਨ ਵਾਲਾ ਹੈ ਕਿ ਇਸ ਸਮੁੱਚੀ ‘ਪਾਪ ਦੀ ਜੰਞ’ ਵਿੱਚ ਅਹਿਮ ਜਿਮੇਂਵਾਰੀਆਂ ਸਿੱਖ ਨਾਵਾਂ ਤੇ ਸਿੱਖੀ ਸਰੂਪ ਵਾਲੇ ਜਰਨੈਲਾਂ ਨੂੰ ਦਿੱਤੀਆਂ ਗਈਆਂ ਸਨ ਕਿਉਂਕਿ ਬਿਪਰਵਾਦੀ ਹਾਕਮਾਂ ਦੀ ‘ਚਾਣਕੀਆ ਨੀਤੀ’ ਇਹੋ ਕਹਿੰਦੀ ਹੈ ਕਿ ‘ਵਿਰੋਧੀ ਧਿਰ’ ਦੀ ਤਬਾਹੀ ਵਿਰੋਧੀ ਧਿਰ ਚੋਂ ‘ਹੱਥ-ਠੋਕੇ’ ਚੁਣਕੇ ਹੀ ਕਰਵਾਈ ਜਾਵੇ ਤਾਂ ਕਿ ਵਿਰੋਧੀ ਧਿਰ ਨੂੰ ਦੁਨੀਆਂ ਦੀਆਂ ਨਜ਼ਰਾਂ ਵਿੱਚ ਬਦਨਾਮ ਵੀ ਕੀਤਾ ਜਾ ਸਕੇ।**

ਅਚਾਨਕ ਹੀ, 2 ਜੂਨ ਦੀ ਸ਼ਾਮ ਨੂੰ ਇੰਦਰਾ ਗਾਂਧੀ ਨੇ ਆਲ ਇੰਡੀਆ ਰੇਡੀਓ ਤੋਂ ਦੇਸ਼ ਵਾਸੀਆਂ ਨੂੰ ਸੰਬੋਧਨ ਕਰਕੇ ਇਸ ਸਾਰੇ ਮਾਮਲੇ ਦਾ ਦੋਸ਼ ਅਕਾਲੀ ਆਗੂਆਂ ਦੇ ਸਿਰ ਮੜ੍ਹ ਦਿੱਤਾ ਅਤੇ ਆਪਣੇ ਆਪ ਨੂੰ ‘ਦੁੱਧ-ਧੋਤੀ’ ਸਾਬਤ ਕਰਨ ਦਾ ਯਤਨ ਕੀਤਾ। ਸਿੱਖ ਕੌਮ ਦੇ ਖ਼ੂਨ ਦੀ ਪਿਆਸੀ ਇਸ ਮੱਕਾਰ ਇਸਤਰੀ ਨੇ ਆਪਣੇ ਭਾਸ਼ਣ ਦਾ ਤੋੜਾ ਇਨ੍ਹਾਂ ਸ਼ਬਦਾਂ ਨਾਲ ਝਾੜਿਆ : “ਇਸ ਅੰਤਮ ਘੜੀ ਉੱਤੇ ਵੀ ਮੈਂ ਅਕਾਲੀਆਂ ਨੂੰ ਬੇਨਤੀ ਕਰਦੀ ਹਾਂ ਕਿ ਉਹ ਆਪਣਾ ਅੰਦੋਲਨ ਠੱਪ ਕਰ ਦੇਣ ਅਤੇ ਸਾਡੇ ਦੁਆਰਾ ਸੁਝਾਏ ਗਏ ਸ਼ਾਂਤਮਈ ਸਮਝੌਤੇ ਦੇ ਚੌਖਟੇ ਨੂੰ ਪ੍ਰਵਾਨ ਕਰ ਲੈਣ...ਖ਼ੂਨ ਮੱਤ ਡੋਹਲੋ, ਨਫ਼ਰਤ ਤਿਆਗੋ।” ਜਿਸ ਵਕਤ ਇੰਦਰਾ ਗਾਂਧੀ ਇਹ ਭਾਸ਼ਣ ਦੇ ਰਹੀ ਸੀ, ਪੰਜਾਬ ਨੂੰ ‘ਗੜਬੜ ਵਾਲਾ ਇਲਾਕਾ’ ਕਰਾਰ ਦਿੱਤਾ ਜਾ ਚੁੱਕਾ ਸੀ। ਰੇਲ ਅਤੇ ਸੜਕੀ ਆਵਾਜਾਈ ਮੁਕੰਮਲ ਤੌਰ ਤੇ ਬੰਦ ਕਰ ਦਿੱਤੀ ਗਈ ਸੀ, ਡਾਕ-ਤਾਰ ਤੇ ਦੂਰ-ਸੰਚਾਰ ਸੇਵਾਵਾਂ ਪੂਰਨ ਰੂਪ ਵਿੱਚ ਫ਼ੌਜ ਦੇ ਹਵਾਲੇ ਕੀਤੀਆਂ ਜਾ ਰਹੀਆਂ ਸਨ, ਪੰਜਾਬ ਨੂੰ ਬਾਕੀ ਦੁਨੀਆਂ ਨਾਲੋਂ ਅਤੇ ਦਰਬਾਰ ਸਾਹਿਬ ਕੰਪਲੈਕਸ ਨੂੰ ਅੰਮ੍ਰਿਤਸਰ ਸ਼ਹਿਰ ਨਾਲੋਂ ਪੂਰੀ ਤਰ੍ਹਾਂ ਨਿਖੇੜਨ ਦੀਆਂ ਕਾਰਵਾਈਆਂ ਅਮਲ ਵਿਚ ਲਿਆਂਦੀਆਂ ਜਾ ਰਹੀਆਂ ਸਨ। ਸਾਰੇ ਵਿਦੇਸ਼ੀ ਪੱਤਰਕਾਰਾਂ ਨੂੰ ਪੰਜਾਬ ਵਿਚੋਂ ਬਾਹਰ ਕੱਢ ਦੇਣ ਦੇ ਹੁਕਮ ਜਾਰੀ ਹੋ ਚੁੱਕੇ ਸਨ, ਪੰਜਾਬ ਵਿੱਚ ਕਰੜਾ ਸੈਂਸਰ ਲਾਗੂ ਕੀਤਾ ਜਾ ਚੁੱਕਾ ਸੀ।

## ਫ਼ੌਜੀ ਹਮਲਾ

3 ਜੂਨ ਨੂੰ ਗੁਰੂ ਅਰਜਨ ਸਾਹਿਬ ਦਾ ਸ਼ਹੀਦੀ ਪੁਰਬ ਸੀ। ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ ਸੰਗਤਾਂ ਦਰਬਾਰ ਸਾਹਿਬ ਪਹੁੰਚ ਚੁੱਕੀਆਂ ਸਨ ਅਤੇ 500 ਤੋਂ ਵੱਧ ਅਕਾਲੀ ਵਰਕਰ ਧਰਮਯੁੱਧ ਮੋਰਚੇ ਵਿੱਚ ਗ੍ਰਿਫ਼ਤਾਰੀਆਂ ਦੇਣ ਲਈ ਅੰਮ੍ਰਿਤਸਰ ਪੁੱਜੇ ਹੋਏ ਸਨ। ਸੈਂਕੜਿਆਂ ਦੀ ਗਿਣਤੀ ਵਿੱਚ ਬੰਗਲਾਦੇਸੀ ਮੁਸਲਮਾਨ ਅਤੇ ਹੋਰ ਬੇਸਹਾਰਾ ਲੋਕ ਦਰਬਾਰ ਸਾਹਿਬ ਅੰਦਰ ਸ਼ਰਨ ਲਈ ਬੈਠੇ ਸਨ। 3 ਜੂਨ ਨੂੰ ਫ਼ੌਜ ਨੇ ਦਰਬਾਰ ਸਾਹਿਬ ਦਾ ਘੇਰਾ

ਕਸਵਾਂ ਕਰ ਲਿਆ ਤੇ ਸਾਰੇ ਪੰਜਾਬ ਵਿੱਚ 36 ਘੰਟੇ ਦਾ ਕਰਫ਼ਿਊ ਲੱਗ ਗਿਆ। 4 ਜੂਨ ਨੂੰ ਅੰਮ੍ਰਿਤ ਵੇਲੇ ਦਰਬਾਰ ਸਾਹਿਬ ਅੰਦਰ ਆਸਾ ਦੀ ਵਾਰ ਦਾ ਕੀਰਤਨ ਹੋ ਰਿਹਾ ਸੀ, ਤਾਂ 4 ਵਜੇ ਸਵੇਰੇ ਦੇ ਕਰੀਬ ਫ਼ੌਜੀ ਦਸਤਿਆਂ ਦੀਆਂ ਮਸ਼ੀਨਗੰਨਾਂ ਨੇ ਅਚਾਨਕ ਦਰਬਾਰ ਸਾਹਿਬ ’ਤੇ ਅੰਧਾਧੁੰਦ ਫ਼ਾਇਰਿੰਗ ਸ਼ੁਰੂ ਕਰ ਦਿੱਤੀ ਜੋ ਸਾਰਾ ਦਿਨ ਚਾਲੂ ਰਹੀ। ਦਰਬਾਰ ਸਾਹਿਬ ਦੇ ਪਾਣੀ, ਬਿਜਲੀ, ਟੈਲੀਫ਼ੋਨ ਆਦਿ ਦੇ ਸਾਰੇ ਕੁਨੈਕਸ਼ਨ ਕੱਟੇ ਜਾ ਚੁੱਕੇ ਸਨ। ਹਵਾਈ ਸੈਨਾ ਦੇ ਦੋ ਚੇਤਕ ਹੈਲੀਕਾਪਟਰ ਦਰਬਾਰ ਸਾਹਿਬ ਉੱਤੇ ਨੀਵੀਆਂ ਉਡਾਰੀਆਂ ਭਰ ਕੇ ਫ਼ੌਜੀ ਜਵਾਨਾਂ ਨੂੰ ਜੁਝਾਰੂ ਸਿੰਘਾਂ ਦੇ ਮੋਰਚਿਆਂ ਦੀ ਠੀਕ ਜਾਣਕਾਰੀ ਦੇ ਕੇ ਉਨ੍ਹਾਂ ਉੱਤੇ ਸਹੀ ਨਿਸ਼ਾਨੇ ਸਾਧਨ ਵਿੱਚ ਸਹਾਇਤਾ ਕਰ ਰਹੇ ਸਨ।......

ਜੁਝਾਰੂ ਸਿੰਘਾਂ ਦੇ ਨੰਗੇ ਟਿਕਾਣਿਆਂ ਨੂੰ ਨਸ਼ਟ ਕਰਨ ਤੋਂ ਬਾਅਦ ਫ਼ੌਜ ਨੇ 5 ਜੂਨ ਦੀ ਰਾਤ ਨੂੰ ਦਰਬਾਰ ਸਾਹਿਬ ਅੰਦਰ ਦਾਖ਼ਲ ਹੋ ਕੇ ਅਕਾਲ ਤਖ਼ਤ ਉੱਤੇ ਕਬਜ਼ਾ ਕਰਨ ਦੀ ਪਲਾਨ ਬਣਾਈ ਹੋਈ ਸੀ। 6 ਜੂਨ ਦਾ ਸੂਰਜ ਚੜ੍ਹਨ ਤੋਂ ਪਹਿਲਾਂ ਪਹਿਲਾਂ ਸਾਰਾ ਓਪਰੇਸ਼ਨ ਮੁਕੰਮਲ ਕਰਕੇ ਭਾਰਤੀ ਫ਼ੌਜ ਦੀ ‘ਜਿੱਤ’ ਦੇ ਜਸ਼ਨ ਮਨਾਏ ਜਾਣੇ ਸਨ (ਕੁਲਦੀਪ ਨਈਅਰ ਤੇ ਖ਼ੁਸ਼ਵੰਤ ਸਿੰਘ : ਪੰਜਾਬ ਦਾ ਦੁਖਾਂਤ, ਸਫ਼ਾ 146)। ਇਕੱਲੇ ਦਰਬਾਰ ਸਾਹਿਬ ’ਤੇ ਹਮਲੇ ਦੀ ਕਾਰਵਾਈ ਵਿੱਚ ਘੱਟੋ-ਘੱਟ 15 ਹਜ਼ਾਰ ਜਵਾਨ ਸਿੱਧਾ ਹਿੱਸਾ ਲੈ ਰਹੇ ਸਨ (ਸੰਡੇ ਟਾਈਮਜ਼, ਲੰਡਨ, 17 ਜੂਨ 1984)

## ਦਰਬਾਰ ਸਾਹਿਬ ’ਤੇ ਟੈਂਕਾਂ ਨਾਲ ਹਮਲਾ

ਜਦ 5 ਜੂਨ ਦੀ ਰਾਤ ਨੂੰ ਭਾਰਤੀ ਫ਼ੌਜ ਪੂਰਾ ਜ਼ੋਰ ਲਾਉਂਣ ਤੋਂ ਬਾਅਦ ਵੀ ਅਕਾਲ ਤਖ਼ਤ ਦੀ ਇਮਾਰਤ ਵੱਲ ਵੱਧਣ ਵਿੱਚ ਕਾਮਯਾਬ ਨਾ ਹੋਈ ਤਾਂ 6 ਜੂਨ ਦੇ ਪਹੁ-ਫੁਟਾਲੇ ਤੋਂ ਪਹਿਲਾਂ ਇੱਕ ਬਖ਼ਤਰਬੰਦ ਗੱਡੀ (SKOT-0T64) ਸਵੇਰੇ ਸਾਢੇ ਕੁ ਚਾਰ ਵਜੇ ਪਰਕਰਮਾ ਅੰਦਰ ਉਤਾਰੀ। ਫ਼ੌਜੀਆਂ ਨੂੰ ਯਕੀਨ ਸੀ ਕਿ ਇਸ ਗੱਡੀ ਦਾ ਜੁਝਾਰੂ ਸਿੰਘ ਵਾਲ ਵੀ ਵਿੰਗਾ ਨਹੀਂ ਕਰ ਸਕਣਗੇ ਅਤੇ ਇਸ ਗੱਡੀ ਨੂੰ ਦੇਖ ਕੇ ਹੀ ਭੈ-ਭੀਤ ਹੋ ਜਾਣਗੇ। ਇਹ ਗੱਡੀ ਅਜੇ ਪਰਕਰਮਾ ਦੇ ਅੱਧ ਕੁ ਵਿੱਚ ਸ਼ਹੀਦਾਂ ਵਾਲੇ ਗੇਟ ਦੇ ਸਾਹਮਣੇ ਹੀ ਪਹੁੰਚੀ ਸੀ ਕਿ ਸਿੰਘਾਂ ਵੱਲੋਂ ਦਾਗੇ ਗਏ ਰਾਕਟ ਲਾਂਚਰ ਨੇ ਇਸ ਨੂੰ ਥਾਂਏਂ ਨਕਾਰਾ ਕਰ ਦਿੱਤਾ। ਇਸ ਨਾਲ ਫ਼ੌਜੀਆਂ ਵਿੱਚ ਘਬਰਾਹਟ ਫੈਲ ਗਈ। ਉਨ੍ਹਾਂ ਭਾਰੀ ਕਾਹਲੀ ਅਤੇ ਘਬਰਾਹਟ ਵਿੱਚ ਉੱਤਲੀ ਪੱਧਰ ਤੇ ਸਲਾਹ-ਮਸ਼ਵਰੇ ਕਰਕੇ ਸਵੇਰੇ 5 ਵੱਜ ਕੇ 10 ਮਿੰਟ ਤੇ ਇੰਦਰਾ ਗਾਂਧੀ ਵੱਲੋਂ ਅਕਾਲ ਤਖ਼ਤ ਦੀ ਇਮਾਰਤ ਨੂੰ ਟੈਂਕਾਂ ਨਾਲ ਉਡਾ ਦੇਣ ਦੇ ਹੁਕਮ ਹਾਸਿਲ ਕਰ ਲਏ। 5 ਵੱਜ ਕੇ 21 ਮਿੰਟ ’ਤੇ ਟੈਂਕਾਂ ਨੇ ਅੰਨ੍ਹੇ-ਵਾਹ ਗੋਲਾਬਾਰੀ ਸ਼ੁਰੂ ਕਰ ਦਿੱਤੀ, ਜਿਸ ਨਾਲ ਅਕਾਲ ਤਖ਼ਤ ਦੀ ਇਮਾਰਤ ਦਾ ਘੱਟੋ-ਘੱਟ ਤੀਜਾ ਹਿੱਸਾ ਜਾਂ ਤਾਂ ਬਿਲਕੁਲ ਹੀ ਢਹਿ-ਢੇਰੀ ਹੋ ਗਿਆ ਜਾਂ ਬੁਰੀ ਤਰ੍ਹਾਂ ਤਬਾਹ ਹੋ ਗਿਆ। ਅਖ਼ੀਰ ਪੌਣੇ ਕੁ ਛੇ ਵਜੇ ਏ. ਕਮਾਂਡੋ ਕੰਪਨੀ ਦਾ ਮੇਜਰ ਬੀ.ਕੇ. ਮਿਸ਼ਰਾ ਅਕਾਲ ਤਖ਼ਤ ਦੀ ਇਮਾਰਤ ਦੀਆਂ ਪੌੜੀਆਂ ਨੇੜੇ ਜਾ ਪੁੱਜਾ ਪਰ ਉਹ ਅਤੇ ਉਸਦੇ ਸਾਥੀ ਉਥੇ ਹੀ ਢੇਰੀ ਹੋ ਗਏ। ਇਸ ਤੋਂ ਇਲਾਵਾ ਦੋਵੇਂ ਕੰਪਨੀਆਂ, ਜੋ ਤਖ਼ਤ ਸਾਹਿਬ ਦੀ ਇਮਾਰਤ ਵੱਲ ਵੱਧ ਰਹੀਆਂ ਸਨ, ਵੀ ਖਾੜਕੂਆਂ





ਦੀ ਜਬਰਦਸ਼ਤ ਗੋਲਾਬਾਰੀ ਦਾ ਸ਼ਿਕਾਰ ਹੋ ਗਈਆਂ। ਉਨ੍ਹਾਂ ਵਿੱਚੋਂ ਬਹੁਤ ਸਾਰੇ ਮਾਰੇ ਗਏ ਤੇ ਬਚੇ-ਖੁਚੇ ਪਰਕਰਮਾ ਦੇ ਬਰਾਂਡੇ ਵਿੱਚ ਆ ਕੇ ਲੁਕ ਗਏ।

“ਅਕਾਲ ਤਖ਼ਤ ਦੀ ਇਮਾਰਤ ਵਿੱਚ ਖੁਲ੍ਹੇ ਵੱਡੇ ਮਘੋਰਿਆਂ ਰਾਹੀਂ ਭਾਰਤੀ ਫ਼ੌਜ ਮਣਾਂ-ਮੂੰਹੀਂ ਬਾਰੂਦ ਅੰਦਰ ਸੁੱਟ ਰਹੀ ਸੀ ਤੇ ਅਕਾਲ ਤਖ਼ਤ ਦੀਆਂ ਉੱਪਰਲੀਆਂ ਮੰਜਲਾਂ ਅੱਗ ਅਤੇ ਧੂੰਏਂ ਦੀ ਲਪੇਟ ਵਿੱਚ ਆਈਆਂ ਹੋਈਆਂ ਸਨ। ਅਕਾਲ ਤਖ਼ਤ ਦੀ ਹੇਠਲੀ ਮੰਜਲ ਵਿੱਚ ਡਟੇ ਜੁਝਾਰੂ ਸਿੰਘਾਂ ਨੇ ਲਗਾਤਾਰ ਜਚਵੀਂ ਟੱਕਰ ਦੇਣੀ ਜਾਰੀ ਰੱਖੀ। 6 ਜੂਨ ਨੂੰ ਵੱਡਾ ਦਿਨ ਚੜ੍ਹ ਪੈਣ ਤੱਕ ਟੈਂਕਾਂ ਦੀਆਂ ਤੋਪਾਂ ਅਕਾਲ ਤਖ਼ਤ ਉੱਤੇ ਲਗਾਤਾਰ ਗੋਲੇ ਸੁੱਟਦੀਆਂ ਰਹੀਆਂ। ਪ੍ਰੰਤੂ ਲਗਭਗ ਥੇਹ ਬਣ ਚੁੱਕੇ ਅਕਾਲ ਤਖ਼ਤ ਦੇ ਅੰਦਰ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਗਿਣਤੀ ਦੇ ਲੜਾਕੂ ਸਿੰਘ ਸਿੱਖੀ ਦੇ ਗੌਰਵਸ਼ਾਲੀ ਵਿਰਸੇ ਤੇ ਰਵਾਇਤਾਂ ਦੀ ਲਾਜ ਪਾਲਦੇ ਹੋਏ ਸਿਦਕਦਿਲੀ ਨਾਲ ਮੁਕਾਬਲੇ ’ਤੇ ਡਟੇ ਰਹੇ। ਜਨਰਲ ਬਰਾੜ ਦੀ ਸੰਤ ਭਿੰਡਰਾਂਵਾਲੇ ਕੋਲੋਂ ਦੋ ਘੰਟਿਆਂ ਦੇ ਅੰਦਰ-ਅੰਦਰ ਆਤਮ-ਸਮਰਪਣ ਕਰਵਾ ਲੈਣ ਦੀ ਹੋਛੀ ਫੜ੍ਹ ਉਸ ਲਈ ਅੰਤਾਂ ਦੀ ਨਮੋਸ਼ੀ ਤੇ ਸ਼ਰਮਿੰਦਗੀ ਦਾ ਕਾਰਨ ਬਣ ਰਹੀ ਸੀ। ਉਂਗਲਾਂ ਤੇ ਗਿਣਨ ਜੋਗੇ ਸਿੰਘਾਂ ਨੂੰ ਫ਼ੌਜ ਦੇ ਭਾਰੀ ਲਸ਼ਕਰ ਨਾਲ ਮੁਕਾਬਲਾ ਕਰਦਿਆਂ 50 ਘੰਟੇ ਤੋਂ ਵੱਧ ਸਮਾਂ ਬੀਤ ਚੁੱਕਾ ਸੀ। ਬਹੁਤੇ ਸਿੰਘ ਸ਼ਹੀਦ ਹੋ ਚੁੱਕੇ ਸਨ। 6 ਜੂਨ ਦੀ ਸਵੇਰ ਨੂੰ ਸੰਤ ਜਰਨੈਲ ਸਿੰਘ ਨੇ ਆਪਨੇ ਗਿਣਤੀ ਦੇ ਬਚੇ ਹੋਏ ਯੋਧਿਆਂ ਨੂੰ ਅਕਾਲ ਤਖ਼ਤ ਦੇ ਭੋਰੇ ਅੰਦਰ ਇਕੱਠਿਆਂ ਕਰਕੇ ਸਾਰੇ ਹਾਲਾਤ, ਜੋ ਸਾਰਿਆਂ ਨੂੰ ਸਪੱਸ਼ਟ ਹੀ ਸਨ, ਤੋਂ ਜਾਣੂ ਕਰਵਾਇਆ ਅਤੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਸੂਰਤ ਵਿੱਚ ਭਾਰਤੀ ਫ਼ੌਜ ਨੂੰ ਲੋਹੇ ਦੇ ਚਣੇ ਚਬਾਉਂਣ ਦੇ ਆਪਨੇ ਪ੍ਰਣ ਉੱਤੇ ਸੰਤੁਸ਼ਟੀ ਜ਼ਾਹਰ ਕਰਦਿਆਂ ਹੋਇਆਂ ਗੁਰੂ ਦੇ ਚਰਨਾਂ ਵਿੱਚ ਸ਼ਹਾਦਤ ਦਾ ਜਾਮ ਪੀਣ ਦੀ ਸੁਲੱਖਣੀ ਘੜੀ ਦੇ ਆ ਪਹੁੰਚਣ ਦਾ ਐਲਾਨ ਕੀਤਾ। **ਕੁੱਝ ਸਿੰਘਾਂ ਨੇ ਸੰਤਾਂ ਨੂੰ ਸਿੱਖ-ਕੌਮ ਦੀ ਆਜ਼ਾਦੀ ਦੇ ਸੰਘਰਸ਼ ਨੂੰ ਸੁਯੋਗ ਅਗਵਾਈ ਦੇਣ ਲਈ ਦੁਸ਼ਮਨ ਦੇ ਘੇਰੇ ’ਚੋਂ ਬੱਚ ਕੇ ਨਿਕਲ ਜਾਣ ਦੀ ਬੇਨਤੀ ਕੀਤੀ। ਘੇਰੇ ’ਚੋਂ ਬਚ ਕੇ ਨਿਕਲ ਜਾਣ ਦੇ ਰਾਹ ਭਾਵੇਂ ਅਜੇ ਵੀ ਖੁਲ੍ਹੇ ਸਨ (ਕਿਹਾ ਜਾਂਦਾ ਹੈ ਕਿ ਕੁਝ ਸਿੰਘ ਸਾਂਝੀ ਰਜ਼ਾ ਨਾਲ ਘੇਰੇ ’ਚੋਂ ਨਿਕਲ ਵੀ ਗਏ ਸਨ) ਪ੍ਰੰਤੂ ਸੰਤ ਜਰਨੈਲ ਸਿੰਘ ਨੇ ਸਿੰਘਾਂ ਦੀ ਇਸ ਬੇਨਤੀ ਨੂੰ ਪਿਆਰ ਅਤੇ ਦ੍ਰਿੜਤਾ ਨਾਲ ਠੁਕਰਾ ਦਿੱਤਾ ਅਤੇ ਗੁਰੂ ਦੇ ਚਰਨਾਂ ਵਿੱਚ ਸੀਸ ਵਾਰਨ ਦੀ ਆਪਨੀ ਅਡੋਲ ਇੱਛਾ ਨੂੰ ਉਨ੍ਹਾਂ ਦੇ ਅੰਤਮ ਫ਼ੈਸਲੇ ਵਜੋਂ ਪ੍ਰਵਾਨ ਕਰਨ ਲਈ ਕਿਹਾ।** ਇਸ ਤੋਂ ਬਾਅਦ ਸਿੰਘਾਂ ਨੇ ਇਹੋ ਬੇਨਤੀ ਭਾਈ ਅਮਰੀਕ ਸਿੰਘ ਅੱਗੇ ਦੁਹਰਾਈ ਪਰ ਭਾਈ ਸਾਹਿਬ ਹੁਰਾਂ ਸੱਚ ਖੰਡ ਤੱਕ ਸੰਤਾਂ ਦਾ ਸਾਥ ਨਿਭਾਉਣ ਦੀ ਆਪਨੀ ਤੀਬਰ ਇੱਛਾ ਤੇ ਪ੍ਰਣ ਤੋਂ ਕਿਸੇ ਵੀ ਸੂਰਤ ਵਿੱਚ ਪਿਛਾਂਹ ਨਾ ਹਟਣ ਦਾ ਦ੍ਰਿੜ ਫ਼ੈਸਲਾ ਸੁਣਾਉਂਦਿਆਂ ਹੋਇਆਂ ਸ਼ਹੀਦੀ ਕਮਰਕੱਸੇ ਕਰਨੇ ਸ਼ੁਰੂ ਕਰ ਦਿੱਤੇ। **ਸੰਤ ਜਰਨੈਲ ਸਿੰਘ ਸਮੇਤ ਅਕਾਲ ਤਖ਼ਤ ਦੇ ਭੋਰੇ ਅੰਦਰ ਮੌਜੂਦ ਦੋ ਦਰਜਨ ਦੇ ਕਰੀਬ ਧਰਮੀ ਯੋਧਿਆਂ ਦੇ ਹੱਥ ਅਰਦਾਸ ਲਈ ਜੁੜੇ। ਅਰਦਾਸ ਹੋਈ ਅਤੇ ਜੈਕਾਰਾ ਛੱਡਣ ਤੋਂ ਬਾਅਦ ਉਹੀ ਹੱਥ ਮੁੜ ਆਪੋ ਆਪਨੇ ਹਥਿਆਰਾਂ ਦੇ ਮੁੱਠਿਆਂ ਨੂੰ ਜਾ ਜੁੜੇ। ਅੱਗੇ-ਅੱਗੇ ਸੰਤ ਤੇ ਪਿੱਛੇ ਉਨ੍ਹਾਂ ਦੇ ਸਿਦਕੀ ਸਿੰਘ ਜੈਕਾਰੇ ਗੁੰਜਾਉਂਦੇ ਸਾਹਮਣੇ ਵਿਹੜੇ ਵਿੱਚ ਨਿਕਲ ਆਏ। ਇਸ ਕੌਤਕ ਨੂੰ ਦੇਖ ਕੇ ਇੱਕ ਵਾਰ**

**ਤਾਂ ਦੁਸ਼ਮਣ ਦੇ ਪੈਰਾਂ ਥਲਿਓਂ ਜ਼ਮੀਨ ਖਿਸਕ ਗਈ।** ਕੁਝ ਹੀ ਪਲਾਂ ਬਾਅਦ ਚੁਫੇਰਿਓਂ ਗੋਲੀਆਂ ਤੇ ਗਰਨੇਡਾਂ ਦੀ ਬੁਛਾੜ ਆਈ ਅਤੇ ਮਰਦ ਅਗੰਮੜੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਸਿੱਖ ਵਿਰਸੇ ਦੀ ਲਾਜ ਪਾਲਦੇ ਤੇ ਆਪਣਾ ਕਿਹਾ ਹੋਇਆ ਵਚਨ ਨਿਭਾਉਂਦੇ ਹੋਏ ਨਿਸ਼ਾਨ ਸਾਹਿਬ ਤੋਂ ਕੁੱਝ ਹੀ ਫੁੱਟ ਦੀ ਦੂਰੀ ਉੱਤੇ ਸ਼ਹੀਦ ਹੋ ਗਏ। ਮਗਰੇ ਹੀ ਭਾਈ ਅਮਰੀਕ ਸਿੰਘ ਤੇ ਹੋਰ ਸਿੰਘ ਵੀ ਗੁਰੂ ਘਰ ਦੀ ਰੱਖਿਆ ਕਰਦੇ ਹੋਏ ਗੁਰੂ ਨੂੰ ਪਿਆਰੇ ਹੋ ਗਏ। ਜਨਰਲ ਸੁਬੇਗ ਸਿੰਘ ਦੀ ਮ੍ਰਿਤਕ ਦੇਹ ਅਕਾਲ ਤਖ਼ਤ ਦੇ ਭੋਰੇ 'ਚੋਂ ਬਰਾਮਦ ਹੋਈ ਦੱਸੀ ਗਈ। ਕੁਝ ਪੱਤਰਕਾਰਾਂ ਦੀ ਰੀਪੋਰਟ ਮੁਤਾਬਿਕ ਜਨਰਲ ਸੁਬੇਗ ਸਿੰਘ ਦੇ ਗੁੱਟਾਂ ਉੱਤੇ ਰੱਸੇ ਦੇ ਨਿਸ਼ਾਨ ਸਨ (ਹਰਮਿੰਦਰ ਕੌਰ : ਬਲੂ ਸਟਾਰ ਓਵਰ ਅੰਮ੍ਰਿਤਸਰ, ਸਫ਼ਾ 35)। **ਸਮਝਿਆ ਜਾਂਦਾ ਹੈ ਕਿ ਫ਼ੌਜ ਦੇ ਅਣ-ਚਿਤਵੇ ਭਾਰੀ ਜਾਨੀ ਨੁਕਸਾਨ ਸਦਕਾ ਕਰੋਧ ਵਿੱਚ ਆਏ ਫ਼ੌਜੀ ਜਰਨੈਲਾਂ ਨੇ ਆਪਣੀ ਵਿਹੁ ਲਾਹੁਣ ਲਈ ਜਨਰਲ ਸੁਬੇਗ ਸਿੰਘ ਨੂੰ ਸਖ਼ਤ ਜ਼ਖ਼ਮੀ ਹਾਲਤ ਵਿੱਚ ਗੁੱਟਾਂ ਤੋਂ ਰੱਸੀਆਂ ਨਾਲ ਬੰਨ੍ਹ ਕੇ ਘੜੀਸਿਆ ਅਤੇ ਫਿਰ ਗੋਲੀਆਂ ਮਾਰ ਕੇ ਸ਼ਹੀਦ ਕਰ ਦਿੱਤਾ।**

ਅਗਲੇ ਦਿਨ 7 ਜੂਨ ਦੀ ਸ਼ਾਮ ਨੂੰ ਸੰਤ ਜਰਨੈਲ ਸਿੰਘ ਤੇ ਭਾਈ ਅਮਰੀਕ ਸਿੰਘ ਦੇ ਮ੍ਰਿਤਕ ਸਰੀਰਾਂ ਦਾ ਫ਼ੌਜ ਦੀ ਕਰੜੀ ਨਿਗਰਾਨੀ ਹੇਠ ਨਗਰਪਾਲਿਕਾ ਦੇ ਚਾਟੀਵਿੰਡ ਸ਼ਮਸ਼ਾਨਘਾਟ ਵਿੱਖੇ ਦਾਹ ਸੰਸਕਾਰ ਕਰ ਦਿੱਤਾ ਗਿਆ।(ਅਪਾਰ ਸਿੰਘ ਬਾਜਵਾ ਤਤਕਾਲੀਨ ਡੀ.ਐਸ.ਪੀ. ਸਿਟੀ, ਹਵਾਲਾ ਦੀ 'ਟ੍ਰਿਬਿਊਨ ਮਈ 20, 2001)। ਇਸ ਤਰ੍ਹਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ ਇਸ ਸ਼ਹਾਦਤ ਨਾਲ ਸਿੱਖ ਸੰਘਰਸ਼ ਦੇ ਇੱਕ ਦੌਰ ਦੀ ਸਮਾਪਤੀ ਹੋ ਗਈ। ਪਰ ਇਸ ਦੇ ਨਾਲ ਹੀ ਇੱਕ ਨਵਾਂ ਹੋਣੀ-ਭਰਪੂਰ ਦੌਰ ਅਰੰਭ ਹੋ ਗਿਆ।

ਅਕਾਲ ਤਖ਼ਤ 'ਤੇ ਕਬਜ਼ੇ ਤੋਂ ਬਾਅਦ ਭਾਰਤੀ ਫ਼ੌਜ ਨੂੰ ਸਿਰਫ਼ ਖ਼ਾੜਕੂਆਂ ਦੀਆਂ ਲਾਸ਼ਾਂ ਅਤੇ ਚੰਦ ਇਕ ਛੋਟੇ-ਮੋਟੇ ਹਥਿਆਰਾਂ ਤੋਂ ਸਿਵਾ ਕੁੱਝ ਵੀ ਨਾ ਮਿਲਿਆ। ਭਾਵੇਂ ਭਾਰਤੀ ਫ਼ੌਜ ਨੇ ਦਾਅਵਾ ਕੀਤਾ ਹੈ ਕਿ 6 ਜੂਨ ਨੂੰ ਦੁਪਹਿਰੇ 11 ਵਜੇ ਕੁੱਝ ਖ਼ਾੜਕੂ ਅਕਾਲ ਤਖ਼ਤ ਦੀ ਇਮਾਰਤ ਤੋਂ ਨਿਕਲ ਕੇ ਸਰੋਵਰ ਵੱਲ ਭੱਜੇ ਤਾਂ ਜੋ ਤੈਰ ਕੇ ਦਰਬਾਰ ਸਾਹਿਬ ਜਾ ਸਕਣ, ਪਰ ਫ਼ੌਜ ਨੇ ਉਨ੍ਹਾਂ ਨੂੰ ਗੋਲੀਆਂ ਨਾਲ ਉਡਾ ਦਿੱਤਾ ਤੇ ਇੰਜ ਹੀ 10 ਖਾੜਕੂ ਚਿੱਟਾ ਝੰਡਾ ਲਹਿਰਾ ਕੇ ਅਕਾਲ ਤਖ਼ਤ ਦੀ ਇਮਾਰਤ 'ਚੋਂ ਨਿਕਲ ਕੇ ਬਾਹਰ ਆਏ ਤੇ ਫ਼ੌਜ ਨੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ। ਅਕਾਲ ਤਖ਼ਤ ਤੋਂ ਸਰੋਵਰ ਤੱਕ ਪੁੱਜਣ ਤੱਕ ਹਜ਼ਾਰਾਂ ਗੋਲੀਆਂ ਦੀ ਬਾਛੜ ਤੋਂ ਬਚਣਾ ਨਾਮੁਮਕਿਨ ਸੀ ਤੇ ਇੰਜ ਹੀ ਚਿੱਟਾ ਝੰਡਾ ਲੈ ਕੇ ਆਉਂਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਗੱਲ ਵੀ ਝੂਠੀ ਹੈ, ਕਿਉਂਕਿ ਫ਼ੌਜ ਨੇ ਇਸ ਮੌਕੇ 'ਤੇ ਕਿਸੇ ਵੀ ਖਾੜਕੂ ਨੂੰ ਗ੍ਰਿਫ਼ਤਾਰ ਨਹੀਂ ਕੀਤਾ, ਬਲਕਿ ਸਿਰਫ਼ ਗੋਲੀ ਨਾਲ ਹੀ ਉਡਾਇਆ ਸੀ। ਸ਼ਾਇਦ ਬਰਾੜ ਹਥਿਆਰ ਸੁੱਟਣ ਦੀ ਗੱਲ ਆਖ ਕੇ ਫ਼ੌਜ ਦੀ ਕੋਈ 'ਕਾਮਯਾਬੀ' ਸਾਬਿਤ ਕਰਨੀ ਚਾਹੁੰਦਾ ਹੈ। ਦਰਅਸਲ ਅਕਾਲ ਤਖ਼ਤ ਦੇ ਮੂਹਰੇ ਗਹਿ-ਗੱਚ ਲੜਾਈ ਹੋਈ ਸੀ ਤੇ ਚਸ਼ਮਦੀਦ ਗਵਾਹਾਂ ਮੁਤਾਬਿਕ ਇੱਕ ਵੀ ਖਾੜਕੂ ਉੱਥੋਂ ਜਿਉਂਦਾ ਨਹੀਂ ਸੀ ਫੜਿਆ ਗਿਆ।





ਦਿੱਲੀ ਵਿੱਚ, 'ਅਪਰੇਸ਼ਨ ਬਲੂ ਸਟਾਰ' (ਦਰਬਾਰ ਸਾਹਿਬ ਤੇ ਭਾਰਤੀ ਫ਼ੌਜ ਦਾ ਹਮਲਾ) ਦੀ ਸਾਰੀ ਕਾਰਵਾਈ ਦੀ ਨਿਗਰਾਨੀ ਇੰਦਰਾ, ਰਾਜੀਵ, ਅਰੁਣ ਨਹਿਰੂ, ਅਰੁਣ ਸਿੰਘ ਵਗ਼ੈਰਾ ਆਪ ਕਰ ਰਹੇ ਸਨ। ਇਹ ਵੀ ਪਤਾ ਲਗਾ ਕਿ ਇਸ ਹਮਲੇ ਵਾਸਤੇ ਰੂਸ ਦੀ ਕੇ.ਜੀ.ਬੀ. ਅਤੇ ਬਰਤਾਨਵੀਂ ਫ਼ੌਜ ਤੋਂ ਮਦਦ ਤੇ ਸਲਾਹ ਲਈ ਗਈ ਸੀ।

ਇੱਕ ਅੰਦਾਜ਼ੇ ਮੁਤਾਬਿਕ ਤਕਰੀਬਨ ਤਿੰਨ ਲੱਖ ਫ਼ੌਜੀ ਇਸ ਸਾਰੀ ਮੁਹਿੰਮ ਵਿੱਚ, ਇੱਕ ਜਾਂ ਦੂਜੇ ਤਰੀਕੇ ਨਾਲ ਸ਼ਾਮਿਲ ਸਨ। ਫ਼ੌਜੀ ਦ੍ਰਿਸ਼ਟੀ ਤੋਂ ਦੇਖਿਆਂ ਇਹ ਟੱਕਰ ਸਰਾਸਰ ਬੇ-ਮੇਚੀ ਸੀ। ਨਫ਼ਰੀ ਦੇ ਹਿਸਾਬ ਨਾਲ ਅਤੇ ਅਸਲੇ ਤੇ ਹਥਿਆਰਾਂ ਦੀ ਕੁਆਲਟੀ ਪੱਖੋਂ ਕੋਈ ਮੁਕਾਬਲਾ ਨਹੀਂ ਸੀ। ਇੱਕ ਪਾਸੇ ਦੁਨੀਆਂ ਦੀਆਂ ਸ਼ਕਤੀਸ਼ਾਲੀ ਫ਼ੌਜਾਂ ਵਿੱਚੋਂ ਗਿਣੀ ਜਾਂਦੀ ਭਾਰਤੀ ਫ਼ੌਜ ਸੀ, ਜਿਸ ਕੋਲ ਟੈਂਕ, ਬਖ਼ਤਰਬੰਦ ਗੱਡੀਆਂ, ਹਵਾਈ ਜਹਾਜ਼, ਹੈਲੀਕਾਪਟਰ ਅਤੇ ਭਾਰੀ ਤੋਪਖ਼ਾਨਾ ਸੀ। ਭਾਰਤੀ ਫ਼ੌਜ ਦੀਆਂ ਕੁਲ ਮਿਲਾ ਕੇ ਸੱਤ ਡਿਵੀਜ਼ਨਾਂ ਨੂੰ ਲੜਾਈ ਲਈ ਲਾਮਬੰਦ ਕੀਤਾ ਗਿਆ ਸੀ। ਭਾਰਤੀ ਫ਼ੌਜ ਕੋਲ ਉੱਤਮ ਅਸਲੇ ਤੇ ਹਥਿਆਰਾਂ ਤੋਂ ਇਲਾਵਾ ਆਲ੍ਹਾ ਦਰਜੇ ਦੇ ਸਾਧੇ ਹੋਏ ਜਰਨੈਲ ਸਨ। ਵਾਧੇ ਦੀ ਗੱਲ ਇਹ ਕਿ ਸਮੁੱਚੀ ਸਰਕਾਰੀ ਮਸ਼ੀਨਰੀ ਫ਼ੌਜ ਦੀ ਸੇਵਾ ਵਿੱਚ ਹਾਜ਼ਰ ਸੀ। ਦੂਜੇ ਪਾਸੇ ਗਿਣਤੀ ਦੇ ਜੁਝਾਰੂ ਸਿੰਘ ਸਨ (ਜਿਨ੍ਹਾਂ ਦੀ ਨਫ਼ਰੀ ਕਿਸੇ ਤਰ੍ਹਾਂ ਵੀ ਡੇਢ ਸੈਂਕੜੇ ਤੋਂ ਵੱਧ ਨਹੀਂ ਸੀ) ਅਤੇ ਉਨ੍ਹਾਂ ਕੋਲ ਉਂਗਲਾਂ 'ਤੇ ਗਿਣਨ ਜੋਗੀਆਂ ਹਲਕੀਆਂ ਮਸ਼ੀਨਗੰਨਾਂ ਸਨ। ਦਰਮਿਆਨੀ ਜਾਂ ਭਾਰੀ ਮਸ਼ੀਨਗੰਨ ਇੱਕ ਵੀ ਨਹੀਂ ਸੀ। ਨਾਂ-ਮਾਤਰ ਰਾਕਟ ਲਾਂਚਰ ਸਨ। ਬਾਕੀ ਸਾਧਾਰਨ ਕਿਸਮ ਦੀਆਂ ਰਾਈਫ਼ਲਾਂ ਤੇ ਹੱਥ-ਗੋਲਿਆਂ (ਗਰਨੇਡ) ਤੋਂ ਬਿਨਾਂ ਉਨ੍ਹਾਂ ਕੋਲ ਹੋਰ ਕੋਈ ਹਥਿਆਰ ਨਹੀਂ ਸਨ। ਪਰ ਇਸ **ਫ਼ੌਜੀ ਪੱਖ ਦੀ ਕਮਜ਼ੋਰੀ ਦੀ ਤੁਲਨਾ ਵਿੱਚ ਜੁਝਾਰੂ ਸਿੰਘਾਂ ਦੇ ਨੈਤਿਕ ਪੱਖ ਵਾਲਾ ਪੱਲੜਾ ਕਿਤੇ ਵੱਧ ਵਜ਼ਨਦਾਰ ਸੀ। ਭਾਰਤੀ ਫ਼ੌਜ ਕਹਿਣ ਨੂੰ ਭਾਵੇਂ ਦੇਸ਼ ਦੇ ਹਿੱਤਾਂ ਦੀ ਰੱਖਿਆ ਦੀ ਲੜਾਈ ਲੜ ਰਹੀ ਸੀ ਪਰ ਅਸਲੀਅਤ ਵਿੱਚ ਉਹ ਦੇਸ਼ ਦੇ ਨਹੀਂ, ਦੇਸ਼ ਦੇ ਧਿੰਗਾਣੇ ਹਾਕਮਾਂ ਦੇ ਪੱਖ ਦੀ ਲੜਾਈ ਲੜ ਰਹੀ ਸੀ। ਇਹ ਪੱਖ ਪੁੱਜ ਕੇ ਝੂਠਾ ਤੇ ਬੇ-ਨਿਆਈਂ ਸੀ। ਇਸ ਦੀ ਤੁਲਨਾ ਵਿੱਚ ਜੁਝਾਰੂ ਜਿਸ ਕਾਜ ਲਈ ਲੜ ਰਹੇ ਸਨ ਉਹ ਸੱਚਾ ਤੇ ਨਿਆਈਂ ਸੀ - ਉਹ ਆਪਣੇ ਧਰਮ ਤੇ ਸਭਿਆਚਾਰ ਦੀ ਰਾਖੀ ਲਈ ਲੜ ਰਹੇ ਸਨ, ਕਿਸੇ ਦੇ ਧਰਮ ਤੇ ਸਭਿਆਚਾਰ ਨੂੰ ਉਜਾੜਨ ਲਈ ਨਹੀਂ। ਉਹ ਆਪਣੇ ਮਨੁੱਖੀ ਹੱਕਾਂ ਦੀ ਰਾਖੀ ਲਈ ਲੜ ਰਹੇ ਸਨ, ਕਿਸੇ ਦੇ ਹੱਕਾਂ ਨੂੰ ਲਿਤਾੜਨ ਲਈ ਨਹੀਂ। ਉਨ੍ਹਾਂ ਅੰਦਰ ਲੜਨ ਦਾ ਨਿਸ਼ਕਾਮ ਜਜ਼ਬਾ ਸੀ, ਜੂਝ ਮਰਨ ਦਾ ਦ੍ਰਿੜ ਨਿਸਚਾ ਸੀ ਅਤੇ ਆਪਣੇ ਗੁਰੂ ਦੇ ਚਰਨਾਂ ਵਿੱਚ ਸ਼ਹੀਦ ਹੋ ਜਾਣ ਦਾ ਨਿਰਮਲ ਚਾਉ ਸੀ। ਇਸ ਕਰਕੇ ਸਿੰਘਾਂ ਨੇ ਆਪਣੀ ਮੂਲੋਂ ਹੀ ਥੋੜ੍ਹੀ ਨਫ਼ਰੀ ਤੇ ਮਾੜੇ ਹਥਿਆਰਾਂ ਦੇ ਬਾਵਜੂਦ ਭਾਰਤੀ ਫ਼ੌਜ ਦੇ ਹੱਲੇ ਨੂੰ ਬੁਰੀ ਤਰ੍ਹਾਂ ਪਛਾੜ ਕੇ ਰੱਖ ਦਿੱਤਾ ਸੀ।** ਫ਼ੌਜੀ ਜਰਨੈਲ ਜਿਸ

ਲੜਾਈ ਨੂੰ ਦੋ ਜਾਂ ਹੱਦ ਤਿੰਨ ਘੰਟਿਆਂ ਦੇ ਅੰਦਰ ਸਮੇਟ ਦੇਣ ਦੀ ਖ਼ੁਸ਼ਫ਼ਹਿਮੀ ਪਾਲੀ ਬੈਠੇ ਸਨ, ਉਹ ਉਮੀਦ ਨਾਲੋਂ ਕਿਤੇ ਵੱਧ ਲਮਕਵੀਂ ਤੇ ਜੋਖ਼ਮ-ਭਰੀ ਸਾਬਤ ਹੋਈ। ਜਨਰਲ ਕੁਲਦੀਪ ਸਿੰਘ ਬਰਾੜ ਨੇ ਸਿੰਘਾਂ ਦੇ ਹੌਸਲੇ ਤੋੜਨ ਤੇ ਮੋਰਚੇ ਨਸ਼ਟ ਕਰਨ ਲਈ ਕਈ ਬਦਲਵੀਆਂ ਪੈਂਤੜਾ-ਚਾਲਾਂ ਚੱਲੀਆਂ ਪਰ ਜੁਝਾਰੂ ਸਿੰਘਾਂ ਦੀ ਕਹਿਰ ਵਰਸਾਉਂਦੀ ਜੁਆਬੀ ਗੋਲਾਬਾਰੀ ਉੱਤੇ ਕਾਬੂ ਪਾਉਂਣ ਦੀ ਪੂਰਬ-ਉਲੀਕੀ ਜਾਂ ਬਦਲਵੀਂ ਕੋਈ ਵੀ ਚਾਲ ਅਸਰਦਾਰ ਸਾਬਿਤ ਨਾ ਹੋਈ। ਫ਼ੌਜੀ ਕਮਾਂਡੋਆਂ ਦੀਆਂ ਚਕਰਾਤਾ ਵਿਖੇ ਮਹੀਨਿਆਂ ਬੱਧੀ ਕੀਤੀਆਂ ਮਸ਼ਕਾਂ ਉੱਕਾ ਹੀ ਬੇ-ਫ਼ਾਇਦਾ ਬਣ ਕੇ ਰਹਿ ਗਈਆਂ। ਦੋ ਘੰਟਿਆਂ ਦੇ ਅੰਦਰ-ਅੰਦਰ ਅਕਾਲ ਤਖ਼ਤ ਉੱਤੇ ਕਬਜ਼ਾ ਕਰ ਲੈਣ ਦਾ ਟੀਚਾ ਤਾਂ ਦੂਰ ਰਿਹਾ, ਦੋ ਘੰਟਿਆਂ ਤੱਕ ਫੰਨੇ-ਖਾਂ ਕਹੇ ਜਾਂਦੇ '10 ਗਾਰਡਜ' ਦੇ ਕਮਾਂਡੋ ਪਰਕਰਮਾ ਦੇ ਅੰਦਰ ਕਦਮ ਧਰਨ ਵਿੱਚ ਵੀ ਸਫ਼ਲ ਨਾ ਹੋ ਸਕੇ। ਮੁੱਖ-ਦੁਆਰ ਦੀਆਂ ਪੌੜੀਆਂ ਹੀ ਉਨ੍ਹਾਂ ਲਈ 'ਮੌਤ ਦਾ ਖੂਹ' ਬਣ ਕੇ ਰਹਿ ਗਈਆਂ। ਹਲਕੀਆਂ/ਭਾਰੀਆਂ ਮਸ਼ੀਨਗੰਨਾਂ ਤੇ ਤੋਪਾਂ ਗੋਲੇ ਵਰਸਾ-ਵਰਸਾ ਕੇ ਹੰਭ ਗਈਆਂ। ਦਰਬਾਰ ਸਾਹਿਬ ਉੱਤੇ ਨੀਵੀਆਂ ਉਡਾਰੀਆਂ ਭਰ ਕੇ ਫ਼ੌਜੀ ਜਵਾਨਾਂ ਨੂੰ ਸਿੰਘਾਂ ਦੇ ਮੋਰਚਿਆਂ ਦੀਆਂ ਸੂਹਾਂ ਦੇ ਰਹੇ ਚੇਤਕ ਹੈਲੀਕਾਪਟਰ ਵੀ ਛਿੱਥੇ ਪੈ ਗਏ। ਪਰ ਫ਼ੌਜੀ ਟੁਕੜੀਆਂ ਦੀ ਅਕਾਲ ਤਖ਼ਤ ਵੱਲ ਵਧਣ ਦੀ ਕੋਈ ਕੋਸ਼ਿਸ਼ ਸਫ਼ਲ ਨਾ ਹੋ ਸਕੀ। **ਜਨਰਲ ਬਰਾੜ ਦਾ ਵਿਚਾਰ ਸੀ ਕਿ ਉਹ ਜ਼ਮੀਨ ਤੇ ਅਸਮਾਨ ਨੂੰ ਕਾਂਬਾ ਛੇੜ ਦੇਣ ਵਾਲੇ 'ਸਟੱਨ ਗਰਨੇਡਾਂ' ਨਾਲ ਜੁਝਾਰੂ ਸਿੰਘਾਂ ਦੇ ਦਿਲਾਂ ਅੰਦਰ ਹੌਲ ਪਾ ਦੇਵੇਗਾ। ਪਰ ਸਿੰਘਾਂ ਨੇ ਇਨ੍ਹਾਂ 'ਸਟੱਨ ਗਰਨੇਡਾਂ' ਨੂੰ ਦੀਵਾਲੀ ਦੇ ਪਟਾਕਿਆਂ ਤੋਂ ਵੱਧ ਨਹੀਂ ਜਾਣਿਆ।** ਛੇਆਂ ਘੰਟਿਆਂ ਦੀਆਂ ਜੀਅ-ਤੋੜ ਕੋਸ਼ਿਸ਼ਾਂ ਦੇ ਬਾਵਜੂਦ ਅਤੇ ਕਲਪਨਾ ਨਾਲੋਂ ਕਿਤੇ ਵੱਧ ਜਾਨੀ ਨੁਕਸਾਨ ਕਰਾ ਬੈਠਨ ਤੋਂ ਬਾਅਦ ਵੀ ਫ਼ੌਜ ਦਾ ਅਕਾਲ ਤਖ਼ਤ ਵੱਲ ਵਧਣਾ ਮੁਹਾਲ ਬਣਿਆ ਰਿਹਾ।...ਬਾਅਦ ਵਿੱਚ ਜਨਰਲ ਬਰਾੜ ਨੇ ਇਹ ਗੱਲ ਨਿੱਝਕ ਮੰਨੀ ਕਿ ਅਕਾਲ ਤਖ਼ਤ ਦੇ ਸਾਹਮਣੇ ਵਾਲਾ ਵਿਹੜਾ ਉਨ੍ਹਾਂ ਲਈ ਮੁੱਖ-ਕਤਲਗਾਹ ਸਾਬਤ ਹੋਇਆ (ਕੁਲਦੀਪ ਸਿੰਘ ਬਰਾੜ : ਅਪਰੇਸ਼ਨ ਬਲੂ ਸਟਾਰ-ਏ ਟਰੂ ਸਟੋਰੀ, ਸਫ਼ਾ 89)। ਜਨਰਲ ਦਿਆਲ ਨੂੰ ਵੀ ਸਿੰਘਾਂ ਦੇ ਲੜਾਕੂ ਜਜ਼ਬੇ ਤੇ ਬਹਾਦਰੀ ਦਾ ਇਹ ਕਹਿੰਦਿਆਂ ਹੋਇਆਂ ਲੋਹਾ ਮੰਨਣਾ ਪਿਆ ਕਿ, "ਮੈਂ ਆਪਣੇ ਫ਼ੌਜੀ ਜੀਵਨ ਦੇ ਤੀਹ ਵਰ੍ਹਿਆਂ ਅੰਦਰ ਇਸ ਤਰ੍ਹਾਂ ਦੀ 'ਫ਼ਾਇਰ ਪਾਵਰ' ਨਹੀਂ ਦੇਖੀ, ਪਾਕਿਸਤਾਨ ਨਾਲ ਜੰਗ ਦੇ ਦੌਰਾਨ ਵੀ ਨਹੀਂ (ਕੁਲਦੀਪ ਨਈਅਰ ਤੇ ਖ਼ੁਸ਼ਵੰਤ ਸਿੰਘ : ਉਪਰੋਕਤ, ਸਫ਼ਾ 144)।

ਉਸ ਵੇਲੇ ਅੰਮ੍ਰਿਤਸਰ ਦਾ ਡਿਪਟੀ ਕਮਿਸ਼ਨਰ ਗੁਰਦੇਵ ਸਿੰਘ ਸੀ। ਉਸ ਨੇ ਰਸਮੀ ਤੌਰ ਤੇ ਵੀ ਦਰਬਾਰ ਸਾਹਿਬ 'ਤੇ ਹਮਲੇ ਦੀ ਮਨਜ਼ੂਰੀ ਦੇਣ ਵਾਸਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ। ਇਸ ਤੇ ਉਸ ਨੂੰ ਛੁੱਟੀ ਤੇ ਭੇਜ ਕੇ ਉਸ ਦੀ ਥਾਂ 'ਤੇ ਰਮੇਸ਼ ਇੰਦਰ ਸਿੰਘ ਨੂੰ ਲਾ ਦਿੱਤਾ ਗਿਆ ਜਿਸ ਨੇ ਚੁੱਪ-ਚਾਪ ਦਸਤਖ਼ਤ ਕਰ ਦਿੱਤੇ। (ਰਮੇਸ਼ ਇੰਦਰ ਨੂੰ ਬਾਦਲ ਨੇ ਚੀਫ਼ ਮਨਿਸਟਰ ਬਣਨ 'ਤੇ ਦੋਵੇਂ ਵਾਰ ਆਪਣਾ ਚੀਫ਼ ਸੈਕਟਰੀ ਲਾਇਆ। ਇਸ ਤੋਂ ਇਹ ਵੀ ਸ਼ੱਕ ਪੈਂਦਾ ਹੈ ਕਿ ਇਸ ਹਮਲੇ ਦਾ ਬਾਦਲ ਨੂੰ ਜ਼ਰੂਰ ਪਤਾ ਸੀ)। .... (ਇਹ ਕੋਰਾ ਝੂਠ ਹੈ ਕਿ ਗਿਆਨੀ ਜ਼ੈਲ ਸਿੰਘ ਨੂੰ ਹਮਲੇ ਦਾ ਪਤਾ ਨਹੀਂ ਸੀ ਤੇ ਉਸਨੇ ਦਸਤਖ਼ਤ ਨਹੀਂ





ਸਨ ਕੀਤੇ। ਦਰਅਸਲ ਇਹ ਹਮਲਾ ਉਸਦੀ ਮਰਜ਼ੀ ਨਾਲ ਹੋਇਆ ਸੀ।")। [ਡਾ. ਹਰਜਿੰਦਰ ਸਿੰਘ ਦਿਲਗੀਰ : ਉਪਰੋਕਤ, ਸਫ਼ੇ 1301-09; ਅਜਮੇਰ ਸਿੰਘ ਉਪਰੋਕਤ, ਸਫ਼ੇ 420-428]।

ਨੋਟ : ਦਰਬਾਰ ਸਾਹਿਬ 'ਤੇ ਹਮਲੇ ਦੌਰਾਨ ਭਾਰਤੀ ਫ਼ੌਜ ਨੂੰ ਸ਼ਰਮਨਾਕ ਹਾਰ ਦਾ ਮੂੰਹ ਦੇਖਣਾ ਪਿਆ ਸੀ ਅਤੇ ਜੁਝਾਰੂ ਸਿੰਘਾਂ ਦੀ ਸ਼ਾਨਦਾਰ ਜਿੱਤ ਹੋਈ ਸੀ - **ਜਿੱਤ ਜਾਂ ਹਾਰ ਦਾ ਫ਼ੈਸਲਾ, 'ਲੜਾਈ ਦਾ ਭੌਤਕ ਮੈਦਾਨ ਕਿਸ ਧਿਰ ਦੇ ਹੱਥ ਰਹਿੰਦਾ ਹੈ', ਸਿਰਫ਼ ਇਸੇ ਮਾਪਦੰਡ ਨਾਲ ਨਹੀਂ ਕੀਤਾ ਜਾ ਸਕਦਾ ਬਲਕਿ ਆਖ਼ਰੀ ਦਮ ਤੱਕ, ਅਪਣੇ ਮਿਸ਼ਨ ਦੀ ਪੂਰਤੀ ਲਈ ਦ੍ਰਿੜ ਸੰਕਲਪ ਰਹਿ ਕੇ ਦੁਸ਼ਮਣ ਨੂੰ ਟੱਕਰ ਦੇਣ ਲਈ ਚੜ੍ਹਦੀ ਕਲਾ ਵਿੱਚ ਰਹਿਣ ਦੀ ਮਾਨਸਿਕ ਅਵੱਸਥਾ ਹੀ ਇਸ ਦਾ ਅੰਤਮ ਨਿਰਣਾ ਕਰਦੀ ਹੈ ਕਿ 'ਜਿੱਤ ਕਿਸ ਦੀ ਹੋਈ'।** ਸਿੱਖ ਇਤਿਹਾਸ ਇਸ ਸੱਚਾਈ ਦਾ ਗਵਾਹ ਹੈ ਕਿ 1905 ਦੀ ਅਨੰਦਪੁਰ ਸਾਹਿਬ ਦੀ ਆਖ਼ਰੀ ਜੰਗ, ਦਸੰਬਰ 1705 ਦੀ ਚਮਕੌਰ ਸਾਹਿਬ ਦੀ ਜੰਗ, ਉਸਤੋਂ ਪਿੱਛੋਂ 1706 ਵਿੱਚ ਮੁਕਤਸਰ (ਖਿਦਰਾਣੇ ਦੀ ਢਾਬ) ਦੀ ਜੰਗ, ਅਪ੍ਰੈਲ 1715 ਵਿੱਚ ਗੁਰਦਾਸ ਨੰਗਲ ਦੀ ਜੰਗ, ਮਈ 1746 ਵਿੱਚ ਪਹਿਲਾ ਘਲੂਘਾਰਾ, 1757 ਵਿੱਚ ਕਿਲ੍ਹਾ ਰਾਮਰੌਣੀ (ਹੁਣ ਗੁਰਦੁਆਰਾ ਸ਼ਹੀਦਾਂ), ਫ਼ਰਵਰੀ 1762 ਵਿੱਚ ਦੂਜਾ ਵੱਡਾ ਘਲੂਘਾਰਾ, 1764 ਵਿੱਚ ਅਕਾਲ ਤਖ਼ਤ/ਦਰਬਾਰ ਸਾਹਿਬ ਦੀ ਜੰਗ ਅਤੇ 12-9-1897 ਨੂੰ 36 ਸਿੱਖ ਪਲਟਨ ਦੇ 21 ਸਿੰਘਾਂ ਵੱਲੋਂ ਹਜ਼ਾਰਾਂ ਜਹਾਦੀਆਂ ਦੇ ਖ਼ਿਲਾਫ਼ ਸਾਰਾਗੜ੍ਹੀ ਦੀ ਜੰਗ, ਭਾਵੇਂ ਸਾਰੀਆਂ ਹੀ ਬੇਮੇਚਵੀਆਂ ਜੰਗਾਂ ਸਨ, ਪਰ ਇਨ੍ਹਾਂ ਸਾਰੀਆਂ ਹੀ ਜੰਗਾਂ ਵਿੱਚ ਸਿੱਖ ਫ਼ੌਜਾਂ ਜਿੱਤ-ਹਾਰ ਦੇ ਸਹੀ ਮਾਅਨਿਆਂ ਵਿੱਚ 'ਜੇਤੂ' ਰਹੀਆਂ ਸਨ। **ਇੱਕ ਬਹੁਤ ਹੀ ਮਹੱਤਵਪੂਰਨ ਨੁਕਤਾ ਜੋ ਨੋਟ ਕਰਨ ਵਾਲਾ ਹੈ, ਉਹ ਇਹ ਹੈ ਕਿ ਇਨ੍ਹਾਂ ਅਸਾਵੀਆਂ ਜੰਗਾਂ ਵਿੱਚ ਜੇਤੂ ਰਹਿਣ ਦਾ ਰਾਜ, ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਹੋਏ ਆਲਮਗੀਰੀ ਸਿੱਖ ਫ਼ਲਸਫ਼ੇ ਦੇ ਆਧਾਰ 'ਤੇ ਅਰੰਭ ਹੋਇਆ ਲਾਸਾਨੀ ਸਿੱਖ ਇਨਕਲਾਬ ਹੀ ਹੈ ਕਿਉਂਕਿ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤੇ ਗੁਰਮਤਿ ਫ਼ਲਸਫ਼ੇ (ਸਿੱਖ ਸਿਧਾਂਤ) ਦੇ ਅਮਲੀ ਤੌਰ ਤੇ ਧਾਰਨੀ ਖ਼ਾਲਸਾ ਜੀ ਨੂੰ ਦੁਨੀਆਂ ਦੀ ਕੋਈ ਤਾਕਤ ਝੁਕਾ ਨਹੀਂ ਸਕੀ ਅਤੇ ਨਾ ਹੀ ਝੁਕਾ ਸਕੇਗੀ। ਇਸ ਫ਼ਲਸਫ਼ੇ ਦੇ ਧਾਰਨੀ ਮਨੁੱਖ ਦਾ ਕਿਰਦਾਰ, ਗੁਰੂ ਬਾਣੀ ਵਿੱਚ ਇੰਜ ਦਰਜ ਕੀਤਾ ਮਿਲਦਾ ਹੈ :**

*ਸੂਰਾ ਸੋ ਪਹਿਚਾਨੀਐ, ਜੁ ਲਰੈ ਦੀਨ ਕੇ ਹੇਤ॥*
*ਪੁਰਜਾ ਪੁਰਜਾ ਕਟਿ ਮਰੈ, ਕਬਹੂ*
*ਨਾ ਛਾਡੈ ਖੇਤੁ॥ (ਕਬੀਰ ਜੀ, ੧੧੦੪)*

ਅਰਥ : ਉਸ ਮਨੁੱਖ ਨੂੰ ਭੀ ਸੂਰਮਾ ਸਮਝਣਾ ਚਾਹੀਦਾ ਹੈ ਜੋ ਗ਼ਰੀਬਾਂ ਦੀ ਖ਼ਾਤਰ (ਧਰਮ ਦੇ ਸਿਧਾਂਤ ਦੀ ਪਾਲਣਾ ਕਰਨ ਦੀ ਖ਼ਾਤਰ) ਲੜਦਾ ਹੈ (ਅਤੇ ਇਸ ਤਰ੍ਹਾਂ ਜੂਝਦਾ ਹੋਇਆ) ਟੋਟੇ ਟੋਟੇ ਤਾਂ ਹੋ ਸਕਦਾ ਹੈ, ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ (ਮਨੋਂ ਹਾਰ ਨਹੀਂ ਮੰਨਦਾ), ਪਿਛਾਂਹ ਪੈਰ ਨਹੀਂ ਹਟਾਂਦਾ (ਆਪਣੀ ਜਿੰਦ ਬਚਾਉਣ ਦੀ ਖਾਤਰ ਸਿਧਾਂਤ ਦੀ ਪਾਲਣਾ ਕਰਨ ਦੀ ਜਿੰਮੇਵਾਰੀ ਨੂੰ ਆਂਚ ਨਹੀਂ ਆਉਣ ਦੇਂਦਾ)।

ਇਹ ਇੱਕ ਐਸਾ ਇਨਕਲਾਬ ਹੈ ਜੋ ਰਹਿੰਦੀ ਦੁਨੀਆਂ ਤੱਕ ਚਲਦਾ ਰਹੇਗਾ, ਕਿਉਂਕਿ ਇਸ ਇਨਕਲਾਬ ਦਾ ਨਿਸ਼ਾਨਾ ਸਮੁੱਚੇ ਸੰਸਾਰ ਵਿੱਚ ਇੱਕ 'ਸਦੀਵਕਾਲੀ' 'ਰੱਬੀ ਧਰਮ ਦਾ ਰਾਜ' ਕਾਇਮ ਕਰਨਾ ਹੈ।

## ਫ਼ਿਰਕੂ ਵਹਿਸ਼ਤ ਦਾ ਨੰਗਾ ਨਾਚ

"ਯੁੱਧ ਦੀ ਪ੍ਰਵਾਨਤ ਮਰਿਆਦਾ ਤੇ ਕੌਮਾਂਤਰੀ ਕਾਨੂੰਨਾਂ ਮੁਤਾਬਿਕ, ਲੜਾਈ ਦਾ ਅੰਤ ਹੋ ਜਾਣ ਤੋਂ ਬਾਅਦ ਭਾਰਤੀ ਫ਼ੌਜ ਦਾ ਦਰਬਾਰ ਸਾਹਿਬ ਸਮੂਹ ਅੰਦਰ ਘਿਰੇ ਹੋਏ ਨਿਹੱਥੇ ਲੋਕਾਂ, ਜਿਨ੍ਹਾਂ ਦਾ ਇਸ ਹਥਿਆਰਬੰਦ ਟੱਕਰ ਨਾਲ ਕੋਈ ਸਿੱਧਾ ਸਬੰਧ ਨਹੀਂ ਸੀ, ਨਾਲ ਤਹਿਜ਼ੀਬ-ਯਾਫ਼ਤਾ ਢੰਗ ਨਾਲ ਪੇਸ਼ ਆਉਂਣਾ ਬਣਦਾ ਸੀ। ਉਹ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਸਕਦੀ ਸੀ, ਉਨ੍ਹਾਂ ਦੀਆਂ ਤਲਾਸ਼ੀਆਂ ਲੈ ਸਕਦੀ ਸੀ, ਸ਼ੱਕੀ ਵਿਅਕਤੀਆਂ ਦੀ ਲੋੜੀਂਦੀ ਤਹਿਕੀਕਾਤ ਤੇ ਤਫ਼ਤੀਸ਼ ਕਰ ਸਕਦੀ ਸੀ ਅਤੇ ਉਨ੍ਹਾਂ ਦੀਆਂ ਨਜ਼ਰਾਂ ਵਿੱਚ ਦੋਸ਼ੀ ਵਿਅਕਤੀਆਂ ਖ਼ਿਲਾਫ਼ ਮੁਕੱਦਮੇ ਦਾਇਰ ਕਰ ਸਕਦੀ ਸੀ ਤੇ ਉਨ੍ਹਾਂ ਨੂੰ ਜੇਲ੍ਹਾਂ ਅੰਦਰ ਡੱਕ ਸਕਦੀ ਸੀ। ਸਿੱਖ ਕੌਮ ਦੀਆਂ ਜਾਨਾਂ ਤੋਂ ਵੀ ਵੱਧ ਪਿਆਰੀਆਂ ਪਵਿੱਤਰ ਤੇ ਇਤਿਹਾਸਕ ਇਮਾਰਤਾਂ ਦਾ ਲੜਾਈ ਦੇ ਦੌਰਾਨ ਜੋ ਨੁਕਸਾਨ ਹੋਣਾ ਸੀ ਉਹ ਹੋ ਚੁੱਕਾ ਸੀ। ਜੰਗ ਖ਼ਤਮ ਹੋਣ ਤੋਂ ਬਾਅਦ ਇਨ੍ਹਾਂ ਇਮਾਰਤਾਂ ਨੂੰ ਜਾਂ ਇਨ੍ਹਾਂ ਦੇ ਕਿਸੇ ਵੀ ਹਿੱਸੇ ਨੂੰ ਹੋਰ ਨੁਕਸਾਨ ਪਹੁੰਚਾਉਂਣ ਦੀ ਕੋਈ ਵਜ੍ਹਾ ਨਹੀਂ ਸੀ ਬਣਦੀ।

ਪਰ 6 ਜੂਨ ਨੂੰ ਦੁਪਹਿਰ ਤੱਕ ਲੜਾਈ ਦੇ ਪੂਰੀ ਤਰ੍ਹਾਂ ਖ਼ਤਮ ਹੋ ਜਾਣ ਤੋਂ ਬਾਅਦ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਵਹਿਸ਼ਤ ਦਾ ਜੋ ਨੰਗਾ ਨਾਚ ਨੱਚਿਆ, ਉਸ ਤੋਂ ਇਹ ਨਿਰਣਾ ਕੱਢਣਾ ਔਖਾ ਨਹੀਂ ਕਿ ਹਿੰਦੂ ਹਾਕਮਾਂ ਦੀ ਲੜਾਈ ਉਨ੍ਹਾਂ ਨੂੰ ਸਿੱਧੇ-ਮੱਥੇ ਚੁਣੌਤੀ ਦੇਣ ਵਾਲੇ ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਤੇ ਉਸਦੇ ਜੁਝਾਰੂ ਸਮਰਥਕਾਂ ਨਾਲ ਹੀ ਨਹੀਂ ਸੀ। ਉਹ ਅਪਣੇ ਮਨਾਂ ਅੰਦਰ ਸਿੱਖ ਧਰਮ ਤੇ ਸਿੱਖ ਕੌਮ ਦੇ ਖ਼ਿਲਾਫ਼ ਕੋਈ ਬਹੁਤ ਹੀ ਗਹਿਰੀ ਤੇ ਚਿਰਾਂ ਪੁਰਾਣੀ ਖ਼ਾਰ ਛੁਪਾਈ ਬੈਠੇ ਸਨ ਅਤੇ ਆਪਣੀ ਇਹ ਵਿਹੁ ਲਾਹੁਣ ਲਈ ਉਹ ਕਿਸੇ ਢੁਕਵੇਂ ਮੌਕੇ ਤੇ ਬਹਾਨੇ ਦੀ ਤਲਾਸ਼





ਵਿੱਚ ਸਨ। ਨਹੀਂ ਤਾਂ ਕਈ ਗੱਲਾਂ ਦੀ ਉੱਕਾ ਹੀ ਕੋਈ ਸਮਝ ਨਹੀਂ ਆਉਂਦੀ। ਉਦਾਹਰਣ ਵਜੋਂ ਸਭ ਤੋਂ ਮੁੱਢਲੀ ਤੇ ਪਹਿਲੀ ਗੱਲ ਇਹ ਕਿ ਜਦ ਹਿੰਦੂ ਹਾਕਮਾਂ ਨੂੰ ਇਸ ਗੱਲ ਦਾ ਚੰਗਾ ਭਲਾ ਗਿਆਨ ਸੀ ਕਿ ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਪੁਰਬ 'ਤੇ ਸਿੱਖ ਸੰਗਤਾਂ ਲਾਜ਼ਮੀ ਤੌਰ 'ਤੇ ਵੱਡੀ ਗਿਣਤੀ ਵਿੱਚ ਦਰਬਾਰ ਸਾਹਿਬ ਦੇ ਦਰਸ਼ਨ-ਇਸ਼ਨਾਨ ਕਰਨ ਲਈ ਆਉਂਦੀਆਂ ਹਨ, ਤਾਂ ਫਿਰ ਉਨ੍ਹਾਂ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਲਈ ਇਹ ਪਵਿੱਤਰ ਦਿਹਾੜਾ ਹੀ ਕਿਉਂ ਚੁਣਿਆ ? ਇਹ ਹਮਲਾ ਦੋ ਦਿਨ ਪਹਿਲਾਂ ਜਾਂ ਦੋ ਦਿਨ ਪਛੜ ਕੇ ਵੀ ਕਰ ਸਕਦੇ ਸਨ। ਇਸ ਵਿੱਚ ਕੋਈ ਵੀ ਅਮਲੀ ਮੁਸ਼ਕਲ ਨਹੀਂ ਸੀ। ਇਸ ਬਾਰੇ ਇੱਕ ਸਫ਼ਾਈਨੁਮਾ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਸੰਤ ਲੌਂਗੋਵਾਲ ਨੇ 3 ਜੂਨ ਤੋਂ ਨਾਮਿਲਵਰਤਨ ਅੰਦੋਲਨ ਚਲਾਉਂਣ ਤੇ ਪੰਜਾਬ ਤੋਂ ਅਨਾਜ ਤੇ ਹੋਰਨਾਂ ਵਸਤਾਂ ਦੀ ਢੋਅ-ਢੁਆਈ ਠੱਪ ਕਰ ਦੇਣ ਦਾ ਐਲਾਨ ਕਰ ਰੱਖਿਆ ਹੋਇਆ ਸੀ, ਜਿਸ ਕਰਕੇ ਭਾਰਤ ਸਰਕਾਰ ਲਈ ਇਹ ਕਾਰਵਾਈ ਹੋਰ ਪਛੇਤੀ ਪਾਉਂਣੀ ਸੰਭਵ ਨਹੀਂ ਸੀ ਰਹਿ ਗਈ। ਪਹਿਲੀ ਗੱਲ ਤਾਂ ਸੰਤ ਲੌਂਗੋਵਾਲ ਦੇ ਇਸ ਸੱਦੇ ਦੇ ਅਸਲੀ ਅਰਥਾਂ ਤੇ ਇਸ ਦੀ ਭਾਵਨਾ ਨੂੰ ਬਹੁਤ ਹੀ ਵਿਗਾੜ ਕੇ ਪੇਸ਼ ਕੀਤਾ ਗਿਆ ਹੈ। ਕਿਸੇ ਵੀ ਹਿਸਾਬ ਨਾਲ ਇਸ ਸੱਦੇ ਦਾ ਇਹ ਅਰਥ ਕਦਾਚਿਤ ਨਹੀਂ ਸੀ ਬਣਦਾ ਕਿ 3 ਜੂਨ ਤੋਂ ਬਾਅਦ ਪੰਜਾਬ ਅੰਦਰ ਬਗ਼ਾਵਤ ਦੇ ਭਾਂਬੜ ਬਲ ਪੈਣੇ ਸਨ ਜਾਂ ਹੇਠਲੀ ਉੱਤੇ ਹੋ ਜਾਣੀ ਸੀ। ਜਿਸ ਨੂੰ ਅਕਾਲੀ ਲੀਡਰਸ਼ਿਪ ਦੀ ਰਾਜਸੀ ਵਿਚਾਰਧਾਰਾ ਤੇ ਉਸ ਦੀ ਉਸ ਮੌਕੇ ਦੀ ਮਨੋਦਸ਼ਾ ਦਾ ਥੋੜ੍ਹਾ ਬਹੁਤ ਵੀ ਗਿਆਨ ਸੀ, ਉਹ ਇਹ ਸਮਝਣ ਵਿੱਚ ਉਕਾਈ ਨਹੀਂ ਸੀ ਕਰ ਸਕਦਾ ਕਿ ਸੰਤ ਲੌਂਗੋਵਾਲ ਦੁਆਰਾ ਅਤਿ ਦਰਜੇ ਦੀ ਰਾਜਨੀਤਕ ਮਜ਼ਬੂਰੀ-ਵੱਸ ਦਿੱਤੇ ਗਏ ਇਸ ਸੱਦੇ ਦਾ ਇੱਕ ਸੰਕੇਤਕ ਕਾਰਵਾਈ ਤੋਂ ਵੱਧ ਹੋਰ ਕੋਈ ਅਰਥ ਤੇ ਮਹੱਤਵ ਨਹੀਂ ਸੀ। ਇੰਦਰਾ ਗਾਂਧੀ ਤੇ ਉਸਦੀ ਸਲਾਹਕਾਰ ਜੁੰਡਲੀ ਕੋਲੋਂ ਇਹ ਰਾਜਸੀ ਤੱਥ ਕਿਸੇ ਵੀ ਤਰ੍ਹਾਂ ਗੁੱਝਾ ਨਹੀਂ ਸੀ। ਖ਼ੈਰ, ਜੇਕਰ ਦਲੀਲ ਦੀ ਖਾਤਰ ਇਹ ਗੱਲ ਮੰਨ ਵੀ ਲਈ ਜਾਵੇ ਤਾਂ ਵੀ ਫ਼ੌਜੀ ਕਾਰਵਾਈ ਦੇ ਦੋ ਦਿਨ ਅਗੇਤੀ ਸ਼ੁਰੂ ਕਰਨ ਵਿੱਚ ਕੀ ਮੁਸ਼ਕਲ ਸੀ ? ਭਾਰਤ ਸਰਕਾਰ ਚਾਹੁੰਦੀ ਤਾਂ ਉਹ ਸੌਖ ਨਾਲ ਹੀ ਅਜਿਹਾ ਕਰ ਸਕਦੀ ਸੀ। **ਭਾਰਤੀ ਹਾਕਮਾਂ ਵੱਲੋਂ, ਜਾਂ ਉਨ੍ਹਾਂ ਦੇ 'ਸਫ਼ਾਈ ਦੇ ਵਕੀਲਾਂ' ਵੱਲੋਂ ਅੱਜ ਤੱਕ ਇਸ ਭੇਦ-ਭਰੇ ਸੁਆਲ ਦਾ ਕੋਈ ਸੰਤੋਸ਼ਜਨਕ ਜੁਆਬ ਨਹੀਂ ਦਿੱਤਾ ਜਾ ਸਕਿਆ ਕਿ ਸਿੱਖ ਕੌਮ ਉੱਤੇ ਇਹ ਕਹਿਰ ਢਾਹੁਣ ਲਈ ਪੰਜਵੇਂ ਪਾਤਿਸ਼ਾਹ ਦੇ ਸ਼ਹੀਦੀ ਪੁਰਬ ਦਾ ਪਵਿੱਤਰ ਦਿਹਾੜਾ ਹੀ ਕਿਉਂ ਚੁਣਿਆ ਗਿਆ,** ਕੋਈ ਹੋਰ ਬਦਲਵਾਂ ਦਿਨ ਕਿਉਂ ਨਹੀਂ ? [ਇਸ ਸੰਬੰਧ ਵਿੱਚ ਆਮ ਪ੍ਰਚੱਲਤ ਇਹ ਅਫ਼ਵਾਹ ਕਿ, ਸੋਵੀਅਤ ਯੂਨੀਅਨ ਦੀ ਸਰਕਾਰੀ ਖੁਫ਼ੀਆ ਏਜੰਸੀ - ਕੇ. ਜੀ.ਬੀ. - ਨੇ ਇੰਦਰਾ ਗਾਂਧੀ ਨੂੰ ਪਾਕਿਸਤਾਨ ਦੀ ਭਾਰਤ ਉੱਤੇ ਹਮਲਾ ਕਰਨ ਦੀ 'ਗੁਪਤ ਯੋਜਨਾ' ਬਾਰੇ 'ਝੂਠੀ ਜਾਣਕਾਰੀ' ਦੇ ਕੇ ਉਸ ਨੂੰ ਦਰਬਾਰ ਸਾਹਿਬ ਉੱਤੇ ਕਾਹਲੀ ਨਾਲ ਹਮਲਾ ਕਰਨ ਲਈ ਉਕਸਾਇਆ, ਜਾਣਬੁੱਝ ਕੇ ਫੈਲਾਇਆ ਗਿਆ ਝੂਠ ਹੈ, ਜਿਸ ਦਾ ਪ੍ਰੱਤਖ ਉਦੇਸ਼ ਦਰਬਾਰ

ਸਾਹਿਬ ਉੱਤੇ ਫ਼ੌਜੀ ਹਮਲੇ ਲਈ ਗ਼ਲਤ ਮੌਕਾ ਚੁਣਨ ਦੇ ਕਰਮ ਨੂੰ ਵਾਜਬ ਠਹਿਰਾਉਂਣਾ ਹੈ।]

**ਕੁਝ ਵੀ ਹੋਵੇ, 6 ਜੂਨ ਦੀ ਦੁਪਹਿਰ ਤੱਕ ਸਿੱਖ ਜੁਝਾਰੂਆਂ ਦੀ ਲੜਾਕੂ ਸ਼ਕਤੀ ਨੂੰ ਪੂਰੀ ਤਰ੍ਹਾਂ ਨਕਾਰਾ ਕਰ ਦੇਣ ਤੋਂ ਬਾਅਦ ਭਾਰਤੀ ਫ਼ੌਜ ਨੇ ਦਰਬਾਰ ਸਾਹਿਬ ਦੇ ਅਹਾਤੇ ਅੰਦਰ ਘਿਰੇ ਨਿਹੱਥੇ ਅਤੇ ਨਿਰਦੋਸ਼ ਸਿੱਖਾਂ ਉੱਤੇ ਜਿਵੇਂ ਆਪਣਾ ਗੁੱਸਾ ਕੱਢਿਆ, ਉਸ ਨਾਲ ਭਾਰਤ ਦੇ ਹਿੰਦੂ ਹਾਕਮਾਂ ਦੀ ਸਿੱਖ-ਦੁਸ਼ਮਣੀ ਤੇ ਭਾਰਤੀ ਰਾਜ ਦੀ ਫ਼ਿਰਕੂ-ਫਾਸ਼ੀ ਖ਼ਸਲਤ ਨੰਗੇ ਰੂਪ ਵਿੱਚ ਪ੍ਰਗਟ ਹੋ ਗਈ।**...ਦਰਬਾਰ ਸਾਹਿਬ ਸਮੂਹ ਵਿੱਚ ਹਰ ਜਿਉਂਦੇ-ਜੀਅ ਨੂੰ ਹੱਥ ਖੜ੍ਹੇ ਕਰਵਾਕੇ ਬਾਹਰ ਕੱਢ ਲਿਆਂਦਾ ਗਿਆ। ਜਿਸ ਨੂੰ ਜੀਅ ਕੀਤਾ ਗੋਲੀ ਮਾਰ ਦਿੱਤੀ ਗਈ। ਜਿਸ ਦੇ ਜੀਅ ਕੀਤਾ ਸੰਗੀਨ ਖੋਭ ਦਿੱਤੀ ਗਈ। ਨਿਰਦੋਸ਼ ਅਤੇ ਦੋਸ਼ੀ ਵਿੱਚ ਕੋਈ ਨਿਖੇੜਾ ਨਾ ਕੀਤਾ ਗਿਆ। ਨਾ ਕਿਸੇ ਦੀ ਉਮਰ ਦਾ ਲਿਹਾਜ਼ ਕੀਤਾ। ਨਾ ਲਿੰਗ-ਜ਼ਾਤ ਦਾ ਹੀ ਕੋਈ ਖ਼ਿਆਲ ਰੱਖਿਆ ਗਿਆ। **ਬੱਚੇ, ਬੁੱਢੇ, ਮਰਦ, ਔਰਤ ਨਾਲ ਇੱਕ ਵਾਢਿਓਂ ਇੱਕੋ ਜਿਹਾ ਵਹਿਸ਼ੀ ਸਲੂਕ ਕੀਤਾ ਗਿਆ। ਬਹੁਤਿਆਂ ਨੂੰ ਪੁੱਠੀਆਂ ਮੁਸ਼ਕਾਂ ਦੇ ਕੇ ਘੰਟਿਆਂ-ਬੱਧੀ ਭੁੱਖਣ-ਭਾਣੇ ਧੁੱਪੇ ਸੁੱਕਣੇ ਪਾਈ ਰੱਖਿਆ। ਜਿਸ ਦੇ ਜੀਅ ਕੀਤਾ ਠੁੱਡਾ ਮਾਰ ਦਿੱਤਾ। ਜਦ ਜੀਅ ਕੀਤਾ ਗਾਲ੍ਹ ਕੱਢ ਦਿੱਤੀ। ਸਿੱਖੀ ਚਿਨ੍ਹਾਂ ਦਾ ਨਿਰਾਦਰ ਕਰਨਾ ਹਿੰਦੂ ਫ਼ੌਜੀਆਂ ਦਾ ਆਮ ਸ਼ੁਗਲ ਬਣਿਆ ਹੋਇਆ ਸੀ। ਦਰਬਾਰ ਸਾਹਿਬ ਅਹਾਤੇ ਅੰਦਰ ਜਗ੍ਹਾ-ਜਗ੍ਹਾ ਬੀੜੀਆਂ ਪੀਂਦੇ ਹਿੰਦੂ ਫ਼ੌਜੀ ਆਮ ਦੇਖੇ ਗਏ। ਕਿਸੇ ਨੇ ਰਤਾ ਵੀ ਹੀਲ-ਹੁਜਤ ਕੀਤੀ ਤਾਂ ਉਸ ਨੂੰ ਖੜ੍ਹੇ ਪੈਰ ਗੋਲੀ ਮਾਰ ਦਿੱਤੀ ਗਈ। ਕਮਰਿਆਂ ਅੰਦਰ ਅੰਨ੍ਹੇ-ਵਾਹ ਹੱਥ-ਗੋਲੇ ਸੁੱਟ ਕੇ ਨਿਰਦੋਸ਼ ਜੀਆਂ ਦੇ ਚੀਥੜੇ ਉਡਾ ਦਿੱਤੇ ਗਏ (ਗੁਰਮੀਤ ਸਿੰਘ ਚੀਮਾ, ਸਾਬਕਾ ਪ੍ਰੈਸ ਸਕੱਤਰ, ਸ਼੍ਰੋਮਣੀ ਅਕਾਲੀ ਦਲ : ਸਿੱਖ ਸ਼ਹਾਦਤ, ਜੂਨ 2000, ਸਫ਼ੇ 17-19)। ਅੰਦਰ ਘਿਰੇ ਲੋਕਾਂ ਨੂੰ ਤਿੰਨ ਦਿਨਾਂ ਤੋਂ ਪਾਣੀ ਦੀ ਇੱਕ ਘੁੱਟ ਵੀ ਨਸੀਬ ਨਹੀਂ ਸੀ ਹੋਈ। ਜੇਕਰ ਪਿਆਸ ਨਾਲ ਤੜਫਦੇ ਕਿਸੇ ਜੀਅ ਨੇ ਫ਼ੌਜੀਆਂ ਨੂੰ ਰੱਬ ਦੇ ਬੰਦੇ ਸਮਝਕੇ ਉਨ੍ਹਾਂ ਕੋਲੋਂ ਪਾਣੀ ਦਾ ਘੁੱਟ ਮੰਗਣ ਦੀ 'ਗ਼ੁਸਤਾਖ਼ੀ' ਕਰ ਲਈ ਤਾਂ ਉਸ ਉੱਤੇ ਅਤਿ ਨਿਰਦਈਪੁਣੇ ਨਾਲ ਫ਼ਿਰਕੂ ਮਿਹਣਿਆਂ ਦੀ ਬੁਛਾੜ ਕੀਤੀ ਗਈ। ਲਾਚਾਰ ਮਾਵਾਂ ਪਿਆਸ ਨਾਲ ਵਿਲਕਦੀਆਂ ਮਾਸੂਮ ਜਿੰਦਾਂ ਦੇ ਸੁੱਕੇ ਖ਼ੁਸ਼ਕ ਬੁੱਲ੍ਹਾਂ ਨੂੰ ਲਹੂ-ਲਿੱਬੜੇ ਚਿੱਕੜ ਦੀਆਂ ਬੂੰਦਾਂ ਛੁਹਾਉਣ ਲਈ ਮਜ਼ਬੂਰ ਹੋ ਉੱਠੀਆਂ। ਗੁਰੂ ਰਾਮਦਾਸ ਸਰਾਂ ਦੇ ਇੱਕ ਕਮਰੇ (ਹਾਲ ਕਮਰਾ ਨੰ. 5) ਵਿੱਚ ਤੂੜੇ 35 ਜੀਆਂ ਦੇ, ਜਿਨ੍ਹਾਂ ਵਿੱਚ ਬੱਚੇ ਅਤੇ ਬਜ਼ੁਰਗ ਵੀ ਸਨ, ਗਰਮੀ ਤੇ ਪਿਆਸ ਨਾਲ ਤੜਫਦਿਆਂ ਪ੍ਰਾਣ ਨਿਕਲ ਗਏ।**...ਉਨ੍ਹਾਂ ਦੀਆਂ ਲੱਖਾਂ ਵਿਲਕਣੀਆਂ ਦੇ ਬਾਵਜੂਦ ਕਿਸੇ ਨੇ ਵੀ ਉਨ੍ਹਾਂ ਦਾ ਬਾਹਰੋਂ ਬੰਦ ਕੀਤਾ ਦਰਵਾਜਾ ਖੋਲ੍ਹਣ ਦੀ ਦਿਆਲਤਾ ਨਾ ਦਿਖਾਈ (ਉਪਰੋਕਤ, ਸਫ਼ਾ 18)। ਬਾਅਦ ਵਿੱਚ, ਬਹੁਤ ਸਾਰੇ ਚਸ਼ਮਦੀਦ ਗਵਾਹਾਂ ਨੇ ਮੌਕੇ ਦੀ ਸਥਿਤੀ ਦਾ ਵਰਣਨ ਕਰਦਿਆਂ ਕੁਝ ਬਹੁਤ ਹੀ ਹੌਲਨਾਕ ਪ੍ਰਸੰਗ ਬਿਆਨ ਕੀਤੇ ਕਿ ਕਿਵੇਂ ਇੱਕ ਫ਼ੌਜੀ ਜਵਾਨ ਨੇ ਇੱਕ ਦੁੱਧ ਚੁੰਘਦੇ ਬੱਚੇ ਨੂੰ ਮਾਂ ਦੀ ਬੁੱਕਲ 'ਚੋਂ ਖੋਹ ਕੇ ਕੰਧ ਨਾਲ ਪਟਕਾ ਕੇ ਮਾਰ ਦਿੱਤਾ (ਹਰਮਿੰਦਰ ਕੌਰ : ਉਪਰੋਕਤ, ਸਫ਼ਾ 38)। **ਇੱਕ ਹੋਰ ਅੱਖੀਂ ਦੇਖੀ ਹੈਵਾਨੀਅਤ : "6 ਜੂਨ ਸਵੇਰੇ 6 ਕੁ ਵਜੇ ਦਾ ਵਕਤ ਹੋਵੇਗਾ। ਇੱਕ 26-27 ਸਾਲ ਦੀ ਔਰਤ ਭਾਰਤੀ ਫ਼ੌਜ ਦੀ**





**'ਬਹਾਦਰੀ' ਦਾ ਸ਼ਿਕਾਰ ਹੋ ਕੇ ਸ਼ਹੀਦ ਹੋ ਚੁੱਕੀ ਸੀ। ਉਸ ਦਾ ਡੇਢ ਕੁ ਸਾਲ ਦਾ ਬੱਚਾ ਅਜੇ ਵੀ ਉਸ ਦੀ ਛਾਤੀ ਉੱਤੇ ਪਿਆ ਸੀ। ਫ਼ੌਜੀ ਲਾਸ਼ਾਂ ਦੇ ਵਿੱਚੋਂ ਦੀ ਲੰਘਣ ਲਈ ਰਸਤਾ ਬਣਾ ਰਹੇ ਸਨ। ਜਦੋਂ ਇੱਕ ਫ਼ੌਜੀ ਨੇ ਉਸ ਬੀਬੀ ਦੀ ਲੱਤ ਫੜ ਕੇ ਘੜੀਸੀ ਤਾਂ ਬੱਚਾ ਇੱਕ ਪਾਸੇ ਨੂੰ ਲੁੜਕ ਗਿਆ। ਇੱਕ ਹੋਰ ਫ਼ੌਜੀ ਆਇਆ ਤੇ ਉਸ ਨੇ ਡੇਢ ਕੁ ਸਾਲ ਦੇ ਬੱਚੇ ਨੂੰ ਲੱਤੋਂ ਫੜ ਕੇ ਇਸ ਤਰ੍ਹਾਂ ਲਾਸ਼ਾਂ ਦੇ ਢੇਰ 'ਤੇ ਸੁੱਟ ਦਿੱਤਾ ਜਿਵੇਂ ਮਰੇ ਚੂਹੇ ਜਾਂ ਕਤੂਰੇ ਨੂੰ ਸੁੱਟੀਦਾ ਹੈ (ਮਾਰਕ ਟੱਲੀ ਤੇ ਸਤੀਸ਼ ਜੈਕਬ: ਉਪਰੋਕਤ, ਸਫ਼ੇ 107-108)**

ਮਨੁੱਖੀ ਹੱਕਾਂ ਦੀ ਰਾਖੀ ਲਈ ਨਿਧੜਕ ਆਵਾਜ਼ ਬੁਲੰਦ ਕਰਨ ਵਾਲੀ 'ਸਿਟੀਜ਼ਨ ਫ਼ਾਰ ਡੈਮੋਕਰੇਸੀ' ਨਾਂ ਦੀ ਇੱਕ ਲੋਕ-ਹਿੱਤੂ ਜਥੇਬੰਦੀ ਨੇ ਦਰਬਾਰ ਸਾਹਿਬ ਅੰਦਰ ਫ਼ੌਜ ਦੁਆਰਾ ਢਾਹੇ ਅਣ-ਮਨੁੱਖੀ ਜ਼ੁਲਮਾਂ ਦਾ ਇੱਕ ਕੱਚਾ ਚਿੱਠਾ ਤਿਆਰ ਕੀਤਾ ਅਤੇ ਇਸ ਨੂੰ 'ਰਿਪੋਰਟ ਟੂ ਦਾ ਨੇਸ਼ਨ' ਦੇ ਅਨੁਵਾਨ ਹੇਠ ਛਾਪ ਕੇ ਵੱਡੀ ਪੱਧਰ 'ਤੇ ਵੰਡਿਆ (ਕੇਂਦਰ ਸਰਕਾਰ ਨੇ ਇਸ 'ਚਿੱਠੇ' ਉੱਤੇ ਫ਼ੌਰਨ ਪਾਬੰਦੀ ਲਾ ਦਿੱਤੀ)। ਅਕਾਲ ਰੈਸਟ ਹਾਉਸ ਦੇ ਇੱਕ ਸੇਵਾਦਾਰ (ਪ੍ਰਿਥੀਪਾਲ ਸਿੰਘ) ਨੇ ਇਸ ਜਥੇਬੰਦੀ ਕੋਲ ਆਪਣੀ ਹੱਡਬੀਤੀ ਇੰਜ ਬਿਆਨ ਕੀਤੀ : "6 ਜੂਨ ਨੂੰ ਸਵੇਰ ਦੇ ਦੋ ਵਜੇ ਫ਼ੌਜ ਵਾਲੇ ਅਕਾਲ ਰੈਸਟ ਹਾਊਸ ਅੰਦਰ ਪਹੁੰਚੇ। ਉਨ੍ਹਾਂ ਨੇ ਮੇਰੇ ਸਾਰੇ ਬਸਤਰ ਪਾੜ ਸੁੱਟੇ। ਮੈਨੂੰ ਅਲਫ਼ ਨੰਗਾ ਕਰ ਦਿੱਤਾ ਗਿਆ। ਮੇਰੀ ਗਾਤਰੇ ਵਾਲੀ ਕਿਰਪਾਨ ਖੋਹ ਲਈ। ਮੇਰਾ ਸਿਰ ਵਾਲਾ ਪਟਕਾ ਖੋਲ੍ਹ ਕੇ ਮੇਰੇ ਹੱਥ ਪਿੱਛੇ ਕਰਕੇ ਬੰਨ੍ਹ ਦਿੱਤੇ। ਉਨ੍ਹਾਂ ਮੈਨੂੰ ਵਾਲਾਂ ਤੋਂ ਫੜ ਲਿਆ ਅਤੇ ਹੋਰ ਪੰਜ ਜਣਿਆਂ, ਜੋ ਸਾਰੇ ਯਾਤਰੂ ਸਨ, ਦੇ ਨਾਲ ਸਾਨੂੰ ਪਾਣੀ ਵਾਲੀ ਢੱਠ ਚੁੱਕੀ ਟੈਂਕੀ ਦੇ ਮਲਬੇ ਕੋਲ ਲਿਜਾਕੇ ਇੱਕ ਲਾਈਨ 'ਚ ਖੜ੍ਹਾ ਕਰ ਦਿੱਤਾ ਗਿਆ। ਕੋਈ ਘੰਟਾ-ਭਰ ਸਾਨੂੰ ਨੰਗ-ਮੁਲੰਗਿਆਂ ਨੂੰ ਉਸੇ ਦਸ਼ਾ ਵਿੱਚ ਖੜ੍ਹੇ ਕਰੀ ਰੱਖਿਆ। **ਸਾਨੂੰ ਕਿਹਾ ਗਿਆ 'ਹਿਲਣਾ ਮੱਤ, ਨਹੀਂ ਤਾਂ ਗੋਲੀ ਮਾਰ ਦਿੱਤੀ ਜਾਵੇਗੀ'। ਉਹ ਸਾਨੂੰ ਰਾਈਫਲਾਂ ਦੇ ਬੱਟਾਂ ਨਾਲ ਕੁਟਦੇ ਰਹੇ। ਫਿਰ ਇੱਕ ਮੇਜਰ ਆਇਆ ਤੇ ਉਸ ਨੇ ਫ਼ੌਜੀ ਜਵਾਨ ਨੂੰ ਹੁਕਮ ਦਿੱਤਾ, 'ਇਨ ਕੋ ਗੋਲੀ ਮਾਰ ਦੋ'।** ਫਿਰ ਉਹ ਸਾਡੇ ਉੱਤੇ ਇਸ ਤਰ੍ਹਾਂ ਚਿੱਲਾਏ, 'ਆਪ ਭਿੰਡਰਾਂਵਾਲੇ ਕੇ ਚੇਲੇ ਹੋ ਨਾਂ? ਖ਼ਾਲਸਤਾਨ ਲੇਨਾ ਹੈ?' ਅਸੀਂ ਛੇ ਜਣੇ ਮੇਜਰ ਦੇ ਸਾਹਮਣੇ ਲਾਈਨ ਵਿੱਚ ਖੜ੍ਹੇ ਸਾਂ ਜਦ ਇੱਕ ਪਹਾੜੀ ਜਵਾਨ ਨੇ ਇੱਕ ਪਾਸਿਓਂ ਗੋਲੀ ਮਾਰਨੀ ਸ਼ੁਰੂ ਕਰ ਦਿੱਤੀ। ਚਾਰ ਜਣਿਆਂ ਨੂੰ ਥਾਏਂ ਢੇਰੀ ਕਰ ਦਿੱਤਾ ਗਿਆ। ਹਰ ਇੱਕ ਦੇ, ਐਨ ਨੇੜੇ ਤੋਂ, ਤਿੰਨ ਤਿੰਨ ਗੋਲੀਆਂ ਮਾਰੀਆਂ ਗਈਆਂ। ਮੇਰੀ ਵਾਰੀ ਆਉਂਣ ਹੀ ਵਾਲੀ ਸੀ ਕਿ ਇੱਕ ਸਿੱਖ ਅਫ਼ਸਰ ਬਹੁੜ ਪਿਆ ਅਤੇ ਉਸ ਨੇ ਆਉਂਦਿਆਂ ਹੀ ਹੁਕਮ ਦਿੱਤਾ 'ਗੋਲੀ ਮਾਰਨੀ ਬੰਦ ਕਰੋ'। ਇਸ ਕਰਕੇ ਮੇਰੀ ਜਾਨ ਬਚ ਗਈ। ਉਨ੍ਹਾਂ ਸਿੱਖ ਅਫ਼ਸਰ ਨੂੰ ਝੂਠ ਹੀ ਕਹਿ ਦਿੱਤਾ ਕਿ ਇਨ੍ਹਾਂ ਕੋਲੋਂ ਅਸਲਾ ਫੜਿਆ ਗਿਆ ਹੈ। ਇਸ 'ਤੇ ਉਸ ਨੇ ਸਾਨੂੰ ਇੱਕ ਕਮਰੇ 'ਚ ਬੰਦ ਕਰਨ ਦਾ ਹੁਕਮ ਦੇ ਦਿੱਤਾ। ਸਾਨੂੰ ਦੋ ਜਣਿਆਂ ਨੂੰ ਗੁਰੂ ਰਾਮਦਾਸ ਸਰਾਂ ਦੇ ਇੱਕ ਕਮਰੇ 'ਚ ਡੱਕ ਦਿੱਤਾ ਗਿਆ। ਅਗਲੇ ਦਿਨ ਸਵੇਰੇ 7-8 ਵਜੇ ਜਾਕੇ ਕਮਰੇ ਦਾ ਦਰਵਾਜਾ ਖੁਲ੍ਹਾ। ਅਸੀਂ ਸਾਰਾ ਸਮਾਂ ਤਿਹਾਏ ਮਰਦੇ ਰਹੇ। ਫਰਸ਼ ਉੱਤੇ ਲਹੂ ਹੀ ਲਹੂ ਸੀ" [(Opression in Punjab : A Report to the Nation, ਸਫ਼ਾ 67)]।

ਸ਼੍ਰੋਮਣੀ ਕਮੇਟੀ ਦੇ ਸਕੱਤਰ ਸ: ਭਾਨ ਸਿੰਘ ਨੇ ਦੱਸਿਆ: "6 ਜੂਨ ਦੀ ਸਵੇਰ ਨੂੰ ਜਦ ਸੈਂਕੜੇ ਲੋਕ ਮਾਰੇ ਜਾ ਚੁੱਕੇ ਜਾਂ ਜ਼ਖ਼ਮੀ ਹੋ ਗਏ ਸਨ ਤਾਂ ਚਾਰੇ ਪਾਸੇ ਜ਼ਖ਼ਮੀਆਂ ਦੀਆਂ ਚੀਕਾਂ ਸੁਣਾਈ ਦੇ ਰਹੀਆਂ ਸਨ। ਪਰ ਉਨ੍ਹਾਂ ਦੀ ਮਲ੍ਹਮ ਪੱਟੀ ਕਰਨ ਦਾ ਕੋਈ ਇੰਤਜਾਮ ਨਹੀਂ ਸੀ। ਕੰਪਲੈਕਸ ਦੇ ਅੰਦਰ ਰੈੱਡਕਰਾਸ ਦਾ ਕੋਈ ਵੀ ਬੰਦਾ ਨਹੀਂ ਸੀ। 18 ਤੋਂ 22 ਸਾਲ ਦੇ ਬਹੁਤ ਸਾਰੇ ਨੌਜੁਆਨਾਂ ਨੂੰ ਗੋਲੀਆਂ ਮਾਰ ਦਿੱਤੀਆਂ ਗਈਆਂ। ਇਸੇ ਤਰ੍ਹਾਂ ਕੁੱਝ ਔਰਤਾਂ ਨੂੰ ਵੀ। **ਇੱਕ ਔਰਤ ਨੇ ਆਪਣੀ ਗੋਦੀ 'ਚ ਥੋੜੇ ਕੁ ਮਹੀਨਿਆਂ ਦਾ ਬਾਲ ਚੁੱਕਿਆ ਹੋਇਆ ਸੀ ਤੇ ਉਹ ਸਾਹਮਣੇ ਆਪਣੇ ਮਰੇ ਹੋਏ ਪਤੀ ਵੱਲ ਤੱਕ ਰਹੀ ਸੀ। ਮਾਸੂਮ ਬਾਲ ਵੀ ਫ਼ੌਜ ਦੀ ਗੋਲੀ ਨਾਲ ਮਰ ਚੁੱਕਾ ਹੋਇਆ ਸੀ। ਜਦ ਉਸ ਔਰਤ ਨੇ ਆਪਣੇ ਮੋਏ ਹੋਏ ਬਾਲ ਨੂੰ ਆਪਣੇ ਪਤੀ ਦੀ ਲਾਸ਼ ਦੇ ਨਾਲ ਲਿਟਾ ਦਿੱਤਾ ਤਾਂ ਇਹ ਦ੍ਰਿਸ਼ ਦੇਖ ਕੇ ਮਨ ਕੁਰਲਾ ਉੱਠਿਆ। ਬਹੁਤ ਸਾਰੇ ਲੋਕ ਪਾਣੀ ਲਈ ਦੁਹਾਈਆਂ ਦੇ ਰਹੇ ਸਨ ਪਰ ਕਿਸੇ ਨੇ ਉਨ੍ਹਾਂ ਨੂੰ ਪਾਣੀ ਦੀ ਬੂੰਦ ਤੱਕ ਨਾ ਦਿੱਤੀ। ਕੁਝ ਕੁ ਨੂੰ ਨਾਲੀਆਂ ਚੋਂ, ਜਿੱਥੇ ਲਾਸ਼ਾਂ ਹੀ ਲਾਸ਼ਾਂ ਪਈਆਂ ਸਨ, ਚੁਲੀਆਂ ਭਰ ਕੇ ਪਿਆਸ ਬੁਝਾਉਂਣੀ ਪਈ।**....ਜ਼ਖ਼ਮੀ ਜਿਸ ਢੰਗ ਨਾਲ ਆਪਣੀ ਪਾਣੀ ਦੀ ਪਿਆਸ ਬੁਝਾ ਰਹੇ ਸਨ ਉਹ ਬੜਾ ਹੀ ਭਿਆਨਕ ਦ੍ਰਿਸ਼ ਸੀ। ਜਿਸ ਨੂੰ ਸਹਿਣ ਨਹੀਂ ਸੀ ਕੀਤਾ ਜਾ ਸਕਦਾ। ਫ਼ੌਜ ਦੇ ਲੋਕ ਉਥੇ ਹੀ ਘੁੰਮ ਰਹੇ ਸਨ ਪਰ ਉਨ੍ਹਾਂ ਨੂੰ ਜ਼ਖ਼ਮੀਆਂ ਨਾਲ ਕੋਈ ਹਮਦਰਦੀ ਨਹੀਂ ਸੀ। ਜੋ ਗ੍ਰਿਫ਼ਤਾਰ ਕਰ ਲਏ ਗਏ, ਉਨ੍ਹਾਂ ਨੂੰ ਪਾਣੀ ਜਾਂ ਭੋਜਨ ਜਾਂ ਅਜਿਹਾ ਕੁਝ ਵੀ ਨਹੀਂ ਦਿੱਤਾ ਗਿਆ। ਤੇੜ ਪਏ ਕਛਹਿਰਿਆਂ ਨੂੰ ਛੱਡ ਕੇ, ਉਨ੍ਹਾਂ ਦੇ ਸਾਰੇ ਵਸਤਰ ਉਤਾਰ ਲਏ ਗਏ ਸਨ। ਉਨ੍ਹਾਂ ਦੀਆਂ ਪੱਗਾਂ, ਕਮੀਜਾਂ ਵਗ਼ੈਰਾ ਦੀਆਂ ਗਠੜੀਆਂ ਬੰਨ੍ਹ ਦਿੱਤੀਆਂ ਗਈਆਂ। **ਉਨ੍ਹਾਂ ਨਾਲ ਇਸ ਤਰ੍ਹਾਂ ਵਹਿਸ਼ੀ ਢੰਗ ਨਾਲ ਨਿਪਟਿਆ ਜਾ ਰਿਹਾ ਸੀ ਜਿਵੇਂ ਉਹ ਉਸੇ ਹੀ ਭਾਰਤ ਦੇ ਨਾਗਰਿਕ ਨਾ ਹੋਣ ਜਿਸ ਦੇ ਫ਼ੌਜੀ ਸਨ** (ਉਪਰੋਕਤ, ਸਫ਼ਾ 69-70)।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਕਰਮਚਾਰੀ ਦੀ ਕਾਲਜ ਪੜ੍ਹਦੀ ਬੇਟੀ ਨੇ ਆਪਣੀ ਵਿਥਿਆ ਇਉਂ ਬਿਆਨ ਕੀਤੀ : "ਅਸੀਂ 27-28 ਲੋਕ ਸਾਂ। ਇਨ੍ਹਾਂ ਚੋਂ ਪੰਜ ਔਰਤਾਂ ਸਨ, ਕੁਝ ਬਜ਼ੁਰਗ ਸਨ ਤੇ ਬਾਕੀ ਨੌਜਵਾਨ ਲੜਕੇ ਸਨ। ਉਨ੍ਹਾਂ ਨੇ ਮਰਦਾਂ ਚੋਂ ਚਾਰ ਮੁੰਡਿਆਂ ਨੂੰ ਅਲੱਗ ਛਾਂਟ ਲਿਆ ਅਤੇ ਉਨ੍ਹਾਂ ਦੀਆਂ ਪੱਗਾਂ ਲਾਹ ਕੇ ਉਨ੍ਹਾਂ ਦੇ ਹੱਥ ਪਿੱਛੇ ਕਰ ਕੇ ਨੂੜ ਲਏ ਗਏ। ਫਿਰ **ਫ਼ੌਜ ਵਾਲਿਆਂ ਨੇ ਉਨ੍ਹਾਂ ਮੁੰਡਿਆਂ ਨੂੰ ਆਪਣੀਆਂ ਬੰਦੂਕਾਂ ਨਾਲ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਉਨ੍ਹਾਂ ਨੂੰ ਕਹਿ ਰਹੇ ਸਨ 'ਤੁਸੀਂ ਅਤੰਕਵਾਦੀ ਹੋ।' ਉਹ ਉਦੋਂ ਤੱਕ ਕੁਟਦੇ ਮਾਰਦੇ ਰਹੇ ਜਦ ਤੱਕ ਮੁੰਡੇ ਲਹੂ-ਲੁਹਾਣ ਹੋ ਕੇ ਧਰਤੀ 'ਤੇ ਡਿੱਗ ਨਹੀਂ ਪਏ। ਇਨ੍ਹਾਂ ਮੰਡਿਆਂ ਨੂੰ ਮੇਰੀਆਂ ਅੱਖਾਂ ਦੇ ਸਾਹਮਣੇ ਗੋਲੀਆਂ ਮਾਰ ਦਿੱਤੀਆਂ ਗਈਆਂ।** ਉਹ ਪੂਰੀ ਤਰ੍ਹਾਂ ਨਿਰਦੋਸ਼ ਨਜ਼ਰ ਆਉਂਦੇ ਸਨ। ਉਨ੍ਹਾਂ ਵਿਚਾਰਿਆਂ ਨੂੰ ਤਾਂ ਇਹ ਵੀ ਪਤਾ ਨਹੀਂ ਹੋਣਾ ਕਿ ਬੰਦੂਕ ਚਲਾਈ ਦੀ ਕਿਵੇਂ ਹੈ। ਨਾ ਇਹ ਪਤਾ ਹੋਣਾ ਕਿ 'ਆਤੰਕਵਾਦ' ਕਿਸ ਬਲਾ ਦਾ ਨਾਂ ਹੈ। ਉਹ 18 ਤੋਂ 20 ਸਾਲ ਦੀ ਉਮਰ ਦੇ ਸਨ। ਮੈਂ ਨਹੀਂ ਜਾਣਦੀ ਉਹ ਕੌਣ ਸਨ। ਹੋਣੀ ਨੇ ਸਾਨੂੰ ਇਕੱਠਿਆਂ ਕਰ ਦਿੱਤਾ ਸੀ। ਮੈਨੂੰ ਜਦ ਵੀ ਉਹ ਝਾਕੀ ਚੇਤੇ ਆਉਂਦੀ ਹੈ ਤਾਂ ਮੇਰਾ ਕਲੇਜਾ ਮੂੰਹ ਨੂੰ ਆ ਜਾਂਦਾ ਹੈ। (ਉਪਰੋਕਤ ਸਫ਼ੇ 70-71)।





**ਅਜਿਹੇ ਸੈਂਕੜੇ ਦਰਦਨਾਕ ਕਿੱਸੇ ਸੁਣਨ ਤੋਂ ਬਾਅਦ 'ਸਿਟੀਜਨਜ਼ ਫ਼ਾਰ ਡੈਮੋਕਰੇਸੀ' ਨੂੰ ਆਪਣੀ ਰੀਪੋਰਟ ਅੰਦਰ ਇਹ ਖਰ੍ਹਵਾ ਫਤਵਾ ਦੇਣ ਲਈ ਮਜਬੂਰ ਹੋਣਾ ਪਿਆ ਕਿ, "ਇਹ ਆਜ਼ਾਦ ਹਿੰਦੁਸਤਾਨ ਦਾ ਜਲ੍ਹਿਆਂਵਾਲਾ ਬਾਗ਼ ਸੀ, ਜਿਸ ਨੇ ਮੌਤਾਂ ਦੀ ਗਿਣਤੀ ਤੇ ਮਾਰਨ ਦੇ ਢੰਗ-ਤਰੀਕਿਆਂ ਪੱਖੋਂ ਅੰਗਰੇਜ਼ਾਂ ਵੇਲੇ ਦੇ ਜਲ੍ਹਿਆਂਵਾਲੇ ਬਾਗ਼ ਨੂੰ ਕਿਤੇ ਪਿੱਛੇ ਛੱਡ ਦਿੱਤਾ ਸੀ (ਉਪਰੋਕਤ ਸਫ਼ਾ 11)।**

**ਮਰਿਆਂ ਹੋਇਆਂ ਦੀ ਸ਼ਨਾਖ਼ਤ ਕਰਨ ਜਾਂ ਉਨ੍ਹਾਂ ਦਾ ਕੋਈ ਰਿਕਾਰਡ ਰੱਖਣ ਦੀ ਉੱਕਾ ਹੀ ਕੋਈ ਲੋੜ ਨਹੀਂ ਸਮਝੀ ਗਈ। ਇਸ ਕਾਰਨ ਅੱਜ ਤੱਕ ਵੀ ਸਰਕਾਰ ਨੇ ਦਰਬਾਰ ਸਾਹਿਬ ਅੰਦਰ ਮਾਰੇ ਗਏ ਲੋਕਾਂ ਦੀ ਕੋਈ ਸੂਚੀ (ਪੂਰੀ ਜਾਂ ਅਧੂਰੀ) ਜਾਰੀ ਨਹੀਂ ਕੀਤੀ। ਕਾਨੂੰਨੀ ਤੇ ਇਨਸਾਨੀ ਫ਼ਰਜ ਦੀ ਅਜਿਹੀ ਅਣਦੇਖੀ ਦੀ, ਅਜੋਕੇ ਜ਼ਮਹੂਰੀ ਯੁਗ ਵਿੱਚ ਸ਼ਾਇਦ ਹੀ ਕੋਈ ਹੋਰ ਉਦਾਹਰਣ ਮਿਲਦੀ ਹੋਵੇ।... ਨਗਰਪਾਲਿਕਾ ਦੇ ਇੱਕ ਸਫ਼ਾਈ ਕਰਮਚਾਰੀ ਦੇ ਅੱਖੀ ਦੇਖਣ ਮੁਤਾਬਿਕ : "ਜੂਨ ਮਹੀਨੇ ਦੀ ਲੂਸਵੀਂ ਗਰਮੀ ਅੰਦਰ ਲਾਸ਼ਾਂ ਦੋ ਦਿਨ ਉਵੇਂ ਸੜਦੀਆਂ ਰਹੀਆਂ। ਜਦੋਂ ਅਸੀਂ ਕਿਸੇ ਮ੍ਰਿਤਕ ਸਰੀਰ ਨੂੰ ਲੱਤਾਂ ਜਾਂ ਬਾਹਵਾਂ ਤੋਂ ਫੜ ਕੇ ਚੁੱਕਣ ਦੀ ਕੋਸ਼ਿਸ਼ ਕਰਦੇ ਤਾਂ ਗਲੀ ਹੋਈ ਚਮੜੀ ਦਾ ਰੁੱਗ ਸਾਡੇ ਹੱਥਾਂ ਵਿੱਚ ਆ ਜਾਂਦਾ। ਅਸੀਂ ਮੁਰਦਿਆਂ ਦੀਆਂ ਪੱਗਾਂ ਅਤੇ ਚੁੰਨੀਆਂ ਨਾਲ ਉਨ੍ਹਾਂ ਦੀ ਗੱਠੜੀ ਬੰਨ੍ਹ ਲੈਂਦੇ ਤੇ ਸਟਰੈਚਰ 'ਤੇ ਪਾਕੇ ਉਨ੍ਹਾਂ ਨੂੰ ਨੇੜੇ ਖੜ੍ਹੀਆਂ ਕੂੜਾ ਢੋਣ ਵਾਲੀਆਂ ਗੱਡੀਆਂ 'ਚ ਉਲੱਟ ਦਿੰਦੇ। ਇਨ੍ਹਾਂ ਲਾਸ਼ਾਂ ਨੂੰ ਮੁਲਾਹਜ਼ੇ (ਪੋਸਟ-ਮਾਰਟਮ) ਲਈ ਗੁਰੂ ਤੇਗ਼ ਬਹਾਦਰ ਹਸਪਤਾਲ ਪਹੁੰਚਾਇਆ ਜਾਂਦਾ ਅਤੇ ਫਿਰ ਚਾਟੀਵਿੰਡ ਦੇ ਸ਼ਮਸ਼ਾਨ ਘਾਟ ਵਿੱਚ ਲਿਜਾ ਕੇ ਢੇਰਾਂ ਦੇ ਰੂਪ 'ਚ ਦਾਹ ਸੰਸਕਾਰ ਕਰ ਦਿੱਤਾ ਜਾਂਦਾ।" (ਹਰਮਿੰਦਰ ਕੌਰ ਉਪਰੋਕਤ, ਸਫ਼ਾ 46)।**

**ਇੱਕ ਹੋਰ ਸਫ਼ਾਈ ਕਰਮਚਾਰੀ ਨੇ ਭਾਰਤੀ ਫ਼ੌਜ ਦੀ ਦਰਿੰਦਗੀ ਤੇ ਕਰੂਰਤਾ ਦਾ ਇਸ ਤਰ੍ਹਾਂ ਨਕਸ਼ਾ ਬੰਨ੍ਹਿਆ : "ਇਕ ਕਮਰੇ ਦੇ ਵਿੱਚ ਲਾਸ਼ਾਂ ਦੇ ਉੱਤੇ ਲਾਸ਼ਾਂ ਚੜ੍ਹੀਆਂ ਪਈਆਂ ਸਨ। ਚਾਰੇ ਪਾਸੇ ਗੋਡੇ-ਗੋਡੇ ਲਹੂ ਜੰਮਿਆ ਪਿਆ ਸੀ। ਲਗਦਾ ਇਹ ਸੀ ਕਿ ਉਥੇ ਛੁਪੇ ਕੁਝ ਲੋਕਾਂ ਨੂੰ ਫ਼ੌਜ ਦੇ ਜਵਾਨਾਂ ਨੇ ਦੇਖ ਲਿਆ ਸੀ ਤੇ ਫਿਰ ਉਨ੍ਹਾਂ ਨੂੰ ਖੜ੍ਹੇ ਪੈਰ ਨੇੜਿਓਂ ਗੋਲੀਆਂ ਮਾਰ ਦਿੱਤੀਆਂ ਗਈਆਂ ਸਨ" (ਹਰਮਿੰਦਰ ਕੌਰ : ਉਪਰੋਕਤ)।**

ਇੱਕ ਵਿਦੇਸ਼ੀ ਖ਼ਬਰ ਏਜੰਸੀ (ਏ.ਪੀ.) ਦੇ ਪੱਤਰਕਾਰ [ਜੋ ਕਿਸੇ ਤਰ੍ਹਾਂ ਫ਼ੌਜ ਤੋਂ ਬਚ-ਛੁਪ ਕੇ ਅੰਮ੍ਰਿਤਸਰ ਪਹੁੰਚਣ ਤੇ ਫ਼ੌਜੀ ਕਾਰਵਾਈ ਨੂੰ ਆਪਣੀਆਂ ਅੱਖਾਂ ਨਾਲ ਦੇਖਣ 'ਚ ਕਾਮਯਾਬ ਹੋ ਗਿਆ ਸੀ ਅਤੇ ਇਸ ਦੇ ਬਦਲੇ ਵਿੱਚ ਉਸ ਨੂੰ ਭਾਰਤ ਸਰਕਾਰ ਦੀ ਭਾਰੀ ਕਰੋਪੀ ਦਾ ਸ਼ਿਕਾਰ ਹੋਣਾ ਪਿਆ ਸੀ। ਉਸ ਉੱਤੇ ਮੁਕੱਦਮੇ ਦਾਇਰ ਕਰਕੇ ਉਸ ਨੂੰ ਲੰਮਾ ਚਿਰ ਖ਼ਜਲ-ਖੁਆਰ ਕੀਤਾ ਗਿਆ (ਗੁਰਦਰਸ਼ਨ ਸਿੰਘ ਢਿੱਲੋਂ : ਇੰਡੀਆ ਕੁਮਿਟਸ ਸੂਈਸਾਈਡ, ਸਫ਼ਾ 263] ਨੇ ਲਾਸ਼ਾਂ ਦੀ ਨਿਰਾਦਰੀ ਦਾ ਜੋ ਦ੍ਰਿਸ਼ ਦੇਖਿਆ ਉਸ ਨਾਲ ਉਸ ਦਾ ਕਲੇਜਾ ਕੰਬ ਉਠਿਆ : "ਦਰਬਾਰ ਸਾਹਿਬ ਦੇ ਨਜ਼ਦੀਕ ਹੀ ਮੈਂ ਇੱਕ ਕੂੜੇ ਵਾਲਾ ਟਰੱਕ ਕੋਈ 50 ਲਾਸ਼ਾਂ ਨਾਲ ਭਰਿਆ ਦੇਖਿਆ ਜੋ ਅਜੇ ਵੀ ਮੈਲੇ ਨਾਲ ਲੱਥ-ਪੱਥ ਹੋਇਆ ਪਿਆ ਸੀ। ਸਲੇਟੀ ਰੰਗ ਦੇ ਉਸ ਟਰੱਕ ਦੇ ਪਿੱਛਲੇ ਡਾਲੇ 'ਚੋਂ ਦੋ ਮਰਦਾਨਾ ਲੱਤਾਂ ਬਾਹਰ ਲਮਕ ਰਹੀਆਂ

ਸਨ ਅਤੇ ਟਰੱਕ ਦੇ ਖੱਬੇ ਪਾਸੇ ਇਕ ਮੱਥਾ ਤੇ ਸਿਰ ਦੇ ਲੰਮੇ ਵਾਲ ਬਾਹਰ ਲਮਕਦੇ ਦੇਖੇ ਜਾ ਸਕਦੇ ਸਨ। ਜਦੋਂ ਮੈਂ ਝੀਤ ਵਿੱਚੋਂ ਗੱਡੀ ਦੇ ਅੰਦਰ ਝਾਤ ਮਾਰੀ ਤਾਂ ਮੈਨੂੰ ਘੱਟੋ-ਘੱਟ ਇੱਕ ਬੱਚੇ ਤੇ ਦੋ ਔਰਤਾਂ ਦੀਆਂ ਲਾਸ਼ਾਂ ਨਜ਼ਰ ਆਈਆਂ। ਉਸ ਰਾਤ ਸੌਣਾ ਮੁਹਾਲ ਹੋ ਗਿਆ ਸੀ। ਮੈਂ ਲਾਸ਼ਾਂ ਦੇ ਬਾਰੇ ਹੀ ਸੋਚੀ ਗਿਆ” (ਬਰ੍ਹਮ ਚਾਲਾਨੀ : ਐਨ ਆਈ ਵਿਟਨਿਸ ਅਕਾਊਂਟ, ਇਨ ਅਬੀਦਾ ਸਾਮੀ-ਉ-ਦੀਨ, ਦਾ ਪੰਜਾਬ ਕਰਾਈਸਸ-ਚੈਲਿੰਜਿਜ਼ ਐਂਡ ਰਿਸਪੌਂਸ, ਸਫ਼ਾ 182)।

**ਲਾਸ਼ਾਂ ਦੇ ਪੋਸਟ-ਮਾਰਟਮ ਵੀ ਕਾਹਦੇ ਹੋਏ। ਜ਼ਿਆਦਾਤਰ ਡਾਕਟਰਾਂ ਨੇ ਬਿਨਾਂ ਲਾਸ਼ਾਂ ਵੱਲ ਵੇਖਿਆਂ ਫ਼ੌਜ ਦੇ ਕਹਿਣ ’ਤੇ ਕਾਗਜ਼ਾਂ ਦੇ ਢਿੱਡ ਭਰ ਦਿੱਤੇ। ਪਰ ਕੁਝ ਜਾਗਦੀ ਜ਼ਮੀਰ ਵਾਲੇ ਡਾਕਟਰਾਂ ਕੋਲੋਂ ਇਹ ਅਧਰਮ ਨਾ ਹੋ ਸਕਿਆ। ਉਨ੍ਹਾਂ ਦੀ ਅੰਤਰ-ਆਤਮਾ ਨੇ ਮੁਰਦਿਆਂ ਨਾਲ ਬੇਇਨਸਾਫ਼ੀ ਕਰਨ ਦੇ ਪਾਪ ਵਿੱਚ ਭਾਗੀਦਾਰ ਬਣਨ ਦੀ ਹਾਮੀ ਨਾ ਭਰੀ। ਇਸ ਕਰਕੇ ਕੁਝ ਮਾਮਲਿਆਂ ’ਚ ਡਾਕਟਰਾਂ ਨੇ ਕਾਗਜ਼ਾਂ ਉੱਤੇ ਇਹ ਗੱਲਾਂ ਸੱਚੋ-ਸੱਚ ਬਿਆਨ ਕਰ ਦਿੱਤੀਆਂ ਕਿ ਜਦ ਫ਼ਲਾਣੀ ਲਾਸ਼ ਉਨ੍ਹਾਂ ਕੋਲ ਪਹੁੰਚੀ ਤਾਂ ਉਸ ਦੇ ਹੱਥ ਪਿੱਠ ਪਿੱਛੇ ਬੰਨ੍ਹੇ ਹੋਏ ਸਨ (ਹਰਮਿੰਦਰ ਕੌਰ : ਉਪਰੋਕਤ, ਸਫ਼ਾ 37 ਅਤੇ ਅਨੈਕਚਰ VI)। ਪੋਸਟ ‘ਮਾਰਟਮ ਲਈ ਲਿਜਾਣ ਤੋਂ ਪਹਿਲਾਂ ਮੁਰਦਿਆਂ ਦੇ ਨੂੜੇ ਹੋਏ ਹੱਥਾਂ ਨੂੰ ਖੋਲ੍ਹਣ ਦੀ ਫ਼ੋਜ ਨੇ ਕੋਈ ਲੋੜ ਹੀ ਨਹੀਂ ਸੀ ਸਮਝੀ। ਫ਼ਿਰਕੂ ਸੋਚ ’ਤੇ ਗੁਮਰਾਹਕਰੂ ਪ੍ਰਾਪੇਗੰਡੇ ਦੇ ਅਸਰ ਹੇਠ ਉਨ੍ਹਾਂ ਆਪਣੇ ਆਪ ਨੂੰ ‘ਦੇਸ਼ ਦੇ ਰਾਖੇ’ ਤੇ ਸਿੱਖਾਂ ਨੂੰ ‘ਦੇਸ਼ ਦੇ ਦੁਸ਼ਮਣ’ ਸਮਝ ਕੇ ਲੜਾਈ ਲੜੀ ਸੀ।** ਇਸ ਕਰਕੇ ਉਹ ‘ਦੇਸ਼ ਦੇ ਦੁਸ਼ਮਣਾਂ’ ਨਾਲ ਜਿਵੇਂ ਜੀਅ ਚਾਹੇ ਵਰਤਾਉ ਕਰ ਸਕਦੇ ਸਨ। ਇਸ ਮਾਮਲੇ ’ਚ ਉਨ੍ਹਾਂ ਨੂੰ ਦੇਸ਼ ਦੇ ਕਿਸੇ ਕਾਨੂੰਨ ਜਾਂ ਵਿਧੀ-ਵਿਧਾਨ ਦੀ ਕੋਈ ਪਰਵਾਹ ਨਹੀਂ ਸੀ, ਕਿਉਂਕਿ ਬਹੁਗਿਣਤੀ ਵਰਗ ਨਾਲ ਸਬੰਧਤ ਫ਼ੌਜੀ ਤਾਂ ਆਪਣੇ ਆਪ ਨੂੰ ‘ਦੇਸ਼ ਦੇ ਰਾਖੇ’ ਹੀ ਨਹੀਂ ‘ਦੇਸ਼ ਦੇ ਮਾਲਕ’ ਵੀ ਸਮਝਦੇ ਸਨ। ਜੇਕਰ ਕੋਈ ਡਾਕਟਰ ਆਪਣੀ ਜ਼ਮੀਰ ਦੀ ਆਵਾਜ ਸੁਣਕੇ ਸੱਚ ਬੋਲਣ ਦੀ ਗ਼ੁਸਤਾਖ਼ੀ ਕਰ ਬੈਠਾ ਤਾਂ ਉਸ ਦਾ ਨਾਉਂ ਵੀ ‘ਦੇਸ਼ ਦੇ ਦੁਸ਼ਮਣਾਂ’ ਦੀ ਸੂਚੀ ਵਿੱਚ ਸ਼ਾਮਿਲ ਹੋ ਗਿਆ। ਸੱਚ ਬੋਲਣ ਦੀ ਦਲੇਰੀ ਕਰਨ ਵਾਲੇ ਅਜਿਹੇ ਹੀ ਇੱਕ ਡਾਕਟਰ ਸੰਤੋਖ ਸਿੰਘ ਬਾਰੇ ਪੁਲਸ ਨੇ ਬਾਕਾਇਦਾ ਪੁਛੱ-ਪੜਤਾਲ ਦਾ ਅਮਲ ਸ਼ੁਰੂ ਕਰ ਦਿੱਤਾ ਸੀ। ਜੇਕਰ ਡਾ: ਸੰਤੋਖ ਸਿੰਘ ਨਾਲ ਮਾਰਚ 1986 ਵਿੱਚ ਇਕ ਦਰਦਨਾਕ ਕਾਰ ਹਾਦਸੇ ’ਚ ਮਾਰੇ ਜਾਣ ਦੀ ਅਣਹੋਣੀ ਨਾ ਵਾਪਰੀ ਹੁੰਦੀ ਤਾਂ ਉਸ ਨੂੰ ਯਕੀਨਨ ਹੀ ਸੱਚ ਬੋਲਣ ਦੇ ਸੰਗੀਨ ਜ਼ੁਰਮ ਹੇਠ ਜੇਲ੍ਹ ’ਚ ਡੱਕ ਦਿੱਤਾ ਗਿਆ ਹੁੰਦਾ। ਸਮੇਂ ਦਾ ਕਰੂਰ ਵਿਅੰਗ ਦੇਖੋ ਕਿ ਜਦ ਉਸਦਾ ਪਰਿਵਾਰ 30 ਮਾਰਚ 1986 ਨੂੰ ਉਸ ਦੇ ਜੱਦੀ ਪਿੰਡ ਹਲਵਾਰਾ ਵਿਖੇ ਉਸ ਦਾ ਅੰਤਮ ਸੰਸਕਾਰ ਕਰਕੇ ਘਰ ਪਰਤਿਆ ਤਾਂ ਅੱਗੇ ਪੁਲਸ ਦੀ ਟੋਲੀ ਉਸ ਬਾਰੇ ਪੁੱਛ-ਗਿੱਛ ਕਰਨ ਲਈ ਪਧਾਰੀ ਹੋਈ ਸੀ।

ਇਤਿਹਾਸ ਅੰਦਰ ਅਤੇ ਜ਼ਮਹੂਰੀ ਤੇ ਸਭਿਅਕ ਕਹੇ ਜਾਂਦੇ ਅਜੋਕੇ ਸੰਸਾਰ ਅੰਦਰ ਵੀ ਇਹ ਗੱਲ ਖ਼ਾਸ ਤੌਰ ’ਤੇ ਦੇਖਣ ਵਿੱਚ ਆਈ ਹੈ ਕਿ ਬਹੁਗਿਣਤੀ ਵਰਗਾਂ ਦੇ ਧਰਮ ਜਾਂ ਨਸਲ-ਜ਼ਾਤ ’ਤੇ ਅਧਾਰਤ ਰਾਜ ਆਪਣੇ-ਗ਼ਲਬੇ ਹੇਠਲੇ ਘੱਟ ਗਿਣਤੀ ਭਾਈਚਾਰਿਆਂ ਵਿਰੁੱਧ ਆਮ ਤੌਰ ’ਤੇ ਹੀ ਤਿੱਖੀ ਨਫ਼ਰਤ ਪਾਲ ਕੇ ਚੱਲ ਰਹੇ ਹੁੰਦੇ ਹਨ ਅਤੇ ਜਦ ਹੀ ਇਨ੍ਹਾਂ





ਮਜ਼ਲੂਮ ਭਾਈਚਾਰਿਆਂ ਵੱਲੋਂ ਆਪਣੀ ਆਜ਼ਾਦੀ ਦੇ ਸੰਘਰਸ਼ ਦਾ ਰਸਤਾ ਅਖ਼ਤਿਆਰ ਕੀਤਾ ਜਾਂਦਾ ਹੈ ਤਾਂ ਬਹੁਗਿਣਤੀ ਵਰਗ ਦੇ ਹਾਕਮਾਂ ਦੀ ਫ਼ਿਰਕੂ /ਨਸਲੀ ਫ਼ਿਤਰਤ ਹੋਰ ਵੀ ਘਿਨਾਉਣੀ ਤੇ ਡਰਾਉਣੀ ਸ਼ਕਲ ਅਖ਼ਤਿਆਰ ਕਰ ਲੈਂਦੀ ਹੈ। **ਬਹੁਗਿਣਤੀ ਵਰਗ ਨਾਲ ਸਬੰਧਤ ਲੋਕਾਂ ਅੰਦਰ ਆਮ ਕਰਕੇ ਅਤੇ ਰਾਜ ਦੇ ਅੰਗਾਂ (ਪੁਲਸ, ਫ਼ੌਜ, ਨਿਆਂਪਾਲਕਾ ਆਦਿ) ਅੰਦਰ ਖ਼ਾਸ ਕਰਕੇ ਆਜ਼ਾਦੀ ਲਈ ਜੂਝ ਰਹੇ ਘੱਟਗਿਣਤੀ ਭਾਈਚਾਰਿਆਂ ਦੇ ਖ਼ਿਲਾਫ਼ ਘਟੀਆ ਦਰਜੇ ਦੀਆਂ ਫ਼ਿਰਕੂ/ਨਸਲੀ ਭਾਵਨਾਵਾਂ ਭੜਕਾਉਂਣ ਦੇ ਉਚੇਚੇ ਯਤਨ ਕੀਤੇ ਜਾਂਦੇ ਹਨ।** ਰੂਸੀ ਰਾਸ਼ਟਰਪਤੀ ਯੈਲਸਿਨ ਨੇ ਰੂਸੀ ਗ਼ਲਬੇ ਤੋਂ ਮੁਕਤ ਹੋਣ ਲਈ ਜੂਝ ਰਹੇ ਚੇਚਨਾਂ ਬਾਰੇ ਅਜਿਹੀ ਹੀ ਨਸਲੀ ਨਫ਼ਰਤ ਉੱਗਲਦਿਆਂ ਹੋਇਆਂ ਇਹ ਜਾਂਗਲੀ ਫ਼ਤਵਾ ਜਾਰੀ ਕਰ ਦਿੱਤਾ ਸੀ ਕਿ, “ਏਨ੍ਹਾਂ ਪਾਗਲ ਕੁੱਤਿਆਂ ਨੂੰ ਗੋਲੀਆਂ ਨਾਲ ਉੱਡਾ ਦੇਣਾ ਚਾਹੀਦਾ ਹੈ” (ਸੈਮੂਅਲ ਪੀ. ਹਨਟਿੰਗਟਨ : ਦ ਕਲੈਸ਼ ਆਫ਼ ਸਿਵਿਲਾਈਜੇਸ਼ਨਜ਼, ਸਫ਼ਾ 271)। ਇਸੇ ਤਰ੍ਹਾਂ ਇੰਡੋਨੇਸ਼ੀਆ ਅੰਦਰ ਭਾਰੂ ਮੁਸਲਿਮ ਵਰਗ ਦੀ ਗ਼ੁਲਾਮੀ ਤੇ ਦਾਬੇ ਤੋਂ ਨਿਜ਼ਾਤ ਹਾਸਿਲ ਕਰਨ ਲਈ ਕੌਮੀ ਆਜ਼ਾਦੀ ਦੀ ਜਦੋਜਹਿਦ ਦਾ ਪਰਚਮ ਲਹਿਰਾਉਂਣ ਵਾਲੇ ਪੂਰਬੀ ਤਿਮੋਰ ਦੇ ਈਸਾਈ ਘੁਲਾਟੀਆਂ ਬਾਰੇ ਇੰਡੋਨੇਸ਼ੀਆ ਦਾ ਇੱਕ ਜ਼ਾਲਮ ਫ਼ੌਜੀ ਜਨਰਲ ਇਹ ਜ਼ਾਹਲ ਭਾਸ਼ਾ ਵਰਤਣ ਤੱਕ ਚਲਾ ਗਿਆ ਸੀ ਕਿ, “ਇਨ੍ਹਾਂ ਬਦਜ਼ਾਤਾਂ ਨੂੰ ਗੋਲੀਆਂ ਨਾਲ ਭੁੰਨ ਦੇਣਾ ਚਾਹੀਦਾ ਹੈ ਅਤੇ ਅਸੀਂ ਉਨ੍ਹਾਂ ਨੂੰ ਤੁੰਨ ਕੇ ਰੱਖ ਦੇਵਾਂਗੇ।” (ਸੈਮੂਅਲ ਪੀ. ਹਨਟਿੰਗਟਨ : ਉਪਰੋਕਤ) **ਭਾਰਤ ਦੇ ਹਿੰਦੂ ਹਾਕਮਾਂ ਨੇ ਵੀ ਦਰਬਾਰ ਸਾਹਿਬ ਉੱਤੇ ਫ਼ੌਜੀ ਹੱਲਾ ਬੋਲਣ ਤੋਂ ਪਹਿਲਾਂ ਯਕੀਨਨ ਹੀ ਭਾਰਤੀ ਫ਼ੌਜ ਨੂੰ ਖ਼ਾਸ ਕਰਕੇ ਇਸਦੇ ਬਹੁਗਿਣਤੀ ਵਰਗ ਨਾਲ ਸਬੰਧਤ ਹਿੱਸਿਆਂ ਨੂੰ ਸਿੱਖਾਂ ਦੇ ਖ਼ਿਲਾਫ਼ ਅਜਿਹੀ ਹੀ ਫ਼ਿਰਕੂ ਨਫ਼ਰਤ ਤੇ ਦੁਸ਼ਮਣੀ ਦੀ ਪਾਣ ਚਾੜ੍ਹ ਰੱਖੀ ਹੋਈ ਸੀ। ਜੇਕਰ ਇਹ ਗੱਲ ਨਾ ਹੁੰਦੀ ਤਾਂ ਭਾਰਤੀ ਫ਼ੌਜ ਨੇ ਆਪਣੇ ਹੀ ਦੇਸ਼ ਦੇ ਇੱਕ ਵਰਗ-ਵਿਸ਼ੇਸ਼ ਨਾਲ ਅਜਿਹਾ ਫ਼ਾਸ਼ੀ ਵਰਤਾਉ ਕਰਨ ਤੋਂ ਪਹਿਲਾਂ ਸੌ ਵਾਰ ਸੋਚਿਆ ਹੁੰਦਾ।**

ਭਾਰਤ ਸਰਕਾਰ ਨੇ, ਸਿੱਖ ਕੌਮ ਉੱਤੇ ਇਹ ਨਾਜ਼ੀਵਾਦੀ ਜ਼ੁਲਮ ਢਾਹੁਣ ਵਾਲੇ ਫ਼ੌਜੀ ਅਫ਼ਸਰਾਂ ਤੇ ਜਵਾਨਾਂ ਦੀ ਹੌਸਲਾ-ਅਫ਼ਜ਼ਾਈ ਕਰਨ ਲਈ, ਉਨ੍ਹਾਂ ਨੂੰ ‘ਫ਼ੌਜੀ ਬਹਾਦਰੀ’ ਦੇ ‘ਜੰਗੀ ਅਵਾਰਡਾਂ’ ਨਾਲ ਨਿਵਾਜਿਆ। ਬ੍ਰਿਗੇਡੀਅਰ ਏ.ਕੇ. ਦੀਵਾਨ ਨੂੰ ਬਹਾਦਰੀ ਦਿਖਾਉਂਣ ਲਈ ‘ਵੀਰ ਚੱਕਰ’ ਨਾਲ ਸਨਮਾਨਤ ਕੀਤਾ ਗਿਆ। ਆਮ ਦਸਤੂਰ ਦੇ ਤੌਰ ਤੇ, ਫ਼ੌਜੀ ਬਹਾਦਰੀ ਦੇ ਜੰਗੀ ਅਵਾਰਡ ਕਿਸੇ ਜੰਗ ਵਿੱਚ ਬਹਾਦਰੀ ਦਿਖਾਉਂਣ ਦੇ ਕਰਮ ਬਦਲੇ ਹੀ ਪ੍ਰਦਾਨ ਕੀਤੇ ਜਾਂਦੇ ਹਨ। ਸੋ, ਇਸ ਲਿਹਾਜ਼ ਨਾਲ, ਭਾਰਤ ਸਰਕਾਰ ਵੱਲੋਂ **ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਕਾਰਵਾਈ ਵਿੱਚ ਹਿੱਸਾ ਲੈਣ ਵਾਲੇ ਅਫ਼ਸਰਾਂ/ਜਵਾਨਾਂ ਨੂੰ ‘ਫ਼ੌਜੀ ਬਹਾਦਰੀ’ ਦੇ ‘ਜੰਗੀ ਅਵਾਰਡਾਂ’ ਨਾਲ ਸਨਮਾਨਤ ਕਰਨ ਦਾ ਅਰਥ ਇਹ ਹੈ ਕਿ ਉਹ ਇਸ ਨੂੰ ਇੱਕ ਜੰਗੀ-ਝੜਪ ਤਸਲੀਮ ਕਰਦੇ ਹਨ। ਪਰ ਇਥੇ ਵੀ ਭਾਰਤੀ ਹਾਕਮਾਂ ਦਾ ਫ਼ਿਰਕੂ ਪੱਖ-ਪਾਤੀ ਵਤੀਰਾ ਸਾਫ਼ ਪ੍ਰਗਟ ਹੋ ਜਾਂਦਾ ਹੈ ਜਿਸ ਦਸਤੂਰ ਅਧੀਨ ਉਨ੍ਹਾਂ**

**'ਆਪਣੀ ਧਿਰ' ਨੂੰ 'ਜੰਗੀ ਅਵਾਰਡ' ਬਖ਼ਸ਼ੇ ਉਹ ਦਸਤੂਰ 'ਦੁਸ਼ਮਣ ਧਿਰ' (ਭਾਵ ਸਿੱਖ ਜੁਝਾਰੂਆਂ) ਨਾਲ, ਜਨੇਵਾ ਸਮਝੌਤੇ ਅਨੁਸਾਰ, 'ਜੰਗੀ ਧਿਰ' ਵਾਲਾ ਵਰਤਾਉ ਕਰਨ ਦੀ ਮੰਗ ਕਰਦਾ ਸੀ।** ਪਰ ਭਾਰਤੀ ਹਾਕਮਾਂ ਨੇ ਇਸ ਕਾਰਵਾਈ ਦੌਰਾਨ ਮਾਰੇ ਗਏ ਜਾਂ ਜ਼ਖ਼ਮੀ ਹੋਏ ਅਤੇ ਜਾਂ ਗ੍ਰਿਫ਼ਤਾਰ ਕੀਤੇ ਗਏ ਸਿੱਖਾਂ ਨਾਲ ਜੋ ਵਰਤਾਉ ਕੀਤਾ, ਉਸ ਦੀ ਝਲਕ ਅਸੀਂ ਦੇਖ ਹੀ ਲਈ ਹੈ।

## ਸਮਾਨਤਾ ਤੇ ਵਿਲੱਖਣਤਾ

ਇਸ ਘਟਨਾ ਦੇ ਫ਼ੌਰੀ ਬਾਅਦ ਦੇਸ਼ੀ ਤੇ ਬਦੇਸ਼ੀ ਮੀਡੀਏ ਅੰਦਰ ਭਾਰਤੀ ਫ਼ੌਜ ਦੇ ਇਸ ਵਹਿਸ਼ੀ ਕਾਰਨਾਮੇ ਦੀ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨਾਲ ਤੁਲਨਾ ਕਰਨ ਦਾ ਰੁਝਾਨ ਆਮ ਦੇਖਣ ਨੂੰ ਮਿਲਿਆ। ਮੌਤ-ਸੰਖਿਆ ਤੇ ਜ਼ੁਲਮਾਂ ਦੇ ਆਕਾਰ ਨੂੰ ਦੇਖਦਿਆਂ ਹੋਇਆਂ ਇਹ ਤੁਲਨਾ ਗ਼ਲਤ ਨਹੀਂ ਕਹੀ ਜਾ ਸਕਦੀ। ਸਿੱਖ ਕੌਮ ਉੱਤੇ ਇਸ ਘਟਨਾ ਦੁਆਰਾ ਵੱਡੇ ਡੂੰਘੇ ਰਾਜਨੀਤਕ ਤੇ ਮਨੋਵਿਗਿਆਨਕ ਅਸਰਾਂ ਪੱਖੋਂ ਵੀ ਇਹ ਤੁਲਨਾ ਕੁਥਾਵੀਂ ਨਹੀਂ। ਪਰ ਇਨ੍ਹਾਂ ਸਮਾਨਤਾ ਵਾਲੇ ਪੱਖਾਂ ਦੇ ਨਾਲ ਹੀ, ਇਹ ਕਾਰਵਾਈ ਜਲ੍ਹਿਆਂਵਾਲੇ ਕਾਂਡ ਨਾਲੋਂ ਕਈ ਅਹਿਮ ਪੱਖਾਂ ਤੋਂ ਵਿਲੱਖਣ ਵੀ ਹੈ। ਇਸ ਵਿਲੱਖਣਤਾ ਦਾ ਸਬੰਧ ਨਿਸ਼ਚਿਤ ਰੂਪ ਵਿੱਚ ਹਿੰਦੂ ਕਿਰਦਾਰ ਦੀਆਂ ਕੁਝ ਖ਼ਾਸ ਵਿਸ਼ੇਸ਼ਤਾਈਆਂ ਨਾਲ ਜੁੜਿਆ ਹੋਇਆ ਹੈ।

**ਕਿਸੇ ਭਾਈਚਾਰੇ ਦੇ ਕੌਮੀ ਚਰਿੱਤਰ ਨੂੰ ਘੜਨ-ਤਰਾਸ਼ਣ ਵਿੱਚ ਹੋਰ ਗੱਲਾਂ ਤੋਂ ਇਲਾਵਾ, ਉਸ ਦੇ ਮਿਥਿਹਾਸ ਤੇ ਇਤਿਹਾਸ ਦਾ ਵੀ ਭਾਰੀ ਯੋਗਦਾਨ ਹੁੰਦਾ ਹੈ। ਅਤੀਤ ਇਸ ਤਰ੍ਹਾਂ ਹੀ ਸੰਸਕਾਰਾਂ ਤੇ ਜਜ਼ਬਿਆਂ ਦੇ ਰੂਪ ਵਿੱਚ ਨਿਰੰਤਰ ਵਰਤਮਾਨ ਵਿੱਚ ਰੂਪਮਾਨ ਹੁੰਦਾ ਰਹਿੰਦਾ ਹੈ। ਹਿੰਦੂ ਮਿਥਿਹਾਸ ਦੇ ਸਰਸਰੀ ਅਧਿਐਨ 'ਚੋਂ ਹੀ ਜਿਹੜੀ ਗੱਲ ਰੜਕਵੇਂ ਰੂਪ 'ਚ ਪਰਗਟ ਹੁੰਦੀ ਹੈ, ਉਹ ਇਹ ਹੈ ਕਿ ਹਿੰਦੂ ਪੈਗੰਬਰਾਂ ਤੇ ਦੇਵੀ ਦੇਵਤਿਆਂ ਦੀ ਨੈਤਿਕਤਾ ਦੇ ਮਸਲੇ ਪ੍ਰਤੀ ਪਹੁੰਚ ਬਹੁਤ ਹੀ ਵਿਹਾਰਕ ਕਿਸਮ ਦੀ ਹੈ। ਹਿੰਦੂ ਮਿਥਿਹਾਸ ਅੰਦਰ ਨੈਤਿਕ ਸੁੱਚਤਾ ਨੂੰ ਜੀਵਨ ਦੇ ਮਾਰਗ-ਦਰਸ਼ਨ ਵਜੋਂ ਉਭਾਰਨ ਦੀ ਪਹੁੰਚ ਰੜਕਵੇਂ ਰੂਪ ਵਿੱਚ ਗ਼ਾਇਬ ਹੈ। ਹਰ ਮਾਮਲੇ 'ਚ ਫਲ-ਪ੍ਰਾਪਤੀ ਦੀ ਤਾਂਘ, ਸਾਧਨ ਦੀ ਪ੍ਰਮਾਣਿਕਤਾ ਦੇ ਸਰੋਕਾਰਾਂ ਉਤੇ ਹਾਵੀ ਹੋਈ ਦੇਖੀ ਜਾ ਸਕਦੀ ਹੈ। ਯੋਗ ਨਿਸ਼ਾਨੇ ਲਈ ਅਯੋਗ ਸਾਧਨ ਵਰਤਣ ਨੂੰ ਨਾ ਸਿਰਫ਼ ਖੁੱਲ੍ਹੇ-ਆਮ ਉਚਿਤ ਠਹਿਰਾਇਆ ਗਿਆ ਹੈ ਸਗੋਂ ਇਸ ਨੂੰ 'ਕਰਮ ਵਿਦਿਆ' ਦਾ ਆਦਰਯੋਗ ਰੁਤਬਾ ਤੇ ਨਾਂਉਂ ਦਿੱਤਾ ਗਿਆ ਹੈ। ਹਰ ਜਗ੍ਹਾ ਵਿਰੋਧੀ ਧਿਰ ਨਾਲ ਨਿਪਟਣ ਵੇਲੇ ਝੂਠ, ਚਲਾਕੀ ਤੇ ਧੋਖਾਦੇਹੀ ਨੂੰ ਨਾ ਸਿਰਫ਼**





**ਅਛੂਤ ਜਾਂ ਅਨੈਤਿਕ ਕਰਮ ਨਹੀਂ ਮੰਨਿਆ ਗਿਆ ਸਗੋਂ ਇਸ ਨੂੰ ਖੁੱਲ੍ਹੇ-ਆਮ 'ਵਿਹਾਰ-ਚਤੁਰਾਈ' ਦੀ ਕਲਾ ਦਾ ਦਰਜਾ ਦਿੱਤਾ ਗਿਆ ਹੈ।**

ਹਿੰਦੂ ਮਿਥਿਹਾਸ ਦੀ ਲਗਭਗ ਹਰ ਜੰਗ ਅੰਦਰ ਹੀ ਹਿੰਦੂ ਅਵਤਾਰਾਂ, ਦੇਵਤਿਆਂ, ਰਿਸ਼ੀਆਂ ਤੇ ਨਾਮੀ ਯੋਧਿਆਂ ਦੁਆਰਾ ਇਸ 'ਕਲਾ' ਦੀ ਨਿਰਸੰਕੋਚ ਵਰਤੋਂ ਦੀਆਂ ਅਣਗਿਣਤ ਉਦਾਹਰਣਾਂ ਮਿਲਦੀਆਂ ਹਨ, ਜਿਸ ਨੂੰ ਹਿੰਦੂ ਜਨਤਾ ਸਦੀਆਂ ਤੋਂ ਗਾਉਂਦੀ/ ਸਲਾਹੁੰਦੀ ਆ ਰਹੀ ਹੈ। **ਇਸ ਤਰ੍ਹਾਂ ਹਿੰਦੂ ਵਰਗ ਨੇ ਨਾ ਸਿਰਫ਼ ਲੜਾਈ ਜਾਂ ਜੰਗ ਦੌਰਾਨ ਸਗੋਂ ਆਮ ਵਿਹਾਰ ਅੰਦਰ ਵੀ ਝੂਠ, ਚਲਾਕੀ ਤੇ ਧੋਖਾਦੇਹੀ ਨੂੰ ਇੱਕ ਕਬੂਲਵੇਂ ਕਦਰ-ਪ੍ਰਬੰਧ ਵਜੋਂ ਅਪਣਾ ਲਿਆ ਹੋਇਆ ਹੈ।**

ਇਸ ਦ੍ਰਿਸ਼ਟੀ ਤੋਂ ਦੇਖਿਆਂ ਦਰਬਾਰ ਸਾਹਿਬ ਦੇ ਸਾਕੇ ਦੀ ਜਲ੍ਹਿਆਂਵਾਲੇ ਕਾਂਡ ਨਾਲੋਂ ਵਿਲੱਖਣ ਗੱਲ ਮੌਤਾਂ ਦੀ ਗਿਣਤੀ ਵੱਧ ਹੋਣਾ ਜਾਂ ਜ਼ੁਲਮਾਂ ਦਾ ਆਕਾਰ ਤੇ ਪਸਾਰ ਵੱਡਾ ਹੋਣਾ ਨਹੀਂ। ਇਹ ਵਖਰੇਵਾਂ ਏਨਾ ਅਹਿਮ ਨਹੀਂ। **ਵਹਿਸ਼ੀਪੁਣੇ ਨਾਲੋਂ ਵੱਧ, ਝੂਠ-ਫ਼ਰੇਬ ਤੇ ਧੋਖਾਦੇਹੀ ਦਾ ਅੰਸ਼ ਹੈ ਜੋ ਇਸ ਕਾਰਵਾਈ ਨੂੰ ਜਲ੍ਹਿਆਂਵਾਲੇ ਕਾਂਡ ਨਾਲੋਂ ਅਹਿਮ ਰੂਪ ਵਿੱਚ ਵੱਖਰਿਆਉਂਦਾ ਹੈ। ਇਸ ਕਾਰਵਾਈ ਨੂੰ ਵਿਉਂਤਣ, ਨੇਪਰੇ ਚਾੜ੍ਹਨ ਤੇ ਸਮੇਟਣ ਦੇ ਸਮੁੱਚੇ ਅਮਲ ਦੌਰਾਨ ਭਾਰਤੀ ਹਾਕਮਾਂ ਵੱਲੋਂ ਆਪਣੀਆਂ ਇਨ੍ਹਾਂ ਵਿਰਾਸਤੀ ਖ਼ੂਬੀਆਂ ਦਾ ਬਹੁਤ ਹੀ ਨੰਗਾ ਮੁਜ਼ਾਹਰਾ ਕੀਤਾ ਗਿਆ।**

ਸਭ ਨਾਲੋਂ ਪਹਿਲੀ ਗੱਲ, ਹਮਲਾ ਕਰਨ ਵੇਲੇ ਤੱਕ ਭਾਰਤੀ ਹਾਕਮਾਂ ਨੇ ਨਾ ਸਿਰਫ਼ ਸਿੱਖ ਜਨਤਾ ਨੂੰ, ਸਗੋਂ ਹਮਲੇ ਦੀ ਸੰਭਾਵਨਾ ਬਾਰੇ ਲਗਾਤਾਰ ਤਿੱਖੇ ਡਰ ਤੇ ਖ਼ਦਸ਼ੇ ਪ੍ਰਗਟਾਉਂਦੀਆਂ ਆ ਰਹੀਆਂ ਦੇਸ ਦੀਆਂ ਕੁਝ ਬਾਵਕਾਰ ਹਸਤੀਆਂ ਨੂੰ ਵੀ, ਲਗਾਤਾਰ ਧੋਖੇ 'ਚ ਰੱਖਿਆ। ਦੇਸ਼ ਅੰਦਰਲੀਆਂ ਹਿੰਦੂ ਕੱਟੜਪੰਥੀ ਤਾਕਤਾਂ (ਆਰ.ਐਸ.ਐਸ., ਭਾਰਤੀਆ ਜਨਤਾ ਪਾਰਟੀ ਤੇ ਸ਼ਿਵ ਸੈਨਾ ਵਗ਼ੈਰਾ) ਤੇ ਆਰੀਆ ਸਮਾਜੀ ਤੱਤਾਂ (ਜਿਨ੍ਹ ਦਾ ਸਰਗਣਾ ਚੌਧਰੀ ਚਰਨ ਸਿੰਘ ਸੀ) ਨੂੰ ਛੱਡ ਕੇ, ਗੰਭੀਰ ਮਤ ਰੱਖਣ ਵਾਲਾ ਦੇਸ਼ ਦਾ ਕੋਈ ਵੀ ਰਾਜਸੀ ਦਲ ਜਾਂ ਆਗੂ ਦਰਬਾਰ ਸਾਹਿਬ ਉੱਤੇ ਇਸ ਤਰਜ਼ ਦੇ ਫ਼ੌਜੀ ਹਮਲੇ ਦੇ ਹੱਕ ਵਿੱਚ ਨਹੀਂ ਸੀ। ਇਹ ਨਹੀਂ ਕਿ ਉਨ੍ਹਾਂ ਨੂੰ ਸੰਤ ਭਿੰਡਰਾਂਵਾਲੇ ਨਾਲ ਜਾਂ ਸਿੱਖ ਕੌਮ ਨਾਲ ਹੀ ਕੋਈ ਦਿਲੀ ਲਗਾਉ ਜਾਂ ਹਮਦਰਦੀ ਸੀ। ਉਨ੍ਹਾਂ ਦੀ ਇਹ ਦ੍ਰਿੜ ਧਾਰਨਾ ਸੀ ਕਿ ਅਜਿਹਾ ਕਰਨ ਨਾਲ ਦੇਸ਼ ਦੇ ਹਿੱਤਾਂ ਨੂੰ ਹਰਜਾ ਪਹੁੰਚੇਗਾ। ਪਰ ਇਨ੍ਹਾਂ ਖ਼ਦਸ਼ਿਆਂ ਦੇ ਜੁਆਬ ਵਿੱਚ ਕੇਂਦਰ ਸਰਕਾਰ ਵੱਲੋਂ ਵਾਰ-ਵਾਰ ਇਹੀ ਕਿਹਾ ਜਾਂਦਾ ਰਿਹਾ ਕਿ ਸਰਕਾਰ ਦਾ ਦਰਬਾਰ ਸਾਹਿਬ ਦੇ ਅੰਦਰ ਫ਼ੌਜ ਵਾੜਨ ਦਾ ਕੋਈ ਇਰਾਦਾ ਨਹੀਂ ਹੈ। ਖ਼ੁਦ ਇੰਦਰਾ ਗਾਂਧੀ ਨੇ ਇਹ ਗੱਲ ਕਈ ਮੌਕਿਆਂ 'ਤੇ ਅਤੇ ਕਈ ਲੋਕਾਂ ਕੋਲ ਕਹੀ। ਭਾਰਤ ਦੇ ਤੱਤਕਾਲੀ ਗ੍ਰਿਹ ਮੰਤਰੀ ਸ੍ਰੀ ਪੀ.ਸੀ. ਸੇਠੀ ਨੇ ਪਾਰਲੀਮੈਂਟ ਨੂੰ ਇਹ ਭਰੋਸਾ ਦੁਆਇਆ ਕਿ ਅਜਿਹੀ ਕੋਈ ਕਾਰਵਾਈ ਸਰਕਾਰ ਦੇ

**ਵਿਚਾਰਅਧੀਨ ਨਹੀਂ ਹੈ** (ਇੰਡੀਆ ਟੂਡੇ, ਮਈ 15, 1984; ਇਲੱਸਟਰੇਟਿਡ ਵੀਕਲੀ, ਜੁਲਾਈ 22, 1984)। ਬਾਅਦ 'ਚ ਉਜਾਗਰ ਹੋਏ ਤੱਥਾਂ ਤੋਂ ਇਹ ਗੱਲ ਸਾਫ਼ ਹੋ ਗਈ ਹੈ ਕਿ ਇੰਦਰਾ ਗਾਂਧੀ ਤੇ ਉਸ ਦੇ ਗੁਮਾਸ਼ਤਿਆਂ ਵੱਲੋਂ ਦੇਸ਼ ਦੇ ਲੋਕਾਂ ਸਾਹਮਣੇ ਗਿਣ-ਮਿਥ ਕੇ ਝੂਠ ਬੋਲਿਆ ਜਾ ਰਿਹਾ ਸੀ। **ਹਿੰਦੂ ਹਾਕਮਾਂ ਵੱਲੋਂ ਆਪਣੇ ਮਿਥਿਹਾਸ ਕੋਲੋਂ ਸੇਧ ਲੈਂਦਿਆਂ ਹੋਇਆਂ, ਆਪਣੇ ਕਲਪੇ ਹੋਏ ਨਿਸ਼ਾਨੇ ਦੀ ਪੂਰਤੀ ਲਈ ਝੂਠ-ਬਿਆਨੀ ਤੇ ਧੋਖਾ-ਦੇਹੀ ਦੇ ਹਥਿਆਰ ਦੀ ਸੁਚੇਤ ਰੂਪ 'ਚ ਵਰਤੋਂ ਕਰਨ ਦੀ ਇਹ ਇੱਕ ਪ੍ਰਮਾਣੀਕ ਉਦਾਹਰਣ ਕਹੀ/ਮੰਨੀ ਜਾ ਸਕਦੀ ਹੈ।**

ਕਾਰਵਾਈ ਬਾਰੇ ਆਪਣੇ ਖ਼ੋਟੇ ਇਰਾਦਿਆਂ ਨੂੰ ਛੁਪਾਉਣ ਵਾਂਗ ਹੀ, ਦਿਲ-ਫ਼ਰੇਬ ਹਾਕਮਾਂ ਨੇ, ਬਾਅਦ ਵਿੱਚ ਜਾ ਕੇ, ਕਾਰਵਾਈ ਨਾਲ ਸਬੰਧਤ ਤੱਥਾਂ ਤੇ ਵੇਰਵਿਆਂ ਨੂੰ ਛੁਪਾਉਂਣ ਅਤੇ ਸਚਾਈ ਉੱਤੇ ਝੂਠ ਦੇ ਲੇਪ ਚਾੜ੍ਹਨ ਵਿੱਚ ਕੋਈ ਕਸਰ ਨਹੀਂ ਰਹਿਣ ਦਿੱਤੀ। **ਅਸਲ ਵਿੱਚ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲਾ ਬੋਲਣ ਤੋਂ ਪਹਿਲਾਂ ਹੀ ਮਨਚਾਹਿਆ ਝੂਠ ਬੋਲਣ ਅਤੇ ਅਣਚਾਹਿਆ ਸੱਚ ਦਬਾਉਂਣ ਦੇ ਪੱਕੇ ਇੰਤਜ਼ਾਮ ਕਰ ਲਏ ਗਏ ਸਨ।** ਸਾਰੇ ਵਿਦੇਸ਼ੀ ਪੱਤਰਕਾਰਾਂ ਨੂੰ ਚੁਣ-ਚੁਣ ਕੇ ਪੰਜਾਬ ਦੀਆਂ ਜੂਹਾਂ ਤੋਂ ਬਾਹਰ ਕੱਢ ਦਿੱਤਾ ਗਿਆ ਸੀ ਅਤੇ ਦੇਸੀ ਪ੍ਰੈਸ ਦੀ ਜ਼ੁਬਾਨ ਸੈਂਸਰਸ਼ਿਪ ਦੀ ਕੈਂਚੀ ਨਾਲ ਕੁਤਰ ਦਿੱਤੀ ਗਈ ਸੀ। **ਸਰਕਾਰੀ ਕੰਟਰੋਲ ਹੇਠਲੇ ਮੀਡੀਏ ਨੂੰ ਝੂਠ ਬੋਲਣ ਦੀ ਕੋਈ ਉਚੇਚੀ ਸਿਖਲਾਈ ਦੇਣ ਦੀ ਜ਼ਰੂਰਤ ਨਹੀਂ ਸੀ। ਉਸ ਨੂੰ ਕੋਈ ਉਚੇਚੀ ਹਦਾਇਤ ਦੇਣ ਦੀ ਵੀ ਲੋੜ ਨਹੀਂ ਸੀ। ਲੰਮੇ ਅਭਿਆਸ ਨਾਲ ਇਸ ਦੀਆਂ ਤੰਤੂ-ਪ੍ਰਣਾਲੀਆਂ (Reflex System) ਅਜਿਹੇ ਮੌਕਿਆਂ 'ਤੇ ਖ਼ੁਦ-ਬ-ਖ਼ੁਦ ਹੀ ਹਰਕਤ ਵਿੱਚ ਆ ਜਾਣਾ ਸਿੱਖ ਗਈਆਂ ਹੋਈਆਂ ਸਨ। ਇਨ੍ਹਾਂ ਨੂੰ ਕਿਸੇ ਹਦਾਇਤ ਦੀ ਲੋੜ ਨਹੀਂ, ਇਸ਼ਾਰਾ ਹੀ ਕਾਫ਼ੀ ਹੁੰਦਾ ਹੈ।**

ਭਾਰਤੀ ਫ਼ੌਜ ਦੇ ਵਹਿਸ਼ੀਪੁਣੇ ਉੱਤੇ ਪਰਦਾ ਪਾਉਂਣ ਲਈ ਜਾਨੀ ਤੇ ਗੈਰ-ਜਾਨੀ ਹਰ ਤਰ੍ਹਾਂ ਦੇ ਨੁਕਸਾਨ ਨੂੰ ਮੂਲੋਂ ਹੀ ਘਟਾ ਕੇ ਪੇਸ਼ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਸ੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਤੇ ਸੇਵਾਦਾਰਾਂ ਤੋਂ ਲੈ ਕੇ ਨਗਰਪਾਲਕਾ ਦੇ ਸਫ਼ਾਈ ਕਰਮਚਾਰੀਆਂ ਤੱਕ, ਸਭਨਾਂ ਚਸ਼ਮਦੀਦ ਗਵਾਹਾਂ ਦੇ ਬਿਆਨ ਸਰਕਾਰੀ ਝੂਠ ਦਾ ਮੂੰਹ ਚਿੜਾਉਂਦੇ ਹਨ। ਜਾਨੀ-ਨੁਕਸਾਨ ਬਾਰੇ ਸਰਕਾਰੀ ਪੱਧਰ ਤੇ ਜਾਰੀ ਕੀਤੇ ਗਏ ਅੰਕੜਿਆਂ ਉੱਤੇ ਕੋਈ ਵੀ ਯਕੀਨ ਕਰਨ ਲਈ ਤਿਆਰ ਨਹੀਂ। **ਜਦ ਮਾਰੇ ਗਏ ਲੋਕਾਂ ਦਾ ਕਿਸੇ ਕਿਸਮ ਦਾ ਕੋਈ ਰੀਕਾਰਡ ਹੀ ਨਹੀਂ ਰੱਖਿਆ ਗਿਆ, ਉਨ੍ਹਾਂ ਦੇ ਨਾਂ-ਪਤੇ ਤੇ ਨਿਸ਼ਾਨੀਆਂ ਹੀ ਨਹੀਂ ਸੰਭਾਲੀਆਂ ਗਈਆਂ, ਤਾਂ ਇਨ੍ਹਾਂ ਗੂੰਗੇ-ਬੋਲੇ ਅੰਕੜਿਆਂ ਉੱਤੇ ਭਲਾ ਕਿਸ ਤਰ੍ਹਾਂ ਯਕੀਨ ਕੀਤਾ ਜਾ ਸਕਦਾ ਹੈ?**





ਇਹੀ ਗੱਲ ਗੈਰ-ਜਾਨੀ ਨੁਕਸਾਨ, ਅਰਥਾਤ ਦਰਬਾਰ ਸਾਹਿਬ ਦੇ ਸਮੂਹ ਅੰਦਰਲੀਆਂ ਇਮਾਰਤਾਂ ਤੇ ਵਸਤੂਆਂ ਦੀ ਹੋਈ ਹਾਨੀ (ਜਾਂ ਬਰਬਾਦੀ) ਦੇ ਬਾਰੇ 'ਚ ਕਹੀ ਜਾ ਸਕਦੀ ਹੈ। ਕਾਰਵਾਈ ਦੌਰਾਨ ਅਕਾਲ ਤਖ਼ਤ ਅਤੇ ਦਰਸ਼ਨੀ ਡਿਉਡੀ ਦੇ ਵੱਡੇ ਹਿੱਸੇ ਖੰਡਰਾਤ ਬਣਾ ਦਿੱਤੇ ਗਏ ਸਨ। **ਇੱਕ ਵਿਦੇਸ਼ੀ ਪੱਤਰਕਾਰ ਨੇ ਢੱਠੇ ਹੋਏ ਅਕਾਲ ਤਖ਼ਤ ਨੂੰ ਦੇਖ ਕੇ ਆਪਣੇ ਭਾਵ ਇਸ ਤਰ੍ਹਾਂ ਪ੍ਰਗਟਾਏ : "ਇਸ ਤਰ੍ਹਾਂ ਜਾਪਦੈ ਜਿਵੇਂ ਅਕਾਲ ਤਖ਼ਤ ਦੇ ਉੱਤੇ ਬੰਬ ਸੁੱਟੇ ਗਏ ਹੋਣ। ਇਸ ਦੀ ਦਸ਼ਾ ਦੂਜੀ ਸੰਸਾਰ-ਜੰਗ ਦੌਰਾਨ ਬਰਲਿਨ ਸ਼ਹਿਰ ਵਰਗੀ ਹੋਈ ਪਈ ਹੈ।" (ਡੈਵਿਡ ਗਰੇਵਜ: ਟੈਲੀਗਰਾਫ਼ ਲੰਡਨ, 15 ਜੂਨ 1984)।** ਪਰ ਸਰਕਾਰੀ ਪ੍ਰੈਸ ਬਿਆਨ ਅੰਦਰ ਅਕਾਲ ਤਖ਼ਤ ਦੀ ਇਮਾਰਤ ਨੂੰ 'ਥੋੜ੍ਹਾ ਨੁਕਸਾਨ' ਹੋਣ ਦੀ ਹੀ ਗੱਲ ਕਹੀ ਗਈ। **ਅਕਾਲ ਤਖ਼ਤ ਦੇ ਤੱਤਕਾਲੀ 'ਜਥੇਦਾਰ' ਗਿਆਨੀ ਕਿਰਪਾਲ ਸਿੰਘ ਨੂੰ ਟੈਲੀਵਿਜਨ ਤੇ ਨੰਗਾ ਝੂਠ ਬੋਲਣ ਲਈ ਮਜ਼ਬੂਰ ਕੀਤਾ ਗਿਆ ਅਤੇ ਉਸ ਕੋਲੋਂ 'ਕੋਠਾ ਸਾਹਿਬ ਠੀਕ ਠਾਕ ਹੈ' ਕਹਾ ਕੇ ਫ਼ੌਜ ਦੁਆਰਾ ਮਚਾਈ ਗਈ ਤਬਾਹੀ ਉੱਤੇ ਪਰਦਾਪੋਸ਼ੀ ਕਰਨ ਦੇ ਯਤਨ ਕੀਤੇ ਗਏ।** ਦਰਸ਼ਨੀ ਡਿਉਡੀ ਦੇ ਉਪਰਲੇ ਹਿੱਸੇ ਵਿੱਚ ਭਾਰੀ ਹਿਫ਼ਾਜ਼ਤ ਹੇਠ ਰੱਖੀਆਂ ਇਤਿਹਾਸਕ ਤੇ ਬੇਹੱਦ ਕੀਮਤੀ ਸੁਗਾਤਾਂ ਗੋਲਾਬਾਰੀ ਨਾਲ ਨੁਕਸਾਨੀਆਂ ਗਈਆਂ। ਮਹਾਰਾਜਾ ਰਣਜੀਤ ਸਿੰਘ ਦੁਆਰਾ ਭੇਟ ਕੀਤੀ ਹੀਰਿਆਂ ਨਾਲ ਗੁੰਦੀ ਚਾਨਣੀ ਸੜ ਕੇ ਪੂਰੀ ਤਰ੍ਹਾਂ ਰਾਖ ਹੋ ਗਈ। ਇਸ ਦੇ ਬਾਵਜੂਦ ਸਰਕਾਰੀ ਪ੍ਰੈਸ ਬਿਆਨ ਅੰਦਰ ਤੋਸ਼ੇਖਾਨੇ ਨੂੰ 'ਥੋੜੇ ਨੁਕਸਾਨ' ਦੀ ਹੀ ਗੱਲ ਕਬੂਲੀ ਗਈ। ਹਰਮੰਦਰ ਸਾਹਿਬ ਦੇ ਮੁੱਖ ਸੁਨਹਿਰੀ ਗੁੰਬਦ ਤੋਂ ਲੈ ਕੇ ਛੋਟੇ ਗੁੰਬਦਾਂ, ਜੰਗਲਿਆਂ, ਚਾਰੇ ਪਾਸੇ ਦੀਆਂ ਬਾਹੀਆਂ ਤੇ ਸੋਨੇ-ਚੜ੍ਹੀਆਂ ਚੁਗਾਠਾਂ ਤੱਕ, ਹਰ ਜਗ੍ਹਾ ਥਾਂ-ਥਾਂ ਮਸ਼ੀਨਗੰਨਾਂ ਦੀਆਂ ਗੋਲੀਆਂ ਨੇ ਡੂੰਘੇ ਚਟਾਖ਼ ਪਾ ਦਿੱਤੇ ਸਨ ਅਤੇ ਸੋਨੇ ਦੇ ਪੱਤਰੇ ਜਗ੍ਹਾ-ਜਗ੍ਹਾ ਤੋਂ ਉਚੇੜ ਕੇ ਰੱਖ ਦਿੱਤੇ ਗਏ ਸਨ (ਬਾਅਦ 'ਚ ਸ਼੍ਰੋਮਣੀ ਕਮੇਟੀ ਨੇ ਹਰਮੰਦਰ ਸਾਹਿਬ ਉੱਤੇ ਗੋਲੀਆਂ ਦੇ ਘੱਟੋ-ਘੱਟ 350 ਨਿਸ਼ਾਨਾਂ ਦੀ ਨਿਸ਼ਾਨਦੇਹੀ ਕੀਤੀ) (ਕੁਲਦੀਪ ਨਈਅਰ, ਖੁਸ਼ਵੰਤ ਸਿੰਘ : ਟਰੈਜ਼ਡੀ ਆਫ਼ ਪੰਜਾਬ, ਸਫ਼ਾ 102)। **ਪਰ ਭਾਰਤ ਸਰਕਾਰ ਵੱਲੋਂ ਪੂਰੀ-ਬੇਹਯਾਈ ਨਾਲ ਇਹ ਝੂਠ ਬੋਲਿਆ ਤੇ ਮੁੜ-ਮੁੜ ਦੁਹਰਾਇਆ ਗਿਆ ਕਿ ਫ਼ੌਜ ਨੂੰ ਹਰਮੰਦਰ ਸਾਹਿਬ ਵੱਲ ਨਿਸ਼ਾਨਾ ਸੇਧਣ ਤੋਂ ਸਖ਼ਤੀ ਨਾਲ ਗੁਰੇਜ਼ ਕਰਨ ਅਤੇ ਇਸ ਮੁਕੱਦਸ ਇਮਾਰਤ ਨੂੰ ਕੋਈ ਵੀ ਨੁਕਸਾਨ ਨਾ ਪਚਾਉਂਣ ਦੀਆਂ ਕਰੜੀਆਂ ਹਦਾਇਤਾਂ ਦਿੱਤੀਆਂ ਗਈਆਂ ਸਨ ਅਤੇ ਫ਼ੌਜੀ ਜਵਾਨਾਂ ਨੇ ਆਪਣਾ ਅੰਤਾਂ ਦਾ ਨੁਕਸਾਨ ਝੱਲ ਕੇ ਵੀ ਇਨ੍ਹਾਂ ਹਦਾਇਤਾਂ ਦਾ ਕਰੜਾ ਪਾਲਣ ਕੀਤਾ।** ਇਹ ਵੀ ਕਿ 'ਦਹਿਸ਼ਤਗਰਦਾਂ' ਵੱਲੋਂ ਹਰਿਮੰਦਰ ਸਾਹਿਬ ਦੀ ਸੁਰੱਖਿਅਤ ਮੋਰਚੇ ਵਜੋਂ 'ਦੁਰਵਤਰੋਂ ਕਰਨ' ਦੇ ਬਾਵਜੂਦ ਫ਼ੌਜੀ ਜਵਾਨਾਂ ਨੇ ਹਰਮੰਦਰ ਸਾਹਿਬ ਵੱਲ ਮੋੜਵੀਂ ਗੋਲੀ ਚਲਾਉਂਣ ਦੀ ਉਤੇਜਨਾ ਉੱਤੇ ਸਖ਼ਤੀ ਨਾਲ ਕਾਬੂ ਪਾਈ ਰੱਖਿਆ (ਮੇਜਰ ਜਨਰਲ ਕੁਲਦੀਪ ਸਿੰਘ ਬਰਾੜ : 'ਇਟ ਵਾਜ਼ ਏ ਡਿਫੀਕਲਟ ਟਾਸਕ' ਇਨ ਗੁਰਮੀਤ ਸਿੰਘ, ਉਪਰੋਕਤ, ਸਫ਼ੇ 68-69)।

ਦਰਬਾਰ ਸਾਹਿਬ ਦੇ ਹਜ਼ੂਰੀ ਗ੍ਰੰਥੀ ਗਿਆਨੀ ਪੂਰਨ ਸਿੰਘ ਸਮੇਤ ਡੇਢ ਦਰਜਨ ਦੇ

ਕਰੀਬ ਸੇਵਾਦਾਰ ਸਾਰੇ ਹੋਣੀ-ਭਰਪੂਰ ਸਮੇਂ ਦੌਰਾਨ ਲਗਾਤਾਰ ਸ੍ਰੀ ਹਰਮੰਦਰ ਸਾਹਿਬ ਦੇ ਅੰਦਰ ਮੌਜੂਦ ਰਹੇ ਸਨ। ਉਨ੍ਹਾਂ ਸਾਰਿਆਂ ਨੇ ਇਸ ਸਰਕਾਰੀ ਝੂਠ ਦਾ ਭਾਂਡਾ ਭੰਨਦਿਆਂ ਹੋਇਆਂ ਪੂਰੇ ਧੜੱਲੇ ਨਾਲ ਇਹ ਸੱਚ ਉਘਾੜਿਆ ਕਿ **ਹਰਮੰਦਰ ਸਾਹਿਬ ਅੰਦਰ ਨਾ ਇੱਕ ਵੀ ਲੜਾਕੂ ਸਿੰਘ ਸੀ ਤੇ ਨਾ ਤੀਲੀ ਜਿੰਨਾ ਵੀ ਕੋਈ ਹਥਿਆਰ ਜਾਂ ਅਸਲਾ ਸੀ। ਜੁਝਾਰੂ ਸਿੰਘਾਂ ਵੱਲੋਂ ਦਰਬਾਰ ਸਾਹਿਬ ਦੀ ਮੋਰਚੇ ਦੇ ਰੂਪ ਵਿੱਚ ਵਰਤੋਂ ਕਰਨ ਦੀ ਕਹਾਣੀ ਕੋਰਾ ਝੂਠ ਸੀ ਜੋ ਭਾਰਤੀ ਹਾਕਮਾਂ ਨੇ ਆਪਣੇ ਪਾਪਾਂ ਉੱਤੇ ਪਰਦਾ ਪਾਉਂਣ ਦੀ ਖ਼ਾਤਰ ਘੜਿਆ ਸੀ ਅਤੇ ਉਨ੍ਹਾਂ ਚਾਣਕੀਆ ਨੀਤੀ ਉੱਤੇ ਚਲਦਿਆਂ ਹੋਇਆਂ ਇਸ ਝੂਠ ਨੂੰ ਇੱਕ ਬੇ-ਦੀਨੇ ਸਿੱਖ ਜਰਨੈਲ ਦੇ ਮੂਹੋਂ ਬੁਲਾਉਂਣ ਦੀ ਸ਼ੈਤਾਨੀ ਚਾਲ ਚੱਲੀ ਸੀ।** ....ਇੱਕ ਗੋਲੀ ਪਹਿਲੀ ਮੰਜਲ ਉੱਤੇ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਭਾਈ ਹਰਭਜਨ ਸਿੰਘ ਦੇ ਹੱਥ ਆ ਲੱਗੀ ਅਤੇ ਉਸ ਵਿੱਚੋਂ ਤਤੀਰੀਆਂ ਬਣ ਕੇ ਨਿਕਲਿਆ ਖ਼ੂਨ ਬੀੜ ਦੇ ਪੱਤਰਿਆਂ ਨੂੰ ਜਾ ਲੱਗਿਆ। ਇੱਕ ਹੋਰ ਗੋਲੀ ਹਰਿਮੰਦਰ ਸਾਹਿਬ ਅੰਦਰ ਕੀਰਤਨ ਕਰ ਰਹੇ ਭਾਈ ਅਵਤਾਰ ਸਿੰਘ ਦੇ ਆ ਵੱਜੀ, ਜਿਸ ਨਾਲ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਰਿਮੰਦਰ ਸਾਹਿਬ ਅੰਦਰ ਪ੍ਰਕਾਸ਼ਤ ਗੁਰੂ ਗ੍ਰੰਥ ਸਾਹਿਬ ਦੀ ਹੱਥ ਲਿਖਤ ਬੀੜ ਵੀ ਇਸ ਗੋਲੀਬਾਰੀ ਦੀ ਜ਼ਦ ਵਿੱਚ ਆ ਗਈ ਸੀ ਅਤੇ ਇੱਕ ਗੋਲੀ ਇਸ ਬੀੜ ਦੇ ਸਰੂਪ ਨੂੰ ਚੀਰ ਕੇ ਲੰਘ ਗਈ (ਗਿਆਨੀ ਪੂਰਨ ਸਿੰਘ, 'ਸੂਰੀਆ' ਅਗੱਸਤ 1984)।

ਇਲਾਚੀ ਬੇਰ ਦੀ ਹਰ ਇੱਕ ਟਾਹਣੀ ਗੋਲੀਆਂ ਨਾਲ ਮਰੁੰਡੀ ਪਈ ਸੀ ਅਤੇ ਉਸ ਦੇ ਹੇਠਾਂ ਲਾਸ਼ਾਂ ਦੀ ਇੱਕ ਢੇਰੀ ਲੱਗ ਗਈ ਸੀ। ਅਜਾਇਬ ਘਰ ਦੀ ਕੋਈ ਵੀ ਕੰਧ ਸਬੂਤੀ ਨਹੀਂ ਸੀ ਬਚੀ। ....132 ਕੀਮਤੀ ਚਿੱਤਰ ਗੋਲੀਆਂ ਨਾਲ ਛਲਣੀ ਹੋ ਗਏ ਸਨ। ਦੋ ਦੁਰਲੱਭ ਨੁਸਖ਼ੇ ਸੜ ਕੇ ਸੁਆਹ ਹੋ ਗਏ ਸਨ। ਦਰਬਾਰ ਸਾਹਿਬ ਦੀ ਵਲਗਣ ਦੇ ਅੰਦਰ ਇੱਕ ਵੀ ਗੁੰਬਦ, ਬੁਰਜੀ ਜਾਂ ਜੰਗਲਾ ਸਬੂਤਾ ਨਹੀਂ ਸੀ ਰਿਹਾ। ਪਰਕਰਮਾਂ ਦੇ ਸਾਰੇ ਕਮਰੇ, ਬਰਾਂਡੇ, ਲੰਗਰ ਹਾਲ, ਅਕਾਲ ਰੈਸਟ ਹਾਊਸ, ਗੁਰੂ ਰਾਮਦਾਸ ਸਰਾਂ, ਗੁਰੂ ਨਾਨਕ ਨਿਵਾਸ, ਤੇਜਾ ਸਿੰਘ ਸਮੁੰਦਰੀ ਹਾਲ, ਸਭ ਅੱਗ ਨਾਲ ਲੂਹੇ ਤੇ ਧੁਆਂਖੇ ਗਏ ਸਨ।....**ਇਹ ਅੱਗ ਲੜਾਈ ਦੌਰਾਨ ਨਹੀਂ ਸੀ ਲੱਗੀ। ਲੜਾਈ ਖ਼ਤਮ ਹੋਣ ਤੋਂ ਬਾਅਦ ਫ਼ੌਜ ਨੇ ਆਪਣੇ ਗੁੱਸੇ ਦੀ ਅੱਗ ਠੰਢੀ ਕਰਨ ਲਈ ਲਾਈ ਸੀ। ਇਸ ਦੇ ਬਾਵਜੂਦ ਸਰਕਾਰੀ ਪ੍ਰਚਾਰ-ਸਾਧਨਾਂ ਤੋਂ ਨਿਰਲੱਜਪੁਣੇ ਨਾਲ ਇਹ ਝੂਠ ਬੋਲਿਆ ਗਿਆ ਕਿ 'ਫ਼ੌਜ ਨੇ ਪੂਰੇ ਧੀਰਜ ਤੇ ਸੰਜਮ ਤੋਂ ਕੰਮ ਲਿਆ' ਅਤੇ ਇਮਾਰਤਾਂ ਦਾ ਘੱਟ ਤੋਂ ਘੱਟ ਨੁਕਸਾਨ ਹੋਣ ਦਿੱਤਾ।**

ਕਾਰਵਾਈ ਦੇ ਖ਼ਤਮ ਹੁੰਦਿਆਂ ਹੀ ਫ਼ੌਜ ਦੁਆਰਾ ਬੋਲੇ ਜਾ ਰਹੇ ਝੂਠ ਨੂੰ ਪਚਣਯੋਗ ਬਣਾਉਂਣ ਲਈ ਦਰਬਾਰ ਸਾਹਿਬ ਸਮੂਹ ਦੀ ਅੰਦਰੂਨੀ ਦਸ਼ਾ ਦੀ ਵੀਡੀਓ ਰਿਕਾਰਡਿੰਗ ਵਾਸਤੇ ਮੈਲਵੈਲ ਡੀ ਮੈਲੋ ਨਾਂ ਦੇ ਟੀ.ਵੀ. ਪੱਤਰਕਾਰ ਦੀਆਂ ਉਚੇਚੀਆਂ ਸੇਵਾਵਾਂ ਲਈਆਂ ਗਈਆਂ। ਇਹ ਪੱਤਰਕਾਰ ਜੰਗ ਦੌਰਾਨ ਸੱਚ ਨੂੰ ਝੂਠ ਤੇ ਝੂਠ ਨੂੰ ਸੱਚ ਬਣਾ ਕੇ ਪੇਸ਼ ਕਰਨ ਦੀ ਚੋਖੀ ਮੁਹਾਰਤ ਰੱਖਦਾ ਸੀ। 1965 ਤੇ 1971 ਦੀਆਂ ਭਾਰਤ-ਪਾਕਿ ਜੰਗਾਂ ਦੇ ਦੌਰਾਨ ਉਹ ਆਪਣੀ ਇਸ ਕਲਾ ਦੇ ਚੰਗੇ ਜ਼ੌਹਰ ਦਿਖਾ ਚੁੱਕਾ ਸੀ। (ਲੈਫਟੀਨੈਂਟ ਜਨਰਲ ਹਰਬਖਸ਼ ਸਿੰਘ, ਸੰਤ ਸਿਪਾਹੀ, ਅਗੱਸਤ 1985) ਉਸ ਨੇ ਦਰਬਾਰ ਸਾਹਿਬ ਤੇ ਹੋਰਨਾਂ ਹਾਨੀਗ੍ਰਸਤ





ਇਮਾਰਤਾਂ ਦੀਆਂ ਫੋਟੋਆਂ ਅਜਿਹੇ ਕੋਣਾਂ ਤੋ ਲਈਆਂ ਅਤੇ ਕੈਮਰੇ ਨੂੰ ਇਸ ਤਰ੍ਹਾਂ ਕਾਰੀਗਰੀ ਨਾਲ ਘੁਮਾਇਆ ਜਿਸ ਨਾਲ ਇਮਾਰਤਾਂ ਦੇ ਸੱਚਮੁੱਚ ਹੀ 'ਮਾਮੂਲੀ ਨੁਕਸਾਨ' ਦਾ ਪ੍ਰਭਾਵ ਦਿੱਤਾ ਜਾ ਸਕੇ। ਜੰਗ ਦੇ ਮੈਦਾਨ 'ਚੋਂ ਰਿਪੋਰਟਿੰਗ ਕਰਨ ਦਾ ਪ੍ਰਭਾਵ ਦੇਣ ਲਈ ਪਿਛਵਾੜੇ ਵਿੱਚ ਗੋਲੀਆਂ ਚੱਲਣ ਦੀਆਂ ਨਕਲੀ ਆਵਾਜਾਂ ਭਰੀਆਂ ਗਈਆਂ। ਦਰਬਾਰ ਸਾਹਿਬ ਵਿੱਚ ਆਮ ਵਾਂਗ ਕੀਰਤਨ ਹੁੰਦਾ ਦਿਖਾਇਆ ਗਿਆ ਅਤੇ ਅਕਾਲ ਤਖ਼ਤ ਦੇ ਦਹਿਲੇ ਹੋਏ ਜਥੇਦਾਰ ਬਾਰੇ ਸਵੈ-ਇੱਛਾ ਨਾਲ ਹੀ ਬਿਆਨ ਪੜ੍ਹਨ ਦਾ ਝੂਠਾ ਪ੍ਰਭਾਵ ਦੇਣ ਦੀ ਕੋਸ਼ਿਸ਼ ਕੀਤੀ ਗਈ। ਜਦ ਕਿ ਇਸੇ ਹੀ ਵੇਲੇ ਸਰਕਾਰ ਦੇ ਸੂਚਨਾ ਤੇ ਪ੍ਰਸਾਰਣ ਮਹਿਕਮੇ ਦੀਆਂ ਹਦਾਇਤਾਂ 'ਤੇ ਜਲੰਧਰ ਦੂਰਦਰਸ਼ਨ ਦੁਆਰਾ ਕੀਤੀ ਗਈ ਵੀਡੀਓ ਰੀਕਾਰਡਿੰਗ ਨਾ ਸਿਰਫ਼ 'ਪ੍ਰਸਾਰਣ ਲਈ ਅਯੋਗ' ਕਰਾਰ ਦੇ ਦਿੱਤੀ ਗਈ ਸਗੋਂ ਇਸ ਨੂੰ ਫੌਰਨ ਜ਼ਬਤ ਕਰ ਲਿਆ ਗਿਆ ਕਿਉਂਕਿ ਇਹ ਵੀਡੀਓ ਰੀਕਾਰਡਿੰਗ ਹੁਕਮਰਾਨਾਂ ਦੀ ਲੋੜ ਦਾ ਉਸ ਦਰਜੇ ਤੱਕ ਘਰ ਪੂਰਾ ਨਹੀਂ ਸੀ ਕਰਦੀ (ਪ੍ਰੀਤਮ ਸਿੰਘ, ਸਿੱਖ ਸ਼ਹਾਦਤਰ, ਜੂਨ 2001)।

**ਦਰਬਾਰ ਸਾਹਿਬ ਸਮੂਹ ਅੰਦਰ ਸਿੱਖ ਰੈਫਰੈਂਸ ਲਾਇਬ੍ਰੇਰੀ ਨੂੰ ਬੇਰਹਿਮੀ ਨਾਲ ਲੂਹ ਸੁੱਟਣ ਦੀ ਇੱਕੋ ਇੱਕ ਘਟਨਾ ਨਾਲ ਹੀ, 'ਫ਼ੌਜ ਵੱਲੋਂ ਸੰਜਮ ਤੋਂ ਕੰਮ ਲੈਣ' ਦੇ ਸਰਕਾਰੀ ਕੁਫ਼ਰ ਦਾ ਪੋਲ (ਤੇ ਕੋਹਜ) ਬਾਖ਼ੂਬ ਨੰਗਾ ਹੋ ਜਾਂਦਾ ਹੈ।** ਲਾਇਬ੍ਰੇਰੀ ਨੂੰ ਅੱਗ ਕਦੋਂ ਤੇ ਕਿਵੇਂ ਲੱਗੀ ਅਤੇ ਕੀਹਨੇ ਲਾਈ? ਸਰਕਾਰੀ ਪੱਖ ਵੱਲੋਂ ਇਨ੍ਹਾਂ ਸੁਆਲਾਂ ਦੇ ਅੱਜ ਤੱਕ ਵੀ ਕੋਈ ਟਿਕਵੇਂ ਤੇ ਜਚਣਹਾਰ ਜੁਆਬ ਨਹੀਂ ਦਿੱਤੇ ਜਾ ਸਕੇ। ਇਸ ਬਾਰੇ ਸਰਕਾਰੀ ਬਿਆਨ ਲਗਾਤਾਰ ਬਦਲਦੇ ਰਹੇ। ਸਭ ਤੋਂ ਪਹਿਲਾਂ ਇਹ ਝੂਠ ਧੁਮਾਇਆ ਗਿਆ ਕਿ ਲਾਇਬ੍ਰੇਰੀ ਨੂੰ ਅੱਗ ਖ਼ੁਦ ਸਿੱਖ ਜੁਝਾਰੂਆਂ ਨੇ ਹੀ ਜਾਣ-ਬੁਝ ਕੇ ਲਗਾਈ। ਫਿਰ ਇਹ ਕਿਹਾ ਗਿਆ ਕਿ ਸਿੱਖ ਜੁਝਾਰੂਆਂ ਕੋਲ ਕੁਝ ਅਹਿਜੇ ਹੱਥ-ਗੋਲੇ ਸਨ ਜੋ ਤੀਲੀ ਬਾਲਕੇ ਚਲਾਏ ਜਾਂਦੇ ਸਨ ਅਤੇ ਇਨ੍ਹਾਂ ਦੀ ਵਜ੍ਹਾ ਕਰਕੇ ਲਾਇਬ੍ਰੇਰੀ ਨੂੰ ਅੱਗ ਲੱਗ ਗਈ। ਜਨਰਲ ਕੁਲਦੀਪ ਸਿੰਘ ਬਰਾੜ ਵੱਲੋਂ ਦਿੱਤੇ ਗਏ ਸਪੱਸ਼ਟੀਕਰਨ ਵਿੱਚ ਫ਼ੌਜ ਦੇ ਗਰਨੇਡਾਂ ਦੁਆਰਾ ਵੀ ਅੱਗ ਲੱਗੀ ਹੋਣ ਦੀ ਸੰਭਾਵਨਾ ਤੋਂ ਮੁਨੱਕਰ ਨਹੀਂ ਹੋਇਆ ਗਿਆ। **ਰੈਫਰੈਂਸ ਲਾਇਬ੍ਰੇਰੀ ਦੇ ਪ੍ਰਬੰਧਕ ਦਵਿੰਦਰ ਸਿੰਘ ਦੁੱਗਲ ਨੇ ਇਸ ਘਟਨਾ ਬਾਰੇ ਸੱਚਾਈ ਤੋਂ ਪੜਦਾ ਹਟਾਉਂਦਿਆਂ ਹੋਇਆਂ ਇੰਕਸ਼ਾਫ਼ ਕੀਤਾ ਕਿ 6 ਜੂਨ ਦੀ ਸ਼ਾਮ ਤੱਕ ਲਾਇਬ੍ਰੇਰੀ ਸਹੀ ਸਲਾਮਤ ਸੀ ਤੇ ਗੜ੍ਹਵਾਲੀਆਂ ਦੇ ਕਬਜ਼ੇ ਵਿੱਚ ਸੀ। ਉਦੋਂ ਤੱਕ ਫ਼ੌਜ ਨੇ ਅਕਾਲ ਤਖ਼ਤ ਸਮੇਤ ਦਰਬਾਰ ਸਾਹਿਬ ਦੇ ਸਾਰੇ ਅਹਾਤੇ ਉੱਤੇ ਪੂਰਾ ਕੰਟਰੋਲ ਕਾਇਮ ਕਰ ਲਿਆ ਹੋਇਆ ਸੀ। ਇਸ ਕਰਕੇ ਲਾਇਬ੍ਰੇਰੀ ਨੂੰ ਅੱਗ ਲੜਾਈ ਦੇ ਦੌਰਾਨ ਨਹੀਂ ਸਗੋਂ ਲੜਾਈ ਖ਼ਤਮ ਹੋਣ ਤੋਂ ਬਾਅਦ ਲਗਾਈ ਗਈ ਅਤੇ ਇੱਕ ਨਿਸ਼ਚਿਤ ਸੋਚ ਤੇ ਗਿਣੀ-ਮਿਥੀ ਯੋਜਨਾ ਦੇ ਤਹਿਤ ਲਗਾਈ ਗਈ।**

ਮੁੱਢ-ਕਦੀਮ ਤੋਂ ਹੀ ਨਸਲ ਅਤੇ ਧਰਮ-ਜ਼ਾਤ ਦੀ ਟੱਕਰ ਵਿੱਚ ਜਰਵਾਣੀਆਂ ਧਿਰਾਂ ਵੱਲੋਂ ਵਿਰੋਧੀ ਸਭਿਆਚਾਰਾਂ ਦੇ ਕੇਂਦਰੀ ਨਿਸ਼ਾਨਾਂ ਨੂੰ ਚੁਣਵਾਂ ਨਿਸ਼ਾਨਾ ਬਣਾਇਆ ਜਾਂਦਾ ਰਿਹਾ ਹੈ। ਮੱਧਯੁਗ ਦੀਆਂ ਜਹਾਦੀ ਜੰਗਾਂ ਦੇ ਦੂਰ ਇਤਿਹਾਸ ਵੱਲ ਨਾ ਜਾਂਦੇ ਹੋਏ, ਇਥੇ ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਦੀਆਂ ਕੁਝ ਉਦਾਹਰਣਾਂ ਦਾ ਹੀ ਜ਼ਿਕਰ ਕਰਨਾ ਕਾਫ਼ੀ ਹੋਵੇਗਾ। ਵੀਹਵੀਂ ਸਦੀ ਦੇ ਆਖ਼ਰੀ ਦਹਾਕੇ ਅੰਦਰ ਯੁਗੋਸਲਾਵੀਆ ਅੰਦਰ ਭਬੂਕਾ ਬਣ ਕੇ

ਭੜਕ ਉੱਠੀ ਨਸਲੀ ਜੰਗ ਦੇ ਦੌਰਾਨ, ਬੋਸਨੀਆ ਅੰਦਰ ਸਰਬਾਂ ਨੇ ਮਸਜਿਦਾਂ ਨੂੰ ਚੁਣ-ਚੁਣ ਕੇ ਬਾਕਾਇਦਾ ਵਿਉਂਤਵੰਦ ਢੰਗ ਨਾਲ ਢਾਹਿਆ। ਅਜਾਇਬ ਘਰਾਂ ਅਤੇ ਲਾਇਬ੍ਰੇਰੀਆਂ ਨੂੰ ਖ਼ਾਸ ਤੌਰ ਤੇ ਹਮਲੇ ਦਾ ਚੁਣਵਾਂ ਨਿਸ਼ਾਨਾ ਬਣਾਇਆ ਗਿਆ।

ਸ੍ਰੀਲੰਕਾ ਦੀ ਫ਼ੌਜ ਨੇ ਜਾਫ਼ਨਾ ਉੱਤੇ ਕਬਜ਼ੇ ਦੀ ਲੜਾਈ ਦੌਰਾਨ ਜਾਫ਼ਨਾ ਦੀ ਪਬਲਿਕ ਲਾਇਬ੍ਰੇਰੀ ਨੂੰ ਗਿਣ-ਮਿਥ ਕੇ ਅੱਗ ਲਾ ਕੇ ਸਾੜ ਦਿੱਤਾ ਅਤੇ ਤਾਮਿਲ ਸਭਿਆਚਾਰ ਨਾਲ ਸਬੰਧਤ ਕਿੰਨੀਆਂ ਹੀ ਅਨਮੋਲ ਸਾਹਿਤਕ ਤੇ ਇਤਿਹਾਸਕ ਕਿਤਾਬਾਂ ਅਤੇ ਦਸਤਾਵੇਜ਼ਾਂ ਰਾਖ ਕਰ ਦਿੱਤੀਆਂ। ਸਰਾਜੀਵੋ 'ਚ ਸਰਬਾਂ ਨੇ ਕੌਮੀ ਅਜਾਇਬ ਘਰ ਨੂੰ ਤੋਪਾਂ ਨਾਲ ਥੇਹ ਕਰ ਦਿੱਤਾ। ਮਾਰਚ 2002 ਵਿੱਚ ਗੁਜਰਾਤ ਅੰਦਰ ਹਿੰਦੂ ਫ਼ਿਰਕਾਪ੍ਰਸਤ ਤਾਕਤਾਂ ਨੇ ਮੁਸਲਮਾਨਾਂ ਦੀ ਨਸਲਕੁਸ਼ੀ ਦੀ ਮੁਹਿੰਮ ਦੌਰਾਨ ਮਜ਼ਾਰਾਂ ਤੇ ਮਸੀਤਾਂ ਦਾ ਨਾਮੋ-ਨਿਸ਼ਾਨ ਹੀ ਮਿਟਾ ਕੇ ਰੱਖ ਦਿੱਤਾ (ਸੈਮੂਅਲ ਪੀ. ਹੰਟਿੰਗਟਨ : ਦਾ ਕਲੈਸ਼ ਆਫ਼ ਸਿਵਲਾਈਜੇਸ਼ਨ, ਸਫ਼ਾ 272)। **ਸੋ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੌਰਾਨ ਸਿੱਖ ਰੈਫਰੈਂਸ ਲਾਇਬ੍ਰੇਰੀ ਵੀ ਇਤਫ਼ਾਕ-ਵਸ ਹੀ ਅੱਗ ਦੀ ਲਪੇਟ ਵਿੱਚ ਨਹੀਂ ਸੀ ਆ ਗਈ, ਬਲਕਿ ਭਾਰਤੀ ਹਾਕਮਾਂ ਦੀ ਸਿੱਖ ਸਭਿਆਚਾਰ ਦੇ ਕੇਂਦਰੀ ਨਿਸ਼ਾਨਾਂ ਨੂੰ ਮਲੀਆਮੇਟ ਕਰ ਦੇਣ ਦੀ ਦੁਸ਼ਟ-ਸੋਚ ਤੇ ਵਿਉਂਤ ਦਾ ਹੀ ਨਤੀਜਾ ਸੀ (ਉਪਰੈਸ਼ਨ ਇਨ ਪੰਜਾਬ, ਸਫ਼ੇ 66-67; ਦੀ ਟਰੀਬਿਊਨ, ਜੁਲਾਈ 14, 1984)।**" ...ਜਿਵੇਂ ਜ਼ਿਕਰ ਹੋ ਚੁਕਾ ਹੈ, ਸੰਤ ਜਰਨੈਲ ਸਿੰਘ ਨੇ ਅਸਲ 'ਚੋਂ ਇਹ ਭਾਂਪ ਲਿਆ ਸੀ ਕਿ ਹਿੰਦੂ ਹਾਕਮ, ਹੋਰ ਕਿਸੇ ਵੀ ਗੱਲ ਨਾਲੋਂ ਵੱਧ, ਪੰਜਾਬ ਅੰਦਰ ਹਿੰਦੂ ਵਰਗ ਦੇ ਕਤਲਾਂ ਦੀ ਸਭ ਤੋਂ ਜਿਆਦਾ ਚੋਭ ਮੰਨਦੇ ਹਨ। ਇਸ ਕਰਕੇ ਹਿੰਦੂ ਵਰਗ ਦੇ ਕਤਲਾਂ ਦੀ ਨੀਤੀ ਦਾ 'ਵਰਜਕ' (deterrent) ਦੇ ਰੂਪ ਵਿੱਚ ਇਸਤੇਮਾਲ ਕਰਨ ਦੀ ਧਾਰਨਾ ਉਨ੍ਹਾਂ ਦੇ ਮਨ ਨੂੰ ਜਚ ਗਈ ਹੋਈ ਸੀ। ਉਹ ਇਹ ਮਹਿਸੂਸ ਕਰਨ ਲੱਗ ਪਏ ਸਨ ਕਿ ਫ਼ਿਰਕੂ ਹਾਕਮਾਂ ਦੇ ਵਹਿਸ਼ੀ ਜ਼ੁਲਮਾਂ ਤੋਂ ਬਚਣ ਲਈ ਸਿੱਖਾਂ ਵੱਲੋਂ ਬਚਾਓ ਦੇ ਇਸ ਹਥਿਆਰ ਦੀ ਵਰਤੋਂ ਕਰਨੀ ਨੈਤਿਕ ਦ੍ਰਿਸ਼ਟੀ ਤੋਂ ਅਣਉਚਿਤ ਨਹੀਂ ਠਹਿਰਾਈ ਜਾ ਸਕਦੀ।...ਉਨ੍ਹਾਂ ਦਾ ਸਪੱਸ਼ਟ ਆਦੇਸ਼ ਸੀ ਕਿ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਖ਼ਬਰ ਸੁਣ ਕੇ ਅੰਮ੍ਰਿਤਸਰ ਵੱਲ ਵਹੀਰਾਂ ਘੱਤਣ ਦੀ ਕੋਈ ਲੋੜ ਨਹੀਂ, ਬਲਕਿ ਆਪੋ ਆਪਣੀਆਂ ਥਾਵਾਂ ਤੇ 'ਨਿਸ਼ਾਨੇ ਮਿਥ ਕੇ' ਹਮਲੇ ਕਰਨ ਤੋਂ ਨਹੀਂ ਉੱਕਣਾ (ਟੇਪ ਰਿਕਾਰਡ ਕੀਤੇ ਭਾਸ਼ਣ)।... ਪਰ ਇਸ ਦੇ ਬਾਵਜੂਦ ਦਰਬਾਰ ਸਾਹਿਬ ਦੀ ਘੇਰਾਬੰਦੀ ਦੀ ਖ਼ਬਰ ਸੁਣਦਿਆਂ ਹੀ ਅੰਮ੍ਰਿਤਸਰ ਦੇ ਨੇੜਲੇ ਪਿੰਡਾਂ 'ਚੋਂ ਸਿੱਖ ਹਜ਼ਾਰਾਂ ਦੀ ਗਿਣਤੀ ਵਿੱਚ 'ਕੱਠੇ ਹੋਣੇ ਸ਼ੁਰੂ ਹੋ ਗਏ...ਸਿੱਖਾਂ ਨੇ ਵੱਡੇ ਕਾਫ਼ਲੇ ਬਣਾ ਕੇ ਅੰਮ੍ਰਿਤਸਰ ਵੱਲ ਵਧਣ ਦੀਆਂ ਜ਼ੋਰਦਾਰ ਕੋਸ਼ਿਸ਼ਾਂ ਕੀਤੀਆਂ (ਹਰਮਿੰਦਰ ਕੌਰ : ਉਪਰੋਕਤ, ਸਫ਼ੇ 20-21; ਕੁਲਦੀਪ ਨਈਅਰ ਅਤੇ ਖੁਸ਼ਵੰਤ ਸਿੰਘ : ਉਪਰੋਕਤ, ਸਫ਼ਾ 147; ਮਾਰਕ ਟੱਲੀ ਤੇ ਸਤੀਸ਼ ਜੈਕਬ : ਉਪਰੋਕਤ)। ...ਇਨ੍ਹਾਂ ਕਾਫ਼ਲਿਆਂ ਨੂੰ ਡੱਕਣ ਲਈ ਫ਼ੌਜ ਨੇ ਤਾਕਤ ਦੀ ਅੰਨ੍ਹੀ ਵਰਤੋਂ ਕੀਤੀ...ਵੱਡੀ ਗਿਣਤੀ ਵਿੱਚ ਸਿੱਖ ਹਲਾਕ ਕਰ ਦਿੱਤੇ ਗਏ। ਕੁਝ ਥਾਵਾਂ 'ਤੇ ਸਿੱਖ ਕਾਫ਼ਲਿਆਂ ਦੀ ਨਿਸ਼ਾਨਦੇਹੀ ਕਰਨ ਲਈ ਹੈਲੀਕਾਪਟਰਾਂ ਦੀ ਵਰਤੋਂ ਕੀਤੀ ਗਈ (ਮਾਰਕ ਟੱਲੀ ਤੇ ਸਤੀਸ਼ ਜੈਕਬ : ਉਪਰੋਕਤ, ਸਫ਼ਾ 152; ਸ਼ੇਖ਼ਰ ਗੁਪਤਾ : ਇੰਡੀਆ ਟੂਡੇ, 30 ਜੂਨ 1984)।



ਲਾਸਾਨੀ ਇਨਕਲਾਬ

**ਅਸਲ ਵਿੱਚ ਸਰਕਾਰ ਨੇ ਅਜਿਹੇ ਪ੍ਰਤੀਕਰਮ ਨੂੰ ਪਹਿਲਾਂ ਹੀ ਧਿਆਨ ਵਿੱਚ ਰਖਦਿਆਂ ਹੋਇਆਂ ਅਗਾਊਂ ਹੀ ਕਰੜੀਆਂ ਪੇਸ਼ਬੰਦੀਆਂ ਕਰ ਰੱਖੀਆਂ ਸਨ। ਫ਼ੌਜੀ ਕਾਰਵਾਈ ਦਾ ਘੇਰਾ ਦਰਬਾਰ ਸਾਹਿਬ ਜਾਂ ਅੰਮ੍ਰਿਤਸਰ ਤੱਕ ਹੀ ਸੀਮਤ ਨਹੀਂ ਸੀ। ਪੰਜਾਬ ਅੰਦਰ 70 ਤੋਂ ਵੱਧ ਗੁਰਦੁਆਰਿਆਂ, ਜਿਨ੍ਹਾਂ 'ਚੋਂ 34 ਇਤਿਹਾਸਕ ਸਨ, ਉੱਤੇ ਅਜਿਹਾ ਹੀ ਵਹਿਸ਼ੀ ਧਾਵਾ ਬੋਲਿਆ ਗਿਆ। ਪਟਿਆਲਾ (ਗੁਰਦੁਆਰਾ ਦੂਖ ਨਿਵਾਰਨ) ਤੇ ਮੁਕਤਸਰ ਵਿਖੇ ਫ਼ੌਜੀ ਕਾਰਵਾਈ 'ਚ ਦਰਜਨਾਂ ਦੀ ਗਿਣਤੀ ਵਿੱਚ ਸਿੱਖਾਂ ਦਾ ਘਾਤ ਕਰ ਦਿੱਤਾ ਗਿਆ (ਹਰਮਿੰਦਰ ਕੌਰ, ਉਪਰੋਕਤ, ਸਫ਼ਾ 48)। ਪੰਜਾਬ 'ਚੋਂ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖ, ਖ਼ਾਸ ਕਰਕੇ ਨੌਜਵਾਨ ਤੇ ਅੰਮ੍ਰਿਤਧਾਰੀ ਸਿੰਘ, ਗ੍ਰਿਫ਼ਤਾਰ ਕਰ ਲਏ ਗਏ ਅਤੇ ਉਨ੍ਹਾਂ ਨੂੰ ਜਗ੍ਹਾ-ਜਗ੍ਹਾ ਖੋਲ੍ਹੇ ਤਸੀਹੇ ਕੇਂਦਰਾਂ 'ਚ ਲਿਜਾ ਕੇ ਅਣਮਨੁੱਖੀ ਤਸ਼ੱਦਦ ਦਾ ਸ਼ਿਕਾਰ ਬਣਾਇਆ ਗਿਆ। ਸਿੱਖ ਜਨਤਾ ਦੇ ਮਨਾਂ ਅੰਦਰ ਫ਼ੌਜੀ ਤਾਕਤ ਦਾ ਦਹਿਲ ਪੈਦਾ ਕਰਨ ਲਈ ਪਿੰਡਾਂ ਅੰਦਰ ਵੱਡੀ ਮਾਤਰਾ 'ਚ ਅਵਾਰਾ ਟੈਂਕ ਘੁਮਾਏ ਗਏ।**

**ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਖ਼ਬਰ ਸੁਣਕੇ, ਕਈ ਪਾਸੇ ਸਿੱਖ ਫ਼ੌਜ਼ੀਆਂ ਨੇ ਬ਼ਗਾਵਤ ਕਰ ਦਿੱਤੀ। ਸਭ ਤੋਂ ਵੱਡੀ ਬ਼ਗਾਵਤ 'ਸਿੱਖ ਰੈਜਮੈਂਟ ਸਿਖਲਾਈ ਕੇਂਦਰ, ਰਾਮਗੜ੍ਹ (ਬਿਹਾਰ), ਗੰਗਾਨਗਰ ਤੇ ਜੰਮੂ ਵਿੱਚ ਹੋਈ ਸੀ। ਸਿੱਖ ਰੈਜਮੈਂਟ ਦੇ ਰਾਮਗੜ੍ਹ ਕੇਂਦਰ ਦੇ ਸਿੱਖ ਜਵਾਨਾਂ ਨੇ, 9 ਜੂਨ ਦੀ ਰਾਤ ਨੂੰ ਰੈਜਮੈਂਟ ਦਾ ਅਸਲਾਖ਼ਾਨਾ ਲੁੱਟ ਲਿਆ ਅਤੇ ਅਗਲੀ ਸਵੇਰੇ, ਮੂੰਹ ਨੇਰ੍ਹੇ ਹੀ, ਡੇਢ ਹਜ਼ਾਰ ਦੇ ਕਰੀਬ ਸਿੱਖ ਰੰਗਰੂਟਾਂ ਨੇ ਅੰਮ੍ਰਿਤਸਰ ਵੱਲ ਕੂਚ ਕਰ ਦਿੱਤਾ। ਰੋਹ ਵਿੱਚ ਆਏ ਇਨ੍ਹਾਂ ਸਿੱਖ ਜਵਾਨਾਂ ਨੇ, ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕਰ ਰਹੇ ਸਿੱਖ ਰੈਜਮੈਂਟ ਸੈਂਟਰ ਦੇ ਕਮਾਂਡੈਂਟ ਬ੍ਰਗੇਡੀਅਰ ਐਸ.ਸੀ. ਪੁਰੀ ਨੂੰ ਗੋਲੀਆਂ ਨਾਲ ਭੁੰਨ ਦਿੱਤਾ। ਇਸੇ ਤਰ੍ਹਾਂ ਪੂਨੇ ਤੋਂ ਵੀ 160 ਦੇ ਕਰੀਬ ਅਤੇ ਤ੍ਰਿਪੁਰਾ ਤੋਂ 200 ਸਿੱਖ ਜਵਾਨਾਂ ਨੇ ਬ਼ਗਾਵਤ ਦੇ ਝੰਡੇ ਬੁਲੰਦ ਕਰ ਦਿੱਤੇ। ਇਸ ਤੋਂ ਇਲਾਵਾ ਉਤਰਪ੍ਰਦੇਸ਼ ਤੇ ਪੱਛਮੀ ਬੰਗਾਲ ਦੀਆਂ ਕੁਝ ਛਾਉਂਣੀਆਂ ਅੰਦਰ ਵੀ ਬ਼ਗਾਵਤ ਦੀਆਂ ਅਸਫ਼ਲ ਕੋਸ਼ਿਸ਼ਾਂ ਕੀਤੀਆਂ ਗਈਆਂ (ਗੁਰਮੀਤ ਸਿੰਘ : ਉਪਰੋਕਤ ਸਫ਼ੇ 11-12)।**

ਪਰ ਇਹ ਪ੍ਰਤੀਕਰਮ ਆਪ ਮੁਹਾਰਾ ਤੇ ਅਣਵਿਉਂਤਿਆ ਹੋਣ ਕਰਕੇ, ਸਾਰੀਆਂ ਹੀ ਬਾਗ਼ੀ ਟੁਕੜੀਆਂ ਰਾਹਾਂ ਵਿੱਚ ਹੀ ਘਿਰ ਗਈਆਂ। ਇਨ੍ਹਾਂ ਧਰਮੀ ਫ਼ੌਜੀਆਂ 'ਚੋਂ ਕਈਆਂ ਦੀ ਪੁਲਸ ਜਾਂ ਫ਼ੌਜ ਦੀਆਂ ਗੋਲੀਆਂ ਨਾਲ ਮੌਤ ਹੋ ਗਈ ਅਤੇ ਬਾਕੀ ਦੇ ਅੱਡ-ਅੱਡ ਥਾਵਾਂ ਤੋਂ ਗ੍ਰਿਫ਼ਤਾਰ ਕਰ ਲਏ ਗਏ। ਧਾਰਮਿਕ ਜਜ਼ਬਾਤਾਂ ਵੱਸ ਬ਼ਗਾਵਤ ਕਰਨ ਵਾਲੇ ਇਨ੍ਹਾਂ ਧਰਮੀ ਸਿੱਖ ਜਵਾਨਾਂ ਉੱਤੇ 'ਰਾਜ ਵਿਰੁੱਧ ਜੰਗ ਛੇੜਨ' ਦੇ ਮੁਕੱਦਮੇ ਦਾਇਰ ਕੀਤੇ ਗਏ ਅਤੇ ਸਖ਼ਤ ਸਜ਼ਾਵਾਂ ਸੁਣਾਈਆਂ ਗਈਆਂ। **ਸਰਕਾਰੀ ਅੰਕੜਿਆਂ ਮੁਤਾਬਿਕ 2750 ਸਿੱਖ ਜਵਾਨਾਂ ਨੇ, ਪਰ ਗ਼ੈਰ-ਸਰਕਾਰੀ ਰਿਪੋਰਟਾਂ ਅਨੁਸਾਰ 8000 ਦੇ ਕਰੀਬ ਸਿੱਖ ਜਵਾਨਾਂ ਨੇ ਇਸ ਬ਼ਗਾਵਤ ਵਿੱਚ ਸਿੱਧੀ ਸ਼ਿਰਕਤ ਕੀਤੀ। ਸਰਕਾਰੀ ਪੱਖ ਮੁਤਾਬਿਕ ਇਨ੍ਹਾਂ ਚੋਂ 67 ਸਿੱਖ ਜਵਾਨ ਗੋਲੀਆਂ ਨਾਲ ਮਾਰ ਦਿੱਤੇ ਗਏ ਅਤੇ 30 ਦੇ ਕਰੀਬ ਲਾਪਤਾ ਕਰਾਰ ਦੇ ਦਿੱਤੇ ਗਏ।"**

.....“**ਇਸ ਮਾਮਲੇ ਵਿੱਚ ਅਹਿਮ ਗੱਲ ਇਹ ਦੇਖਣ ਵਿੱਚ ਆਈ ਕਿ ਬਗ਼ਾਵਤ ਕਰਕੇ ਤੁਰੇ ਸਿੱਖ ਜਵਾਨਾਂ ਨੇ, ਭਾਰੀ ਅਸਲੇ ਦੇ ਬਾਵਜੂਦ, ਰਾਹ ਵਿੱਚ ਕਿਸੇ ਵੀ ਜਗ੍ਹਾ ਕਿਸੇ ਹਿੰਦੂ ਉੱਤੇ ਹਮਲਾ ਨਹੀਂ ਕੀਤਾ।** ਇਹ ਜਵਾਨ ਮੁੱਖ ਤੌਰ ਤੇ ਪੰਜਾਬ ਦੇ ਪੇਂਡੂ ਸਿੱਖ ਪਰਿਵਾਰਾਂ ਨਾਲ ਸਬੰਧ ਰੱਖਦੇ ਸਨ। ਇਸ ਕਰਕੇ ਪੰਜਾਬ ਦੀ ਪੇਂਡੂ ਸਿੱਖ ਜਨਤਾ ਵਾਂਗ ਹੀ ਉਨ੍ਹਾਂ ਦਾ ਮੁਕਾਮ ਵੀ ਦਰਬਾਰ ਸਾਹਿਬ (ਅੰਮ੍ਰਿਤਸਰ) ਹੀ ਸੀ। ਦਰਬਾਰ ਸਾਹਿਬ ਦੀ ਰੱਖਿਆ ਲਈ ਉਹ ਸਿੱਧਾ ਉਥੇ ਪਹੁੰਚਣਾ ਚਾਹੁੰਦੇ ਸਨ। ਇਸ ਗੱਲ ਤੋਂ ਵੀ ਇਹੀ ਤੱਥ ਸਾਬਤ ਹੁੰਦਾ ਹੈ ਕਿ ਸੰਤ ਜਰਨੈਲ ਸਿੰਘ ਦੀ ਹਿੰਦੂਆਂ ਨੂੰ ਹਮਲੇ ਦਾ ਨਿਸ਼ਾਨਾ ਬਣਾਉਂਣ ਵਾਲੀ ਸੇਧ ਸਿੱਖ ਜਨਤਾ ਦੇ ਮਨਾਂ ਨੂੰ ਬਹੁਤੀ ਨਹੀਂ ਸੀ ਭਾਈ। ਇਸ ਦੇ ਕਈ ਕਾਰਨ ਗਿਣਾਏ ਜਾ ਸਕਦੇ ਹਨ। ਸਭ ਤੋਂ ਮੁੱਖ ਗੱਲ ਇਹ ਕਿ ਆਮ ਸਿੱਖ ਜਨਤਾ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਲਈ ਭਾਰਤ ਦੀ ਹਿੰਦੂ ਸਰਕਾਰ ਨੂੰ ਹੀ ਕਸੂਰਵਾਰ ਮੰਨ ਕੇ ਚੱਲ ਰਹੀ ਸੀ। **ਦਰਬਾਰ ਸਾਹਿਬ ਉੱਤੇ ਕਬਜ਼ੇ ਦੇ ਜ਼ਸ਼ਨ ਮਨਾਉਂਣ ਵਰਗੀਆਂ ਦਿਲ-ਦੁਖਾਊ ਕਾਰਵਾਈਆਂ ਦੇ ਬਾਵਜੂਦ ਸਿੱਖ ਮਨ, ਆਮ ਰੂਪ ਵਿੱਚ ਹੀ ਹਿੰਦੂ ਵਰਗ ਨੂੰ ਦੁਸ਼ਮਣ ਮਿਥ ਲੈਣ ਲਈ ਤਿਆਰ ਨਹੀਂ ਸੀ ਹੋਇਆ।** ਸਿੱਖ ਮਨ ਨੇ ਜਿਸ ਕਦਰ ਮੁਸਲਮਾਨਾਂ ਨੂੰ ‘ਗੈਰ’ ਤੇ ‘ਸਿੱਖ-ਦੋਖੀ’ ਤਸੱਵਰ ਕਰ ਲਿਆ ਹੋਇਆ ਹੈ, ਉਸ ਤਰ੍ਹਾਂ ਹਿੰਦੂਆਂ ਨੂੰ ਨਹੀਂ ਕੀਤਾ ਹੋਇਆ। ਕਾਰਨ ਇਹ ਕਿ ਪੰਜਵੇ ਪਾਤਿਸ਼ਾਹ ਦੀ ਸ਼ਹੀਦੀ ਤੋਂ ਲੈ ਕੇ 1947 ਦੇ ਬਟਵਾਰੇ ਤੱਕ ਸਿੱਖ ਕੌਮ ਦੀ ਮੁਸਲਮ ਵਰਗ ਨਾਲ ਕਿਸੇ ਨਾ ਕਿਸੇ ਸ਼ਕਲ ਵਿੱਚ, ਲਗਾਤਾਰ ਟੱਕਰ ਤੇ ਖਿਚੋਤਾਣ ਚੱਲਦੀ ਰਹੀ। ਤਿੰਨ ਸਦੀਆਂ ਤੋਂ ਵੀ ਵੱਧ ਲੰਮੇ ਸਮੇਂ ਤੱਕ ਸਿੱਖ ਪਛਾਣ ਦੇ ਨਕਸ਼ ਮੁੱਖ ਰੂਪ ਵਿੱਚ ਮੁਸਲਿਮ-ਵਿਰੋਧੀ ਟੱਕਰਾ ਚੋਂ ਹੀ ਘੜੇ-ਤਰਾਸ਼ੇ ਜਾਂਦੇ ਰਹੇ। ਇਸ ਕਰਕੇ ਸਿੱਖ ਮਨ ਅੰਦਰ ਆਮ ਰੂਪ ਵਿੱਚ ਹੀ ਮੁਸਲਿਮ-ਵਿਰੋਧੀ ਭਾਵ ਗਹਿਰੀਆਂ ਜੜ੍ਹਾਂ ਫੜ ਗਏ। ਜੇਕਰ ਇਹ ਗੱਲ ਨਾ ਹੁੰਦੀ ਤਾਂ 1947 ਵਿੱਚ ਮੁਸਲਿਮ-ਸਿੱਖ ਦੰਗਿਆਂ ਨੇ ਏਨੀ ਘਿਨਾਉਂਣੀ ਸ਼ਕਲ ਕਦਾਚਿਤ ਅਖ਼ਤਿਆਰ ਨਹੀਂ ਸੀ ਕਰਨੀ। ...ਇਹ ਗੱਲ ਵੀ ਦਰੁਸਤ ਨਹੀਂ ਕਿ 1947 ਵਿੱਚ ਮੁਸਲਮਾਨਾਂ ਦੀਆਂ ਜ਼ਿਆਦਤੀਆਂ ਦੀ ਤੁਲਨਾ ਵਿੱਚ, 1984 ਵਿੱਚ ਹਿੰਦੂਆਂ ਦੀਆਂ ਵਧੀਕੀਆਂ ਆਕਾਰ ਤੇ ਖਾਸੇ ਪੱਖੋਂ, ਉਨੀਆਂ ਦਿਲ-ਦੁਖਾਵੀਆਂ ਨਹੀਂ ਸਨ।...ਪਰ ਹਕੀਕਤ ਇਹ ਹੈ ਕਿ ਸਿੱਖ ਮਨ ਉੱਤੇ, ਹਿੰਦੂ-ਮਜ਼੍ਹਬ, ਸੰਸਕ੍ਰਿਤੀ ਤੇ ਸਮਾਜ ਨਾਲ ‘ਅਟੁੱਟ’ ਸਾਂਝਾਂ ਦਾ ਵਿਚਾਰ ਤੇ ਜਜ਼ਬਾ ਲਗਾਤਾਰ ਆਪਣਾ ਭਾਰੂ ਅਸਰ ਕਾਇਮ ਰੱਖ ਰਿਹਾ ਹੈ। ...ਇਸ ਗੱਲ ਨੇ ਸਿੱਖ ਚੇਤਨਾ ਉੱਤੇ ਆਪਣੇ ਬਹੁਤ ਹੀ ਗੂੜ੍ਹੇ ਤੇ ਚੀੜ੍ਹੇ ਨਿਸ਼ਾਨ ਛੱਡ ਦਿੱਤੇ ਹੋਏ ਹਨ। ਇਸ ਵਜ੍ਹਾ ਕਰਕੇ, ਚਿਰਾਂ ਤੋਂ ਵਗਦੇ ਆ ਰਹੇ ਇਸ ਵਿਚਾਰਧਾਰਕ ਵਹਿਣ ਦਾ ਮੂੰਹ ਇਕਦਮ ਉਲਟੀ ਦਿਸ਼ਾ ਵਿੱਚ ਭੁਆ ਦੇਣਾ ਏਨਾ ਸੌਖਾ ਨਹੀਂ ਸੀ।...ਆਮ ਸਿੱਖ ਜਨਤਾ ਨੇ, ਸਮੇਤ ਬੌਧਿਕ ਸਿੱਖ ਵਰਗ ਦੇ, ਸੰਤ ਭਿੰਡਰਾਂਵਾਲੇ ਦੇ ਇਸ ਨਿਰਦੇਸ਼ ਨੂੰ ਵੱਧ ਨੈਤਿਕ ਦ੍ਰਿਸ਼ਟੀ ਤੋਂ ਹੀ ਦੇਖਿਆ। ਇਸ ਦੀ ਰਾਜਨੀਤਕ ਵਿਆਕਰਣ ਉਨ੍ਹਾਂ ਦੇ ਗੇੜ ਵਿੱਚ ਨਹੀਂ ਆਈ।” (ਅਜਮੇਰ ਸਿੰਘ : ਉਪਰੋਕਤ, ਸਫ਼ੇ 428-50)।

“**ਗੁਰਚਰਨ ਸਿੰਘ ਟੌਹੜਾ, ਹਰਚੰਦ ਸਿੰਘ ਲੌਂਗੋਵਾਲ ਤੇ ਹੋਰ ਅਕਾਲੀ ਚੌਧਰੀ, ਜਿਹੜੇ ਕਹਿੰਦੇ ਸੀ ਫ਼ੌਜ ਦਰਬਾਰ ਸਾਹਿਬ ਵਿੱਚ ਸਾਡੀਆਂ ਲਾਸ਼ਾਂ ਤੋਂ ਲੰਘ ਕੇ ਜਾਏਗੀ ਉਹ**





**ਬੇਗ਼ੈਰਤ, ਜਿਉਂਦੀਆਂ ਲਾਸ਼ਾਂ ਵਾਂਗ, ਸ਼ਹੀਦ ਹੋਏ ਸਿੰਘਾਂ ਦੀਆਂ ਲਾਸ਼ਾਂ ’ਤੇ ਪੈਰ ਰਖਦੇ ਹੋਏ ਫ਼ੌਜ ਦੀਆਂ ਗੱਡੀਆਂ ਵਿੱਚ ਮਹਿਫ਼ੂਜ ਜਾ ਬੈਠੇ।....54 ਪਿਆਦਾ ਡਵੀਜਨ ਨੇ ਅੰਮ੍ਰਿਤਸਰ ਸ਼ਹਿਰ ਦੀ ਸਾਰੇ ਪਾਸਿਆਂ ਤੋਂ ਨਾਕਾਬੰਦੀ ਕੀਤੀ ਹੋਈ ਸੀ।.....**

## ਸਿੱਖ ਰੈਫਰੈਂਸ ਲਾਇਬ੍ਰੇਰੀ ਚੁੱਕ ਲਿਜਾਣਾ

5 ਜੂਨ ਦੀ ਅੱਧੀ ਰਾਤ ਤੋਂ ਕੁਝ ਚਿਰ ਬਾਅਦ (ਤਕਰੀਬਨ ਤੜਕੇ ਡੇਢ ਵਜੇ) ਭਾਰਤੀ ਫ਼ੌਜ ਸਿੱਖ ਰੈਫਰੈਂਸ ਲਾਇਬ੍ਰੇਰੀ ਤੇ ਕਾਬਜ਼ ਹੋ ਚੁੱਕੀ ਸੀ। ਭਾਰਤੀ ਫ਼ੌਜ ਨੇ 6 ਜੂਨ ਸਵੇਰ ਤੱਕ ਗੁਰੂ ਰਾਮਦਾਸ ਸਰਾਂ, ਤੇਜਾ ਸਿੰਘ ਸਮੁੰਦਰੀ ਹਾਲ ਤੇ ਗੁਰੂ ਨਾਨਕ ਨਿਵਾਸ ’ਤੇ ਕਬਜ਼ਾ ਕਰ ਲਿਆ ਸੀ। **ਇਨ੍ਹਾਂ ਸਾਰੀਆਂ ਥਾਵਾਂ ’ਤੇ ਕਬਜ਼ਾ ਕਰਨ ਮਗਰੋਂ ਭਾਰਤੀ ਫ਼ੌਜ ਨੇ ਸਿੱਖ ਰੈਫਰੈਂਸ ਲਾਇਬ੍ਰੇਰੀ ਵਿੱਚੋਂ ਸਾਰਾ ਸਾਮਾਨ ਚੁੱਕ ਲਿਆ ਅਤੇ ਇਸ ਨੂੰ ਦੋ ਸੌ ਤੋਂ ਵੱਧ ਬੋਰੀਆਂ, ਬਕਸਿਆਂ ਅਤੇ ਪੇਟੀਆਂ ਵਿੱਚ ਪਾ ਲਿਆ ਅਤੇ ਮਗਰੋਂ ਲਾਇਬ੍ਰੇਰੀ ਦੀਆਂ ਅਲਮਾਰੀਆਂ ਵਗ਼ੈਰਾ ਨੂੰ ਅੱਗ ਲਾ ਦਿੱਤੀ।** ਇੰਜ ਹੀ ਸ਼੍ਰੋ. ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਅਕਾਲੀ ਦਲ ਦੇ ਰਿਕਾਰਡ ਵੀ ਫ਼ੌਜ ਚੁੱਕ ਕੇ ਲੈ ਗਈ ਤੇ ਇਨ੍ਹਾਂ ਇਮਾਰਤਾਂ ਨੂੰ ਵੀ ਅੱਗ ਲਾ ਦਿੱਤੀ ਗਈ। ਬਰਾੜ ਨੇ ਆਪਣੀ ਪ੍ਰਾਪੇਗੰਡਾ ਵਾਸਤੇ ਲਿਖੀ ਕਿਤਾਬ ਵਿੱਚ ਇਸ ਦਾ ਕਿਤੇ ਵੀ ਜ਼ਿਕਰ ਨਹੀਂ ਕੀਤਾ ਕਿ ਫ਼ਾਇਰਿੰਗ ਵਿੱਚ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਦੇ ਦਫ਼ਤਰਾਂ ਨੂੰ ਅੱਗ ਲਾਉਂਣ ਬਾਰੇ ਕੋਈ ਚਸ਼ਮਦੀਦ ਗਵਾਹਾਂ ਨੇ ਵੀ ਤਸਦੀਕ ਕੀਤੀ ਹੈ।...ਫ਼ੌਜ ਨੂੰ ਦਰਬਾਰ ਸਾਹਿਬ ਦੇ ਅੰਦਰੋਂ ਇੱਕ ਵੀ ਖਾੜਕੂ ਜਾਂ ਮਾੜਾ-ਮੋਟਾ ਵੀ ਅਸਲਾ ਨਹੀਂ ਸੀ ਲੱਭਿਆ।...**ਸਿੱਖਾਂ ਦੀਆਂ ਲਾਸ਼ਾਂ ਢੋਣ ਵਾਸਤੇ ਮਿਉਂਸੀਪਲ ਕਮੇਟੀ ਦੀਆਂ ਕੂੜਾ ਚੁੱਕਣ ਵਾਲੀਆਂ ਟਰਾਲੀਆਂ ਲਿਆਂਦੀਆਂ ਗਈਆਂ। ਸੈਂਕੜੇ ਫ਼ੌਜੀਆਂ ਦੀਆਂ ਲਾਸ਼ਾਂ ਫ਼ੌਜੀ ਟਰੱਕਾਂ ਵਿੱਚ ਲਿਜਾਈਆਂ ਗਈਆਂ। ਲਾਸ਼ਾਂ ਚੁੱਕਣ ਵਾਲੇ ਭੰਗੀਆਂ (ਸਫ਼ਾਈ ਸੇਵਕਾਂ) ਨੂੰ ਲਾਲਚ ਦਿੱਤਾ ਗਿਆ ਕਿ ਲਾਸ਼ਾਂ ਦੇ ਬੋਝਿਆਂ ਵਿੱਚੋਂ ਜੋ ਵੀ ਮਾਲ-ਮੱਤਾ ਮਿਲੇ ਉਹ ਰੱਖ ਸਕਦੇ ਹਨ। ਇਨ੍ਹਾਂ ਲਾਸ਼ਾਂ ਨੂੰ ਅੰਮ੍ਰਿਤਸਰ ਦੇ ਆਲੇ-ਦੁਆਲੇ ਦੇ ਸ਼ਮਸ਼ਾਨ ਘਾਟਾਂ ਵਿੱਚ ਇਕੱਠੀਆਂ ਕਰਕੇ ਬਿਨਾ ਕਿਸੇ ਧਾਰਮਿਕ ਰਸਮਾਂ ਦੇ ਫੂਕ ਦਿੱਤਾ ਗਿਆ।** ਇਹ ਸਾਰਾ ਕੁਝ ਡੀ.ਸੀ. ਰਮੇਸ਼ਇੰਦਰ ਸਿੰਘ ਦੀ ਨਿਗਰਾਨੀ ਹੇਠ ਕੀਤਾ ਗਿਆ।

## ਹਿੰਦੂਆਂ ਨੇ ਖੁਸ਼ੀਆਂ ਮਨਾਈਆਂ

**ਦਰਬਾਰ ਸਾਹਿਬ ’ਚ ਤਬਾਹੀ ਕਰਨ ਮਗਰੋਂ ਜਦੋਂ ਫ਼ੌਜੀ ਬਾਹਰ ਲਿਕਲੇ ਤਾਂ ਸ਼ਹਿਰ ਦੇ ਹਿੰਦੂਆਂ ਨੇ ਫ਼ੌਜੀਆਂ ਦੇ ਇਸ ਮਹਾਨ ‘ਕਾਰਨਾਮੇ’ ਤੇ ਮਿਠਾਈਆਂ, ਫ਼ਲ, ਦੁੱਧ ਵਗ਼ੈਰਾ ਨਾਲ ਸੇਵਾ ਕੀਤੀ ਤੇ ਮੁਬਾਰਕਾਂ ਦਿੱਤੀਆਂ ਤੇ ਹਿੰਦੂ ਔਰਤਾਂ ਤੇ ਮਰਦਾਂ ਦੋਹਾਂ ਨੇ ਫ਼ੌਜੀਆਂ ਦੀਆਂ ਆਰਤੀਆਂ ਉਤਾਰੀਆਂ। ਫ਼ੌਜ ਨੇ ਹਿੰਦੂਆਂ ਨੂੰ ਭਿੰਡਰਾਂਵਾਲਿਆਂ ਦੀ ਲਾਸ਼ ਵੀ ਦਿਖਾਈ। ਹਿੰਦੂਆਂ ਨੇ ਇਸ ਮੌਕੇ ਤੇ ਭੰਗੜੇ ਵੀ ਪਾਏ ਤੇ ਖੁਸ਼ੀਆਂ ਮਨਾਈਆਂ। ਇਸ ਤੋਂ ਜ਼ਾਹਿਰ ਹੁੰਦਾ ਸੀ ਕਿ ਇਹ ਲੜਾਈ ਇੰਦਰਾ ਅਤੇ ਫ਼ੌਜ ਨੇ ਹਿੰਦੂ-ਸਿੱਖ ਲੜਾਈ ਬਣਾ ਕੇ ਲੜੀ ਸੀ ਨਾ ਕਿ ਖਾੜਕੂਆਂ ਜਾਂ ਭਿੰਡਰਾਂਵਾਲਿਆਂ ਦੇ ਖਿਲਾਫ਼...ਫ਼ੌਜੀ** ਦਰਬਾਰ ਸਾਹਿਬ ਦੀ ਹਦੂਦ

**ਵਿੱਚ ਸ਼ਰ੍ਹੇਆਮ ਸਿਗਰਟਾਂ ਪੀਂਦੇ ਰਹੇ। ਜੇ ਕਿਸੇ ਨੇ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਵੱਲ ਬੰਦੂਕ ਤਾਣ ਲਈ ਗਈ। ਇਸ ਦੀ ਗਵਾਹੀ ਸ. ਭਾਨ ਸਿੰਘ, ਗੁਰਚਰਨ ਸਿੰਘ ਟੌਹੜਾ ਅਤੇ ਕਈ ਹੋਰ ਚਸ਼ਮਦੀਦ ਗਵਾਹਾਂ ਨੇ ਦਿੱਤੀ ਹੈ।...**

ਭਾਵੇਂ ਹਜ਼ਾਰਾਂ ਮੀਲ ਦੂਰ ਬੈਠੇ ਸਿੱਖ ਫ਼ੌਜੀਆਂ ਨੇ ਆਪਣੀ ਜਾਨ ਤੇ ਕੈਰੀਅਰ ਦਾਅ ’ਤੇ ਲਾ ਕੇ ਬਗ਼ਾਵਤ ਕੀਤੀ ਪਰ ਪੰਜਾਬ ਦੀ ਧਰਤੀ ’ਤੇ ਪੂਜਾ ਦਾ ਧਨ ਖਾਣ ਵਾਲੇ ਤੇ ਲੁੱਟਾਂ-ਖੋਹਾਂ ਨਾਲ ਅੱਯਾਸ਼ੀ ਕਰ ਰਹੇ ਤੇ ਭੰਗ ਪੀ ਰਹੇ ਨਿਹੰਗਾਂ ਤੇ ਡੇਰੇਦਾਰਾਂ ਵਿੱਚੋਂ ਕਿਸੇ ਦੀ ਗੈਰਤ ਨੇ ਵੀ ਉਨ੍ਹਾਂ ਨੂੰ ਨਾ ਟੁੰਬਿਆ।

## ਦੁਨੀਆ ਭਰ ਵਿੱਚ ਸਿੱਖਾਂ ਵੱਲੋਂ ਰੋਸ

ਦਰਬਾਰ ਸਾਹਿਬ ’ਤੇ ਹਮਲੇ ਦੇ ਖ਼ਿਲਾਫ਼ ਡਾ: ਗੰਡਾ ਸਿੰਘ, ਭਗਤ ਪੂਰਨ ਸਿੰਘ, ਸਾਧੂ ਸਿੰਘ ਹਮਦਰਦ, ਖੁਸ਼ਵੰਤ ਸਿੰਘ ਵਗ਼ੈਰਾ ਨੇ ਪਦਮਸ੍ਰੀ ਦੇ ਖ਼ਿਤਾਬ ਵਾਪਿਸ ਕਰ ਦਿੱਤੇ। ਚਰਨਜੀਤ ਸਿੰਘ ਕੋਕਾ ਕੋਲਾ ਤੇ ਕੈਪਟਨ ਅਮਰਿੰਦਰ ਸਿੰਘ ਨੇ ਕਾਂਗਰਸ ਪਾਰਟੀ ਅਤੇ ਲੋਕਸਭਾ ਤੋਂ ਅਸਤੀਫ਼ੇ ਦੇ ਦਿੱਤੇ। ਸਿਮਰਨਜੀਤ ਸਿੰਘ ਮਾਨ ਨੇ ਡੀ.ਆਈ.ਜੀ. ਦੇ ਅਹੁਦੇ ਵਾਲੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਤੇ ਜ਼ੈਲ ਸਿੰਘ ਨੂੰ ਜ਼ਬਰਦਸਤ ਰੋਸ ਵਾਲੀ ਚਿੱਠੀ ਵੀ ਲਿਖੀ। ਅਜਿਹੇ ਰੋਸ ਹੋਰ ਵੀ ਕਈ ਸਿੱਖਾਂ ਨੇ ਜ਼ਾਹਿਰ ਕੀਤੇ, **ਪਰ 1947 ਵਿੱਚ ਵਾਰਸ ਸ਼ਾਹ ਨੂੰ ਆਵਾਜਾਂ ਮਾਰਨ ਵਾਲੀ ਅੰਮ੍ਰਿਤਾ ਪ੍ਰੀਤਮ ਤੇ ਉਸ ਵਰਗੇ ਬੇਗ਼ੈਰਤਾਂ ਦੇ ਅੰਦਰ ਦਾ ਇਨਸਾਨ ਨਾ ਜਾਗਿਆ।**

ਵਿਦੇਸ਼ਾਂ ਵਿੱਚ ਸਿੱਖਾਂ ਨੇ ਹਰ ਪਾਸੇ ਜ਼ਬਰਦਸਤ ਰੋਸ-ਜਲੂਸ ਕੱਢੇ। ਸਭ ਤੋਂ ਵੱਡੇ ਜਲੂਸ ਲੰਡਨ, ਵਾਸ਼ਿੰਗਟਨ, ਵੈਨਕੂਵਰ, ਟਰਾਂਟੋ, ਓਸਲੋ, ਵਗ਼ੈਰਾ ਵਿੱਚ ਕੱਢੇ ਗਏ ਸਨ। ਇਨ੍ਹਾਂ ਵਿੱਚ ਲੱਖਾਂ ਸਿੱਖਾਂ ਨੇ ਹਿੱਸਾ ਲਿਆ।.....

## ਖ਼ਾਲਸਤਾਨੀ ਸਰਕਾਰਾਂ

11 ਜੂਨ 1984 ਦੇ ਦਿਨ ਲੰਡਨ ਵਿੱਚ ਦਲ ਖ਼ਾਲਸਾ ਨੇ ਜਲਾਵਤਨ ਸਰਕਾਰ ਦਾ ਐਲਾਨ ਕਰ ਦਿੱਤਾ।

ਦਰਬਾਰ ਸਾਹਿਬ ’ਤੇ ਹਮਲੇ ਤੋਂ ਬਾਅਦ ਪੰਜਾਬ ਦੇ ਪਿੰਡਾਂ ਵਿੱਚ ਫ਼ੌਜ ਨੇ 18 ਤੋਂ 40 ਸਾਲ ਦੀ ਉਮਰ ਦੇ ਹਜ਼ਾਰਾਂ ਸਿੱਖ ਗ੍ਰਿਫ਼ਤਾਰ ਕੀਤੇ। ਇਨ੍ਹਾਂ ਵਿੱਚੋਂ ਕਈ ਤਾਂ ਫ਼ੌਜ ਨੇ ਮਾਰ ਮੁਕਾਏ ਤੇ ਕੁਝ ਜੇਲ੍ਹਾਂ ਵਿੱਚ ਸੁੱਟ ਦਿੱਤੇ।

ਭਾਰਤੀ ਫ਼ੌਜ ਨੇ 6 ਜੂਨ ਤੋਂ 8 ਜੂਨ ਤੱਕ ਦਰਬਾਰ ਸਾਹਿਬ ਵਿੱਚ ਕੀਰਤਨ ਹੀ ਨਹੀਂ, ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਵੀ ਨਹੀਂ ਹੋਣ ਦਿੱਤਾ। ਅਜਿਹਾ ਪਿਛਲੇ 220 ਸਾਲ ’ਚ ਪਹਿਲੀ ਵਾਰੀ ਹੋਇਆ ਸੀ। ਇਸ ਮਗਰੋਂ ਵੀ ਦਰਬਾਰ ਸਾਹਿਬ ਫ਼ੌਜ ਦੀ ਨਿਗਰਾਨੀ ਹੇਠ ਹੀ ਖੁਲ੍ਹਦਾ ਤੇ ਬੰਦ ਹੁੰਦਾ ਰਿਹਾ, ਪਰ ਕਿਸੇ ਨੂੰ ਵੀ ਅੰਦਰ ਜਾਣ ਦੀ ਇਜਾਜ਼ਤ ਨਹੀਂ ਹੁੰਦੀ ਸੀ।





**ਇਸ ਫ਼ੌਜੀ ਹਮਲੇ ਦੀ ਭਾਰਤੀ ਜਨਤਾ ਪਾਰਟੀ ਅਤੇ ਕਮਿਊਨਿਸਟਾਂ ਨੇ ਵੀ ਰੱਜਵੀਂ ਹਮਾਇਤ ਕੀਤੀ ਸੀ (ਭਾਜਪਾ ਨੇ ਤਾਂ ਇੰਦਰਾ ਗਾਂਧੀ ਨੂੰ ਦੁਰਗਾ ਕਹਿ ਕੇ ਉਸ ਦੀ ਪੂਜਾ ਵੀ ਕੀਤੀ ਸੀ)। ਅਡਵਾਨੀ ਨੇ ਮਾਰਚ 2008 ਵਿੱਚ ਛਪੀ ਆਪਣੀ ਜੀਵਨੀ ਵਿੱਚ ਇਹ ਮੰਨਿਆ ਹੈ ਕਿ ਉਹ ਦਰਬਾਰ ਸਾਹਿਬ ’ਤੇ ਹਮਲੇ ਵਾਸਤੇ ਇੰਦਰਾ ’ਤੇ ਵਾਰ-ਵਾਰ ਜ਼ੋਰ ਪਾਉਂਦੇ ਰਹੇ ਸਨ।**

**(ਇਸ ਕਿਤਾਬ ਦਾ ਰਾਜ਼ ਖੁੱਲ੍ਹਣ ਦੇ ਕੁੱਝ ਦਿਨ ਮਗਰੋਂ ਹੀ ਇਸ ਅਡਵਾਨੀ ਨੂੰ ਉਸਦੇ ਦਰਬਾਰ ਸਾਹਿਬ ’ਤੇ ਹਮਲੇ ਵਿੱਚ ਇਸ ‘ਮਹਾਨ ਰੋਲ ਬਦਲੇ, ਬਾਦਲ ਅਕਾਲੀ ਦਲ ਦਿੱਲੀ ਨੇ, ਨਵੇਂ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਦੀ ਅਗੁਵਾਈ ਹੇਠ, ਵਿਸਾਖ਼ੀ 2008 ਦੇ ਦਿਨ ਉਸ ਦੇ ਘਰ ਜਾ ਕੇ ਸਿਰੋਪਾ ਭੇਟ ਕੀਤਾ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਅਡਵਾਨੀ ਨੂੰ ਸਿਰੋਪੇ ਦੇਣ ਵਾਲੇ ਇਹ ਸਿੱਖ ਵੀ ਦਰਬਾਰ ਸਾਹਿਬ ’ਤੇ ਹਮਲੇ ਦੇ ਹਮਾਇਤੀ ਸਨ)।...**

ਇੰਦਰਾ ਤੋਂ ਬਾਅਦ ਜਦੋਂ ਵੀ.ਪੀ. ਸਿੰਹ, ਚੰਦਰ ਸ਼ੇਖਰ, ਦੇਵਗੌੜਾ, ਗੁਜਰਾਲ, ਵਾਜਪਾਈ, ਮਨਮੋਹਨ ਸਿੰਘ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਤਾਂ ਉਨ੍ਹਾਂ ਨੇ ਵੀ ਇਸ ਹਮਲੇ ਨੂੰ ਗ਼ਲਤ ਨਹੀਂ ਆਖਿਆ ਅਤੇ ਨਾ ਹੀ ਕਿਸੇ ਨੇ ਇਸ ਦੀ ਸਰਕਾਰੀ ਪੱਧਰ ’ਤੇ ਮੁਆਫ਼ੀ ਹੀ ਮੰਗੀ। ਸਾਰੇ ਸਿਰਫ਼ ਇਸ ਨੂੰ ‘ਅਫ਼ਸੋਸਨਾਕ’, ‘ਮੰਦਭਾਗਾ’, ‘ਮੁੜ ਕੇ ਨਾ ਹੋਵੇ’ ਆਖ ਕੇ ਲਿਫ਼ਾਫੇਬਾਜ਼ੀ ਕਰਦੇ ਰਹੇ। ਹੋਰ ਤਾਂ ਹੋਰ ਚੰਦਰ ਸ਼ੇਖਰ ਵਰਗੇ ਆਗੂ, ਜਿਨ੍ਹਾਂ ਨੇ ਦਰਬਾਰ ਸਾਹਿਬ ’ਤੇ ਹਮਲੇ ਦੀ ਨਿੰਦਾ ਕੀਤੀ ਸੀ, ਵੀ ਮਗਰੋਂ ਜਦੋਂ ਸਰਕਾਰ ਵਿੱਚ ਆਏ ਤਾਂ ਉਨ੍ਹਾਂ ਦੀ ਬੋਲੀ ਬਦਲ ਗਈ। ਪਰ ਐਨ.ਟੀ. ਰਾਮਾ ਰਾਓ, ਸੁਬਰਾਮਨੀਅਮ ਸਵਾਮੀ, ਰਾਮ ਜੇਠਮਲਾਨੀ ਤੇ ਕੁਝ ਹੋਰਾਂ ਨੇ ਸਾਫ਼ ਲਫ਼ਜ਼ਾਂ ਵਿੱਚ ਹਮੇਸ਼ਾ ਇਸ ਹਮਲੇ ਦੀ ਪੂਰੀ ਤਰ੍ਹਾਂ ਨਿੰਦਾ ਕੀਤੀ।

**...ਪਹਿਲੀ ਅਤੇ ਦੂਜੀ ਵੱਡੀ ਜੰਗ ਹੀ ਨਹੀਂ ਬਲਕਿ ਪੂਰੀ ਤਵਾਰੀਖ਼ ਵਿੱਚ ਵੀ ਕਿਸੇ ਧਾਰਮਿਕ ਇਮਾਰਤ ਦੀ ਏਨੀ ਤਬਾਹੀ ਨਹੀਂ ਹੋਈ ਹੋਣੀ, ਜਿੰਨੀ ਅਕਾਲ ਤਖ਼ਤ ਦੀ ਇਮਾਰਤ ਦੀ ਹੋਈ ਸੀ।**

## ਸਰਕਾਰ ਦਾ ਵ੍ਹਾਈਟ ਪੇਪਰ ਜਾਰੀ

11 ਜੁਲਾਈ 1987 ਨੂੰ ਸਰਕਾਰ ਨੇ ਪੰਜਾਬ ਬਾਰੇ ਵ੍ਹਾਈਟ ਪੇਪਰ ਜਾਰੀ ਕਰ ਦਿੱਤਾ ਤਾਂ ਜੋ ਸਿੱਖਾਂ ਨੂੰ ਦੋਸ਼ੀ ਠਹਿਰਾਇਆ ਜਾ ਸਕੇ ਅਤੇ ਫ਼ੌਜ ਦੇ ਹਮਲੇ ਨੂੰ ਵਾਜਬ ਕਰਾਰ ਦਿੱਤਾ ਜਾ ਸਕੇ। ਵ੍ਹਾਈਟ ਪੇਪਰ ਇੱਕ ਕੁਫ਼ਰ ਦਾ ਪੁਲੰਦਾ ਸੀ। ਇਸ ਤੋਂ ਨਾ ਤਾਂ ਦਰਬਾਰ ਸਾਹਿਬ ਉੱਤੇ ਹਮਲੇ ਨੂੰ ਹੱਕ-ਬਜਾਨਿਬ ਠਹਿਰਾਇਆ ਜਾ ਸਕਦਾ ਸੀ ਅਤੇ ਨਾ ਹੀ ਸਰਕਾਰ ਦੇ ਜ਼ੁਲਮ ਤੇ ਪਰਦਾ ਪੈਂਦਾ ਸੀ। ਉਂਜ ਇਸ ਵਿੱਚ ਇਹ ਰਾਜ ਜ਼ਰੂਰ ਫ਼ਾਸ਼ ਕੀਤਾ ਗਿਆ ਕਿ ਕੁਝ ਅਕਾਲੀ ਚੌਧਰੀ ਸੈਂਟਰ ਨਾਲ ਖ਼ੁਫ਼ੀਆ ਮੁਲਾਕਾਤਾਂ ਕਰਦੇ ਰਹੇ ਸਨ।

## ਇਕ ਹੋਰ ਜਹਾਜ਼ ਅਗਵਾ

ਇਸ ਦੌਰਾਨ ਚੰਡੀਗੜ੍ਹ ਦੇ ਸੱਤ ਨੌਜਵਾਨਾਂ ਨੇ ਭਾਰਤ ਦਾ ਇੱਕ ਜਹਾਜ਼ ਅਗਵਾ ਕਰਨ ਦੀ ਕਾਰਵਾਈ ਕੀਤੀ। 24 ਅਗੱਸਤ ਨੂੰ ਇਹ ਜਹਾਜ਼ ਪਹਿਲੋਂ ਲਾਹੌਰ, ਫਿਰ ਕਰਾਚੀ ਤੇ ਫਿਰ ਡੁਬੱਈ ਲਿਜਾਇਆ ਗਿਆ। ਮਗਰੋਂ ਡੁਬੱਈ ਵਿੱਚ ਇਨ੍ਹਾਂ ਨੌਜਵਾਨਾਂ ਨੇ ਹਥਿਆਰ ਸੁੱਟ ਦਿੱਤੇ ਤੇ ਜੇਲ੍ਹ ਵਿੱਚ ਜਾ ਪੁੱਜੇ। ਇਹ ਸਨ : ਤਜਿੰਦਰ ਸਿੰਘ, ਸੁਰਿੰਦਰ ਸਿੰਘ, ਮਾਨ ਸਿੰਘ ਬੱਗਾ, ਅਵਤਾਰ ਸਿੰਘ, ਦਵਿੰਦਰ ਸਿੰਘ, ਅਮਰਿੰਦਰ ਸਿੰਘ ਤੇ ਕਮਲਜੀਤ ਸਿੰਘ ਸੰਧੂ।"

[ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਪੰਜਵਾਂ ਹਿੱਸਾ), ਸਫ਼ੇ 1311-19]

## ਦੂਰ-ਰਸ ਸਿੱਟੇ

"ਸੰਤ ਜਰਨੈਲ ਸਿੰਘ ਨੇ ਜੋ ਅਤੇ ਜਿਵੇਂ ਚਾਹਿਆ ਸੀ, ਭਾਵੇਂ ਐਨ ਉਸੇ ਤਰ੍ਹਾਂ ਦਾ ਕੁਝ ਨਾ ਵਾਪਰਿਆ। ਪਰ ਫਿਰ ਵੀ ਪੰਜਾਬ ਦੀ, ਜਾਂ ਇਹ ਕਹਿ ਲਵੋ ਕਿ ਦੇਸ਼ ਦੀ ਹੀ, ਸਮਾਜੀ-ਰਾਜਨੀਤਕ ਸਥਿਤੀ ਅੰਦਰ ਇੱਕ ਵੱਡੀ, ਤੇ ਸੀਮਤ ਅਰਥਾਂ ਵਿੱਚ ਸਿਫ਼ਤੀ, ਤਬਦੀਲੀ ਜਰੂਰ ਵਾਪਰ ਗਈ। ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੇ ਨਤੀਜੇ ਵਜੋਂ, ਇਤਿਹਾਸ ਅੰਦਰ ਪਹਿਲੀ ਵਾਰ ਹਿੰਦੂਆਂ ਅਤੇ ਸਿੱਖਾਂ ਵਿਚਕਾਰ ਵਿਰੋਧ ਤੇ ਨਿਖੇੜੇ ਦੀ ਇੱਕ ਗੂੜ੍ਹੀ ਲੀਕ ਵਾਹੀ ਗਈ। ਭਾਵੇਂ ਸਿੱਖਾਂ ਨੇ ਹਿੰਦੂਆਂ ਉੱਤੇ ਹਿੰਸਕ ਹਮਲੇ ਕਰਨ ਤੋਂ ਤਾਂ ਸੰਕੋਚ ਕਰੀ ਰੱਖਿਆ ਪਰ ਉਨ੍ਹਾਂ ਦੇ ਮਨਾਂ ਅੰਦਰ ਹਿੰਦੂ ਵਰਗ ਪ੍ਰਤੀ ਰੋਸ ਅਤੇ ਗੁੱਸੇ ਦੀਆਂ ਤੀਬਰ ਭਾਵਨਾਵਾਂ ਜਰੂਰ ਪੈਦਾ ਹੋ ਗਈਆਂ। ਇਸ ਤੱਥ ਨੂੰ ਲਗਭਗ ਹਰ ਲੇਖਕ ਤੇ ਟਿੱਪਣੀਕਾਰ ਨੇ ਨਿੱਝਕ ਰੂਪ ਵਿੱਚ ਮੰਨਿਆ।..."**ਸਿੱਖਾਂ ਦੇ ਦਿਲਾਂ ਵਿੱਚ ਦੁੱਖ ਅਤੇ ਬੇਦਿਲੀ ਦਾ ਭਾਵ ਏਨਾ ਡੂੰਘਾ ਹੈ ਕਿ ਉਹ ਸਮਝਣ ਲੱਗ ਪਏ ਹਨ ਕਿ ਉਹ ਇੱਕ ਪੀੜਤ ਤੇ ਮਜ਼ਲੂਮ ਘੱਟਗਿਣਤੀ ਹਨ। ਦੂਜੇ ਪਾਸੇ ਹਿੰਦੂਆਂ ਨੇ ਕਈ ਥਾਈਂ ਫ਼ੌਜੀ ਕਾਰਵਾਈ 'ਤੇ ਖ਼ੁਸ਼ੀ ਵੀ ਮਨਾਈ (ਕੁਲਦੀਪ ਨਈਅਰ ਤੇ ਖੁਸ਼ਵੰਤ ਸਿੰਘ : ਪੰਜਾਬ ਦਾ ਦੁਖਾਂਤ, ਸਫ਼ੇ 24, 29, 192)।.... "ਸਿੱਖਾਂ ਦਾ ਗੁੱਸਾ ਵਧੇਰੇ ਕਰਕੇ ਹਿੰਦੂਆਂ ਉੱਤੇ ਸੀ ਕਿ ਉਨ੍ਹਾਂ ਨੇ ਲੱਡੂ ਵੰਡ ਕੇ ਅਕਾਲ ਤਖ਼ਤ ਦੀ ਤਬਾਹੀ ਉੱਤੇ ਖੁਸ਼ੀ ਮਨਾਈ। ਉਨ੍ਹਾਂ ਨੇ ਫ਼ੌਜੀ ਜਵਾਨਾਂ ਨੂੰ ਮਿਠਾਈਆਂ, ਸਿਗਰਟਾਂ ਤੇ ਸ਼ਰਾਬਾਂ ਪੇਸ਼ ਕੀਤੀਆਂ। ....ਇੱਕ ਸਿੱਖ ਵਪਾਰੀ ਨੇ ਫ਼ੌਜੀ ਹਮਲੇ ਪਿੱਛੋਂ ਆਪਣੀ ਦਰਬਾਰ ਸਾਹਿਬ ਦੀ ਪਹਿਲੀ ਫੇਰੀ ਬਾਰੇ ਇਹ ਗੱਲ ਦੱਸੀ ਕਿ ਅਸੀਂ ਹਾਲ ਬਜ਼ਾਰ 'ਚੋਂ ਦੀ ਲੰਘ ਰਹੇ ਸਾਂ ਜਦੋਂ ਇੱਕ ਹਿੰਦੂ ਦੁਕਾਨਦਾਰ ਨੇ ਸਿਗਰਟਾਂ ਦੀ ਇੱਕ ਡੱਬੀ ਸਾਡੇ ਸਿਰਾਂ ਉੱਤੋਂ ਦੀ ਬਜ਼ਾਰ ਦੇ ਦੂਜੇ ਪਾਸੇ ਆਪਣੇ ਮਿੱਤਰ ਵੱਲ ਸੁੱਟੀ ਤੇ ਉੱਚੀ ਬੋਲ ਕੇ ਆਖਿਆ, "ਇਹ ਸਿਗਰਟਾਂ ਦਾ ਨਵਾਂ ਬਰਾਂਡ ਹੈ - ਭਿੰਡਰਾਂਵਾਲਾ ਮਾਰਕਾ" (ਉਪਰੋਕਤ : ਸਫ਼ਾ 25)।**

ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦਾ ਇੱਕ ਹੋਰ ਮਹੱਤਵਪੂਰਨ ਰਾਜਸੀ ਅਸਰ ਇਹ ਪ੍ਰਗਟ ਹੋਇਆ ਕਿ **ਸਿੱਖ ਸਮਾਜ ਦੀਆਂ ਉੱਪਰਲੀਆਂ, ਕੁਲੀਨ ਪਰਤਾਂ ਦਾ ਭਾਰਤੀ ਰਾਜ ਤੋਂ ਮੋਹ ਭੰਗ ਹੋ ਗਿਆ।** ਆਪਣੇ ਆਰਥਿਕ ਅਤੇ ਸਮਾਜੀ ਰੁਤਬੇ ਸਦਕਾ ਇਹ ਵਰਗ ਭਾਰਤ ਦੀ ਸਮਾਜੀ-ਸਭਿਆਚਾਰਕ, ਰਾਜਨੀਤਕ ਤੇ ਆਰਥਿਕ ਪ੍ਰਣਾਲੀ ਨਾਲ ਗੂੜ੍ਹੀ





ਤਰ੍ਹਾਂ ਇੱਕ-ਮਿੱਕ ਹੋਇਆ, ਜੂਨ 1984 ਤੱਕ, ਭਾਰਤ ਅੰਦਰ ਪੂਰੀ ਤਰ੍ਹਾਂ ਸੰਤੁਸ਼ਟ ਤੇ ਪ੍ਰਸੰਨਚਿੱਤ ਹੋਣ ਦਾ ਪ੍ਰਭਾਵ ਦਿੰਦਾ ਰਿਹਾ। **ਇਹ ਵਰਗ ਆਪਣੇ ਆਪ ਨੂੰ ਸਿੱਖ ਘੱਟ ਤੇ 'ਭਾਰਤੀ' ਵੱਧ ਸਮਝਦਾ ਸੀ ਅਤੇ ਆਪਣੇ ਇਸ ਸੋਚ-ਪ੍ਰਬੰਧ ਉੱਤੇ ਉਚੇਚਾ ਫ਼ਖ਼ਰ ਮਹਿਸੂਸ ਕਰਦਾ ਸੀ।** ਆਪਣੇ ਆਪ ਨੂੰ ਹਿੰਦੂਆਂ ਨਾਲੋਂ ਵੀ ਵਧ ਕੇ 'ਦੇਸ਼-ਭਗਤ' ਸਮਝਣਾ ਤੇ ਦਰਸਾਉਂਣਾ ਇਸ ਵਰਗ ਦਾ ਉੱਘੜਵਾਂ ਵਿਚਾਰਧਾਰਕ ਲੱਛਣ ਸੀ। **ਇਹ ਵਰਗ, ਆਮ ਕਰਕੇ ਹੀ ਆਪਣੇ ਆਪ ਨੂੰ ਸਿੱਖ ਕੌਮ ਦੀਆਂ ਧਾਰਮਿਕ ਤੇ ਰਾਜਸੀ ਮੰਗਾਂ ਨਾਲੋਂ ਨਾ ਸਿਰਫ਼ ਅਲੱਗ ਰਖਦਾ ਸੀ ਸਗੋਂ ਜਿਆਦਾਤਰ ਮੌਕਿਆਂ 'ਤੇ ਇਨ੍ਹਾਂ ਦਾ ਖੁੱਲ੍ਹਮ-ਖੁੱਲ੍ਹਾ ਵਿਰੋਧ ਕਰਦਾ ਸੀ ਅਤੇ ਇਸ ਬਦਲੇ ਦੇਸ਼ ਦੇ ਹਿੰਦੂ ਵਰਗ ਦੀ ਵਾਹ-ਵਾਹ ਖਟਦਾ ਸੀ।** ਆਪਣੀ ਇਸ ਵਿਚਾਰਧਾਰਕ ਤਾਸੀਰ ਦੀ ਵਜ੍ਹਾ ਕਰਕੇ ਇਸ ਵਰਗ ਨਾਲ ਸਬੰਧਤ ਬਹੁਤ ਸਾਰੇ ਪਤਵੰਤੇ ਸਿੱਖ, ਸੰਤ ਜਰਨੈਲ ਸਿੰਘ ਭਿੰਡਰਾਂ ਵਾਲੇ ਨੂੰ ਨਫ਼ਰਤ ਦੀ ਹੱਦ ਤੱਕ ਨਾਪਸੰਦ ਕਰਦੇ ਸਨ ਅਤੇ ਉਸ ਦੇ ਵਿਚਾਰਾਂ ਤੇ ਸਰਗਰਮੀਆਂ ਦੀ ਖੁੱਲ੍ਹ ਕੇ ਨਿੰਦਿਆ-ਪੜਚੋਲ ਕਰਦੇ ਸਨ। **ਇਸ ਮਾਮਲੇ 'ਚ ਖੁਸ਼ਵੰਤ ਸਿੰਘ ਦਾ ਨੰਬਰ ਸਭ ਤੋਂ ਉੱਪਰ ਸੀ।**

ਭਾਰਤੀ ਹਾਕਮਾਂ ਦੁਆਰਾ ਦਰਬਾਰ ਸਾਹਿਬ ਉੱਤੇ ਕੀਤੇ ਗਏ ਫ਼ੌਜੀ ਹਮਲੇ ਨਾਲ ਇਸ ਵਰਗ ਦੇ ਵਿਸ਼ਵਾਸ਼ ਨੂੰ ਭਾਰੀ ਝਟਕਾ ਲੱਗਾ ਅਤੇ ਇਸ ਅੰਦਰਲੇ ਵਧੇਰੇ ਸਵੈ-ਅਭਿਮਾਨੀ ਤੇ ਸੰਵੇਦਨਸ਼ੀਲ ਤੱਤਾਂ ਨੂੰ ਪਹਿਲੀ ਵਾਰੀ ਇਹ ਅਹਿਸਾਸ ਹੋਇਆ ਕਿ ਜਿਸ ਦੇਸ਼ ਨੂੰ ਉਹ ਹਿੰਦੂਆਂ ਨਾਲੋਂ ਵੀ ਵੱਧ ਕੇ ਆਪਣਾ ਸਮਝਦੇ ਰਹੇ ਅਤੇ ਜਿਸ ਦੇ ਪ੍ਰਤੀ ਅੰਨ੍ਹੀ ਸ਼ਰਧਾ 'ਚੋਂ ਉਹ ਕਦੇ ਅਕਾਲੀਆਂ ਨੂੰ ਅਤੇ ਕਦੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਨੂੰ 'ਮੂਰਖ' ਤੇ 'ਜ਼ਾਹਲ' ਦੱਸਣ ਤੱਕ ਜਾਂਦੇ ਰਹੇ, ਉਹ ਦੇਸ਼ ਅਸਲ ਦੇ ਵਿੱਚ ਹਿੰਦੂ ਭਾਰਤ ਹੀ ਸੀ, ਇਸ ਨੂੰ ਸੈਕੂਲਰ ਇੰਡੀਆ ਸਮਝ ਬੈਠਣਾ ਉਨ੍ਹਾਂ ਦੀ ਵੱਡੀ ਭੁੱਲ ਸੀ। ਇਸ ਬਾਰੇ ਖੁਸ਼ਵੰਤ ਸਿੰਘ ਨੇ ਆਪਣੇ ਦਿਲੀ ਭਾਵ ਇਸ ਤਰ੍ਹਾਂ ਬਿਆਨ ਕੀਤੇ :

"ਮੈਂ ਆਪਣੇ ਆਪ ਨੂੰ ਸਦਾ ਹੀ 'ਸਿੱਖ' ਨਾਲੋਂ ਬਹੁਤਾ 'ਭਾਰਤੀ' ਸਮਝਿਆ ਹੈ।...ਫ਼ੌਜੀ ਕਾਰਵਾਈ ਦੇ ਸਬੰਧ ਵਿੱਚ ਮੇਰਾ ਪ੍ਰਤੀਕਰਮ ਸਿੱਖ ਨਾਲੋਂ ਵੱਧ ਭਾਰਤੀ ਦੇ ਨਾਤੇ ਸੀ। ਮੈਂ ਇਸ ਦੀ ਨਿਖੇਧੀ ਕੀਤੀ ਕਿਉਂਕਿ ਇਸ ਨੇ ਸਿੱਖਾਂ ਨੂੰ ਹਿੰਦੂਆਂ ਨਾਲੋਂ ਤੋੜ ਕੇ ਭਾਰਤ ਦੀ ਏਕਤਾ ਨੂੰ ਮਾਰੂ-ਸੱਟ ਮਾਰੀ। ਮੈਂ ਰਾਸ਼ਟਰਪਤੀ (ਗਿਆਨੀ) ਜ਼ੈਲ ਸਿੰਘ ਨਾਲ ਮੁਲਾਕਾਤ ਦਾ ਵਕਤ ਲਿਆ। 8 ਜੂਨ 1984 ਨੂੰ ਸਵੇਰੇ ਮੈਂ ਆਪਣਾ (ਦਸ ਸਾਲ ਪਹਿਲਾਂ ਮੈਨੂੰ ਮਿਲਿਆ ਪਦਮ ਭੂਸ਼ਣ) ਅਵਾਰਡ ਵਾਪਸ ਕਰਨ ਬਾਰੇ ਆਪਣਾ ਪੱਤਰ ਬਜ਼ਾਤੇ-ਖੁਦ ਰਾਸ਼ਟਰਪਤੀ ਨੂੰ ਸੌਂਪ ਦਿੱਤਾ। ਜਿਸ ਵਿੱਚ ਮੈਂ ਸਰਕਾਰ ਦੀ ਕਾਰਵਾਈ ਵਿਰੁੱਧ ਆਪਣੀ ਨਾਰਾਜ਼ਗੀ ਪ੍ਰਗਟਾਈ ਸੀ। ਅਗਲੀ ਹੀ ਸਵੇਰ ਮੇਰੇ ਵਿਰੁੱਧ ਤੂਫ਼ਾਨ ਖੜ੍ਹਾ ਹੋ ਗਿਆ। ਮੈਨੂੰ ਤਾਰਾਂ ਤੇ ਪੱਤਰਾਂ ਦਾ ਤਾਂਤਾ ਲੱਗ ਗਿਆ। ਇਹ ਸਭ ਤਾਰਾਂ ਭਾਰਤ ਦੇ ਵੱਖ-ਵੱਖ ਭਾਗਾਂ 'ਚੋਂ ਤੇ ਵਿਦੇਸਾਂ 'ਚ ਵਸਦੇ ਸਿੱਖਾਂ ਵੱਲੋਂ ਸਨ। ਇਨ੍ਹਾਂ ਵਿੱਚ ਮੇਰੇ (ਇਸ) ਕਦਮ ਦੀ ਪ੍ਰਸੰਸਾ ਕੀਤੀ ਗਈ ਸੀ। ਚਿੱਠੀਆਂ ਬਹੁਤੀਆਂ ਹਿੰਦੂਆਂ ਵੱਲੋਂ ਆਈਆਂ ਸਨ। ਜਿਨ੍ਹਾਂ ਨੇ ਮੈਨੂੰ ਭਿੰਡਰਾਂਵਾਲੇ ਦਾ ਪ੍ਰਤੀਨਿਧ ਤੇ (ਦੇਸ਼ ਦਾ) ਗ਼ਦਾਰ ਆਖਿਆ ਸੀ...ਟੈਲੀਫ਼ੋਨ ਉੱਤੇ ਮੇਰੇ 'ਤੇ

ਗਾਲ੍ਹਾਂ ਦੀ ਬੁਛਾੜ ਹੁੰਦੀ ਰਹੀ। ਇੱਕ ਵੀ ਸਿੱਖ ਨੇ ਆਪਣੇ ਪੱਤਰ ਵਿੱਚ ਇਹ ਨਹੀਂ ਲਿਖਿਆ ਕਿ ਮੈਂ ਗ਼ਲਤ ਗੱਲ ਕੀਤੀ ਹੈ। ਇੱਕ ਵੀ ਹਿੰਦੂ ਨੇ ਇਹ ਨਹੀਂ ਲਿਖਿਆ ਕਿ ਮੈਂ ਠੀਕ ਗੱਲ ਕੀਤੀ ਹੈ। ਮੈਨੂੰ ਹਿੰਦੂਆਂ ਦਾ ਪ੍ਰਤੀਕਰਮ ਵੱਧ ਨਿਰਾਸ਼ਤਾ ਭਰਿਆ ਲੱਗਿਆ, ਕਿਉਂਕਿ **ਜਿੱਥੇ ਮੈਂ ਸਿੱਖਾਂ ਨੂੰ ਤੇ ਮੁਸਲਮਾਨਾਂ ਨੂੰ ਕੱਟੜਪੁਣੇ ਵੱਲ ਉਲਰੇ ਸਮਝਦਾ ਸਾਂ ਉਥੇ ਹਿੰਦੂਆਂ ਨੂੰ ਧਰਮ ਦੇ ਮਾਮਲਿਆਂ ਵਿੱਚ ਵਧੇਰੇ ਵਿਸ਼ਾਲ-ਦਿਲੇ, ਰਵਾਦਾਰ ਤੇ ਸਹਿਣਸ਼ੀਲ ਸਮਝਦਾ ਸਾਂ। ਇਹ ਮੇਰਾ ਇੱਕ ਭਰਮ ਸਿੱਧ ਹੋਇਆ। ਉਨ੍ਹਾਂ ਨੇ ਵੀ, ਜਿਨ੍ਹਾਂ ਨੂੰ ਮੈਂ ਖੁੱਲ੍ਹ-ਖਿਆਲੀਏ (ਲਿਬਰਲ) ਸਮਝਦਾ ਸਾਂ, ਮੈਨੂੰ ਸਿੱਖ ਫ਼ਿਰਕਾਪ੍ਰਸਤ ਕਹਿ ਕੇ ਭੰਡਿਆ ਤੇ ਇਸ ਤਰ੍ਹਾਂ ਖ਼ੁਦ ਆਪਣੇ ਸਿੱਖ-ਵਿਰੋਧੀ ਤੁਅੱਸਬਾਂ ਨੂੰ ਨੰਗਾ ਕੀਤਾ। ਇਨ੍ਹਾਂ ਵਿੱਚ ਗਿਰੀ ਲਾਲ ਜੈਨ, ਐਮ.ਵੀ. ਕੈਮਥ ਤੇ ਵਿਨੋਦ ਮਹਿਤਾ ਸ਼ਾਮਿਲ ਹਨ। ਉਨ੍ਹਾਂ ਨੇ ਮੇਰੇ ਖ਼ਿਲਾਫ਼ ਸੰਪਾਦਕੀ ਲਿਖੇ...ਪਹਿਲੀ ਵਾਰ ਇਨ੍ਹਾਂ ਭੱਦਰਪੁਰਸ਼ਾਂ ਨੇ ਮੈਨੂੰ ਇਹ ਮਹਿਸੂਸ ਕਰਵਾਇਆ ਕਿ ਮੈਂ ਸੈਕੂਲਰ ਇੰਡੀਆ ਵਿੱਚ ਨਹੀਂ ਸਗੋਂ ਇੱਕ ਹਿੰਦੂ ਇੰਡੀਆ ਵਿੱਚ ਰਹਿ ਰਿਹਾ ਹਾਂ (ਕੁਲਦੀਪ ਨਈਅਰ ਤੇ ਖੁਸ਼ਵੰਤ ਸਿੰਘ : ਪੰਜਾਬ ਦਾ ਦੁਖਾਂਤ, ਸਫ਼ੇ 12-13)।**

ਦਸੰਬਰ 1971 ਵਿੱਚ ਪਾਕਿਸਤਾਨ ਦੇ ਖ਼ਿਲਾਫ਼ (ਬੰਗਲਾ ਦੇਸ਼ ਵਾਲੀ) ਜੰਗ ਦੌਰਾਨ ਨਾਇਕ ਬਣ ਕੇ ਉੱਭਰੇ ਲੈਫਟੀਨੈਂਟ **ਜਨਰਲ ਜਗਜੀਤ ਸਿੰਘ ਅਰੋੜਾ ਵੀ ਦੁਖੀ ਮਨ ਨਾਲ ਇਸ ਕੌੜੇ ਸੱਚ ਨੂੰ ਮੰਨਣ ਤੇ ਕਹਿਣ ਲਈ ਮਜ਼ਬੂਰ ਹੋ ਗਏ ਕਿ, "ਮੈਂ ਅੱਜ ਇਹ ਗੱਲ ਬੁਰੀ ਤਰ੍ਹਾਂ ਮਹਿਸੂਸ ਕਰ ਰਿਹਾ ਹਾਂ ਕਿ ਮੈਨੂੰ ਆਪਣੇ ਦੇਸ਼ ਵਿੱਚ ਇੱਕ ਇੱਜ਼ਤਦਾਰ ਨਾਗਰਿਕ ਨਹੀਂ ਸਮਝਿਆ ਜਾਂਦਾ, ਕਿਉਂਕਿ ਮੈਂ ਇੱਕ ਸਿੱਖ ਹਾਂ"** (ਪਤਵੰਤ ਸਿੰਘ, (ed) ਪੰਜਾਬ : ਦਾ ਫੈਟਲ ਮਿਸਕੈਲਕੂਲੇਸ਼ਨ, ਸਫ਼ਾ 144)।

ਪੰਜਾਬੀ ਦੀ ਪ੍ਰਸਿੱਧ ਕਲਾਕਾਰ ਅਜੀਤ ਕੌਰ ਨੇ ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਤੋਂ ਤੁਰੰਤ ਬਾਅਦ ਜਜ਼ਬਾਤੀ ਰੌਂਅ ਵਿੱਚ ਲਿਖੀ ਆਪਣੀ ਇੱਕ ਦਿਲ-ਹਲੂਣਵੀਂ ਰਚਨਾ, ਜਿਸ ਦਾ ਅਨੁਵਾਨ ਉਸਨੇ 'ਲਹੂ ਦੇ ਚੁਬੱਚੇ' ਰੱਖਿਆ, ਵਿੱਚ ਇਸ ਸਾਕੇ ਦੇ ਹਿੰਦੂਆਂ ਤੇ ਸਿੱਖਾਂ ਦੇ ਮਨਾਂ ਉੱਤੇ ਪਏ ਇੱਕ-ਦੂਜੇ ਨਾਲੋਂ ਇਕਦਮ ਟਕਰਾਵੇਂ ਪ੍ਰਭਾਵਾਂ ਦਾ ਬਹੁਤ ਹੀ ਪ੍ਰਭਾਵਸ਼ਾਲੀ ਵਰਣਨ ਕੀਤਾ। ਅਜੀਤ ਕੌਰ ਦੇ ਦੱਸਣ ਮੁਤਾਬਿਕ ਜਦ ਇਹ ਘਲੂਘਾਰਾ ਵਾਪਰਿਆ ਤਾਂ ਉਹ ਤੇ ਉਸਦੀ ਚਿੱਤਰਕਾਰ ਬੇਟੀ ਅਰਪਨਾ ਕੌਰ ਭਾਰਤ ਦੇ ਇੱਕ ਸਭਿਆਚਾਰਕ ਜਥੇ ਨਾਲ ਗਰੀਸ ਦੀ ਰਾਜਧਾਨੀ ਏਥਨਜ਼ ਵਿੱਚ ਠਹਿਰੇ ਹੋਏ ਸਨ। ਇਸ ਜਥੇ ਵਿੱਚ ਸਿਰਫ਼ ਇਹ ਦੋ ਮਾਵਾਂ-ਧੀਆਂ ਹੀ ਸਿੱਖ ਸਨ, ਬਾਕੀ ਸਭ ਦੇ ਸਭ ਹਿੰਦੂ ਸਨ। ਸਾਰੇ ਹਿੰਦੂ ਮੈਂਬਰ ਇਸ ਕਾਰਵਾਈ ਉੱਤੇ ਬਾਗ਼ੋ-ਬਾਗ਼ ਸਨ ਅਤੇ ਨਿਰਲੱਜਪੁਣੇ ਨਾਲ ਇਸ ਕਾਰਵਾਈ ਦੀ ਵਜ਼ਾਹਤ ਕਰ ਰਹੇ ਸਨ। ਇਸ ਦੀ ਤੁਲਨਾ ਵਿੱਚ ਅਜੀਤ ਕੌਰ ਨੇ ਆਪਣੀ ਤੇ ਆਪਣੀ ਬੇਟੀ ਦੀ ਮਨੋ-ਦਸ਼ਾ ਇੰਜ ਬਿਆਨ ਕੀਤੀ :

ਅਰਪਨਾਂ ਦੀਆਂ ਅੱਖਾਂ ਵਿੱਚ ਗ਼ੁੱਸੇ ਦੇ ਅੱਥਰੂ ਸਨ ਤੇ ਉਹ ਉਨ੍ਹਾਂ (ਹਿੰਦੂ ਮੈਂਬਰਾਂ) ਨੂੰ 'ਟਾਈਮਜ਼' ਦੀਆਂ ਖ਼ਬਰਾਂ ਦਿਖਾ ਰਹੀ ਸੀ। ਇੱਕ ਖ਼ਬਰ : ਲਾਸ਼ਾਂ ਵਿੱਚ ਕਈ ਨੌਜਵਾਨ ਮੁੰਡਿਆਂ ਦੀਆਂ ਲਾਸ਼ਾਂ ਸਨ ਜਿਨ੍ਹਾਂ ਦੇ ਹੱਥ ਪਿੱਠਾਂ ਪਿੱਛੇ ਬੰਨੇ ਹੋਏ ਸਨ, ਪੱਗਾਂ ਲੱਥੀਆਂ





ਹੋਈਆਂ ਸਨ, ਤੇ ਮੱਥੇ ਤੇ ਗੋਲੀ ਲੱਗੀ ਹੋਈ ਸੀ। ਦੂਜੀ ਖ਼ਬਰ : ਲਾਸ਼ਾਂ ਵਿੱਚ ਔਰਤਾਂ ਤੇ ਬੱਚਿਆਂ ਦੀਆਂ ਲਾਸ਼ਾਂ....।" "ਬੱਚਿਆਂ ਨੇ ਕੀ ਕਸੂਰ ਕੀਤਾ ਸੀ ? ਉਹ ਵੀ ਅਤੰਕਵਾਦੀ ਸਨ ?" ਅਰਪਨਾ ਨੇ ਕਿਹਾ। ਆਲ ਇੰਡੀਆ ਰੇਡੀਓ ਦਾ ਹਰੀਸ਼ ਅਵੱਸਥੀ ਕਹਿਣ ਲੱਗਾ, "ਕੀ ਤੈਨੂੰ ਪੂਰਾ ਯਕੀਨ ਹੈ ਕਿ ਉਹ ਨਿਰਦੋਸ਼ ਸਨ ?" ਤੇ ਅਰਪਨਾ ਲੜ ਪਈ ਉਹਦੇ ਨਾਲ, "ਤੇਰਾ ਮਤਲਬ ਕੀ ਹੈ ? ਬੱਚੇ ਨਿਰਦੋਸ਼ ਨਹੀਂ ਹੁੰਦੇ ਤਾਂ ਕੀ ਹੁੰਦੇ ਨੇ ? ਬੱਚਿਆਂ ਦੀਆਂ ਲਾਸ਼ਾਂ....।"

ਮੈਂ ਉਹਨੂੰ ਕਮਰੇ 'ਚ ਲੈਂ ਗਈ। ਉਹ ਰੋ ਰਹੀ ਸੀ। ਮੈਂ ਕਿਹਾ, "ਤੂੰ ਕਹਿੰਦੀ ਸੈਂ ਨਾ, ਆਪਣੇ ਮੁਲਕ ਤੋਂ ਬਾਹਰ ਹੋਰ ਕਿਧਰੇ ਨਹੀਂ ਰਹਿਣਾ। ਕਿਉਂਕਿ ਆਪਣੇ ਮੁਲਕ ਤੋਂ ਬਾਹਰ ਦੂਜੇ ਦਰਜੇ ਦਾ ਸ਼ਹਿਰੀ ਬਣਕੇ ਰਹਿਣਾ ਪੈਂਦਾ ਹੈ। ਪਰ ਆਪਣੇ ਹੀ ਮੁਲਕ ਵਿੱਚ ਹਰ ਮਾਈਨਾਰੇਟੀ (ਘੱਟ ਗਿਣਤੀ) ਨੂੰ ਦੂਜੇ ਦਰਜੇ ਦਾ ਬਣਨਾ ਪੈਂਦਾ ਹੈ, ਇਹ ਨਹੀਂ ਸੀ ਨਾ ਕਦੀ ਸੋਚਿਆ। ਹੁਣ ਸੋਚਣਾ ਪਵੇਗਾ।" [ਆਰਸੀ (ਮਾਸਿਕ) ਅੱਗਸਤ 1984]।

ਅਜੀਤ ਕੌਰ ਸਿੱਖਾਂ ਦੇ ਉਸ ਵਰਗ ਵਿੱਚੋਂ ਹੈ ਜਿਨ੍ਹਾਂ ਦਾ ਜਨਮ ਭਲੇ ਹੀ ਸਿੱਖ ਪਰਿਵਾਰਾਂ ਵਿੱਚ ਹੋਇਆ, ਪਰ ਬਾਅਦ ਵਿੱਚ ਉਨ੍ਹਾਂ 'ਨਵੇਂ ਯੁੱਗ' (ਆਧੁਨਿਕਤਾ) ਦੇ ਵਿਚਾਰਧਾਰਕ ਤੇ ਸਭਿਆਚਾਰਕ ਅਸਰ ਹੇਠ, ਧਾਰਮਿਕ ਸੋਚ ਤੇ ਸੰਸਕਾਰਾਂ ਨੂੰ 'ਪਿਛਾਖੜੀ ਲੱਗ-ਲਬੇੜ' ਕਹਿ ਕੇ ਇਨ੍ਹਾਂ ਤੋਂ ਮੁਕਤ ਹੋਣ ਅਤੇ ਇੱਕ ਅਸਲੋਂ ਹੀ ਵੱਖਰੀ ਤੇ ਨਵੇਕਲੀ ਜੀਵਨ-ਸ਼ੈਲੀ ਅਪਣਾਉਂਣ ਦੀ ਚੇਤਨ-ਸੇਧ ਅਪਨਾ ਲਈ ਹੋਈ ਸੀ। ਆਜ਼ਾਦੀ ਤੋਂ ਬਾਅਦ ਸਿੱਖ ਕੌਮ ਵੱਲੋਂ ਪ੍ਰਗਟਾਏ ਜਾ ਰਹੇ ਧਾਰਮਿਕ ਸਰੋਕਾਰਾਂ ਤੇ ਖ਼ਦਸ਼ਿਆਂ ਨੂੰ ਅਤੇ ਸਿੱਖ ਕੌਮ ਦੀਆਂ ਰਾਜਨੀਤਕ ਆਕਾਂਖਿਆਵਾਂ ਨੂੰ ਤ੍ਰਿਸਕਾਰ ਦੀ ਭਾਵਨਾ ਨਾਲ ਦੇਖਣਾ ਅਤੇ ਆਪਣੇ ਇਨ੍ਹਾਂ ਸਨਕੀ ਭਾਵਾਂ ਦਾ ਬੇਬਾਕ ਪ੍ਰਗਟਾਵਾ ਕਰਨਾ, ਇਸ ਵਰਗ ਦੀ ਉਚੇਚੀ ਵਿਚਾਰਧਾਰਕ ਪਛਾਣ ਬਣ ਗਈ ਹੋਈ ਸੀ। ਅਜੀਤ ਕੌਰ ਦੇ ਉਪਰੋਕਤ ਬਿਆਨ ਵਰਨਨ ਤੋਂ, ਦਰਬਾਰ ਸਾਹਿਬ ਦੇ ਸਾਕੇ ਨਾਲ, ਜਿੱਥੇ ਇਸ ਵਰਗ ਵੱਲੋਂ ਚਿਰਾਂ ਤੋਂ ਪਾਲ ਰੱਖੇ ਹੋਏ ਸਵੈ-ਭਰਮਾਂ ਦੇ ਚਕਨਾਚੂਰ ਹੋ ਜਾਣ ਦਾ ਅਹਿਮ ਸੱਚ ਉਜਾਗਰ ਹੋ ਜਾਂਦਾ ਹੈ, ਉਥੇ ਨਾਲ ਹੀ, ਭਾਰਤ ਦੀ 'ਸੰਯੁਕਤ ਸੰਸਕ੍ਰਿਤੀ' ਤੇ 'ਸਰਬ-ਸਾਂਝੀ ਭਾਰਤੀ ਪਛਾਣ' ਬਾਰੇ ਬਣੀਆਂ, ਤੇ ਖੋਟੇ ਮੰਤਵ ਨਾਲ ਧੁਮਾਈਆਂ, ਗੁਮਰਾਹਕੁ ਧਾਰਨਾਵਾਂ ਦਾ ਵੀ ਸਾਰਾ ਥੋਥ ਨੰਗਾ ਹੋ ਜਾਂਦਾ ਹੈ। ਜਦ ਅਜੀਤ ਕੌਰ ਦਾ ਵਾਪਿਸ ਦੇਸ਼ ਪਰਤ ਕੇ ਇਸ ਕੌੜੇ ਸੱਚ ਨਾਲ ਸਾਹਮਣਾ ਹੋਇਆ ਕਿ, **'ਹਰ ਹਿੰਦੂ, ਫ਼ੌਜੀ ਕਾਰਵਾਈ ਨੂੰ ਠੀਕ ਕਹਿ ਰਿਹਾ ਸੀ' ਅਤੇ ਹਰ ਸਿੱਖ 'ਖ਼ੂਨ ਦੀ ਉਸ ਹੋਲੀ ਦੀ ਗੱਲ ਕਰ ਰਿਹਾ ਸੀ ਜਿਹੜੀ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਖੇਡੀ ਗਈ,' ਅਤੇ ਜਦ ਉਸ ਨੇ ਦੇਖਿਆ ਕਿ ਉਸ ਦੀ ਤੀਹਾਂ ਵਰ੍ਹਿਆਂ ਦੀ ਬਹੁਤ ਹੀ ਪੱਕੀ ਸਹੇਲੀ ਤੋਸ਼ੀ ਦੀ ਸੋਚ ਦੇ ਉੱਤੇ ਵੀ ਫ਼ਿਰਕੂ ਤੁਅੱਸਬਾਂ ਦਾ ਬਰਾਬਰ ਰੰਗ ਚੜ੍ਹਿਆ ਹੋਇਆ ਹੈ, ਤਾਂ ਉਸ ਨੂੰ 'ਤੀਹ ਸਾਲਾਂ 'ਚ ਪਹਿਲੀ ਵਾਰ ਅਹਿਸਾਸ ਹੋਇਆ ਕਿ ਤੋਸ਼ੀ 'ਹਿੰਦੂ' ਸੀ ਤੇ ਉਹ 'ਸਿੱਖ' ਏਸੇ ਕਰਕੇ ਉਹ ਦੋਵੇਂ ਵੱਖੋ-ਵੱਖਰੀ ਤਰ੍ਹਾਂ ਸੋਚ ਰਹੀਆਂ ਸਨ।**

ਇਸ ਤੁਰਸ਼ ਸੱਚਾਈ ਦਾ ਇਕਬਾਲ ਬਹੁਤ ਸਾਰੇ ਦਾਨਸ਼ਵਰਾਂ ਨੇ ਕੀਤਾ। ਸਿਰਫ਼

ਸਿੱਖਾਂ ਨੇ ਹੀ ਨਹੀਂ, ਬਰਾਬਰ ਗੈਰ-ਸਿੱਖਾਂ ਨੇ ਵੀ। ਜਗਦੀਸ਼ ਚੰਦਰ, ਜੋ ਹਿੰਦੀ ਦਾ ਪ੍ਰਸਿੱਧ ਨਾਵਲਕਾਰ ਸੀ ਅਤੇ ਜੋ ਦਰਬਾਰ ਸਾਹਿਬ ਦੇ ਸਾਕੇ ਸਮੇਂ ਜਲੰਧਰ ਦੂਰਦਰਸ਼ਨ ਵਿੱਚ ਸਮਾਚਾਰ ਸੰਪਾਦਕ ਵਜੋਂ ਕੰਮ ਕਰ ਰਿਹਾ ਸੀ ਅਤੇ ਜਿਸ ਨੇ ਸਾਰੀ ਕਾਰਵਾਈ ਨੂੰ ਬਹੁਤ ਨੇੜਿਓਂ ਤੱਕਿਆ ਸੀ, ਨੇ ਸਾਰੀ ਘਟਨਾ ਦਾ ਵੇਰਵਾ ਲਿਖ ਕੇ ਇਸ ਨੂੰ ਕਿਤਾਬ ਦੇ ਰੂਪ ਵਿੱਚ ਛਪਵਾਉਂਣ ਦਾ ਮਨ ਬਣਾਇਆ। ਪਰ ਉਸ ਨੂੰ ਇਹ ਦੇਖ ਕੇ ਬਹੁਤ ਹੈਰਾਨੀ ਵੀ ਹੋਈ ਤੇ ਭਾਰੀ ਸਦਮਾ ਵੀ ਪਹੁੰਚਿਆ ਕਿ ਕਿਸੇ ਵੀ ਹਿੰਦੂ ਪ੍ਰਕਾਸ਼ਕ ਨੇ ਇਹ ਕਿਤਾਬ ਛਾਪਣ ਦੀ ਹਾਮੀ ਨਾ ਭਰੀ। ਕਾਰਨ, ਉਸ ਦੇ ਲਫ਼ਜ਼ਾਂ ਵਿੱਚ, ਇਹ ਕਿ, 'ਇਸ ਵਿੱਚ ਜੋ ਘਟਨਾਵਾਂ ਦਾ ਵਰਣਨ ਹੈ, ਉਹ ਹਿੰਦੂ ਜਗਤ ਨੂੰ ਪੋਂਹਦਾ ਨਹੀਂ'। ਇਥੋਂ ਤੱਕ ਕਿ ਉਸ ਦੇ ਕਿ ਦੋਸਤ ਕਮਿਊਨਿਸਟ ਪ੍ਰਕਾਸ਼ਕ ਨੇ ਵੀ ਆਪਣੇ ਫ਼ਿਰਕੂ ਤੁਅੱਸਬਾਂ ਦਾ ਬੇ-ਸ਼ਰਮੀ ਭਰੇ ਲਹਿਜੇ ਵਿੱਚ ਇਕਬਾਲ ਕਰਦਿਆਂ ਹੋਇਆਂ ਇਹ ਕਹਿ ਕੇ ਕਿਤਾਬ ਛਾਪਣ ਤੋਂ ਇਨਕਾਰ ਕਰ ਦਿੱਤਾ ਕਿ, "ਮੇਰੇ ਅੰਦਰ ਬੈਠਾ ਹਿੰਦੂ ਅਜਿਹੀ ਲਿਖਤ ਨੂੰ ਕਦੇ ਵੀ ਪ੍ਰਵਾਨ ਨਹੀਂ ਕਰ ਸਕਦਾ।" (ਸਿੱਖ ਸ਼ਹਾਦਤ, ਜੂਨ 2001)।

ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਦੀ ਘਟਨਾ ਨੂੰ ਲੈ ਕੇ ਪੰਜਾਬ ਦੇ ਖੱਬੇ-ਪੱਖੀ ਚਿੰਤਕਾਂ, ਲੇਖਕਾਂ ਤੇ ਕਾਰਕੁਨਾਂ ਅੰਦਰ ਵੀ ਧਾਰਮਿਕ ਪਿਛੋਕੜ ਦੇ ਹਿਸਾਬ ਨਾਲ ਇੱਕ ਸਾਫ਼ ਵੰਡ ਦੇਖਣ ਨੂੰ ਮਿਲੀ। **ਇਸ ਘਟਨਾ ਤੋਂ ਬਾਅਦ ਸਿੱਖ ਪਿਛੋਕੜ ਵਾਲੇ ਬਹੁਤ ਸਾਰੇ ਬੁੱਧੀਮਾਨਾਂ, ਲੇਖਕਾਂ ਤੇ ਕਾਰਕੁਨਾਂ ਨੇ ਖੱਬੇ-ਪੱਖੀ ਲਹਿਰ ਤੇ ਵਿਚਾਰਧਾਰਾ ਤੋਂ ਲਾਂਭੇ ਹਟਣਾ ਸ਼ੁਰੂ ਕਰ ਦਿੱਤਾ ਅਤੇ ਸਿੱਖ ਕੌਮ ਦੇ ਸੰਘਰਸ਼ ਪ੍ਰਤੀ ਉਸਾਰੂ ਪਹੁੰਚ ਅਪਣਾ ਕੇ ਚੱਲਣ ਦਾ ਵਹਿਣ ਅਖ਼ਤਿਆਰ ਕਰ ਲਿਆ।**

**ਦਰਬਾਰ ਸਾਹਿਬ ਉੱਤੇ ਫ਼ੌਜੀ ਹਮਲੇ ਵਿਰੁੱਧ ਰੋਸ ਪ੍ਰਗਟਾਉਂਣ ਲਈ ਬਹੁਤ ਸਾਰੇ ਪਤਵੰਤੇ ਸਿੱਖਾਂ ਨੇ ਉਨ੍ਹਾਂ ਨੂੰ ਮਿਲੇ ਮਾਣ-ਸਨਮਾਨ (ਅਵਾਰਡ) ਵਾਪਸ ਕਰ ਦਿੱਤੇ ਅਤੇ ਕੁਝ ਕੁ ਨੇ ਤਾਂ ਆਪਣੀਆਂ ਪਦਵੀਆਂ ਤੋਂ ਅਸਤੀਫ਼ੇ ਵੀ ਦੇ ਦਿੱਤੇ।** ਖੁਸ਼ਵੰਤ ਸਿੰਘ ਨੇ ਇਸ ਮਾਮਲੇ ਵਿਚ ਪਹਿਲ ਕਰਦਿਆਂ ਹੋਇਆਂ ਆਪਣਾ 'ਪਦਮ ਭੂਸ਼ਣ' ਦਾ ਅਵਾਰਡ ਵਾਪਸ ਕਰ ਦਿੱਤਾ ਅਤੇ ਰਾਜ ਸਭਾ ਦੇ ਅੰਦਰ ਆਪਣੀ ਗੁੱਸੇ ਭਰੀ ਤਕਰੀਰ ਰਾਹੀਂ ਹਿੰਦੂ ਹਾਕਮਾਂ ਦੀ ਖ਼ੂਬ ਲਾਹ-ਪਾਹ ਕੀਤੀ (ਇੰਡੀਅਨ ਐਕਸਪ੍ਰੈਸ, ਜੂਨ 17, 1984)। ਕੌਮਾਂਤਰੀ ਪ੍ਰਸਿੱਧੀ ਵਾਲੇ ਕ੍ਰਿਕਟ ਖਿਡਾਰੀ ਬਿਸ਼ਨ ਸਿੰਘ ਬੇਦੀ ਨੇ ਖੁਸ਼ਵੰਤ ਸਿੰਘ ਦੇ ਇਸ ਕਦਮ ਦੀ ਹਮਾਇਤ ਕਰਦਿਆਂ ਖੁੱਲ੍ਹੇਆਮ ਇਹ ਗੱਲ ਕਹੀ ਕਿ ਜੇਕਰ ਉਹ ਖੁਸ਼ਵੰਤ ਸਿੰਘ ਦੀ ਜਗ੍ਹਾ ਹੁੰਦਾ ਤਾਂ ਉਹ ਵੀ ਇੰਜ ਹੀ ਕਰਦਾ। ਡਾ: ਗੰਡਾ ਸਿੰਘ (ਪ੍ਰਸਿੱਧ ਇਤਿਹਾਸਕਾਰ), ਸਰਦਾਰ ਸਾਧੂ ਸਿੰਘ ਹਮਦਰਦ (ਸੰਪਾਦਕ ਅਜੀਤ), ਭਗਤ ਪੂਰਨ ਸਿੰਘ (ਪਿੰਗਲਵਾੜਾ) ਤੇ ਅੱਖਾਂ ਦੇ ਮਸ਼ਹੂਰ ਡਾਕਟਰ ਧਨਵੰਤ ਸਿੰਘ ਨੇ ਵੀ ਰਾਸ਼ਟਰਪਤੀ ਨੂੰ ਆਪੋ ਆਪਣੇ 'ਪਦਮ ਭੂਸ਼ਣ' ਤੇ 'ਪਦਮ ਸ਼੍ਰੀ' ਦੇ ਅਵਾਰਡ ਮੋੜ ਦਿੱਤੇ। ਸ. ਸਿਮਰਨਜੀਤ ਸਿੰਘ ਮਾਨ (ਆਈ.ਪੀ.ਐਸ.) ਨੇ ਫੌਰਨ ਸੈਂਟਰਲ ਇੰਡਸਟਰੀਅਲ ਸਕਿਊਰਟੀ ਫ਼ੋਰਸ ਦੇ 'ਗਰੁੱਪ ਕਮਾਂਡੈਂਟ' ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਰਾਸ਼ਟਰਪਤੀ ਨੂੰ ਭੇਜੇ ਆਪਣੇ ਤਿਆਗ-ਪੱਤਰ ਵਿੱਚ ਭਾਰਤ





ਸਰਕਾਰ ਨੂੰ ਲੱਖ-ਲੱਖ ਲਾਹਨਤਾਂ ਪਾਈਆਂ। (ਅਬੰਦਾ ਸਾਮੀਉ-ਉਦੀਨ : ਦਾ ਪੰਜਾਬ ਕਰਾਈਸਿਸ-ਚੈਲਿਜਿਜ਼ ਐਂਡ ਰਿਸਪੌਂਸ, ਸਫ਼ਾ 324)। ਸ. ਹਰਿੰਦਰ ਸਿੰਘ (ਭਾਰਤੀ ਵਿਦੇਸ਼ ਸੇਵਾ) ਨੇ ਨਾਰਵੇ ਤੋਂ ਆਪਣਾ ਰਾਜਦੂਤ ਦਾ ਅਹੁਦਾ ਤਿਆਗਣ ਦਾ ਐਲਾਨ ਕਰ ਦਿੱਤਾ। ਸ. ਅਮਰਿੰਦਰ ਸਿੰਘ ਨੇ ਰੋਸ ਵਜੋਂ ਕਾਂਗਰਸ ਪਾਰਟੀ ਤੇ ਲੋਕ ਸਭਾ ਦੀ ਮੈਂਬਰੀ, ਦੋਨਾਂ ਨੂੰ ਲੱਤ ਮਾਰ ਦਿੱਤੀ। ਸ. ਦਵਿੰਦਰ ਸਿੰਘ ਗਰਚਾ ਨੇ ਵੀ ਲੋਕ ਸਭਾ ਦੀ ਮੈਂਬਰੀ ਤੋਂ ਅਸਤੀਫ਼ਾ ਦੇ ਦਿੱਤਾ।

ਬੇਸ਼ਕ ਮਾਣ-ਸਨਮਾਨ ਹੰਢਾਉਂਣ ਵਾਲੇ ਤੇ ਉੱਚੇ ਸਰਕਾਰੀ ਅਹੁਦਿਆਂ 'ਤੇ ਸੇਵਾ ਨਿਭਾਉਂਣ ਵਾਲੇ ਸਿੱਖਾਂ ਦੀ ਵੱਡੀ ਗਿਣਤੀ ਦੀ ਤੁਲਨਾ ਵਿੱਚ, ਸਨਮਾਨ ਵਾਪਸ ਕਰਨ ਜਾਂ ਅਹੁਦਿਆਂ ਤੋਂ ਅਸਤੀਫ਼ੇ ਦੇਣ ਦੀਆਂ ਇਹ ਉਦਾਹਰਣਾਂ ਮੂਲੋਂ ਹੀ ਨਿਗੂਣੀਆਂ ਹਨ। ਪਰ ਫਿਰ ਵੀ, ਭਾਵੇਂ ਨਮੂਨੇ ਦੇ ਰੂਪ ਵਿੱਚ ਹੀ, ਪਤਵੰਤੇ ਸਿੱਖਾਂ ਦੇ ਇਸ ਛੋਟੇ ਜਿਹੇ ਵਰਗ ਦੇ ਇਸ ਰੋਸਮਈ ਪੈਂਤੜੇ ਦਾ ਅਸਰ ਬਹੁਤ ਵਿਆਪਕ ਹੋਇਆ। **ਪਤਵੰਤੇ ਸਿੱਖ ਵਰਗ ਦੇ ਕੁਝ ਹਿੱਸਿਆਂ ਵੱਲੋਂ ਭਾਰਤੀ ਰਾਜ ਦੇ ਖ਼ਾਸੇ ਬਾਰੇ ਪਾਲ ਰੱਖੇ ਹੋਏ ਭਰਮ-ਭੁਲੇਖਿਆਂ ਤੋਂ ਮੁਕਤ ਹੋ ਜਾਣ ਨਾਲ ਸਿੱਖ ਰਾਜਨੀਤੀ ਦੇ ਖੇਤਰ ਅੰਦਰ ਇੱਕ ਵੱਡੀ ਤੇ ਦੂਰ-ਰਸ ਤਬਦੀਲੀ ਦੀਆਂ ਬੁਨਿਆਦਾਂ ਟਿਕ ਗਈਆਂ।" (ਅਜਮੇਰ ਸਿੰਘ : ਵੀਹਵੀਂ ਸਦੀ ਦੀ ਸਿੱਖ ਰਾਜਨੀਤੀ ਸਫ਼ੇ** 451-56)

# ੧੩.
# ਸਿੱਖ ਕੌਮ ਦੀ ਬਿਪਰਵਾਦੀਆਂ ਵੱਲੋਂ ਵਿਉਂਤਬੰਦ ਨਸਲਕੁਸ਼ੀ (੧੯੮੪-੨੦੦੯)

## ਸਿੱਖਾਂ ਵੱਲੋਂ ਇੰਦਰਾ ਗਾਂਧੀ ਨੂੰ ਸਜ਼ਾ

"31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੀ ਸਕਿਉਰਟੀ ਗਾਰਡ ਦੇ ਮੈਂਬਰ ਸ. ਬੇਅੰਤ ਸਿੰਘ (ਵਾਸੀ ਪਿੰਡ ਮਲੋਆ, ਨਜ਼ਦੀਕ ਚੰਡੀਗੜ੍ਹ) ਅਤੇ ਸ. ਸਤਵੰਤ ਸਿੰਘ (ਵਾਸੀ ਪਿੰਡ ਅਗਵਾਨ ਖ਼ੁਰਦ, ਗੁਰਦਾਸਪੁਰ) ਨੇ ਉਸ ਨੂੰ ਉਸ ਦੇ ਘਰ ਦੇ ਬਗ਼ੀਚੇ ਵਿੱਚ ਹੀ ਗੋਲੀਆਂ ਨਾਲ ਭੁੰਨ ਕੇ ਉਸਦੇ ਸਿੱਖ ਕੌਮ ਉੱਤੇ ਕੀਤੇ ਜ਼ੁਲਮਾਂ ਅਤੇ ਦਰਬਾਰ ਸਾਹਿਬ ਦੀ ਕੀਤੀ ਬੇਹੁਰਮਤੀ ਦੀ ਸਜ਼ਾ ਭੁਗਤਾ ਦਿਤੀ। ਇੰਦਰਾ ਨੂੰ ਕਤਲ ਕਰਨ ਤੋਂ ਮਗਰੋਂ ਇਨ੍ਹਾਂ ਦੋਨਾਂ ਨੇ ਆਪਣੇ ਹਥਿਆਰ ਸੁੱਟ ਕੇ ਆਪਣੇ ਆਪ ਨੂੰ ਗ੍ਰਿਫ਼ਤਾਰੀ ਲਈ ਪੇਸ਼ ਕਰ ਦਿੱਤਾ। ਇਨ੍ਹਾਂ ਦੋਨਾਂ ਨੂੰ ਗ੍ਰਿਫ਼ਤਾਰ ਕਰਕੇ ਗੋਲੀਆਂ ਮਾਰ ਦਿੱਤੀਆਂ ਗਈਆਂ ਜਿਸ ਨਾਲ ਸ. ਬੇਅੰਤ ਸਿੰਘ ਦੀ ਤਾਂ ਮੌਕੇ ਤੇ ਹੀ ਮੌਤ ਹੋ ਗਈ ਅਤੇ ਸ. ਸਤਵੰਤ ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ। ਬੇਅੰਤ ਸਿੰਘ ਦੀ ਮ੍ਰਿਤਕ ਦੇਹ ਜਾਂ ਅਸਥੀਆਂ ਵੀ ਉਸਦੇ ਵਾਰਸਾਂ ਨੂੰ ਨਾ ਦਿੱਤੀਆਂ ਗਈਆਂ।

ਸ. ਸਤਵੰਤ ਸਿੰਘ, ਬਲਵੀਰ ਸਿੰਘ ਅਤੇ ਸ. ਕੇਹਰ ਸਿੰਘ (ਸ. ਬੇਅੰਤ ਸਿੰਘ ਦਾ ਮਾਮਾ) 'ਤੇ ਕਤਲ ਕੇਸ ਦਾਇਰ ਕਰਕੇ ਮੁਕੱਦਮਾ ਚਲਾਇਆ ਗਿਆ। 28 ਜਨਵਰੀ 1986 ਨੂੰ ਇਸ ਕਤਲ ਕੇਸ ਦਾ ਫ਼ੈਸਲਾ ਸੁਣਾਇਆ ਗਿਆ। ਸੈਸ਼ਨ ਜੱਜ ਮਹੇਸ਼ ਚੰਦਰ ਨੇ ਸਤਵੰਤ ਸਿੰਘ, ਬਲਵੀਰ ਸਿੰਘ ਅਤੇ ਕੇਹਰ ਸਿੰਘ ਨੂੰ ਸਜ਼ਾ-ਇ-ਮੌਤ ਸੁਣਾਈ। ਇਹ ਆਮ ਚਰਚਾ ਸੀ ਕਿ ਇਸ ਮੁਕੱਦਮੇ ਦਾ ਫ਼ੈਸਲਾ ਰਾਜੀਵ ਗਾਂਧੀ ਦੀ ਕੋਠੀ ਵਿੱਚ ਲਿਖਿਆ ਗਿਆ ਸੀ। ਮਹੇਸ਼ ਚੰਦਰ ਫ਼ੈਸਲਾ ਪੜ੍ਹਦਿਆਂ ਥਥਲਾ ਰਿਹਾ ਸੀ ਤੇ ਕੁਝ ਮਿੰਟਾਂ ਵਿੱਚ ਹੀ ਲਿਖਤ ਪੜ੍ਹ ਕੇ ਉੱਠ ਗਿਆ।

ਇਨ੍ਹਾਂ ਤਿੰਨਾਂ ਨੇ ਕੇਸ ਦੇ ਫ਼ੈਸਲੇ ਦੇ ਖ਼ਿਲਾਫ਼ ਅਪੀਲ ਕੀਤੀ ਪਰ ਰਾਜੀਵ ਨੇ ਦਿੱਲੀ ਹਾਈ ਕੋਰਟ ਵਿੱਚ ਆਪਣੇ ਵਫ਼ਾਦਾਰ ਚਾਵਲਾ ਨੂੰ ਚੀਫ਼ ਜਸਟਿਸ ਬਣਾ ਕੇ ਆਪਣੀ ਮਰਜ਼ੀ ਮੁਤਾਬਿਕ ਫ਼ੈਸਲਾ ਕਰਵਾ ਲਿਆ ਅਤੇ ਤਿੰਨਾਂ ਦੀ ਫ਼ਾਂਸੀ ਦੀ ਸਜ਼ਾ ਬਹਾਲ ਰਖਵਾ ਲਈ। ....ਇਸ ਫ਼ੈਸਲੇ ਦੇ ਖ਼ਿਲਾਫ਼ ਸੁਪਰੀਮ ਕੋਰਟ ਵਿੱਚ ਅਪੀਲ ਦਾਇਰ ਕੀਤੀ ਗਈ। **ਸੁਪਰੀਮ ਕੋਰਟ ਨੇ ਬਲਬੀਰ ਸਿੰਘ ਨੂੰ ਤਾਂ ਬਰੀ ਕਰ ਦਿੱਤਾ ਪਰ ਸਤਵੰਤ ਸਿੰਘ ਤੇ ਕੇਹਰ ਸਿੰਘ ਦੀ ਫ਼ਾਂਸੀ ਦੀ ਸਜ਼ਾ ਬਹਾਲ ਰੱਖੀ। ਇਹ ਸੀ ਸੁਪਰੀਮ ਕੋਰਟ ਦਾ 'ਇਨਸਾਫ਼' ਜਿਸ ਤੇ ਦੁਨੀਆਂ ਦੇ ਹਰ ਕਾਨੂੰਨਦਾਨ ਨੂੰ ਹੈਰਤਅੰਗੇਜ਼ ਹੈਰਾਨੀ ਹੋਈ। ਕੇਹਰ ਸਿੰਘ ਦੀ ਸਜ਼ਾ ਬਾਰੇ ਦੁਨੀਆਂ ਭਰ ਦੇ ਕਾਨੂੰਨਦਾਨਾਂ ਨੂੰ ਸਦਮਾ ਲੱਗਾ ਕਿ ਉਸ ਨੂੰ ਬੇਗ਼ੁਨਾਹ**





**ਹੋਣ ਦੇ ਬਾਵਜੂਦ ਫ਼ਾਂਸੀ ਦਿੱਤੀ ਗਈ। ਇਹ ਦੁਨੀਆਂ-ਭਰ ਦੀ ਤਵਾਰੀਖ਼ ਦਾ ਸਭ ਤੋਂ ਵਧੇਰੇ ਬੇ-ਇਨਸਾਫ਼ੀ ਵਾਲਾ ਫ਼ੈਸਲਾ ਸੀ।**

ਦੋਹਾਂ ਨੂੰ 6 ਜਨਵਰੀ 1989 ਦੇ ਦਿਨ ਫ਼ਾਂਸੀ ਦੇ ਦਿੱਤੀ ਗਈ। (ਮਗਰੋਂ ਅਕਾਲ ਤਖ਼ਤ ਸਾਹਿਬ ਅਤੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੀ ਫ਼ੌਜ ਦੇ ਤੱਤਕਾਲੀਨ ਮੁਖੀ ਜਨਰਲ ਵੈਦਯਾ ਨੂੰ ਵੀ ਹਰਜਿੰਦਰ ਸਿੰਘ 'ਜਿੰਦਾ' ਅਤੇ ਸੁਖਦੇਵ ਸਿੰਘ 'ਸੁਖਾ' ਨੇ ਪੂਨਾ ਵਿੱਚ ਕਤਲ ਕਰ ਦਿੱਤਾ। ਇਨ੍ਹਾਂ ਦੋਹਾਂ ਨੂੰ 9 ਅਕਤੂਬਰ 1992 ਨੂੰ ਫ਼ਾਂਸੀ ਲਾ ਦਿੱਤਾ ਗਿਆ)।

## ਹਜ਼ਾਰਾਂ ਸਿੱਖਾਂ ਦਾ ਕਤਲੇਆਮ (ਖ਼ੂਨੀ ਨਵੰਬਰ)

ਇੰਦਰਾ ਦੇ ਕਤਲ ਪਿੱਛੋਂ, ਰਾਜੀਵ ਗਾਂਧੀ ਅਤੇ ਉਸਦੇ ਕੁਝ ਚਾਪਲੂਸਾਂ ਦੀ ਹਦਾਇਤ ਤੇ ਸਿੱਖਾਂ ਦੇ ਖ਼ਿਲਾਫ਼ ਨਫਰਤ ਦੀ ਹਨ੍ਹੇਰੀ ਚਲਾਈ ਗਈ। ਰਾਜੀਵ ਗਾਂਧੀ ਦੇ ਸਭ ਤੋਂ ਨਜ਼ਦੀਕ ਸਾਥੀਆਂ (ਐਚ.ਕੇ.ਐਲ. ਭਗਤ, ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਲਲਿਤ ਮਾਕਨ, ਅਰਜਨ ਦਾਸ, ਧਰਮ ਦਾਸ ਸ਼ਾਸਤਰੀ ਤੇ ਹੋਰ ਦਰਜਨਾਂ ਕਾਂਗਰਸੀਆਂ) ਨੇ ਦਿੱਲੀ ਵਿੱਚ ਪੁਲਿਸ ਦੀ ਮਦਦ ਨਾਲ, ਹਜ਼ਾਰਾਂ ਸਿੱਖਾਂ ਨੂੰ, ਵਹਿਸ਼ੀਆਨਾ ਤਰੀਕੇ ਨਾਲ, ਕਤਲ ਕਰਵਾਇਆ। ਕਈਆਂ ਨੂੰ ਜ਼ਖ਼ਮੀ ਕਰਕੇ ਤੇ ਕਈਆਂ ਨੂੰ ਜਿਉਂਦਿਆਂ ਹੀ ਮਿੱਟੀ ਦਾ ਤੇਲ ਤੇ ਪਟਰੋਲ ਪਾਕੇ ਸਾੜ ਦਿੱਤਾ ਗਿਆ। ਸਿੱਖਾਂ ਦੇ ਘਰਾਂ, ਦੁਕਾਨਾਂ, ਸਕੂਲਾਂ ਤੇ ਗੁਰਦੁਆਰਿਆਂ ਨੂੰ ਲੁੱਟਿਆ ਗਿਆ ਤੇ ਮਗਰੋਂ ਸਾੜ ਦਿੱਤਾ ਗਿਆ। ਸੈਂਕੜੇ ਸਿੱਖ ਇਸਤਰੀਆਂ ਨੂੰ ਅਗਵਾ ਕਰਕੇ ਉਨ੍ਹਾਂ ਦਾ ਬਲਾਤਕਾਰ (ਰੇਪ) ਕੀਤਾ ਗਿਆ। ਜ਼ੁਲਮ ਦੀ ਇਹ ਇੰਤਹਾ ਦਿੱਲੀ ਹੀ ਨਹੀਂ, ਚੀਫ਼ ਮਨਿਸਟਰ ਭਜਨ ਲਾਲ ਦੀ ਅਗਵਾਈ ਵਿੱਚ ਹਰਿਆਣਾ ਵਿੱਚ ਤੇ ਹੋਰ ਕਈ ਕਾਂਗਰਸੀਆਂ ਦੀ ਅਗਵਾਈ ਵਿੱਚ ਕਾਂਗਰਸੀ ਹਕੂਮਤ ਵਾਲੇ ਸੂਬਿਆਂ (ਖ਼ਾਸ ਕਰਕੇ ਉੱਤਰ ਪ੍ਰਦੇਸ, ਮੱਧ ਪ੍ਰਦੇਸ਼, ਛਤੀਸਗੜ੍ਹ, ਬਿਹਾਰ, ਉੜੀਸਾ, ਗੁਜਰਾਤ ਅਤੇ ਮਹਾਂਰਾਸ਼ਟਰ) ਵਿੱਚ ਵੀ ਹੋਈ। .... ਉਸ ਵੇਲੇ ਜ਼ੈਲ ਸਿੰਘ ਰਾਸ਼ਟਰਪਤੀ ਤੇ ਬੂਟਾ ਸਿੰਘ ਕੇਂਦਰੀ ਵਜ਼ੀਰ ਦਿੱਲੀ ਵਿੱਚ ਹੀ ਸਨ। ਇਸ ਤੋਂ ਇਲਾਵਾ ਇੰਦਰਾ ਗਾਂਧੀ ਦੇ ਸਸਕਾਰ ਵਿੱਚ ਸ਼ਾਮਿਲ ਹੋਣ ਆਏ ਦਰਜ਼ਨਾਂ ਡਿਪਲੋਮੈਟ ਵੀ ਇਸ ਕਤਲੇਆਮ ਨੂੰ ਚੁੱਪ-ਚਾਪ ਵੇਖ ਰਹੇ ਸਨ। (ਇਨ੍ਹਾਂ ਵਿੱਚੋਂ ਕਿਸੇ ਨੇ ਵੀ ਉਦੋਂ ਜਾਂ ਉਨ੍ਹਾਂ ਦੀਆਂ ਸਰਕਾਰਾਂ ਨੇ ਉਦੋਂ ਜਾਂ ਮਗਰੋਂ ਕਦੇ ਵੀ, ਇਸ ਵਹਿਸ਼ੀਆਨਾ ਕਤਲੇਆਮ 'ਤੇ ਹਾਅ ਦਾ ਨਾਅਰਾ ਨਹੀਂ ਮਾਰਿਆ ਅਤੇ 1935-45 ਦੌਰਾਨ ਯਹੂਦੀਆਂ 'ਤੇ ਹੋਏ ਜ਼ੁਲਮ ਵਾਂਗ ਇਸ ਵਾਰ ਵੀ ਅੱਖਾਂ ਮੀਟ ਕੇ ਗੂੰਗੇ ਬੋਲੇ ਤੇ ਅੰਨ੍ਹੇ ਬਣੇ ਰਹੇ। ਹੋਰ ਤਾਂ ਹੋਰ, ਆਪਣੇ ਕਤਲੇਆਮ ਦੇ ਖ਼ਿਲਾਫ਼ ਲੋਕਾਂ ਤੋਂ ਹਮਦਰਦੀ ਮੰਗਣ ਵਾਲੇ ਯਹੂਦੀਆਂ ਦੀ ਜ਼ਬਾਨ 'ਚੋਂ ਵੀ ਇਸ ਕਤਲੇਆਮ 'ਤੇ ਉਫ਼ ਤੱਕ ਨਾ ਨਿਕਲੀ)। ਹੋਰ ਵੀ ਸ਼ਰਮਨਾਕ ਸੀ ਰਾਜੀਵ ਗਾਂਧੀ ਦਾ ਇਹ ਬਿਆਨ ਕਿ, "ਜਦੋਂ ਕੋਈ ਵੱਡਾ ਦਰੱਖ਼ਤ ਡਿਗਦਾ ਹੈ ਤਾਂ ਧਰਤੀ ਹਿਲਦੀ ਹੀ ਹੈ।" ਇਹ ਬਿਆਨ ਦੇ ਕੇ ਸਿੱਖਾਂ ਦੇ ਵਹਿਸ਼ੀਆਨਾ ਤੇ ਜ਼ਾਲਮਾਨਾ ਕਤਲੇਆਮ ਨੂੰ ਸਹੀ ਠਹਿਰਾਉਂਣ, ਦਰਅਸਲ ਸਿੱਖਾਂ ਦੇ ਕਤਲੇਆਮ ਵਾਸਤੇ ਉਕਸਾਉਂਣ ਵਾਲੇ ਰਾਜੀਵ ਦੀ ਆਪਣੀ ਮੌਤ ਵੀ ਤਾਮਿਲਾਂ ਹੱਥੋਂ

ਅਜਿਹੇ ਹੀ ਤਰੀਕੇ ਨਾਲ (ਅਪ੍ਰੈਲ 1991 ਵਿੱਚ) ਹੋਈ ਤੇ ਉਸ ਦੀ ਲਾਸ਼ ਨਾਲ ਉਸੇ ਤਰ੍ਹਾਂ ਹੀ ਹੋਇਆ, ਜਿਹੋ ਜਿਹਾ ਨਵੰਬਰ 1984 ਵਿੱਚ ਜਿਉਂਦੇ ਸਾੜੇ ਜਾ ਰਹੇ ਸਿੱਖਾਂ ਨਾਲ ਹੋਇਆ।...ਜੇ ਜ਼ੈਲ ਸਿੰਘ ਉਦੋਂ ਅਸਤੀਫ਼ਾ ਦੇ ਦੇਂਦਾ ਤਾਂ ਸਿੱਖਾਂ ਦਾ ਕਤਲੇਆਮ ਹਰਗਿਜ਼ ਨਾ ਹੁੰਦਾ।

ਇਥੇ ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਇਸ ਵਹਿਸ਼ੀਆਨਾ ਕਤਲੇਆਮ ਨੇ ਕਿਸੇ ਅਦੀਬ ਦੀ ਰੂਹ ਨੂੰ ਨਾ ਟੁੰਬਿਆ। ਸਿਰਫ਼ ਕਹਾਣੀਕਾਰ ਅਜੀਤ ਕੌਰ ਨੇ ਦਲੇਰੀ ਨਾਲ ਕਲਮ ਉਠਾਈ ਤੇ ਜਾਂ ਫਿਰ ਕੁਝ ਇਨਸਾਨੀ ਹਕੂਕ ਦੀਆਂ ਜਥੇਬੰਦੀਆਂ, ਜਿਨ੍ਹਾਂ ਨੇ 'ਹੂ ਆਰ ਦਾ ਗਿਲਟੀ ?' ਰੀਪੋਰਟ ਲਿਖ ਕੇ ਸੱਚੋ-ਸੱਚ ਸਾਹਮਣੇ ਲਿਆਂਦਾ।...ਕਾਤਲਾਂ, ਗੁੰਡਿਆਂ ਤੇ ਲੁਟੇਰਿਆਂ ਦੇ 198 ਨਾਂ 'ਹੂ ਆਰ ਦਾ ਗਿਲਟੀ' ਰੀਪੋਰਟ ਵਿੱਚ ਦਿੱਤੇ ਗਏ ਹਨ। ਇਹ ਰਿਪੋਰਟ 'ਪੀਪਲਜ਼ ਯੂਨੀਅਨ ਫ਼ਾਰ ਡੈਮੋਕ੍ਰੈਟਿਕ ਰਾਈਟਜ਼' ਅਤੇ 'ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਰਟੀਜ਼ ਵੱਲੋਂ' ਤਿਆਰ ਕੀਤੀ ਗਈ ਸੀ। ਇਸ ਨੂੰ ਗੋਬਿੰਦਾ ਮੁਖੱਟੀ ਤੇ ਰਜਨੀ ਕੋਠਾਰੀ ਨੇ ਜਾਰੀ ਕੀਤਾ ਸੀ।

ਮਗਰੋਂ 1985 ਵਿੱਚ ਇਸ ਬਾਰੇ ਇੱਕ 'ਮਿਸ਼ਰਾ ਕਮਿਸ਼ਨ' ਬਣਾਉਂਣ ਦੀ ਕਾਗ਼ਜ਼ੀ ਕਾਰਵਾਈ ਵੀ ਕੀਤੀ ਗਈ। ਕਮਿਸ਼ਨ ਵੱਲੋਂ 1986 ਵਿੱਚ ਇੱਕ ਰਿਪੋਰਟ ਤਿਆਰ ਕੀਤੀ ਗਈ। ਇਸ ਰਿਪੋਰਟ ਨੂੰ ਰਾਜੀਵ ਦੀ ਹਦਾਇਤ 'ਤੇ ਲਿਖਿਆ ਗਿਆ ਤੇ ਛੋਟੇ-ਮੋਟੇ ਪੁਲਸੀਆਂ ਅਤੇ ਨਿੱਕੇ-ਮੋਟੇ ਕਾਂਗਰਸੀਆਂ ਤੇ ਥੋੜ੍ਹਾ ਬਹੁਤ ਨਜ਼ਲਾ ਸੁੱਟ ਕੇ ਸਾਰੇ ਵੱਡੇ-ਵੱਡੇ ਕਾਤਲਾਂ ਨੂੰ ਸੁਰਖ਼ਰੂ ਕਰਨ ਦਾ ਡਰਾਮਾ ਕੀਤਾ ਗਿਆ ਸੀ। ਰਿਪੋਰਟ ਪੜ੍ਹਨ ਤੋਂ ਇੰਜ ਲਗਦਾ ਹੈ ਜਿਵੇਂ ਕੋਈ ਕਾਂਗਰਸੀ ਲੈਕਚਰ ਕਰ ਰਿਹਾ ਹੋਵੇ, ਨਾ ਕਿ ਕਿਸੇ ਕਮਿਸ਼ਨ ਦੀ ਰਿਪੋਰਟ ਹੋਵੇ। ਇਸ ਮਗਰੋਂ ਹੋਰ ਵੀ ਦਸ ਕਮਿਸ਼ਨ ਬਣਾਏ ਗਏ ਜੋ 'ਡਰਾਮਾ' ਕਰਕੇ ਖ਼ਤਮ ਹੁੰਦੇ ਗਏ। ਇਸ ਸਬੰਧੀ ਪੂਰੀ ਤਫ਼ਸੀਲ ਕਿਤਾਬ 'ਵਹਿਨ ਏ ਟਰੀ ਸ਼ੁੱਕ ਦਿੱਲੀ' (ਲੇਖਕ ਸੀਨੀਅਰ ਐਡਵੋਕੇਟ ਹਰਵਿੰਦਰ ਸਿੰਘ ਫੂਲਕਾ) ਵਿੱਚ ਪੇਸ਼ ਹੈ।

ਖ਼ੂਨੀ ਚੌਰਾਸੀ ਬਾਰੇ ਕੁਝ ਕੀਮਤੀ ਜਾਣਕਾਰੀ ਹੇਠ ਲਿਖੀਆਂ ਕਿਤਾਬਾਂ ਵਿੱਚ ਵੀ ਪੇਸ਼ ਹੈ : 'ਹੂ ਆਰ ਦਾ ਗਿਲਟੀ'?, 'ਸਰਕਾਰੀ ਕਤਲੇਆਮ' (ਗੁਰਚਰਨ ਸਿੰਘ), 'ਖ਼ੂਨੀ ਚੌਰਾਸੀ' (ਅਜੀਤ ਕੌਰ)।" [ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਪੰਜਵਾਂ ਹਿੱਸਾ), ਸਫ਼ੇ 1326-30]

## ਸਿੱਖਾਂ ਦਾ ਨਵੰਬਰ 1984 ਦਾ ਕਤਲੇਆਮ - 'ਹੂ ਆਰ ਦਾ ਗਿਲਟੀ' ? ਵਿੱਚੋਂ ਕੁਝ ਕੁ ਸਨਸਨੀਖੇਜ਼ ਹਿਰਦੇਵੇਦਿਕ ਹਵਾਲੇ

"ਸਿੱਖਾਂ ਉੱਪਰ ਕੀਤੇ ਗਏ ਵਾਰ ਸੋਚ ਸਮਝ ਕੇ ਬਾਕਾਇਦਾ ਉਲੀਕੀ ਗਈ ਵਿਉਂਤ ਅਨੁਸਾਰ ਸਨ, ਜਿਸ ਦੀ ਵਰਤੋਂ ਇੰਦਰਾ ਕਾਂਗਰਸ ਦੇ ਜਾਣੇ ਜਾਂਦੇ ਉੱਘੇ ਸਿਆਸੀ ਬੰਦਿਆਂ ਵੱਲੋਂ ਮਿਲੀ ਸੇਧ ਅਧੀਨ ਹਕੂਮਤ ਦੇ ਮੁੱਖ ਕਰਮਚਾਰੀ ਕਰ ਰਹੇ ਸਨ, ਜੋ ਸੇਧ ਏਨੀ ਸਪੱਸ਼ਟ ਸੀ ਕਿ ਸਭ ਕੁਝ ਕਿਸੇ ਨੂੰ ਪਤਾ ਸੀ ਕਿ ਕੀ ਕਰਨਾ ਹੈ ਅਤੇ ਕੀ ਨਹੀਂ





ਕਰਨਾ...। ਸਿੱਖਾਂ ਉੱਪਰ ਹੋਏ ਵਾਰ ਸਾਰੀਆਂ ਆਬਾਦੀਆਂ ਵਿੱਚ ਇਕਸਾਰ ਅਤੇ ਇੱਕੋ ਭਾਂਤ ਦੇ ਸਨ। ਇਨ੍ਹਾਂ ਦੀ ਇਕਸਾਰਤਾ ਇਸ ਗੱਲ ਦਾ ਪਰਤੱਖ ਸਬੂਤ ਸੀ ਕਿ ਇਹ ਸਾਰੇ ਮਜ਼ਬੂਤ ਜਥੇਬੰਦ ਧੜੇ ਦੇ ਦਿਮਾਗ਼ ਦੀ ਕਾਢ ਸੀ...। ਏਨਾ ਹੀ ਨਹੀਂ ਬਲਕਿ ਇਸ ਵਿਉਂਤ ਅਧੀਨ ਸਾਰੇ ਮਾਰੇ ਜਾਣ ਵਾਲੇ ਬੰਦਿਆਂ ਦੀ ਚੋਣ ਕਰਨ ਦੇ ਪੈਟਰਨ ਦਾ ਇਕਸਾਰ ਹੋਣਾ ਵੀ ਪਰਤੱਖ ਦਸਦਾ ਸੀ ਅਤੇ ਉਹ ਵੀ 20 ਤੋਂ 50 ਸਾਲ ਤੱਕ ਦੇ ਮਨੁੱਖਾਂ ਦਾ ਕਤਲ। ਪਹਿਲੀ ਗੱਲ ਜੋ ਇਨ੍ਹਾਂ ਕੀਤੀ ਉਹ 31 ਅਕਤੂਬਰ ਬਾਅਦ ਦੁਪਹਿਰ, ਜਦੋਂ ਇੰਦਰਾ ਗਾਂਧੀ ਦੇ ਮਰਨ ਦੀ ਖ਼ਬਰ ਸੁਣੀ ਗਈ, ਤੋਂ ਹੀ **ਸਿੱਖਾਂ ਬਾਰੇ ਤਿੰਨ ਝੂਠੀਆਂ ਅ਼ਫਵਾਹਾਂ ਫੈਲਾਉਂਣ ਦੀ ਸੀ ਜਿਸ ਵਿੱਚ ਦਿੱਲੀ ਪੁਲਸ ਦੇ ਆਦਮੀਆਂ ਨੇ ਖ਼ੁਦ ਅੱਗੇ ਲੱਗ ਕੇ ਇਹ ਕੰਮ ਕੀਤਾ। ਅ਼ਫਵਾਹਾਂ ਇਹ ਸਨ:**

**(1) ਸ੍ਰੀਮਤੀ ਇੰਦਰਾ ਗਾਂਧੀ ਦੇ ਮਰਨ ਦੀ ਸਿੱਖਾਂ ਨੇ ਖ਼ੁਸ਼ੀ ਮਨਾਈ, ਲੱਡੂ ਵੰਡੇ ਅਤੇ ਸ਼ਾਮੀਂ ਦੀਪ-ਮਾਲਾ ਕੀਤੀ ਹੈ।**

**(2) ਕਤਲ ਕੀਤੇ ਹਿੰਦੂਆਂ ਦੀਆਂ ਸੈਂਕੜੇ ਲਾਸ਼ਾਂ ਦੀ ਭਰੀ ਹੋਈ ਰੇਲ ਗੱਡੀ ਪੁਰਾਣੀ ਦਿੱਲੀ ਦੇ ਰੇਲਵੇ ਸਟੇਸ਼ਨ 'ਤੇ ਆਈ ਹੈ।**

**(3) ਸਿੱਖਾਂ ਨੇ ਦਿੱਲੀ ਦੇ ਵਾਟਰ ਟੈਂਕਾਂ ਵਿੱਚ ਜ਼ਹਿਰ ਮਿਲਾ ਕੇ ਸਾਰਾ ਪਾਣੀ ਜ਼ਹਿਰੀਲਾ ਕਰ ਦਿੱਤਾ ਹੈ। ਦਿੱਲੀ ਪੁਲਸ ਦੇ ਆਦਮੀ ਥਾਉਂ-ਥਾਉਂ ਫਿਰ ਕੇ ਲੋਕਾਂ ਨੂੰ ਟੂਟੀਆਂ ਦਾ ਪਾਣੀ ਨਾ ਵਰਤਣ ਲਈ ਕਹਿ ਰਹੇ ਸਨ।**

**ਇਹ ਤਿੰਨੇ ਅ਼ਫਵਾਹਾਂ ਹਿੰਦੂ ਜਨਤਾ ਨੂੰ ਸਿੱਖਾਂ ਵਿਰੁੱਧ ਭੜਕਾਉਂਣ ਲਈ ਫੈਲਾਈਆਂ ਗਈਆਂ...ਅਜਿਹੀਆਂ ਅ਼ਫਵਾਹਾਂ ਨੇ ਲੋਕਾਂ ਦੇ ਮਨ ਬਦਲ ਦਿਤੇ।**

ਇਹ ਤਾਂ ਪਲਾਨਿੰਗ ਦਾ ਪਹਿਲਾ ਤਰੀਕਾ ਸੀ। ਪਲਾਨਿੰਗ ਦੇ ਦੂਜੇ ਤਰੀਕੇ ਰਾਹੀਂ 31 ਅਕਤੂਬਰ ਨੂੰ ਰਾਤੋ-ਰਾਤ, ਮੁਨਿਰਕਾ, ਲਾਜਪਤ ਨਗਰ, ਭੋਗਲ, ਜੰਗਪੁਰਾ, ਆਸ਼ਰਮ, ਯਮਨਾ ਪਾਰ, ਸ਼ਾਹਦਰਾ ਆਦਿ ਵਿੱਚ ਵੈਨਾਂ, ਟਰੱਕਾਂ, ਸਕੂਟਰਾਂ...ਆਦਿ ਰਾਹੀਂ ਸੈਂਕੜੇ ਜਵਾਨ ਪਹੁੰਚ ਗਏ। ਚਸ਼ਮਦੀਦ ਲੋਕਾਂ ਨੇ ਸਾਨੂੰ ਦੱਸਿਆ ਕਿ ਉਨ੍ਹਾਂ ਨੇ ਕਾਂਗਰਸ (ਇੰਦਰਾ) ਦੇ ਸਰਕਾਰ ਦੇ ਲੀਡਰ ਇਨ੍ਹਾਂ ਨੌਜਵਾਨਾਂ ਦੀ ਅਗਵਾਈ ਕਰਦੇ ਵੇਖੇ। **ਇੱਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ (ਉਹ ਆਪਣਾ ਨਾਂ ਗੁਪਤ ਰੱਖਣਾ ਚਾਹੁੰਦੇ ਹਨ) ਕਿ ਤ੍ਰਿਲੋਕਪੁਰੀ, ਮੰਗੋਲਪੁਰੀ, ਯਮਨਾਪਾਰ ਦੀਆਂ ਆਬਾਦੀਆਂ ਵਿੱਚ ਅੱਗਾਂ ਲਾਉਂਣ ਦੀ ਅਗਵਾਈ ਕਾਂਗਰਸ (ਇੰਦਰਾ) ਦੇ ਜਾਣੇ-ਪਹਿਚਾਣੇ ਲੋਕਾਂ ਨੇ ਕੀਤੀ। .....**

ਤ੍ਰਿਲੋਕਪੁਰੀ ਕਲੋਨੀ ਬਾਰੇ ਰੀਪੋਰਟ ਵਿੱਚ ਦਰਜ ਹੈ :

**"31 ਅਕਤੂਬਰ ਤੋਂ 2 ਨਵੰਬਰ ਤੱਕ ਤ੍ਰਿਲੋਕਪੁਰੀ ਵਿੱਚ ਵਰਤੇ ਹਾਲਾਤ ਸਿਖਰ ਦੇ ਕਸਾਈਪੁਣੇ ਦੀ ਇੱਕ ਅਤਿ ਭਿਆਨਕ ਤਸਵੀਰ ਸਨ। 48 ਘੰਟਿਆਂ ਦੇ ਅੰਦਰ-ਅੰਦਰ 400 ਸਿੱਖਾਂ, ਵਧੇਰੇ ਕਰਕੇ ਨੌਜਵਾਨਾਂ ਨੂੰ ਲੋਕਲ ਪੁਲਸ ਦੀਆਂ ਅੱਖਾਂ ਓਹਲੇ ਅਤੇ ਇੰਦਰਾ ਕਾਂਗਰਸ ਦੇ ਕੌਂਸਲਰ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਲਿਆਂਦੇ ਬਦਮਾਸ਼ਾਂ ਦੇ ਇੱਕ ਬਾਕਾਇਦਾ ਜਥੇਬੰਦ ਗਿਰੋਹ ਨੇ ਜਿਉਂਦੇ ਸਾੜ ਕੇ ਸੁਆਹ ਕਰ ਦਿੱਤਾ ਸੀ।"..."ਇਹ ਸਾੜ ਫੂਕ, ਬਲਾਤਕਾਰੀ ਅਤੇ ਕਤਲਾਂ ਦਾ ਇੱਕ ਲਗਾਤਾਰ ਚਲ ਰਿਹਾ ਤਮਾਸ਼ਾ ਸੀ।"....**

"14 ਤੋਂ 50 ਸਾਲ ਦੀਆਂ ਇਸਤਰੀਆਂ ਦੀ ਬਦਮਾਸ਼ਾਂ ਵੱਲੋਂ ਵਾਰ-ਵਾਰ ਪੱਤ ਲੁੱਟੀ ਗਈ। ਬਾਅਦ ਵਿੱਚ ਜੇ.ਪੀ. ਨਾਰਾਇਣ ਹਸਪਤਾਲ ਵੱਲੋਂ ਸਰਕਾਰੀ ਤੌਰ ਤੇ 7 ਬਲਾਤਕਾਰ ਦੇ ਵਾਕਿਆਤ ਦੀ ਰਿਪੋਰਟ ਮਿਲੀ।"

## ਹਮਲਾਵਰਾਂ ਦਾ ਸਮਾਜੀ-ਵਿੱਤ ਸੰਗ੍ਰਿਹ

**ਤ੍ਰਿਲੋਕਪੁਰੀ, ਮੰਗੋਲਪੁਰੀ ਅਤੇ ਜਮਨਾ ਪਾਰ ਦੀਆਂ ਬਸਤੀਆਂ ਵਿੱਚ ਸਭ ਤੋਂ ਵੱਧ ਕਤਲੋਗਾਰਤ ਹੋਈ... ਅਤੇ ਨਿਸ਼ਾਨਾ ਬਣਾਏ ਗਏ ਨੌਜਵਾਨ ਸਿੱਖ। ਉਨ੍ਹਾਂ ਨੂੰ ਘਸੀਟ ਕੇ ਲਿਆਂਦਾ ਗਿਆ, ਕੁਟਿਆ ਗਿਆ ਤੇ ਫਿਰ ਜਿਉਂਦਿਆਂ ਨੂੰ ਤੇਲ ਪਾਕੇ ਸਾੜ ਦਿੱਤਾ ਗਿਆ....ਕੁਝ ਇਲਾਕਿਆਂ ਵਿੱਚ ਤਾਂ ਬੱਚੇ ਵੀ ਮਾਰ ਦਿੱਤੇ ਗਏ ਅਤੇ ਔਰਤਾਂ ਦਾ ਬਹੁਪੁਰਖੀ ਬਲਾਤਕਾਰ ਕੀਤਾ ਗਿਆ।...**

## ਪੁਲੀਸ ਦਾ ਹਿੱਸਾ

...ਪੁਲਿਸ ਦੀ ਸਾਜਸ਼ੀ ਲਾਪਰਵਾਹੀ ਆਪਣੇ ਕਰਤੱਵ ਨੂੰ ਧੋਖ਼ਾ ਦੇਣ ਵਾਲੀ ਸੀ। ਜਿਸ ਤਰ੍ਹਾਂ -

1. ਘਟਨਾ ਵਾਲੀ ਥਾਂ ਤੋਂ ਗ਼ੈਰ ਹਾਜ਼ਰ ਹੋਣਾ।
2. ਸਿਰਫ਼ ਦਰਸ਼ਕ ਬਣ ਕੇ ਤਮਾਸ਼ਾ ਵੇਖਣਾ।
3. ਸਿੱਖਾਂ ਦੇ ਖ਼ਿਲਾਫ਼ ਸਿੱਧੀ ਦਖ਼ਲਅੰਦਾਜ਼ੀ ਕਰਨੀ।

**....ਬਾਹਰਲੀਆਂ ਬਸਤੀਆਂ ਵਿੱਚ ਪੁਲਸ ਨੇ ਸਿੱਧੇ ਤੌਰ ਤੇ ਖੁੱਲ੍ਹ ਕੇ ਸਿੱਖਾਂ ਵਿਰੁੱਧ ਹਿੰਸਾ ਕੀਤੀ।....ਸੁਲਤਾਨਪੁਰ ਦੇ ਇੱਕ ਥਾਣੇਦਾਰ ਨੇ ਦੋ ਸਿੱਖ ਆਪ ਮਾਰੇ ਅਤੇ ਉਨ੍ਹਾਂ ਸਿੱਖਾਂ ਤੋਂ ਹਥਿਆਰ ਖੋਹ ਲਏ ਜਿਹੜੇ ਆਈ ਭੀੜ ਦਾ ਮੁਕਾਬਲਾ ਕਰ ਰਹੇ ਸਨ।**...ਮੰਗੋਲਪੁਰੀ ਵਿੱਚ ਕੁਝ ਇੱਕ ਹਿੰਦੂਆਂ ਨੇ ਪੁਲਿਸ ਕੋਲ ਸ਼ਿਕਾਇਤ ਕੀਤੀ ਤਾਂ ਉਨ੍ਹਾਂ ਨੂੰ ਝਾੜ ਪਾਈ ਕਿ, "ਤੁਸੀਂ ਸਿੱਖਾਂ ਦੀ ਮਦਦ ਕਿਉਂ ਕਰਦੇ ਹੋ, ਤੁਹਾਨੂੰ ਤਾਂ ਸਗੋਂ ਹਿੰਦੂਆਂ ਦੀ ਮਦਦ ਕਰਨੀ ਚਾਹੀਦੀ ਹੈ...."ਜਾਟ ਹੋਣ ਦੇ ਨਾਤੇ ਤੁਹਾਨੂੰ ਚਾਹੀਦਾ ਸੀ ਕਿ ਤੁਸੀਂ ਇਨ੍ਹਾਂ ਸਿੱਖਾਂ ਨੂੰ ਮਾਰ ਦਿੰਦੇ। ਤੁਸੀਂ ਇਥੇ ਕੀ ਕਰਨ ਆਏ ਹੋ? ਤੁਹਾਨੂੰ ਪਤਾ ਨਹੀਂ ਕਿ ਹਿੰਦੂਆਂ ਦੀਆਂ ਲਾਸ਼ਾਂ ਨਾਲ ਭਰੀ ਗੱਡੀ ਪੰਜਾਬੋਂ ਆਕੇ ਦਿੱਲੀ ਸਟੇਸ਼ਨ ਉੱਤੇ ਖੜੀ ਹੈ?"





## ਪ੍ਰਬੰਧਕੀ ਢਾਂਚੇ ਦਾ ਹਿੱਸਾ

..."ਹੋਮ ਮਨਿਸਟਰ ਨਰਸਿਮਹਾ ਰਾਓ ਨੇ ਭਾਰਤੀ ਜਨਤਾ ਪਾਰਟੀ ਦੇ ਅਟਲ ਬਿਹਾਰੀ ਵਾਜਪਾਈ ਨੂੰ 31 ਅਕਤੂਬਰ ਦੀ ਸ਼ਾਮ ਨੂੰ ਇਹ ਭਰੋਸਾ ਦਿਵਾਇਆ ਕਿ ਦੋ ਘੰਟੇ ਦੇ ਅੰਦਰ-ਅੰਦਰ ਸਭ ਕੁਝ ਕਾਬੂ ਕਰ ਲਿਆ ਜਾਵੇਗਾ (ਦਾ ਸਟੇਟਸਮੈਨ ਨਵੰਬਰ 10-1984) ਜਦਕਿ ਉਸ ਵਕਤ ਦਿੱਲੀ ਦੇ ਐਡੀਸ਼ਨਲ ਪੁਲਿਸ ਕਮਿਸ਼ਨਰ ਗੌਤਮ ਕੌਲ ਨੇ ਆਲ ਇੰਡੀਆ ਮੈਡੀਕਲ ਇੰਸਟੀਚਿਊਟ ਦੇ ਸਾਹਮਣੇ ਬਿਆਨ ਦਿੰਦਿਆਂ ਕਿਹਾ ਕਿ, "ਅਸੀਂ ਇਸ ਕਿਸਮ ਦੀ ਹਾਲਾਤ ਦਾ ਮੁਕਾਬਲਾ ਨਹੀਂ ਕਰ ਸਕਦੇ" (ਇੰਡੀਅਨ ਐਕਸਪ੍ਰੈਸ, ਨਵੰਬਰ, 1984)।..."31 ਅਕਤੂਬਰ ਤੋਂ 3 ਨਵੰਬਰ ਤੱਕ ਦੀਆਂ ਘਟਨਾਵਾਂ ਹੋਮ ਮਨਿਸਟਰੀ ਦੀਆਂ ਅਣਗਹਿਲੀਆਂ ਅਤੇ ਨਾਕਾਮਯਾਬੀਆਂ ਦਾ ਅਪਣੇ ਆਪ ਵਿੱਚ ਖ਼ੁਦ ਸਬੂਤ ਪੇਸ਼ ਕਰਦੀਆਂ ਹਨ। **ਸਾਨੂੰ ਹੈਰਾਨਗੀ ਹੈ ਕਿ ਹੋਮ ਮਨਿਸਟਰੀ ਵਿਚ ਲੱਗਾ ਹੋਮ ਸੈਕਟਰੀ ਮਿ: ਵਾਲੀ ਉਸ ਅਹੁਦੇ ਉਤੇ ਰਹਿੰਦਾ ਹੋਇਆ ਤਾਂ ਕੁਝ ਕਰ ਨਾ ਸਕਿਆ, ਤਾਂ ਉਸ ਨੂੰ (ਦਿੱਲੀ ਦਾ) ਲੈਫਟੀਨੈਂਟ ਗਵਰਨਰ ਕਿਸ ਤਰ੍ਹਾਂ ਲਾ ਦਿੱਤਾ ਗਿਆ?**

## ਫ਼ੌਜ ਦਾ ਹਿੱਸਾ

"ਫ਼ੌਜੀ ਜ਼ਰੀਏ ਅਤੇ ਅਸਰ ਅਧੀਨ ਆਈਆਂ ਆਬਾਦੀਆਂ ਤੋਂ ਇਨਕੁਆਰੀ ਕਰਨ ਉਤੇ ਸਾਡੇ ਸਾਹਮਣੇ ਦੋ ਸੁਆਲ ਆਉਂਦੇ ਹਨ :

1. ਫ਼ੌਜ ਬੁਲਾਉਂਣ ਵਿੱਚ ਦੇਰ ਕਿਉਂ ਕੀਤੀ ਗਈ?
2. ਫ਼ੌਜ ਦੇ ਆਉਂਣ ਉੱਤੇ ਵੀ, ਫ਼ੌਜ ਫ਼ਸਾਦਾਂ ਉੱਤੇ ਕਾਬੂ ਕਿਉਂ ਨਾ ਕਰ ਸਕੀ?

...ਰੇਡੀਓ, ਟੀ.ਵੀ. ਅਤੇ ਪੇਪਰਾਂ ਵਿੱਚ ਦਰਸਾਨ ਦੇ ਬਾਵਜੂਦ ਕਿ, ਦੇਖਦੇ ਸਾਰ ਗੋਲੀ ਮਾਰਨ ਦਾ ਹੁਕਮ ਹੈ। ਅਸਲ ਵਿੱਚ ਮਿਲਟਰੀ ਨੂੰ ਐਸੀਆਂ ਹਦਾਇਤਾਂ ਨਹੀਂ ਸਨ ਅਤੇ ਨਾ ਹੀ ਪੁਲਿਸ ਨੇ ਫ਼ਸਾਦਾਂ ਵਾਲੀ ਥਾਂ ਦੀ ਸਹੀ ਜਾਣਕਾਰੀ ਫ਼ੌਜ ਨੂੰ ਦਿੱਤੀ। ਇਸ ਦੇ ਮੁਕਾਬਲੇ ਕੁਝ ਹੀ ਦਿਨਾਂ ਬਾਅਦ, ਇੰਦਰਾ ਦੇ ਨਿਕਲੇ ਜਨਾਜ਼ੇ ਦੇ ਰਸੱਤੇ ਵਿੱਚ ਖੜ੍ਹੇ ਕਰਨ ਲਈ ਭਾਰਤੀ ਫ਼ੌਜ ਦੇ 3000 ਜਵਾਨ ਅਤੇ 1000 ਨੇਵੀ ਤੇ ਹਵਾਈ ਫ਼ੌਜ ਦੇ ਜਵਾਨ ਇਨ੍ਹਾਂ ਨੂੰ ਬਿਨਾ ਕਿਸੇ ਮੁਸ਼ਕਲ ਦੇ ਮਿਲ ਗਏ ਸਨ। ....ਇੱਕ ਗੱਲ ਪੱਕੀ ਹੈ ਕਿ ਇਸ ਨਾਲ ਫ਼ੌਜ ਦੇ ਵਕਾਰ ਨੂੰ ਬਹੁਤ ਭਾਰੀ ਸੱਟ ਵੱਜੀ ਹੈ।"

## ਕਾਂਗਰਸ (ਇੰਦਰਾ) ਦਾ ਹਿੱਸਾ

..."ਅਸੀਂ ਇਸ ਨਤੀਜੇ ਉੱਤੇ ਪਹੁੰਚੇ ਹਾਂ ਕਿ ਕਾਂਗਰਸ (ਇੰਦਰਾ) ਦੇ ਵੱਡੇ ਲੀਡਰਾਂ ਦਾ ਇਨ੍ਹਾਂ ਫ਼ਸਾਦਾਂ ਨੂੰ ਉਕਸਾਨ ਵਿੱਚ ਸਿੱਧਾ ਹੱਥ ਹੈ। ....**ਲਪੇਟ ਵਿੱਚ ਆਏ ਇਲਾਕਿਆਂ ਦੇ ਐਸ.ਪੀਜ਼ ਥਾਣਿਆਂ ਵਿੱਚ ਜਾ ਕੇ ਫਸਾਦਕਾਰਾਂ ਨੂੰ ਛੁਡਾਉਂਣ ਲਈ ਕਈ ਥਾਣੇਦਾਰਾਂ ਉੱਤੇ ਰੋਹਬ ਪਾ ਰਹੇ ਸਨ...ਮੰਗੋਲਪੁਰੀ ਦੇ ਵਸਨੀਕਾਂ**

**ਨੇ ਖ਼ੁਦ ਮੰਨਿਆ ਹੈ ਕਿ ਈਸ਼ਵਰ ਸਿੰਘ (ਕਾਂਗਰਸ ਆਈ ਦੀ ਵੱਡੀ ਤੋਪ) ਖ਼ੁਦ ਅੱਗੇ ਹੋ ਕੇ ਫ਼ਸਾਦ ਕਰਵਾ ਰਿਹਾ ਸੀ।...ਇਹ ਯਕੀਨ ਕਰਨਾ ਔਖਾ ਹੈ ਕਿ ਰਾਜੀਵ ਗਾਂਧੀ ਨੂੰ ਆਪਣੀ ਪਾਰਟੀ ਦੇ ਉੱਚ ਅਧਿਕਾਰੀਆਂ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਬਾਰੇ ਪੂਰੇ ਪੰਜ ਦਿਨ (ਅਕਤੂਬਰ 31 ਤੋਂ ਲੈ ਕੇ ਨਵੰਬਰ 5 ਤੱਕ) ਕੁਛ ਪਤਾ ਨਹੀਂ ਲੱਗਾ। ਇਹ ਆਪ 1982 ਤੋਂ ਸਰਵ ਭਾਰਤੀ ਕਾਂਗਰਸ (ਆਈ) ਦਾ ਮੁੱਖ ਸਕੱਤਰ ਹੈ।"**

## ਵਿਰੋਧੀ ਧਿਰਾਂ ਅਤੇ ਮੀਡੀਏ ਦਾ ਹਿੱਸਾ

"31 ਅਕਤੂਬਰ 1984 ਵਾਲੇ ਦਿਨ ਅਖ਼ਬਾਰਾਂ ਵਿੱਚ ਪਹਿਲੀ ਸੁਰਖੀ ਇਹ ਆਈ ਕਿ "ਹਮਲਾ ਕਰਨ ਵਾਲੇ ਦੋ ਸਿੱਖ ਅਤੇ ਸਿਰ-ਮੂੰਹ ਮੁੰਨਿਆ ਸਿੱਖ ਹੈ"...ਨਾਹੀ ਇਹ ਸਾਬਤ ਕੀਤਾ ਗਿਆ ਕਿ ਸਿਰ-ਮੂੰਹ ਮੁੰਨਿਆ ਬੰਦਾ ਸਿੱਖ ਕਿਸ ਤਰ੍ਹਾਂ ਹੋ ਗਿਆ।...ਪਰ ਐਸੀ ਖ਼ਬਰ ਬਾਰੇ ਸਵਾਲ ਇਹ ਉਠਦਾ ਹੈ ਕਿ, ਕੀ ਅਖ਼ਬਾਰਾਂ ਨੂੰ ਇਹ ਚਾਹੀਦਾ ਸੀ ਕਿ ਉਹ ਹਮਲਾਵਰਾਂ ਨੂੰ ਪੈਂਦੀ ਸੱਟੇ ਸਿੱਖ ਕਹਿ ਦੇਣ ?...**ਅਸੀਂ ਇਸ ਗੱਲ ਉੱਤੇ ਵੀ ਹੈਰਾਨ ਹਾਂ ਕਿ ਤੀਨ ਮੂਰਤੀ ਵਿੱਚ ਲੱਗੇ ਹੋਏ ਨਾਅਰੇ "ਖ਼ੂਨ ਦਾ ਬਦਲਾ ਖ਼ੂਨ" ਦੂਰਦਰਸ਼ਨ (ਟੀ.ਵੀ.) ਉੱਤੇ ਦਿਖਾਣ ਦੀ ਇਜਾਜ਼ਤ ਕਿਉਂ ਦਿੱਤੀ ਗਈ ?...**

"ਵਿਰੋਧੀ ਧਿਰਾਂ ਦੇ ਲੀਡਰ 31 ਅਕਤੂਬਰ ਤੋਂ ਲੈ ਕੇ 5 ਨਵੰਬਰ ਤੱਕ ਸਮੇਂ ਦੀ ਪੁਕਾਰ ਨਾਲ ਉਤਾਂਹ ਨਹੀਂ ਉੱਠ ਸਕੇ। ...ਇਨ੍ਹਾਂ ਨੇ ਕੋਈ ਕੋਸ਼ਿਸ਼ ਨਹੀਂ ਕੀਤੀ ਕਿ ਫ਼ਸਾਦਾਂ ਵਾਲੀ ਜਗ੍ਹਾ ਜਾ ਕੇ ਕੁਝ ਕਰਨ।...3 ਨਵੰਬਰ ਨੂੰ ਤ੍ਰਿਲੋਕਪੁਰੀ ਦੇ ਭਿਆਨਕ ਕਾਰੇ ਤੋਂ ਬਾਅਦ ਕੁਝ ਚਿੰਤਾਜਨਕ ਨਾਗਰਿਕ ਵਿਰੋਧੀ ਧਿਰਾਂ ਦੇ ਲੀਡਰਾਂ ਕੋਲ ਗਏ। ਕੁਝ ਇੱਕ ਨੇ ਜੰਤਾ ਪਾਰਟੀ ਦੇ ਚੰਦਰ ਸ਼ੇਖਰ ਨੂੰ ਕਿਹਾ ਕਿ ਉਹ ਉਨ੍ਹਾਂ ਨਾਲ ਤੀਨ ਮੂਰਤੀ ਭਵਨ ਵਿੱਚ ਜਾਣ ਵਾਲੇ ਵਫਦ ਦੇ ਨਾਲ ਤੁਰ ਪੈਣ। ਪਰ ਉਹ ਖੜ੍ਹੇ ਹੋਏ ਅਤੇ ਹੱਥ ਜੋੜ ਕੇ ਕਹਿਣ ਲੱਗੇ, "ਮੈਂ ਨਹੀਂ ਕਰ ਸਕਦਾ, ਮੈਂ ਨਹੀਂ ਚਾਹੁੰਦਾ ਕਿ ਇੰਦਰਾ ਗਾਂਧੀ ਦੇ ਸਸਕਾਰ ਨੂੰ ਖ਼ਰਾਬ ਕਰਨ ਵਾਲਿਆਂ ਵਿੱਚ ਉਸਦਾ ਨਾਮ ਆਵੇ।"....

## ਖ਼ਾੜਕੂ ਲਹਿਰ

ਖ਼ੂਨੀ ਚੌਰਾਸੀ ਦੀਆਂ ਹਿਰਦੇਵੇਦਕ ਘਟਨਾਵਾਂ ਨੇ ਸਿੱਖ ਨੌਜਵਾਨੀ ਨੂੰ ਖਾੜਕੂਵਾਦ ਦੇ ਰਾਹ ਤੇ ਤੁਰਨ ਲਈ ਮਜ਼ਬੂਰ ਕਰ ਦਿੱਤਾ। ਹਕੂਮਤ ਅਤੇ ਬਿਪਰਵਾਦੀ ਮੀਡੀਆ ਨੇ ਸਿੱਖ ਕੌਮ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦੀ ਮੁਹਿੰਮ ਨੂੰ ਹੋਰ ਪ੍ਰਚੰਡ ਕਰ ਦਿੱਤਾ। **1985 ਦੀਆਂ ਲੋਕਸਭਾ ਚੋਣਾ ਜਿੱਤਣ ਲਈ ਕਾਂਗਰਸ ਪਾਰਟੀ ਨੇ ਐਂਟੀ- ਸਿੱਖ ਪੱਤਾ ਵਰਤ ਕੇ ਭਾਰੀ ਬਹੁਮਤ ਹਾਸਿਲ ਕੀਤੀ। ਇਨ੍ਹਾਂ ਚੋਣਾ ਲਈ ਕਾਂਗਰਸ ਦਾ ਮੁੱਖ ਨਾਅਰਾ ਸੀ, 'ਸਰਦਾਰ-ਦੇਸ਼ ਦੇ ਗ਼ਦਾਰ'।**





## ਰਾਜੀਵ-ਲੌਂਗੋਵਾਲ ਸਮਝੌਤਾ

ਸੁਰਜੀਤ ਸਿੰਘ ਬਰਨਾਲਾ, ਪ੍ਰਿਥੀਪਾਲ ਸਿੰਘ ਕਪੂਰ ਅਤੇ ਅਤਰ ਸਿੰਘ ਦੀ ਤਿੱਕੜੀ ਨੇ ਸਾਧ ਲੌਂਗੋਵਾਲ ਨੂੰ ਬੁੱਧੂ ਬਣਾ ਕੇ 23 ਜੁਲਾਈ ਨੂੰ ਰਾਜੀਵ ਤੇ ਲੌਂਗੋਵਾਲ ਵਿੱਚ ਮੁਲਾਕਾਤ ਕਰਵਾ ਕੇ 24 ਜੁਲਾਈ ਨੂੰ ਰਾਜੀਵ-ਲੌਂਗੋਵਾਲ ਸਮਝੌਤੇ ਦਾ ਐਲਾਨ ਕਰ ਦਿੱਤਾ। ਇਸ ਸਮਝੌਤੇ ਨੂੰ ਭਾਰਤੀ ਪਾਰਲੀਮੈਂਟ ਵਿੱਚ ਵੀ ਪਾਸ ਕਰ ਦਿੱਤਾ ਗਿਆ। ਇਹ ਸਮਝੌਤਾ ਸਿੱਖ ਕੌਮ ਦੀ ਹੇਠੀ ਕਰਨ ਵਾਲਾ ਅਤੇ ਪੰਜਾਬ ਦੇ ਪਾਣੀਆਂ ਦੀ ਲੁੱਟ ਕਰਵਾਉਂਣ ਵਾਲਾ ਸੀ ਜਿਸ ਕਰਕੇ ਹਰਚੰਦ ਸਿੰਘ ਲੌਂਗੋਵਾਲ ਦਾ 20 ਅਗੱਸਤ 1985 ਨੂੰ ਕਤਲ ਹੋ ਗਿਆ।

## ਪੰਜਾਬ ਵਿੱਚ ਚੋਣਾਂ

ਕੇਂਦਰ ਦੀ ਸੋਚੀ ਸਮਝੀ ਵਿਉਂਤ ਅਨੁਸਾਰ ਪੰਜਾਬ ਵਿੱਚ ਚੋਣਾਂ ਕਰਵਾਕੇ ਸੁਰਜੀਤ ਸਿੰਘ ਬਰਨਾਲਾ ਦੀ ਸਰਕਾਰ ਕਾਇਮ ਕਰਵਾ ਦਿੱਤੀ ਗਈ ਤਾਕਿ ਉਸ ਨੂੰ ਖਾੜਕੂਆਂ ਦੇ ਖ਼ਿਲਾਫ਼ ਲੜਾਈ ਲਈ ਵਰਤਿਆ ਜਾ ਸਕੇ। ਬਰਨਾਲਾ ਸਰਕਾਰ ਨੇ ਸਿੱਖਾਂ ਤੇ ਬੇਤਹਾਸ਼ਾ ਜ਼ੁਲਮ ਕੀਤੇ, ਕਈ ਵਾਰ ਦਰਬਾਰ ਸਾਹਿਬ ਅਤੇ ਹੋਰ ਗੁਰਦੁਆਰਿਆਂ ਵਿੱਚ ਪੁਲਸ ਅਤੇ ਨੀਮ ਫ਼ੌਜੀ ਦਲਾਂ ਨੂੰ ਧਾੜਵੀ ਬਣਾ ਕੇ ਵਾੜਿਆ। ਜੇਲ੍ਹਾਂ ਵਿੱਚ ਬੰਦ ਸਿੱਖਾਂ 'ਤੇ ਵੀ ਤਸ਼ਦੱਦ ਕੀਤੇ ਗਏ। ਕਿਹਾ ਜਾਂਦਾ ਹੈ ਕਿ ਰਾਜੀਵ ਦਾ ਬਰਨਾਲਾ ਨਾਲ ਇਹ ਵੀ ਸੌਦਾ ਹੋਇਆ ਸੀ ਕਿ ਖ਼ਾੜਕੂਆਂ ਨੂੰ ਜੇਲ੍ਹਾਂ ਵਿੱਚੋਂ ਰਿਹਾਅ ਨਹੀਂ ਕੀਤਾ ਜਾਵੇਗਾ।

ਰਾਜੀਵ ਨੇ ਚੰਡੀਗੜ੍ਹ ਪੰਜਾਬ ਨੂੰ ਦੇਣ ਤੋਂ ਟਾਲਮਟੋਲ ਕਰਨੀ ਸ਼ੁਰੂ ਕਰ ਦਿੱਤੀ। ਇਸ ਬਾਰੇ ਕੇਂਦਰ ਨੇ ਪੰਜਾਬ ਨੂੰ ਕਮਿਸ਼ਨਾਂ ਦੇ ਗੱਧੀ-ਗੇੜ ਵਿੱਚ ਪਾਈ ਰੱਖਿਆ। ਅੰਤ ਵਿੱਚ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਡੂੰਘੇ ਟੋਏ ਵਿੱਚ ਦਬਾ ਦਿੱਤਾ ਗਿਆ ਪਰ ਬਰਨਾਲਾ ਜੀ ਫਿਰ ਵੀ ਪੰਜਾਬ ਦਾ ਪਾਣੀ ਹਰਿਆਣੇ ਨੂੰ ਲਿਜਾਣ ਵਾਲੀ ਐਸ.ਵਾਈ.ਐਲ (ਸਤਲੁਜ-ਯਮਨਾ ਲਿੰਕ) ਨਹਿਰ ਦੀ ਤਿਆਰੀ ਲਈ ਜੁਟੇ ਰਹੇ।

## ਧਰਮੀ ਫ਼ੌਜੀ

ਇਸ ਦੌਰਾਨ ਜੂਨ 1984 ਵਿੱਚ ਬੈਰਕਾਂ ਛੱਡਣ ਵਾਲੇ ਧਰਮੀ ਫ਼ੌਜੀਆਂ ਦੇ ਕੋਰਟ ਮਾਰਸ਼ਲ ਕਰਕੇ ਸਜ਼ਾਵਾਂ ਦੇਣ ਦਾ ਸਿਲਸਿਲਾ ਜਾਰੀ ਰਿਹਾ।

## ਪ੍ਰੋ: ਦਰਸ਼ਨ ਸਿੰਘ ਗ੍ਰਿਫ਼ਤਾਰ

ਜੂਨ 1984 ਵਿੱਚ ਦਰਬਾਰ ਸਾਹਿਬ 'ਤੇ ਫ਼ੌਜੀ ਹਮਲੇ ਦੇ ਵਿਰੋਧ ਵਿੱਚ ਪ੍ਰੋ. ਦਰਸ਼ਨ ਸਿੰਘ ਨੇ ਥਾਂ-ਪਰ-ਥਾਂ ਵੈਰਾਗਮਈ ਕੀਰਤਨ-ਦਰਬਾਰ ਕਰਕੇ ਸਿੱਖ ਕੌਮ ਨੂੰ ਜਾਗਰੂਕ ਕਰਨ ਦੇ ਉਪਰਾਲੇ ਕੀਤੇ ਸਨ। ਇਸ ਅਪ੍ਰਾਧ ਦੇ ਅਧੀਨ ਉਨ੍ਹਾਂ ਨੂੰ ਜਨਵਰੀ 1986 ਵਿੱਚ ਬਰਨਾਲੇ ਅਤੇ ਭਜਨ ਲਾਲ (ਤੱਤਕਾਲੀਨ ਮੁੱਖਮੰਤਰੀ ਹਰਿਆਣਾ) ਦੀ ਮਿਲੀਭੁਗਤ ਨਾਲ ਉਨ੍ਹਾਂ ਦੇ ਘਰੋਂ (ਜ਼ੀਰਕਪੁਰ) ਗ੍ਰਿਫ਼ਤਾਰ ਕਰਕੇ ਪੁਲਸ ਰੀਮਾਂਡ ਲੈ ਲਿਆ।

## ਜ਼ਾਲਮ ਪੁਲਸ ਅਫ਼ਸਰ ਪੰਜਾਬ ਪੁਲਸ ਦਾ ਚੀਫ਼ ਬਣਾਇਆ

ਸੁਰਜੀਤ ਸਿੰਘ ਬਰਨਾਲਾ ਨੇ ਸਿੱਖ ਕੌਮ ਦੇ ਨੌਜਵਾਨਾਂ, ਖਾੜਕੂਆਂ ਦੇ ਪਰਿਵਾਰਾਂ ਅਤੇ ਜੇਲ੍ਹਾਂ ਵਿੱਚ ਬੰਦ ਖਾੜਕੂਆਂ 'ਤੇ ਤਸ਼ੱਦਦ ਕਰਨ ਦੇ ਨਾਲ-ਨਾਲ, ਰਾਜੀਵ ਗਾਂਧੀ ਦੀ ਜੀ-ਹਜ਼ੂਰੀ ਕਰਕੇ ਇੱਕ 'ਬੁੱਚੜ' ਵਜੋਂ ਆਪਣੀ ਪਹਿਚਾਣ ਬਣਾ ਚੁੱਕੇ ਪੁਲਸ ਅਫ਼ਸਰ ਜੂਲੀਓ ਰਬੈਰੋ ਨੂੰ ਮਾਰਚ 1986 ਵਿੱਚ, ਪੰਜਾਬ ਪੁਲਸ ਦਾ ਮੁੱਖੀ ਨਿਯੁਕਤ ਕਰ ਦਿੱਤਾ। **ਇਸ ਜ਼ਾਲਮ ਪੁਲਸ ਚੀਫ਼ ਨੇ ਦਹਿਸ਼ਤ ਫੈਲਾਉਂਣ ਲਈ, ਪਹਿਲੇ ਦਿਨ ਹੀ 15 ਸਿੱਖ ਨੌਜਵਾਨ ਘਰਾਂ ਵਿੱਚੋਂ ਫੜ੍ਹ ਕੇ ਮਾਰ ਦਿੱਤੇ! ਖਾੜਕੂ ਸਿੱਖ ਨੌਜਵਾਨਾਂ ਦੀ 'ਹਿੱਟ-ਲਿਸਟ' ਤਿਆਰ ਕਰਵਾ ਕੇ ਉਨ੍ਹਾਂ ਦੇ ਸਿਰਾਂ 'ਤੇ ਇਨਾਮ ਰੱਖ ਦਿੱਤੇ ਗਏ। ਖਾੜਕੂ ਸਿੱਖਾਂ ਨੂੰ ਮਾਰਨ ਵਾਲਿਆਂ ਪੁਲਸੀਆਂ ਨੂੰ ਸਮੇਂ-ਤੋਂ ਪਹਿਲਾਂ ਤਰੱਕੀਆਂ ਅਤੇ ਨਕਦ ਇਨਾਮ ਦੇਣੇ ਸ਼ੁਰੂ ਕਰ ਦਿੱਤੇ ਗਏ। ਬਰਨਾਲਾ ਅਤੇ ਕੈਪਟਨ ਕੰਵਲਜੀਤ ਨੇ ਰਬੈਰੋ ਵੱਲੋਂ ਕੀਤੇ ਜਾ ਰਹੇ ਸਿੱਖ ਨੌਜਵਾਨਾਂ ਦੇ ਕਤਲਾਂ ਦੀ ਡਟ ਕੇ ਹਮਾਇਤ ਜਾਰੀ ਰੱਖੀ।**

ਇਸ ਦੌਰਾਨ ਪੰਜਾਬ ਵਿੱਚ ਹਿੰਦੂਆਂ ਨੇ ਵੀ ਸਿੱਖਾਂ ਉੱਪਰ ਹਮਲੇ ਕਰਨੇ ਜਾਰੀ ਰੱਖੇ ਹੋਏ ਸਨ। ਹਰਿਆਣੇ ਵਿੱਚ ਵੀ ਸਿੱਖਾਂ ਦਾ ਜਾਨੀ ਅਤੇ ਮਾਲੀ ਨੁਕਸਾਨ ਕੀਤਾ ਜਾ ਰਿਹਾ ਸੀ। ਮਾਰਚ ਵਿੱਚ ਬਟਾਲਾ, ਜਲੰਧਰ, ਨਕੋਦਰ, ਅੰਬਾਲਾ, ਜਮਨਾ ਨਗਰ, ਅੰਮ੍ਰਿਤਸਰ, ਪਠਾਨਕੋਟ ਅਤੇ ਹੁਸ਼ਿਆਰਪੁਰ ਵਿੱਚ ਹਿੰਸਕ ਘਟਨਾਵਾਂ ਵਿੱਚ ਕਈ ਸਿੱਖ ਅਤੇ ਹਿੰਦੂ ਮਾਰੇ ਗਏ ਸਨ ਅਤੇ ਦੁਕਾਨਾਂ/ਘਰਾਂ ਦੀ ਸਾੜ-ਫੂਕ ਅਤੇ ਲੁੱਟ-ਮਾਰ ਕੀਤੀ ਗਈ ਸੀ। **ਪੁਲਸ, ਸੀ.ਆਰ.ਪੀ.ਐਫ. ਅਜਿਹੀਆਂ ਘਟਨਾਵਾਂ ਵਿੱਚ ਜਾਂ ਤਾਂ ਮੂਕ ਦਰਸ਼ਕ ਬਣ ਕੇ ਦੇਖਦੀ ਰਹਿੰਦੀ ਸੀ ਜਾਂ ਸਿੱਖਾਂ ਦੇ ਖ਼ਿਲਾਫ਼ ਜ਼ੁਲਮ ਕਰਨ ਵਿੱਚ ਸ਼ਾਮਿਲ ਹੁੰਦੀ ਸੀ। ਅਜਿਹੇ ਮਹੌਲ ਵਿੱਚ ਕਈ ਪੁਲਸ ਕਰਮਚਾਰੀ ਜਿਥੇ ਆਪਣੀਆਂ ਨਿਜੀ ਦੁਸ਼ਮਣੀਆਂ ਦੀਆਂ ਕਿੜ੍ਹਾਂ ਕੱਢਣ ਲੱਗ ਪਏ ਸਨ, ਉਥੇ ਨਕਦ ਇਨਾਮ ਤੇ ਤਰੱਕੀਆਂ ਦੇ ਲਾਲਚ ਵਿੱਚ ਆ ਕੇ ਨਕਲੀ ਪੁਲਸ-ਮੁਕਾਬਲੇ ਵੀ ਬਣਾਉਂਣ ਲੱਗ ਪਏ ਸਨ।** ਰੋਸ ਵਜੋਂ, ਖਾੜਕੂਆਂ ਨੇ ਵੀ ਆਪਣੀਆਂ ਕਾਰਵਾਈਆਂ ਤੇਜ ਕਰ ਦਿੱਤੀਆਂ ਜਿਨ੍ਹਾਂ ਵਿੱਚ ਕਈ ਹਿੰਦੂ ਅਤੇ ਪੁਲਸ ਕਰਮਚਾਰੀ ਮਾਰੇ ਗਏ। ਦਿਨੋਂ-ਦਿਨ ਹਿੰਸਕ ਵਾਰਦਾਤਾਂ ਦਾ ਸਿਲਸਿਲਾ ਵਧਦਾ ਹੀ ਚਲਾ ਗਿਆ।

## ਖ਼ਾਲਸਤਾਨ ਦੀ ਜਲਾਵਤਨ ਸਰਕਾਰ ਦਾ ਐਲਾਨ

"29 ਅਪ੍ਰੈਲ 1986 ਦੇ ਦਿਨ ਭਿੰਡਰਾਂ-ਮਹਿਤਾ ਜਥਾ ਦੇ ਹਮਾਇਤੀ ਖਾੜਕੂਆਂ ਵੱਲੋਂ ਬਣਾਈ ਗਈ, ਪੰਜ ਮੈਂਬਰੀ 'ਪੰਥਕ ਕਮੇਟੀ' ਨੇ ਦਰਬਾਰ ਸਾਹਿਬ ਕੰਪਲੈਕਸ ਵਿੱਚੋਂ 'ਖ਼ਾਲਸਤਾਨ ਦੀ ਆਜ਼ਾਦੀ' ਦਾ ਐਲਾਨ ਕਰ ਦਿੱਤਾ। ਇਸ ਦੇ ਨਾਲ ਹੀ ਉਨ੍ਹਾਂ ਵੱਲੋਂ ਇੱਕ ਪੰਜ-ਮੈਂਬਰੀ ਵਜ਼ਾਰਤ ਬਣਾਉਂਣ ਦਾ ਐਲਾਨ ਵੀ ਕੀਤਾ ਗਿਆ ਪਰ ਇਨ੍ਹਾਂ ਦੇ ਨਾਂ ਨਹੀਂ ਦੱਸੇ ਗਏ। ਖ਼ਾਲਸਤਾਨ ਦਾ ਐਲਾਨ ਕਰਦਿਆਂ ਕਿਹਾ ਗਿਆ ਕਿ ਇਸ ਮੁਲਕ ਦੀ ਰਾਜਧਾਨੀ ਦਿੱਲੀ ਹੋਵੇਗੀ। ਐਲਾਨ ਵਿੱਚ ਇਹ ਵੀ ਕਿਹਾ ਗਿਆ ਕਿ, "ਪੰਜਾਬ ਵਿੱਚ ਸਿੱਖਾਂ ਉੱਤੇ ਤਸ਼ੱਦਦ ਦਾ ਬੇਮੁਹਾਰਾ ਦੌਰ ਸ਼ੁਰੂ ਹੋ ਗਿਆ ਹੈ। ਅਣਗਿਣਤ ਸਿੱਖ ਘਰਾਂ 'ਚੋਂ ਫੜ ਕੇ ਝੂਠੇ ਪੁਲੀਸ ਮੁਕਾਬਲਿਆਂ ਵਿੱਚ ਮਾਰੇ ਜਾ ਚੁੱਕੇ ਹਨ।" ਉਨ੍ਹਾਂ ਆਖਿਆ ਕਿ





ਪੁਲੀਸ ਵੱਲੋਂ ਮਾਰਿਆ ਗਿਆ ਹਰ ਇੱਕ ਸਿੱਖ ਖ਼ਾਲਸਤਾਨ ਦਾ ਸ਼ਹੀਦ ਹੋਵੇਗਾ। ਉਨ੍ਹਾਂ ਕਿਹਾ ਕਿ ਖ਼ਾਲਸਤਾਨ ਕਮਾਂਡੋ ਫ਼ੋਰਸ ਖ਼ਾਲਸਤਾਨ ਦੀ ਫ਼ੌਜ਼ ਦੇ ਧੁਰੇ ਵਜੋਂ ਕੰਮ ਕਰੇਗੀ। ਨਵੀਂ ਸਰਕਾਰ ਨੇ ਐਲਾਨ ਕੀਤਾ ਕਿ ਖ਼ਾਲਸਤਾਨ ਦੀ ਨੀਂਹ ਤਾਂ 4 ਜੂਨ 1984 ਦੇ ਦਿਨ ਸਵੇਰੇ 4 ਵੱਜ ਕੇ 40 ਮਿੰਟ 'ਤੇ ਹੀ ਰੱਖੀ ਗਈ ਸੀ।" (ਡਾ. ਹਰਜਿੰਦਰ ਸਿੰਘ ਦਿਲਗੀਰ : ਉਪਰੋਕਤ, ਸਫ਼ੇ 1376-77)।

## ਦਰਬਾਰ ਸਾਹਿਬ 'ਤੇ ਫ਼ੌਜ ਅਤੇ ਪੁਲੀਸ ਦਾ ਹਮਲਾ

"29 ਅਪ੍ਰੈਲ ਸ਼ਾਮ ਨੂੰ ਸੁਰਜੀਤ ਸਿੰਘ ਬਰਨਾਲਾ ਰਾਜੀਵ ਦੇ ਸੱਦਣ 'ਤੇ ਦਿੱਲੀ ਗਿਆ। ...ਰਾਜੀਵ ਨੇ ਉਸ ਨੂੰ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਸਤੇ ਹਦਾਇਤ ਦਿੱਤੀ। ਉਂਜ ਤਾਂ ਬਰਨਾਲਾ ਪਹਿਲਾਂ ਵੀ ਰਾਜੀਵ ਨੂੰ ਖ਼ੁਸ਼ ਕਰਨ ਵਾਸਤੇ ਕਈ ਵਾਰ ਦਰਬਾਰ ਸਾਹਿਬ ਵਿੱਚ ਪੁਲਿਸ ਭੇਜ ਚੁੱਕਾ ਸੀ। ਉਹ ਸੈਂਕੜੇ ਸਿੱਖ ਨੌਜਵਾਨਾਂ ਨੂੰ ਕਤਲ ਵੀ ਕਰਵਾ ਚੁੱਕਾ ਸੀ ਤੇ ਹਜ਼ਾਰਾਂ ਨੌਜਵਾਨਾਂ ਨੂੰ ਜੇਲ੍ਹਾਂ 'ਚ ਡੱਕੀ ਬੈਠਾ ਸੀ।

ਪਰ ਦੂਜੇ ਪਾਸੇ 26 ਜਨਵਰੀ ਨੂੰ ਰਾਜੀਵ ਚੰਡੀਗੜ੍ਹ ਪੰਜਾਬ ਨੂੰ ਦੇਣ ਤੋਂ ਨਾਂਹ ਕਰਕੇ ਬਰਨਾਲੇ ਨੂੰ ਬੁਰੀ ਤਰ੍ਹਾਂ ਜ਼ਲੀਲ ਕਰ ਚੁੱਕਾ ਸੀ। ਇਸ ਦੇ ਬਾਵਜੂਦ ਬਰਨਾਲਾ ਬੇਗ਼ੈਰਤ ਬੰਦੇ ਵਾਂਗ ਰਾਜੀਵ ਗਾਂਧੀ ਦਾ ਝਾੜੂ-ਬਰਦਾਰ ਬਣਿਆ ਹੋਇਆ ਸੀ।...ਦਰਅਸਲ ਰਾਜੀਵ, ਇੰਦਰਾ ਗਾਂਧੀ ਦਾ ਦਰਬਾਰ ਸਾਹਿਬ 'ਤੇ 4 ਜੂਨ 1984 ਦਾ ਫ਼ੌਜੀ ਹਮਲਾ, ਜਾਇਜ਼ ਸਾਬਿਤ ਕਰਨ ਵਾਸਤੇ ਇੱਕ ਸਿੱਖ (ਅਕਾਲੀ ਅਖਵਾਉਂਣ ਵਾਲੇ) ਸੁਰਜੀਤ ਬਰਨਾਲੇ ਹੱਥੋਂ ਦਰਬਾਰ ਸਾਹਿਬ 'ਤੇ ਹਮਲਾ ਕਰਵਾਉਂਣਾ ਚਾਹੁੰਦਾ ਸੀ।

29-30 ਅਪ੍ਰੈਲ ਦੀ ਅੱਧੀ ਰਾਤ ਵੇਲੇ ਬਰਨਾਲੇ ਨੂੰ ਅੰਮ੍ਰਿਤਸਰ ਭੇਜਿਆ ਗਿਆ। ਉਸ ਨੂੰ ਇਕੱਲਾ ਨਹੀਂ ਭੇਜਿਆ ਗਿਆ ਤਾਂ ਜੋ ਕਿਤੇ ਕੋਈ ਸ਼ਖ਼ਸ ਉਸ ਦਾ ਇਰਾਦਾ ਹੀ ਨਾ ਬਦਲਾ ਦੇਵੇ। ਉਸਦੇ ਨਾਲ ਅਰੁਣ ਸਿੰਘ ਅਤੇ ਅਰਜਨ ਸਿੰਘ ਵੀ ਉਸੇ ਸਪੈਸ਼ਲ ਜਹਾਜ਼ ਵਿੱਚ ਭੇਜੇ ਗਏ।

30 ਅਪ੍ਰੈਲ 1986 ਦੇ ਦਿਨ ਸ਼ਾਮ ਦੇ 4 ਵੱਜ ਕੇ 50 ਮਿੰਟ 'ਤੇ ਬੀ.ਐਸ.ਐਫ. ਅਤੇ ਸੀ.ਆਰ.ਪੀ.ਐਫ. ਦੀਆਂ 25 ਕੰਪਨੀਆਂ ਅਤੇ ਪੰਜਾਬ ਪੁਲੀਸ ਦੇ ਹਜ਼ਾਰਾਂ ਸਿਪਾਹੀਆਂ ਨੇ ਫ਼ੌਜ ਦੇ ਸਪੈਸ਼ਲ ਟਰੇਨ ਕੀਤੇ ਕਮਾਂਡੋਜ਼ ਦੀ ਮਦਦ ਨਾਲ ਦਰਬਾਰ ਸਾਹਿਬ 'ਤੇ ਹਮਲਾ ਕਰ ਦਿੱਤਾ। ਫ਼ੌਜ ਦੀਆਂ 7 ਕੰਪਨੀਆਂ ਗੁਰੂ ਰਾਮਦਾਸ ਸਰਾਂ ਵਾਲੇ ਪਾਸਿਓਂ ਦਾਖ਼ਲ ਹੋਈਆਂ। ਇਸ ਦੇ ਨਾਲ ਹੀ 6 ਕੰਪਨੀਆਂ ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਦਾਖ਼ਲ ਹੋ ਗਈਆਂ। 12 ਹੋਰ ਕੰਪਨੀਆਂ ਨੇ ਦਰਬਾਰ ਸਾਹਿਬ ਕੰਪਲੈਕਸ ਨੂੰ ਘੇਰ ਲਿਆ।

ਕਿਉਂਕਿ ਦਰਬਾਰ ਸਾਹਿਬ ਵਿੱਚ ਇੱਕ ਵੀ ਖਾੜਕੂ ਨਹੀਂ ਸੀ। ਇਸ ਕਰਕੇ ਮੁਕਾਬਲਾ ਤਾਂ ਹੋਣਾ ਹੀ ਨਹੀਂ ਸੀ। ਦਾਖ਼ਲ ਹੁੰਦਿਆਂ ਹੀ ਫ਼ੋਰਸਿਜ਼ ਨੇ ਪਰਕਰਮਾ, ਅਕਾਲ ਤਖ਼ਤ ਸਾਹਿਬ ਅਤੇ ਇਸ ਦੇ ਆਲੇ-ਦੁਆਲੇ 200 ਸਟੱਨ ਗਰਨੇਡ ਸੁੱਟੇ, ਜਿਸ ਨਾਲ ਪਰਕਰਮਾ ਵਿਚ ਥਾਂ-ਥਾਂ 'ਤੇ ਨੁਕਸਾਨ ਹੋਇਆ। ਕਈ ਥਾਂ ਅੱਗ ਲੱਗ ਗਈ। ਦਰਬਾਰ ਸਾਹਿਬ ਵਿੱਚ

ਕੀਰਤਨ ਬੰਦ ਹੋ ਗਿਆ। ਫ਼ੋਰਸਿਜ਼ ਨੇ ਉਥੇ ਹਾਜ਼ਰ ਸਾਰੇ 377 ਲੋਕ ਗ੍ਰਿਫ਼ਤਾਰ ਕਰ ਲਏ। ਇਨ੍ਹਾਂ ਵਿੱਚ 30 ਔਰਤਾਂ 25 ਬੰਗਲਾਦੇਸੀ ਮੁਸਾਫ਼ਿਰ ਅਤੇ 321 ਸਿੱਖ ਸ਼ਰਧਾਲੂ ਸਨ। ਗ੍ਰਿਫ਼ਤਾਰ ਕੀਤੇ ਲੋਕਾਂ ਵਿੱਚੋਂ ਸਿਰਫ਼ ਦੋ-ਚਾਰ ਸਖ਼ਸ ਹੀ ਖਾੜਕੂਆਂ ਦੇ 'ਸਾਥੀ' ਸਨ। ਉਹ ਸਨ ਗੁਰਦੇਵ ਸਿੰਘ ਕਾਉਂਕੇ, ਜੋ ਅਕਾਲ ਤਖ਼ਤ ਸਾਹਿਬ ਦੇ ਐਕਟਿੰਗ ਮੁੱਖ-ਸੇਵਾਦਾਰ ਵਜੋਂ ਸੇਵਾ ਨਿਭਾ ਰਿਹਾ ਸੀ, ਮਾਸਟਰ ਸੂਰਤ ਸਿੰਘ ਤੇ ਇੱਕ-ਦੋ ਹੋਰ।...ਗ੍ਰਿਫ਼ਤਾਰ ਕੀਤੇ ਗਏ ਸਿੱਖਾਂ ਨੂੰ ਹੱਦ ਦਰਜੇ ਦੇ ਤਸੀਹੇ ਦਿੱਤੇ ਗਏ।

ਬਰਨਾਲੇ ਨੇ ਸਿਰਫ਼ ਦਰਬਾਰ ਸਾਹਿਬ ਹੀ ਨਹੀਂ; ਬਲਕਿ ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ (ਅੰਮ੍ਰਿਤਸਰ), ਦਰਬਾਰ ਸਾਹਿਬ (ਤਰਨਤਾਰਨ), ਸਤਿਕਰਤਾਰੀਆ ਗੁਰਦੁਆਰਾ (ਬਟਾਲਾ), ਬਾਠ ਸਾਹਿਬ, ਨੌਸ਼ਹਿਰਾ ਮੱਝਾ ਸਿੰਘ, ਦਮਦਮਾ ਸਾਹਿਬ, ਬੁਰਜ ਸਾਹਿਬ, ਕੰਧ ਸਾਹਿਬ (ਬਟਾਲਾ), ਰਾਮ ਥੰਮਣ, ਖੁਜਾਲਾ, ਭੁੱਬਲੀ, ਹਰਿਗੋਬਿੰਦਪੁਰ ਤੇ ਕਈ ਹੋਰ ਗੁਰਦੁਆਰਿਆਂ 'ਤੇ ਵੀ ਹਮਲਾ ਕੀਤਾ।" (ਡਾ. ਹਰਜਿੰਦਰ ਸਿੰਘ ਦਿਲਗੀਰ : ਉਪਰੋਕਤ, ਸਫ਼ੇ 1377-79)।

ਦਰਬਾਰ ਸਾਹਿਬ 'ਤੇ ਹਮਲੇ ਤੋਂ ਮਗਰੋਂ ਵੱਡੀ ਗਿਣਤੀ ਵਿੱਚ ਸਿੱਖਾਂ ਦੀ ਧਰ-ਪਕੜ ਦਾ ਜ਼ਾਲਮਾਨਾ ਦੌਰ ਸ਼ੁਰੂ ਹੋ ਗਿਆ। ਨਕਲੀ ਪੁਲਸ ਮੁਕਾਬਲਿਆਂ ਦੀ ਗਿਣਤੀ ਵੀ ਵਧ ਗਈ। ਬੇ-ਗੁਨਾਹ ਸਿੱਖਾਂ ਨੂੰ ਗ੍ਰਿਫਤਾਰ ਕਰਕੇ ਤਸ਼ੱਦਦ ਕੀਤਾ ਜਾਂਦਾ ਸੀ।

## ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਵਾਸਤੇ ਵੈਂਕਟਰਮੱਈਆ ਕਮਿਸ਼ਨ

ਇਹ ਰਾਜੀਵ ਗਾਂਧੀ ਦਾ ਇਕ ਡਰਾਮਾ ਹੀ ਸੀ। ਇਸ ਕਰਕੇ ਵੈਂਕਟਰਮੱਈਆ ਕਮਿਸ਼ਨ ਨੇ 12 ਜੂਨ ਨੂੰ ਪੰਜਾਬ ਨੂੰ 70,000 ਏਕੜ ਜ਼ਮੀਨ ਹਰਿਆਣੇ ਨੂੰ ਦੇਣ ਵਾਸਤੇ ਕਿਹਾ ਤਾਂ ਜੋ ਚੰਡੀਗੜ੍ਹ ਪੰਜਾਬ ਨੂੰ ਨਾ ਦੇਣ ਦਾ ਬਹਾਨਾ ਬਣਾਇਆ ਜਾ ਸਕੇ।

ਇੰਜ 21 ਜੂਨ 1986 ਨੂੰ ਵੀ ਪੰਜਾਬ ਨੂੰ ਚੰਡੀਗੜ੍ਹ ਮਿਲਣਾ, 26 ਜਨਵਰੀ 1986 ਵਾਂਗ, ਇੱਕ ਛਲਾਵਾ ਹੀ ਰਿਹਾ ਤੇ ਸੁਰਜੀਤ ਬਰਨਾਲਾ ਬੇ-ਇੱਜ਼ਤ ਹੋਕੇ ਫਿਰ ਵੀ ਬੇਗ਼ੈਰਤਾਂ ਵਾਂਗ ਰਾਜੀਵ ਗਾਂਧੀ ਦੇ ਹੁਕਮ ਵਜਾਉਂਦਾ ਰਿਹਾ। ਇਸ ਤੋਂ ਪਹਿਲਾਂ ਅਬੋਹਰ-ਫ਼ਾਜਿਲਕਾ ਦੇ ਕੁਝ ਇਲਾਕੇ ਪੰਜਾਬ ਵਿੱਚੋਂ ਕੱਟ ਕੇ 'ਕੰਦੂ-ਖੇੜਾ' ਰਾਹੀਂ ਹਰਿਆਣੇ ਨਾਲ ਜੋੜਨ ਲਈ 'ਮੈਥਿਊ ਕਮਿਸ਼ਨ' ਦਾ ਅਸਫ਼ਲ ਡਰਾਮਾ ਵੀ ਖੇਡਿਆ ਜਾ ਚੁੱਕਾ ਸੀ।" (ਉਪਰੋਕਤ, ਸਫ਼ੇ 1389-90)

## ਗੁਰੂ ਗ੍ਰੰਥ ਸਾਹਿਬ 'ਤੇ ਕਾਨੂੰਨ ਦੇ ਨਾ 'ਤੇ ਹਮਲਾ

"18 ਜਨਵਰੀ 1987 ਨੂੰ ਪੰਜਾਬ ਹਾਈ ਕੋਰਟ ਦੇ ਹਿੰਦੂ ਜੱਜਾਂ ਨੇ ਇੱਕ ਸਾਜਿਸ਼ ਹੇਠ ਇਹ ਫ਼ੈਸਲਾ ਦਿੱਤਾ ਕਿ, ਗੁਰੂ ਗ੍ਰੰਥ ਸਾਹਿਬ ਇੱਕ 'ਜੁਰੀਡਿਸਕ ਪਰਸਨ' ਨਹੀਂ ਹੈ, ਯਾਨਿ ਗੁਰੂ ਗ੍ਰੰਥ ਸਾਹਿਬ ਦੇ ਅਦਾਲਤੀ ਹੱਕ ਨਹੀਂ ਹੋ ਸਕਦੇ। **ਭਾਰਤ ਦੇ ਹਿੰਦੂ ਜੱਜਾਂ ਮੁਤਾਬਿਕ ਹਿੰਦੂ ਮੰਦਰ ਦਾ ਬੁੱਤ 'ਜੁਰੀਡਿਸਕ ਪਰਸਨ' ਹੋ ਸਕਦਾ ਹੈ ਪਰ**





**ਗੁਰੂ ਗ੍ਰੰਥ ਸਾਹਿਬ ਨਹੀਂ। ਇਸ ਫ਼ੈਸਲੇ ਉੱਤੇ ਦੋ ਫ਼ਿਰਕੂ ਹਿੰਦੂ ਜੱਜਾਂ ਤਿਵਾੜੀਆ ਅਤੇ ਪੁਣਛੀ ਦੇ ਦਸਤਖ਼ਤ ਸਨ (ਇਹ ਦੋਵੇਂ ਮੰਨੇ-ਪ੍ਰਮੰਨੇ ਫ਼ਿਰਕਾਪ੍ਰਸਤ ਹਿੰਦੂ ਤੇ ਸਿੱਖ-ਵਿਰੋਧੀ ਜੱਜ ਸਨ)। ਤੀਜੇ ਜੱਜ ਕੁਲਵੰਤ ਸਿੰਘ ਟਿਵਾਣਾ ਨੇ ਫ਼ੈਸਲੇ ਵਿੱਚ ਲਿਖਿਆ ਕਿ, "ਗੁਰੂ ਗ੍ਰੰਥ ਸਾਹਿਬ, ਜੁਰੀਡਿਸਕ ਪਰਸਨ ਹੈ"। ਇਸ ਤੋਂ ਕੁਝ ਹਿੰਦੂ ਜੱਜਾਂ ਦੀ ਜ਼ਹਨੀਅਤ ਦਾ ਵੀ ਸਾਫ਼ ਪਤਾ ਲਗਦਾ ਹੈ। (ਮਗਰੋਂ ਸੁਪਰੀਮ ਕੋਰਟ ਨੇ ਇਹ ਫ਼ੈਸਲਾ ਬਦਲ ਦਿੱਤਾ)।** (ਡਾ. ਹਰਜਿੰਦਰ ਸਿੰਘ ਦਿਲਗੀਰ : ਉਪਰੋਕਤ, ਸਫ਼ਾ 1426)।

## ਅਕਾਲ ਤਖ਼ਤ ਸਾਹਿਬ ਤੋਂ ਨਵਾਂ ਅਕਾਲੀ ਦਲ

ਪ੍ਰੋ. ਦਰਸ਼ਨ ਸਿੰਘ ਤੱਤਕਾਲੀਨ ਮੁੱਖ-ਸੇਵਾਦਾਰ ਅਕਾਲ ਤਖ਼ਤ ਸਾਹਿਬ, ਨੇ ਸਾਰੇ ਅਕਾਲੀ ਦਲਾਂ ਨੂੰ ਇੱਕ ਕਰਨ ਲਈ, 3 ਫ਼ਰਵਰੀ 1987 ਨੂੰ ਸਾਰੇ ਅਕਾਲੀ ਦਲਾਂ ਦੇ ਪ੍ਰਧਾਨਾਂ ਤੋਂ ਅਸਤੀਫ਼ੇ ਮੰਗ ਲਏ। ਬਾਬਾ ਜੋਗਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਨੇ ਅਪਣੇ ਅਸਤੀਫ਼ੇ ਦੇ ਦਿੱਤੇ ਪਰ ਸੁਰਜੀਤ ਸਿੰਘ ਬਰਨਾਲਾ (ਦਿੱਲੀ ਦੀ ਹਦਾਇਤ 'ਤੇ) ਏਕਤਾ ਕਰਨ ਤੋਂ ਮੁੱਕਰ ਗਿਆ। ਬਰਨਾਲਾ ਨੂੰ 'ਤਨਖਾਹੀਆ' ਕਰਾਰ ਦੇ ਕੇ ਫਰਵਰੀ ਨੂੰ ਸਿੱਖ ਕੌਮ 'ਚੋਂ 'ਖ਼ਾਰਜ' ਕਰ ਦਿੱਤਾ ਗਿਆ। 14 ਫ਼ਰਵਰੀ ਨੂੰ ਰਛਪਾਲ ਸਿੰਘ ਦਿੱਲੀ ਨੂੰ ਪੰਥ 'ਚੋਂ ਖ਼ਾਰਜ ਕਰ ਦਿੱਤਾ ਗਿਆ।

"ਅਕਾਲ ਪੁਰਖੁ ਨੇ ਆਪਣੇ ਪੰਥ ਦੀ ਇੱਜ਼ਤ ਆਪ ਰੱਖ ਲਈ। ਜੇ ਇਸ ਮੌਕੇ ਤੇ ਬਰਨਾਲਾ ਅਸਤੀਫ਼ਾ ਦੇ ਜਾਂਦਾ ਤੇ ਨਵੇਂ 'ਸਾਂਝੇ ਦਲ' 'ਚ ਸ਼ਾਮਿਲ ਹੋ ਜਾਂਦਾ ਤਾਂ ਇਸ ਦਾ ਮਤਲਬ ਇਹ ਹੋਣਾ ਸੀ ਕਿ ਦਰਬਾਰ ਸਾਹਿਬ ਉੱਤੇ ਹਮਲਾ ਕਰਨ ਵਾਲਾ ਪੰਥ ਵਿੱਚੋਂ ਖ਼ਾਰਜ ਨਹੀਂ ਸੀ ਬਲਕਿ ਸਾਂਝੇ ਦਲ ਦਾ ਹਿੱਸਾ ਸੀ ਅਤੇ ਦਰਬਾਰ ਸਾਹਿਬ 'ਤੇ ਹਮਲਾ ਕਰਨ ਵਾਲੇ ਨੂੰ ਵੀ ਮੁਆਫ਼ੀ ਮਿਲ ਸਕਦੀ ਹੈ।...ਜੇਕਰ ਅਕਾਲ ਤਖ਼ਤ ਸਾਹਿਬ ਅਤੇ ਸਿੱਖੀ ਅਸੂਲਾਂ ਮੁਤਾਬਿਕ ਦੇਖਿਆ ਜਾਵੇ ਤਾਂ ਬਰਨਾਲਾ ਤਾਂ ਦਰਬਾਰ ਸਾਹਿਬ 'ਤੇ ਹਮਲਾ ਕਰਨ ਅਤੇ ਹਜ਼ਾਰ ਦੇ ਕਰੀਬ ਸਿੱਖਾਂ ਨੂੰ ਨਕਲੀ ਮੁਕਾਬਲਿਆਂ ਵਿੱਚ ਮਾਰਨ ਕਾਰਨ ਪੰਥ ਦਾ ਦੁਸ਼ਮਣ 'ਤੇ ਸਿੱਖਾਂ ਵਾਸਤੇ ਜ਼ਕਰੀਆ ਤੇ ਮੀਰ ਮਨੂੰ ਵਰਗਾ ਸੀ ਤੇ ਉਸ ਨੂੰ ਕਿਸੇ ਪੰਥਕ ਏਕਤਾ ਦੇ ਮਸਲੇ ਵਿੱਚ ਸ਼ਾਮਿਲ ਕਰਨਾ ਬਣਦਾ ਨਹੀਂ ਸੀ।" (ਉਪਰੋਕਤ, ਸਫ਼ੇ 1431-1432)।

## ਸਿੱਖ-ਦੁਸ਼ਮਣਾਂ ਨੂੰ ਹਥਿਆਰ ਮੁਫ਼ਤ ਦੇ ਭਾਅ

'ਖਾੜਕੂਆਂ ਤੋਂ ਬਰਾਮਦ ਹਥਿਆਰ' ਸਰਕਾਰ ਨੇ ਸਿੱਖਾਂ ਦੇ ਦੁਸ਼ਮਣਾਂ ਨੂੰ ਲੁੱਟ ਦੇ ਭਾਅ 'ਤੇ ਵੰਡੇ ਤਾਕਿ ਉਹ ਖਾੜਕੂਆਂ, ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਹਮਦਰਦਾਂ ਨੂੰ ਕਤਲ ਕਰਨ ਵਿੱਚ ਹਿੱਸਾ ਪਾ ਸਕਣ। ਇਹ ਹਥਿਆਰ ਖ਼ਰੀਦਣ ਵਾਲਿਆਂ ਵਿੱਚ ਕਾਂਗਰਸੀ, ਕਮਿਊਨਿਸਟ, ਸਰਕਾਰੀ ਨਿਹੰਗ, ਸੁਰਜੀਤ ਬਰਨਾਲਾ ਦੇ ਹਮਾਇਤੀ ਤੇ ਪੁਲਸੀਆਂ ਦੇ ਰਿਸ਼ਤੇਦਾਰ ਸ਼ਾਮਿਲ ਸਨ (ਰੋਜ਼ਾਨਾ ਅਜੀਤ, 19 ਅਪ੍ਰੈਲ 1987)।

## ਸੁਰਜੀਤ ਬਰਨਾਲਾ ਸਰਕਾਰ ਤੋੜੀ ਗਈ

ਬਰਨਾਲੇ ਨੂੰ ਸਿੱਖ ਕੌਮ ਦਾ ਨੁਕਸਾਨ ਕਰਨ ਲਈ ਪੂਰੀ ਤਰ੍ਹਾਂ ਵਰਤਣ ਤੋਂ ਬਾਅਦ 11 ਮਈ 1987 ਨੂੰ ਉਸ ਦੀ ਨਾਮ-ਨਿਹਾਦ ਸਰਕਾਰ ਦਾ ਰਾਜੀਵ ਗਾਂਧੀ ਨੇ ਭੋਗ ਪਾ ਦਿੱਤਾ। ਪੰਜਾਬ ਵਿੱਚ ਗਵਰਨਰੀ ਰਾਜ ਕਾਇਮ ਕਰ ਦਿੱਤਾ ਗਿਆ। ਗੁਰਦੁਆਰਿਆਂ ਦੀ ਬੇਅਦਬੀ, ਸੈਂਕੜੇ ਸਿੱਖਾਂ ਦਾ ਕਤਲ, ਹਜ਼ਾਰਾਂ ਨੌਜਵਾਨ ਸਿੱਖਾਂ ਨੂੰ ਜੇਲ੍ਹਾਂ ਵਿੱਚ ਸੁੱਟਣ, ਦਰਬਾਰ ਸਾਹਿਬ ’ਤੇ ਬੇਵਜ੍ਹਾ ਹਮਲਾ ਕਰਕੇ ਰਾਜੀਵ ਨੂੰ ਏਨਾ ਖ਼ੁਸ਼ ਕਰਨ ਦੇ ਬਾਵਜੂਦ ਉਹ ਜ਼ਲੀਲ ਅਤੇ ਬੇਇੱਜ਼ਤ ਹੋਏ ਗ਼ਦਾਰ ਵਾਂਗ ਗੱਦੀ ਤੋਂ ਲਾਹਿਆ ਗਿਆ।

## ਅਮਰੀਕਨ ਕਾਂਗਰਸ ਵਿੱਚ ਖ਼ਾਲਸਤਾਨ ਦੀ ਹਮਾਇਤ

“ਡਾ. ਗੁਰਮੀਤ ਸਿੰਘ ਔਲਖ ਦੇ ਯਤਨਾਂ ਸਦਕਾ, 4 ਜੂਨ 1987 ਨੂੰ ਅਮਰੀਕਨ ਕਾਂਗਰਸ (ਪਾਰਲੀਮੈਂਟ) ਵਿੱਚ ਪੰਜਾਬ ਅਤੇ ਸਿੱਖ ਮਸਲੇ ਬਾਰੇ ਚਰਚਾ ਹੋਈ। ਇਸ ਮੌਕੇ ਤੇ ਬੋਲਦਿਆਂ ਮਿਸਟਰ ਸ਼ਮਵੇਅ ਨੇ ਅਮਰੀਕਨ ਸਰਕਾਰ ਨੂੰ ਅਪੀਲ ਕੀਤੀ ਕਿ ਸਿੱਖਾਂ ’ਤੇ ਜ਼ੁਲਮ ਕਰ ਰਹੇ ਭਾਰਤ ਨਾਲ ‘ਉੱਚ ਤਕਨੀਕੀ ਖ਼ੋਜ ਦਾ ਸਮਝੌਤਾ’ ਰੱਦ ਕੀਤਾ ਜਾਵੇ (ਉਪਰੋਕਤ, ਸਫ਼ਾ 1452)।

## 4 ਅਗੱਸਤ 1987 ਦੀ ਪ੍ਰੋ. ਦਰਸ਼ਨ ਸਿੰਘ ਦੀ ਕਨਵੈਨਸ਼ਨ

ਪ੍ਰੋ. ਦਰਸ਼ਨ ਸਿੰਘ, ਤੱਤਕਾਲੀਨ ਕਾਰਜਕਾਰੀ ਮੁੱਖ ਸੇਵਾਦਾਰ ਅਕਾਲ ਤਖ਼ਤ ਸਾਹਿਬ, ਨੇ ਕੌਮੀ ਮਸਲਿਆਂ ਨੂੰ ਵਿਚਾਰਨ ਅਤੇ ਐਕਸ਼ਨ ਪਲਾਨ ਬਣਾਉਣ ਲਈ 4 ਅਗੱਸਤ 1987 ਨੂੰ ਅਕਾਲ ਤਖ਼ਤ ਸਾਹਿਬ ’ਤੇ ਇੱਕ ਕਨਵੈਨਸ਼ਨ ਬੁਲਾ ਲਈ ਜਿਸ ਦੇ ਏਜੰਡੇ ਵਿੱਚ ਜੋਧਪੁਰ ਕੈਦੀਆਂ ਦੀ ਰਿਹਾਈ, ਧਰਮੀ ਫ਼ੌਜੀਆਂ ਦੀ ਬਹਾਲੀ ਅਤੇ ਬੇਗੁਨਾਹਾਂ ਦੇ ਕਤਲਾਂ ਨੂੰ ਰੋਕਣਾ ਸ਼ਾਮਿਲ ਸੀ। ਇਸ ਕਨਵੈਨਸ਼ਨ ਵਿੱਚ ਖਾੜਕੂ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਗਿਣਤੀ ਬਹੁਤ ਘੱਟ ਸੀ ਭਾਵੇਂ ਕਿ ਸਰਕਾਰ ਨੇ ਪੁਲੀਸ ਅਤੇ ਬਾਕੀ ਫ਼ੋਰਸਿਜ਼ ਨੂੰ ਦਰਬਾਰ ਸਾਹਿਬ ਕੰਪਲੈਕਸ ਦੇ ਇਰਦ-ਗਿਰਦ ਦੇ ਇਲਾਕੇ ਵਿੱਚੋਂ ਹਟਾ ਲਿਆ ਹੋਇਆ ਸੀ। “ਪ੍ਰੋ. ਦਰਸ਼ਨ ਸਿੰਘ ਨੇ ਬੁਲਾਰਿਆਂ ਨੂੰ ਸਿਰਫ਼ ਤਿੰਨ ਨੁਕਤਿਆਂ ’ਤੇ ਵਿਚਾਰ ਕਰਨ ਬਾਰੇ ਆਖਿਆ। ਇਹ ਨੁਕਤੇ ਸਨ : ਪੰਥ ਦਾ ਨਿਸ਼ਾਨਾ ਕੀ ਹੈ? ਇਸ ਨੂੰ ਹਾਸਿਲ ਕਿਵੇਂ ਕੀਤਾ ਜਾਵੇ? ਇਸ ਜਦੋਜਹਿਦ ਦੀ ਅਗਵਾਈ ਕੌਣ ਕਰੇ?

ਖਾੜਕੂ ਜਥੇਬੰਦੀਆਂ ਨੂੰ ਸਭ ਤੋਂ ਪਹਿਲਾਂ ਬੋਲਣ ਦਾ ਵਕਤ ਦਿੱਤਾ ਗਿਆ। ਉਨ੍ਹਾਂ ਸਾਰਿਆਂ ਨੇ ਇਹ ਆਖਿਆ ਕਿ, “ਪੰਥ ਦਾ ਨਿਸ਼ਾਨਾ ਖ਼ਾਲਸਤਾਨ ਪਹਿਲੋਂ ਹੀ ਮਿਥਿਆ ਜਾ ਚੁੱਕਾ ਹੈ। ਸੋ, ਨਵੇਂ ਐਲਾਨ ਦੀ ਕੋਈ ਜਰੂਰਤ ਨਹੀਂ।” ਦੂਜੇ ਪਾਸੇ ਅਕਾਲੀਆਂ ਨੇ ਪੰਥ ਵਾਸਤੇ ‘ਨਵੇਂ ਪ੍ਰੋਗਰਾਮ’ ਦੀ ਧੁਨ ਜਾਰੀ ਰਖੀ। ਪਰ ਇਸਦੇ ਬਾਵਜੂਦ ਖਾੜਕੂ-ਸੁਰ ਭਾਰੀ ਰਹੀ। ਅਖ਼ੀਰ ਪ੍ਰੋ: ਦਰਸ਼ਨ ਸਿੰਘ ਨੇ ਮਾਈਕ ਹੱਥ ਵਿੱਚ ਫੜ ਕੇ ਆਖਣਾ ਸ਼ੁਰੂ ਕੀਤਾ, “ਰਾਜ ਸ਼ਸਤਰਾਂ (ਹਥਿਆਰਾਂ) ਦੇ ਅਧੀਨ ਹੀ ਹੁੰਦਾ ਹੈ। ਪਰ ਇਹ ਗੱਲ ਚੇਤੇ ਰੱਖਣੀ ਚਾਹੀਦੀ ਹੈ ਕਿ ਸ਼ਸਤਰ ਸਮੇਂ-ਸਮੇਂ ਬਦਲਦੇ ਰਹਿੰਦੇ ਹਨ। ਜਿਸ ਵੇਲੇ ਦੀ ਗੱਲ ਖਾੜਕੂ ਕਰਦੇ ਹਨ, ਉਸ ਵੇਲੇ



ਲਾਸਾਨੀ ਇਨਕਲਾਬ

ਦੇ ਸ਼ਸਤਰ ਮਨੁੱਖ ਨੂੰ ਕਤਲ ਕਰਨ ਦੀ ਸਮਰੱਥਾ ਰਖਦੇ ਸਨ, ਪਰ ਅੱਜ ਸਮਾਂ ਵਿਚਾਰ ਤੇ ਵੋਟ ਦਾ ਹੈ। ਅੱਜ ਤੁਹਾਨੂੰ ਰਾਜ ਹਥਿਆਉਂਣ ਵਾਸਤੇ ਵਿਚਾਰ ਤੇ ਵੋਟ ਦੇ ਸ਼ਸਤ੍ਰ ਵਰਤਣੇ ਪੈਣਗੇ ਤਾਂ ਹੀ ਰਾਜ ਦੀ ਪ੍ਰਾਪਤੀ ਹੋ ਸਕਦੀ ਹੈ।” ਇਨ੍ਹਾਂ ਲਫ਼ਜ਼ਾਂ ਦਾ ਜਵਾਬ ਦੇਂਦਿਆਂ ਕੁਝ ਖਾੜਕੂਆਂ ਨੇ ਆਖਿਆ ਕਿ ਉਹ ‘ਸਰਕਾਰੀਆਂ’ ਦੀ ਬੋਲੀ ਬੋਲਦਾ ਹੈ।

ਕਨਵੈਨਸ਼ਨ ਦੇ ਅਖ਼ੀਰ ਵਿੱਚ ਅਕਾਲੀਆਂ ਨੇ ਇੱਕ ਮਤਾ ਪੇਸ਼ ਕੀਤਾ ਜਿਸ ਦੇ ਲਫ਼ਜ਼ ਸਨ : “ਸਿੱਖ ਪੰਥ ਦਾ ਨਿਸ਼ਾਨਾ ਉੱਤਰੀ ਭਾਰਤ ਵਿੱਚ ਅਜਿਹਾ ਇਲਾਕਾ ਤੇ ਸਿਆਸੀ ਢਾਂਚਾ ਹਾਸਿਲ ਕਰਨਾ ਹੈ, ਜਿਥੇ ਸਿੱਖ ਪੂਰੀ ਆਜ਼ਾਦੀ ਮਾਣ ਸਕਣ। ਇਸਦੇ ਹਾਸਿਲ ਕਰਨ ਵਾਸਤੇ ਅਗਵਾਈ ਅਕਾਲ ਤਖ਼ਤ ਸਾਹਿਬ ਕੋਲ ਹੋਵੇ।” ਇਸ ਦੇ ਨਾਲ ਹੀ ਪ੍ਰੋ. ਦਰਸ਼ਨ ਸਿੰਘ ਨੇ ਖਾੜਕੂਆਂ ਨਾਲ ਰਾਬਤਾ ਕਾਇਮ ਕਰਨ ਵਾਸਤੇ ਇੱਕ ਕਮੇਟੀ ਵੀ ਬਣਾਈ ਜਿਸ ਵਿੱਚ ਹੋਰਨਾਂ ਤੋਂ ਇਲਾਵਾ ਕਾਮਰੇਡ ਜਸਵੰਤ ਸਿੰਘ ‘ਕੰਵਲ’ ਵੀ ਸ਼ਾਮਿਲ ਸੀ। ਖਾੜਕੂਆਂ ਨੇ ਇਸ ਕਨਵੈਨਸ਼ਨ ਦਾ ਮੱਤਾ ‘ਪੰਜਾਬੀ ਸੂਬਾ ਵਰਗਾ’ ਗਰਦਾਨ ਕੇ ਰੱਦ ਕਰ ਦਿੱਤਾ। ਉਨ੍ਹਾਂ ਆਖਿਆ ਸਾਡਾ ਨਿਸ਼ਾਨਾ ਸਿਰਫ਼ ਖ਼ਾਲਸਤਾਨ ਹੈ ਤੇ ਇਸ ਦੀ ਅਗਵਾਈ ਬੇਸ਼ਕ ਅਕਾਲ ਤਖ਼ਤ ਸਾਹਿਬ ਦੇ ਨਾਂ ’ਤੇ ਪ੍ਰੋ. ਦਰਸ਼ਨ ਸਿੰਘ ਕਰ ਲੈਣ।” (ਉਪਰੋਕਤ, ਸਫ਼ੇ 1463-65)।

ਸਪੱਸ਼ਟ ਹੈ ਕਿ ਇਹ ਕਨਵੈਨਸ਼ਨ ਸਾਰੀਆਂ ਕੌਮੀ ਜਥੇਬੰਦੀਆਂ ਨੂੰ ਇੱਕ ਕੌਮੀ ਨਿਸ਼ਾਨੇ ’ਤੇ ਇਕੱਠਿਆਂ ਨਾ ਕਰ ਸਕੀ ਅਤੇ ਗੱਲ ਆਈ-ਗਈ ਹੋ ਗਈ। 8 ਅਗੱਸਤ ਨੂੰ ਪ੍ਰੋ. ਦਰਸ਼ਨ ਸਿੰਘ ਇਹ ਕਹਿ ਕੇ ਅੰਮ੍ਰਿਤਸਰ ਤੋਂ ਆਪਣੇ ਘਰ ਜ਼ੀਰਕਪੁਰ ਚਲੇ ਗਏ ਕਿ, “ਨੌਜਵਾਨ ਪੰਥ ਦੇ ਬੱਚੇ ਹਨ ਅਤੇ ਹੁਣ ਪੰਥ ਦੀ ਅਗਵਾਈ ਉਨ੍ਹਾਂ ਦੇ ਹੱਥ ਹੈ।” **ਪ੍ਰੋ. ਦਰਸ਼ਨ ਸਿੰਘ ਦੇ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਦੇ ਸਮੇਂ ਕੇਂਦਰ ਸਰਕਾਰ ਨੇ ਅਪਣੇ ਕਈ ਏਲਚੀ ਉਨ੍ਹਾਂ ਨੂੰ ਗੁਰਮਤਿ ਰਾਹ ਤੋਂ ਥਿੜਕਾਉਂਣ ਲਈ ਭੇਜੇ ਪਰ ਉਹ ਸਾਰੇ ਅਪਣੇ ਮਿਸ਼ਨ ਵਿੱਚ ਅਸਫ਼ਲ ਰਹੇ।**

## ਬਾਦਲ ਦਾ ਪੰਜ-ਨੁਕਾਤੀ ਐਲਾਨ-ਨਾਮਾ

“ਸਿੱਖਾਂ ’ਤੇ ਹੋ ਰਹੇ ਧੱਕੇ ਦੇ ਖ਼ਿਲਾਫ਼ ਹੁਣ ਅਖੌਤੀ ਮਾਡਰੇਟ ਸਿੱਖਾਂ (ਆਪਣੀ ਚਮੜੀ ਬਚਾਉਂਣ ਵਾਸਤੇ) ਨੇ ਵੀ ਜ਼ਬਾਨ ਖੋਲ੍ਹਣੀ ਸ਼ੁਰੂ ਕਰ ਦਿੱਤੀ। 12 ਦਸੰਬਰ 1987 ਨੂੰ ਪ੍ਰਕਾਸ਼ ਸਿੰਘ ਬਾਦਲ ਨੇ ਬਿਆਨ ਦਿੱਤਾ ਕਿ, “ਸੈਂਟਰ ਸਿੱਖਾਂ ਵਿੱਚ ਆਪਣਾ ਗੁਆਚਿਆ ਵਕਾਰ ਤੇ ਇਤਬਾਰ ਬਹਾਲ ਕਰੇ।” ਉਸ ਨੇ ਸੈਂਟਰ ਨਾਲ ਗੱਲਬਾਤ ਵਾਸਤੇ 5 ਮੰਗਾਂ ਦੀ ਪਹਿਲੋਂ ਪੂਰਤੀ ਕਰਵਾਉਂਣ ਦੀ ਸ਼ਰਤ ਰੱਖੀ। ਇਹ ਨੁਕਤੇ ਸਨ : (1) ਪੰਜਾਬ ’ਚ ਪੂਰੀ ਆਮ-ਮੁਆਫ਼ੀ ਦਾ ਐਲਾਨ ਕੀਤਾ ਜਾਵੇ (2) ਝੂਠੇ ਮੁਕਾਬਲੇ ਬੰਦ ਕੀਤੇ ਜਾਣ (3) ਦਿੱਲੀ ਤੇ ਹੋਰ ਜਗਹਾ ਤੇ ਸਿੱਖਾਂ ਦੇ ਨਵੰਬਰ ’84 ਦੇ ਕਾਤਲਾਂ ਨੂੰ ਸਜ਼ਾਵਾਂ ਦਿੱਤੀਆਂ ਜਾਣ (4) ਕਾਲੇ ਕਾਨੂੰਨ ਮਨਸੂਖ ਕੀਤੇ ਜਾਣ (5) ਧਰਮੀ ਫ਼ੌਜੀਆਂ ਦੀ ਬਹਾਲੀ ਕੀਤੀ ਜਾਵੇ। ਬਾਦਲ ਨੇ ਇਹ ਵੀ ਕਿਹਾ ਕਿ ਹੁਣ ਤੱਕ ਸਿੱਖਾਂ ਦੀ ਕੋਈ ਵੀ ਮੰਗ ਨਹੀਂ ਮੰਨੀ ਗਈ।

(ਪਰ ਮਗਰੋਂ ਜਦ ਬਾਦਲ ਤਾਕਤ ਵਿੱਚ ਆਇਆ ਤਾਂ ਉਸਨੇ ਇਹ ਸਾਰੀਆਂ ਮੰਗਾਂ ਨਾ ਸਿਰਫ਼ ਛੱਡ ਹੀ ਦਿੱਤੀਆਂ ਬਲਕਿ ਆਪ ਵੀ ਸਿੱਖਾਂ ਤੇ ਜ਼ੁਲਮ ਕੀਤੇ)।

## ਫ਼ਤਹਿਗੜ੍ਹ ਸਾਹਿਬ 'ਚ ਖ਼ਾਲਸਤਾਨ ਦਾ ਮਤਾ

27 ਦਸੰਬਰ 1987 ਦੇ ਦਿਨ ਫ਼ਤਹਿਗੜ੍ਹ ਸਾਹਿਬ ਵਿਚ ਸ਼੍ਰੋਮਣੀ ਅਕਾਲੀ ਦਲ ਦੀ ਕਾਨਫ਼ਰੰਸ ਹੋਈ। ਇਸ ਕਾਨਫ਼ਰੰਸ ਵਿੱਚ ਡਾ. ਗੁਰਨਾਮ ਸਿੰਘ ਬੁੱਟਰ ਪ੍ਰਧਾਨ ਸਿੱਖ ਸਟੂਡੈਂਟ ਫ਼ੈਡਰੇਸ਼ਨ (ਮਾਨੋਚਾਹਲ) ਨੇ ਖ਼ਾਲਸਤਾਨ ਦਾ ਮਤਾ ਪਾਸ ਕਰਵਾਇਆ। ਹਾਜ਼ਰੀਨ ਸਾਰੇ ਸਿੱਖਾਂ ਨੇ ਇੱਕ ਰਾਏ ਨਾਲ ਹੱਥ ਖੜ੍ਹੇ ਕਰਕੇ ਇਸ ਮਤੇ ਦੀ ਹਮਾਇਤ ਕੀਤੀ। ਇਸ 'ਤੇ ਸਰਕਾਰ ਨੇ ਅਕਾਲੀ ਆਗੂਆਂ ਦੇ ਖ਼ਿਲਾਫ਼ ਮੁਕੱਦਮੇ ਦਾਇਰ ਕੀਤੇ ਜਿਸ ਨਾਲ ਇਨ੍ਹਾਂ ਵਿੱਚੋਂ ਬਹੁਤ ਸਾਰੇ ਅਕਾਲੀ ਆਗੂ ਜੇਲ੍ਹੀਂ ਜਾਣ ਤੋਂ ਡਰਦੇ ਇਸ ਮਤੇ ਤੋਂ ਪਿੱਛੇ ਹੱਟ ਗਏ।" (ਉਪਰੋਕਤ, ਸਫ਼ੇ 1470-71)।

## ਪੰਜਾਬ ਵਿੱਚ ਤਿੰਨ ਸਾਲ ਲਈ ਐਮਰਜੈਂਸੀ

15 ਮਾਰਚ 1988 ਨੂੰ ਪੰਜਾਬ ਵਿੱਚ 3 ਸਾਲ ਵਾਸਤੇ ਐਮਰਜੈਂਸੀ ਲਾਉਂਣ ਬਾਰੇ ਬਿਲ ਪਾਸ ਕਰ ਦਿੱਤਾ ਗਿਆ। 11 ਅਪ੍ਰੈਲ ਨੂੰ 'ਪੰਥਕ ਕਮੇਟੀ' ਨੇ ਐਲਾਨ ਕੀਤਾ ਕਿ ਖ਼ਾਲਸਤਾਨ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਕੀਤਾ ਜਾਵੇਗਾ। 13 ਅਪ੍ਰੈਲ ਨੂੰ ਸਾਬੋ ਦੀ ਤਲਵੰਡੀ ਵਿਖੇ ਹੋਈ ਇੱਕ ਪੰਥਕ ਕਾਨਫ਼ਰੰਸ ਵਿੱਚ ਭਾਈ ਜਸਬੀਰ ਸਿੰਘ ਨੇ ਐਲਾਨ ਕੀਤਾ ਕਿ ਸਿੱਖਾਂ ਦੇ ਗਲੋਂ ਗ਼ੁਲਾਮੀ ਦਾ ਜੂਲਾ ਲੱਥਣ ਤੱਕ ਪੰਥਕ ਜਦੋਜਹਿਦ ਜਾਰੀ ਰਹੇਗੀ। ਉਧਰ 13 ਅਪ੍ਰੈਲ ਦੇ ਦਿਨ ਦਰਬਾਰ ਸਾਹਿਬ ਵਿੱਚ ਇੱਕ 'ਜਲੂਸ' ਕੱਢ ਕੇ ਖ਼ਾਲਸਤਾਨ ਮਨਾਇਆ ਗਿਆ।

## ਦਰਬਾਰ ਸਾਹਿਬ ਤੇ ਕਿ ਹੋਰ ਹਮਲਾ (ਬਲੈਕ ਥੰਡਰ)

"ਜਸਬੀਰ ਸਿੰਘ ਦੀ ਰਿਹਾਈ ਮਗਰੋਂ ਜਦ ਸਰਕਾਰ ਖਾੜਕੂਆਂ ਨੂੰ ਖ਼ਾਲਸਤਾਨ ਤੋਂ ਹਟਾਉਂਣ ਵਿੱਚ ਕਾਮਯਾਬ ਨਾ ਹੋ ਸਕੀ ਤਾਂ ਇਸ ਨੇ ਅਪਣੇ ਟਾਊਟ ਉਨ੍ਹਾਂ ਵਿੱਚ ਸ਼ਾਮਿਲ ਕਰ ਦਿੱਤੇ। ਜਦ ਖਾੜਕੂਆਂ ਨੂੰ ਆਪਣੇ ਵਿੱਚ ਸ਼ਾਮਿਲ ਹੋਏ ਕੁਝ 'ਬਲੈਕ ਕੈਟਜ' ਦਾ ਪਤਾ ਲੱਗ ਗਿਆ ਤਾਂ ਉਨ੍ਹਾਂ ਨੇ ਇਨ੍ਹਾਂ ਨੂੰ ਖ਼ਤਮ ਕਰਨ ਦੀ ਪਲਾਨ ਘੜਨੀ ਸ਼ੁਰੂ ਕਰ ਦਿੱਤੀ। ਸਰਕਾਰੀ ਏਜੰਸੀਆਂ ਨੂੰ ਇਸਦਾ ਪਤਾ ਲੱਗ ਗਿਆ। ਇਸ ਕਰਕੇ ਸਰਕਾਰ ਨੇ 'ਬਲੈਕ ਥੰਡਰ ਅਪਰੇਸ਼ਨ' ਕਰਨ ਦਾ ਫ਼ੈਸਲਾ ਕਰ ਲਿਆ।

20 ਅਪ੍ਰੈਲ ਨੂੰ ਰਬੈਰੋ ਨੂੰ ਗਵਰਨਰ ਦਾ ਸਲਾਹਕਾਰ ਬਣਾ ਕੇ ਇੱਕ ਜ਼ਾਲਮ ਪੁਲੀਸ ਅਫ਼ਸਰ ਕੇ.ਪੀ.ਐਸ. ਗਿੱਲ ਨੂੰ ਪੰਜਾਬ ਦਾ ਪੁਲੀਸ ਚੀਫ਼ ਲਾ ਦਿੱਤਾ ਗਿਆ। 29 ਅਪ੍ਰੈਲ 1988 ਨੂੰ (1 ਜੂਨ ਵਾਂਗ ਹੀ) ਸੀ.ਆਰ.ਪੀ.ਐਫ. ਨੇ ਦਰਬਾਰ ਸਾਹਿਬ 'ਤੇ ਭਾਰੀ ਗੋਲੀਬਾਰੀ ਕੀਤੀ, ਜਿਸ ਨਾਲ ਇੱਕ ਬਜ਼ੁਰਗ ਔਰਤ ਮਾਰੀ ਗਈ।... ਦਰਅਸਲ ਪੁਲਿਸ ਨੇ ਦਰਬਾਰ ਸਾਹਿਬ ਵਿੱਚ ਬਹੁਤ ਸਾਰੇ ਮੁਖ਼ਬਰ, ਖਾੜਕੂ ਬਣਾ ਕੇ, ਭੇਜ ਦਿੱਤੇ ਹੋਏ ਸਨ।...





...ਅੰਦਰ ਬੈਠੇ ਖਾੜਕੂਆਂ ਕੋਲ ਥੋੜ੍ਹੇ ਜਿਹੇ ਹੀ ਹਥਿਆਰ ਸਨ। ਇਸ ਕਰਕੇ ਉਨ੍ਹਾਂ ਨੇ ਬਹੁਤਾ ਮੁਕਾਬਲਾ ਨਹੀਂ ਕੀਤਾ। 'ਸਰਕਾਰੀ ਖਾੜਕੂ' ਤਾਂ ਲੜਨ ਵਾਸਤੇ ਨਹੀਂ ਸਨ ਭੇਜੇ ਗਏ।

14 ਮਈ ਨੂੰ ਕਾਰ ਸੇਵਾ ਵਾਲੇ ਉੱਤਮ ਸਿੰਘ ਦੇ ਸੇਵਾਦਾਰ ਬਾਹਰ ਆ ਗਏ। ਇਸ ਦਿਨ ਰਾਮਗੜ੍ਹੀਆ ਬੁੰਗੇ 'ਤੇ ਤੋਪਾਂ ਦੇ ਗੋਲੇ ਮਾਰ ਕੇ ਖਾੜਕੂਆਂ ਨੂੰ ਖ਼ਤਮ ਕਰਨ ਲਈ ਫ਼ੌਜ ਨੇ ਸਾਰਾ ਜ਼ੋਰ ਲਾਇਆ, ਪਰ ਕਾਮਯਾਬੀ ਨਾ ਮਿਲੀ। 15 ਮਈ ਨੂੰ 146 ਬੰਦੇ ਹੱਥ ਖੜ੍ਹੇ ਕਰਕੇ ਮੁਸਾਫ਼ਿਰ ਬਣ ਕੇ, ਬਾਹਰ ਆ ਗਏ। 18 ਮਈ ਨੂੰ ਸ਼ਾਮ 4 ਵਜੇ ਫਿਰ ਹਥਿਆਰ ਸੁੱਟਣ ਵਾਸਤੇ ਵਕਤ ਦਿੱਤਾ ਗਿਆ ਤਾਂ ਦਰਬਾਰ ਸਾਹਿਬ ਦੇ ਅੰਦਰ ਬੈਠੇ 46 ਖਾੜਕੂਆਂ ਨੇ ਵੀ ਹਥਿਆਰ ਸੁੱਟ ਦਿੱਤੇ।

ਭਾਰਤੀ ਟੀ.ਵੀ. ਨੇ ਇਸ ਸਾਰੀ ਲੜਾਈ ਨੂੰ ਦੁਨੀਆ ਭਰ ਵਿੱਚ ਦਿਖਾਇਆ, ਜਿਸ ਨਾਲ ਖਾੜਕੂਆਂ ਦੀ ਬਹੁਤ ਬਦਨਾਮੀ ਹੋਈ। ਇਸ ਹਮਲੇ ਵਿੱਚ ਕੁਲ 36 ਖਾੜਕੂ ਮਾਰੇ ਗਏ ਸਨ (ਦਰਅਸਲ ਖਾੜਕੂਆਂ ਵਿੱਚ ਬਹੁਤ ਸਾਰੇ ਮੈਂਬਰ ਖ਼ੁਫੀਆ ਮਹਿਕਮੇ ਦੇ ਸ਼ਾਮਿਲ ਹੋ ਚੁਕੇ ਸਨ। ਇਹ ਗੱਲ ਕਾਬਲੇ-ਜ਼ਿਕਰ ਹੈ ਕਿ **ਗ੍ਰਿਫ਼ਤਾਰ ਕੀਤੇ ਆਖ਼ਰੀ 46 ਬੰਦਿਆਂ ਵਿੱਚੋਂ ਕਿਸੇ ਤੇ ਵੀ ਮੁਕੱਦਮਾ ਨਹੀਂ ਸੀ ਚਲਾਇਆ ਗਿਆ। ਦਰਅਸਲ ਇਹ ਸਾਰੇ ਪੁਲਿਸ ਦੇ 'ਬਲੈਕ ਕੈਟਜ਼' ਸਨ ਜਿਨ੍ਹਾਂ ਦਾ ਨਿਸ਼ਾਨਾ ਖਾੜਕੂਆਂ ਦੀ ਅਗਵਾਈ ਸੰਭਾਲ ਕੇ ਜਾਂ ਉਨ੍ਹਾਂ ਦੇ ਸਾਰੇ ਰਾਜ਼ ਜਾਣ ਕੇ ਉਨ੍ਹਾਂ ਦਾ ਸਫ਼ਾਇਆ ਕਰਨਾ ਸੀ।"** (ਉਪਰੋਕਤ, ਸਫ਼ੇ 1476-79)।

## ਅਕਾਲ ਤਖ਼ਤ ਦੇ ਮਲਬੇ ਹੇਠੋਂ ਲਾਸ਼ਾਂ ਲੱਭਣਾ

ਦਰਬਾਰ ਸਾਹਿਬ ਤੇ ਕਬਜ਼ੇ ਮਗਰੋਂ ਪੁਲੀਸ ਨੇ ਐਲਾਨ ਕੀਤਾ ਕਿ ਦਰਬਾਰ ਸਾਹਿਬ ਦੀ ਹਦੂਦ ਵਿੱਚ ਪਏ ਮਲਬੇ ਹੇਠੋਂ ਲਾਸ਼ਾਂ ਮਿਲੀਆਂ ਹਨ। ਸਰਕਾਰ ਮੁਤਾਬਿਕ 30-40 ਲਾਸ਼ਾਂ ਲੱਭੀਆਂ ਸਨ। ਇਹ ਲਾਸ਼ਾਂ ਉਨ੍ਹਾਂ ਲੋਕਾਂ ਦੀਆਂ ਸਨ ਜਿਨ੍ਹਾਂ ਨੂੰ ਸਰਕਾਰੀ ਬਲੈਕ ਕੈਟਜ਼ ਨੇ ਫਿਰੌਤੀਆਂ ਹਾਸਿਲ ਕਰਨ ਵਾਸਤੇ ਮਾਰਿਆ ਸੀ। ਸ਼ਾਇਦ ਇਨ੍ਹਾਂ ਵਿੱਚੋਂ ਕੋਈ ਖਾੜਕੂ ਵੀ ਹੋਵੇ ਜਿਸ ਨੂੰ ਬਲੈਕ ਕੈਟਜ਼ ਨੇ ਮਾਰ ਕੇ ਮਲਬੇ ਹੇਠ ਦੱਬ ਦਿੱਤਾ ਹੋਵੇ। ਪੁਲੀਸ ਨੇ ਉਲਟਾ ਖਾੜਕੂਆਂ ਨੂੰ ਹੀ ਇਨ੍ਹਾਂ ਲਾਸ਼ਾਂ ਵਾਸਤੇ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ।

## ਖਾੜਕੂਆਂ ਵੱਲੋਂ 170 ਤੋਂ ਵੱਧ ਕਤਲ

ਦਰਬਾਰ ਸਾਹਿਬ 'ਤੇ ਸਰਕਾਰੀ ਹਮਲੇ ਦੇ ਜਵਾਬ ਵਿੱਚ ਖਾੜਕੂਆਂ ਨੇ ਕਈ ਐਕਸ਼ਨ ਕੀਤੇ, ਜਿਨ੍ਹਾਂ ਵਿੱਚ 170 ਤੋਂ ਵੱਧ ਬੰਦੇ ਮਾਰੇ ਗਏ। ....ਇੰਜ ਹੀ ਖਾੜਕੂਆਂ ਨੇ 18 ਮਈ ਨੂੰ ਹਰਿਆਣੇ ਨੂੰ ਪਾਣੀ ਦੇਣ ਵਾਲੀ ਸਤਲੁਜ ਯਮਨਾ ਨਹਿਰ ਪੁੱਟਣ ਵਾਲਿਆਂ ਨੂੰ ਖਰੜ ਨੇੜੇ ਨਹਿਰ ਪੁੱਟਣੋਂ ਰੋਕਿਆ। ਜਦ ਉਹ ਨਾ ਰੁਕੇ ਤਾਂ ਇਹ 37 ਬਿਹਾਰੀ ਭਈਏ ਕਤਲ ਕੀਤੇ ਗਏ। ਖਾੜਕੂਆਂ ਨੇ ਅਗਲੇ ਛੇ ਦਿਨ ਫਿਰ ਪੰਜਾਬ ਹਿਲਾ ਕੇ ਰੱਖ ਦਿੱਤਾ।

ਇਸ ਐਕਸ਼ਨ ਵਿੱਚ 19 ਮਈ ਨੂੰ 28, 20 ਮਈ ਨੂੰ 36 ਤੇ 21 ਮਈ ਨੂੰ 15 ਬੰਦੇ ਕਤਲ ਕੀਤੇ।...27 ਮਈ ਨੂੰ 7, 29 ਮਈ ਨੂੰ ਲੁਧਿਆਣਾ 'ਚ ਕਾਂਗਰਸ ਦਾ ਜਨਰਲ ਸੈਕਟਰੀ ਆਤਮ ਰਾਮ ਆਰੀਆ, ਇੱਕ ਸਾਥੀ ਸਮੇਤ ਮਾਰੇ ਗਏ।" (ਉਪਰੋਕਤ, ਸਫ਼ੇ 1480-82)।

## ਦਰਸ਼ਨ ਦਾਸ ਇੰਗਲੈਂਡ ਵਿੱਚ ਕਤਲ

"11 ਨਵੰਬਰ ਨੂੰ ਸਾਊਥਾਲ (ਇੰਗਲੈਂਡ) ਵਿੱਚ, ਸਿੱਖਾਂ ਦੇ ਖ਼ਿਲਾਫ਼ ਬਹੁਤ ਜ਼ਹਰੀਲਾ ਪ੍ਰਚਾਰ ਕਰਨ ਵਾਲਾ ਤੇ ਧਮਕੀਆਂ ਦੇਣ ਵਾਲਾ, ਸਾਧ ਦਰਸ਼ਨ ਦਾਸ ਕਤਲ ਕੀਤਾ ਗਿਆ। ਇਸ ਕੇਸ 'ਚ ਇੰਗਲੈਂਡ ਦੇ ਖਾੜਕੂ ਮਨਜੀਤ ਸਿੰਘ ਤੇ ਰਜਿੰਦਰ ਸਿੰਘ ਗ੍ਰਿਫ਼ਤਾਰ ਕੀਤੇ ਗਏ (ਮਗਰੋਂ ਅਦਾਲਤ ਨੇ ਉਨ੍ਹਾਂ ਦੋਹਾਂ ਨੂੰ ਬੜੀਆਂ ਲੰਮੀਆਂ ਕੈਦਾਂ ਦੀ ਸਜ਼ਾ ਦਿੱਤੀ। ਉਹ 20 ਸਾਲ ਮਗਰੋਂ ਜੂਨ 2008 ਤੱਕ ਵੀ ਰਿਹਾ ਨਹੀਂ ਹੋ ਸਕੇ ਸਨ)।

14 ਨਵੰਬਰ 1988 ਨੂੰ ਪਟਿਆਲਾ ਦੇ ਯਾਦਵਿੰਦਰ ਸਟੇਡੀਅਮ ਵਿੱਚ ਐਸ.ਐਸ.ਪੀ. ਮਨਿੰਦਰ ਬਰਾੜ ਤੇ ਐਸ.ਪੀ.ਕੇ.ਆਰ.ਐਸ. ਗਿੱਲ ਮਾਰੇ ਗਏ। ਇਨ੍ਹਾਂ ਦੋਹਾਂ ਪੁਲਸੀਆਂ ਨੇ ਕਈ-ਕਈ ਖਾੜਕੂ ਮਾਰੇ ਹੋਏ ਸਨ।....

## ਗੋਬਿੰਦ ਰਾਮ ਦਾ ਜ਼ੁਲਮ

ਇਨ੍ਹਾਂ ਦਿਨਾਂ ਵਿੱਚ ਬੇਗੁਨਾਹ ਸਿੱਖਾਂ 'ਤੇ ਤਸ਼ੱਦਦ ਕਰਨ ਵਿੱਚ ਸਭ ਤੋਂ ਵੱਧ ਬਦਨਾਮ ਪੁਲਸੀਏ ਸਨਃ ਰਬੈਰੋ, ਕੇ.ਪੀ.ਐਸ. ਗਿੱਲ, ਗੋਬਿੰਦ ਰਾਮ, ਸਵਰਨ ਘੋਟਨਾ, ਪੀ.ਐਮ. ਦਾਸ, ਇਜ਼ਹਾਰ ਆਲਮ, ਅਜੀਤ ਸੰਧੂ, ਸੁਮੇਧ ਸੈਣੀ ਵਗ਼ੈਰਾ। **ਗੋਬਿੰਦ ਰਾਮ ਨੇ 21 ਅਗੱਸਤ 1989 ਨੂੰ ਬਬਰ ਖ਼ਾਲਸਾ ਦੇ ਇੱਕ ਆਗੂ ਮਹਿਲ ਸਿੰਘ ਦੀ ਘਰਵਾਲੀ ਗੁਰਦੇਵ ਕੌਰ ਨੂੰ ਗ੍ਰਿਫ਼ਤਾਰ ਕਰਕੇ ਉਸ ਨੂੰ ਬਹੁਤ ਤਸੀਹੇ ਦਿੱਤੇ। ਗੋਬਿੰਦ ਰਾਮ ਨੇ ਅਪਣਾ ਪਾਖਾਨਾ ਜ਼ਬਰੀ ਗੁਰਦੇਵ ਕੌਰ ਦੇ ਮੂੰਹ ਵਿੱਚ ਪਾਉਂਣ ਦੀ ਕੋਸ਼ਿਸ਼ ਕੀਤੀ। ਉਸ ਨੇ ਇਥੋਂ ਤੱਕ ਵੀ ਕਿਹਾ ਕਿ, "ਤੂੰ ਗੁਰੂ ਗੋਬਿੰਦ ਸਿੰਘ ਦਾ ਅੰਮ੍ਰਿਤ ਪੀਤਾ ਹੈ, ਹੁਣ ਗੋਬਿੰਦ ਰਾਮ ਦਾ ਮੂਤਰ ਵੀ ਪੀ।"**

(ਮਗਰੋਂ ਸਰਕਾਰ ਨੇ ਗੋਬਿੰਦ ਰਾਮ ਨੂੰ ਐਸ.ਐਸ.ਪੀ ਤੋਂ ਡੀ.ਆਈ.ਜੀ. ਬਣਾ ਕੇ ਪਹਿਲਾਂ ਤਾਂ ਸਭ ਤੋਂ ਮਹਿਫ਼ੂਜ਼ ਜਗ੍ਹਾ ਪੀ.ਏ.ਪੀ. ਜਲੰਧਰ ਤੇ ਫਿਰ ਫਿਲੌਰ ਕਿਲ੍ਹੇ ਵਿੱਚ ਲਾ ਦਿੱਤਾ ਤਾਂ ਜੋ ਉਥੇ ਖਾੜਕੂ ਤਾਂ ਕੀ ਪੁਲੀਸ ਦੀ ਮਰਜ਼ੀ ਬਿਨਾ ਇੱਕ ਚਿੜੀ ਵੀ ਨਹੀਂ ਸੀ ਫੜਕ ਸਕਣੀ)।

ਇਸ ਦੀ ਸਜ਼ਾ ਦੇਣ ਵਾਸਤੇ ਪਹਿਲਾਂ ਜਲੰਧਰ ਵਿੱਚ ਇਸਦਾ ਇਕਲੌਤਾ ਪੁੱਤਰ ਕਤਲ ਕੀਤਾ ਗਿਆ ਤੇ ਮਗਰੋਂ, ਸ਼ਾਇਦ ਖ਼ਾਲਸਤਾਨ ਕਮਾਂਡੋ ਫੋਰਸ ਦੇ ਮੁੱਖੀ ਕੰਵਲਜੀਤ ਸਿੰਘ ਤੇ ਉਸ ਦੇ ਸਾਥੀਆਂ ਵੱਲੋਂ ਗੋਬਿੰਦ ਰਾਮ ਨੂੰ ਬੰਬ ਨਾਲ ਉਡਾ ਦਿੱਤਾ ਗਿਆ ਸੀ।





## ਲੋਕਸਭਾ ਚੋਣਾਂ ਵਿੱਚ ਖ਼ਾਲਸਤਾਨੀਆਂ ਦੀ ਜ਼ਬਰਦਸਤ ਜਿੱਤ

26 ਨਵੰਬਰ 1989 ਦੇ ਦਿਨ ਲੋਕਸਭਾ ਦੀਆਂ ਚੋਣਾਂ ਹੋਈਆਂ। ਇਨ੍ਹਾਂ ਚੋਣਾਂ ਵਿੱਚ ਸਿਮਰਨਜੀਤ ਸਿੰਘ ਮਾਨ ਤੇ ਹੋਰ ਖ਼ਾਲਸਤਾਨੀ ਹਮਾਇਤੀਆਂ ਨੂੰ ਜ਼ਬਰਦਸਤ ਕਾਮਯਾਬੀ ਹਾਸਿਲ ਹੋਈ। ਇਨ੍ਹਾਂ ਚੋਣਾਂ ਵਿੱਚ ਟੌਹੜਾ-ਬਾਦਲ ਧੜੇ ਦੇ ਸਾਰੇ ਉਮੀਦਵਾਰ ਬੁਰੀ ਤਰ੍ਹਾਂ ਹਾਰ ਗਏ ਤੇ ਉਨ੍ਹਾਂ ਦੀਆਂ ਜ਼ਮਾਨਤਾਂ ਵੀ ਜ਼ਬਤ ਹੋ ਗਈਆਂ। ਖਾੜਕੂਆਂ ਦੀ ਇਹ ਜਿੱਤ ਇੱਕ ਇਲਾਹੀ ਮੋਅਜਜ਼ (ਕ੍ਰਿਸ਼ਮਾ) ਹੀ ਸੀ, ਵਰਨਾ ਨਾ ਉਹ ਜਥੇਬੰਦ ਸਨ ਤੇ ਨਾ ਹੀ ਉਨ੍ਹਾਂ ਕੋਲ ਕਾਂਗਰਸੀਆਂ ਅਤੇ ਅਕਾਲੀਆਂ ਵਾਲੀਆਂ ਸਹੂਲਤਾਂ ਤੇ ਸੋਮੇ।

ਜਿਥੇ ਸਿਮਰਨਜੀਤ ਸਿੰਘ ਮਾਨ ਅਤੇ ਖਾੜਕੂਆਂ ਦੇ ਹੋਰ ਹਮਾਇਤੀਆਂ ਦੀ ਜਿੱਤ ਇੱਕ ਪਾਸੇ ਸਰਕਾਰੀ ਜ਼ਬਰ ਦੇ ਖ਼ਿਲਾਫ਼ ਵੋਟ ਸੀ ਉਥੇ ਇਹ ਖ਼ਾਲਸਤਾਨ ਦੇ ਹੱਕ ਵਿੱਚ ਇੱਕ ਤਰ੍ਹਾਂ ਦਾ ਫ਼ਤਵਾ ਵੀ ਸੀ।

ਖਾੜਕੂਆਂ ਵਿੱਚੋਂ ਵੀ ਕੋਈ ਵੀ ਉਸ ਦੀ ਅਗਵਾਈ ਕਬੂਲਣ ਵਾਸਤੇ ਤਿਆਰ ਨਹੀਂ ਸੀ। ਉਨ੍ਹਾਂ ਵਿੱਚੋਂ ਦੋ ਧੜੇ ਸਨ : ਇੱਕ ਸੀ ਡਾ. ਸੋਹਣ ਸਿੰਘ, ਸੁਖਦੇਵ ਸਿੰਘ ਬਬਰ ਦਾ ਤੇ ਦੂਜਾ ਜਨਰਲ ਲਾਭ ਸਿੰਘ, ਮਾਨੋਚਾਹਲ, ਗੁਰਜੀਤ ਸਿੰਘ ਤੇ ਰਘਬੀਰ ਸਿੰਘ ਟੈਂਕ (ਤੇ ਮਗਰੋਂ ਤਲਵਿੰਦਰ ਸਿੰਘ ਵੀ) ਦਾ। ਗੁਰਜੀਤ ਸਿੰਘ ਦੇ ਮਾਰੇ ਜਾਣ ਪਿੱਛੋਂ ਦਲਜੀਤ ਸਿੰਘ ਬਿੱਟੂ ਫ਼ੈਡਰੇਸ਼ਨ ਦਾ ਮੁਖੀ ਬਣਿਆ। ਕੁਝ ਚਿਰ ਮਗਰੋਂ ਉਹ ਵੀ ਸੋਹਨ ਸਿੰਘ ਨਾਲ ਰਲ ਗਿਆ। ਹੌਲੀ-ਹੌਲੀ ਖ਼ਾਲਸਤਾਨ ਕਮਾਂਡੋ ਫ਼ੋਰਸ ਦੇ ਚੋਟੀ ਦੇ ਆਗੂ ਸ਼ਹੀਦ ਹੋ ਗਏ ਤੇ ਮਾਨੋਚਾਹਲ ਨੇ ਭਿੰਡਰਾਂਵਾਲਾ ਟਾਈਗਰਜ਼ ਫ਼ੋਰਸ ਬਣਾ ਲਈ। ਪਰ ਸੋਹਣ ਸਿੰਘ ਨੇ (ਸ਼ਾਇਦ ਏਜੰਸੀਆਂ ਦੀ ਮਦਦ ਨਾਲ) ਪ੍ਰੈਸ ਵਿੱਚ ਵਧੇਰੇ ਥਾਂ ਬਣਾ ਲਈ। ਉਸ ਨੇ ਖਾੜਕੂਆਂ ਵਿੱਚ ਮਾਨ ਦਾ ਨਾਂ ਮਕਬੂਲ ਨਾ ਹੋਣ ਦਿੱਤਾ।....ਸੋਹਣ ਸਿੰਘ ਨੇ ਖਾੜਕੂਆਂ ਨੂੰ ਮਾਨ ਤੋਂ ਬਹੁਤ ਦੂਰ ਕੀਤਾ। ਉਸ ਨੇ ਉਨ੍ਹਾਂ ਨੂੰ 'ਐਕਸ਼ਨਾਂ' ਵੱਲ ਲਾਈ ਰੱਖਿਆ ਤੇ (ਆਇਰਸ਼ਾਂ ਦੀ ਸਿੰਨ ਫ਼ੈਨ ਵਾਂਗ) ਉਨ੍ਹਾਂ ਦਾ ਕੋਈ ਸਿਆਸੀ ਵਿੰਗ ਨਾ ਬਣਨ ਦਿੱਤਾ।

ਇਸ ਦੇ ਬਾਵਜੂਦ ਮਾਨ ਨੇ ਜ਼ਬਰ ਦੇ ਖ਼ਿਲਾਫ਼ ਡੱਟ ਕੇ ਆਵਾਜ਼ ਉਠਾਈ। ਪੁਲਿਸ ਦੇ ਜ਼ਬਰ ਦੇ ਖ਼ਿਲਾਫ਼ ਸਭ ਤੋਂ ਵੱਧ ਜ਼ੁਲਮ ਉਸ 'ਤੇ ਅਤੇ ਉਸ ਦੇ ਸਾਥੀਆਂ 'ਤੇ ਹੋਇਆ।...ਦੂਜੇ ਪਾਸੇ ਮਾਨ ਦੇ ਬਹੁਤ ਸਾਰੇ ਸਾਥੀ ਉਸ ਨੂੰ ਤੇ ਕੌਮ ਨੂੰ ਧੋਖਾ ਦੇ ਕੇ ਗ਼ਦਾਰੀ ਕਰਦੇ ਰਹੇ, ਜਿਸ ਨਾਲ ਮਾਨ ਉਹ ਰੋਲ ਅਦਾ ਨਾ ਕਰ ਸਕਿਆ ਜਿਹੜਾ ਉਹ ਕਰ ਸਕਦਾ ਸੀ।

## 26 ਜਨਵਰੀ, 15 ਅਗੱਸਤ ਤੇ 2 ਅਕਤੂਬਰ ਦੀਆਂ ਛੁੱਟੀਆਂ ਰੱਦ ਕਰਨਾ

ਇਨ੍ਹਾਂ ਦਿਨਾਂ ਵਿੱਚ ਵੀ ਪੰਜਾਬ ਵਿੱਚ ਸਿੱਖ ਨੌਜਵਾਨਾਂ ਦੇ ਕਤਲ ਅਤੇ ਗ੍ਰਿਫ਼ਤਾਰੀਆਂ ਬ-ਦਸਤੂਰ ਹੁੰਦੀਆਂ ਰਹੀਆਂ। ਇਸ ਦੇ ਪ੍ਰੋਟੈਸਟ ਵਜੋਂ ਸ਼੍ਰੋਮਣੀ ਕਮੇਟੀ ਨੇ 26 ਜਨਵਰੀ, 15 ਅਗੱਸਤ ਤੇ 2 ਅਕਤੂਬਰ ਦੀਆਂ ਭਾਰਤ ਸਰਕਾਰ ਦੀਆਂ ਨੈਸ਼ਨਲ ਛੁੱਟੀਆਂ ਕੈਂਸਲ ਕਰਨ ਦਾ ਮਤਾ ਪਾਸ ਕੀਤਾ। ਅੱਜ 2008 ਤੱਕ ਵੀ ਸ਼੍ਰੋਮਣੀ ਕਮੇਟੀ ਇਸ ਦਿਨ ਦੀ ਛੁੱਟੀ ਨਹੀਂ ਕਰਦੀ।

## ਪੰਜਾਬ ਅਸੈਂਬਲੀ ਦੀਆਂ ਚੋਣਾਂ ਦਾ ਬਾਈਕਾਟ

ਉਧਰ ਦਿੱਲੀ ਵਿੱਚ ਗੈਰ-ਕਾਂਗਰਸੀ ਸਰਕਾਰ ਵਿੱਚ ਫੁੱਟ ਪੈ ਗਈ। ਕਾਂਗਰਸ ਦੀ ਮਦਦ ਨਾਲ ਘੱਟ-ਗਿਣਤੀ ਚੰਦਰ-ਸ਼ੇਖਰ ਪ੍ਰਾਈਮ ਮਨਿਸਟਰ ਬਣ ਗਿਆ।...ਚੰਦਰ ਸ਼ੇਖਰ ਦੀ ਸਰਕਾਰ ਨੇ ਜੂਨ 1991 ਵਿੱਚ ਭਾਰਤੀ ਲੋਕਸਭਾ ਅਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਇਕੱਠੀਆਂ ਕਰਵਾਉਣ ਦਾ ਐਲਾਨ ਕਰ ਦਿੱਤਾ ਹਾਲਾਂਕਿ ਉਸ ਵੇਲੇ ਪੰਜਾਬ ਵਿੱਚ ਖਾੜਕੂ ਦਬਕਾ, ਗੋਲੀ ਦੀ ਸਿਆਸਤ, ਸਿਆਸੀ ਤੇ ਨਿੱਜੀ ਕਤਲਾਂ ਦੀ ਭਰਮਾਰ ਚੱਲ ਰਹੀ ਸੀ।...ਹਾਲਾਤ ਇਹ ਸਨ ਕਿ ਪੰਜਾਬ ਵਿੱਚ, 1989 ਵਾਂਗ, ਕਾਂਗਰਸ ਦਾ ਸਫ਼ਾਇਆ ਹੋ ਜਾਣਾ ਸੀ। ਅਕਾਲੀਆਂ ਤੇ ਖਾੜਕੂਆਂ ਨੇ 75 ਫ਼ੀ ਸਦੀ ਦੇ ਕਰੀਬ ਸੀਟਾਂ ਜਿੱਤ ਜਾਣੀਆਂ ਸਨ। ਇਸ ਹਾਲਤ ਨੂੰ ਸਾਹਵੇਂ ਰੱਖ ਕੇ ਕਾਂਗਰਸ ਨੇ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕੀਤਾ ਹੋਇਆ ਸੀ।...

ਪੰਜਾਬ ਵਿੱਚ ਚੋਣਾਂ ਨੂੰ ਯਕੀਨੀ ਬਣਾਉਣ ਵਾਸਤੇ ਸੈਂਟਰ ਸਰਕਾਰ ਨੇ 14 ਜੂਨ ਨੂੰ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਫ਼ੌਜ ਭੇਜ ਦਿੱਤੀ ਤੇ ਸੂਬੇ ਨੂੰ ਗੜਬੜ ਵਾਲਾ ਸੂਬਾ ਕਰਾਰ ਦੇ ਦਿੱਤਾ। ਪੰਜਾਬ 'ਚ ਚੋਣਾਂ 22 ਜੂਨ ਨੂੰ ਸਵੇਰੇ 8 ਵਜੇ ਹੋਣੀਆਂ ਸ਼ੁਰੂ ਹੋਣੀਆਂ ਸਨ। ਪਰ 21 ਜੂਨ ਨੂੰ ਨਰਸਿੰਮ੍ਹਾ ਰਾਓ ਭਾਰਤ ਦਾ ਪ੍ਰਧਾਨ ਮੰਤਰੀ ਬਣ ਗਿਆ। ਇਮਾਨਦਾਰੀ ਦਾ ਦਾਅਵਾ ਕਰਨ ਵਾਲੇ ਟੀ.ਐਨ. ਸ਼ੇਸ਼ਨ (ਮੁੱਖ ਚੋਣ ਕਮਿਸ਼ਨਰ) ਨੇ ਨਵੇਂ ਕਾਂਗਰਸ ਪ੍ਰਧਾਨ ਮੰਤਰੀ ਨੂੰ ਖੁਸ਼ ਕਰਨ ਵਾਸਤੇ 21-22 ਜੂਨ 1991 ਦੀ ਅੱਧੀ ਰਾਤ ਤੋਂ ਬਾਅਦ, ਤੜਕੇ ਤਿੰਨ ਵਜੇ, ਪੋਲਿੰਗ ਸ਼ੁਰੂ ਹੋਣ ਤੋਂ ਸਿਰਫ਼ ਪੰਜ ਘੰਟੇ ਪਹਿਲਾਂ, ਪੰਜਾਬ ਦੀਆਂ ਚੋਣਾਂ ਮੁਲਤਵੀ ਕਰ ਦਿੱਤੀਆਂ।

ਟੀ.ਐਨ. ਸ਼ੇਸ਼ਨ ਦੀ ਹਰਕਤ ਦੇ ਖ਼ਿਲਾਫ਼ ਸਾਰੇ ਪੰਜਾਬ ਵਿੱਚ ਰੋਸ ਮੁਜ਼ਾਹਰੇ ਹੋਏ। ਹੋਰ ਤਾਂ ਹੋਰ, ਗਵਰਨਰ ਪੰਜਾਬ ਜਨਰਲ ਓ.ਪੀ. ਮਲਹੋਤਰਾ ਨੇ ਵੀ ਇਸ ਦੇ ਖ਼ਿਲਾਫ਼ ਪ੍ਰੋਟੈਸਟ ਕੀਤਾ ਅਤੇ ਗਵਰਨਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ।....(ਪਰ ਇਸਦਾ ਇਹ ਮਤਲਬ ਨਹੀਂ ਹੈ ਗਵਰਨਰ ਓ.ਪੀ. ਮਲਹੋਤਰਾ ਨੂੰ ਖਾੜਕੂਆਂ ਜਾਂ ਸਿੱਖਾਂ ਨਾਲ ਕੋਈ ਹਮਦਰਦੀ ਸੀ। ਉਹ ਵੀ ਦੂਜੇ ਗਵਰਨਰਾਂ ਅਰਜਨ ਸਿੰਘ ਤੇ ਸਿਧਾਰਥ ਸ਼ੰਕਰ ਰੇਅ ਵਾਂਗ ਸਿੱਖਾਂ ਤੇ ਜ਼ੁਲਮਾਂ ਅਤੇ ਉਨ੍ਹਾਂ ਦੇ ਕਤਲੇਆਮ ਦਾ ਬਰਾਬਰ ਦਾ ਭਾਈਵਾਲ ਸੀ)।

ਨਰਸਿੰਮ੍ਹਾ ਰਾਓ ਨੇ ਪ੍ਰਾਈਮ ਮਨਿਸਟਰ ਬਣਕੇ, 19 ਫ਼ਰਵਰੀ 1992 ਦੇ ਦਿਨ ਪੰਜਾਬ ਸਰਕਾਰ ਵਿੱਚ ਚੋਣਾਂ ਕਰਵਾਉਣ ਦਾ ਐਲਾਨ ਕਰ ਦਿੱਤਾ।...ਕਾਂਗਰਸ ਪਾਰਟੀ ਤੇ ਸੈਂਟਰ ਸਰਕਾਰ ਨੇ ਖਾੜਕੂਆਂ ਵਿੱਚ ਆਪਣੇ ਅੰਸਰਾਂ ਰਾਹੀਂ ਜ਼ੋਰ ਪੁਆ ਕੇ, ਅਕਾਲੀਆਂ ਨੂੰ ਧਮਕੀਆਂ ਦੇ ਕੇ ਤੇ ਕਈ ਅਕਾਲੀ ਉਮੀਦਵਾਰਾਂ, ਆਗੂਆਂ ਤੇ ਵਰਕਰਾਂ ਨੂੰ ਕਤਲ ਕਰਵਾ ਕੇ, ਵੋਟਰਾਂ ਨੂੰ ਡਰਾਉਣ ਦੀ ਪੂਰੀ ਕੋਸ਼ਿਸ਼ ਕੀਤੀ। ਪਰ ਇਸ ਦੇ ਬਾਵਜੂਦ ਨਾ ਤਾਂ ਅਕਾਲੀ ਚੋਣ ਮੈਦਾਨ 'ਚੋਂ ਹਟੇ ਤੇ ਨਾ ਹੀ ਖਾੜਕੂ। ਜੇ ਚੋਣਾਂ ਹੁੰਦੀਆਂ ਤਾਂ ਖਾੜਕੂਆਂ ਦੀ ਹਕੂਮਤ ਹੋਣੀ ਸੀ ਪਰ ਖ਼ੁਫ਼ੀਆ ਏਜੰਸੀਆਂ ਨੇ ਆਪਣਾ ਅਸਰ ਵਰਤ ਕੇ, ਕੁਝ ਖਾੜਕੂ ਆਗੂਆਂ ਨੂੰ ਬੇਵਕੂਫ਼ ਬਣਾ ਕੇ ਇਨ੍ਹਾਂ ਚੋਣਾਂ ਦਾ ਬਾਈਕਾਟ ਕਰਵਾ ਦਿੱਤਾ। ਇਸ





ਬਾਈਕਾਟ ਤੋਂ ਪਹਿਲਾਂ ਦਲਜੀਤ ਸਿੰਘ ਬਿੱਟੂ ਅਤੇ ਸੁਖਦੇਵ ਸਿੰਘ ਬੱਬਰ ਨੇ ਚੋਣਾਂ ਲੜਨ ਵਾਲੇ ਅਕਾਲੀਆਂ ਨੂੰ 'ਖ਼ਤਰਨਾਕ' ਸਿੱਟਿਆਂ ਦੀ ਵਾਰਨਿੰਗ ਦਿੱਤੀ ਸੀ। ਇਸ ਕਾਰਨ ਅਕਾਲੀ ਆਗੂ ਡਰ ਗਏ ਤੇ ਉਨ੍ਹਾਂ ਨੇ ਚੋਣਾਂ ਦਾ ਬਾਈਕਾਟ ਕਰਨ ਦਾ ਐਲਾਨ ਕਰ ਦਿੱਤਾ। ਇਸ ਦਾ ਇੰਕਸ਼ਾਫ ਕੈਪਟਨ ਅਮਰਿੰਦਰ ਸਿੰਘ ਨੇ 2005 ਵਿੱਚ ਪੰਜਾਬ ਅਸੈਂਬਲੀ ਦੀ ਇੱਕ ਕਾਰਵਾਈ ਵਿੱਚ ਸ਼ਰ੍ਹੇਆਮ ਕੀਤਾ ਸੀ। ਇਹ ਸੁਣ ਕੇ ਉਥੇ ਬੈਠਾ ਪ੍ਰਕਾਸ਼ ਸਿੰਘ ਬਾਦਲ ਖਚਰਾ ਹਾਸਾ ਹਸਦਾ ਰਿਹਾ ਪਰ ਕੁਝ ਨਾ ਬੋਲਿਆ।.....

ਚੋਣਾਂ ਵਿੱਚ ਸਿੱਖਾਂ ਵੱਲੋਂ ਬਾਈਕਾਟ ਕਰਨ ਕਰਕੇ ਵੱਖ-ਵੱਖ ਸੀਟਾਂ 'ਤੇ ਸਿਰਫ਼ 10 ਤੋਂ 20 ਫ਼ੀਸਦੀ ਪੋਲਿੰਗ ਹੋਈ। ਕਾਂਗਰਸ ਪਾਰਟੀ ਦਾ ਬੇਅੰਤ ਸਿੰਘ ਚੀਫ਼ ਮਨਿਸਟਰ ਬਣ ਗਿਆ ਅਤੇ ਉਸ ਨੇ ਪੁਲੀਸ ਚੀਫ਼ ਕੇ.ਪੀ.ਐਸ. ਗਿੱਲ ਨੂੰ ਸਿੱਖਾਂ ਦਾ ਕਤਲੇਆਮ ਕਰਨ ਵਾਸਤੇ ਹਰੀ ਝੰਡੀ ਦੇ ਦਿੱਤੀ" (ਉਪਰੋਕਤ, ਸਫ਼ੇ 1487-94)।

## ਸਿੱਖ ਕੌਮ 'ਤੇ ਜ਼ੁਲਮਾਂ ਦੀ ਨਵੀਂ ਹਨ੍ਹੇਰੀ

## ਨਕਲੀ ਮੁਕਾਬਲਿਆਂ ਵਿਚ ਸਿੱਖਾਂ ਦੇ ਕਤਲਾਂ ਦਾ ਨਵਾਂ ਦੌਰ

ਬੇਅੰਤ ਵੱਲੋਂ ਹਰੀ ਝੰਡੀ ਮਿਲਦਿਆਂ ਹੀ ਕੇ.ਪੀ.ਐਸ. ਗਿੱਲ ਨੇ ਦਹਿਸ਼ਤ ਫ਼ੈਲਾਉਣ ਲਈ ਸਿੱਖ ਨੌਜਵਾਨਾਂ ਦਾ ਕਤਲੇਆਮ ਕਰਨਾ ਸ਼ੁਰੂ ਕਰ ਦਿੱਤਾ। ਤਕਰੀਬਨ ਹਰ ਰੋਜ਼ ਹੀ ਬੇਗੁਨਾਹ ਸਿੱਖਾਂ ਨੂੰ ਫੜਕੇ ਨਕਲੀ ਮੁਕਾਬਲੇ ਦਿਖਾਕੇ ਖ਼ਤਮ ਕਰਨਾ ਅਰੰਭ ਕਰ ਦਿੱਤਾ। ਮਾਝੇ ਅਤੇ ਦੁਆਬੇ ਦੇ ਇਲਾਕਿਆਂ ਨੂੰ ਇਸ ਜ਼ੁਲਮੀ ਮੁਹਿੰਮ ਦਾ ਜ਼ਿਆਦਾ ਸੰਤਾਪ ਭੋਗਣਾ ਪਿਆ। **ਨਕਲੀ ਮੁਕਾਬਲਿਆਂ ਦੀਆਂ ਕਹਾਣੀਆਂ ਵੀ ਘੜੀਆਂ-ਘੜਾਈਆਂ ਪੇਸ਼ ਕੀਤੀਆਂ ਜਾਣ ਲੱਗੀਆਂ। ਕਿਸੇ ਇੱਕ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਫੜਕੇ ਪੁਲਿਸ ਥਾਣਿਆਂ ਵਿੱਚ ਬੰਦ ਕਰ ਦਿੱਤਾ ਜਾਂਦਾ ਸੀ ਅਤੇ ਰਾਤ ਨੂੰ ਉਨ੍ਹਾਂ ਨੂੰ ਥਾਣਿਆਂ ਵਿੱਚੋਂ ਕੱਢ ਕੇ ਕਿਸੇ ਦੂਜੇ ਜ਼ਿਲ੍ਹੇ ਵਿੱਚ ਲਿਜਾਕੇ ਗੋਲੀਆਂ ਮਾਰ ਦਿੱਤੀਆਂ ਜਾਂਦੀਆਂ ਸਨ ਤਾਂ ਕਿ ਉਨ੍ਹਾਂ ਦੀਆਂ ਲਾਸ਼ਾਂ ਦੀ ਸ਼ਨਾਖ਼ਤ ਨਾ ਹੋ ਸਕੇ। ਦਾਹੜੇ-ਕੇਸਾਂ ਵਾਲੇ (ਸਿੱਖੀ ਸਰੂਪ ਵਾਲੇ) ਸਿੱਖ ਨੌਜਵਾਨ ਵਿਸ਼ੇਸ਼ ਤੌਰ 'ਤੇ ਮੁਹਿੰਮ ਦਾ ਨਿਸ਼ਾਨਾ ਬਣਾਏ ਜਾਂਦੇ ਸਨ। ਖਾੜਕੂਆਂ ਨੂੰ ਆਮ ਜਨਤਾ ਵਿੱਚ ਬਦਨਾਮ ਕਰਕੇ ਉਨ੍ਹਾਂ ਵਿਰੁੱਧ ਨਫ਼ਰਤ ਫੈਲਾਉਣ ਲਈ ਅਪ੍ਰਾਧੀ ਕਿਰਦਾਰ ਵਾਲੇ ਬੰਦੇ ਭਰਤੀ ਕਰਕੇ 'ਸਰਕਾਰੀ ਖਾੜਕੂ' ਬਣਾਕੇ ਉਨ੍ਹਾਂ ਤੋਂ ਸਿੱਖਾਂ ਦੇ ਕਤਲ, ਲੁੱਟ-ਮਾਰ ਅਤੇ ਸਿੱਖ ਬੀਬੀਆਂ ਦੀ ਬੇਪਤੀ ਕਰਵਾਈ ਜਾਂਦੀ ਸੀ। ਜ਼ੁਲਮ ਦੀ ਇਸ ਹਨ੍ਹੇਰੀ ਨੇ ਮੁਗ਼ਲਾਂ ਵੱਲੋਂ ਕੀਤੇ ਜ਼ੁਲਮਾਂ ਨੂੰ ਵੀ ਮਾਤ ਦੇ ਦਿੱਤੀ। ਅਣਗਿਣਤ ਸਿੱਖਾਂ ਨੂੰ ਕਤਲ ਕਰਕੇ ਨਹਿਰਾਂ/ਦਰਿਆਵਾਂ ਵਿੱਚ ਸੁੱਟ ਦਿੱਤਾ ਜਾਂਦਾ ਸੀ ਜਾਂ 'ਅਣਪਛਾਤੀਆਂ'**

**ਲਾਸ਼ਾਂ ਦੇ ਲੇਬਲ ਲਾ ਕੇ ਸ਼ਮਸ਼ਾਨ-ਘਾਟਾਂ ਵਿੱਚ ਫ਼ੂਕ ਦਿੱਤਾ ਜਾਂਦਾ ਸੀ। ਭਾਰਤੀ ਲੋਕ-ਰਾਜ ਦੇ ਥੰਮ੍ਹ (ਵਿਧਾਨ ਪਾਲਿਕਾ, ਕਾਰਜ ਪਾਲਿਕਾ, ਨਿਆਏਂ ਪਾਲਿਕਾ ਅਤੇ ਮੀਡੀਆ) ਅੰਨ੍ਹੇ, ਬੋਲੇ ਅਤੇ ਗੁੰਗੇ ਬਣ ਕੇ ਸਾਹ-ਸਤ-ਹੀਨ ਹੋਏ ਪਏ ਸਨ- ਇਨ੍ਹਾਂ ਵਿੱਚੋਂ ਕੋਈ ਵੀ ਇਸ ਹਿਰਦੇ-ਵੇਦਿਕ ਜ਼ੁਲਮ ਦੀ ਹਨ੍ਹੇਰੀ ਨੂੰ ਡੱਕਾ ਲਾਉਂਣ ਲਈ ਆਪਣੇ ਸੰਵਿਧਾਨਕ ਫ਼ਰਜ਼ਾਂ ਦੀ ਪਾਲਣਾ ਨਹੀਂ ਕਰ ਰਿਹਾ ਸੀ। ਬਿਪਰਵਾਦੀ ਵਿਚਾਰਾਂ ਦੀ ਹਮਾਇਤੀ ਭਾਰਤ ਸਰਕਾਰ ਵੀ ਸਿੱਖਾਂ ਨੂੰ ਦੁਨੀਆਂ ਦੇ ਕੋਨੇ-ਕੋਨੇ ਵਿੱਚ ਮੀਡੀਆ ਅਤੇ ਹੋਰ ਸਰਕਾਰੀ ਸਾਧਨਾਂ ਦੀ ਦੁਰਵਰਤੋਂ ਕਰਕੇ ਬਦਨਾਮ ਕਰਨ ਲਈ ਲਗਾਤਾਰ ਯਤਨਸ਼ੀਲ ਸੀ।**

ਯੂ.ਐਨ.ਓ. ਵਿੱਚ ਵੀ ਸਿੱਖ ਕੌਮ ਦੀ ਕੋਈ ਨੁਮਾਇੰਦਗੀ ਨਹੀਂ ਸੀ ਜੋ ਭਾਰਤ ਸਰਕਾਰ ’ਤੇ ਦਬਾਅ ਪਾਕੇ ਉਸ ਨੂੰ ਸਿੱਖਾਂ ਦੇ ਖਿਲਾਫ਼ ਜ਼ੁਲਮ ਕਰਨ ਤੋਂ ਰੋਕ ਸਕੇ।

## ਬੇਅੰਤ ਤੇ ਕੇ.ਪੀ.ਐਸ. ਗਿੱਲ ਦਾ ਇੱਕ ਹੋਰ ਜ਼ਬਰ

“ਸਿੱਖਾਂ ਨੂੰ ਨਕਲੀ ਪੁਲਿਸ ਮੁਕਾਬਲਿਆਂ ਵਿੱਚ ਕਤਲ ਕਰਨ ਮਗਰੋਂ, ਪੁਲਿਸ ਅਤੇ ਫ਼ੌਜ ਉਨ੍ਹਾਂ ਦੇ ਅਖੰਡ–ਪਾਠਾਂ ਦੇ ਭੋਗਾਂ ਵਿੱਚ ਲੋਕਾਂ ਨੂੰ ਸ਼ਾਮਿਲ ਨਹੀਂ ਸੀ ਹੋਣ ਦੇਂਦੀ।

ਮਾਰੇ ਜਾਣ ਵਾਲਿਆਂ ਵਿੱਚੋਂ ਸਿਰਫ਼ ਕੁਝ ਕੁ ਹੀ ਖਾੜਕੂ ਸਨ ਪਰ ਬਹੁਤੇ ਮਾਸੂਮ ਸਿੱਖ ਸਨ ਜਿਨ੍ਹਾਂ ਨੂੰ ਘਰਾਂ ਵਿੱਚੋਂ ਜਾਂ ਬਾਹਰੋ ਫੜਕੇ ਗਿਣਤੀ ਪੂਰੀ ਕਰਨ ਜਾਂ ਇਨਾਮ ਲੈਣ ਵਾਸਤੇ ਪੁਲਿਸ, ਖਾੜਕੂ ਆਖ ਕੇ ਨਕਲੀ ਮੁਕਾਬਲਿਆਂ ਵਿੱਚ ਮਾਰ ਦੇਂਦੀ ਸੀ।

**ਸ. ਜਸਵੰਤ ਸਿੰਘ ਖਾਲੜਾ, ਜਨਰਲ ਸਕੱਤਰ ਮਨੁੱਖੀ ਅਧਿਕਾਰ ਵਿੰਗ ਸ਼੍ਰੋਮਣੀ ਅਕਾਲੀ ਦਲ, ਨੇ ਅੰਮ੍ਰਿਤਸਰ ਅਤੇ ਤਰਨਤਾਰਨ ਦੇ ਇਲਾਕਿਆਂ ਦੇ ਸ਼ਮਸ਼ਾਨ ਘਾਟਾਂ ਦੇ ਰਿਕਾਰਡਜ਼ ਦੀ ਪੜਤਾਲ ਕਰਕੇ 25,000 ‘ਅਣ-ਪਛਾਤੀਆਂ’ ਲਾਸ਼ਾਂ ਦੀ ਨਿਸ਼ਾਨ-ਦੇਹੀ ਕਰ ਲਈ ਸੀ। ਕੇ.ਪੀ.ਐਸ. ਗਿੱਲ ਦੀਆਂ ਹਦਾਇਤਾਂ ਅਨੁਸਾਰ ਉਸ ਨੂੰ ਵੀ ਉਸ ਦੇ ਘਰੋਂ ਚੁੱਕੇ ਕੇ ਇੱਕ ‘ਅਣ-ਪਛਾਤੀ’ ਲਾਸ਼ ਬਣਾ ਦਿੱਤਾ ਗਿਆ।** ਜਸਟਿਸ ਅਜੀਤ ਸਿੰਘ ਬੈਂਸ ਨੇ ਵੀ ਹਜ਼ਾਰਾਂ ਸਿੱਖ ਬੀਬੀਆਂ ’ਤੇ ਹੋਏ ਪੁਲਿਸ ਤਸ਼ੱਦਦ ਦੇ ਕੇਸ ਜ਼ਾਹਰ ਕੀਤੇ ਸਨ। ਬੇਅੰਤ ਤੇ ਕੇ.ਪੀ.ਐਸ. ਗਿੱਲ ਨੇ ਤਾਂ ਇਥੋਂ ਤੱਕ ਜ਼ੁਲਮ ਕੀਤਾ ਕਿ ਖਾੜਕੂ, ਪਰਿਵਾਰਾਂ ਦੀਆਂ ਧੀਆਂ ਨੂੰਹਾਂ ਵੀ ਚੁੱਕ ਲਈਆਂ ਗਈਆਂ। ਜਸਟਿਸ ਬੈਂਸ ਨੂੰ ਵੀ ਹੱਥਕੜੀ ਲਾ ਕੇ ਗ੍ਰਿਫ਼ਤਾਰ ਕਰਕੇ, ਤਸੀਹੇ ਦੇਕੇ, ਜ਼ਲੀਲ ਕੀਤਾ ਗਿਆ।

## ਹਰਜਿੰਦਰ ਸਿੰਘ ਜਿੰਦਾ ਤੇ ਸੁਖਦੇਵ ਸਿੰਘ ਸੁੱਖਾ ਹੱਸ-ਹੱਸ ਕੇ ਫ਼ਾਂਸੀ ਚੜ੍ਹੇ





**ਦਰਬਾਰ ਸਾਹਿਬ ਤੇ ਹਮਲਾ ਕਰਨ ਵਾਲੇ ਤੱਤਕਾਲੀਨ ਆਰਮੀ ਚੀਫ਼ ਜਨਰਲ ਵੈਦਯ ਨੂੰ ਪੂਨੇ ਵਿੱਚ ਜਾ ਕੇ ਕਤਲ ਕਰਨ ਵਾਲੇ ਹਰਜਿੰਦਰ ਸਿੰਘ ਜ਼ਿੰਦਾ ਤੇ ਸੁਖਦੇਵ ਸਿੰਘ ਸੁੱਖਾ ਨੇ 9 ਅਕਤੂਬਰ 1992 ਨੂੰ ਪੂਨਾ ਜੇਲ੍ਹ ਵਿੱਚ ਫ਼ਾਂਸੀ ਚੜ੍ਹਨ ਤੋਂ ਪਹਿਲਾਂ ਮਿਠਿਆਈ ਵੰਡੀ ਤੇ ਹੱਸ-ਹੱਸ ਕੇ ਫ਼ਾਂਸੀ ਦਾ ਰੱਸਾ ਅਪਣੇ ਗਲ ਵਿੱਚ ਪਾਇਆ। ਪਰ ਉਨ੍ਹਾਂ ਦੀ ‘ਆਖ਼ਰੀ’ ਖਾਹਿਸ਼ ਕਿ ਉਨ੍ਹਾਂ ਨੂੰ ਖੰਡੇ ਦੀ ਪਹੁਲ ਦਿਵਾਈ ਜਾਵੇ ਪੂਰੀ ਨਾ ਕੀਤੀ ਗਈ। ਉਨ੍ਹਾਂ ਦੀਆਂ ਲਾਸ਼ਾਂ ਵੀ ਪਰਿਵਾਰ ਨੂੰ ਨਾ ਦਿੱਤੀਆਂ ਗਈਆਂ।**

ਉਨ੍ਹਾਂ ਨਮਿਤ 18 ਅਕਤੂਬਰ ਨੂੰ ਅਖੰਡ–ਪਾਠ ਦਾ ਭੋਗ ਆਕਲ ਤਖ਼ਤ ਤੇ ਪਾਉਂਣ ਦਾ ਐਲਾਨ ਕੀਤਾ ਗਿਆ। ਬੇਅੰਤ ਤੇ ਕੇ.ਪੀ.ਐਸ. ਗਿੱਲ ਨੇ ਪੂਰਾ ਜ਼ੋਰ ਲਾ ਕੇ ਸੰਗਤਾਂ ਨੂੰ ਭੋਗ ਵਾਲੇ ਦਿਨ ਅਕਾਲ ਤਖ਼ਤ ਤੇ ਪਹੁੰਚਣ ਤੋਂ ਰੋਕਣ ਦੇ ਯਤਨ ਕੀਤੇ ਪਰ ਫਿਰ ਵੀ ਬਹੁਤ ਸਾਰੇ ਸਿਖ ਭੋਗ ਤੇ ਹਾਜ਼ਰ ਹੋਏ ਅਤੇ ਜ਼ਿੰਦਾ ਤੇ ਸੁੱਖਾ ਦੇ ਪਰਿਵਾਰਾਂ ਨੂੰ ਸੋਨੇ ਦੇ ਮੈਡਲ ਦੇ ਕੇ ਸਨਮਾਨਤ ਕੀਤਾ ਗਿਆ।

## ਬੇਅੰਤ ਦੇ ਜ਼ੁਲਮਾਂ ਦਾ ਖ਼ਾਤਮਾ

**“ਪੁਲਿਸ ਦੇ ਮੂੰਹ ਨੂੰ ਲਹੂ ਲੱਗ ਚੁੱਕਾ ਸੀ ਤੇ ਉਹ ਹੁਣ ਆਮ ਲੋਕਾਂ ਤੋਂ ਵੀ ਪੈਸੇ ਬਟੋਰਨ ਵੱਲ ਲੱਗ ਪਈ। ਪੁਲਿਸ ਦੀ ਦਹਿਸ਼ਤਗਰਦੀ ਦੀ ਸੋਚ ਨੇ ਇੱਕ ਨਵੀਂ ‘ਜ਼ੁਰਮ-ਲਹਿਰ’ ਕਾਇਮ ਕੀਤੀ। ਪੁਲਿਸ ਵਾਲੇ ਖ਼ੂੰਖ਼ਾਰ, ਦਹਿਸ਼ਤਗਰਦ, ਲੁਟੇਰੇ, ਠੱਗ ਬਣਨ ਵੱਲ ਤੁਰ ਪਏ। ਇੰਜ ਕਈ ਪੁਲਸੀਆਂ ਨੇ ਹਜ਼ਾਰਾਂ ਬੇ-ਗੁਨਾਹ ਲੋਕ ਮਾਰੇ, ਜੇਲ੍ਹਾਂ ਵਿੱਚ ਸੁੱਟੇ ਅਤੇ ਲੁੱਟ ਕੇ ਕੰਗਾਲ ਕੀਤੇ। ਇਸ ਵੇਲੇ ਪੰਜਾਬ ਵਿੱਚ ਕੋਈ ਕਾਨੂੰਨ, ਅਪੀਲ, ਦਲੀਲ ਨਹੀਂ ਸੀ। ਇਹੋ ਜਿਹਾ ਜ਼ੁਲਮ ਤਾਂ ਹਿਟਲਰ ਨੇ ਯਹੂਦੀਆਂ ਜਾਂ ਇਸਰਾਈਲ ਨੇ ਫ਼ਿਲਸਤੀਨੀਆਂ ਨਾਲ ਵੀ ਨਹੀਂ ਕੀਤਾ ਸੀ।**

**31 ਅਗੱਸਤ 1995 ਨੂੰ, ਬੇਅੰਤ ਦਾ ਹਸ਼ਰ ਵੀ ਰਾਜੀਵ ਗਾਂਧੀ, ਵਾਂਗ ਮਾੜਾ ਹੀ ਹੋਇਆ। ਉਸ ਨੂੰ ਦਿਲਾਵਰ ਸਿੰਘ ਨੇ, ‘ਮਨੁੱਖੀ-ਬੰਬ’ ਬਣਕੇ, ਉਡਾ ਦਿੱਤਾ ਤੇ ਉਸਦੀ ਲਾਸ਼ ਦਾ ਤੂੰਬਾ-ਤੂੰਬਾ ਹੋ ਗਿਆ।** ਦਿਲਾਵਰ ਸਿੰਘ ਦੇ ਨਾਲ ਇੱਕ ਹੋਰ ਸਿਪਾਹੀ ਬਲਵੰਤ ਸਿੰਘ ਰਾਜੋਆਣਾ ਵੀ ਸੀ। (ਮਗਰੋਂ ਅਦਾਲਤ ਨੇ ਉਸ ਨੂੰ ਤੇ ਇੱਕ ਹੋਰ ਜਗਤਾਰ ਸਿੰਘ ਹਵਾਰਾ ਨੂੰ ਫ਼ਾਂਸੀ ਦੀ ਸਜ਼ਾ ਸੁਣਾਈ। ਬਲਵੰਤ ਸਿੰਘ ਨੇ ਇਸ ਸਜ਼ਾ ਦੇ ਖਿਲਾਫ਼ ਅਦਾਲਤ ਵਿੱਚ ਅਪੀਲ ਕਰਨ ਤੋਂ ਨਾਂਹ ਕਰ ਦਿੱਤੀ।.......

**ਪੰਜਾਬ ਦੀ ਧਰਤੀ ’ਤੇ ਹੀ ਨਹੀਂ ਬਲਕਿ ਦੁਨੀਆਂ ਭਰ ਵਿੱਚ ਬੇਅੰਤ ਤੇ ਕੇ.ਪੀ.ਐਸ. ਗਿੱਲ ਵਰਗਾ ਪਾਪ ਸ਼ਾਇਦ ਹੀ ਮੁੜਕੇ ਕਦੇ ਪੈਦਾ ਹੋਵੇ। ਖਾੜਕੂ ਦੌਰ ਵਿੱਚ ਜਿਥੇ ਸਿੱਖਾਂ ਨੇ ਜ਼ੁਲਮ ਦੇ ਖਿਲਾਫ਼ ਲੜਨ, ਆਪਣੇ ਹੱਕਾਂ ਵਾਸਤੇ ਜੂਝਣ, ਆਪਣੀ ਕੌਮ ਲਈ ਕੁਰਬਾਨ ਹੋਣ ਦੇ ਸਿਰੜ ਦਾ ਇਜ਼ਹਾਰ ਕੀਤਾ, ਉਥੇ ਇਸ ਦੌਰ ਨੇ ਬੁਰਛਾਗਰਦੀ, ਬੇਯਕੀਨੀ, ਬੇਸਮਝੀ, ਕਬਾਇਲੀ, ਧਾੜਵੀ ਮਾਫ਼ੀਆ ਸੋਚ ਨੂੰ ਵੀ ਉਭਾਰਿਆ। ਇਸ ਦੌਰ ਵਿੱਚ ਜਿਥੇ ਸਿੱਖਾਂ ਵਿੱਚ ਪਹੁਲੀਏ (ਅੰਮ੍ਰਿਤਧਾਰੀ) ਹੋਣ ਦੀ ਲਹਿਰ ਨੇ ਸਿਖਰਾਂ ਛੋਹੀਆਂ, ਉਥੇ ਸਾਧੂ-ਡੰਮ ਤੇ ਜਥਾ-**

**ਪ੍ਰਸਤੀ ਦਾ ਵੀ ਬੋਲਬਾਲਾ ਹੋਇਆ ਜਿਸ ਨਾਲ ਧੜੇਬੰਦਕ ਟੱਕਰ (ਅਖੰਡ ਕੀਰਤਨੀ ਜਥਾ ਬਨਾਮ ਭਿੰਡਰਾਂ-ਮਹਿਤਾ ਜਥਾ) ਵੀ ਵਧੀ ਅਤੇ ਖਾੜਕੂ ਜਥਿਆ ਵਿੱਚੋਂ ਬਹੁਤਿਆਂ ਨੇ ਅਕਾਲ ਤਖ਼ਤ ਸਾਹਿਬ ਦੀ ਮਰਿਆਦਾ ਦੀ ਬੇਅਸੂਲੀ ਮੁਖ਼ਾਲਫ਼ਤ ਵੀ ਕੀਤੀ।''** (ਡਾ. ਹਰਜਿੰਦਰ ਸਿੰਘ ਦਿਲਗੀਰ ਸਿੱਖ ਤਵਾਰੀਖ਼) (ਪੰਜਵਾਂ ਹਿੱਸਾ), ਸਫ਼ੇ 1521-22]

## ਪ੍ਰਕਾਸ਼ ਸਿੰਘ ਬਾਦਲ ਦੀ ਸਿੱਖ ਕੌਮ ਨਾਲ ਗ਼ਦਾਰੀ

**''ਫਰਵਰੀ 1997 ਵਿੱਚ ਪੰਜਾਬ ਅਸੈਂਬਲੀ ਦੀਆਂ ਚੌਣਾਂ ਦੌਰਾਨ ਬਾਦਲ ਨੇ ਆਪਣੇ ਚੋਣ-ਮੈਨੀਫ਼ੈਸਟੋ ਵਿੱਚ ਦਰਜ ਕਰਕੇ, ਸ਼ਰ੍ਹੇਆਮ ਚੋਣ ਪ੍ਰਚਾਰ ਦੌਰਾਨ ਐਲਾਨ ਕੀਤਾ ਸੀ ਕਿ ਜੇਕਰ ਅਕਾਲੀ ਦਲ ਦੀ ਸਰਕਾਰ ਬਣੀ ਤਾਂ ਖਾੜਕੂ ਲਹਿਰ ਸਮੇਂ ਪੰਜਾਬ ਵਿੱਚ ਕਤਲੋ-ਗਾਰਤ ਮਚਾਉਂਣ ਵਾਲੇ ਪੁਲਿਸ ਅਫ਼ਸਰਾਂ ਤੇ ਹੋਰ ਸਰਕਾਰੀ ਕਰਿੰਦਿਆਂ ਤੱਕ ਪਹੁੰਚਣ ਲਈ ਇੱਕ ਸਪੈਸ਼ਲ ਕਮਿਸ਼ਨ ਬਿਠਾਇਆ ਜਾਵੇਗਾ, ਜੋ ਆਜ਼ਾਦਾਨਾ ਤੌਰ 'ਤੇ ਆਪਣੀ ਰਿਪੋਰਟ ਪੇਸ਼ ਕਰੇਗਾ ਤੇ ਸਬੰਧਤ ਬੁੱਚੜਾਂ ਨੂੰ ਮੁਨਾਸਿਬ ਸਜ਼ਾਵਾਂ ਦਿੱਤੀਆਂ ਜਾਣਗੀਆਂ। 12 ਫ਼ਰਵਰੀ 1997 ਦੇ ਦਿਨ ਬਾਦਲ ਪੰਜਾਬ ਦਾ ਮੁੱਖ ਮੰਤਰੀ ਬਣ ਗਿਆ ਤਾਂ ਚੋਣਾਂ ਵਿੱਚ ਸਿੱਖ ਵੋਟਾਂ ਹਾਸਲ ਕਰਨ ਲਈ ਅਜਿਹੇ ਕੀਤੇ ਐਲਾਨਾਂ ਤੋਂ ਇਹ ਕਹਿ ਕੇ ਤੋਤੇ ਵਾਂਗੂੰ ਅੱਖਾਂ ਫੇਰ ਲਈਆਂ ਕਿ, ''ਅਜਿਹਾ ਕਮਿਸ਼ਨ ਬਿਠਾਉਂਣ ਨਾਲ ਨਵੇਂ ਵਿਵਾਦ ਖੜ੍ਹੇ ਹੋਣਗੇ, ਸਿੱਖਾਂ ਨੂੰ ਚਾਹੀਦਾ ਹੈ ਕਿ ਉਹ ਬੀਤੇ ਹੋਏ ਦੌਰ ਨੂੰ ਭੁੱਲ ਜਾਣ ਅਤੇ ਆਉਂਣ ਵਾਲੇ ਸਮੇਂ ਲਈ ਸੋਚਿਆ ਜਾਵੇ।''**

''ਪਰ ਜੋ ਐਲਾਨ ਬਾਦਲ ਨੇ ਸਿੱਖ ਵੋਟਾਂ ਹਾਸਿਲ ਕਰਨ ਵਾਸਤੇ ਕੀਤੇ ਸਨ ਉਨ੍ਹਾਂ ਵਿੱਚੋਂ ਕਿਸੇ ਇੱਕ ਤੇ ਵੀ ਅਮਲ ਨਾ ਕੀਤਾ ਗਿਆ। ਕਿਸੇ ਵੀ ਸਿੱਖ ਨੂੰ ਰਿਹਾਅ ਨਾ ਕੀਤਾ ਗਿਆ। **ਜ਼ਾਲਮ ਪੁਲਸੀਆਂ ਨੂੰ ਸਜ਼ਾਵਾਂ ਦਿਵਾਉਂਣ ਦੀ ਜਗ੍ਹਾ ਉਨ੍ਹਾਂ ਨੂੰ ਹਿਫ਼ਾਜ਼ਤ , ਮਦਦ ਤੇ ਤਰੱਕੀਆਂ ਦਿੱਤੀਆਂ ਗਈਆਂ।.... ਕਈ ਬੇਗੁਨਾਹ ਸਿੱਖਾਂ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿੱਚ ਸੁੱਟਿਆ ਗਿਆ, ਪੁਲਿਸ ਹਿਰਾਸਤ ਵਿੱਚ ਤਸੀਹੇ ਦਿੱਤੇ ਗਏ ਤੇ ਨਕਲੀ ਪੁਲੀਸ, ਮੁਕਾਬਲੇ ਬਣਾਏ ਗਏ।.... ਇਹ ਸਾਰਾ ਕੁਝ ਬਾਦਲ ਦੀ ਅਕਾਲੀ ਸਰਕਾਰ ਵੱਲੋਂ, ਅਕਾਲੀ ਦਲ (ਬਾਦਲ, ਟੌਹੜਾ) ਵੱਲੋਂ ਸਿੱਖ ਕੌਮ ਨਾਲ ਬੇਵਫ਼ਾਈ ਹੀ ਨਹੀਂ ਬਲਕਿ ਗ਼ਦਾਰੀ ਸੀ।** ..... ਸਿੱਖਾਂ ਨੇ ਇਸ ਅਕਾਲੀਦਲ ਨੂੰ ਉਨ੍ਹਾਂ ਦੇ ਐਲਾਨ ਅਤੇ ਵਾਅਦਿਆਂ 'ਤੇ ਇਸ ਕਰਕੇ ਵੋਟਾਂ ਪਾਈਆਂ ਸਨ ਕਿ ਉਹ ਇੰਦਰਾ, ਰਾਜੀਵ, ਬੇਅੰਤ ਅਤੇ ਕੇ.ਪੀ.ਐਸ.ਗਿੱਲ ਦੇ ਜ਼ੁਲਮਾਂ ਤੋਂ ਬਚ ਸਕਣਗੇ, ਜ਼ੁਲਮ ਦੇ ਸ਼ਿਕਾਰ ਹੋਏ ਸਿੱਖਾਂ ਨੂੰ ਇਨਸਾਫ਼ ਮਿਲੇਗਾ, ਬੇਗੁਨਾਹ ਸਿੱਖ ਜੇਲ੍ਹਾਂ 'ਚੋਂ ਰਿਹਾਅ ਕਰ ਦਿੱਤੇ ਜਾਣਗੇ, ਜ਼ਾਲਮ ਪੁਲਸੀਆਂ ਨੂੰ ਸਜ਼ਾਵਾਂ ਮਿਲਣਗੀਆਂ, ਸਿੱਖਾਂ ਦੇ ਇਨਸਾਨੀ ਹੱਕ ਬਹਾਲ ਹੋਣਗੇ, ਪੁਲੀਸ ਦੇ ਜ਼ੁਲਮ, ਧੱਕਾ-ਸ਼ਾਹੀ, ਕੁਰੱਪਸ਼ਨ ਤੇ





ਗੁੰਡਾਗਰਦੀ ਨੂੰ ਨੱਥ ਪਵੇਗੀ, ਪੰਜਾਬ ਅਤੇ ਸਿੱਖਾਂ ਦੀ ਆਜ਼ਾਦ ਹਸਤੀ ਤੇ ਖ਼ੁਦ-ਮੁਖ਼ਤਿਆਰੀ ਨੂੰ ਹਾਸਿਲ ਕਰਨ ਵੱਲ ਕਦਮ ਪੁੱਟੇ ਜਾਣਗੇ।

ਪਰ ਹੋਇਆ ਐਨ ਇਸ ਦੇ ਉਲਟ। ਕਾਂਗਰਸੀ ਨਿਜ਼ਾਮ ਵੱਲੋਂ ਪਿਛਲੇ ਪੰਦਰਾਂ-ਸੋਲਾਂ ਸਾਲਾਂ ਵਿੱਚ ਗ੍ਰਿਫ਼ਤਾਰ ਕੀਤੇ ਗਏ ਕਿਸੇ ਸਿੱਖ ਨੂੰ ਵੀ ਰਿਹਾਅ ਨਾ ਕੀਤਾ ਗਿਆ। (ਹੋਰ ਤਾਂ ਹੋਰ, ਲਾਲਾ ਜਗਤ ਨਾਰਾਇਣ ਕਤਲ ਕੇਸ 'ਚ ਸਜ਼ਾ ਪੂਰੀ ਕਰ ਚੁੱਕੇ ਨੱਛਤਰ ਸਿੰਘ ਨੂੰ ਰਿਹਾਅ ਕਰਨੋਂ ਇਨਕਾਰ ਕਰ ਦਿੱਤਾ ਗਿਆ), ਜ਼ਾਲਮ ਪੁਲਸੀਆਂ ਦੀ ਪੁਸ਼ਤ-ਪਨਾਹੀ ਕੀਤੀ ਗਈ..... ਪੁਲਿਸ ਦੀਆਂ ਜ਼ਿਆਦਤੀਆਂ ਪਹਿਲਾਂ ਵਾਂਗ ਹੀ ਜਾਰੀ ਰਹੀਆਂ, ਪੁਲਿਸ-ਜ਼ੁਲਮ ਦੇ ਸ਼ਿਕਾਰ ਲੋਕਾਂ ਦੀ ਕੋਈ ਸਾਰ ਨਾ ਲਈ ਗਈ, ਕਿਸੇ ਜ਼ਾਲਮ-ਕਾਤਲ ਪੁਲਸੀਏ 'ਤੇ ਮੁੱਕਦਮਾ ਨਾ ਚਲਾਇਆ ਗਿਆ, ਪੁਲੀਸ ਵੱਲੋਂ ਗਾਇਬ ਕੀਤੇ ਬੇਗੁਨਾਹ ਸਿੱਖਾਂ ਦੀਆਂ ਲਿਸਟਾਂ ਤੱਕ ਨਾ ਬਣਾਈਆਂ ਗਈਆਂ । ਪੰਥ ਅਤੇ ਪੰਜਾਬ ਦੀਆਂ ਮੰਗਾਂ ਨੂੰ ਬਿਲਕੁਲ ਹੀ ਭੁਲਾ ਦਿੱਤਾ ਗਿਆ। **ਇਸ ਤੋਂ ਇਲਾਵਾ ਬਾਦਲ ਸਰਕਾਰ ਨੇ 1999 ਵਿੱਚ ਵਿਦੇਸ਼ਾਂ 'ਚ ਰਹਿੰਦੇ ਸਿੱਖਾਂ ਵਿੱਚੋਂ 177 ਨਵੇਂ ਸਿੱਖਾਂ ਦੇ ਭਾਰਤ ਆਉਂਣ ਤੇ ਰੋਕ ਲਗਵਾਈ। ਹੈਰਾਨੀ ਦੀ ਗੱਲ ਇਹ ਹੈ ਕਿ ਇਹ ਨਾਂਅ ਕਾਂਗਰਸ ਦੀ ਹਕੂਮਤ ਵੇਲੇ ਜਾਂ ਇੰਦਰ ਕੁਮਾਰ ਗੁਜਰਾਲ ਦੀ ਹਕੂਮਤ ਵੇਲੇ ਵੀ ਸ਼ਾਮਿਲ ਨਹੀਂ ਸਨ ਕੀਤੇ ਗਏ।........**

ਅਕਾਲੀ ਦਲ (ਬਾਦਲ) ਸੈਂਟਰ ਵਿੱਚ ਵੀ ਤਾਕਤ ਵਿੱਚ ਭਾਈਵਾਲ ਸੀ। ਉਹ ਤਾਂ ਏਨਾ ਵੀ ਨਹੀਂ ਕਰਵਾ ਸਕਿਆ ਕਿ ਉਹ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਦਾ ਭਾਰਤੀ ਫ਼ੌਜ ਵੱਲੋਂ ਲੁੱਟਿਆ ਕੀਮਤੀ ਖ਼ਜ਼ਾਨਾ ਹੀ ਸੀ.ਬੀ.ਆਈ. ਤੋਂ ਵਾਪਸ ਹਾਸਿਲ ਕਰ ਸਕੇ। ਹਾਲਾਂ ਕਿ **ਜੂਨ 2000 ਵਿੱਚ ਸੀ.ਬੀ.ਆਈ. ਦੇ ਕੁਝ ਅਫ਼ਸਰਾਂ ਨੇ ਐਲਾਨੀਆਂ ਮੰਨਿਆ ਵੀ ਸੀ ਕਿ ਇਹ ਸਾਰੀ ਲਾਇਬ੍ਰੇਰੀ ਫ਼ੌਜ ਵੱਲੋਂ 200 ਤੋਂ ਵੱਧ ਬਕਸਿਆਂ, ਟਰੰਕਾਂ ਤੇ ਬੋਰੀਆਂ ਵਿੱਚ ਪਾਕੇ ਲਿਜਾਈ ਗਈ ਸੀ। ਇਸ ਲਾਇਬ੍ਰੇਰੀ ਵਿੱਚ ਕੋਈ ਵੀ ਸਿਆਸੀ ਸਮਗਰੀ ਨਹੀਂ ਸੀ ਤੇ ਸਿਰਫ ਰੀਸਰਚ ਦਸਤਾਵੇਜ਼ ਸਨ।''** (ਉਪਰੋਕਤ, ਸਫ਼ੇ 1568-71)।

ਬਾਦਲ ਦੇ ਇਸ ਸਿੱਖ ਕੌਮ ਵਿਰੋਧੀ ਵਰਤਾਰੇ ਤੋਂ ਅੱਕ ਕੇ **ਸਿੱਖਾਂ ਨੇ ਆਪਣੇ ਤੌਰ 'ਤੇ ਇੱਕ ਪਬਲਿਕ ਕਮਿਸ਼ਨ ਗਠਨ ਕਰ ਲਿਆ** ਤਾਂ ਕਿ ਖਾੜਕੂਵਾਦ ਦੇ ਦੌਰ ਵਿੱਚ ਸਿੱਖ ਕੌਮ ਦੀ ਸਰਕਾਰ ਵੱਲੋਂ ਕੀਤੀ ਗਈ ਨਸਲਕੁਸ਼ੀ ਦੀ ਜਾਂਚ ਕਰਕੇ ਯੋਗ ਕਾਰਵਾਈ ਕੀਤੀ ਜਾ ਸਕੇ। ਇਸ ਮਿਸ਼ਨ ਵਿੱਚ ਸੁਪਰੀਮਕੋਰਟ ਦੇ ਸੇਵਾ-ਮੁਕਤ ਮਾਣਯੋਗ ਜੱਜ ਜਸਟਿਸ ਕੁਲਦੀਪ ਸਿੰਘ ਜੀ ਨੇ ਪਹਿਲ ਕੀਤੀ। **ਉਨ੍ਹਾਂ ਨੇ ਯੂ.ਐਨ.ਓ. ਦੀ ਇੱਕ ਧਾਰਾ ਤਹਿਤ ਸੇਵਾ ਮੁਕਤ ਜੱਜਾਂ ਤੇ ਆਧਾਰਤ ਇੱਕ ਤਿੰਨ ਮੈਂਬਰੀ ਸੱਚਾਈ ਕਮਿਸ਼ਨ (Truth Finding Commission) ਬਣਾਇਆ।** ਇਸ ਕਮਿਸ਼ਨ ਦੇ ਤਿੰਨੋਂ ਮੁਖੀ ਜੱਜ ਵੀ ਪੰਜਾਬ ਤੋਂ ਬਾਹਰਲੇ, ਗੈਰ-ਸਿੱਖ

ਲਏ। ਇਸ ਕਮਿਸ਼ਨ ਨੇ ਚੰਡੀਗੜ੍ਹ 'ਚ ਆਪਣਾ ਬਕਾਇਦਾ ਦਫ਼ਤਰ ਖੋਲ੍ਹ ਕੇ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਕਮਿਸ਼ਨ ਨੇ ਸਬੰਧਤ ਵਿਅਕਤੀਆਂ ਨੂੰ ਕਮਿਸ਼ਨ ਅੱਗੇ ਪੇਸ਼ ਹੋਣ ਲਈ ਸੰਮਨ ਜਾਰੀ ਕਰਨੇ ਸ਼ੁਰੂ ਕਰ ਦਿੱਤੇ ਤਾਂ ਕਾਤਲ ਪੁਲਸੀਆਂ ਨੂੰ ਭਾਜੜਾਂ ਪੈ ਗਈਆਂ। **ਬਾਦਲ ਸਰਕਾਰ ਨੇ ਇਨ੍ਹਾਂ ਸਬੰਧਤ ਪੁਲਸੀਆਂ ਨੂੰ ਕਾਨੂੰਨ ਦੇ ਸ਼ਿਕੰਜੇ 'ਚੋਂ ਬਚਾਉਂਣ ਲਈ, ਐਡਵੋਕੇਟ ਜਨਰਲ ਗੁਰਦਰਸ਼ਨ ਸਿੰਘ ਗਰੇਵਾਲ ਦੀ ਅਗਵਾਈ 'ਚ, ਸਰਕਾਰੀ ਖਰਚੇ 'ਤੇ ਇੱਕ ਵਕੀਲਾਂ ਦਾ ਪੈਨਲ ਗਠਤ ਕਰ ਦਿੱਤਾ।**

**ਬਾਦਲ ਦੇ ਕੰਟਰੋਲ ਵਿੱਚ ਕੰਮ ਕਰ ਰਹੀ ਸ਼੍ਰੋਮਣੀ ਕਮੇਟੀ ਨੇ ਵੀ ਇਸ ਕਮਿਸ਼ਨ ਦੀ ਕੋਈ ਆਰਥਕ ਜਾਂ ਹੋਰ ਸਹਾਇਤਾ ਨਾ ਕੀਤੀ। ਲੋਕ-ਰਾਜ ਦੇ ਤੀਜੇ ਥੰਮ੍ਹ, ਨਿਆਂਇਪਾਲਕਾ ਨੇ ਵੀ ਇਸ ਮਾਮਲੇ ਵਿੱਚ ਕੋਈ ਉਸਾਰੂ ਲੋਕ-ਪੱਖੀ ਰੋਲ ਅਦਾ ਨਾ ਕੀਤਾ ਤਾਕਿ ਸਰਕਾਰੀ ਜ਼ੁਲਮ ਦੇ ਸ਼ਿਕਾਰ ਹੋਏ ਬੇ-ਗੁਨਾਹ ਲੋਕਾਂ ਨੂੰ ਇਨਸਾਫ਼ ਮਿਲ ਸਕੇ। ਸਿਆਸਦਾਨਾਂ ਅਤੇ ਅਫ਼ਸਰਸ਼ਾਹੀ ਨੇ ਹੱਥ-ਪੈਰ ਮਾਰ ਕੇ ਇਸ ਕਮਿਸ਼ਨ ਨੂੰ ਸੱਚਾਈ ਲੱਭਣ ਦੇ ਕਾਰਜ ਤੋਂ, ਨਿਆਂਪਾਲਕਾ ਦੀ ਸਹਾਇਤਾ ਲੈ ਕੇ, ਕਾਨੂੰਨੀ ਤੌਰ 'ਤੇ ਰੋਕ ਦਿੱਤਾ।**

## ਦਰਬਾਰ ਸਾਹਿਬ ਨੂੰ ਵਿਰਾਸਤੀ ਦਰਜਾ ਦੇਣ ਦੀ ਸਾਜਿਸ਼

ਭਾਰਤ ਵਿਚਲੀ ਸਿੱਖ-ਕੌਮ ਵਿਰੋਧੀ ਲਾਬੀ ਨੇ ਕੁਝ ਕੁ ਸਿੱਖਾਂ ਨੂੰ ਜਿਨ੍ਹਾਂ ਵਿੱਚ ਮਾਸਟਰ ਤਾਰਾ ਸਿੰਘ ਦੀ ਦੋਹਤਰੀ ਬੀਬੀ ਕਿਰਨਜੋਤ ਕੌਰ (ਮੈਂਬਰ ਸ਼੍ਰੋਮਣੀ ਕਮੇਟੀ) ਵੀ ਸ਼ਾਮਿਲ ਸੀ ਹੱਥ-ਠੋਕੇ ਬਣਾ ਕੇ ਦਰਬਾਰ ਸਾਹਿਬ ਨੂੰ ਸਿੱਖ ਕੌਮ ਦੇ ਪ੍ਰਬੰਧਕੀ ਨਿਜ਼ਾਮ ਦੇ ਕੰਟਰੋਲ ਵਿੱਚੋਂ ਕੱਢ ਕੇ ਯੂ.ਐਨ.ਓ. ਦੀ ਇੱਕ ਸ਼ਾਖਾ ਯੂਨੈਸਕੋ ਦੇ ਸਪੁਰਦ ਕਰਨ ਲਈ ਇਸ ਨੂੰ ਵਿਰਾਸਤੀ ਦਰਜਾ ਦੇਣ ਦੇ ਬਹਾਨੇ, 2003-04 ਵਿੱਚ ਇੱਕ ਸਾਜਿਸ਼ ਰਚੀ। ਇਸ ਪ੍ਰਾਜੈਕਟ ਦਾ ਡੋਸ਼ੀਅਰ ਤਿਆਰ ਕਰਨ ਵਾਸਤੇ ਸ਼੍ਰੋਮਣੀ ਕਮੇਟੀ ਦੇ 40 ਲੱਖ ਰੁਪਏ ਖਰਚੇ ਗਏ ਅਤੇ ਇਹ ਸਾਰਾ ਕੰਮ ਗੁਪਤ ਢੰਗ ਨਾਲ ਸਿਰੇ ਚਾੜ੍ਹਨ ਲਈ ਯਤਨ ਕੀਤੇ ਗਏ। ਪਰ ਅਚਾਨਕ ਇਹ ਡੋਸ਼ੀਅਰ ਇੰਗਲੈਂਡ ਦੇ ਡਾਕਟਰ ਜਸਦੇਵ ਸਿੰਘ ਰਾਏ ਦੇ ਹੱਥ ਆ ਗਿਆ। ਉਸ ਨੇ ਇਸ ਬਾਰੇ ਕਾਫ਼ੀ ਰੌਲਾ ਪਾਇਆ ਅਤੇ ਇਸ ਸਿੱਖ ਇਤਿਹਾਸ ਵਿਰੋਧੀ ਡੋਸ਼ੀਅਰ ਦਾ ਕਈ ਸਿੱਖ ਜਥੇਬੰਦੀਆਂ ਅਤੇ ਵਿਦਵਾਨਾਂ ਨੇ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ ਜਿਸ ਦੇ ਫਲਸਰੂਪ ਸ਼੍ਰੋਮਣੀ ਕਮੇਟੀ ਨੂੰ ਮਜ਼ਬੂਰ ਹੋ ਕੇ ਇਹ ਡੋਸ਼ੀਅਰ ਰੱਦ ਕਰਨਾ ਪਿਆ।

## ਫਰਾਂਸ ਵਿੱਚ ਦਸਤਾਰ ਦਾ ਮਸਲਾ

ਮਾਰਚ 2004 ਵਿੱਚ ਫ਼ਰਾਂਸ ਸਰਕਾਰ ਨੇ ਇਕ ਕਾਨੂੰਨ ਪਾਸ ਕਰ ਦਿੱਤਾ ਕਿ ਕੋਈ ਵੀ ਵਿਅਕਤੀ ਸਕੂਲਾਂ ਅਤੇ ਕੰਮ ਵਾਲੀਆਂ ਥਾਵਾਂ ਤੇ ਆਪਣੇ ਧਾਰਮਕ ਚਿੰਨ ਨਹੀਂ ਪਾ ਸਕੇਗਾ। ਬੁਨਿਆਦੀ ਤੌਰ 'ਤੇ ਇਹ ਕਾਨੂੰਨ ਮੁਸਲਮਾਨਾਂ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ



ਲਾਸਾਨੀ ਇਨਕਲਾਬ

ਬਣਾਉਣ ਲਈ ਸੀ, ਪਰ ਸਿੱਖ ਦਸਤਾਰ ਨੂੰ ਇਸ ਕਾਨੂੰਨ ਦੀ ਜੱਦ ਵਿੱਚ ਰੱਖਣ ਦੀ ਵੀ ਸਕੀਮ ਸੀ, ਇਹ ਸਿੱਖਾਂ ਅਤੇ ਮੁਸਲਮਾਨਾਂ ਦੇ ਮਨੁੱਖੀ ਹੱਕਾਂ ਤੇ ਛਾਪਾ ਮਾਰਕੇ ਉਨ੍ਹਾਂ ਨੂੰ ਪਰੇਸ਼ਾਨ ਕਰਨ ਲਈ ਕੀਤਾ ਗਿਆ ਹੈ। ਇਸ ਕਾਲੇ ਕਾਨੂੰਨ ਦੇ ਖ਼ਿਲਾਫ਼ ਕੀਤੀਆਂ ਅਪੀਲਾਂ ਨੂੰ ਫ਼ਰਾਂਸ ਦੀ ਸੁਪਰੀਮ ਕੋਰਟ ਅਤੇ ਯੂਰਪੀਅਨ ਕੋਰਟ ਨੇ ਰੱਦ ਕਰ ਦਿੱਤਾ ਹੈ ਅਤੇ ਹੁਣ ਇਹ ਮਸਲਾ ਯੂ.ਐਨ.ਓ. ਦੇ ਮਨੁੱਖੀ-ਹੱਕਾਂ ਦੇ ਕਮਿਸ਼ਨ ਕੋਲ ਅਮਰੀਕਾ ਦੀ 'ਸਿਖਜ ਫ਼ਾਰ ਜਸਟਿਸ' ਨਾਂ ਦੀ ਗੈਰ-ਸਰਕਾਰੀ ਸੰਸਥਾ ਨੇ ਪੇਸ਼ ਕੀਤਾ ਹੈ। ਪੰਜਾਬ ਦੀ ਬਾਦਲ ਸਰਕਾਰ ਅਤੇ ਭਾਰਤ ਦੀ ਕੇਂਦਰੀ ਸਰਕਾਰ ਨੇ ਮੁਸਲਮਾਨਾਂ ਅਤੇ ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਲਈ ਬਣਦੀ ਸੰਵਿਧਾਨਕ ਜਿਮੇਂਵਾਰੀ ਨਹੀਂ ਨਿਭਾਈ, ਨਹੀਂ ਤਾਂ ਫ਼ਰਾਂਸ ਦੀ ਸਰਕਾਰ ਤੇ ਦਬਾਅ ਪਾਕੇ ਇਸ ਕਾਲੇ ਕਾਨੂੰਨ ਨੂੰ ਰੱਦ ਕਰਵਾਇਆ ਜਾ ਸਕਦਾ ਸੀ।......

## ਪੰਜਾਬ ਨੇ ਪਾਣੀਆਂ ਦੇ ਸਮਝੌਤੇ ਰੱਦ ਕੀਤੇ

"ਇਨ੍ਹਾਂ ਦਿਨਾਂ ਵਿੱਚ ਹਰਿਆਣੇ ਨੇ ਪੰਜਾਬ ਦੇ ਪਾਣੀ ਖੋਹਣ ਵਾਸਤੇ ਚਾਲਾਕੀ ਵਾਲੀਆਂ ਕਾਨੂੰਨੀ ਕਾਰਵਾਈਆਂ ਸ਼ੁਰੂ ਕੀਤੀਆਂ ਹੋਈਆਂ ਸਨ। ਇਹ ਉਨ੍ਹਾਂ ਸਮਝੌਤਿਆਂ ਦੇ ਆਧਾਰ 'ਤੇ ਸਨ ਜਿਹੜੇ ਪੰਜਾਬ ਦੇ ਕਾਂਗਰਸੀ ਮੁੱਖ-ਮੰਤਰੀਆਂ (ਕੈਰੋਂ, ਦਰਬਾਰਾ ਸਿੰਘ) ਅਤੇ ਬਰਨਾਲਾ, ਬਾਦਲ ਵਗੈਰਾ ਨੇ ਪੰਜਾਬ ਨਾਲ ਗ਼ਦਾਰੀ ਕਰਕੇ ਕੀਤੇ ਹੋਏ ਸਨ ਤੇ ਜਾਂ ਫਿਰ ਰਾਜੀਵ-ਲੌਂਗੋਵਾਲ ਸਮਝੌਤੇ ਹੇਠ ਸਨ। **ਜਦ 4 ਜੂਨ 2004 ਨੂੰ ਸੁਪਰੀਮ ਕੋਰਟ ਵੀ ਹਰਿਆਣੇ ਦੇ ਹੱਕ ਵਿੱਚ ਹੋ ਗਈ ਅਤੇ ਪੰਜਾਬ ਨੂੰ ਸਤਲੁਜ-ਯਮਨਾ ਨਹਿਰ ਬਣਾ ਕੇ ਦੇਣ ਦਾ ਹੁਕਮ ਜਾਰੀ ਕਰ ਦਿੱਤਾ ਤਾਂ ਅਮਰਿੰਦਰ ਸਿੰਘ (ਤੱਤਕਾਲੀਨ ਮੁੱਖ-ਮੰਤਰੀ ਪੰਜਾਬ) ਨੇ ਬੜੇ ਖ਼ੁਫ਼ੀਆ ਤਰੀਕੇ ਨਾਲ ਕਾਨੂੰਨ ਦਾ ਮਸੌਦਾ ਤਿਆਰ ਕਰਵਾ ਕੇ 12 ਜੁਲਾਈ 2004 ਦੇ ਦਿਨ ਪੰਜਾਬ ਦੇ ਦਰਿਆਈ ਪਾਣੀਆਂ ਦੇ ਸਾਰੇ ਸਮਝੌਤੇ ਰੱਦ ਕਰਨ ਦਾ ਕਾਨੂੰਨ ਬਣਾ ਦਿੱਤਾ। ਇਸ ਕਾਨੂੰਨ ਦੇ ਖ਼ਿਲਾਫ਼ ਹਰਿਆਣਾ ਨੇ ਤਾਂ ਰੌਲਾ ਪਾਉਂਣਾ ਹੀ ਸੀ, ਬਾਦਲ ਅਕਾਲੀ ਦਲ ਦੇ ਭਾਈਵਾਲਾਂ ਦੀ ਪਾਰਟੀ ਭਾਜਪਾ ਦੇ ਮੁੱਖ ਆਗੂਆਂ (ਅਡਵਾਨੀ, ਸੁਸ਼ਮਾ ਸਵਰਾਜ ਵਗੈਰਾ) ਨੇ ਤਾਂ ਪਾਰਲੀਮੈਂਟ ਵਿੱਚ ਬਹੁਤ ਸ਼ੋਰ ਪਾਇਆ।** ਉਹ ਚਾਹੁੰਦੇ ਸਨ ਕਿ ਕਾਨੂੰਨ ਨੂੰ ਛਿੱਕੇ ਟੰਗ ਕੇ ਪੰਜਾਬ ਨੂੰ ਮਿਲਦਾ 25% ਤੋਂ ਘੱਟ ਪਾਣੀ ਵੀ ਖੋਹ ਲਿਆ ਜਾਵੇ। 1960 ਵਿੱਚ ਜਿਸ 15.5 ਮਿਲੀਅਨ ਏਕੜ ਫ਼ੀਲਡ (ਐਮ.ਏ.ਐਫ਼) ਪਾਣੀ ਤੇ ਪੰਜਾਬ ਦਾ ਹੱਕ ਸੀ, ਉਸ ਵਿੱਚੋਂ 8 ਐਮ.ਏ.ਐਫ਼ ਰਾਜਿਸਥਾਨ ਅਤੇ 1966 ਵਿੱਚ 3.5 ਐਮ.ਏ.ਐਫ਼ ਹਰਿਆਣੇ ਨੂੰ, ਕੁਝ ਚੰਡੀਗੜ੍ਹ ਨੂੰ ਦੇਣ ਤੋਂ ਬਾਅਦ ਪੰਜਾਬ ਨੂੰ ਸਿਰਫ਼ 3.5 ਐਮ.ਏ.ਐਫ਼ ਰਹਿ ਗਿਆ ਸੀ। ਹਰਿਆਣਾ ਯਮਨਾ ਦਾ ਸਾਰਾ ਪਾਣੀ ਵੀ ਲੈ ਰਿਹਾ ਸੀ ਤੇ ਪੰਜਾਬ ਜਿੰਨਾਂ ਪਾਣੀ ਵੀ ਅਤੇ

ਰਾਜਿਸਥਾਨ ਬਿਨਾ ਹੱਕ ਤੋਂ ਅੱਧੇ ਤੋਂ ਵੱਧ ਪਾਣੀ ਮੁਫ਼ਤ ਲੈ ਰਿਹਾ ਸੀ। ਅਮਰਿੰਦਰ ਸਿੰਘ ਦੇ ਇਸ ਐਕਸ਼ਨ ਨਾਲ ਪੰਜਾਬ ਦੀ 9 ਲੱਖ ਏਕੜ ਜ਼ਮੀਨ ਬੰਜ਼ਰ ਹੋਣੋਂ ਬਚ ਗਈ ਤੇ 16 ਲੱਖ ਕਿਸਾਨ ਭੁੱਖੇ ਮਰਨ ਤੋਂ ਬਚ ਗਏ।..... ਜੇ ਉਸ ਦੀ ਥਾਂ 'ਤੇ ਬਾਦਲ ਹੁੰਦਾ ਤਾਂ ਇਹ ਹਰਗਿਜ਼ ਨਾ ਹੋ ਸਕਦਾ।"....

## ਪੰਜਾਬ ਵਿੱਚ ਅਖੌਤੀ 'ਅਤਿਵਾਦ' 'ਤੇ ਬਹਿਸ

....."ਜਦ ਤੱਕ ਬਾਦਲ ਚੀਫ਼ ਮਨਿਸਟਰ ਰਿਹਾ (1997 ਤੋਂ 2002 ਤੱਕ) ਵਾਰ-ਵਰ ਮੰਗ ਕਰਨ ਤੇ ਵੀ ਉਸ ਨੇ ਪੰਜਾਬ ਦੇ 'ਦੁਖਾਂਤ' ਬਾਰੇ ਬਹਿਸ ਨਹੀਂ ਕਰਵਾਈ। ਪਰ ਅਮਰਿੰਦਰ ਸਿੰਘ ਨੇ ਚੈਲੰਜ਼ ਕਰਕੇ 18 ਅਕਤੂਬਰ 2005 ਦੇ ਦਿਨ ਇਸ ਨੁਕਤੇ 'ਤੇ ਬਹਿਸ ਕਰਵਾਈ। ਇਸ ਮੌਕੇ 'ਤੇ ਅਮਰਿੰਦਰ ਸਿੰਘ ਨੇ ਬਾਦਲ ਦੇ ਕਈ ਰਾਜ ਖੋਲ੍ਹੇ ਪਰ ਬਾਦਲ ਮੀਸਣਿਆਂ ਤੇ ਬੇਗ਼ੈਰਤਾਂ ਵਾਂਗ ਖ਼ਚਰਾ ਹਾਸਾ ਹੱਸ ਕੇ ਚੁੱਪ ਕਰਕੇ ਬੈਠਾ ਰਿਹਾ।"....

## ਦਰਬਾਰ ਸਾਹਿਬ ਵਾਸਤੇ ਐਲੀਵੇਟਡ ਸੜਕ, ਰਾਧਾ ਸੁਆਮੀ ਤੇ ਕੂਕੇ

"ਜਦ ਤੱਕ ਬਾਦਲ ਚੀਫ਼ ਮਨਿਸਟਰ ਰਿਹਾ, ਵਾਰ-ਵਾਰ ਮੰਗ ਕਰਨ ਤੇ ਵੀ ਉਸ ਨੇ ਦਰਬਾਰ ਸਾਹਿਬ ਲਈ ਸੜਕ 'ਤੇ ਟਰੈਫ਼ਿਕ ਦਾ ਮਸਲਾ ਹੱਲ ਕਰਨ ਵਾਸਤੇ 'ਐਲੀਵੇਟਿਡ ਸੜਕ' ਨਹੀਂ ਬਣਾਈ ਕਿਉਂਕਿ ਉਸ ਦੇ ਫ਼ਿਰਕੂ ਹਿੰਦੂ ਭਾਈਵਾਲ ਭਾਜਪਾ ਵਾਲੇ ਇਸ ਦੇ ਖਿਲਾਫ਼ ਸਨ। ਜਦ ਅਮਰਿੰਦਰ ਸਿਘ ਚੀਫ਼ ਮਨਿਸਟਰ ਬਣਿਆ (ਫ਼ਰਵਰੀ 2002 ਵਿੱਚ) ਤਾਂ ਉਸਨੇ ਇਹ ਸੜਕ ਬਣਾਉਂਣੀ ਸ਼ੁਰੂ ਕਰ ਦਿੱਤੀ। 2007 ਵਿੱਚ ਜਦ ਬਾਦਲ ਦੋਬਾਰਾ ਆਇਆ ਤਾਂ ਉਸ ਨੇ ਇਹ ਸੜਕ ਗੋਲ ਬਾਗ ਤੱਕ ਕਰਨ ਦਾ ਹੁਕਮ ਜਾਰੀ ਕਰ ਦਿੱਤਾ ਤਾਂ ਜੋ ਇਹ (1923 ਵਿੱਚ ਬਣੇ) ਦੁਰਗਿਆਣਾ ਮੰਦਰ ਤੱਕ ਜਾ ਸਕੇ ਹਾਲਾਂਕਿ ਦੁਰਗਿਆਣਾ ਨੂੰ ਕਦੇ ਵੀ ਟ੍ਰੈਫ਼ਿਕ ਰਸ਼ ਨਹੀਂ ਹੋਇਆ। **ਦਰਬਾਰ ਸਾਹਿਬ ਨਾਲ ਸ਼ਰੀਕਾ ਕਰਨਾ ਫ਼ਿਰਕੂ ਹਿੰਦੂਆਂ ਦਾ ਮਸਲਾ ਹੈ। ਅਮਰਿੰਦਰ ਸਿੰਘ ਨੇ ਦਰਬਾਰ ਸਾਹਿਬ ਨੂੰ ਵੈਟ ਤੋਂ ਛੋਟ ਦਿੱਤੀ ਸੀ, ਬਾਦਲ ਨੇ ਆਉਂਦਿਆਂ ਹੀ 4 ਅਪ੍ਰੈਲ ਨੂੰ ਦੁਰਗਿਆਣਾ ਮੰਦਰ ਨੂੰ ਵੀ ਇਹ ਛੋਟ ਦੇ ਦਿੱਤੀ।**

## ਰਾਧਾ ਸੁਆਮੀ

**ਇੰਜ ਹੀ ਬਾਦਲ ਨੇ ਰਾਧਾ ਸੁਆਮੀ ਡੇਰੇ ਬਿਆਸ ਨੂੰ ਬਹੁਤ ਸਾਰੇ ਟੈਕਸਾਂ ਤੋਂ ਛੋਟ ਦਿੱਤੀ ਹੋਈ ਸੀ ਪਰ ਦਰਬਾਰ ਸਾਹਿਬ ਨੂੰ ਨਹੀਂ। ਇਹ ਛੋਟ ਅਮਰਿੰਦਰ ਸਿੰਘ ਸਰਕਾਰ ਨੇ ਦਿੱਤੀ ਸੀ। ਬਾਦਲ ਨੇ ਤਾਂ ਮੋਹਾਲੀ ਦੇ ਕਈ ਸੈਕਟਰਾਂ ਵਿੱਚ ਗੁਰਦੁਆਰਿਆਂ ਵਾਸਤੇ ਦੋ-ਦੋ ਕਨਾਲ ਜਗ੍ਹਾ ਵੀ ਨਹੀਂ ਸੀ ਦਿੱਤੀ ਪਰ ਮੰਦਰਾਂ ਅਤੇ ਰਾਧਾ ਸੁਆਮੀਆਂ ਤੇ ਹੋਰਾਂ ਵਾਸਤੇ ਪਲਾਟ ਰੀਜ਼ਰਵ ਸਨ। ਮੋਹਾਲੀ ਵਿੱਚ ਤਾਂ ਬਾਦਲ ਨੇ ਰਾਧਾ ਸੁਆਮੀਆਂ ਨੂੰ 250 ਏਕੜ ਦੇ ਕਰੀਬ ਪੂਰਾ ਸੈਕਟਰ ਹੀ ਦੇ ਦਿੱਤਾ ਸੀ ਤੇ ਉਨ੍ਹਾਂ ਨੇ 25-30 ਏਕੜ**





**ਨਾਜਾਇਜ਼ ਜਗ੍ਹਾ ਵੀ ਵਲ ਲਈ ਸੀ ਜਿਹੜੀ ਰੋਸ ਕਰਨ ਦੇ ਬਾਵਜੂਦ ਵੀ ਬਾਦਲ ਨੇ ਵਾਪਸ ਨਹੀਂ ਲਈ।**

## ਨਾਮਧਾਰੀ (ਕੂਕੇ)

2007 ਵਿੱਚ ਬਾਦਲ ਨੇ ਕੂਕਾ ਰਾਮ ਸਿੰਘ ਨੂੰ 'ਸਤਿਗੁਰੂ' ਆਖ ਕੇ ਉਸ ਦੇ ਨਾਂ ਤੇ ਕਈ ਪ੍ਰਾਜੈਕਟ ਸ਼ੁਰੂ ਕੀਤੇ। ਉਸ ਨੇ ਤਾਂ ਤਕਰੀਬਨ 600 ਕਰੋੜ ਰੁਪਏ ਦੇ ਪ੍ਰਾਜੈਕਟ ਕੈਬਨਿਟ ਦੀ ਮੀਟਿੰਗ ਵਿੱਚ ਪਾਸ ਕੀਤੇ।" (ਡਾ. ਦਿਲਗੀਰ : ਉਪਰੋਕਤ, ਸਫ਼ੇ 1651-54)।

# ੧੪.
# ਵਰਤਮਾਨ ਹਾਲਾਤ-ਗੁਰਮਤਿ ਇਨਕਲਾਬ ਬਨਾਮ ਸਿੱਖ ਕੌਮ

ਸੱਭ ਤੋਂ ਪਹਿਲਾਂ ਇੱਥੇ, ਗੁਰੂ ਨਾਨਕ ਸਾਹਿਬ ਦੇ ਇਨਕਲਾਬ ਦਾ ਵਿਕਾਸ ਕਰਨ ਹਿਤ ਹੋਂਦ ਵਿੱਚ ਆਈਆਂ, ਕੁੱਝ ਕੁ ਕੇਂਦਰੀ ਸੰਸਥਾਵਾਂ ਦੀ ਕਾਰਗੁਜ਼ਾਰੀ ਦਾ ਨਿਰਪੱਖ ਹੋਕੇ ਲੇਖ਼ਾ-ਜੋਖ਼ਾ ਕਰਨਾ ਜ਼ਰੂਰੀ ਹੈ।

## ਅਕਾਲ ਤਖ਼ਤ ਸਾਹਿਬ

ਇਹ ਇਲਾਹੀ ਸੰਸਥਾ ਰੱਬੀ-ਧਰਮ ਦੇ ਰਾਜ ਦੀ ਪ੍ਰਭੂਸੱਤਾ ਦੇ ਕੇਂਦਰ ਵਜੋਂ ਹੋਂਦ ਵਿੱਚ ਆਈ ਸੀ। ਸਤਿਗੁਰਾਂ ਦੀ ਬਰਾਬਰੀ ਕਰਕੇ ਸਿੱਖਾਂ ਵੱਲੋਂ ਕਾਇਮ ਕੀਤੇ ਬਾਕੀ ਦੇ ਸਾਰੇ ਤਖ਼ਤ ਗੁਰਮਤਿ-ਜੁਗਤਿ ਸੰਗਤ ਨਹੀਂ ਹਨ ਅਤੇ ਇਨ੍ਹਾਂ ਨੂੰ ਤਖ਼ਤ ਸਾਹਿਬਾਨ ਦੇ ਤੌਰ ਤੇ ਮਾਣਤਾ ਦੇਣ ਨਾਲ ਸਿੱਖ ਕੌਮ ਦੀ ਜਥੇਬੰਦਕ ਸ਼ਕਤੀ ਨੂੰ ਢਾਹ ਹੀ ਲੱਗੀ ਹੈ। ਅੱਜ ਅਸੀਂ ਪ੍ਰਤੱਖ ਦੇਖ ਹੀ ਰਹੇ ਹਾਂ ਕਿ ਇਨ੍ਹਾਂ ਅਖੌਤੀ ਤਖ਼ਤਾਂ ਦੇ 'ਮੁੱਖ-ਸੇਵਾਦਾਰ' ਆਪੋ ਆਪਣੇ ਤਖ਼ਤਾਂ ਦੀ ਸਰਬਉੱਚੱਤਾ ਦਾ ਰਾਗ ਅਲਾਪਦੇ ਹੋਏ ਇੱਕ-ਦੂਜੇ ਦੇ ਗੱਲ ਵਿੱਚ ਗੂਠਾ ਦੇਣ ਤੱਕ ਪਹੁੰਚ ਗਏ ਹਨ। ਗੁਰਮਤਿ-ਵਿਰੋਧੀ ਸ਼ਕਤੀਆਂ ਇਨ੍ਹਾਂ ਨੂੰ ਆਪਣੇ ਹੱਥ-ਠੋਕੇ ਬਣਾਕੇ ਜਿਥੇ ਗੁਰਮਤਿ ਫ਼ਲਸਫ਼ੇ ਨੂੰ ਗੰਧਲਾ ਕਰਕੇ ਪ੍ਰਚਾਰ ਰਹੀਆਂ ਹਨ, ਉੱਥੇ ਸਿੱਖ ਕੌਮ ਅੰਦਰ ਧੜੇਬੰਦੀਆਂ ਅਤੇ ਧੜੇਬੰਦਕ ਝਗੜੇ ਪੈਦਾ ਕਰਕੇ ਕੌਮ ਦਾ ਮਜ਼ਾਕ ਵੀ ਉਡਾ ਰਹੀਆਂ ਹਨ।

## 'ਜਥੇਦਾਰ' ਅਕਾਲ ਤਖ਼ਤ ਸਾਹਿਬ

ਇਸ ਅਹੁਦੇ ਦੀ ਹੋਂਦ ਦਾ ਸਬੂਤ ਗੁਰਮਤਿ ਫ਼ਲਸਫ਼ੇ ਜਾਂ ਸੰਨ ੧੪੬੯ ਤੋਂ ੧੭੦੮ ਤੱਕ ਦੇ ਗੁਰ ਇਤਿਹਾਸ ਵਿੱਚੋਂ ਐਨਕ ਲਗਾ ਕੇ ਲੱਭਿਆਂ ਵੀ ਕਿਧਰੇ ਨਜ਼ਰ ਨਹੀਂ ਪੈਂਦਾ। ੧੯੨੦ ਤੱਕ ਇਸ ਨਾਮ ਦਾ ਕੋਈ ਅਹੁਦਾ ਹੈ ਹੀ ਨਹੀਂ ਸੀ। ਅੱਜ ਤੋਂ 60 ਕੁ ਸਾਲ ਪਹਿਲਾਂ (ਵੀਹਵੀਂ ਸਦੀ ਦੇ ਅੱਧ ਕੁ ਵਿੱਚ) ਇਸ ਗੁਰਮਤਿ-ਵਿਰੋਧੀ ਅਹੁਦੇ ਦੀ ਕਾਢ ਸ਼ਾਤਰ, ਨੀਮ-ਧਾਰਮਿਕ ਸਿੱਖ ਲੀਡਰਾਂ (ਤੱਤਕਾਲੀਨ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਨੇ ਆਪਣੇ ਵਿਰੋਧੀ ਸਿੱਖ ਲੀਡਰਾਂ ਅਤੇ ਸਾਧਾਰਨ ਸਿੱਖਾਂ ਨੂੰ ਧਰਮ ਦੇ ਨਾਂ 'ਤੇ ਦਬਕਾ ਕੇ ਆਪਣੇ ਗੋਡੀਂ ਹੱਥ ਲੁਆਉਂਣ ਲਈ ਕੱਢੀ ਸੀ। ਸਿੱਖ ਕੌਮ ਦੀ ਇਹ 'ਸਰਬ ਸ਼ਕਤੀਮਾਨ' ਹਸਤੀ ਗੁਰਮਤਿ-ਵਿਹੂਣੇ ਨੀਮ-ਧਾਰਮਿਕ ਆਗੂਆਂ ਦੀ ਕਠਪੁਤਲੀ ਬਣਕੇ ਗਿਆਰਵੀਂ ਪਾਤਿਸ਼ਾਹੀ ਤੋਂ ਵੀ ਵੱਧ ਤਾਕਤਾਂ ਨਾਲ ਆਪਣੇ ਆਪ ਨੂੰ ਲੈਸ ਕਰ ਕੇ ਵਿਚਰਦੀ ਹੋਈ ਗੁਰੂ ਨਾਨਕ ਸਾਹਿਬ ਦੇ ਇਲਾਹੀ ਇਨਕਲਾਬ ਦੇ ਵਿਕਾਸ ਦੇ ਰਾਹ ਵਿੱਚ ਹਾਂ-ਪੱਖੀ ਰੋਲ ਅਦਾ ਕਰਨ ਦੀ ਬਜਾਏ ਇੱਕ ਵੱਡਾ ਅੜਿੱਕਾ ਹੀ ਨਹੀਂ ਬਣੀ ਹੋਈ ਬਲਕਿ





ਬਿਪਰਵਾਦੀ ਲਾਬੀ ਦੀ ਸੱਜੀ ਬਾਂਹ ਬਣ ਕੇ ਗੁਰਮਤਿ ਫ਼ਲਸਫ਼ੇ ਦਾ ਮਲੀਆਮੇਟ ਕਰਨ ਤੇ ਲੱਗੀ ਪਈ ਹੈ। ਤਖ਼ਤਾਂ ਦੇ ਮੌਜੂਦਾ 'ਜਥੇਦਾਰਾਂ' ਬਾਰੇ ਆਰ.ਐਸ.ਐਸ. (ਰਾਸ਼ਟਰੀਆ ਸਵੈਮ ਸੇਵਕ ਸੰਘ, ਜਨ-ਸੰਘ ਦੀ ਮਾਂ) ਦੇ ਤਤਕਾਲੀਨ ਮੁਖੀ, ਕੇ. ਸੁਦਰਸ਼ਨ ਨੇ ਪਿੱਛੇ ਜਿਹੇ ਵਿਦੇਸ਼ਾਂ ਵਿੱਚ ਜਾ ਕੇ ਮੀਡੀਆ ਰਾਹੀਂ ਇਸ ਤਰ੍ਹਾਂ ਦਾ ਬਿਆਨ ਦਿੱਤਾ ਸੀ ਕਿ 'ਤਖ਼ਤਾਂ ਦੇ ਜੱਥੇਦਾਰ' ਸਾਡੀ ਬੋਲੀ ਕਿਉਂ ਨਹੀਂ ਬੋਲਣਗੇ ? ਉਹ ਸਾਡੇ (ਆਰ.ਐਸ.ਐਸ. ਦੇ) ਤਨਖ਼ਾਹਦਾਰ ਕਰਿੰਦੇ ਹਨ। ਅਜੇ ਤੱਕ ਇਸ ਬਿਆਨ ਦਾ ਇਨ੍ਹਾਂ ਅਖੌਤੀ 'ਸਿੰਘ ਸਾਹਿਬਾਨਾਂ' ਵੱਲੋਂ ਖੰਡਨ ਕਰਨ ਬਾਰੇ ਕੋਈ ਖ਼ਬਰ ਮੀਡੀਆ ਵਿੱਚ ਵੇਖਣ/ਸੁਣਨ ਨੂੰ ਨਹੀਂ ਮਿਲੀ। ਗੁਰੂ ਨਾਨਕ ਸਾਹਿਬ ਦੇ ਇਲਾਹੀ ਇਨਕਲਾਬ ਨੂੰ ਅਸਫ਼ਲ ਕਰਨ ਲਈ ਇਸ ਅਹੁਦੇ 'ਤੇ ਬਿਰਾਜਮਾਨ ਮੌਜੂਦਾ ਅਨਪੜ੍ਹ/ਅੱਧਖੜ੍ਹ ਹਸਤੀਆਂ ਵੱਲੋਂ ਕੀਤੇ ਕੁੱਝ ਕੁ ਕਾਲੇ ਕਾਰਨਾਮੇ ਹੇਠ ਦਿੱਤੇ ਜਾ ਰਹੇ ਹਨ:

੧. ਨਿਰੋਲ ਗੁਰਮਤਿ ਫ਼ਲਸਫ਼ੇ ਨੂੰ ਸਮਰਪਿਤ ਵਿਦਵਾਨਾਂ ਨੂੰ ਅਤੰਕਤ ਕਰ ਕੇ ਪੰਥ ਵਿੱਚੋਂ ਛੇਕਣਾ ਹਾਲਾਂਕਿ ਗੁਰਮਤਿ ਸਿਧਾਂਤ ਅਨੁਸਾਰ ਇੱਕ ਸਿੱਖ (ਭਾਵੇਂ ਉਹ ਪੰਜ ਪਿਆਰਿਆਂ ਦਾ ਰੂਪ ਧਾਰ ਕੇ ਵੀ ਕਿਉਂ ਨਾ ਪ੍ਰਗਟ ਹੋ ਜਾਵੇ) ਭਾਵੇਂ ਉਹ ਕਿਤਨੇ ਵੀ ਸ਼ਕਤੀਸ਼ਾਲੀ ਅਹੁਦੇ 'ਤੇ ਤਾਇਨਾਤ ਕਿਉਂ ਨਾ ਹੋਵੇ, ਕਿਸੇ ਦੂਜੇ ਸਿੱਖ ਨੂੰ ਗੁਰੂ ਨਾਨਕ ਸਾਹਿਬ ਦੀ ਸਿੱਖੀ 'ਚੋਂ ਖ਼ਾਰਜ ਕਰਨ ਦਾ ਅਧਿਕਾਰ ਹੀ ਨਹੀਂ ਰੱਖਦਾ।

੨. ਗੁਰੂ ਕੀ ਗੋਲਕ ਦੀ ਦੁਰਵਰਤੋਂ ਕਰ ਕੇ ਗੁਰੂ ਨਿੰਦਿਆ ਨਾਲ ਭਰਪੂਰ ਪੁਸਤਕਾਂ (ਗੁਰ ਬਿਲਾਸ ਪਾਤਿਸ਼ਾਹੀ ਛੇਵੀਂ ਆਦਿ) ਸ਼੍ਰੋਮਣੀ ਕਮੇਟੀ ਤੋਂ ਪ੍ਰਕਾਸ਼ਤ ਕਰਵਾਉਂਣੀਆਂ ਅਤੇ ਗੁਰਦੁਆਰਿਆਂ ਵਿੱਚ ਇਨ੍ਹਾਂ ਨਾਕਸ ਰਚਨਾਵਾਂ ਦੀ ਕਥਾ ਕਰਨ ਦੀ ਵਕਾਲਤ ਕਰਨੀ।

੩. ਆਪਣੇ ਸਿਆਸੀ ਆਕਾ ਦੀਆਂ ਗੁਰਮਤਿ-ਵਿਰੋਧੀ ਕਾਲੀਆਂ ਕਰਤੂਤਾਂ 'ਤੇ ਪੜਦੇ ਪਾਉਂਣ ਦੇ ਯਤਨ ਕਰਨੇ ਅਤੇ ਉਸਦੇ ਸਿਆਸੀ ਵਿਰੋਧੀਆਂ ਨੂੰ ਬੇ-ਵਜ੍ਹਾ ਜ਼ਲੀਲ ਕਰਨ ਲਈ ਸਦਾ ਹੀ ਤਤਪਰ ਰਹਿਣਾ।

੪. ਧਰਮ ਦੇ ਨਾਂ ਤੇ ਗੁਰੂ ਦੀ ਗੋਲਕ ਦੀ ਦੁਰਵਰਤੋਂ ਕਰ ਕੇ ਵਿਦੇਸ਼ਾਂ ਦੇ ਸੈਰ-ਸਪੱਟੇ ਕਰਨੇ।

੫. ਇੱਕ ਵੱਡ-ਆਕਾਰੀ, ਅਸ਼ਲੀਲ, ਵਾਮ-ਮਾਰਗੀ, ਗੁਰਮਤਿ-ਵਿਰੋਧੀ ਪੋਥੇ 'ਬਚਿੱਤ੍ਰ ਨਾਟਕ' (ਅਖੌਤੀ ਦਸਮ ਗ੍ਰੰਥ) ਨੂੰ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਵਜੋਂ ਉਭਾਰਨ ਲਈ ਨਾ-ਬਖ਼ਸ਼ਣਯੋਗ ਕਾਲੀਆਂ ਕਰਤੂਤਾਂ ਵਿੱਚ ਸ਼ਿਰਕਤ ਕਰਨਾ।

੬. ਗੁਰਦੁਆਰਿਆਂ ਅੰਦਰ ਨਿਰੋਲ ਗੁਰਮਤਿ ਪ੍ਰਚਾਰ ਕਰਨ ਤੇ ਕਈ ਤਰ੍ਹਾਂ ਦੇ ਘਟੀਆ ਬਹਾਨੇ ਬਣਾ ਕੇ ਪਾਬੰਦੀਆਂ ਲਗਾਉਂਣੀਆਂ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ

੧੯੨੦ ਈ. ਵਿੱਚ 'ਗੁਰਦੁਆਰਾ ਸੁਧਾਰ ਲਹਿਰ' ਨੇ ਗੁਰਦੁਆਰਿਆਂ ਨੂੰ ਭ੍ਰਿਸ਼ਟ

ਮਹੰਤਾਂ ਤੋਂ, ਅਨੇਕਾਂ ਹੀ ਕੁਰਬਾਨੀਆਂ ਦੇ ਕੇ, ਆਜ਼ਾਦ ਕਰਵਾ ਲਿਆ ਅਤੇ ਨਵੰਬਰ ੧੯੨੦ ਈ. ਵਿੱਚ 175 ਮੈਂਬਰਾਂ ਦੀ ਪ੍ਰਾਈਵੇਟ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਕਾਇਮ ਕਰ ਲਈ ਤਾਕਿ ਗੁਰਦੁਆਰਿਆਂ ਨੂੰ ਫਿਰ ਤੋਂ ਗੁਰਮਤਿ ਜੁਗਤਿ ਅਨੁਸਾਰ ਕਾਰਜਸ਼ੀਲ ਕਰਕੇ ਪੰਜਾਬ ਨੂੰ ਅੰਗ੍ਰੇਜ਼ਾਂ ਦੀ ਗ਼ੁਲਾਮੀ ਦੇ ਜੂਲੇ ਹੇਠੋਂ ਕੱਢ ਕੇ, ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਇਨਕਲਾਬ ਦਾ ਵਿਕਾਸ ਕੀਤਾ ਜਾ ਸਕੇ। ਪਰ 1923 ਵਿੱਚ ਅੰਗਰੇਜ਼ੀ ਹਕੂਮਤ ਨੇ ਇਸ ਕਮੇਟੀ ਨੂੰ ਗ਼ੈਰ ਕਾਨੂੰਨੀ ਘੋਸ਼ਤ ਕਰ ਕੇ ਸਾਰੇ ਸਿੱਖ (49 ਲੀਡਰ) ਲੀਡਰਾਂ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ। ੧੯੨੫ ਈ. ਵਿੱਚ ਅੰਗਰੇਜ਼ੀ ਹਕੂਮਤ ਨੇ ਸਿੱਖ ਇਨਕਲਾਬੀਆਂ ਨੂੰ ਸਬਕ ਸਿਖਾਉਂਣ ਲਈ, "ਸਿੱਖ ਗੁਰਦੁਆਰਾ ਐਕਟ-੧੯੨੫" ਵੋਟਾਂ ਦੇ ਗੁਰਮਤਿ-ਵਿਰੋਧੀ ਵਿਧਾਨ ਨੂੰ ਆਧਾਰ ਬਣਾ ਕੇ ਜੇਲ੍ਹ ਵਿੱਚ ਨਜ਼ਰ-ਬੰਦ ਬਹੁ-ਗਿਣਤੀ (ਪਰ ਗੁਰਮਤਿ ਫ਼ਲਸਫ਼ੇ ਦੀ ਡੂੰਘੀ ਸੋਝੀ ਤੋਂ ਕੋਰੇ) ਸਿੱਖ ਲੀਡਰਾਂ ਦੀ ਸਹਿਮਤੀ ਨਾਲ, ਪਾਰਲੀਮੈਂਟ ਤੋਂ ਪਾਸ ਕਰਵਾ ਕੇ, ਸਿੱਖ ਕੌਮ ਦੇ ਗਲ ਵਿੱਚ ਇੱਕ ਮੋਇਆ ਸੱਪ ਲਟਕਾ ਦਿੱਤਾ। ਜੇਲ੍ਹ ਵਿੱਚ ਨਜ਼ਰ-ਬੰਦ ਕੁੱਝ ਕੁ (ਘੱਟ ਗਿਣਤੀ) ਦੂਰ-ਅੰਦੇਸ਼ ਸਿੱਖ ਲੀਡਰਾਂ ਨੇ ਇਸ ਦਾ ਡਟ ਕੇ ਵਿਰੋਧ ਕੀਤਾ, ਪਰ ਉਨ੍ਹਾਂ ਦੀ ਰਾਏ ਨੂੰ ਨਜ਼ਰ-ਅੰਦਾਜ਼ ਕਰ ਦਿੱਤਾ ਗਿਆ। ਅੱਜ ਇਹ ਗੁਰਮਤਿ ਇਨਕਲਾਬ ਨੂੰ ਢਾਹ ਲਾਉਂਣ ਵਾਲੀ ਇੱਕ ਪ੍ਰਮੁੱਖ ਸੰਸਥਾ ਦਾ ਰੂਪ ਧਾਰ ਚੁੱਕੀ ਹੈ ਕਿਉਂਕਿ ਸ਼ਾਤਰ ਸਿਆਸਤਦਾਨਾਂ ਨੇ ਵੋਟਾਂ ਦੇ ਰਸਤੇ ਰਾਹੀਂ ਇਸ ਨੂੰ ਆਪਣੇ ਕਬਜ਼ੇ ਵਿੱਚ ਕਰਕੇ ਆਪਣਾ ਪੱਕਾ ਗ਼ੁਲਾਮ ਬਣਾ ਲਿਆ ਹੈ। ਸ਼ਰਧਾਵਾਨ ਸੰਗਤਿ ਵੱਲੋਂ ਆਪਣੀ ਦਸਵੰਧ ਦੀ ਮਾਇਆ ਜੋ ਇਸ ਕਮੇਟੀ ਦੇ ਪ੍ਰਬੰਧ ਹੇਠ ਗੁਰਦੁਆਰਿਆਂ ਵਿੱਚ ਦਿੱਤੀ ਜਾ ਰਹੀ ਹੈ ਅਤੇ ਜਿਸ ਦੀ ਸਾਲਾਨਾ ਆਮਦਨ ਅਰਬਾਂ ਰੁਪਏ ਹੈ, ਦੀ ਵਰਤੋਂ ਗੁਰਮਤਿ ਇਨਕਲਾਬ ਦੇ ਵਿਕਾਸ ਲਈ ਕਰਨ ਦੀ ਬਜਾਏ, ਗੰਦੀ ਧੜੇਬੰਦਕ ਸਿਆਸਤ ਚਲਾਉਂਣ ਲਈ ਹੀ ਕੀਤੀ ਜਾ ਰਹੀ ਹੈ। ਸਬੂਤ ਵਜੋਂ ਗੁਰਦੁਆਰਾ ਸੁਧਾਰ ਲਹਿਰ ਵੇਲੇ ਤੋਂ ਹੀ ਗੁਰਦੁਆਰਿਆਂ ਵਿੱਚੋਂ ਕੱਢ ਕੇ ਬਾਹਰ ਸੁੱਟੀ ਗਈ ਮਹਾਂ ਗੰਦੀ ਪੁਸਤਕ 'ਗੁਰ ਬਿਲਾਸ ਪਾਤਸ਼ਾਹੀ ਛੇਵੀਂ' ਨੂੰ ਕੁਝ ਕੁ ਸਾਲ ਪਹਿਲਾਂ ਤੱਤਕਾਲੀਨ ਮੁੱਖ-ਸੇਵਾਦਾਰ ਅਕਾਲ ਤਖ਼ਤ ਸਾਹਿਬ (ਜੋਗਿੰਦਰ ਸਿੰਘ ਵੇਦਾਂਤੀ) ਨੇ ਅਮਰਜੀਤ ਸਿੰਘ (ਤਤਕਾਲੀਨ ਲੈਕਚਰਾਰ, ਸ਼ਹੀਦ ਸਿੱਖ ਮਿਸ਼ਨਰੀ ਕਾਲਜ, ਅੰਮ੍ਰਿਤਸਰ) ਨਾਲ ਮਿਲ ਕੇ ਸੰਪਾਦਤ ਕਰ ਕੇ ਸ਼੍ਰੋਮਣੀ (ਜੋ ਹੁਣ ਗੁਣਹੀਣ ਹੋ ਚੁੱਕੀ ਹੈ, ਉੱਤਮ ਨਹੀਂ ਰਹੀ) ਕਮੇਟੀ ਤੋਂ ਪ੍ਰਕਾਸ਼ਤ ਕਰਵਾਇਆ ਹੈ ਅਤੇ ਇਸ ਦੀ ਫਿਰ ਤੋਂ ਗੁਰਦੁਆਰਿਆਂ ਅੰਦਰ ਕਥਾ ਅਰੰਭ ਕਰਾਉਂਣ ਦੇ ਯਤਨ ਕੀਤੇ ਜਾ ਰਹੇ ਹਨ। ਸ਼੍ਰੋਮਣੀ ਕਮੇਟੀ ਨੇ ਹੁਣੇ ਜਿਹੇ ਹੀ ਆਪਣੀ ਧਰਮ ਪ੍ਰਚਾਰ ਕਮੇਟੀ ਦੀ ਮੋਹਰ ਹੇਠ ਹਿੰਦੀ ਵਿੱਚ, ੭੨੨ ਪੰਨਿਆਂ ਦੀ 'ਸਿੱਖ ਇਤਿਹਾਸ' ਨਾਂ ਦੀ ਪੁਸਤਕ ਜਿਸ ਵਿੱਚ ਗੁਰੂ ਨਾਨਕ ਸਾਹਿਬ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਦੀ ਰੱਜ ਕੇ ਤੌਹੀਨ ਕੀਤੀ ਗਈ ਹੈ, ਨੂੰ ਪ੍ਰਕਾਸ਼ਤ ਕਰਕੇ ਦੂਰ-ਦੁਰਾਡੇ ਇਲਾਕਿਆਂ ਵਿੱਚ (ਮੱਧ ਪ੍ਰਦੇਸ਼, ਮਹਾਂਰਾਸ਼ਟਰ ਅਤੇ ਉੜੀਸਾ ਵਿੱਚ ਵਸਦੇ ਵਣਜਾਰੇ ਸਿਕਲੀਗਰਾਂ ਵਿੱਚ) ਪ੍ਰਚਾਰ ਲਈ ਮੁਫ਼ਤ ਵੰਡਿਆ ਹੈ। ਗੁਰੂ ਦੀ ਗੋਲਕ ਦੀ ਲੁੱਟ-ਖਸੁੱਟ, ਇਖ਼ਲਾਕੀ ਭ੍ਰਿਸ਼ਟਾਚਾਰ, ਗੁਰਦੁਆਰਿਆਂ ਦੀਆਂ ਜਾਇਦਾਦਾਂ ਨੂੰ ਹੜੱਪ ਕਰਨ ਦੇ ਇਸ ਕਮੇਟੀ ਵੱਲੋਂ ਕੀਤੇ ਜਾ ਰਹੇ ਕਾਲੇ ਕਾਰਨਾਮੇ ਅਕਸਰ ਹੀ ਅਖ਼ਬਾਰਾਂ





ਦੀਆਂ ਸੁਰਖ਼ੀਆਂ ਬਣੇ ਵੇਖੇ ਜਾ ਸਕਦੇ ਹਨ। ਪਿਛਲੇ ਕੁੱਝ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਆਪਣੇ ਸਿਆਸੀ ਆਕਾ ਦੇ ਲਿਫ਼ਾਫ਼ੇ ਵਿੱਚੋਂ ਨਿਕਲ ਕੇ ਉਸ ਦਾ ਹੀ ਵਫ਼ਾਦਾਰ ਸਿਪਾਹੀ ਬਣ ਕੇ ਵਿਚਰ ਰਿਹਾ ਹੈ। (ਗੁਰੂ ਦੀ ਵਫ਼ਾਦਾਰੀ ਦੇ ਮੁੱਦੇ 'ਤੇ 'ਰੱਬ ਨੇੜੇ ਕਿ ਘਸੁੰਨ' ਵਾਲੀ ਨੀਤੀ ਅਪਣਾਈ ਲਗਦੀ ਹੈ)। ਸ਼੍ਰੋਮਣੀ ਕਮੇਟੀ ਦੀਆਂ ਅਜਿਹੀਆਂ ਕਾਲੀਆਂ ਕਰਤੂਤਾਂ ਦੀ ਸੰਖੇਪ ਜਾਣਕਾਰੀ ਇਸ ਪੁਸਤਕ ਦੇ ਆਖੀਰ (ਦਸਤਾਵੇਜ਼) ਵਿੱਚ ਦਿੱਤੀ ਗਈ ਹੈ।

## ਸ਼੍ਰੋਮਣੀ ਅਕਾਲੀ ਦਲ ਕਿ ਪੰਜਾਬੀ ਪਾਰਟੀ ?

ਗੁਰੂ ਨਾਨਕ ਸਾਹਿਬ ਵੱਲੋਂ ਸਰਬੱਤ ਦੇ ਭਲੇ ਲਈ ਅਰੰਭ ਕੀਤੇ ਇਲਾਹੀ ਇਨਕਲਾਬ ਦੇ ਵਿਕਾਸ ਵਿੱਚ ਸਿਆਸੀ ਪੱਧਰ 'ਤੇ ਬਣਦਾ ਯੋਗਦਾਨ ਪਾਉਂਣ ਲਈ ਤੱਤਕਾਲੀਨ ਇਨਕਲਾਬੀ ਸਿੱਖ ਲੀਡਰਾਂ ਨੇ ਅਕਾਲ ਤਖ਼ਤ, ਅੰਮ੍ਰਿਤਸਰ ਦੇ ਸਨਮੁਖ ਇਕੱਤਰ ਹੋ ਕੇ ਦਸੰਬਰ ੧੯੨੦ ਵਿੱਚ ਸ਼੍ਰੋਮਣੀ ਅਕਾਲੀ ਦਲ ਦਾ ਗਠਨ ਕੀਤਾ ਸੀ। ਸਿੱਖੀ ਸਰੂਪ ਵਿੱਚ ਵਿਚਰ ਰਹੇ ਕੁੱਝ ਕੁ ਮਨੂੰਵਾਦੀਆਂ ਦੇ ਹਿਮਾਇਤੀ ਅਕਾਲੀ ਲੀਡਰਾਂ ਨੇ, ਅਣ-ਅਧਿਕਾਰਤ ਤੌਰ 'ਤੇ ੧੯੯੬ 'ਚ ਮੋਗਾ ਵਿਖੇ ਇਕੱਠ ਕਰ ਕੇ ਸ਼੍ਰੋਮਣੀ ਅਕਾਲੀ ਦਲ ਦਾ ਭੋਗ ਪਾ ਕੇ ਇਸ ਨੂੰ ਅਮਲੀ ਤੌਰ ਤੇ ਇੱਕ ਪੰਜਾਬੀ ਪਾਰਟੀ ਬਣਾ ਦਿੱਤਾ ਅਤੇ ਗੁਰਮਤਿ-ਵਿਰੋਧੀ ਵੋਟਾਂ ਦੇ ਵਿਧਾਨ ਦੀ ਦੁਰਵਰਤੋਂ, ਕਰਕੇ ਗੁਰਮਤਿ ਇਨਕਲਾਬ ਦੇ ਵਿਕਾਸ ਲਈ ਹੋਂਦ ਵਿੱਚ ਆਈਆਂ ਸੰਸਥਾਵਾਂ (ਗੁਰਦੁਆਰੇ, ਅਕਾਲ ਤਖ਼ਤ ਸਾਹਿਬ) 'ਤੇ ਕਬਜ਼ਾ ਕਰ ਲਿਆ। ਲਗਦਾ ਹੈ ਕਿ ਅਜਿਹਾ ਗੁਰਮਤਿ-ਵਿਰੋਧੀ ਕਾਰਨਾਮਾ ਮਨੂੰਵਾਦੀਆਂ ਦੀ ਸਾਜ਼ਿਸ਼ ਅਧੀਨ ਲਾਸਾਨੀ ਗੁਰਮਤਿ ਇਨਕਲਾਬ ਨੂੰ ਸਿਆਸੀ ਪੱਧਰ 'ਤੇ ਮਾਰੂ ਢਾਹ ਲਾਉਂਣ ਲਈ ਹੀ ਕੀਤਾ ਗਿਆ ਸੀ ਜਿਸ ਦੇ ਤਬਾਹਕੁਨ ਨਤੀਜੇ ਅੱਜ ਇੱਕ ਆਮ ਸਿਆਸੀ ਸੂਝ-ਬੂਝ ਰੱਖਣ ਵਾਲੇ ਵਿਅਕਤੀ ਦੀ ਸਮਝ ਵਿੱਚ ਵੀ ਸਹਜੇ ਹੀ ਆ ਰਹੇ ਹਨ। ਅੱਜ ਸਿੱਖੀ ਸਰੂਪ ਵਿੱਚ ਵਿਚਰ ਰਹੇ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਬੇਸ਼ਰਮ ਹੋ ਕੇ ਨੈਤਿਕ ਕਦਰਾਂ-ਕੀਮਤਾਂ ਨੂੰ ਮੁਕੰਮਲ ਤੌਰ ਤੇ ਛਿੱਕੇ 'ਤੇ ਟੰਗ ਕੇ, ਸੱਤਾ ਦੀ ਕੁਰਸੀ 'ਤੇ ਕਾਬਜ਼ ਹੋਣ ਲਈ ਵੋਟਰਾਂ ਨੂੰ ਨਸ਼ੇ, ਨੋਟ ਅਤੇ ਅਹੁਦਿਆਂ ਦੇ ਲਾਲਚ ਦੇ ਕੇ ਚੋਣਾਂ ਵਿੱਚ ਸਫ਼ਲਤਾ ਹਾਸਿਲ ਕਰਨ ਨੂੰ ਮਾੜੀ ਗੱਲ ਨਹੀਂ ਸਮਝਦੇ। ਇਨ੍ਹਾਂ ਦੀਆਂ ਅਜਿਹੀਆਂ ਕਾਲੀਆਂ ਕਰਤੂਤਾਂ ਨਾਲ ਸੰਸਾਰ ਵਿੱਚ ਸਿੱਖ ਕੌਮ ਦਾ ਸਿਰ ਨੀਵਾਂ ਹੁੰਦਾ ਰਿਹਾ ਹੈ। ਇਨ੍ਹਾਂ ਦੀਆਂ ਇਹ ਸ਼ਰਮਨਾਕ ਕਾਰਵਾਈਆਂ ਗੁਰੂ ਨਾਨਕ ਸਾਹਿਬ ਦੇ ਖ਼ਿਲਾਫ਼ ਖੁੱਲ੍ਹਮ-ਖੁੱਲ੍ਹੀ ਬਗ਼ਾਵਤ ਹਨ।

**ਅੱਜ ਲੋੜ ਹੈ ਕਿ ਬਾਬੇ ਨਾਨਕ ਦੇ ਇਲਾਹੀ ਇਨਕਲਾਬ ਤੋਂ ਭਗੌੜੇ ਹੋ ਚੁੱਕੇ ਖ਼ੁਦਗਰਜ਼ ਸਿਆਸੀ ਲੀਡਰਾਂ ਨੂੰ ਸ਼੍ਰੋਮਣੀ ਅਕਾਲੀ ਦਲ ਦੇ ਨਾਮ ਦੀ ਦੁਰਵਰਤੋਂ ਕਰਨ ਤੋਂ ਰੋਕਿਆ ਜਾਵੇ ਅਤੇ ਸ਼੍ਰੋਮਣੀ ਅਕਾਲੀ ਦਲ ਨੂੰ ਇਸ ਢੰਗ ਨਾਲ ਪੁਨਰ-ਸੁਰਜੀਤ ਕਰ ਕੇ ਜੱਥੇਬੰਦ ਕੀਤਾ ਜਾਵੇ ਕਿ ਇਸ ਦੇ ਨਵੇਂ ਸਿਰੇ ਤੋਂ ਬਣਾਏ ਗੁਰਮਤਿ ਅਨੁਸਾਰੀ ਵਿਧਾਨ ਦੀ ਦੁਰ-ਵਰਤੋਂ ਨੂੰ**

**ਅਸੰਭਵ ਬਣਾ ਦਿੱਤਾ ਜਾਵੇ ਤਾਕਿ ਭਵਿੱਖ ਵਿੱਚ ਕੋਈ 'ਸਿੱਖ ਕੌਮ ਦਾ ਗ਼ਦਾਰ' ਇਸ ਜਥੇਬੰਦੀ ਨੂੰ ਗੁਰਮਤਿ ਗਾਡੀ-ਰਾਹ ਤੋਂ ਲਾਂਭੇ ਨਾ ਕਰ ਸਕੇ।**

**ਤੱਤ ਸਾਰ: ਇਹ ਇੱਕ ਅੱਤੀ ਦੁਖਦਾਈ ਹਕੀਕਤ ਹੈ ਕਿ ਗੁਰਮਤਿ ਇਨਕਲਾਬ ਦਾ ਸੰਸਾਰ ਵਿੱਚ ਵਿਕਾਸ ਕਰਨ ਲਈ ਹੋਂਦ ਵਿੱਚ ਆਈ ਸ਼੍ਰੋਮਣੀ ਕਮੇਟੀ, ਅਕਾਲ ਤਖ਼ਤ ਸਾਹਿਬ ਦਾ ਪ੍ਰਬੰਧਕੀ ਨਿਜ਼ਾਮ ਅਤੇ ਸ਼੍ਰੋਮਣੀ ਅਕਾਲੀ ਦਲ, ਗੁਰਮਤਿ ਗਾਡੀ-ਰਾਹ ਤੋਂ ਬੁਰੀ ਤਰ੍ਹਾਂ ਭੱਟਕ ਹੀ ਨਹੀਂ ਚੁੱਕੇ ਬਲਕਿ ਗੁਰਮਤਿ-ਵਿਰੋਧੀ ਸਫ਼ਾਂ ਵਿੱਚ ਬੜੀ ਬੇਸ਼ਰਮੀ ਨਾਲ ਜਾ ਰਲੇ ਹਨ। ਇਨ੍ਹਾਂ ਪ੍ਰਥਾਏ, ਗੁਰੂ ਗ੍ਰੰਥ ਸਾਹਿਬ ਦੇ ਇਹ ਫ਼ੁਰਮਾਨ ਬਹੁਤ ਢੁਕਵੇਂ ਪ੍ਰਤੀਤ ਹੋ ਰਹੇ ਹਨ -**

*ਵਜਹੁ ਸਾਹਿਬ ਕਾ ਸੇਵ ਬਿਰਾਨੀ॥ ਐਸੇ ਗੁਨਹ ਅਛਾਦਿਓ ਪ੍ਰਾਨੀ॥*
*(ਮ: ੫, ੩੭੬)*

**ਭਾਵ:** (ਹੇ ਭਾਈ) ਮਨੁੱਖ ਵਿਕਾਰਾਂ ਹੇਠ ਇਉਂ ਦੱਬਿਆ ਰਹਿੰਦਾ ਹੈ ਕਿ ਖਾਂਦਾ ਤਾਂ ਹੈ, ਮਾਲਕ ਪ੍ਰਭੂ ਦਾ ਦਿੱਤਾ ਹੋਇਆ ਪਰ ਸੇਵਾ ਕਰਦਾ ਹੈ ਬਿਗਾਨੀ। (ਮਾਲਕ- ਪ੍ਰਭੂ ਨੂੰ ਯਾਦ ਕਰਨ ਦੀ ਥਾਂ) ਮਾਇਆ ਦੀਆਂ ਹੀ ਸੋਚਾਂ ਸੋਚਦਾ ਹੈ। ਭਾਵ, ਇਨ੍ਹਾਂ ਸੰਸਥਾਵਾਂ ਦੇ ਪ੍ਰਬੰਧਕੀ ਨਿਜ਼ਾਮ ਖਾਂਦੇ ਤਾਂ ਹਨ ਗੁਰੂ ਗ੍ਰੰਥ ਸਾਹਿਬ ਦੀ ਗੋਲਕ ਦੀ ਮਾਇਆ (ਤਨਖ਼ਾਹ ਤੇ ਹੋਰ ਸੁੱਖ-ਸਹੂਲਤਾਂ ਦੇ ਰੂਪ 'ਚ) ਪਰ ਸੇਵਾ ਕਰਦੇ ਹਨ ਮਨੁੱਖੀ ਹੱਕਾਂ ਦੇ ਵਿਰੋਧੀਆਂ (ਬਾਣੀਆ–ਬ੍ਰਾਹਮਣ–ਹਾਕਮ ਤਿੱਕੜੀ) ਦੀ।

## ਧਰਮ ਦੇ ਨਾਂ ਤੇ ਹੋਂਦ ਵਿੱਚ ਆਏ ਵੱਖ-ਵੱਖ ਜਥੇ, ਫ਼ਿਰਕੇ, ਟਕਸਾਲਾਂ, ਠਾਠਾਂ ਅਤੇ ਡੇਰੇ

ਪਿੱਛੇ ਵਿਚਾਰ ਕੀਤਾ ਜਾ ਚੁੱਕਾ ਹੈ ਕਿ **ਸਾਰੀ ਮਨੁੱਖਤਾ ਦਾ ਇੱਕੋ-ਇੱਕ ਧਰਮ ਹੈ ਅਤੇ ਉਹ ਹੈ, ਇਨਸਾਨੀਅਤ ਯਾਨਿ ਕਿ ਪ੍ਰਭੂ-ਪਿਤਾ ਵੱਲੋਂ ਸਾਜੀ ਸ੍ਰਿਸ਼ਟੀ ਅੰਦਰ 'ਮਨੁੱਖ ਦੇ ਹੱਕ ਅਤੇ ਫਰਜ਼' ਜਿਸ ਨੂੰ ਗੁਰੂ ਨਾਨਕ ਸਾਹਿਬ ਨੇ 'ਹੁਕਮਿ ਰਜ਼ਾਈ ਚੱਲਣਾ' ਕਹਿ ਕੇ ਬਿਆਨ ਕੀਤਾ ਹੈ। ਇਸੇ ਦਾ ਨਾਮ ਹੀ 'ਪ੍ਰੇਮਾ-ਭਗਤੀ' ਹੈ ਅਤੇ ਇਹੋ ਹੀ ਇੱਕੋ-ਇੱਕ ਰਸਤਾ (ਗਿਆਨ-ਮਾਰਗ) ਹੈ ਮਨੁੱਖਾ ਜੀਵਨ ਨੂੰ ਸਫ਼ਲ ਕਰਕੇ ਪ੍ਰਭੂ-ਪਿਤਾ ਦੇ ਦਰ 'ਤੇ ਪ੍ਰਵਾਨ ਹੋਣ ਦਾ।**

ਪਰ ਹੈਰਾਨੀ ਦੀ ਗੱਲ ਹੈ ਕਿ ਗੁਰੂ ਨਾਨਕ ਸਾਹਿਬ ਦੇ ਸੱਚੇ ਅਤੇ ਪੱਕੇ ਸਿੱਖ ਅਖਵਾਉਣ ਦਾ ਦਾਅਵਾ ਕਰਨ ਵਾਲਿਆਂ ਨੇ ਹੀ ਧਰਮ ਦੇ ਨਾਂ ਤੇ ਸਿੱਖ ਕੌਮ ਵਿੱਚ ਵੰਡੀਆਂ ਪਾਕੇ ਆਪੋ-ਆਪਣੇ ਅਲੱਗ-ਅਲੱਗ ਜਥੇ (ਜਾਂ ਫ਼ਿਰਕੇ?) ਟਕਸਾਲਾਂ, ਠਾਠਾਂ ਅਤੇ ਡੇਰੇ ਕਾਇਮ ਕਰ ਲਏ। ਜੇਕਰ ਸਿੱਖ ਕੌਮ ਦਾ (ਬਲਕਿ ਸਮੁੱਚੀ ਮਨੁੱਖਤਾ ਦਾ ਹੀ)





'ਇੱਕ ਇਸ਼ਟ' ਹੈ (ਪ੍ਰਭੂ-ਪਿਤਾ), 'ਇੱਕ ਸ਼ਬਦ-ਗੁਰੂ' (ਗੁਰਬਾਣੀ) ਹੈ, 'ਇੱਕ ਧਰਮ-ਅਸਥਾਨ' ਹੈ (ਸ਼ਬਦ-ਗੁਰੂ ਦਾ ਦਰ, ਗੁਰਦੁਆਰਾ), 'ਇੱਕ ਸਿਧਾਂਤ' (ਗੁਰਮਤਿ ਸਿਧਾਂਤ) ਹੈ, 'ਇੱਕੋ ਮਿਸ਼ਨ' (ਰੱਬੀ ਧਰਮ ਦਾ ਰਾਜ) ਹੈ, 'ਇੱਕੋ ਰਸਤਾ' ਹੈ (ਗੁਰਮਤਿ-ਮਾਰਗ), 'ਇੱਕੋ ਮੰਜ਼ਿਲ' ਹੈ (ਪ੍ਰਭੂ-ਪ੍ਰਾਪਤੀ) ਤਾਂ ਫਿਰ ਇਨ੍ਹਾਂ ਅਲੱਗ-ਅਲੱਗ ਜਥਿਆਂ, ਟਕਸਾਲਾਂ, ਠਾਠਾਂ, ਡੇਰਿਆਂ ਅਤੇ ਫ਼ਿਰਕਿਆਂ ਦੀ ਹੋਂਦ ਦਾ ਰਾਜ਼ ਕੀ ਹੈ? ਆਓ, ਜ਼ਰਾ ਨਿਰਪੱਖਤਾ ਨਾਲ ਵਿਚਾਰ ਕਰਨ ਦਾ ਯਤਨ ਕਰੀਏ।

ਪਿੱਛੇ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਬੰਦਾ ਸਿੰਘ ਬਹਾਦਰ ਦੀ ਸ਼ਹੀਦੀ (1716) ਤੋਂ ਬਾਅਦ ਸਮੁੱਚੀ ਸਿੱਖ ਕੌਮ ਤਕਰੀਬਨ 65-70 ਸਾਲ, ਘਰੋਂ ਬੇਘਰ ਹੋਕੇ ਬਿਪਤਾ ਦੀ ਮਾਰੀ, ਜ਼ਿੰਦਗੀ-ਮੌਤ ਦੇ ਤਿੱਖੇ ਹਥਿਆਰਬੰਦ ਸੰਘਰਸ਼ ਵਿੱਚ ਉਲਝੀ ਰਹੀ ਅਤੇ ਇਸ ਸਮੇਂ ਦੌਰਾਨ ਜਥੇਬੰਦਕ ਅਤੇ ਵਿਉਂਤਬੰਦ ਢੰਗ ਨਾਲ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਦੋ-ਤਿੰਨ ਪੁਸ਼ਤਾਂ ਨੂੰ ਨਹੀਂ ਸੀ ਦਿੱਤੀ ਜਾ ਸਕੀ। ਨਤੀਜਾ ਇਹ ਨਿਕਲਿਆ ਕਿ ਕੌਮ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਸਿਧਾਂਤਾਂ ਦੀ ਸਪੱਸ਼ਟਤਾ ਬਾਰੇ ਇਕਸਾਰਤਾ ਕਾਇਮ ਨਾ ਰੱਖ ਸਕੀ। ਇਥੋਂ ਹੀ ਸਾਰੇ ਵਖਰੇਵੇਂ ਦੀ ਜੜ੍ਹ ਲੱਗੀ। ਜਿਸ ਜਿਸ ਲੀਡਰ (ਜਾਂ ਅਖੌਤੀ ਸੰਤ-ਬਾਬੇ) ਨੇ ਜਿੰਨੀ ਕੁ ਸਿਧਾਂਤਾਂ ਬਾਰੇ ਸੋਝੀ ਹਾਸਿਲ ਕੀਤੀ, ਉਹ ਉਸੇ ਮੁਤਾਬਿਕ ਹੀ ਆਪੋ-ਆਪਣੀ ਸਿੱਖੀ-ਸੇਵਕੀ ਕਾਇਮ ਕਰਨ ਦੇ ਰਾਹ ਪੈ ਗਿਆ ਅਤੇ ਗਿਆਨ-ਵਿਹੂਣੀ ਆਮ ਸਿੱਖ ਜਨਤਾ ਉਨ੍ਹਾਂ ਦੇ ਪਿੱਛੇ ਲੱਗ ਤੁਰੀ, ਯਾਨਿ ਕਿ ਸਿਧਾਂਤ ਨਾਲੋਂ ਟੁੱਟ ਕੇ ਸ਼ਖ਼ਸ਼ੀਅਤਾਂ ਨਾਲ ਜੁੜ ਗਈ। ਇਨ੍ਹਾਂ ਧਾਰਮਿਕ ਆਗੂਆਂ ਵਿੱਚੋਂ ਬਹੁਤੇ ਭਾਵੇਂ ਨੇਕ ਅਤੇ ਸਰਬੱਤ ਦਾ ਭਲਾ ਲੋਚਨ ਵਾਲੇ ਸਨ ਪਰ ਸਮੁੱਚੇ ਗੁਰਮਤਿ ਸਿਧਾਂਤਾਂ ਦੀ ਸਪੱਸ਼ਟਤਾ ਨਾ ਹੋਣ ਕਰਕੇ ਅਣਜਾਣੇ ਵਿੱਚ ਹੀ ਆਪੋ-ਆਪਣੇ ਜਥੇ, ਟਕਸਾਲਾਂ, ਠਾਠਾਂ ਅਤੇ ਡੇਰੇ ਕਾਇਮ ਕਰਨ ਦੀ ਗੁਰਮਤਿ-ਵਿਰੋਧੀ ਕਾਰਵਾਈ ਕਰ ਬੈਠੇ। ਦੂਜੇ ਪਾਸੇ, ਸਿੱਖ ਜੰਤਾ ਦੀ ਅਗਿਆਨਤਾ ਅਤੇ ਭੋਲੇਪਨ ਦਾ ਨਾਜਾਇਜ਼ ਫ਼ਾਇਦਾ ਉਠਾ ਕੇ ਕੁਝ ਸ਼ਾਤਰ, ਖ਼ੁਦਗਰਜ਼, ਬਦਮਾਸ਼ ਕਿਸਮ ਦੇ ਬੰਦੇ ਵੀ ਧਾਰਮਿਕ ਲਿਬਾਸ (ਲੰਮੇ ਚੋਲੇ, ਗੋਲ ਦਸਤਾਰਾਂ, ਕਰਾਰ ਆਦਿ) ਪਹਿਨ ਕੇ, ਧਾਰਮਿਕ ਹੋਣ ਦਾ ਪ੍ਰਭਾਵ ਦੇ ਕੇ ਆਪੋ-ਆਪਣੇ ਡੇਰੇ ਕਾਇਮ ਕਰ ਬੈਠੇ ਜਿਨ੍ਹਾਂ ਦਾ ਮਕਸਦ ਭੋਲੀ ਸਿੱਖ ਸੰਗਤਿ ਦੇ ਤਨ, ਮਨ ਅਤੇ ਧਨ ਦਾ ਸ਼ੋਸ਼ਨ ਕਰਨਾ ਹੀ ਸੀ ਅਤੇ ਅੱਜ ਵੀ ਹੈ।

## ਗੁਰਦੁਆਰੇ ਕਿ ਬ੍ਰਾਹਮਣਦੁਆਰੇ ?

ਕਿਸੇ ਵਿਰਲੇ-ਵਿਰਲੇ ਗੁਰਦੁਆਰੇ ਤੋਂ ਸਿਵਾਇ, ਬਾਕੀ ਸਾਰੇ ਗੁਰਦੁਆਰੇ ਹੀ ਗੁਰੂ ਸਾਹਿਬ ਦੇ ਇਲਾਹੀ ਇਨਕਲਾਬ ਦਾ ਸਥਾਨਕ ਪੱਧਰ ਤੇ ਵਿਕਾਸ ਕਰਨ ਲਈ ਸਤਿਗੁਰਾਂ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ, ਜਾਣੇ ਜਾਂ ਅਣਜਾਣੇ ਵਿੱਚ, ਮੁਕੰਮਲ ਤੌਰ 'ਤੇ ਵਿਸਾਰਕੇ ਗੁਰਮਤਿ ਦੇ ਨਾਂਅ 'ਤੇ ਬ੍ਰਾਹਮਣਵਾਦ ਦਾ ਪ੍ਰਚਾਰ ਕਰਦੇ ਹੀ ਨਜ਼ਰ ਆ ਰਹੇ ਹਨ। ਇਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਗੁਰਮਤਿ-ਵਿਰੋਧੀ ਆਪ–ਹੁਦਰੀਆਂ ਕਾਰਵਾਈਆਂ ਦੀਆਂ ਕੁੱਝ ਕੁ ਮਿਸਾਲਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ:

## ੧. ਜ਼ਾਤ-ਬਰਾਦਰੀਆਂ ਅਤੇ ਦੇਵਤਿਆਂ ਦੇ ਨਾਂ ਤੇ ਗੁਰਦੁਆਰੇ ਉਸਾਰਣੇ

ਗੁਰਮਤਿ ਸਿਧਾਂਤਾਂ ਦੇ ਉਲਟ ਗੁਰਦੁਆਰੇ ਜ਼ਾਤ-ਬਰਾਦਰੀਆਂ, ਸੰਪਰਦਾਵਾਂ, ਮਨੋਕਲਪਿਤ ਦੇਵਤਿਆਂ (ਵਿਸ਼ਵਕਰਮਾ ਆਦਿ) ਦੇ ਨਾਂ ਤੇ ਉਸਾਰੇ ਜਾ ਚੁੱਕੇ ਹਨ; ਹਾਲਾਂਕਿ ਧੁਰ ਕੀ ਬਾਣੀ ਜ਼ਾਤ-ਪਾਤ, ਬਰਾਦਰੀਆਂ, ਸੰਪਰਦਾਵਾਂ, ਦੇਵੀ-ਦੇਵਤਿਆਂ ਦਾ ਮੁਕੰਮਲ ਤੌਰ ਤੇ ਸਖ਼ਤੀ ਨਾਲ ਖੰਡਨ ਕਰਦੀ ਹੈ।

*ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥*
*ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (ਮ.੩, ੧੧੨)*

*ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ॥ (ਮ:੧, ੬੩੭)*

## ੨. 'ਸੰਗਰਾਂਦ', ਥਿਤਾਂ-ਵਾਰਾਂ ਨੂੰ ਵਿਸ਼ੇਸ਼ ਮਾਨਤਾ (ਬ੍ਰਾਹਮਣਵਾਦ ਦਾ ਪ੍ਰਚਾਰ)

ਬਿਪਰਨ ਕੀ ਰੀਤਿ ਅਨੁਸਾਰ, ਸੰਗਰਾਂਦਾਂ, ਪੂਰਨਮਾਸ਼ੀਆਂ, ਮੱਸਿਆਵਾਂ, ਦਸਵੀਆਂ, ਸ਼ਨਿਚਰਵਾਰਾਂ ਆਦਿ ਨੂੰ ਵਿਸ਼ੇਸ਼ ਦੀਵਾਨ ਸਜਾ ਕੇ ਇਨ੍ਹਾਂ ਨੂੰ ਵਿਸ਼ੇਸ਼ ਮਾਨਤਾ ਦਿੱਤੀ ਜਾ ਰਹੀ ਹੈ :

*"ਸਤਿਗੁਰ ਬਾਝਹੁ ਅੰਧੁ ਗੁਬਾਰੁ॥*
*ਥਿਤੀ ਵਾਰ ਸੇਵਹਿ ਮੁਗਧ ਗਵਾਰ॥ (ਮ.੩, ੮੪੩)*

**ਭਾਵ:** ਪਰਮੇਸ਼ਰ ਦੀ ਸ਼ਰਣ ਆਉਂਣ ਤੋਂ ਬਿਨਾਂ ਮਨੁੱਖ (ਆਤਮਕ ਜੀਵਨ ਵੱਲੋਂ) ਪੂਰੇ ਤੌਰ 'ਤੇ ਅੰਨ੍ਹਾ ਹੋਇਆ ਰਹਿੰਦਾ ਹੈ, (ਪ੍ਰਭੂ ਦਾ ਆਸਰਾ-ਪਰਨਾ ਛੱਡ ਕੇ) ਮੂਰਖ ਮਨੁੱਖ ਹੀ ਥਿੱਤਾਂ-ਵਾਰਾਂ ਮਨਾਉਂਦੇ ਫਿਰਦੇ ਹਨ।

## ੩. ਗੁਰਦੁਆਰਿਆਂ ਅੰਦਰ ਸਮਾਧਾਂ

ਕੁਝ ਗੁਰਦੁਆਰਿਆਂ ਦੀ ਹਦੂਦ ਅੰਦਰ ਸਮਾਧਾਂ (ਮੜ੍ਹੀਆਂ) ਵੀ ਬਣੀਆਂ ਵੇਖੀਆਂ ਜਾ ਸਕਦੀਆਂ ਹਨ, ਅਤੇ ਗੁਰਮਤਿ ਸਿਧਾਂਤਾਂ ਨਾਲੋਂ ਟੁੱਟੀਆਂ ਹੋਈਆਂ ਸੰਗਤਾਂ ਇਨ੍ਹਾਂ ਦੀਆਂ ਪਰਕਰਮਾਂ ਕਰ ਕੇ, ਇਨ੍ਹਾਂ ਅੱਗੇ ਨੱਕ ਰਗੜਦੀਆਂ ਆਮ ਹੀ ਵੇਖੀਆਂ ਜਾ ਸਕਦੀਆਂ ਹਨ। ਗੁਰੂ ਨਾਨਕ ਸਾਹਿਬ ਦਾ ਆਲਮਗੀਰੀ ਫ਼ਲਸਫ਼ਾ ਅਜਿਹੇ ਪਾਖੰਡ-ਕਰਮਾਂ ਨੂੰ ਮੁੱਢੋਂ ਹੀ ਰੱਦ ਕਰਦਾ ਹੈ।

*ਦੁਬਿਧਾ ਨ ਪੜਉ, ਹਰਿ ਬਿਨੁ ਹੋਰ ਨ ਪੂਜਉ, ਮੜੈ ਮਸਾਣਿ ਨ ਜਾਈ॥*
*ਤ੍ਰਿਸਨਾ ਰਾਚਿ ਨ ਪਰ ਘਰਿ ਜਾਵਾਂ, ਤ੍ਰਿਸਨਾ ਨਾਮਿ ਬੁਝਾਈ॥*
*(ਮ.੧, ੬੩੪)*

**ਭਾਵ :** ਮੈਂ ਪਰਮਾਤਮਾ ਤੋਂ ਬਿਨਾਂ ਕਿਸੇ ਹੋਰ ਆਸਰੇ ਦੀ ਭਾਲ ਵਿੱਚ ਨਹੀਂ ਪੈਂਦਾ; ਪ੍ਰਭੂ ਤੋਂ ਬਿਨਾਂ ਕਿਸੇ ਹੋਰ ਨੂੰ ਨਹੀਂ ਪੂਜਦਾ, ਮੈਂ ਕਿਤੇ ਸਮਾਧਾਂ ਤੇ ਮਾਸਾਣਾਂ (ਸ਼ਮਸ਼ਾਨ ਭੂਮੀ)





ਵਿੱਚ ਭੀ ਨਹੀਂ ਜਾਂਦਾ, ਮਾਇਕ ਪਦਾਰਥਾਂ ਦੀ ਤ੍ਰਿਸ਼ਨਾ ਵਿੱਚ ਫਸ ਕੇ (ਪਰਮੇਸ਼ਰ ਦੇ ਦਰ ਤੋਂ ਬਿਨਾ) ਕਿਸੇ ਹੋਰ ਘਰ (ਮੱਤ) ਵਿੱਚ ਨਹੀ ਜਾਂਦਾ, ਮੇਰੀ ਮਾਇਕ ਪਦਾਰਥਾਂ (ਮਾਇਕ ਸੁਖਾਂ) ਦੀ ਭੁੱਖ ਪਰਮੇਸ਼ਰ ਦੇ ਨਾਮ (ਰੱਬੀ ਗੁਣਾਂ ਦੀ ਪ੍ਰਾਪਤੀ) ਨੇ ਮਿਟਾ ਦਿੱਤੀ ਹੈ।

## ੪. ਗੁਰਦੁਆਰਿਆਂ ਵਿੱਚ ਮੂਰਤੀ ਪੂਜਾ

ਮੂਰਤੀ ਪੂਜਾ ਦੇ ਰੂਪ ਵਿੱਚ ਗੁਰੂ ਸਾਹਿਬਾਨ ਅਤੇ ਭਗਤ ਸਾਹਿਬਾਨ ਦੀਆਂ ਮਨੋਕਲਪਿਤ ਤਸਵੀਰਾਂ ਗੁਰਦੁਆਰਿਆਂ ਵਿੱਚ ਲੱਗੀਆਂ ਵੇਖਣ ਨੂੰ ਮਿਲ ਰਹੀਆਂ ਹਨ ਅਤੇ ਭੁੱਲੜ ਪ੍ਰਾਣੀ, ਅੰਨ੍ਹੀ-ਸ਼ਰਧਾ ਵਿੱਚ, ਇਨ੍ਹਾਂ ਅੱਗੇ ਵੀ ਹੱਥ ਜੋੜ ਕੇ ਨਮਸਕਾਰਾਂ ਕਰਦੇ, ਮੱਥੇ ਰਗੜਦੇ ਅਤੇ ਟੱਲੀਆਂ ਖੜਕਾ ਕੇ ਇਨ੍ਹਾਂ ਨੂੰ ਭੋਗ ਲੁਆਉਂਦੇ ਵੇਖੇ ਜਾ ਸਕਦੇ ਹਨ। ਗੁਰੂ ਦੀ ਮੂਰਤਿ ਗੁਰੂ ਦਾ ਸ਼ਬਦ ਹੀ ਹੈ। ਸਿੱਖ ਅਕਾਲ ਪੁਰਖੁ ਦਾ ਪੁਜਾਰੀ ਹੈ, ਕਿਸੇ ਦੇਹਧਾਰੀ ਜਾਂ ਮੂਰਤੀ ਦਾ ਨਹੀਂ। ਧੁਰ ਕੀ ਬਾਣੀ ਦਾ ਫੁਰਮਾਣ ਹੈ :

*"ਪੂਜਹੁ ਰਾਮੁ ਏਕੁ ਹੀ ਦੇਵਾ॥ ਸਾਚਾ ਨਾਵਣੁ ਗੁਰ ਕੀ ਸੇਵਾ।*
*(ਕਬੀਰ ਜੀ, ਪੰ. ੪੮੪)*

ਇਹ ਇੱਕ ਕੌੜੀ ਸੱਚਾਈ ਹੈ ਕਿ ਅੱਜ ਤਕਰੀਬਨ ੯੯% ਸਿੱਖ ਕੌਮ ਗੁਰੂ ਗ੍ਰੰਥ ਸਾਹਿਬ ਨੂੰ 'ਮੂਰਤੀ' ਦੇ ਰੂਪ ਵਿੱਚ ਹੀ ਪੂਜ ਰਹੀ ਹੈ। ਗੁਰੂ ਗ੍ਰੰਥ ਸਾਹਿਬ ਦੇ ਸਰੂਪ ਉੱਪਰੋਂ ਰੁਮਾਲੇ ਚੁੱਕ ਕੇ ਦਰਸ਼ਨ ਕੀਤੇ ਜਾ ਰਹੇ ਹਨ। ਗੁਰਦੁਆਰੇ ਦੇ ਮੁੱਖ ਗੇਟ ਤੋਂ ਸ਼ੁਰੂ ਕਰ ਕੇ ਨਿਸ਼ਾਨ ਸਾਹਿਬ, ਦੀਵਾਨ ਹਾਲ ਦਾ ਦਰਵਾਜ਼ਾ, ਗੁਰੂ ਗ੍ਰੰਥ ਸਾਹਿਬ ਨੂੰ ਅੱਗੇ ਤੋਂ, ਪਾਸਿਆਂ ਤੋਂ ਅਤੇ ਪਿੱਛੋਂ ਮੱਥੇ ਟੇਕੇ ਜਾ ਰਹੇ ਹਨ। ਕੀ ਸਿਰਫ਼ ਅਜਿਹੇ ਵਿਖਾਵੇ ਕਰਨ ਨਾਲ ਹੀ ਗੁਰਮਤਿ ਫ਼ਲਸਫ਼ੇ ਦੇ ਧਾਰਨੀ ਬਣਿਆ ਜਾ ਸਕਦਾ ਹੈ?

*ਸੀਸਿ ਨਿਵਾਇਐ ਕਿਆ ਥੀਐ, ਜਾ ਰਿਦੈ ਕਸੁਧੇ ਜਾਹਿ॥੧॥*
*(ਮ: ੧, ਵਾਰ ਆਸਾ, ੪੭੦)*

## ੫. ਸ਼ਬਦ-ਵਿਚਾਰ (ਕਥਾ) ਪੌਰਾਣਿਕ ਸਾਖੀਆਂ ਦੀ ਰੰਗਤ ਵਿੱਚ

ਕਥਾ, 'ਸ਼ਬਦ-ਪ੍ਰਧਾਨ' ਹੋਣ ਦੀ ਬਜਾਏ, 'ਸਾਖੀ-ਪ੍ਰਧਾਨ' ਦੇ ਰੂਪ ਵਿੱਚ ਕੀਤੀ ਜਾ ਰਹੀ ਹੈ ਅਤੇ ਕਥਾਕਾਰਾਂ ਦੁਆਰਾ ਗੁਰਬਾਣੀ ਦੇ ਸਿਧਾਂਤਾਂ ਨੂੰ ਤੋੜ-ਮਰੋੜ ਕੇ ਰੌਚਕ ਮਿਥਿਹਾਸਕ ਪੌਰਾਣਿਕ ਸਾਖੀਆਂ ਦੇ ਚੌਖਟੇ ਵਿੱਚ ਫਿੱਟ ਕਰਨ ਦੇ ਕੋਝੇ ਯਤਨ ਕੀਤੇ ਜਾ ਰਹੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਪੌਰਾਣਿਕ ਅਤੇ ਹੋਰ ਅਨਮਤੀ ਇਤਿਹਾਸਕ ਜਾਂ ਮਿਥਿਹਾਸਕ ਸਾਖੀਆਂ ਦਾ ਜ਼ਿਕਰ ਸਿਰਫ਼ ਗੁਰਮਤਿ ਸਿਧਾਂਤਾਂ ਨੂੰ ਨਵੇਕਲੇ ਕਾਵਿ-ਢੰਗ ਨਾਲ (ਪ੍ਰਚੱਲਤ ਸਾਖੀਆਂ, ਮਨੌਤਾਂ, ਮੁਹਾਵਰਿਆਂ ਦੀ ਸ਼ਬਦਾਵਲੀ ਦੀ ਵਰਤੋਂ ਕਰਕੇ) ਸਪਸ਼ਟ ਕਰਨ ਲਈ ਹੀ ਕੀਤਾ ਗਿਆ ਹੈ, ਨਾਕਿ ਇਨ੍ਹਾਂ ਦੀ ਪ੍ਰਮਾਣੀਕਤਾ ਨੂੰ ਕਬੂਲ ਕਰਨ ਲਈ, ਪਰ ਗੁਰਮਤਿ ਸਿਧਾਂਤਾਂ ਦੀ ਡੂੰਘੀ ਵਾਕਫ਼ੀਅਤ ਤੋਂ ਕੋਰੇ ਇਹ ਕੱਚ-ਘਰੜ ਕਥਾਕਾਰ ਸੰਗਤਿ ਨੂੰ ਅਜਿਹਾ ਕਰ ਕੇ ਗੁਮਰਾਹ ਕਰਨ ਦੇ ਦੋਸ਼ੀ ਬਣ ਰਹੇ ਹਨ। ਸੱਚ ਤਾਂ

ਇਹ ਹੈ ਕਿ ਅਜਿਹੇ ਕਥਾਕਾਰਾਂ ਦੀ ਕਥਾ ਸੁਣ ਕੇ ਇੰਜ ਮਹਿਸੂਸ ਹੋਣ ਲਗਦਾ ਹੈ ਕਿ ਅਸੀਂ ਕਿਸੇ ਗੁਰਦੁਆਰੇ ਵਿੱਚ ਨਹੀਂ ਸਗੋਂ ਕਿਸੇ ਮੰਦਰ ਵਿੱਚ ਬੈਠੇ ਕਿਸੇ ਮਨੂੰਵਾਦੀ ਪੰਡਿਤ ਦੀ ਕਥਾ-ਵਾਰਤਾ ਸੁਣ ਰਹੇ ਹੋਈਏ।

*ਬੇਦੁ ਪੁਕਾਰੇ ਪੁੰਨੁ ਪਾਪੁ ਸੁਰਗ ਨਰਕ ਦਾ ਬੀਉ॥*
*ਜੋ ਬੀਜੈ ਸੋ ਉਗਵੈ, ਖਾਂਦਾ ਜਾਣੈ ਜੀਉ॥*
*ਗਿਆਨੁ ਸਲਾਹੇ ਵਡਾ ਕਰਿ ਸਚੋ ਸਚਾ ਨਾਉ॥*
*ਸਚੁ ਬੀਜੈ, ਸਚੁ ਉਗਵੈ, ਦਰਗਹ ਪਾਈਐ ਥਾਉ॥*
*ਬੇਦੁ ਵਪਾਰੀ, ਗਿਆਨੁ ਰਾਸਿ, ਕਰਮੀ ਪਲੈ ਹੋਇ॥*
*ਨਾਨਕ ਰਾਸੀ ਬਾਹਰਾ ਲਦਿ ਨ ਚਲਿਆ ਕੋਇ॥ (ਮ.੧, ੧੨੪੩)*

**ਭਾਵ:** ਵੇਦ ਦੀ ਤਾਲੀਮ ਇਹ ਹੈ ਕਿ (ਜੀਵ ਦਾ ਕੀਤਾ ਹੋਇਆ) ਪੁੰਨ-ਕਰਮ (ਉਸ ਦੇ ਵਾਸਤੇ) ਸੁਰਗ (ਮਿਲਣ) ਦਾ ਸਬੱਬ (ਬਣਦਾ ਹੈ) ਤੇ ਪਾਪ (ਜੀਵ ਲਈ) ਨਰਕ (ਵਿੱਚ) ਪੈਣ ਦਾ ਕਾਰਨ ਹੋ ਜਾਂਦਾ ਹੈ; (ਆਪਣੇ ਕੀਤੇ ਪੁੰਨ ਜਾਂ ਪਾਪ ਦਾ ਫ਼ਲ) ਖਾਣ ਵਾਲਾ (ਹਰੇਕ) ਜੀਵ (ਆਪ ਹੀ ਜਾਣ ਲੈਂਦਾ ਹੈ ਕਿ ਜੋ ਕੋਈ ਬੀਜਦਾ ਹੈ ਉਹੀ ਉਗਦਾ ਹੈ)। ਸੋ, ਇਸ ਕਰਮ-ਕਾਂਡ ਦੀ ਤਾਲੀਮ ਵਿੱਚ ਪ੍ਰਭੂ ਦੀ ਸਿਫ਼ਤਿ ਸਾਲਾਹ ਤੇ ਪ੍ਰਭੂ ਦੀ ਮਿਹਰ ਨੂੰ ਕੋਈ ਥਾਂ ਨਹੀਂ ਹੈ। (ਪਰ ਗੁਰੂ ਦਾ ਬਖ਼ਸ਼ਿਆ) ਗਿਆਨ ਪਰਮਾਤਮਾ ਨੂੰ ਵੱਡਾ ਆਖ ਕੇ (ਉਸ ਦੀ) ਸਿਫਤਿ-ਸਾਲਾਹ ਕਰਦਾ ਹੈ (ਤੇ ਦੱਸਦਾ ਹੈ ਕਿ) ਪ੍ਰਭੂ ਦਾ ਨਾਮ ਸਦਾ ਕਾਇਮ ਰਹਿਣ ਵਾਲਾ ਹੈ, ਜੋ ਮਨੁੱਖ ਪ੍ਰਭੂ ਦਾ ਨਾਮ (ਹਿਰਦੇ ਵਿੱਚ) ਬੀਜਦਾ ਹੈ ਉਸ ਦੇ ਅੰਦਰ ਨਾਮ ਹੀ ਪ੍ਰਫ਼ੁੱਲਤ ਹੁੰਦਾ ਹੈ ਤੇ ਉਸ ਨੂੰ ਪ੍ਰਭੂ ਦੀ ਹਜ਼ੂਰੀ 'ਚ ਆਦਰ ਮਿਲਦਾ ਹੈ। ਸੋ, (ਪਾਪ ਤੇ ਪੁੰਨ ਦੇ ਫ਼ਲ ਦੱਸ ਕੇ) ਵੇਦ ਤਾਂ ਵਪਾਰ ਦੀਆਂ ਗੱਲਾਂ ਹੀ ਕਰਦਾ ਹੈ (ਪਰ ਮਨੁੱਖ ਲਈ ਅਸਲ) ਰਾਸਿ-ਪੂੰਜੀ (ਪ੍ਰਭੂ ਦੇ ਗੁਣਾਂ ਦਾ) ਗਿਆਨ ਹੈ ਤੇ ਇਹ ਗਿਆਨ ਪ੍ਰਭੂ ਦੀ ਮਿਹਰ ਨਾਲ (ਸ਼ਬਦ-ਗੁਰੂ ਤੋਂ) ਮਿਲਦਾ ਹੈ; ਹੇ ਨਾਨਕ! (ਇਸ ਗਿਆਨ-ਰੂਪੀ) ਪੂੰਜੀ ਤੋਂ ਬਿਨਾਂ ਕੋਈ ਮਨੁੱਖ (ਜਗਤ ਤੋਂ) ਨਫ਼ਾ ਖੱਟ ਕੇ ਨਹੀਂ ਜਾਂਦਾ।

## ੬. ਗੁਰਦੁਆਰਿਆਂ ਅੰਦਰ ਤੋਤਾ-ਰਟਨ ਪਾਠ/ਨੇਤਰ-ਪਾਠ ਦੀਆਂ ਲੜੀਆਂ

ਬਿਪਰਨ ਦੀ ਰੀਤਿ ਦੀ ਨਕਲ ਕਰ ਕੇ, ਗੁਰਦੁਆਰਿਆਂ ਅੰਦਰ ਪਾਠਾਂ (ਅਖੰਡ, ਸਾਧਾਰਨ, ਸਪਤਾਹਕ, ਸੰਪਟ ਆਦਿ) ਦੀਆਂ ਤੋਤਾ-ਰਟਨ (ਕਰਮ-ਕਾਂਡੀ) ਲੜੀਆਂ ਚਲਾਈਆਂ ਜਾ ਰਹੀਆਂ ਹਨ। ਗੁਰਬਾਣੀ ਸਿਰਫ਼ ਰਸਮੀ ਤੌਰ 'ਤੇ ਪਾਠ ਮਾਤਰ ਕਰਨ ਲਈ ਹੀ ਨਹੀਂ ਪ੍ਰਗਟ ਹੋਈ। ਬ੍ਰਾਹਮਣਵਾਦੀਆਂ ਦੀ ਨਕਲ ਕਰ ਕੇ ਅਜਿਹਾ ਕਰਨਾ ਗੁਰਬਾਣੀ ਨੂੰ ਕਰਮ-ਕਾਂਡ ਤੱਕ ਸੀਮਤ ਕਰਨਾ ਹੈ, ਜਿਸਦੀ ਗੁਰਮਤਿ ਸਿਧਾਂਤਾਂ ਅੰਦਰ ਸਖ਼ਤ ਮਨਾਹੀ ਕੀਤੀ ਮਿਲਦੀ ਹੈ। ਗੁਰਬਾਣੀ ਨੂੰ ਵਿਚਾਰ ਕੇ ਗੁਰਬਾਣੀ ਅੰਦਰ ਦਰਸਾਏ ਅਟੱਲ ਰੱਬੀ ਅਸੂਲਾਂ ਅਨੁਸਾਰ ਅਮਲੀ ਜੀਵਨ ਢਾਲਿਆਂ ਹੀ ਮਨੁੱਖਾ ਜੀਵਨ ਸਫ਼ਲ ਹੋ ਸਕਦਾ ਹੈ। ਨਿਰਾ ਇਕੋਤਰੀਆਂ, ਅਠੋਤਰੀਆਂ ਜਾਂ ਰਸਮੀ ਅਖੰਡ/ਸਾਧਾਰਨ/ਸਪਤਾਹਕ/ਸੰਪਟ





ਪਾਠ ਜਾਂ ਹੋਰ ਕਿਸੇ ਕਿਸਮ ਦੇ ਪਾਠ ਕਰਨ ਨਾਲ ਕੁੱਝ ਵੀ ਪ੍ਰਾਪਤ ਨਹੀਂ ਹੋ ਸਕਦਾ। ਹਾਂ, ਧਰਮੀ ਹੋਣ ਦੀ ਫ਼ੋਕੀ ਸ਼ੋਹਰਤ ਜ਼ਰੂਰ ਮਿਲ ਜਾਂਦੀ ਹੈ ਜੋ ਹਉਮੈ ਦੀ ਮੈਲ ਨੂੰ ਹੋਰ ਵਧਾਉਂਦੀ ਹੈ।

*ਬੇਦ ਪਾਠ ਸੰਸਾਰ ਕੀ ਕਾਰ॥ ਪੜ੍ਹਿ-ਪੜ੍ਹਿ ਪੰਡਿਤ ਕਰਹਿ ਬੀਚਾਰ॥*
*ਬਿਨੁ ਬੂਝੇ ਸਭ ਹੋਇ ਖੁਆਰ॥ ਨਾਨਕ ਗੁਰਮੁਖਿ ਉਤਰਸਿ ਪਾਰਿ॥*

*(ਮ.੧, ੭੯੧)*

(**ਭਾਵ:** ਵੇਦ ਆਦਿਕ ਧਰਮ-ਪੁਸਤਕਾਂ ਦੇ (ਨਿਰੇ) ਪਾਠ ਤਾਂ ਦੁਨਿਆਵੀ ਵਿਹਾਰ (ਸਮਝੋ) ਵਿਦਵਾਨ ਲੋਕ ਇਨ੍ਹਾਂ ਨੂੰ ਪੜ੍ਹ-ਪੜ੍ਹ ਕੇ ਇਨ੍ਹਾਂ ਦੇ ਸਿਰਫ਼ ਅਰਥ ਹੀ ਵਿਚਾਰਦੇ ਹਨ। ਜਦ ਤੱਕ ਮਤਿ ਨਹੀਂ ਬਦਲਦੀ (ਅਮਲੀ ਜੀਵਨ ਪਲਟਾ ਨਹੀਂ ਖਾਂਦਾ), ਨਿਰੇ ਪਾਠ ਅਤੇ ਅਰਥ ਵਿਚਾਰਨ ਨਾਲ ਤਾਂ ਲੋਕਾਈ ਖ਼ੁਆਰ ਹੀ ਹੁੰਦੀ ਹੈ। ਹੇ ਨਾਨਕ! ਉਹ ਮਨੁੱਖ ਹੀ (ਪਾਪਾਂ ਦੇ ਘੁੱਪ ਹਨ੍ਹੇਰੇ ਵਿੱਚੋਂ) ਪਾਰ ਲੰਘਦਾ ਹੈ ਜਿਸ ਨੇ ਆਪਣਾ ਅਮਲੀ ਜੀਵਨ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਉਪਦੇਸ਼ਾਂ ਅਨੁਸਾਰ ਢਾਲ ਲਿਆ ਹੈ, (ਆਪਣੀ ਮਤਿ ਤੋਂ ਸੇਧ ਲੈਣੀ ਛੱਡ ਦਿੱਤੀ ਹੈ)।

ਇਸ ਸਬੰਧੀ ਸਾਡੇ ਮਿੱਤਰ, ਵੀਰ ਰਜਿੰਦਰ ਸਿੰਘ ਜੀ, ਕਨਵੀਨਰ ਸ਼੍ਰੋਮਣੀ ਖ਼ਾਲਸਾ ਪੰਚਾਇਤ ਨੇ ਇੱਕ ਬੜੀ ਦਿਲਚਸਪ ਹੱਡ-ਬੀਤੀ 22 ਮਾਰਚ ੨੦੦੯ ਨੂੰ ਫ਼ਰੀਦਾਬਾਦ 'ਚ ਹੋਏ ਸਾਲਾਨਾ ਸਮਾਗਮ ਵਿੱਚ ਜੁੜੀ ਹੋਈ ਸੰਗਤਿ ਨਾਲ ਸਾਂਝੀ ਕੀਤੀ। ਉਨ੍ਹਾਂ ਦੱਸਿਆ, ਉਨ੍ਹਾਂ ਦਾ ਇੱਕ ਨਜ਼ਦੀਕੀ ਵਾਕਫ਼ ਸੱਜਣ ਜਿਸ ਨੂੰ ਪੰਜਾਬੀ ਭਾਸ਼ਾ ਦੇ ਪੜ੍ਹਨ-ਲਿਖਣ ਦਾ ਨਾ-ਮਾਤਰ ਹੀ ਗਿਆਨ ਸੀ, ਇੱਕ ਦਿਨ ਬੜੇ ਖ਼ੁਸ਼ ਲਹਿਜ਼ੇ 'ਚ ਆ ਕੇ ਕਹਿਣ ਲੱਗਾ ਕਿ, "ਵੀਰ ਜੀ! ਮੈਂ ਹੁਣ ਬਹੁਤ ਖ਼ੁਸ਼ ਹਾਂ ਕਿਉਂਕਿ ਮੈਨੂੰ ਇੱਕ ਪ੍ਰਸਿੱਧ ਪੰਥਕ ਡੇਰੇ 'ਚ ਅਖੰਡ-ਪਾਠੀ ਦੀ ਸੇਵਾ ਮਿਲ ਗਈ ਹੈ।" ਵੀਰ ਜੀ ਨੇ ਕਿਹਾ ਕਿ ਇਹ ਸੁਣ ਕੇ ਮੈਂ ਸੁੰਨ ਜਿਹਾ ਹੋ ਗਿਆ ਅਤੇ ਉਸ ਵੀਰ ਨੂੰ ਪੁੱਛਿਆ ਕਿ ਭਾਈ ਤੈਨੂੰ ਤਾਂ ਪੰਜਾਬੀ ਚੰਗੀ ਤਰ੍ਹਾਂ ਪੜ੍ਹਨੀ ਹੀ ਨਹੀਂ ਆਉਂਦੀ, ਤੂੰ ਅਖੰਡ-ਪਾਠੀ ਕਿਵੇਂ ਲੱਗ ਗਿਆ? ਉਹ ਵੀਰ ਕਹਿਣ ਲੱਗਾ, "ਜੀ ਮੈਨੂੰ ਤਾਂ ਡੇਰੇ ਦੇ ਅਖੰਡ-ਪਾਠੀ ਇੰਚਾਰਜ ਨੇ ਕਹਿਆ ਸੀ ਕਿ ਤੂੰ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਕੇ ਹਰ ਇੱਕ ਪੰਨੇ ਦੇ ਅਰੰਭ ਤੋਂ ਅੰਤ ਤੱਕ ਹਰ ਇੱਕ ਸ਼ਬਦ ਦੇ ਦਰਸ਼ਨ ਹੀ ਕਰੀ ਜਾਣੇ ਹਨ।" (ਸਿਰਫ਼ ਅੱਖਰਾਂ ਤੇ ਨੇਤਰ ਹੀ ਫੇਰੀ ਜਾਣੇ ਹਨ, ਯਾਨੀ ਕਿ 'ਨੇਤਰ-ਪਾਠ' ਹੀ ਕਰੀ ਜਾਣਾ ਹੈ, ਬੋਲਣਾ ਕੁੱਝ ਨਹੀਂ, ਪਾਠ ਦਾ ਉਚਾਰਨ ਨਹੀਂ ਕਰਨਾ'), ਧੰਨ ਸਿੱਖੀ! ਤੋਬਾ-ਤੋਬਾ!!

## ੭. ਨਿਰੋਲ ਰੂਪ ਵਿੱਚ ਗੁਰਮਤਿ ਸਿਧਾਂਤਾਂ ਦੇ ਪ੍ਰਚਾਰ 'ਤੇ ਪਾਬੰਦੀ ਲਗਾਉਂਣਾ

ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ ਨਿਰੋਲ ਗੁਰਮਤਿ ਸਿਧਾਂਤਾਂ ਦੇ ਪ੍ਰਚਾਰ 'ਤੇ, ਪ੍ਰਬੰਧਕ ਕਮੇਟੀਆਂ ਵੱਲੋਂ ਕਈ ਬਹਾਨੇ ਬਣਾ ਕੇ, ਪਾਬੰਦੀਆਂ ਲਗਾਈਆਂ ਜਾ ਰਹੀਆਂ

ਹਨ। ਜੇ ਕੋਈ ਵੀਰ/ਭੈਣ ਜਾਂ ਜੱਥੇਬੰਦੀ ਸ਼ਬਦ-ਗੁਰੂ ਦੇ ਰੱਬੀ ਸਿਧਾਂਤਾਂ ਦਾ ਨਿਰਪੱਖਤਾ ਨਾਲ ਸ਼ੁਧ ਰੂਪ ਵਿੱਚ ਪ੍ਰਚਾਰ ਕਰਨ ਦਾ ਉੱਦਮ ਕਰਦੇ ਹਨ ਤਾਂ ਸਾਡੇ ਸਰਬ-ਸ਼ਕਤੀਮਾਨ', ਬਿਪਰਵਾਦ ਦੇ ਹਮਾਇਤੀ, ਮਨੂੰਵਾਦੀ ਸੰਗਠਨਾਂ ਦੇ ਗ਼ੁਲਾਮ, ਅਖੌਤੀ ਸਿੰਘ ਸਾਹਿਬਾਨ (ਤਖ਼ਤ ਸਾਹਿਬਾਨ ਦੇ ਅਖੌਤੀ ਜੱਥੇਦਾਰ) ਡਾਂਗ ਲੈ ਕੇ ਇਨ੍ਹਾਂ ਦੇ ਪਿੱਛੇ ਪੈ ਜਾਂਦੇ ਹਨ। ਸ਼੍ਰੋਮਣੀ ਕਮੇਟੀ ਜਾਂ ਸਥਾਨਕ ਗੁਰਦੁਆਰਾ ਤਾਲ-ਮੇਲ ਕਮੇਟੀਆਂ ਰਾਹੀਂ ਤੁਰੰਤ ਨਾਦਰਸ਼ਾਹੀ ਫੁਰਮਾਣ (ਅਖੌਤੀ ਹੁਕਮਨਾਮੇ, ਹਦਾਇਤਾਂ ਜਾਂ ਅਪੀਲਾਂ) ਜਾਰੀ ਕਰ ਦਿੰਦੇ ਹਨ ਕਿ ਫਲਾਣੇ-ਫਲਾਣੇ ਨੂੰ ਗੁਰਦੁਆਰਿਆਂ ਦੀ ਸਟੇਜ ਤੋਂ ਬੋਲਣ ਨਾ ਦਿੱਤਾ ਜਾਵੇ, ਇਨ੍ਹਾਂ ਦਾ ਬਾਈਕਾਟ ਕੀਤਾ ਜਾਵੇ, ਸੰਗਤਿ ਇਨ੍ਹਾਂ ਨੂੰ ਕੋਈ ਸਹਿਯੋਗ ਨਾ ਦੇਵੇ ਆਦਿ, ਆਦਿ (ਤਾਕਿ ਸਿੱਖ ਕੌਮ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਵੱਲੋਂ ਕੋਰੀ ਰਹੇ ਅਤੇ ਇਨ੍ਹਾਂ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦੇ ਗ਼ਦਾਰਾਂ ਦਾ ਹਲਵਾ-ਮੰਡਾ ਚਲਦਾ ਰਹੇ)। ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਅਤੇ ਅਮਲੀ ਜੀਵਨ ਤੋਂ ਕੋਰੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਅਜਿਹੇ ਗੁਰਮਤਿ-ਵਿਰੋਧੀ ਫੁਰਮਾਨਾਂ ਦੀ ਤੱਤਕਾਲ ਪਾਲਣਾ ਕਰ ਕੇ ਸਤਿਗੁਰਾਂ ਦੀਆਂ ਖ਼ੁਸ਼ੀਆਂ (ਜਾਂ ਲਾਹਨਤਾਂ ?) ਪ੍ਰਾਪਤ ਕਰ ਲੈਂਦੇ ਹਨ। ਕੀ ਸਥਾਨਕ ਗੁਰਦੁਆਰਾ ਪ੍ਰਬੰਧਕ ਤਾਲਮੇਲ ਕਮੇਟੀਆਂ ਗੁਰਮਤਿ ਇਨਕਲਾਬ ਦੇ ਵਿਕਾਸ ਵਾਸਤੇ ਹੋਂਦ 'ਚ ਆਈਆਂ ਹਨ ਜਾਂ ਇਸ ਦੇ ਵਿਨਾਸ਼ ਵਾਸਤੇ ? ਅਸਲ ਗੱਲ ਇਹ ਹੈ ਕਿ ਇਨ੍ਹਾਂ ਵੀਰਾਂ ਵਿੱਚ ਗੁਰਮਤਿ ਬਾਰੇ ਮੂਲ ਰੂਪ 'ਚ ਕੋਈ ਮੰਦ-ਭਾਵਨਾ ਨਹੀਂ ਹੈ, ਪਰ ਇਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰੱਬੀ ਸਿਧਾਂਤਾਂ ਬਾਰੇ ਲੋੜੀਂਦੀ ਜਾਣਕਾਰੀ ਹੀ ਨਹੀਂ ਹੈ, ਨਾ ਹੀ ਉਤਸ਼ਾਹ ਹੈ ਗੁਰੂ ਨਾਨਕ ਸਾਹਿਬ ਦੇ ਮਿਸ਼ਨ (ਇਨਕਲਾਬ) ਦਾ ਪ੍ਰਚਾਰ ਰਾਹੀਂ ਵਿਕਾਸ ਕਰਨ ਦਾ। "ਨੀਮ ਹਕੀਮ ਖ਼ਤਰਾ-ਏ-ਜਾਨ, ਨੀਮ ਮੁੱਲਾਂ, ਖ਼ਤਰਾ-ਏ-ਇਮਾਨ" ਵਾਲੀ ਗੱਲ ਬਣੀ ਪਈ ਹੈ। ਕੀ ਕੀਤਾ ਜਾਵੇ ? ਇਸ ਪ੍ਰਥਾਏ ਸਤਿਗੁਰਾਂ ਦਾ ਫੁਰਮਾਨ ਹੈ-

*"ਅੰਧੈ ਕੈ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥*
*ਹੋਇ ਸੁਜਾਖਾ ਨਾਨਕਾ ਸੋ ਕਿਉਂ ਉਝੜਿ ਪਾਇ॥*
*ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥*
*ਅੰਧੇ ਸੇਈ ਨਾਨਕਾ ਖਸਮਹੁ ਘੁਥੇ ਜਾਹਿ॥ (ਮ.੨,੯੫੪)*

(**ਭਾਵ:** ਜੇ ਕੋਈ ਅੰਨ੍ਹਾ ਮਨੁੱਖ (ਕਿਸੇ ਹੋਰ ਨੂੰ) ਰਾਹ ਦੱਸੇ ਤਾਂ (ਉਸ ਰਾਹ ਉੱਤੇ) ਉਹੀ ਤੁਰਦਾ ਹੈ ਜੋ ਆਪ ਅੰਨ੍ਹਾ ਹੋਵੇ। ਹੇ ਨਾਨਕ ! ਸੁਜਾਖ਼ਾ ਮਨੁੱਖ (ਅੰਨ੍ਹੇ ਦੇ ਆਖੇ) ਕੁਰਾਹੇ ਨਹੀਂ ਪੈਂਦਾ (ਪਰ ਆਤਮਕ ਜੀਵਨ ਵਿੱਚ) ਇਹੋ ਜਿਹੇ ਬੰਦਿਆਂ ਨੂੰ ਅੰਨ੍ਹੇ ਨਹੀਂ ਕਹੀਦਾ ਜਿਹਨਾਂ ਦੇ ਮੂੰਹ ਉਤੇ ਅੱਖਾਂ (ਦੀ ਰੌਸ਼ਨੀ ਨਹੀਂ), ਹੇ ਨਾਨਕ ! ਅਸਲ ਵਿੱਚ ਅੰਨ੍ਹੇ ਉਹੀ ਹਨ ਜੋ ਮਾਲਕ-ਪ੍ਰਭੂ ਤੋਂ ਖੁੰਝੇ ਹੋਏ (ਗੁਰਮਤਿ ਸਿਧਾਂਤਾਂ ਤੋਂ ਟੁੱਟੇ ਹੋਏ) ਹਨ।

**ਗੁਰਮਤਿ ਫ਼ਲਸਫ਼ੇ ਦੀ ਜਾਣਕਾਰੀ ਅਤੇ ਅਮਲੀ ਗੁਰਮਤਿ ਜੀਵਨ-ਜੁਗਤਿ ਤੋਂ ਖਿਝਕੇ ਹੋਏ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਅਕਸਰ ਆਪਣੇ ਤੌਰ ਤੇ ਵੀ ਪ੍ਰਚਾਰਕਾਂ ਨੂੰ ਹਦਾਇਤ ਕਰ ਦਿੰਦੇ ਹਨ ਕਿ, "ਵੇਖੀਂ ਭਾਈ ! ਕਿਸੇ ਵਿਵਾਦਮਈ (controversial)**





**ਵਿਸ਼ੇ ਬਾਰੇ ਗੁਰਦੁਆਰੇ ਦੀ ਸਟੇਜ ਤੋਂ ਕੋਈ ਗੱਲ ਨਹੀਂ ਕਰਨੀ", ਯਾਨਿ ਕਿ ਗੁਰੂ ਗ੍ਰੰਥ ਸਾਹਿਬ ਦਾ ਅਜਿਹੇ ਵਿਵਾਦਮਈ ਵਿਸ਼ਿਆਂ ਬਾਰੇ ਕੀ ਫ਼ੈਸਲਾ ਹੈ ਉਸਦਾ ਜ਼ਿਕਰ ਨਹੀਂ ਕਰਨਾ। ਸਾਫ਼ ਹੈ ਕਿ ਇਹ ਭੁੱਲੜ ਪ੍ਰਬੰਧਕ ਗੁਰੂ ਗ੍ਰੰਥ ਸਾਹਿਬ ਅਤੇ ਗੁਰਦੁਆਰੇ ਦੇ ਸੇਵਕ ਬਣ ਕੇ ਚੱਲਣ ਦੀ ਬਜਾਏ ਆਪ ਮਾਲਿਕ ਬਣ ਬੈਠਦੇ ਹਨ ਅਤੇ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਰਬ ਕਲਿਆਣਕਾਰੀ ਆਲਮਗੀਰੀ ਫ਼ਲਸਫ਼ੇ ਦੇ ਨਿਰੋਲ ਗੁਰਮਤਿ ਪ੍ਰਚਾਰ 'ਤੇ ਇਸ ਢੰਗ ਨਾਲ ਪਾਬੰਦੀਆਂ ਲਗਾ ਕੇ ਗੁਰੂ ਨਾਨਕ ਸਾਹਿਬ ਨਾਲ ਗ਼ਦਾਰੀਆਂ ਕਰ ਰਹੇ ਹਨ। ਅਜਿਹਾ ਕਰਕੇ ਇਹ ਆਪ ਤਾ ਨਰਕਾਂ ਦੇ ਭਾਗੀ ਬਣ ਹੀ ਰਹੇ ਹਨ ਖ਼ਾਲਸਾ ਕੌਮ ਅਤੇ ਸਮੁੱਚੀ ਮਨੁਖਤਾ ਦਾ ਕਿੰਨਾ ਕੁ ਨੁਕਸਾਨ ਕਰ ਰਹੇ ਹਨ, ਇਹ ਸ਼ਾਇਦ ਨਹੀਂ ਜਾਣਦੇ ! ਪਰਮੇਸ਼ਰ ਮਿਹਰ ਕਰਕੇ ਇਨ੍ਹਾਂ ਨੂੰ ਸੁਮੱਤ ਬਖਸ਼ੇ। ਗੁਰੂ ਗ੍ਰੰਥ ਸਾਹਿਬ ਦੇ ਅਜਿਹੇ ਹੋ ਰਹੇ ਘੋਰ ਅਪਮਾਨ ਨੂੰ ਗੁਰੂ ਦੀਆਂ ਸੰਗਤਾਂ ਕਦੋਂ ਤੱਕ ਬਰਦਾਸ਼ਤ ਕਰਦੀਆਂ ਰਹਿਣਗੀਆਂ ? ਗੁਰੂ ਨਾਨਕ ਸਾਹਿਬ ਨੇ ਤਾਂ ਵਿਵਾਦਮਈ ਵਿਸ਼ਿਆਂ 'ਤੇ ਨਿਧੱੜਕ ਹੋਕੇ ਆਪਣੇ ਰੱਬੀ ਵਿਚਾਰ ਮਨੋਵਿਗਿਆਨਕ ਦਲੀਲਾਂ ਦੇ ਆਧਾਰ 'ਤੇ ਬੁਲੰਦ ਆਵਾਜ਼ ਵਿੱਚ ਪ੍ਰਗਟ ਕੀਤੇ ਹਨ ਅਤੇ ਸੱਚ ਕਹਿਣ ਦੇ ਵਕਤ ਤੇ ਹੀ ਕੀਤੇ ਹਨ। ਸੱਚ ਕਹਿਣ ਦੇ ਸਮੇਂ ਜੇਕਰ ਸੱਚ ਕਹਿਣ ਤੋਂ ਪਾਸਾ ਵੱਟਿਆ ਜਾਵੇ ਤਾਂ ਅਜਿਹਾ ਕਰਨਾ ਝੂਠ ਬੋਲਣ ਤੋਂ ਵੀ ਵੱਡਾ ਪਾਪ ਹੈ। ਸਤਿਗੁਰਾਂ ਦਾ ਫ਼ੁਰਮਾਣ ਹੈ -**

*ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ॥*
*(ਮ:੧, ੭੨੨)*

## ੮. ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਤਾ ਗੱਦੀ ਨੂੰ ਚੁਣੌਤੀ

ਕੁੱਝ ਗੁਰਦੁਆਰਿਆਂ ਵਿੱਚ ਸ਼ਾਕਤੀ ਪੋਥੇ (ਅਖੌਤੀ ਦਸਮ ਗ੍ਰੰਥ) ਦਾ ਪ੍ਰਕਾਸ਼ ਵੀ ਗੁਰੂ ਗ੍ਰੰਥ ਸਾਹਿਬ ਵਾਂਗ ਹੀ ਕੀਤਾ ਜਾ ਰਿਹਾ ਹੈ। ਅਜਿਹਾ, ਸਿੱਖੀ ਸ਼ਕਲ-ਸੂਰਤ ਵਿੱਚ ਵਿਚਰ ਰਹੇ ਬਿਪਰਵਾਦੀ ਕਰ ਰਹੇ ਹਨ। ਇਹ ਬ੍ਰਾਹਮਣਵਾਦੀਆਂ ਦੀ ਗੁਰਮਤਿ ਦੇ ਸਰਲ, ਸਪੱਸ਼ਟ, ਮਨੁੱਖਤਾ ਨੂੰ ਖਿੱਚ ਪਾਉਂਣ ਵਾਲੇ ਆਲਮਗੀਰੀ ਸਿਧਾਂਤਾਂ ਨੂੰ ਗੰਧਲਾ ਕਰ ਕੇ, ਸਿੱਖਾਂ ਨੂੰ ਭੰਬਲਭੂਸੇ ਵਿੱਚ ਪਾ ਕੇ, ਬਿਪਰਵਾਦ ਦੇ ਮਨੁੱਖਤਾ-ਵਿਰੋਧੀ ਡੂੰਘੇ ਖਾਰੇ ਸਮੁੰਦਰ ਵਿੱਚ ਜਜ਼ਬ ਕਰਨ ਦੀ ਸਾਜਿਸ਼ ਅਧੀਨ ਕੀਤਾ ਜਾ ਰਿਹਾ ਹੈ। ਵੀਰੋ/ਭੈਣੋ ਸਾਵਧਾਨ ਹੋਵੋ ! ਅਜਿਹੀਆਂ ਕੱਚੀਆਂ-ਪਿੱਲੀਆਂ ਰਚਨਾਵਾਂ ਨੂੰ ਗੁਰਦੁਆਰਿਆਂ ਵਿਚੋਂ ਚੁੱਕ ਕੇ ਬਾਹਰ ਸੁੱਟ ਦੇਵੋ। ਨਹੀਂ ਤਾਂ ਇਹ ਸ਼ਾਕਤੀ ਰਚਨਾਵਾਂ ਗੁਰਦੁਆਰਿਆਂ ਵਿੱਚੋਂ ਸਿੱਖੀ ਨੂੰ ਚੁੱਕ ਕੇ ਬਾਹਰ ਸੁੱਟ ਦੇਣਗੀਆਂ। "ਗੁਰੂ ਗੋਬਿੰਦ ਸਿੰਘ ਸਵਾਮੀ ਨੇ ਦਮਦਮੇ ਦੇ ਮੁਕਾਮ, ਸੰਮਤ ੧੭੬੨-੬੩ ਵਿੱਚ, ਜੋ ਗੁਰੂ ਗ੍ਰੰਥ ਸਾਹਿਬ ਲਿਖਵਾਇਆ, ਜਿਸ ਵਿੱਚ ਗੁਰੂ ਪਿਤਾ, ਗੁਰੂ ਤੇਗ਼ ਬਹਾਦਰ ਜੀ ਦੀ ਬਾਣੀ ਸ਼ਾਮਿਲ ਕੀਤੀ, ਉਸਦਾ ਨਾਂ ਦਸਵੇਂ ਪਾਤਿਸ਼ਾਹ ਦੀ ਬੀੜ ਹੋਇਆ, ਪਰ ਪ੍ਰਸਿੱਧ ਨਾਂ ਦਮਦਮੇ ਵਾਲੀ ਬੀੜ ਹੈ (ਇਸ ਮੁਤਾਬਕ ਗੁਰੂ ਗ੍ਰੰਥ ਸਾਹਿਬ ਹੀ ਦਸਵੇਂ ਪਾਤਿਸ਼ਾਹ ਦਾ ਗ੍ਰੰਥ ਹੈ।" (ਭਾਈ ਕਾਹਨ ਸਿੰਘ ਨਾਭਾ; ਗੁਰਮਤਿ ਮਾਰਤੰਡ ਸਫਾ-੪੧੩)।

"ਸ਼ਯਾਮ ਆਦਿਕ ਸ਼ਾਕਤ-ਮਤੀ ਕਵੀਆਂ ਵੱਲੋਂ ਰਚੇ ਗਏ ੪੦੫ ਚਰਿੱਤ੍ਰਾਂ (ਪਖਯਾਨ ਚਰਿੱਤ੍ਰਾਂ) ਨੂੰ ਇੱਕ ਪਾਸੇ ਤਾਂ ਸਾਜਿਸ਼ੀ ਅਨਮਤੀਆਂ ਨੇ ਅਤੇ ਦੂਜੇ ਪਾਸੇ ਕੁੱਝ ਅਨਜਾਣ ਸ਼ਰਧਾਲੂਆਂ ਨੇ ਗੁਰੂ ਦਸਮੇਸ਼ ਦੇ ਨਾਂ ਹੇਠ ਪ੍ਰਚੱਲਤ ਕਰ ਦਿੱਤਾ ਹੈ। ਤ੍ਰਿਆ ਚਰਿੱਤਰਾਂ ਜਾਂ ਪਖਯਾਨ ਚਰਿੱਤ੍ਰਾਂ ਵਿੱਚ ਆਈਆਂ ਇਹ ਕਹਾਣੀਆਂ ਬਦ-ਇਖਲਾਕੀ, ਆਚਰਨਹੀਣਤਾ, ਅਸ਼ਲੀਲਤਾ, ਬੇ-ਹਯਾਈ, ਕਾਮੁਕਤਾ ਅਤੇ ਨਸ਼ੱਈਪੁਣੇ ਦੀ ਇੰਤਹਾ ਨਾਲ ਇਸ ਹੱਦ ਤਕ ਲਿੱਬੜੀਆਂ ਪਈਆਂ ਹਨ ਕਿ ਕੋਈ ਵੀ ਧਾਰਮਕ ਰੁਚੀਆਂ ਵਾਲਾ ਸਾਊ ਅਤੇ ਸ਼ਰੀਫ਼ ਮਨੁੱਖ ਆਪਣੀ ਧੀ, ਭੈਣ, ਮਾਂ ਜਾਂ ਪਰਿਵਾਰ ਦੇ ਦੂਜੇ ਪੁਰਖਾਂ ਸਨਮੁੱਖ ਇਨ੍ਹਾਂ ਨੂੰ ਪੜ੍ਹਨ ਜਾਂ ਉਚਾਰਨ ਕਰਨ ਹਿੱਤ ਅੰਤਾਂ ਦੀ ਸ਼ਰਮ ਮਹਿਸੂਸ ਕਰੇਗਾ।

....ਸਿੱਖੀ ਦੇ ਸੱਚੇ ਸ਼ਰਧਾਲੂ ਤਾਂ ਇਹ ਮਹਿਸੂਸ ਕਰਦੇ ਹਨ ਕਿ ਸਤਿਗੁਰਾਂ ਦੀ ਪਰਮ-ਉੱਚ, ਪਾਵਨ ਅਤੇ ਅਦੁੱਤੀ ਸ਼ਖ਼ਸੀਅਤ ਦਾ ਚਰਿੱਤ੍ਰ-ਘਾਤ ਕਰਨ ਦੇ ਮਹਾਂ ਨਾਪਾਕ ਇਰਾਦੇ ਨਾਲ ਅਨਮਤੀ ਸਾਜਿਸ਼ੀਆਂ ਨੇ ਇਨ੍ਹਾਂ ਵਿੱਚੋਂ ਕੁੱਝ ਕਹਾਣੀਆਂ ਦਾ ਸਬੰਧ ਬੇ-ਵਜ੍ਹਾ ਹੀ ਦਸਮੇਸ਼ ਪਿਤਾ ਦੇ ਨਿੱਜੀ ਜੀਵਨ ਨਾਲ ਜੋੜਨ ਦਾ ਬੱਜਰ ਅਪ੍ਰਾਧ ਵੀ ਕਰ ਦਿੱਤਾ ਹੈ। ਤ੍ਰਿਆ ਚਰਿੱਤ੍ਰਾਂ (ਪਖਯਾਨ ਚਰਿੱਤ੍ਰ) ਦੇ ਇਨ੍ਹਾਂ ਅਤਿ ਨਾਕਸ, ਤਬਾਹ-ਕੁਨ ਅਤੇ ਪੰਥ-ਘਾਤੀ ਲੱਚਰ ਕਵਿਤਾ ਨੂੰ ਜਾਣਦਿਆਂ ਪਰਖਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸ. ਸੰਤੋਖ ਸਿੰਘ, ਚੰਡੀਗੜ੍ਹ ਦੇ ਇੱਕ ਸੁਆਲ ਦੇ ਜੁਆਬ ਵਿੱਚ ਆਪਣਾ ਪੱਤਰ ਨੰਬਰ 36672 ਮਿਤੀ 03-8-1973 ਲਿਖਿਆ ਸੀ, ਜਿਸ ਦੀ ਸਾਰੀ ਇਬਾਰਤ ਹੇਠ ਲਿਖੇ ਅਨੁਸਾਰ ਬਿਲਕੁਲ ਸਪੱਸ਼ਟ ਅਤੇ ਸਾਫ਼ ਹੈ ਕਿ ਇਹ ਨਾਕਸ ਰਚਨਾਵਾਂ ਗੁਰੂ ਦਸਮੇਸ਼ ਦੁਆਰਾ ਰਚਿਤ ਨਹੀਂ ਹਨ, ਪਰ ਮੌਜੂਦਾ ਦੌਰ ਦੇ ਧਾਰਮਕ ਅਤੇ ਨੀਮ-ਧਾਰਮਕ ਆਗੂ ਅਤੇ ਅਧਿਕਾਰੀ ਇਸ ਹਕੀਕਤ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਕੇ ਕੁੱਝ ਹੋਰ ਭਾਂਤਿ ਦੀਆਂ ਹਰਕਤਾਂ ਵਿੱਚ ਹੀ ਮੁਬਤਲਾ ਹਨ:

**"ਆਪ ਜੀ ਦੀ ਪਤ੍ਰਿਕਾ ਮਿਤੀ 6-7-73 ਦੇ ਸਬੰਧ ਵਿੱਚ ਸਿੰਘ ਸਾਹਿਬਾਨ ਸ੍ਰੀ ਦਰਬਾਰ ਸਾਹਿਬ ਅਤੇ ਜਥੇਦਾਰ ਸਾਹਿਬ ਸ੍ਰੀ ਅਕਾਲ ਤਖ਼ਤ, ਸ੍ਰੀ ਅੰਮ੍ਰਿਤਸਰ ਜੀ ਦੀ ਰਾਏ ਹੇਠ ਲਿਖੇ ਅਨੁਸਾਰ ਆਪ ਜੀ ਨੂੰ ਭੇਜੀ ਜਾਂਦੀ ਹੈ।**

**"ਚਰਿਤ੍ਰੋ ਪਖਯਾਨ ਜੋ ਦਸਮ ਗ੍ਰੰਥ ਵਿਚ ਅੰਕਿਤ ਹਨ, ਇਹ ਦਸਮੇਸ਼ ਬਾਣੀ ਨਹੀਂ, ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ।"**

**ਦਸਤਖਤ, ਮੀਤ ਸਕੱਤਰ, ਧਰਮ ਪਰਚਾਰ ਕਮੇਟੀ,**
**ਸ਼੍ਰੋ.ਗੁ.ਪ੍ਰ.ਕਮੇਟੀ ਲਈ**

[ਸ. ਮਹਿੰਦਰ ਸਿੰਘ ਜੋਸ਼ : ਪਖਯਾਨ ਚਿਰਿੱਤ੍ਰ (ਕੰਜਰ ਕਵਿਤਾ) ਦੇ ਹੱਕ ਵਿੱਚ ਵਾਵੇਲਾ ਕਿਉਂ ? ਪੰ:8]





ਇਥੋਂ ਤੱਕ ਕਿ ਸਾਊ ਪਤੀ-ਪਤਨੀ ਵੀ ਏਸ ਅਸ਼ਲੀਲ ਰਚਨਾ ਨੂੰ ਇੱਕ-ਦੂਜੇ ਦੇ ਸਾਹਮਣੇ ਨਹੀਂ ਪੜ੍ਹ ਸਕਦੇ। ਹੇ ਆਪਣੇ ਆਪ ਨੂੰ 'ਸੰਤ', 'ਬ੍ਰਹਮਗਿਆਨੀ' ਅਖਵਾਉਂਣ ਵਾਲਿਓ ! ਕੀ ਦਸਮੇਸ਼ ਪਿਤਾ ਸਾਨੂੰ ਕੋਕ ਸ਼ਾਸ਼ਤਰ ਤੋਂ ਵੀ ਭੱਦੀ ਕਿਸਮ ਦੀ ਵਿਸ਼ਾ ਵਸਤੂ ਪੜ੍ਹਾਉਂਣ ਲਈ ਹੀ ਆਏ ਸਨ ? **ਅਸਲ ਵਿੱਚ ਮਨੂੰਵਾਦੀ ਚਾਹੁੰਦੇ ਹਨ ਕਿ ਸਿੱਖ ਕੌਮ ਗੁਰੂ ਗੋਬਿੰਦ ਸਿੰਘ ਨੂੰ ਅਜਿਹੀਆਂ ਅਸ਼ਲੀਲ ਅਤੇ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੀਆਂ ਧੱਜੀਆਂ ਉਡਾਉਂਣ ਵਾਲੀਆਂ ਨਾਕਸ ਰਚਨਾਵਾਂ ਦਾ ਇੱਕ ਵਾਰ ਲੇਖਕ ਸਵੀਕਾਰ ਕਰ ਲਵੇ, ਤਾਂ ਫਿਰ ਸਿੱਖਾਂ ਨੂੰ ਪੁੱਛਾਂਗੇ ਕਿ ਜੇ ਤੁਹਾਡੇ ਗੁਰੂਆਂ ਦਾ ਆਚਰਨ ਇਤਨਾ ਹੀ ਗਿਰਿਆ ਹੋਇਆ ਸੀ, ਤਾਂ ਤੁਸੀਂ ਆਪਣੇ ਗੁਰਮਤਿ ਫ਼ਲਸਫ਼ੇ ਨੂੰ ਦੁਨੀਆਂ ਵਿੱਚ ਸਰਵ-ਉੱਚ ਫ਼ਲਸਫ਼ਾ ਹੋਣ ਦਾ ਦਾਅਵਾ ਕਿਵੇਂ ਕਰ ਸਕਦੇ ਹੋ ? ਖ਼ਾਲਸਾ ਜੀ, ਜਾਗੋ ! ਦੁਸ਼ਮਣ ਦੀਆਂ ਚਾਲਾਂ ਨੂੰ ਸਮਝੋ, ਅਤੇ ਇਨ੍ਹਾਂ ਚਾਲਾਂ ਨੂੰ ਸਫ਼ਲ ਬਣਾਉਂਣ ਲਈ ਪੱਬਾਂ ਭਾਰ ਹੋਈ ਫਿਰ ਰਹੀ ਅਖੌਤੀ ਸਿੱਖ ਧਾਰਮਕ ਅਤੇ ਸਿਆਸੀ ਲੀਡਰਸ਼ਿਪ ਦੇ ਅਸਲੀ ਚਿਹਰਿਆਂ ਨੂੰ ਪਛਾਣ ਕੇ ਤੱਤਕਾਲ ਯੋਗ ਕਾਰਵਾਈ ਕਰਨ ਲਈ, ਲਾਮਬੰਦ ਹੋ ਜਾਵੋ !! ਵੇਲਾ ਬੀਤ ਜਾਣ ਪਿੱਛੋਂ ਪਛੁਤਾਵੇ ਤੋਂ ਬਿਨਾਂ ਕੁੱਝ ਵੀ ਹੱਥ-ਪੱਲੇ ਨਹੀਂ ਆਵੇਗਾ।**

ਉੱਪਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਤੱਤਕਾਲੀ 'ਜੱਥੇਦਾਰ' ਅਕਾਲ ਤਖ਼ਤ ਸਾਹਿਬ ਅਤੇ ਪੰਥ ਦੇ ਦੋ ਪ੍ਰਸਿੱਧ ਵਿਦਵਾਨਾਂ, ਦੀ ਰਾਇ ਦੇ ਦਿੱਤੀ ਗਈ ਹੈ। ਕੀ ਇਸ ਦੇ ਬਾਵਜੂਦ ਵੀ "ਮੈਂ ਨਾ ਮਾਨੂੰ' ਦੀ ਰੱਟ ਲਾਉਂਣ ਵਾਲੇ 'ਪੰਥਕ ਵਿਦਵਾਨ' ਜੋ ਇਸ ਅਖੌਤੀ ਦਸਮ ਗ੍ਰੰਥ ਨੂੰ ਦਸਮੇਸ਼ ਪਿਤਾ ਜੀ ਦੀ ਰਚਨਾ ਮੰਨਣ ਦੀ ਜ਼ਿਦ ਕਰ ਰਹੇ ਹਨ, ਹੇਠ ਲਿਖੇ ਪ੍ਰਸ਼ਨਾਂ ਦਾ ਇਮਾਨਦਾਰੀ ਨਾਲ, ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਰੱਬੀ ਸਿਧਾਂਤਾਂ ਦੇ ਹਵਾਲੇ ਦੇ ਕੇ, ਸਾਰਥਕ ਉੱਤਰ ਦੇਣ ਦੀ ਕਿਰਪਾਲਤਾ ਕਰਨਗੇ :

➲ ਗੁਰੂ ਨਾਨਕ ਸਾਹਿਬ ਦੇ ਦਸੇ ਜਾਮੇਂ ਇੱਕ 'ਜੋਤਿ' (ਅਕਾਲ ਪੁਰਖੁ ਦੇ ਸੰਪੂਰਨ ਬ੍ਰਹਮ ਗਿਆਨ ਦਾ ਪ੍ਰਕਾਸ਼) ਹੁੰਦੇ ਹੋਏ ਇੱਕੋ 'ਜੁਗਤਿ' (ਗੁਰਮਤਿ ਜੀਵਨ ਜੁਗਤਿ) ਦੇ ਧਾਰਨੀ ਹਨ, ਸਿਰਫ਼ ਕਾਇਆਂ (ਸਰੀਰ) ਹੀ ਬਦਲਦੇ ਰਹੇ ਹਨ-

*"ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ" ॥ (ਰਾਮਕਲੀ ਦੀ ਵਾਰ, ਪੰ.੯੬੬)*

ਇਸ ਕਰ ਕੇ ਹਰ ਇੱਕ ਗੁਰੂ ਜਾਮੇਂ ਨੇ ਗੁਰਬਾਣੀ 'ਨਾਨਕ ਮੋਹਰ ਛਾਪ' ਹੇਠ ਹੀ ਰਚੀ ਹੈ। ਦਸਮੇਸ਼ ਪਿਤਾ ਜੀ ਦੇ ਪਾਵਨ ਨਾਮ ਨਾਲ ਜੋੜੀ ਜਾ ਰਹੀ ਅਖੌਤੀ ਦਸਮ ਗ੍ਰੰਥ ਦੀ ਰਚਨਾ ਵਿੱਚ ਇਸ ਬੁਨਿਆਦੀ ਗੁਰਮਤਿ ਅਸੂਲ ਦੀ ਪਾਲਣਾ ਕੀਤੀ ਕਿਉਂ ਨਹੀਂ ਮਿਲਦੀ ? ਕੀ ਉਹ 'ਨਾਨਕ ਜੋਤਿ' ਨਹੀਂ ਹਨ ?

➲ ਹਰ ਇੱਕ ਗੁਰੂ ਜਾਮੇਂ ਨੇ ਗੁਰਬਾਣੀ ਰਚਨਾ ਵਿੱਚ ਅਲੱਗ ਅਲੱਗ 'ਮਹਲਾ' (ਮਹਲਾ ੧, ਮਹਲਾ ੨, ਮਹਲਾ ੯ ਆਦਿ) ਦੀ ਵਰਤੋਂ ਕੀਤੀ ਹੈ। ਇਸ ਪੋਥੇ ਵਿੱਚ ਇਸ ਬੁਨਿਆਦੀ ਅਸੂਲ ਦੀ ਹੋਂਦ ਵੀ ਨਜ਼ਰ ਨਹੀਂ ਆਉਂਦੀ। ਕਿਉਂ ?

ਬਚਿੱਤ੍ਰ ਨਾਟਕ ਵਿੱਚ "ਪਾਤਿਸ਼ਾਹੀ ੧੦" ਸ਼ਬਦ ਵਰਤਿਆ ਗਿਆ ਹੈ। ਬੇਸ਼ਕ ਸਿੱਖ ਆਪਣੇ ਸਤਿਗੁਰੂ ਨੂੰ ਸਦਾ ਹੀ 'ਸੱਚਾ ਪਾਤਿਸ਼ਾਹ' ਕਹਿ ਕੇ ਬੁਲਾਉਂਦੇ ਆਏ ਹਨ, ਪਰ ਸਤਿਗੁਰੂ ਪਾਤਿਸ਼ਾਹਾਂ ਅੰਦਰ ਇਤਨੀ ਨਿਮਰਤਾ ਸੀ ਕਿ ਉਹ ਆਪਣੇ ਆਪ ਨੂੰ ਨੀਚ, ਗਰੀਬ ਆਦਿ ਵਿਸ਼ੇਸ਼ਣਾਂ ਨਾਲ ਸੰਬੋਧਿਤ ਕਰਦੇ ਆਏ ਹਨ :

*"ਨਾਨਕੁ ਨੀਚੁ ਕਹੈ ਵਿਚਾਰੁ॥" (ਮ: ੧, ੪)*

*"ਕਿਆ ਨਾਨਕ ਜੰਤ ਵਿਚਾਰਾ॥" (ਮ:, ੪, ੮)*

*"ਨਾਨਕੁ ਗਰੀਬੁ ਬੰਦਾ ਜਨੁ ਤੇਰਾ॥" (ਮ: ੫, ੮੬)*

ਦਸਵੇਂ ਨਾਨਕ ਆਪਣੇ ਆਪ ਨੂੰ ਕਦੇ ਪਾਤਿਸ਼ਾਹ ਨਹੀਂ ਲਿਖ ਸਕਦੇ। ਇਹ ਤਾਂ ਜਿਨ੍ਹਾਂ ਗੁਰਮਤਿ-ਦੋਖੀ ਸ਼ਕਤੀਆਂ ਨੇ ਭੁਲੇਖਾ ਪਾਉਂਣ ਦੀ ਕੋਸ਼ਿਸ਼ ਕੀਤੀ ਹੈ, ਉਨ੍ਹਾਂ ਵੇਖਿਆ ਕਿ ਸਿੱਖ ਆਪਣੇ ਸਤਿਗੁਰੂ ਨੂੰ ਪਾਤਿਸ਼ਾਹ ਕਹਿ ਕੇ ਬੁਲਾਉਂਦੇ ਹਨ, ਉਨ੍ਹਾਂ ਗੁਰਮਤਿ ਸਿਧਾਤਾਂ ਤੋਂ ਅਣਜਾਣ ਵਿਅਕਤੀਆਂ ਨੇ 'ਪਾਤਿਸ਼ਾਹੀ ੧੦' ਸ਼ਬਦ ਲਿਖ ਦਿੱਤਾ। ਕੀ ਗੁਰੂ ਗੋਬਿੰਦ ਸਿੰਘ ਪਾਤਿਸ਼ਾਹ ਨੌਵੇਂ ਸਤਿਗੁਰੂ ਤੱਕ 'ਮਹਲਾ' ਲਿਖਣ ਦੀ ਮਰਿਯਾਦਾ ਤੋੜ ਸਕਦੇ ਹਨ ?

➲ ਦਸਮੇਸ਼ ਪਿਤਾ ਜੀ ਨੇ ਨੌਂਵੇਂ ਪਾਤਿਸ਼ਾਹ ਜੀ ਦੀ ਰਚੀ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਵਿੱਚ ਆਪ ਦਰਜ ਕਰਵਾਈ। ਜੇ ਕੋਈ ਗੁਰਬਾਣੀ ਦਸਮੇਸ਼ ਜੀ ਨੇ ਰਚੀ ਸੀ ਤਾਂ ਉਹ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿੱਚ ਦਰਜ ਕਿਉਂ ਨਾ ਹੋਈ ?

➲ ਇਸ ਸ਼ਾਕਤੀ ਪੋਥੇ ਵਿੱਚ ਦਰਜ ਦਸਮੇਸ਼ ਪਿਤਾ ਜੀ ਦੇ ਨਾਮ ਨਾਲ ਮੜ੍ਹੀ ਜਾ ਰਹੀ ਰਚਨਾ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਬਾਣੀ ਵਿੱਚ, ਸਿਧਾਂਤਕ ਪੱਖ ਤੋਂ ਜ਼ਮੀਨ-ਆਸਮਾਨ ਦੇ ਫ਼ਰਕ ਅੰਨ੍ਹੇ ਨੂੰ ਵੀ ਨਜ਼ਰ ਆ ਰਹੇ ਹਨ। ਇਤਨੇ ਵੱਡੇ ਬੁਨਿਆਦੀ ਫ਼ਰਕ ਸਾਡੇ ਇਨ੍ਹਾਂ ਪੰਥਕ ਵਿਦਵਾਨਾਂ ਅਤੇ ਅਖੌਤੀ ਧਾਰਮਕ ਆਗੂਆਂ ਨੂੰ ਕਿਉਂ ਵਿਖਾਈ ਨਹੀਂ ਦੇ ਰਹੇ ? ਕੀ ਦਸਮੇਸ਼ ਪਿਤਾ ਜੀ ਦੇ ਸਮੇਂ 'ਜੁਗਤਿ' ਪਹਿਲੇ ਨੌਂ ਗੁਰੂ ਜਾਮਿਆਂ ਨਾਲੋਂ ਕਿਸੇ ਵੱਖਰੇ ਰਸਤੇ ਤੇ ਚਲ ਰਹੀ ਸੀ ?

➲ ਪਹਿਲੇ ਪਾਤਿਸ਼ਾਹ ਤੋਂ ਲੈ ਕੇ ਦਸਵੇਂ ਪਾਤਿਸ਼ਾਹ ਤੱਕ ਗੁਰਤਾ ਗੱਦੀ ਸੌਂਪਣ ਸਮੇਂ, ਗੁਰਬਾਣੀ ਦੀ ਪੋਥੀ ਵੀ ਗੁਰਤਾ ਗੱਦੀ 'ਤੇ ਸੁਸ਼ੋਭਤ ਹੋਣ ਵਾਲੇ ਗੁਰੂ ਜਾਮੇਂ ਨੂੰ ਉਨ੍ਹਾਂ ਤੋਂ ਪਹਿਲੇ ਗੁਰੂ ਜਾਮੇਂ ਵੱਲੋਂ ਵਿਰਾਸਤ ਵਿੱਚ ਸੌਂਪੀ ਜਾਂਦੀ ਸੀ, ਜੋ ਕਿ ਪੰਜਵੇਂ ਪਾਤਿਸ਼ਾਹ ਅਤੇ ਦਸਵੇਂ ਪਾਤਿਸ਼ਾਹ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ





ਵਿੱਚ ਦਰਜ ਕਰਵਾ ਦਿੱਤੀ। ਜੇਕਰ ਦਸਮੇਸ਼ ਪਿਤਾ ਜੀ ਵੱਲੋਂ ਸਰਬੱਤ ਦੇ ਭਲੇ ਲਈ ਕੋਈ ਹੋਰ ਬਹੁਤ ਮਹੱਤਵਪੂਰਨ ਰਚਨਾ ਵੀ ਰਚੀ ਜਾ ਚੁੱਕੀ ਸੀ, ਤਾਂ ਉਸ ਬਾਰੇ ਕੋਈ ਸੰਕੇਤ-ਮਾਤਰ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਜਾਂ ਕਿਸੇ ਹੋਰ ਪ੍ਰਮਾਣੀਕ ਗੁਰਮਤਿ ਪੁਸਤਕ ਵਿੱਚ ਵਰਣਨ ਕੀਤਾ ਨਹੀਂ ਮਿਲਦਾ। ਕੀ ਦਸਮੇਸ਼ ਪਿਤਾ ਜੀ ਅਜਿਹੇ ਅਤਿ-ਅਹਿਮ ਮਸਲਿਆਂ ਵਾਲੀ ਰਚਨਾ ਦਾ ਜ਼ਿਕਰ ਮਾਤਰ ਕਰਨ ਵਿੱਚ ਵੀ ਭੁਲੇਖਾ ਖਾ ਗਏ ਸਨ ? (ਗੁਰੂ ਤਾਂ ਅਭੁੱਲ ਹੈ)। ਇਸ ਵਿਸ਼ੇ 'ਤੇ ਇਹ ਵੀਰ ਕੀ ਕਹਿਣਾ ਚਾਹੁਣਗੇ ?

➲ ਕੀ ਗੁਰਮਤਿ ਫ਼ਲਸਫ਼ੇ ਦਾ ਸੁਨੇਹਾ ਇਹ ਹੈ ਕਿ 'ਖ਼ਾਲਸਾ' ਕੇਵਲ ਮਰਦ ਨੂੰ ਹੀ ਸਾਜਿਆ ਗਿਆ ਸੀ; ਕਿ ਔਰਤਾਂ ਚਲਿੱਤਰ-ਹਾਰੀਆਂ ਹੁੰਦੀਆਂ ਹਨ, ਇਸ ਲਈ ਖ਼ਾਲਸੇ ਨੂੰ ਉਨ੍ਹਾਂ ਤੋਂ ਬਚ ਕੇ ਰਹਿਣ ਲਈ ਗੁਰੂ ਲਈ ਵਿਸ਼ੇਸ਼ ਕਵਿਤਾ ਲਿਖਣੀ ਜ਼ਰੂਰੀ ਹੈ ਤੇ ਉਹ ਵੀ ਕੋਕ-ਸ਼ਾਸ਼ਤਰ ਤੋਂ ਵੀ ਅਸ਼ਲੀਲ ਤੇ ਭੱਦੀ ਕਿਸਮ ਦੀ ? ਕੀ ਗੁਰਬਾਣੀ ਕਿਸੇ ਸਿੱਖ ਨੂੰ ਗ਼ਲਤ ਪਾਸੇ ਜਾਣੋਂ ਰੋਕਣ ਲਈ ਕਾਫ਼ੀ ਨਹੀਂ ਮੰਨੀ ਦਸਮੇਸ਼ ਜੀ ਨੇ ? ਕੀ ਗੁਰੂ ਗ੍ਰੰਥ ਸਾਹਿਬ ਵਿੱਚ ਨਾਰੀ ਨੂੰ 'ਮਹਾਨ' ਕਹਿਣਾ (ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ॥" [ਮ.੧, ੪੭੩)], ਐਵੇਂ ਹੀ ਸੀ ?

➲ ਕੀ ਅਸੀਂ ਆਪਣੀਆਂ ਮਾਵਾਂ, ਭੈਣਾਂ ਤੇ ਬੇਟੀਆਂ ਨੂੰ ਵੀ ਚਲਿੱਤਰ-ਹਾਰੀਆਂ ਹੀ ਮੰਨ ਲਵਾਂਗੇ ?

➲ **ਕੀ ਦਸਮੇਸ਼ ਪਿਤਾ ਜੀ ਨੇ ਇਹ ਅਟੱਲ ਫ਼ੈਸਲਾ ਨਹੀਂ ਦਿੱਤਾ ਕਿ ਉਨ੍ਹਾਂ ਤੋਂ ਪਿੱਛੋਂ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਹੀ ਸਦੀਵ ਕਾਲ ਲਈ ਮਨੁੱਖਤਾ ਦੇ ਸ਼ਬਦ-ਗੁਰੂ ਹੋਣਗੇ ? ਕੀ ਇਸ ਫ਼ੈਸਲੇ ਨੂੰ ਬਦਲਿਆ ਜਾ ਸਕਦਾ ਹੈ ? ਅਜੋਕੇ ਅਖੌਤੀ ਸਿੰਘ ਸਾਹਿਬਾਨ ਅਤੇ 'ਸਰਵ ਸ਼ਕਤੀਮਾਨ 'ਜੱਥੇਦਾਰ' ਇਸ ਸ਼ਾਕਤੀ ਪੋਥੇ ਦਾ ਗੁਰੂ ਗ੍ਰੰਥ ਸਾਹਿਬ ਦੇ ਵਾਂਗੂੰ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ (ਮੁਕਾਬਲੇ ਤੇ) ਪ੍ਰਕਾਸ਼ ਕਰਕੇ/ਕਰਵਾ ਕੇ ਅਖੰਡ ਪਾਠ ਕਰਵਾ ਕੇ, ਗੁਰੂ ਗ੍ਰੰਥ ਸਾਹਿਬ ਜੀ ਦਾ ਸ਼ਰੀਕ ਪੈਦਾ ਕਰਨ ਦੇ ਕੋਝੇ ਯਤਨ ਕਰ ਕੇ, ਸਿੱਖ ਜਗਤ ਨੂੰ ਕੀ ਸੰਦੇਸ਼ ਦੇਣਾ ਚਾਹੁੰਦੇ ਹਨ ? ਕੀ ਅਜਿਹੀਆਂ ਕਾਲੀਆਂ ਕਰਤੂਤਾਂ ਕਰਨ ਵਾਲੇ ਅਖੌਤੀ ਪੰਥ-ਪ੍ਰਸਤ ਇਹ ਸਪੱਸ਼ਟ ਕਰਨ ਦੀ ਖੇਚਲ ਕਰਨਗੇ ਕਿ ਇਸ ਅਸ਼ਲੀਲ ਪੋਥੇ ਦੀ ਮੰਜੀ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਲਗਾਉਂਣ ਦਾ ਅਧਿਕਾਰ ਇਨ੍ਹਾਂ ਨੇ ਕਿਥੋਂ ਪ੍ਰਾਪਤ ਕੀਤਾ ਹੈ ?**

➲ ਇਸ ਸ਼ਾਕਤੀ ਪੁਸਤਕ ਦੇ ਲਿਖਾਰੀਆਂ (ਸਿਆਮ, ਰਾਮ, ਕਾਲ ਆਦਿ) ਦੇ ਨਾਵਾਂ ਦਾ ਬਾਰ-ਬਾਰ ਸਪੱਸ਼ਟ ਜ਼ਿਕਰ ਕੀਤਾ, ਇਸ ਦੇ ਅੰਦਰ ਹੀ ਮਿਲਦਾ ਹੈ। ਕੀ ਇਹ ਸਾਰੇ ਦੇ ਸਾਰੇ ਨਾਮ ਦਸਮੇਸ਼ ਜੀ ਦੇ ਹੀ ਹਨ ? ਜੇਕਰ ਅਜਿਹਾ ਹੈ, ਤਾਂ ਸਪੱਸ਼ਟ ਕੀਤਾ ਜਾਵੇ ਕਿ ਇਹ ਭਾਣਾ ਕਿਵੇਂ ਵਾਪਰਿਆ ?

➲ ਇਸ ਪੋਥੇ ਵਿੱਚ ਕਈ ਥਾਂ ਇਹ ਲਿਖਿਆ ਮਿਲ ਰਿਹਾ ਹੈ ਕਿ, "ਜੇ ਕਿਧਰੇ ਲਿਖਤ ਵਿੱਚ ਲਿਖਾਰੀ ਵੱਲੋਂ ਭੁੱਲ ਹੋ ਗਈ ਹੋਵੇ, ਤਾਂ ਪਾਠਕ ਜਨ ਆਪ ਹੀ ਇਸ ਦੀ ਸੋਧ ਕਰ ਲੈਣ" :

*ਕ੍ਰਿਸ਼ਨ ਜਥਾ ਮਤਿ ਚਰਿਤ੍ਰ ਉਚਾਰੋ। **ਚੂਕ ਹੋਇ ਕਬਿ ਲੇਹੁ ਸੁਧਾਰੋ** ॥ ੪੪੦੧*
*(ਪੰਨਾ ੩੧੦)*

ਇਤਿ ਸ੍ਰੀ ਦੇਵੀ ਉਸਤਤਿ ਸਮਾਪਤੰ।

**ਅਰਥ** : ਜਿਸ ਤਰ੍ਹਾਂ ਦੀ ਬੁੱਧੀ ਹੈ, ਉਸ ਅਨੁਰੂਪ ਕ੍ਰਿਸ਼ਨ ਦੇ ਚਰਿਤ੍ਰ ਦਾ ਉਚਾਰਨ ਕਰਦਾ ਹਾਂ। ਹੇ ਕਵੀਓ! **(ਕਿਤੇ) ਗਲਤੀ ਹੋਵੇ ਤਾਂ ਸੁਧਾਰ ਲੈਣਾ।**

*ਇਥੇ ਸ੍ਰੀ ਦੇਵੀ ਦੀ ਉਸਤਤ ਦੀ ਸਮਾਪਤੀ,*
*ਖੜਗਪਾਨਿ ਕੀ ਕ੍ਰਿਪਾ ਤੇ ਪੋਥੀ ਰਚਾ ਬਿਚਾਰਿ।*
***ਭੂਲ ਹੋਇ ਜਾਹ ਤਹ ਸੁ ਕਬਿ ਪੜਿਅਹੁ ਸਭੈ ਸੁਧਾਰਿ।** ੯੮੪।*

*(ਪੰਨਾ ੩੮੬)*

**ਅਰਥ** : ਜਿਸਦੇ ਹੱਥ ਵਿੱਚ ਤਲਵਾਰ ਹੈ (ਖੜਗ ਪਾਨਿ) ਉਸਦੀ ਕ੍ਰਿਪਾ ਨਾਲ ਵਿਚਾਰਪੂਰਵਕ ਪੋਥੀ ਰਚੀ ਹੈ। **ਜਿਥੇ ਕਿਥੇ ਭੁੱਲ ਰਹਿ ਗਈ ਹੋਵੇ, ਉਸ ਸਭ ਨੂੰ ਹੇ ਕਵੀਓ! ਸੋਧ ਕੇ ਪੜ੍ਹਨਾ।**

**ਕੀ "ਗੁਰੂ ਜੋਤਿ" ਨੂੰ ਵੀ ਹੁਣ "ਅਭੁੱਲ" ਸ਼੍ਰੇਣੀ ਵਿੱਚੋਂ ਖ਼ਾਰਜ ਕਰ ਕੇ "ਭੁੱਲੜ" ਸ਼੍ਰੇਣੀ ਵਿੱਚ ਸ਼ਾਮਿਲ ਕਰ ਲਿਆ ਜਾਣਾ ਚਾਹੀਦਾ ਹੈ? ਰੱਬੀ ਬਾਣੀ ਤਾਂ ਇਹ ਫ਼ੈਸਲਾ ਦੇ ਰਹੀ ਹੈ-**

*ਭੁਲਣ ਅੰਦਰਿ ਸਭੁ ਕੋ, ਅਭੁਲੁ ਗੁਰੂ ਕਰਤਾਰੁ ॥ (ਮ.੧,੬੧)*

➲ ਇਸ ਅਖੌਤੀ ਗ੍ਰੰਥ ਦੇ ਅੰਦਰ ਤਕਰੀਬਨ ਡੇਢ ਸੌ ਵਾਰ ਇਸ ਪੁਸਤਕ ਦਾ ਨਾਮ 'ਬਚਿੱਤ੍ਰ ਨਾਟਕ' ਕਰ ਕੇ ਲਿਖਿਆ ਹੋਇਆ ਹੈ ਪਰ ਅੰਦਰ ਇੱਕ ਵਾਰ ਵੀ 'ਦਸਮ ਗ੍ਰੰਥ' ਨਾਂਅ ਨਹੀਂ ਵਰਤਿਆ ਗਿਆ। ਕੀ ਇਹ ਸ਼ਰਾਰਤ ਇਸ ਪੋਥੇ ਨੂੰ ਦਸਮੇਸ਼ ਪਿਤਾ ਜੀ ਦੀ ਰਚਨਾ ਸਿੱਧ ਕਰਨ ਲਈ ਨਹੀਂ ਕੀਤੀ ਗਈ?

➲ **ਕੀ ਇਸ ਕਿਤਾਬ ਵਿੱਚ 'ਸ੍ਰੀ ਮੁੱਖ ਵਾਕ' ਤੇ 'ਪਾਤਿਸ਼ਾਹੀ ੧੦' ਆਦਿ ਸ਼ਬਦਾਂ ਦੀ ਵਰਤੋਂ ਇਸ ਨੂੰ ਦਸਮੇਸ਼ ਜੀ ਦੇ ਪਾਵਨ ਨਾਮ ਨਾਲ ਮੜ੍ਹਨ ਲਈ ਹੀ ਨਹੀਂ ਕੀਤੀ ਗਈ, ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿੱਚ ਅਜਿਹੀ ਸ਼ਬਦਾਵਲੀ ਕਿਧਰੇ ਵੀ ਨਹੀਂ ਵਰਤੀ ਗਈ?**

➲ ਸ਼੍ਰੋਮਣੀ ਕਮੇਟੀ ਦੀ ਧਾਰਮਿਕ ਸਲਾਹਕਾਰ ਕਮੇਟੀ ਨੇ ਤੱਤਕਾਲੀਨ 'ਜੱਥੇਦਾਰ' ਅਕਾਲ ਤਖ਼ਤ ਸਾਹਿਬ ਦੀ ਪਤ੍ਰਿਕਾ ਨੰਬਰ ੬੮੪ ਮਿਤੀ ੧੧-੧੧-੧੯੪੨ ਦੇ





ਉੱਤਰ ਵਿੱਚ ੦੪-੦੫-੧੯੪੨ ਨੂੰ ਮਤਾ ਪਾਸ ਕਰ ਕੇ 'ਦਸਮ ਗ੍ਰੰਥ' ਦੇ ਅਖੰਡ, ਸਾਧਾਰਨ ਜਾਂ ਸਪਤਾਹਕ ਪਾਠ ਕਰਨ 'ਤੇ ਪਾਬੰਦੀ ਲਾ ਦਿੱਤੀ ਸੀ। ਜੇਕਰ ਇਸ ਨੂੰ ਤੁਸੀਂ ਦਸਮੇਸ਼ ਪਿਤਾ ਦੀ ਰਚਨਾ ਮੰਨਦੇ ਹੋ ਤਾਂ ਫਿਰ ਇਹ ਪਾਬੰਦੀ ਕਿਉਂ ਲਗਾਈ ਗਈ ਸੀ?

➲ "ਸਿੱਖ ਰਹਿਤ ਮਰਯਾਦਾ-੧੯੩੬" ਵਿੱਚ ਪੰਨਾ ਨੰਬਰ ੧੧, ਪੈਰਾ ਨੰਬਰ ੪ (ਹ) ਅਧੀਨ ਇਹ ਕਿਉਂ ਲਿਖ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਇਸ ਦੇ ਬਾਵਜੂਦ ਇਸ ਕਿਤਾਬ ਨੂੰ ਗੁਰੂ ਗ੍ਰੰਥ ਸਾਹਿਬ ਦੇ ਵਾਕਰ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਕਰ ਕੇ ਇਸ ਦੇ ਅਖੰਡ-ਪਾਠ ਕਿਉਂ ਕੀਤੇ ਜਾ ਰਹੇ ਹਨ? ਇਸ ਅਸ਼ਲੀਲ ਪੋਥੇ (ਦੇ ਮਿੱਥੇ ਪੰਨਿਆਂ) ਤੋਂ ਹੀ 'ਹੁਕਮਨਾਮੇ' ਕਿਉਂ ਲਏ ਜਾ ਰਹੇ ਹਨ?

➲ **ਕੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਨੂੰ ਅਧਿਕਾਰ ਦਿੱਤਾ ਸੀ ਕਿ ਉਹ ਕਿਸੇ ਹੋਰ ਗ੍ਰੰਥ ਦੀ ਸੰਪਾਦਨਾ ਕਰ ਕੇ, ਸ਼ਬਦ-ਗੁਰੂ ਦੇ ਸ਼ਰੀਕ ਵਜੋਂ ਪ੍ਰਕਾਸ਼ ਕਰਨ ਦਾ ਹੁਕਮ ਦੇਵੇ?**

➲ ਕੀ ਦਸਮੇਸ਼ ਪਿਤਾ ਜੀ ਨੇ ਗੁਰਤਾ ਗੱਦੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪੀ ਸੀ ਜਾਂ ਕਿਸੇ ਹੋਰ ਗ੍ਰੰਥ ਨੂੰ ਵੀ? ਇਸ ਪੋਥੇ ਦੀ ਤਾਂ ਗੱਲ ਹੀ ਛੱਡੋ, ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਦੂਜੇ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦਾ ਪ੍ਰਕਾਸ਼ ਵੀ ਨਹੀਂ ਕੀਤਾ ਜਾਣਾ ਚਾਹੀਦਾ, ਕਿਉਂਕਿ ਅਜਿਹਾ ਕਰਨ ਨਾਲ ਸੰਗਤਿ ਵਿੱਚ ਜਿਥੇ ਦੁਬਿਧਾ ਪੈਦਾ ਹੋਵੇਗੀ, ਉਥੇ ਮਨਮਤੀ ਅਖੌਤੀ ਸੰਤਾਂ ਬਾਬਿਆਂ ਨੂੰ ਇੱਕੋ ਕਮਰੇ ਵਿੱਚ ਇੱਕ ਤੋਂ ਵੱਧ ਪ੍ਰਕਾਸ਼ ਕਰ ਕੇ ਅਖੰਡ-ਪਾਠ ਜਾਂ ਕੋਈ ਹੋਰ ਪਾਠ ਕਰਨ ਦੀ ਖੁੱਲ੍ਹ ਮਿਲ ਜਾਵੇਗੀ, ਜਿਵੇਂ ਕਿ ਕਿਤੇ ਕਿਤੇ ਅੱਜ ਕਲ ਕੀਤਾ ਵੀ ਜਾ ਰਿਹਾ ਹੈ।

**ਨੋਟ** : ਇਸ ਚੈਪਟਰ ਦੇ ਅੰਤ ਵਿੱਚ ਗੁਰੂ ਗ੍ਰੰਥ ਸਾਹਿਬ ਅਤੇ ਅਖੌਤੀ ਦਸਮ ਗ੍ਰੰਥ (ਬਚਿੱਤ੍ਰ ਨਾਟਕ) ਦਾ ਸੰਖੇਪ ਤੁਲਨਾਤਮਕ ਅਧਿਐਨ ਦੇ ਦਿੱਤਾ ਗਿਆ ਹੈ।

## ੯. ਗੁਰਦੁਆਰਿਆਂ ਅੰਦਰ ਪਖੰਡ-ਕਰਮ

ਕੁਝ ਗੁਰਦੁਆਰਿਆਂ ਅੰਦਰ ਜੰਤ੍ਰ-ਮੰਤ੍ਰ, ਹੱਥ-ਹੌਲੇ, ਧਾਗੇ-ਤਵੀਜ਼, ਰਾਖ ਦੀਆਂ ਪੁੜੀਆਂ, ਸੁੱਖਾਂ, ਪੁੱਛਾਂ, ਰੱਖਾਂ ਆਦਿ ਦੇ ਪਖੰਡ ਕਰਮ ਵੀ ਕੀਤੇ ਜਾ ਰਹੇ ਹਨ। ਧੁਰ ਕੀ ਬਾਣੀ ਮਨੁੱਖਤਾ ਨੂੰ ਅਜਿਹੇ ਵਹਿਮਾਂ-ਭਰਮਾਂ ਤੋਂ ਸਖ਼ਤੀ ਨਾਲ ਵਰਜ ਰਹੀ ਹੈ।

*ਅਨਿਕ ਪੁਨਹਚਰਨ ਕਰਤ ਨਹੀਂ ਤਰੈ ॥*
*ਹਰਿ ਕੋ ਨਾਮੁ ਕੋਟਿ ਪਾਪ ਪਰਹਰੈ ॥ (ਮ.੫, ੨੬੪)*
*ਤੰਤੁ ਮੰਤੁ ਪਾਖੰਡੁ ਨਾ ਜਾਣਾ, ਰਾਮੁ ਰਿਦੈ ਮਨੁ ਮਾਨਿਆ ॥ (ਮ.੧,੭੬੬)*

**ਭਾਵ** : (ਪਰਮਾਤਮਾ ਦਾ ਪਿਆਰ ਪ੍ਰਾਪਤ ਕਰਨ ਲਈ), ਮੈਂ ਜਾਦੂ-ਟੂਣਾ, ਕੋਈ

ਮੰਤਰ ਆਦਿਕ ਪਖੰਡ ਕਰਨਾ ਨਹੀਂ ਜਾਣਦੀ, ਮੈਂ ਤਾਂ ਕੇਵਲ ਉਸ ਪ੍ਰਭੂ ਨੂੰ ਹੀ ਆਪਣੇ ਹਿਰਦੇ ਵਿੱਚ ਵਸਾਇਆ ਹੈ।

*"ਸੁਨਤ ਜਪਤ ਹਰਿ ਨਾਮ ਜਸੁ, ਤਾ ਕੀ ਦੂਰਿ ਬਲਾਈ॥*
*ਮਹਾ ਮੰਤ੍ਰੁ ਨਾਨਕੁ ਕਥੈ, ਹਰਿ ਕੇ ਗੁਣ ਗਾਈ॥ (ਮ.੫, ੮੧੪)*

**ਭਾਵ** : ਹੇ ਭਾਈ! ਨਾਨਕ (ਇੱਕ) ਸੱਭ ਤੋਂ ਵੱਡਾ ਮੰਤ੍ਰ ਦੱਸਦਾ ਹੈ। (ਮੰਤ੍ਰ ਇਹ ਹੈ ਕਿ ਜਿਹੜਾ ਮਨੁੱਖ) ਪਰਮਾਤਮਾ ਦੇ ਗੁਣ ਗਾਉਂਦਾ ਰਹਿੰਦਾ ਹੈ, ਪਰਮਾਤਮਾ ਦੇ ਨਾਮ ਦੀ ਵਡਿਆਈ ਸੁਣਦਿਆਂ ਤੇ ਜਪਦਿਆਂ ਉਸ ਮਨੁੱਖ ਦੀ ਹਰੇਕ ਬਲਾ (ਬਿਪਤਾ) ਦੂਰ ਹੋ ਜਾਂਦੀ ਹੈ।

## ੧੦. ਗੁਰਦੁਆਰਿਆਂ ਵਿੱਚ ਗੁਰਮਤਿ-ਵਿਰੋਧੀ ਕੱਚੀਆਂ-ਪਿੱਲੀਆਂ ਰਚਨਾਵਾਂ ਦੇ ਪਾਠ

ਕੁੱਝ ਗੁਰਦੁਆਰਿਆਂ ਵਿੱਚ ਦੀਵਾਨਾਂ ਦੀ ਸਮਾਪਤੀ 'ਤੇ ਹੁਕਮਨਾਮਾ ਲੈਣ ਸਮੇਂ ਅਤੇ ਕੜਾਹ ਪ੍ਰਸ਼ਾਦਿ ਵਰਤਾਉਂਣ ਸਮੇਂ ਅੰਨ੍ਹੀ ਸ਼ਰਧਾ ਵੱਸ, ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਬਾਹਰ ਦੀਆਂ ਕੱਚੀਆਂ-ਪਿੱਲੀਆਂ ਰਚਨਾਵਾਂ ਵਿੱਚੋਂ ਪਾਠ (ਬਚਿੱਤ੍ਰ ਨਾਟਕ ਵਿੱਚੋਂ ਜਾਂ ਤ੍ਰਿਆ ਚਰਿੱਤ੍ਰ ਵਿੱਚੋਂ ਕਬਯੋਵਾਚ ਬੇਨਤੀ ਚੌਪਈ ਆਦਿ) ਕੀਤੇ ਜਾ ਰਹੇ ਹਨ। ਕੀ ਅਜਿਹੇ ਸਮੇਂ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਕਿਸੇ ਸ਼ਬਦ ਦਾ ਪਾਠ ਨਹੀਂ ਕੀਤਾ ਜਾ ਸਕਦਾ? ਜੇਕਰ ਨਹੀਂ ਤਾਂ ਕਿਉਂ ਨਹੀਂ? ਕੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਕਿਸੇ ਕਿਸਮ ਦੀ ਕੋਈ ਕਮੀ-ਪੇਸ਼ੀ ਹੈ ਕਿ ਸਾਨੂੰ ਬਾਹਰੋਂ ਕੱਚੀਆਂ-ਪਿੱਲੀਆਂ ਰਚਨਾਵਾਂ ਪੜ੍ਹਨ ਦੀ ਲੋੜ ਮਹਿਸੂਸ ਹੋ ਰਹੀ ਹੈ? **ਅਸਲ ਵਿੱਚ ਅਜਿਹੀਆਂ ਗੁਰਮਤਿ-ਵਿਰੋਧੀ ਹਰਕਤਾਂ ਸ਼ਬਦ-ਗੁਰੂ ਦਾ ਘੋਰ-ਅਪਮਾਨ ਹਨ ਅਤੇ ਅਜਿਹੀਆਂ ਗੁਰਮਤਿ ਵਿਰੋਧੀ ਕਾਰਵਾਈਆਂ ਉਹੀ ਪ੍ਰਬੰਧਕ ਕਰ/ਕਰਵਾ ਰਹੇ ਹਨ ਜਿਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ 'ਤੇ ਭਰੋਸਾ ਨਹੀਂ।**

## ੧੧. ਮਿਥਿਹਾਸ ਦੀ ਕਥਾ

ਗੁਰਮਤਿ ਸਿਧਾਂਤਾਂ ਤੇ ਖ਼ਰਾ ਉਤਰਨ ਵਾਲੇ ਇਤਿਹਾਸ ਦੀ ਬਜਾਏ, ਬ੍ਰਾਹਮਣੀ ਰੰਗਤ ਵਾਲੇ ਪ੍ਰਸੰਗਾਂ ਦੀ ਕਥਾ (ਭਾਈ ਬਾਲੇ ਵਾਲੀ ਜਨਮ ਸਾਖੀ, ਸੂਰਜ ਪ੍ਰਕਾਸ਼ ਆਦਿ ਦੀ ਹੀ) ਕੀਤੀ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੀ ਉਲੰਘਣਾ ਕਰਨ ਵਾਲੀਆਂ ਕਥਾ-ਕਹਾਣੀਆਂ ਗੁਰੂ ਸਾਹਿਬ ਦੀ ਹਜ਼ੂਰੀ ਵਿੱਚ ਸੁਣਾ ਕੇ, ਸੰਗਤਾਂ ਨੂੰ ਦ੍ਰਿੜ ਕਰਵਾ ਕੇ, ਕੀ ਅਸੀਂ ਸਤਿਗੁਰਾਂ ਦੀ ਤੌਹੀਨ ਕਰਨ ਦੇ ਦੋਸ਼ੀ ਨਹੀਂ ਬਣ ਰਹੇ?

## ੧੨. ਅਲੌਕਿਕ ਪ੍ਰਚਾਰ ਢੰਗ

ਕੀਰਤਨ ਦਰਬਾਰ, ਰੈਣ-ਸਬਾਈਆਂ, ਦਿਵਸ-ਸੁਹੇਲਾ, ਨਗਰ ਕੀਰਤਨ, ਪ੍ਰਭਾਤ ਫੇਰੀਆਂ, ਚੇਤਨਾ ਮਾਰਚਾਂ ਨੂੰ ਸ਼ਬਦ-ਵਿਚਾਰ ਤੋਂ ਵੀ ਵੱਧ ਮਹਾਨਤਾ ਦਿੱਤੀ ਜਾ ਰਹੀ ਹੈ।





ਜੇਕਰ ਇਨ੍ਹਾਂ ਢੰਗਾਂ ਨਾਲ ਹੀ ਇਸ ਲਾਸਾਨੀ ਇਨਕਲਾਬ ਦਾ ਸੰਸਾਰ ਵਿੱਚ ਵਿਕਾਸ ਹੋਣਾ ਹੁੰਦਾ ਤਾਂ ਹੁਣ ਤੱਕ ਬਹੁਤੀ ਲੋਕਾਈ ਗੁਰਮਤਿ ਇਨਕਲਾਬੀ ਪਰਚਮ ਹੇਠ ਇਕੱਤ੍ਰ ਹੋਕੇ ਸੰਸਾਰ ਦੇ ਬਹੁਤੇ ਹਿੱਸੇ ਵਿੱਚ ਰੱਬ ਦਾ ਰਾਜ ਕਾਇਮ ਕਰਨ ਵਿੱਚ ਸਫ਼ਲ ਹੋ ਚੁੱਕੀ ਹੁੰਦੀ। ਅਸਲੀ ਕੰਮ ਸ਼ਬਦ ਵਿਚਾਰ ਨੂੰ ਸਮਝ ਕੇ ਅਮਲੀ ਜੀਵਨ ਵਿੱਚ ਢਾਲਣਾ ਹੀ ਹੈ, ਸ਼ੋਰ-ਸ਼ਰਾਬੇ ਅਤੇ ਜਜ਼ਬਾਤੀ ਧਾਰਮਿਕ ਵਿਖਾਵੇ ਕਰਕੇ ਗੱਲ ਨਹੀਂ ਬਣਨੀ।

## ੧੩. ਗਾਲ੍ਹੀ-ਗਲੋਚ, ਲੜਾਈ ਝਗੜੇ

ਕੁਝ ਗੁਰਦੁਆਰਿਆਂ ਅੰਦਰ ਗਾਲ੍ਹੀ-ਗਲੋਚ ਅਤੇ ਹੱਥੋਂ-ਪਾਈ ਦੀਆਂ ਸ਼ਰਮਨਾਕ ਕਾਰਵਾਈਆਂ ਵੀ ਵੇਖਣ ਨੂੰ ਆਮ ਹੀ ਮਿਲ ਜਾਂਦੀਆਂ ਹਨ। ਅਜਿਹੇ ਝਗੜਿਆਂ ਦਾ ਕਾਰਨ ਗੋਲਕ ਦੀ ਮਾਇਆ, ਚੌਧਰ ਦੀ ਭੁੱਖ ਅਤੇ ਧੜੇਬੰਦੀਆਂ ਹੀ ਹਨ। ਅਜਿਹੀਆਂ ਘਟੀਆ ਕਾਰਵਾਈਆਂ ਸਮੁੱਚੇ ਸੰਸਾਰ ਵਿੱਚ ਸਿੱਖ ਕੌਮ ਦਾ ਸਿਰ ਨੀਵਾਂ ਕਰਨ ਦਾ ਕਾਰਨ ਬਣਦੀਆਂ ਹਨ।

## ੧੪. ਗੁਰਦੁਆਰਿਆਂ ਵਿੱਚ ਆਰਤੀਆਂ?

ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਬਿਪਰਨ ਕੀ ਰੀਤਿ ਅਨੁਸਾਰ ਕੀਤੀਆਂ ਜਾ ਰਹੀਆਂ ਆਰਤੀਆਂ ਭੀ ਆਮ ਵੇਖਣ ਨੂੰ ਮਿਲ ਜਾਂਦੀਆਂ ਹਨ। ਸ਼ਾਕਤੀ ਪੋਥੇ (ਅਖੌਤੀ ਦਸਮ ਗ੍ਰੰਥ) ਵਿੱਚੋਂ ਕੁੱਝ ਰਚਨਾਵਾਂ 'ਫੂਲਨ ਦੀ ਵਰਖਾ ਬਰਖਾਵੈ'....ਆਦਿ, ਪੜ੍ਹਨ ਵੇਲੇ ਫੁੱਲਾਂ ਦੀ ਵਰਖਾ ਕੀਤੀ ਜਾਂਦੀ ਹੈ। ਧੰਨ ਸਿੱਖੀ! ਜਗਨਨਾਥਪੁਰੀ ਦੇ ਅਸਥਾਨ ਤੇ ਗੁਰੂ ਨਾਨਕ ਸਾਹਿਬ ਨੇ ਬ੍ਰਾਹਮਣਾਂ ਪੁਜਾਰੀਆਂ ਵੱਲੋਂ ਕੀਤੀ ਜਾ ਰਹੀ ਇਸ ਢੰਗ ਦੀ ਆਰਤੀ ਦਾ ਜ਼ੋਰਦਾਰ ਸ਼ਬਦਾਂ ਵਿੱਚ ਖੰਡਨ ਕੀਤਾ ਅਤੇ ਇਹ ਸ਼ਬਦ ਉਚਾਰ ਕੇ ਗੁਰਮਤਿ ਸੇਧ ਬਖ਼ਸ਼ਿਸ਼ ਕੀਤੀ ਸੀ -

*ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ, ਤਾਰਿਕਾ ਮੰਡਲ ਜਨਕ ਮੋਤੀ॥*
*ਧੂਪੁ ਮਲਆਨਲੋ, ਪਵਣੁ ਚਵਰੋ ਕਰੇ, ਸਗਲ ਬਨਰਾਇ ਫੂਲੰਤ ਜੋਤੀ॥" ੧॥*

*ਕੈਸੀ ਆਰਤੀ ਹੋਇ॥ ਭਵਖੰਡਨਾ ਤੇਰੀ ਆਰਤੀ॥*
*ਅਨਹਤਾ ਸਬਦ ਵਾਜੰਤ ਭੇਰੀ॥ ੧॥ ਰਹਾਉ॥ (ਮ: ੧, ੧੩)*

**ਭਾਵ** : ਸਾਰਾ ਆਕਾਸ਼ (ਮਾਨੋਂ) ਥਾਲ ਹੈ। ਸੂਰਜ ਤੇ ਚੰਦ (ਉਸ ਥਾਲ ਵਿੱਚ) ਦੀਵੇ ਬਣੇ ਹੋਏ ਹਨ। ਤਾਰਿਆਂ ਦੇ ਸਮੂਹ ਮਾਨੋਂ (ਥਾਲ ਵਿੱਚ) ਮੋਤੀ ਰੱਖੇ ਹੋਏ ਹਨ। ਮਲਯ ਪਰਬਤ ਵੱਲੋਂ ਆਉਂਣ ਵਾਲੀ ਹਵਾ, ਮਾਨੋਂ ਧੂਪ (ਧੁਖ ਰਿਹਾ) ਹੈ। ਹਵਾ ਚੌਰ ਕਰ ਰਹੀ ਹੈ। ਸਾਰੀ ਬਨਸਪਤੀ ਜੋਤਿ-ਰੂਪਿ (ਪ੍ਰਭੂ ਦੀ ਆਰਤੀ) ਵਾਸਤੇ ਫੁੱਲ ਦੇ ਰਹੀ ਹੈ॥੧॥

ਹੇ ਜੀਵਾਂ ਦੇ 'ਜੀਵਨ-ਮਰਣ' ਨਾਸ ਕਰਨ ਵਾਲੇ! (ਕੁਦਰਤਿ ਵਿੱਚ) ਤੇਰੀ ਕੈਸੀ ਸੁੰਦਰ ਆਰਤੀ ਹੋ ਰਹੀ ਹੈ। (ਸੱਭ ਜੀਵਾਂ ਵਿੱਚ ਰੁਮਕ ਰਹੀ) ਇੱਕੋ ਜੀਵਨ-ਰੌਂ, ਮਾਨੋਂ, ਤੇਰੀ ਆਰਤੀ ਵਾਸਤੇ ਨਗਾਰੇ ਵੱਜ ਰਹੇ ਹਨ॥੧॥ ਰਹਾਉ॥

ਪਰ, ਸਾਡੇ ਕੁੱਝ ਵੀਰ/ਭੈਣਾਂ ਅਜਿਹੇ ਸਪੱਸ਼ਟ ਗੁਰ ਹੁਕਮਾਂ ਦੇ ਉਲਟ, ਬ੍ਰਾਹਮਣ ਦੀ ਰੀਸੇ, ਇਹ ਗੁਰਮਤਿ-ਵਿਰੋਧੀ ਕਰਮ ਗੁਰਮਤਿ ਦੇ ਲੇਬਲ ਹੇਠ ਅਜੇ ਤੱਕ ਵੀ ਕਰੀ ਜਾ ਰਹੇ ਹਨ। ਸਦ ਅਫਸੋਸ!

## ੧੫. ਗੁਰੂ ਗ੍ਰੰਥ ਸਾਹਿਬ ਦਾ ਸਤਿਕਾਰ ਕਿ ਵਿਖਾਵਾ!

ਕੀ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਨੂੰ ਭੀ ਸਰਦੀ ਜਾਂ ਗਰਮੀ ਲੱਗ ਸਕਦੀ ਹੈ? ਜੇਕਰ ਨਹੀਂ, ਤਾਂ ਫਿਰ ਗੁਰੂ ਗ੍ਰੰਥ ਸਾਹਿਬ ਲਈ ਗਰਮੀ ਅਤੇ ਸਰਦੀ ਵਿੱਚ ਕੂਲਰ, ਏ.ਸੀ. ਸੈਟ ਅਤੇ ਗਰਮ ਬਸਤਰ ਕਿਸ ਖਿਆਲ ਨਾਲ ਵਰਤੇ ਜਾ ਰਹੇ ਹਨ? ਕੀ ਅਜਿਹਾ ਸ਼ਬਦ-ਗੁਰੂ ਦੀ ਸੇਵਾ ਕਰਨ ਲਈ ਕੀਤਾ ਜਾ ਰਿਹਾ ਹੈ? ਗੁਰਮਤਿ ਸਿਧਾਂਤਾਂ ਅਨੁਸਾਰ ਸਤਿਗੁਰਾਂ ਦੀ ਸੇਵਾ ਤਾਂ ਸਤਿਗੁਰਾਂ ਦੇ ਰੱਬੀ ਬਚਨਾਂ ਦੀ ਪਾਲਣਾ ਕਰਨਾ ਹੀ ਹੈ-

*ਸੇਵਕ ਸਿਖ ਪੂਜਣ ਸਭਿ ਆਵਹਿ, ਸਭਿ ਗਾਵਹਿ ਹਰਿ ਹਰਿ ਊਤਮ ਬਾਣੀ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰ ਮਾਨੀ॥ (ਮ.੪,੬੬੯)*
*ਸਤਿਗੁਰ ਬਚਨ ਕਮਾਵਣੇ, ਸਚਾ ਏਹੁ ਵੀਚਾਰੁ॥ (ਮ.੫,੫੨)*

## ੧੬. ਹਨੂੰਮਾਨ ਅਤੇ ਸ਼ਨੀ ਦੇਵਤਾ ਵੀ ਕੁਝ ਗੁਰਦੁਆਰਿਆਂ 'ਚ ਆ ਵੜੇ

ਅੱਜ ਕਲ ਕੁੱਝ ਇੱਕ ਗੁਰਦੁਆਰਿਆਂ ਦੀ ਸੰਗਤਿ ਨੇ ਗੁਰਮਤਿ ਦੀ ਬੜੀ ਡੂੰਘੀ ਖ਼ੋਜ ਕਰ ਕੇ ਨਵੇਂ 'ਗੁਰਮਤਿ ਸਿਧਾਂਤਾਂ' ਨੂੰ ਲੱਭ ਕੇ ਗੁਰੂ ਦੀਆਂ ਖ਼ੁਸ਼ੀਆਂ ਹਾਸਿਲ ਕਰ ਲਈਆਂ ਹਨ।ਉਹ ਇਹ ਹੈ ਕਿ ਹਨੂੰਮਾਨ ਨੂੰ ਖ਼ੁਸ਼ ਕਰਨ ਲਈ ਮੰਗਲਵਾਰ ਨੂੰ ਗੁਰਦੁਆਰਿਆਂ ਵਿੱਚ ਲੱਡੂਆਂ ਅਤੇ ਬੂੰਦੀ ਦਾ ਪ੍ਰਸ਼ਾਦ ਚੜ੍ਹਾਇਆ ਜਾਂਦਾ ਹੈ ਅਤੇ 'ਸ਼ਨੀ ਦੇਵਤੇ' ਦੀ ਅਸੀਸ ਲੈਣ ਲਈ ਸ਼ਨਿੱਚਰਵਾਰ ਨੂੰ ਤੜਕਾ ਲੱਗੇ, ਕਾਲੇ ਛੋਲਿਆਂ ਦਾ ਪ੍ਰਸ਼ਾਦ ਵੰਡਿਆ ਜਾਂਦਾ ਹੈ। ਧੰਨ 'ਸਿੱਖੀ! ਧੰਨ ਸਿੱਖੀ!! ਬਲਿਹਾਰ ਜਾਈਏ ਐਸੇ ਸ਼ਰਧਾਵਾਨ ਸਿੱਖਾਂ ਅਤੇ ਪ੍ਰਬੰਧਕਾਂ ਤੋਂ!!! ਦੇਵੀ ਦੇਵਤਿਆਂ ਦੀ ਅਸਲੀਅਤ ਅਤੇ ਪੂਜਾ ਬਾਰੇ ਤਾਂ ਗੁਰੂ-ਫੁਰਮਾਣ ਉੱਪਰ ਦਿੱਤੇ ਹੀ ਜਾ ਚੁੱਕੇ ਹਨ। ਆਓ, ਜ਼ਰਾ ਹਨੂੰਮਾਨ ਜੀ ਬਾਰੇ ਜੋ ਧੁਰ ਕੀ ਬਾਣੀ ਦਾ ਫ਼ੈਸਲਾ ਹੈ, ਉਸ ਦੇ ਵੀ ਦਰਸ਼ਨ ਕਰ ਲਈਏ -

*ਦਾਧੀਲੇ ਲੰਕਾ ਗੜੁ ਉਪਾੜੀਲੇ ਰਾਵਣ ਬਣੁ ਸਲਿ ਬਿਸਲਿ ਆਣਿ ਤੋਖੀਲੇ ਹਰੀ॥*
*ਕਰਮ ਕਰਿ ਕਛਉਟੀ ਮਫੀਟਸਿ ਰੀ॥ (ਤ੍ਰਿਲੋਚਨ ਜੀ, ੬੯੫)*

"(ਭਾਵ: ਹਨੂੰਮਾਨ ਨੇ ਭਾਵੇਂ ਰਾਮ-ਰਾਵਣ ਜੁੱਧ ਵਿੱਚ ਲੰਕਾ ਦਾ ਕਿਲ੍ਹਾ ਸਾੜ ਕੇ ਸੁਆਹ ਕਰ ਦਿੱਤਾ, ਰਾਵਣ ਦੇ ਬਾਗ਼ ਨੂੰ ਵੀ ਉਜਾੜ ਉਖਾੜ ਦਿੱਤਾ ਅਤੇ ਸਲਿ ਦੂਰ ਕਰਨ ਵਾਲੀ 'ਬਿਸਲਿ' ਨਾਮ ਦੀ ਦੁਰਲੱਭ ਬੂਟੀ ਲਿਆ ਕੇ ਰਾਮ ਚੰਦਰ ਨੂੰ ਪ੍ਰਸੰਨ ਕੀਤਾ, ਪਰ ਕੀਤੇ ਕਰਮਾਂ ਦੇ ਫਲ ਤੋਂ [ਹਨੂੰਮਾਨ ਨੇ, ਦੱਸਿਆ ਜਾਂਦਾ ਹੈ ਕਿ, ਪਿਛਲੇ ਜਨਮ ਵਿੱਚ ਭਜਨ-ਬੰਦਗੀ ਵਾਲੇ ਰਿਸ਼ੀਆਂ ਦੇ ਸਭ ਕਪੜੇ ਖੋਹ ਲਏ ਸਨ, ਅਤੇ ਜ਼ਲੀਲ ਕਰਨ ਲਈ





ਉਨ੍ਹਾਂ ਪਾਸ ਕੇਵਲ ਕਛਉਟੀ (ਕੱਛੀ ਜਿਹੀ) ਹੀ ਰਹਿਣ ਦਿੱਤੀ ਸੀ] ਹਨੂੰਮਾਨ ਜੀ ਵੀ ਨਹੀਂ ਬੱਚ ਸਕੇ। ਰਾਮ ਚੰਦਰ ਜੀ ਦੀ ਇਤਨੀ ਬੇ-ਮਿਸਾਲ ਸੇਵਾ ਕਰਨ ਪਿੱਛੋਂ ਵੀ, ਰਾਮਚੰਦਰ ਜੀ ਵੱਲੋਂ ਕਛਉਟੀ ਤੋਂ ਵੱਧ ਕੋਈ ਇਨਾਮ ਨਾ ਪ੍ਰਾਪਤ ਕਰ ਸਕੇ।

ਸਾਰਾ ਦਿਮਾਗ਼ੀ ਜ਼ੋਰ ਲਾ ਕੇ ਵੀ ਉਪਰਲੇ ਸ਼ਬਦ ਵਿੱਚ ਹਨੂੰਮਾਨ ਦੀ ਉਸਤਤਿ ਹੋਈ ਵਾਲੇ ਅਰਥ ਨਹੀਂ ਕੱਢੇ ਜਾ ਸਕਦੇ। ਹਾਂ, ਉਨ੍ਹਾਂ ਦੀ ਸ਼ਾਨ ਨੂੰ ਕੁੱਝ ਰਗੜਾ ਜਿਹਾ ਤਾਂ ਸਾਫ਼ ਹੀ ਲੱਗ ਰਿਹਾ ਹੈ।" (ਮਹਿੰਦਰ ਸਿੰਘ ਜੋਸ਼ : ਭੇਖੀ ਡੇਰੇਦਾਰਾਂ ਵੱਲੋਂ ਸਿੱਖ-ਮੱਤ ਤੇ ਮਾਰੂ ਹਮਲੇ)

## ੧੭. ਗੁਰਦੁਆਰਿਆਂ ਵਿੱਚ ਪਗੜੀ-ਧਾਰੀ ਬ੍ਰਾਹਮਣ ਆ ਵੜੇ-ਭਾੜਾ ਲੈ ਕੇ ਵਿਆਹ?

ਕਈ ਗੁਰਦੁਆਰਿਆਂ ਵਿੱਚ, ਪ੍ਰਬੰਧਕਾਂ ਰਾਹੀਂ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੇ ਉਲਟ ਅਨੰਦ ਕਾਰਜ (ਵਿਆਹ) ਕਰਨ ਦੇ ਰੇਟ ਮੁਕੱਰਰ ਕੀਤੇ ਜਾ ਚੁੱਕੇ ਹਨ। ਪਰ ਚਾਲਾਕੀ ਨਾਲ ਇਨ੍ਹਾਂ ਨੂੰ 'ਰੇਟ' ਕਹਿਣ ਦੀ ਬਜਾਏ, 'ਭੇਟਾ' ਦਾ ਨਾਂ ਦਿੱਤਾ ਜਾ ਰਿਹਾ ਹੈ। ਭੋਲੀ ਸੰਗਤਿ ਨਾਲ ਇਹ ਠੱਗੀ ਸ਼ਰ੍ਹੇਆਮ ਕੀਤੀ ਜਾ ਰਹੀ ਹੈ। ਅੱਜ ਗੁਰਦੁਆਰਿਆਂ ਦੇ ਪ੍ਰਬੰਧਕਾਂ ਵਿੱਚ ਕ੍ਰਿਪਾਨਧਾਰੀ ਤੇ ਪਗੜੀਧਾਰੀ ਬ੍ਰਾਹਮਣ ਭਾਰੀ ਗਿਣਤੀ ਵਿੱਚ ਆ ਵੜੇ ਹਨ।

*"ਲੈ ਭਾੜਿ ਕਰੇ ਵਿਆਹੁ॥ ਕਢਿ ਕਾਗਲੁ ਦਸੇ ਰਾਹੁ॥" (ਮ.੧,੪੭੧)*

(**ਭਾਵ:** ਆਪਣੇ ਹੀ ਜਜਮਾਨਾਂ ਦੀਆਂ ਧੀਆਂ ਦੇ ਵਿਆਹ ਭਾੜਾ ਲੈ ਕੇ ਕਰਦਾ ਹੈ ਅਤੇ ਪੱਤ੍ਰੀ ਸੋਧ-ਸੋਧ ਕੇ ਉਨ੍ਹਾਂ ਨੂੰ ਰਸਤਾ ਦੱਸਦਾ ਹੈ (ਧਾਰਮਕ ਉਪਦੇਸ਼ ਦਿੰਦਾ ਹੈ)।

## ੧੮. ਗੁਰੂ ਗ੍ਰੰਥ ਸਾਹਿਬ 'ਚ 'ਮਾਧਵਾਨਲ-ਕਾਮਕੰਦਲਾ' ਕਾਮ-ਕਿੱਸੇ ਦਾ ਅੰਸ਼ ਵੀ ਸ਼ਾਮਿਲ ਹੋ ਗਿਆ - ਕੀ 'ਰਾਗਮਾਲਾ' ਗੁਰਬਾਣੀ ਹੈ ਜਾਂ 'ਮਾਧਵਾਨਲ-ਕਾਮਕੰਦਲਾ' ਕਾਮ-ਕਿੱਸੇ ਦਾ ਅੰਸ਼?

ਇਸ ਬਾਰੇ ਹੇਠ ਲਿਖੇ ਨੁਕਤੇ ਸਾਡਾ ਧਿਆਨ ਮੰਗਦੇ ਹਨ:

**ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਤ 'ਸਿੱਖ ਰਹਿਤ ਮਰਯਾਦਾ-੧੯੩੬'' ਦੇ ਪਹਿਲੇ ਐਡੀਸ਼ਨ ਵਿੱਚ ਸਪੱਸ਼ਟ ਦਰਜ ਕੀਤਾ ਮਿਲਦਾ ਹੈ-**

**''ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉੱਤੇ ਪਾਇਆ ਜਾਵੇ''**

(ਹਵਾਲਾ: "ਗੁਰਮਤਿ ਨਿਰਨਯ ਕੋਸ਼" ਲੇਖਕ ਡਾ. ਗੁਰਸ਼ਰਨਜੀਤ ਸਿੰਘ (ਸਤੰਬਰ ੨੦੦੪ ਐਡੀਸ਼ਨ)

ਨੋਟ: 'ਸਿੱਖ ਰਹਿਤ ਮਰਯਾਦਾ-੧੯੩੬' ਦੇ ਐਡੀਸ਼ਨ ਦੀ ਪੁਰਾਣੀ ਕਾਪੀ ਡਾ. ਗੁਰਸ਼ਰਨਜੀਤ ਸਿੰਘ ਜੀ ਦੇ ਨਿੱਜੀ ਪੁਸਤਕ-ਸੰਗ੍ਰਹਾਲੇ ਵਿੱਚ ਮੌਜੂਦ ਦੱਸੀ ਜਾਂਦੀ ਹੈ। ਇਸ ਦੇ ਸਬੰਧਤ ਪੰਨੇ ਦੀ ਫ਼ੋਟੋ ਕਾਪੀ ਇਸ ਪੁਸਤਕ ਦੇ ਅੰਤ ਵਿੱਚ ਦਿੱਤੇ 'ਦਸਤਾਵੇਜ਼' ਵਿੱਚ ਲਗਾ ਦਿੱਤੀ ਗਈ ਹੈ।

"ਰਾਗਮਾਲਾ-ਪੱਖੀਆਂ (ਸਾਧ ਲਾਣਾ, ਚੀਫ਼ ਖ਼ਾਲਸਾ ਦੀਵਾਨ, ਭਾਈ ਜੋਧ ਸਿੰਘ, ਭਾਈ ਵੀਰ ਸਿੰਘ ਆਦਿਕ) ਵੱਲੋਂ 'ਰਾਗ ਮਾਲਾ' ਦੇ ਹੱਕ ਵਿੱਚ ਬਹੁਤ ਹੱਥ-ਪੈਰ ਮਾਰਨ ਦੇ ਬਾਵਜੂਦ **ਸਲਾਹਕਾਰ ਕਮੇਟੀ (ਸ਼੍ਰੋ.ਗੁ.ਪ੍ਰ.ਕਮੇਟੀ) ਨੇ ੭ ਜਨਵਰੀ ੧੯੪੫ ਨੂੰ ੧੯ ਮਤੇ ਪਾਸ ਕੀਤੇ। ਉਨ੍ਹਾਂ ਵਿੱਚੋਂ ਪੰਜਵੇਂ ਮਤੇ ਦੀ ਹੇਠ ਲਿਖੀ ਸਤਰ ਧਿਆਨ ਮੰਗਦੀ ਹੈ-**

**"ਗੁਰੂ ਗ੍ਰੰਥ ਸਾਹਿਬ ਦਾ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਪਾਇਆ ਜਾਵੇ ਅਤੇ ਰਾਗਮਾਲਾ ਨਹੀਂ ਪੜ੍ਹਨੀ ਚਾਹੀਦੀ" (ਸ. ਮਹਿੰਦਰ ਸਿੰਘ ਜੋਸ਼: ਖ਼ਸ਼ਟ ਰਾਗ ਕਿੰਨ ਗਾਏ ਪੰਨਾ ੫੬)।**

"ਰਾਗਮਾਲਾ-ਪੱਖੀਆਂ ਨੇ ਭਾਈ ਜੋਧ ਸਿੰਘ (ਤੱਤਕਾਲੀਨ ਪ੍ਰਿੰਸੀਪਲ, ਖ਼ਾਲਸਾ ਕਾਲਜ, ਅੰਮ੍ਰਿਤਸਰ) ਦੀ ਅਗਵਾਈ 'ਚ ਸ਼ੋਰ-ਸ਼ਰਾਬਾ ਕਰਕੇ, ਸ਼੍ਰੋ. ਕਮੇਟੀ (ਧਾਰਮਕ ਸਲਾਹਕਾਰ ਕਮੇਟੀ) ਦੀ ੧੫-੫-੧੯੪੫ ਦੀ ਇਕੱਤਰਤਾ ਵਿੱਚ ਰਾਗਮਾਲਾ ਦੇ ਹੱਕ ਵਿੱਚ ਇੱਕ ਚਿੱਠੀ ਪੇਸ਼ ਕਰਵਾ ਦਿੱਤੀ। ਇਸ ਦਬਾਅ ਦੇ ਆਧਾਰ ਤੇ ਧਾਰਮਕ ਸਲਾਹਕਾਰ ਕਮੇਟੀ ਦੀ ੨੭-੫-੧੯੪੫ ਨੂੰ ਭਾਈ ਜੋਧ ਸਿੰਘ ਦੀ ਚਿੱਠੀ ਤੇ ਵਿਚਾਰ ਕਰਨ ਲਈ ਮੀਟਿੰਗ ਸੱਦ ਲਈ ਗਈ। ਉਸ ਮੀਟਿੰਗ ਵਿੱਚ ਪ੍ਰਿੰ. ਜੋਧ ਸਿੰਘ ਰਾਗਮਾਲਾ ਦਾ ਵਿਰੋਧ ਕਰਨ ਵਾਲੇ ਪੰਥ-ਦਰਦੀ ਵਿਦਵਾਨਾਂ ਦੇ ਕਿਸੇ ਸੁਆਲ ਦਾ ਜੁਆਬ ਉੱਕਾ ਹੀ ਨਾ ਦੇ ਸਕਣ ਦੇ ਕਾਰਨ ਨਾਰਾਜ਼ ਹੋ ਕੇ ਵਾਕਆਊਟ ਕਰ ਗਏ।" (ਸ. ਮਹਿੰਦਰ ਸਿੰਘ ਜੋਸ਼: ਖਸ਼ਟ ਰਾਗ ਕਿੰਨ ਗਏ? ਪੰਨਾ ੫੭)

"ਸ਼੍ਰੋ. ਕਮੇਟੀ ਦੇ ਨੀਮ-ਧਾਰਮਿਕ ਸਿਆਸੀ ਆਗੂਆਂ ਨੇ ਰਾਜਸੀ ਮਸਲਹਤਾਂ ਕਾਰਨ ਮਾਮਲਾ ਗੋਲ-ਮੋਲ ਕਰ ਦਿੱਤਾ, ਅਤੇ ਆਪਣੇ ੨੬-੧੦-੧੯੪੫ ਵਾਲੇ ਸਮਾਗਮ ਵਿੱਚ ਇਹ ਫ਼ੈਸਲਾ ਕਰ ਲਿਆ ਕਿ ਅਕਾਲ ਤਖ਼ਤ ਸਾਹਿਬ, ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਅਤੇ ਕੁੱਝ ਹੋਰ ਥਾਵਾਂ ਤੇ ਪਾਠ ਦਾ ਭੋਗ ਮੁੰਦਾਵਣੀ ਤੇ ਹੀ ਪਾਇਆ ਜਾਵੇ ਅਤੇ ਜਿੱਥੇ ਕੋਈ 'ਰਾਗਮਾਲਾ' ਪੜ੍ਹਨੀ ਚਾਹੇ ਉਥੇ ਉਸੇ ਤਰ੍ਹਾਂ ਪਾਠ ਦਾ ਭੋਗ ਪਾ ਲਿਆ ਜਾਵੇ ਅਤੇ ਨਾਲ ਹੀ ਇੱਕ ਸਬ-ਕਮੇਟੀ ਬਣਾ ਦਿੱਤੀ ਜਾਵੇ ਜੋ ਪੁਰਾਤਨ ਸਰੂਪਾਂ ਦੇ ਦਰਸ਼ਨ ਕਰਕੇ ਆਪਣੀ ਰੀਪੋਰਟ ਦੇਵੇ ਤਾਕਿ ਕਮੇਟੀ ਅੰਤਿਮ ਨਿਰਨਾ ਕਰ ਸਕੇ। ਸਾਧ ਲਾਣੇ ਤੇ ਰਾਗਮਾਲਾ-ਭਗਤਾਂ ਨੇ ਆਪਣੇ ਨਿੱਜੀ ਰਸੂਖ਼ ਤੇ ਸਿਆਸੀ ਹਰਬਿਆਂ ਨੂੰ ਵਰਤਦਿਆਂ ਭਾਈ ਜੋਧ ਸਿੰਘ ਦੀ ਚਿੱਠੀ ਰਾਹੀਂ ਧਾਰਮਕ ਸਲਾਹਕਾਰ ਕਮੇਟੀ ਦੀ ਮੀਟਿੰਗ ਬੁਲਵਾਈ ਸੀ ਤੇ ਫਿਰ ਉਸ ਆਧਾਰ ਤੇ ਸ਼੍ਰੋਮਣੀ ਕਮੇਟੀ ਨੂੰ ਆਪਣਾ ਨਿਰਨਾ ਬਦਲਣ ਲਈ ਚਿੱਠੀ ਦਿੱਤੀ





ਗਈ ਸੀ। ਭਾਈ ਜੋਧ ਸਿੰਘ ਤੇ ਰਾਗਮਾਲਾ-ਭਗਤਾਂ ਨੇ ਆਪਣੇ ਰਸੂਖ਼, ਬਣੀ ਹੋਈ ਭੱਲ ਅਤੇ ਸਿਆਸੀ ਦਬਾਅ ਨੂੰ ਵਰਤ ਕੇ, ਵਕਾਰ ਦਾ ਸੁਆਲ ਬਣਾਉਂਦਿਆਂ, ਤੱਤਕਾਲ ਜੱਥੇਦਾਰ ਮੋਹਨ ਸਿੰਘ ਨਾਗੋਕੇ (ਪ੍ਰਧਾਨ ਸ਼੍ਰੋਮਣੀ ਕਮੇਟੀ ਅਤੇ ਜੱਥੇਦਾਰ, ਸ੍ਰੀ ਅਕਾਲ ਤਖ਼ਤ) ਪਾਸੋਂ ੧੩-੧੨-੧੯੪੬ ਨੂੰ ਧਾਰਮਿਕ ਸਲਾਹਕਾਰ ਕਮੇਟੀ ਦੀ ਮੀਟਿੰਗ ਰਖਵਾ ਦਿੱਤੀ। ਉਸ ਦਿਨ ਮੀਟਿੰਗ ਜ਼ਰੂਰ ਹੋਈ ਪਰ ਧਾਰਮਿਕ ਸਲਾਹਕਾਰ ਕਮੇਟੀ ਦੇ ਸਬੰਧਤ ਮੈਂਬਰ ਉਸ ਵਿੱਚ ਸ਼ਾਮਲ ਨਹੀਂ ਹੋਏ।

ਸਬੰਧਤ ਸਟੈਂਡ ਲੈਣ ਲਈ ਭਾਈ ਜੋਧ ਸਿੰਘ, ਪੰਡਿਤ ਕਰਤਾਰ ਸਿੰਘ ਦਾਖਾ ਤੇ "ਮੁੰਦਾਵਣੀ" ਪੁਸਤਕ ਦੇ ਲਿਖਾਰੀ, ਗਿ. ਗੁਰਦਿਤ ਸਿੰਘ ਦੇ ਕਿਸੇ ਇੱਕ ਵੀ ਸਵਾਲ ਦਾ ਥੋੜ੍ਹੀ ਜਿਹੀ ਤਸੱਲੀ ਵਾਲਾ ਵੀ ਜੁਆਬ ਨਾ ਦੇ ਸਕੇ ਅਤੇ ਆਪਣੇ ਆਪ ਨੂੰ ਬਹੁਤ ਜ਼ਲੀਲ ਹੁੰਦਿਆਂ ਮਹਿਸੂਸ ਕੀਤਾ। ਜਿਸ ਕਾਰਨ ਉਹ ਇਸ ਮੀਟਿੰਗ ਵਿੱਚੋਂ ਵੀ ਵਾਕ-ਆਊਟ ਕਰ ਗਏ। ਸਿੱਟਾ ਇਹ ਨਿਕਲਿਆ ਕਿ ਸਿਆਸੀ ਮਸਲਹਤਾਂ ਕਾਰਨ ਕਮੇਟੀ ਨੇ ਇਸ ਮਸਲੇ ਤੇ ਅਣਮਿਥੇ ਸਮੇਂ ਲਈ ਜਿਉਂ ਦੀ ਤਿਉਂ (statusquo) ਜਾਰੀ ਰੱਖਦਿਆਂ 'ਰਹਿਤ ਮਰਿਯਾਦਾ" ਦੀਆਂ ਅਗਲੀਆਂ ਐਡੀਸ਼ਨਾਂ ਵਿੱਚ ਪਾਠ ਦਾ ਭੋਗ ਚਲਦੀ ਸਥਾਨਕ ਰੀਤੀ ਅਨੁਸਾਰ ਮੁੰਦਾਵਣੀ ਜਾਂ ਰਾਗ ਮਾਲਾ ਪੜ੍ਹ ਕੇ ਪਾਉਂਣ ਦੀ ਗੱਲ ਵੀ ਛਾਪਣੀ ਸ਼ੁਰੂ ਕਰ ਦਿੱਤੀ" (ਸ. ਮਹਿੰਦਰ ਸਿੰਘ 'ਜੋਸ਼' : ਖਸ਼ਟ ਰਾਗ ਕਿੰਨ ਗਾਏ ਚੌਥੀ ਐਡੀਸ਼ਨ ਮਈ ੨੦੦੫, ਪੰਨਾ ਨੰ. ੫੭)

## ਆਖ਼ਰ ਇਹ 'ਰਾਗਮਾਲਾ' ਹੈ ਕੀ?

"ਬਰਾਹਮਣੋਂ ਮੁਸਲਮਾਨ ਬਣੇ ਇੱਕ ਇਸ਼ਕੀਆ ਮਿਜਾਜ਼ ਕਵੀ ਆਲਮ ਨੇ ਸੰਨ ੧੫੮੩ ਈ. (੯੯੧ ਹਿਜਰੀ) ਵਿੱਚ 'ਮਾਧਵਾਨਲ-ਕਾਮਕੰਦਲਾ' ਨਾਮ ਹੇਠ ੩੪੩ ਬੰਦਾਂ ਵਾਲਾ ਇੱਕ ਇਸ਼ਕੀਆ ਕਿੱਸਾ ਲਿਖਿਆ ਸੀ। ਇਸ ਕਿੱਸੇ ਬਾਰੇ ਹਿੰਦੀ ਸਟੇਟਾਂ ਦੀਆਂ ਯੂਨੀਵਰਸਿਟੀਆਂ ਦੇ ਹੁਣ ਤੱਕ ਦੇ ਦਰਜਨਾਂ ਵਿਦਵਾਨਾਂ ਨੇ ਡੂੰਘੀ ਖ਼ੋਜ ਤੇ ਅਧਿਐਨ ਕਰਕੇ ਹੇਠ ਲਿਖੇ ਸਿੱਟੇ ਕੱਢੇ ਹਨ:

"ਅਸੀਂ ਇਸ ਕਥਨ ਦੇ ਸੱਚ ਦੀ ਭਾਲ ਕਰ ਰਹੇ ਹਾਂ ਕਿ ਆਲਮ ਹਿੰਦੀ ਦਾ ਕਵੀ ਸੀ, ਇਸ ਲਈ ਹਿੰਦੀ ਦੇ ਵਿਦਵਾਨ ਹੀ ਠੀਕ ਤੌਰ ਤੇ ਆਲਮ ਦੇ ਸਮੇਂ ਬਾਰੇ ਦੱਸ ਸਕਦੇ ਹਨ। ....ਆਲਮ ਬਾਰੇ ਇਹ ਦੱਸਣ ਵਾਲਾ ਕੋਈ ਇੱਕਾ-ਦੁੱਕਾ ਵਿਦਵਾਨ ਨਹੀਂ, ਦਰਜਨਾਂ ਹਿੰਦੀ ਦੇ ਖ਼ੋਜੀ ਵਿਦਵਾਨਾਂ ਦੀਆਂ ਲਿਖਤਾਂ ਹਨ, ਜਿਨ੍ਹਾਂ ਨੇ ਖ਼ੋਜ-ਪੜਤਾਲ ਕਰਕੇ, ਆਪਣੇ ਖ਼ੋਜ ਨਿਬੰਧਾਂ, ਲੇਖਾਂ, ਪੀ.ਐਚ.ਡੀ. ਕਰਨ ਵਾਲੇ ਸਾਹਿਤਗਾਂ ਦਾ ਵੱਖੋ-ਵੱਖਰੇ ਪਹਿਲੂਆਂ ਤੋਂ ਭਿੰਨ-ਭਿੰਨ ਸਮੱਗਰੀ ਦੇ ਅਧਿਐਨ ਕਰਨ ਪਿੱਛੋਂ ਤੱਤ ਕੱਢਿਆ ਹੈ ਕਿ ਆਲਮ ਅਕਬਰ ਦਾ ਸਮਕਾਲੀ ਅਤੇ 'ਮਾਧਵਾਨਲ-ਕਾਮਕੰਦਲਾ' ਗ੍ਰੰਥ ਦਾ ਕਰਤਾ ਸੀ। ਇਸੇ ਸਬੰਧ ਵਿੱਚ ਹਰਿ ਪ੍ਰਸ਼ਾਦ ਨਾਇਕ ਜੀ ਨੇ ਲਿਖਿਆ ਹੈ ਕਿ 'ਗੁਰੂ ਗ੍ਰੰਥ ਸਾਹਿਬ ਜੀ' ਦੇ ਪਿੱਛੇ ਜੋੜੇ ਕੁਝ ਛੰਦ ਜਿਨ੍ਹਾਂ ਦਾ ਨਾਮ 'ਰਾਗਮਾਲਾ' ਹੈ, ਆਲਮ ਦੀ ਰਚਨਾ ਹਨ।" (ਗਿਆਨੀ ਗੁਰਦਿੱਤ ਸਿੰਘ : ਮੁੰਦਾਵਣੀ, ਪੰਨੇ 163-164)।

"ਕਵੀ ਆਲਮ - ਇਨ੍ਹਾਂ ਨੇ ਹਿਜਰੀ 991 (ਸੰਬਤ 1640) ਮੇ ਸ਼ਹਿਨਸ਼ਾਹ ਜਲਾਲੁਦੀਨ ਅਕਬਰ ਦੇ ਰਾਜਯਾਕਾਲ 'ਚ ਦੋਹਾ-ਚੋਪਈ ਮੇ ਵਹ ਰਚਨਾ ਲਿਖੀ। ਇਸ ਕਾ ਨਾਮ ('ਮਾਧਵਾਨਲ-ਕਾਮ ਕੰਦਲਾ') "ਮਾਧਵਾਨਲ ਭਾਸ਼ਾ - ਬੰਧ ਕਵੀ ਆਲਮ ਕ੍ਰਿਤ ਹੈ"। (ਪਦਮ ਭੂਸ਼ਨ ਸ੍ਰੀ ਰਾਮ ਕੁਮਾਰ ਵਰਮਾ : 'ਹਿੰਦੀ ਸਾਹਿਤਯ ਕਾ ਅਲੋਚਨਾਤਮਕ ਇਤਿਹਾਸ', ਛਠਾ ਸੰਸਕਰਣ-1971, ਇਲਾਹਾਬਾਦ)

"ਪਹਿਲੇ 'ਆਲਮ' ਦੋ ਮਾਨੇ ਗਏ ਥੇ, ਏਕ ਅਕਬਰ ਕਾਲੀਨ ਔਰ ਦੂਸਰਾ ਮੁਅੱਜ਼ਮ ਸ਼ਾਹ ਕੇ ਸਮਯ ਮੇਂ ਪ੍ਰੰਤੂ ਅਬ ਸਪੱਸ਼ਟ ਹੋ ਗਯਾ ਹੈ ਕਿ 'ਆਲਮ' ਨਾਮ ਕੇ ਏਕ ਹੀ ਕਵੀ ਹੂਏ ਹੈਂ ਜੋ 'ਅਕਬਰ' ਕੇ ਸਮਯ ਮੇਂ ਵਰਤਮਾਨ ਥੇ ਔਰ ਉਨਹੋਂ ਨੇ 'ਮਾਧਵਾਨਲ-ਕਾਮਕੰਦਲਾ' ਕੀ ਰਚਨਾ ਕੀ।" (ਨਾਗਰੀ ਪ੍ਰਚਾਰਣੀ ਸਭਾ ਕਾਂਸ਼ੀ : 'ਹਸਤ ਲਿਖਤ ਹਿੰਦੀ ਗ੍ਰੰਥੋਂ ਕੀ ਖੋਜ ਕਾ ਪਰੀਚਾਯਤਮਕ ਵਿਵਰਨ', ਪੰਨਾ-22, 34)

**"ਸਿੱਖੋਂ ਕੇ 'ਗੁਰੂ ਗ੍ਰੰਥ ਸਾਹਿਬ' ਕੇ ਅੰਤ ਮੇਂ ਕਹੀ ਗਈ 'ਰਾਗਮਾਲਾ' ਆਲਮ ਕੀ ਇਸ ਰਚਨਾ (ਮਾਧਵਾਨਾ-ਕਾਮਕੰਦਲਾ) ਸੇ ਹੀ ਉਧ੍ਰਿਤ (ਨਕਲ) ਕਰ ਲੀ ਗਈ ਥੀ। ਇਸ ਪੁਸਤਕ ਕਾ ਪ੍ਰਧਾਨ ਰਸ 'ਸਿੰਗਾਰ-ਰਸ' ਹੀ ਹੈ। ਭਗਤੀ ਮੱਤ ਕੇ ਸਾਗਰ ਮੇਂ ਐਸੀ ਸਿੰਗਾਰ ਰਸੀ ਰਚਨਾ ਕਾ ਆ ਜਾਨਾ ਅਸਚਰਜ ਕੀ ਬਾਤ ਹੈ"।(ਪਰਸ਼ੂਰਾਮ ਚਤੁਰਵੇਦੀ : 'ਮੱਧਕਾਲੀਨ ਸ਼ਿੰਗਾਰਕ ਪ੍ਰਵਿਰਤੀਆਂ' 1960 ਈ: ਸ.ਫ਼ਾ ੯੪-੯੫)**

**"ਕਾਮਕੰਦਲਾ ਕੇ ਨ੍ਰਿਤਯ-ਗਾਨ ਵਰਣਨ ਮੇਂ ਕਵੀ ਨੇ ਅਪਨੇ ਸੰਗੀਤ ਗਿਆਨ ਕਾ ਵਿਸ਼ੇਸ਼ ਪਰਿਚਯ ਦੀਆ। ਯਹੀ ਅੰਸ਼, 'ਰਾਗਮਾਲਾ' ਨਾਮ ਸੇ 'ਗੁਰੂ ਗ੍ਰੰਥ ਸਾਹਿਬ ਮੇਂ ਸੰਗਰਹਿਤ ਹੁਆ ਹੈ"। (ਧੀਰੇਂਦਰ ਵਰਮਾ : ਹਿੰਦੀ ਸਾਹਿਤ ਕੋਸ਼, ਭਾਗ-੨, ਪੰਨਾ ੩੨)।**

**'ਗੁਰੂ ਗ੍ਰੰਥ ਸਾਹਿਬ' (ਆਦਿ ਗ੍ਰੰਥ) ਕੇ ਅੰਤ੍ਰਿਮ ਭਾਗ ਮੇਂ 'ਰਾਗਮਾਲਾ' ਨਾਮ ਸੇ ਉਪਲਬਧ ਰਚਨਾਏਂ ਆਲਮਕ੍ਰਿਤ 'ਮਾਧਵਾਨਲ-ਕਾਮਕੰਦਲਾ' ਕਾ ਹੀ ਅੰਸ਼ ਹੈ"।(ਭਾਗੀਰਥ ਮਿਸ਼ਰ : 'ਹਿੰਦੀ ਸਾਹਿਤੱਯ ਕਾ ਬ੍ਰਿਹਤ ਇਤਿਹਾਸ, ਭਾਗ ੭, ਪੰਨਾ ੬੭)**

[ਗਿਆਨੀ ਗੁਰਦਿੱਤ ਸਿੰਘ : ਮੁੰਦਾਵਣੀ, ਪੰਨੇ 181, 182, 184, 186]

"ਗੁਰੂ ਗ੍ਰੰਥ ਸਾਹਿਬ ਦਾ ਮੂਲ ਸਰੂਪ ਤਿਆਰ ਹੋ ਜਾਣ 'ਤੇ, ੧੬ ਅਗੱਸਤ ੧੬੦੪ ਈ. ਨੂੰ ਇਸ ਦਾ ਪ੍ਰਕਾਸ਼ ਦਰਬਾਰ ਸਾਹਿਬ (ਅੰਮ੍ਰਿਤਸਰ) ਵਿਖੇ ਅਰੰਭ ਕਰ ਦਿੱਤਾ ਗਿਆ ਸੀ। ਇਸ ਹਿਸਾਬ ਨਾਲ ਇਸ ਇਸ਼ਕੀਆ ਕਿੱਸੇ ਨੂੰ ਵੀ ਕਵੀ ਆਲਮ ਨੇ ਗੁਰਬਾਣੀ ਦੇ





ਮੂਲ ਸਰੂਪ ਦੇ ਹੋਂਦ ਵਿੱਚ ਆਉਂਣ ਤੋਂ ਲਗਭਗ ੨੧ ਸਾਲ ਪਹਿਲਾਂ ਲਿਖ ਲਿਆ ਸੀ। ਕਵੀ ਦੀ ਇਹ ਰਚਨਾ ਚੌਪਈ, ਦੋਹਰਿਆਂ ਅਤੇ ਸੋਰਠਿਆਂ ਦੀਆਂ ਸੁਰਖੀਆਂ ਹੇਠ ਸੀ। ਕੁੱਝ ਹੋਰ ਹੱਥ ਲਿਖਤ ਕਿੱਸਿਆਂ ਵਿੱਚ ਚੌਪਈ ਦੇ ਨਾਲ ਦੇ ਦੋਹਰੇ/ਸੋਰਠੇ ਨੂੰ ਮਿਲਾ ਦਿੱਤਾ ਗਿਆ ਹੈ ਅਤੇ ਦੋ ਬੰਦਾਂ ਨੂੰ ਇੱਕ ਕਰ ਕੇ ਗਿਣਨ ਨਾਲ ਬੰਦਾਂ ਦੀ ਗਿਣਤੀ ੩੪੩ ਦੀ ਥਾਵੇਂ ੧੭੯ ਬਣ ਗਈ ਹੈ। ਇਸ ਇਸ਼ਕੀਆ ਕਿੱਸੇ ਦੀ ਕਹਾਣੀ ਵਿੱਚੋਂ ੬੩ ਤੋਂ ੭੨ ਨੰਬਰ ਬੰਦ' ਤੱਕ, ਇਹ 'ਰਾਗਮਾਲਾ' ਸਿਰਲੇਖ ਹੇਠ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੇ ਅੰਤ ਵਿੱਚ, "ਖਾਲੀ ਥਾਂ ਤੇ ਪੰਨਾ ੧੪੨੯-੩੦ ਤੱਕ ਲਿਖੀ ਮਿਲਦੀ ਹੈ।" (ਮਹਿੰਦਰ ਸਿੰਘ ਜੋਸ਼: ਖ਼ਸ਼ਟ ਰਾਗ ਕਿੰਨ ਗਾਏ' ਚੌਥੀ ਐਡੀਸ਼ਨ, ਮਈ ੨੦੦੫, ਪੰਨਾ ੨੨)।

ਰਾਗਮਾਲਾ ਦੇ ਪਿਛੋਕੜ ਬਾਰੇ ਕੁੱਝ ਹੋਰ ਵੇਰਵਾ ਦੇ ਦੇਣਾ ਵੀ ਜ਼ਰੂਰੀ ਹੈ ਤਾਕਿ ਇਸ ਦੀ ਅਸਲੀਅਤ ਹੋਰ ਵਧੇਰੇ ਸਪੱਸ਼ਟ ਹੋ ਜਾਵੇ। "ਮਾਧਵਾਨਲ ਜਿੱਥੇ ਇੱਕ ਬਹੁਤ ਹੀ ਸੁਨੱਖਾ ਅਤੇ ਕੋਮਲ ਹੁਨਰਾਂ ਦਾ ਵਿਦਵਾਨ ਬ੍ਰਾਹਮਣ ਸੀ, ਉਥੇ ਆਚਰਣ ਪੱਖੋਂ ਉਤਨਾ ਹੀ ਮਾੜਾ ਸੀ। ਇਹ ਪੁਸ਼ਪਾਪਤੀ ਦੇ ਰਾਜੇ ਗੋਬਿੰਦ ਚੰਦ (ਰਾਉ) ਦੇ ਰਾਜ ਦਰਬਾਰ ਦਾ ਮੁਖੀ ਬ੍ਰਾਹਮਣ ਸੀ। ਰਾਜੇ ਕੋਲ ਇਸ ਦੇ ਮਾੜੇ ਆਚਰਣ ਦੀਆਂ ਕਈ ਸ਼ਿਕਾਇਤਾਂ ਆਈਆਂ, ਸ਼ਿਕਾਇਤਾਂ ਦੀ ਪੜਤਾਲ ਕੀਤੀ ਗਈ ਤਾਂ ਇਹ ਸਹੀ ਸਾਬਤ ਹੋਈਆਂ। ਇਹ ਬ੍ਰਾਹਮਣ ਹੋਣ ਕਰ ਕੇ ਰਾਜੇ ਨੇ ਇਸ ਨੂੰ ਮੌਤ ਦੀ ਸਜ਼ਾ ਤਾਂ ਨਾ ਦਿੱਤੀ, ਪਰ ਆਪਣੇ ਰਾਜ ਦੀਆਂ ਹੱਦਾਂ ਤੋਂ ਬਾਹਰ ਕੱਢ ਦਿੱਤਾ। ਮਾਧਵਾਨਲ ਪੁਸ਼ਪਾਪਤੀ ਨਗਰ ਨੂੰ ਛੱਡ ਕੇ ਰਾਜਾ ਕਾਮਸੈਨ ਦੀ ਨਗਰੀ 'ਕਾਮਵਤੀ' ਵਿੱਚ ਪਹੁੰਚ ਗਿਆ ਅਤੇ ਆਪਣੀ ਕੋਮਲ-ਕਲਾ (ਸੰਗੀਤ ਅਤੇ ਭ੍ਰਿਸ਼ਟ ਚਤੁਰਾਈ) ਦੀ ਬਦੌਲਤ, ਰਾਜ ਦਰਬਾਰ ਵਿੱਚ ਚੰਗਾ ਮਾਣ ਸਤਿਕਾਰ ਹਾਸਲ ਕਰਨ ਵਿੱਚ ਕਾਮਯਾਬ ਹੋ ਗਿਆ। ਇਸ ਰਾਜੇ ਦੇ ਰਾਜ ਦਰਬਾਰ ਵਿੱਚ ਮੁਸਲਮਾਨ ਇਸਤਰੀ 'ਕਾਮਕੰਦਲਾ' ਆਪਣੇ ਸੰਗੀ ਸਾਥੀਆਂ ਸਮੇਤ ਨਾਚ ਗਾਣਾ ਗਾਇਆ ਕਰਦੀ ਸੀ। ਜਿੱਥੇ ਕਾਮਕੰਦਲਾ ਇਸ ਬ੍ਰਾਹਮਣ ਦੀ ਸ਼ਖ਼ਸੀਅਤ ਅਤੇ ਗੁਣਾਂ ਉਤੇ ਵਿਮੋਹਤ ਹੋ ਗਈ, ਉਥੇ ਮਾਧਵਾਨਲ ਵੀ ਕਾਮਕੰਦਲਾ ਦੀ ਨੱਚਣ-ਗਾਉਂਣ ਦੀ ਕਲਾ ਅਤੇ ਰੂਪ ਦੀ ਕਸ਼ਿਸ਼ ਕਾਰਨ, ਉਸ ਵੱਲ ਬੇਹੱਦ ਖਿੱਚਿਆ ਗਿਆ। ਰਾਜੇ ਨੇ ਮਾਧਵਾਨਲ ਨੂੰ ਇੱਕ ਲਾਸਾਨੀ ਕਲਾਕਾਰ ਅਰ ਗੁਣੀ ਬ੍ਰਾਹਮਣ ਜਾਣ ਕੇ ਦੋ ਕਰੋੜ ਟਕਿਆਂ ਦੀ ਦਖ਼ਸ਼ਣਾ ਦਿੱਤੀ। ਮਾਧਵਾਨਲ ਨੇ ਰਾਜੇ ਵੱਲੋਂ ਦਿੱਤੀ ਇਹ ਦਖ਼ਸ਼ਣਾ ਕਾਮਕੰਦਲਾ ਨੂੰ ਅਰਪਣ ਕਰ ਦਿੱਤੀ। ਰਾਜਾ ਕਾਮਸੈਨ ਨੇ ਇਸ ਨੂੰ ਆਪਣੀ ਹੱਤਕ ਸਮਝ ਕੇ ਮਾਧਵਾਨਲ ਨੂੰ ਫਾਹੇ ਤਾਂ ਨਾ ਲਾਇਆ ਪਰ ਆਪਣੇ ਰਾਜ ਦੀਆਂ ਹੱਦਾਂ ਤੋਂ ਬਾਹਰ ਕੱਢ ਦਿੱਤਾ। ਇਥੋਂ ਬੇਇਜ਼ਤ ਹੋ ਕੇ ਨਿਕਲਿਆ ਮਾਧਵਾਨਲ ਭਟਕਦਾ-ਭਟਕਦਾ ਉਜੈਨ ਦੇ ਰਾਜਾ ਬ੍ਰਿਕਮਾਜੀਤ ਕੋਲ ਜਾ ਪੁੱਜਿਆ। ਬ੍ਰਿਕਮਾਜੀਤ ਨੇ ਉਸ ਨੂੰ ਬ੍ਰਾਹਮਣ ਜਾਣ ਕੇ ਰਾਜ-ਸ਼ਰਣ ਦੇ ਦਿੱਤੀ ਅਤੇ ਇਸ ਦੇ ਆਖੇ ਲੱਗ ਕੇ ਕਾਮਕੰਦਲਾ ਨੂੰ ਛੁਡਾਉਂਣ ਲਈ ਰਾਜੇ ਕਾਮਸੈਨ ਤੇ ਫ਼ੌਜੀ ਹਮਲਾ ਬੋਲ ਦਿੱਤਾ। ਕਾਮਕੰਦਲਾ ਨੂੰ ਛੁਡਵਾ ਕੇ ਮਾਧਵਾਨਲ ਆਪਣਾ ਧਰਮ ਬਦਲੀ ਕਰ ਕੇ ਮੁਸਲਮਾਨ ਬਣ ਗਿਆ, ਆਪਣਾ ਨਾਮ ਆਲਮ ਰੱਖ ਲਿਆ ਤੇ ਕਾਮਕੰਦਲਾ ਨਾਲ ਨਿਕਾਹ ਕਰਵਾ ਲਿਆ। ਆਲਮ ਕਵੀ ਨੇ ਕਾਮਕੰਦਲਾ ਨਾਲ ਬਿਤਾਏ ਸਮੇਂ ਨੂੰ ਇੱਕ ਨਾਵਲ (ਕਾਵਿ ਰੂਪ

ਵਿੱਚ) 'ਮਾਧਵਾਨਲ-ਕਾਮਕੰਦਲਾ' ਦੇ ਨਾਂ ਹੇਠ ੩੪੩ ਬੰਦਾਂ ਵਿੱਚ ਕਲਮਬੰਦ ਕੀਤਾ। ਉਸ ਵਿੱਚੋਂ ਬੰਦ ਨੰਬਰ ੬੩ ਤੋਂ ਬੰਦ ਨੰਬਰ ੭੨ ਤੱਕ, ਭਾਈ ਬੰਨੋ ਨੇ ਗੁਰੂ ਗ੍ਰੰਥ ਸਾਹਿਬ ਦੇ ਮੂਲ ਸਰੂਪ ਤੋਂ ਉਤਾਰਾ ਕਰਨ ਸਮੇਂ, ਮੁੰਦਾਵਣੀ ਪਿੱਛੋਂ ਖਾਲੀ ਪੰਨੇ 'ਤੇ, 'ਰਾਗਮਾਲਾ' ਦੀ ਸੁਰਖੀ ਹੇਠ ਨਾਜਾਇਜ਼ ਤੌਰ 'ਤੇ ਦਰਜ ਕਰ ਲਿਆ ਅਤੇ ਹੋਰ ਕਈ ਕੱਚੀਆਂ ਰਚਨਾਵਾਂ ਵੀ ਜੋੜ ਲਈਆਂ ਸਨ ਜਿਹਾ ਕਿ-

(ੳ) ਜਿਤ ਦਰ ਲਖ ਮੁਹੰਮਦਾ (ਅ) ਰਤਨਮਾਲਾ (ੲ) ਬਾਇ ਆਤਿਸ਼ ਆਬ ਖ਼ਾਕ (ਸ) ਰਾਹ ਮੁਕਾਮ, ਆਦਿ।

ਗੁਰੂ ਅਰਜੁਨ ਸਾਹਿਬ ਨੇ ਬੰਨੋ ਦੇ ਉਤਾਰੇ ਵਾਲੇ ਸਰੂਪ ਨੂੰ ਪ੍ਰਵਾਨ ਕਰਨ ਤੋਂ ਪੂਰੀ ਤਰ੍ਹਾਂ ਇਨਕਾਰ ਕਰ ਦਿੱਤਾ ਸੀ। ੧੬੦੪ ਈਸਵੀ ਵਿੱਚ ਹੀ ਪੋਥੀ ਸਾਹਿਬ ਦੇ ਉਤਾਰੇ ਸ਼ੁਰੂ ਹੋ ਚੁੱਕੇ ਸਨ ਅਤੇ ਫਿਰ ਉਨ੍ਹਾਂ ਉਤਾਰਿਆਂ ਦੀਆਂ ਨਕਲਾਂ ਅੱਗੇ ਤੋਂ ਅੱਗੇ ਹੁੰਦੀਆਂ ਰਹੀਆਂ। ਇਵੇਂ ਹੀ ਭਾਈ ਬੰਨੋ ਵਾਲੇ ਸਰੂਪ ਦੇ ਵੀ ਅੱਗੇ ਤੋਂ ਅੱਗੇ ਉਤਾਰੇ ਹੁੰਦੇ ਗਏ। ਕਾਤਬਾਂ ਦੇ ਅਵੇਸਲੇਪਨ ਕਰਕੇ ਸਹਿਵਨ ਹੀ ਅਚੇਤ ਰੂਪ ਵਿੱਚ ਕੁੱਝ ਛੋਟੇ-ਮੋਟੇ ਫ਼ਰਕ ਪੈਂਦੇ ਗਏ। ਕਈ ਕਾਤਬਾਂ ਨੇ ਮਸਲੇ ਦੀ ਗੰਭੀਰਤਾ ਨੂੰ ਨਜ਼ਰ-ਅੰਦਾਜ਼ ਕਰਕੇ ਕਈ ਅਹਿਮ ਕਿਸਮ ਦੇ ਵਾਧੇ-ਘਾਟੇ ਵੀ ਕਰ ਲਏ ਅਤੇ ਬਾਣੀ ਦੀ ਤਰਤੀਬ ਨੂੰ ਮਨ-ਮਰਜ਼ੀ ਅਨੁਸਾਰ ਬਦਲ ਲਿਆ।

੧੮੬੪ ਈ. ਵਿੱਚ ਛਾਪੇ ਵਾਲੇ ਸਰੂਪ ਤਿਆਰ ਹੋਣ ਸਮੇਂ ਕਈ ਹੋਰ ਕੱਚੀਆਂ ਰਚਨਾਵਾਂ ਤਾਂ ਭਾਵੇਂ ਛਪਣੋਂ ਰੋਕ ਲਈਆਂ ਗਈਆਂ, ਪਰ ਪ੍ਰਚਾਰ ਦੀ ਸਹੀ ਜਾਣਕਾਰੀ ਦੀ ਘਾਟ ਅਤੇ ਸਮਕਾਲੀ ਸਿੱਖ ਵਿਦਵਾਨਾਂ ਦੇ ਅਵੇਸਲੇਪਨ ਕਾਰਨ 'ਰਾਗਮਾਲਾ' ਛਾਪੇ ਵਾਲੇ ਅਰੰਭਲੇ ਸਰੂਪ ਵਿੱਚ ਭੁਲੇਖੇ-ਭੁਲੇਖੇ ਵਿੱਚ ਹੀ ਸ਼ਾਮਿਲ ਕਰ ਲਈ ਗਈ। ਛਾਪੇ ਵਾਲੇ ਸਰੂਪ ਕੁਦਰਤੀ ਤੌਰ 'ਤੇ ਆਸਾਨੀ ਨਾਲ ਮਿਲ ਜਾਂਦੇ ਸਨ, ਇਸ ਕਰ ਕੇ, ਗੁਰ ਅਸਥਾਨਾਂ ਤੇ ਪੁਜਣੇ ਸ਼ੁਰੂ ਹੋ ਗਏ ਅਤੇ ਅੱਗੇ 'ਚੱਲ ਸੋ ਚੱਲ' ਵਾਲੀ ਗੱਲ ਬਣ ਗਈ।" (ਮਹਿੰਦਰ ਸਿੰਘ ਜੋਸ਼ : ਖ਼ਸਟ ਰਾਗ ਕਿੰਨ ਗਾਏ ?)

**ਕਿਉਂਕਿ ਇਹ ਰਾਗ ਮਾਲਾ ਹੁਣ ਗੁਰੂ ਗ੍ਰੰਥ ਸਾਹਿਬ ਦੇ ਛਾਪੇ ਜਾ ਰਹੇ ਹਰੇਕ ਸਰੂਪ 'ਚ ਮਿਲਦੀ ਹੈ, ਇਸ ਲਈ ਅਗਿਆਨਤਾਵਸ ਤਕਰੀਬਨ ਹਰ ਇੱਕ ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਪਾਠ ( ਅਖੰਡ, ਸਾਧਾਰਨ, ਸਪਤਾਹਿਕ, ਸੰਪਟ ਆਦਿ) ਦੀ ਸੰਪੂਰਨਤਾਈ ਤੇ ਇਸ ਦਾ ਪਾਠ ਵੀ ਕੀਤਾ ਜਾ ਰਿਹਾ ਹੈ। ਕੀ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰ, ਆਪਣੇ ਫ਼ਰਜ਼ਾਂ ਤੇ ਪਹਿਰਾ ਦਿੰਦੇ ਹੋਏ, ਇਸ ਓਪਰੀ ਅਤੇ ਨਾਕਸ ਚੀਜ਼ ਦੇ ਪਾਠ ਉਪੱਰ ਪਾਬੰਦੀ ਲਗਾ ਕੇ ਗੁਰਮਤਿ ਦੇ ਧਾਰਨੀ ਹੋਣ ਦਾ ਸਬੂਤ ਦੇਣ ਦੀ ਜੁਰਅੱਤ ਕਰ ਸਕਣਗੇ, ਜਾਂ ਇਸ ਨੂੰ ਵੀ ਗੁਰਬਾਣੀ ਸਮਝ ਕੇ ਪੜ੍ਹਦੇ ਰਹਿਣਗੇ, ਅਤੇ ਸਤਿਗੁਰਾਂ ਦੀਆਂ ਖ਼ੁਸ਼ੀਆਂ (ਜਾਂ ਲਾਹਨਤਾਂ ?) ਪ੍ਰਾਪਤ ਕਰਦੇ ਰਹਿਣਗੇ ? ਅੱਜ ਤੁਰੰਤ ਲੋੜ ਹੈ ਕਿ ਪੰਥਕ ਵਿਦਵਾਨਾਂ ਵੱਲੋਂ ਸਿੱਖ ਰਹਿਤ ਮਰਯਾਦਾ ਵਿੱਚ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਅਟੱਲ ਰੱਬੀ ਸਿਧਾਂਤਾਂ ਦੀ ਰੌਸ਼ਨੀ ਅਨੁਸਾਰ, ਸੁਧਾਈ ਕਰਨ ਹਿੱਤ ਸੁਝਾਅ ਪ੍ਰਾਪਤ ਕੀਤੇ ਜਾਣ ਅਤੇ ਵਰਤਮਾਨ ਸਿੱਖ ਰਹਿਤ**





**ਮਰਯਾਦਾ ਨੂੰ ਕੌਮ ਦਾ ਪ੍ਰਤੀਨਿਧ ਇਕੱਠ 'ਸਰਬਤ ਖ਼ਾਲਸੇ' ਦੇ ਰੂਪ ਵਿੱਚ ਬੁਲਾ ਕੇ ਖੁੱਲ੍ਹ ਕੇ ਵਿਚਾਰਾਂ ਕਰਨ ਉਪਰੰਤ ਸੋਧ ਕੇ ਪ੍ਰਵਾਨ ਕੀਤਾ ਜਾਵੇ ਅਤੇ ਤੁਰੰਤ ਲਾਗੂ ਕੀਤਾ ਜਾਵੇ। ਗੁਰੂ ਗ੍ਰੰਥ ਸਾਹਿਬ ਦੇ ਮੌਜੂਦਾ ਸਰੂਪਾਂ ਵਿੱਚ ਲਿਖੀ/ਛੱਪੀ ਰਾਗ ਮਾਲਾ ਤੇ ਹੜਤਾਲ ਫੇਰ ਦਿੱਤੀ ਜਾਵੇ ਅਤੇ ਅੱਗੇ ਤੋਂ ਇਸ ਨਾਕਸ ਚੀਜ਼ ਦੇ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਵਿੱਚ ਲਿਖਣ/ ਛਾਪਣ ਤੇ ਸਖ਼ਤ ਪਾਬੰਦੀ ਲਗਾ ਦਿੱਤੀ ਜਾਵੇ।**

**ਨੋਟ:** ੧. ਮਾਧਵਾਨਲ-ਕਾਮਕੰਦਲਾ' ਨਾਂ ਦੇ ਇਸ ਇਸ਼ਕੀਆ ਕਿੱਸੇ ਦੀ ਸਾਰੀ ਕਹਾਣੀ ਅਖੌਤੀ ਦਸਮ ਗ੍ਰੰਥ (ਅਸਲ ਨਾਂ ਬਚਿੱਤ੍ਰ ਨਾਟਕ) ਵਿੱਚ ਦਰਜ ਤ੍ਰਿਆ ਚਰਿੱਤ੍ਰਾਂ ਦੇ ਚਰਿੱਤ੍ਰ ਨੰਬਰ ੯੧ ਵਿੱਚ, ਪੰਨਾ ਨੰਬਰ ੯੨੫ ਤੋਂ ੯੩੦ ਤੱਕ, ਲਿਖੀ ਮਿਲਦੀ ਹੈ।

ਇਸ ਸ਼ਾਕਤੀ ਰਚਨਾ ਬਾਰੇ ਹੋਰ ਵਧੇਰੇ ਸਰਬਪੱਖੀ ਜਾਣਕਾਰੀ ਹਾਸਲ ਕਰਨ ਲਈ ਪ੍ਰਸਿੱਧ ਪੰਥਕ ਵਿਦਵਾਨ ਸ. ਮਹਿੰਦਰ ਸਿੰਘ 'ਜੋਸ਼' ਦੀ ਲਿਖੀ ਪੁਸਤਕ "ਖ਼ਸ਼ਟ ਰਾਗ ਕਿੰਨ ਗਾਏ" ? ਦੇਖੀ ਜਾ ਸਕਦੀ ਹੈ। ਪੁਸਤਕ ਹੇਠ ਲਿਖੇ ਪਤੇ ਤੋਂ ਮਿਲ ਸਕਦੀ ਹੈ:

੧. ਕੋਠੀ ਨੰਬਰ 535, ਫੇਜ਼-1
ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)-160055,
ਫੋਨ . 2262565

੨. ਭਾਈ ਰਜਿੰਦਰ ਪਾਲ ਸਿੰਘ, ਅਖੰਡ ਕੀਰਤਨੀ ਜਥਾ (world-wide)
ਐਸ.ਸੀ.ਓ. ਨੰਬਰ 71, (ਪਹਿਲੀ ਮੰਜ਼ਲ), ਸੈਕਟਰ-54, ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ)
ਫੋਨ : 0172-5092219

## ੧੯ ਗੁਰਦੁਆਰਿਆਂ ਦੀ ਛੱਤ ਤੇ ਲਾਊਡ ਸਪੀਕਰ - ਕੀ ਰੱਬ ਬੋਲਾ ਹੈ ?

ਕਈ ਗੁਰਦੁਆਰਿਆਂ ਦੀ ਛੱਤ ਤੇ ਚੌਹਾਂ ਪਾਸੇ ਲਾਊਡ ਸਪੀਕਰ ਫਿੱਟ ਕਰਵਾ ਰੱਖੇ ਹਨ ਜਿਨ੍ਹਾਂ ਰਾਹੀਂ ਉੱਚੀ ਆਵਾਜ਼ ਵਿੱਚ ਗੁਰਬਾਣੀ ਦਾ ਪਾਠ, ਕੀਰਤਨ, ਕਥਾ ਕਰ ਕੇ ਸਤਿਗੁਰਾਂ ਦੀਆਂ ਖ਼ੁਸ਼ੀਆਂ (ਜਾਂ ਲਾਹਨਤਾਂ ? ) ਪ੍ਰਾਪਤ ਕੀਤੀਆਂ ਜਾ ਰਹੀਆਂ ਹਨ। ਹਾਲਾਂਕਿ ਅਜਿਹੀ ਮਨਮਤਿ ਕਰਨ ਤੋਂ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤ ਸਖ਼ਤੀ ਨਾਲ ਸਾਨੂੰ ਵਰਜ ਰਹੇ ਹਨ :

*ਕਬੀਰ, ਮੁਲਾਂ ਮੁਨਾਰੇ ਕਿਆ ਚਢਹਿ ਸਾਂਈ ਨ ਬਹਰਾ ਹੋਇ।*
*ਜਾ ਕਾਰਨਿ ਤੂੰ ਬਾਂਗ ਦੇਹਿ, ਦਿਲ ਹੀ ਭੀਤਰਿ ਜੋਇ॥ (ਕਬੀਰ ਜੀ, ੧੩੭੪)*

(**ਭਾਵ:** ਹੇ ਕਬੀਰ! (ਆਖ) ਹੇ ਮੁੱਲਾਂ! ਮਸਜੱਦ ਦੇ ਮੁਨਾਰੇ ਉਤੇ ਚੜ੍ਹ ਕੇ ਉੱਚੀ ਆਵਾਜ਼ ਦੇਣ ਦਾ ਤੈਨੂੰ ਆਪ ਤਾਂ ਕੋਈ ਲਾਭ ਨਹੀਂ ਹੋ ਰਿਹਾ। ਜਿਸ (ਰੱਬ ਦੀ ਨਮਾਜ਼) ਦੀ ਖ਼ਾਤਰ ਤੂੰ ਬਾਂਗ ਦੇ ਰਿਹਾ ਹੈ ਉਸ ਨੂੰ ਆਪਣੇ ਦਿਲ ਵਿੱਚ ਵੇਖ (ਤੇਰੇ ਅੰਦਰ ਹੀ) ਵਸਦਾ ਹੈ। ਜੇ ਤੇਰੇ ਆਪਣੇ ਅੰਦਰ ਸ਼ਾਂਤੀ ਨਹੀਂ, ਸਿਰਫ਼ ਲੋਕਾਂ ਨੂੰ ਹੀ ਸੱਦ ਰਿਹਾ ਹੈਂ, ਤਾਂ ਖ਼ੁਦਾ

ਬੋਲ਼ਾ ਨਹੀਂ (ਉਹ ਤੇਰੇ ਦਿਲ ਦੀ ਹਾਲਤ ਵੀ ਜਾਣਦਾ ਹੈ, ਉਸ ਨੂੰ ਠੱਗਿਆ ਨਹੀਂ ਜਾ ਸਕਦਾ)। ਹਾਂ, ਸੰਗਤਿ ਦੀ ਨਫ਼ਰੀ ਮੁਤਾਬਕ ਪ੍ਰਕਾਸ਼ ਹਾਲ ਵਿੱਚ ਯੋਗ ਸਾਊਂਡ ਸਿਸਟਮ ਲਗਾਇਆ ਜਾ ਸਕਦਾ ਹੈ ਜਿਸ ਦੀ ਆਵਾਜ਼ ਪ੍ਰਕਾਸ਼-ਹਾਲ ਦੇ ਅੰਦਰ ਹੀ ਰਹੇ।

ਬਾਹਰ ਉੱਚੀ ਆਵਾਜ਼ ਨਾਲ, ਬਜ਼ੁਰਗਾਂ, ਬੱਚਿਆਂ, ਵਿਦਿਆਰਥੀਆਂ, ਮਰੀਜ਼ਾਂ, ਬਾਣੀ ਪੜ੍ਹਨ ਵਾਲੇ ਜਗਿਆਸੂਆਂ ਅਤੇ ਦਿਮਾਗ਼ੀ ਕਾਰ-ਵਿਹਾਰ ਕਰਨ ਵਾਲੇ ਵਿਅਕਤੀਆਂ ’ਤੇ ਜਿਥੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ ਉਥੇ ਸ਼ੋਰ-ਪ੍ਰਦੂਸ਼ਨ (noise pollution) ਦਾ ਬੁਰਾ ਪ੍ਰਭਾਵ ਆਮ ਪਬਲਕ ’ਤੇ ਵੀ ਪੈਂਦਾ ਹੈ। ਕੀ ਗੁਰਦੁਆਰੇ ਸਮਾਜ ਦੇ ਵਿਕਾਸ ਲਈ ਬਣੇ ਹਨ ਕਿ ਸਮਾਜ ਦੀਆਂ ਪਰੇਸ਼ਾਨੀਆਂ ਵਿੱਚ ਬੇਲੋੜਾ ਖ਼ਤਰਨਾਕ ਵਾਧਾ ਕਰਨ ਲਈ?

## ੨੦. ਮਨਮੁੱਖੀ ਪ੍ਰਬੰਧਕਾਂ ਦੇ ਅਹੁਦਿਆਂ ’ਚ ਵਾਧਾ ਜਾਰੀ ਹੈ

ਇੱਕ ਇੱਕ ਪਿੰਡ/ਮਹੱਲੇ/ਸੈਕਟਰ ਵਿੱਚ ਹੀ ਇੱਕ ਤੋਂ ਵੱਧ ਗੁਰਦੁਆਰੇ ਬਣ ਚੁੱਕੇ ਹਨ ਤਾਕਿ ਪ੍ਰਬੰਧਕਾਂ ਦੇ ਵਧੇਰੇ ਅਹੁਦੇ ਪੈਦਾ ਕਰ ਕੇ ਇਨ੍ਹਾਂ ਦੀ ਚੌਧਰ ਦੀ ਝੱਸ ਪੂਰੀ ਕੀਤੀ ਜਾ ਸਕੇ, ਪ੍ਰਚਾਰ ਭਾਵੇਂ ਗੁਰਮਤਿ ਦੇ ਨਾਂ ਤੇ ਮਨਮਤਿ/ਬ੍ਰਾਹਮਣੀ ਮਤਿ ਦਾ ਹੀ ਹੋਈ ਜਾਵੇ! ਕੀ ਅਜਿਹੀਆਂ ਕੋਝੀਆਂ ਕਾਰਵਾਈਆਂ ਕਰ ਕੇ ਵੀ ਅਸੀਂ ਪਰਮੇਸ਼ਰ ਦੀ ਪ੍ਰਸੰਨਤਾ ਹਾਸਿਲ ਕਰਨ ਦੀਆਂ ਆਸਾਂ ਲਾਈ ਬੈਠੇ ਹਾਂ? ਵੱਖੋ-ਵੱਖਰੇ ਬਣੇ ਅਜਿਹੇ ਗੁਰਦੁਆਰੇ ਸਥਾਨਕ ਸੰਗਤਿ ਨੂੰ ਆਪਸ ਵਿੱਚ ਪ੍ਰੇਮ-ਪਿਆਰ ਨਾਲ ਮਿਲ ਕੇ ਰਹਿਣ ਦੀ ਬਜਾਏ ਧੜੇ-ਬੰਦੀਆਂ ਪੈਦਾ ਕਰਕੇ ਸਿੱਖੀ ਦਾ ਨੁਕਸਾਨ ਕਰ ਰਹੇ ਹਨ।

## ੨੧. ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਪਾਲਕੀਆਂ?

ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਅਨੇਕਾਂ ਹੀ ਗੁਰਦੁਆਰਿਆਂ ਵਿੱਚ ਬਿਪਰਨ ਦੀ ਰੀਤਿ ਦੀ ਤਰਜ਼ ਤੇ ਪਾਲਕੀਆਂ (ਜਿਵੇਂ ਮੂਰਤੀਆਂ ਨੂੰ ਸਥਾਪਤ ਕਰਨ ਲਈ ਮੰਦਰਾਂ ਵਿੱਚ ਕੀਤਾ ਜਾਂਦਾ ਹੈ) ਵੀ ਹੋਂਦ ਵਿੱਚ ਆ ਚੁੱਕੀਆਂ ਹਨ। ਗੁਰੂ ਅਰਜਨ ਸਾਹਿਬ ਜੀ ਨੇ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਸਿੱਖ ਇਤਿਹਾਸ ਦੇ ਪਹਿਲੇ ਗੁਰਦੁਆਰੇ ਦੇ ਰੂਪ ਵਿੱਚ ਉਸਾਰੀ ਕਰਵਾਈ ਸੀ, ਅਤੇ ਗੁਰੂ ਗ੍ਰੰਥ ਸਾਹਿਬ (ਪੋਥੀ ਸਾਹਿਬ) ਦਾ ਸੱਭ ਤੋਂ ਪਹਿਲਾ ਪ੍ਰਕਾਸ਼, ਸੰਨ ੧੬੦੪ ਈ. ਵਿੱਚ ਇਥੇ ਆਪ ਕਰਵਾਇਆ ਸੀ ਪਰ ਪ੍ਰਕਾਸ਼ ਕਰਨ ਲਈ ਕੋਈ ਪਾਲਕੀ ਜਾਂ ਪਾਲਕੀ-ਨੁਮਾ ਉਸਾਰੀ ਨਹੀਂ ਸੀ ਹੋਂਦ ਵਿੱਚ ਲਿਆਂਦੀ। ਅੱਜ ਅਸੀਂ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਲਈ ਪਾਲਕੀਆਂ ਜਾਂ ਪਾਲਕੀਨੁਮਾ ਉਸਾਰੀਆਂ ਕਰ ਕੇ ਕੀ ਸੰਦੇਸ਼ ਦੇਣਾ ਚਾਹੁੰਦੇ ਹਾਂ? ਕੀ ਅਜਿਹਾ ਕਰ ਕੇ ਅਸੀਂ ਇਹ ਪ੍ਰਭਾਵ ਦੇਣ ਦਾ ਯਤਨ ਤਾਂ ਨਹੀਂ ਕਰ ਰਹੇ ਕਿ ਅਸੀਂ ਸਤਿਗੁਰਾਂ ਨਾਲੋਂ ਵੀ ਗੁਰੂ ਗ੍ਰੰਥ ਸਾਹਿਬ ਦਾ ਵੱਧ ਸਤਿਕਾਰ ਕਰਨਾ ਜਾਣਦੇ ਹਾਂ? ਖ਼ਾਲਸਾ ਜੀ! “ਪੂਰੇ ਕਾ ਕੀਆ ਸਭ ਕਿਛੁ ਪੂਰਾ” ਹੈ। ਸਿੱਖੀ ਇਹੀ ਹੈ ਕਿ ਅਸੀਂ ਆਪਣੀ ਮਤਿ ਨੂੰ ਤਿਆਗ ਕੇ ਸ਼ਬਦ-ਗੁਰੂ ਦੀ ਮਤਿ ਅਨੁਸਾਰ ਚੱਲੀਏ।

## ੨੨. ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਦੇਵਤਿਆਂ ਦੀ ਪੂਜਾ!

ਅਖੰਡ/ਸਾਧਾਰਨ/ਸਪਤਾਹਕ/ਸੰਪਟ ਜਾਂ ਹੋਰ ਅਜਿਹੇ ਹੀ ਪਾਠਾਂ ਸਮੇਂ ਬਿਪਰਨ





ਦੀ ਰੀਤਿ ਦੀ ਭੇਡਚਾਲੀ ਨਕਲ ਕਰਕੇ ਹੇਠ ਲਿਖੇ ਬ੍ਰਾਹਮਣੀ ਧਰਮ-ਕਰਮ (ਪਖੰਡ-ਕਰਮ) ਕੀਤੇ ਜਾ ਰਹੇ ਹਨ :

ਜੋਤਾਂ ਜਗਾਉਂਣੀਆਂ (ਅਗਨੀ ਦੇਵਤੇ ਦੀ ਪੂਜਾ), ਕੁੰਭ ਰੱਖਣੇ (ਖ਼ੁਆਜੇ ਦੀ ਪੂਜਾ), ਧੂਪਾਂ ਧੁਖਾਉਂਣੀਆਂ (ਹਵਨ, ਜੱਗ ਦੀ ਰੀਸ), ਲਾਲ ਕਪੜਾ ਤੇ ਨਾਰੀਅਲ ਰੱਖਣੇ (ਯੱਗ ਸਮੇਂ ਬਲੀ ਦੇਣ ਦੀ ਰੀਤਿ ਦੀ ਰੀਸ), ਅੰਨ ਦੇ ਦਾਣੇ ਕੁੰਭ ਹੇਠਾਂ ਰੱਖਣੇ (ਅੰਨ ਦੇਵਤੇ ਦੀ ਪੂਜਾ) ਆਦਿ।

## ੨੩. ਗੁਰਦੁਆਰਿਆਂ ਵਿੱਚ ਅਨਮਤੀ ਤਿਉਹਾਰ!

ਦੀਵਾਲੀ ਨੂੰ ਗੁਰਦੁਆਰਿਆਂ ਵਿੱਚ ਦੀਵੇ ਬਾਲਣੇ, ਮੋਮਬੱਤੀਆਂ ਜਗਾਉਂਣੀਆਂ, ਪਟਾਕੇ, ਆਤਸ਼ਬਾਜੀ ਚਲਾ ਕੇ ਵਾਤਾਵਰਣ ਨੂੰ ਦੂਸ਼ਤ ਕਰਨਾ ਆਦਿ ਅਨਮਤੀ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ। ਦੀਵਾਲੀ ਦੀ ਰਾਤ ਨੂੰ ਦੀਵੇ ਬਾਲਣ ਦੀ ਪ੍ਰੋੜਤਾ ਲਈ, ਭਾਈ ਗੁਰਦਾਸ ਜੀ ਦੀ ਵਾਰ ੧੯, ਪਉੜੀ ੬ ਦਾ ਦਰਬਾਰ ਸਾਹਿਬ ਦੇ ਕੀਰਤਨੀਏ ਵੀ ਵਾਰ-ਵਾਰ ਕੀਰਤਨ ਕਰਦੇ ਹਨ। ਇਹ ਕੀਰਤਨੀਏ ਇਸ ਪਉੜੀ ਦੇ ਸਮੁੱਚੇ ਭਾਵ ਤੋਂ ਬਿਲਕੁਲ ਹੀ ਬੇ-ਸਮਝ ਨਜ਼ਰ ਆ ਰਹੇ ਹਨ। ਇਸ ਪਉੜੀ ਦਾ ਮੂਲ ਪਾਠ ਤੇ ਭਾਵ ਹੇਠਾਂ ਦਿੱਤੇ ਜਾ ਰਹੇ ਹਨ:

੧. ***ਦੀਵਾਲੀ ਦੀ ਰਾਤਿ ਦੀਵੇ ਬਾਲੀਅਨਿ੍*** *॥ ਦੀਵਾਲੀ ਦੀ ਰਾਤ ਵਿਖੇ (ਘਰੋ-ਘਰੀ) ਦੀਵੇ ਬਾਲੀਦੇ ਹਨ (ਥੋੜ੍ਹੇ ਚਿਰ ਮਗਰੋਂ ਇਹ ਦੀਪਮਾਲਾ ਗੁੰਮ ਹੋ ਜਾਂਦੀ ਹੈ)।*

੨. ***ਤਾਰੇ ਜਾਤਿ ਸਨਾਤਿ ਅੰਬਰਿ ਭਾਲੀਅਨਿ॥*** *ਰਾਤ ਨੂੰ ਵੱਡੇ ਛੋਟੇ ਤਾਰੇ ਆਕਾਸ਼ ਵਿੱਚ ਚਮਕਦੇ ਹਨ, (ਦਿਨੇ ਉਨ੍ਹਾਂ ਦਾ ਖੁਰਾ-ਖ਼ੋਜ ਵੀ ਨਹੀਂ ਦਿਸਦਾ)*

੩. ***ਫੁਲਾਂ ਦੀ ਬਾਗਾਤਿ ਚੁਣਿ ਚੁਣਿ ਚਾਲੀਅਨਿ॥*** *ਫੁੱਲਾਂ ਦੀਆਂ ਬਗੀਚੀਆਂ (ਕੁੱਝ ਚਿਰ ਅਚੱਰਜ ਖਿੜਦੀਆਂ ਹਨ ਪਰ ਝੱਟ ਹੀ ਉਨ੍ਹਾਂ ਤੋਂ ਫੁੱਲ) ਚੁਣ ਕੇ ਤੋੜ ਲਏ ਜਾਂਦੇ ਹਨ।*

੪. ***ਤੀਰਥਿ ਜਾਤੀ ਜਾਤਿ ਨੈਣ ਨਿਹਾਲੀਅਨਿ:*** *ਯਾਤਰੀ ਤੀਰਥਾਂ ਪੁਰ ਜਾਂਦੇ (ਬੜੇ ਟੋਲਿਆਂ ਵਿੱਚ) ਅੱਖੀਂ ਦੇਖੀਦੇ ਹਨ, ਪਰ ਝੱਟ ਹੀ ਉਨ੍ਹਾਂ ਦਾ ਮੁਸ਼ਕ ਵੀ ਨਹੀਂ ਰਹਿੰਦਾ)।*

੫. ***ਹਰਿ ਚੰਦੌਉਰੀ ਝਾਤਿ ਵਸਾਇ ਉਚਾਲੀਅਨਿ॥*** *ਹਰੀ ਚੰਦ ਚੰਦਉਰੀ ਦੇ (ਨਗਰ) ਦਿਖਲਾਵੇ ਮਾਤ੍ਰ ਦਿਖਾ ਕੇ (ਆਪ ਹੀ) ਉਜਾੜੀਦੇ ਹਨ (ਇਸੇ ਪ੍ਰਕਾਰ ਜਗਤ ਥੋੜ੍ਹੇ ਚਿਰ ਦਾ ਅਨੰਦ ਹੈ, “ਇਹ ਜੁ ਦੁਨੀਆ ਸਿਹਰੁ ਮੇਲਾ ਦਸਤਗੀਰੀ ਨਾਹਿ॥” (ਕਬੀਰ ਜੀ, ਪੰ. ੭੨੭)*

੬. ***ਗੁਰਮੁਖਿ ਸੁਖ ਫਲ ਦਾਤਿ ਸਬਦਿ ਸਮ੍ਹਾਲੀਅਨਿ॥*** *ਗੁਰਮੁੱਖਾਂ ਨੂੰ (ਸ਼ਬਦ- ਗੁਰੂ ਦੇ ਉਪਦੇਸ਼ ਅਨੁਸਾਰ ਅਮਲੀ ਜੀਵਨ ਜਿਉਂਣ ਵਾਲਿਆਂ ਨੂੰ ਆਤਮਕ ਅਨੰਦ ਰੂਪੀ)*

*ਸੁਖਫਲ ਦੀ ਦਾਤ ਪ੍ਰਾਪਤ ਹੋਈ ਹੈ, ਕਿਉਂਕਿ ਉਹ ਸ਼ਬਦ-ਗੁਰੂ ਦੇ ਉਪਦੇਸ਼ ਦੁਆਰਾ ਪਰਮੇਸ਼ਰ ਦੀ ਮਿੱਠੀ ਯਾਦ ਨੂੰ ਆਪਣੇ ਹਿਰਦੇ ਵਿੱਚ ਸਦਾ ਹੀ ਸੰਭਾਲਦੇ ਹਨ।*

**ਸਮੁੱਚਾ ਭਾਵ :** ਦੀਵਾਲੀ ਦੀ ਰਾਤ ਨੂੰ ਦੀਵੇ ਬਾਲਣ, ਪਟਾਕੇ–ਆਤਸ਼ਬਾਜ਼ੀ ਚਲਾਉਂਣ ਦੀ ਪਖੰਡ-ਕਿਰਿਆ ਰਾਹੀਂ ਜਿੱਥੇ ਵਾਤਾਵਰਣ ਬਹੁਤ ਬੁਰੀ ਤਰ੍ਹਾਂ ਦੂਸ਼ਤ ਹੁੰਦਾ ਹੈ, ਉਥੇ ਕੌਮ ਦੇ ਕ੍ਰੋੜਾਂ ਰੁਪਏ ਧੂੰਏ ਵਿੱਚ ਉਡਾ ਦਿੱਤੇ ਜਾਂਦੇ ਹਨ। ਕਦੀ–ਕਦੀ ਜਾਨੀ ਨੁਕਸਾਨ ਵੀ ਹੋ ਜਾਂਦੇ ਹਨ, ਤੇ ਪੱਲੇ ਪੈਂਦੀ ਹੈ ਸਿਰਫ਼ ਇੱਕ ਦੋ ਘੰਟੇ ਦੀ ਬਨਾਵਟੀ ਖ਼ੁਸ਼ੀ। ਗੁਰਮਤਿ ਫ਼ਲਸਫ਼ੇ ਜਾਂ ਇਤਿਹਾਸ ਦਾ ਇਸ ਬਿਪਰਨ ਦੀ ਰੀਤਿ ਨਾਲ ਕੋਈ ਦੂਰ ਦਾ ਸਬੰਧ ਵੀ ਨਹੀਂ ਹੈ। ਗੁਰਮਤਿ ਦੇ ਆਲਮਗੀਰੀ ਸਿਧਾਂਤ ਮਨੁੱਖਤਾ ਨੂੰ ਆਪਣੀ ਮੱਸਿਆ ਰੂਪੀ ਅਗਿਆਨਤਾ ਦੀ ਘੁੱਪ–ਹਨੇਰੀ ਰਾਤ (ਜੀਵਨ) ਨੂੰ ਸ਼ਬਦ-ਗੁਰੂ ਦਾ ਗਿਆਨ ਰੂਪੀ ਦੀਵਾ ਬਾਲ ਕੇ ਸਦਾ ਵਾਸਤੇ ਰੁਸ਼ਨਾਉਂਣ ਲਈ ਪ੍ਰੇਰਨਾ ਦਿੰਦੇ ਹਨ :

*ਦੀਵਾ ਬਲੈ ਅੰਧੇਰਾ ਜਾਇ॥ ਬੇਦ ਪਾਠ ਮਤਿ ਪਾਪਾਂ ਖਾਇ॥*
*ਉਗਵੈ ਸੂਰੁ ਨ ਜਾਪੈ ਚੰਦੁ॥ ਜਹ ਗਿਆਨ ਪ੍ਰਗਾਸੁ, ਅਗਿਆਨੁ ਮਿਟੰਤੁ॥*
*(ਮ.੧, ੭੯੧)*

**ਭਾਵ :** (ਹੇ ਭਾਈ!) ਜਿਵੇਂ ਦੀਵਾ ਬਲਦਾ (ਜਗਦਾ) ਹੈ (ਤਾਂ) ਹਨ੍ਹੇਰਾ ਦੂਰ ਹੋ ਜਾਂਦਾ ਹੈ (ਤਿਵੇਂ) ਧਾਰਮਕ ਗ੍ਰੰਥਾਂ ਦੀ ਅਭਿਆਸ ਵਾਲੀ ਸੁਰਤਿ ('ਹੁਕਮਿ ਰਜ਼ਾਈ ਚੱਲਣ' ਵਾਲੀ ਜੀਵਨ-ਜੁਗਤਿ)ਪਾਪਾਂ ਨੂੰ ਖਾ ਜਾਂਦੀ ਹੈ। (ਜਿਵੇਂ ਜਦੋਂ) ਸੂਰਜ ਚੜ੍ਹਦਾ ਹੈ (ਤਾਂ) ਚੰਦ੍ਰਮਾ (ਚੜ੍ਹਿਆ ਹੋਇਆ) ਪਤਾ ਨਹੀਂ ਲਗਦਾ (ਤਿਵੇਂ) ਜਿਥੇ (ਸ਼ਬਦ-ਗੁਰੂ) ਦੇ ਗਿਆਨ ਦਾ ਪ੍ਰਕਾਸ਼ (ਹੋ ਜਾਂਦਾ ਹੈ, ਉਥੇ) ਅਗਿਆਨ ਨਾਸ਼ ਹੋ ਜਾਂਦਾ ਹੈ। ਜਾਨੀ ਨੁਕਸਾਨ ਉਠਾ ਕੇ, ਵਾਤਾਵਰਣ ਦੂਸ਼ਤ ਕਰ ਕੇ, ਹਰ ਸਾਲ ਅਰਬਾਂ ਰੁਪਏ ਦੀ ਕੌਮੀ ਸੰਪਤੀ ਨੂੰ ਇਸ ਤਰ੍ਹਾਂ ਧੂੰਏ ਵਿੱਚ ਉਡਾਉਂਣ ਦੀ ਬਜਾਏ ਸਮਾਜ ਦੇ ਗ਼ਰੀਬ ਵਰਗ ਦੀਆਂ ਜਾਇਜ਼ ਲੋੜਾਂ ਦੀ ਪੂਰਤੀ ਕਰਕੇ ਪਰਮੇਸ਼ਰ ਦੀ ਪ੍ਰਸੰਨਤਾ ਹਾਸਿਲ ਕੀਤੀ ਜਾ ਸਕਦੀ ਹੈ। ਕੀ ਸਮੁੱਚੀ ਸਿੱਖ ਕੌਮ ਇਸ ਪਾਸੇ ਵੀ ਕਦੇ ਧਿਆਨ ਦੇਵੇਗੀ?

## ੨੪. ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਸਤਿਗੁਰਾਂ ਦੀ ਤੌਹੀਨ ਜਾਂ ਅਰਦਾਸਿ ? ਮੌਜੂਦਾ ਸਿੱਖ ਰਹਿਤ ਮਰਯਾਦਾ ਵਿੱਚ ਦਰਜ ਕੀਤੀ ਅਰਦਾਸਿ ਵਿੱਚ ਲਫ਼ਜ਼ 'ਭਗਉਤੀ' ਦੇ ਅਰਥ ਦੁਰਗਾ ਦੇਵੀ ਜਾਂ ਪਰਮੇਸ਼ਰ ?

ਗੁਰੂ ਗ੍ਰੰਥ ਸਾਹਿਬ ਵਿੱਚ 'ਭਗਉਤੀ' ਲਫਜ਼ ਦੀ ਕੁਝ ਥਾਵਾਂ ਤੇ ਵਰਤੋਂ ਕੀਤੀ ਮਿਲਦੀ ਹੈ। ਕੁਝ ਕੁ ਉਦਾਹਰਣਾਂ ਹੇਠਾਂ ਦਿੱਤੀਆਂ ਜਾ ਰਹੀਆਂ ਹਨ :

*ਸੋ ਭਗਉਤੀ ਜੋ ਭਗਵੰਤੈ ਜਾਣੈ॥*
*ਗੁਰਪ੍ਰਸਾਦੀ ਆਪੁ ਪਛਾਣੈ॥ (ਪ: ੩, ੮੮)*





**ਭਾਵ :** ਭਗਉਤੀ (ਸੱਚਾ ਭਗਤ) ਉਹ ਹੈ ਜੋ ਪ੍ਰਭੁ ਨੂੰ ਜਾਣਦਾ ਹੈ (ਪ੍ਰਭੂ ਨਾਲ ਡੂੰਘੀ ਪ੍ਰੇਮ-ਸਾਂਝ ਪਾਉਂਦਾ ਹੈ), ਤੇ (ਸ਼ਬਦ-ਗੁਰੂ ਦੇ ਉਪਦੇਸ਼ਾਂ ਉਪਰ ਅਮਲ ਕਰਕੇ) ਆਪਣੇ ਆਪ ਨੂੰ ਪਛਾਣਦਾ ਹੈ (ਆਤਮ-ਦਰਸੀ) ਬਣਦਾ ਹੈ।

**ਨੋਟ : 'ਭਗਉਤੀ' - ਭਗਤੀ ਮਾਰਗ ਦੇ ਮੰਨਣ ਵਾਲਾ ਇੱਕ ਫ਼ਿਰਕਾ। ਇਹ ਲੋਕ ਵਿਸ਼ਨੂੰ ਦੇ ਕਹੇ ਜਾਂਦੇ ਅਵਤਾਰ ਕ੍ਰਿਸ਼ਨ ਆਦਿ ਦੀ ਪੂਜਾ ਵਿੱਚ ਲੱਗੇ ਰਹਿੰਦੇ ਅਤੇ ਰਾਸਾਂ ਪਾਉਂਣ ਤੇ ਨੱਚਣ-ਕੁੱਦਣ ਦੁਆਰਾ ਆਪਣੀ ਭਗਤੀ ਨੂੰ ਜ਼ਾਹਰ ਕਰਦੇ ਹਨ (ਸ਼ਬਦਾਰਥ ਗੁਰੂ ਗ੍ਰੰਥ ਸਾਹਿਬ ਪੰਨ ੮੮)।**

*ਭਗਉਤੀ ਭਗਵੰਤ ਭਗਤਿ ਕਾ ਰੰਗੁ॥ ਸਗਲ ਤਿਆਗੈ ਦੁਸਟ ਕਾ ਸੰਗੁ॥*
*(ਮ: ੫, ੨੭੪)*

**ਭਾਵ :** ਭਗਵਾਨ ਦਾ ਅਸਲੀ ਉਪਾਸ਼ਕ (ਉਹ ਹੈ ਜਿਸਦੇ ਹਿਰਦੇ ਵਿੱਚ) ਭਗਵਾਨ ਦੀ ਭਗਤੀ ਦਾ ਪਿਆਰ ਹੈ ਤੇ ਜੋ ਸਭ ਮੰਦ-ਕਰਮੀਆਂ ਦੀ ਸੁਹਬਤ ਛੱਡ ਦੇਂਦਾ ਹੈ।

ਸੋ, ਸਪੱਸ਼ਟ ਹੀ ਹੈ ਕਿ ਗੁਰਬਾਣੀ ਅਨੁਸਾਰ 'ਭਗਉਤੀ' ਇੱਕ ਵਿਸ਼ਨੂੰ ਦੀ ਭਗਤੀ ਕਰਨ ਵਾਲਾ ਫ਼ਿਰਕਾ ਹੀ ਹੈ। ਜੇਕਰ ਕੋਈ ਪ੍ਰਭੂ-ਪ੍ਰੇਮ ਵਾਲਾ ਵਿਦਵਾਨ ਗੁਰੂ ਗ੍ਰੰਥ ਸਾਹਿਬ ਜੀ ਵਿੱਚੋਂ ਇਸ ਲਫ਼ਜ਼ 'ਭਗਉਤੀ' ਦੇ ਅਰਥ 'ਅਕਾਲ ਪੁਰਖੁ' ਵਜੋਂ ਕੀਤੇ ਹੋਏ ਲੱਭ ਕੇ ਦੱਸ ਦੇਵੇ ਤਾਂ ਉਸਦੇ ਧੰਨਵਾਦੀ ਹੋਵਾਂਗੇ।

ਅਖੌਤੀ ਦਸਮ ਗ੍ਰੰਥ (ਪੁਰਾਣਾ ਨਾਂ ਬਚਿੱਤ੍ਰ ਨਾਟਕ) ਵਿੱਚ ਇੱਕ ਰਚਨਾ 'ਵਾਰ ਦੁਰਗਾ' ਦੇ ਸਿਰਲੇਖ ਹੇਠ, ਜਿਸ ਨੂੰ 'ਵਾਰ ਸ੍ਰੀ ਭਗਉਤੀ ਜੀ ਕੀ' ਵੀ ਕਿਹਾ ਜਾਂਦਾ ਹੈ ਇਸ ਸ਼ਾਕਤੀ ਪੋਥੇ ਦੇ ਪੰਨਾ ਨੰਬਰ ੧੧੯ ਤੋਂ ੧੨੭ ਤੱਕ ਦਰਜ ਹੈ। **ਇਸ ਰਚਨਾ ਵਿੱਚੋਂ ਪਹਿਲੀ ਪਉੜੀ ਨੂੰ ਚੁੱਕ ਕੇ ਸਿੱਖ ਰਹਿਤ ਮਰਯਾਦਾ ਦੀ ਅਰਦਾਸਿ ਦੇ ਅਰੰਭ ਵਿੱਚ ਜੜ ਦਿੱਤਾ ਗਿਆ ਹੈ ਅਤੇ ਇਹ ਦੱਸਿਆ ਜਾ ਰਿਹਾ ਹੈ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਰਚਨਾ ਹੈ ਪਰ ਇਸ ਵਾਰ ਦਾ ਲਿਖਾਰੀ ਖ਼ੁਦ ਹੀ ਲਿੱਖ ਰਿਹਾ ਹੈ ਕਿ ਇਹ ਸਾਰੀ ਦੀ ਸਾਰੀ ਵਾਰ (੫੫ ਪਉੜੀਆਂ) ਦੁਰਗਾ ਦੇ ਸਬੰਧ ਵਿੱਚ ਹੀ ਲਿਖੀ ਗਈ ਹੈ -**

*ਦੁਰਗਾ ਪਾਠ ਬਣਾਇਆ ਸਭੇ ਪਉੜੀਆਂ॥*
*ਫੇਰ ਨ ਜੂਨੀ ਆਇਆ ਜਿਨ ਇਹ ਗਾਇਆ॥*
*(ਵਾਰ ਦੁਰਗਾ, ਪਉੜੀ ਨੰ.੫੫)*

**ਜੇ ਕਰ ਇਸ ਨੂੰ ਦਸਮੇਸ਼ ਪਿਤਾ ਜੀ ਦੀ ਰਚਨਾ ਮੰਨ ਵੀ ਲਿਆ ਜਾਵੇ ਤਾਂ ਕੀ ਗੁਰੂ ਸਾਹਿਬ ਪਰਮੇਸ਼ਰ ਦਾ ਸਿਮਰਨ ਦ੍ਰਿੜਾਉਂਣ ਦੀ ਬਜਾਏ ਗੁਰੂ ਨਾਨਕ ਨਾਮ ਲੇਵਾ ਨੂੰ ਦੁਰਗਾ ਦਾ ਸਿਮਰਨ (ਪ੍ਰਿਥਮ ਭਗਉਤੀ ਸਿਮਰ**

**ਕੇ...) ਦੀ ਪ੍ਰੇਰਨਾ ਦੇ ਸਕਦੇ ਹਨ ?** ਗੁਰਮਤਿ ਫ਼ਲਸਫ਼ੇ ਦਾ ਸਪੱਸ਼ਟ ਨਿਰਨਾ ਹੈ ਕਿ:

*ਤੂ ਕਹੀਅਤ ਹੀ ਆਦਿ ਭਵਾਨੀ॥*
*ਮੁਕਤਿ ਕੀ ਬਰੀਆ ਕਹਾ ਛਪਾਨੀ॥ (ਨਾਮਦੇਵ ਜੀ, ੮੭੪)*

**ਭਾਵ:** ਹੇ ਭਵਾਨੀ! (ਹੇ ਦੁਰਗਾ ਜੀ!) ਤੂੰ ਸਭ ਦਾ ਮੁੱਢ ਅਖਵਾਉਂਦੀ ਹੈ, ਪਰ (ਆਪਣੇ ਭਗਤਾਂ ਨੂੰ) ਮੁਕਤੀ ਦੇਣ ਵੇਲੇ ਤੂੰ ਪਤਾ ਨਹੀਂ ਕਿਥੇ ਲੁਕੀ ਰਹਿੰਦੀ ਹੈ? (ਭਾਵ ਮੁਕਤੀ ਭਵਾਨੀ ਜਾਂ ਭਗਉਤੀ ਪਾਸ ਵੀ ਨਹੀਂ ਹੈ)।

*ਦੇਵੀ ਦੇਵਾ ਪੂਜੀਐ ਭਾਈ, ਕਿਆ ਮਾਗਉ ਕਿਆ ਦੇਹਿ॥ (ਮ.੧, ੬੩੭)*

ਗੁਰਮਤਿ ਫ਼ਲਸਫ਼ੇ ਵਿੱਚ ਦਰਜ ਇਤਨੇ ਸਪੱਸ਼ਟ ਨਿਰਣੇ ਅਤੇ ਇਸ ਰਚਨਾ ਦੇ ਲਿਖਾਰੀ ਵੱਲੋਂ ਖ਼ੁਦ ਹੀ ਦਿੱਤੀ ਜਾਣਕਾਰੀ ਦੇ ਸਬੂਤਾਂ ਦੇ ਬਾਵਜੂਦ ਫਿਰ ਵੀ "ਮੈਂ ਨਾ ਮਾਨੂੰ" ਵਾਲੀ ਰੱਟ ਲਗਾਈ ਜਾਣੀ ਕਿ 'ਭਗਉਤੀ' ਦੇ ਅਰਥ ਪਰਮੇਸ਼ਰ ਹੀ ਹਨ, ਕਿੱਥੋਂ ਤੱਕ ਤਰਕ-ਸੰਗਤ ਹਨ? ਕੀ ਗੁਰਦੁਆਰੇ ਦੇਵੀਆਂ ਦਾ ਸਿਮਰਨ ਦ੍ਰਿੜ੍ਹ ਕਰਾਉਂਣ ਲਈ ਹੀ ਬਣਾਏ ਗਏ ਸਨ? ਕੀ ਦਸਮੇਸ਼ ਪਿਤਾ ਜੀ ਦੇਵੀ-ਪੂਜਕ ਹਨ? ਜੇਕਰ ਇਸ ਰਚਨਾ (ਵਾਰ ਦੁਰਗਾ) ਨੂੰ ਦਸਮੇਸ਼ ਜੀ ਦੀ ਰਚਨਾ ਵਜੋਂ ਮਾਨਤਾ ਦੇ ਦਿੱਤੀ ਜਾਵੇ ਤਾਂ ਇਹ ਵੀ ਮੰਨਣਾ ਪਵੇਗਾ ਕਿ ਦਸਮੇਸ਼ ਪਿਤਾ ਜੀ ਦੇਵੀ-ਪੂਜਕ ਹਨ ਅਰਥਾਤ ਉਹ ਗੁਰੂ ਨਾਨਕ ਸਾਹਿਬ ਦੇ ਦਸਵਾਂ ਜਾਮਾਂ ਨਹੀਂ ਹਨ ਅਤੇ ਗੁਰੂ ਗ੍ਰੰਥ ਸਾਹਿਬ ਅੰਦਰ ਅੰਕਿਤ ਸਿਧਾਂਤਾਂ ਦੀ ਉਲੰਘਣਾ ਕਰਨ ਵਾਲੇ ਹਨ। **ਕੀ ਅਜਿਹੀ ਨਾਕਸ, ਗੁਰਮਤਿ ਸਿਧਾਂਤਾਂ ਦਾ ਘਾਣ ਅਤੇ ਦਸਮੇਸ਼ ਪਿਤਾ ਜੀ ਦੀ ਘੋਰ ਨਿਰਾਦਰੀ ਕਰਨ ਵਾਲੀ ਰਚਨਾ ਨੂੰ ਦਸਮੇਸ਼ ਜੀ ਦੇ ਨਾਮ ਨਾਲ ਜ਼ਬਰਦਸਤੀ ਮੜ੍ਹਨ ਵਾਲੇ ਪ੍ਰਾਣੀ ਸਿੱਖ ਅਖਵਾਉਂਣ ਦੇ ਹੱਕਦਾਰ ਵੀ ਹੋ ਸਕਦੇ ਹਨ?**

## ੨੫. ਅੰਨ੍ਹੀ ਸ਼ਰਧਾ-ਵੱਸ ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲੇ ਭੇਟਾ ਕਰਨੇ !

ਦੇਖਾ-ਦੇਖੀ (ਲੋਕਾਚਾਰੀ) ਦੀ ਰੀਤਿ ਅਨੁਸਾਰ ਅਨੇਕਾਂ ਸ਼ਰਧਾਲੂ, ਗੁਰੂ ਗ੍ਰੰਥ ਸਾਹਿਬ ਨੂੰ ਰੁਮਾਲੇ (ਬਸਤਰ ਆਦਿ) ਭੇਟਾ ਕਰ ਰਹੇ ਹਨ। ਇਹ ਰੁਮਾਲੇ ਜਾਂ ਤਾਂ ਪ੍ਰਬੰਧਕਾਂ/ਸੇਵਾਦਾਰਾਂ ਵੱਲੋਂ ਅੱਗੇ ਥੋਕ ਰੇਟ ਵਿੱਚ ਕਪੜਿਆਂ ਦੀਆਂ ਦੁਕਾਨਾਂ ਤੇ ਵੇਚ ਦਿੱਤੇ ਜਾਂਦੇ ਹਨ, ਜਾਂ ਇਨ੍ਹਾਂ ਦੇ ਬਸਤਰ ਬਣਾ ਕੇ ਪਹਿਨ ਲਏ ਜਾਂਦੇ ਹਨ। ਇਹ ਦੁਕਾਨਾਂ 'ਤੇ ਵੇਚੇ ਹੋਏ ਰੁਮਾਲੇ ਦੁਬਾਰਾ ਦੁਕਾਨਦਾਰਾਂ ਵੱਲੋਂ ਸ਼ਰਧਾਲੂ ਸੰਗਤਿ ਰਾਹੀਂ ਗੁਰਦੁਆਰਿਆਂ ਵਿੱਚ ਪਹੁੰਚ ਜਾਂਦੇ ਹਨ ਅਤੇ ਇੱਕ 'ਭ੍ਰਿਸ਼ਟ ਵਾਪਾਰ' ਦਾ ਰੂਪ ਧਾਰ ਲੈਂਦੇ ਹਨ। ਕੀ ਅਜਿਹਾ ਕਰ ਕੇ ਅਸੀਂ ਸਤਿਗੁਰਾਂ ਦਾ ਸਤਿਕਾਰ ਕਰ ਰਹੇ ਹਾਂ ਕਿ ਨਿਰਾਦਰੀ? ਲੋਕਾਚਾਰੀ ਜਾਂ ਭੇਡ-ਚਾਲ ਲਈ ਗੁਰਮਤਿ ਵਿੱਚ ਕੋਈ ਜਗ੍ਹਾ ਨਹੀਂ ਹੈ।

## ੨੬. ਸੁਖਮਨੀ ਸੇਵਾ ਸੁਸਾਇਟੀਆਂ ਹੀ ਕਿਉਂ ?

ਲੋਟੂ ਸਾਧ ਲਾਣੇ ਦੀ ਸਾਜਿਸ਼ ਅਧੀਨ ਕੁੱਝ ਗੁਰਦੁਆਰਿਆਂ ਨਾਲ ਸਬੰਧਤ ਸੁਖਮਨੀ ਸੇਵਾ ਸੁਸਾਇਟੀਆਂ ਵੀ ਹੋਂਦ ਵਿੱਚ ਆ ਚੁੱਕੀਆਂ ਹਨ, ਜਿੱਥੇ ਰਸਮੀ ਤੌਰ 'ਤੇ ਸੁਖਮਨੀ





ਸਾਹਿਬ ਦੇ ਪਾਠ ਕਰ ਕੇ ਦੇਗ਼ ਵਰਤਾ ਦਿੱਤੀ ਜਾਂਦੀ ਹੈ ਪਰ ਗੁਰਬਾਣੀ ਦੀ ਵਿਚਾਰ (ਅਰਥ ਬੋਧ) ਨਹੀਂ ਕੀਤੀ ਜਾਂਦੀ। ਗੁਰਬਾਣੀ ਨੂੰ ਪੜ੍ਹ ਸੁਣ ਕੇ ਵਿਚਾਰ ਕੇ, ਸਵੀਕਾਰ ਕਰਕੇ ਅਮਲੀ ਜੀਵਨ ਵਿੱਚ ਉਤਾਰਨ ਨਾਲ ਹੀ ਲਾਭ ਹੋ ਸਕਦਾ ਹੈ, ਵਿਖਾਵੇ ਦੇ ਰਸਮੀ ਪਾਠ-ਕੀਰਤਨ ਕੌਮ ਦੀ ਵਿਗੜੀ ਸੁਆਰਨ ਵਿੱਚ ਸਹਾਈ ਨਹੀਂ ਹੋ ਸਕਦੇ। ਇੰਜ ਲਗਦਾ ਹੈ ਕਿ ਇਹ ਸੁਸਾਇਟੀਆਂ ਇਸ ਕਰ ਕੇ ਹੋਂਦ ਵਿੱਚ ਲਿਆਂਦੀਆਂ ਗਈਆਂ ਹਨ ਕਿ ਭੋਲੀ ਸੰਗਤਿ ਨੂੰ ਨਕਲੀ ਸਾਧਾਂ-ਸੰਤਾਂ ਦੀ ਸੇਵਾ ਵੱਲ ਨੂੰ ਪ੍ਰੇਰਤ ਕੀਤਾ ਜਾ ਸਕੇ ਕਿਉਂਕਿ ਇਸ ਬਾਣੀ ਵਿੱਚ 'ਸਾਧ' 'ਸੰਤ', 'ਬ੍ਰਹਮ ਗਿਆਨੀ' ਸ਼ਬਦਾਂ ਦੀ ਬਹੁਤ ਵਰਤੋਂ ਕੀਤੀ ਮਿਲਦੀ ਹੈ। ਹੈਰਾਨੀ ਹੁੰਦੀ ਹੈ ਕਿ 'ਵਾਰ ਆਸਾ' ਜਿਸ ਦਾ ਕਿ ਤਕਰੀਬਨ ਹਰ ਇੱਕ ਗੁਰਦੁਆਰੇ ਵਿੱਚ ਕੀਰਤਨ ਕਰਨ ਦੀ ਰੀਤਿ ਪਹਿਲੇ ਪਾਤਿਸ਼ਾਹ ਗੁਰੂ ਨਾਨਕ ਸਾਹਿਬ ਜੀ ਦੇ ਵਕਤ ਤੋਂ ਹੀ ਪ੍ਰਚੱਲਤ ਹੈ, ਇਸ ਗੁਰਬਾਣੀ ਦੇ ਨਾਮ ਤੇ ਸੁਸਾਇਟੀਆਂ ਕਿਉਂ ਨਹੀਂ ਹੋਂਦ ਵਿੱਚ ਆ ਸਕੀਆਂ? ਇਸਦਾ ਸਪੱਸ਼ਟ ਕਾਰਨ ਇਹ ਹੀ ਸਮਝ ਵਿੱਚ ਆ ਰਿਹਾ ਹੈ ਕਿ 'ਵਾਰ ਆਸਾ' (ਮ.੧) ਵਿੱਚ ਪੁਜਾਰੀਆਂ, ਵਿਹਲੜਾਂ ਅਤੇ ਲੁੱਗੜ ਕਿਸਮ ਦੇ ਧਾਰਮਕ ਆਗੂਆਂ ਦੀ ਬੜੇ ਹੀ ਰੌਚਕ ਢੰਗ ਨਾਲ ਖੁੰਬ ਠੱਪੀ ਗਈ ਹੈ। ਵੀਰੋ/ਭੈਣੋਂ! ਜਾਗੋ!! ਸਮਝੋ ਕਿ ਤੁਸੀਂ ਕਿਹੜੇ ਰਾਹ ਤੇ ਚੱਲ ਪਏ ਹੋ? **ਇਨ੍ਹਾਂ ਸੁਸਾਇਟੀਆਂ ਦਾ ਲਾਭ ਤਾਂ ਹੀ ਹੈ ਜੇਕਰ ਸ਼ਬਦ ਦੀ ਵਿਚਾਰ ਨੂੰ ਇਨ੍ਹਾਂ ਵਿੱਚ ਪਰਮੁੱਖਤਾ ਹਾਸਿਲ ਕਰਵਾਈ ਜਾਵੇ। ਰਸਮੀ ਤੌਰ 'ਤੇ ਕੀਤੇ ਪਾਠ ਕੁਝ ਨਹੀਂ ਸਵਾਰ ਸਕਦੇ।**

## ੨੭. ਕੀ ਅਖੰਡ/ਸਾਧਾਰਨ/ਸਪਤਾਹਿਕ/ਸੰਪਟ ਪਾਠ ਦਾ ਫ਼ਲ ਪੈਸੇ ਨਾਲ ਖ਼ਰੀਦਿਆ ਜਾ ਸਕਦਾ ਹੈ ?

ਬਿਪਰਵਾਦ ਦਾ ਇਹ ਇੱਕ ਅਹਿਮ ਅਸੂਲ ਹੈ ਕਿ ਬ੍ਰਾਹਮਣ ਕਿਸੇ ਵਿਅਕਤੀ ਦੀ ਬਿਪਤਾ ਟਾਲਣ ਲਈ 'ਢੁਕਵੇਂ' ਮੰਤਰਾਂ ਦਾ ਜਾਪ ਕਰਦਾ ਹੈ, ਹਵਨ-ਯਗ ਆਦਿ ਕਰਦਾ ਹੈ ਅਤੇ ਅੰਤ ਵਿੱਚ 'ਕੀਤੇ ਹੋਏ ਮੰਤਰਾਂ ਦਾ ਫ਼ਲ, ਦਾਨ ਲੈ ਕੇ, ਉਸ ਨੂੰ ਦੇ ਦਿੰਦਾ ਹੈ। ਖ਼ਾਲਸਾ ਜੀ! ਜਾਗੋ ਅਤੇ ਸੋਚੋ ਕਿ ਕੀ ਅਸੀਂ ਵੀ ਬ੍ਰਾਹਮਣ ਦੀ ਬਜਾਏ ਕਿਸੇ ਪਾਠੀ ਤੋਂ ਪਾਠ ਕਰਵਾ ਕੇ ਉਸ ਦੇ ਕੀਤੇ ਪਾਠ ਦਾ ਫ਼ਲ ਉਸ ਨੂੰ ਮਾਇਕ ਪਦਾਰਥ ਦੇ ਕੇ, ਅਰਦਾਸਿ ਕਰਵਾ ਕੇ ਆਪਣੇ ਨਾਮ 'ਤੇ ਟਰਾਂਸਫ਼ਰ ਨਹੀਂ ਕਰਵਾ ਰਹੇ? ਕੀ ਅਜਿਹਾ ਹੋ ਸਕਣਾ ਸੰਭਵ ਵੀ ਹੈ? ਇੱਕ ਮਿਸਾਲ ਦੇ ਕੇ ਗੱਲ ਨੂੰ ਸਪੱਸ਼ਟ ਕਰਨ ਦਾ ਯਤਨ ਕਰਦੇ ਹਾਂ। ਇੱਕ ਵੀਰ ਨੇ ਪੜ੍ਹਾਈ ਕਰਕੇ ਡਾਕਟਰ ਦੀ ਡਿਗਰੀ ਪ੍ਰਾਪਤ ਕਰ ਲਈ। ਹੁਣ ਉਹ ਕਿਸੇ 'ਬਾਬੇ' ਨੂੰ ਜਾ ਕੇ ਬੇਨਤੀ ਕਰੇ ਕਿ 'ਬਾਬਾ ਜੀ! ਮੇਰੀ ਆਪਣੀ ਮਿਹਨਤ ਨਾਲ ਪ੍ਰਾਪਤ ਕੀਤੀ ਹੋਈ ਡਾਕਟਰ ਦੀ ਡਿਗਰੀ ਮੇਰੇ ਪੁੱਤਰ ਦੇ ਨਾਮ 'ਤੇ ਟਰਾਂਸਫ਼ਰ ਹੋ ਜਾਵੇ, ਮੇਰਾ ਪੁੱਤਰ ਡਾਕਟਰ ਬਣ ਜਾਵੇ ਅਤੇ ਮੇਰੇ ਕੋਲੋਂ ਸਾਰਾ ਡਾਕਟਰੀ ਦਾ ਗਿਆਨ ਮੇਰੇ ਪੁੱਤਰ ਦੇ ਨਾਮ ਟਰਾਂਸਫਰ ਹੋ ਜਾਵੇ।' ਕੀ ਉਹ 'ਬਾਬਾ' ਜੀ ਅਜਿਹੀ ਅਰਦਾਸਿ ਕਰਨ ਦਾ ਹੀਆ ਕਰ ਸਕਦੇ ਹਨ? ਕੀ ਸੱਚੀਂ-ਮੁੱਚੀਂ 'ਬਾਬੇ' ਦੀ ਕੀਤੀ ਅਰਦਾਸਿ ਦੁਆਰਾ ਅਜਿਹਾ ਭਾਣਾ ਵਾਪਰ ਸਕਦਾ ਹੈ? ਕੀ ਅਸੀਂ ਉਸ ਪਾਠ ਦਾ ਫ਼ਲ ਜਿਸ ਨੂੰ ਅਸੀਂ ਆਪ ਸੁਣਿਆ ਨਹੀਂ, ਸਮਝਿਆ ਨਹੀਂ, ਸਮਝ ਕੇ ਸਵੀਕਾਰ

ਕਰ ਕੇ ਅਮਲ ਕਰਨ ਦਾ ਵੀ ਯਤਨ ਨਹੀਂ ਕੀਤਾ, ਪਾਠੀ ਨੂੰ ਕੁਛ ਦਮੜੇ ਦੇ ਕੇ ਹਾਸਿਲ ਕਰਨ ਦੀ ਆਸ ਕਰ ਸਕਦੇ ਹਾਂ? ਅਜਿਹਾ ਹੀ ਤਾਂ ਅੱਜ ਹੋ ਰਿਹਾ ਹੈ। ਸਦ ਅਫ਼ਸੋਸ!

## ੨੮. ਸਿਰਪਾਉ/ਸਿਰਪਾਓ

ਗੁਰਮਤਿ ਫ਼ਲਸਫ਼ੇ ਅਨੁਸਾਰ ਸਿਰਪਾਉ (ਵਿਸ਼ੇਸ਼ ਸਨਮਾਨ ਦੀ ਨਿਸ਼ਾਨੀ) ਉਸ ਪ੍ਰਾਣੀ ਨੂੰ ਹੀ ਦਿੱਤਾ ਜਾਣਾ ਚਾਹੀਦਾ ਹੈ ਜਿਸ ਨੇ ਮਨੁੱਖਤਾ ਦੀ ਸੇਵਾ ਵਿੱਚ ਬਹੁਤ ਹੀ ਸ਼ਲਾਘਾਯੋਗ ਯੋਗਦਾਨ ਪਾਇਆ ਹੋਵੇ। ਅੱਜ ਗੁਰਮਤਿ-ਵਿਹੂਣੇ ਪ੍ਰਬੰਧਕ ਆਪਣੇ ਸਿਆਸੀ ਆਕਾਵਾਂ ਦੀ ਚਾਪਲੂਸੀ ਕਰਨ ਲਈ ਹਰ ਜਣੇ-ਖਣੇ (ਖਾਸ ਕਰਕੇ ਸਿਆਸੀ ਅਸਰ-ਰਸੂਖ਼ ਵਾਲੇ ਪ੍ਰਾਣੀਆਂ ਨੂੰ) ਨੂੰ ਸਿਰਪਾਉ ਭੇਟ ਕਰਕੇ ਇਸ ਬਖਸ਼ਿਸ਼ ਦੀ ਅਹਿਮੀਅਤ ਨੂੰ ਮਿੱਟੀ ਵਿੱਚ ਰੋਲ ਕੇ ਗੁਰਮਤਿ ਸਿਧਾਂਤਾਂ ਦਾ ਮਜ਼ਾਕ ਉਡਾ ਰਹੇ ਹਨ।

## ੨੯. ਗੁਰੂ ਗ੍ਰੰਥ ਸਾਹਿਬ ਦੀ ਗੁਰਤਾਗੱਦੀ ਦੀ ਤੀਜੀ ਸ਼ਤਾਬਦੀ-ਸਤਿਗੁਰਾਂ ਦਾ ਸਤਿਕਾਰ ਕਿ ਘੋਰ ਅਪਮਾਨ?

ਖ਼ਾਲਸਾ ਜੀ! ਅਸੀਂ ਵਡਭਾਗੀ ਹਾਂ ਕਿ ਸਾਨੂੰ ਆਪਣੇ ਜੀਵਨ ਕਾਲ ਵਿੱਚ ਖ਼ਾਲਸਾ ਪ੍ਰਗਟ ਦਿਵਸ, ਸਾਹਿਬਜ਼ਾਦਿਆਂ ਦੇ ਸ਼ਹੀਦੀ ਪੁਰਬ, ਸਤਿਗੁਰਾਂ ਨਾਲ ਸਬੰਧਤ ਸ਼ਤਾਬਦੀਆਂ, ਅਨਮੋਲ ਸਿੱਖ ਇਤਿਹਾਸ ਅਤੇ ਕਈ ਹੋਰ ਅਹਿਮ ਸ਼ਤਾਬਦੀਆਂ ਮਨਾਉਂਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਹੁਣੇ-ਹੁਣੇ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ੩੦੦ ਸਾਲਾ ਗੁਰਗੱਦੀ ਦਿਵਸ ਮਨਾਇਆ ਹੈ।

## ਆਓ, ਜ਼ਰਾ ਵੀਚਾਰੀਏ!

1. ਕੀ ਪਿੱਛਲੀਆਂ ਸ਼ਤਾਬਦੀਆਂ ਮਨਾਉਂਣ ਵਿੱਚ ਵਿਖਾਵੇ ਅਤੇ ਅਡੰਬਰ ਰਚਨ ਤੋਂ ਸਿਵਾਏ, ਅਸੀਂ ਅਮਲੀ ਤੌਰ 'ਤੇ ਸਿੱਖੀ ਦੀ ਪ੍ਰਫ਼ੁੱਲਤਾ ਲਈ, ਗੁਰੂ ਨਾਨਕ ਸਾਹਿਬ ਵੱਲੋਂ ਮਨੁੱਖਤਾ ਦੇ ਭਲੇ ਲਈ ਅਰੰਭ ਕੀਤੇ ਲਾਸਾਨੀ ਗੁਰਮਤਿ ਇਨਕਲਾਬ ਦੇ ਵਿਕਾਸ ਲਈ ਵੀ ਕੁੱਝ ਕੀਤਾ ਹੈ?
2. **ਕੀ ਮਨੁੱਖੀ ਭਾਈਚਾਰੇ ਨੂੰ ਖਾਸ ਕਰ ਕੇ ਮਨੁੱਖਤਾ ਦੇ ਦੱਬੇ-ਕੁਚਲੇ ਵਰਗਾਂ ਨੂੰ, ਵੀ ਇਨ੍ਹਾਂ ਤੋਂ ਕੁੱਝ ਪ੍ਰਾਪਤ ਹੋਇਆ ਹੈ?**
3. ਕੀ ਸੜਕਾਂ ਤੇ ਬੈਂਡ-ਵਾਜਿਆਂ, ਹਾਥੀ, ਘੋੜਿਆਂ, ਊਠਾਂ ਅਤੇ ਕੀਮਤੀ ਪਾਲਕੀਆਂ ਵਿੱਚ ਗੁਰੂ ਸਾਹਿਬ ਦੇ ਸਰੂਪ ਲੈ ਕੇ ਘੁਮਣ-ਫਿਰਨ ਨਾਲ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਅੰਕਿਤ ਰੱਬੀ ਸਿਧਾਂਤਾਂ ਦਾ ਅਤਿ ਜ਼ਰੂਰੀ ਸੰਦੇਸ਼ ਮਨੁੱਖਤਾ ਤੱਕ ਪਹੁੰਚਾਇਆ ਜਾ ਸਕਿਆ ਹੈ?
4. **ਕੀ ਗੁਰੂ ਨਾਨਕ ਨਾਮ ਲੇਵਾ ਜਗਤ ਵਿੱਚ ਆ ਰਹੇ ਸਰਬਪੱਖੀ ਨਿਘਾਰ ਅਤੇ ਪਤਿਤਪੁਣੇ ਨੂੰ ਕੋਈ ਠੱਲ ਪਈ ਹੈ?**





**ਖ਼ਾਲਸਾ ਜੀ! ਜਾਗੋ!! ਸੋਚੋ!!!**

ਕੀ ਸਿੱਖ ਕੌਮ ਦੀ ਸ਼ਬਦ-ਗੁਰੂ ਪ੍ਰਤੀ ਸ਼ਰਧਾ, ਅਥਾਹ ਭਾਵਨਾ, ਦੱਸਾਂ ਨਹੁੰਆਂ ਦੀ ਕਿਰਤ ਅਤੇ ਅਨਮੋਲ ਸਮੇਂ ਨੂੰ ਭਾਵੁਕ ਗੱਲਾਂ ਕਰ ਕੇ ਅਜਾਈਂ ਤਾਂ ਨਹੀਂ ਗੁਆਇਆ ਜਾ ਰਿਹਾ? ਜਦਕਿ ਸਚਾਈ ਇਹ ਹੈ ਕਿ ਜਿੱਥੋਂ (ਹਜ਼ੂਰ ਸਾਹਿਬ, ਨੰਦੇੜ) ਅਜੋਕਾ ਜਾਗ੍ਰਤੀ ਮਾਰਚ ਸ਼ੁਰੂ ਹੋਇਆ ਸੀ, ਉਥੇ ਹੀ ਗੁਰੂ ਗ੍ਰੰਥ ਸਾਹਿਬ ਜੀ ਦੇ ਮੁਕਾਬਲੇ ਤੇ, ਗੁਰਮਤਿ-ਵਿਰੋਧੀ, ਇੱਕ ਵਡ-ਆਕਾਰੀ, ਮਹਾਂ-ਅਸ਼ਲੀਲ, ਗੁਰਮਤਿ ਸਿਧਾਂਤਾਂ ਦਾ ਘਾਣ ਅਤੇ ਦਸਮੇਸ਼ ਪਿਤਾ ਜੀ ਦੀ ਪਾਵਨ ਸ਼ਖ਼ਸੀਅਤ ਦਾ ਚਰਿੱਤ੍ਰ-ਘਾਤ ਕਰਨ ਵਾਲੇ ਸ਼ਾਕਤੀ ਪੋਥੇ (ਅਖੌਤੀ ਦਸਮ ਗ੍ਰੰਥ) ਦੀ ਮੰਜੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਪ੍ਰਕਾਸ਼ ਕਰ ਕੇ ਲੱਗੀ ਹੋਈ ਹੈ ਅਤੇ ਇਸ ਦੇ ਅਖੰਡ-ਪਾਠ ਕੀਤੇ ਜਾ ਰਹੇ ਹਨ, ਇਸ ਤੋਂ ਹੁਕਮਨਾਮੇ ਲਏ ਜਾ ਰਹੇ ਹਨ। ਅਜਿਹਾ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਜਿਥੇ ਨਾ-ਬਖ਼ਸ਼ਣਯੋਗ ਘੋਰ ਅਪਮਾਨ ਕੀਤਾ ਜਾ ਰਿਹਾ ਹੈ, ਉਥੇ ਗੁਰੂ ਗ੍ਰੰਥ ਸਾਹਿਬ ਜੀ ਦੀ ਇਲਾਹੀ ਗੁਰਤਾ ਗੱਦੀ ਨੂੰ ਹੀ ਚੁਣੌਤੀ ਦਿੱਤੀ ਜਾ ਰਹੀ ਹੈ, ਗੁਰਮਤਿ ਸਿਧਾਂਤਾਂ ਦੇ ਬਿਲਕੁਲ ਉਲਟ, ਪੂਜਾ, ਆਰਤੀਆਂ ਅਤੇ ਹੋਰ ਬ੍ਰਾਹਮਣੀ ਕਰਮ-ਕਾਂਡ ਕਰ ਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਇੱਕ ਅਕਾਲ ਪੁਰਖੁ ਦੀ ਬਜਾਏ ਇਤਿਹਾਸਕ ਸ਼ਸਤਰਾਂ ਦੇ ਨਾਮ ਤੇ ਸ਼ਸਤਰਾਂ ਦੀ ਪੂਜਾ ਕਰਵਾਈ ਜਾ ਰਹੀ ਹੈ। ਖ਼ਾਲਸਾ ਸ਼ਸਤਰ-ਧਾਰਕ ਹੈ, ਸ਼ਸਤਰ-ਪੂਜਕ ਨਹੀਂ। ਇਸ ਪਾਵਨ ਮੌਕੇ 'ਤੇ ਗੁਰੂ ਗ੍ਰੰਥ ਸਾਹਿਬ ਦੇ ਨਾਮ 'ਤੇ ਇੱਕ ਦੁਕਾਨ ਖੋਲ੍ਹ ਕੇ ਅਥਾਹ ਮਾਇਆ ਇਕੱਤ੍ਰ ਕਰਨ ਦਾ ਪਖੰਡ ਰਚਿਆ ਗਿਆ ਹੈ।

## ਕਰਨਯੋਗ ਗੱਲਾਂ :

- ਚਾਹੀਦਾ ਤਾਂ ਇਹ ਸੀ ਕਿ ਇਸ ਪਾਵਨ ਇਤਿਹਾਸਕ ਮੌਕੇ 'ਤੇ, ਗੁਰੂ ਗ੍ਰੰਥ ਸਾਹਿਬ ਜੀ ਦੀ ਪਾਵਨ ਬਾਣੀ ਦਾ ਦੁਨੀਆਂ ਦੀਆਂ ਅਲੱਗ-ਅਲੱਗ ਭਾਸ਼ਾਵਾਂ ਵਿਚ ਪ੍ਰਮਾਣੀਕ ਅਨੁਵਾਦ ਕਰਵਾਉਂਣ ਅਤੇ ਮੁਫ਼ਤ ਵੰਡਣ ਦੇ ਉਪਰਾਲੇ ਕੀਤੇ ਜਾਂਦੇ।
- ਗੁਰੂ ਗ੍ਰੰਥ ਸਾਹਿਬ ਵਿੱਚੋਂ ਸਰਬੱਤ ਦੇ ਭਲੇ, ਮਨੁੱਖੀ ਬਰਾਬਰੀ, ਮਨੁੱਖੀ ਹੱਕਾਂ ਦੀ ਰਾਖੀ, ਸੰਸਾਰ ਵਿੱਚ ਸ਼ਾਂਤੀ ਅਤੇ ਸਦਭਾਵਨਾ ਦੇ ਪਾਵਨ ਸੰਦੇਸ਼ ਨੂੰ ਅਲੱਗ-ਅਲੱਗ ਭਾਸ਼ਾਵਾਂ ਵਿੱਚ ਤਿਆਰ ਕਰਵਾ ਕੇ ਸਾਰੀ ਦੁਨੀਆਂ ਵਿੱਚ ਮੁਫ਼ਤ ਵੰਡਿਆ ਜਾਂਦਾ।
- ਉਪਰੋਕਤ ਵਿਸ਼ਿਆਂ 'ਤੇ, ਸੰਸਾਰ ਦੀਆਂ ਅਲੱਗ-ਅਲੱਗ ਥਾਵਾਂ 'ਤੇ ਵਿਚਾਰ ਗੋਸ਼ਟੀਆਂ ਕਰਵਾਈਆਂ ਜਾਂਦੀਆਂ ਜਿੱਥੇ ਉਨ੍ਹਾਂ ਦੇਸ਼ਾਂ ਦੇ ਵਿਦਵਾਨਾਂ, ਬੁੱਧੀਜੀਵੀਆਂ, ਪ੍ਰੋਫ਼ੈਸਰਾਂ, ਸਰਕਾਰੀ ਉੱਚ-ਅਧਿਕਾਰੀਆਂ, ਸਮਾਜ-ਸੇਵਕਾਂ ਅਤੇ ਰਾਜਨੀਤਕਾਂ ਨੂੰ ਵਿਸ਼ੇਸ਼ ਸੱਦੇ ਦੇ ਕੇ ਬੁਲਾਇਆ ਜਾਂਦਾ।
- ਮਾਇਆ ਦੀ ਯੋਗ ਵਰਤੋਂ ਕਰਦਿਆਂ ਗ਼ਰੀਬਾਂ ਵਾਸਤੇ ਸਿਖਿਆ, ਸਿਹਤ ਅਤੇ

ਉਨਤੀ ਦੇ ਸਾਧਨ ਪੈਦਾ ਕੀਤੇ ਜਾਂਦੇ ਤਾਕਿ ਉਹ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਦੇ।

➢ ਅਸੀਂ ਸਾਰੇ ਗੁਰਸਿੱਖ, ਗੁਰੂ ਗ੍ਰੰਥ ਸਾਹਿਬ ਜੀ ਦਾ ਵਿਚਾਰ ਕਰ ਕੇ ਅਰਥਾਂ ਸਮੇਤ ਸੰਪੂਰਨ ਪਾਠ ਕਰਕੇ, ਗੁਰਮਤਿ-ਵਿਰੋਧੀ ਰੀਤਾਂ ਨੂੰ ਤੋੜ-ਵਿਛੋੜਾ ਦੇ ਕੇ ਗੁਰਮਤਿ ਦੇ ਅਨਮੋਲ ਆਲਮਗੀਰੀ ਸਿਧਾਂਤਾਂ ਨੂੰ ਅਪਣੇ ਜੀਵਨ ਵਿੱਚ ਅਪਨਾ ਲੈਂਦੇ, ਤਾਕਿ ਸਾਡਾ ਗੁਰੂ ਗ੍ਰੰਥ ਸਾਹਿਬ ਦਾ ੩੦੦ ਸਾਲਾ ਗੁਰ ਗੱਦੀ ਦਿਵਸ ਮਨਾਉਂਣਾ ਸਾਰਥਕ ਹੋ ਨਿਬੜਦਾ।

## ਸੰਖੇਪ ਤੁਲਨਾਤਮਕ ਅਧਿਐਨ: ਗੁਰੂ ਗ੍ਰੰਥ ਸਾਹਿਬ ਬਨਾਮ ਅਖੌਤੀ ਦਸਮ ਗ੍ਰੰਥ (ਬਚਿੱਤ੍ਰ ਨਾਟਕ)

### ੧. ਇਸ਼ਟ ਅਤੇ ਉਸਦਾ ਸਰੂਪ

**ਗੁਰੂ ਗ੍ਰੰਥ ਸਾਹਿਬ:** ਸਮੁੱਚੀ ਮਨੁੱਖਤਾ ਦਾ ਇਸ਼ਟ ਇੱਕੋ-ਇੱਕ ਵਾਹਿਦ ਪਰਮੇਸ਼ਰ (ਨਿਰਾਕਾਰ) ਹੈ, ਜਿਸ ਬਾਰੇ ਮੂਲ ਰੂਪ ਵਿੱਚ ਜਾਣਕਾਰੀ ਮੰਗਲਾ-ਚਰਨ (ਮੂਲ-ਮੰਤਰ) ਵਿੱਚ ਹੇਠ ਲਿਖੇ ਅਨੁਸਾਰ ਦਿੱਤੀ ਗਈ ਹੈ-

*ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ॥*

ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿੱਚ ਅਕਾਲ ਪੁਰਖੁ ਨੂੰ ਹਰਿ ਗੋਬਿੰਦ, ਗੋਪਾਲ, ਠਾਕੁਰ, ਰਾਮ, ਰਹੀਮ, ਬੀਠੁਲ, ਸਾਰਿੰਗਪਾਨੀ, ਮਾਧਵ ਆਦਿ ਕਈ ਨਾਵਾਂ ਨਾਲ ਸੰਬੋਧਿਤ ਕੀਤਾ ਗਿਆ ਹੈ; ਕਿਤੇ ਇਹ ਸਾਰੇ ਇੱਕੋ ਹਸਤੀ ਦੇ ਅਲੱਗ-ਅਲੱਗ ਨਾਂਅ ਹੋਣ ਬਾਰੇ, ਕੋਈ ਸ਼ੰਕਾ ਨਾ ਪੈਦਾ ਹੋ ਜਾਵੇ, ਇਸ ਮੰਗਲਾ-ਚਰਨ ਨੂੰ ਬਾਰ-ਬਾਰ ਅੰਕਿਤ ਕੀਤਾ ਗਿਆ ਹੈ। "ੴ" ਤੋਂ "ਗੁਰਪ੍ਰਸਾਦਿ" ਤੱਕ (ਸੰਪੂਰਨ ਰੂਪ) ੩੩ ਵਾਰ, "ੴ ਸਤਿ ਨਾਮੁ ਗੁਰਪ੍ਰਸਾਦਿ" ਦੋ ਵਾਰ, "ੴ ਸਤਿਨਾਮੁ ਕਰਤਾ ਪੁਰਖੁ ਗੁਰਪ੍ਰਸਾਦਿ" ੯ ਵਾਰ, "ੴ ਸਤਿ ਗੁਰਪ੍ਰਸਾਦਿ" ੫੨੪ ਵਾਰ; ਤਾਕਿ ਗੱਲ ਸਪੱਸ਼ਟ ਰਹੇ ਕਿ ਭਾਵੇਂ ਹਰੀ, ਗੋਬਿੰਦ, ਗੋਪਾਲ, ਜਾਂ ਕੋਈ ਵੀ ਨਾਂਅ ਲਿਖਿਆ ਹੈ, ਇਹ ਇਸ ਮੰਗਲਾ-ਚਰਨ ਦੇ ਸਿਧਾਂਤ 'ਤੇ ਖਰੇ ਉਤਰਨ ਵਾਲੇ ਅਕਾਲ ਪੁਰਖੁ ਦੇ ਉਨ੍ਹਾਂ ਅਨੇਕਾਂ ਨਾਵਾਂ ਵਿੱਚੋਂ ਇੱਕ ਹੈ।

**ਬਚਿੱਤ੍ਰ ਨਾਟਕ: ਸਾਰੇ ਬਚਿੱਤ੍ਰ ਨਾਟਕ ਵਿੱਚ ਇਹ ਮੰਗਲਾ-ਚਰਨ ਪੂਰਨ ਜਾਂ ਸੰਖੇਪ ਰੂਪ ਵਿੱਚ ਇੱਕ ਵਾਰੀ ਵੀ ਨਹੀਂ ਆਉਂਦਾ। ਇਸ ਤੋਂ ਸਪੱਸ਼ਟ ਹੈ ਕਿ ਇਸ ਪੁਸਤਕ ਦੇ ਲਿਖਾਰੀ ਦਾ ਇਸ਼ਟ, "ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ"॥ ਦੇ ਗੁਣਾਂ ਵਾਲਾ ਪਰਮੇਸ਼ਰ ਨਹੀਂ ਹੈ ਅਤੇ ਇਸ ਪੁਸਤਕ ਦੀ ਵਿਸ਼ਾ-ਵਸਤੂ ਦਾ ਆਧਾਰ ਵੀ ਇਹ ਮੰਗਲਾ-ਚਰਨ ਨਹੀਂ ਹੈ। ਜੇ ਦਸਮੇਸ਼ ਪਿਤਾ ਇਸ ਪੁਸਤਕ ਦੇ ਲਿਖਾਰੀ ਹੁੰਦੇ ਤਾਂ ਇਹ ਕਦੇ ਹੋ ਹੀ ਨਹੀਂ ਸਕਦਾ ਕਿ ਉਹ ਗੁਰਮਤਿ ਦੇ ਇਸ**





**ਪ੍ਰਮੁਖ ਸਿਧਾਂਤ ਨੂੰ ਅਖੋਂ-ਪਰੋਖੇ ਕਰ ਦੇਂਦੇ। (ਹੁਣ ਕੁਝ ਗੁਟਕਿਆਂ ਅਤੇ ਬਚਿੱਤ੍ਰ ਨਾਟਕ ਦੀਆਂ ਨਵੀਆਂ ਜਿਲਦਾਂ ਵਿੱਚ, ਭੁਲੇਖਾ ਪਾਉਣ ਲਈ, ਇਹ ਮੰਗਲਾ-ਚਰਨ ਛਾਪ ਦਿੱਤਾ ਗਿਆ ਹੈ ਕਿਉਂਕਿ ਬਿਪਰਵਾਦੀਆਂ ਦੀ, ਮੌਜੂਦਾ ਜਾਂ ਪੁਰਾਣੇ ਸਾਹਿਤ ਵਿੱਚ ਭੰਨ-ਤੋੜ ਕਰਕੇ, ਪਾਠਕਾਂ ਨੂੰ ਗੁਮਰਾਹ ਕਰਕੇ ਆਪਣਾ ਉੱਲੂ ਸਿੱਧਾ ਕਰਨ ਦੀ 'ਜਮਾਂਦਰੂ ਵਾਦੀ' ਹੈ ਜਿਸ ਤੋਂ ਇਹ ਕਦੇ ਬਾਜ਼ ਨਹੀਂ ਆ ਸਕਦੇ)।**

ਇਸ ਪੋਥੇ ਦੇ ਸ਼ਾਕਤੀ ਲਿਖਾਰੀਆਂ ਦਾ ਇਸ਼ਟ 'ਮਹਾਂਕਾਲ-ਕਾਲਕਾ, (ਸਰਬਕਾਲ, ਸਰਬਲੋਹ, ਚੰਡੀ, ਦੁਰਗਾ, ਭਗਉਤੀ ਆਦਿ) ਦੇਹਧਾਰੀ ਹੈ। ਭਵਾਨੀ, ਮਹਾਂਕਾਲੀ, ਕਾਲੀ, ਚੰਡਿਕਾ ਆਦਿ ਲਫ਼ਜ਼ਾਂ ਦੀ ਵੀ ਇਸ਼ਟ ਵਜੋਂ ਵਰਤੋਂ ਕੀਤੀ ਮਿਲਦੀ ਹੈ। ਇਸ ਕੱਚੀ-ਪਿੱਲੀ ਸ਼ਾਕਤੀ ਰਚਨਾ ਨੂੰ ਸ਼ਾਤਰ ਮਨੂੰਵਾਦੀਆਂ ਅਤੇ ਤੱਤਕਾਲੀਨ ਅੰਗ੍ਰੇਜ਼ੀ ਹਕੂਮਤ ਨੇ, ਸ਼ਰਾਰਤ-ਵਸ, ਦਸਮੇਸ਼ ਪਿਤਾ ਦੇ ਨਾਮ ਨਾਲ ਜੋੜ ਦਿੱਤਾ ਹੈ। ਇਸ ਲਈ ਕੁੱਝ ਕੁ ਪੰਥਕ ਵਿਦਵਾਨਾਂ ਨੇ ਵੀ ਟਪਲਾ ਖਾ ਕੇ ਜਾਂ ਮਜ਼ਬੂਰੀ-ਵੱਸ, ਕਾਲ, ਮਹਾਂਕਾਲ, ਸਰਬ ਲੋਹ ਤੇ ਭਗਉਤੀ ਆਦਿ ਲਫ਼ਜ਼ਾਂ ਦੇ ਅਰਥ 'ਪਰਮੇਸ਼ਰ' ਹੀ ਕਰ ਦਿੱਤੇ ਹਨ। ਹਾਲਾਂਕਿ ਇਨ੍ਹਾਂ ਲਫ਼ਜ਼ਾਂ ਦੇ ਅਰਥ ਇਸ ਸ਼ਾਕਤੀ ਪੁਸਤਕ ਵਿੱਚ ਕਿਤੇ ਵੀ 'ਪਰਮੇਸ਼ਰ' ਨਹੀਂ ਕੀਤੇ ਮਿਲਦੇ। ਇਸ ਸ਼ਾਕਤੀ ਪੋਥੇ 'ਚ ਕਾਲ (ਮਹਾਂਕਾਲ) ਦਾ ਸਰੂਪ ਹੇਠ ਦਿੱਤੇ ਅਨੁਸਾਰ ਵਰਣਨ ਕੀਤਾ ਗਿਆ ਹੈ:

"ਸ੍ਰੀਕਾਲ, ਬਹੁਤ ਵੱਡੀਆਂ ਦਾੜ੍ਹਾਂ ਵਾਲਾ ਹੈ, ਜਿਨ੍ਹਾਂ ਰਾਹੀਂ ਉਹ ਜਗਤ ਦੇ ਹਜ਼ਾਰਾਂ ਜੀਵਾਂ ਨੂੰ ਚਿੱਥ-ਚਿੱਥ ਕੇ ਚੱਬ ਜਾਂਦਾ ਹੈ।" (ਸਪੱਸ਼ਟ ਹੈ ਕਿ ਇਨ੍ਹਾਂ ਦਾ ਇਸ਼ਟ ਦੇਹਧਾਰੀ ਹੈ)

*ਮਹਾਂ ਦਾੜ੍ਹ ਦਾੜ੍ਹੰ ਸੁ ਸੋਹੰ ਅਪਾਰੰ॥ ਜਿਨੈ ਚਰਬੀਯੰ ਜੀਵ ਜਗਯੰ ਹਜ਼ਾਰੰ॥*
*੧੮॥ (ਅਧਿ: ੧, ਪੰ.੪੦)*

ਇਸ ਦੀਆਂ ਚਾਰ ਬਾਹਾਂ ਹਨ, ਸਿਰ ਤੇ ਜੂੜਾ ਤੇ ਹੱਥਾਂ ਵਿੱਚ ਗੁਰਜ ਤੇ ਫਾਹੀ ਹੈ-

*ਚਤੁਰ ਬਾਂਹ ਚਾਰੰ॥ ਨਿਜੂਟੰ ਸੁਧਾਰੰ॥ ਗਦਾ ਪਾਂਸ ਸੋਹੰ॥ ਜਮੰ ਮਾਨ ਮੋਹੰ॥*
*(ਅਧਿ.੧, ਪੰ. ੪੧)*

ਸ਼ਾਕਤ-ਮਤੀਆਂ ਦਾ ਇਹ ਇਸ਼ਟ 'ਕਾਲ' ਸ਼ਰਾਬ ਪੀਣ ਪਿੱਛੋਂ ਮਤਵਾਲਾ ਹੋ ਕੇ ਇਸ ਤਰ੍ਹਾਂ ਭਭਕਦਾ ਤੇ ਅਵਾਜ਼ਾਂ ਕੱਢਦਾ ਹੈ ਜਿਵੇਂ ਸ਼ੇਰ ਦਾ ਬੱਚਾ ਬੱਬਕਾਂ ਮਾਰ ਰਿਹਾ ਹੋਵੇ-(ਕੀ ਅਜੇ ਵੀ ਇਸ ਸਚਾਈ 'ਤੇ ਸ਼ੱਕ ਕਰਨ ਦੀ ਗੁੰਜਾਇਸ ਹੈ ਕਿ ਇਨ੍ਹਾਂ ਦਾ ਇਸ਼ਟ ਦੇਹਧਾਰੀ ਹੈ)

*-ਮਦਰਾ ਕਰ ਮੱਤ ਮਹਾ ਭਭਕੰ॥ ਬਨ ਮੈ ਮਨੋ ਬਾਘ ਬਚਾ ਬਬਕੰ॥ ੩॥*
*(ਅਧਿ:੧, ਪੰ. ੪੨)*

ਤ੍ਰਿਯਾ ਚਰਿੱਤ੍ਰ (ਪਖਯਾਨ ਚਰਿੱਤ੍ਰ) ਵਿੱਚ ਵੀ 'ਕਾਲ' ਦਾ ਲਗਭਗ ਇਹੀ ਸਰੂਪ ਚਿਤਰਿਆ ਹੈ-

ਸ੍ਰੀ "ਕਾਲ" ਦੇ ਗਲ ਵਿੱਚ ਮਨੁੱਖੀ ਖੋਪਰੀਆਂ ਦੀ ਮਾਲਾ ਹੈ, ਅਤੇ ਅਲਫ਼ ਨੰਗਾ ਰਹਿੰਦਾ ਹੈ। ਉਸ ਨੇ ਗਲ ਵਿੱਚ ਖੱਬੇ ਪਾਸੇ ਭਾਰੀ ਤਲਵਾਰ ਪਾ ਰੱਖੀ ਹੈ। ਉਸ ਦੀਆਂ ਅੱਖਾਂ ਲਾਲ ਤੇ ਖ਼ਤਰਨਾਕ ਦਿੱਸਣ ਵਾਲੀਆਂ ਹਨ ਅਤੇ ਉਨ੍ਹਾਂ ਉਤੇ ਨੋਕਦਾਰ ਭਰਵੱਟੇ ਬਣੇ ਹੋਏ ਹਨ। ਉਸ ਦੇ ਖੁਲ੍ਹੇ ਵਾਲ ਬੜੇ ਡਰਾਉਂਣੇ ਲਗਦੇ ਹਨ। ਉਸ ਦੇ ਵੱਡੇ ਵੱਡੇ ਸਫ਼ੇਦ ਦੰਦ ਹਨ। ਹੱਥ ਵਿੱਚ ਲਏ ਹੋਏ ਸੱਪ ਮੂਹੋਂ ਅੱਗ ਛੱਡ ਰਹੇ ਹਨ। ਸ਼ਾਕਤ ਕਵੀ ਕਹਿੰਦਾ ਹੈ ਕਿ ਅਜਿਹਾ 'ਕਾਲ' ਸੱਭ ਦੀ ਪਾਲਣਾ ਕਰਦਾ ਹੈ। (ਵਾਹ!)

*ਮੁੰਡ ਕੀ ਮਾਲ, ਦਿਸਾਨ ਕੇ ਅੰਬਰ[1], ਬਾਮ ਕਰਯੋ ਗਲ ਮੈਂ ਅਸਿ ਭਾਰੋ॥*
*ਲੋਚਨ ਲਾਲ ਕਰਾਲ ਦਿਪੈ ਦੋਊ, ਭਾਲ ਬਿਰਾਜਤ ਹੈ ਅਨਿਯਾਰੋ॥*
*ਛੂਟੈ ਹੈਂ ਬਾਲ ਮਹਾਂ ਬਿਕਰਾਲ, ਬਿਸਾਲ ਲਸੈਂ ਰਦ[2] ਪੰਤਿ ਉਜਯਾਰੋ॥*
*ਛਾਡਤ ਜੁਆਲ ਲਏ ਕਰ ਬਿਆਲ[3], ਸੁ ਕਾਲ ਸਦਾ ਪ੍ਰਤਿਪਾਲ ਤਿਹਾਰੋ॥੧੯॥*

੧. ਨਿਰ-ਵਸਤ੍ਰ   ੨. ਵੱਡੇ ਦੰਦ   ੩. ਸੱਪ

## ੨. ਸ੍ਰਿਸ਼ਟੀ ਦੀ ਰਚਨਾ ਕਿਵੇਂ ਹੋਈ?

### ਗੁਰੂ ਗ੍ਰੰਥ ਸਾਹਿਬ :

*ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ॥*
*ਜਲ ਤੇ ਤ੍ਰਿਭਵਣੁ ਸਾਜਿਆ, ਘਟਿ ਘਟਿ ਜੋਤਿ ਸਮੋਇ॥ (ਮ: ੧, ੨੦)*

### ਬਚਿੱਤ੍ਰ ਨਾਟਕ :

*ਏਕ ਸ੍ਰਵਣ ਤੇ ਮੈਲ ਨਿਕਾਰਾ। ਤਾਤੇ ਮਧੁ ਕੀਟਭ ਤਨ ਧਾਰਾ*
*ਦੁਤੀਆ ਕਾਨ ਤੇ ਮੈਲ ਨਿਕਾਰੀ। ਤਾ ਤੇ ਭਈ ਸ੍ਰਿਸ਼ਟ ਇਹ ਸਾਰੀ॥ ੧੩॥*
*ਤਿਨ ਕੋ ਕਾਲ ਬਹੁਰਿ ਬਧ ਕਰਾ। ਤਿਨ ਕੋ ਮੇਧ ਸੁਮੰਦ ਮਹਿ ਪਰਾ।*
*ਚਿਕਨਤਾਸ ਜਲ ਪਰ ਤਿਰ ਰਹੀ। ਮੇਧਾ ਨਾਮ ਤਬੈ ਤੇ ਕਹੀ। ੧੭॥*

*(ਅਧਿ : ੨, ੪੭)*

"ਆਤਮ ਕਥਾ ਦੇ 13ਵੇਂ ਤੇ 18ਵੇਂ ਬੰਦ ਵਿੱਚ ਇਸ ਜਾਅਲੀ ਲਿਖਾਰੀ ਨੇ ਗੱਪਾਂ ਛੱਡਣ ਵਿੱਚ ਤਾਂ ਹੱਦ ਹੀ ਕਰ ਦਿੱਤੀ ਹੈ। ਕਾਲਧੁਜ ਨੇ ਇੱਕ ਕੰਨ ਵਿੱਚੋਂ ਮੈਲ ਕੱਢੀ ਜਿਸ ਨੇ 'ਮਧੁ' ਤੇ 'ਕੀਟਭ' ਨਾਮ ਦੇ ਦੋ ਰਾਖਸ਼ਾਂ ਦਾ ਰੂਪ ਲੈ ਲਿਆ। ਜਦੋਂ ਦੂਜੇ ਕੰਨ ਵਿੱਚੋਂ ਮੈਲ ਕੱਢੀ, ਉਸ ਨਾਲ ਸਾਰੀ ਸ੍ਰਿਸ਼ਟੀ ਦੀ ਰਚਨਾ ਹੋ ਗਈ। 'ਕਾਲ' ਦੇਵ ਨੇ ਬੜੀ ਮੁਸ਼ਕਲ ਨਾਲ ਇਹ ਦੋਵੇਂ ਕੀਟਭ ਅਤੇ ਮਧੁ ਰਾਖਸ਼ ਮਾਰੇ ਅਤੇ ਇਨ੍ਹਾਂ ਦੀ ਚਰਬੀ ਸਮੁੰਦਰ ਵਿੱਚ ਸੁੱਟ ਦਿੱਤੀ ਜੋ ਸੁੱਕ ਕੇ ਧਰਤੀ (ਮੇਦਨੀ) ਬਣ ਗਈ। ਕਿਆ ਲਾਜੁਆਬ ਇਤਿਹਾਸ ਅਤੇ ਕਿਆ ਲਾਜੁਆਬ ਸਾਇੰਸ ਇਸ ਸ਼ੇਰ ਦੇ ਬੱਚੇ ਨੇ ਪੇਸ਼ ਕਰ ਦਿੱਤੇ ਹਨ।.....

ਉਂਜ, ਟੀਕਾ-ਕਰਨ ਵਾਲੇ ਅਤੇ ਦੂਜੇ ਲੇਖਕ ਇਸ ਹਿੱਸੇ ਬਾਰੇ ਲਿਖਣ ਸਮੇਂ ਇਹ





ਫ਼ੈਸਲਾ ਵੀ ਨਹੀਂ ਕਰ ਸਕੇ ਕਿ ਮੈਲ ਕਿਸ ਦੇ ਕੰਨਾਂ ਵਿੱਚੋਂ ਕੱਢੀ ਜਾਏ। ਕਿਸੇ ਨੇ ਰਾਜੇ ਕਾਲਧੁਜ ਦੇ ਕੰਨਾਂ ਵਿੱਚੋਂ ਤੇ ਕਿਸੇ ਨੇ ਮਹਾਂ-ਵਿਸ਼ਨੂੰ ਦੇ ਕੰਨੋਂ ਕੱਢੀ ਹੈ ਤੇ ਕਿਸੇ ਨੇ ਇਹ ਮੈਲ ਸ਼ੇਸ਼ਨਾਗ (ਜਿਸ ਦੇ ਕੰਨ ਹੁੰਦੇ ਹੀ ਨਹੀਂ) ਦੇ ਕੰਨੋਂ ਕੱਢਣ ਦਾ ਮਾਅਰਕਾ ਮਾਰਿਆ ਹੈ।" (ਮਹਿੰਦਰ ਸਿੰਘ ਜੋਸ਼ : ਬਚਿੱਤ੍ਰ ਨਾਟਕ ਦੀਆਂ ਬਚਿੱਤਰ ਬਾਤਾਂ, ਪੰਨਾ 30)

*ਖੰਡਾ ਪ੍ਰਥਮਿ ਸਾਜਿ ਕੈ ਜਿਨ ਸਭ ਸੈਸਾਰ ਉਪਾਇਆ॥ (ਪੰਨਾ - ੧੧੯)*

**ਅਰਥ** : ਪਰਮਸੱਤਾ ਨੇ (ਸਭ ਤੋਂ) ਪਹਿਲਾ ਖੜਗ ਸਿਰਜ ਕੇ (ਫਿਰ) ਸਾਰੇ ਸੰਸਾਰ ਦੀ ਰਚਨਾ ਕੀਤੀ।

**ਨੋਟ : ਸਵੈ-ਵਿਰੋਧੀ ਵਿਚਾਰਧਾਰਾ!**

## ੩. ਅਵਤਾਰਵਾਦ

**ਗੁਰੂ ਗ੍ਰੰਥ ਸਾਹਿਬ :** ਗੁਰਮਤਿ ਦੇ ਆਲਮਗੀਰੀ ਸਿਧਾਂਤ ਅਵਤਾਰਵਾਦ ਨੂੰ ਮੁੱਢੋਂ ਹੀ ਖ਼ਾਰਜ ਕਰਦੇ ਹਨ। ਭਾਵ ਕਿ ਰੱਬ, ਜੂਨਾਂ 'ਚ ਨਹੀਂ ਆਉਂਦਾ, ਭਾਵ ਉਹ ਪਰਮੇਸ਼ਰ 'ਅਜੂਨੀ' ਹੈ।

*ਤੂ ਪਾਰਬ੍ਰਹਮ ਪਰਮੇਸ਼ਰੁ ਜੋਨਿ ਨਾ ਆਵਹੀ॥ (ਮ: ੫, ੧੦੯੫)*

ਪਰਮੇਸ਼ਰ ਨੇ ਸਮੇਂ-ਸਮੇਂ ਸਿਰ ਰਾਜੇ ਅਤੇ ਮੁਖੀ ਪੁਰਖ ਪੈਦਾ ਕੀਤੇ ਸਨ, ਜਿਨ੍ਹਾਂ ਨੂੰ ਲੋਕਾਂ ਨੇ (ਅਗਿਆਨਤਾ-ਵੱਸ) ਰੱਬ ਦੇ ਅਵਤਾਰ ਸਮਝ ਕੇ ਗਾਉਂਣਾ ਸ਼ੁਰੂ ਕਰ ਦਿੱਤਾ -

*ਜੁਗਹ ਜੁਗਹ ਕੇ ਰਾਜੇ ਕੀਏ, ਗਾਵਹਿ ਕਰਿ ਅਵਤਾਰੀ॥*
*ਤਿਨ ਭੀ ਅੰਤੁ ਨ ਪਾਇਆ ਤਾ ਕਾ, ਕਿਆ ਕਰਿ ਆਖਿ ਵੀਚਾਰੀ॥*
*(ਮ.੩, ੪੨੩)*

**ਬਚਿੱਤ੍ਰ ਨਾਟਕ** : ਇਸ ਪੋਥੇ ਵਿੱਚ ਸ਼ਾਕਤਮਤੀ ਲਿਖਾਰੀਆਂ ਨੇ ਰੱਬ ਨੂੰ ਜਨਮ-ਮਰਨ ਦੇ ਗਧੀਗੇੜ ਵਿੱਚ ਹੀ ਨਹੀਂ ਪਾਇਆ, ਬਲਕਿ ਉਸ ਸਰਬ ਸ਼ਕਤੀਮਾਨ ਹਸਤੀ ਨੂੰ ਬੁੱਧੂ, ਕਮਜ਼ੋਰ ਯਾਦਸ਼ਕਤੀ ਵਾਲਾ, ਬੇਵਸ, ਲਾਚਾਰ ਤੇ ਮਾਯੂਸ ਬਣਾ ਕੇ ਪੇਸ਼ ਕੀਤਾ ਹੈ-

*ਜਬ ਜਬ ਹੋਤਿ ਅਰਿਸਟਿ ਅਪਾਰਾ। ਤਬ ਤਬ ਦੇਹ ਧਰਤ ਅਵਤਾਰਾ।*
*(ਪੰਨਾ ੧੫੫)*

*ਜਿਉ ਤਿਉ ਪ੍ਰਭ ਹਮ ਕੋ ਸਮਝਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥੫॥*
*ਜਬ ਪਹਿਲੇ ਹਮ ਸ੍ਰਿਸ਼ਟਿ ਬਣਾਈ॥ ਦਈਤ ਰਚੇ ਦੁਸ਼ਟ ਦੁਖਦਾਈ॥੬॥.....*
*ਜੇ ਕੋਈ ਹੋਤ ਭਯੋ ਜਗਿ ਸਿਆਨਾ। ਤਿਨ ਤਿਨ ਅਪਨੋ ਪੰਥੁ ਚਲਾਨਾ॥੧੪॥*
*(ਅਧਿ:੬, ਪੰ.੫੫)*

**.....(ਰੱਬ ਤੋਂ, ਉਸ ਵੱਲੋਂ ਭੇਜੇ ਹੋਏ ਮਹਾਂਪੁਰਖ ਹੀ ਬਾਗ਼ੀ ਹੋ ਗਏ!)**

*ਪੁਨਿ ਹਰਿ ਰਾਮਾਨੰਦ ਕੋ ਕਰਾ॥...*

.........................................

*ਪ੍ਰਭੁ ਕੀ ਕ੍ਰਿਆ ਨ ਕਛੂ ਬਿਚਾਰੀ॥ ੨੫॥*

....................................

*ਮਹਾਦੀਨ ਤਬਿ ਪ੍ਰਭ ਉਪਰਾਜਾ॥*
*ਅਰਬ ਦੇਸ ਕੋ ਕੀਨੋ ਰਾਜਾ॥ ੨੬॥*

**ਭਾਵ, ਰਾਮਾਨੰਦ ਪਹਿਲਾਂ ਹੋਏ ਅਤੇ ਮੁਹੰਮਦ ਸਾਹਿਬ ਉਸ ਤੋਂ ਬਾਅਦ ਵਿੱਚ (ਕਮਜ਼ੋਰ ਯਾਦਦਾਸ਼ਤ ਵਾਲਾ ਰੱਬ!)**

## ੪. ਮਾਤਾ ਪਿਤਾ ਦੇ ਸਬੰਧ ਬਿਨਾਂ ਕੋਈ ਨਹੀਂ ਜਨਮ ਲੈਂਦਾ

### ਗੁਰੂ ਗ੍ਰੰਥ ਸਾਹਿਬ :

*ਮਾਤਾ ਪਿਤਾ ਸੰਜੋਗਿ ਉਪਾਏ। ਰਕਤੁਬਿੰਦ ਮਿਲਿ ਪਿੰਡੁ ਕਰੇ॥ (ਮ: ੧, ੧੦੧੩)*

ਅਰਥ : ਮਾਂ ਤੇ ਪਿਉ ਦੇ (ਸਰੀਰਕ) ਸੰਜੋਗ ਦੇ ਰਾਹੀਂ ਪਰਮਾਤਮਾ ਜੀਵ ਪੈਦਾ ਕਰਦਾ ਹੈ, ਮਾਂ ਦਾ ਲਹੂ ਤੇ ਪਿਉ ਦਾ ਬੀਰਜ ਮਿਲਨ ਤੇ ਪ੍ਰਭੂ (ਜੀਵ ਦਾ) ਸਰੀਰ ਬਣਾਂਦਾ ਹੈ।

## ਬਚਿੱਤ੍ਰ ਨਾਟਕ :

**ੳ) ਹੱਥ ਰਗੜਨ ਨਾਲ ਬੱਚਾ ਪੈਦਾ ਹੁੰਦਾ ਹੈ :**

*ਕਰ ਬਾਮ ਮਾਤ੍ਰ ਸਮਾਨ। ਕਰੁ ਦਛਨੰਤ੍ਰ ਪ੍ਰਮਾਨ।*
*ਕੀਆ ਪਾਨ ਭੋਗ ਬਿਚਾਰ। ਤਬ ਭਏ ਦਤ ਕੁਮਾਰ॥ ੩੪॥ (ਪੰਨਾ ੬੩੭)*

**ਅਰਥ** : ਖੱਬਾ ਹੱਥ ਮਾਤਾ ਦੇ ਸਮਾਨ ਹੈ ਅਤੇ ਸੱਜਾ ਹੱਥ ਪਿਤਾ (ਅਤ੍ਰੀ) ਰੂਪ ਵਿੱਚ ਮੰਨਣਾ ਚਾਹੀਦਾ ਹੈ। (ਜਦ ਇਸਤਰੀ ਨੇ) ਹੱਥਾਂ ਦਾ ਭੋਗ ਕੀਤਾ (ਅਰਥਾਤ, ਹੱਥ ਨਾਲ ਹੱਥ ਰਗੜਿਆ) ਤਾਂ ਦੱਤ ਪੁੱਤਰ ਪੈਦਾ ਹੋਇਆ।

**ਅ) ਪਸੀਨਾ ਧਰਤੀ 'ਤੇ ਡਿੱਗਣ ਨਾਲ ਇਨਸਾਨ ਜੰਮ ਪੈਂਦਾ ਹੈ :**

*ਬਹੁਰਿ ਕਾਲ ਕੀਨਾ ਘਮਸਾਨਾ। ਮਾਰਤ ਭਯੋ ਦੈਤ ਬਿਧਿ ਨਾਨਾ।*
*ਅਧਿਕ ਪ੍ਰਸੇਤ ਧਰਨਿ ਪਰ ਪਰਿਯੋ। ਭੂਮ ਸੈਨ ਤਾ ਤੇ ਬਪੁ ਧਰਿਯੋ॥ ੧੧੨।*
*(ਪੰਨਾ ੧੩੬੭)*

**ਅਰਥ** : ਕਾਲ ਨੇ ਫਿਰ ਘਮਸਾਨ ਯੁਧ ਕੀਤਾ ਅਤੇ ਅਨੇਕ ਤਰ੍ਹਾਂ ਨਾਲ ਦੈਂਤਾਂ ਨੂੰ ਮਾਰ ਦਿੱਤਾ। (ਜਦ ਮਹਾਂਕਾਲ ਦਾ) ਹੋਰ ਪਸੀਨਾ ਧਰਤੀ ਉਤੇ ਪਿਆ, ਤਾਂ ਉਸ ਤੋਂ ਭੂਮ ਸੈਨ ਨੇ ਸ਼ਰੀਰ ਧਾਰਨ ਕੀਤਾ।





## ੫. ਸਿੱਖ ਬਣਨ ਦਾ ਤਰੀਕਾ ਅਤੇ ਬੱਜਰ ਕੁਰਹਿਤਾਂ

### ਗੁਰੂ ਗ੍ਰੰਥ ਸਾਹਿਬ :

ਸ਼ਬਦ-ਗੁਰੂ ਦੇ ਦੱਸੇ ਰਸਤੇ ਤੇ ਚੱਲਕੇ ਪ੍ਰਭੂ-ਪਿਤਾ ਦੇ ਭਾਣੇ ਵਿੱਚ ਚਲਣ ਵਾਲਾ ਹੀ ਸਿੱਖ ਹੈ :

*ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥*
*(ਮ: ੩, ੬੦੧)*

## ਬੱਜਰ ਕੁਰਹਿਤਾਂ

**ੳ) ਕੇਸਾਂ-ਰੋਮਾਂ ਦੀ ਬੇਅਦਬੀ ਨਹੀਂ ਕਰਨੀ।**

*ਸਾਬਤ ਸੂਰਤਿ ਦਸਤਾਰ ਸਿਰਾ॥ (ਮ: ੫, ੧੦੮੪)*

**ੳ) ਨਸ਼ਿਆਂ ਦਾ ਸੇਵਨ ਨਹੀਂ ਕਰਨਾ।**

*ਝੂਠਾ ਮਦੁ ਮੂਲਿ ਨ ਪੀਚਈ, ਜੇ ਕਾ ਪਾਰਿ ਵਸਾਇ॥ (ਮ: ੩, ੫੫੪)*

**ੲ) ਪਰ-ਇਸਤਰੀ, ਪਰ-ਪੁਰਸ਼ ਦਾ ਸੰਗ ਨਹੀਂ ਕਰਨਾ**

*ਪਰ ਤ੍ਰਿਆ ਰੂਪੁ ਨ ਪੇਖੈ ਨੇਤ੍ਰ॥ (ਮ: ੫, ੨੭੪)*
*ਜਿਨ੍ਹਾ ਨਾਉ ਸੁਹਾਗਣੀ, ਤਿਨ੍ਹਾਂ ਝਾਕ ਨ ਹੋਰ॥ (ਫਰੀਦ ਜੀ, ੧੩੮੪)*

## ਬਚਿੱਤ੍ਰ ਨਾਟਕ

*ਇਹ ਛਲ ਸੌ ਮਿਸਰਹਿ ਛਲਾ, ਪਾਹਨ ਦਏ ਬਹਾਇ।*
*ਮਹਾਂਕਾਲ ਕੋ ਸਿਖਯ ਕਰਿ, ਮਦਿਰਾ ਭਾਂਗ ਪਿਵਾਇ॥ ੧੨੫। (ਪੰਨਾ ੧੨੧੦)*

**ਅਰਥ** : ਇਸ ਛਲ ਨਾਲ (ਰਾਜ ਕੁਮਾਰੀ) ਨੇ ਬ੍ਰਾਹਮਣ ਨੂੰ ਛਲ ਲਿਆ ਅਤੇ ਪੱਥਰ ਨੂੰ ਰੋੜ੍ਹ ਦਿੱਤਾ। (ਉਸ ਨੂੰ) ਸ਼ਰਾਬ ਤੇ ਭੰਗ ਪਿਆ ਕੇ ਮਹਾਂਕਾਲ ਦਾ ਸਿੱਖ ਬਣਾ ਦਿੱਤਾ।

**ੳ) ਵਾਲ ਕੱਟਣ ਦੀ ਨਸੀਅੱਤ ਅਤੇ ਤਰੀਕੇ ਸਮਝਾਏ ਹਨ**

*ਰੋਮਾਂਤਕ ਤੁਮ ਪ੍ਰਥਮ ਲਗਾਵੋ।....। ੧੪।*

........................................

*ਜਾਰ ਕੇਸ ਸਭ ਦੂਰਿ ਕਰਾਏ।......। ੧੫।*

**ਅਰਥ** : (ਰਾਣੀ ਨੇ ਉਸ ਨੂੰ ਸਮਝਾਇਆ ਕਿ) ਤੂੰ ਪਹਿਲਾਂ ਰੋਮ ਨਾਸਨੀ ਲਗਾ ਕੇ ਵਾਲ ਸਾਫ ਕਰ।....ਯਾਰ ਨੇ ਸਾਰੇ ਵਾਲ ਸਾਫ਼ ਕਰ ਦਿੱਤੇ।

**ਅ) ਨਸ਼ੇ ਕਰਨ ਦੀ ਵਕਾਲਤ**

*ਜੇ ਅਮਲਨ ਕਹ ਖਾਇ ਖਤਾ ਕਬਹੂੰ ਨਹਿ ਖਾਵੈ॥... ।੨੩।*

*(ਪੰਨਾ ੧੧੬੧)*

**ਅਰਥ : ਜੋ (ਲੋਕ) ਅਮਲ ਖਾਂਦੇ ਹਨ, ਉਹ ਕਦੇ ਵੀ ਗਲਤੀ ਨਹੀਂ ਕਰਦੇ।**

**ੲ) ਕਈ ਪਰਾਏ ਇਸਤਰੀ-ਪੁਰਸ਼ਾਂ ਨਾਲ ਸਬੰਧ ਬਣਾਉਣ ਦੀ ਵਕਾਲਤ**

*ਕਾਮਾਤੁਰ ਹ੍ਵੈ ਜੋ ਤਰੁਨਿ ਆਵਤ ਪਿਯ ਕੇ ਪਾਸ। ਮਹਾਂ ਨਰਕ ਸੋ ਡਾਰਿਯਤ ਦੈ ਜੋ ਜਾਨ ਨਿਰਾਸ। ੨੩। (ਪੰਨਾ ੮੩੧)*

**ਅਰਥ** : ਕਾਮ ਨਾਲ ਪੀੜਤ ਹੋ ਕੇ ਜੋ ਇਸਤ੍ਰੀ ਪ੍ਰਿਯ ਦੇ ਕੋਲ ਆਉਂਦੀ ਹੈ। (ਜੇ ਪ੍ਰਿਯ) ਉਸ ਨੂੰ ਨਿਰਾਸ ਜਾਣ ਦੇਵੇ ਤਾਂ ਉਸ ਨੂੰ ਮਹਾਂ ਨਰਕ ਵਿੱਚ ਸੁੱਟ ਦਿੱਤਾ ਜਾਵੇ।

**ਨੋਟ : ੧. ਅਜਿਹੀਆਂ ਬੱਜਰ ਕੁਰਹਿਤਾਂ ਕਰਨ ਦੀ ਪ੍ਰੇਰਨਾ ਦੇਣ ਵਾਲੇ ਹੋਰ ਅਨੇਕਾਂ ਪ੍ਰਮਾਣ ਬਚਿੱਤ੍ਰ ਨਾਟਕ ਵਿੱਚ ਦਰਜ ਹਨ। ਪਰ ਇਨ੍ਹਾਂ ਕੁਰਹਿੱਤਾਂ ਤੋਂ ਰੋਕਣ ਲਈ ਇੱਕ ਫਿਕਰਾ ਵੀ ਇਸ ਵਿੱਚ ਲਿਖਿਆ ਨਹੀਂ ਮਿਲਦਾ ਤਾਂ ਫਿਰ ਇਹ ਕਿਵੇਂ ਮੰਨ ਲਿਆ ਜਾਵੇ ਕਿ ਇਹ ਅਤਿ ਅਸ਼ਲੀਲ ਅਤੇ ਸ਼ਰਮਨਾਕ ਰਚਨਾਵਾਂ ਦਸਮੇਸ਼ ਪਿਤਾ ਨੇ ਸਿੱਖਾਂ ਨੂੰ ਇਨ੍ਹਾਂ ਵਿਕਾਰਾਂ ਤੋਂ ਰੋਕਣ ਲਈ ਹੀ ਰਚੀਆਂ ਸਨ ?** ਬਚਿੱਤ੍ਰ ਨਾਟਕ ਦੇ ਹਮਾਇਤੀ ਵੀਰੋ! ਅਜਿਹੀਆਂ ਬੇ-ਸਿਰ ਪੈਰ ਦੀਆਂ ਮਾਰ ਕੇ ਕਲਗ਼ੀਧਰ ਪਿਤਾ ਜੀ ਦੀ ਅਗੰਮੀ ਅਦੁੱਤੀ ਸ਼ਖ਼ਸ਼ੀਅਤ ਨੂੰ ਦਾਗ਼ ਨਾ ਲਾਵੋ!! ਇਸ ਨੂੰ ਆਪਣੇ ਵਕਾਰ ਦਾ ਮਸਲਾ ਨਾ ਬਣਾਓ!!! ਗੁਰੂ ਨਾਨਕ ਸਾਹਿਬ ਦਾ ਸਿੱਖ ਝੂਠ ਦਾ ਪੱਖ ਨਹੀਂ ਪੂਰ ਸਕਦਾ। ਆਪਣੀ ਭੁੱਲ ਨੂੰ ਸਵੀਕਾਰ ਕਰਕੇ ਖਿਮਾ ਮੰਗ ਲੈਣੀ ਬਜ਼ੁਰਗੀ ਦਾ ਗੁਣ ਹੈ।

**੨. ਹੋ ਸਕਦਾ ਹੈ ਕਿ ਬਿਪਰਵਾਦੀਆਂ ਦੇ ਹਮਾਇਤੀ, ਬਚਿੱਤ੍ਰ ਨਾਟਕ ਦੀਆਂ ਅਗਲੀਆਂ ਜਿਲਦਾਂ ਵਿੱਚ ਭੰਨ-ਤੋੜ ਕਰਕੇ ਉਪਰ ਵਰਣਨ ਕੀਤੀਆਂ ਊਣਤਾਈਆਂ 'ਤੇ ਵੀ ਪੜਦੇ ਪਾਉਣ ਦੇ ਯਤਨ ਕਰਨਗੇ! ਸਾਵਧਾਨ ਰਹੀਏ!!**

## ੬. ਦੇਵੀ ਦੇਵਤਿਆਂ ਦੀ ਪੂਜਾ

**ਗੁਰੂ ਗ੍ਰੰਥ ਸਾਹਿਬ** : ਗੁਰਮਤਿ ਸਿਧਾਂਤ ਦੇਵੀ ਦੇਵਤਿਆਂ ਦੀ ਕਿਸੇ ਰੂਪ ਵਿੱਚ ਵੀ ਪੂਜਾ ਨੂੰ ਇੱਕ ਫੋਕਟ ਕਰਮ-ਕਾਂਡ ਹੀ ਦਰਸਾਉਂਦੇ ਹਨ। (ਪ੍ਰਮਾਣ ਇਸ ਪੁਸਤਕ ਵਿੱਚ ਪਹਿਲਾਂ ਹੀ ਦਿਤੇ ਜਾ ਚੁਕੇ ਹਨ)।

**ਬਚਿੱਤ੍ਰ ਨਾਟਕ** : ਇਸ ਵਿੱਚ ਭਾਂਤ-ਭਾਂਤ ਦੇ ਮਨੋਕਲਪਿਤ (ਫਰਜ਼ੀ) ਦੇਵੀ ਦੇਵਤਿਆਂ ਅਤੇ ਅਵਤਾਰਾਂ ਦੀ ਪੂਜਾ ਦ੍ਰਿੜ ਕਰਵਾਈ ਗਈ ਹੈ। ਖ਼ਾਸ ਕਰਕੇ ਦੁਰਗਾ (ਭਗਉਤੀ ਜਾਂ ਚੰਡੀ) ਦੀ ਮਹਿਮਾ ਵਿੱਚ ਤਿੰਨ 'ਵਾਰਾਂ' ਲਿਖੀਆਂ ਮਿਲਦੀਆਂ ਹਨ।





*ਪ੍ਰਥਮਿ ਧਰੋ ਭਗਵਤ ਕੋ ਧੵਾਨਾ। ਬਹੁਰਿ ਕਰੋ ਕਵਿਤਾ ਬਿਧਿ ਨਾਨਾ॥*
*ਕ੍ਰਿਸ਼ਨ ਜਥਾ ਮਤਿ ਚਰਿਤ੍ਰ ਉਚਾਰੋ। ਚੂਕ ਹੋਇ ਕਬਿ ਲੇਹੁ ਸੁਧਾਰੋ॥ (੪੪੦)*

*ਇਤਿ ਸ੍ਰੀ ਦੇਵੀ ਉਸਤਤਿ ਸਮਾਪਤੰ॥ (ਪੰਨਾ ੩੧੦)*

## ੭. ਜ਼ਾਤ-ਪਾਤ ਅਤੇ ਤਿਲਕ ਜਨੇਊ ਦਾ ਪ੍ਰਚਾਰ

**ਗੁਰੂ ਗ੍ਰੰਥ ਸਾਹਿਬ** : ਗੁਰਮਤਿ ਦੇ ਸਿਧਾਂਤ ਇਨ੍ਹਾਂ ਨੂੰ ਕੋਈ ਰਤੀ ਭਰ ਮਾਨਤਾ ਵੀ ਨਹੀਂ ਦਿੰਦੇ ਅਤੇ ਇਨ੍ਹਾਂ ਦਾ ਖੰਡਨ ਕਰਦੇ ਹਨ। (ਪ੍ਰਮਾਣ ਇਸ ਪੁਸਤਕ ਵਿੱਚ ਪਹਿਲਾਂ ਹੀ ਦਿਤੇ ਜਾ ਚੁਕੇ ਹਨ)।

**ਬਚਿੱਤ੍ਰ ਨਾਟਕ** : ਇਸ ਸ਼ਾਕਤੀ ਪੁਸਤਕ ਵਿੱਚ ਇਨ੍ਹਾਂ ਦੀ ਹਮਾਇਤ ਕੀਤੀ ਗਈ ਹੈ।

*ਛਤ੍ਰੀ ਕੋ ਪੂਤ ਹੌ ਬਾਮਨ ਕੋ ਨਾਹਿ॥ (ਪੰਨਾ ੧੩੬੭)*

## ੮. ਜਪ, ਤਪ (ਹਠਯੋਗ ਦੇ ਕਰਮ)

**ਗੁਰੂ ਗ੍ਰੰਥ ਸਾਹਿਬ** : ਇਨ੍ਹਾਂ ਫੋਕਟ ਧਰਮ-ਕਰਮ (ਕਰਮ-ਕਾਂਡ) ਦਾ ਭਰਵਾਂ ਖੰਡਨ ਕੀਤਾ ਹੈ। (ਪ੍ਰਮਾਣ ਇਸ ਪੁਸਤਕ ਵਿੱਚ ਪਹਿਲਾਂ ਹੀ ਦਿਤੇ ਜਾ ਚੁਕੇ ਹਨ)।

**ਬਚਿੱਤ੍ਰ ਨਾਟਕ** : ਇਨ੍ਹਾਂ ਫੋਕਟ ਕਰਮਾਂ ਦੀ ਹਮਾਇਤ ਕਰਦਾ ਹੈ। ਇਥੇ ਗੁਰੂ ਸਾਹਿਬ ਨੂੰ ਹੀ ਤੀਰਥਾਂ 'ਤੇ ਮੰਗਣ ਜਾਂਦਾ ਦੱਸਿਆ ਹੈ :

*ਅਬ ਮੈ ਆਪਨੀ ਕਥਾ ਬਖਾਨੋ॥ ਤਪ ਸਾਧਤ ਜਿਹ ਬਿਧਿ ਮੋਹਿ ਆਨੋ॥੧॥*
*ਤਹ ਹਮ ਅਧਿਕ ਤਪਸਿਆ ਸਾਧੀ॥ ਮਹਾਂਕਾਲ ਕਾਲਕਾ ਆਰਾਧੀ॥੨॥*

*(ਅਧਿ: ੬,੫੪)*

**ਮਹਾਂਕਾਲ-ਕਾਲਕਾ** : ਸ਼ਿਵ ਅਤੇ ਪਾਰਵਤੀ ਦਾ ਭਿਆਨਕ ਸ਼ਕਲ ਵਾਲਾ ਜੁੜਵਾਂ (ਮਨੋਕਲਪਿਤ) ਸਰੂਪ। (ਮਹਾਂਕਾਲ : ਸ਼ਿਵ, ਕਾਲਕਾ : ਪਾਰਵਤੀ)।

## ੯. ਆਦਰਸ਼ਕ ਜੀਵਨ ਦੀ ਘਾੜਤ

**ਗੁਰੂ ਗ੍ਰੰਥ ਸਾਹਿਬ** : ਹੁਕਮਿ ਰਜ਼ਾਈ ਚਲਦਿਆਂ ਹੋਇਆਂ ਕਾਮ, ਕ੍ਰੋਧ ਆਦਿ ਵਿਕਾਰਾਂ ਤੇ ਕਾਬੂ ਪਾ ਕੇ, ਆਦਰਸ਼ਕ ਆਚਰਨ ਦੀ ਘਾੜਤ ਤੇ ਜ਼ੋਰ ਦਿੱਤਾ ਗਿਆ ਹੈ।

*ਕਾਮੁ ਕ੍ਰੋਧੁ ਕਾਇਆ ਕਉ ਗਾਲੈ॥ (ਪੰ.੯੩੨)*

**ਬਚਿੱਤ੍ਰ ਨਾਟਕ** : ਕਾਮ ਆਦਿਕ ਵਿਕਾਰੀ ਵਾਸ਼ਨਾਵਾਂ ਨੂੰ ਉਤੇਜਤ ਕਰਨ ਤੇ ਜ਼ੋਰ ਦਿੱਤਾ ਗਿਆ ਹੈ -

*ਲਪਟਿ ਲਪਟਿ ਰਾਜਾ ਰਮਯੋ ਚਿਮਟਿ ਚਿਮਟਿ ਗਈ ਤ੍ਰੀਯ॥*
*ਬਿਕਟ ਸੁ ਦੁਖ ਝਟ ਪਟ ਕਟੇ ਅਧਿਕ ਬਢਾ ਸੁਖ ਜੀਯ॥*

(ਚਰਿਤ੍ਰ ੫੨, ਪੰਨਾ ੮੬੩)

## ੧੦. ਪੁੰਨ-ਦਾਨ, ਤੀਰਥ ਇਸ਼ਨਾਨ

**ਗੁਰੂ ਗ੍ਰੰਥ ਸਾਹਿਬ:**

*ਜਪੁ ਤਪੁ ਸੰਜਮੁ ਸਾਧੀਐ, ਤੀਰਥਿ ਕੀਚੈ ਵਾਸੁ॥*
*ਪੁੰਨ ਦਾਨ ਚੰਗਿਆਈਆ, ਬਿਨੁ ਸਾਚੇ ਕਿਆ ਤਾਸੁ॥ (ਮ: ੧, ੫੬)*

ਭਾਵ : ਜੇ (ਮੰਤ੍ਰਾਂ ਦਾ) ਪਾਠ ਕੀਤਾ ਜਾਵੇ, (ਧੂਨੀਆਂ ਲਗਾ ਕੇ) ਤਪ ਕੀਤਾ ਜਾਵੇ, ਇੰਦਰੀਆਂ ਨੂੰ ਵੱਸ 'ਚ ਕਰਨ ਦਾ ਕੋਈ ਸਾਧਨ (ਹਠ ਯੋਗ ਵਾਲਾ) ਕੀਤਾ ਜਾਵੇ, ਕਿਸੇ (ਮਨ-ਭਾਉਂਦੇ) ਤੀਰਥ ਉਤੇ ਨਿਵਾਸ ਕੀਤਾ ਜਾਏ, ਦਾਨ-ਪੁੰਨ ਆਦਿਕ ਚੰਗੇ ਕੰਮ ਕੀਤੇ ਜਾਣ, (ਤਾਂ ਭੀ) ਪ੍ਰਭੂ-ਪ੍ਰੇਮ ਤੋਂ ਬਿਨਾਂ ਉਪਰਲੇ ਸਾਰੇ ਹੀ ਉਦਮਾਂ ਦਾ ਕੋਈ ਲਾਭ ਨਹੀਂ। ਮਨੁੱਖ ਜਿਹੋ ਜਿਹਾ ਬੀਜ ਬੀਜਦਾ ਹੈ, ਉਹੋ ਜਿਹਾ ਫ਼ਲ ਪ੍ਰਾਪਤ ਕਰਦਾ ਹੈ। ਆਤਮਕ ਗੁਣਾਂ ਤੋਂ ਬਿਨਾਂ ਜੀਵਨ ਵਿਅਰਥ ਹੈ।

**ਬਚਿੱਤ੍ਰ ਨਾਟਕ :** ਅਜਿਹੇ ਫੋਕਟ ਧਰਮ-ਕਰਮਾਂ ਦਾ ਭਰਪੂਰ ਪ੍ਰਚਾਰ ਕਰਦਾ ਹੋਇਆ ਗੁਰੂ ਤੇਗ਼ ਬਹਾਦਰ ਸਾਹਿਬ ਨੂੰ ਵੀ ਪੁੱਤਰ-ਪ੍ਰਾਪਤੀ ਦੀ ਲਾਲਸਾ-ਵੱਸ ਤੀਰਥਾਂ ਤੇ ਇਸ਼ਨਾਨ ਅਤੇ ਪੁੰਨ-ਦਾਨ ਕਰਦੇ ਦਰਸਾਇਆ ਗਿਆ ਹੈ। ਲਉ ਜੀ, ਕਰੋ ਦਰਸ਼ਨ :

*ਮੁਰ ਪਿਤ ਪੂਰਬ ਕੀਯਸਿ ਪਯਾਨਾ॥ ਭਾਂਤਿ ਭਾਂਤਿ ਕੇ ਤੀਰਥਿ ਨਾਨ੍ਹਾ॥*
*ਜਬ ਹੀ ਜਾਤ ਤ੍ਰਿਬੈਣੀ ਭਏ॥ ਪੁੰਨ ਦਾਨ ਦਿਨ ਕਰਤ ਬਿਤਏ॥ ੧॥*
*ਤਹੀਂ ਪ੍ਰਕਾਸ਼ ਹਮਾਰਾ ਭਯੋ॥ ਪਟਨਾ ਸ਼ਹਿਰ ਬਿਖੈ ਭਵ ਲਯੋ॥*
*(ਅਧਿ- ੭, ਪੰ. ੫੯)*

## ੧੧. ਇਸਤਰੀ ਦਾ ਸਨਮਾਨ

**ਗੁਰੂ ਗ੍ਰੰਥ ਸਾਹਿਬ:** ਇਸਤਰੀ ਨੂੰ ਹਰ ਪੱਖ ਤੋਂ ਮਰਦ ਦੇ ਬਰਾਬਰ ਸਤਿਕਾਰਤ ਮੰਨਿਆ ਗਿਆ ਹੈ–

*ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ॥...*
*ਸੋ ਕਿਉਂ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ॥ (ਮ.੧,੪੭੩)*

**ਬਚਿੱਤ੍ਰ ਨਾਟਕ :** ਇਸਤਰੀ ਨੂੰ ਕਪਟੀ, ਮੱਕਾਰ, ਫਰੇਬੀ ਤੇ ਕਾਮ–ਵਾਸ਼ਨਾ ਵਿੱਚ ਲਿਪਤ ਰਹਿਣ ਵਾਲੀ ਦੱਸ ਕੇ ਵਾਰ–ਵਾਰ ਨੀਵਾਂ ਵਿਖਾਇਆ ਗਿਆ ਹੈ–

*ਰੁਚਿ ਉਪਜੀ ਤਰਨੀ ਕੇ ਜਿਯ ਅਬ॥ ਲਪਟਿ ਲਪਟਿ ਆਸਨ ਤਰ ਗਈ॥*
*(ਚਰਿਤ੍ਰ ੪੦੨, ਪੰ: ੧੩੫੮ )*

*ਇਨ ਇਸਤ੍ਰਿਨ ਕੇ ਚਰਿਤ ਅਪਾਰਾ। ਸਜਿ ਪਛੁਤਾਨੱਯੋ ਇਨ ਕਰਤਾਰਾ॥ ੨੫॥*
*੧॥ (ਪੰਨਾ ੧੨੭੮)*

**ਅਰਥ : ਇਨ੍ਹਾਂ ਇਸਤਰੀਆਂ ਦੇ ਚਰਿਤ੍ਰ ਅਪਾਰ ਹਨ। ਇਨ੍ਹਾਂ ਨੂੰ ਸਿਰਜ ਕੇ ਕਰਤਾਰ (ਵਿਧਾਤਾ) ਵੀ ਪਛੁਤਾਇਆ ਹੈ।**





## ੧੨. ਅਸ਼ਲੀਲਤਾ

ਇਸ ਪੋਥੇ ਦੇ ੬੧੫ ਪੰਨੇ (ਤ੍ਰਿਯਾ ਚਰਿੱਤ੍ਰ ਅਤੇ ਹਕਾਇਤਾਂ) ਅਤਿ ਅਸ਼ਲੀਲ ਭਾਸ਼ਾ ਵਿੱਚ ਲਿਖੀਆਂ ਮਨੋਕਲਪਿਤ (ਮਨਘੜੰਤ) ਕਹਾਣੀਆਂ ਨਾਲ ਕਾਲੇ ਕੀਤੇ ਮਿਲਦੇ ਹਨ। ਇਸ ਸ਼ਾਕਤੀ ਪੋਥੇ ਦੇ ਕੁਝ ਕੁ ਹਮਾਇਤੀ ਲਿਖਾਰੀਆਂ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਵੀ ਅਸ਼ਲੀਲਤਾ ਨਜ਼ਰ ਆ ਰਹੀ ਹੈ। ਸਦ ਅਫ਼ਸੋਸ! ਸਤਿਗੁਰੂ ਦੀ ਬਾਣੀ ਅੰਦਰ ਜਾਂ ਤਾਂ ਜੀਵਨ ਨੂੰ ਵਿਕਾਰ-ਰਹਿਤ ਰੱਖਣ ਲਈ ਪ੍ਰੇਰਨਾ ਹੈ ਅਤੇ ਜਾਂ ਅਕਾਲ-ਪੁਰਖੁ ਨਾਲ ਅਭੇਦ ਹੋਣ ਦੀ ਇਲਾਹੀ ਅਵੱਸਥਾ ਹੈ।

## ੧੩. ਵੈਰੀ - ਬਿਗਾਨਾ

**ਗੁਰੂ ਗ੍ਰੰਥ ਸਾਹਿਬ :** ਵੈਰੀ ਕੋਈ ਨਹੀਂ, ਸਾਰੇ ਮਿੱਤਰ ਹਨ। ਕਿਸੇ ਨਾਲ ਵੀ ਵੈਰ-ਭਾਵ ਨਹੀਂ ਹੈ।

*ਨਾ ਕੋ ਬੈਰੀ, ਨਹੀਂ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ॥*
*(ਮ: ੫, ੧੨੯੯)*

**ਬਚਿੱਤ੍ਰ ਨਾਟਕ :** ਮਨੁੱਖੀ ਸੁਆਰਥ ਦੀ ਗੱਲ ਕਰਦਾ ਹੈ, ਵੈਰੀਆਂ ਦੇ ਨਾਸੁ ਦੀ ਅਰਦਾਸਿ ਕਰਦਾ ਹੈ।

*ਰਾਜਾ ਸਉਅਨ ਸਹਿਤ ਬੁਲਾਯੋ॥ ਭਾਂਤਿ ਭਾਂਤਿ ਪਕਵਾਨ ਪਕਾਯੋ॥*
*ਤਾ ਮੈ ਜਹਰ ਘੋਰਿ ਕੈ ਡਾਰਯੋ॥ ਰਾਜਾ ਜੂ ਕੋ ਮਾਰ ਹੀ ਡਾਰਯੋ॥*
*(ਚਰਿਤ੍ਰ ੫੮, ੮੮੯)*

## ੧੪. ਹੇਮਕੁੰਟ ਅਤੇ ਗੁਰ ਇਤਿਹਾਸ

**ਗੁਰੂ ਗ੍ਰੰਥ ਸਾਹਿਬ :** **ਹੇਮਕੁੰਟ ਦੇ ਅਸਥਾਨ ਨਾਲ ਦਸਮੇਸ਼ ਪਿਤਾ ਜੀ ਦਾ ਕੋਈ ਦੂਰ ਦਾ ਸਬੰਧ ਵੀ ਨਹੀਂ।** ਇਹ ਮਨੋ-ਕਲਪਿਤ (ਮਨਘੜਤ-ਫਰਜ਼ੀ) ਇਤਿਹਾਸ (ਮਿਥਿਹਾਸ) ਮਨੂੰਵਾਦੀਆਂ ਦੇ ਹਮਾਇਤੀਆਂ ਨੇ ਹੀ ਰਚ ਕੇ ਪ੍ਰਚੱਲਤ ਕੀਤਾ ਹੈ। ਗੁਰਮਤਿ ਫ਼ਲਸਫ਼ਾ ਹਠਯੋਗ ਵਾਲੇ ਜਪਾਂ ਤਪਾਂ ਦਾ ਸਖ਼ਤੀ ਨਾਲ ਖੰਡਨ ਕਰਦਾ ਹੈ।

**ਬਚਿੱਤ੍ਰ ਨਾਟਕ :** ਇਸ ਪੋਥੇ ਅਨੁਸਾਰ ਦਸਮੇਸ਼ ਜੀ ਨੇ ਆਪਣੇ ਪਿਛਲੇ ਜਨਮ ਵਿੱਚ ਦੁਸ਼ਟ ਦਮਨ ਦੇ ਰੂਪ ਵਿੱਚ ਇਸ ਅਸਥਾਨ ਤੇ ਬਹੁਤ ਕਠਿਨ ਤਪੱਸਿਆ (ਹਠਜੋਗ ਦੇ ਸਾਧਨ) ਕਰਕੇ ਪਰਮੇਸ਼ਰ ਨਾਲ ਇਕੱਮਿਕਤਾ ਹਾਸਿਲ ਕੀਤੀ ਸੀ -

*ਅਬ ਮੈਂ ਅਪਨੀ ਕਥਾ ਬਖਾਨੋ ॥*
*ਤਪ ਸਾਧਤ ਜਿਹ ਬਿਧਿ ਮੁਹਿ ਆਨੋ ॥*
*ਹੇਮਕੁੰਟ ਪਰਬਤ ਹੈ ਜਹਾਂ॥ ਸਪਤਸ੍ਰਿੰਗ ਸੋਭਿਤ ਹੈ ਤਹਾਂ॥ ੧॥*
*ਸਪਤਸ੍ਰਿੰਗ ਤਿਹ ਨਾਮੁ ਕਹਾਵਾ॥ ਪੰਡਰਾਜ ਜਹ ਜੋਗੁ ਕਮਾਵਾ॥*

*<u>ਤਹ ਹਮ ਅਧਿਕ ਤਪੱਸਿਆ ਸਾਧੀ ॥ ਮਹਾਂਕਾਲ ਕਾਲਕਾ ਅਰਾਧੀ ॥ ੨ ॥</u>*
*ਇਹ ਬਿਧਿ ਕਰਤ ਤਪੱਸਿਆ ਭਯੋ ॥ ਦ੍ਵੈ ਤੇ ਏਕ ਰੂਪ ਹ੍ਵੈ ਗਯੋ ॥*
*ਤਾਤ ਮਾਤ ਮੁਰ ਅਲਖ ਅਰਾਧਾ ॥ <u>ਬਹੁ ਬਿਧਿ ਜੋਗ ਸਾਧਨਾ ਸਾਧਾ ॥ ੩ ॥</u>*
*(ਪੰਨਾ ੫੪, ੫੫)*

**ਟਿਪੱਣੀ** : ਗੁਰੂ ਗ੍ਰੰਥ ਸਾਹਿਬ ਦੀ ਬਾਣੀ 'ਹਠਜੋਗ' ਵਾਲੇ ਜਪਾਂ ਤਪਾਂ ਅਤੇ 'ਜੋਗ ਸਾਧਨਾ' ਵਾਲੀ ਤਪੱਸਿਆ ਦਾ ਸਖਤੀ ਨਾਲ ਖੰਡਨ ਕਰਦੀ ਹੈ ਕਿਉਂਕਿ ਇਹ ਅਨਮਤੀ ਕਰਮ ਪਰਮੇਸ਼ਰ ਨਾਲ ਮਿਲਾਪ ਦੇ ਸਾਧਨ ਨਹੀਂ ਹਨ। ਦੂਜੀ ਗੱਲ, ਦਸਮੇਸ਼ ਪਿਤਾ ਜੀ ਮਹਾਂਕਾਲ-ਕਾਲਕਾ (ਸ਼ਿਵਜੀ ਅਤੇ ਪਾਰਵਤੀ ਦਾ ਜੁੜਵਾਂ ਭਿਆਨਕ ਸ਼ਕਲ ਵਾਲਾ ਮਨੋਕਲਪਿਤ ਸਰੂਪ) ਦੇ ਪੁਜਾਰੀ ਨਹੀਂ ਹਨ। ਪਰ ਇਹ ਸ਼ਾਕਤੀ ਪੋਥਾ ਹਠਜੋਗ ਦੇ ਜਪਾਂ, ਤਪਾਂ ਤਪੱਸਿਆਵਾਂ ਦਾ ਪ੍ਰਚਾਰ ਕਰਦਾ ਹੈ ਅਤੇ ਮਹਾਂਕਾਲ, ਦੁਰਗਾ ਆਦਿ ਦੀ ਪੂਜਾ ਦ੍ਰਿੜ ਕਰਵਾਉਂਦਾ ਹੈ। ਦਸਮੇਸ਼ ਜੀ ਨੂੰ ਦੇਵੀ-ਪੂਜਕ ਸਿੱਧ ਕਰਨ ਦੇ ਯਤਨ ਕਰਦਾ ਹੈ।

## ਹੇਮਕੁੰਟ ਦੀ ਮਿਥਿਹਾਸਕ (ਮਨਘੜਤ) ਕਹਾਣੀ

ਹੇਮਕੁੰਟ ਦੀ ਕਹਾਣੀ ਬਚਿੱਤ੍ਰ ਨਾਟਕ ਦੀਆਂ ਉੱਪਰ ਲਿਖੀਆਂ ਪੰਕਤੀਆਂ ਤੋਂ ਲਈ ਗਈ ਹੈ।

ਬਚਿੱਤ੍ਰ ਨਾਟਕ ਦੇ ਇਸ ਸੰਕੇਤ ਤੋ ਪ੍ਰਭਾਵਤ ਹੋ ਕੇ 'ਸੂਰਜ ਪ੍ਰਕਾਸ਼ ਦੇ ਕਰਤਾ ਕਵੀ ਸੰਤੋਖ ਸਿੰਘ ਨੇ ਹੇਮਕੁੰਟ ਅਤੇ ਉਥੇ ਤਪੱਸਿਆ ਕਰਨ ਵਾਲੇ 'ਦੁਸ਼ਟਦਮਨ' ਬਾਰੇ ਆਪਣੇ ਵੱਲੋਂ ਹੀ ਕਾਫ਼ੀ ਲੰਮੀ ਜਾਣਕਾਰੀ ਘੜ ਕੇ ਦੇ ਦਿੱਤੀ ਹੈ, ਜਿਹੜੀ ਹੋਰ ਕਿਧਰੇ ਨਹੀਂ ਮਿਲਦੀ। ਉਹ ਸੰਖੇਪ 'ਚ ਇਸ ਤਰ੍ਹਾਂ ਹੈ :

"ਸਤਿਜੁਗ ਵਿੱਚ ਦੇਵਤਿਆਂ ਦੀ ਮਦਦ ਲਈ ਦੁਰਗਾ (ਭਵਾਨੀ) 90 ਪਦਮ ਦੈਂਤਾਂ ਨੂੰ ਮਾਰ ਕੇ ਥੱਕ ਗਈ ਤੇ ਹੇਮਕੁੰਟੀ ਪਹਾੜਾਂ 'ਚ ਅਲੋਪ ਹੋ ਗਈ। ਤਦੋਂ ਬੇਲ-ਸੁਬੇਲ ਨਾਂ ਦੇ ਦੋ ਦੈਂਤ ਆਪਣੀ ਸੈਨਾ ਸਮੇਤ ਦੁਰਗਾ ਨੂੰ ਲੱਭਣ ਲਈ ਨਿਕਲੇ। ਉਨ੍ਹਾਂ ਨੇ ਇੱਕ ਬ੍ਰਾਹਮਣ ਤਪੱਸਵੀ ਤੋਂ ਉਸ ਬਾਰੇ ਪੁੱਛਿਆ। ਤਪੱਸਵੀ ਦੇ ਨਾ ਦੱਸਣ 'ਤੇ ਉਸ ਨੂੰ ਮਾਰਨ ਦੌੜੇ। ਤਪੱਸਵੀ ਨੇ ਗੁੱਸੇ 'ਚ ਆਪਣਾ ਸ਼ੇਰ ਦੀ ਖੱਲ ਵਾਲਾ ਆਸਣ ਝਾੜਿਆ। ਆਸਨ ਹੇਠੋਂ ਵੱਡੇ ਤੇਜ ਵਾਲਾ ਮਨੁੱਖ ਪੈਦਾ ਹੋਇਆ, ਜੋ ਹਜ਼ਾਰਾਂ ਸਾਲ ਤੱਕ ਦੈਂਤਾਂ ਨਾਲ ਯੁੱਧ ਕਰਦਾ ਰਿਹਾ। ਅੰਤ ਜਦੋਂ ਉਸ ਨੇ ਸਾਰੇ ਦੈਂਤ ਮਾਰ ਮੁਕਾਏ ਤਾਂ ਲੁਕੀ ਹੋਈ ਦੇਵੀ ਵੀ ਫਿਰ ਪ੍ਰਗਟ ਹੋ ਗਈ। ਵਰ ਦਿੱਤਾ, ਤੂੰ ਮੇਰੀ ਮਦਦ ਕੀਤੀ ਹੈ। ਮਾਤ ਲੋਕ 'ਚ ਮੈਂ ਤੇਰੀ ਮਦਦ ਕਰਾਂਗੀ। ਤੇਰੇ ਚਾਰ ਬੱਚੇ ਹੋਣਗੇ, ਤੂੰ ਉਨ੍ਹਾਂ ਨਾਲ ਮੋਹ ਨਾ ਪਾਵੀਂ। ਦੇਵੀ ਨੇ ਉਸ ਮਨੁੱਖ ਨੂੰ 'ਦੁਸ਼ਟਦਮਨ' ਦਾ ਨਾਂ ਦਿੱਤਾ ਤੇ ਕਿਹਾ ਤੂੰ ਸ਼ੇਰ ਦੀ ਖੱਲ ਵਿਚੋਂ ਜਨਮਿਆ ਹੈਂ, ਇਸ ਲਈ ਤੇਰੇ ਪੰਥ ਦਾ ਨਾ ਵੀ 'ਖ਼ਾਲਸਾ' ਹੋਵੇਗਾ। ਉਪਰੰਤ ਉਸ ਨੇ ਦੁਸ਼ਟਦਮਨ ਨੂੰ ਤਪੱਸਿਆ ਕਰਨ ਅਤੇ ਚਿਰੰਜੀਵੀ ਹੋਣ ਦਾ ਵਰ ਦਿੱਤਾ। ਫਿਰ ਦੁਸ਼ਟਦਮਨ ਨੂੰ ਚੱਟਣ ਲੱਗ ਪਈ, ਜਿਵੇਂ ਮਾਂ ਬੱਚੇ ਨੂੰ ਚੱਟਦੀ ਹੈ। ਇਸ ਤੋਂ ਬਾਅਦ ਭਗਉਤੀ ਅਲੋਪ ਹੋ ਗਈ।





ਦੁਸ਼ਟਦਮਨ, ਭਗਉਤੀ (ਦੁਰਗਾ) ਦੀ ਆਗਿਆ ਪਾਲਨ ਹਿੱਤ ਤਪ ਕਰਦਾ ਰਿਹਾ। ਤਪ ਸਮੇਂ ਉਸ ਦੇ ਸਿਰ 'ਤੇ ਲੰਮੀਆਂ-ਲੰਮੀਆਂ ਜਟਾਵਾਂ ਸਨ, ਸਰੀਰ ਨਗਨ, ਅੱਖਾਂ ਬੰਦ ਸਨ। ਉਸ ਨੇ ਨਿਰਾਹਾਰੀ ਰਹਿ ਕੇ, ਇੱਕ ਪੈਰ 'ਤੇ ਖਲੋ, ਮੋਨ ਧਾਰ, ਉਸ ਜਲਹੀਨ ਬਨ ਵਿੱਚ ਅਸੰਖਾਂ ਵਰ੍ਹੇ ਅਜਿਹੀ ਕਠਨ ਤਪੱਸਿਆ ਕੀਤੀ ਕਿ ਸਰੀਰ ਸੁੱਕ ਗਿਆ, ਕੇਵਲ ਹੱਡੀਆਂ ਬਚੀਆਂ। ਅੰਤ, ਅਕਾਲ ਪੁਰਖੁ ਨੇ ਆਪਣੇ ਸੇਵਕਾਂ ਰਾਹੀਂ ਬਿਮਾਨ ਭੇਜ ਕੇ ਦੁਸ਼ਟਦਮਨ ਨੂੰ ਆਪਣੇ ਕੋਲ ਬੁਲਾਇਆ, ਝੋਲੀ 'ਚ ਬਿਠਾ ਕੇ ਬੜੇ ਪਿਆਰ ਨਾਲ ਉਸਦਾ ਮੱਥਾ ਚੁੰਮਿਆ ਤੇ ਮਾਤਲੋਕ 'ਚ ਜਾਣ ਲਈ ਕਿਹਾ" (ਰਾਸ 11, ਅੰਸੂ 51-53, ਸੂਰਜ ਪ੍ਰਕਾਸ਼)।....

ਕਵੀ ਜੀ ਦੇ ਘੜੇ ਗਏ ਇਨ੍ਹਾਂ ਵੇਰਵਿਆਂ ਨੂੰ ਅਧਾਰ ਬਣਾ ਕੇ ਗਿਆਨੀ ਠਾਕੁਰ ਸਿੰਘ, ਅੰਮ੍ਰਿਤਸਰ, ਨੇ ਸੁਕੇਤ ਮੰਡੀ ਦੇ ਲਾਗੇ, ਸੰਨ 1932 'ਚ ਰਵਾਲਸਰ ਦੀਆਂ ਸੱਤ ਉੱਚੀਆਂ ਪਹਾੜੀਆਂ ਨੂੰ 'ਸਪਤ-ਸ਼੍ਰਿੰਗ' ਪ੍ਰਚਾਰਿਆ। ਮਗਰੋਂ ਪੰਡਿਤ ਤਾਰਾ ਸਿੰਘ ਨਰੋਤਮ ਨੇ ਗਿਆਨੀ ਠਾਕੁਰ ਸਿੰਘ ਦੇ ਫੈਸਲੇ ਨੂੰ ਗ਼ਲਤ ਦੱਸ ਕੇ ਮੌਜੂਦਾ 'ਹੇਮਕੁੰਟ' ਨੂੰ 'ਦੁਸ਼ਟਦਮਨ' (ਨਾਮ ਕਵੀ ਜੀ ਨੇ ਹੀ ਦਿੱਤਾ)। ਦੀ ਤਪੱਸਿਆ ਦੀ ਥਾਂ ਦੱਸਿਆ 'ਸੰਤ' ਮੋਹਨ ਸਿੰਘ, ਟੀਹੜੀ ਗੜ੍ਹਵਾਲ ਨੇ ਸੰਨ 1936 'ਚ ਇਥੇ ਗੁਰਦੁਆਰਾ ਸਥਾਪਤ ਕੀਤਾ।

ਹੇਮਕੁੰਟ ਵਿਖੇ ਗੁਰਦੁਆਰੇ ਦੀ ਸਥਾਪਨਾ ਹੋਣ ਮਗਰੋਂ ਇਸ ਦਾ ਸਬੰਧ ਦਸਮ ਪਾਤਿਸ਼ਾਹ ਨਾਲ ਪ੍ਰਚਾਰਿਆ ਜਾਣ ਕਰ ਕੇ ਸੰਗਤਾਂ ਬੜੇ ਉਤਸ਼ਾਹ ਨਾਲ ਆਉਣ ਲੱਗ ਪਈਆਂ। ਅਜਿਹਾ ਹੋਣਾ ਵੀ ਕੁਦਰਤੀ ਹੀ ਸੀ, ਕਿਉਂਕਿ ਸੰਗਤਾਂ, ਗੁਰੂ ਅਸਥਾਨਾਂ ਪ੍ਰਤੀ ਅਥਾਹ ਸ਼ਰਧਾ ਰਖਦੀਆਂ ਹਨ। ਉਨ੍ਹਾਂ ਦਾ ਵਿਸ਼ਵਾਸ ਹੈ ਕਿ ਇਤਿਹਾਸਕ ਸਥਾਨ ਗੁਰੂ ਸਾਹਿਬਾਨ ਲਈ ਪ੍ਰੇਮ ਤੇ ਸ਼ਰਧਾ ਪੈਦਾ ਕਰਦੇ ਹਨ, ਸਬੰਧਤ ਇਤਿਹਾਸ ਸਾਨੂੰ, ਸਾਡੇ ਗੌਰਵਮਈ ਵਿਰਸੇ ਨਾਲ ਜੋੜਦਾ ਹੈ। ਇਸ ਦੇ ਉਲਟ, ਇਥੇ ਇੱਕ ਹੋਰ ਵੱਡੀ ਤ੍ਰਾਸਦੀ ਵੀ ਹੈ। ਸੰਸਾਰ ਪੱਧਰ ਦੇ ਇੱਕੋ-ਇੱਕ ਗੁਰੂ 'ਗੁਰੂ ਗ੍ਰੰਥ ਸਾਹਿਬ ਜੀ' ਦੀ ਬਰਾਬਰੀ 'ਤੇ ਹੇਮਕੁੰਟ ਅਤੇ ਇਸ ਨਾਲ ਜੋੜ ਕੇ ਕਾਇਮ ਕੀਤੇ 'ਜੋਸ਼ੀ ਮੱਠ', 'ਗੋਬਿੰਦ ਘਾਟ', 'ਗੋਬਿੰਦ ਧਾਮ' ਗੁਰਦੁਆਰਿਆਂ (ਜਿਨ੍ਹਾਂ ਦਾ ਕਿ ਕੋਈ ਇਤਿਹਾਸਕ ਪਿਛੋਕੜ ਵੀ ਨਹੀਂ) 'ਚ ਬਚਿੱਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਦਾ ਪ੍ਰਕਾਸ਼ ਵੀ ਕੀਤਾ ਜਾ ਰਿਹਾ ਹੈ, ਹੁਕਮਨਾਮੇ ਲਏ ਜਾ ਰਹੇ ਹਨ। ਹੇਮਕੁੰਟ ਨੂੰ 'ਲੋਕਤਾਲ' ਵੀ ਕਿਹਾ ਜਾਂਦਾ ਹੈ।" [ਪ੍ਰਿੰ: ਗਿਆਨੀ ਸੁਰਜੀਤ ਸਿੰਘ : "ਕੀ ਗੁਰੂ ਗੋਬਿੰਦ ਸਿੰਘ ਜੀ ਨੇ ਹੇਮਕੁੰਟ ਵਿਖੇ ਤਪੱਸਿਆ ਕੀਤੀ ਸੀ ?" ਸਿਰਲੇਖ ਹੇਠ ਇੰਡੀਆ ਅਵੇਰਨੈਸ (ਜਨਵਰੀ 2009) ਵਿੱਚ ਪ੍ਰਕਾਸ਼ਤ ਲੇਖ ਵਿੱਚੋਂ]।

**ਨੋਟ** : ਹੇਮਕੁੰਟ ਨਾਲ ਸਬੰਧਤ ਉਪਰ ਵਰਣਨ ਕੀਤੀ ਕਹਾਣੀ ਬ੍ਰਾਹਮਣਵਾਦ ਦੀਆਂ ਪੌਰਾਣਿਕ ਗਪੌੜਾਂ ਦੀ ਤਰਜ਼ ਦੀ ਹੀ ਹੈ। ਇਸ ਦਾ ਕੋਈ ਅੰਸ਼ ਵੀ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਰੱਬੀ ਸਿਧਾਂਤ ਦੀ ਕਸਵੱਟੀ 'ਤੇ ਰਤਾ ਭਰ ਵੀ ਟਿਕ ਨਹੀਂ ਸਕਦਾ। ਇਸ ਅਸਥਾਨ ਨੂੰ ਦਸਮੇਸ਼ ਜੀ ਦੇ ਨਾਮ ਨਾਲ ਜੋੜਕੇ ਕੌਮ ਨੂੰ ਗੁਮਰਾਹ ਕਰਕੇ ਜਿਥੇ ਅਰਬਾਂ ਰੁਪਏ ਹਰ ਸਾਲ ਬੇਅਰਥ ਗੁਆਏ ਜਾ ਰਹੇ ਹਨ, ਉਥੇ ਗੁਰੂ ਨਾਨਕ ਸਾਹਿਬ ਦੇ ਆਲਮਗੀਰੀ

ਫ਼ਲਸਫ਼ੇ ਤੋਂ ਬਾਗ਼ੀ ਹੋ ਕੇ ਕੌਮ ਅਤੇ ਸਮੁੱਚੀ ਮਨੁੱਖਤਾ ਦਾ ਜੋ ਨੁਕਸਾਨ ਕੀਤਾ ਜਾ ਰਿਹਾ ਹੈ ਉਸ ਬਦਲੇ ਇਨ੍ਹਾਂ ਸਥਾਨਾਂ ਦੇ ਪ੍ਰਬੰਧਕ ਪਤਾ ਨਹੀਂ ਕਿੰਨਾ ਕੁ ਸਮਾਂ ਨਰਕਾਂ ਦੇ ਕੀੜੇ ਬਣਕੇ ਦੁੱਖ ਭੋਗਣਗੇ। ਪਰਮੇਸ਼ਰ ਇਨ੍ਹਾਂ ਨੂੰ ਸੁਮਤ ਬਖਸ਼ੇ!

**ਦਸਮੇਸ਼ ਪਿਤਾ ਜੀ ਦੀ ਰਚਨਾ ਤੇ ਤੌਰ ਤੇ ਮਨੂੰਵਾਦੀਆਂ ਅਤੇ ਉਨ੍ਹਾਂ ਦੇ ਹਮਾਇਤੀਆਂ ਵੱਲੋਂ ਪ੍ਰਚਾਰੇ ਜਾ ਰਹੇ ਬਚਿੱਤ੍ਰ ਨਾਟਕ ਵਿੱਚ ਜਿਥੇ ਸਵੈ-ਵਿਰੋਧੀ (self contradictory) ਵਿਚਾਰ ਵੇਖਣ ਨੂੰ ਮਿਲ ਰਹੇ ਹਨ, ਉਥੇ ਪੋਥੇ ਦੀ ਸਮੁੱਚੀ ਵਿਚਾਰਧਾਰਾ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਰਬੱਤ ਦੇ ਭਲੇ ਵਾਲੇ ਆਲਮਗੀਰੀ ਸਿਧਾਂਤਾਂ ਦਾ ਘਾਣ ਅਤੇ ਦਸਮੇਸ਼ ਜੀ ਦੀ ਅਗੰਮੀ ਸ਼ਖ਼ਸੀਅਤ ਦਾ ਚਰਿੱਤ੍ਰਘਾਤ (character assasination) ਕਰਨ ਵਾਲੀ ਹੈ।**

## "ਕੀ ਲਿਖਿਆ ਹੋਇਆ ਹੈ ਬਚਿੱਤ੍ਰ ਨਾਟਕ ਵਿੱਚ?

1. **ਜਾਪੁ (ਪੰਨਾ ੧ ਤੋਂ ੧੦) :** ਕੋਈ ਸਮਾਪਤੀ ਸੰਕੇਤ ਨਹੀਂ। ਅਧੂਰੀ ਰਚਨਾ? (ਨੋਟ : ਇਸ ਰਚਨਾ ਵਿੱਚ ਵਰਤੇ ਕੁਝ ਲਫ਼ਜ਼ ਹਿਕਾਯਤਾਂ ਵਿੱਚ ਵਰਤੇ ਗਏ ਹਨ; ਹਿਕਾਯਤਾਂ ਫ਼ਾਰਸੀ ਜ਼ਬਾਨ ਵਿੱਚ ਲਿਖੇ ਤ੍ਰਿਯਾ ਚਰਿੱਤ੍ਰ ਹਨ।)

2. **ਪੰਨਾ ੧੧ ਤੋਂ ੩੮ :** ਕੁਝ ਬੀੜਾਂ ਵਿੱਚ ਇਸ ਰਚਨਾ ਦਾ ਕੋਈ ਸਿਰਲੇਖ ਨਹੀਂ। ਕੁਝ ਬੀੜਾਂ ਵਿੱਚ ਸਿਰਲੇਖ 'ਅਕਾਲ ਉਸਤਤਿ' ਛਾਪ ਦਿੱਤਾ ਗਿਆ ਹੈ। ਇਸ ਰਚਨਾ ਦੇ 20 ਛੰਦਾਂ ਦੀ ਆਖਰੀ ਪੰਕਤੀ, "ਜੈ ਜੈ ਹੋਸੀ ਮਹਿਖਾਸੁਰ ਮਰਦਨ..." ਦੇਵੀ ਦੁਰਗਾ ਦੀ ਜੈ ਕਰਨ ਵਾਲੀ ਰਚਨਾ ਅਕਾਲ ਉਸਤਤਿ ਨਹੀਂ ਬਲਕਿ ਕਾਲ ਉਸਤਤਿ ਹੈ।

3. **ਪੰਨਾ ੩੯ ਤੋਂ ੭੩ :** ਬਚਿੱਤ੍ਰ ਨਾਟਕ ਗ੍ਰੰਥ ਲਿਖਯਤੇ। ਪੰਨਾ ੭੩ ਤੇ ਕਵੀਆਂ ਦਾ ਇਸ਼ਟ 'ਮਹਾਂਕਾਲ-ਕਾਲਕਾ' ਹੈ।

4. **ਪੰਨਾ ੭੪ ਤੋਂ ੯੯ :** ਅਥ ਚੰਡੀ ਚਰਿਤ ਉਕਤਿ ਬਿਲਾਸ। ਸਮਾਪਤੀ ਸੰਕੇਤ, 'ਇਤਿ ਸ੍ਰੀ ਮਾਰਕੰਡੇ ਪੁਰਾਨੇ ਚੰਡੀ ਚਰਿਤ੍ਰ ਉਕਤਿ ਬਿਲਾਸ...। ਤੋਂ ਸਪੱਸ਼ਟ ਹੈ ਕਿ ਇਸ ਰਚਨਾ ਦਾ ਆਧਾਰ-ਗ੍ਰੰਥ 'ਮਾਰਕੰਡਯ ਪੁਰਾਣ' (ਜੋ ਕਿ ਦੇਵੀ ਦੁਰਗਾ ਦੇ ਅਨੇਕਾਂ ਅਵਤਾਰਾਂ ਦਾ ਕਥਾ-ਗ੍ਰੰਥ ਹੈ) ਹੈ; ਪ੍ਰਸੰਗਾਂ ਦੀ ਤਰਤੀਬ ਸਾਫ਼ ਦਸਦੀ ਹੈ ਕਿ ਹੂ-ਬ-ਹੂ ਨਕਲ ਕੀਤੀ ਹੈ।

5. **ਪੰਨਾ ੯੯ ਤੋਂ ੧੧੯ :** ਇਸ ਰਚਨਾ ਦਾ ਸਮਾਪਤੀ ਸੰਕੇਤ "ਇਤਿ ਸ੍ਰੀ ਬਚਿਤ੍ਰ ਨਾਟਕ ਚੰਡੀ ਚਰਿਤ੍ਰੇ...ਸਪੱਸ਼ਟ ਕਰਦਾ ਹੈ ਕਿ ਦੇਵੀ ਚੰਡੀ (ਦੁਰਗਾ, ਭਵਾਨੀ, ਭਗਉਤੀ, ਕਾਲਕਾ...) ਦੀ ਉਸਤਤ ਹੈ। ਉਪਰ ਲਿਖੇ ਪੰਨਾ ੭੪ ਤੋਂ ੯੯ ਤੱਕ ਦੇ ਪ੍ਰਸੰਗ ਨੂੰ ਦੁਹਰਾਇਆ ਗਿਆ ਹੈ।





6. **ਪੰਨਾ ੧੧੯ ਤੋਂ ੧੨੭ :** ਸਿਰਲੇਖ 'ਵਾਰ ਦੁਰਗਾ ਕੀ' ਅਥਵਾ 'ਵਾਰ ਸ੍ਰੀ ਭਗਉਤੀ ਜੀ ਦੀ'। ਇਸ ਦਾ ਮਜ਼ਮੂਨ ਹੂ-ਬ-ਹੂ ਉਪਰ ਲਿਖੀਆਂ ਚੰਡੀ ਦੀਆਂ ਦੋਹਾਂ ਰਚਨਾਵਾਂ ਵਾਲਾ ਹੈ।

   **ਪੰਨ ੧੨੭ ਤੋਂ ੧੫੫ :** ਸਿਰਲੇਖ 'ਅਥ ਗਿਆਨ ਪ੍ਰਬੋਧ ਗ੍ਰੰਥ ਲਿਖਯਤੇ। ਇਹ ਰਚਨਾ ਵੀ ਦੇਵੀ ਦੁਰਗਾ ਬਾਰੇ ਗਿਆਨ ਅਤੇ ਦੈਂਤ-ਮੇਧ ਯੱਗ ਦੀ ਵਿਧੀ ਸਮਝਾ ਰਹੀ ਹੈ।

7. **ਪੰਨਾ ੧੫੫ ਤੋਂ ੨੫੪ :** ਅਥ ਚੌਬੀਸ ਅਉਤਾਰ ਕਥਨੰ॥ ਪਾਤਸ਼ਾਹੀ ੧੦॥ ...ਚੌਪਈ॥ ... "ਬਰਨਤ ਸਯਾਮ ਜਥਾ ਮਤਿ ਭਾਈ"॥ ੧॥ (ਨੋਟ ਇਹ ਮੁਢਲੀ ਚੌਪਈ ਸਪੱਸ਼ਟ ਕਰਦੀ ਹੈ ਕਿ ਸ਼ਯਾਮ ਕਵੀ ਨੂੰ ਹੀ 'ਪਾਤਿਸ਼ਾਹੀ ੧੦' ਲਿਖਿਆ ਗਿਆ ਹੈ। ਇਸ ਰਚਨਾ ਦਾ ਆਧਾਰ-ਗ੍ਰੰਥ 'ਸ੍ਰੀਮਦ ਭਗਵਤ ਪੁਰਾਣ' ਹੈ ਜਿਸ ਵਿੱਚ ਵਿਸ਼ਨੂੰ ਦੇ 24 ਅਵਤਾਰਾਂ ਦਾ ਜ਼ਿਕਰ ਹੈ। ਸਮਾਪਤੀ ਸੰਕੇਤ 'ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ...ਅਧਿਆਇ ਸਮਾਪਤਨਾ, ਹਰ ਅਧਿਆਏ ਦੇ ਅੰਤ ਵਿਚ ਹੈ।)

8. **ਪੰਨਾ ੨੫੪ ਤੋਂ ੫੭੦ :** ਅਥ ਕ੍ਰਿਸ਼ਨਾਵਤਾਰ ਇਕੀਸਮੋ ਕਥਨੰ। ਰਚਨਹਾਰ ਕਵਿ ਸਯਾਮ ਮੁਤਾਬਿਕ ਇਹ ਰਚਨਾ ਸ੍ਰੀਮਦ ਭਗਵਤ ਪੁਰਾਣ ਦੇ 'ਦਸਮ ਸਕੰਧ' (ਦਸਵਾਂ ਕਾਂਡ) ਦੀ ਹੂ-ਬ-ਹੂ ਨਕਲ ਹੈ।

9. **ਪੰਨਾ ੫੭੦ ਤੋਂ ੬੧੧ :** ਵਿਸ਼ਨੂੰ 22ਵੇਂ ਨਰ ਅਵਤਾਰ, 23ਵੇਂ ਬੁੱਧ ਅਵਤਾਰ, 24ਵੇਂ ਨਿਹਕਲੰਕੀ ਅਵਤਾਰ ਅਤੇ ਮਹਿਦੀ ਅਵਤਾਰ (25ਵਾਂ?) ਦਾ ਜ਼ਿਕਰ ਹੈ। ਆਧਾਰ-ਗ੍ਰੰਥ 'ਸ਼੍ਰੀਮਦ ਭਗਵਤ ਪੁਰਾਣ' ਹੈ। ਸਮਾਪਤੀ ਸੰਕੇਤ 'ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ...ਸਮਾਪਤੰ।

10. **ਪੰਨਾ ੬੧੧ ਤੋਂ ੬੩੪ :** ਅਥ ਬ੍ਰਹਮਾ ਅਵਤਾਰ ਕਥਨੰ। ਇਸ ਰਚਨਾ ਵਿੱਚ 'ਕਾਲ' ਨੇ ਬ੍ਰਹਮਾ ਨੂੰ ਸੱਤ ਅਵਤਾਰ ਧਾਰਨ ਦੀ ਆਗਿਆ ਦਿੱਤੀ। ਸਮਾਪਤੀ ਸੰਕੇਤ 'ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਸਪਤਮੇ ਅਵਤਾਰ ਬ੍ਰਹਮਾ ਕਾਲਿਦਾਸ ਸਮਾਪਤਮ।

11. **ਪੰਨਾ ੬੩੪ ਤੋਂ ੭੦੯ :** ਅਥ ਰੁਦ੍ਰ ਅਵਤਾਰ ਕਥਨੰ। ਰਿਸ਼ੀ ਅਤ੍ਰੀ ਦੀ ਇਸਤ੍ਰੀ ਨੇ ਪਤੀ ਦਾ ਧਿਆਨ ਧਰ ਕੇ ਆਪਣੇ ਸੱਜੇ ਹੱਥ ਨਾਲ ਖੱਬਾ ਹੱਥ ਰਗੜਿਆ ਤਾਂ ਦੱਤ ਪੁੱਤਰ ਪੈਦਾ ਹੋ ਗਿਆ। ਸਮਾਪਤੀ ਸੰਕੇਤ 'ਇਤਿ ਸ੍ਰੀ ਬਚਿੱਤ੍ਰ ਨਾਟਕ ਗ੍ਰੰਥੇ ਦਤ ਮਹਾਤਮੇ...'। ਦੱਤ ਨੇ ੨੪ ਗੁਰੂ ਧਾਰਨ ਕੀਤੇ। ਰਚਨਾ ਦਾ ਲਿਖਾਰੀ ਕਵਿ ਸਯਾਮ ਹੈ।

12. **ਪੰਨਾ ੭੦੯ ਤੋਂ ੭੧੭ :** ਦਸ ਸ਼ਬਦ ਅਤੇ ੩੩ ਸਵੱਯੇ। ਕਾਲ-ਉਸਤਤ। ਦੇਵੀ ਉਸਤਤ ਨਾਲ ਜੋੜਨ ਵਾਲੀ ਰਚਨਾ ਹੈ।

13. **ਪੰਨਾ ੭੧੭ ਤੋਂ ੮੦੮ :** ਸ੍ਰੀ ਸ਼ਸਤ੍ਰ ਨਾਮ ਮਾਲਾ ਪੁਰਾਣ ਲਿਖਯਤੇ। ਸ਼ੁਰੂਆਤ ਭਗਉਤੀ ਉਸਤਤਿ ਨਾਲ? ਸ਼ਸਤਰਾਂ ਦੀ ਉਸਤਤ ਨਾਲ ਆਤਮਕ ਜੀਵਨ ਉੱਚਾ ਨਹੀਂ ਹੋਣਾ।

13. **ਪੰਨਾ ੮੦੯ ਤੋਂ ੧੩੮੮ :** ਅਥ ਪਾਖਯਾਨ ਚਰਿੱਤ੍ਰ ਲਿਖਯਤੇ। ...ਸ਼ੁਰੂਆਤ ਦੇਵੀ ਉਸਤਤ ਚੰਡੀ ਚਰਿਤ੍ਰ ਨਾਲ ਕੀਤੀ ਹੈ। ਰਚਨਹਾਰੇ ਕਵਿ ਸਯਾਮ, ਕਵਿ ਰਾਮ, ਕਵਿ ਕਾਲ ਨਾਮਕ ਕਵੀਆਂ ਦੀ ਕਵੀ ਛਾਪ (ਤਖ਼ੱਲਸ) ਅਨੇਕਾਂ ਥਾਈਂ ਮਿਲਦੀ ਹੈ। ਆਖਰੀ ਚਰਿਤ੍ਰ ਨੰ: ੪੦੫ ਦੇ ਅਖੀਰ ਵਿੱਚ ਚੌਪਈ॥ 'ਹਮਰੀ ਕਰੋ ਹਾਥ ਦੈ ਰੱਛਾ'...ਮਹਾਂਕਾਲ ਦੇ ਅੱਗੇ ਕੀਤੀ ਅਰਜ਼ੋਈ ਹੈ। ਅਨੇਕਾਂ ਚਰਿੱਤ੍ਰਾਂ ਵਿੱਚ ਭੱਦੀ ਤੇ ਅਸ਼ਲੀਲ ਭਾਸ਼ਾ ਵਰਤੀ ਗਈ ਹੈ। ਇਸ ਰਚਨਾ ਦਾ ਆਧਾਰ-ਗ੍ਰੰਥ, 'ਸ਼ਿਵ ਪੁਰਾਣ' ਹੈ।

14. **ਪੰਨਾ ੧੩੮੯ ਤੋਂ ੧੩੯੪ :** ਜ਼ਫ਼ਰਨਾਮਾ। ਇਸ ਰਚਨਾ ਵਿੱਚ ਔਰੰਗਜ਼ੇਬ ਬਾਦਸ਼ਾਹ ਦੀ ਤਾਰੀਫ਼ ਵੀ ਕੀਤੀ ਗਈ ਹੈ। ਜ਼ਰਾ ਸੋਚੀਏ, ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਵਰਗੇ ਜ਼ਾਲਮ ਹਾਕਮ ਦੀ ਵਡਿਆਈ ਕਿਉਂ ਕਰਨਗੇ? ਇਸ ਰਚਨਾ ਨੂੰ ਹਿਕਾਯਤ ਨੰ:੧ ਕਰ ਕੇ ਲਿਖਿਆ ਹੈ।

15. **ਪੰਨਾ ੧੩੯੪ ਤੋਂ ੧੪੨੮ :** ਹਿਕਾਯਾਤਾਂ। (ਜ਼ਫ਼ਰਨਾਮਾ ਨਾਲ ਮਿਲਾ ਕੇ ਕੁੱਲ ਗਿਣਤੀ ੧੨)। ਮਜ਼ਮੂਨ ਤ੍ਰਿਯਾ ਚਰਿੱਤ੍ਰ ਹੀ ਹੈ। ਲਿਖਾਰੀ ਕਵਿ ਸਯਾਮ ਹੀ ਹੈ।

## ਬਚਿੱਤ੍ਰ ਨਾਟਕ ਦਾ ਲਿਖਾਰੀ ਕੌਣ?

'ਦਸਮ' ਅੱਖਰ ਲਿਖੇ ਹੋਣ ਤੋਂ ਭੁਲੇਖਾ ਪੈਂਦਾ ਹੈ ਕਿ ਇਹ ਕਿਤਾਬ ਦਸਮ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੀ ਰਚੀ ਹੋਈ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ, ਸਿੱਖ-ਵਿਰੋਧੀਆਂ ਨੇ ਕਈ ਕਿਤਾਬਾਂ ਸਿੱਖ ਕੌਮ ਨੂੰ ਗੁਮਰਾਹ ਕਰਨ ਲਈ ਲਿਖੀਆਂ (ਗੁਰਬਿਲਾਸ ਪਾਤਸ਼ਾਹੀ ਛੇਵੀਂ, ਜਨਮ ਸਾਖੀ ਭਾਈ ਬਾਲੇ ਵਾਲੀ, ਬਚਿੱਤ੍ਰ ਨਾਟਕ, ਸਰਬਲੋਹ ਗ੍ਰੰਥ, ਸੂਰਜ ਪ੍ਰਕਾਸ਼ ਆਦਿ)। ਬਚਿੱਤ੍ਰ ਨਾਟਕ ਦੀਆਂ ਰਚਨਾਵਾਂ ਦੇ ਸਮਾਪਤੀ ਸੰਕੇਤ ਸਿੱਧ ਕਰਦੇ ਹਨ ਕਿ ਇਸ ਕਿਤਾਬ ਦਾ ਆਧਾਰ ਤਿੰਨ ਬ੍ਰਾਹਮਣੀ ਗ੍ਰੰਥ (ਮਾਰਕੰਡੇਯ ਪੁਰਾਣ, ਸ੍ਰੀਮਦ ਭਗਵਤ ਪੁਰਾਣ ਅਤੇ ਸ਼ਿਵ ਪੁਰਾਣ) ਹਨ।

## ਮਾਰਕੰਡੇਯ ਪੁਰਾਣ

ਇਸ ਦੀ ਨਾਇਕਾ ਦੇਵੀ ਦੁਰਗਾ (ਅਤੇ ਉਸਦੇ ਹੋਰ ਨਾਂਅ ਭਵਾਨੀ, ਸ਼ਿਵਾ, ਭਗਉਤੀ, ਕਾਲਕਾ, ਕਾਲ, ਕਾਲੀ, ਮਹਾਂਕਾਲੀ, ਚੰਡੀ ਆਦਿ) ਹੈ।

## ਸ੍ਰੀਮਦ ਭਗਵਤ ਪੁਰਾਣ

ਇਸ ਦੇ ਨਾਇਕ ਵਿਸ਼ਨੂੰ ਅਤੇ ਉਸਦੇ 24 (ਮਨੋਕਲਪਿਤ) ਅਵਤਾਰ ਹਨ।





## ਸ਼ਿਵ ਪੁਰਾਣ

ਇਸ ਦੇ ਨਾਇਕ ਸ਼ਿਵ ਅਤੇ ਉਸ ਦੇ ਭਿਆਨਕ (ਮਨੋਕਲਪਿਤ) ਵਿਨਾਸ਼ਕਾਰੀ ਸਰੂਪ ਮਹਾਂਕਾਲ, ਸਰਬਕਾਲ ਆਦਿਕ ਹਨ। ਅਸ਼ਲੀਲ ਤ੍ਰਿਯਾ-ਚਰਿੱਤ੍ਰਾਂ ਦਾ ਆਧਾਰ ਵੀ ਇਹੀ ਪੁਰਾਣ ਹੈ। ਇਸ ਦਾ ਲਿਖਾਰੀ ਤਾਂਤ੍ਰਿਕ-ਮੱਤ ਦਾ ਧਾਰਨੀ ਹੈ ਅਤੇ ਮਹਾਂਕਾਲੀ ਦਾ ਉਪਾਸ਼ਕ ਹੈ।

ਬਚਿੱਤ੍ਰ ਨਾਟਕ ਵਿੱਚ ਪੰਜਾਬੀ ਦੀ ਬਜਾਏ ਬ੍ਰਜ-ਭਾਸ਼ਾ ਅਤੇ ਰਾਜਸਥਾਨ ਦੀ ਡਿੰਗਲ ਸ਼ੈਲੀ ਪ੍ਰਧਾਨ ਹੈ ਅਤੇ ਇਹ ਭਾਸ਼ਾ ਕਵੀ ਸਯਾਮ, ਕਵੀ ਰਾਮ ਦੀ ਹੈ। ਜਾਅਲੀ ਕਵੀ ਦੀ 'ਕਵੀ ਛਾਪ' ਇਸ ਕਿਤਾਬ ਵਿੱਚ ਅਨੇਕਾਂ ਪੰਨਿਆਂ ਤੇ ਮਿਲਦੀ ਹੈ। ਕਵੀ ਸਯਾਮ ਦੀ (੧੫੫, ੧੬੦, ੨੧੩, ੨੫੭, ......੩੦੧, ........੩੯੨, ੪੦੩...........੪੯੭, ੫੦੮....੫੬੯, ੬੬੯, ੬੮੯, ੨੧੩੨, ...੧੩੫੫ ਆਦਿ) ਤੇ ਮਿਲਦੀ ਹੈ। ਇਸੇ ਤਰ੍ਹਾਂ ਕਵੀ ਰਾਮ ਦੀ 'ਕਵੀ ਛਾਪ' ਪੰਨੇ ੪੦੪, ....੪੮੯, ੮੪੯, ੮੫੧, ੮੮੪ ਤੇ ਦਰਜ਼ ਹੈ। ਕਵੀ ਕਾਲ ਦੀ 'ਕਵੀ ਛਾਪ' ਪੰਨਾ ੧੧੨੮ 'ਤੇ ਹੈ।

**ਪੂਰੇ ਯਕੀਨ ਨਾਲ ਕਿਹਾ ਜਾ ਸਕਦਾ ਹੈ ਕਿ ਬਚਿੱਤ੍ਰ ਨਾਟਕ ਕਿਤਾਬ ਦੇ ਲਿਖਾਰੀ ਵਾਂਮ-ਮਾਰਗੀ, ਤਾਂਤ੍ਰਿਕ ਮੱਤ ਦੇ ਧਾਰਨੀ ਜਾਅਲੀ ਕਵੀ ਸਯਾਮ, ਕਵੀ ਰਾਮ ਅਤੇ ਕਵੀ ਕਾਲ ਹੀ ਹਨ। ਗੁਰੂ ਗੋਬਿੰਦ ਸਿੰਘ ਵਰਗੀ ਮਹਾਨ ਸ਼ਖ਼ਸੀਅਤ ਨੂੰ ਇਨ੍ਹਾਂ ਰਚਨਾਵਾਂ ਦਾ ਰਚਨਹਾਰ ਮੰਨਣ ਵਾਲਾ ਪੰਥ-ਦੋਖੀ ਹੀ ਹੋ ਸਕਦਾ ਹੈ; ਅਕ੍ਰਿਤਘਣ ਮਨੁੱਖ ਹੀ ਹੋ ਸਕਦਾ ਹੈ ਨਾ ਕਿ ਕੋਈ ਗੁਰੂ-ਖ਼ਾਲਸਾ ਪੰਥ ਦਰਦੀ।''**

[ਦਲਬੀਰ ਸਿੰਘ : ਸ੍ਰੀ ਗੁਰੂ ਗ੍ਰੰਥ ਸਾਹਿਬ ਬਨਾਮ ਦਸਮ ਗ੍ਰੰਥ (ਤੁਲਨਾਤਮਕ ਅਧਿਐਨ)]

**ਨੋਟ : ਬਚਿੱਤ੍ਰ ਨਾਟਕ ਦਾ ਬਹੁਤਾ ਹਿੱਸਾ ਬਿਪਰਵਾਦੀ (ਵਾਮ ਮਾਰਗੀ ਤਾਂਤ੍ਰਿਕ ਮੱਤ) ਪੁਰਾਣਾਂ (ਮਾਰਕੰਡੇਯ ਪੁਰਾਣ, ਸ਼੍ਰੀਮਦ ਭਾਗਵਤ ਪੁਰਾਣ ਅਤੇ ਸ਼ਿਵ ਪੁਰਾਣ) ਵਿੱਚੋਂ ਹੂ-ਬ-ਹੂ ਨਕਲ ਕਰਕੇ ਲਿਖਿਆ ਹੋਇਆ ਹੈ ਅਤੇ ਇਹ ਪੁਰਾਣ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਤੋਂ ਪਹਿਲਾਂ ਦੇ ਲਿਖੇ ਹੋਏ ਹਨ। ਜੇਕਰ ਬਚਿੱਤ੍ਰ ਨਾਟਕ ਨੂੰ ਦਸਮੇਸ਼ ਪਿਤਾ ਜੀ ਦੀ ਰਚਨਾ ਮੰਨ ਲਿਆ ਜਾਵੇ ਤਾਂ ਇਹ ਵੀ ਮੰਨਣਾ ਪਵੇਗਾ ਕਿ ਉਨ੍ਹਾਂ ਨੇ ਪੁਰਾਣਾਂ ਤੋਂ ਨਕਲ ਮਾਰ ਕੇ ਇਸ ਨੂੰ ਲਿਖਿਆ। ਕੀ ਇਹ ਗੱਲ ਦਸਮੇਸ਼ ਜੀ ਦੀ ਵਡਿਆਈ ਕਰਨ ਵਾਲੀ ਹੋਵੇਗੀ ਜਾਂ ਤੌਹੀਨ ਕਰਨ ਵਾਲੀ? ਇਥੇ ਹੀ ਬੱਸ ਨਹੀਂ। ਦਸਮੇਸ਼ ਪਿਤਾ ਜੀ ਨੂੰ ਦੇਵੀ-ਪੂਜਕ, ਗੁਰੂ ਨਾਨਕ ਦੇ ਫ਼ਲਸਫ਼ੇ ਦੀ ਉਲੰਘਣਾ**

**ਕਰਨ ਵਾਲੇ ਅਤੇ ਬਿਪਰਵਾਦੀ ਫ਼ਲਸਫ਼ੇ ਦੇ ਹਮਾਇਤੀ ਵੀ ਮੰਨਣਾ ਪਵੇਗਾ। ਦਸਮੇਸ਼ ਪਿਤਾ ਜੀ ਨੂੰ ਬਚਿੱਤ੍ਰ ਨਾਟਕ ਦਾ ਲਿਖਾਰੀ ਮੰਨਣ ਵਾਲੇ ਵੀਰੋ ! ਭੈਣੋ ! ਬਿਪਰਵਾਦੀ ਲਾਣਾ ਇਹੀ ਤਾਂ ਚਾਹੁੰਦਾ ਹੈ ਅਤੇ ਇਸ ਘਿਨਾਉਂਣੇ ਨਿਸ਼ਾਨੇ ਨੂੰ ਹਾਸਲ ਕਰਨ ਲਈ ਸਿੱਖੀ ਸਰੂਪ ਵਿੱਚ ਗੁਰੂ ਨਾਨਕ ਸਾਹਿਬ - ਗੁਰੂ ਗ੍ਰੰਥ ਸਾਹਿਬ ਦੇ ਪੱਕੇ ਸਿੱਖ ਹੋਣ ਦਾ ਦਾਅਵਾ ਕਰਨ ਵਾਲਿਆਂ ਨੂੰ ਅਪਣੇ ਹੱਥ-ਠੋਕੇ ਬਣਾਉਣਾ ਚਾਹੁੰਦਾ ਹੈ। ਕੀ ਤੁਸੀ ਉਸਦੇ ਹੱਥ-ਠੋਕੇ ਬਣਨ ਲਈ ਤਿਆਰ ਹੋ ?**

**"ਖ਼ਾਲਸਾ ਜੀ ! ਜਾਗੋ, ਹਮਲਾ ਸਿੱਧਾ ਸਤਿਗੁਰੂ 'ਤੇ ਹੈ !!**

ਗੱਲ ਬੜੀ ਸਪੱਸ਼ਟ ਹੈ। ਗੁਰੂ ਗ੍ਰੰਥ ਸਾਹਿਬ ਦਾ ਸ਼ਰੀਕ ਪੈਦਾ ਕੀਤਾ ਜਾ ਰਿਹਾ ਹੈ। ਪਹਿਲਾ ਪੜਾਅ ਹੈ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ (ਮੁਕਾਬਲੇ 'ਤੇ) ਪ੍ਰਕਾਸ਼ ਕਰਨਾ। ਫਿਰ ਹੌਲੀ-ਹੌਲੀ ਮਨਮਰਜ਼ੀ ਹੋ ਜਾਵੇਗੀ, ਜਿਹੜੇ ਮਰਜ਼ੀ ਇੱਕ ਗ੍ਰੰਥ ਦਾ ਪ੍ਰਕਾਸ਼ ਕਰ ਲਵੋ, ਕਿਉਂਕਿ ਦੋਨੋ ਬਰਾਬਰ ਜੋ ਸਥਾਪਤ ਹੋ ਜਾਣਗੇ। ਭੋਲੇ-ਭਾਲੇ, ਅਗਿਆਨੀ ਸਿੱਖਾਂ ਨੂੰ ਕੀ ਫਰਕ ਪੈਣਾ ਹੈ ? ਉਨ੍ਹਾਂ ਤਾਂ ਚੰਗੇ ਸਜੇ ਹੋਏ, ਕੀਮਤੀ ਰੁਮਾਲਿਆਂ ਨਾਲ ਕੱਜੇ ਹੋਏ ਗ੍ਰੰਥ ਅੱਗੇ ਮੱਥਾ ਹੀ ਟੇਕਣਾ ਹੈ। ਪਰ ਮਾੜੀ-ਮੋਟੀ ਸਮਝ ਰੱਖਣ ਵਾਲਿਆਂ ਵਾਸਤੇ ਤਾਂ ਸਿਧਾਂਤਕ ਭਰਮ-ਭੁਲੇਖੇ, ਇਥੇ ਹੀ ਵੱਡੇ ਪੱਧਰ 'ਤੇ ਖੜ੍ਹੇ ਹੋ ਜਾਣਗੇ। ਸਿੱਖ ਉਸੇ ਦੁਬਿਧਾ ਵਿੱਚ ਫਸ ਜਾਣਗੇ ਜਿਸ ਵਿੱਚੋਂ ਸਤਿਗੁਰੂ ਨੇ ਸਾਨੂੰ ਸਦੀਆਂ ਦਾ ਸਮਾਂ ਲਾ ਕੇ ਕੱਢਿਆ ਹੈ। ਹੌਲੀ-ਹੌਲੀ ਗੁਰੂ ਗ੍ਰੰਥ ਸਾਹਿਬ ਨੂੰ ਪਾਸੇ ਕਰ ਦਿੱਤਾ ਜਾਵੇਗਾ। ਇੱਕੋ ਗ੍ਰੰਥ ਰਹਿ ਜਾਵੇਗਾ, ਫੇਰ ਉਸ ਨੂੰ ਜੋ ਮਰਜ਼ੀ ਨਾਂਅ ਦੇ ਦਿੱਤਾ ਜਾਵੇ। ਕਿਉਂਕਿ, **ਜੋ ਗੁਰੂ ਗ੍ਰੰਥ ਸਾਹਿਬ ਨੂੰ ਬੇਦਾਵਾ ਦੇਈ ਬੈਠੇ ਹਨ, ਉਨ੍ਹਾਂ ਬਚਿੱਤ੍ਰ ਨਾਟਕ ਨੂੰ ਵੀ ਤਾਂ ਹੁਣ "ਦਸਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਹੀ ਬਣਾ ਦਿੱਤਾ ਹੈ।**

**ਖ਼ਾਲਸਾ ਜੀ ! ਜੇ ਹੁਣ ਵੀ ਅਵੇਸਲੇ ਰਹੇ ਤਾਂ ਬਹੁਤ ਦੇਰ ਹੋ ਜਾਵੇਗੀ !!**

- **ਸਾਵਧਾਨ ਰਹੋ ! ਕਿ ਤੁਹਾਡੇ ਨੇੜੇ ਤਾਂ ਕੋਈ ਇਸ ਸ਼ਾਕਤੀ ਕਿਤਾਬ ਦੀ ਮੰਜੀ, ਸਾਡੇ ਸਤਿਗੁਰੂ ਜੀ ਦੇ ਬਰਾਬਰ ਲੁਆਉਂਣ ਦੀ ਕੋਸ਼ਿਸ਼ ਤਾਂ ਨਹੀਂ ਕਰ ਰਿਹਾ। ਜੇ ਕੋਈ ਐਸੀ ਕੋਝੀ ਕੋਸ਼ਿਸ਼ ਕਰੇ ਤਾਂ ਉਸ ਨੂੰ ਹਰ ਕੀਮਤ 'ਤੇ ਰੋਕਿਆ ਜਾਵੇ, ਭਾਵੇਂ ਸਤਿਗੁਰੂ ਵਾਸਤੇ ਆਪਣੀ ਜਾਨ ਵੀ ਕਿਉਂ ਨਾ ਵਾਰਨੀ ਪਵੇ।**
- **ਜਿਨ੍ਹਾਂ ਸਥਾਨਾਂ 'ਤੇ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਇਸ ਸ਼ਾਕਤੀ ਕਿਤਾਬ ਨੂੰ ਸਥਾਪਤ ਕਰਕੇ ਸਤਿਗੁਰੂ ਜੀ ਦਾ ਘੋਰ ਅਪਮਾਨ ਕੀਤਾ ਜਾ ਰਿਹਾ ਹੈ, ਜਿੰਨਾ ਚਿਰ ਉਥੋਂ ਇਸ ਸ਼ਾਕਤੀ ਪੁਸਤਕ ਨੂੰ ਚੁੱਕਿਆ ਨਹੀਂ ਜਾਂਦਾ, ਉਨ੍ਹਾਂ ਸਥਾਨਾਂ 'ਤੇ ਜਾਣ ਅਤੇ ਮੱਥਾ ਟੇਕਣ ਤੋਂ ਗੁਰੇਜ਼ ਕੀਤਾ ਜਾਵੇ।**





- ਰਾਗੀ ਸਿੰਘਾਂ ਨੂੰ ਨਿਰੋਲ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਵਿੱਚੋਂ ਹੀ ਕੀਰਤਨ ਕਰਨ ਲਈ ਕਹੋ। ਹਾਂ, ਪ੍ਰਮਾਣ ਭਾਈ ਗੁਰਦਾਸ ਜੀ ਅਤੇ ਭਾਈ ਨੰਦ ਲਾਲ ਜੀ ਦੀਆਂ ਲਿਖਤਾਂ ਵਿੱਚੋਂ ਦਿੱਤੇ ਜਾ ਸਕਦੇ ਹਨ।

ਖ਼ਾਲਸਾ ਜੀ ! ਆਓ, ਰਲਕੇ ਹੰਭਲਾ ਮਾਰੀਏ ਅਤੇ ਆਪਣੇ ਸਤਿਗੁਰੂ ਦੀ ਅਜ਼ਮਤ ਨੂੰ ਬਚਾਈਏ !!"

[ਗੁਰੂ ਗ੍ਰੰਥ ਸਾਹਿਬ ਨੂੰ ਸਮਰਪਿਤ ਜਥੇਬੰਦੀਆਂ ਅਤੇ ਸੇਵਾਦਾਰਾਂ ਵਲੋਂ ਪ੍ਰਕਾਸ਼ਤ ਪੁਸਤਿਕਾ "ਕਬੀਰ, ਸਾਚਾ ਸਤਿਗੁਰ ਕਿਆ ਕਰੈ, ਜਉ ਸਿਖਾ ਮਹਿ ਚੂਕ॥ (ਅਪ੍ਰੈਲ 2009)]

## "ਕਬਯੋ ਬਾਚ ਬੇਨਤੀ॥ ਚੌਪਈ॥" ਬਾਰੇ ਸੰਖੇਪ ਵਿਚਾਰ

ਇਹ ਰਚਨਾ ਬਚਿੱਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਵਿੱਚ ਦਰਜ ਤ੍ਰਿਆ ਚਰਿੱਤ੍ਰ (ਪਖ੍ਯਾਨ ਚਰਿੱਤ੍ਰ) ਦਾ ਇੱਕ ਹਿੱਸਾ ਹੈ। ਤ੍ਰਿਆ ਚਰਿੱਤ੍ਰ ਇਸ ਸ਼ਾਕਤੀ ਪੋਥੇ ਦੇ ਪੰਨਾ ਨੰਬਰ ੮੦੯ ਤੋਂ ਲੈਕੇ ਪੰਨਾ ਨੰਬਰ ੧੩੮੮ ਤੱਕ (ਕੁੱਲ ੫੮੯ ਪੰਨੇ) ੪੦੪ ਚਰਿੱਤ੍ਰਾਂ ਦੇ ਰੂਪ ਵਿੱਚ ਦਰਜ ਹੈ।

ਇਹ ਚੌਪਈ, ਤ੍ਰਿਆ ਚਰਿੱਤ੍ਰ ਨੰ: ੪੦੪ (ਪੰਨਾ ਨੰਬਰ ੧੩੮੬ ਤੋਂ ਲੈਕੇ ਪੰਨਾ ਨੰਬਰ ੧੩੮੮ ਤੱਕ ਅੰਕਿਤ) ਦੇ ਬੰਦ ਨੰਬਰ ੩੭੭ ਤੋਂ ਅਰੰਭ ਹੋਕੇ ਬੰਦ ਨੰਬਰ ੪੦੫ ਤੱਕ ਅੰਕਿਤ ਕੀਤੀ ਮਿਲਦੀ ਹੈ। ਮੌਜੂਦਾ ਸਿੱਖ ਰਹਿਤ ਮਰਯਾਦਾ ਅਨੁਸਾਰ ਇਸ ਦਾ ਪਾਠ ਬੰਦ ਨੰਬਰ ੩੭੭ ("ਹਮਰੀ ਕਰੋ ਹਾਥ ਦੈ ਰੱਛਾ") ਤੋਂ ਲੈਕੇ ਬੰਦ ਨੰਬਰ ੪੦੧ ("ਦੁਸ਼ਟ ਦੋਖ ਤੇ ਲੇਹੁ ਬਚਾਈ") ਤੱਕ ਕੀਤਾ ਜਾਂਦਾ ਹੈ। **ਇਸ ਪੁਸਤਕ ਵਿੱਚ ਸ਼੍ਰੋ: ਕਮੇਟੀ ਦੇ ਪੱਤਰ ਨੰ: ੩੬੬੭੨ ਮਿਤੀ ੩-੮-੧੯੭੩ ਦਾ ਹਵਾਲਾ ਦੇਕੇ ਦੱਸਿਆ ਜਾ ਚੁੱਕਾ ਹੈ ਕਿ ਤ੍ਰਿਆ ਚਰਿੱਤ੍ਰ ਦਸਮੇਸ਼-ਰਚਨਾ ਨਹੀਂ ਹੈ।**

ਸ: ਜਸਬਿੰਦਰ ਸਿੰਘ ਖ਼ਾਲਸਾ, ਕਨਵੀਨਰ ਭਾਈ ਲਾਲੋ ਫਾਉਂਡੇਸ਼ਨ (ਦੁਬੱਈ), ਨੇ ਕਈ ਸਾਲਾਂ ਦੀ ਮਿਹਨਤ ਕਰਕੇ (ਤਿੰਨ ਭਾਗਾਂ ਵਿੱਚ) ਪੁਸਤਕ 'ਦਸਮ ਗ੍ਰੰਥ ਦਾ ਲਿਖਾਰੀ ਕੌਣ' ? ਦੇ ਸਿਰਲੇਖ ਹੇਠ ਲਿਖੀ ਹੈ। ਉਨ੍ਹਾਂ ਦੀ ਇਸ ਪੁਸਤਕ ਵਿੱਚੋਂ 'ਕਬਯੋ ਬਾਚ ਬੇਨਤੀ॥ ਚੌਪਈ॥' ਬਾਰੇ ਕੁਝ ਟਿੱਪਣੀਆਂ ਪਾਠਕਾਂ ਦੀ ਦਿਲਚਸਪੀ ਲਈ ਹੇਠਾਂ ਦਿੱਤੀਆਂ ਜਾ ਰਹੀਆਂ ਹਨ -

"ਕਵੀ ਸ੍ਰਮ ਸ਼੍ਰਿਸ਼ਟੀ ਦਾ ਰਚਨਹਾਰ ਅਸਿਧੁਜ (ਅਸਿਕੇਤ, ਮਹਾਂਕਾਲ) ਨੂੰ ਮੰਨਦਾ ਹੈ। ਸਿੱਖ ਧਰਮ ਦੇ ਦੋਖੀਆਂ ਨੇ ਆਹ ਹਥਲੀ ਚੌਪਈ ਦੇ ਨਾਲ ਪਾਤਸ਼ਾਹੀ ੧੦ ਜੜ ਦਿੱਤਾ। .....ਕਵੀ ਸ੍ਰਮ ਦੀਆਂ ਨਜ਼ਰਾਂ ਵਿੱਚ ਦੈਂਤ ਕੌਣ ਹਨ ? ਮੁਗ਼ਲ, ਪਠਾਣ, ਸਯਦ ਤੇ ਸਿੱਖ। ਇਸ ਬਾਰੇ ਕਵੀ ਆਪਣੀ ਕਾਵਿ ਰਚਨਾ 'ਚ (ਇਸੇ ਚਰਿੱਤ੍ਰ ਨੰਬਰ ੪੦੪ ਵਿੱਚ) ਸਪੱਸ਼ਟ ਕਰ ਚੁੱਕਾ ਹੈ। ਹੁਣ ਕਵੀ ਆਪਣੇ ਰੱਬ (ਮਹਾਂਕਾਲ) ਮੋਹਰੇ ਗਿੜਗਿੜਾ ਰਿਹਾ ਹੈ।

ਸਾਡੇ ਮੂਰਖ ਅਤੇ ਅਨਪੜ੍ਹ ਪੁਜਾਰੀਆਂ ਨੇ ਇਸ ਕਾਵਿ ਰਚਨਾਂ ਦੇ ਬੰਦਾਂ 'ਚ ਹੇਰਾਫੇਰੀ ਕਰਕੇ ਆਪਣੇ ਉਜੱਡ ਹੋਣ ਦਾ ਸਬੂਤ ਹੀ ਨਹੀਂ ਦਿੱਤਾ ਬਲਕਿ ਇਸ ਰਚਨਾ ਨਾਲ 'ਪਾਤਸ਼ਾਹੀ ੧੦' ਲਿਖਕੇ ਗੁਰੂ ਦਾ ਅਪਮਾਨ ਅਤੇ ਸਿੱਖ ਧਰਮ ਤੋਂ ਬਗ਼ਾਵਤ ਵੀ ਕੀਤੀ ਹੈ।"

*ਹਮਰੇ ਦੁਸ਼ਟ ਸਭੈ ਤੁਮ ਘਾਵਹੁ॥ ਆਪ ਹਾਥ ਦੈ ਮੋਹਿ ਬਚਾਵਹੁ॥*

*(ਬੰਦ ਨੰ: ੩੭੮)*

**ਅਰਥ** : ਮੇਰੇ ਸਾਰੇ ਹੀ ਦੁਸ਼ਮਣਾਂ ਨੂੰ ਮਾਰ ਦੇਹ ਅਤੇ ਆਪਣਾ ਹੱਥ ਦੇਕੇ ਮੈਨੂੰ ਬਚਾ ਲੈ।

**ਟਿੱਪਣੀ : "ਕੀ ਗੁਰੂ ਗੋਬਿੰਦ ਸਿੰਘ ਅਜਿਹੀ ਸੋਚ ਅਪਣਾ ਸਕਦੇ ਹਨ? ...ਹਰ ਰੋਜ ਲਾਊਡ ਸਪੀਕਰਾਂ ਰਾਹੀਂ ਅਸੀਂ ਆਪਣੇ ਹੀ ਭਰਾ ਮਾਰਨ ਦੀਆਂ ਅਰਦਾਸਾਂ ਕਰਦੇ ਹਾਂ।"**

*ਮੋ ਰੱਛਾ ਨਿਜ ਕਰ ਕੈ ਕਰਿਐ॥ ਸਭ ਬੈਰਨ ਕੋ ਅਜ ਸੰਘਰਿਐ॥*

*(ਬੰਦ ਨੰ: ੩੭੯)*

**ਅਰਥ** : (ਦੇਖੀਂ ਕਿਤੇ ਭੁੱਲ ਨਾ ਜਾਈਂ) ਮੇਰੀ ਰੱਖਿਆ ਆਪਣੇ ਨਿੱਜੀ ਹੱਥਾਂ ਦੇ ਆਸਰੇ ਕਰਨੀ (ਕਿਤੇ ਹੋਰ ਨੂੰ ਨਾ ਠੇਕਾ ਦੇ ਦੇਵੀਂ), ਮੇਰੇ ਸਾਰੇ ਵੈਰੀਆਂ ਨੂੰ ਅੱਜ ਹੀ ਮਾਰ ਦੇਣਾ।

*ਸੇਵਕ ਸਿੱਖ ਹਮਾਰੇ ਤਾਰੀਅਹਿ॥ ਚੁਨਿ ਚੁਨਿ ਸਤ੍ਰ ਹਮਾਰੇ ਮਾਰੀਅਹਿ॥*

*(ਬੰਦ ੩੮੦)*

**ਟਿੱਪਣੀ** : "ਐਦਾਂ ਦੀਆਂ ਅਰਦਾਸਾਂ ਬੁਜ਼ਦਿਲ ਤੇ ਕਾਇਰ ਕਰਦੇ ਐਂ ਕੋਈ ਸੂਰਮਾ ਨਹੀਂ। ਸਿੱਖਾਂ ਨੇ ਤਾਂ ਦੁਸ਼ਮਣਾਂ ਦੇ ਵੀ ਪੱਟੀਆਂ ਬੰਨ੍ਹੀਆਂ, ਮਲ੍ਹਮ ਲਾਈ, ਪਾਣੀ ਪਿਲਾਇਆ। ਇਹ ਘਟੀਆ ਸੋਚ ਪੈਦਾ ਕਰਨ ਵਾਲੇ ਕੌਣ ਹੋ ਸਕਦੇ ਹਨ? ਜਰਾ ਸੋਚੋ।"

*ਆਪੁ ਹਾਥ ਦੈ ਮੁਝੈ ਉਬਰਿਯੈ॥ ਮਰਨ ਕਾਲ ਕਾ ਤ੍ਰਾਸ ਨਿਵਰਿਯੈ॥*

*(ਬੰਦ ੩੮੧)*

**ਅਰਥ** : ਮੈਨੂੰ ਆਪਣਾ ਹੱਥ ਦੇਕੇ ਬਚਾ ਲੈ ਅਤੇ ਮੇਰਾ ਮਰਨ ਦਾ ਡਰ ਦੂਰ ਕਰ ਦੇ।

**ਟਿੱਪਣੀ** : ਦੇਖਿਆ ਬੁਜ਼ਦਿੱਲੀ ਦਾ ਕਰਿਸ਼ਮਾ! ਜਿਹੜਾ ਮੌਤ ਤੋਂ ਐਨਾ ਡਰਦਾ ਹੈ ਉਸਨੇ ਜੰਗ ਸੁਆਹ ਜਿੱਤਣੀ ਹੈ। ਸਿੱਖਾਂ ਨੇ ਤਾਂ ਮੌਤ ਨਾਲ ਰੱਜ ਰੱਜ ਖੇਲ੍ਹਿਆ। ਸਰਹਿੰਦ ਦੀ ਦੀਵਾਰ ਨੇ ਡਰਾਉਂਣ ਦੀ ਕੋਸ਼ਿਸ਼ ਕੀਤੀ, ਚਮਕੌਰ ਦੀ ਕੱਚੀ ਗੜ੍ਹੀ ਨੇ ਡਰਾਇਆ, ਸਰਸਾ ਦੀਆਂ ਤੇਜ਼ ਠੰਢੀਆਂ ਲਹਿਰਾਂ ਨੇ ਡਰਾਉਂਣ ਲਈ ਭਿਆਨਕ ਰੂਪ ਧਾਰਿਆ, ਪਰ ਸਦਕੇ ਜਾਵਾਂ ਮਾਵਾਂ ਦੇ ਲਾਲਾਂ ਤੋਂ, ਓਹ ਥੋੜ੍ਹਾ ਵੀ ਟੱਸ ਤੋਂ ਮੱਸ ਨਾ ਹੋਏ...ਹੋਰ ਤਾਂ ਹੋਰ ਸੱਤ ਤੋਂ ਨੌਂ ਸਾਲ ਦੇ ਬੱਚਿਆਂ ਨੂੰ ਨਾ ਡਰਾ ਸਕੀ।...ਐਥੇ ਤਾਂ ਕਵੀ, ਮਹਾਂਕਾਲ ਮੋਹਰੇ, ਮੌਤ ਦੇ ਡਰ ਦਾ ਮਾਰਿਆ, ਗਿੜਗਿੜਾਈ ਜਾਂਦੈ-ਗਿੜਗਿੜਾਈ ਜਾਂਦੈ॥





*ਸੰਤਨ ਦੁਖ ਪਾਏ ਤੇ ਦੁਖੀ॥ ਸੁਖ ਪਾਏ ਸਾਧਨ ਕੇ ਸੁਖੀ॥ (ਬੰਦ ੩੮੮)*

**ਅਰਥ** : ਉਹ ਸੇਵਕਾਂ ਦੇ ਦੁਖੀ ਹੋਣ ਤੇ ਆਪ ਦੁਖੀ ਹੁੰਦਾ ਹੈ ਅਤੇ ਜੇਕਰ ਉਹ ਸੁਖੀ ਹੋਣ ਤਾਂ ਆਪ ਖੁਸ਼ ਹੁੰਦਾ ਹੈ।

**ਟਿੱਪਣੀ** : ....ਜੇਕਰ ਰੱਬ ਨੂੰ ਵੀ ਗ਼ਮੀ-ਖ਼ੁਸ਼ੀ ਚਿੰਬੜ ਗਈ ਤਾਂ ਫਿਰ ਉਹ ਰੱਬ ਕਾਹਦਾ ਹੋਇਆ?

*ਤੁਮ ਸਭ ਹੀ ਤੇ ਰਹਤ ਨਿਰਾਲਮ॥ ਜਾਨਤ ਬੇਦ ਭੇਦ ਅਰ ਆਲਮ॥*

*(ਬੰਦ ੩੯੦)*

**ਅਰਥ** : (ਹੇ ਮਹਾਂਕਾਲ!) ਤੂੰ ਸਭ ਤੋਂ ਨਿਆਰਾ ਰਹਿੰਦਾ ਹੈਂ, ਇਸ ਗੱਲ ਦਾ ਭੇਦ ਵੇਦ ਜਾਣਦੇ ਹਨ ਜਾਂ ਫਿਰ ਵੇਦਾਂ ਦੇ ਗਿਆਤਾ (ਪੜ੍ਹੇ-ਲਿਖੇ ਬੰਦੇ ਮਤਲਬ ਕਿ ਬ੍ਰਾਹਮਣ)।

*ਅਬ ਰੱਛਾ ਮੇਰੀ ਤੁਮ ਕਰੋ॥ ਸਿੱਖਯ ਉਬਾਰਿ ਅਸਿੱਖਯ ਸੰਘਰੋ॥ (ਬੰਦ ੩੯੬)*

**ਅਰਥ** : ਹੁਣ ਤੂੰ ਮੇਰੀ ਰੱਖਿਆ ਕਰ (ਕਿਉਂਕਿ ਖ਼ਾਸ ਹੀ ਲੰਮੀ ਚੌੜੀ ਅਰਦਾਸਿ ਕੀਤੀ ਹੈ ਨਾ) ਤੂੰ ਆਪਣੇ ਸਿੱਖਾਂ ਨੂੰ ਬਚਾ ਅਤੇ ਜੋ ਤੇਰੇ ਸਿੱਖ ਨਹੀਂ ਹਨ, ਉਨ੍ਹਾਂ ਨੂੰ ਮਾਰ ਦੇ (ਵਾਹ-ਵਾਹ)।

**ਟਿੱਪਣੀ : ਹੈ ਨਾ ਕਮਾਲ, ਕਿੰਨੀ ਸੁੰਦਰ ਗੱਲ ਗੁਰੂ ਦੇ ਮੂੰਹ 'ਚ ਪਾਈ! ਬਈ ਗੁਰੂ ਗੋਬਿੰਦ ਸਿੰਘ ਕਹਿੰਦੇ ਕੇਵਲ ਮੇਰੇ ਸਿੱਖਾਂ ਨੂੰ ਬਚਾਈਂ ਤੇ ਜਿਹੜੇ ਮੇਰੇ ਸਿੱਖ ਨਹੀਂ ਹਨ ਉਨ੍ਹਾਂ ਨੂੰ ਖ਼ਤਮ ਕਰ ਦੇਈਂ। .....ਇਹ ਕੋਈ ਬੋਦਾ ਲਿਖਾਰੀ ਹੀ ਲਿਖ ਸਕਦੈ, ਕੋਈ ਡਰਪੋਕ ਹੀ ਲਿਖ ਸਕਦੈ। ਰੱਬ ਦਾ ਪੁਜਾਰੀ ਰੱਬ ਦੇ ਭਾਣੇ ਵਿੱਚ ਰਹਿੰਦੈ।**

*ਜੇ ਅਸਿਧੁਜ ਤਵ ਸਰਨੀ ਪਰੇ॥ ਤਿਨਕੇ ਦੁਸਟ ਦੁਖਿਤ ਹ੍ਵੈ ਮਰੇ॥ (ਬੰਦ ੩੯੭)*

**ਅਰਥ** : ਜਿਹੜੇ ਬੰਦੇ ਅਸਿਧੁਜ (ਮਹਾਂਕਾਲ) ਦੀ ਸ਼ਰਨ ਆ ਗਏ (ਉਸ ਮਹਾਂਕਾਲ ਨੇ) ਉਨ੍ਹਾਂ ਦੇ ਸਾਰੇ ਦੁਸ਼ਮਣਾਂ ਨੂੰ ਮਾਰ ਦਿੱਤਾ ਅਤੇ ਜਿਹੜੇ ਉਨ੍ਹਾਂ ਨੂੰ ਦੁਖੀ ਕਰਦੇ ਸਨ, ਉਹ ਵੀ ਮਾਰ ਦਿੱਤੇ।

**ਟਿੱਪਣੀ** : ਕੀ ਗੁਰੂ ਗੋਬਿੰਦ ਸਿੰਘ ਜੀ ਅਸਿਧੁਜ (ਮਹਾਂਕਾਲ) ਦੇ ਪੈਰੀਂ ਪਿਆ? ਜਾਂ ਉਸਦੀ ਸ਼ਰਨ ਆਇਆ? ਕੀ ਅਸਿਧੁਜ ਨੇ, ਜਦ ਸਿੱਖਾਂ ਦੇ ਬੰਦ ਬੰਦ ਕੱਟੇ, ਦੇਗਾਂ 'ਚ ਉਬਾਲੇ, ਤੱਤੀ ਤੱਵੀ ਤੇ ਤਨ ਸਾੜੇ, ਗਰਮ ਰੇਤ ਨੇ ਸਰੀਰ ਤੇ ਛਾਲੇ ਪਾਏ, ਆਰਿਆਂ ਨਾਲ ਚੀਰੇ, ਖੋਪੜੀਆਂ ਲਾਹੀਆਂ, ਜੰਬੂਰਾਂ ਨਾਲ ਮਾਸ ਖਿੱਚਿਆ, ਬੱਚਿਆਂ ਦੇ ਟੁਕੜੇ-ਟੁਕੜੇ ਕਰਕੇ ਮਾਵਾਂ ਦੀ ਝੋਲੀ ਸੁੱਟਿਆ, ਗੁਰਦਾਸ ਨੰਗਲ ਦੀ ਗੜ੍ਹੀ 'ਚ ਭੁੱਖੇ ਮਾਰੇ, ਕੋਈ ਮੱਦਦ ਕੀਤੀ? ਕਿਸੇ ਦੁਸ਼ਟ ਨੂੰ ਸੋਧਿਆ?...ਬਿਲਕੁਲ ਨਹੀਂ। ਇੱਕ ਖ਼ਾਸ ਸਾਜਿਸ਼ ਨਾਲ ਗੁਰੂ ਦਾ

ਅਪਮਾਨ ਕਰਨ ਵਾਲਿਆਂ ਨੂੰ ਹੁਣ ਸਮਝ ਲੈਣਾ ਚਾਹੀਦਾ ਹੈ ਕਿ ਓਹ ਬਹੁਤੀ ਦੇਰ ਸਿੱਖਾਂ ਨੂੰ ਮੂਰਖ ਨਹੀਂ ਬਣਾ ਸਕਦੇ, ਬਹੁਤੀ ਦੇਰ ਓਹ ਗੁਰੂ ਦਾ ਅਪਮਾਨ ਨਹੀਂ ਕਰ ਸਕਦੇ। ਗੁਰੂ ਦੇ ਲਾਲਾਂ ਨੇ ਇਸ ਬੇਪਤੀ ਦਾ ਪੁਜਾਰਿਆਂ ਤੋਂ ਹਿਸਾਬ ਮੰਗਣਾ ਹੈ, ਉਸ ਲਈ ਖ਼ਬਰਦਾਰ ਰਹਿਣ, ਇਹ ਸਿੱਖਾਂ ਨੂੰ ਅਤੇ ਜਗਤ ਨੂੰ ਦੱਸਣਾ ਪਵੇਗਾ ਕਿ ਜਦ ਚੌਪਈ ਤੇ 'ਪਾਤਸ਼ਾਹੀ ੧੦' ਲਿਖਿਆ ਹੀ ਨਹੀਂ ਗਿਆ, ਉਨ੍ਹਾਂ ਕਿਸ ਦੀ ਆਗਿਆ ਨਾਲ ਗੁਰੂ ਦੀ ਮੋਹਰ ਲਾਈ? ਕਿਸ ਦੀ ਆਗਿਆ ਨਾਲ ਬੰਦਾਂ ਦੀ ਗਿਣਤੀ ਬਦਲੀ? ....ਗੁਰੂ ਦਾ ਸਿੱਖ ਕਿਸੇ ਦਾ ਬੁਰਾ ਨਹੀਂ ਲੋਚਦਾ, ਉਹ ਇਹ ਨਹੀਂ ਕਹਿੰਦਾ ਮੇਰੇ ਦੁਸ਼ਮਣਾਂ ਨੂੰ ਮਾਰਦੇ, ਉਹ ਸਰਬੱਤ ਦਾ ਭਲਾ ਮੰਗਦਾ ਹੈ, ਆਪਣੇ ਦੁਸ਼ਮਣਾਂ ਦਾ ਵੀ। ....ਕੀ ਗੁਰੂ ਗੋਬਿੰਦ ਸਿੰਘ ਜੀ ਰੱਬ ਦੀ ਪੂਜਾ ਛਡਵਾਕੇ ਆਖਣਗੇ ਕਿ ਬਥੇਰੀ ਪੂਜਾ ਕਰ ਲਈ ਰੱਬ ਦੀ, ਹੁਣ 'ਕਾਲ' ਨੂੰ ਪੂਜੋ। ....ਸਮਾਂ ਕੱਢਕੇ ਸੋਚਣਾ ਤੇ ਸੋਚਦੇ ਰਹਿਣਾ।

*ਕ੍ਰਿਪਾ ਕਰੀ ਹਮ ਪਰ ਜਗਮਾਤਾ॥ ਗ੍ਰੰਥ ਕਰਾ ਪੂਰਨ ਸੁਭ ਰਾਤਾ॥*

**ਅਰਥ** : ਮੇਰੇ ਤੇ ਜਗਮਾਤਾ (ਭਵਾਨੀ ਦੇਵੀ) ਨੇ ਕਿਰਪਾ ਕੀਤੀ॥ ਮੈਂ ਇਹ ਗ੍ਰੰਥ ਸੰਪੂਰਨ ਕੀਤਾ ਹੈ।

*ਕਿਲਬਿਖ ਸਕਲ ਦੇਹ ਕੋ ਹਰਤਾ॥ ਦੁਸ਼ਟ ਦੋਖਿਯਨ ਕੋ ਛੈ ਕਰਤਾ॥*

*(ਬੰਦ ਨੰ: ੪੦੨)*

**ਅਰਥ** : ਇਹ ਗ੍ਰੰਥ ਸਰੀਰ ਦੇ ਸਾਰੇ ਦੁੱਖਾਂ ਨੂੰ ਦੂਰ ਕਰਦਾ ਹੈ। ਦੁਸ਼ਟਾਂ ਅਤੇ ਦੋਖੀਆਂ ਨੂੰ ਮਾਰਨ ਦੀ ਤਾਕਤ ਰੱਖਦਾ ਹੈ।

**ਟਿੱਪਣੀ : ਸਿੱਖ, ਭਵਾਨੀ (ਜਗਮਾਤਾ) ਦੀ ਪੂਜਾ ਨਹੀਂ ਕਰਦਾ। ... ਸਿੱਖ ਰੱਬ ਦਾ ਸ਼ੁਕਰਾਨਾ ਕਰਦਾ ਹੈ। ਦੇਵੀ-ਦੇਵਤਿਆਂ ਦਾ ਨਹੀਂ.....ਸਿੱਖ ਜਾਣਦਾ ਹੈ ਕਿ ਸਰੀਰਕ ਦੁੱਖ ਅਤੇ ਹੋਰ ਡਰ ਰੱਬ ਤੋਂ ਬਿਨਾਂ ਕੋਈ ਹੋਰ ਦੂਰ ਨਹੀਂ ਕਰ ਸਕਦਾ।**

*ਦੂਖ ਦਰਦ ਭੌ ਨਿਕਟ ਨ ਤਿਨ ਨਰ ਕੇ ਰਹੈ॥*
*ਹੋ ਜੋ ਯਾਕੀ ਏਕ ਬਾਰ ਚੌਪਈ ਕੋ ਕਹੈ॥ (ਬੰਦ ੪੦੪)*

**ਅਰਥ** : ਜਿਹੜਾ ਇੱਕ ਬਾਰ ਚੌਪਈ ਨੂੰ ਪੜ੍ਹੇਗਾ ਉਸਦੇ ਸਾਰੇ ਦੁਖ ਦਰਦ ਸਰੀਰ ਤੋਂ ਖ਼ਤਮ ਹੋ ਜਾਣਗੇ।

**ਟਿੱਪਣੀ** : ਮੈਂ ਇਹ ਬਹੁਤੀ ਥਾਈਂ ਲਿਖ ਚੁੱਕਾ ਹਾਂ ਅਤੇ ਬੇਅੰਤ ਸਟੇਜਾਂ ਤੋਂ ਪਿਛਲੇ ੪੫ ਸਾਲਾਂ ਤੋਂ ਦੁਹਾਈ ਦੇ ਰਿਹਾ ਹਾਂ ਕਿ ਸਿੱਖ ਪੁਜਾਰੀਆਂ ਨੂੰ ਗੁਰੂ ਗ੍ਰੰਥ ਸਾਹਿਬ ਜੀ 'ਤੇ ਅਤੇ ਗੁਰੂ ਸਾਹਿਬਾਂ ਤੇ ਥੋਹੜਾ ਵੀ ਯਕੀਨ (ਵਿਸ਼ਵਾਸ਼) ਨਹੀਂ। ਜੇਕਰ ਉਨ੍ਹਾਂ ਨੂੰ ਯਕੀਨ ਹੁੰਦਾ ਤਾਂ ਓਹ ਗੁਰੂ ਗ੍ਰੰਥ ਸਾਹਿਬ ਜੀ ਨੂੰ ਪੜ੍ਹਦੇ ਅਤੇ ਵਿਚਾਰਦੇ। ਹੁਣ ਸਵੇਰੇ ਸ਼ਾਮੀ ਢੋਲਕੀ ਵਾਜੇ ਨਾਲ ਇਸ ਚੌਪਈ ਦਾ ਰਾਗ ਅਲਾਪਦੇ ਹਨ। ਸ਼ਾਇਦ ਇਸ ਅੜਿੱਲ ਦੀ ਕ੍ਰਿਪਾ





ਨਾਲ। ਕਵੀ ਸੂਮ ਨੇ ਆਖ ਦਿੱਤਾ ਕਿ ਕੋਈ ਧਰਮ ਕਮਾਉਂਣ ਦੀ ਲੋੜ ਨਹੀਂ ਬਸ ਮੇਰੀ ਚੌਪਈ ਪੜ੍ਹੋ ਤੇ ਬੇੜਾ ਪਾਰ ਕਰੋ। ਇਸ ਤੋਂ ਸੌਖਾ ਰਾਹ ਭਲਾ ਪੁਜਾਰੀ ਹੋਰ ਕੀ ਲੱਭਣਗੇ। ਉਨ੍ਹਾਂ ਗੁਰੂ ਦੇ ਸਿੱਖਾਂ ਨੂੰ ਵੀ ਗੁਰਬਾਣੀ ਤੋਂ ਤੋੜਕੇ ਸੂਮ ਦੇ ਲੜ ਲਾ ਦਿੱਤਾ, ਕਹਿੰਦੇ ਇਹ ਹੀ ਪੜ੍ਹੀ ਜਾਓ, ਬਾਣੀ ਪੜ੍ਹਨ ਦੀ ਲੋੜ ਨਹੀਂ। ਉਹ ਜਾਣਦੇ ਹਨ ਕਿ ਜੇ ਬੰਦੇ ਨੇ ਬਾਣੀ ਪੜ੍ਹ ਲਈ ਅਤੇ ਸਮਝ ਲਈ ਤਾਂ ਫਿਰ ਉਹ ਸਿੱਖ ਬਣਿਆ ਹੀ ਬਣਿਆ। ਜੇ ਉਹ ਸਿੱਖ ਬਣ ਗਿਆ ਤਾਂ ਸਾਡਾ ਤੋਰੀ-ਫੁਲਕਾ ਬੰਦ ਹੋ ਜਾਊ। ਅਸੀਂ ਸਿੱਖ ਬਣਨ ਹੀ ਨਹੀਂ ਦੇਣਾ ਤੇ ਐਦਾਂ ਹੀ ਉਲਝਾਈ ਰੱਖਣਾ ਹੈ।

.....ਕਾਲ (ਮਹਾਂਕਾਲ) ਦੈਂਤਾ ਦੇ ਟੁਕੜੇ ਕਰਦਾ ਕਰਦਾ, ਕੀਮਾ ਕਰਦਾ ਪਰ ਉਹ ਹੋਰ ਤੇ ਹੋਰ ਪ੍ਰਗਟ ਹੋਈ ਜਾਂਦੇ....ਇਸ ਭਿਆਨਕ ਜੰਗ ਦਾ ਦ੍ਰਿਸ਼ ਕਵੀ ਨੇ ਖ਼ੂਬ ਬੰਨਿਆਂ....ਤੇ ਕਵੀ ਆਖਰ ਹੈ ਕੌਣ? ਲਓ ਕਰੋ ਦਰਸ਼ਨ -

*ਸੂਰਨ ਕੇ ਲੋਮਾ ਭੇਖਰੇ॥ ਕਾਤਰ ਨਿਰਖਿ ਧਾਮ ਰਨ ਬਰੇ॥*
*ਸੋਫੀ ਸੂਮ ਭਏ ਬਹੁ ਬਯਾਕੁਲ। ਦਸੋ ਦਿਸਨ ਭਜਿ ਚਲੇ ਡਰਾਕੁਲ॥*

*(ਬੰਦ ੩੨੦)*

**ਟਿੱਪਣੀ** : ਮੈਂ ਸਦਕੇ ਜਾਵਾਂ ਕਵੀ (ਕਵੀ ਸੂਮ) ਦੀ ਕਲਮ ਤੋਂ।....ਸਾਡੇ ਸਿੱਖਾਂ ਨੂੰ ਕਿਵੇਂ ਕੁਰਾਹੇ ਪਾਇਆ ਇਸਨੇ, ਨਹੀਂ ਪੁਜਾਰੀਆਂ ਨੇ, ਕਵੀ ਤਾਂ ਪਿੱਟ ਪਿੱਟ ਕੇ ਆਖਦਾ ਹੈ ਕਿ ਮੈਨੂੰ ਗੁਰੂ ਗੋਬਿੰਦ ਸਿੰਘ ਨਾ ਬਣਾਓ, ਮੈਂ ਉਤਨੇ ਜੋਗਾ ਨਹੀਂ, ਪਰ ਪੁਜਾਰੀਆਂ ਨੇ ਇੱਕ ਨਾ ਸੁਣੀ.....ਜਿਥੇ ਦੇਖਦੇ ਐਂ 'ਪਾਤਿਸ਼ਾਹੀ-੧੦' ਲਿਖ ਦੇਂਦੇ ਐਂ, ਕੋਈ ਪੁੱਛਣ ਵਾਲਾ ਨਹੀਂ ਇਨ੍ਹਾਂ ਨੂੰ .... ਗੁਰੂ ਨੂੰ ਕਾਮ-ਸ਼ਾਸਤਰ ਦਾ ਲਿਖਾਰੀ ਬਣਾ ਦਿੱਤਾ.....ਲਓ ਦੇਖੋ ਨਵੀਂ ਕਰਤੂਤ ਕਾਮ-ਸ਼ਾਸਤ੍ਰ, ਤੇ ਬਾਹਰ ਲਿਖ ਦਿੱਤਾ 'ਸ੍ਰੀ ਦਸਮ ਗ੍ਰੰਥ ਸਾਹਿਬ ਜੀ'।

(ਸ. ਜਸਬਿੰਦਰ ਸਿੰਘ ਖਾਲਸਾ : ਦਸਮ ਗ੍ਰੰਥ ਦਾ ਲਿਖਾਰੀ ਕੌਣ? ਭਾਗ ਪਹਿਲਾ)

**ਨੋਟ : ਭਾਈ ਲਾਲੋ ਫਾਊਂਡੇਸ਼ਨ (ਦੁਬਈ) ਵੱਲੋਂ ਖੁਲ੍ਹਾ ਐਲਾਨ ਕੀਤਾ ਗਿਆ ਹੈ ਕਿ ਜੋ ਇਹ ਸਾਬਤ ਕਰ ਦੇਵੇਗਾ ਕਿ 'ਦਸਮ ਗ੍ਰੰਥ' ਦੇ ਲਿਖਾਰੀ ਗੁਰੂ ਗੋਬਿੰਦ ਸਿੰਘ ਜੀ ਹਨ, ਉਸ ਨੂੰ ਫ਼ਾਊਂਡੇਸ਼ਨ ਇੱਕ ਕਰੋੜ ਰੁਪਏ ਦੇਵੇਗੀ।**

**ਇਸ ਰਚਨਾ ਨੂੰ ਦਸਮੇਸ਼ ਪਿਤਾ ਜੀ ਦੀ ਲਿਖਤ ਮੰਨਣ ਵਾਲੇ ਅਕਸਰ ਇਹ ਦਲੀਲ ਦੇਂਦੇ ਹਨ ਕਿ ਇਹ 'ਰਚਨਾ' ਖੰਡੇ ਦੀ ਪਹੁਲ ਤਿਆਰ ਕਰਨ ਵੇਲੇ ਪੜ੍ਹੀ ਜਾਂਦੀ ਹੈ ਅਤੇ ਅਜੇਹਾ ੧੬੯੯ ਈ. ਤੋਂ ਲੈਕੇ ਸੀਨਾ-ਬਸੀਨਾ ਹੁੰਦਾ ਤੁਰਿਆ ਆ ਰਿਹਾ ਹੈ**, ਇਸ ਵਿੱਚ ਸੋਧ ਕਰਨ ਦਾ ਕਿਸੇ ਨੂੰ ਕੋਈ ਅਧਿਕਾਰ ਨਹੀਂ। ਇਨ੍ਹਾਂ ਤਿੰਨਾਂ ਦਲੀਲਾਂ ਦਾ ਜਵਾਬ ਇਹ ਹੈ -

ਪਹਿਲੀ ਗੱਲ, ਇਹ ਰਚਨਾ 'ਬਾਣੀ' ਨਹੀਂ। ਦੂਜਾ, ਇਹ ਦਸਮੇਸ਼ ਪਿਤਾ ਦੀ ਰਚਨਾ ਨਹੀਂ, ਕਵੀ 'ਸੂਮ' ਦੀ ਕਾਵਿ ਲਿਖਤ ਹੈ 'ਚੌਪਈ' ਦੇ ਕਾਵਿ-ਰੂਪ ਵਿੱਚ। ਇਹ

ਦੋਨੋਂ ਨੁਕਤੇ ਉਪਰ ਕੀਤੀ ਸੰਖੇਪ ਵਿਚਾਰ ਰਾਹੀਂ ਭਲੀ-ਭਾਂਤ ਸਪੱਸ਼ਟ ਹੋ ਚੁੱਕੇ ਹਨ। ਹੁਣ ਇੱਕੋ ਇੱਕ (ਤੀਜਾ ਨੁਕਤਾ) ਇਹ ਵਿਚਾਰਨਵਾਲਾ ਰਹਿ ਗਿਆ ਹੈ ਕਿ **ਕੀ ਇਹ ਰਚਨਾ ਸੱਚ-ਮੁੱਚ ਹੀ ਦਸਮੇਸ਼ ਪਿਤਾ ਜੀ ਨੇ ੧੬੯੯ ਦੀ ਵਿਸਾਖੀ ਨੂੰ ਖੰਡੇ ਦੀ ਪਹੁਲ ਤਿਆਰ ਕਰਨ ਵੇਲੇ ਪੜ੍ਹੀ ਸੀ ? ਕੀ ਇਹ ਰਵਾਇਤ ਕਲ.ਗੀਧਰ ਪਿਤਾ ਜੀ ਦੇ ਸਮੇਂ ਤੋਂ ਹੀ ਸੀਨਾ-ਬਸੀਨਾ ਚਲਦੀ ਆ ਰਹੀ ਹੈ ?** ਇਸ ਨੁਕਤੇ ਬਾਰੇ ਪ੍ਰਸਿੱਧ ਪੰਥਕ ਵਿਦਵਾਨ (ਪ੍ਰਿੰਸੀਪਲ ਸ਼ਹੀਦ ਸਿੱਖ ਮਿਸ਼ਨਰੀ ਕਾਲਿਜ) ਗੁਰਪੁਰਵਾਸੀ ਸ. ਹਰਭਜਨ ਸਿੰਘ, ਚੰਡੀਗੜ੍ਹ ਨੇ ਸੰਬੰਧਤ ਪੁਰਾਤਨ ਪੁਸਤਕਾਂ ਵਿੱਚੋਂ ਖ਼ੋਜ ਕਰਕੇ ਹੇਠ ਲਿਖੇ ਤੱਥ ਸਾਹਮਣੇ ਲਿਆਂਦੇ ਹਨ :-

੧. **ਅੰਮ੍ਰਿਤ-ਵਿਧੀ (ਰਹਿਤਨਾਮਾ ਭਾਈ ਦਯਾ ਸਿੰਘ)**

(ੳ) ਸੰਪੂਰਨ ਜਪੁ ਜੀ (ਅ) ਸੰਪੂਰਨ ਜਾਪੁ (ੲ) ਚੌਪਈ (ਕਿਹੜੀ ? ਕੋਈ ਸੰਕੇਤ ਨਹੀਂ) (ਸ) ਪੰਜ-ਪੰਜ ਸਵੈਯੇ (ਹ) ਪੰਜ ਪਉੜੀ ਅਨੰਦ ਕੀ (ਪ੍ਰੋ: ਪਿਆਰਾ ਸਿੰਘ 'ਪਦਮ' : ਰਹਿਤਨਾਮੇ)

੨. **ਭਾਈ ਚੌਪਾ ਸਿੰਘ (ਰਹਿਤਨਾਮਾ)**

ਪੰਜ ਪੰਜ ਸੂਯੈ ਪੰਜੇ ਪੜ੍ਹਨ ਲੱਗੇ (ਕਿਹੜੇ ?)

੩. **ਪ੍ਰਾਚੀਨ ਪੰਥ ਪ੍ਰਕਾਸ਼ (ਰਤਨ ਸਿੰਘ ਭੰਗੂ)**

(ੳ) ਭਗਉਤੀ ਕੀ ਵਾਰ ਪਹਿਲੀ ਪਉੜੀ (ਅ) ੩੨ ਸਵੈਯੇ (ੲ) ਤ੍ਰਿਭੰਗੀ ਛੰਦ- 'ਖ਼ੱਗ ਖੰਡ ਬਿਹੰਡੰ' ..... (ਸੰਪਾਦਤ ਭਾਈ ਵੀਰ ਸਿੰਘ, ਪੰਨਾ ੪੩)

੪. **ਸੂਰਜ ਪ੍ਰਕਾਸ਼**

(ੳ) ਜਪੁਜੀ (ਅ) ਸੂਯੇ (ਕਿਹੜੇ ?) (ੲ) ਅਨੰਦ ਸਾਹਿਬ ਦੀਆਂ ਪੰਜ ਪਉੜੀਆਂ। (ਗਿਆਨੀ ਗਿਆਨ ਸਿੰਘ : ਪੰਨਾ ੧੦੨੨)

੫. **ਪੰਥ ਪ੍ਰਕਾਸ਼ (ਗਿਆਨੀ ਗਿਆਨ ਸਿੰਘ)**

(ੳ) ਜਪੁ ਜੀ ਪੰਜ ਪਉੜੀਆਂ (ਅ) ਜਾਪ ਪੰਜ ਪਉੜੀਆਂ (ੲ) ੨੦ ਸਵਯੇ (ਕਿਹੜੇ ?) (ਸ) ਅਨੰਦ ਸਾਹਿਬ (ਹ) ਚੌਪਈ (ਕਿਹੜੀ ?)

(ਸੰਪਾਦਤ ਗਿ: ਕਿਰਪਾਲ ਸਿੰਘ ਤੱਤਕਾਲੀ ਮੁੱਖ ਸੇਵਾਦਾਰ ਅਕਾਲ ਤਖ਼ਤ ਸਾਹਿਬ : ਭਾਗ ਤੀਜਾ, ਪੰਨ ੧੫੭੫)

੬. **ਗੁਰ ਬਿਲਾਸ ਪਾਤਸ਼ਾਹੀ ੧੦ (ਕੁਇਰ ਸਿੰਘ) : ਪੰਨਾ ੧੨੮**

ਸਹਿਤ ਜਲ ਲੀਨ ਮੰਗਾਇਕੈ ਪਾਤ੍ਰ ਲੋਹ ਮੇਂ ਤਾਂ ਪ੍ਰਭ ਬੇਰੇ ।
ਪੜ੍ਹਤੇ ਸੁ ਉਦਾਸ ਹੈ ਮੰਤ੍ਰਨ ਕੋ, ਪ੍ਰਭ ਠਾਡੇ ਹੈ ਆਪ ਭਏ ਸੋ ਸਵੇਰੇ। (੨੪)

੭. ਭਾਈ ਸੁਖਾ ਸਿੰਘ ਨੇ ਵੀ ਗੁਰ ਬਿਲਾਸ ਪਾਤਸ਼ਾਹੀ ੧੦ ਵਿੱਚ 'ਮੰਤ੍ਰ' ਪੜ੍ਹੇ ਜਾਣ ਦਾ ਜ਼ਿਕਰ ਕੀਤਾ ਹੈ, ਕਿਸੇ ਬਾਨੀ ਦਾ ਨਹੀਂ।





**ਪੁਰਾਣੀ ਮਰਯਾਦਾ ਲਾਗੂ ਕਰਨ ਵਾਲੇ ਸੱਜਣ ਦੱਸਣ ਦੀ ਕਿਰਪਾ ਕਰਨ ਕਿ ਆਖ਼ਰ ਉਨ੍ਹਾਂ ਦੇ ਦਾਅਵੇ ਦਾ ਅਧਾਰ ਕੀ ਹੈ ? 'ਸੀਨਾ-ਬਸੀਨਾ' ਤੁਰੇ ਆਉਂਣ ਦੀ ਹਕੀਕਤ ਉਪਰੋਕਤ ਵਿਦਵਾਨ ਲਿਖਾਰੀਆਂ ਦੇ ਸੀਨੇ ਕਿਉਂ ਨਾ ਪ੍ਰਗਟ ਹੋਈ ?"**

(ਗੁਰਪੁਰਵਾਸੀ ਪ੍ਰਿੰ: ਹਰਭਜਨ ਸਿੰਘ, ਚੰਡੀਗੜ੍ਹ : ਸਿੱਖ ਫੁਲਵਾੜੀ (ਦਸੰਬਰ ੨੦੦੭)

**ਨੋਟ : ਖ਼ਾਲਸਾ ਕੌਮ ਨੂੰ ਗੁਮਰਾਹ ਕਰਨ ਲਈ, ਬਿਪਰਵਾਦੀਆਂ ਦੀ ਸਾਜਿਸ਼, ਅਧੀਨ, ਨੰਗਲ (ਨੇੜੇ ਭਾਖੜਾ ਡੈਮ) ਦੇ ਨਜ਼ਦੀਕ ਸਤਲੁਜ ਦਰਿਆ ਦੇ ਕਿਨਾਰੇ 'ਤੇ ਗੁਰਦਵਾਰਾ 'ਬਿਭੌਰ ਸਾਹਿਬ' ਦਾ ਇਤਿਹਾਸ ਦਰਸਾ ਰਹੇ ਬੋਰਡ 'ਤੇ ਲਿਖ ਦਿੱਤਾ ਗਿਆ ਹੈ ਕਿ ਦਸਮੇਸ਼ ਜੀ ਨੇ ਇਥੇ ਬੈਠਕੇ ਕਬਯੋਬਾਚ॥ ਚੋਪਈ॥ ਦਾ ਉਚਾਰਣ ਕੀਤਾ ਸੀ। (ਸਦ ਅਫਸੋਸ !)**

## ਸਿੱਖ ਰਹਿਤ ਮਰਯਾਦਾ

ਹਕੀਕਤ ਇਹ ਹੈ ਕਿ ਜਦੋਂ ਸਿੱਖ ਰਹਿਤ ਮਰਯਾਦਾ – ੧੯੩੬ ਦਾ ਖਰੜਾ ਤਿਆਰ ਕਰਕੇ ੧੯੪੫ ਵਿੱਚ ਪ੍ਰਵਾਨ ਕੀਤਾ ਗਿਆ ਸੀ ਉਦੋਂ ਜਿਆਦਾਤਰ ਡੇਰਿਆਂ/ ਸੰਪਰਦਾਵਾਂ ਵਿੱਚ ਬ੍ਰਾਹਮਣਵਾਦੀ ਮਰਯਾਦਾ ਹਾਵੀ ਸੀ। ਅਜਿਹੇ ਹਾਲਾਤਾਂ ਵਿੱਚ ਇਨ੍ਹਾਂ ਡੇਰਿਆਂ ਸੰਪਰਦਾਵਾਂ ਨੂੰ ਪੰਥਕ ਮੁੱਖ-ਧਾਰਾ ਵਿੱਚ ਸ਼ਾਮਿਲ ਕਰਨ ਲਈ ਜਰੂਰੀ ਸੀ ਕਿ ਇਨ੍ਹਾਂ ਦੀਆਂ ਵੀ ਕੁਝ ਕੁ ਰਵਾਇਤਾਂ/ਸ਼ਰਤਾਂ ਨੂੰ ਵਕਤੀ ਤੌਰ ਤੇ, 'ਸਮਝੌਤਾਵਾਦੀ' ਪਹੁੰਚ ਅਪਨਾ ਕੇ, ਪ੍ਰਵਾਨ ਕਰ ਲਿਆ ਜਾਵੇ। ਨਤੀਜੇ ਵਜੋਂ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਧਾਂਤਕ ਸੇਧ ਅਨੁਸਾਰ ਰਹਿਤ ਮਰਯਾਦਾ ਤਿਆਰ ਕਰਨ ਦੀ ਬਜਾਏ, 'ਲੈ-ਦੇ' ਵਾਲੀ ਸਮਝੌਤਾਵਾਦੀ ਪਹੁੰਚ ਹੀ ਅਪਨਾਈ ਗਈ ਜਿਸ ਕਾਰਨ ਸਿਧਾਂਤਕ ਪੱਖ ਤੋਂ ਇਸ ਵਿੱਚ ਬਹੁਤ ਸਾਰੀਆਂ ਤਰੁੱਟੀਆਂ ਰਹਿ ਗਈਆਂ। 1945 ਵਿੱਚ ਸਵੀਕਾਰ ਕਰਨ ਤੋਂ ਬਾਅਦ, ਮੌਜੂਦਾ 'ਸਿੱਖ ਰਹਿਤ ਮਰਿਆਦਾ' ਵਿੱਚ ਅਣਅਧਿਕਾਰਤ ਤੌਰ ਤੇ ਕਈ ਸੋਧਾਂ ਕੀਤੀਆਂ ਜਾ ਚੁੱਕੀਆਂ ਹਨ। ਅੱਜ ਬਹੁਤ ਜਰੂਰੀ ਹੈ ਕਿ ਇਸ ਦਸਤਾਵੇਜ਼ ਵਿੱਚ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਧਾਂਤਕ ਸੇਧ ਅਨੁਸਾਰ ਲੋੜੀਂਦੀਆਂ ਸੋਧਾਂ ਕਰਕੇ ਸਰਬੱਤ ਖਾਲਸਾ ਦੇ ਇਕੱਠ ਵਿੱਚ ਪ੍ਰਵਾਨ ਕੀਤਾ ਜਾਵੇ ਅਤੇ ਇਕਸਾਰ ਸਾਰੇ ਗੁਰਦੁਆਰਿਆਂ ਵਿੱਚ ਲਾਗੂ ਕੀਤਾ ਜਾਵੇ। ਇਸ ਕਾਰਜ ਵਿੱਚ ਹੋਰ ਦੇਰ ਕਰਨੀ ਸਿੱਖ ਕੌਮ ਲਈ ਨੁਕਸਾਨਦੇਹ ਹੀ ਸਾਬਤ ਹੋਵੇਗੀ।

## ਖੰਡੇ-ਬਾਟੇ ਦੀ ਪਾਹੁਲ

ਕੀ ਗੁਰੂ ਗੋਬਿੰਦ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਦੀ ਧੁਰ ਕੀ ਬਾਨੀ ਨੂੰ ਨਜ਼ਰ-ਅੰਦਾਜ਼ ਕਰਕੇ ਕਿਸੇ ਬਾਹਰਲੀ ਰਚਨਾ ਨੂੰ ਖੰਡੇ ਦੀ ਪਾਹੁਲ ਤਿਆਰ ਕਰਨ ਸਮੇਂ ਪੜ੍ਹ ਸਕਦੇ ਸਨ ? ਅਤੇ ਉਹ ਵੀ ਅਜਿਹੀਆਂ ਰਚਨਾਵਾਂ ਜਿਹੜੀਆਂ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰੱਬੀ ਬਾਣੀ ਦੇ ਸਿਧਾਂਤਾਂ ਨੂੰ ਕੱਟਣ ਵਾਲੀਆਂ ਹੋਣ ?

ਕੁਝ ਕੁ ਸੁਹਿਰਦ ਵਿਦਵਾਨ ਅਕਸਰ ਇਹ ਚਿੰਤਾਂ ਜ਼ਾਹਰ ਕਰਦੇ ਵੀ ਸੁਣੇ ਗਏ ਹਨ ਕਿ ਜੇਕਰ 1945 ਤੋਂ ਸਿੱਖ ਰਹਿਤ ਮਰਿਯਾਦਾ ਅਨੁਸਾਰ ਖੰਡੇ ਦੀ ਪਾਹੁਲ ਤਿਆਰ ਕਰਨ ਲਈ ਪੜ੍ਹੀਆਂ ਜਾਣ ਵਾਲੀਆਂ ਰਚਨਾਵਾਂ ਵਿੱਚ ਕੋਈ ਤਬਦੀਲੀ ਕੀਤੀ ਜਾਂਦੀ ਹੈ ਤਾਂ ਜਿਨ੍ਹਾਂ ਪ੍ਰਾਣੀਆਂ ਨੇ ਹੁਣ ਤੱਕ ਪ੍ਰਚੱਲਤ ਵਿਧੀ ਅਨੁਸਾਰ ਖੰਡੇ ਦੀ ਪਾਹੁਲ ਪ੍ਰਾਪਤ ਕੀਤੀ ਹੈ ਉਨ੍ਹਾਂ ਦਾ ਕੀ ਬਣੂੰ ? ਖ਼ਾਲਸਾ ਜੀ ! ਇਸ ਵਿਸ਼ੇ ਬਾਰੇ ਬਹੁਤੀ ਚਿੰਤਾ ਕਰਨ ਦੀ ਲੋੜ ਨਹੀਂ ਹੋਣੀ ਚਾਹੀਦੀ ਕਿਉਂਕਿ 1507 ਵਿੱਚ ਗੁਰੂ ਨਾਨਕ ਸਾਹਿਬ ਦੀ ਪਹਿਲੀ ਪ੍ਰਚਾਰ ਫੇਰੀ (ਉਦਾਸੀ) ਦੇ ਸਮੇਂ ਤੋਂ ਲੈਕੇ 1699 (ਜਾਂ 1698) ਤੱਕ ਸਿੱਖ ਕੌਮ ਵਿੱਚ ਪ੍ਰਚੱਲਤ ਤਤਕਾਲੀਨ ਗੁਰਮਤਿ ਵਿਧੀ ਅਨੁਸਾਰ ਸ਼ਾਮਿਲ ਹੋਣ ਵਾਲੇ ਪ੍ਰਾਣੀ ਵੀ ਸਿੱਖ ਕੌਮ ਦਾ ਹਿੱਸਾ ਰਹੇ ਹਨ ਅਤੇ ਸਦਾ ਵਾਸਤੇ ਹੀ ਰਹਿਣਗੇ ਵੀ।

**ਲੋੜ ਇਸ ਗੱਲ ਦੀ ਹੈ ਕਿ ਪ੍ਰਚੱਲਤ ਵਿਧੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਅਟੱਲ ਰੱਬੀ ਸਿਧਾਂਤਾਂ ਦੇ ਅਨੁਸਾਰੀ ਬਣਾਇਆ ਜਾਵੇ ਨਾ ਕਿ ਇਸ ਨੂੰ ਜਿਉਂ ਦਾ ਤਿਉਂ (ਅੰਨ੍ਹੀ ਸ਼ਰਧਾਵੱਸ) ਚਾਲੂ ਰੱਖਣ ਦੀ ਜ਼ਿਦ ਕੀਤੀ ਜਾਵੇ। ਖ਼ਾਲਸਾ ਜੀ ! ਜਜ਼ਬਾਤੀ ਹੋਣ ਦੀ ਬਜਾਏ ਗੁਰਮਤਿ ਬਿਬੇਕ ਦੇ ਧਾਰਨੀ ਬਣਨ ਦੀ ਲੋੜ ਹੈ।**

## 'ਨਿੱਤਨੇਮ' ਅਤੇ ਇਸਦਾ ਮਕਸਦ

ਇਸ ਸ਼ਬਦ ਦੇ ਅੱਖਰੀ ਅਰਥ ਹਨ ਉਹ ਕੰਮ ਜਿਹੜਾ ਨਿੱਤ ਹੀ ਨੇਮ ਨਾਲ (ਬਿਨਾਂ ਨਾਗੇ ਤੋਂ) ਕੀਤਾ ਜਾਵੇ। **ਲੇਖਕ ਦੀ ਸਮਝ ਅਨੁਸਾਰ, ਸਿੱਖ ਦਾ ਨਿੱਤ ਦਾ ਨੇਮ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਬਾਣੀ ਨੂੰ ਹਰ ਰੋਜ ਵੀਚਾਰ ਕੇ ਪੜ੍ਹਨਾ, ਸੁਣਨਾ, ਸਮਝਣਾ, ਸਵੀਕਾਰ ਕਰਨਾ ਅਤੇ ਅਮਲ ਵਿੱਚ ਲਿਆਉਣ ਲਈ ਈਮਾਨਦਾਰੀ ਨਾਲ ਯਤਨ ਕਰਨਾ ਹੈ ਨਾ ਕਿ ਕੁਝ ਕੁ ਰਚਨਾਵਾਂ ਦਾ ਰਵਾਇਤੀ ਤੌਰ ਤੇ ਤੋਤਾ ਰਟਨ ਕਰਨਾ।** ਤੋਤਾ-ਰਟਨ ਤਾਂ ਕਰਮ-ਕਾਂਡ ਹੀ ਬਣ ਜਾਵੇਗਾ ਅਤੇ ਕਰਮ-ਕਾਂਡ ਨੂੰ ਗੁਰਮਤਿ ਫ਼ਲਸਫ਼ਾ ਮੁੱਢੋਂ ਹੀ ਰੱਦ ਕਰਦਾ ਹੈ। ਅੱਜ ਆਪਣੇ ਆਪ ਨੂੰ ਸਿੱਖ ਅਖਵਾਉਣ ਵਾਲੇ ਬਹੁਤੇ ਮਨੁੱਖ ਨਿਤਨੇਮ ਨੂੰ ਕਰਮ-ਕਾਂਡ ਤੱਕ ਹੀ ਸੀਮਤ ਕਰੀ ਬੈਠੇ ਹਨ ਅਤੇ ਇਸ ਖੁਸ਼ਫ਼ਹਿਮੀ ਦਾ ਸ਼ਿਕਾਰ ਹੋ ਰਹੇ ਹਨ ਕਿ ਅਜਿਹਾ ਕਰਕੇ ਉਹ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਰਹੇ ਹਨ। **ਅਸਲ ਵਿੱਚ, ਨਿਤਨੇਮ ਦਾ ਮਕਸਦ ਮਨ ਦੀ ਮੱਤ ਨੂੰ ਤਿਆਗ ਕੇ ਸ਼ਬਦ-ਗੁਰੂ ਦੀ ਅਗੁਵਾਈ ਅਨੁਸਾਰ 'ਹੁਕਮਿ ਰਜਾਈ ਚੱਲਣ' ਲਈ ਯਤਨਸ਼ੀਲ ਹੋਣਾ ਹੀ ਹੈ, ਪ੍ਰਭੂ-ਪਿਤਾ ਦੇ ਨਿਰਮਲ ਭਉ ਵਿੱਚ ਰਹਿੰਦਿਆਂ ਹੋਇਆਂ ਉਸ ਨਾਲ ਪ੍ਰੇਮ ਦਾ ਰਿਸ਼ਤਾ ਜੋੜਨਾ ਹੈ। ਇਹੀ ਅਸਲ ਵਿੱਚ 'ਨਾਮ-ਸਿਮਰਨ' ਹੈ।**

## ਨਿਤਨੇਮ ਦੀਆਂ ਬਾਣੀਆਂ

**ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) 'ਪੂਰਾ ਗੁਰੂ' ਹੈ ਅਤੇ ਸਿੱਖ ਦਾ ਨਿਤਨੇਮ ਵੀ ਗੁਰੂ**





**ਗ੍ਰੰਥ ਸਾਹਿਬ ਵਿੱਚੋਂ ਹੀ ਪੂਰਾ ਹੋਣਾ ਚਾਹੀਦਾ ਹੈ। ਗੁਰੂ ਦੇ ਸ਼ਬਦ ਦੀ, ਸ਼ਬਦ-ਗੁਰੂ ਤੋਂ ਬਾਹਰੋਂ ਭਾਲ ਕਰਨੀ, ਗੁਰੂ ਤੋਂ ਬੇਮੁੱਖ ਹੋਣ ਤੁੱਲ ਹੈ।** ਕੀ ਸਿੱਖ ਦਾ ਨਿਤਨੇਮ ਮੂਲ ਰੂਪ ਵਿਚ ਪੰਚਮ ਪਾਤਿਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ 13 ਪੰਨਿਆਂ 'ਤੇ ਅੰਕਿਤ ਨਹੀਂ ਕੀਤਾ ਹੋਇਆ ? ਕਿਉਂਕਿ ਇਹ ਬਾਣੀਆਂ (ਜਪੁ ਤੋਂ ਇਲਾਵਾ) ਗੁਰੂ ਗ੍ਰੰਥ ਸਾਹਿਬ ਵਿੱਚ ਸਬੰਧਤ ਰਾਗਾਂ ਵਿੱਚ ਵੀ ਅੰਕਿਤ ਕੀਤੀਆਂ ਗਈਆਂ ਹਨ। ਤਾਂ ਫਿਰ ਇਨ੍ਹਾਂ ਬਾਣੀਆਂ ਨੂੰ ਸਬੰਧਤ ਰਾਗਾਂ ਵਿੱਚੋਂ ਲੈ ਕੇ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿੱਚ ਉਚੇਚੇ ਤੌਰ 'ਤੇ ਦਰਜ ਕਰਨ ਦਾ ਹੋਰ ਕੀ ਮਕਸਦ ਹੋ ਸਕਦਾ ਹੈ ? ਇਸ ਅਹਿਮ ਨੁਕਤੇ ਬਾਰੇ ਜੇਕਰ ਕੋਈ ਵੀਰ/ਭੈਣ ਗੁਰਮਤਿ ਅਨੁਸਾਰੀ ਸੇਧ ਦੇ ਸਕੇ ਤਾਂ ਧੰਨਵਾਦ ਸਹਿਤ ਪ੍ਰਵਾਨ ਕਰਕੇ ਇਸ ਪੁਸਤਕ ਦੀ ਅਗਲੀ ਜਿਲਦ ਵਿੱਚ ਛਾਪ ਦਿਤਾ ਜਾਵੇਗਾ।

**ਲੇਖਕ ਦੀ ਸਮਝ ਅਨੁਸਾਰ, ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 13 ਪੰਨਿਆਂ 'ਤੇ ਅੰਕਿਤ ਗੁਰਬਾਣੀ, ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤੇ ਗੁਰਮਤਿ ਫ਼ਲਸਫ਼ੇ ਦੇ ਮੂਲਕ ਸਿਧਾਂਤਾਂ ਨੂੰ ਸਪੱਸ਼ਟ ਕਰਦੀ ਹੈ। ਇਸ ਕਰਕੇ ਇਨ੍ਹਾਂ ਨੂੰ 'ਮੁੱਢਲੀਆਂ ਬਾਣੀਆ' ਕਿਹਾ ਜਾ ਸਕਦਾ ਹੈ ਅਤੇ ਹਰ ਇਕ ਗੁਰੂ ਨਾਨਕ ਨਾਮ ਲੇਵਾ ਨੂੰ ਇਨ੍ਹਾਂ ਬਾਣੀਆਂ ਦਾ ਹਰ ਰੋਜ਼ ਅਧਿਐਨ ਕਰਕੇ ਗੁਰਮਤਿ ਸਿਧਾਂਤਾਂ ਦਾ ਧਾਰਨੀ ਬਣਨ ਲਈ ਯਤਨ ਕਰਨਾ ਚਾਹੀਦਾ ਹੈ। ਪਰ ਸਿੱਖ ਨੇ ਆਪਣਾ ਗੁਰਮਤਿ ਅਧਿਐਨ ਸਿਰਫ ਇਨ੍ਹਾਂ ਮੁਢਲੀਆਂ ਬਾਣੀਆਂ ਤੱਕ ਹੀ ਸੀਮਤ ਨਹੀਂ ਰੱਖਣਾ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਮੁੱਚੀ ਬਾਣੀ ਦੀ ਹੀ ਵਿਚਾਰ ਕਰਨੀ ਹੈ ਅਤੇ ਲਾਭ ਪ੍ਰਾਪਤ ਕਰਨਾ ਹੈ।**

ਖ਼ਾਲਸਾ ਜੀ ਦਾ ਫਰਜ਼ ਹੈ ਕਿ ਉਹ 'ਸਰਬੱਤ ਖ਼ਾਲਸਾ' ਦੇ ਇਕੱਠ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੀ ਰੌਸ਼ਨੀ ਅਨੁਸਾਰ ਜਲਦੀ ਹੀ ਗੁਰਮਤਿ ਵਿਧੀ ਨਾਲ ਫ਼ੈਸਲੇ ਕਰ ਕੇ ਕੌਮ ਵਿੱਚ ਅਨੇਕਾਂ ਵਿਸ਼ਿਆਂ ਬਾਬਤ ਪਾਈ ਜਾ ਰਹੀ ਦੁਬਿਧਾ ਨੂੰ ਦੂਰ ਕਰੇ।

## ਕਬਯੋਬਾਚ ॥ ਚੌਪਈ ॥ ਵਾਲੇ ਤ੍ਰਿਆ ਚਰਿੱਤ੍ਰ ਦੀ ਕਹਾਣੀ :

ਆਓ ਹੁਣ ਅਖੌਤੀ ਦਸਮ ਗ੍ਰੰਥ ਦੇ ਤ੍ਰਿਆ ਚਰਿੱਤ੍ਰਾਂ ਦੇ ਆਖਰੀ ਤ੍ਰਿਆ ਚਰਿੱਤ੍ਰ (ਚਰਿੱਤ੍ਰ ਨੰਬਰ 404) ਦੀ ਕਹਾਣੀ ਦੇ ਵੀ ਦਰਸ਼ਣ ਕਰ ਲਈਏ ਕਿਉਂਕਿ ਇਹ ਉਹ ਚਰਿੱਤ੍ਰ ਹੈ ਜਿਸ ਵਿੱਚ ਕਬਿਯੋ ਬਾਚ॥ ਚੌਪਈ॥ ਲਿਖੀ ਗਈ ਹੈ। ਅਖੌਤੀ ਦਸਮ ਗ੍ਰੰਥ ਦੇ ਪੰਨਾ ਨੰਬਰ 1359 ਤੋਂ ਲੈ ਕੇ ਪੰਨਾ ਨੰਬਰ 1388 ਤੱਕ ਇਹ ਚਰਿੱਤ੍ਰ ਲਿਖਿਆ ਹੋਇਆ ਮਿਲਦਾ ਹੈ। ਇਸ ਚਰਿੱਤ੍ਰ ਦੀ ਕਹਾਣੀ ਇਸ ਪ੍ਰਕਾਰ ਹੈ :

ਸੱਤਿ ਸੰਧਿ ਨਾਂ ਦਾ ਇੱਕ ਵੱਡਾ ਪ੍ਰਤਾਪੀ ਰਾਜਾ ਸੀ। ਇਹ ਉਹੀ ਰਾਜਾ ਹੈ ਜੋ ਪਹਿਲਾਂ ਕਦੇ ਸਤਿਜੁਗ ਵਿੱਚ ਹੋਇਆ ਸੁਣਿਆ। ਨਾਰਦ ਰਿਸ਼ੀ ਨੇ ਇਸ ਰਾਜੇ ਨੂੰ ਬੁਲਾਇਆ ਅਤੇ ਸਾਰੇ ਦੇਵਤਿਆਂ ਦਾ ਰਾਜਾ ਥਾਪ ਦਿੱਤਾ। ਉਦੋਂ ਬ੍ਰਹਮਾ ਨੇ ਆਪ ਇਸ ਨੂੰ ਰਾਜਤਿਲਕ

ਦਿੱਤਾ। ਰਾਜੇ ਨੇ ਆਪਣਾ ਰਾਜ ਪੱਕਾ ਕਰਕੇ ਦੈਤਾਂ ਨੂੰ ਮਾਰ ਭਜਾਇਆ। ਸਮਾਂ ਪਾ ਕੇ, 'ਦੀਰਘ-ਦਾੜ੍ਹ' ਨਾਂ ਦੇ ਇੱਕ ਦੈਂਤ ਨੇ ਜਨਮ ਲਿਆ ਅਤੇ ਦਸ ਸਹਸ ਛੋਹਨਿ ਫ਼ੌਜ (ਇਕ ਛੋਹਨਿ ਸੈਨਾ=21870 ਹਾਥੀ, 21870 ਰਥ, 65610 ਘੋੜੇ 109350 ਪਿਆਦੇ) ਲੈ ਕੇ ਰਾਜੇ ਤੇ ਹਮਲਾ ਕਰ ਦਿੱਤਾ। ਜਦੋਂ ਸਾਰੇ ਦੇਵਤਿਆਂ ਨੂੰ ਇਸ ਹਮਲੇ ਦੀ ਖ਼ਬਰ ਮਿਲੀ ਤਾਂ ਉਨ੍ਹਾਂ ਨੇ ਇਕੱਠੇ ਹੋ ਕੇ ਬੀਸ ਸਹਸ ਛੋਹਨਿ ਸੈਨਾ ਲੈ ਕੇ ਦੈਂਤ ਦਾ ਮੁਕਾਬਲਾ ਕੀਤਾ। ਦੇਵਤਿਆਂ ਨੇ ਸੂਰਜ ਨੂੰ ਆਪਣੀ ਸੈਨਾ ਦਾ ਸੈਨਾਪਤੀ ਬਣਾਇਆ ਅਤੇ ਉਸ ਦੇ ਸੱਜੇ ਪਾਸੇ ਚੰਦ੍ਰਮਾਂ ਨੂੰ ਤੇ ਖੱਬੇ ਪਾਸੇ ਕਾਰਤਿਕ ਨੂੰ ਰੱਖਿਆ ਜਿਹੜਾ ਕਦੇ ਵੀ ਹਾਰਿਆ ਨਹੀਂ ਸੀ।

ਕਈ ਤਰ੍ਹਾਂ ਦੇ ਵਾਜੇ ਵੱਜੇ ਅਤੇ ਦੋਨਾਂ ਪਾਸਿਆਂ ਤੋਂ ਸੂਰਮੇ ਗਰਜੇ। ਦੋਨਾਂ ਪਾਸਿਆਂ ਦੀ ਸੈਨਾਵਾਂ ਨਸ਼ੇ ਪੀ-ਪੀ ਕੇ ਮਸਤ ਹੋ ਕੇ ਲੜਨ ਲੱਗੀਆਂ। ਭਾਂਤ-ਭਾਂਤ ਦੇ ਮਾਰੂ ਰਾਗ ਵੱਜੇ। ਘਮਸਾਨ ਦਾ ਜੰਗ ਮੱਚ ਪਿਆ। ਲੜਾਈ ਦਾ ਮੈਦਾਨ ਲੋਥਾਂ ਨਾਲ ਭਰ ਗਿਆ। ਮਰ ਚੁੱਕੇ ਸੂਰਮਿਆਂ ਦਾ ਲਹੂ ਪੀਣ ਲਈ ਭੂਤ, ਪ੍ਰੇਤ, ਚੁੜੇਲਾਂ ਵੀ ਆ ਪਹੁੰਚੀਆਂ ਅਤੇ ਖ਼ੂਬ ਖ਼ੁਸ਼ੀ ਨਾਲ ਨੱਚਣ ਲੱਗੀਆਂ। ਦੋਹਾਂ ਪਾਸਿਆਂ ਤੋਂ ਕੋਈ ਸੂਰਮਾ ਨਾ ਬਚਿਆ - ਸਾਰੇ ਹੀ ਜੰਗ ਵਿੱਚ ਮਾਰੇ ਗਏ। ਉਸ ਵਕਤ ਦੋ ਛਤ੍ਰਧਾਰੀ ਆ ਜੂਝੇ। ਘਮਸਾਨ ਦੀ ਲੜਾਈ ਹੋਈ। ਧਰਤੀ ਕੰਬ ਗਈ। ਲੜਾਈ ਦੀ ਧੂੜ ਐਨੀ ਉੱਠੀ ਕਿ ਜਿਵੇਂ ਪਰਲੋ ਨਹੀਂ ਕਾਲ ਦੀ ਅੱਗ ਵਰਸੀ। ਹੱਥ ਪਸਾਰਿਆਂ ਕੁਝ ਨਜ਼ਰ ਨਾ ਆਏ ਅਤੇ ਨਾ ਹੀ ਧਰਤੀ ਅਸਮਾਨ ਦਾ ਪਤਾ ਚੱਲੇ। ਜਦੋਂ ਤੀਹ ਸਹਸ ਛੋਹਨਿ ਫ਼ੌਜ ਜੂਝੀ ਤਾਂ ਘਮਸਾਨ ਦਾ ਜੰਗ ਮੱਚਿਆ। ਉਹ ਵੀਹ ਸਾਲ ਦਿਨ-ਰਾਤ ਲੜਦੇ ਰਹੇ। ਦੋਹਾਂ ਰਾਜਿਆਂ 'ਚੋਂ ਕੋਈ ਵੀ ਪਿੱਛੇ ਨਾ ਹਟਿਆ। ਅਖੀਰ ਵਿੱਚ, ਇਹ ਦੋਵੇਂ ਰਾਜੇ ਇਕ-ਦੂਜੇ ਦੇ ਵਾਰ ਨਾਲ ਮਾਰੇ ਗਏ।

ਜਦੋਂ ਤੀਸ ਸਹਸ ਛੋਹਿਨੀ (ਤੀਹ ਹਜ਼ਾਰ ਛੋਹਿਨੀ) ਫ਼ੌਜ ਮਾਰੀ ਗਈ ਤਾਂ ਦੋਨੇ ਰਾਜੇ ਬੜੀ ਬਹਾਦਰੀ ਨਾਲ ਲੜੇ। ਇਸ ਘਮਸਾਨ ਦੇ ਯੁੱਧ ਵਿੱਚ ਇੱਕ ਅੱਗ ਦੀ ਲਾਟ ਉੱਠੀ ਅਤੇ ਉਸ ਵਿੱਚੋਂ ਇੱਕ ਬਹੁਤ ਹੀ ਸੁੰਦਰ ਲੜਕੀ ਪੈਦਾ ਹੋ ਗਈ ਜੋ ਵੇਖਦਿਆਂ ਵੇਖਦਿਆਂ ਹੀ ਜਵਾਨ ਹੋ ਗਈ। ਉਹ ਲੜਕੀ ਵੀ ਸ਼ਸਤ੍ਰ ਸੰਭਾਲ ਕੇ ਯੁੱਧ ਵਿੱਚ ਕੁੱਦ ਪਈ ਅਤੇ ਜੰਗ ਵਿੱਚ ਬੜਾ ਭੜਥੂ ਪਾਇਆ। ਫਿਰ ਉਸ ਲੜਕੀ ਦੇ ਮਨ ਵਿਚ ਵਿਚਾਰ ਪੈਦਾ ਹੋਇਆ ਕਿ ਮੈਂ ਜਗਤ ਦੇ ਮਾਲਿਕ ਮਹਾਂਕਾਲ ਨਾਲ ਵਿਆਹ ਕਰਾਂ। ਉਸਨੇ ਸੁੱਚੀ ਹੋ ਕੇ ਬੜੇ ਪਵਿੱਤ੍ਰ ਮਨ ਨਾਲ ਮੰਤ੍ਰ ਪੜ੍ਹੇ ਅਤੇ ਕਈ ਪ੍ਰਕਾਰ ਦੇ ਜੰਤ੍ਰ ਲਿਖੇ। ਜਗਤ ਮਾਤਾ ਭਵਾਨੀ ਨੇ ਕਿਰਪਾ ਕੀਤੀ ਅਤੇ ਵਰ ਦਿੱਤਾ ਕਿ, "ਪੁੱਤਰੀ ਤੂੰ ਖੁਲ੍ਹ ਕੇ ਆਪਣੇ ਸ਼ੌਕ ਪੂਰੇ ਕਰੀਂ, ਜਗਤਪਤੀ ਤੈਨੂੰ ਜਰੂਰ ਵਰ ਲਵੇਗਾ। ਇੰਜ ਕਰੀਂ! ਅੱਜ ਰਾਤ ਨੂੰ ਉਹਦਾ ਧਿਆਨ ਧਰੀਂ ਅਤੇ ਉਹ ਜਿਵੇਂ ਤੈਨੂੰ ਕਹੇ ਤੂੰ ਉਵੇਂ ਹੀ ਕਰੀਂ।" ਅੱਧੀ ਰਾਤ ਨੂੰ ਨਾਥ (ਜਗਤਪਤੀ) ਦਾ ਹੁਕਮ ਹੋਇਆ ਕਿ ਜਦ ਸ੍ਵਾਸ-ਬੀਰਜ ਦੈਂਤ ਮਾਰਿਆ ਜਾਵੇਗਾ ਤਾਂ ਤੂੰ ਮੇਰੇ ਨਾਲ ਵਿਆਹ ਕਰਾਵੀਂ।

ਦਿਨ ਚੜ੍ਹਦੇ ਸਾਰ ਹੀ ਲੜਕੀ ਸ਼ਸਤ੍ਰ ਸੰਭਾਲ ਕੇ ਮੈਦਾਨਿ-ਜੰਗ ਵਿੱਚ ਫਿਰ ਜਾ





ਕੁੱਦੀ ਤਾਕਿ ਉਸ ਦੈਂਤ ਨੂੰ ਮਾਰਿਆ ਜਾ ਸਕੇ। ਉਹ ਦੈਂਤ ਦੇ ਨਿਵਾਸ ਟਿਕਾਣੇ ਤੇ ਪਹੁੰਚ ਗਈ ਅਤੇ ਉਸ ਨੂੰ ਚਾਰ ਚੁਫੇਰਿਓਂ ਘੇਰਾ ਪਾ ਲਿਆ। ਸ਼ੋਰ-ਸ਼ਰਾਬਾ ਸੁਣਕੇ ਉਹ ਦੈਂਤ ਵੀ ਜਾਗ ਉੱਠਿਆ। ਬੜੇ ਗੁੱਸੇ ਨਾਲ ਉਸ ਨੇ ਸੰਖ ਵਜਾਇਆ ਅਤੇ ਸ਼ਸਤ੍ਰ ਸਜਾ ਕੇ ਮੈਦਾਨਿ-ਜੰਗ ਵਿੱਚ ਆ ਗੱਜਿਆ। ਧਰਤੀ ਅਤੇ ਅਸਮਾਨ ਨੂੰ ਕਾਂਬਾ ਛਿੜ ਗਿਆ। ਦੈਂਤ ਦੀ ਕ੍ਰੋਧਭਰੀ ਸੁਆਸ ਕਿਰਿਆ ਨਾਲ ਬੇਅੰਤ ਦੈਂਤ ਪੈਦਾ ਹੋ ਗਏ। ਘਮਸਾਨ ਦਾ ਯੁੱਧ ਮੱਚਿਆ। ਖ਼ੂਨ ਦੀਆਂ ਨਦੀਆਂ ਵਹਿ ਤੁਰੀਆਂ। ਜਿਥੇ ਵੀ ਧਰਤੀ 'ਤੇ ਖ਼ੂਨ ਦੇ ਕਤਰੇ ਗਿਰਦੇ ਤਾਂ ਉਸ ਤੋਂ ਹੋਰ ਦੈਂਤ ਪੈਦਾ ਹੋ ਜਾਂਦੇ। ਦੈਂਤ ਜਿਨੇ ਸੁਆਸ ਛਡਦੇ ਤਾਂ ਹੋਰ ਦੈਂਤ ਪੈਦਾ ਹੋ ਜਾਂਦੇ। ਜਦੋਂ ਦੈਂਤਾਂ ਦਾ ਖ਼ੂਨ ਧਰਤੀ 'ਤੇ ਡਿਗਦਾ ਤਾਂ ਉਸ ਤੋਂ ਅਨੇਕਾਂ ਰੱਥ, ਹਾਥੀ ਅਤੇ ਘੋੜੇ ਪੈਦਾ ਹੋ ਜਾਂਦੇ। ਦਸਾਂ ਦਿਸ਼ਾਵਾਂ ਵਿੱਚ ਦੈਂਤ ਹੀ ਦੈਂਤ ਦਿਖਾਈ ਦੇਣ ਲਗੇ। ਲੜਕੀ ਨੇ ਚਿੱਤ ਵਿੱਚ ਕਾਲਕਾ ਦਾ ਧਿਆਨ ਧਰਿਆ ਤਾਂ ਭਗਵਾਨ ਨੇ ਆ ਦਰਸ਼ਣ ਦਿੱਤੇ। ਲੜਕੀ ਨੇ ਉੱਠ ਕੇ ਭਗਵਾਨ ਦੇ ਚਰਨਾਂ 'ਤੇ ਪ੍ਰਨਾਮ ਕੀਤੀ ਅਤੇ ਸਹਾਇਤਾ ਲਈ ਅਰਜ਼ੋਈ ਕੀਤੀ। ਲੜਕੀ ਦੀ ਬੇਨਤੀ ਸੁਣਕੇ ਕਾਲ ਖਿੜ-ਖਿੜਾ ਕੇ ਹੱਸਿਆ ਅਤੇ ਕਹਿਣ ਲਗਾ ਕਿ ਤੂੰ ਚਿੰਤਾ ਨਾ ਕਰ ਮੈਂ ਤੇਰੀ ਖ਼ਾਤਰ ਦੈਂਤ ਮਾਰ ਦਿਆਂਗਾ।

ਕਾਲ (ਮਹਾਂਕਾਲ) ਨੇ ਆਪਣੇ ਚਾਰੋਂ ਹੱਥਾਂ ਵਿੱਚ ਸ਼ਸਤ੍ਰ ਪਕੜੇ ਤੇ ਲੱਗਾ ਦੈਂਤਾਂ ਦਾ ਘਾਣ ਕਰਨ। ਜਦੋਂ ਦੈਂਤਾਂ ਦਾ ਖ਼ੂਨ ਧਰਤੀ ਤੇ ਗਿਰਦਾ ਤਾਂ ਉਸ ਤੋਂ ਹੋਰ ਬੇਅੰਤ ਦੈਂਤ ਪੈਦਾ ਹੋ ਜਾਂਦੇ। ਦੈਂਤਾਂ ਦੀ ਮਿੱਝ ਤੋਂ ਹਾਥੀ ਅਤੇ ਘੋੜੇ ਪੈਦਾ ਹੋ ਜਾਂਦੇ। ਦੈਂਤਾਂ ਨੇ ਵੱਡੇ'ਵੱਡੇ ਦੰਦ ਕੱਢੇ ਅਤੇ ਮਹਾਂਕਾਲ (ਕਵੀ ਦੇ ਰੱਬ) ਨੂੰ ਮਾਰਨ ਲਈ ਧਾਵੇ ਕੀਤੇ। ਬੀਹ ਪਦਮ (20×1000 000 000 000 00) ਸੈਨਾ ਲੈ ਕੇ ਦੈਂਤਾਂ ਨੇ ਬੜੇ ਕ੍ਰੋਧ ਨਾਲ ਮਹਾਂਕਾਲ 'ਤੇ ਹਮਲਾ ਬੋਲ ਦਿੱਤਾ। ਇਤਨਾ ਭਿਆਨਕ ਯੁੱਧ ਛਿੜਿਆ ਕਿ ਧਰਤੀ ਦੇ ਚੀਥੜੇ ਉੱਡ ਗਏ। ਧਰਤੀ ਦੇ ਛੇ ਪੁੜ ਉੱਡ-ਪੁੱਡ ਗਏ, ਨਸ਼ਟ ਹੋ ਗਏ ਅਤੇ ਕੇਵਲ ਇੱਕ ਪੁੜ (ਸੱਤਵਾਂ ਹਿੱਸਾ ਪੂਰੀ ਧਰਤੀ ਦਾ) ਬਚਿਆ। ਧਰਤੀ ਕੰਬੀ ਅਤੇ ਅਸਮਾਨ ਥਰਥਰਾਇਆ। ਐਸੇ ਭਿਆਨਕ ਯੁੱਧ ਨੂੰ ਵੇਖ ਕੇ ਬ੍ਰਹਮਾ ਕੰਬਿਆ ਅਤੇ ਔਰਤ ਦਾ ਰੂਪ ਧਾਰ ਕੇ ਝਾੜੀਆਂ 'ਚ ਜਾ ਲੁਕਿਆ। ਸ਼ਿਵ ਜੀ ਡਰ ਕੇ ਜੋਗੀ ਬਣ ਕੇ, ਜੰਗਲ ਵਿੱਚ ਜਾ ਛੁਪਿਆ ਅਤੇ ਵਿਸ਼ਨੂੰ ਡਰਦਾ ਮਾਰਿਆ ਦੌੜ ਕੇ ਸਿੰਧ ਵਿੱਚ ਲੁਕ ਕੇ ਬਹਿ ਗਿਆ। ਇਹ ਤਿੰਨੇ ਵੱਡੇ ਦੇਵਤੇ ਡਰ ਦੇ ਮਾਰੇ ਮਹਾਂਕਾਲ ਦੀ ਸ਼ਰਨ ਆ ਗਏ। ਲੜਦੇ-ਲੜਦੇ ਮਹਾਂਕਾਲ ਨੂੰ ਪਸੀਨਾ ਆਇਆ ਜਿਸ ਨੂੰ ਮੱਥੇ ਤੋਂ ਪੂੰਝ ਕੇ ਧਰਤੀ ਤੇ ਸੁੱਟਿਆ ਤਾਂ ਉਸ ਪਸੀਨੇ 'ਚੋਂ ਭੱਟਾਚਾਰਜ ਜੰਮ ਪਿਆ। ਜਦੋਂ ਮਹਾਂਕਾਲ ਦੇ ਬਦਨ ਤੋਂ ਪਸੀਨਾ ਜਮੀਨ ਤੇ ਡਿਗਿਆ ਤਾਂ ਉਸ ਵਿੱਚੋਂ ਸੈਨ ਨਾਂ ਦਾ ਢਾਡੀ ਪੈਦਾ ਹੋ ਗਿਆ ਜਿਸਨੇ ਉਦੋਂ ਹੀ ਛੰਦ ਲਿਖਣੇ ਤੇ ਗਾਉਣੇ ਸ਼ੁਰੂ ਕਰ ਦਿੱਤੇ। ਜਦੋਂ ਕਾਲ (ਮਹਾਂਕਾਲ) ਦਾ ਬਹੁਤ ਸਾਰਾ ਪਸੀਨਾ ਧਰਤੀ 'ਤੇ ਡਿੱਗਿਆ ਤਾਂ ਉਸ ਵਿੱਚੋਂ ਭੂਮ ਸੈਨ ਪੈਦਾ ਹੋ ਗਿਆ। ਮਹਾਂਕਾਲ ਨੇ ਅਨੇਕਾਂ ਦੈਂਤਾਂ ਨੂੰ ਕੇਸਾਂ ਤੋਂ ਪਕੜ ਕੇ ਧਰਤੀ ਤੇ ਪਟਕਾ ਮਾਰਿਆ (ਇਥੇ ਕਵੀ ਸ਼ਾਇਦ ਸਿੱਖਾਂ ਨੂੰ ਦੈਂਤ ਦੱਸ ਰਿਹਾ ਹੈ)। ਘਮਸਾਨ ਦਾ ਯੁੱਧ ਹੋ ਰਿਹਾ ਹੈ - ਕਿਸੇ ਪਾਸੇ ਦੈਂਤਾਂ ਦਾ ਪੱਲੜਾ ਭਾਰੀ ਦਿਸਦਾ ਹੈ ਅਤੇ ਕਿਸੇ ਪਾਸੇ ਦੇਵਤਿਆਂ ਦਾ (ਇਹ ਯੁੱਧ ਕਾਲੀ ਅਤੇ ਦੈਂਤਾਂ ਵਿਚਕਾਰ ਹੋ ਰਿਹਾ ਹੈ)। ਦੈਂਤ ਨਗਾਰਿਆਂ

’ਤੇ ਚੋਟਾਂ ਮਾਰਦੇ ਹੋਏ, ਮੱਝਾਂ, ਗਧਿਆਂ, ਸੂਰਾਂ, ਕੁੱਤਿਆਂ, ਸੱਪਾਂ, ਬਘਿਆੜਾਂ, ਨੂੰਹਿਆਂ, ਚੀਤਿਆਂ, ਚਿਤਰਿਆਂ ਆਦਿ ਉੱਤੇ ਸਵਾਰ ਹੋ ਕੇ ਆਏ। ਕਈ ਵਿਚਾਰੇ ਬਿਰਧ ਦੈਂਤ ਗਿੱਧਾਂ ’ਤੇ ਹੀ ਚੜ੍ਹ ਕੇ ਰਣ ਵਿੱਚ ਕੁੱਦ ਪਏ। ਦੈਂਤਾਂ ਨੂੰ ਅਤਿ ਦਾ ਗੁੱਸਾ ਚੜ੍ਹਿਆ। ਇਸ ਭਿਆਨਕ ਯੁੱਧ ਦੇ ਦੌਰਾਨ ਦੈਂਤਾਂ ਦੇ ਮੂੰਹ ’ਚੋਂ ਕ੍ਰੋਧ ਦੀ ਅੱਗ ਨਿਕਲੀ ਜਿਸ ਵਿੱਚੋਂ ਸ਼ਸਤ੍ਰਧਾਰੀ ਪਠਾਨ ਤੇ ਮੁਗ਼ਲ ਪ੍ਰਗਟ ਹੋ ਗਏ। ਦੈਂਤਾਂ ਦੇ ਕ੍ਰੋਧ-ਭਰੇ ਸੁਆਸਾਂ ਵਿੱਚੋਂ ਸ਼ੇਖ਼, ਸੈਯਦ ਪੈਦਾ ਹੋ ਗਏ। ਘਮਸਾਨ ਦਾ ਯੁੱਧ ਮੱਚਿਆ। ਮਹਾਂਕਾਲ ਨੇ ਗੁੱਸੇ ਵਿੱਚ ਆ ਕੇ ਜਵਾਬੀ ਕਾਰਵਾਈ ਕੀਤੀ ਤਾਂ ਮੁਗ਼ਲਾਂ, ਪਠਾਣਾਂ, ਸ਼ੇਖ਼, ਸੈਯਦਾਂ ਦੀ ਸੈਨਾਂ ਨੂੰ ਭਾਜੜਾਂ ਪੈ ਗਈਆਂ। ਇਨ੍ਹਾਂ ਭੱਜਿਆਂ ਜਾਂਦਿਆਂ ਤੇ ਪਿੱਛੋਂ ਮਹਾਂਕਾਲ ਨੇ ਤੀਰਾਂ ਦੀ ਵਰਖਾ ਕੀਤੀ।

ਹੁਣ ਮਹਾਂਕਾਲ ਨੇ ‘ਹੁਅਂ’ ਸ਼ਬਦ ਦਾ ਉਚਾਰਣ ਕੀਤਾ ਜਿਸ ਨਾਲ ਆਧਿ, ਬਿਆਧਿ, ਰੋਗ ਹੋਂਦ ਵਿੱਚ ਆ ਗਏ ਅਤੇ ਦੈਂਤਾਂ ਦੀ ਸੈਨਾ ਲੱਗੀ ਇਨ੍ਹਾਂ ਬੀਮਾਰੀਆਂ ਨਾਲ ਮਰਨ। ਇਸ ਤਰੀਕੇ ਨਾਲ ਖੜਗਕੇਤ (ਮਹਾਂਕਾਲ) ਨੇ ਦੈਂਤਾਂ ਦਾ ਨਾਸ ਕਰ ਦਿੱਤਾ। ਫਿਰ ਮਹਾਂਕਾਲ ਨੂੰ ਖਿਆਲ ਆਇਆ ਕਿ ਇਹ ਤਾਂ ਸਾਰੇ ਮਰ ਗਏ, ਹੁਣ ਮੈਂ ਜੰਗ ਕਰਨ ਦਾ ਤਮਾਸ਼ਾ ਕਿਸ ਨਾਲ ਕਰਾਂਗਾ। ਇਹ ਵਿਚਾਰ ਕੇ ਉਸ ਨੇ ਬਰ ਦਿੱਤਾ ਕਿ ਦੈਂਤਾਂ ਤੋਂ ਦਵਾਈਆਂ ਬਣ ਜਾਣ। ਜਿਸ ਨੂੰ ਰੋਗ ਸਤਾਏ ਉਸੇ ਨੂੰ ਹਕੀਮ ਠੀਕ ਕਰ ਦੇਵੇ! ਦੈਂਤ ਫਿਰ ਕਾਇਮ ਹੋ ਕੇ ਜੰਗ ਦੇ ਮੈਦਾਨ ਵਿੱਚ ਆ ਗੱਜੇ। ਫਿਰ ਘਮਸਾਨ ਦਾ ਜੰਗ ਛਿੜ ਪਿਆ। ਮਹਾਂਕਾਲ ਨੇ ਹਾਈਡਰੋਜਨ ਬੰਬ ਛੱਡਿਆ। ਹੁਣ ਇੰਦਰ ਦੇਵਤਾ ਵੀ ਰਣ ਵਿੱਚ ਆ ਗੱਜਿਆ। ਜਿੰਨੇ ਦੈਂਤ ਜੰਗ ਵਿੱਚ ਮਰਦੇ ਉਸ ਤੋਂ ਵੱਧ ਹੋਰ ਪੈਦਾ ਹੋ ਜਾਂਦੇ। ਮਹਾਂਕਾਲ ਨੇ ਫਿਰ ਭੜਥੂ ਮਚਾਇਆ-ਕਈ ਦੈਂਤਾਂ ਨੂੰ ਚੱਬ ਗਿਆ, ਕਈਆਂ ਨੂੰ ਪੈਰਾਂ ਥੱਲੇ ਮਸਲ ਦਿੱਤਾ।

ਮਹਾਂਕਾਲ ਦੈਂਤਾਂ ਨੂੰ ਮਾਰਦਾ-ਮਾਰਦਾ ਥੱਕ ਗਿਆ ਪਰ ਮਾਰ ਕੇ ਖ਼ਤਮ ਨਾ ਕਰ ਸਕਿਆ। ਫਿਰ ਉਸ ਨੇ ਇੱਕ ਸਕੀਮ ਬਣਾਈ, ਦੈਂਤਾਂ ਨੂੰ ਮਾਰ ਕੇ ਖ਼ਤਮ ਕਰਨ ਦੀ। ਜਦ ਅਸਿਧੁਜ (ਮਹਾਂਕਾਲ) ਨੇ ਸਰਬਾ-ਕਰਖਨ ਕੀਤਾ ਤਾਂ ਦੈਂਤਾਂ ਦਾ ਜੰਮਣਾ ਬੰਦ ਹੋ ਗਿਆ, ਮਹਾਂਕਾਲ ਸਾਰੇ ਦੈਂਤਾਂ ਨੂੰ ਖਾ ਗਿਆ। ਬੱਸ, ਇੱਕੋ ਦੈਂਤ ਬਚਿਆ। ਉਸ ਇੱਕਲੇ ਦੈਂਤ ਨੇ ਹੀ ਮਹਾਂਕਾਲ ਨੂੰ ਵੰਗਾਰਿਆ। ਉਸ ਨੇ ਬੜੇ ਤੀਰ ਛੱਡੇ ਪਰ ਮਹਾਂਕਾਲ ਨੇ ਸਾਰੇ ਰੋਕ ਲਏ। ਫਿਰ ਮਹਾਂਕਾਲ ਨੇ ਬੀਸ ਸਹੱਸ੍ਰ (ਵੀਹ ਹਜ਼ਾਰ) ਇਕੱਠੇ ਬਾਣਾਂ ਨਾਲ ਵਾਰ ਕੀਤਾ। ਉਸ ਨੇ ਇੱਕ ਬਾਣ ਨਾਲ ਦੈਂਤ ਦੀ ਧੁਜਾ (ਝੰਡਾ) ਗਿਰਾਈ ਤੇ ਦੂਜੇ ਨਾਲ ਉਸ ਦਾ ਸਿਰ ਉਡਾ ਦਿੱਤਾ। ਉਸ ਨੇ ਚਾਰ ਬਾਣ ਛੱਡੇ ਅਤੇ ਦੈਂਤ ਨੂੰ ਮਾਰ ਦਿੱਤਾ। ਫਿਰ ਦੈਂਤ ਦਾ ਮੱਥਾ ਕੱਟਿਆ। ਸ੍ਰੀ ਅਸਿਕੇਤਿ (ਮਹਾਂਕਾਲ) ਜਗਤ ਦੇ ਮਾਲਕ ਨੇ, ਦੂਜੇ ਬਾਣ ਦੇ ਨਾਲ ਦੋਨਾਂ ਹੱਥਾਂ ਦਾ ਵਾਰ ਕਰਕੇ ਦੈਂਤਾਂ ਦੇ ਬੰਦੇ ਮਾਰੇ। ਫਿਰ ਰਾਕਸ਼ (ਦੈਂਤ) ਦਾ ਸਿਰ ਵੱਢਿਆ। ਅਸਮਾਨ ਤੋਂ ਫੁੱਲਾਂ ਦੀ ਵਰਖਾ ਹੋਈ ਅਤੇ ਸਭ ਨੇ ਆ ਕੇ ਅਸਿਕੇਤਿ ਜਗਤ ਕੇ ਈਸਾ (ਮਹਾਂਕਾਲ) ਨੂੰ ਵਧਾਈ ਦਿੱਤੀ!

ਹੇ ਲੋਕਾਂ ਦੇ ਰਾਜਾ! (ਮਹਾਂਕਾਲ) ਤੂੰ ਧੰਨ ਹੈ! ਤੂੰ ਧੰਨ ਹੈ!! ਤੂੰ ਦੁਸ਼ਟਾਂ ਨੂੰ ਮਾਰ ਕੇ ਗਰੀਬਾਂ ਦੀ ਰੱਖਿਆ ਕੀਤੀ; ਤੂੰ ਸਾਰੇ ਭਵਨਾਂ ਦੀ ਸਿਰਜਣਾ ਕੀਤੀ; ਤੂੰ ਮੈਨੂੰ ਆਪਣਾ ਦਾਸ ਜਾਣਕੇ ਮੇਰੀ ਮਦਦ ਕਰ ਤੇ ਮੈਨੂੰ ਬਚਾ ਲੈ!!!!





ਨੋਟ :

ਹੁਣ ਇਸ ਤੋਂ ਅੱਗੇ, ਚੌਪਈ ਦੇ ਕਾਵਿ ਰੂਪ ਵਿੱਚ, ਕਵੀ ਆਪਣੇ ਇਸ਼ਟ ਮਹਾਂਕਾਲ ਅੱਗੇ ਗਿੜ ਗਿੜਾ ਕੇ ਬੇਨਤੀ ਕਰ ਰਿਹਾ ਹੈ ਜਿਹੜੀ ਕਿ ਸਿੱਖ ਰਹਿਤ ਮਰਿਆਦਾ ਅਨੁਸਾਰ ਖੰਡੇ ਦੀ ਪਹੁਲ ਤਿਆਰ ਕਰਨ ਸਮੇਂ 1945 ਤੋਂ ਹੀ ਪੜ੍ਹੀ ਜਾ ਰਹੀ ਹੈ। ਇਸ ਬਾਰੇ ਸੰਖੇਪ ਵਿਚਾਰ ਉੱਪਰ ਕੀਤੀ ਜਾ ਚੁਕੀ ਹੈ।

**ਖ਼ਾਲਸਾ ਜੀ ! ਇਸ ਤ੍ਰਿਆ ਚਰਿੱਤ੍ਰ ਵਿੱਚ ਸ਼ਾਕਤਮਤੀ (ਵਾਮ-ਮਾਰਗੀ) ਕਵੀ ਨੇ ਜੋ ਬੇਸਿਰ-ਪੈਰ ਦੇ ਗਪੌੜ ਛੱਡੇ ਹਨ, ਕੀ ਇਨ੍ਹਾਂ ਤੋਂ ਕੋਈ ਗੁਰਮਤਿ ਅਨੁਸਾਰੀ ਜੀਵਨ-ਸੇਧ ਮਿਲਦੀ ਮਾਲੂੰਮ ਹੋ ਰਹੀ ਹੈ ? ਇਸ ਕਹਾਣੀ ਦਾ ਕੋਈ ਅੰਸ਼ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਬਾਣੀ ਦੇ ਕਿਸੇ ਵੀ ਸਿਧਾਂਤ ’ਤੇ ਮਾੜਾ-ਮੋਟਾ ਵੀ ਖ਼ਰਾ ਨਹੀਂ ਉੱਤਰ ਰਿਹਾ ਬਲਕਿ ਇਹ ਸਮੁੱਚੀ ਮਨ-ਘੜਤ (ਮਨੋਕਲਪਿਤ) ਕਹਾਣੀ ਵਿੱਚ ਵਰਣਨ ਕੀਤੀਆਂ ਸਾਰੀਆਂ ਘਟਨਾਵਾਂ ਗੁਰੂ ਨਾਨਕ ਫ਼ਲਸਫ਼ੇ ਨੂੰ ਕੱਟਣ ਵਾਲੀਆਂ ਹਨ। ਤਾਂ ਫਿਰ ਕੀ ਅਜਿਹੀ ਰਚਨਾ ਦੇ ਲਿਖਾਰੀ ਦਸਮੇਸ਼ ਪਿਤਾ ਜੀ ਨੂੰ ਮੰਨਿਆ ਜਾ ਸਕਦਾ ਹੈ ? ਜਿਹੜੇ ਪ੍ਰਾਣੀ ਅਜਿਹੀ ਗੁਰਮਤਿ-ਵਿਰੋਧੀ ਰਚਨਾ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਸਮਝ ਕੇ ਪ੍ਰਚਾਰੀ ਜਾ ਰਹੇ ਹਨ ਉਹ ਜਾਂ ਤਾਂ ਗੁਰੂ ਨਾਨਕ ਫ਼ਲਸਫ਼ੇ ਦੀ ਸਿਧਾਂਤਕ ਸੋਝੀ ਤੋਂ ਮੂਲੋਂ ਹੀ ਕੋਰੇ ਹਨ ਅਤੇ ਜਾਂ ਫਿਰ ਬਿਪਰਵਾਦੀ ਵਿਚਾਰਧਾਰਾ ਦੇ ਹਮਾਇਤੀ ਅਤੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਤੋਂ ਭਗੌੜੇ।**

## ਕੁਝ ਹੋਰ ਵਿਚਾਰ

ਇਸ ਚੈਪਟਰ ਵਿੱਚ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਫ਼ਲਸਫ਼ੇ ਦੀ ਪਰਖ ਕਸਵੱਟੀ ਤੇ ਚਾੜ੍ਹ ਕੇ, ਇਹ ਹਕੀਕਤ ਚਿੱਟੇ ਦਿਨ ਵਾਂਗ ਸਪੱਸ਼ਟ ਹੋ ਚੁੱਕੀ ਹੈ ਕਿ **ਗੁਰਮਤਿ ਫ਼ਲਸਫ਼ੇ ਦੇ ਸਿਧਾਂਤਾਂ ਦਾ ਘਾਣ ਅਤੇ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਦਾ ਚਰਿੱਤ੍ਰਘਾਤ ਕਰਨ ਵਾਲੀ ਕਿਤਾਬ ਬਚਿੱਤ੍ਰ ਨਾਟਕ (ਅਖੌਤੀ ਦਸਮ ਗ੍ਰੰਥ) ਅੰਗ੍ਰੇਜ਼ਾਂ ਅਤੇ ਬਿਪਰਵਾਦੀਆਂ ਦੀ ਚਾਣਕੀਯਾ ਨੀਤੀ ਅਨੁਸਾਰ ਸਿੱਖ ਕੌਮ ਦਾ ਭਗਵਾਕਰਨ ਕਰ ਕੇ ਮਨੂੰਵਾਦ ਦੇ ਡੂੰਘੇ ਖ਼ਾਰੇ ਸਮੁੰਦਰ ਵਿੱਚ ਸਮੋਣ ਲਈ, ਗੁਰਮਤਿ ਦਾ ਲੇਬਲ ਲਗਾ ਕੇ, ਪ੍ਰਚੱਲਤ ਕਰ ਦਿੱਤੀ ਗਈ ਹੈ ਅਤੇ ਗੁਰੂ ਨਾਨਕ ਫ਼ਲਸਫ਼ੇ ਦੀ ਸਹੀ ਸੋਝੀ ਦੀ ਘਾਟ ਕਾਰਨ, ਸਿੱਖ ਕੌਮ ਦੀਆਂ ਕੁਝ ਕੁ ਜਥੇਬੰਦੀਆਂ**

**ਸੰਸਥਾਵਾਂ, ਅਦਾਰਿਆਂ ਅਤੇ ਵਿਅਕਤੀਆਂ ਨੇ ਇਸ ਨੂੰ ਭੁਲੇਖੇ ਨਾਲ ਹੀ ਦਸਮੇਸ਼ ਰਚਨਾ ਸਮਝ ਕੇ ਪ੍ਰਵਾਨ ਹੀ ਨਹੀਂ ਕਰ ਲਿਆ ਬਲਕਿ ਦ੍ਰਿੜਤਾ ਨਾਲ ਇਸ ਦਾ ਪ੍ਰਚਾਰ ਵੀ ਕਰੀ ਜਾ ਰਹੇ ਹਨ।**

ਇਸੇ ਤਰ੍ਹਾਂ ਹੀ, ਹੇਠ ਲਿਖੀਆਂ ਬਿਪਰਵਾਦੀ ਰਚਨਾਵਾਂ ਵੀ ਸਾਡੇ ਕੌਮੀ ਵਿਹੜੇ ਵਿੱਚ ਸਾਜਿਸ਼ੀ ਢੰਗ ਨਾਲ ਵਾੜੀਆਂ ਜਾ ਚੁੱਕੀਆਂ ਹਨ :

ੳ) ਗੁਰਬਿਲਾਸ ਪਾਤਸ਼ਾਹੀ ਛੇਵੀਂ (ਅਗਿਆਤ ਲੇਖਕ ਦੀ ਰਚਨਾ)।

ਅ) ਭਾਈ ਬਾਲੇ ਵਾਲੀ ਜਨਮ ਸਾਖੀ।

ੲ) ਸਰਬਲੋਹ ਗ੍ਰੰਥ।

ਸ) ਸੂਰਜ ਪ੍ਰਕਾਸ਼।

ਹ) ਭਾਈ ਗੁਰਦਾਸ (ਦੂਜਾ) ਦੀ (41ਵੀਂ) ਵਾਰ।

ਕ) ਬਿਪਰਵਾਦੀ ਪੌਰਾਣਿਕ ਗਪੌੜਾਂ ਦੀ ਤਰਜ ਦੀਆਂ ਕਈ-ਇੱਕ ਗੁਰਮਤਿ-ਵਿਰੋਧੀ ਕਥਾ-ਕਹਾਣੀਆਂ (ਸਾਖੀਆਂ)।

ਖ) ਮਾਧਵਾਨਲ-ਕਾਮਕੰਦਲਾ ਕਾਮ-ਕਿੱਸੇ ਦਾ ਅੰਸ਼ 'ਰਾਗਮਾਲਾ'

**ਜਦੋਂ ਕਦੇ ਕੌਮੀ ਦਰਦ ਵਾਲੀਆਂ ਕੁਝ ਕੁ ਜਥੇਬੰਦੀਆਂ/ਅਦਾਰੇ/ਵਿਅਕਤੀ ਇਨ੍ਹਾਂ ਗੰਭੀਰ ਅਤੇ ਖ਼ਤਰਨਾਕ ਸਾਜਿਸ਼ਾਂ ਦਾ ਪਰਦਾ-ਫ਼ਾਸ਼ ਕਰਕੇ, ਗੁਰਮਤਿ ਫ਼ਲਸਫ਼ੇ, ਸਿੱਖ ਇਤਿਹਾਸ ਅਤੇ ਗੁਰਮਤਿ ਸਭਿਆਚਾਰ ਤੇ ਚਾੜ੍ਹੇ ਜਾ ਚੁੱਕੇ ਬਿਪਰਵਾਦੀ ਮੁਲੰਮੇ ਨੂੰ ਗੁਰਮਤਿ ਸਿਧਾਂਤਾਂ ਦੀ ਰੌਸ਼ਨੀ ਅਨੁਸਾਰ ਦੂਰ ਕਰਨ ਲਈ ਉਪਰਾਲੇ ਕਰਦੇ ਹਨ ਤਾਂ ਕੌਮ ਦੀਆਂ ਕੇਂਦਰੀ ਅਤੇ ਸਥਾਨਕ ਸੰਸਥਾਵਾਂ 'ਤੇ ਬਿਪਰਵਾਦੀ ਵਿਚਾਰਧਾਰਾ ਵਾਲੇ ਕਾਬਜ ਹੋ ਚੁੱਕੇ ਲੋਕ ਡਾਂਗਾਂ/ਤਲਵਾਰਾਂ ਚੁੱਕ ਕੇ ਇਨ੍ਹਾਂ ਦੇ ਖ਼ਿਲਾਫ਼ 'ਸੋਧ ਦਿਆਂਗੇ' ਦੇ ਗੁਰਮਤਿ-ਵਿਰੋਧੀ ਹੋਕਰੇ ਮਾਰਨ ਲੱਗ ਜਾਂਦੇ ਹਨ।** ਇਹ ਦਲੀਲਾਂ ਵੀ ਦਿੱਤੀਆਂ ਜਾਂਦੀਆਂ ਹਨ ਕਿ, "ਇਹ ਫ਼ੈਸਲੇ 'ਗੁਰੂ-ਪੰਥ' ਨੇ ਕੀਤੇ ਹੋਏ ਹਨ, ਇਨ੍ਹਾਂ ਵਿੱਚ ਸੋਧ ਨਹੀਂ ਕੀਤੀ ਜਾ ਸਕਦੀ। ਫਲਾਣਾ ਫਲਾਣਾ ਫ਼ੈਸਲਾ ਅਕਾਲ ਤਖ਼ਤ ਅਤੇ ਦੂਸਰੇ ਤਖ਼ਤਾਂ ਦੇ 'ਜਥੇਦਾਰਾਂ' (ਕੌਮ ਦੇ ਪੱਕੇ ਤੌਰ 'ਤੇ ਸਥਾਪਤ ਅਖੌਤੀ ਪੰਜ ਪਿਆਰੇ) ਨੇ ਕਰਕੇ ਹੁਕਮਨਾਮਾ ਜਾਰੀ ਕੀਤਾ ਹੋਇਆ ਹੈ, ਇਸ ਨੂੰ ਬਦਲਿਆ ਨਹੀਂ ਜਾ ਸਕਦਾ ਆਦਿ, ਆਦਿ"। **ਅਜਿਹੇ ਜਜ਼ਬਾਤੀ ਪਰ ਗੰਧਲੇ ਵਾਤਾਵਰਣ ਵਿੱਚ ਕੌਮੀ ਮਸਲਿਆਂ ਦਾ ਹੱਲ ਕਿਵੇਂ ਕੀਤਾ ਜਾਵੇ। ਕੌਮ ਦੇ ਸਨਮੁੱਖ ਇਹ ਇੱਕ ਗੰਭੀਰ ਚੁਣੌਤੀ ਹੈ। ਆਓ, ਆਪਣੇ ਹਿਰਦੇ ਵਿੱਚ ਕੌਮ ਅਤੇ ਸਮੁੱਚੀ ਮਨੁੱਖਤਾ ਦਾ ਦਰਦ ਰੱਖਣ ਵਾਲਿਓ !**





**ਅਜਿਹੀਆਂ ਗੰਭੀਰ ਸਮੱਸਿਆਵਾਂ ਦਾ ਹੱਲ ਲੱਭਣ ਲਈ ਇੱਕ ਵਾਹਿਦ ਪ੍ਰਭੂ-ਪਿਤਾ ਦੀ ਸ਼ਰਣਿ ਪੈ ਕੇ ਜੋਦੜੀ ਕਰੀਏ ਕਿ, "ਹੇ ਸ੍ਰਿਸ਼ਟੀ ਦੇ ਨਾਥ ਪ੍ਰਭੂ-ਪਿਤਾ ਜੀ ! ਸਾਨੂੰ ਸਰਬਕਲਿਆਣਕਾਰੀ ਗੁਰੂ ਨਾਨਕ ਫ਼ਲਸਫ਼ੇ ਦੀ ਸੋਝੀ ਬਖਸ਼ਿਸ ਕਰਕੇ ਇਨ੍ਹਾਂ ਮਸਲਿਆਂ ਦਾ ਹੱਲ ਕਰਨ ਦੀ ਜੁਗਤਿ ਅਤੇ ਸਮਰੱਥਾ ਬਖਸ਼ੋ ਜੀ !"**

ਸਤਿਗੁਰਾਂ ਦੀ ਬਖਸ਼ੀ ਸੋਝੀ ਅਨੁਸਾਰ ਇਸ ਸਬੰਧੀ ਹੇਠ ਲਿਖੇ ਅਨੁਸਾਰ ਸੁਝਾਅ ਦਿੱਤੇ ਜਾ ਰਹੇ ਹਨ ਅਤੇ ਨਿਮਰਤਾ ਸਹਿਤ ਬੇਨਤੀ ਅਤੇ ਆਸ ਕੀਤੀ ਜਾਂਦੀ ਹੈ ਕਿ ਗੁਰੂ ਨਾਨਕ ਫ਼ਲਸਫ਼ੇ ਦੀ ਡੂੰਘੀ ਸੋਝੀ ਰੱਖਣ ਵਾਲੇ ਪ੍ਰਾਣੀ ਆਪੋ ਆਪਣੇ ਕੀਮਤੀ ਸੁਝਾਅ ਦੇ ਕੇ ਬਣਦਾ ਯੋਗਦਾਨ ਪਾਉਣ ਲਈ ਅੱਗੇ ਆਉਣਗੇ। ਇਸ ਸਬੰਧ ਵਿੱਚ, ਸਭ ਤੋਂ ਪਹਿਲਾਂ, ਕੁਝ ਕੁ ਬੁਨਿਆਦੀ ਨੁਕਤਿਆਂ ਬਾਰੇ ਗੁਰੂ ਨਾਨਕ ਫ਼ਲਸਫ਼ੇ ਦੀ ਲੋਅ ਵਿੱਚ, ਸਪੱਸ਼ਟਤਾ ਹਾਸਿਲ ਕਰਨੀ ਲਾਹੇਵੰਦ ਸਾਬਤ ਹੋਵੇਗੀ :

## ਪੰਥ

1. ਧਾ-ਜਾਣਾ, ਫਿਰਨਾ 2. ਮਾਰਗ, ਰਸਤਾ 3. ਪਰਮਾਤਮਾ ਦੀ ਪ੍ਰਾਪਤੀ ਦਾ ਰਾਹ, ਧਰਮ, ਮਜ਼੍ਹਬ 4. ਮਰਾ, ਮੰਤ੍ਰੀ, ਵਜ਼ੀਰ।

ਆਮ ਕਰਕੇ, ਅਜਕਲ, ਇਹ ਸ਼ਬਦ 'ਖ਼ਾਲਸਾ ਪੰਥ' ਵਾਸਤੇ ਵਰਤਿਆ ਜਾ ਰਿਹਾ ਹੈ। ਲੇਖਕ ਦੀ ਸਮਝ ਅਨੁਸਾਰ, 'ਖ਼ਾਲਸਾ ਪੰਥ' ਕਹਿਣ ਦੀ ਬਜਾਏ 'ਖ਼ਾਲਸਾ ਕੌਮ' ਕਹਿਣਾ ਵਧੇਰੇ ਠੀਕ ਹੋਵੇਗਾ ਕਿਉਂਕਿ 'ਪੰਥ' ਇਕ ਸੀਮਤ ਜਿਹਾ ਫ਼ਿਰਕਾ ਹੋਣ ਦਾ ਭੁਲੇਖਾ ਪਾਉਂਦਾ ਹੈ ਜਦਕਿ ਗੁਰੂ ਨਾਨਕ ਸਾਹਿਬ ਦਾ ਆਲਮਗੀਰੀ ਫ਼ਲਸਫ਼ਾ ਸਾਰੀ ਮਨੁੱਖਤਾ ਨੂੰ ਹੀ ਆਪਣੀ ਨਿੱਘੀ ਪਿਆਰ-ਗਲਵੱਕੜੀ ਵਿੱਚ ਲੈਂਦਾ ਹੈ। ਦੂਜਾ, 'ਪੰਥ' ਦੀ ਉਮਰ ਵੀ ਸੀਮਤ ਹੀ ਹੁੰਦੀ ਹੈ ਜਦਕਿ ਗੁਰੂ ਨਾਨਕ ਫ਼ਲਸਫ਼ੇ ਅਨੁਸਾਰ ਹੋਂਦ ਵਿੱਚ ਆਈ 'ਕੌਮ' ਸਰਬਦੇਸ਼ੀ ਅਤੇ ਸਦੀਵਕਾਲੀ ਹੈ। ਮਿਸਾਲ ਦੇ ਤੌਰ ਤੇ, ਜੋਗੀਆਂ ਅਤੇ ਸਰੇਵੜਿਆਂ ਦੇ 'ਪੰਥ' (ਫ਼ਿਰਕੇ) ਹੁਣ ਅਲੋਪ ਹੁੰਦੇ ਜਾ ਰਹੇ ਹਨ।

## ਗੁਰੂ-ਪੰਥ ?

ਇਹ ਸ਼ਬਦ ਵੀ ਜਿਹੜੇ ਅਰਥਾਂ ਵਿੱਚ ਅਜਕਲ ਵਰਤਿਆ ਜਾ ਰਿਹਾ ਹੈ, ਉਹ ਗੁਰੂ ਨਾਨਕ ਫ਼ਲਸਫ਼ੇ ਨਾਲ ਮੇਲ ਨਹੀਂ ਖਾਂਦੇ। ਇਸ ਪੁਸਤਕ ਵਿੱਚ 'ਗੁਰੂ' ਸ਼ਬਦ ਬਾਰੇ ਸੰਖੇਪ ਵਿਚਾਰ ਕੀਤੀ ਜਾ ਚੁੱਕੀ ਹੈ ਕਿ **ਅਸਲ ਵਿੱਚ 'ਪ੍ਰਭੂ-ਪਿਤਾ' ਦੇ 'ਸੰਪੂਰਨ ਬ੍ਰਹਮ ਗਿਆਨ ਦਾ ਪ੍ਰਕਾਸ਼' (ਸ਼ਬਦ-ਗੁਰੂ) ਹੀ 'ਗੁਰੂ' ਹੈ। ਸਰੀਰ ਤਾਂ ਬਿਨਸਣਹਾਰ ਹੈ। ਇਹ ਨਾਂ ਤਾਂ 'ਗੁਰੂ' ਹੈ ਅਤੇ ਨਾਂ ਹੀ 'ਚੇਲਾ। ਦੱਸਿਆ ਜਾਂਦਾ ਹੈ ਕਿ ਦਸਮੇਸ਼ ਪਿਤਾ ਜੀ ਨੇ ਜੋਤੀ ਜੋਤਿ ਸਮਾਉਣ ਵੇਲੇ ਇਸ ਭਾਵ ਦੇ ਬਚਨ ਕੀਤੇ**

**ਸਨ ਕਿ, "ਆਤਮਾ 'ਗ੍ਰੰਥ' (ਗੁਰੂ ਗ੍ਰੰਥ) ਵਿੱਚ ਅਤੇ ਸਰੀਰ 'ਪੰਥ' ਵਿੱਚ"।** ਇਸ ਪੱਖ ਤੋਂ ਵੀ ਵਿਚਾਰਿਆ ਜਾਵੇ ਤਾਂ 'ਗੁਰੂ' ਦਾ ਸਰੀਰ ਕਦੇ ਵੀ 'ਗੁਰੂ' ਨਹੀਂ ਕਹਾਇਆ, ਤਾਂ ਫਿਰ 'ਪੰਥ' (ਗੁਰੂ ਦੇ ਸਰੀਰ ਦਾ ਸਰੂਪ) ਗੁਰੂ ਕਿਵੇਂ ਬਣ ਗਿਆ ? ਕੀ ਅੱਜਕਲ ਦੋ 'ਗੁਰੂ ਬਣ ਗਏ (ਇਕ ਗੁਰੂ ਗ੍ਰੰਥ ਸਾਹਿਬ ਅਤੇ ਦੂਜਾ 'ਗੁਰੂ-ਪੰਥ' ? ਖਾਲਸਾ ਜੀ ! ਨਹੀਂ। ਗੁਰੂ ਤਾਂ ਇਕੋ ਹੀ ਸੀ ਅਤੇ ਇੱਕੋ ਹੀ ਰਹੇਗਾ ਅਤੇ ਉਹ ਹੈ 'ਸ਼ਬਦ-ਗੁਰੂ' (ਪਰਮੇਸ਼ਰ ਦਾ 'ਸ਼ਬਦ-ਸਰੂਪ', ਗੁਰਬਾਣੀ)। ਹਾਂ, ਖ਼ਾਲਸਾ ਕੌਮ ਨੇ (ਗੁਰੂ ਦੇ ਸਰੀਰਕ ਰੂਪ ਵਿੱਚ) ਸਮੁੱਚੀ ਅਗਵਾਈ ਗੁਰੂ ਗ੍ਰੰਥ ਸਾਹਿਬ ਜੀ ਤੋਂ ਹਾਸਿਲ ਕਰ ਕੇ, ਜੋ ਕਾਰਜ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮੇਂ ਕਰਿਆ ਕਰਦੇ ਸਨ, ਉਨ੍ਹਾਂ ਕਾਰਜਾਂ ਨੂੰ ਹੀ ਅੱਗੇ ਵਧਾਉਂਣਾ ਹੈ, ਸਮੁੱਚੀ ਦੁਨੀਆਂ ਵਿੱਚ।

## ਸਾਹਿਬ

1. ਮਾਲਿਕ (ਸੁਆਮੀ) 2. ਕਰਤਾਰ 3. ਮਿੱਤ੍ਰ।

ਅਜਕਲ, ਖਾਸ ਕਰਕੇ ਸਿੱਖ ਜਗਤ ਵਿੱਚ, ਇਸ ਸ਼ਬਦ ਦੀ ਵੀ ਬਹੁਤ ਗ਼ਲਤ ਵਰਤੋਂ ਕੀਤੀ ਜਾ ਰਹੀ ਹੈ। ਜਣਾ-ਖਣਾ (ਧਾਰਮਿਕ, ਸਿਆਸੀ, ਸਮਾਜਕ ਆਗੂ) ਆਪਣੇ ਨਾਮ ਦੇ ਪਿੱਛੇ 'ਸਾਹਿਬ' ਦਾ ਤਖੱਲਸ ਚਿਪਕਾਈ ਫਿਰਦਾ ਹੈ। ਇਥੇ ਹੀ ਬੱਸ ਨਹੀਂ। ਅਸਥਾਨਾਂ ਅਤੇ ਵਸਤੂਆਂ ਦੇ ਨਾਵਾਂ ਨਾਲ ਵੀ ਇਸ ਸ਼ਬਦ ਦੀ ਦੁਰਵਰਤੋਂ ਕੀਤੀ ਜਾ ਰਹੀ ਹੈ। ਮਿਸਾਲ ਦੇ ਤੌਰ ਤੇ 'ਰਤਵਾੜਾ ਸਾਹਿਬ', 'ਰਾੜਾ ਸਾਹਿਬ', 'ਮਸਤੂਆਣਾ ਸਾਹਿਬ', 'ਬੇਰ ਸਾਹਿਬ', 'ਟਾਹਲੀ ਸਾਹਿਬ', 'ਅੰਬ ਸਾਹਿਬ', 'ਹੇਮਕੁੰਟ ਸਾਹਿਬ', 'ਚੌਰ ਸਾਹਿਬ', 'ਪੀੜ੍ਹਾ ਸਾਹਿਬ', 'ਚੰਦੋਆ ਸਾਹਿਬ', 'ਪਾਲਕੀ ਸਾਹਿਬ' ਆਦਿ ਆਦਿ। **ਗੁਰੂ ਨਾਨਕ ਫ਼ਲਸਫ਼ੇ ਅਨੁਸਾਰ, ਸਾਹਿਬ ਇੱਕੋ ਹੀ ਹੈ (ਪ੍ਰਭੂ-ਪਿਤਾ) :**

***ਸਾਹਿਬੁ ਮੇਰਾ ਏਕੋ ਹੈ ॥ ਏਕੋ ਹੀ ਭਾਈ ਏਕੋ ਹੈ ॥ (ਮ: ੧, ੩੫੦)***

**ਫਿਰ ਅਸੀਂ ਐਨੇ ਸਾਰੇ 'ਸਾਹਿਬ' ਬਣਾ ਕੇ ਦੁਨੀਆਂ ਨੂੰ ਕਿਹੜਾ ਗੁਰਮਤਿ ਸੰਦੇਸ਼ ਦੇਣ ਦਾ ਯਤਨ ਕਰ ਰਹੇ ਹਾਂ ? ਇਸ ਕਸਰਤ ਵਿੱਚੋਂ ਭੰਬਲਭੂਸੇ ਤੋਂ ਬਿਨਾਂ ਹੋਰ ਕੋਈ ਸਾਰਥਕ ਪ੍ਰਾਪਤੀ ਨਹੀਂ ਹੋ ਸਕਦੀ।**

**ਪਰ ਅਸੀਂ ਅੰਨ੍ਹੀ ਸ਼ਰਧਾ-ਵੱਸ, ਗੁਰੂ ਨਾਨਕ ਸਾਹਿਬ ਦੇ ਹੁਕਮਾਂ ਦੀ ਉਲੰਘਣਾ ਕਰਕੇ ਭਾਂਤ-ਭਾਂਤ ਦੇ 'ਸਾਹਿਬ' ਬਣਾਈ ਬੈਠੇ ਹਾਂ। ਖ਼ਾਲਸਾ ਜੀ ! ਜਜ਼ਬਾਤੀ ਨਹੀਂ, ਸੁਚੇਤ ਹੋਣ ਦੀ ਲੋੜ ਹੈ। ਬੇਹਤਰ ਇਹੀ ਹੋਵੇਗਾ ਕਿ ਇਸ ਸ਼ਬਦ ਦੀ ਵਰਤੋਂ ਨੂੰ ਅਕਾਲ ਪੁਰਖੁ, ਅਕਾਲ ਪੁਰਖੁ ਸਰੂਪ ਗੁਰੂ ਨਾਨਕ ਗੁਰੂ ਜਾਮਿਆਂ ਅਤੇ ਗੁਰੂ ਗ੍ਰੰਥ ਸਾਹਿਬ ਤੱਕ ਹੀ ਸੀਮਤ ਕਰ ਦਿੱਤਾ ਜਾਵੇ।**





## ਸਿੰਘ ਸਾਹਿਬ ?

ਅੱਜ ਅਸੀਂ ਅੱਧਖੜ੍ਹ ਪੁਜਾਰੀਆਂ (ਸ਼੍ਰੋਮਣੀ ਕਮੇਟੀ ਦੇ ਤਨਖ਼ਾਹਦਾਰ ਅਖੌਤੀ ਜਥੇਦਾਰਾਂ) ਨੂੰ ਵੀ 'ਸਿੰਘ ਸਾਹਿਬ', ਯਾਨੀ ਕਿ ਸਿੰਘਾਂ ਦੇ ਮਾਲਿਕ, ਕਹਿਣ ਲਗਿਆਂ ਜ਼ਰਾ ਵੀ ਸੰਕੋਚ ਨਹੀਂ ਕਰਦੇ ਅਤੇ ਨਾ ਹੀ ਇਹ ਚਾਪਲੂਸੀ ਦੇ ਭੁੱਖੇ ਅਖੌਤੀ ਜਥੇਦਾਰ ਅਜਿਹੀ ਗੁਰਮਤਿ-ਵਿਰੋਧੀ ਸ਼ਬਦਾਵਲੀ ਦੀ ਵਰਤੋਂ ਕਰਨ ਤੋਂ ਲੋਕਾਂ ਨੂੰ ਰੋਕਦੇ ਹਨ। ਸਗੋਂ **ਇਹ ਤਾਂ ਇਹੀ ਚਾਹੁੰਦੇ ਹਨ ਕਿ ਕਿਸੇ ਨੂੰ ਗੁਰੂ ਨਾਨਕ ਫ਼ਲਸਫ਼ੇ ਦੀ ਸੋਝੀ ਹੀ ਨਹੀਂ ਆਉਣ ਦੇਣੀ ਕਿਉਂਕਿ ਜੇਕਰ ਲੋਕਾਈ ਨੂੰ ਗੁਰਮਤਿ ਫ਼ਲਸਫ਼ੇ ਦੀ ਸੋਝੀ ਪ੍ਰਾਪਤ ਹੋ ਗਈ ਤਾਂ ਇਨ੍ਹਾਂ ਦੇ ਤੋਰੀ-ਫੁਲਕੇ ਦਾ ਕੀ ਬਣੂੰ ?**

## ਹੁਕਮਨਾਮਾ ਅਤੇ ਗੁਰਮਤਾ

'ਹੁਕਮਨਾਮਾ' ਹੁਕਮੀ (ਮਾਲਿਕ) ਦਾ ਹੀ ਹੁੰਦਾ ਹੈ ਅਤੇ ਸ੍ਰਿਸ਼ਟੀ ਦਾ ਇੱਕੋ ਇੱਕ ਮਾਲਿਕ ਹੈ ਪ੍ਰਭੂ-ਪਿਤਾ, ਅਕਾਲ ਪੁਰਖੁ। ਇਸ ਤਰ੍ਹਾਂ, ਧੁਰ ਕੀ ਬਾਣੀ ਹੀ ਇੱਕੋ ਇੱਕ ਹੁਕਮ ਹੈ ਸਾਰੀ ਸ੍ਰਿਸ਼ਟੀ ਵਾਸਤੇ। ਦਸਮੇਸ਼ ਪਿਤਾ ਜੀ ਦੇ ਜੋਤੀ ਜੋਤਿ ਸਮਾਉਣ ਤੋਂ ਬਾਅਦ, ਖ਼ਾਲਸਾ ਕੌਮ ਅੰਦਰ 'ਹੁਕਮਨਾਮਾ' ਜਾਰੀ ਕਰਨ ਦਾ ਦਸਤੂਰ ਨਹੀਂ ਬਲਕਿ 'ਸਰਬੱਤ ਖਾਲਸਾ' ਦੇ ਇਕੱਠ ਵਿੱਚ, ਆਮ ਸਹਿਮਤੀ ਨਾਲ, ਗੁਰਮਤਿ ਜੁਗਤਿ ਨਾਲ, ਗੁਰਮਤਿ ਅਨੁਕੂਲ ਕੀਤੇ ਫੈਸਲਿਆਂ ਨੂੰ 'ਗੁਰਮਤਾ' ਕਿਹਾ ਜਾਂਦਾ ਹੈ ਅਤੇ ਇਸ ਨੂੰ ਜਾਰੀ ਕਰਦਾ ਹੈ 'ਸਰਬੱਤ ਖ਼ਾਲਸਾ' ਇੱਕਠ ਦਾ 'ਜਥੇਦਾਰ'। ਇਕ ਵਾਰ ਇਸ ਤਰ੍ਹਾਂ ਪ੍ਰਵਾਨ ਕੀਤੇ ਜਾ ਚੁੱਕੇ ਗੁਰਮਤੇ ਵਿੱਚ ਜੇਕਰ ਕੋਈ ਵਾਧਾ-ਘਾਟਾ ਕਰਨ ਦੀ ਲੋੜ ਮਹਿਸੂਸ ਹੋਵੇ ਤਾਂ ਦੁਬਾਰਾ 'ਸਰਬੱਤ ਖ਼ਾਲਸਾ' ਦਾ ਇਕੱਠ ਬੁਲਾਕੇ ਹੀ ਕੀਤਾ ਜਾ ਸਕਦਾ ਹੈ।

## ਖ਼ਾਲਸਾ

1. ਵਿ-ਸ਼ੁੱਧ 2. ਬਿਨਾ ਮਿਲਾਵਟ, ਨਿਰੋਲ 3. ਉਹ ਜ਼ਮੀਨ ਜਾਂ ਮੁਲਕ ਜੋ ਬਾਦਸ਼ਾਹ ਦਾ ਹੈ, ਜਿਸ ਪਰ ਕਿਸੇ ਜਾਗੀਰਦਾਰ ਅਥਵਾ ਜ਼ਿਮੀਂਦਾਰ ਦਾ ਸੁਤਵ੍ਹ ਨਹੀਂ 4. ਅਕਾਲੀ ਧਰਮ, ਵਾਹਿਗੁਰੂ ਜੀ ਕਾ ਖ਼ਾਲਸਾ, ਸਿੰਘ-ਪੰਥ 5. ਖ਼ਾਲਸਾ ਧਰਮਧਾਰੀ ਗੁਰੂ ਨਾਨਕ ਪੰਥੀ।

## ਸਰਬੱਤ

1. ਸਭ ਥਾਂ, ਸਭ ਜਗਾਹ 2. ਸਾਰੇ ਸਮਿਆਂ ਵਿੱਚ 3. ਸਭ, ਤਮਾਮ।

ਨੋਟ : ਉੱਪਰ ਲਿਖੇ ਸਾਰੇ ਸ਼ਬਦਾਂ ਦੇ ਅਰਥ ਭਾਈ ਕਾਹਨ ਸਿੰਘ ਨਾਭਾ ਦੀ ਰਚਨਾ ਮਹਾਨ ਕੋਸ਼ ਵਿੱਚੋਂ ਲਏ ਗਏ ਹਨ।

## ਸਰਬੱਤ ਖ਼ਾਲਸਾ :

ਸਾਰੇ ਸਮਿਆਂ ਵਿੱਚ, ਸਭ ਜਗਾਹ, ਇੱਕੋ ਵਾਹਿਦ ਪ੍ਰਭੂ-ਪਿਤਾ ਦੀ ਪਰਜਾ ਦੇ ਰੂਪ

ਵਿੱਚ ਇਕੱਠੇ ਹੋਏ ਸਮੁੱਚੀ ਖ਼ਾਲਸਾ ਕੌਮ ਦੇ ਪ੍ਰਤੀਨਿਧਾਂ ਦੀ ਗੁਰੂ ਨਾਨਕ ਫ਼ਲਸਫ਼ੇ ਅਨੁਸਾਰ ਮਸਲਿਆਂ ਬਾਰੇ ਫੈਸਲੇ ਕਰਨ ਵਾਲੀ ਇਕੱਤ੍ਰਤਾ ਨੂੰ ਹੀ 'ਸਰਬੱਤ ਖ਼ਾਲਸਾ' ਕਿਹਾ ਜਾ ਸਕਦਾ ਹੈ। **ਖ਼ਾਲਸਾ ਕੌਮ ਦੇ ਕਿਸੇ ਵੀ ਹਿੱਸੇ ਨੂੰ ਕਿਸੇ ਵੀ ਕਾਰਨ ਕਰਕੇ, ਨਜ਼ਰਅੰਦਾਜ਼ ਕਰਕੇ ਸੱਦਿਆ ਗਿਆ ਇਕੱਠ ਹਰਗਿਜ਼ 'ਸਰਬੱਤ-ਖ਼ਾਲਸਾ' ਨਹੀਂ ਹੋ ਸਕਦਾ।** ਮਿਸਾਲ ਦੇ ਤੌਰ ਤੇ, ਖਾੜਕੂਵਾਦ (ਵੀਹਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ) ਵੇਲੇ ਭਾਰਤ ਦੇ ਤੱਤਕਾਲੀਨ ਗ੍ਰਿਹ ਮੰਤ੍ਰੀ ਬੂਟਾ ਸਿੰਘ ਵੱਲੋਂ ਅਤੇ ਖਾੜਕੂਆਂ ਦੇ ਕੁਝ-ਕੁ ਧੜਿਆਂ ਵੱਲੋਂ ਅਕਾਲ ਤਖ਼ਤ ਤੇ ਬੁਲਾਏ ਗਏ ਇਕੱਠ 'ਸਰਬੱਤ ਖ਼ਾਲਸਾ' ਦੀ ਪ੍ਰਿਭਾਸ਼ਾ 'ਤੇ ਖਰੇ ਨਹੀਂ ਉਤਰਦੇ। ਇਸੇ ਤਰ੍ਹਾਂ ਹੀ **ਸ਼੍ਰੋਮਣੀ ਕਮੇਟੀ ਵੱਲੋਂ ਦਰਬਾਰ ਸਾਹਿਬ ਅੰਮ੍ਰਿਤਸਰ ਦੀ ਨਕਲ ਉਤਾਰ ਕੇ ਮਸਤੂਆਣੇ ਵਿਖੇ ਬਣਾਏ ਜਾ ਰਹੇ ਗੁਰਦੁਆਰੇ (ਸੱਚਖੰਡ-ਅੰਗੀਠਾ 'ਸਾਹਿਬ') ਬਾਰੇ ਫੈਸਲਾ ਕਰਨ ਲਈ 20 ਜੂਨ 2009 ਦੇ ਦਿਨ ਅੰਮ੍ਰਿਤਸਰ ਵਿਖੇ 'ਸਰਬੱਤ ਖ਼ਾਲਸਾ' ਦੇ ਨਾਮ ਹੇਠ ਬੁਲਾਏ ਗਏ ਇਕੱਠ ਨੂੰ 'ਸਰਬੱਤ ਖ਼ਾਲਸਾ' ਕਹਿਣਾ ਗੁਰਮਤਿ ਸਿਧਾਂਤਾਂ ਦੀ ਮਿੱਟੀ ਪਲੀਤ ਕਰਨ ਤੁੱਲ ਹੈ ਕਿਉਂਕਿ ਇਸ ਵਿੱਚ ਖ਼ਾਲਸਾ ਕੌਮ ਦੇ ਸਾਰੇ ਅੰਗ ਸ਼ਾਮਿਲ ਨਹੀਂ ਕੀਤੇ ਗਏ ਸਨ ਅਤੇ ਨਾ ਹੀ ਸਰਬੱਤ ਖ਼ਾਲਸਾ ਦੀ ਗੁਰਮਤਿ-ਜੁਗਤਿ ਅਨੁਸਾਰ ਫ਼ੈਸਲੇ ਕੀਤੇ ਗਏ ਸਨ।** ਅਕਾਲ ਤਖ਼ਤ ਦੇ ਅਖੌਤੀ ਜਥੇਦਾਰ ਦਾ ਅਖ਼ਬਾਰਾਂ ਵਿੱਚ ਪ੍ਰਕਾਸ਼ਤ ਹੋਇਆ ਇਹ ਬਿਆਨ ਕਿ ਹਾਜਰ ਗਿਣਤੀ ਵਿੱਚੋਂ ਬਹੁ-ਸੰਮਤੀ ਦੀ ਰਾਇ ਮੌਜੂਦਾ ਵਿਵਾਦਮਈ ਇਮਾਰਤ ਦੇ ਨਕਸ਼ੇ ਵਿੱਚ ਸੋਧ ਕਰਨ ਦੇ ਹੱਕ ਵਿੱਚ ਸੀ ਅਤੇ ਇਸਦੇ ਢਾਹੁਣ ਦੇ ਹੱਕ ਵਿੱਚ ਨਹੀਂ ਸੀ, ਸਿੱਧ ਕਰਦਾ ਹੈ ਕਿ ਇਸ ਸ਼ਖ਼ਸ ਨੂੰ ਗੁਰਮਤਿ ਦੇ ਬੁਨਿਆਦੀ ਸਿਧਾਂਤਾਂ ਦੀ ਭੀ ਸੋਝੀ ਨਹੀਂ ਹੈ। **ਗੁਰਮਤਿ ਵਿੱਚ 'ਗਿਣਤੀ' ਨੂੰ ਨਹੀਂ 'ਗੁਣਵੱਤਾ' ਨੂੰ ਪ੍ਰਵਾਨਗੀ ਹੈ - ਗੁਰਮਤਿ, 'ਸਮੇਂ' 'ਸਥਾਨ' ਅਤੇ 'ਗਿਣਤੀ' ਦੇ ਬੰਧਨਾਂ ਤੋਂ ਸੰਪੂਰਨ ਤੌਰ ਤੇ ਆਜ਼ਾਦ ਹੈ। ਉਂਜ ਉਸ ਇਕੱਠ ਵਿੱਚ ਸ਼ਾਮਲ ਹੋਣ ਵਾਲੇ ਵਿਦਵਾਨਾਂ ਅਨੁਸਾਰ ਇਕੱਠ ਦੀ ਬਹੁ-ਗਿਣਤੀ ਇਮਾਰਤ ਨੂੰ ਢਾਹੁਣ ਦੇ ਹੱਕ ਵਿੱਚ ਸੀ (ਦੇਖੋ ਦਸਤਾਵੇਜ਼)।**

## 'ਸਰਬੱਤ-ਖ਼ਾਲਸਾ' ਦੀ ਫ਼ੈਸਲੇ ਕਰਨ ਦੀ ਸੀਮਾ

ਉੱਪਰ ਕੀਤੀ ਸੰਖੇਪ ਵਿਚਾਰ ਤੋਂ ਇਹ ਨੁਕਤਾ ਸਪੱਸ਼ਟ ਹੋ ਜਾਣਾ ਚਾਹੀਦਾ ਹੈ ਕਿ ਸਰਬੱਤ ਖ਼ਾਲਸਾ ਦਾ ਇਕੱਠ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਫ਼ਲਸਫ਼ੇ ਦੀਆਂ ਹੱਦਾਂ ਦੇ ਅੰਦਰ ਰਹਿ ਕੇ ਹੀ ਮਸਲਿਆਂ ਬਾਰੇ ਫ਼ੈਸਲੇ ਕਰਨ ਦਾ ਅਧਿਕਾਰੀ ਹੈ। **ਗੁਰਮਤਿ ਸਿਧਾਂਤਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਫ਼ੈਸਲੇ ਨੂੰ 'ਗੁਰਮਤਾ' ਨਹੀਂ ਕਿਹਾ ਜਾ ਸਕਦਾ ਅਤੇ ਅਜਿਹਾ ਕੋਈ ਵੀ**





**ਫ਼ੈਸਲਾ ਕੌਮ 'ਤੇ ਥੋਪਿਆ ਨਹੀਂ ਜਾ ਸਕਦਾ।** ਇਸ ਸਬੰਧ ਵਿੱਚ ਧੁਰ ਕੀ ਬਾਣੀ ਦਾ ਫ਼ੁਰਮਾਣ ਬੜਾ ਸਪੱਸ਼ਟ ਹੈ :

*ਗੁਰੂ ਸਿੱਖੁ, ਸਿੱਖੁ ਗੁਰੂ ਹੈ, ਏਕੋ ਗੁਰ ਉਪਦੇਸੁ ਚਲਾਏ॥ (ਮ:੪, ੪੪੪)*

**ਅਰਥ** : (ਪ੍ਰੇਮ ਦੀ ਬਰਕਤਿ ਨਾਲ) ਗੁਰੂ ਸਿੱਖ (ਨਾਲ ਇੱਕ ਰੂਪ ਹੋ ਜਾਂਦਾ) ਹੈ ਅਤੇ ਸਿੱਖ ਗੁਰੂ (ਵਿੱਚ ਲੀਨ ਹੋ ਜਾਂਦਾ) ਹੈ, ਸਿੱਖ ਭੀ ਗੁਰੂ ਵਾਲੇ ਉਪਦੇਸ਼ (ਦੀ ਲੜੀ) ਨੂੰ ਅਗਾਂਹ ਤੋਰਦਾ ਰਹਿੰਦਾ ਹੈ।

**ਸੋ, 'ਸਰਬੱਤ ਖ਼ਾਲਸਾ' ਜਾਂ 'ਗੁਰੂ ਦੇ ਪੰਥ' ਦੇ ਫ਼ੈਸਲੇ ਕਰਨ ਬਾਰੇ ਹੇਠ ਲਿਖੇ ਨੁਕਤੇ ਇਸ ਗੁਰੂ ਫੁਰਮਾਨ ਦੀ ਵਿਚਾਰ ਤੋਂ ਸਪੱਸ਼ਟ ਹੋ ਰਹੇ ਹਨ :**

**(ੳ) ਸਿੱਖ ['ਸਰਬੱਤ ਖ਼ਾਲਸਾ' ਜਾਂ 'ਗੁਰੂ (ਦੇ) ਪੰਥ' ਦੇ ਰੂਪ ਵਿੱਚ] ਆਪਣਾ ਉਪਦੇਸ਼ (ਮਨਮਰਜ਼ੀ ਦੀ ਕਾਰਵਾਈ) ਨਹੀਂ ਚਲਾ ਸਕਦਾ, ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਉਪਦੇਸ਼ ਦਾ ਹੀ ਪਾਸਾਰ/ਪ੍ਰਚਾਰ ਕਰ ਸਕਦਾ ਹੈ; ਅਤੇ**

**(ਅ) ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ ਦਾ ਪਾਸਾਰ/ਪ੍ਰਚਾਰ ਕਰਨ ਲਈ ਕੇਵਲ ਅਤੇ ਕੇਵਲ ਗੁਰਮਤਿ-ਜੁਗਤਿ (ਗੁਰਮਤਿ ਵਿਧੀ) ਨੂੰ ਹੀ ਅਪਣਾਇਆ ਜਾ ਸਕਦਾ ਹੈ, ਕਿਸੇ ਅਨਮਤੀ (ਗੁਰਮਤਿ-ਵਿਰੋਧੀ) ਕਾਰਜ-ਵਿਧੀ ਨੂੰ ਹਰਗਿਜ਼ ਨਹੀਂ।**

**ਪਰੰਪਰਾ**

1. ਪੁਰਾਣੀ ਚਲੀ ਆਉਂਦੀ ਪਰਿਪਾਟੀ 2. ਸਿਲਸਿਲਾ

**ਰਿਵਾਜ**

1. ਦਸਤੂਰ, ਤਰੀਕਾ 2. ਰੀਤਿ, ਰਸਮ

**ਰੀਤਿ**

1. ਹੱਦ, ਸੀਮਾ 2. ਚਾਲ, ਗਤਿ 3. ਸੁਭਾਉ 4. ਤਰੀਕਾ, ਢੰਗ 5. ਪਿੱਤਲ 6. ਲੋਹੇ ਦੀ ਮੈਲ, ਮਨੂਰ

**ਰਵਾਇਤ**

ਕਥਾ, ਪ੍ਰਸੰਗ, ਧਰਮਗ੍ਰੰਥ ਦਾ ਪ੍ਰਮਾਣ।

## ਮਰਯਾਦਾ

ਸਮਾਜ ਅਥਵਾ ਰਾਜ ਵੱਲੋਂ ਥਾਪਿਆ ਨਿਯਮ, ਚਿੰਨ੍ਹ ਅਥਵਾ ਨਿਸ਼ਾਨ ਜੋ ਦੇਸ਼ ਅਥਵਾ ਸਮਾਜ ਦੀ ਹੱਦਬੰਦੀ ਕਰੇ।

## ਪੁਰਾਤਨਤਾ

ਪ੍ਰਾਚੀਨ, ਪੁਰਾਣਾ, ਕਰਤਾਰ।

## ਨੋਟ

ਉੱਪਰ ਦਿੱਤੇ ਸਾਰੇ ਸ਼ਬਦਾਂ ਦੇ ਅਰਥ ਭਾਈ ਕਾਹਨ ਸਿੰਘ ਨਾਭਾ ਦੀ ਰਚਨਾ ਮਹਾਨ ਕੋਸ਼ ਵਿੱਚੋਂ ਲਏ ਗਏ ਹਨ।

ਅਕਸਰ ਹੀ ਇਨ੍ਹਾਂ ਸ਼ਬਦਾਂ ਦੀ ਵਰਤੋਂ ਕਰ ਕੇ, ਮਜ਼੍ਹਬ, ਸਮਾਜਕ ਵਰਗ ਜਾਂ ਕੁਝ ਕੁ ਮਨੁੱਖ ਆਪੋ ਆਪਣੀਆਂ ਮਨੌਤਾਂ ਨੂੰ ਸਹੀ ਸਾਬਤ ਕਰਨ ਦੇ ਯਤਨ ਕਰਦੇ ਹਨ। **ਗੁਰੂ ਨਾਨਕ ਸਾਹਿਬ ਦੇ ਆਲਮਗੀਰੀ ਫ਼ਲਸਫ਼ੇ ਨੇ ਇਨ੍ਹਾਂ ਸ਼ਬਦਾਂ ਦੀ ਆੜ ਹੇਠ ਧਰਮ ਦੇ ਨਾਂ ’ਤੇ ਮਾਨਵ-ਵਿਰੋਧੀ ਸੰਗਠਨਾਂ ਵੱਲੋਂ ਪ੍ਰਚੱਲਤ ਕੀਤੀਆਂ ਹੋਈਆਂ ਰਸਮਾਂ, ਰੀਤਾਂ ਦੀ ਰਵਾਇਤੀ ਪ੍ਰਵਾਨਗੀ ਨੂੰ ਮੁਕੰਮਲ ਤੌਰ ਤੇ ਰੱਦ ਕਰਕੇ ਮਨੁੱਖਤਾ ਨੂੰ ‘ਹੁਕਮਿ ਰਜਾਈ ਚੱਲਣ’ ਵਾਲੇ ਰੱਬੀ ਨਿਯਮਾਂ, ਅਸੂਲਾਂ, ਕਾਇਦੇ-ਕਾਨੂੰਨਾਂ ਅਨੁਸਾਰ ਅਮਲੀ ਜੀਵਨ ਜਿਉਂਣ ਦੀ ਤਾਗੀਦ ਕੀਤੀ ਹੈ।** ਇਸ ਵਾਸਤੇ ਗੁਰਮਤਿ ਫ਼ਲਸਫ਼ੇ ਨੂੰ ਮੁਕੰਮਲ ਤੌਰ ਤੇ ਸਮਰਪਿਤ ਮਨੁੱਖਾਂ ਵਾਸਤੇ ਗੁਰਬਾਣੀ ਵਿੱਚ ਸਤਿਗੁਰਾਂ ਵੱਲੋਂ ਅੰਕਿਤ ਕੀਤੇ ਅੱਟਲ ਸਿਧਾਂਤ ਹੀ ਅੱਵਲ ਅਤੇ ਆਖਿਰ ਤੌਰ ਤੇ ਮੰਨਣਯੋਗ ਹਨ। **ਜਿਥੇ ਕਿਧਰੇ ਵੀ ਆਮ ਪ੍ਰਚੱਲਤ ਰਸਮੋ-ਰਿਵਾਜਾਂ ਅਤੇ ਗੁਰੂ ਨਾਨਕ ਫ਼ਲਸਫ਼ੇ ਅੰਦਰ ਵਖਰੇਵਾਂ ਨਜ਼ਰ ਆਵੇ ਤਾਂ ਗੁਰਮਤਿ ਸਿਧਾਂਤ ਹੀ ਸੁਪਰੀਮ ਮੰਨਿਆ ਜਾਵੇਗਾ।**

## ਗੁਰਮਤਿ ਫ਼ਲਸਫ਼ੇ, ਗੁਰ ਇਤਿਹਾਸ, ਸਿੱਖ ਇਤਿਹਾਸ ਅਤੇ ਗੁਰਮਤਿ ਸਭਿਆਚਾਰ ਅਤੇ ਸਿੱਖ ਸਾਹਿਤ ਵਿੱਚ ਸਾਜਿਸ਼ੀ ਢੰਗ ਨਾਲ ਦਾਖ਼ਲ ਕੀਤੇ ਜਾ ਚੁੱਕੇ ਬਿਪਰਵਾਦੀ ਖ਼ੋਟ ਨੂੰ ਕਿਵੇਂ ਅਲਗ ਕੀਤਾ ਜਾਵੇ ?

ਸਮੁੱਚੀ ਖ਼ਾਲਸਾ ਕੌਮ ਲਈ ਵਿਸ਼ੇਸ਼ ਕਰਕੇ ਅਤੇ ਸਮੁੱਚੀ ਮਨੁੱਖਤਾ ਲਈ ਆਮ ਕਰ ਕੇ ਇਹ ਇੱਕ ਬਹੁਤ ਹੀ ਗੰਭੀਰ ਅਤੇ ਖ਼ਤਰਨਾਕ ਸਮੱਸਿਆ ਹੈ ਜਿਸ ਦਾ ਗੁਰਮਤਿ ਜੁਗਤਿ ਅਨੁਸਾਰ ਪੱਕੇ ਤੌਰ ਤੇ ਹੱਲ ਕੀਤੇ ਵਗੈਰ ਗੁਰੂ ਨਾਨਕ ਸਾਹਿਬ ਵੱਲੋਂ ਸਮੁੱਚੀ ਮਨੁੱਖਤਾ ਅੰਦਰ ਰੱਬ ਦਾ ਰਾਜ ਸਦੀਵਕਾਲ ਲਈ ਕਾਇਮ ਕਰਨ ਦੇ ਨਿਸ਼ਾਨੇ ਨੂੰ ਹਾਸਿਲ ਨਹੀਂ





ਕੀਤਾ ਜਾ ਸਕਦਾ। ਇਸ ਮਸਲੇ ਨੂੰ ਸੰਤੋਸ਼ਜਨਕ ਢੰਗ ਨਾਲ ਹੱਲ ਕਰਨ ਲਈ ਕੁਝ ਸੁਝਾਅ ਹੇਠਾਂ ਦਿੱਤੇ ਜਾ ਰਹੇ ਹਨ :

1. ਪਹਿਲੇ ਪੜਾਅ ਵਿੱਚ, ਰਾਜ (ਸੂਬਾ) ਪੱਧਰ ਤੇ ਗੁਰਮਤਿ ਖ਼ੋਜ ਕੇਂਦਰ ਕਾਇਮ ਕੀਤੇ ਜਾਣ, ਜਿਨ੍ਹਾਂ ਵਿੱਚ ਗੁਰੂ ਨਾਨਕ ਫ਼ਲਸਫ਼ੇ ਦੀ ਡੂੰਘੀ ਸੋਝੀ ਰੱਖਣ ਵਾਲੇ ਵਿਦਵਾਨਾਂ, ਇਤਿਹਾਸਕਾਰਾਂ, ਚਿੰਤਕਾਂ, ਲੇਖਕਾਂ ਅਤੇ ਸਮਾਜ ਸੇਵਕਾਂ ਨੂੰ ਸ਼ਾਮਿਲ ਕਰਕੇ ‘ਸਮੇਂ-ਵਧ’ ਢੰਗ ਨਾਲ ਵਰਤਮਾਨ ਵਿੱਚ ਉੱਪਲਬਧ ਗੁਰਮਤਿ ਫ਼ਲਸਫ਼ੇ ਦੇ ਟੀਕੇ, ਗੁਰ ਇਤਿਹਾਸ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਅਤੇ ਸਾਹਿਤ ਦੀ ਘੋਖ ਕਰਕੇ ਇਨ੍ਹਾਂ ਵਿਸ਼ਿਆਂ ਨੂੰ ਸ਼ੁੱਧ ਰੂਪ ਵਿੱਚ ਲਿਖਿਆ ਜਾਵੇ।
2. ਦੂਜੇ ਪੜਾਅ ਤੇ, ਇਨ੍ਹਾਂ ਸਾਰੇ ਰਾਜਾਂ ਦੀਆਂ ਇਨ੍ਹਾਂ ਟੀਮਾਂ ਵੱਲੋਂ ਕੀਤੇ ਕਾਰਜ ਨੂੰ ਦੇਸ਼ ਪੱਧਰੀ ਟੀਮ ਦੀ ਨਿਗਰਾਨੀ ਹੇਠ ਵਿਚਾਰ ਕੇ, ਆਮ ਸਹਿਮਤੀ ਨਾਲ, ਇਕਸਾਰਤਾ ਦਾ ਰੂਪ ਦਿੱਤਾ ਜਾਵੇ।
3. ਤੀਜੇ ਪੜਾਅ ਤੇ, ਇੱਕ ਵਿਸ਼ਵ ਪੱਧਰੀ ਕਮੇਟੀ ਇਸ ਸਾਰੀ ਕਾਰਵਾਈ ਨੂੰ ਚੰਗੀ ਤਰ੍ਹਾਂ ਪਰਖ-ਪੜਤਾਲ ਕੇ, ਆਮ ਸਹਿਮਤੀ ਕਾਇਮ ਕਰੇ।
4. **ਚੌਥੇ ਪੜਾਅ ਤੇ, ‘ਸਰਬੱਤ ਖ਼ਾਲਸਾ’ ਦਾ ਇਕੱਠ ਬੁਲਾ ਕੇ ਪ੍ਰਵਾਨਗੀ ਲਈ ਜਾਵੇ। ਇਥੇ ਇਸ ਹਕੀਕਤ ਨੂੰ ਸਮਝਣਾ ਭੀ ਬਹੁਤ ਜਰੂਰੀ ਹੈ ਕਿ ਸਿੱਖ ਕੌਮ ਦੀਆਂ ਕੇਂਦਰੀ ਜਥੇਬੰਦੀਆਂ। ਸੰਸਥਾਵਾਂ/ਅਦਾਰਿਆਂ ’ਤੇ ਬਿਪਰਵਾਦੀ ਵਿਚਾਰਧਾਰਾ ਦੇ ਹਮਾਇਤੀ (ਅਸਲ ਵਿੱਚ ਸਿੱਖੀ ਸਰੂਪ ਵਿੱਚ ਮਨੂੰਵਾਦੀ) ਕਾਬਜ਼ ਹੋ ਚੁਕੇ ਹਨ। ਇਨ੍ਹਾਂ ਵੱਲੋਂ ਉੱਪਰ ਵਰਣਨ ਕੀਤੇ ਕਾਰਜਾਂ ਵਿੱਚ ਕਿਸੇ ਹਾਂ-ਪੱਖੀ ਯੋਗਦਾਨ ਦੀ ਆਸ ਰਖਣੀ ਬਹੁਤ ਵੱਡੀ ਭੁੱਲ ਹੋਵੇਗੀ। ਇਹ ਬਿਪਰਵਾਦੀ ਲਾਬੀ ਬੇਸ਼ਰਮੀ ਦੀ ਹੱਦ ਨੂੰ ਵੀ ਪਾਰ ਕਰ ਕੇ, ਸ਼ਰ੍ਹੇਆਮ, ਗੁਰੂ ਨਾਨਕ ਸਾਹਿਬ ਦੇ ਮਿਸ਼ਨ ਤੋਂ ਬਾਗ਼ੀ ਹੋ ਕੇ ਭਗੌੜਾ ਹੋ ਚੁੱਕੀ ਹੈ। ਇਥੇ ਹੀ ਬੱਸ ਨਹੀਂ। ਸਿੱਖੀ ਸਰੂਪ ਵਿੱਚ ਵਿਚਰ ਰਹੇ ਇਹ ਮਨੂੰਵਾਦੀ, ਬਿਪਰਵਾਦੀ ਸਫ਼ਾਂ ਅੰਦਰ ਸ਼ਾਮਿਲ ਹੋ ਚੁੱਕੇ ਹਨ ਅਤੇ ਗੁਰੂ ਨਾਨਕ ਸਾਹਿਬ ਵਲੋਂ ਦੁਨੀਆਂ ਵਿੱਚ ਸਦੀਵਕਾਲੀ ਰੱਬੀ ਰਾਜ ਕਾਇਮ ਕਰਨ ਲਈ ਅਰੰਭ ਕੀਤੇ ਲਾਸਾਨੀ ਗੁਰਮਤਿ ਇਨਕਲਾਬ ਨੂੰ ਖ਼ਤਮ ਕਰਨ ਲਈ ਹਰ ਸੰਭਵ ਯਤਨ ਕਰ ਰਹੇ ਹਨ, ਪਰ ਉਪਰੋਂ-ਉਪਰੋਂ ਮੀਸਣੇ ਅਤੇ ਮੱਕਾਰ ਬਣ ਕੇ ਇਹ ਪ੍ਰਭਾਵ ਦੇਣ ਦੇ ਯਤਨ ਕਰ ਰਹੇ ਹਨ ਕਿ ਇਨ੍ਹਾਂ ਵਰਗਾ ਹੋਰ ਕੋਈ ਸਿਆਣਾ ਅਤੇ ਗੁਰੂ ਨਾਨਕ ਸਾਹਿਬ ਦਾ ਪੱਕਾ ਸਿੱਖ ਇਸ**

**ਧਰਤੀ 'ਤੇ ਕੋਈ ਵੀ ਨਹੀਂ ਹੈ। ਇਸ ਕਰਕੇ ਸਾਨੂੰ ਇਨ੍ਹਾਂ ਬੁੱਕਲ ਦੇ ਸੱਪਾਂ ਤੋਂ ਬੜੇ ਸੁਚੇਤ ਹੋ ਕੇ ਵਿਚਰਨਾ ਪਵੇਗਾ।**

**ਖ਼ਾਲਸਾ ਜੀ! ਸੁਚੇਤ ਹੋਵੋ!! ਗ਼ਫ਼ਲਤਾ ਵਿੱਚ ਬਹੁਤ ਸਮਾਂ ਬੀਤ ਚੁੱਕਾ ਹੈ। ਜੇਕਰ ਅਸੀਂ ਹੁਣ ਵੀ ਨਾ ਸੰਭਲੇ ਅਤੇ ਗੁਰੂ ਨਾਨਕ ਸਾਹਿਬ ਵੱਲੋਂ ਸੌਂਪੀ ਹੋਈ ਜ਼ਿੰਮੇਵਾਰੀ ਨਿਭਾਉਣ ਵਿੱਚ ਢਿੱਲ-ਮੱਸ ਕਰਦੇ ਰਹੇ ਤਾਂ ਇਨਸਾਨੀਅਤ ਅਤੇ ਆਉਣ ਵਾਲੀਆਂ ਪੁਸ਼ਤਾਂ ਸਾਡੀ ਇਸ ਮੁਜ਼ਰਮਾਨਾ ਗ਼ਫ਼ਲਤ ਨੂੰ ਕਦੇ ਵੀ ਮੁਆਫ਼ ਨਹੀਂ ਕਰ ਸਕਣਗੀਆਂ!!!**





# ੧੫
# ਚੁਣੌਤੀਆਂ

## ਅੰਦਰੂਨੀ ਚੁਣੌਤੀਆਂ

ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ ਗੁਰਮਤਿ ਇਨਕਲਾਬ ਦੇ ਆਲਮਗ਼ੀਰੀ ਫ਼ਲਸਫ਼ੇ ਨੂੰ ਸੰਪੂਰਨ ਤੌਰ ਤੇ ਸਮਰਪਿਤ ਮਨੁੱਖੀ ਸਮਾਜ, ਦਸਮੇਸ਼ ਪਿਤਾ ਜੀ ਦੇ 1708 ਵਿੱਚ ਜੋਤੀ ਜੋਤਿ ਸਮਾਉਂਣ ਤੱਕ, ਇੱਕ ਵੱਖਰੀ ਲਾਸਾਨੀ ਸਿੱਖ ਕੌਮ ਦੇ ਰੂਪ ਵਿੱਚ ਉੱਭਰ ਕੇ ਸਥਾਪਤ ਹੋ ਚੁੱਕਿਆ ਸੀ।

### ਸਿੱਖ ਕੌਮ ਦਾ ਗੁਰੂ ਨਾਨਕ ਫ਼ਲਸਫ਼ੇ ਨਾਲੋਂ ਟੁੱਟ ਜਾਣਾ

ਅੱਜ ਸਿੱਖ ਕੌਮ ਦੇ ਸਾਹਮਣੇ ਬੁਨਿਆਦੀ ਚੁਣੌਤੀ ਇਹ ਹੈ ਕਿ ਇਤਿਹਾਸਕ ਕਾਰਨਾਂ ਕਰਕੇ ਕੌਮ ਦਾ ਤਕਰਬੀਨ 90% ਫ਼ੀ ਸਦੀ ਹਿੱਸਾ ਸਿੱਖੀ ਸਿਧਾਂਤਾਂ ਨਾਲੋਂ ਅਮਲੀ ਤੌਰ ਤੇ ਟੁੱਟ ਕੇ ਕੱਖੋਂ ਹੌਲਾ ਹੋਕੇ, ਇੱਕੋ ਇੱਕ ਵਾਹਿਦ ਪ੍ਰਭੂ-ਪਿਤਾ ਦੀ ਓਟ ਤਿਆਗ ਕੇ, ਦਰ-ਦਰ ਦੀਆਂ ਠੋਕ੍ਰਾਂ ਖਾਂਦਾ ਖ਼ੱਜਲ-ਖ਼ੁਆਰ ਹੁੰਦਾ ਫਿਰ ਰਿਹਾ ਹੈ; ਸਰਬ-ਪੱਖੀ ਨਿਘਾਰ ਦਾ ਬੁਰੀ ਤਰ੍ਹਾਂ ਸ਼ਿਕਾਰ ਹੋਕੇ, ਸਤਿਗੁਰਾਂ ਵੱਲੋਂ ਬਖ਼ਸ਼ਿਸ਼ ਕੀਤੀਆਂ ਸਰਦਾਰੀਆਂ ਨੂੰ ਘੱਟੇ ਰੋਲ ਕੇ, ਮੰਗਤਾ ਬਣਿਆ ਫਿਰਦਾ ਹੈ। ਜਿਸ ਸਿੱਖ ਨੇ ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤੇ ਆਲਮਗ਼ੀਰੀ ਫ਼ਲਸਫ਼ੇ ਦੇ ਸਿਧਾਂਤਾਂ ਨਾਲ ਅਮਲੀ ਤੌਰ 'ਤੇ ਸਰਸ਼ਾਰ ਹੋਕੇ ਮਨੁੱਖਤਾ ਲਈ ਰੋਲ ਮਾਡਲ ਬਣਨਾ ਸੀ, ਉਹ ਆਪਣੇ ਅਸਲੇ, ਪ੍ਰਭੂ-ਪਿਤਾ ਨਾਲੋਂ ਹੀ ਟੁੱਟ ਕੇ, ਇੱਕ ਸਧਾਰਨ ਇਨਸਾਨ ਦੇ ਦਰਜੇ ਤੋਂ ਵੀ ਬਹੁਤ ਨੀਵਾਂ ਜਾ ਡਿੱਗਿਆ!

### ਗੁਰਮਤਿ ਫ਼ਲਸਫ਼ੇ ਨੂੰ ਮੁਕੰਮਲ ਤੌਰ 'ਤੇ ਸਮਰਪਿਤ ਕੇਂਦਰੀ ਲੀਡਰਸ਼ਿਪ ਦੀ ਅਣਹੋਂਦ

ਗੁਰੂ ਨਾਨਕ ਸਾਹਿਬ ਵੱਲੋਂ ਆਰੰਭ ਕੀਤੇ ਲਾਸਾਨੀ ਇਨਕਲਾਬ ਦਾ ਵਿਸ਼ਵ ਪੱਧਰ 'ਤੇ ਪਾਸਾਰ ਕਰਨ ਲਈ ਗੁਰਮਤਿ ਫ਼ਲਸਫ਼ੇ ਦੀ ਡੂੰਘੀ ਸੋਝੀ ਰੱਖਣ ਵਾਲੀ ਲੀਡਰਸ਼ਿਪ ਨੂੰ ਗੁਰਮਤਿ ਜੁਗਤਿ ਅਨੁਸਾਰ ਹੋਂਦ ਵਿੱਚ ਲਿਆਉਣਾ ਵੀ ਕੌਮ ਦੇ ਸਨਮੁੱਖ ਇਕ ਅਹਿਮ ਚੁਣੌਤੀ ਹੈ। ਇਸ ਚੁਣੌਤੀ ਨੇ ਗੰਭੀਰ ਰੂਪ ਧਾਰਨ ਕੀਤਾ ਹੋਇਆ ਹੈ? ਆਓ ਵਿਚਾਰੀਏ। **ਜੇ ਕਿਸੇ ਕੌਮ ਦੇ ਆਗੂ ਅਕਾਲ-ਚਲਾਣਾ ਕਰ ਜਾਣ ਤਾਂ ਉਨ੍ਹਾਂ ਦੀ ਜਗ੍ਹਾ ਕੌਮ ਨਵੇਂ ਆਗੂ ਹੋਂਦ ਵਿੱਚ ਲੈ ਆਉਂਦੀ ਹੈ। ਪਰ ਜਿਸ ਕੌਮ ਦੇ ਆਗੂ ਕੌਮ ਨਾਲ ਗ਼ਦਾਰੀਆਂ ਕਰਕੇ, ਵਿਕ ਜਾਣ ਤਾਂ ਉਹ ਇਸ ਗੱਲ ਨੂੰ ਯਕੀਨੀ ਬਣਾਉਂਣ ਲਈ ਪੂਰਾ ਟਿੱਲ ਲਾ ਦੇਂਦੇ ਹਨ ਕਿ ਉਨ੍ਹਾਂ ਦੀ ਜਗ੍ਹਾ ਕੌਮ ਦਾ ਹੋਰ ਕੋਈ ਆਗੂ ਬਣਨ ਹੀ ਨਾ ਦਿੱਤਾ ਜਾਏ। ਬਦਕਿਸਮਤੀ ਨਾਲ, ਖ਼ਾਲਸਾ**

**ਕੌਮ ਨਾਲ ਵੀ ਇਹੀ ਭਾਣਾ ਵਾਪਰ ਚੁੱਕਿਆ ਹੈ** - ਕੌਮ ਦੇ ਬਹੁਤੇ ਅਖੌਤੀ ਆਗੂ (ਸਿਆਸੀ, ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਸਾਹਿਤਕ ਖੇਤਰਾਂ ਵਿੱਚ ਅਗਵਾਈ ਕਰਨ ਵਾਲੇ) ਵਿੱਕ ਚੁੱਕੇ ਹਨ ਅਤੇ ਇਹ ਕਿਸੇ ਕੌਮੀ ਦਰਦ ਵਾਲੇ ਆਗੂ ਨੂੰ ਹੋਂਦ ਵਿੱਚ ਹੀ ਨਹੀਂ ਆਉਣ ਦੇਣਾ ਚਾਹੁੰਦੇ।

## ਭਾਰਤ ਉਪ-ਮਹਾਦੀਪ ਅੰਦਰ ਸਹੀ ਫ਼ੈਡਰਲ ਲੋਕ-ਰਾਜ ਪ੍ਰਣਾਲੀ ਵਾਲੇ ਪ੍ਰਭੁਸੱਤਾ-ਸੰਪੰਨ ਖ਼ਾਲਸਾ ਹਲੇਮੀ ਰਾਜ ਦੀ ਸਥਾਪਨਾ

ਇਸ ਵਿਸ਼ੇ ’ਤੇ ਇਸ ਪੁਸਤਕ ਵਿੱਚ ਸੰਖੇਪ ਵਿਚਾਰ ਕੀਤੀ ਜਾ ਚੁੱਕੀ ਹੈ। ਕੁਝ ਹੋਰ ਵਿਚਾਰ ਅਗਲੇ ਚੈਪਟਰ ਵਿੱਚ ਕੀਤੀ ਜਾਵੇਗੀ। **ਅੱਜ ਇਹ ਇੱਕ ਕੌੜੀ ਹਕੀਕਤ ਹੈ ਕਿ ਸਿੱਖ ਕੌਮ ਇੱਕ ਗ਼ੁਲਾਮੀ (ਅੰਗਰੇਜ਼ਾਂ ਦੀ ਗ਼ੁਲਾਮੀ) ’ਚੋਂ ਨਿਕਲ ਕੇ ਦੂਜੀ ਗ਼ੁਲਾਮੀ (ਬਾਣੀਆ-ਬ੍ਰਾਹਮਣ ਦੀ ਗ਼ੁਲਾਮੀ) ਵਿੱਚ ਫਸੀ ਹੋਈ ਕੁਰਲਾ ਰਹੀ ਹੈ।** ਇਸ ਅਤਿ ਗੰਭੀਰ ਮਸੱਲੇ ਦਾ ਗੁਰਮਤਿ ਜੁਗਤਿ ਅਨੁਸਾਰ ਹੱਲ ਲੱਭਣਾ ਕੌਮ ਦੇ ਸਾਹਮਣੇ ਸਭ ਤੋਂ ਮੁੱਢਲੀ ਤੇ ਅਹਿਮ ਚੁਣੌਤੀ ਹੈ।

## ਸਿੱਖ ਕੌਮ ਵਿੱਚ ਪੁਜਾਰੀਵਾਦ ਦੀ ਕਾਂਗਿਆਰੀ

‘ਗੁਰੂ ਨਾਨਕ ਫ਼ਲਸਫ਼ੇ’ ਅੰਦਰ ਪੁਜਾਰੀਵਾਦ ਨਾਂ ਦੀ ਕਿਸੇ ਸ਼ੈਅ ਦੀ ਸਿਧਾਂਤਕ ਜਾਂ ਇਤਿਹਾਸਕ ਹੋਂਦ ਹੈ ਹੀ ਨਹੀਂ। ਪਰ ਹੈਰਾਨੀ ਦੀ ਗੱਲ ਹੈ ਕਿ ਕੌਮ ਦੇ ਗ਼ਦਾਰ, ਸ਼ਾਤਰ, ਖ਼ੁਦਗਰਜ਼ ਸਿਆਸਤਦਾਨਾਂ ਨੇ, ਗੁਰੂ ਨਾਨਕ ਫ਼ਲਸਫ਼ੇ ਤੋਂ ਬਾਗ਼ੀ ਹੋ ਕੇ, ਸਿੱਖ ਕੌਮ ਵਿੱਚ ਪੁਜਾਰੀਵਾਦ ਨਾ ਸਿਰਫ਼ ਪੈਦਾ ਹੀ ਕਰ ਲਿਆ ਹੈ ਬਲਕਿ ਇਸ ਨੂੰ ਆਪਣਾ ਬੈ-ਖ਼ਰੀਦ ਗ਼ੁਲਾਮ ਬਣਾਕੇ, ‘ਸਿੰਘ ਸਾਹਿਬ’ (ਯਾਨੀ ਕਿ ਸਿੰਘਾਂ ਦੇ ਸਾਹਿਬ) ਆਦਿ ਦੇ ਨਕਲੀ ਤਖੱਲਸਾਂ ਅਤੇ ਅਹੁਦਿਆਂ ਨਾਲ ਸ਼ਿੰਗਾਰ ਕੇ, ਸਿੱਖ ਕੌਮ ਦੀ ਪਿੱਠ ’ਤੇ ਸਵਾਰ ਵੀ ਕਰਾ ਦਿੱਤਾ ਹੈ।

## ਗੁਰੂ ਸਾਹਿਬ ਵੱਲੋਂ ਕਾਇਮ ਕੀਤੀਆਂ ਸਿੱਖ ਸੰਸਥਾਵਾਂ ’ਤੇ ਬ੍ਰਾਮਣਵਾਦੀਆਂ ਦਾ ਕਬਜ਼ਾ

ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਵੱਲੋਂ ਗੁਰਮਤਿ ਇੱਨਕਲਾਬ ਦੇ ਵਿਕਾਸ ਲਈ ਕਾਇਮ ਕੀਤੀਆਂ ਸਥਾਨਕ ਸੰਸਥਾਵਾਂ (ਗੁਰਦੁਆਰੇ) ਅਤੇ ਕੇਂਦਰੀ ਸੰਸਥਾਵਾਂ (ਅਕਾਲ ਤਖ਼ਤ ਸਾਹਿਬ) ’ਤੇ ਗੁਰਮਤਿ-ਵਿਹੂਣੇ ਪ੍ਰਬੰਧਕੀ ਨਿਜ਼ਾਮ, ਗੁਰਮਤਿ-ਵਿਰੋਧੀ ਵੋਟਾਂ ਦੇ ਵਿਧਾਨ ਦੀ ਦੁਰਵਰਤੋਂ ਕਰਕੇ, ਕਾਬਜ਼ ਹੋ ਚੁੱਕੇ ਹਨ ਅਤੇ ਬ੍ਰਾਹਮਣ-ਬਾਣੀਆਵਾਦੀ ਲਾਬੀ ਦੇ ਗ਼ੁਲਾਮ ਸਿਆਸਤਦਾਨਾਂ ਦੇ ਗ਼ੁਲਾਮ ਬਣਕੇ ਸਿੱਖੀ ਦੇ, ਸਰਬ ਕਲਿਆਣਕਾਰੀ ਫ਼ਲਸਫ਼ੇ ਦਾ ਬ੍ਰਾਹਮਣੀਕਰਨ ਕਰਨ ਲਈ ਪੂਰਾ ਤਾਣ ਲਾ ਰਹੇ ਹਨ।





## ਸਿੱਖ ਕੌਮ ਵੱਲੋਂ ਕਾਇਮ ਕੀਤੀਆਂ ਸੰਸਥਾਵਾਂ ’ਤੇ ਬਿਪਰਵਾਦੀਆਂ ਦਾ ਕਬਜ਼ਾ

ਸਿੱਖ ਕੌਮ ਵੱਲੋਂ ਅੰਗਰੇਜ਼ਾਂ ਦੀ ਗ਼ੁਲਾਮੀ ਦਾ ਜੂਲਾ ਗਲੋਂ ਲਾਹੁਣ ਲਈ ਕਾਇਮ ਕੀਤੀ ਸ਼੍ਰੋਮਣੀ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ’ਤੇ ਬਿਪਰਵਾਦੀਆਂ ਦੇ ਗ਼ੁਲਾਮ (ਸਿੱਖ ਸਰੂਪ ਵਿੱਚ ਬ੍ਰਾਹਮਣ) ਕਾਬਜ਼ ਹੋ ਚੁੱਕੇ ਹਨ ਅਤੇ ਆਰ.ਐਸ.ਐਸ. ਦੀਆਂ ਮਾਨਵ-ਵਿਰੋਧੀ ਸਾਜਿਸ਼ਾਂ ਵਿੱਚ ਸ਼ਾਮਿਲ ਹੋਕੇ, ਸਿੱਖ ਕੌਮ ਨੂੰ ਅਨੇਕਾਂ ਭੰਬਲਭੂਸਿਆਂ ਵਿੱਚ ਪਾਕੇ, ਬਿਪਰਵਾਦ ਦੇ ਖਾਰੇ ਸਮੁੰਦਰ ਵਿੱਚ ਡੋਬਣ ਲਈ ਪੱਬਾਂ-ਭਾਰ ਹੋਏ ਫਿਰਦੇ ਹਨ।

## ਇਤਿਹਾਸਕ ਯਾਦਗਾਰਾਂ ਦੀ ਸੰਭਾਲ

ਕਿਵੇਂ ਨਾ ਕਿਵੇਂ, ਗੁਰਚਰਨ ਸਿੰਘ ਟੌਹੜਾ ਤਕਰੀਬਨ 27 ਸਾਲ ਤੱਕ ਲਗਾਤਾਰ ਸ਼੍ਰੋ. ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬਣੇ ਰਹਿਣ ਵਿੱਚ ਕਾਮਯਾਬ ਰਹੇ। ਉਨ੍ਹਾਂ ਦੀ ਪ੍ਰਧਾਨਗੀ ਦੇ ਸਮੇਂ ਦੌਰਾਨ **ਬਹੁਤ ਸਾਰੇ ਸਿੱਖ ਇਤਿਹਾਸਕ ਅਸਥਾਨ ਕਾਰਸੇਵਾ (ਕਿ ਬੇਕਾਰ ਸੇਵਾ?) ਵਾਲੇ ਬਾਬਿਆਂ ਤੋਂ ਢਹਿ-ਢੇਰੀ ਕਰਵਾ ਦਿੱਤੇ ਗਏ ਅਤੇ ਉਨ੍ਹਾਂ ਦਾ ਮੂਲ-ਰੂਪ ਨਸ਼ਟ ਕਰ ਕੇ ਸੰਗਮਰਮਰ ਦੇ ਪੱਥਰਾਂ ਹੇਠ ਦੱਬ ਦਿੱਤਾ ਗਿਆ। ਕੌਮ ਦੀ ਅਜਿਹੀ ‘ਅਦੁੱਤੀ ਸੇਵਾ’ ਕਰਨ ਦੇ ਸ਼ੁਕਰਾਨੇ ਵਜੋਂ ਉਨ੍ਹਾਂ ਨੂੰ ਕੌਮ ਦੇ ਅਖੌਤੀ ਲੀਡਰਾਂ (ਅਸਲ ਵਿੱਚ ਕੌਮ ਦੇ ਗ਼ਦਾਰਾਂ) ਨੇ ‘ਪੰਥ-ਰਤਨ’ ਦਾ ਖ਼ਿਤਾਬ ਦੇ ਕੇ ਨਿਵਾਜਿਆ। ਅਫ਼ਸੋਸ! ਆਪਣੇ ਵਿਰਸੇ ਨਾਲੋਂ ਟੁੱਟੀਆਂ ਕੌਮਾਂ ਇਤਿਹਾਸ ਦੇ ਪੰਨਿਆਂ ਵਿੱਚੋਂ ਹੀ ਗੁਆਚ ਜਾਂਦੀਆਂ ਹਨ।** ਕੌਮ ਦੇ ਸਨਮੁੱਖ ਇਹ ਇੱਕ ਮਹੱਤਵਪੂਰਣ ਚੁਣੌਤੀ ਪੈਦਾ ਹੋ ਗਈ ਹੈ ਕਿ ਕਿਸ ਤਰ੍ਹਾਂ ਆਪਣੇ ਇਤਿਹਾਸਕ ਵਿਰਸੇ ਨੂੰ ਮੂਲ-ਰੂਪ ਵਿੱਚ ਪੁਨਰ-ਸੁਰਜੀਤ ਕਰਕੇ ਇਸ ਦੀ ਸਦੀਵੀ ਸੰਭਾਲ ਨੂੰ ਯਕੀਨੀ ਬਣਾਇਆ ਜਾਵੇ। **ਇਤਿਹਾਸਕ ਨਿਸ਼ਾਨੀਆਂ ਦੇ ਮੂਲ-ਰੂਪ ਵਿੱਚ ਦਰਸ਼ਨ ਹੀ ਇਨ੍ਹਾਂ ਨਾਲ ਜੁੜੇ ਇਤਿਹਾਸ ਦੀ ਝਲਕ ਵਿਖਾ ਕੇ ਮਨੁਖੀ ਮਨ ਨੂੰ ਟੁੰਬ ਸਕਣ ਦੀ ਸਮਰੱਥਾ ਰਖਦੇ ਹਨ - ਇਨ੍ਹਾਂ ਦੇ ਵਿਗਾੜੇ ਹੋਏ ਰੂਪ ਨਹੀਂ।**

ਮਿਸਾਲ ਦੇ ਤੌਰ ’ਤੇ, ਸੁਲਤਾਨਪੁਰ ਲੋਧੀ ਵਿਖੇ ਦੌਲਤ ਖ਼ਾਂ ਲੋਧੀ ਦਾ ਮੂਲ ਰੂਪ ਵਿੱਚ ਕਾਇਮ ਕਿਲ੍ਹਾ ਅੱਜ ਵੀ ਉਸ ਸਮੇਂ ਦੇ ਇਤਿਹਾਸ ਦੀ ਮੂੰਹੋਂ ਬੋਲ ਕੇ ਗਵਾਹੀ ਦੇ ਰਿਹਾ ਹੈ, ਪਰ ਗੁਰੂ ਨਾਨਕ ਸਾਹਿਬ ਨਾਲ ਸਬੰਧਤ ਉਸ ਜਗ੍ਹਾ ਦੀ ਕੋਈ ਨਿਸ਼ਾਨੀ ਵੀ ਅਸੀਂ ਮੂਲ-ਰੂਪ ਵਿੱਚ ਕਾਇਮ ਨਹੀਂ ਰਹਿਣ ਦਿੱਤੀ। ਇਸੇ ਤਰ੍ਹਾਂ ਹੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਤਕਰੀਬਨ 300 ਮੀਟਰ ਦੂਰੀ ’ਤੇ ਜਲ੍ਹਿਆਂ ਵਾਲੇ ਬਾਗ਼ ਦੇ 1919 ਵਿੱਚ ਹੋਏ ਕਤਲੇਆਮ ਦੀਆਂ ਨਿਸ਼ਾਨੀਆਂ ਤਾਂ ਸੰਭਾਲ ਕੇ ਰੱਖੀਆਂ ਹੋਈਆਂ ਹਨ ਪਰ **ਦਰਬਾਰ ਸਾਹਿਬ ਸਮੂਹ ਵਿੱਚ 1984 ਵਿੱਚ ਤੀਜੇ ਸਿੱਖ ਘਲੂਘਾਰੇ (ਸਰਕਾਰ ਵੱਲੋਂ ਸਿੱਖਾਂ ਦਾ ਕਤਲੇਆਮ) ਦੀਆਂ ਸਾਰੀਆਂ ਨਿਸ਼ਾਨੀਆਂ ਸਿੱਖੀ ਸਰੂਪ ਵਾਲੇ ਕੌਮ ਦੇ ਗ਼ਦਾਰਾਂ ਨੇ ਆਪਣੇ ਹੱਥੀਂ ਮਿਟਾ ਦਿੱਤੀਆਂ। ਜ਼ਿੰਮੇਵਾਰ ਅਖੌਤੀ ਸਿੱਖ ਲੀਡਰਾਂ (ਅਸਲ ਵਿੱਚ ਗੁਰੂ ਨਾਨਕ ਸਾਹਿਬ ਦੇ ਗ਼ਦਾਰਾਂ) ਨੇ ਸਭ ਕੁਝ**

**ਆਪਣੇ ਹੱਥੀਂ ਮਲੀਆਮੇਟ ਕਰ ਦਿੱਤਾ ਹੈ।** ਇਹ ਸਤਰਾਂ ਲਿਖਦਿਆਂ ਲੇਖਕ ਦਾ ਹਿਰਦਾ ਖ਼ੂਨ ਦੇ ਹੰਝੂ ਵਹਾ ਰਿਹਾ ਹੈ। ਸਦ ਅਫ਼ਸੋਸ! ਕੀ ਇਹ ਭਾਣਾ ਕਿਸੇ ਡੂੰਘੀ ਸਾਜਿਸ਼ ਦੀ ਕੜੀ ਵਜੋਂ ਨਹੀਂ ਵਾਪਰਿਆ?

## ਅਨਪੜ੍ਹਤਾ, ਨਸ਼ੇ ਅਤੇ ਵਿਹਲੜਪਣ

ਸਿੱਖ ਕੌਮ ਨੂੰ, ਇੱਕ ਗਿਣੀ-ਮਿਥੀ ਸਾਜਿਸ਼ ਅਧੀਨ, ਇਹ ਤਿੰਨੇ ਰੋਗ ਲਗਾ ਦਿੱਤੇ ਗਏ ਹਨ। ਇਸ ਲਈ ਮੁੱਖ ਤੌਰ 'ਤੇ ਜ਼ਿਮੇਂਵਾਰ ਹਨ, ਖ਼ੁਦਗਰਜ਼, ਸ਼ਾਤਰ, ਬਿਪਰਵਾਦੀਆਂ ਦੇ ਗ਼ੁਲਾਮ ਸਿਆਸਤਦਾਨ ਅਤੇ ਨਕਲੀ ਸੰਤ ਬਾਬੇ (ਡੇਰੇਦਾਰ)। **ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਲੈ ਕੇ ਯੂਨੀਵਰਸਿਟੀਆਂ ਤੱਕ ਜਿਥੇ ਵਿਦਿਆ ਦੇ ਮਹਿਕਮੇ ਦਾ ਹਰ ਪੱਖ ਤੋਂ ਭੱਠਾ ਬਿਠਾ ਦਿੱਤਾ ਗਿਆ ਹੈ, ਉਥੇ ਸਿੱਖ ਨੌਜਵਾਨਾਂ ਨੂੰ ਮਿਆਰੀ ਅਤੇ ਸਸਤੀ ਸਿੱਖਿਆ ਤੋਂ ਵਾਂਝੇ ਰੱਖ ਕੇ, ਉਨ੍ਹਾਂ ਵਿੱਚ ਹੀਣ-ਭਾਵਨਾ ਪੈਦਾ ਕਰਕੇ, ਬੇਰੁਜ਼ਗਾਰੀ ਦਾ ਮਾਹੌਲ ਸਿਰਜ ਕੇ, ਨਸ਼ੱਈ ਅਤੇ ਵਿਹਲੜ ਬਣਾਇਆ ਜਾ ਰਿਹਾ ਹੈ। ਸਾਡੀਆਂ, ਆਉਣ ਵਾਲੀਆਂ ਪੁਸ਼ਤਾਂ ਸਿਹਤ ਪੱਖੋਂ ਕਿੰਨੀਆਂ ਕਮਜ਼ੋਰ ਹੋ ਜਾਣਗੀਆਂ, ਇਹ ਸੋਚ ਕੇ ਹੀ ਰੂਹ ਕੰਬ ਜਾਂਦੀ ਹੈ।**

## ਬ੍ਰਾਹਮਣੀ ਜ਼ਾਤ-ਪਾਤ, ਵਹਿਮ-ਭਰਮ ਅਤੇ ਕਰਮ-ਕਾਡਾਂ ਦਾ ਬੋਲਬਾਲਾ

ਅੱਜ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਸਿੱਖ ਅਖਵਾਉਂਣ ਵਾਲੇ ਬਹੁਤ ਵੱਡੀ ਗਿਣਤੀ ਵਿੱਚ, ਬ੍ਰਾਹਮਣ ਵੱਲੋਂ ਧਰਮ ਦੇ ਨਾਂ ਤੇ ਪ੍ਰਚੱਲਤ ਕੀਤੇ, ਜ਼ਾਤ-ਪਾਤ, ਵਹਿਮ-ਭਰਮ ਅਤੇ ਕਰਮ-ਕਾਂਡਾਂ ਦਾ ਸ਼ਿਕਾਰ ਹੋ ਚੁੱਕੇ ਹਨ। ਮਿਸਾਲ ਦੇ ਤੌਰ ਤੇ ਅੱਜ ਸਿੱਖ ਜਗਤ ਜਿਥੇ 'ਉਪ-ਜ਼ਾਤ' (ਜੱਟ, ਭਾਪਾ ਆਦਿ) ਅਤੇ 'ਪਾਤ' ਯਾਨੀ ਗੋਤਰ (ਗਰੇਵਾਲ, ਗਿੱਲ, ਧਾਲੀਵਾਲ, ਢਿੱਲੋਂ ਆਦਿ) ਦੀ ਬੀਮਾਰੀ ਦਾ ਬੁਰੀ ਤਰ੍ਹਾਂ ਸ਼ਿਕਾਰ ਹੋ ਚੁੱਕਾ ਹੈ, ਉਥੇ ਅਖੌਤੀ ਨੀਵੀਆਂ ਜ਼ਾਤਾਂ-ਪਾਤਾਂ (ਜੁਲਾਹੇ, ਚਮਿਆਰ, ਮਜ਼੍ਹਬੀ, ਸ਼ੀਂਬੇ, ਨਾਈ, ਝਿਊਰ ਆਦਿ) ਨੂੰ ਤ੍ਰਿਸਕਾਰ ਕੇ ਗੁਰੂ ਨਾਨਕ ਸਾਹਿਬ ਤੋਂ ਹੀ ਆਕੀ ਹੋਇਆ ਬੈਠਾ ਹੈ। ਅਜਿਹੇ ਗੁਰਮਤਿ-ਵਿਰੋਧੀ ਮਾਹੌਲ ਵਿੱਚ ਗ਼ਰੀਬ ਜਨਤਾ ਮਜ਼ਬੂਰੀ-ਵਸ ਡੇਰਿਆਂ ਅਤੇ ਅਨਮਤੀਆਂ ਦੇ ਮਾਨਵ-ਵਿਰੋਧੀ ਜਾਲ ਵਿੱਚ ਫਸਦੀ ਜਾ ਰਹੀ ਹੈ।

## ਸੁੱਚੇ ਆਚਰਣ ਦਾ ਤਿਆਗ

ਗੁਰੂ ਨਾਨਕ ਸਾਹਿਬ ਨੇ ਸਿੱਖ ਨੂੰ ਸੁੱਚੇ ਇਖ਼ਲਾਕੀ ਆਚਰਣ ਦਾ ਧਾਰਨੀ ਬਣ ਕੇ ਰਹਿਣ ਲਈ ਸਖ਼ਤ ਹਦਾਇਤਾਂ ਦਿੱਤੀਆਂ ਹੋਈਆਂ ਹਨ। ਅਫ਼ਸੋਸ ਕਿ ਕੌਮ ਦਾ ਗੁਰਮਤਿ ਸਿਧਾਂਤਾਂ ਨਾਲੋਂ ਅਮਲੀ ਤੌਰ 'ਤੇ ਟੁੱਟਿਆ ਹੋਇਆ ਕਾਫ਼ੀ ਵੱਡਾ ਹਿੱਸਾ ਇਸ ਪੱਖ ਤੋਂ ਵੀ ਗਿਰ ਚੁੱਕਾ ਹੈ।





## ਵੰਡ-ਛਕਣ ਦੇ ਮੁੱਢਲੇ ਸਿਧਾਂਤ ਦਾ ਤਿਆਗ

ਜਿਥੇ ਸਿੱਖ ਨੇ ਦਸਾਂ ਨਹੁੰਆਂ ਦੀ ਧਰਮ ਦੀ ਸੁੱਚੀ ਕਿਰਤ ਕਰਕੇ ਆਪਣਾ ਪਰਿਵਾਰ ਪਾਲਣਾ ਹੈ, ਉਥੇ ਆਪਣੀ ਇਸ ਕਿਰਤ ਵਿੱਚੋਂ (ਦਸਵੰਧ ਦੇ ਰੂਪ ਵਿੱਚ) ਦੁਖੀਆਂ, ਰੋਗੀਆਂ, ਬੇਸਹਾਰਿਆਂ, ਗਰੀਬਾਂ ਅਤੇ ਹੋਰ ਲੋੜਵੰਦਾਂ ਦੀ ਸਹਾਇਤਾ ਵੀ ਕਰਨੀ ਹੈ; ਧਾਰਮਿਕ ਅਤੇ ਸਮਾਜਿਕ ਵਿਕਾਸ ਦੇ ਕਾਰਜਾਂ ਵਿੱਚ ਬਣਦਾ ਯੋਗਦਾਨ ਵੀ ਪਾਉਂਣਾ ਹੈ। ਇਸ ਸਿਧਾਂਤ ਨੂੰ ਕੌਮ ਦਾ ਵੱਡਾ ਹਿੱਸਾ ਤਿਲਾਂਜਲੀ ਦੇ ਚੁੱਕਾ ਹੈ।

## ਸਭਿਆਚਾਰਕ ਨਿਘਾਰ

ਕੌਮ ਦੇ ਗੁਰਮਿਤ ਸਿਧਾਤਾਂ 'ਤੇ ਉਸਰੇ ਹੋਏ ਨਿਰੋਏ ਸਭਿਆਚਾਰ ਨੂੰ ਅੱਜ, ਸਿਆਸਤਦਾਨਾਂ ਦੀ ਸਰਪ੍ਰਸਤੀ ਹੇਠ ਪ੍ਰਫੁੱਲਤ ਹੋ ਰਹੇ ਅਨੇਕਾਂ ਕਲਚਰਲ (ਅਸਲ ਵਿਚ ਕੰਜਰਲ) ਗਰੁੱਪ ਅਸ਼ਲੀਲਤਾ ਦਾ ਰੰਗ ਚਾੜ੍ਹਕੇ, ਮਨੁੱਖੀ ਸਮਾਜ ਦੇ ਸਰੀਰ ਵਿੱਚ ਜ਼ਹਿਰ ਦੇ ਟੀਕੇ ਲਗਾ ਕੇ, ਇਸ ਦਾ ਸਤਿਆਨਾਸ ਕਰਨ ਲੱਗੇ ਪਏ ਹਨ।

## ਕੁਦਰਤੀ ਵਾਤਾਵਰਣ ਦੇ ਸੰਤੁਲਨ ਨਾਲ ਛੇੜਛਾੜ ਅਤੇ ਸੂਬੇ ਦੀ ਆਰਥਿਕ ਤਬਾਹੀ

**ਸਿਆਸਤਦਾਨਾਂ ਦੀ ਨਾਲਾਇਕੀ ਅਤੇ ਮਿਲੀਭੁਗਤ ਨਾਲ ਕੁਦਰਤੀ ਵਾਤਾਵਰਣ ਦੇ ਸੰਤੁਲਨ ਨਾਲ ਅਪ੍ਰਾਧਕ ਹੱਦ ਤੱਕ ਛੇੜ-ਛਾੜ ਕਰਕੇ ਮਨੁੱਖਤਾ ਦੇ ਭਵਿੱਖ ਨੂੰ ਹੀ ਖ਼ਤਰੇ ਵਿੱਚ ਪਾਇਆ ਜਾ ਰਿਹਾ ਹੈ। ਦਰੱਖ਼ਤਾਂ ਦੀ ਅੰਨ੍ਹੇਵਾਹ ਪੁਟਾਈ ਕੀਤੀ ਜਾ ਰਹੀ ਹੈ, ਜੰਗਲੀ ਪਸ਼ੂ-ਪੰਛੀਆਂ ਦਾ ਅੰਨ੍ਹੇਵਾਹ ਸ਼ਿਕਾਰ ਕੀਤਾ ਜਾ ਰਿਹਾ ਹੈ, ਸੂਬੇ ਦੇ ਦਰਿਆਈ ਪਾਣੀਆਂ 'ਤੇ ਕੇਂਦਰ ਸਰਕਾਰ ਨੂੰ ਡਾਕਾ ਮਾਰਨ ਦੀ ਖੁੱਲ੍ਹ ਦੇ ਕੇ ਆਪਣੀ ਸੰਵਿਧਾਨਕ ਜਿਮੇਂਵਾਰੀ ਦੀ ਮੁਜ਼ਰਮਾਨਾ ਹੱਦ ਤੱਕ ਕੁਤਾਹੀ ਕੀਤੀ ਜਾ ਰਹੀ ਹੈ, ਲੱਖਾਂ ਹੀ ਬੇਲੋੜੇ ਟਿਊਬਵੈਲ ਲਗਵਾਕੇ ਧਰਤੀ ਹੇਠਲੇ ਪਾਣੀਆਂ ਦੀ ਦੁਰਵਰਤੋਂ ਕਰਕੇ ਸੂਬੇ ਨੂੰ ਮਾਰੂਥਲ ਬਣਾਉਂਣ ਦੇ ਕੋਝੇ ਅਤੇ ਨਾ-ਬਖਸ਼ਣਯੋਗ ਕਾਲੇ ਕਾਰਨਾਮੇਂ ਕੀਤੇ ਜਾ ਰਹੇ ਹਨ, ਸੂਬੇ ਦੇ ਦਰਿਆਈ ਪਾਣੀਆਂ ਤੋਂ ਸਸਤੇ ਅਤੇ ਸਾਫ਼ ਸੁਥਰੇ ਢੰਗ ਨਾਲ ਬਿਜਲੀ ਪੈਦਾ ਕਰਨ ਦੀ ਬਜਾਏ ਬਿਹਾਰ ਦੇ ਸੂਬੇ ਤੋਂ ਬੇਤਹਾਸ਼ਾ ਖਰਚਾ ਕਰਕੇ ਕੋਲਾ ਮੰਗਵਾ ਕੇ ਥਰਮਲ ਪਲਾਂਟ ਲਗਾਏ ਜਾ ਰਹੇ ਹਨ, ਜਿਨ੍ਹਾਂ ਦੁਆਰਾ ਜਿਥੇ ਸੂਬੇ ਦੀ ਆਰਥਿਕਤਾ ਉੱਤੇ ਬੇਲੋੜਾ ਬੋਝ ਪਾਇਆ ਜਾ ਰਿਹਾ ਹੈ ਉਥੇ ਕੋਲੇ ਤੋਂ ਪੈਦਾ ਹੋ ਰਿਹਾ ਧੂਆਂ ਅਤੇ ਸੁਆਹ-ਧੂੜ ਸੂਬੇ ਵਿੱਚ ਖ਼ਤਰਨਾਕ ਪ੍ਰਦੂਸ਼ਨ ਫੈਲਾ ਰਹੇ ਹਨ। ਗੁਰੂ ਨਾਨਕ ਫ਼ਲਸਫ਼ੇ**

**ਅਨੁਸਾਰ ਜਿਥੇ ਕਿਸੇ ਦੇ, ਕਿਸੇ ਕਿਸਮ ਦੇ, ਕੁਦਰਤੀ ਹੱਕਾਂ ’ਤੇ ਡਾਕਾ ਮਾਰਨਾ ਅਪ੍ਰਾਧ ਹੈ, ਉਥੇ ਕਿਸੇ ਧਿਰ ਦੀ, ਕਿਸੇ ਕਿਸਮ ਦੀ, ਧੱਕੇਸ਼ਾਹੀ ਨੂੰ ਧੌਣ ਨੀਵੀਂ ਕਰਕੇ, ਰੱਬ ਦਾ ਭਾਣਾ ਸਮਝਕੇ, ਬਰਦਾਸ਼ਤ ਕਰੀ ਜਾਣਾ ਵੀ ਪਾਪ ਹੈ, ਗ਼ੀਦੀਪੁਣਾ ਹੈ, ਜਿਸ ਦੀ ਗੁਰਮਤਿ ਫ਼ਲਸਫ਼ਾ ਸਖ਼ਤ ਮਨਾਹੀ ਕਰਦਾ ਹੈ :**

*ਹੱਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ॥ (ਮ:੧, ੧੪੧)*

ਅਤੇ,

*ਫਰੀਦਾ ਬਾਰਿ ਪਰਾਇਐ ਬੈਸਣਾ, ਸਾਂਈ ਮੁਝੈ ਨ ਦੇਹਿ॥*
*ਜੇ ਤੂ ਏਵੈ ਰਖਸੀ, ਜੀਉ, ਸਰੀਰਹੁ ਲੇਹਿ॥ (ਫ਼ਰੀਦ ਜੀ, ੧੩੮੦)*

**ਅਰਥ** : ਹੇ ਫ਼ਰੀਦ! (ਆਖ-) ‘ਹੇ ਸਾਂਈ! (ਇਨ੍ਹਾਂ ਦੁਨੀਆਵੀ ਪਦਾਰਥਾਂ ਦੀ ਖ਼ਾਤਰ) ਮੈਨੂੰ ਪਰਾਏ ਬੂਹੇ ’ਤੇ ਬੈਠਣ ਨਾ ਦੇਈਂ। ਪਰ ਜੇ ਤੂੰ ਇਸੇ ਤਰ੍ਹਾਂ ਰੱਖਣਾ ਹੈ (ਭਾਵ, ਜੇ ਤੂੰ ਮੈਨੂੰ ਦੂਜਿਆਂ ਦਾ ਮੁਥਾਜ ਬਣਾਣਾ ਹੈ) ਤਾਂ ਮੇਰੇ ਸਰੀਰ ਵਿੱਚੋਂ ਜਿੰਦ ਕੱਢ ਲੈ।

*ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨ॥ (ਮ: ੯, ੧੪੨੭)*

**ਜਾਗਦੀ ਜ਼ਮੀਰ ਵਾਲੀਆਂ ਕੌਮਾਂ (ਭਾਵੇਂ ਉਨ੍ਹਾਂ ਦੀ ਗਿਣਤੀ ਘੱਟ ਹੀ ਕਿਉਂ ਨਾ ਹੋਵੇ) ਕਿਸੇ ਦੂਜੀ ਕੌਮ ਜਾਂ ਦੇਸ਼ ਦੀ ਗ਼ੁਲਾਮੀ ਜਾਂ ਧੱਕੇਸ਼ਾਹੀ ਨੂੰ ਕਿਸੇ ਕੀਮਤ ’ਤੇ ਵੀ ਕਬੂਲ ਨਹੀਂ ਕਰਦੀਆਂ।**

## ਧਰਤੀ-ਮਾਤਾ ਨਾਲ ਧੱਕੇਸ਼ਾਹੀ

ਕਾਦਰ ਦੀ ਕੁਦਰਤਿ ਦੇ ਅਟੱਲ ਨਿਯਮਾਂ ਅਨੁਸਾਰ, ਧਰਤੀ ਮਨੁੱਖ ਦੀਆਂ ਸਾਰੀਆਂ ਸਰੀਰਕ ਲੋੜਾਂ ਪੂਰੀਆਂ ਕਰਦੀ ਹੈ। ਇਸ ਕਰਕੇ ਸਤਿਗੁਰਾਂ ਨੇ ਧਰਤੀ ਨੂੰ ਮਾਤਾ ਸਮਾਨ ਕਿਹਾ ਹੈ :

*ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ (ਮ: ੧, ੮)*

ਪਰ ਕਾਦਰ ਦੀ ਕੁਦਰਤਿ ਦੇ ਅਟੱਲ ਰੱਬੀ ਨਿਯਮਾਂ, ਕਾਇਦੇ-ਕਾਨੂੰਨਾਂ ਤੋਂ ਬੇਖ਼ਬਰ ਮਨੁੱਖ ਆਪਣੀ ਮਾਤਾ ਧਰਤੀ ਨਾਲ ਵੀ ਧੱਕੇਸ਼ਾਹੀ ਕਰਨ ਤੋਂ ਬਾਜ਼ ਨਹੀਂ ਆਇਆ। ਇਸ ਨੇ ਧਰਤੀ ਨੂੰ ਤਰ੍ਹਾਂ ਤਰ੍ਹਾਂ ਦੀਆਂ ਕੀਟ-ਨਾਸ਼ਕ ਜ਼ਹਿਰਾਂ ਅਤੇ ਰਸਾਇਣਕ ਖ਼ਾਦਾਂ (ਜ਼ਹਿਰਾਂ) ਦੇ ਦੇ ਕੇ ਇਸ ਦਾ ਬੁਰਾ ਹਾਲ ਕਰ ਰੱਖਿਆ ਹੈ। ਇਥੇ ਹੀ ਬੱਸ ਨਹੀਂ। ਝੋਨੇ ਅਤੇ ਕਣਕ ਆਦਿ ਦੇ ਨਾੜ (ਪਰਾਲੀ) ਨੂੰ ਅੱਗਾਂ ਲਗਾ ਕੇ ਧਰਤੀ ਮਾਤਾ ਦਾ ਸੀਨਾ ਸਾੜਨ ਤੋਂ ਵੀ ਗੁਰੇਜ਼ ਨਹੀਂ ਕੀਤਾ। ਇਸ ਅੱਗ ਨਾਲ ਜਿਥੇ ਧਰਤੀ ਦੀ ਉੱਪਰਲੀ ਤਹਿ ਥੱਲੇ ਜਰਖੇਜ਼ ਤੱਤ ਭਸਮ ਹੋ ਜਾਂਦੇ ਹਨ, ਉਥੇ ਅਨੇਕਾਂ ਮਿੱਤ੍ਰ-ਕੀਟਾਣੂ ਵੀ ਸੜ ਕੇ ਮਰ ਜਾਂਦੇ ਹਨ।





**ਜੈਵਿਕ ਢੰਗ ਦੀ ਖੇਤੀ ਕਰਨ ਦੇ ਢੰਗਾਂ ਨੂੰ ਅਪਣਾ ਕੇ ਅਤੇ ਫ਼ਸਲੀ ਚੱਕਰ ਵਿੱਚ ਲੋੜੀਂਦਾ ਸੁਧਾਰ ਕਰਕੇ ਧਰਤੀ ਮਾਤਾ ਦੀ ਸਿਹਤ ਵਿੱਚ ਸੁਧਾਰ ਕਰਨਾ ਵੀ ਅੱਜ ਇੱਕ ਅਹਿਮ ਚੁਣੌਤੀ ਹੈ ਮਨੁੱਖਤਾ ਦੇ ਸਾਹਮਣੇ। ਕੀ ਪਦਾਰਥਾਂ ਦੀ ਲਾਲਸਾ ਵਿੱਚ ਪਾ.ਗਲ ਹੋਇਆ ਮਨੁੱਖ ਇਸ ਮਸਲੇ ਵੱਲ ਵੀ ਕਦੇ ਧਿਆਨ ਦੇਵੇਗਾ?**

## ਗੁਰਮਤਿ ਇਨਕਲਾਬ ਨੂੰ ਮੁਕੰਮਲ ਤੌਰ ’ਤੇ ਸਮਰਪਿਤ ਕੇਂਦਰੀ ਜਥੇਬੰਦੀ ਦੀ ਅਣਹੋਂਦ

ਅੱਜ ਭਾਵੇਂ ਗੁਰਮਤਿ ਪ੍ਰਚਾਰ ਦੇ ਨਾਂ ਤੇ ਬਹੁਤ ਸਾਰੀਆਂ ਸਥਾਨਕ (ਇੰਟਰਨੈਸ਼ਨਲ ਵੀ) ਜਥੇਬੰਦੀਆਂ ਵੇਖਣ ਨੂੰ ਮਿਲ ਰਹੀਆਂ ਹਨ ਪਰ ਸਮੁੱਚੇ ਗੁਰਮਤਿ ਸਿਧਾਂਤਾਂ ਦੀ ਅਧੂਰੀ ਜਾਂ ਅਸਪੱਸ਼ਟ ਜਾਣਕਾਰੀ ਦੇ ਕਾਰਨ ਇਹ ਜਾਂ ਤਾਂ ਗੁਰਮਤਿ ਅਤੇ ਬ੍ਰਾਹਮਣਵਾਦ ਦਾ ਮਿਲ–ਗੋਭਾ ਜਿਹਾ ਪ੍ਰਚਾਰ ਕਰ ਰਹੀਆਂ ਹਨ, ਜਾਂ ਗੁਰਮਤਿ ਦੇ ਨਾਂ ’ਤੇ ਨਿਰੋਲ ਬ੍ਰਾਹਮਣਵਾਦ ਦਾ ਹੀ ਪ੍ਰਚਾਰ ਕਰੀ ਜਾ ਰਹੀਆਂ ਹਨ। **ਗੁਰਮਤਿ ਸਿਧਾਂਤਾਂ ਦੇ ਆਧਾਰ ’ਤੇ, ਲਾਸਾਨੀ ਗੁਰਮਤਿ ਇਨਕਲਾਬ ਦੇ ਵਿਕਾਸ ਰਾਹੀਂ ਸੰਸਾਰ ਵਿੱਚ ਰੱਬੀ ਰਾਜ ਨੂੰ ਪੱਕੇ ਤੌਰ ਤੇ ਸਥਾਪਤ ਕਰਨ ਨੂੰ ਨਿਸ਼ਾਨਾਂ ਬਣਾ ਕੇ ਪ੍ਰਚਾਰ ਕਰਨ ਵਾਲੀ ਕੋਈ ਵੀ ਕੇਂਦਰੀ ਜਥੇਬੰਦੀ ਨਜ਼ਰ ਨਹੀਂ ਆਉਂਦੀ।**

## ਜ਼ਾਤ-ਬਰਾਦਰੀਆਂ, ਧੜੇਬੰਦੀਆਂ ਅਤੇ ਆਪਸੀ ਵੈਰ-ਵਿਰੋਧਾਂ ਵਿੱਚ ਲੀਰੋ-ਲੀਰ ਹੋਈ ਕੌਮ

ਇਸ ਪ੍ਰਤੱਖ ਵਰਤਾਰੇ ਬਾਰੇ ਕਿਸੇ ਖ਼ਾਸ ਵਿਆਖਿਆ ਦੀ ਜ਼ਰੂਰਤ ਨਹੀਂ ਮਹਿਸੂਸ ਹੁੰਦੀ। ਕੌਮ ਦੀ ਇਸ ਹਾਲਤ ਨੂੰ ਵੇਖ ਕੇ ਬਿਪਰਵਾਦੀ ਕੱਛਾਂ ਵਜਾ ਰਹੇ ਹਨ ਅਤੇ ਤਾੜੀਆਂ ਮਾਰ ਰਹੇ ਹਨ। ਸਿਧਾਂਤ-ਹੀਣ ਅਤੇ ਜਥੇਬੰਦੀ ਦੇ ਪੱਖ ਤੋਂ ਖੇਰੂੰ-ਖੇਰੂੰ ਹੋਈ ਕੌਮ ਦੀ ਹਾਲਤ ਬਹੁਤ ਹੀ ਤਰਸਯੋਗ ਬਣੀ ਪਈ ਹੈ।

## ਭ੍ਰਿਸ਼ਟਾਚਾਰ

ਅੱਜ ਗੁਰੂ ਨਾਨਕ ਸਾਹਿਬ ਦੇ ਸਿੱਖ ਅਖਵਾਉਂਣ ਵਾਲੇ ਬਹੁਤ ਸਾਰੇ ਪ੍ਰਾਣੀ ਸੱਚ ਦੇ ਵਰਤਾਰੇ ਨੂੰ ਤਿਆਗ ਕੇ, ਝੂਠ, ਠੱਗੀ–ਠੋਰੀ, ਵੱਢੀ–ਖੋਰੀ, ਧੱਕੇਸ਼ਾਹੀ, ਛਲ–ਕਪਟ ਵਰਗੇ ਅਉਗੁਣਾਂ ਨੂੰ ਬੜੇ ਕਲਾਕਾਰੀ ਢੰਗ ਨਾਲ, ਅਪਣਾ ਕੇ, ਜਿਥੇ ਕੌਮ ਦਾ ਨਾਮ ਦੁਨੀਆਂ ਵਿੱਚ ਬਦਨਾਮ ਕਰ ਰਹੇ ਹਨ, ਉਥੇ ਗੁਰਮਤਿ ਇਨਕਲਾਬ ਦੇ ਵਿਕਾਸ ਦੇ ਰਾਹ ਦਾ ਰੋੜਾ ਵੀ ਬਣੇ ਪਏ ਹਨ।

## ਸਿੱਖੀ ਸਰੂਪ ਵਾਲੇ (ਅਤੇ ਸਿੱਖ ਪਰਿਵਾਰਾਂ ਵਿੱਚ ਜਨਮੇ ਘੋਨ-ਮੋਨ) ਗ਼ਦਾਰਾਂ ਦੀ ਭਰਮਾਰ

ਗੁਰਮਤਿ ਇਨਕਲਾਬ ਦੇ ਅਰੰਭ ਤੋਂ ਹੁਣ ਤੱਕ ਦੀਆਂ ਇਸ ਪੁਸਤਕ ਵਿੱਚ ਵਰਨਣ ਕੀਤੀਆਂ ਸੰਖੇਪ ਇਤਿਹਾਸਕ ਘਟਨਾਵਾਂ ਵਿੱਚ ਇਸ ਸ਼੍ਰੇਣੀ ਦੇ 'ਮਹਾਂ ਪੁਰਖਾਂ' ਦੇ ਦਰਸ਼ਨ ਅਸੀਂ ਕਰ ਹੀ ਚੁੱਕੇ ਹਾਂ। ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨਾਲ ਗ਼ਦਾਰੀ ਕਰਨ ਵਾਲੇ ਇਸ ਸ਼੍ਰੇਣੀ ਦੇ ਵਰਤਮਾਨ 'ਮਹਾਂ ਪੁਰਖਾਂ' ਦੀ ਲਿਸਟ ਵੀ ਕਾਫ਼ੀ ਲੰਮੀ-ਚੌੜੀ ਹੈ। **ਜਿਥੇ ਇਸ ਸੂਚੀ ਵਿੱਚ ਖ਼ੁਦ.ਗਰਜ਼ ਸਿਆਸੀ ਲੀਡਰ ਸਭ ਤੋਂ ਮੂਹਰਲੀਆਂ ਸਫ਼ਾਂ ਅੰਦਰ 'ਕੌਮ ਦੀ ਅਗਵਾਈ' ਕਰ ਰਹੇ ਨਜ਼ਰ ਪੈ ਰਹੇ ਹਨ, ਉਥੇ ਧਾਰਮਕ ਖੇਤਰ ਵਿੱਚ 'ਲੰਮੇ ਚੋਲੇ, ਗੋਲ ਦਸਤਾਰਾਂ, ਨੰਗੀਆਂ ਲੱਤਾਂ ਅਤੇ ਹੋਰ ਧਾਰਮਕ ਚਿੰਨ੍ਹਾਂ ਨਾਲ ਲੈਸ ਹੋ ਕੇ, ਨਕਲੀ ਸੰਤ-ਬਾਬੇ ਅਤੇ ਡੇਰੇਦਾਰ ਗੁਰਮਤਿ ਇਨਕਲਾਬ ਦੇ ਵਿਕਾਸ ਵਿੱਚ ਬਣਦਾ ਯੋਗਦਾਨ ਪਾਉਂਣ ਦੀ ਬਜਾਏ, ਇਸ ਦੇ ਵਿਨਾਸ਼ ਦਾ ਕਾਰਨ ਬਣ ਰਹੇ ਹਨ। ਇਹ ਭੋਲੀ-ਭਾਲੀ ਸਿੱਖ ਸੰਗਤਿ ਨੂੰ ਧਰਮ ਦੇ ਨਾਂ 'ਤੇ ਗੁਮਰਾਹ ਕਰਕੇ ਆਪਣੇ ਨਾਵਾਂ ਨਾਲ 'ਸ੍ਰੀਮਾਨ 108', '1008', '10008', 'ਸੰਤ ਜੀ ਮਹਾਰਾਜ', 'ਪੂਰਨ ਬ੍ਰਹਮ ਗਿਆਨੀ', ਆਦਿ ਨਕਲੀ ਡਿਗਰੀਆਂ ਚਿਪਕਾ ਕੇ, ਗੁਰਮਤਿ ਫ਼ਲਸਫ਼ੇ ਤੋਂ ਉਲਟ ਆਪੋ-ਆਪਣੀਆਂ ਸੰਪਰਦਾਵਾਂ ਅਤੇ ਡੇਰੇ ਕਾਇਮ ਕਰੀ ਬੈਠੇ ਹਨ ਅਤੇ ਗੁਰੂ ਨਾਨਕ ਸਾਹਿਬ ਦੀ ਸਿੱਖੀ ਦੇ ਪੌਦੇ ਨੂੰ ਅੰਦਰੋਂ-ਅੰਦਰੀ ਘੁਣ ਵਾਂਗ ਖ਼ੋਖ਼ਲਾ ਕਰਨ ਤੇ ਲੱਗੇ ਪਏ ਹਨ।** ਭਾਵੇਂ ਇਨ੍ਹਾਂ ਵਿੱਚ ਕੁਝ ਕੁ, ਪਰਮੇਸ਼ਰ ਦੇ ਨਿਰਮਲ ਭਉ ਵਿੱਚ ਰਹਿ ਕੇ, ਗੁਰਮਤਿ ਇਨਕਲਾਬ ਦਾ ਵਿਕਾਸ ਕਰਨ ਲਈ ਯਤਨਸ਼ੀਲ ਹਨ, ਪਰ ਅਜਿਹੇ ਪ੍ਰਾਣੀਆਂ ਦੀ ਗਿਣਤੀ ਆਟੇ ਵਿੱਚ ਲੂਣ ਦੇ ਬਰਾਬਰ ਵੀ ਨਹੀਂ ਹੈ।

## ਭਰੂਣ ਹੱਤਿਆ

ਪਰਿਵਾਰ ਨਿਯੋਜਨ ਦਾ ਗ਼ਲਤ ਢੰਗ ਨਾਲ ਪ੍ਰਚਾਰ ਹੋਣ ਕਾਰਨ, ਇਖ਼ਲਾਕੀ ਕਿਰਦਾਰ ਵਿੱਚ ਗਿਰਾਵਟ ਅਤੇ ਦਹੇਜ਼ ਲੈਣ/ਦੇਣ ਦੇ ਗੁਰਮਿਤ-ਵਿਰੋਧੀ ਕਰਮ ਨੂੰ ਸਮਾਜਿਕ ਪ੍ਰਵਾਨਗੀ ਮਿਲ ਜਾਣ ਕਾਰਨ, ਭਰੂਣ ਨੂੰ ਮਾਤਾ ਦੀ ਕੁੱਖ ਵਿੱਚ ਹੀ ਮਾਰ ਦੇਣ ਦਾ ਅਤੀ ਸ਼ਰਮਨਾਕ ਪਾਪ-ਕਰਮ ਵੀ ਕਈ ਸਿੱਖ ਅਖਵਾਉਂਣ ਵਾਲੇ ਪਰਿਵਾਰਾਂ ਵਿੱਚ ਪ੍ਰਵਾਨ ਹੋ ਚੁੱਕਾ ਹੈ। 'ਹਿੰਦੂ ਵਿਰਾਸਤ ਐਕਟ' ਦਾ, ਸਾਜਿਸ਼ ਅਧੀਨ, ਸਿੱਖ ਕੌਮ 'ਤੇ ਲਾਗੂ ਹੋ ਜਾਣਾ ਵੀ ਇੱਕ ਅਹਿਮ ਕਾਰਨ ਹੈ ਇਸ ਸਮਾਜ-ਵਿਰੋਧੀ ਕਾਰਵਾਈ ਦਾ। **ਲੜਕੀਆਂ ਦੀ ਘੱਟ ਰਹੀ ਗਿਣਤੀ ਸਿੱਖ ਸਮਾਜ ਵਿੱਚ ਕਈ ਤਰ੍ਹਾਂ ਦੀਆਂ ਖ਼ਰਾਬੀਆਂ/ਸਮੱਸਿਆਵਾਂ ਪੈਦਾ ਕਰੇਗੀ।**

## ਭੇਡਚਾਲ ਜਾਂ ਲੋਕਾਚਾਰੀ

ਸਮਾਜ ਵਿੱਚ ਹੋਰ ਡਰਾਂ ਦੇ ਨਾਲ-ਨਾਲ 'ਲੋਕ-ਲਾਜ ਦਾ ਡਰ' ਇੱਕ ਬਹੁਤ ਅਹਿਮ ਡਰ ਹੈ। ਵਿਖਾਵੇ ਅਤੇ ਫ਼ਜ਼ੂਲ-ਖਰਚੀ ਦੇ ਫ਼ਜ਼ੂਲ ਕੰਮ ਕਰਨ ਵਿੱਚ ਸਿੱਖ ਜਗਤ ਵੀ 'ਕਿਸੇ





ਦੀ ਨੂੰਹ-ਧੀ ਨਾਲੋਂ ਘੱਟ ਨਹੀਂ' ਰਿਹਾ ਬਲਕਿ ਬਾਕੀ ਮੱਤਾਂ ਦੇ ਸਮਾਜਾਂ ਤੋਂ ਇਸ ਫ਼ੀਲਡ ਵਿੱਚ ਬਾਜ਼ੀ ਜਿੱਤ ਚੁੱਕਾ ਹੈ। ਬੱਚੇ ਦਾ ਜਨਮ ਦਿਨ ਮਨਾਉਂਣਾ ਹੋਵੇ, ਵਿਆਹ-ਸ਼ਾਦੀਆਂ ਕਰਨੀਆਂ ਹੋਣ, ਦਹੇਜ਼ ਦਾ ਮਸਲਾ ਹੋਵੇ, ਅੰਤਮ ਸੰਸਕਾਰ ਕਰਨਾ ਹੋਵੇ, ਪਿਤਰਾਂ ਦੀਆਂ ਬਰਸੀਆਂ ਮਨਾਉਂਣੀਆਂ ਹੋਣ, ਰੀਸੈਪਸ਼ਨ ਪਾਰਟੀਆਂ ਦੇਣੀਆਂ ਹੋਣ, ਸਮਾਜ ਵਿੱਚ ਆਪਣੀ 'ਫ਼ੋਕੀ ਠੁੱਕ ਬਣਾਉਂਣ' ਜਾਂ ਸਿਰਫ਼ 'ਨੱਕ-ਰੱਖਣ' ਲਈ ਜਿਥੇ ਅਜਿਹੇ ਕੰਮਾਂ ਵਿੱਚ ਮਾਇਆ ਦੀ ਫ਼ਜ਼ੂਲ ਖਰਚੀ ਕੀਤੀ ਜਾਂਦੀ ਹੈ, ਉਥੇ ਕੀਮਤੀ ਸਮਾਂ ਵੀ ਅਜਾਈਂ ਗੁਆਇਆ ਜਾਂਦਾ ਹੈ ਅਤੇ ਪ੍ਰਾਪਤ ਹੁੰਦੀਆਂ ਹਨ ਸਤਿਗੁਰਾਂ ਵੱਲੋਂ ਲਾਹਨਤਾਂ ਅਤੇ ਸੰਸਾਰ ਵੱਲੋਂ ਵਕਤੀ ਤੌਰ 'ਤੇ ਮਾੜੀ-ਮੋਟੀ ਰਸਮੀ ਵਾਹ-ਵਾਹ!

## ਗੁਰਮਤਿ ਇਨਕਲਾਬ ਦੇ ਵਿਕਾਸ ਨੂੰ ਸਮਰਪਿਤ ਮੀਡੀਆ ਦੀ ਅਣਹੋਂਦ

ਅੱਜ ਸਿੱਖ ਕੌਮ ਦੀਆਂ ਕੇਂਦਰੀ ਸੰਸਥਾਵਾਂ (ਸ਼੍ਰੋਮਣੀ ਕਮੇਟੀ, ਅਕਾਲੀ ਦਲ, ਚੀਫ਼ ਖ਼ਾਲਸਾ ਦੀਵਾਨ, ਕੇਂਦਰੀ ਸਿੰਘ ਸਭਾਵਾਂ ਆਦਿ) ਦੇ ਸਾਲਾਨਾ ਬੱਜਟ ਅਰਬਾਂ ਰੁਪਿਆ ਹੋਣ ਦੇ ਬਾਵਜੂਦ **ਸਿੱਖ ਕੌਮ ਕੋਲ ਗੁਰੂ ਨਾਨਕ ਸਾਹਿਬ ਦੇ ਇਨਕਲਾਬ ਦਾ ਸੰਸਾਰ ਵਿੱਚ ਅਧੁਨਿਕ ਮੀਡੀਆ ਦੀ ਵਰਤੋਂ ਕਰਕੇ ਵਿਕਾਸ ਕਰਨ ਲਈ ਕੋਈ ਪ੍ਰਾਜੈਕਟ ਨਹੀਂ। ਸਦ ਅਫ਼ਸੋਸ!** ਬਿਪਰਵਾਦੀ ਅਤੇ ਹੋਰ ਅਨਮਤੀ ਮੀਡੀਆ ਰਾਹੀਂ ਗੁਰਮਤਿ ਸਿਧਾਤਾਂ, ਸਿੱਖ ਇਤਿਹਾਸ ਅਤੇ ਸਿੱਖ ਕਿਰਦਾਰ ਨੂੰ ਜਾਣ-ਬੁੱਝ ਕੇ ਬਹੁਤ ਹੀ ਘਟੀਆ ਰੌਸ਼ਨੀ ਵਿੱਚ ਪੇਸ਼ ਕਰਕੇ ਸਿੱਖ ਕੌਮ ਦੀ ਖਿੱਲੀ ਉਡਾਈ ਜਾ ਰਹੀ ਹੈ ਅਤੇ ਸਾਡੇ ਪਾਸ ਮੀਡੀਆ ਰਾਹੀਂ ਕੌਮ 'ਤੇ ਕੀਤੇ ਜਾ ਰਹੇ ਅਜਿਹੇ ਹਮਲਿਆਂ ਦਾ ਤਰਕ-ਸੰਗਤ ਢੰਗ ਨਾਲ ਯੋਗ ਜਵਾਬ ਦੇਣ ਲਈ ਨਾਂ ਤਾਂ ਕੌਮੀ ਪੱਧਰ ਤੇ ਕੋਈ ਸੰਸਥਾ ਹੀ ਹੈ ਅਤੇ ਨਾ ਹੀ ਸ਼ਕਤੀਸ਼ਾਲੀ ਮੀਡੀਆ।

## ਪਤਿਤਪੁਣਾ

ਸਿੱਖ ਕੌਮ ਦੇ ਨੌਜਵਾਨ ਵਰਗ ਦਾ ਇੱਕ ਵੱਡਾ ਹਿੱਸਾ ਗੁਰਮਤਿ ਸਿਧਾਂਤਾਂ ਅਤੇ ਕੌਮ ਦੇ ਸ਼ਾਨਾਂ-ਮੱਤੇ ਵਿਰਸੇ ਦੀ ਜਾਣਕਾਰੀ ਤੋਂ ਕੋਰਾ ਹੋਣ ਕਰਕੇ ਬੱਜਰ ਕੁਰਹਿਤਾਂ ਦਾ ਸ਼ਿਕਾਰ ਹੋ ਚੁੱਕਾ ਹੈ। ਅਜਿਹੇ ਨੌਜਵਾਨ ਪੱਛਮੀ ਦੇਸ਼ਾਂ ਦੇ ਸਮਾਜਕ ਔਗੁਣਾਂ ਨੂੰ ਸਹਿਜੇ ਹੀ, 'ਅਗਾਂਹਵਧੂ' ਹੋਣ ਦੇ ਭੁਲੇਖੇ ਵਿੱਚ, ਧਾਰਨ ਕਰ ਲੈਂਦੇ ਹਨ। ਕਿਹਾ ਜਾਂਦਾ ਹੈ ਕਿ ਮੱਛੀ ਪੱਥਰ ਨੂੰ ਚੱਟ ਕੇ ਹੀ ਵਾਪਿਸ ਮੁੜਦੀ ਹੈ। **ਯੂਰਪੀਨ ਦੇਸ਼ਾਂ ਦੇ ਕੁਝ ਕੁ ਦੂਰ-ਅੰਦੇਸ਼ ਸਮਾਜਕ ਵਰਗ ਗੁਰੂ ਨਾਨਕ ਸਾਹਿਬ ਦੇ ਆਲਮਗੀਰੀ ਫ਼ਲਸਫ਼ੇ ਦਾ ਅਧਿਐਨ ਕਰਕੇ ਗੁਰਮਤਿ ਵੱਲ ਮੋੜਾ ਕੱਟ ਰਹੇ ਹਨ। ਕੀ ਸਾਡੇ ਇਹ 'ਅਲਟਰਾ-ਮਾਡਰਨ' ਸਿੱਖ ਇਨ੍ਹਾਂ ਸੂਝਵਾਨ ਯੂਰਪੀਨ ਵਰਗਾਂ ਤੋਂ ਕੁਝ ਸਿੱਖਿਆ ਹਾਸਿਲ ਕਰਨਗੇ ਜਾਂ ਇਹ ਵੀ ਮੱਛੀ ਵਾਂਗ ਪੱਥਰ ਨੂੰ ਚੱਟ ਕੇ ਹੀ ਵਾਪਿਸ ਮੁੜਨਗੇ?**

## ਡੇਰਾਵਾਦ, ਬਾਬਾਵਾਦ

ਅਸਲ ਵਿੱਚ 'ਬਾਬਾ' ਸ਼ਬਦ ਗੁਰੂ ਨਾਨਕ ਸਾਹਿਬ ਲਈ ਹੀ ਰਾਖਵਾਂ (ਰੀਜ਼ਰਵ) ਹੈ। ਇਸ ਸੱਚਾਈ ਦੀ ਪੁਸ਼ਟੀ ਭਾਈ ਗੁਰਦਾਸ ਦੀਆਂ ਵਾਰਾਂ ਦਾ ਸਰਸਰੀ ਜਿਹਾ ਅਧਿਐਨ ਕਰਨ ਤੋਂ ਹੀ ਹੋ ਜਾਂਦੀ ਹੈ। ਗੁਰੂ ਨਾਨਕ ਸਾਹਿਬ ਦੇ ਇਨਕਲਾਬ ਤੋਂ ਭਗੌੜੇ ਹੋ ਚੁੱਕੇ ਖ਼ੁਦਗਰਜ਼ ਅਤੇ ਸ਼ਾਤਰ ਸਿਆਸਤਦਾਨਾਂ ਦਾ ਇਕੋ-ਇੱਕ ਨਿਸ਼ਾਨਾਂ, ਯੋਗ ਜਾ ਅਯੋਗ ਢੰਗ ਨਾਲ ਜਨਤਾ ਦੀਆਂ ਵੋਟਾਂ ਪ੍ਰਾਪਤ ਕਰਕੇ, ਰਾਜਸੀ ਸੱਤਾ ਦੀ ਕੁਰਸੀ ਤੇ ਕਬਜ਼ਾ ਕਰਨਾ ਹੀ ਹੈ। ਪਬਲਿਕ ਨੂੰ ਮੂਰਖ ਬਣਾ ਕੇ ਆਪਣੇ ਵੋਟ ਬੈਂਕ ਨੂੰ ਪੱਕਾ ਕਰਨ ਅਤੇ ਇਸ ਵਿੱਚ ਦਿਨੋ-ਦਿਨ ਵਾਧਾ ਕਰਨ ਲਈ ਇਹ ਲੀਡਰ ਜਾਂ ਤਾਂ ਆਪਣੇ ਵੱਲੋਂ 'ਬੈ-ਖ਼ਰੀਦ ਬਾਬਿਆਂ' ਨੂੰ ਸਥਾਪਤ ਕਰ ਦਿੰਦੇ ਹਨ ਜਾਂ ਜਨਤਾ ਵਿੱਚ ਪਹਿਲਾਂ ਤੋਂ ਹੀ ਜੜ੍ਹਾਂ ਪਕੜ ਚੁੱਕੇ 'ਬਾਬਿਆਂ' ਦੇ ਦਰਬਾਰਾਂ ਦੀਆਂ ਹਾਜ਼ਰੀਆਂ ਭਰ ਕੇ ਉਨ੍ਹਾਂ ਦੇ ਸ਼ਰਧਾਲੂਆਂ ਦੀ ਗਿਣਤੀ ਵਿੱਚ ਵਾਧਾ ਕਰਨ ਲੱਗ ਜਾਂਦੇ ਹਨ। ਇਹ 'ਬਾਬੇ' ਫਿਰ ਇਨ੍ਹਾਂ ਸਿਆਸਤਦਾਨਾਂ ਦੇ ਸ਼ੁਕਰਾਨੇ ਵਜੋਂ ਅਪਣੇ 'ਸਿੱਖ–ਸੇਵਕਾਂ' ਨੂੰ ਸਿੱਧੇ ਜਾਂ ਅਸਿੱਧੇ ਢੰਗਾਂ ਨਾਲ ਪ੍ਰੇਰ ਕੇ ਇਨ੍ਹਾਂ ਸਿਆਸਤਦਾਨਾਂ ਦੇ 'ਵੋਟ–ਬੈਂਕ' ਵਿੱਚ ਵਾਧਾ ਕਰਵਾ ਦੇਂਦੇ ਹਨ। ਇਹ ਖ਼ੁਦਗਰਜ਼ ਵਰਤਾਰਾ ਗੁਰਮਤਿ ਇਨਕਲਾਬ ਦੇ ਵਿਕਾਸ ਦੇ ਰਾਹ ਦਾ ਇੱਕ ਵੱਡਾ ਰੋੜਾ ਬਣਿਆ ਪਿਆ ਹੈ। **ਗੁਰੂ ਨਾਨਕ ਫ਼ਲਸਫ਼ੇ ਅੰਦਰ 'ਬਾਬਾਵਾਦ', 'ਸੰਤਵਾਦ' ਅਤੇ 'ਡੇਰਾਵਾਦ' ਲਈ ਉੱਕਾ ਹੀ ਕੋਈ ਜਗ੍ਹਾ ਨਹੀਂ ਹੈ।** ਅੱਜ ਹਾਲਾਤ ਇਤਨੇ ਨਿੱਘਰ ਚੁੱਕੇ ਹਨ ਕਿ ਸਿੱਖ ਕੌਮ ਵਿੱਚੋਂ ਗੁਰੂ ਗ੍ਰੰਥ ਸਾਹਿਬ ਦੇ ਸਿੱਖ ਲੱਭਣੇ ਬਹੁਤ ਕਠਨ ਕੰਮ ਹੈ, ਬਾਬਿਆਂ ਦੇ ਅਤੇ ਡੇਰਿਆਂ ਦੇ ਸਿੱਖ ਥੋਕ ਰੇਟ ਵਿੱਚ ਮਿਲ ਰਹੇ ਹਨ। ਇਹ 'ਬਾਬੇ' ਅਤੇ ਡੇਰੇ ਗੁਰੂ ਨਾਨਕ ਸਾਹਿਬ ਦੀ ਸਿੱਖੀ ਨੂੰ ਘੁਣ ਵਾਂਗ ਅੰਦਰੋਂ-ਅੰਦਰੀ ਖਾਈ ਜਾ ਰਹੇ ਹਨ। **ਗੁਰੂ ਕਾਲ ਦੇ 239 ਸਾਲ ਦੇ ਸਮੇਂ ਅੰਦਰ ਕਿਸੇ ਇੱਕ ਵੀ ਸਿੱਖ ਦੇ ਨਾਮ ਨਾਲ 'ਸੰਤ' ਜਾਂ 'ਬਾਬਾ' ਲੱਗਿਆ ਨਜ਼ਰ ਨਹੀਂ ਪੈਂਦਾ ਅਤੇ ਨਾ ਹੀ ਇਸ ਲਾਸਾਨੀ ਇਨਕਲਾਬ ਦੇ ਵਿਕਾਸ ਲਈ ਸਤਿਗੁਰਾਂ ਨੇ ਕੋਈ ਡੇਰਾ ਹੀ ਸਥਾਪਤ ਕਰਨ ਦੀ ਆਗਿਆ ਦਿੱਤੀ ਸੀ।** ਪਰ ਅੱਜ ਪੰਜਾਬ ਦੇ ਛੋਟੇ ਜਿਹੇ ਸੂਬੇ ਦੇ ਤਕਰੀਬਨ ਸਾਢੇ ਬਾਰਾਂ ਹਜ਼ਾਰ ਪਿੰਡਾਂ ਵਿੱਚ ਹੀ ਅਠਾਰਾਂ ਹਜ਼ਾਰ ਡੇਰੇ ਨਕਲੀ ਸੰਤ-ਬਾਬਿਆਂ ਨੇ ਸਥਾਪਤ ਕਰ ਲਏ ਹਨ ਅਤੇ ਇਨ੍ਹਾਂ ਦੀ ਗਿਣਤੀ ਵਿੱਚ ਹਰ ਰੋਜ਼ ਹੋਰ ਵਾਧਾ ਹੋਈ ਜਾ ਰਿਹਾ ਹੈ। ਕੁਝ ਕੁ ਡੇਰਿਆਂ ਦੇ ਮੁੱਖੀ ਹਠਯੋਗ (ਭੋਰਿਆਂ ਵਿੱਚ ਵੜ ਕੇ ਜਪ-ਤਪ ਕਰਨਾ, ਠੰਢੇ ਪਾਣੀ ਵਿੱਚ ਬੈਠ ਕੇ ਕੋਈ ਹੱਠ-ਯੋਗ ਦੀ ਸਾਧਨਾ ਕਰਨਾ, ਚਾਹੀਲੇ ਕੱਟਣੇ, ਸਮਾਧੀਆਂ ਲਾ ਕੇ ਬੈਠਣ ਦੇ ਵਿਖਾਵੇ ਕਰਨੇ, ਸਰੀਰ ਨੂੰ ਕਈ ਢੰਗਾਂ ਨਾਨ ਕਸ਼ਟ ਦੇਣੇ, ਕਈ ਕਿਸਮ ਦੇ ਕਰਮ ਕਾਂਡ, ਬਰਤ ਨੇਮ, ਸੰਜਮ ਆਦਿ ਜੋਗ-ਮੱਤ ਦੇ ਕਰਮ ਕਰਨੇ) ਦੇ ਸਾਧਨਾਂ ਦੁਆਰਾ ਕੁਝ ਕੁ ਸਿੱਧੀਆਂ (ਸ਼ਕਤੀਆਂ) ਦੀ ਪ੍ਰਾਪਤੀ ਕਰਕੇ ਆਪਣੇ ਨਾਲ ਜੁੜੀ ਭੋਲੀ ਸੰਗਤਿ ਦੇ ਮਨਾਂ 'ਤੇ ਆਪਣੇ ਆਪ ਨੂੰ 'ਪਹੁੰਚੇ ਹੋਏ ਮਹਾਂਪੁਰਖ' ਹੋਣ ਦਾ ਸਿੱਕਾ ਜੰਮਾਉਂਣ ਵਿੱਚ ਕਾਮਯਾਬ





ਹੋ ਜਾਂਦੇ ਹਨ। ਇਸ ਤੋਂ ਬਾਅਦ, **ਜਿਥੇ ਇਹ ਸੰਗਤਿ ਦੀ ਸ਼ਰਧਾ ਦੀ ਦੁਰਵਰਤੋਂ ਕਰਕੇ ਸੰਗਤਿ ਦੀਆਂ ਬੀਬੀਆਂ ਦਾ ਸਰੀਰਕ, ਮਾਨਸਿਕ ਅਤੇ ਆਰਥਿਕ ਸ਼ੋਸ਼ਣ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦੇ, ਉਥੇ ਆਪਣੇ ਡੇਰਿਆਂ ਵਿੱਚ, ਗੁਰਮਤਿ ਦੇ ਲੇਬਲ ਹੇਠ, ਬ੍ਰਾਹਮਣਵਾਦ ਦਾ ਪ੍ਰਚਾਰ ਵੀ ਰੱਜ ਕੇ ਕਰਦੇ ਹਨ।** ਉਦਾਹਰਣ ਦੇ ਤੌਰ ਤੇ, ਧਰਮਾਂ ਦੇ ਨਾਂ 'ਤੇ ਤੀਰਥ-ਯਾਤਰਾ, ਸੁੱਖਣਾ, ਪੁੱਸ਼ਣਾ, ਵਰਤ ਰੱਖਣ, ਜਪ-ਤਪ, ਪੁੰਨ-ਦਾਨ, ਥਿਤਾਂ-ਵਾਰਾਂ ਦੀ ਵਿਸ਼ੇਸ਼ਤਾ, ਕਈ ਕਿਸਮ ਦੀਆਂ ਪਾਠ-ਵਿਧੀਆਂ (ਅਖੰਡ, ਸੰਪਟ, ਸਪਤਾਹਿਕ ਆਦਿ) ਦੇ ਭਰਮ-ਜਾਲ ਵਿਛਾਏ ਜਾ ਰਹੇ ਹਨ।

ਖ਼ਾਸ-ਖ਼ਾਸ ਸ਼ਬਦਾਂ ਦਾ, ਕਿਸੇ ਖ਼ਾਸ ਮਨੋਕਾਮਨਾ ਦੀ ਪੂਰਤੀ ਲਈ ਨਿਸ਼ਚਿਤ ਗਿਣਤੀ ਵਿੱਚ ਪਾਠ ਕਰਨ ਦੇ ਢੰਗ ਤਰੀਕੇ, ਗੁਰੂ ਸਾਹਿਬਾਨ ਦੀਆਂ ਤਸਵੀਰਾਂ ਦੀ ਪੂਜਾ (ਬੁੱਤ-ਪੂਜਾ), ਭੋਰਿਆਂ ਵਿੱਚ ਬੈਠ ਕੇ ਜਪ-ਤਪ ਕਰਨੇ ਅਤੇ ਹੋਰ ਅਜਿਹੇ ਹੀ ਕਈ ਕਿਸਮ ਦੇ ਗੁਰਮਤਿ ਵਿਰੋਧੀ ਕਰਮਾਂ ਵੱਲ ਸੰਗਤਿ ਨੂੰ ਪ੍ਰੇਰਤ ਕਰਨ ਦੇ ਯਤਨ ਕਰਦੇ ਹਨ। ਪੌਰਾਣਿਕ ਕਥਾ-ਕਹਾਣੀਆਂ (ਗਪੌੜ) ਸੁਣਾ-ਸੁਣਾ ਕੇ ਸੰਗਤਿ ਵਿੱਚ ਅੰਧ-ਵਿਸ਼ਵਾਸ ਪੈਦਾ ਕਰਦੇ ਹਨ।

ਇਹ 'ਮਹਾਂਪੁਰਖੁ' ਨਾ ਤਾਂ ਆਪ ਹੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਸਿਧਾਂਤਾਂ ਦੀ ਜਾਣਕਾਰੀ ਹਾਸਿਲ ਕਰਨ ਲਈ ਯਤਨ ਕਰਦੇ ਹਨ ਅਤੇ ਨਾਂ ਹੀ ਆਪਣੇ ਸੇਵਕਾਂ ਨੂੰ ਗੁਰਮਤਿ ਪੱਖੋਂ ਜਾਗਰੂਕ ਹੋਇਆ ਵੇਖਣਾ ਪਸੰਦ ਕਰਦੇ ਹਨ ਕਿਉਂਕਿ ਜੇਕਰ ਇਨ੍ਹਾਂ ਦੇ ਸੇਵਕ ਗੁਰਮਤਿ ਸਿਧਾਂਤਾਂ ਦੇ ਧਾਰਨੀ ਬਣ ਗਏ ਤਾਂ ਇਨ੍ਹਾਂ 'ਮਹਾਂਪੁਰਖਾਂ' ਦਾ ਤੋਰੀ-ਫੁਲਕਾ ਬੰਦ ਹੋ ਜਾਵੇਗਾ। ਫਿਰ ਭਲਾ ਇਹ ਆਪਣੇ ਪੈਰਾਂ 'ਤੇ ਆਪ ਹੀ ਕੁਹਾੜਾ ਕਿਉਂ ਮਾਰਨਗੇ ? **ਸਿੱਖੀ ਦੇ ਬ਼ਗੀਚੇ ਵਿੱਚ ਬਹਾਰ ਤਦੋਂ ਹੀ ਆ ਸਕੇਗੀ ਜਦੋਂ ਇਸ ਡੇਰਾਵਾਦ ਅਤੇ ਬਾਬਾਵਾਦ ਦੇ ਜ਼ਹਿਰੀਲੇ ਨਦੀਨ ਨੂੰ ਜੜ੍ਹੋਂ ਹੀ ਪੁੱਟ ਕੇ ਬਾਹਰ ਸੁੱਟ ਕੇ ਨਸ਼ਟ ਕਰ ਦਿੱਤਾ ਜਾਵੇਗਾ।** ਇਸ ਖ਼ਤਰਨਾਕ ਨਦੀਨ ਦਾ ਬੀਜ ਨਾਸ਼ ਕੀਤੇ ਵ਼ਗੈਰ ਗੁਰੂ ਨਾਨਕ ਸਾਹਿਬ ਵੱਲੋਂ ਸੰਸਾਰ ਵਿੱਚ ਰੱਬੀ ਰਾਜ ਕਾਇਮ ਕਰਨ ਲਈ ਅਰੰਭ ਕੀਤੇ ਲਾਸਾਨੀ ਇਨਕਲਾਬ ਦਾ ਵਿਕਾਸ ਹੋਣਾ ਅਸੰਭਵ ਜਿਹਾ ਹੀ ਲਗਦਾ ਹੈ।

## ਜੰਝ (ਬਰਾਤ) ਦਾ ਸੰਕਲਪ ਅਤੇ ਦਹੇਜ਼ ਦੀ ਲਾਹਨਤ

ਪੁਰਾਤਨ ਸਮਿਆਂ ਵੇਲੇ ਆਬਾਦੀ ਘੱਟ ਹੁੰਦੀ ਸੀ। ਆਮ ਰਸਤੇ ਜੰਗਲ–ਬੀਆਵਾਨਾਂ ਦੀ ਸੁੰਞ ਵਿੱਚੋਂ ਹੋ ਕੇ ਗੁਜਰਦੇ ਸਨ। ਸਮਾਜ-ਵਿਰੋਧੀ ਅਨਸਰ ਇਸ ਹਕੀਕਤ ਦਾ ਫ਼ਾਇਦਾ ਉਠਾ ਕੇ ਨਵ–ਵਿਆਹੇ ਡੋਲੇ ਲੁੱਟ ਲਿਆ ਕਰਦੇ ਸਨ। ਇਸ ਕਰਕੇ ਵਿਆਹ ਵੇਲੇ ਕੁਝ ਰਿਸ਼ਤੇਦਾਰ, ਸ਼ਰੀਕ ਅਤੇ ਸੱਜਣ–ਮਿੱਤਰ ਇਕੱਠੇ ਹਥਿਆਰਬੰਦ ਹੋ ਕੇ ਲੜਕੀ ਵਾਲੇ ਘਰ ਜੰਝ ਦੀ ਸ਼ਕਲ ਵਿੱਚ ਜਾਇਆ ਕਰਦੇ ਸਨ ਤਾ ਕਿ ਨਵਵਿਆਹੇ ਡੋਲੇ ਦੀ ਹਿਫ਼ਾਜ਼ਤ

ਕੀਤੀ ਜਾ ਸਕੇ। ਵਿਆਹ ਦੀਆਂ ਰਸਮਾਂ ਸਾਦੀਆਂ ਅਤੇ ਘੱਟ-ਖਰਚੇ ਵਾਲੀਆਂ ਹੁੰਦੀਆਂ ਸਨ। ਅੱਜ ਹਾਲਾਤ ਬਦਲ ਚੁੱਕੇ ਹਨ। ਪਰ ਫਿਰ ਵੀ **ਅਸੀ 'ਲਕੀਰ ਦੇ ਫ਼ਕੀਰ' ਬਣ ਕੇ ਨਾ ਸਗੋਂ ਇਸ ਜੰਞ ਰੂਪੀ ਬੇਲੋੜੀ ਰਸਮ ਨੂੰ ਜਾਰੀ ਹੀ ਰੱਖਿਆ ਹੋਇਆ ਹੈ, ਬਲਕਿ ਇਸ ਮੌਕੇ ਤੇ ਬੇਤਹਾਸ਼ਾ ਇਕੱਠ ਕਰਕੇ ਆਪਣੀ ਫ਼ੋਕੀ ਠੁੱਕ ਬੰਨ੍ਹਣ ਲਈ 'ਮੈਰਿਜ-ਪੈਲੇਸ' ਵੱਲ ਨੂੰ ਭੱਜ ਤੁਰਦੇ ਹਾਂ।** ਮੈਰਿਜ ਪੈਲੇਸਾਂ ਵਿੱਚ ਜੋ ਲੱਚਰ ਅਤੇ ਅਸ਼ਲੀਲਤਾ ਵਾਲਾ ਮਾਹੌਲ ਹੁੰਦਾ ਹੈ, ਉਹ ਸਾਨੂੰ ਸਭ ਨੂੰ ਪਤਾ ਹੀ ਹੈ। ਪਹਿਲੇ ਸਮਿਆਂ ਵਿੱਚ ਭਾਈਚਾਰੇ ਦੀਆਂ ਬੀਬੀਆਂ ਇਕੱਠੀਆਂ ਹੋ ਕੇ ਬਰਾਤ ਵਾਸਤੇ ਰੋਟੀਆਂ ਤਿਆਰ ਕਰ ਦੇਂਦੀਆਂ ਸਨ ਅਤੇ ਪਿੰਡ ਜਾਂ ਮੁਹੱਲੇ ਦੇ ਲਾਗੀ ਮਿਠਿਆਈ ਅਤੇ ਦਾਲ-ਸਬਜ਼ੀ ਬਣਾ ਦਿਆ ਕਰਦੇ ਸਨ। ਇਸ ਤਰ੍ਹਾਂ ਜਿਥੇ ਭਾਈਚਾਰਕ ਸਾਂਝਾਂ ਦੀਆਂ ਤੰਦਾਂ ਮਜ਼ਬੂਤ ਹੁੰਦੀਆਂ ਸਨ, ਉਥੇ ਖਰਚਾ ਅਤੇ ਖੇਚਲ ਵੀ ਘੱਟ ਹੁੰਦੇ ਸਨ ਅਤੇ ਸਮਾਜਕ ਸਭਿਆਚਾਰ ਦਾ ਮਾਹੌਲ ਵੀ ਸੁਖਾਵਾਂ ਬਣਿਆ ਰਹਿੰਦਾ ਸੀ। ਬਰਾਤ ਨੂੰ ਪੰਗਤਾਂ ਵਿੱਚ, ਕੋਰਿਆਂ 'ਤੇ ਬਿਠਾ ਕੇ, ਪ੍ਰੇਮ ਨਾਲ ਰੋਟੀ ਛਕਾਈ ਜਾਂਦੀ ਸੀ।

ਇਥੇਂ ਮੈਂ ਇਸ ਸਬੰਧੀ ਆਪਣੀ ਹੱਡ-ਬੀਤੀ ਦਾ ਜ਼ਿਕਰ ਕਰਨਾ ਵੀ ਜ਼ਰੂਰੀ ਸਮਝਦਾ ਹਾਂ। ਮੇਰੇ ਵਿਆਹ ਦਾ ਰਿਸ਼ਤਾ 1957 ਵਿੱਚ, ਜਦੋਂ ਮੈਂ ਨੌਵੀਂ ਜਮਾਤ ਵਿੱਚ ਪੜ੍ਹਦਾ ਸੀ, ਪੱਕਾ ਹੋ ਗਿਆ ਸੀ। 1964 ਵਿੱਚ ਵਿਆਹ ਵਾਲੇ ਦਿਨ ਮੈਂ ਇਕੱਲਾ ਹੀ ਗਿਆ ਸੀ ਅਤੇ ਉਸੇ ਦਿਨ ਅਨੰਦ-ਕਾਰਜ ਤੋਂ ਬਾਅਦ ਵਾਪਿਸ ਆ ਗਿਆ ਸੀ। ਕਿਸੇ ਰਿਸ਼ਤੇਦਾਰ, ਸ਼ਰੀਕ ਜਾਂ ਸੱਜਣ ਮਿੱਤਰ ਨੂੰ ਵਿਆਹ ਲਈ ਨਹੀਂ ਸੱਦਿਆ ਗਿਆ ਸੀ। ਕੋਈ ਮਿਠਿਆਈ ਜਾਂ ਵਿਸ਼ੇਸ਼ ਪਕਵਾਨ ਨਹੀਂ ਤਿਆਰ ਕੀਤੇ ਗਏ ਸਨ। ਜੋ ਦਾਲ-ਰੋਟੀ ਹਰ ਰੋਜ਼ ਘਰੇ ਬਣਦੀ ਸੀ, ਉਹੀ ਉਸ ਦਿਨ ਵੀ ਤਿਆਰ ਕੀਤੀ ਗਈ ਸੀ। ਅੱਜਕਲ ਮੈਰਿਜ ਪੈਲੇਸਾਂ ਦੇ ਲੱਚਰ ਮਾਹੌਲ ਨੂੰ ਧਿਆਨ ਵਿੱਚ ਰਖਦਿਆਂ ਮੈਂ ਇਹ ਫ਼ੈਸਲਾ ਕੀਤਾ ਹੈ ਕਿ ਕਿਸੇ ਵੀ ਵਿਆਹ ਦੀ ਅਜਿਹੀ ਰਸਮ ਵਿੱਚ ਸ਼ਾਮਿਲ ਨਹੀਂ ਹੋਣਾ ਜਿਥੇ:-

**ਵਿਆਹ ਮੈਰਿਜ ਪੈਲੇਸ ਵਿੱਚ ਹੋਵੇ; ਵਿਆਹ ਵਾਲਾ ਬੱਚਾ ਜਾਂ ਬੱਚੀ ਪਤਿਤ ਹੋਵੇ (ਸਿੱਖਾਂ ਦੇ ਘਰ ਜਨਮ ਲੈ ਕੇ ਕੇਸਾਂ-ਰੋਮਾਂ ਦੀ ਬੇ-ਅਦਬੀ ਕਰਨ ਵਾਲਾ, ਨਸ਼ੇ-ਪੱਤੇ ਕਰਨ ਵਾਲਾ, ਤਮਾਕੂ ਵਰਤਣ ਵਾਲਾ ਜਾਂ ਮਾੜੇ ਚਾਲ-ਚੱਲਣ ਵਾਲਾ); ਜਿਥੇ ਵਿਆਹ ਦੌਰਾਨ ਨਸ਼ਿਆਂ ਦੀ ਵਰਤੋਂ ਕੀਤੀ ਜਾਂਦੀ ਹੋਵੇ; ਜਾਂ ਵਿਆਹ ਵਿੱਚ ਦਹੇਜ ਜਾਂ ਹੋਰ ਲੈਣ-ਦੇਣ ਦੇ ਬੇ-ਲੋੜੇ ਕੰਮ ਕੀਤੇ ਜਾਣ।**

## ਅਤਿਵਾਦ ਦੇ ਸ਼ਿਕਾਰ ਅਤੇ ਕੌਮ ਲਈ ਸ਼ਹੀਦ ਹੋ ਚੁੱਕੇ ਵੀਰਾਂ/ਭੈਣਾਂ ਦੇ ਵਾਰਿਸ ਪਰਿਵਾਰਾਂ ਦੀ ਸਹਾਇਤਾ

ਕੌਮ ਦੀ ਖਾਤਰ ਸ਼ਹੀਦ ਹੋ ਚੁੱਕੇ ਵੀਰਾਂ/ਭੈਣਾਂ ਦੇ ਵਾਰਿਸ ਪਰਿਵਾਰਾਂ ਅਤੇ ਸਰਕਾਰੀ ਜਾਂ ਸੰਗਠਨਾਤਮਕ ਅਤਿਵਾਦ ਦੇ ਸ਼ਿਕਾਰ, ਲੋੜਵੰਦ ਪਰਿਵਾਰਾਂ ਦੀ ਹਰ ਪੱਖ ਤੋਂ ਸਹਾਇਤਾ





ਕਰ ਕੇ ਉਨ੍ਹਾਂ ਨੂੰ ਆਪਣੇ ਪੈਰਾਂ 'ਤੇ ਖੜ੍ਹੇ ਹੋਣ ਦੇ ਯੋਗ ਬਣਾਉਂਣਾ ਵੀ ਕੌਮ ਦੇ ਸਾਹਮਣੇ ਇੱਕ ਸਾਂਝੀ ਗੰਭੀਰ ਚੁਣੌਤੀ ਹੈ।

## ਗੁਰੂ ਨਾਨਕ ਜੋਗ ਮਿਸ਼ਨ ?

ਗੁਰੂ ਨਾਨਕ ਸਾਹਿਬ ਨੇ ਜੋਗ-ਮੱਤ ਦੇ ਧੁਰੰਦਰ ਧਾਰਨੀਆਂ (ਜੋਗੀਆਂ ਅਤੇ ਸਿੱਧਾਂ) ਨਾਲ ਲੰਬੀਆਂ ਵਿਚਾਰ-ਗੋਸ਼ਟੀਆਂ ਦੌਰਾਨ ਜੋਗ-ਮੱਤ ਦੇ ਫ਼ਲਸਫ਼ੇ ਨੂੰ ਮੁੱਢੋਂ ਹੀ ਅਤੇ ਮੁਕੰਮਲ ਤੌਰ ਤੇ ਰੱਦ ਕਰ ਦਿੱਤਾ ਸੀ। ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤੀ 'ਜਪੁ' ਬਾਣੀ ਦੀਆਂ ਚਾਰ ਪਉੜੀਆਂ (ਪਉੜੀ ਨੰਬਰ 28 ਤੋਂ 31 ਤੱਕ) ਜੋਗ-ਮੱਤ ਦੇ ਫ਼ਲਸਫ਼ੇ ਦਾ ਮੁਕੰਮਲ ਖੰਡਨ ਕਰਦੀਆਂ ਹਨ। ਇਸ ਤੋਂ ਇਲਾਵਾ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਬਾਰ-ਬਾਰ ਜੋਗ-ਮੱਤ ਦੇ ਫ਼ਲਸਫ਼ੇ ਦਾ ਭਰਪੂਰ ਖੰਡਨ ਕਰਦੀ ਹੈ :

*ਕਾਦੀ ਕੂੜੁ ਬੋਲਿ ਮਲੁ ਖਾਇ ॥*
*ਬ੍ਰਾਹਮਣੁ ਨਾਵੈ ਜੀਆ ਘਾਇ ॥*
*ਜੋਗੀ ਜੁਗਤਿ ਨ ਜਾਣੈ ਅੰਧੁ ॥*
*ਤੀਨੇ ਓਜਾੜੇ ਕਾ ਬੰਧੁ ॥੨॥ (ਮ: ੧, ੬੬੨)*

**ਬੜੀ ਹੈਰਾਨੀ ਅਤੇ ਚਿੰਤਾ ਵਾਲੀ ਗੱਲ ਹੈ ਕਿ ਗੁਰੂ ਨਾਨਕ ਫ਼ਲਸਫ਼ੇ ਦੇ ਇਤਨੇ ਸਪੱਸ਼ਟ ਸਿਧਾਂਤਾਂ ਦੇ ਬਾਵਜੂਦ, ਕੁਝ ਬਿਪਰਵਾਦ ਦੇ ਹੱਥ-ਠੋਕੇ ਸੰਗਠਨਾਂ/ਪ੍ਰਾਣੀਆਂ ਨੇ ਗੁਰੂ ਨਾਨਕ ਸਾਹਿਬ ਦੇ ਨਾਂ ਤੇ ਹੀ, ਸਾਜਿਸ਼ੀ ਢੰਗ ਨਾਲ, 'ਗੁਰੂ ਨਾਨਕ ਜੋਗ ਮਿਸ਼ਨ' (ਜਿਸ ਦਾ ਮੁੱਖ ਦਫ਼ਤਰ ਜਲੰਧਰ ਵਿੱਚ ਹੈ) ਰਜਿਸਟਰ ਕਰਵਾ ਕੇ ਸਥਾਪਤ ਕਰ ਲਿਆ ਹੈ। ਇਸ ਦੀ ਮੁੱਖੀ ਬੀਬੀ ਬਲਜੀਤ ਕੌਰ ਸਿੱਖ ਸੰਗਤਿ ਨੂੰ ਪ੍ਰਭਾਵਤ ਕਰਨ ਲਈ, ਸਫ਼ੈਦ ਧਾਰਮਿਕ ਪਹਿਰਾਵਾ ਜਿਸ ਵਿੱਚ ਖੰਡੇ ਵਾਲੀ ਗੋਲ ਦਸਤਾਰ ਅਤੇ ਹੱਥ ਵਿੱਚ ਫੜੀ ਡੇਢ ਫੁੱਟੀ ਕ੍ਰਿਪਾਨ ਸ਼ਾਮਿਲ ਹੈ, ਪਹਿਨ ਕੇ ਯੋਗਾ ਕੈਂਪ ਲਾਉਣ ਦੇ ਉਪਰਾਲੇ ਕਰ ਰਹੀ ਹੈ। ਭੋਲੀ ਸੰਗਤਿ ਨੂੰ ਇਨ੍ਹਾਂ ਕੈਂਪਾਂ ਵੱਲ ਖਿੱਚਣ ਲਈ 'ਕੀਰਤਨ' ਅਤੇ 'ਸਿਮਰਨ' ਨੂੰ ਵੀ ਇਨ੍ਹਾਂ ਕੈਂਪਾਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਿਲ ਕੀਤਾ ਜਾਂਦਾ ਹੈ। 'ਬਿਪਰਵਾਦ' ਅਤੇ 'ਜੋਗ-ਮੱਤ' ਆਪਸ ਵਿੱਚ ਰੱਲਗੱਡ ਹੋ ਕੇ ਇੱਕ ਸਾਂਝਾ 'ਹਿੰਦੂ-ਮੱਤ' ਬਣ ਚੁੱਕੇ ਹਨ।** ਬੜੀ ਚਾਲਾਕੀ ਨਾਲ, ਮਨੁੱਖਤਾ ਦੀ ਸੇਵਾ ਦੇ ਨਾਂ 'ਤੇ, ਇਨ੍ਹਾਂ ਨੇ ਦੂਸਰੀਆਂ ਕੌਮਾਂ ਦੇ ਧਰਮ ਅਸਥਾਨਾਂ ਵਿੱਚ 'ਯੋਗਾ' ਦੇ ਕੈਂਪ ਲੁਆਉਂਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਈਸਾਈ ਅਤੇ ਮੁਸਲਮਾਨ ਵੀਰਾਂ ਨੇ ਇਨ੍ਹਾਂ ਦੀ ਇਸ ਖੇਡ ਨੂੰ ਸਮਝ ਲਿਆ ਹੈ ਅਤੇ ਆਪਣੇ ਧਰਮ ਅਸਥਾਨਾਂ ਨੂੰ ਇਸ ਮਕਸਦ ਲਈ ਵਰਤੇ ਜਾਣ ਤੋਂ ਸਾਫ਼ ਇਨਕਾਰ ਕਰ ਦਿੱਤਾ ਹੈ ਅਤੇ ਨਾਲ ਹੀ ਆਪਣੇ ਮੱਤ ਦੇ ਲੋਕਾਂ ਨੂੰ ਵੀ ਇਸ ਪੱਖੋਂ ਸੁਚੇਤ ਕਰਨਾ ਸ਼ੁਰੂ ਕਰ ਦਿੱਤਾ ਹੈ।

**ਪਰ ਸਦਕੇ ਜਾਈਏ ਆਪਣੇ ਆਪ ਨੂੰ ਸੱਚੇ ਅਤੇ ਪੱਕੇ ਸਿੱਖ ਅਖਵਾਉਣ ਦਾ ਦਾਅਵਾ ਕਰਨ ਵਾਲੇ ਕੁਝ ਜਥਿਆਂ/ਪ੍ਰਾਣੀਆਂ ਤੋਂ ਜਿਨ੍ਹਾਂ ਨੇ ਇਨ੍ਹਾਂ ਗੁਰਮਤਿ-ਵਿਰੋਧੀ 'ਯੋਗਾ-ਕੈਂਪਾਂ' ਨੂੰ ਸਿੱਖ ਧਰਮ ਅਸਥਾਨਾਂ ਵਿਚ ਲਗਾਉਂਣ ਦੀ ਆਗਿਆ ਦੇ ਕੇ ਜਿਥੇ ਗੁਰੂ ਨਾਨਕ ਫ਼ਲਸਫ਼ੇ ਦੀ ਸੂਝ ਤੋਂ ਕੋਰੇ ਹੋਣ ਦਾ ਸਬੂਤ ਪੇਸ਼ ਕਰ ਦਿੱਤਾ ਹੈ, ਉਥੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨਾਲ ਗ਼ਦਾਰੀ ਕਰਨ ਦੀ ਕਾਲੀ ਕਰਤੂਤ ਵੀ ਕਰ ਵਿਖਾਈ ਹੈ ! ਸਦ ਅਫ਼ਸੋਸ !**

ਇਨ੍ਹਾਂ ਯੋਗਾ ਕੈਂਪਾਂ ਵਿੱਚ ਜੋਗ-ਆਸਨਾਂ ਰਾਹੀਂ ਜਿਥੇ ਅਨੇਕਾਂ ਬੀਮਾਰੀਆਂ ਦਾ ਇਲਾਜ਼ ਕਰਨ ਦਾ ਦਾਅਵਾ ਕੀਤਾ ਜਾਂਦਾ ਹੈ, ਉਥੇ 'ਕੀਰਤਨ' ਅਤੇ 'ਨਾਮ ਸਿਮਰਨ' ਦੇ ਗੁਰਮਤਿ ਸਿਧਾਂਤਾਂ ਦੀ, ਬਾਨੀ ਦੇ ਆਪਣੀ ਮਨ-ਮਰਜੀ ਦੇ ਅਰਥ ਕਰਕੇ ਦੁਰ-ਵਿਆਖਿਆ ਵੀ ਕੀਤੀ ਜਾਂਦੀ ਹੈ। **ਪਰ ਗੁਰਮਤਿ ਫ਼ਲਸਫ਼ੇ ਦੀ ਸਪੱਸ਼ਟਤਾ ਤੋਂ ਕੋਰੇ ਸਿੱਖੀ ਸਰੂਪ ਵਾਲੇ ਪ੍ਰਾਣੀ ਵਹੀਰਾਂ ਘੱਤ ਕੇ ਇਨ੍ਹਾਂ ਕੈਂਪਾਂ ਦੀਆਂ ਹਾਜ਼ਰੀਆਂ ਭਰਕੇ ਸਤਿਗੁਰਾਂ ਦੀਆਂ ਲਾਹਨਤਾਂ ਹਾਸਿਲ ਕਰ ਰਹੇ ਹਨ !**

ਗੁਰਮਤਿ ਫ਼ਲਸਫ਼ੇ ਅੰਦਰ ਸਰੀਰਕ ਵਰਜਿਸ਼ ਨੂੰ ਬਹੁਤ ਅਹਿਮ ਅਸਥਾਨ ਪ੍ਰਾਪਤ ਹੈ। ਸਤਿਗੁਰਾਂ ਨੇ ਮੱਲ-ਅਖਾੜੇ ਅਤੇ ਸ਼ਸਤਰ ਅਭਿਆਸ (ਗਤਕਾ) ਨੂੰ ਸਿੱਖੀ ਜੀਵਨ ਅੰਦਰ ਲਾਜ਼ਮੀ ਕਰਾਰ ਦਿੱਤਾ ਹੈ। ਪਰ ਇਹ 'ਜੋਗ ਮਿਸ਼ਨ' ਵਾਲੇ ਅਤੇ ਕਈ ਹੋਰ ਅਨਮਤੀਏ (ਹਠ-ਜੋਗ ਦੇ ਧਾਰਨੀ) ਗੁਰੂ ਨਾਨਕ ਸਾਹਿਬ ਵੱਲੋਂ ਮੁਕੰਮਲ ਤੌਰ ਤੇ ਰੱਦ ਕੀਤੇ ਜਾ ਚੁੱਕੇ ਜੋਗ-ਆਸਨ ਅਤੇ ਪ੍ਰਾਣਾਯਾਮ ਦੇ ਜੋਗ-ਮੱਤ ਦੇ ਫ਼ਲਸਫ਼ੇ ਨੂੰ ਗੁਰਮਤਿ ਫ਼ਲਸਫ਼ੇ ਅੰਦਰ ਦਾਖ਼ਲ ਕਰਨ ਲਈ ਉਤਾਵਲੇ ਹੋ ਰਹੇ ਹਨ ਤਾਂਕਿ ਸਿੱਖੀ ਦਾ ਭਗਵਾਕਰਨ ਕੀਤਾ ਜਾ ਸਕੇ। **ਇਹ ਲੋਕ ਸਿੱਖੀ ਸਰੂਪ ਧਾਰਨ ਕਰਕੇ, ਕਕਾਰਧਾਰੀ, ਚੋਲਾਧਾਰੀ, ਗੋਲਦਸਤਾਰੀ ਸਰੂਪ ਰਾਹੀਂ ਭੋਲੀਆਂ ਸਿੱਖ ਸੰਗਤਾਂ ਨਾਲ 'ਛਲਾਵਾ ਕਰਕੇ' 'ਜੋਗ-ਮੱਤ' ਨੂੰ 'ਗੁਰਮਤਿ' ਵਿੱਚ ਰੱਲਗੱਡ ਕਰਨ ਦੇ ਯਤਨ ਕਰ ਰਹੇ ਹਨ। ਕੀ ਅਸੀਂ ਇਨ੍ਹਾਂ ਦੇ ਪਹਿਰਾਵੇ ਵੱਲ ਵੇਖ ਕੇ ਹੀ ਠੱਗੇ ਜਾਵਾਂਗੇ ?** 'ਜੋਗ ਆਸਣ' ਜੋਗ-ਮੱਤ ਦਾ ਅਨਿੱਖੜਵਾਂ ਅੰਗ ਹਨ। ਇਨ੍ਹਾਂ ਆਸਨਾਂ ਨੂੰ ਇਸ ਮੱਤ ਦੀ ਵਿਚਾਰਧਾਰਾ ਤੋਂ ਨਿਖੇੜਕੇ ਨਹੀਂ ਵੇਖਿਆ ਜਾ ਸਕਦਾ। ਗੁਰਬਾਣੀ ਦਾ ਫ਼ੁਰਮਾਣੁ ਹੈ :

*ਆਸਨ ਪਵਨ ਦੂਰਿ ਕਰਿ ਬਵਰੇ ॥*
*ਛੋਡਿ ਕਪਟੁ ਨਿਤ ਹਰਿ ਭਜੁ ਬਵਰੇ ॥ (ਕਬੀਰ ਜੀ, ੮੫੭)*

**ਅਰਥ** : ਹੇ ! ਝੱਲੇ ਜੋਗੀ ! ਜੋਗ-ਅਭਿਆਸ ਤੇ ਪ੍ਰਾਣਾਯਾਮ ਨੂੰ ਤਿਆਗ। ਇਸ ਪਖੰਡ ਨੂੰ ਛੱਡ ਤੇ ਸਦਾ-ਥਿਰ ਪ੍ਰਭੂ-ਪਿਤਾ ਦੀ ਬੰਦਗੀ ਕਰ (ਹੁਕਮਿ ਰਜ਼ਾਈ ਚੱਲ)। ਖ਼ਾਲਸਾ ਜੀ ! ਭਾਵੁਕ ਹੋਣ ਦੀ ਬਜਾਏ ਸੁਚੇਤ ਹੋਣ ਦੀ ਜਰੂਰਤ ਹੈ !





# ਬੈਰੂਨੀ ਚੁਣੌਤੀਆਂ

ਗੁਰੂ ਨਾਨਕ ਸਾਹਿਬ ਦੇ 'ਸਰਬੱਤ ਦੇ ਭਲੇ' ਦੇ ਮਿਸ਼ਨ ਨੂੰ ਸਭ ਤੋਂ ਗ਼ੰਭੀਰ ਚੁਣੌਤੀਆਂ, ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ 'ਬ੍ਰਾਹਮਣ-ਬਾਣੀਆ-ਹਾਕਮ' ਦੀ ਸ਼ਾਤਰ, ਖ਼ੁਦਗਰਜ਼, ਅਤੇ ਮਨੁੱਖੀ ਹੱਕਾਂ ਦੀ ਵਿਰੋਧੀ ਸ਼ਕਤੀਸ਼ਾਲੀ ਤਿੱਕੜੀ ਵੱਲੋਂ ਹੀ ਦਿੱਤੀਆਂ ਜਾਂਦੀਆਂ ਰਹੀਆਂ ਹਨ। ਕਿਉਂਕਿ ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦਾ ਹਾਮੀ ਅਤੇ ਹਰ ਪ੍ਰਕਾਰ ਦੀ ਊਚ-ਨੀਚ, ਜ਼ਾਤ-ਪਾਤ ਦੇ ਵਖਰੇਵੇਂ ਦਾ ਸਖਤੀ ਨਾਲ ਖੰਡਨ ਕਰਨ ਵਾਲਾ ਗੁਰੂ ਨਾਨਕ ਫ਼ਲਸਫ਼ਾ ਇਨ੍ਹਾਂ ਧਿਰਾਂ ਦੇ ਰਾਸ ਨਹੀਂ ਆਉਂਦਾ। ਇਨ੍ਹਾਂ ਬਾਰੇ ਇਸ ਪੁਸਤਕ ਵਿੱਚ ਸੰਖੇਪ ਜ਼ਿਕਰ ਲਾਸਾਨੀ ਗੁਰਮਤਿ ਇਨਕਲਾਬ ਦੇ ਇਤਿਹਾਸ ਦੀਆਂ ਘਟਨਾਵਾਂ ਵਿੱਚ ਕੀਤਾ ਜਾ ਚੁੱਕਾ ਹੈ।

## ਬ੍ਰਾਹਮਣ-ਬਾਣੀਆ-ਹਾਕਮ

**ਬਾਣੀਆ** : ਇਸ ਸ਼੍ਰੇਣੀ ਦਾ ਇਸ਼ਟ ਹੈ, 'ਲੱਛਮੀ ਦੇਵੀ ਅਰਥਾਤ ਮਾਇਆ'। ਇਸ ਦਾ ਧਰਮ ਅਤੇ ਈਮਾਨ ਹੈ, ਹਰ ਯੋਗ ਅਤੇ ਅਯੋਗ ਢੰਗ ਨਾਲ, ਕੇਵਲ ਅਤੇ ਕੇਵਲ ਮਾਇਆ ਦੀ ਪ੍ਰਾਪਤੀ। ਇਸ ਦੇ ਮੂੰਹ ਵਿੱਚ ਮਿਠਾਸ ਅਤੇ ਦਿਲ ਵਿੱਚ ਆਮਤੌਰ ਤੇ ਜ਼ਹਿਰ ਦਾ ਵਾਸਾ ਰਹਿੰਦਾ ਹੈ। ਇਸ ਸ਼੍ਰੇਣੀ ਦੀ ਪਹਿਚਾਣ ਇਸ ਦੇ ਲਿਬਾਸ ਮਾਤਰ ਜਾਂ ਇਸਦੇ ਮਜ਼੍ਹਬ (ਮੱਤ) ਤੋਂ ਹੀ ਨਹੀਂ ਹੋ ਸਕਦੀ। ਇਹ ਬਹਿਰੂਪੀਆ ਸ਼੍ਰੇਣੀ ਹੈ। ਇਸ ਸ਼੍ਰੇਣੀ ਬਾਰੇ, ਧੁਰ ਕੀ ਬਾਣੀ ਦਾ ਫ਼ੁਰਮਾਨ ਹੈ -

*ਮਾਇਆਧਾਰੀ ਅਤਿ ਅੰਨ੍ਹਾ ਬੋਲਾ ॥ ਸ਼ਬਦੁ ਨ ਸੁਣਈ ਬਹੁ ਰੋਲ ਘਚੋਲਾ*
*(ਮ.੩, ਪੰ. ੩੧੩)*

**ਭਾਵ** : ਜਿਸ ਮਨੁੱਖ ਨੇ (ਹਿਰਦੇ ਵਿਚ) ਮਾਇਆ (ਦਾ ਪਿਆਰ) ਧਾਰਨ ਕੀਤਾ ਹੋਇਆ ਹੈ, ਉਹ (ਸਤਿਗੁਰ ਵੱਲੋਂ) ਅੰਨ੍ਹਾ ਤੇ ਬੋਲਾ ਹੈ (ਭਾਵ, ਨਾ ਤਾਂ ਸ਼ਬਦ-ਗੁਰੂ ਦਾ ਦਰਸ਼ਨ ਕਰ ਕੇ ਪਤੀਜ ਸਕਦਾ ਹੈ ਅਤੇ ਨਾ ਹੀ ਉਪਦੇਸ਼ ਸੁਣ ਕੇ)। ਉਹ ਮਨੁੱਖ ਸ਼ਬਦ-ਗੁਰੂ ਦੇ ਉਪਦੇਸ਼ ਵੱਲ ਧਿਆਨ ਨਹੀਂ ਦੇਂਦਾ (ਪਰ ਮਾਇਆ ਦਾ) ਖਪਾਉਂਣ ਵਾਲਾ (ਭਾਵ ਸਿਰਦਰਦੀ ਪੈਦਾ ਕਰਨ ਵਾਲਾ) ਰੌਲਾ ਬਹੁਤ (ਪਸੰਦ ਕਰਦਾ) ਹੈ।

*ਨਾਲਿ ਕਿਰਾੜਾਂ ਦੋਸਤੀ, ਕੂੜੈ ਕੂੜੀ ਪਾਇ ॥ (ਮ. ੧, ੧੪੧੨)*

**ਭਾਵ** : ਹੇ ਭਾਈ ! ਜੇ ਹਰ ਵੇਲੇ ਮਾਇਆ ਦੀਆਂ ਗਿਣਤੀਆਂ ਗਿਣਨ ਵਾਲੇ ਮਨੁੱਖ (ਕਿਰਾੜ ਜਾਂ ਬਾਣੀਆ) ਨਾਲ ਦੋਸਤੀ ਬਣਾਈ ਜਾਏ, (ਤਾਂ ਉਸ ਕਿਰਾੜ ਦੇ ਅੰਦਰਲੇ) ਮਾਇਆ ਦੇ ਮੋਹ ਕਾਰਨ (ਉਸ ਦੀ ਦੋਸਤੀ ਦੀ) ਪਾਇਆਂ ਵੀ ਇਤਬਾਰਯੋਗ ਨਹੀਂ ਹੁੰਦੀ।

## ਬਾਣੀਆਵਾਦ

"ਇਹ ਉਹ ਸੋਚ ਜਾਂ ਵਿਚਾਰਧਾਰਾ ਹੈ, ਜੋ ਕੇਵਲ ਅਤੇ ਕੇਵਲ ਮਾਇਆ ਅਤੇ ਨਿੱਜ ਨੂੰ ਸਮਰਪਿਤ ਹੈ, ਜਿਸਦਾ ਨੇਕੀ ਜਾਂ ਇਨਸਾਨੀਅਤ ਨਾਲ ਕੋਈ ਦੂਰ ਦਾ ਵੀ

ਰਿਸ਼ਤਾ ਨਹੀਂ ਹੈ। ਅਸਲ ਵਿੱਚ ਜੇ ਸਮੁੱਚੀ ਧਰਤੀ ਤੇ ਨਿਗਾਹ ਮਾਰੀ ਜਾਏ, ਤਾਂ ਸਪੱਸ਼ਟ ਹੈ ਕਿ (ਅੱਜ) ਇਸ ਉੱਪਰ ਵੱਡੀ ਪੱਧਰ ਤੇ ਬਾਣੀਆ ਦਾ ਰਾਜ ਹੈ। ਕਾਨੂੰਨ, ਹਾਕਮ ਤੇ ਫ਼ੌਜਾਂ ਉਨ੍ਹਾਂ ਦੇ ਹੱਥ-ਠੋਕੇ ਵਜੋਂ ਕੰਮ ਕਰਦੀਆਂ ਹਨ" (ਦਲਬੀਰ ਸਿੰਘ : ਸੰਤ ਭਿੰਡਰਾਂਵਾਲਿਆਂ ਪਿੱਛੋਂ : ਧੁੰਦੂਕਾਰੇ 'ਚੋਂ ਚਾਨਣ ਦੀ ਖੋਜ, ਪੰਨਾ ੧੯)।

## ਬ੍ਰਾਹਮਣ

ਮਨੁੱਖਤਾ ਵਿੱਚ ਮਨੂੰਵਾਦ ਦੀ ਕੱਟੜ ਹਮਾਇਤੀ, ਇਹ ਉਹ ਸ਼੍ਰੇਣੀ ਹੈ ਜੋ ਆਪਣੇ ਆਪ ਨੂੰ ਬ੍ਰਹਮਾ ਦੇ ਮੁੱਖ ਵਿੱਚੋਂ ਪੈਦਾ ਹੋਈ ਅਤੇ ਸੱਭ ਤੋਂ ਉੱਤਮ ਜ਼ਾਤ ਹੋਣ ਦਾ ਭਰਮ ਪਾਲੀ ਬੈਠੀ ਹੈ। ਇਹ ਸ਼੍ਰੇਣੀ ਆਪਣੇ ਆਪ ਨੂੰ ਕਾਨੂੰਨ ਤੋਂ ਉੱਪਰ ਸਮਝਦੀ ਹੋਈ, ਜ਼ਾਤ-ਪਾਤੀ ਸਮਾਜ ਦੀ ਪਿੱਠ 'ਤੇ, ਧਰਮ ਦੇ ਨਾਂ 'ਤੇ, ਬੜੇ ਹੀ ਵਿਲੱਖਣ ਢੰਗ ਨਾਲ ਕਾਠੀ ਪਾ ਕੇ ਪੱਕੇ ਤੌਰ ਤੇ ਸਵਾਰ ਹੋਈ ਬੈਠੀ ਹੈ। ਇਸ ਸ਼੍ਰੇਣੀ ਵਿੱਚ, ਬ੍ਰਾਹਮਣ (ਪੁਜਾਰੀ) ਦੀ ਬਿੰਦੀ ਔਲਾਦ ਤੋਂ ਇਲਾਵਾ, ਮਨੁੱਖੀ ਸਮਾਜ ਅੰਦਰ ਵਿਤਕਰੇ ਪੈਦਾ ਕਰਨ ਵਾਲੇ ਹੋਰਨਾਂ ਮੱਤਾਂ (ਮਜ੍ਹਬਾਂ) ਦੇ ਅਖੌਤੀ ਪੈਰੋਕਾਰ (ਜਿਹੜੇ ਗੁਰੂ ਨਾਨਕ ਫ਼ਲਸਫ਼ੇ ਤੋਂ ਆਕੀ ਹਨ) ਵੀ ਸ਼ਾਮਿਲ ਹਨ। **ਜਿਵੇਂ ਪੰਜੇ ਉਂਗਲੀਆਂ ਇੱਕੋ ਜਿਹੀਆਂ ਨਹੀਂ ਹੁੰਦੀਆਂ, ਕੁਝ ਕੁ ਬ੍ਰਾਹਮਣ ਪਰਿਵਾਰਾਂ ਵਿੱਚ ਜਨਮੇ ਪ੍ਰਾਣੀ ਵੀ ਨੇਕ ਅਤੇ ਸਰਬੱਤ ਦਾ ਭਲਾ ਲੋਚਣ ਵਾਲੇ ਮਿਲ ਹੀ ਜਾਂਦੇ ਹਨ। ਇਤਿਹਾਸ ਇਸ ਸਚਾਈ ਦਾ ਗਵਾਹ ਹੈ। ਇਥੇ ਇਸ ਹਕੀਕਤ ਨੂੰ ਬੜੇ ਮਾਣ ਅਤੇ ਸੰਤੁਸ਼ਟੀ ਨਾਲ ਦਰਜ ਕੀਤਾ ਜਾ ਰਿਹਾ ਹੈ ਕਿ ਗੁਰੂ ਨਾਨਕ ਸਾਹਿਬ ਦੇ ਵਕਤ ਤੋਂ ਹੁਣ ਤੱਕ ਬ੍ਰਾਹਮਣ ਪਰਿਵਾਰਾਂ ਵਿੱਚ ਪੈਦਾ ਹੋਏ ਬਹੁਤ ਸਾਰੇ ਮਨੁੱਖਾਂ ਨੇ ਗੁਰੂ ਨਾਨਕ ਸਾਹਿਬ ਦੇ ਸਰਬ ਕਲਿਆਣਕਾਰੀ ਫ਼ਲਸਫ਼ੇ ਨੂੰ ਦਿਲੋਂ-ਮਨੋਂ ਪ੍ਰਵਾਨ ਕਰਕੇ ਧਰਤੀ 'ਤੇ ਰੱਬੀ ਰਾਜ ਕਾਇਮ ਕਰਨ ਲਈ ਅਰੰਭ ਕੀਤੇ ਲਾਸਾਨੀ ਇਨਕਲਾਬ ਵਿੱਚ ਸ਼ਾਮਿਲ ਹੋ ਕੇ ਆਪਣੇ ਜੀਵਨ ਮਨੁੱਖਤਾ ਦੇ ਭਲੇ ਲਈ ਲੇਖੇ ਲਾਏ। ਇਨ੍ਹਾਂ ਦੇ ਨਾਵਾਂ ਦੀ ਲਿਸਟ ਬਹੁਤ ਲੰਬੀ ਹੈ। ਇਨ੍ਹਾਂ ਵਿੱਚ ਗੁਰੂ ਨਾਨਕ ਸਾਹਿਬ ਦੇ ਸਮਕਾਲੀ ਪੰਡਿਤ ਬ੍ਰਹਮਦਾਸ ਦੱਤ, ਜਿਹੜਾ ਬੀਜ ਬਿਹਾੜਾ (ਨੇੜੇ ਸ੍ਰੀਨਗਰ) ਦਾ ਰਹਿਣਵਾਲਾ ਸੀ ਅਤੇ ਗੁਰੂ ਤੇਗ਼ ਬਹਾਦਰ ਸਾਹਿਬ ਕੋਲ 25 ਮਈ 1675 ਦੇ ਦਿਨ ਫ਼ਰਿਆਦੀ ਹੋ ਕੇ ਆਉਣ ਵਾਲੇ ਬ੍ਰਾਹਮਣਾਂ ਦੇ ਆਗੂ ਪੰਡਿਤ ਕਿਰਪਾ ਰਾਮ ਦੱਤ ਦਾ ਪੜਦਾਦਾ ਸੀ, ਤੋਂ ਲੈ ਕੇ ਵੀਹਵੀਂ ਸਦੀ ਦੇ ਮਹਾਨ ਵਿਦਵਾਨ ਪ੍ਰੋ: ਸਾਹਿਬ ਤੱਕ ਬਹੁਤ ਸਾਰੇ ਨਾਮ ਸ਼ਾਮਿਲ ਹਨ। ਇਥੇ ਹੀ ਬੱਸ ਨਹੀਂ। ਬ੍ਰਾਹਮਣ ਪਰਿਵਾਰ ਵਿਚ ਜਨਮੇ ਪੰਡਿਤ ਰਾਮਾਨੰਦ (ਭਗਤ ਰਾਮਾਨੰਦ) ਅਤੇ ਭਗਤ ਤ੍ਰਿਲੋਚਨ ਜੀ ਦੀ ਬਾਣੀ ਨੂੰ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕਰਕੇ ਬਰਾਬਰ ਦਾ ਸਤਿਕਾਰ ਦਿੱਤਾ ਹੋਇਆ ਹੈ।**





ਪਰ ਇਥੇ ਇਸ ਸੱਚਾਈ ਨੂੰ ਵੀ ਦਰਜ ਕਰਨਾ ਬਣਦਾ ਹੈ ਕਿ ਇਹ ਸਾਰੇ ਦੇ ਸਾਰੇ ਬਿਪਰਵਾਦ ਵੱਲੋਂ ਖੜ੍ਹੀਆਂ ਕੀਤੀਆਂ ਗਈਆਂ ਵਰਨ-ਆਸ਼ਰਮ ਅਤੇ ਹੋਰ ਸਮਾਜਿਕ ਵਖਰੇਵਿਆਂ ਦੀਆਂ ਦੀਵਾਰਾਂ ਨੂੰ ਪੱਕੇ ਤੌਰ 'ਤੇ ਤੋੜ ਕੇ ਗੁਰੂ ਨਾਨਕ ਸਾਹਿਬ ਦੇ ਮੱਤ (ਸਿੱਖ ਧਰਮ) ਵਿਚ ਸ਼ਾਮਿਲ ਹੋਏ ਸਨ। ਉਨ੍ਹਾਂ ਨੇ ਆਪੋ-ਆਪਣੇ ਪਿਤਾ-ਪੁਰਖੀ ਮੱਤ (ਮਜ਼੍ਹਬ) ਨੂੰ ਪੱਕੇ ਅਤੇ ਸਦੀਵੀ ਤੌਰ ਤੇ ਤਿਆਗ ਦਿੱਤਾ ਸੀ - ਸਿੱਖੀ ਉੱਤੇ ਸਿੱਖੀ ਨਹੀਂ ਟਿਕਾਈ ਸੀ ਭਾਵ ਕਿ, ਬਿਪਰਵਾਦ ਨਾਲ ਦੁਨਿਆਵੀ ਸਾਂਝਾ ਪਾਲਦਿਆਂ ਹੋਇਆਂ ਸਿੱਖ ਮੱਤ ਧਾਰਨ ਨਹੀਂ ਕੀਤਾ ਸੀ। ਉਨ੍ਹਾਂ ਨੇ ਆਪਣੇ ਜ਼ੱਦੀ ਧਰਮ (ਮਜ਼੍ਹਬ), ਜ਼ੱਦੀ ਕਰਮ, ਜ਼ੱਦੀ ਭਰਮ, ਜ਼ੱਦੀ ਜਨਮ ਅਤੇ ਜ਼ੱਦੀ ਸ਼ਰਮ (ਲੋਕ ਲਾਜ) ਨਾਲੋਂ ਮੁਕੰਮਲ ਤੌਰ ਤੇ ਤੋੜ-ਵਿਛੋੜਾ ਕਰ ਕੇ ਹੀ ਸਿੱਖ ਮੱਤ ਨੂੰ ਧਾਰਨ ਕੀਤਾ ਸੀ।

### ਗੁਰੂ ਨਾਨਕ ਸਾਹਿਬ ਨੇ ਅਸਲੀ (ਸੱਚੇ) ਬ੍ਰਾਹਮਣ ਦੀ ਪ੍ਰੀਭਾਸ਼ਾ ਦਾ ਇੰਜ ਖੁਲਾਸਾ ਕੀਤਾ ਹੈ :

*ਸੋ ਬ੍ਰਾਹਮਣੁ ਜੋ ਬ੍ਰਹਮੁ ਬੀਚਾਰੈ॥*
*ਆਪਿ ਤਰੈ ਸਗਲੇ ਕੁਲ ਤਾਰੈ॥ (ਮ: ੧, ੬੬੨)*

**ਅਰਥ** : ਬ੍ਰਾਹਮਣ ਉਹ ਹੈ ਜੋ ਸਰਬ-ਵਿਆਪਕ ਪ੍ਰਭੂ ਵਿੱਚ ਸੁਰਤਿ ਜੋੜਦਾ ਹੈ। ਇਸ ਤਰ੍ਹਾਂ ਆਪ ਭੀ ਸੰਸਾਰ-ਸਮੁੰਦਰ ਵਿੱਚੋਂ ਪਾਰ ਲੰਘਦਾ ਹੈ ਤੇ ਆਪਣੀਆਂ ਸਾਰੀਆਂ ਕੁੱਲਾਂ ਨੂੰ ਵੀ ਪਾਰ ਲੰਘਾ ਲੈਂਦਾ ਹੈ।

**ਇਸੇ ਤਰ੍ਹਾਂ ਹੀ ਪੰਡਿਤੁ (ਵਿਦਵਾਨ) ਦੀ ਪ੍ਰੀਭਾਸ਼ਾ ਸ਼ਬਦ-ਗੁਰੂ ਵਿੱਚ ਇੰਜ ਦਰਜ ਕੀਤੀ ਮਿਲਦੀ ਹੈ :**

*ਸੋ ਪੰਡਿਤੁ ਜੋ ਮਨੁ ਪਰਬੋਧੈ॥*
*ਰਾਮ ਨਾਮੁ ਆਤਮ ਮਹਿ ਸੋਧੈ॥ (ਮ: ੫, ੨੭੪)*

ਅਰਥ : (ਅਸਲੀ) ਪੰਡਿਤ (ਵਿਦਵਾਨ) ਉਹ ਹੈ ਜੋ ਆਪਣੇ ਮਨ ਨੂੰ ਸਿੱਖਿਆ ਦੇਂਦਾ ਹੈ ਅਤੇ ਪ੍ਰਭੂ ਦੇ ਨਾਮ ਨੂੰ ਆਪਣੇ ਮਨ ਵਿੱਚ ਭਾਲਦਾ ਹੈ।

**ਇਸੇ ਤਰ੍ਹਾਂ ਹੀ ਰਸਮੀ (ਨਕਲੀ) ਪੰਡਿਤ (ਜੋ ਸਿਰਫ ਬ੍ਰਾਹਮਣ ਦੇ ਘਰ ਜਨਮ ਹੋਣ ਕਰਕੇ ਅਤੇ ਵੇਦਾਂ-ਸ਼ਾਸਤਰਾਂ ਦਾ ਗਿਆਤਾ ਹੋਣ ਦੇ ਗੁਮਾਨ ਵਿੱਚ ਆਪਣੇ ਆਪ ਨੂੰ ਵਿਦਵਾਨ ਸਮਝਣ ਦਾ ਭਰਮ ਪਾਲ ਰਿਹਾ ਹੈ) ਦੀ ਪ੍ਰੀਭਾਸ਼ਾ ਗੁਰੂ ਨਾਨਕ ਸਾਹਿਬ ਇੰਜ ਬਿਆਨ ਕਰਦੇ ਹਨ:**

*ਪੰਡਿਤ ਪੜਹਿੰ ਵਖਾਣਹਿੰ ਵੇਦ॥ ਅੰਤਰਿ ਵਸਤੁ ਨ ਜਾਣਹਿੰ ਭੇਦੁ॥*
*ਗੁਰ ਬਿਨੁ ਸੋਝੀ ਬੂਝ ਨ ਹੋਇ॥ ਸਾਚਾ ਰਵਿ ਰਹਿਆ ਪ੍ਰਭੁ ਸੋਇ॥*
*(ਮ: ੧, ੩੫੫)*

**ਅਰਥ** : ਪੰਡਿਤ ਲੋਕ ਵੇਦ ਪੜ੍ਹਦੇ ਹਨ ਤੇ ਹੋਰਨਾਂ ਨੂੰ ਵਿਆਖਿਆ ਕਰਕੇ ਸੁਣਾਂਦੇ

ਹਨ। ਪਰ (ਨਿਰੀ ਵਿਦਿਆ ਦੇ ਮਾਣ ਵਿੱਚ ਰਹਿ ਕੇ) ਇਹ ਭੇਦ ਨਹੀਂ ਜਾਣਦੇ ਕਿ ਪਰਮਾਤਮਾ ਦਾ ਨਾਮ-ਪਦਾਰਥ ਅੰਦਰ ਹੀ ਮੌਜੂਦ ਹੈ। ਸਦਾ-ਥਿਰ ਪ੍ਰਭੂ ਹਰੇਕ ਦੇ ਅੰਦਰ ਵਿਆਪਕ ਹੈ ਪਰ ਇਹ ਸਮਝ ਗੁਰੂ (ਪ੍ਰਭੂ-ਪਿਤਾ) ਦੀ ਸ਼ਰਨ ਪੈਣ ਤੋਂ ਬਿਨਾਂ ਨਹੀਂ ਆਉਂਦੀ।

ਨੋਟ :

**ਬਾਕੀ ਮੱਤਾਂ (ਮਜ਼ਬਾਂ) ਦੇ ਜਿਹੜੇ ਵਿਦਵਾਨ (ਸਮੇਤ ਸਿੱਖ-ਮੱਤ ਦੇ) ਗੁਰੂ ਨਾਨਕ ਸਾਹਿਬ ਵੱਲੋਂ ਪ੍ਰਵਾਨ ਕੀਤੀ ਪੰਡਿਤ (ਵਿਦਵਾਨ) ਦੀ ਇਸ ਪ੍ਰੀਭਾਸ਼ਾ 'ਤੇ ਖਰੇ ਨਹੀਂ ਉਤਰਦੇ, ਉਨ੍ਹਾਂ ਨੂੰ ਵੀ ਨਕਲੀ ਪੰਡਿਤਾਂ (ਵਿਦਵਾਨਾਂ) ਦੀ ਸੂਚੀ ਵਿੱਚ ਹੀ ਸ਼ਾਮਿਲ ਸਮਝਿਆ ਜਾਣਾ ਚਾਹੀਦਾ ਹੈ। ਇਨ੍ਹਾਂ ਦੇ ਨਾਵਾਂ ਨਾਲ ਧਾਰਮਿਕ ਵਿਸ਼ੇ ਸਬੰਧੀ ਚਿਪਕਾਈਆਂ ਹੋਈਆਂ ਪੀ.ਐਚ.ਡੀ. ਅਤੇ ਪ੍ਰੋਫ਼ੈਸਰ ਆਫ਼ ਰਿਲੀਜੀਅਸ ਸਟੱਡੀਅਜ਼ ਆਦਿ ਦੀਆਂ ਡਿਗਰੀਆਂ ਅਰਥਹੀਣ ਹਨ।**

## ਬ੍ਰਾਹਮਣਵਾਦ

ਇਸ ਬਾਰੇ ਇਸ ਪੁਸਤਕ ਵਿੱਚ ਪਹਿਲਾਂ ਹੀ ਕੁਝ ਵਿਚਾਰ ਕੀਤੀ ਜਾ ਚੁੱਕੀ ਹੈ। "ਬਾਣੀਆਵਾਦ ਦਾ ਸਹਾਇਕ ਇਹ ਇੱਕ ਅਜਿਹਾ 'ਭਰਮ-ਜਾਲ' ਹੈ ਜੋ ਝੂਠ ਨੂੰ ਸੱਚ ਅਤੇ ਸੱਚ ਨੂੰ ਝੂਠ ਸਾਬਤ ਕਰਨ ਦੀ ਲਾਸਾਨੀ ਯੋਗਤਾ ਰੱਖਦਾ ਹੈ। ਇਨ੍ਹਾਂ ਦੋਹਾਂ ਨੇ 'ਅੱਤਵਾਦ' ਦਾ ਅੱਖਰੀ-ਛੁਰਾ ਸਿਧਾਂਤਕ ਰੂਪ ਵਿੱਚ ਆਪਣੀ ਬੁੱਕਲ ਵਿੱਚ ਰੱਖਿਆ ਹੋਇਆ ਹੈ, ਅਤੇ ਹਰ ਨੇਕ ਅਤੇ ਸਮਾਜਕ ਲਹਿਰ ਦੇ ਪੈਂਤੜੇ ਦੇ ਸਮਰਥਕਾਂ ਦੀ ਵੱਖੀ ਵਿੱਚ ਜਾ ਮਾਰਦੇ ਹਨ। ਇਸੇ ਧਾੜਵੀ ਅਤੇ ਵਹਿਸ਼ੀ ਅੱਖਰ ਦੀ ਵਰਤੋਂ ਇਹਨਾਂ ਨੇ 'ਮੀਸਾ'/'ਟਾਡਾ' ਅਤੇ 'ਪੋਟਾ' ਜਿਹੇ ਕਾਲੇ ਕਾਨੂੰਨ ਬਣਾ ਕੇ ਵੱਡੀ ਪੱਧਰ 'ਤੇ ਭਾਰਤ ਵਿੱਚ ਕੀਤੀ" (ਦਲਬੀਰ ਸਿੰਘ: ਸੰਤ ਭਿੰਡਰਾਂਵਾਲਿਆਂ ਪਿੱਛੋਂ: ਧੁੰਦੂਕਾਰੇ 'ਚੋਂ ਚਾਨਣ ਦੀ ਖੋਜ, ਪੰਨਾ ੧੯)।

**ਨੋਟ : ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲੀਆਂ ਸਾਰੀਆਂ ਸ਼ਕਤੀਆਂ ਬ੍ਰਾਹਮਣਵਾਦ-ਬਾਣੀਆਵਾਦ ਦੀ ਪ੍ਰੀਭਾਸ਼ਾ ਵਿੱਚ ਹੀ ਸ਼ਾਮਿਲ ਹਨ।**

## ਹਾਕਮ

ਹਾਕਮ ਜਾਂ ਰਾਜੇ ਦਾ ਫਰਜ਼ ਹੁੰਦਾ ਹੈ ਕਿ ਉਹ ਪਰਮੇਸ਼ਰ ਦੀ ਭੈ-ਭਾਵਨੀ ਵਿੱਚ ਰਹਿ ਕੇ ਪਰਜਾ ਦੇ ਹੱਕਾਂ ਦੀ ਰਾਖੀ ਕਰੇ, ਰੱਬੀ-ਨਿਆਂ ਦੇ ਅਸੂਲਾਂ ਦੀ ਪਾਲਨਾ ਕਰਦਾ ਹੋਇਆ, ਨਿਰਪੱਖ ਹੋਕੇ ਪਰਜਾ ਦੇ ਦੁੱਖ-ਸੁੱਖ ਦਾ ਭਾਈਵਾਲ ਬਣੇ-

*ਰਾਜੇ ਚੁਲੀ ਨਿਆਵ ਕੀ, ਪੜਿਆ ਸਚੁ ਧਿਆਨੁ॥ (ਮ.੧,੧੨੪੦)*

ਪਰ ਇਹ ਸ਼੍ਰੇਣੀ ਵੀ ਅਪਣੇ ਫਰਜ਼ਾਂ ਨੂੰ ਭੁਲਾ ਕੇ, ਪਰਜਾ ਦਾ ਖੂਨ ਪੀਣ ਲੱਗੀ ਹੋਈ





ਹੈ। ਅੱਜ ਹਾਕਮ ਕਹਿਣ ਨੂੰ ਤਾਂ ਪਰਜਾ ਦੇ ਸੇਵਾਦਾਰ ਅਖਵਾਉਂਦੇ ਹਨ ਪਰ ਅਮਲੀ ਵਰਤਾਰਾ ਕੁੱਝ ਇਸ ਤਰ੍ਹਾਂ ਦਾ ਹੈ-

*ਰਾਜੇ ਸ਼ੀਂਹ ਮੁਕਦਮ ਕੁਤੇ॥ ਜਾਇ ਜਗਾਇਨਿ ਬੈਠੇ ਸੁਤੇ॥*
*ਚਾਕਰ ਨਹਦਾ ਪਾਇਨ੍ਹਿ ਘਾਉ॥ ਰਤੁ ਪਿਤੁ ਕੁਤਿਹੋ ਚਟਿ ਜਾਹੁ॥*
*ਜਿਥੈ ਜੀਆਂ ਹੋਸੀ ਸਾਰ॥ ਨੱਕੀਂ ਵੱਢੀਂ ਲਾਇਤਬਾਰ॥ (ਮ.੧, ਪੰ.੧੨੮੮)*

**ਕੀ ਅਜੋਕੇ ਸਮੇਂ ਵਿੱਚ ਅਸੀਂ 'ਬਾਣੀਆ-ਬ੍ਰਾਹਮਣ-ਹਾਕਮ' ਦੀ ਖ਼ੁਦਗਰਜ਼, ਸ਼ਾਤਰ ਤਿੱਕੜੀ ਨੂੰ ਸਮੁੱਚੀ ਦੁਨੀਆਂ ਵਿੱਚ ਮਨੁੱਖੀ ਹੱਕਾਂ ਦਾ ਘਾਣ ਕਰਦੇ ਹੋਏ ਨਹੀਂ ਤੱਕ ਰਹੇ ? ਕੀ ਪ੍ਰਤੱਖ ਨੂੰ ਕਿਸੇ ਪ੍ਰਮਾਣ ਦੀ ਵੀ ਲੋੜ ਹੁੰਦੀ ਹੈ ?**

**ਭਾਰਤ ਵਿੱਚ ਮਨੁੱਖਤਾ ਲਈ ਸਭ ਤੋਂ ਵੱਧ ਖ਼ਤਰਨਾਕ ਚੁਣੌਤੀ ਬ੍ਰਾਹਮਣਵਾਦੀ ਵਿਚਾਰਧਾਰਾ (ਜਿਸ ਨੂੰ ਕਿ ਅੱਜਕਲ 'ਹਿੰਦੂ-ਮੱਤ' ਦੀ ਵਿਚਾਰਧਾਰਾ ਦੇ ਤੌਰ 'ਤੇ ਪ੍ਰਚਾਰਿਆ ਜਾ ਰਿਹਾ ਹੈ) ਵੱਲੋਂ ਹੈ। ਅਸਲ ਵਿੱਚ ਇਹ 'ਮਨੁੱਖੀ-ਹੱਕਾਂ' ਅਤੇ ਸਮਾਜਿਕ ਭਾਈਚਾਰੇ ਦੀ ਦੁਸ਼ਮਣ ਵਿਚਾਰਧਾਰਾ ਹੈ।** ਇਸ ਬਾਰੇ ਸੰਖੇਪ ਵਿਚਾਰ ਇਸ ਪੁਸਤਕ ਦੇ ਚੈਪਟਰ ਨੰਬਰ 5 ਵਿੱਚ ਕੀਤੀ ਜਾ ਚੁੱਕੀ ਹੈ। ਇਸ ਵਿਚਾਰਧਾਰਾ ਦੀ ਅਸਲੀਅਤ ਨੂੰ ਪ੍ਰਗਟ ਕਰਨ ਵਾਸਤੇ ਅਤੇ ਮਨੂੰਵਾਦੀ ਲਾਬੀ ਦੇ ਚਿਹਰੇ ਤੋਂ ਮਖੌਟਾ ਉਤਾਰ ਕੇ ਇਸਦੇ ਅਸਲੀ ਦਰਸ਼ਨ ਕਰਨ ਲਈ ਅਤੀਤ ਦੇ ਇਤਿਹਾਸ ਦੀ ਬੁੱਕਲ ਵਿੱਚ ਛੁੱਪੇ ਹੋਏ ਅਹਿਮ ਰਾਜ਼ਾਂ ਦਾ ਕੁਝ ਕੁ ਹੋਰ ਜ਼ਿਕਰ ਕਰਨਾ ਜ਼ਰੂਰੀ ਹੈ। ਇਸ ਸਬੰਧ ਵਿੱਚ, ਬੁੱਧ-ਮੱਤ ਦੇ ਅਰੰਭ ਕਾਲ ਤੋਂ ਹੀ ਗੱਲ ਸ਼ੁਰੂ ਕਰਦੇ ਹਾਂ।

## ਬੁੱਧ-ਮੱਤ ਦਾ ਭਾਰਤ ਵਿੱਚੋਂ ਖ਼ਾਤਮਾ

"567 (ਪੁਰਾਣਾ ਕਾਲ) ਵਿੱਚ ਗੌਤਮ ਬੁੱਧ ਦਾ ਜਨਮ ਹੋਇਆ। ਉਸ ਤੋਂ ਪਹਿਲਾਂ ਬ੍ਰਾਹਮਣਾਂ ਨੇ ਸਮਾਜ ਨੂੰ ਕਾਲਪਨਿਕ (ਮਨਘੜਤ) ਦੇਵੀ-ਦੇਵਤਿਆਂ ਦੀ ਪੂਜਾ ਅਤੇ ਬੁੱਤ-ਪੂਜਾ, ਵਿੱਚ ਧਰਮ ਦੇ ਨਾਂ 'ਤੇ, ਉਲਝਾ ਕੇ ਆਪਣੀ ਰੋਜ਼ੀ-ਰੋਟੀ ਦਾ ਅੱਛਾ ਖ਼ਾਸਾ ਪ੍ਰਬੰਧ ਕਰ ਲਿਆ ਹੋਇਆ ਸੀ। ਇਸ ਤਰ੍ਹਾਂ ਦੇ ਧਰਮ (ਦਰਅਸਲ ਕਰਮ-ਕਾਂਡ) ਦਾ ਕਾਲ ਸੰਨ 1000 (ਪੁਰਾਣਾ ਕਾਲ) ਤੋਂ ਸੰਨ 600 (ਪੁਰਾਣਾ ਕਾਲ) ਹੈ। ਦੱਖਣੀ ਏਸ਼ੀਆ (ਮੌਜੂਦਾ ਭਾਰਤ ਉਪ ਮਹਾਂਦੀਪ) ਵਿੱਚ ਇਸ ਕਰਮ-ਕਾਂਡ ਅਤੇ ਬੁੱਤ-ਪੂਜਾ ਨੂੰ ਗੌਤਮ ਬੁੱਧ ਨੇ ਤੋੜਿਆ। ਛੇਤੀ ਹੀ ਲੋਕ ਸਮਝ ਗਏ ਅਤੇ ਬ੍ਰਾਹਮਣਾਂ ਦੀ ਕਮਾਈ ਘੱਟ ਗਈ 'ਤੇ ਉਨ੍ਹਾਂ ਦੀ ਰੋਜ਼ੀ ਨੂੰ ਸੱਟ ਵੱਜੀ। ਇਸ ਕਰਕੇ ਬ੍ਰਾਹਮਣਾਂ ਨੂੰ ਬੁੱਧ-ਮੱਤ 'ਤੇ ਬਹੁਤ ਗੁੱਸਾ ਸੀ ਅਤੇ ਇਸ ਧਰਮ ਨਾਲ ਬੜੀ ਨਫ਼ਰਤ ਸੀ।" [ਡਾ. ਹਰਜਿੰਦਰ ਸਿੰਘ ਦਿਲਗੀਰ : ਸਿੱਖ ਤਵਾਰੀਖ਼ (ਪਹਿਲਾ ਹਿੱਸਾ) ਸਫ਼ਾ 97)।]

"ਗੌਤਮ ਬੁੱਧ ਦਾ ਅਸ਼ਟਾਂਗ ਮਾਰਗ (ਜੀਵਨ-ਜਾਂਚ) ਅੱਠ ਤੱਥਾਂ: (1) ਸਹੀ ਦ੍ਰਿਸ਼ਟੀ (2) ਸਹੀ ਇਰਾਦਾ (3) ਸਹੀ ਬਾਣੀ (4) ਸਹੀ ਕਰਮ (5) ਸਹੀ ਰੋਜ਼ੀ (6) ਸਹੀ ਯਤਨ (7) ਸਹੀ ਚੇਤਾ ਅਤੇ (8) ਸਹੀ ਸਮਾਧੀ ਭਾਵ ਮਨ ਦੇ ਟਿਕਾਉ 'ਤੇ ਆਧਾਰਤ ਸੀ। 483 (ਪੁਰਾਣਾਕਾਲ) ਵਿੱਚ ਗੌਤਮ ਬੁੱਧ ਚਲਾਣਾ ਕਰ ਗਏ। **ਗੌਤਮ ਬੁੱਧ ਨੇ ਆਪਣੇ ਮੱਤ ਦਾ ਪ੍ਰਚਾਰ ਆਪਣੇ ਬਚਨਾਂ ਰਾਹੀਂ ਹੀ ਕੀਤਾ ਅਤੇ ਇਸ ਨੂੰ ਲਿਖਤੀ ਰੂਪ ਸ਼ਾਇਦ ਇਸ ਕਰਕੇ ਨਾ ਦੇ ਸਕੇ ਕਿਉਂਕਿ ਉਨ੍ਹਾਂ ਦੇ ਪੈਰੋਕਾਰਾਂ ਦੀ ਭਾਰੂ ਗਿਣਤੀ (ਤਕਰੀਬਨ 95%) ਉਨ੍ਹਾਂ ਦੇ ਉੱਚ-ਜ਼ਾਤੀ (ਖੱਤਰੀ) ਭਾਈਆਂ ਦੀ ਹੀ ਸੀ ਅਤੇ ਅਜਿਹਾ ਕਰਨਾ ਉਨ੍ਹਾਂ ਦੇ ਜ਼ਾਤ-ਭਾਈਆਂ ਦੇ ਹਿੱਤ ਵਿੱਚ ਨਹੀਂ ਸੀ।**

ਗੌਤਮ ਬੁੱਧ ਦੀ ਮੌਤ ਤੋਂ ਬਾਅਦ ਪਹਿਲੀ 'ਬੁੱਧ ਸੰਗਤੀ' (ਬੁੱਧ ਕੌਂਸਲ) ਪਟਨਾ ਤੋਂ 50 ਕੁ ਕਿਲੋਮੀਟਰ ਦੂਰ ਬੁੱਧ-ਕਾਲ ਦੇ ਸਮੇਂ ਦੇ ਪ੍ਰਸਿੱਧ ਅਸਥਾਨ 'ਰਾਜਗਿਰੀ' ਵਿੱਚ ਹੋਈ ਜਿਸ ਵਿੱਚ 500 ਪ੍ਰਸਿੱਧ ਬੁੱਧ ਭਿਕਸ਼ੂਆਂ ਨੇ ਭਾਗ ਲਿਆ । ਇਸ ਸੰਗਤੀ ਵਿੱਚ ਹੀ ਇਸ ਦੇ ਮੁਖੀ ਭਿਕਸ਼ੂ ਅਨੰਦ ਦੇ, ਭਗਵਾਨ ਬੁੱਧ ਦੇ ਜ਼ਬਾਨੀ ਬਚਨਾਂ 'ਤੇ ਅਧਾਰਤ, ਇੱਕ ਸੰਗ੍ਰਹਿ 'ਸੁਤਾ-ਪਟਕ' ਅਤੇ ਇੱਕ ਹੋਰ ਉਪਾਲੀ ਨਾਂ ਦੇ ਭਿਕਸ਼ੂ ਨੇ ਇੱਕ ਸੰਗ੍ਰਹਿ, "ਵਿਆਨਿਆਂ ਪਟਕ' ਪੇਸ਼ ਕੀਤਾ। ਇਹ ਦੋਵੇਂ ਸੰਗ੍ਰਹਿ ਭਗਵਾਨ ਬੁੱਧ ਦੀਆਂ ਸਿਖਿਆਵਾਂ 'ਤੇ ਅਧਾਰਤ ਸਨ।

ਸਮੇਂ ਦੇ ਬੀਤਣ ਨਾਲ-ਨਾਲ ਉੱਚ-ਜ਼ਾਤੀ ਭਿਕਸ਼ੂਆਂ ਵਿੱਚ 'ਅਸ਼ਟਾਂਗ-ਮਾਰਗ' ਵਿੱਚ ਤਬਦੀਲੀ ਕਰਨ ਦਾ ਰੁਝਾਨ ਪੈਦਾ ਹੋਕੇ ਵੱਧਣ ਫੁੱਲਣ ਲੱਗਾ। ਇਸ ਦਾ ਪ੍ਰਗਟਾਵਾ ਉਨ੍ਹਾਂ ਨੇ ਸੰਨ 373 (ਪੁਰਾਣਾ ਕਾਲ) ਵਿੱਚ ਹੋਈ ਦੂਜੀ 'ਬੁੱਧ-ਸੰਗਤੀ', ਜੋ ਵੈਸ਼ਾਲੀ ਵਿਖੇ ਹੋਈ, ਵਿੱਚ ਕਰ ਦਿੱਤਾ। ਇਸ ਸੰਗਤੀ ਵਿੱਚ 700 ਭਿਕਸ਼ੂਆਂ ਨੇ ਭਾਗ ਲਿਆ। ਇਸ ਵਿੱਚ ਇਨ੍ਹਾਂ ਦੇ ਦੋ ਧੜੇ ਬਣ ਗਏ। ਇੱਕ ਧੜਾ 'ਅਸ਼ਟਾਂਗ-ਮਾਰਗ' ਦੇ ਅਸੂਲਾਂ ਦੀ ਇਮਾਨਦਾਰੀ ਨਾਲ ਪਾਲਣਾ ਕਰਕੇ ਮੁਕਤੀ ਪ੍ਰਾਪਤ ਕਰਨ ਦੇ ਹੱਕ ਵਿੱਚ ਸੀ ਅਤੇ ਦੂਜਾ ਧੜਾ' ਆਪਣੀ ਮਨ-ਮਰਜ਼ੀ ਮੁਤਾਬਿਕ ਜੀਵਨ ਬਤੀਤ ਕਰਨਾ ਚਾਹੁੰਦਾ ਸੀ। ਪਹਿਲੇ, ਯਾਨਿ **ਅਸ਼ਟਾਂਗ-ਮਾਰਗ 'ਤੇ ਯਕੀਨ ਰੱਖਣ ਵਾਲੇ ਮੱਤ ਨੂੰ 'ਹਨਿਆਨ' ਆਖਿਆ ਜਾਣ ਲੱਗਾ ਅਤੇ ਦੂਜੇ ਮਨ-ਮਰਜ਼ੀ ਵਾਲੇ ਮੱਤ ਨੂੰ 'ਮਾਹਿਆਨ' ਆਖਿਆ ਜਾਣ ਲੱਗਾ। 'ਹਨਿਆਨ ਮੱਤ' ਵਾਲੇ ਘੱਟ ਗਿਣਤੀ ਵਿੱਚ ਸਨ।** ਇਸ ਕਰਕੇ ਇਨ੍ਹਾਂ ਨੂੰ 'ਛੋਟੇ-ਬੇੜੇ' ਦਾ ਨਾਂ ਦਿੱਤਾ ਗਿਆ ਅਤੇ ਦੂਜੇ ਬਹੁਤੀ ਗਿਣਤੀ ਵਿੱਚ ਹੋਣ ਕਰਕੇ 'ਮਾਹਿਆਨ ਮੱਤ' ਨੂੰ 'ਵੱਡੇ ਬੇੜੇ' ਦਾ ਨਾਂ ਦਿੱਤਾ ਗਿਆ। **ਵੱਡੇ-ਬੇੜੇ ਵਾਲੇ ਵਿਹਲੜ ਬਣਕੇ ਅੱਜ ਕਲ ਦੇ ਡੇਰੇਦਾਰਾਂ ਵਾਂਗ ਐਯਾਸ਼ੀ ਕਰਨ ਲੱਗ ਪਏ ਅਤੇ ਬ੍ਰਾਹਮਣਵਾਦ ਦੇ ਪ੍ਰਭਾਵ ਅਧੀਨ ਬ੍ਰਾਹਮਣੀ ਰਹੁਰੀਤਾਂ ਨੇ ਇਨ੍ਹਾਂ ਵਿੱਚ ਆਪਣੀ ਥਾਂ ਬਣਾ ਲਈ।**

ਇਨ੍ਹਾਂ ਹਾਲਤਾਂ ਵਿੱਚ ਸੁਧਾਰ ਕਰਨ ਲਈ ਮਹਾਰਾਜਾ ਅਸ਼ੋਕ ਜੋ ਕਿ ਬੁੱਧ-ਮੱਤ ਦੇ ਫ਼ਲਸਫ਼ੇ ਤੋਂ ਪ੍ਰਭਾਵਤ ਹੋ ਕੇ ਬੋਧੀ ਬਣ ਚੁੱਕਾ ਸੀ, ਨੇ ਤੀਜੀ ਬੁੱਧ-ਸੰਗਤੀ ਆਪਣੇ ਰਾਜ-ਕਾਲ (272-232 ਪੁਰਾਣਾਕਾਲ) ਸਮੇਂ ਪਾਟਲੀ ਪੁੱਤਰ ਵਿੱਚ ਬੁਲਾਈ ਅਤੇ ਭਿਕਸ਼ੂਆਂ





ਲਈ ਕਰੜੀ ਨਿਯਮਾਂਵਲੀ ਜਾਰੀ ਕੀਤੀ। ਪਰ **ਉੱਚ-ਜਾਤੀ ਭਿਕਸ਼ੂਆਂ ਅਤੇ ਮਾਹਿਆਨ ਦੇ ਪੈਰੋਕਾਰਾਂ ਨੇ ਆਪੋ-ਆਪਣੇ ਇਲਾਕਿਆਂ ਵਿੱਚ ਆਪਣੀ ਪੱਕੜ ਮਜ਼ਬੂਤ ਕਰ ਲਈ ਹੋਈ ਸੀ ਅਤੇ ਉਨ੍ਹਾਂ ਨੇ ਭਗਵਾਨ ਬੁੱਧ ਬਾਰੇ ਕਈ ਮਨ-ਘੜਤ ਕਿੱਸੇ-ਕਹਾਣੀਆਂ (ਬੁੱਧ ਸਤਾਵਾਂ ਦੇ ਰੂਪ ਵਿੱਚ) ਪ੍ਰਚੱਲਤ ਕਰ ਦਿੱਤੀਆਂ ਅਤੇ ਜਾਦੂ-ਟੂਣਿਆਂ ਦੇ ਅਡੰਬਰ ਵੀ ਰਚਣੇ ਸ਼ੁਰੂ ਕਰ ਦਿੱਤੇ। ਉੱਚ-ਜ਼ਾਤੀਆਂ ਦੇ ਭਿਕਸ਼ੂਆਂ ਨੇ ਛੂਤ-ਛਾਤ ਨੂੰ ਵੀ ਹਲਾਸ਼ੇਰੀ ਦੇਣੀ ਸ਼ੁਰੂ ਕਰ ਦਿੱਤੀ।**

ਸਿੱਟੇ ਵਜੋਂ ਮੌਰੀਆ ਵੰਸ਼ ਦੇ ਆਖ਼ਰੀ ਬੋਧੀ ਰਾਜਾ ਬ੍ਰਿਹਦਰਥ ਦੇ ਰਾਜ ਸਮੇਂ ਇੱਕ ਬ੍ਰਾਹਮਣ ਪੁਸ਼ਿਆ ਮਿੱਤਰ ਸੂੰਗਾ ਉਸ ਦੀ ਫ਼ੌਜ ਦਾ ਮੁਖੀ ਬਣ ਗਿਆ। ਉਸ ਨੇ ਰਾਜਾ ਬ੍ਰਿਹਦਰਥ ਨੂੰ ਉਸ ਵੇਲੇ ਕਤਲ ਕਰਵਾ ਦਿੱਤਾ ਜਦ ਉਹ ਰਾਜੇ ਨਾਲ ਫ਼ੌਜ ਦੀ ਪਰੇਡ ਦਾ ਨਿਰੀਖਣ ਕਰ ਰਿਹਾ ਸੀ। ਉਸਨੇ ਆਪ ਰਾਜ ਭਾਗ ਸੰਭਾਲ ਲਿਆ। ਇਹ ਘਟਨਾ 185(ਪੁਰਾਣਾ ਕਾਲ) ਦੀ ਹੈ। ਰਾਜਭਾਗ ਸੰਭਾਲਦੇ ਸਾਰ ਹੀ ਉਸ ਨੇ ਬੋਧੀਆਂ ਦਾ ਸਰਬਨਾਸ਼ ਕਰਨਾ ਸ਼ੁਰੂ ਕਰ ਦਿੱਤਾ। **ਬੋਧੀਆਂ ਦੇ ਸਿਰਾਂ ਦੇ ਮੁੱਲ ਮੁਕੱਰਰ ਕਰ ਦਿੱਤੇ ਗਏ, ਬੁੱਧ-ਮੱਤ ਦੇ ਸਾਹਿਤ ਅਤੇ ਧਾਰਮਕ ਪੁਸਤਕਾਂ ਨੂੰ ਸਾੜ ਕੇ ਸੁਆਹ ਕੀਤਾ ਜਾਣ ਲੱਗ ਪਿਆ, ਮਨੂੰ-ਸਿਮਰਤੀ ਦੀ ਕਾਨੂੰਨ-ਪ੍ਰਣਾਲੀ ਲਾਗੂ ਕਰ ਦਿੱਤੀ ਗਈ।** ਪੁਸ਼ਿਆ ਮਿੱਤਰ ਨੇ 36 ਸਾਲ ਰਾਜ ਕੀਤਾ। ਉਸ ਦੇ ਵਾਰਸ ਇਸ ਮਗਰੋਂ ਹੋਰ 76 ਸਾਲ ਰਾਜ ਕਰਦੇ ਰਹੇ।

ਬ੍ਰਾਹਮਣਾਂ ਨੇ ਆਪਣੀ ਨੀਤੀ ਅਨੁਸਾਰ ਇੱਕ ਵਿਦੇਸ਼ੀ ਮੂਲ ਦੇ ਦੁਸ਼ਾਨ ਨਸਲ ਦੇ ਰਾਜਾ ਕਨਿਸ਼ਕ ਨੂੰ ਬ੍ਰਾਹਮਣਵਾਦੀ ਜਾਣਦਿਆਂ ਰਾਜ ਗੱਦੀ 'ਤੇ ਬਿਠਾਇਆ। ਉਸ ਨੇ ਬੁੱਧ-ਮੱਤ ਦੇ ਫ਼ਲਸਫ਼ੇ ਤੋਂ ਪ੍ਰਭਾਵਤ ਹੋਕੇ ਬੁੱਧ-ਮੱਤ ਧਾਰਨ ਕਰ ਲਿਆ ਅਤੇ ਤਨਦੇਹੀ ਨਾਲ ਬੁੱਧ-ਮੱਤ ਦਾ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਬ੍ਰਾਹਮਣਾਂ ਨੇ ਉਸ ਦੀ ਸਖ਼ਤ ਵਿਰੋਧਤਾ ਕੀਤੀ। ਇਸ ਦੇ ਨਤੀਜੇ ਵਜੋਂ ਕਨਿਸ਼ਕ ਨੇ ਬੁੱਧ-ਮੱਤ ਵਿੱਚ ਸੁਧਾਰ ਅਤੇ ਵਾਧੇ ਲਈ ਚੌਥੀ ਅਤੇ ਆਖ਼ਰੀ ਬੁੱਧ ਸੰਗਤੀ ਕਸ਼ਮੀਰ (ਜਾਂ ਜਲੰਧਰ) ਵਿੱਚ ਕੀਤੀ। ਕਨਿਸ਼ਕ ਦੀ ਹਕੂਮਤ ਪਾਰਥੀਆ, ਬੈਕਟਰੀਆ, ਪੰਜਾਬ ਅਤੇ ਕਸ਼ਮੀਰ 'ਤੇ ਸੀ। ਇਸ ਬੁੱਧ ਸੰਗਤੀ ਦੀ ਪ੍ਰਧਾਨਗੀ ਭਿਕਸ਼ੂ ਅਸ਼ਵਘੋਸ਼ ਜੋ ਬ੍ਰਾਹਮਣੀ ਮੂਲ ਦਾ ਸੀ, ਨੇ ਕੀਤੀ। ਉਸ ਵੇਲੇ ਬ੍ਰਾਹਮਣਵਾਦ ਨੇ ਬੁੱਧ-ਮੱਤ ਨੂੰ ਪੂਰੀ ਤਰ੍ਹਾਂ ਆਪਣੀ ਜਕੜ ਵਿਚ ਲੈ ਲਿਆ ਹੋਇਆ ਸੀ। ਪਹਿਲੀਆਂ ਤਿੰਨ ਬੋਧੀ ਸੰਗਤੀਆਂ ਦੀ ਕਾਰਵਾਈ ਲੋਕ-ਬੋਲੀ "ਪਾਲੀ" ਵਿੱਚ ਦਰਜ ਕੀਤੀ ਗਈ ਸੀ, ਪਰ ਇਸ ਸੰਗਤੀ ਦੀ ਕਾਰਵਾਈ ਬ੍ਰਾਹਮਣੀ ਭਾਸ਼ਾ ਸੰਸਕ੍ਰਿਤ ਵਿੱਚ ਕੀਤੀ ਗਈ। ਇਸ ਸੰਗਤੀ ਦੇ ਥੋੜ੍ਹੇ ਸਮੇਂ ਮਗਰੋਂ **ਬੋਧੀ ਰਾਜਾ ਕਨਿਸ਼ਕ ਨੂੰ ਸੁੱਤੇ ਹੋਏ ਨੂੰ ਹੀ ਮਾਰ ਦਿੱਤਾ ਗਿਆ।**

ਇਸ ਮੰਦਭਾਗੀ ਘਟਨਾਂ ਦੇ ਕਈ ਸਦੀਆਂ ਪਿੱਛੋਂ, ਸਤਵੀਂ, ਸਦੀ ਦੇ ਸ਼ੁਰੂ ਵਿੱਚ, ਬੰਗਾਲ ਦੇ ਇੱਕ ਹਿੰਦੂ ਰਾਜੇ ਨੇ ਥਾਨੇਸਵਰ ਦੇ ਬੁੱਧ-ਮੱਤ ਨੂੰ ਮੰਨਣ ਵਾਲੇ ਰਾਜਾ ਗਰਾਹ ਵਰਮਨ ਨੂੰ ਧੋਖੇ ਨਾਲ ਮਾਰ ਦਿੱਤਾ। ਇਸ ਪਿੱਛੋਂ ਸੰਨ 606 ਈਸਵੀ ਸਮੇਂ ਉਸ ਦਾ ਭਰਾ ਹਰਸ਼ ਰਾਜਗੱਦੀ 'ਤੇ ਬੈਠਾ। **ਰਾਜਾ ਹਰਸ਼ ਵੀ ਬੋਧੀ ਬਣ ਗਿਆ। ਉਹ ਬੜਾ ਦਾਨੀ ਸੀ ਅਤੇ ਹਰ ਪੰਜਵੇਂ ਸਾਲ ਆਪਣਾ ਸਾਰਾ ਧਨ-ਮਾਲ ਬ੍ਰਾਹਮਣਾਂ,**

**ਭਿਕਸ਼ੂਆਂ ਅਤੇ .ਗਰੀਬਾਂ ਵਿੱਚ ਵੰਡ ਦਿੰਦਾ ਸੀ। ਇਸ ਦੇ ਬਾਵਜੂਦ ਬ੍ਰਾਹਮਣ ਉਸ ਦੇ ਜਾਨੀ-ਦੁਸ਼ਮਣ ਬਣ ਗਏ ਅਤੇ ਉਸ ਨੂੰ ਮਾਰ ਮੁਕਾਉਂਣ ਦੇ ਉਪਰਾਲੇ ਕਰਦੇ ਰਹੇ।**

**ਉਪਰੋਕਤ ਘਟਨਾਵਾਂ ਤੋਂ ਸਾ.ਫ ਪ੍ਰਗਟ ਹੈ ਕਿ ਬ੍ਰਾਹਮਣਵਾਦ ਦਾ ਬੁੱਧ-ਮੱਤ ਨਾਲ ਟਕਰਾਉ ਭਗਵਾਨ ਬੁੱਧ ਦੇ ਜੀਵਨ ਕਾਲ ਤੋਂ ਹੀ ਹੋਣਾ ਸ਼ੁਰੂ ਹੋ ਗਿਆ ਸੀ।** ਭਗਵਾਨ ਬੁੱਧ ਵੇਲੇ ਇਹ ਲੁਕਵੇਂ ਰੂਪ ਵਿੱਚ ਸੀ। ਇਸ ਕਰਕੇ ਗੌਤਮ ਬੁੱਧ ਆਪਣੇ ਮੱਤ ਦੇ ਮੁਢਲੇ ਅਸੂਲ ਅਸਟਾਂਗ–ਮਾਰਗ ਅਤੇ ਬਾਕੀ ਬਚਨਾਂ ਨੂੰ ਲਿਖਤੀ ਰੂਪ ਨਾ ਦੇ ਸਕੇ। ਇਸ ਕਾਰਨ ਹੀ ਗੌਤਮ ਬੁੱਧ ਦੇ ਦੇਹਾਂਤ ਪਿੱਛੋਂ ਬੁੱਧ–ਮੱਤ ਦੇ ਸੰਗਠਨ ਅਤੇ ਨੇਮਾਂ ਨੂੰ ਘੜ੍ਹਨ–ਪ੍ਰਚਾਰਨ ਲਈ ਪਹਿਲੀ ਅਤੇ **ਦੂਜੀ ਬੁੱਧ ਸੰਗਤੀ ਸਮੇਂ ਬੁੱਧ-ਮੱਤ ਦੇ ਨੈਤਿਕਤਾ ਵਾਲੇ ਅਸ਼ਟਾਂਗ-ਮਾਰਗ ਦੀ ਥਾਂ ਭਰਮ-ਭੁਲੇਖੇ ਪਾਉਂਣ ਵਾਲੇ .ਫੋਕੇ ਕਰਮ-ਕਾਂਡ ਕਰਨ ਵਾਲੇ ਅਤੇ ਗੌਤਮ ਬੁੱਧ ਦੀਆਂ ਮੂਰਤੀਆਂ ਦੀ ਪੂਜਾ ਕਰਨ ਵਾਲੇ ਮਾਹਿਆਨ ਮੱਤ ਨੇ ਲੈ ਲਈ। ਉੱਚ-ਜ਼ਾਤੀ ਬ੍ਰਾਹਮਣਾਂ ਨੇ ਭਿਕਸ਼ੂਆਂ ਦੇ ਭੇਸ ਵਿੱਚ ਹਨਿਆਨ ਮੱਤ ਨੂੰ ਮੂਰਤੀ ਪੂਜਾ ਅਤੇ .ਫੋਕੇ ਕਰਮ-ਕਾਂਡ ਵਾਲੇ ਮਾਹਿਆਨ ਮੱਤ ਵਿੱਚ ਬਦਲ ਕੇ ਬੋਧੀਆਂ ਨੂੰ ਚਰਿੱਤ੍ਰਹੀਣ ਅਤੇ ਮੰਦੇ ਕਿਰਦਾਰ ਵਾਲੇ ਬਣਾ ਦਿੱਤਾ ਜੋ ਜ਼ੁਲਮ ਅਤੇ ਬੇ-ਇਨਸਾ.ਫੀ ਦਾ ਮੁਕਾਬਲਾ ਨਾ ਕਰ ਸਕੇ। ਦੂਜਾ ਸਭ ਤੋਂ ਖ਼ਤਰਨਾਕ ਹਰਬਾ  ਜੋ ਬ੍ਰਾਹਮਣਾਂ ਨੇ ਵਰਤੋਂ ਵਿੱਚ ਲਿਆਂਦਾ, ਉਹ ਜ਼ਾਤ-ਪਾਤ ਨੂੰ ਪੱਕਿਆਂ ਕਰਨ ਲਈ ਐਸੀਆਂ ਕਿਤਾਬਾਂ ਲਿਖੀਆਂ-ਲਿਖਾਈਆਂ ਜੋ ਮਨੋ-ਕਲਪਤ ਸਨ ਅਤੇ ਉਨ੍ਹਾਂ ਨੂੰ ਧਰਮ ਨਾਲ ਜੋੜਿਆ ਗਿਆ। ਰਾਮਾਇਣ, ਗੀਤਾ, ਮਨੂੰ-ਸਿੰਮਰਤੀ ਅਤੇ 'ਕਲਕੀ ਪੌਰਾਣ' ਆਦਿ ਬੁੱਧ-ਕਾਲ ਦੇ ਸਮੇਂ, ਬੁੱਧ-ਮੱਤ ਦੇ ਵਿਨਾਸ਼ ਲਈ ਹੀ ਲਿਖੀਆਂ ਗਈਆਂ ਸਨ। ਗੀਤਾ ਨੂੰ ਫਿਰ ਮਹਾਂ-ਭਾਰਤ ਵਿੱਚ ਸ਼ਾਮਿਲ ਕਰ ਦਿੱਤਾ ਗਿਆ। ਇਨ੍ਹਾਂ ਸਾਰੀਆਂ ਕਾਰਵਾਈਆਂ ਕਾਰਨ ਬੁੱਧ ਮੱਤ ਦਾ ਦੱਖਣੀ ਏਸ਼ੀਆ (ਮੌਜੂਦਾ ਭਾਰਤ) ਵਿੱਚੋਂ ਸਰਬਨਾਸ਼ ਅਤੇ ਦੇਸ਼ ਨਿਕਾਲਾ ਹੋਇਆ।**

ਗੌਤਮ ਬੁੱਧ ਨੇ 'ਸਾਰਨਾਥ' ਦੇ ਅਸਥਾਨ ਤੋਂ ਆਪਣੇ ਸਭ ਤੋਂ ਪਹਿਲੇ ਪੰਜ ਸਾਥੀਆਂ ਨੂੰ ਬੁੱਧ–ਮੱਤ ਦਾ ਉਪਦੇਸ਼ ਦੇਕੇ 'ਧਰਮ ਚੱਕਰ' ਦੀ ਸ਼ੁਰੂਆਤ ਕੀਤੀ ਸੀ। ਮਹਾਰਾਜਾ ਅਸ਼ੋਕ ਨੇ ਆਪਣੇ ਰਾਜਕਾਲ ਵੇਲੇ, ਗੌਤਮ ਬੁੱਧ ਦੀ ਸਿਖਿਆ ਦਾ ਪੱਥਰ 'ਤੇ ਤਰਾਸ਼ਿਆ ਚਾਰ ਸ਼ੇਰਾਂ ਦਾ ਚਿੰਨ੍ਹ ਕਿਸੇ ਸਤੰਭ ਦੀ ਟੀਸੀ 'ਤੇ ਗੌਤਮ ਬੁੱਧ ਦੀ ਸਿਖਿਆ ਦੇ ਫ਼ਲਸਰੂਪ ਪ੍ਰਾਪਤ ਹੋਏ ਰਾਜਭਾਗ ਦੇ ਸ਼ੁਕਰਾਨੇ ਵਜੋਂ, ਲਗਵਾਇਆ ਸੀ, ਪਰ ਬ੍ਰਾਹਮਣਾਂ ਨੇ ਇਸ ਸਤੰਭ ਨੂੰ ਢਾਹ ਕੇ ਧਰਮ ਅਤੇ ਰਾਜਸੱਤਾ ਦੇ ਇਸ ਚਿੰਨ੍ਹ ਨੂੰ ਵੀ ਮਿੱਟੀ ਵਿੱਚ ਦਬਾ ਦਿੱਤਾ। ਅੰਗਰੇਜ਼ੀ ਰਾਜਕਾਲ ਦੌਰਾਨ ਖੁਦਾਈ ਸਮੇਂ ਇਸ ਨੂੰ ਪ੍ਰਾਪਤ ਕੀਤਾ ਗਿਆ ਅਤੇ





ਇਸ ਨੂੰ ਉਥੇ ਸਥਾਪਤ ਕੀਤੇ ਮਿਊਜ਼ੀਅਮ ਵਿੱਚ ਰੱਖਿਆ ਹੋਇਆ ਹੈ। ਇਹ ਉਸ ਸਮੇਂ ਦੀ ਬੁੱਤ-ਤਰਾਸ਼ੀ ਦਾ ਇੱਕ ਨਾਯਾਬ ਅਤੇ ਬਾਕਮਾਲ ਨਮੂਨਾ ਹੈ। ਭਾਰਤ ਸਰਕਾਰ ਨੇ ਵੀ ਦੁਨੀਆਂ ਨੂੰ ਛਲਾਵੇ ਵਿੱਚ ਰੱਖਣ ਲਈ ਬੁੱਧ–ਮੱਤ ਨੂੰ ਦ.ਫਨਾਉਂਣ ਤੋਂ ਬਾਅਦ ਹੁਣ ਇਸ ਨੂੰ ਆਪਣਾ 'ਰਾਜ ਚਿੰਨ੍ਹ' ਬਣਾਇਆ ਹੋਇਆ ਹੈ।"

[ਮਾਸਿਕ ਰਸਾਲਾ 'ਕੌਮੀ ਸੂਰਾ' ਨਵੰਬਰ 2008 ਵਿੱਚ ਪ੍ਰਕਾਸ਼ਤ ਹੋਇਆ ਬਲਵੰਤ ਸਿੰਘ ਬਹੋੜੂ ਦਾ ਲੇਖ "ਚੁੱਪ–ਚੁਪੀਤੇ ਹੋ ਰਹੇ ਪਰਿਵਰਤਨ–ਸਿੱਖ-ਮੱਤ ਬੁੱਧ–ਮੱਤ ਵਾਂਗਰ ਵਿਨਾਸ਼ ਦੇ ਰਾਹ 'ਤੇ", ਵਿੱਚੋਂ ਧੰਨਵਾਦ ਸਹਿਤ]

## 'ਸਿੱਖ ਧਰਮ' ਬੁੱਧ-ਮੱਤ ਵਾਂਗਰ ਵਿਨਾਸ਼ ਦੇ ਰਾਹ'ਤੇ ?

ਬ੍ਰਾਹਮਣਵਾਦ ਵੱਲੋਂ ਦੂਸਰੇ ਮੱਤਾਂ, ਘੱਟ–ਗਿਣਤੀ ਕੌਮਾਂ, ਹਕੂਮਤਾਂ, ਪਿੱਛੜੇ ਸਮਾਜਕ-ਵਰਗਾਂ ਜਾਂ ਕਬੀਲਿਆਂ ਦਾ ਸਰਬਨਾਸ਼ ਕਰਨ ਵਾਸਤੇ ਪਿਛਲੇ ਤਕਰੀਬਨ 3000 ਸਾਲ ਤੋਂ ਅਪਣਾਈ ਜਾ ਰਹੀ ਕਾਰਜ–ਵਿਧੀ (Methodology) ਦੇ ਇੱਕ ਅਹਿਮ ਅਸੂਲ ਨੂੰ ਦੁਬਾਰਾ ਇਥੇ ਅੰਕਿਤ ਕਰਨਾ ਜ਼ਰੂਰੀ ਹੈ। ਇਹ ਅਸੂਲ ਹੈ:

**"ਜ਼ਾਤ-ਪਾਤੀ ਸਿਸਟਮ ਨੂੰ ਚੁਣੌਤੀ ਦੇਣ ਵਾਲੀਆਂ ਲਹਿਰਾਂ ਜਾਂ ਸ਼ਕਤੀਆਂ ਨੂੰ ਪਹਿਲਾਂ ਘੂਰ ਕੇ ਤਾੜਨਾ ਕੀਤੀ ਜਾਵੇ, ਹਰ ਯੋਗ ਅਤੇ ਅਯੋਗ ਢੰਗ ਨਾਲ ਇਨ੍ਹਾਂ ਦੀ ਹਰ ਪੱਧਰ 'ਤੇ ਵਿਰੋਧਤਾ ਕੀਤੀ ਜਾਵੇ। ਇਨ੍ਹਾਂ ਦੀਆਂ ਧਾਰਮਕ ਅਤੇ ਸਾਹਿਤਕ ਪੁਸਤਕਾਂ (ਸਮੇਤ ਇਤਿਹਾਸਕ ਪੁਸਤਕਾਂ ਦੇ) ਵਿੱਚ ਭੰਨ-ਤੋੜ ਕਰਕੇ ਭੰਬਲ-ਭੂਸੇ ਵਿੱਚ ਪਾਇਆ ਜਾਵੇ ਅਤੇ ਅੰਤ ਵਿੱਚ ਮਨੂੰਵਾਦ ਵਿੱਚ ਸਮੋਇਆ ਜਾਵੇ। ਜੇਕਰ ਅਜਿਹਾ ਕਰਨ ਨਾਲ ਸ.ਫਲਤਾ ਨਾ ਮਿਲੇ ਤਾਂ ਯੋਗ ਸਮੇਂ 'ਤੇ ਇਨ੍ਹਾਂ ਆਜ਼ਾਦ ਵਿਚਾਰਧਾਰਾਵਾਂ ਨੂੰ ਸਖ਼ਤੀ ਨਾਲ ਕੁਚਲ ਦਿੱਤਾ ਜਾਵੇ।"**

ਜਿਸ ਦਿਨ ਗੁਰੂ ਨਾਨਕ ਸਾਹਿਬ ਨੇ ਤਕਰੀਬਨ 9 ਸਾਲ ਦੀ ਉਮਰ ਵਿੱਚ ਜਨੇਊ ਪਹਿਨਣ ਤੋਂ, ਬਾ–ਦਲੀਲ, ਦ੍ਰਿੜਤਾ ਨਾਲ ਇਨਕਾਰ ਕਰ ਦਿੱਤਾ ਸੀ ਉਸ ਦਿਨ ਤੋਂ ਹੀ ਬ੍ਰਾਹਮਣਵਾਦੀ ਲਾਬੀ ਦੇ ਕੰਨ ਖੜ੍ਹੇ ਹੋ ਗਏ ਸਨ ਅਤੇ ਉਨ੍ਹਾਂ ਨੇ ਗੁਰੂ ਨਾਨਕ ਸਾਹਿਬ ਦੇ ਮਨੁੱਖਤਾ ਦੀ ਹਰਪੱਖ ਤੋਂ ਬਰਾਬਰਤਾ ਅਤੇ ਸਰਬੱਤ ਦੇ ਭਲੇ ਦੇ ਆਲਮ.ਗੀਰੀ ਸਿਧਾਂਤਾਂ 'ਤੇ ਆਧਾਰਤ, ਧਰਤੀ 'ਤੇ ਰੱਬੀ ਧਰਮ ਦਾ ਰਾਜ ਕਾਇਮ ਕਰਨ ਲਈ ਅਰੰਭ ਕੀਤੇ .ਗਰੀਬ-ਜਨਤਕ ਆਧਾਰ ਵਾਲੇ ਸਰਬਦੇਸ਼ੀ, ਸਦੀਵਕਾਲੀ ਗੁਰਮਤਿ ਇਨਕਲਾਬ ਦਾ ਰਸਤਾ ਰੋਕਣ ਲਈ, ਵਿਉਂਤਬੰਦ ਢੰਗ ਨਾਲ ਜਥੇਬੰਦ ਹੋਕੇ ਜੰਗੀ ਪੱਧਰ 'ਤੇ ਕਾਰਵਾਈਆਂ ਕਰਨੀਆਂ ਸ਼ੁਰੂ ਕਰ ਦਿੱਤੀਆਂ ਸਨ। ਬ੍ਰਾਹਮਣਵਾਦ ਦੇ ਉਪਰ ਅੰਕਿਤ ਕੀਤੇ ਮੁੱਢਲੇ ਅਸੂਲ ਅਨੁਸਾਰ ਬਿਪਰਵਾਦੀਆਂ ਨੇ ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਲੈ ਕੇ ਹੁਣ ਤੱਕ, ਇਸ ਦਿਸ਼ਾ ਵੱਲ ਜੋ ਅਹਿਮ ਕਾਰਵਾਈਆਂ ਕੀਤੀਆਂ, ਉਨ੍ਹਾਂ ਵਿੱਚੋਂ ਕੁਝ ਕੁ ਇਸ ਪ੍ਰਕਾਰ ਹਨ:

1. ਗੁਰੂ ਨਾਨਕ ਸਾਹਿਬ ਦੀ ਆਪਣੇ ਪਰਿਵਾਰ ਤੋਂ ਪ੍ਰਚਾਰ ਫੇਰੀਆਂ ਦੌਰਾਨ ਲੰਬੀ ਗੈਰਹਾਜ਼ਰੀ ਦਾ ਫਾਇਦਾ ਉਠਾਕੇ ਉਨ੍ਹਾਂ ਦੇ ਦੋਨਾਂ ਪੁੱਤਰਾਂ ਨੂੰ ਗੁੰਮਰਾਹ ਕਰਕੇ ਗੁਰਮਤਿ ਦੇ ਗਾਡੀ ਰਸਤੇ 'ਤੇ ਤੁਰਨ ਤੋਂ ਸਲਫ਼ਤਾ ਨਾਲ ਰੋਕਣਾ। (ਕਿਉਂਕਿ ਬਿਪਰਵਾਦੀਆਂ ਦਾ ਅਨੁਮਾਨ ਸੀ ਕਿ ਗੁਰੂ ਨਾਨਕ ਸਾਹਿਬ ਦੀ ਗੁਰਤਾ ਗੱਦੀ ਉਨ੍ਹਾਂ ਦੇ ਪੁੱਤਰਾਂ ਨੂੰ ਹੀ ਮਿਲੇਗੀ ਅਤੇ ਉਨ੍ਹਾਂ ਤੋਂ ਹੀ ਗੁਰਮਤਿ ਫ਼ਲਸਫ਼ੇ ਦਾ ਵਿਰੋਧ ਕਰਵਾਕੇ ਗੁਰਮਤਿ ਇਨਕਲਾਬ ਨੂੰ ਖ਼ਤਮ ਕਰ ਦਿੱਤਾ ਜਾਵੇਗਾ।)

2. ਗੁਰੂ ਅਮਰਦਾਸ ਸਾਹਿਬ ਦੇ ਸਮੇਂ ਤੋਂ ਲੈ ਕੇ ਦਸਮੇਸ਼ ਪਿਤਾ ਦੇ ਜੋਤੀ-ਜੋਤਿ ਸਮਾਉਂਣ ਦੇ ਸਮੇਂ ਤੱਕ, ਤਤਕਾਲੀਨ ਹਕੂਮਤਾਂ ਨੂੰ ਝੂਠੀਆਂ ਸ਼ਿਕਾਇਤਾਂ (ਲਿਖਤੀ ਅਤੇ ਜ਼ੁਬਾਨੀ) ਕਰਕੇ ਗੁਰਮਤਿ ਇਨਕਲਾਬ ਨੂੰ ਢਾਹ ਲਾਉਂਣ ਦੇ ਯਤਨ ਕਰਨੇ।

3. ਪੰਜਵੇਂ ਪਾਤਿਸ਼ਾਹ ਦੀ ਸ਼ਹਾਦਤ ਵਿੱਚ ਬਣਦਾ ਅਹਿਮ ਯੋਗਦਾਨ ਪਾਉਂਣਾ।

4. ਛੇਵੇਂ ਪਾਤਿਸ਼ਾਹ, ਦਸਵੇਂ ਪਾਤਿਸ਼ਾਹ, ਬੰਦਾ ਸਿੰਘ ਬਹਾਦਰ, ਮਿਸਲਾਂ ਦੇ ਸਮੇਂ ਅਤੇ ਰਣਜੀਤ ਸਿੰਘ ਦੇ ਸਮੇਂ ਸਿੱਖਾਂ ਦੇ ਖਿਲਾਫ਼ ਤੱਤਕਾਲੀਨ ਹਕੂਮਤਾਂ ਦੇ ਹਥਿਆਰਬੰਦ ਸੰਘਰਸ਼ਾਂ ਦੌਰਾਨ ਸਿੱਖਾਂ ਦੀ ਵਿਰੋਧਤਾ ਕਰਨੀ।

5. **1716 ਈ. ਵਿੱਚ ਬੰਦਾ ਸਿੰਘ ਦੀ ਸ਼ਹੀਦੀ ਤੋਂ ਬਾਅਦ ਸਿੱਖ ਇਤਿਹਾਸ, ਸਿਧਾਂਤ ਅਤੇ ਸਭਿਆਚਾਰ ਨੂੰ ਦੂਸ਼ਤ ਕਰਕੇ ਕੌਮ ਨੂੰ ਭੰਬਲ-ਭੂਸੇ ਵਿੱਚ ਪਾਉਂਣ ਲਈ ਅਸਲੀ ਇਤਿਹਾਸਕ, ਸਭਿਆਚਾਰਕ ਲਿਖਤਾਂ ਨੂੰ ਖ਼ੁਰਦ-ਬੁਰਦ ਕਰਕੇ, ਉਨ੍ਹਾਂ ਦੀ ਜਗ੍ਹਾ ਇਨ੍ਹਾਂ ਵਿਸ਼ਿਆਂ ਤੇ ਬ੍ਰਾਹਮਣੀ ਰੰਗਤ ਵਿੱਚ ਰੰਗੀਆਂ ਕਿਤਾਬਾਂ ਲਿਖ-ਲਿਖਾ ਕੇ ਇਨ੍ਹਾਂ ਨੂੰ ਗੁਰਮਤਿ/ਸਿੱਖ ਇਤਿਹਾਸ ਅਤੇ ਸਭਿਆਚਾਰ ਦੇ ਲੇਬਲ ਹੇਠ ਪ੍ਰਚਾਰਨਾਂ। ਇਨ੍ਹਾਂ ਵਿੱਚ ਭਾਈ ਬਾਲੇ ਵਾਲੀ ਜਨਮ ਸਾਖੀ, ਗੁਰਬਿਲਾਸ ਪਾਤਿਸ਼ਾਹੀ ਛੇਵੀਂ, ਬਚਿੱਤਰ ਨਾਟਕ (ਅਖੌਤੀ ਦਸਮ ਗ੍ਰੰਥ), ਸਰਬਲੋਹ ਗ੍ਰੰਥ, ਹੋਰ ਬਹੁਤ ਸਾਰੀਆਂ ਸਾਖੀਆਂ, ਅਤੇ ਪੌਰਾਣਿਕ ਗਪੌੜਾਂ ਦੀ ਤਰਜ਼ 'ਤੇ ਘੜੀਆਂ ਕਥਾ-ਕਹਾਣੀਆਂ ਸ਼ਾਮਿਲ ਹਨ।**

(6) ਅਠਾਰਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਤੋਂ ਸਿੱਖ ਮਿਸਲਾਂ ਦੇ ਮੁਖੀਆਂ ਨੂੰ ਪ੍ਰੇਰ ਕੇ, ਗੁਰਮਤਿ ਫ਼ਲਸਫ਼ੇ ਤੋਂ ਉਲਟ, ਸਿੱਖ ਮਿਸਲਾਂ ਨੂੰ ਨਿੱਜੀ ਰਿਆਸਤਾਂ ਵਿੱਚ ਬਦਲਣ ਦੀ ਕਰਮ-ਕਿਰਿਆ ਵਿੱਚ ਵੀ ਉਨ੍ਹਾਂ ਮਿਸਲਾਂ ਦੀ ਲਿਖਾ-ਪੜ੍ਹੀ ਦਾ ਕੰਮ ਕਰਨ ਵਾਲੇ ਬਿਪਰਵਾਦੀ ਮੁਲਾਜ਼ਮਾਂ ਦਾ ਕਾਫ਼ੀ ਯੋਗਦਾਨ ਸੀ।

(7) ਰਣਜੀਤ ਸਿੰਘ ਦੇ ਰਾਜ ਅਤੇ ਖ਼ਾਨਦਾਨ ਦਾ ਖ਼ਾਤਮਾ ਕਰਨ ਲਈ ਵੀ ਮੁਕੰਮਲ ਤੌਰ 'ਤੇ ਉਸ ਦੇ ਬ੍ਰਾਹਮਣ ਅਤੇ ਡੋਗਰੇ ਕਰਮਚਾਰੀ (ਅੰਗਰੇਜ਼ਾਂ ਦੀ ਮਿਲੀਭੁਗਤ ਨਾਲ) ਜ਼ਿਮੇਂਵਾਰ ਸਨ।





(8) ਵੀਹਵੀਂ ਸਦੀ ਵਿੱਚ ਸਿੱਖ ਕੌਮ ਨੇ ਪੰਜਾਬ ਨੂੰ ਅੰਗਰੇਜ਼ਾਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਉਂਣ ਲਈ ਜ਼ਬਰਦਸਤ ਗੁਰਮਤਿ ਲਹਿਰ ਚਲਾਈ ਸੀ ਜਿਸ ਨੂੰ ਬਿਪਰਵਾਦੀ ਲਾਬੀ ਦੇ ਲੀਡਰ ਗਾਂਧੀ, ਜਵਾਹਰ ਲਾਲ ਨਹਿਰੂ ਅਤੇ ਪਟੇਲ ਵਗ਼ੈਰਾ ਨੇ ਦਿਸ਼ਾ-ਹੀਣ ਕਰਕੇ, ਸਿੱਖ ਕੌਮ ਨੂੰ ਗੁਮਰਾਹ ਕਰ ਕੇ, ਭਾਰਤ ਦੀ ਆਜ਼ਾਦੀ ਦੀ ਜਦੋਜਹਿਦ ਵਿੱਚ ਸ਼ਾਮਿਲ ਕਰਵਾਕੇ, ਕੁਰਬਾਨੀਆਂ ਤਾਂ ਕਰਵਾਈਆਂ ਸਿੱਖ ਕੌਮ ਤੋਂ ਅਤੇ ਆਜ਼ਾਦੀ ਦੇ ਵਾਰਸ ਬਣ ਬੈਠੇ ਆਪ। ਨਤੀਜੇ ਵਜੋਂ ਸਿੱਖ ਕੌਮ ਲੁੱਟੀ-ਪੁੱਟੀ ਗਈ। ਅੰਗਰੇਜ਼ਾਂ ਦੀ ਗ਼ੁਲਾਮੀ 'ਚੋਂ ਨਿਕਲਕੇ ਬਿਪਰਵਾਦੀਆਂ ਦੀ ਗ਼ੁਲਾਮੀ ਦੇ ਫ਼ੰਧੇ ਵਿੱਚ ਫਸ ਗਈ ਅਤੇ ਅੱਜ ਤੱਕ ਫਸੀ ਹੋਈ ਕੁਰਲਾ ਰਹੀ ਹੈ।

(9) ਅੰਤਰ-ਰਾਸ਼ਟਰੀ ਪੱਧਰ ਤੇ ਸਵੀਕਾਰ ਕੀਤੇ ਜਾ ਚੁੱਕੇ ਰਿਪੇਰੀਅਨ ਕਾਨੂੰਨ ਨੂੰ ਮੁਕੰਮਲ ਤੌਰ ਤੇ ਨਜ਼ਰਅੰਦਾਜ਼ ਕਰਕੇ ਪੰਜਾਬ-ਰੀਆਰਗੇਨਾਈਜੇਸ਼ਨ ਐਕਟ-1966 ਵਿੱਚ ਗੈਰ-ਸੰਵਿਧਾਨਕ ਧਾਰਾ ਨੰਬਰ 78, 79 ਅਤੇ 80 ਸ਼ਾਮਿਲ ਕਰਕੇ ਪੰਜਾਬ ਦੇ ਦਰਿਆਵਾਂ ਦੇ ਪਾਨੀ ਦਾ ਤਕਰੀਬਨ 75% ਹਿੱਸਾ ਗੈਰ-ਰਿਪੇਰੀਅਨ ਰਾਜਾਂ (ਹਰਿਆਣਾ, ਰਾਜਸਥਾਨ, ਦਿੱਲੀ ਆਦਿ) ਨੂੰ ਲੁਟਾ ਦਿੱਤਾ ਗਿਆ। ਪੰਜਾਬ ਦੀ ਰਾਜਧਾਨੀ ਵਜੋਂ ਵਸਾਇਆ ਗਿਆ ਚੰਡੀਗੜ੍ਹ ਸ਼ਹਿਰ ਪੰਜਾਬ ਤੋਂ ਖੋਹ ਕੇ ਕੇਂਦਰੀ ਖੇਤਰ ਬਣਾ ਦਿੱਤਾ ਗਿਆ। ਪੰਜਾਬ ਦੇ ਬਿਜਲੀ ਅਤੇ ਪਾਣੀ ਦੇ ਹੈਡ-ਵਰਕਸ ਪੰਜਾਬ ਤੋਂ ਖੋਹ ਕੇ ਕੇਂਦਰ ਦੇ ਅਧੀਨ ਕਰ ਦਿੱਤੇ ਗਏ। ਗੰਗਾਨਗਰ ਅਤੇ ਹੋਰ ਪੰਜਾਬੀ ਬੋਲੀ ਵਾਲੇ ਇਲਾਕੇ ਪੰਜਾਬ ਤੋਂ ਖੋਹ ਕੇ ਦੂਜੇ ਸੂਬਿਆਂ ਵਿੱਚ ਸ਼ਾਮਿਲ ਕਰ ਦਿੱਤੇ ਗਏ। ਪੰਜਾਬ ਦੇ ਬਾਕੀ 25% ਹਿੱਸੇ ਵਾਲੇ ਪਾਣੀ ਵਿੱਚੋਂ ਵੀ ਡਾਕਾ ਮਾਰ ਕੇ ਸਤਲੁਜ-ਯਮਨਾ ਲਿੰਕ ਨਹਿਰ ਰਾਹੀਂ ਹਰਿਆਣੇ ਨੂੰ ਪਾਣੀ ਦੇਣ ਲਈ ਭਾਰਤ ਦੀ ਨਿਆਇ-ਪਾਲਕਾ (ਸੁਪਰੀਮ ਕੋਰਟ) ਦੁਆਰਾ 2004 ਵਿੱਚ ਗੈਰ-ਸੰਵਿਧਾਨਕ ਫੈਸਲਾ ਕਰਵਾ ਲਿਆ ਗਿਆ ਹਾਲਾਂਕਿ **ਦਰਿਆਈ ਪਾਣੀਆਂ ਬਾਰੇ ਕਾਨੂੰਨ ਬਣਾਉਂਣੇ ਕੇਵਲ ਅਤੇ ਕੇਵਲ ਰਾਜ ਸਰਕਾਰਾਂ ਦੇ ਅਧਿਕਾਰ ਖੇਤਰ ਵਿੱਚ ਸ਼ਾਮਿਲ ਹਨ ਕੇਂਦਰੀ ਸਰਕਾਰ ਅਤੇ ਸੁਪਰੀਮ ਕੋਰਟ ਸਿਰਫ਼ ਉਸ ਹਾਲਤ ਵਿੱਚ ਹੀ ਦਖ਼ਲ ਦੇ ਸਕਦੇ ਹਨ ਜਦ ਕੋਈ ਦਰਿਆ ਇੱਕ ਤੋਂ ਵੱਧ ਰਾਜਾਂ ਵਿੱਚ ਵਗਦਾ ਹੋਵੇ।** ਰਿਪੇਰੀਅਨ ਕਾਨੂੰਨ ਮੁਤਾਬਕ ਜੇ ਕੋਈ ਦਰਿਆ ਸਮੁੱਚੇ ਤੌਰ ਤੇ ਕਿਸੇ ਇੱਕ ਰਾਜ ਵਿੱਚ ਵਗਦਾ ਹੈ ਤਾਂ ਇਸ ਉੱਪਰ ਉਸ ਰਾਜ ਦਾ ਮੁਕੰਮਲ ਹੱਕ ਹੁੰਦਾ ਹੈ। ਜੇਕਰ ਕੋਈ ਦਰਿਆ ਇੱਕ ਤੋਂ ਵੱਧ ਰਾਜਾਂ ਜਾਂ ਦੇਸ਼ਾਂ ਵਿੱਚੋਂ ਲੰਘਦਾ ਹੈ ਤਾਂ ਹਰੇਕ ਰਾਜ ਜਾਂ ਦੇਸ਼ ਦਾ ਦਰਿਆ ਦੇ ਉਸ ਹਿੱਸੇ ਉੱਪਰ ਹੱਕ ਹੁੰਦਾ ਹੈ, ਜਿਹੜਾ ਉਸ ਦੇ ਇਲਾਕੇ ਵਿੱਚ ਪੈਂਦਾ ਹੈ। ਦਰਿਆਈ ਪਾਣੀ ਬਾਰੇ ਰਿਪੇਰੀਅਨ ਰਾਜਾਂ ਵਿੱਚ ਝਗੜੇ ਹੋ ਸਕਦੇ ਹਨ ਪਰ ਰਿਪੇਰੀਅਨ ਰਾਜ ਅਤੇ ਗੈਰ-ਰਿਪੇਰੀਅਨ ਰਾਜ ਵਿਚਕਾਰ ਨਹੀਂ। ਪੰਜਾਬ ਨਾਲ ਧੱਕੇਸ਼ਾਹੀ ਇਸ ਲਈ ਕੀਤੀ ਗਈ ਹੈ ਤਾਕਿ ਪੰਜਾਬ ਦੀ ਜ਼ਮੀਨ ਨੂੰ ਬੰਜਰ ਜਾਂ ਨੀਮ-ਰੇਗਸਤਾਨ ਬਣਾ ਕੇ ਸਿੱਖ ਕੌਮ ਨੂੰ ਸਬਕ ਸਿਖਾਇਆ ਜਾ ਸਕੇ।

**ਇਕ ਮਿਸਾਲ ਦੇ ਕੇ ਸਥਿਤੀ ਸਪੱਸ਼ਟ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ। ਰਾਜਸਥਾਨ ਨੇ ਨਰਮਦਾ ਦਰਿਆ ਦੇ ਪਾਣੀ ਵਿੱਚੋਂ ਹਿੱਸਾ ਵੰਡਾਉਣ ਲਈ ਵਾਟਰ ਟ੍ਰੀਬਿਊਨਲ ਕੋਲ ਇਕ ਪਟੀਸ਼ਨ ਦਾਖ਼ਲ ਕੀਤੀ ਸੀ। ਨਰਮਦਾ ਦਰਿਆ ਮੱਧਪ੍ਰਦੇਸ਼, ਮਹਾਂਰਾਸ਼ਟਰ ਅਤੇ ਗੁਜਰਾਤ ਰਾਜਾਂ ਦੇ ਇਲਾਕਿਆਂ ਵਿੱਚੋਂ ਦੀ ਵਗਦਾ ਹੈ, ਪਰ ਰਾਜਸਥਾਨ ਵਿੱਚੋਂ ਨਹੀਂ। ਸੁਪਰੀਮ ਕੋਰਟ ਦੇ ਇੱਕ ਜੱਜ ਉਪਰ ਆਧਾਰਤ ਵਾਟਰ ਟ੍ਰਿਬਿਊਨਲ ਨੇ ਫੈਸਲਾ ਸੁਣਾਇਆ :**

**“(1) ਰਾਜਸਥਾਨ, ਨਰਮਦਾ ਦੇ ਸਬੰਧ ਵਿੱਚ ਗੈਰ-ਰਿਪੇਰੀਅਨ ਸਟੇਟ ਹੋਣ ਕਰਕੇ ਟ੍ਰੀਬਿਊਨਲ ਅੱਗੇ ਦਰਖਾਸਤ ਨਹੀਂ ਦੇ ਸਕਦਾ ਕਿਉਂਕਿ ਕਾਨੂੰਨ ਅਨੁਸਾਰ ਸਿਰਫ਼ ਸਹਿ-ਰਿਪੇਰੀਅਨ ਸਟੇਟ ਹੀ ਅਜਿਹਾ ਕਰ ਸਕਦੀ ਹੈ। ਅਤੇ**

**(2) ਰਾਜਸਥਾਨ ਦੀ ਸਟੇਟ ਦਾ ਨਰਮਦਾ ਘਾਟੀ ਦੇ ਪਾਣੀ ਦੇ ਕਿਸੇ ਵੀ ਹਿੱਸੇ ਉਪਰ ਕੋਈ ਅਧਿਕਾਰ ਨਹੀਂ ਬਣਦਾ ਕਿਉਂਕਿ ਰਾਜਸਥਾਨ ਸਹਿ-ਰਿਪੇਰੀਅਨ ਸਟੇਟ ਨਹੀਂ ਜਾਂ ਇਹ ਕਿ ਇਸ ਦੇ ਇਲਾਕੇ ਦਾ ਕੋਈ ਵੀ ਹਿੱਸਾ ਨਰਮਦਾ ਦਰਿਆ ਦੀ ਘਾਟੀ ਵਿੱਚ ਨਹੀਂ ਪੈਂਦਾ।” (ਰੋਜ਼ਾਨਾ ਸਪੋਕਸਮੈਨ ਮਿਤੀ 11 ਜੂਨ 2009 ਵਿੱਚ ਪ੍ਰਕਾਸ਼ਤ ਲੇਖ, ‘ਪੰਜਾਬ ਦੇ ਪਾਣੀਆਂ ਦੀ ਜ਼ਾਲਮਾਨਾ ਤਕਸੀਮ’)।**

**ਨੋਟ :**

**ਫਿਰ ਪੰਜਾਬ ਦੇ ਦਰਿਆਈ ਪਾਣੀ ਗੈਰ-ਰਿਪੇਰੀਅਨ ਰਾਜਾਂ ਨੂੰ (ਗੈਰ ਸੰਵਿਧਾਨਿਕ ਤੌਰ ’ਤੇ) ਕਿਉਂ ਲੁਟਾਏ ਗਏ ਅਤੇ ਉਹ ਵੀ ‘ਕਾਨੂੰਨ’ ਦੇ ਨਾਂ ਹੇਠ ?**

ਇਸ ਸਵਾਲ ਦਾ ਸਿਧਾ ਅਤੇ ਸਪੱਸ਼ਟ ਜਵਾਬ ਏਹੀ ਲਗਦਾ ਹੈ ਕਿ ਅਜਿਹਾ ਸਿੱਖ ਕੌਮ ਦੀ ਆਰਥਿਕ ਸ਼ਕਤੀ ਨੂੰ ਨਸ਼ਟ ਕਰਨ ਲਈ ਹੀ ਕੀਤਾ ਗਿਆ ਹੈ। ਜੇਕਰ ਕੋਈ ਕਾਨੂੰਨ ਦਾ ਮਾਹਰ ਵਿਦਵਾਨ ਇਸ ਤੱਥ ਬਾਰੇ ਹੋਰ ਵਧੇਰੇ ਜਾਣਕਾਰੀ ਦੇ ਸਕੇ ਤਾਂ ਉਸਦਾ ਸੁਆਗਤ ਹੈ।

(10) **ਜਿਸ ਵਿਉਂਤ ਨਾਲ ਬ੍ਰਾਹਮਣਵਾਦੀਆਂ ਨੇ ਬੁੱਧ-ਮੱਤ ਅਤੇ ਬੁੱਧ-ਮੱਤ ਦੇ ਧਾਰਨੀ ਰਾਜਭਾਗ ਨੂੰ ਵਹਿਸ਼ੀਆਨਾਂ ਢੰਗਾਂ ਨਾਲ ਤਹਿਸ-ਨਹਿਸ**





**ਕੀਤਾ ਸੀ, ਇੰਨ-ਬਿੰਨ ਉਨ੍ਹਾਂ ਢੰਗਾਂ ਨਾਲ ਹੀ ਸਿੱਖ ਰਾਜ ਨੂੰ ਖ਼ਤਮ ਕਰਨ ਤੋਂ ਬਾਅਦ ਸਿੱਖ ਕੌਮ ਅਤੇ ਗੁਰੂ ਨਾਨਕ ਫ਼ਲਸਫ਼ੇ ਦਾ ਵਿਨਾਸ਼ ਕਰਨ ਲਈ, ਇਹ ਪਿਛਲੀਆਂ ਤਕਰੀਬਨ ਪੰਜ ਸਦੀਆਂ ਤੋਂ ਯਤਨਸ਼ੀਲ ਹਨ।**

(11) ਬੁੱਧ-ਮੱਤ ਦੇ ਧਾਰਨੀ ਰਾਜਿਆਂ ਦਾ ਭਾਰਤ ਦੇ ਕਾਫ਼ੀ ਹਿੱਸੇ ਤੇ ਤਕਰੀਬਨ ਇੱਕ ਹਜ਼ਾਰ ਸਾਲ (ਤਕਰੀਬਨ 4 ਸਦੀਆਂ ਪੁਰਾਣਾ ਕਾਲ ਅਤੇ ਪਹਿਲੀਆਂ ਛੇ ਸਦੀਆਂ ਵਰਤਮਾਨ ਈਸਵੀ ਕਾਲ ਦੀਆਂ) ਰਾਜਭਾਗ ਰਿਹਾ ਸੀ। ਇਸ ਕਾਲ ਦੌਰਾਨ ਬ੍ਰਾਹਮਣਵਾਦੀਆਂ ਨੇ ਬੁੱਧ-ਮੱਤ ਦੇ ਧਾਰਮਕ, ਰਾਜਨੀਤਕ, ਸਮਾਜਿਕ ਅਤੇ ਸਭਿਆਚਾਰਕ ਖੇਤਰਾਂ ਵਿੱਚ ਵੱਡੀ ਪੱਧਰ ’ਤੇ ਘੁਸਪੈਠ ਕਰ ਲਈ ਸੀ ਅਤੇ ਬੁੱਧ-ਮੱਤ ਦੇ ਪੈਰੋਕਾਰਾਂ ਨੂੰ ਬੁੱਧ-ਮੱਤ ਦੇ ਅਸੂਲਾਂ ਤੋਂ ਭਟਕਾ ਕੇ, ਚਰਿਤ੍ਰਹੀਣ ਕਰਕੇ, ਉਨ੍ਹਾਂ ਨੂੰ ਅੰਦਰੋਂ ਖ਼ੋਖ਼ਲਾ ਕਰਕੇ ਕਮਜ਼ੋਰ ਕਰਦੇ ਰਹੇ ਅਤੇ ਨਾਲ ਦੇ ਨਾਲ ਖ਼ੁਦ ਆਪਣੇ ਆਪ ਨੂੰ ਮਜ਼ਬੂਤ ਕਰਦੇ ਗਏ। ਇਸ ਤਰ੍ਹਾਂ ਹੌਲੀ-ਹੌਲੀ ਬ੍ਰਾਹਮਣਵਾਦੀ, ਬੁੱਧ-ਮੱਤ ਦੀਆਂ ਧਾਰਮਕ ਅਤੇ ਸਮਾਜਕ ਸੰਸਥਾਵਾਂ ’ਤੇ ਕਾਬਜ਼ ਹੋ ਗਏ ਅਤੇ ਯੋਗ ਸਮਾਂ ਵੇਖ ਕੇ ਤਾਕਤ ਦਾ ਇਸਤੇਮਾਲ ਕਰਕੇ, ਬੜੇ ਵਹਿਸ਼ੀ ਢੰਗਾਂ ਨਾਲ ਬੁੱਧ-ਰਾਜ ਅਤੇ ਬੁੱਧ ਮੱਤ ਦਾ ਭਾਰਤ ਵਿੱਚੋਂ ਖ਼ਾਤਮਾ ਕਰ ਦਿੱਤਾ। **ਠੀਕ ਉਸੇ ਢੰਗ ਨਾਲ ਗੁਰਮਤਿ ਸਿਧਾਂਤ ਅਤੇ ਸਿੱਖ ਇਤਿਹਾਸ ਵਿੱਚ ਭੰਬਲਭੂਸੇ ਪਾਕੇ, ਬਿਪਰਵਾਦੀ (ਸਿੱਖੀ ਸਰੂਪ ਵਿੱਚ) ਸਿੱਖ ਕੌਮ ਦੇ ਰਾਜਨੀਤਕ, ਧਾਰਮਕ, ਸਮਾਜਕ, ਸਭਿਆਚਾਰਕ ਅਤੇ ਸਾਹਿਤਕ ਖੇਤਰਾਂ ਦੀਆਂ ਅਹਿਮ ਸੰਸਥਾਵਾਂ ’ਤੇ ਕਾਬਜ਼ ਹੋ ਚੁੱਕੇ ਹਨ ਅਤੇ ਰਾਜਸੀ ਸ਼ਕਤੀ ਦੀ ਦੁਰਵਰਤੋਂ ਕਰਕੇ ਸਿੱਖ ਕੌਮ ਦੀ 1947 ਵਿੱਚ, 1978 ਵਿੱਚ ਅਤੇ ਫਿਰ 1984 ਤੋਂ ਲੈ ਕੇ 1996 ਤੱਕ ਨਸਲਕੁਸ਼ੀ ਦੇ ਪ੍ਰੋਗਰਾਮ ਸਿਰੇ ਚੜ੍ਹਾ ਚੁੱਕੇ ਹਨ। ਸਿੱਖ ਕੌਮ ਦੀ ਪ੍ਰਭੂ-ਸੱਤਾ ਦੇ ਚਿੰਨ੍ਹ ਅਕਾਲ ਤਖ਼ਤ ਸਾਹਿਬ, ਦਰਬਾਰ ਸਾਹਿਬ ਅਤੇ ਹੋਰ ਬਹੁਤ ਸਾਰੇ ਗੁਰਧਾਮਾਂ ਦਾ ਨੁਕਸਾਨ ਕਰ ਚੁੱਕੇ ਹਨ, ਸਿੱਖ ਰੈਫ਼ਰੈਂਸ ਲਾਇਬ੍ਰੇਰੀ ਨੂੰ 1984 ਵਿੱਚ ਲੁੱਟ ਕੇ ਅੱਜ ਤੱਕ ਆਪਣੇ ਕਬਜ਼ੇ ਵਿੱਚ ਕਰੀ ਬੈਠੇ ਹਨ, ਸੰਤ-ਸਮਾਜੀਆਂ ਅਤੇ ਡੇਰੇਦਾਰਾਂ ਦਾ ਰੂਪ ਧਾਰ ਕੇ ਸਿੱਖ ਕੌਮ ਦੀ ਹੋਂਦ ਨੂੰ ਮਿਟਾਉਂਣ ਦੇ ਆਹਰ ਵਿੱਚ ਲੱਗੇ ਹੋਏ ਹਨ।**

(12) ਉਨੀਵੀਂ ਸਦੀ ਦੇ ਪਿਛਲੇ ਅੱਧ ਵਿੱਚ ਬੰਗਾਲੀ ਬਿਪਰਵਾਦੀ ਬੰਕਿਮ ਚੰਦਰ ਚੈਟਰਜੀ ਨੇ ਜ਼ਾਤ-ਪਾਤੀ ਸਿਸਟਮ ਨੂੰ ਮਜ਼ਬੂਤ ਕਰਨ ਲਈ ‘ਅਨੰਦਮਠ’ ਨਾਂ ਦਾ ਇੱਕ ਨਾਵਲ ਲਿਖਿਆ ਸੀ। ਉਸ ਨੇ ਹੀ ਪਹਿਲੀ ਵਾਰ ‘ਬੰਦੇ ਮਾਤਰਮ’ ਗੀਤ ਦੀ ਵਰਤੋਂ

ਕੀਤੀ ਜਿਸ ਨੂੰ ਕਾਂਗਰਸ ਨੇ ਦੇਸ਼ ਦੀ ਵੰਡ ਵੇਲੇ ਕੌਮੀ ਗੀਤ ਵਜੋਂ ਪ੍ਰਚਾਰਿਆ। ਤਕਰੀਬਨ ਇਸ ਸਮੇਂ ਹੀ ਗੁਜਰਾਤ ਦੇ ਇੱਕ ਬ੍ਰਾਹਮਣ **ਦਯਾਨੰਦ ਨੇ ਬ੍ਰਾਹਮਣਵਾਦ ਨੂੰ ਨਵਜੀਵਤ ਕਰ ਕੇ ਰਾਜਸੀ ਤਾਕਤ ਹਾਸਿਲ ਕਰਨ ਲਈ ਦੂਸਰੇ ਸਾਰੇ ਮੱਤਾਂ ਨੂੰ ਹੀਣਾ ਦੱਸਣ ਵਾਸਤੇ ਇੱਕ ਅਤੀ ਭੜਕਾਊ ਪੁਸਤਕ 'ਸਤਿਆਰਥ ਪ੍ਰਕਾਸ਼' ਲਿਖ ਕੇ ਆਰੀਆ ਸਮਾਜ ਦੀ ਨੀਂਹ ਰੱਖੀ।**ਊਨੀਵੀਂ ਸਦੀ ਵਿੱਚ ਇਨ੍ਹਾਂ ਬ੍ਰਾਹਮਣਾਂ ਵੱਲੋਂ ਲਿਖੀਆਂ ਪੁਸਤਕਾਂ ਕਾਰਨ ਹੀ ਦੇਸ਼ ਦੀ ਸੰਨ 1947 ਵਿੱਚ ਵੰਡ ਹੋਈ ਜਿਵੇਂ ਬੁੱਧ ਕਾਲ ਸਮੇਂ ਲਿਖੀਆਂ ਉਪਰ ਵਰਣਨ ਕੀਤੀਆਂ ਅਖੌਤੀ ਧਾਰਮਕ ਪੁਸਤਕਾਂ ਕਾਰਨ ਬੁੱਧ-ਮੱਤ ਦਾ ਵਿਨਾਸ਼ ਅਤੇ ਦੇਸ਼ ਨਿਕਾਲਾ ਹੋਇਆ। ਕਿੰਨੀ ਹੈਰਾਨੀ ਹੁੰਦੀ ਹੈ ਕਿ ਬ੍ਰਾਹਮਣਾਂ ਨੇ ਮਨੋਕਲਪਿਤ ਅਤੇ ਇਤਿਹਾਸਕ ਤੱਥ ਨਾ ਹੋਣ ਦੇ ਬਾਵਜੂਦ ਵੀ ਆਪਣੇ ਅਨੁਆਈਆਂ ਨੂੰ ਇਨ੍ਹਾਂ ਦਾ ਪਾਠ ਕਰਨ'ਚ ਰੁਝਾਈ ਰੱਖਿਆ ਹੈ ਅਤੇ ਦੇਸ਼ ਵਿਚਲੇ ਫ਼ਿਰਕਿਆਂ ਵਿੱਚ ਪੁਆੜੇ ਪਾਈ ਰੱਖੇ ਹਨ।

(13) "ਬਾਲਮੀਕੀ ਰਾਮਾਇਣ ਦੇ ਅਯੁਧਿਆ ਕਾਂਡ ਦੇ ਅਧਿਆਇ 107 ਤੋਂ 109 ਤੱਕ ਇਸ ਤੱਥ ਦੀ ਪੁਸ਼ਟੀ ਕਰਦੇ ਹਨ ਕਿ ਬਾਲਮੀਕੀ ਰਾਮਾਇਣ ਬੁੱਧ ਕਾਲ ਦੇ ਸਮੇਂ ਲਿਖੀ ਗਈ ਸੀ। ਇਹ ਭੁਲਾਵੇ ਕੋਈ ਦੋ ਹਜ਼ਾਰ ਸਾਲਾਂ ਤੋਂ ਜਾਰੀ ਹਨ ਅਤੇ ਜਾਰੀ ਰਹਿਣਗੇ।

**ਇਸ ਤਰ੍ਹਾਂ ਹੀ ਬ੍ਰਾਹਮਣਵਾਦੀਆਂ ਨੇ ਸੰਨ 1984 ਵਿੱਚ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਫ਼ੌਜੀ ਹਮਲਾ ਕਰਕੇ ਅਤੇ ਨਵੰਬਰ 1984 'ਚ ਦਿੱਲੀ ਅਤੇ ਕਈ ਹੋਰ ਸ਼ਹਿਰਾਂ ਵਿੱਚ ਹਮਲੇ ਕਰਕੇ ਜਦ ਹਜ਼ਾਰਾਂ ਸਿੱਖਾਂ ਦਾ ਕਤਲੇਆਮ ਕੀਤਾ ਤਾਂ ਇਸ ਮਹਾਂਪਾਪ ਅਤੇ ਅਤਿਆਚਾਰਾਂ ਨੂੰ ਛੁਪਾਉਂਣ ਲਈ, ਸਿੱਖ ਗੁਰੂਆਂ ਅਤੇ ਸਿੱਖਾਂ ਨੂੰ ਬਦਨਾਮ ਕਰਨ ਲਈ ਸਤੀਸ਼ ਨਾਂ ਦੇ ਇੱਕ ਵਿਅਕਤੀ ਨੇ ਇੱਕ ਕਿਤਾਬ 'ਤੁਫ਼ਾਨ ਕੇ ਦੌਰ ਮੇਂ' ਲਿਖੀ। ਇਸ ਵਿੱਚ ਸਿੱਖ ਗੁਰੂਆਂ, ਸਿੱਖ-ਮੱਤ ਅਤੇ ਸਿੱਖਾਂ ਬਾਰੇ ਬਹੁਤ ਸ਼ਰਾਰਤ-ਆਮੇਜ਼ ਅਤੇ ਗ਼ਲਤ ਬਿਆਨੀ ਕੀਤੀ ਗਈ ਸੀ। ਇਸ ਅਤੀ ਜ਼ਹਿਰੀਲੀ ਕਿਤਾਬ ਦਾ ਮੁੱਖਬੰਦ ਹਿੰਦੀ ਦੇ ਪ੍ਰਮੁੱਖ ਕਵੀ ਹਰਵੰਸ਼ ਰਾਏ ਬੱਚਨ ਨੇ ਲਿਖਿਆ, ਜੋ ਪ੍ਰਸਿੱਧ ਫ਼ਿਲਮ ਐਕਟਰ ਅਮਿਤਾਬ ਬੱਚਨ ਦਾ ਬਾਪ ਹੈ।**

**ਹੁਣ ਦੇ ਬ੍ਰਾਹਮਣਵਾਦੀ ਵੀ ਸਿੱਖ-ਮੱਤ ਅਤੇ ਸਿੱਖਾਂ ਦੇ ਵਿਨਾਸ਼ ਲਈ ਉਹ ਸਾਰੇ ਹਥਕੰਡੇ ਵਰਤ ਰਹੇ ਹਨ ਜੋ ਉਨ੍ਹਾਂ ਨੇ ਬੁੱਧ-ਮੱਤ ਦੀ ਹੋਂਦ ਵਿੱਚ ਆਉਂਣ ਦੇ ਨਾਲ ਹੀ ਵਰਤਣੇ ਸ਼ੁਰੂ ਕਰ ਦਿੱਤੇ ਸਨ। ਇਸ ਪੁਸਤਕ ਦਾ ਅੰਗ੍ਰੇਜ਼ੀ ਵਿੱਚ ਤਰਜ਼ਮਾ ਕਰਕੇ, ਦੇਸ਼ ਦੀਆਂ ਸਾਰੀਆਂ ਸਰਕਾਰੀ ਲਾਇਬ੍ਰੇਰੀਆਂ ਵਿੱਚ ਭਿਜਵਾਇਆ ਗਿਆ।** ਪਰ ਦੁੱਖ ਤਾਂ





ਇਹ ਹੈ ਕਿ ਕਿਸੇ ਵੀ ਸਿੱਖ ਵਿਦਵਾਨ, ਬੁੱਧੀਜੀਵੀ ਅਤੇ ਸਿੱਖ ਆਗੂ ਨੇ ਇਸ ਬਾਰੇ ਕੋਈ ਨੋਟਿਸ ਨਹੀਂ ਲਿਆ।

ਜਿਵੇਂ ਰਾਜ-ਸੱਤਾ 'ਚ ਆਕੇ ਵੀ ਗਜ਼ਟ 'ਬਾਤਚੀਤ' (ਜੁਲਾਈ 1985) ਰਾਹੀਂ ਅੰਮ੍ਰਿਤਧਾਰੀ ਸਿੱਖ ਨੂੰ ਦਹਿਸ਼ਤਗਰਦ, ਦੇਸ਼–ਦੁਸ਼ਮਣ ਗਰਦਾਨਿਆ ਗਿਆ, ਨੂੰ ਕਿਸੇ ਨੇ ਵੀ ਵਾਪਸ ਕਰਵਾਉਂਣ ਦੀ ਕੋਸ਼ਿਸ਼ ਜਾਂ ਮੰਗ ਨਹੀਂ ਕੀਤੀ"। (ਉਪਰੋਕਤ ਲੇਖ ਵਿੱਚੋਂ)

(14) **ਸੈਂਕੜੇ ਸਿੱਖ, ਖਾੜਕੂਵਾਦ ਦੇ ਸਮੇਂ ਤੋਂ ਹੀ ਦੇਸ਼ ਦੇ ਕਾਲੇ ਕਾਨੂੰਨਾਂ ਅਧੀਨ, ਬਿਨਾ ਮੁਕੱਦਮੇ ਚਲਾਏ, ਅਜੇ ਤੱਕ ਵੀ ਜੇਲ੍ਹਾਂ ਅੰਦਰ ਬੰਦ ਹਨ ਅਤੇ ਸੈਂਕੜੇ ਹੀ 'ਕਾਲੀ ਸੂਚੀ' ਅਧੀਨ, ਆਪਣੇ ਦੇਸ਼ ਵਾਪਸ ਆਉਂਣ 'ਤੋਂ ਰੋਕੇ ਹੋਏ ਹਨ।**

**ਅੱਜ ਹਾਲਾਤ ਇਤਨੇ ਚਿੰਤਾਜਨਕ ਹੋ ਚੁੱਕੇ ਹਨ ਕਿ ਸ਼੍ਰੋਮਣੀ ਅਕਾਲੀ ਦਲ ਨੇ ਕਾਫ਼ੀ ਅਰਸੇ ਤੋਂ ਬ੍ਰਾਹਮਣਵਾਦੀਆਂ ਦੀ ਮੂਲਕ ਜਥੇਬੰਦੀ ਆਰ.ਐਸ.ਐਸ. ਦੇ ਸਿਆਸੀ ਵਿੰਗ ਭਾਰਤੀ ਜਨਤਾ ਪਾਰਟੀ (ਪੁਰਾਣਾ ਨਾਂ ਜਨਸੰਘ) ਨੂੰ ਬਿਨਾ-ਸ਼ਰਤ ਮੁਕੰਮਲ ਸਮਰਥਨ ਦੇਣ ਦਾ ਐਲਾਨ ਕੀਤਾ ਹੋਇਆ ਹੈ ਅਤੇ ਕੌਮੀ ਏਜੰਡੇ ਨੂੰ ਮੁਕੰਮਲ ਤੌਰ 'ਤੇ ਤਿਆਗ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਕਾਲ ਤਖ਼ਤ ਅਤੇ ਪੰਜਾਬ ਵਿਚਲੇ ਦੂਜੇ ਦੋ ਤਖ਼ਤਾਂ ਦੇ ਪ੍ਰਬੰਧਕੀ ਨਿਜ਼ਾਮਾਂ ਨੂੰ ਵੋਟਾਂ ਦੇ ਵਿਧਾਨ ਦੀ ਦੁਰਵਰਤੋਂ ਕਰਕੇ ਪੂਰਨ ਤੌਰ 'ਤੇ ਆਪਣਾ ਗ਼ੁਲਾਮ ਬਣਾ ਲਿਆ ਹੈ। ਇਹ ਸਾਰਾ ਲਾਣਾ, ਸਿੱਖ ਕੌਮ ਨੂੰ ਅਨੇਕ ਪ੍ਰਕਾਰ ਦੇ ਭੰਬਲਭੂਸਿਆਂ ਵਿੱਚ ਪਾ ਕੇ ਸਿੱਖ ਇਤਿਹਾਸ ਅਤੇ ਗੁਰੂ ਨਾਨਕ ਫ਼ਲਸਫ਼ੇ ਨੂੰ ਬ੍ਰਾਹਮਣੀ ਰੰਗ ਵਿੱਚ ਰੰਗ ਕੇ, ਸਿੱਖ ਕੌਮ ਨੂੰ ਬਿਪਰਵਾਦ ਦੇ ਡੂੰਘੇ ਖਾਰੇ ਸਮੁੰਦਰ ਵਿੱਚ ਡਬੋ ਦੇਣ ਲਈ ਪੱਬਾਂਭਾਰ ਹੋਇਆ ਫਿਰ ਰਿਹਾ ਹੈ।** ਇਹ ਸ਼ਾਇਦ ਇਸ ਭਰਮ–ਜਾਲ ਵਿੱਚ ਫਸੇ ਹੋਏ ਹਨ ਕਿ ਭਾਰਤ ਵਿੱਚ ਸਿੱਖ ਕੌਮ ਦਾ ਆਸ਼ੀਆਨਾ ਜਲਾ ਕੇ ਵੀ ਇਨ੍ਹਾਂ ਦੇ ਪਰਿਵਾਰ ਸੁਰੱਖਿਅਤ ਰਹਿ ਸਕਣਗੇ!ਇੰਜ ਪ੍ਰਤੀਤ ਹੁੰਦਾ ਹੈ ਕਿ ਇਨ੍ਹਾਂ ਨੇ ਇਤਿਹਾਸ ਤੋਂ ਕੋਈ ਸਹੀ ਸਬਕ ਸਿਖਿਆ ਹੀ ਨਹੀਂ ਹੈ।

## ਸਿੱਖ-ਮੱਤ ਹਿੰਦੂ ਮਜ਼੍ਹਬ ਦੀ ਸ਼ਾਖ਼ ?

ਭਾਰਤ ਦੀ ਅੰਗ੍ਰੇਜ਼ਾਂ ਤੋਂ ਆਜ਼ਾਦੀ ਸਮੇਂ ਭਾਰਤ ਦੀ ਸੰਵਿਧਾਨ-ਘੜਨੀ ਕਮੇਟੀ ਨੇ ਡਾ. ਅੰਬੇਦਕਰ ਦੀ ਵਰਤੋਂ (ਅਸਲ ਵਿੱਚ ਸ਼ੋਸ਼ਨ) ਕਰਕੇ ਸੰਵਿਧਾਨ ਦੀ ਧਾਰਾ 25 ਅੰਦਰ ਸਿੱਖ-ਮੱਤ, ਬੁੱਧ-ਮੱਤ ਅਤੇ ਜੈਨ-ਮੱਤ ਨੂੰ ਹਿੰਦੂ-ਮਜ਼੍ਹਬ ਦੀਆਂ ਸ਼ਾਖਾਂ ਦੇ ਤੌਰ ਤੇ ਦਰਜ ਕਰਕੇ, ਸਿਧਾਂਤ ਅਤੇ ਇਤਿਹਾਸ ਦਾ ਬਲਾਤਕਾਰ ਕੀਤਾ ਹੈ। ਇਸ ਵਿਸ਼ੇ 'ਤੇ ਜ਼ਰੂਰੀ ਸੰਖੇਪ ਵਿਚਾਰ ਇਸ ਪੁਸਤਕ ਵਿੱਚ ਯੋਗ ਥਾਂ 'ਤੇ ਕੀਤੀ ਗਈ ਹੈ। ਬਿਪਰਵਾਦੀਆਂ ਦੀ ਇਸ ਗ਼ੈਰ-ਇਖ਼ਲਾਕੀ ਅਤੇ ਸ਼ਰਾਰਤ-ਆਮੇਜ਼ ਧੱਕੇਸ਼ਾਹੀ ਨੂੰ ਖ਼ਤਮ ਕਰਵਾਉਂਣਾ ਵੀ ਸਿੱਖ ਕੌਮ ਦੇ ਸਾਹਮਣੇ ਇੱਕ ਅਹਿਮ ਬੁਨਿਆਦੀ ਚੁਣੌਤੀ ਹੈ।

## ਰਾਸ਼ਟਰੀਆ ਸਿੱਖ ਸੰਗਤਿ ?

**ਬਿਪਰਵਾਦ ਦੀ ਮੂਲ ਜਥੇਬੰਦੀ ਆਰ.ਐਸ.ਐਸ. (ਰਾਸ਼ਟਰੀਆ ਸੋਇਮ ਸੇਵਕ ਸੰਘ) ਨੇ ਸਿੱਖ ਕੌਮ ਨੂੰ ਭੰਬਲਭੂਸੇ ਵਿੱਚ ਪਾ ਕੇ ਸਿੱਖ ਕੌਮ ਦਾ ਭਗਵਾਕਰਨ ਕਰਨ ਦੀ ਬਦਨੀਤੀ ਨਾਲ ਸਿੱਖੀ ਸਰੂਪ ਵਿੱਚ (ਜਿਨ੍ਹਾਂ ਵਿੱਚ ਬਹੁਤ ਸਾਰੇ ਖੰਡੇ-ਬਾਟੇ ਦੀ ਪਾਹੁਲ ਦੇ ਨਕਲੀ ਧਾਰਨੀ ਵੀ ਬਣ ਚੁੱਕੇ ਹਨ) ਆਰ.ਐਸ.ਐਸ. (ਰਾਸ਼ਟਰੀਆ ਸਿੱਖ ਸੰਗਤਿ) ਨਾਂ ਦੀ ਜਥੇਬੰਦੀ ਖੜ੍ਹੀ ਕੀਤੀ ਹੋਈ ਹੈ। ਇਸ ਜਥੇਬੰਦੀ ਦਾ ਕੰਮ ਹੈ ਗੁਰਮਤਿ ਸਿਧਾਂਤ, ਸਿੱਖ ਇਤਿਹਾਸ, ਸਿੱਖ ਸਭਿਆਚਾਰ, ਸਿੱਖ ਸਾਹਿਤ ਨੂੰ ਭਗਵੇਂ-ਰੰਗ ਵਿੱਚ ਰੰਗ ਕੇ ਪ੍ਰਚਾਰ ਕਰਨਾ ਤਾਕਿ ਸਿੱਖ-ਮੱਤ ਨੂੰ ਅਖੌਤੀ ਹਿੰਦੂ ਮਜ਼੍ਹਬ ਵਿੱਚ ਸਮੋਅ ਲਿਆ ਜਾਵੇ।** ਸਿੱਖ ਕੌਮ ਦੇ ਸਨਮੁਖ ਬਿਪਰਵਾਦ ਵੱਲੋਂ ਪੈਦਾ ਕੀਤੀ ਗਈ ਇਹ ਭੀ ਇੱਕ ਗੰਭੀਰ ਚੁਣੌਤੀ ਹੈ।

## ਡੈਮੋ.ਗਰੈ.ਫਕ ਪੱਧਰ ਤੇ ਹਮਲੇ

ਘੱਟ ਗਿਣਤੀ ਕੌਮਾਂ ਅਤੇ ਘੱਟ-ਗਿਣਤੀ ਸਮਾਜਿਕ ਵਰਗਾਂ ਦੀ ਹੋਂਦ ਨੂੰ ਖ਼ਤਮ ਕਰਨ ਲਈ ਬਿਪਰਵਾਦੀ ਸ਼ਕਤੀਆਂ ਰਾਹੀਂ (ਕੇਂਦਰੀ ਅਤੇ ਸੂਬਾਈ/ਸਰਕਾਰਾਂ ਦੀ ਸਰਪ੍ਰਸਤੀ ਹੇਠ) ਬਾਹਰਲੇ ਸੂਬਿਆਂ ਤੋਂ ਵਿਉਂਤਬੰਦ ਢੰਗ ਨਾਲ ਓਪਰੀ ਵਸੋਂ ਨੂੰ ਘੱਟ-ਗਿਣਤੀਆਂ ਦੀ ਵਸੋਂ ਵਾਲੇ ਸੂਬਿਆਂ ਵਿੱਚ ਪੱਕੇ ਤੌਰ 'ਤੇ ਵਸਾਇਆ ਜਾ ਰਿਹਾ ਹੈ। ਇਸੇ ਸਾਜਿਸ਼ ਅਧੀਨ ਪੰਜਾਬ 'ਚ ਪੂਰਬੀ ਭੱਈਏ, ਰਾਜਿਸਥਾਨੀ ਅਤੇ ਹੋਰ ਸੂਬਿਆਂ ਤੋਂ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਲਿਆ ਕੇ ਵਸਾਇਆ ਜਾ ਰਿਹਾ ਹੈ। **ਇਸ ਤਰ੍ਹਾਂ ਘੱਟ-ਗਿਣਤੀ ਕੌਮਾਂ ਦੇ ਰਾਜਸੀ, ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਸਾਹਿਤਕ ਵਿਰਸੇ ਦੀ ਸ਼ੁੱਧਤਾ ਨੂੰ ਮਿਲ-ਗੋਭਾ ਕਰਕੇ ਭਗਵਾਕਰਨ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ।**

**ਸਿੱਖ ਬਹੁਗਿਣਤੀ ਵਾਲੇ ਸੂਬੇ ਪੰਜਾਬ ਵਿੱਚ ਸਿੱਖਾਂ ਨੂੰ ਰਾਜਸੀ ਅਤੇ ਆਰਥਕ ਪੱਖ ਤੋਂ ਕਮਜ਼ੋਰ ਕਰਨ ਲਈ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਨੂੰ ਪੰਜਾਬ ਤੋਂ ਖੋਹ ਕੇ ਕੇਂਦਰੀ ਖੇਤਰ ਬਣਾਉਂਣਾ, ਪੰਜਾਬ ਦੇ 75 ਫ਼ੀ ਸਦੀ ਦਰਿਆਈ ਪਾਣੀਆਂ ਨੂੰ, ਦੇਸ਼ ਅਤੇ ਕੌਮਾਂਤਰੀ ਪੱਧਰ 'ਤੇ ਪ੍ਰਵਾਨ ਹੋ ਚੁੱਕੇ 'ਰਿਪੇਰੀਅਨ ਐਕਟ' ਨੂੰ ਛਿੱਕੇ ਤੇ ਟੰਗ ਕੇ, ਧੱਕੇ ਨਾਲ ਦੂਜੇ ਰਾਜਾਂ (ਹਰਿਆਣਾ, ਰਾਜਿਸਥਾਨ, ਦਿੱਲੀ) ਨੂੰ ਮੁਫ਼ਤ ਦੇਣਾ, ਪੰਜਾਬ ਦੇ ਹਾਈਡਲ ਡੈਮਾਂ 'ਤੇ ਕੇਂਦਰੀ ਕੰਟਰੋਲ ਕਰਨਾ, ਭਾਖੜਾ ਡੈਮ ਤੋਂ ਪੈਦਾ ਕੀਤੀ ਬਿਜਲੀ**





**ਮੁਫ਼ਤੋ-ਮੁਫ਼ਤੀ ਖੋਹ ਕੇ ਦੂਜੇ ਰਾਜਾਂ ਨੂੰ ਕੇਂਦਰ ਵੱਲੋਂ ਵੇਚਣਾ, ਪੰਜਾਬ ਲਈ ਕਿਰਸਾਣ-ਮਾਰੂ ਨੀਤੀਆਂ ਅਮਲ ਵਿੱਚ ਲਿਆ ਕੇ ਪੰਜਾਬ ਦੀ ਕਿਰਸਾਨੀ (ਜੋ ਵਧੇਰੇ ਕਰਕੇ ਸਿੱਖ ਹੈ) ਨੂੰ ਘਸਿਆਰੇ ਬਣਾ ਕੇ ਖੁਦਕਸ਼ੀਆਂ ਕਰਨ ਦੇ ਰਾਹ ਤੇ ਤੋਰਨਾ, ਪੰਜਾਬ ਵਿੱਚ ਬਿਜਲੀ ਪੈਦਾ ਕਰਨ ਲਈ ਦਰਿਆਈ ਪਾਣੀਆਂ ਤੇ ਆਧਾਰਤ ਹਾਈਡਲ ਡੈਮ ਬਣਾਉਂਣ ਦੀ ਬਜਾਏ ਕੋਲੇ 'ਤੇ ਆਧਾਰਤ ਥਰਮਲ ਪਲਾਂਟ ਲਾ ਕੇ ਪੰਜਾਬ ਦੀ ਆਰਥਕਤਾ ਅਤੇ ਵਾਤਾਵਰਣ ਨੂੰ ਤਬਾਹ ਕਰਨ ਦੇ ਮਨਸੂਬੇ ਅਮਲ ਵਿੱਚ ਲਿਆਉਂਣਾ, ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦੀ ਲੱਖਾਂ ਟਿਊਬਵੈਲ ਲਗਵਾਕੇ ਮੁਜ਼ਰਮਾਨਾ ਪੱਧਰ 'ਤੇ ਦੁਰਵਰਤੋਂ ਰਾਹੀਂ ਇਸ ਸੂਬੇ ਨੂੰ ਮਾਰੂਥਲ ਵਿੱਚ ਤਬਦੀਲ ਕਰਨ ਦੇ ਯਤਨ ਕਰਨੇ, ਪੰਜਾਬ ਵਿਚ ਬ੍ਰਾਹਮਣਵਾਦੀ ਲਾਬੀ ਦੇ ਗ਼ੁਲਾਮ ਸਿਆਸਤਦਾਨਾਂ ਰਾਹੀਂ ਸਿੱਖ ਨੌਜਵਾਨੀ ਨੂੰ ਵਿਦਿਆ ਦੇ ਪੱਖੋਂ ਕੋਰੇ ਰੱਖਕੇ, ਨਸ਼ਿਆਂ ਦੇ ਸਮੁੰਦਰ ਵਿੱਚ ਡੋਬ ਕੇ, ਵਿਹਲੜ ਬਣਾ ਕੇ ਨਿਕੰਮੇ ਬਣਾਉਂਣਾ, ਪੰਜਾਬ ਦੇ ਧਾਰਮਕ ਮਾਮਲਿਆਂ ਵਿੱਚ ਸਿਆਸੀ ਅਤੇ ਨਿਆਂਇਕ ਪੱਧਰ 'ਤੇ ਬੇ-ਲੋੜੀ ਦਖ਼ਲ-ਅੰਦਾਜ਼ੀ ਕਰਨਾ, ਪੰਜਾਬ ਅਤੇ ਹੋਰ ਸੂਬਿਆਂ ਵਿੱਚ ਸਿੱਖਾਂ ਦੀ ਨਸਲਕੁਸ਼ੀ ਦੇ ਪ੍ਰੋਗਰਾਮ ਨੂੰ ਜਾਰੀ ਰੱਖਣਾ ਆਦਿ ਕੁਝ ਕੁ ਅਹਿਮ ਮਿਸਾਲਾਂ ਹਨ ਬ੍ਰਾਮਣਵਾਦੀਆਂ ਵੱਲੋਂ ਲੋਕ ਰਾਜ ਦੇ ਥੰਮ੍ਹਾਂ ਨੂੰ ਪ੍ਰਭਾਵਤ ਕਰਕੇ ਸਿੱਖ ਕੌਮ ਦਾ ਵਿਨਾਸ਼ ਕਰਨ ਦੀਆਂ।**

## ਵਰਤਮਾਨ ਹਾਲਾਤ

1984 ਤੋਂ ਲੈ ਕੇ ਕੀਤੀ ਜਾ ਰਹੀ ਸਿੱਖ ਕੌਮ ਦੀ ਨਸਲਕੁਸ਼ੀ, ਸਿੱਖ ਬੀਬੀਆਂ ਦੀ ਬੇਪਤੀ, ਸਿੱਖ ਕੌਮ ਦੀਆਂ ਕੇਂਦਰੀ ਅਤੇ ਖੇਤਰੀ ਸੰਸਥਾਵਾਂ (ਅਕਾਲ ਤਖ਼ਤ, ਦਰਬਾਰ ਸਾਹਿਬ, ਇਤਿਹਾਸਕ ਅਤੇ ਬਹੁਤ ਸਾਰੇ ਸਥਾਨਕ ਗੁਰਦਵਾਰੇ) ਅਤੇ ਸਿੱਖ ਰੈਫ਼ਰੈਂਸ ਲਾਇਬ੍ਰੇਰੀ ਨੂੰ ਤਹਿਸ-ਨਹਿਸ ਕਰਨਾ, 1992 ਵਿੱਚ ਬਾਬਰੀ ਮਸਜਿਦ ਨੂੰ ਢਹਿ-ਢੇਰੀ ਕਰਨਾ, 22 ਜਨਵਰੀ 1999 ਨੂੰ ਉੜੀਸਾ ਨਿਉਂਝਾਰ ਜ਼ਿਲ੍ਹੇ ਦੇ ਪਿੰਡ ਮਨੋਹਰਪੁਰ ਵਿਖੇ ਇੱਕ ਬ੍ਰਾਹਮਣਵਾਦੀ ਰਵਿੰਦਰ ਕੁਮਾਰ ਅਤੇ ਉਸ ਦੇ ਕੁਝ ਸਾਥੀ ਗੁੰਡਿਆਂ ਵੱਲੋਂ ਇਸਾਈ ਪ੍ਰਚਾਰਕ ਗ੍ਰਾਹਮ ਸਟੇਨਜ਼ ਤੇ ਉਸ ਦੇ ਪੁੱਤਰਾਂ ਫ਼ਿਲਿਪ (ਉਮਰ 7 ਸਾਲ) ਅਤੇ ਇਸੋਥੀ (ਉਮਰ 9 ਸਾਲ) ਨੂੰ ਉਨ੍ਹਾਂ ਦੀ ਜੀਪ ਵਿੱਚ ਰਾਤ ਨੂੰ ਸੁੱਤੇ ਪਿਆਂ ਨੂੰ ਜ਼ਿੰਦਾ ਜਲਾ ਦੇਣਾ, 2002 ਵਿੱਚ ਮੁਸਲਮਾਨਾਂ ਦੀ ਗੁਜਰਾਤ ਵਿੱਚ ਵਹਿਸ਼ੀਆਨਾ ਨਸਲਕੁਸ਼ੀ ਅਤੇ 2008 ਵਿੱਚ ਫਿਰ ਉੜੀਸਾ, ਕਰਨਾਟਕਾ ਅਤੇ ਦੱਖਣ-ਪੱਛਮੀ ਭਾਰਤ ਦੇ ਕੁਝ ਹੋਰ ਹਿੱਸਿਆਂ ਵਿੱਚ ਇਸਾਈਆਂ ਦੀ ਨਸਲਕੁਸ਼ੀ ਬਿਪਰਵਾਦੀ ਲਾਬੀ ਦੇ ਮਨਸੂਬਿਆਂ ਦੀ ਹਕੀਕਤ ਦੀ ਗਵਾਹੀ ਭਰਦੀਆਂ

ਹਨ। ਸਿੱਖਾਂ ਨੂੰ ਬਦਨਾਮ ਕਰਨ ਦੀ ਨੀਅਤ ਨਾਲ ਇਸ ਬਿਪਰਵਾਦੀ ਰਵਿੰਦਰ ਕੁਮਾਰ ਦਾ ਨਾਮ ਮੀਡੀਆ ਰਾਹੀਂ 'ਦਾਰਾ ਸਿੰਘ' ਪ੍ਰਚਾਰਿਆ ਜਾ ਰਿਹਾ ਹੈ। **ਇਨ੍ਹਾਂ ਵਹਿਸ਼ੀਆਨਾ ਕਾਰਵਾਈਆਂ ਨੂੰ 'ਭਾਰਤ ਦਾ ਅੰਦਰੂਨੀ ਮਸਲਾ' ਕਹਿ ਕੇ ਪੂਰੀ ਸਫ਼ਲਤਾ ਨਾਲ ਦੁਨੀਆਂ ਦੀਆਂ ਅੱਖਾਂ ਵਿੱਚ ਘੱਟਾ ਪਾਇਆ ਜਾ ਰਿਹਾ ਹੈ।**

## ਲੋਕ-ਰਾਜ ਦੇ ਚਾਰ ਥੰਮ੍ਹ ਬਿਪਰਵਾਦੀਆਂ ਦੇ ਪ੍ਰਭਾਵ ਅਧੀਨ

### ਲੋਕ-ਰਾਜ ਦੀ ਪ੍ਰੀਭਾਸ਼ਾ

ਵਿਸ਼ਵ ਪੱਧਰ 'ਤੇ ਲੋਕ-ਰਾਜ ਦੀ ਪ੍ਰਵਾਨ ਕੀਤੀ ਪ੍ਰੀਭਾਸ਼ਾ ਇਹ ਹੈ: **ਆਮ ਜਨਤਾ ਦਾ, ਆਮ ਜਨਤਾ ਦੀ ਭਲਾਈ ਅਤੇ ਵਿਕਾਸ ਲਈ, ਆਮ ਜਨਤਾ ਰਾਹੀਂ ਰਾਜ ਪ੍ਰਬੰਧ।** ਇਸ ਰਾਜ-ਪ੍ਰਣਾਲੀ ਦੇ, ਕੌਮਾਂਤਰੀ ਸਹਿਮਤੀ ਅਨੁਸਾਰ, ਇਹ ਚਾਰ ਥੰਮ੍ਹ ਸਵੀਕਾਰ ਕੀਤੇ ਗਏ ਹਨ:

1. ਵਿਧਾਨ-ਪਾਲਿਕਾ (ਲੋਕਸਭਾ, ਰਾਜਸਭਾ ਅਤੇ ਸੂਬਿਆਂ ਦੀਆਂ ਵਿਧਾਨ ਸਭਾਵਾਂ)।
2. ਕਾਰਜ ਪਾਲਿਕਾ (ਕੇਂਦਰੀ ਅਤੇ ਰਾਜ ਸਰਕਾਰਾਂ)।
3. ਨਿਆਂ-ਪਾਲਿਕਾ (ਦੇਸ਼ ਦੀਆਂ ਹੇਠਲੇ ਪੱਧਰ ਤੋਂ ਉੱਪਰ ਤੱਕ ਦੀਆਂ ਅਦਾਲਤਾਂ)।
4. ਮੀਡੀਆ।

**ਅੱਜ ਹਾਲਾਤ ਇਤਨੇ ਚਿੰਤਾਜਨਕ ਬਣ ਚੁੱਕੇ ਹਨ ਕਿ ਲੋਕ-ਰਾਜ ਦੇ ਇਨ੍ਹਾਂ ਸਾਰਿਆਂ ਥੰਮ੍ਹਾਂ ਅੰਦਰ ਬ੍ਰਾਹਮਣਵਾਦੀ ਅਨਸਰ ਆਪਣੀ ਪਕੜ ਮਜ਼ਬੂਤ ਕਰ ਚੁੱਕੇ ਹਨ ਅਤੇ ਇਸ ਅਖੌਤੀ ਲੋਕ-ਰਾਜ ਪ੍ਰਣਾਲੀ ਦੀ ਦੁਰਵਰਤੋਂ ਕਰਕੇ ਭਾਰਤ ਨੂੰ ਹਿੰਦੂ ਰਾਸ਼ਟਰ (ਅਸਲ ਵਿੱਚ ਮਨੂੰਵਾਦੀ ਰਾਸ਼ਟਰ) ਵਿੱਚ ਤਬਦੀਲ ਕਰਨ ਲਈ ਪੂਰਾ ਤਾਣ ਲਾ ਰਹੇ ਹਨ।** ਪਰ ਬਾਹਰਲੀ ਦੁਨੀਆਂ ਨੂੰ ਇਹ ਪ੍ਰਭਾਵ ਦਿੱਤਾ ਜਾ ਰਿਹਾ ਹੈ ਕਿ ਭਾਰਤ ਇੱਕ ਅਮਨ-ਪਸੰਦ, ਮਨੁੱਖੀ ਹੱਕਾਂ ਦੀ ਕਦਰ ਕਰਨ ਵਾਲਾ, ਵਿਸ਼ਵ ਦਾ ਸਭ ਤੋਂ ਵੱਡਾ ਫ਼ੈਡਰਲ ਲੋਕ-ਰਾਜ ਹੈ। ਅੱਜ ਲੋੜ ਹੈ ਕਿ ਮਨੂੰਵਾਦੀਆਂ ਦੀ ਜਕੜ ਵਿਚ ਫਸੀ ਭਾਰਤ ਦੀ ਮੌਜੂਦਾ ਰਾਜ-ਪ੍ਰਣਾਲੀ ਦਾ ਅਸਲੀ ਚਿਹਰਾ ਦੁਨੀਆਂ ਨੂੰ ਦਿਖਾ ਦਿੱਤਾ ਜਾਵੇ ਅਤੇ ਇਸ ਉਪ-ਮਹਾਂਦੀਪ ਵਿੱਚ ਸਹੀ ਮਾਅਨਿਆਂ ਵਿੱਚ ਫ਼ੈਡਰਲ ਲੋਕ-ਰਾਜ (ਆਮ ਲੋਕਾਂ ਦਾ, ਆਮ ਲੋਕਾਂ ਦੀ ਭਲਾਈ ਅਤੇ ਤਰੱਕੀ ਲਈ, ਆਮ ਲੋਕਾਂ ਰਾਹੀਂ ਰਾਜ) ਦੇ ਗੁਆਚ ਚੁੱਕੇ ਸੁਪਨੇ ਨੂੰ ਅਮਲੀ ਜਾਮਾ ਪਹਿਨਾਇਆ ਜਾਵੇ।

## ਕੀ ਭਾਰਤ ਸੱਚਮੁੱਚ ਹੀ ਇਕ ਫ਼ੈਡਰਲ 'ਲੋਕ-ਰਾਜ' ਹੈ ?

ਭਾਰਤ ਦਾ ਆਈਨ ਕਹਿਣ ਨੂੰ ਤਾਂ ਲੋਕ-ਰਾਜੀ ਅਤੇ ਫ਼ੈਡਰਲ ਹੈ, ਪਰ ਅਮਲੀ ਤੌਰ ਤੇ ਇਥੇ 1947 ਤੋਂ ਹੀ ਇੱਕ ਵਿਲੱਖਣ ਕਿਸਮ ਦੀ ਕੋਟਰੀ (Coterie) ਦੀ ਹਕੂਮਤ





ਹੀ ਚਲਦੀ ਆ ਰਹੀ ਹੈ। ਇਸ ਕੋਟਰੀ ਦੀ ਸ਼ਕਤੀ ਦਾ ਕੇਂਦਰੀਬਿੰਦੂ ਹੈ ਬਿਪਰਵਾਦ ਜਾਂ ਬ੍ਰਾਹਮਣਵਾਦ। ਕਿਸੇ ਮੁਲਕ ਦੀ ਰਾਜ-ਪ੍ਰਣਾਲੀ ਨੂੰ ਕੇਵਲ ਵੋਟਾਂ ਦੇ ਵਿਧਾਨ 'ਤੇ ਆਧਾਰਤ ਕਰਨ ਨਾਲ ਹੀ ਉਹ ਦੇਸ਼ ਲੋਕਰਾਜ ਨਹੀਂ ਬਣ ਜਾਂਦਾ। **ਹਿਟਲਰ ਕੋਲ ਵੀ ਵੋਟਾਂ ਦੇ ਆਧਾਰ 'ਤੇ ਚੋਣਾਂ ਜਿੱਤ ਕੇ ਰਾਜ ਭਾਗ ਕਰਨ ਲਈ ਬਹੁ-ਸੰਮਤੀ ਮੌਜੂਦ ਸੀ, ਪਰ ਕੀ ਉਸ ਦੀ ਹਕੂਮਤ ਨੂੰ ਅਸੀਂ ਲੋਕ-ਰਾਜ ਕਹਿ ਸਕਦੇ ਹਾਂ ?**

ਜੇਕਰ ਭਾਰਤ ਸੱਚ-ਮੁੱਚ ਹੀ ਇਕ ਫ਼ੈਡਰਲ ਲੋਕ-ਰਾਜ ਪ੍ਰਣਾਲੀ ਹੈ ਤਾਂ ਇਥੇ 1947 ਤੋਂ ਲੈ ਕੇ ਹੁਣ ਤੱਕ ਕੁਝ ਇੱਕ ਪਰਿਵਾਰ ਹੀ ਸੱਤਾ ਤੇ ਕਿਉਂ ਕਾਬਜ਼ ਹੁੰਦੇ ਚਲੇ ਆ ਰਹੇ ਹਨ ? ਇਹ ਕਿਸ ਭਾਂਤ ਦਾ ਫ਼ੈਡਰਲ ਲੋਕ-ਰਾਜ ਹੈ ?

## ਡਾ: ਅੰਬੇਡਕਰ ਨੇ ਘੱਟ-ਗਿਣਤੀਆਂ ਅਤੇ ਭਾਰਤੀ ਸੰਵਿਧਾਨ ਬਾਰੇ ਕੀ ਕਿਹਾ ?

"ਜਨਾਬ ਮੇਰੇ ਮਿੱਤਰ ਕਹਿੰਦੇ ਹਨ ਕਿ ਮੈਂ ਸੰਵਿਧਾਨ ਬਣਾਇਆ ਸੀ। ਪਰ ਮੈਨੂੰ ਇਹ ਕਹਿਣ ਵਿੱਚ ਕੋਈ ਝਿਜਕ ਨਹੀਂ ਕਿ ਮੈਂ ਇਸ ਨੂੰ ਸਾੜਨ ਵਾਲਾ ਵੀ ਪਹਿਲਾ ਵਿਅਕਤੀ ਹੋਵਾਂਗਾ। ਇਹ ਮੈਨੂੰ ਨਹੀਂ ਚਾਹੀਦਾ। ਇਹ ਕਿਸੇ ਲਈ ਵੀ ਢੁਕਵਾਂ ਨਹੀਂ। ਉਨ੍ਹਾਂ ਨੂੰ **ਯਾਦ ਰੱਖਣਾ ਚਾਹੀਦੈ ਕਿ ਦੇਸ਼ ਵਿੱਚ ਇੱਕ ਬਹੁ-ਗਿਣਤੀ ਹੈ ਤੇ ਕਈ ਘੱਟ-ਗਿਣਤੀਆਂ ਤੇ ਉਹ ਘੱਟ-ਗਿਣਤੀਆਂ ਨੂੰ ਕੇਵਲ ਇਹ ਕਹਿ ਕੇ ਨਜ਼ਰਅੰਦਾਜ਼ ਨਹੀਂ ਕਰ ਸਕਦੇ ਕਿ, 'ਨਹੀਂ ਨਹੀਂ, ਤੁਹਾਨੂੰ ਮਾਨਤਾ ਦੇਵਾਂਗੇ ਤਾਂ ਲੋਕ-ਰਾਜ ਨੂੰ ਨੁਕਸਾਨ ਪੁੱਜੇਗਾ'। ਮੈਂ ਤਾਂ ਕਹਾਂਗਾ ਕਿ ਘੱਟ-ਗਿਣਤੀਆਂ ਦੇ ਦਿਲਾਂ ਨੂੰ ਜ਼ਖ਼ਮੀ ਕਰਨ ਨਾਲ ਦੇਸ਼ ਨੂੰ ਸਭ ਤੋਂ ਵੱਡਾ ਖ਼ਤਰਾ ਪੈਦਾ ਹੋ ਜਾਵੇਗਾ।"**

[ਰੋਜ਼ਾਨਾ ਸਪੋਕਸਮੈਨ ਚੰਡੀਗੜ੍ਹ, 26 ਜਨਵਰੀ 2009 : (1953 ਵਿੱਚ ਆਂਧਰਾ ਸਟੇਟ ਬਿਲ ਉੱਤੇ ਬਹਿਸ ਵਿੱਚ ਹਿੱਸਾ ਲੈਂਦਿਆਂ ਡਾ: ਅੰਬੇਦਕਰ ਦੀ ਤਕਰੀਰ ਵਿੱਚੋਂ)]

## ਦੋ ਮਹੱਤਵਪੂਰਨ ਘੱਟ-ਗਿਣਤੀਆਂ (ਸਿੱਖ ਅਤੇ ਮੁਸਲਮਾਨ) ਅਤੇ ਭਾਰਤੀ ਸੰਵਿਧਾਨ

"ਜਦੋਂ ਭਾਰਤੀ ਸੰਵਿਧਾਨ ਤਿਆਰ ਕੀਤਾ ਜਾ ਰਿਹਾ ਸੀ ਤਾਂ ਘੱਟ-ਗਿਣਤੀਆਂ ਨੇ ਕਈ ਪ੍ਰਸਤਾਵ ਰੱਖੇ। ਉਨ੍ਹਾਂ ਦੀ ਹਰ ਮੰਗ ਅਸਵੀਕਾਰ ਕਰ ਦਿੱਤੀ ਗਈ। ਸਿੱਖਾਂ ਦੇ ਦੋ ਪ੍ਰਤੀਨਿਧ ਸ. ਹੁਕਮ ਸਿੰਘ ਤੇ ਸ. ਭੁਪਿੰਦਰ ਸਿੰਘ ਮਾਨ ਸੰਵਿਧਾਨ ਘੜਨੀ ਸਭਾ ਦੇ ਮੈਂਬਰ ਸਨ। **ਦੋਹਾਂ ਨੇ ਸੰਵਿਧਾਨ ਤੇ ਦਸਤਖ਼ਤ ਕਰਨ ਤੋਂ ਨਾਂਹ ਕਰ ਦਿੱਤੀ ਤੇ ਐਲਾਨ ਕੀਤਾ ਕਿ ਇਹ ਸਿੱਖਾਂ ਨੂੰ ਮਨਜ਼ੂਰ ਨਹੀਂ ਕਿਉਂਕਿ ਇਹ ਉਨ੍ਹਾਂ ਨੂੰ ਦਿੱਤੇ ਭਰੋਸਿਆਂ ਅਨੁਸਾਰ ਨਹੀਂ ਤੇ ਘੱਟ-ਗਿਣਤੀਆਂ ਦੇ ਹਿੱਤਾਂ ਦੀ ਰਾਖੀ ਨਹੀਂ ਕਰਦਾ।**

ਮੁਸਲਮਾਨਾਂ ਵੱਲੋਂ ਮੌਲਾਨਾ ਆਜ਼ਾਦ (ਜੋ ਕੈਬਨਿਟ ਮੰਤਰੀ ਵੀ ਸਨ) ਨੇ ਬੜੀ ਕੋਸ਼ਿਸ਼ ਕੀਤੀ ਕਿ ਘੱਟੋ-ਘੱਟ ਕੁਝ ਸਮੇਂ ਤੱਕ ਲਈ ਵੱਖਰੀਆਂ ਚੋਣਾਂ ਦੀ ਪ੍ਰਣਾਲੀ ਕਾਇਮ

ਰੱਖੀ ਜਾਵੇ ਤਾਕਿ ਹਿੰਦੂ ਤੇ ਮੁਸਲਮਾਨਾਂ ਦੇ ਸਹੀ ਪ੍ਰਤੀਨਿਧ ਆਪਸ ਵਿੱਚ ਮਿਲ ਬੈਠ ਕੇ ਬਰਾਬਰੀ ਦੇ ਆਧਾਰ 'ਤੇ ਕੋਈ ਪੱਕਾ ਸਮਝੌਤਾ ਕਰ ਲੈਣ। ਪਰ ਉਨ੍ਹਾਂ ਦੀ ਕਿਸੇ ਨਾ ਸੁਣੀ। ਦੋ ਹੋਰ **ਮੁਸਲਮਾਨ ਮੈਂਬਰਾਂ ਨੇ ਬੜੇ ਯਤਨ ਕੀਤੇ, ਪਰ ਉਨ੍ਹਾਂ ਦੀ ਵੀ ਕੋਈ ਨਾ ਸੁਣੀ ਗਈ। ਆਖ਼ਰ, ਉਨ੍ਹਾਂ 'ਚੋਂ ਇੱਕ (ਜ਼ੈਡ. ਏ. ਲਹਿਰੀ) ਦੁਖੀ ਹੋਕੇ ਹਮੇਸ਼ਾ ਲਈ ਭਾਰਤ ਛੱਡ ਕੇ ਪਾਕਿਸਤਾਨ ਚਲਾ ਗਿਆ।"** (ਰੋਜ਼ਾਨਾ ਸਪੋਕਸਮੈਨ, ਚੰਡੀਗੜ੍ਹ 26 ਜਨਵਰੀ 2009)।

## ਅਤਿਵਾਦ ਦੀ ਚੁਣੌਤੀ-ਅਤਿਵਾਦ ਕੀ ਹੈ ਅਤੇ ਕੌਣ ਹਨ ਅਤਿਵਾਦੀ ?

ਗੁਰੂ ਨਾਨਕ ਸਾਹਿਬ ਵੱਲੋਂ ਗੁਰਬਾਣੀ (ਗੁਰੂ ਗ੍ਰੰਥ ਸਾਹਿਬ) ਦੇ ਰੂਪ ਵਿੱਚ ਪ੍ਰਗਟ ਕੀਤਾ ਆਲਮਗੀਰੀ ਫ਼ਲਸਫ਼ਾ ਸਮੁੱਚੀ ਮਨੁੱਖਤਾ ਨੂੰ ਸੰਬੋਧਤ ਹੈ। ਪ੍ਰਭੂ-ਪਿਤਾ ਹੀ ਸਾਰੀ ਸ੍ਰਿਸ਼ਟੀ ਦਾ ਰਚਨਹਾਰ, ਪਾਲਣਹਾਰ ਅਤੇ ਇਸ ਨੂੰ ਖ਼ਤਮ ਕਰਨ ਵਾਲਾ ਹੈ। ਉਹ ਸਮੁੱਚੀ ਕਾਇਨਾਤ ਦਾ ਸਾਂਝਾ ਮਾਪਾ (ਮਾਈ-ਬਾਪ) ਹੈ। ਇਸ ਲਈ **ਸਮੁੱਚੀ ਮਨੁੱਖਤਾ ਇੱਕ ਵੱਡਾ ਅਤੇ ਸਾਂਝਾ ਪਰਿਵਾਰ ਹੈ ਜਿਸ ਵਿੱਚ ਹਰ ਇੱਕ ਪ੍ਰਾਣੀ ਨਾਲ ਹਰ ਪੱਖ ਤੋਂ ਬਰਾਬਰਤਾ ਵਾਲਾ ਭਰਾਤਰੀਭਾਵ (ਪ੍ਰੇਮ-ਪਿਆਰ) ਕਾਇਮ ਰੱਖਣਾ ਅਤੀ ਲਾਜ਼ਮੀ ਹੈ। ਇਸ ਸਾਂਝੇ ਸੰਸਾਰਕ ਪਰਿਵਾਰ ਅੰਦਰ ਹਰ ਇੱਕ ਮਨੁੱਖ, ਸਮਾਜਕ ਵਰਗ ਅਤੇ ਕੌਮ ਨੂੰ ਕੁਦਰਤੀ ਆਜ਼ਾਦੀ, ਹੱਕ, ਸੱਚ ਅਤੇ ਇਨਸਾਫ਼ ਦੇ ਮਾਹੌਲ ਵਿੱਚ ਰਹਿ ਕੇ ਪ੍ਰਫੁੱਲਤ ਹੋਣ ਦਾ ਰੱਬੀ ਅਧਿਕਾਰ ਹਾਸਿਲ ਹੈ। ਮਨੁੱਖ ਦੇ ਇਨ੍ਹਾਂ ਮੌਲਿਕ ਅਧਿਕਾਰਾਂ ਤੇ ਛਾਪਾ ਮਾਰਨਾ ਹੀ ਅਤਿਵਾਦ ਹੈ।** ਮਨੁੱਖ ਦੇ ਮੌਲਿਕ ਅਧਿਕਾਰਾਂ 'ਤੇ ਛਾਪਾ ਮਾਰਨ ਵਾਲੇ ਹੀ ਅਤਿਵਾਦੀ ਹਨ। ਅਤਿਵਾਦ ਦੀ ਸ਼ਿਕਾਰ ਹੋਈ ਧਿਰ ਆਪਣੇ ਮੌਲਿਕ ਹੱਕਾਂ ਦੀ ਰਾਖੀ ਲਈ 'ਬਚਾਉ' ਦੀ ਕਾਰਵਾਈ ਕਰਦੀ ਹੈ। ਇਸ 'ਬਚਾਉ' ਦੇ ਖ਼ਿਲਾਫ਼ ਅਤਿਵਾਦੀ ਧਿਰ ਹੋਰ ਕਰੂਰ ਕਾਰਵਾਈ ਕਰਦੀ ਹੈ। ਪੀੜਤ ਧਿਰ ਫਿਰ ਇਸ ਕਰੂਰ ਕਾਰਵਾਈ ਤੋਂ 'ਬਚਾਉ' ਲਈ ਹੋਰ ਕਾਰਵਾਈ ਕਰਦੀ ਹੈ। ਬੱਸ, ਫਿਰ ਚੱਲ ਸੋ ਚੱਲ....। ਇੰਜ ਪੈਦਾ ਹੁੰਦਾ ਹੈ ਅਤਿਵਾਦ।

## ਭਾਰਤ ਵਿੱਚ ਅਤਿਵਾਦੀ ਕੌਣ ?

ਜਦੋਂ ਕੋਈ ਮਨੁੱਖ, ਸਮਾਜਿਕ ਵਰਗ, ਕੌਮ ਜਾਂ ਦੇਸ਼ ਮਨੁੱਖਤਾ ਦੇ ਕਿਸੇ ਵਰਗ ਦੇ ਮੌਲਿਕ ਹੱਕਾਂ 'ਤੇ ਸਿੱਧੇ ਜਾਂ ਅਸਿੱਧੇ ਢੰਗ ਨਾਲ ਡਾਕਾ ਮਾਰਕੇ ਉਸ ਨੂੰ ਆਪਣਾ ਗ਼ੁਲਾਮ ਬਣਾਕੇ ਰੱਖਣ ਦਾ ਯਤਨ ਕਰਦਾ ਹੈ ਜਾਂ ਗੈਰ-ਮਨੁੱਖੀ ਵਰਤਾਰਾ ਅਖ਼ਤਿਆਰ ਕਰਦਾ ਹੈ ਤਾਂ ਉਹ ਅਤਿਵਾਦੀ ਕਿਹਾ ਜਾਣਾ ਚਾਹੀਦਾ ਹੈ। ਇਸ ਪੁਸਤਕ ਵਿੱਚ ਅਸੀਂ ਉੱਘੇ ਇਤਿਹਾਸਕਾਰਾਂ ਅਤੇ ਵਿਦਵਾਨਾਂ ਦੀਆਂ ਭਾਰਤ ਵਿੱਚ ਪਿਛਲੇ ਢਾਈ ਕੁ ਹਜ਼ਾਰ ਸਾਲ ਸਮੇਂ ਦੌਰਾਨ ਵਾਪਰੀਆਂ ਕੁਝ ਅਹਿਮ ਇਤਿਹਾਸਕ ਘਟਨਾਵਾਂ ਬਾਰੇ ਟਿੱਪਣੀਆਂ ਦੇ ਦਰਸ਼ਨ ਕਰ ਚੁੱਕੇ ਹਾਂ। ਇਸ ਸਾਰੇ ਇਤਿਹਾਸਕ ਘਟਨਾਚੱਕਰ ਦੇ ਅਧਿਐਨ ਵਿੱਚੋਂ ਮੋਟੇ ਤੌਰ ਤੇ, ਦੋ ਕਿਸਮ ਦੇ ਅਤਿਵਾਦ ਦੇ ਦਰਸ਼ਨ ਹੋ ਰਹੇ ਹਨ :





੧. ਸੰਗਠਨਾਤਕ ਅਤਿਵਾਦ (Group Terrorism)
੨. ਸਰਕਾਰੀ ਅਤਿਵਾਦ (State Terrorism)

## ਸੰਗਠਨਾਤਕ ਅਤਿਵਾਦ (Group Terrorism)

ਇਸ ਰੂਪ ਵਿੱਚ ਅਤਿਵਾਦ ਨੂੰ ਜਨਮ ਦੇਣ ਵਾਲੀ ਪ੍ਰਮੁੱਖ ਵਿਚਾਰਧਾਰਾ ਦਾ ਨਾਮ ਹੈ 'ਮਨੂੰਵਾਦ'। ਇਹ ਵਿਚਾਰਧਾਰਾ ਮਨੁੱਖੀ ਸਮਾਜ ਦੀ ਹਰ ਪੱਖ ਤੋਂ ਪੁਖਤਾ ਦਰਜਾ-ਬਦਰਜੀ ਵੰਡ (ਨਾ-ਬਰਾਬਰੀ) ਦੇ ਗੈਰ-ਕੁਦਰਤੀ ਸਿਧਾਂਤ ਤੇ ਉੱਸਰੀ ਹੋਈ ਹੈ। ਇਸ ਵਿਚਾਰਧਾਰਾ ਅਨੁਸਾਰ ਅਖੌਤੀ ਉੱਚੀ ਜ਼ਾਤ ਦੇ ਮਨੁੱਖ (ਬ੍ਰਾਹਮਣ) ਅਤੇ ਅਖੌਤੀ ਨੀਵੀਂ ਜ਼ਾਤ ਦੇ ਮਨੁੱਖ (ਸ਼ੂਦਰ) ਦਰਮਿਆਨ ਉਤਨਾ ਹੀ ਫ਼ਰਕ ਹੁੰਦਾ ਹੈ ਜਿੰਨਾਂ ਇੱਕ ਬੰਦੇ ਅਤੇ ਕੁੱਤੇ-ਬਿੱਲੇ ਵਿੱਚ। ਭਾਰਤੀ ਉਪ-ਮਹਾਂਦੀਪ ਵਿੱਚ ਪਿਛਲੇ ਢਾਈ-ਤਿੰਨ ਹਜ਼ਾਰ ਸਾਲ ਤੋਂ ਹੁੰਦੇ ਆ ਰਹੇ ਨਸਲੀ ਝਗੜੇ ਅਤੇ ਨਸਲਕੁਸ਼ੀ ਦੇ ਹਿਰਦੇਵੇਦਿਕ ਵਰਤਾਰੇ ਦੀ ਜੜ੍ਹ ਹੈ ਇਹ ਮਨੂੰਵਾਦੀ ਲਾਬੀ। ਅੱਜ ਹਕੀਕਤ ਇਹ ਹੈ ਕਿ ਇਹ ਮਨੁੱਖੀ ਹੱਕਾਂ ਦੀ ਦੁਸ਼ਮਣ ਜਮਾਤ ਭਾਰਤ ਦੀ ਰਾਜ-ਪ੍ਰਣਾਲੀ ਦੇ ਹਰ ਇੱਕ ਅਹਿਮ ਅੰਗ (ਵਿਧਾਨ-ਪਾਲਕਾ, ਕਾਰਜਪਾਲਕਾ, ਨਿਆਂਇ-ਪਾਲਕਾ ਅਤੇ ਮੀਡੀਆ) ਨੂੰ ਡੂੰਘੇ ਰੂਪ ਵਿੱਚ ਪ੍ਰਭਾਵਤ ਕਰਨ ਦੀ ਸਥਿਤੀ ਵਿੱਚ ਆ ਚੁੱਕੀ ਹੈ। ਇਸ ਤੱਥ ਦੇ ਸਬੂਤ ਵਜੋਂ ਕੁਝ ਤਾਜਾ ਉਦਾਹਰਣਾਂ ਇੰਜ ਹਨ :

## ਉੜੀਸਾ, ਕਰਨਾਟਕ ਅਤੇ ਕੇਰਲਾ ਵਿੱਚ 'ਹਿੰਦੂ' ਅਤਿਵਾਦੀਆਂ ਵੱਲੋਂ ਵਹਿਸ਼ੀਆਨਾ ਜ਼ੁਲਮ

ਅਗੱਸਤ 2008 ਸਿੱਖ ਉੜੀਸਾ ਦੇ ਇੱਕ ਸਥਾਨਕ ਨੇਤਾ ਲਕਸ਼ਮਣ ਨੰਦ ਸਰਸਵਤੀ, ਮਾਉਵਾਦੀਆਂ ਹੱਥੋਂ ਮਾਰੇ ਗਏ। ਹਿੰਦੂ ਕੱਟੜਵਾਦੀ, ਖਾਸ ਕਰਕੇ ਬਜਰੰਗ ਦਲੀਏ 'ਹਿੰਦੁਤਵ ਬਰੀਗੇਡ' ਦੇ ਮੈਂਬਰਾਂ ਨੇ ਇਸ ਕਤਲ ਬਾਰੇ ਈਸਾਈਆਂ ਤੇ ਸ਼ੱਕ ਕੀਤਾ। ਵੱਡੇ ਪੱਧਰ 'ਤੇ ਈਸਾਈ ਚਰਚ ਸਾੜ ਦਿੱਤੇ ਗਏ, ਈਸਾਈਆਂ ਦੀਆਂ ਬਸਤੀਆਂ ਸਾੜ ਦਿੱਤੀਆਂ ਗਈਆਂ, ਈਸਾਈ ਇਸਤਰੀਆਂ ਨਾਲ ਪੁਲੀਸ ਦੀ ਹਾਜ਼ਰੀ ਵਿੱਚ ਸਮੂਹਕ ਬਲਾਤਕਾਰ ਕੀਤੇ ਗਏ। ਉੜੀਸਾ ਵਿੱਚ ਹਜ਼ਾਰਾਂ ਈਸਾਈ ਡਰਦੇ ਮਾਰੇ ਜੰਗਲਾਂ ਵਿੱਚ ਜਾ ਛੁਪੇ। ਇਨ੍ਹਾਂ ਸੂਬਿਆਂ ਦੀ ਪੁਲੀਸ, ਸਰਕਾਰਾਂ ਅਤੇ ਲੋਕ-ਰਾਜ ਦੇ ਦੂਜੇ ਥੰਮ੍ਹਾਂ ਦੇ ਕੰਨ ਤੇ ਜੂੰ ਵੀ ਨਾ ਸਰਕੀ। ਕਿਉਂ ? ਕਿਉਂਕਿ ਜ਼ੁਲਮ ਭਾਰਤ ਵਿੱਚ ਇੱਕ ਘੱਟ-ਗਿਣਤੀ ਦੀ ਕੌਮ ਤੇ ਹੋ ਰਿਹਾ ਸੀ ! ਇਹ ਵਹਿਸ਼ੀਆਨਾ ਜ਼ੁਲਮ ਕਈ ਮਹੀਨੇ ਤੱਕ ਹੁੰਦਾ ਰਿਹਾ। ਕਿਧਰ ਗਏ ਰਹੇ ਇਹ ਲੋਕ-ਰਾਜ ਦੇ ਥੰਮ੍ਹ ਇਸ ਜ਼ੁਲਮੀ ਦੌਰ ਦੇ ਸਮੇਂ ? ਭਾਰਤੀ ਸੰਵਿਧਾਨ ਅਧੀਨ ਨਿਆਏਂ-ਪਾਲਿਕਾ ਨੂੰ ਆਪਣੇ ਤੌਰ 'ਤੇ ਹੀ 'suo-motu' ਨੋਟਿਸ ਲੈ ਕੇ ਪੀੜਤ ਧਿਰ ਦੇ ਹੱਕਾਂ ਦੀ ਰਾਖੀ ਕਰਨ ਲਈ ਯੋਗ ਕਾਰਵਾਈ ਕਰਨ ਲਈ ਯੋਗ ਕਾਰਵਾਈ ਕਰਨ ਦਾ ਸੰਵਿਧਾਨਕ ਅਧਿਕਾਰ ਪ੍ਰਾਪਤ ਹੈ, ਪਰ ਬਦਕਿਸਮਤੀ ਨਾਲ ਇਸ ਦੇਸ਼ ਵਿੱਚ ਇਹ ਇੱਕ ਆਮ ਪ੍ਰਭਾਵ ਬਣਦਾ ਜਾ ਰਿਹਾ ਹੈ ਕਿ ਨਿਆਏਂ-ਪਾਲਕਾ ਇਸ ਸੰਵਿਧਾਨਕ ਅਧਿਕਾਰ ਦੀ ਵਰਤੋਂ ਘੱਟ-ਗਿਣਤੀਆਂ ਨੂੰ ਰਾਹਤ ਦੇਣ ਦੇ ਮਾਮਲਿਆਂ ਵਿੱਚ ਘੱਟ ਹੀ ਕਰਦੀ ਹੈ। ਇਹ ਰੁਝਾਨ ਦੇਸ਼ ਦੇ

ਭਵਿੱਖ ਲਈ ਬਹੁਤ ਨੁਕਸਾਨਦੇਅ ਸਾਬਤ ਹੋ ਸਕਦਾ ਹੈ। **ਜਦੋਂ ਘੱਟ-ਗਿਣਤੀ ਕੌਮਾਂ, ਸਮਾਜਕ ਵਰਗਾਂ ਜਾਂ ਦਲਿਤਾਂ ਨੂੰ ਫ਼ੈਡਰਲ ਲੋਕ-ਪ੍ਰਣਾਲੀ ਦਾ ਕੋਈ ਅੰਗ ਵੀ ਇਨਸਾਫ਼ ਦੇਣ ਲਈ ਆਪਣੇ ਸੰਵਿਧਾਨਕ ਫ਼ਰਜਾਂ ਦੀ ਮੁਜ਼ਰਮਾਨਾਂ ਹੱਦ ਤੱਕ ਕੁਤਾਹੀ ਕਰ ਰਿਹਾ ਹੋਵੇ ਤਾਂ ਇਹ ਮਜ਼ਲੂਮ ਧਿਰਾਂ ਫ਼ਰਿਆਦ ਕਰਨ ਤਾਂ ਕਿਸ ਅੱਗੇ ਕਰਨ ? ਇਹ ਵਿਚਾਰ ਗ਼ੈਰ-ਮਨੂੰਵਾਦੀ ਪੀੜਤ ਧਿਰਾਂ ਦੇ ਮਨ ਵਿੱਚ ਘਰ ਕਰਦਾ ਜਾ ਰਿਹਾ ਹੈ ਕਿ ਉਹ ਇਸ ਦੇਸ਼ ਵਿੱਚ ਅੱਜ ਵੀ ਗ਼ੁਲਾਮੀ ਦਾ ਜੀਵਨ ਬਤੀਤ ਕਰ ਰਹੀਆਂ ਹਨ ਅਤੇ ਜਦੋਂ ਉਨ੍ਹਾਂ ’ਤੇ ਜ਼ੁਲਮ ਹੋ ਰਿਹਾ ਹੁੰਦਾ ਹੈ ਤਾਂ ਫ਼ੈਡਰਲ ਲੋਕ-ਰਾਜ ਪ੍ਰਣਾਲੀ ਦੇ ਇਹ ਥੰਮ ਗਾਂਧੀ ਦੇ ਬਾਂਦਰ (ਨਾਂ ਕੁਝ ਦੇਖੋ, ਨਾ ਕੁਝ ਸੁਣੋ ਅਤੇ ਨਾਂ ਕੁਝ ਬੋਲੋ) ਬਣ ਜਾਂਦੇ ਹਨ।**

**ਏਥੇ ਹੀ ਬੱਸ ਨਹੀਂ। ਕਈ ਵਾਰ ਤਾਂ ਇਹ ਲੋਕ-ਰਾਜ ਦੇ ਥੰਮ ਵੀ ਪੀੜਤ ਧਿਰ ’ਤੇ ਜ਼ੁਲਮ ਕਰਨ ਦੀ ਕਾਰਵਾਈ ਵਿੱਚ ਸਿੱਧੇ ਤੌਰ ਤੇ ਹੀ ਜ਼ਾਲਮ ਧਿਰ ਦੀ ਮਦਦ ਤੇ ਆ ਜਾਂਦੇ ਹਨ। ਆਜ਼ਾਦ ਭਾਰਤ ਦਾ ਇਤਿਹਾਸ ਇਸ ਹਕੀਕਤ ਦੀ ਮੂੰਹੋਂ ਬੋਲ ਕੇ ਬੁਲੰਦ ਆਵਾਜ਼ ਵਿੱਚ ਗਵਾਹੀ ਦੇ ਰਿਹਾ ਹੈ।**

## ਮਾਲੇਗਾਉਂ, ਮਦਾਸਾ, ਸਮਝੌਤਾ ਐਕਸਪ੍ਰੈਸ, ਨੰਦੇੜ ਆਦਿ ਵਿਖੇ ਬੰਬ-ਧਮਾਕਿਆਂ ਰਾਹੀਂ ਮੌਤਾਂ

“ਮਹਾਂਰਾਸ਼ਟਰ ਦੇ ‘ਅਤਿਵਾਦ ਵਿਰੋਧੀ ਦਸਤੇ’ (ਏ.ਟੀ.ਐਸ.) ਨੇ ਦਾਅਵਾ ਕੀਤਾ ਹੈ ਕਿ ਮਾਲੇਗਾਉਂ ਵਿੱਚ 29 ਸਤੰਬਰ 2008 ਨੂੰ ਹੋਏ ਬੰਬ ਧਮਾਕਿਆਂ ਪਿੱਛੇ ਹਿੰਦੂ ਜਥੇਬੰਦੀਆਂ ਦਾ ਹੱਥ ਸੀ। ਇਸ ਸਬੰਧੀ ਮਹਾਰਾਸ਼ਟਰ ਪੁਲਿਸ ਨੇ ਇੰਦੌਰ ਤੋਂ ਤਿੰਨ ਲੋਕਾਂ (ਸ਼ਯਾਮ ਸਾਹੂ, ਦਲੀਪ ਨਾਹਰ, ਪਰਮਿੰਦਰ ਬੈਰਾਗੀ) ਨੂੰ ਗ੍ਰਿਫ਼ਤਾਰ ਵੀ ਕੀਤਾ ਹੈ ਜਿਨ੍ਹਾਂ ਦਾ ਸਬੰਧ ਕੱਟੜਵਾਦੀ ਹਿੰਦੂ ਜਥੇਬੰਦੀਆਂ ਨਾਲ ਹੋਣ ਦਾ ਦਾਅਵਾ ਪੁਲਿਸ ਨੇ ਕੀਤਾ ਹੈ। ਏ.ਟੀ.ਐਸ. ਮੁਤਾਬਿਕ ਧਮਾਕਿਆਂ ਲਈ ਵਰਤੀ ਗਈ ਮੋਟਰ ਸਾਈਕਲ ਦੀ ਜਾਂਚ ਤੋਂ ਜਿਹੜੇ ਸਬੂਤ ਮਿਲੇ ਹਨ, ਉਨ੍ਹਾਂ ਤੋਂ ਸਪੱਸ਼ਟ ਹੋ ਗਿਆ ਹੈ ਕਿ ਧਮਾਕੇ ਕਿਸੇ ਮੁਸਲਿਮ ਜਥੇਬੰਦੀ ਦੀ ਸਾਜਿਸ਼ ਨਹੀਂ ਸਨ। **ਏ.ਟੀ.ਐਸ. ਮੁਤਾਬਿਕ ਇਨ੍ਹਾਂ ਧਮਾਕਿਆਂ ਪਿੱਛੇ ਹਿੰਦੂ ਜਥੇਬੰਦੀ ‘ਹਿੰਦੂ ਜਾਗਰਣ ਮੰਚ’ ਦਾ ਹੱਥ ਹੈ। ਇਸ ਜਥੇਬੰਦੀ ਦਾ ਮੁੱਖ ਦਫ਼ਤਰ ਇੰਦੌਰ ’ਚ ਹੈ ਅਤੇ ਏ.ਟੀ.ਐਸ. ਮੁਤਾਬਿਕ ਇਹ ਜਥੇਬੰਦੀ ਭਾਰਤੀ ਜਨਤਾ ਪਾਰਟੀ ਦੇ ਵਿਦਿਆਰਥੀ ਵਿੰਗ ‘ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ’ (ਏ.ਬੀ.ਵੀ.ਪੀ) ਨਾਲ ਜੁੜੀ ਹੋਈ ਹੈ।** ਏ.ਟੀ.ਐਸ. ਨੇ ਦੱਸਿਆ ਕਿ ਧਮਾਕੇ ਲਈ ਵਰਤੀ ਗਈ ਮੋਟਰ ਸਾਈਕਲ ਏ.ਬੀ.ਵੀ.ਪੀ. ਨਾਲ ਜੁੜੇ ਇੱਕ ਕਾਰਕੁਨ ਦੀ ਹੈ। ਹਾਲਾਂਕਿ ਧਮਾਕੇ ਸਮੇਂ ਮੋਟਰਸਾਈਕਲ ਤੇ ਇਸਲਾਮਕ ਸਟਿੱਕਰ ਚਿਪਕਾ ਕੇ ਪੁਲਿਸ ਅਤੇ ਲੋਕਾਂ ਨੂੰ ਗੁਮਰਾਹ ਕਰਨ ਦੀ ਕੋਸ਼ਿਸ਼ ਕੀਤੀ ਗਈ ਸੀ।...

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਮਾਲੇਗਾਉਂ ਧਮਾਕੇ ਪਿੱਛੇ ‘ਸਿਮੀ’ ਅਤੇ ਹੋਰਨਾਂ





ਇਸਲਾਮਕ ਜਥੇਬੰਦੀਆਂ ਦਾ ਹੱਥ ਹੋਣ ਦੀ ਗੱਲ ਕਹੀ ਜਾ ਰਹੀ ਸੀ। ਮਾਲੇਗਾਉਂ ’ਚ ਹੋਏ ਧਮਾਕੇ ’ਚ 5 ਲੋਕਾਂ ਦੀ ਮੌਤ ਹੋਈ ਸੀ ਜਦ ਕਿ ਮੋਦਾਸਾ (ਜਿਲ੍ਹਾ ਬਨਾਸਕਾਂਠਾ, ਗੁਜਰਾਤ) ਵਿੱਚ ਇੱਕ ਬੱਚੇ ਦੀ ਮੌਤ ਹੋਈ ਸੀ।” ਮੋਦਾਸਾ ਅਤੇ ਮਾਲੇਗਾਉਂ ਵਿੱਚ ਇੱਕੋ ਹੀ ਤਰ੍ਹਾਂ ਦੇ ਧਮਾਕੇ ਕੀਤੇ ਗਏ ਸਨ। (ਰੋਜ਼ਾਨਾ ਸਪੋਕਸਮੈਨ ਚੰਡੀਗੜ੍ਹ, 24 ਅਕਤੂਬਰ, 2008)।

19 ਫ਼ਰਵਰੀ 2007 ਨੂੰ ਸਮਝੌਤਾ ਐਕਸਪ੍ਰੈਸ ਵਿੱਚ ਪਾਣੀਪਤ ਵਿਖੇ 68 ਬੰਦੇ ਮਾਰੇ ਗਏ ਅਤੇ 125 ਫੱਟੜ ਹੋਏ ਸਨ। ਇਸੇ ਤਰ੍ਹਾਂ 2006 ਵਿੱਚ ਨੰਦੇੜ ਵਿਖੇ ਬੰਬ-ਧਮਾਕੇ ਹੋਏ ਸਨ।

“ਮਾਲੇਗਾਉਂ ਧਮਾਕਿਆਂ ਵਿੱਚ ਵਰਤੀ ਗਈ ਗੱਡੀ ਗੁਜਰਾਤ ਦੀ ਸਾਧਵੀ ਪ੍ਰਗਿਆ ਸਿੰਘ ਠਾਕੁਰ ਦੇ ਨਾਂ ਰਜਿਸਟਰ ਕੀਤੀ ਹੋਈ ਸੀ। ਸਾਧਵੀ ਨੂੰ ਏ.ਟੀ.ਐਸ. ਨੇ ਗ੍ਰਿਫ਼ਤਾਰ ਕਰ ਲਿਆ। ਏ.ਟੀ.ਐਸ. ਨੇ ਅਦਾਲਤ ਵਿੱਚ ਸਬੂਤ ਵਜੋਂ ਇੱਕ ਸੀ.ਡੀ. ਪੇਸ਼ ਕੀਤੀ। ਸੀ.ਡੀ. ਵਿੱਚ ਦੱਸਿਆ ਗਿਆ ਹੈ ਕਿ ਸਾਧਵੀ ਪ੍ਰਗਿਆ ਠਾਕੁਰ ਨੇ ਦੋਸ਼ੀ ਰਾਮ ਜੀ ਨਾਲ ਇਸ ਤਰ੍ਹਾਂ ਗੱਲਬਾਤ ਕੀਤੀ ਸੀ :

ਪ੍ਰਗਿਆ ਠਾਕੁਰ : ਅੱਜ ਮੈਨੂੰ ਲੈ ਜਾਓਗੇ ?

ਰਾਮ ਜੀ : ਕਿਉਂ ?

ਪ੍ਰਗਿਆ : ਮਾਲੇਗਾਉਂ ਧਮਾਕੇ ਵਿੱਚ ਮੇਰੀ ਗੱਡੀ ਮਿਲੀ ਹੈ।

ਰਾਮ ਜੀ : ਪਰ ਉਹ ਗੱਡੀ ਤਾਂ ਤੁਸੀਂ ਵੇਚ ਦਿੱਤੀ ਸੀ।

ਪ੍ਰਗਿਆ : ਕਿਥੇ ਵੇਚੀ ਦੱਸਾਂ ? ਮੱਧ-ਪ੍ਰਦੇਸ਼, ਗੁਜਰਾਤ ਜਾਂ ਮਹਾਰਾਸ਼ਟਰ ?

ਰਾਮ ਜੀ : ਗੁਜਰਾਤ ਦੱਸਣਾ।

ਪ੍ਰਗਿਆ : ਕਦੋਂ ਵੇਚੀ ਪੁਛਿਆ ਤਾਂ ?

ਰਾਮ ਜੀ : ਇਹ ਕਹਿਣਾ ਕਿ ਪਤਾ ਨਹੀਂ। ਨਾ ਮੰਨਣ ਤਾਂ ਮੇਰਾ ਨਾਂ ਲੈ ਦੇਣਾ।

ਪ੍ਰਗਿਆ : ਪਰ ਇੰਨੇ ਘੱਟ ਲੋਕ ਕਿਵੇਂ ਮਰੇ ? ਗੱਡੀ ਭੀੜ ਵਿੱਚ ਕਿਉਂ ਨਹੀਂ ਖੜ੍ਹੀ ਕੀਤੀ ?

ਰਾਮ ਜੀ : ਗੱਡੀ ਭੀੜ ਵਿੱਚ ਨਹੀਂ ਖੜ੍ਹੀ ਕਰਨ ਦਿੱਤੀ ਸੀ। ਕੁਝ ਹੋਇਆ ਤਾਂ ਨਿਪਟਾ ਲਵਾਂਗੇ। ਮੇਰੀ ਅਰਵਿੰਦ ਜੀ ਨਾਲ ਗੱਲ ਹੋਈ ਹੈ, ਉਹ ਇੱਕ ਲੱਖ ਲੋਕਾਂ ਨਾਲ ਅੰਦੋਲਨ ਕਰਨਗੇ।

ਸਪੱਸ਼ਟ ਹੈ, ਸਾਧਵੀ ਪ੍ਰਗਿਆ ਠਾਕੁਰ ਨੇ ਦੋਸ਼ੀ ਰਾਮ ਜੀ ਨਾਲ ਇਹ ਗੱਲਾਂ ਉਦੋਂ ਕੀਤੀਆਂ ਸਨ, ਜਦੋਂ ਮੁੰਬਈ ਏ.ਟੀ.ਐਸ. ਦੀ ਟੀਮ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਸੂਰਤ ਪਹੁੰਚ ਚੁੱਕੀ ਸੀ। ਰਾਸ਼ਟਰੀ ਸੇਵਕ ਸੰਘ ਦਾ ਪੁਰਾਣਾ ਵਰਕਰ ਰਾਮ ਜੀ ਉਸ ਸਮੇਂ ਇੰਦੌਰ

ਵਿੱਚ ਸੀ ਅਤੇ ਸਾਧਵੀ ਦੀ ਗ੍ਰਿਫ਼ਤਾਰੀ ਮਗਰੋਂ ਹੀ ਫ਼ਰਾਰ ਹੈ।" (ਰੋਜ਼ਾਨਾ ਸਪੋਕਸਮੈਨ, 4 ਨਵੰਬਰ 2008)।

ਇਸ ਕੇਸ ਦੀ ਜਾਂਚ ਅੱਗੇ ਵਧੀ ਤਾਂ ਫ਼ੌਜ ਦੇ ਹਾਜ਼ਰ ਸਰਵਸ ਲੈਫ਼ ਕਰਨਲ ਸ੍ਰੀਕਾਂਤ ਪ੍ਰਸ਼ਾਦ ਪੁਰੋਹਿਤ ਨੂੰ ਵੀ ਇਸ ਵਿੱਚ ਸ਼ਾਮਿਲ ਸਰਗਰਮ ਦੋਸ਼ੀ ਵਜੋਂ ਗ੍ਰਿਫ਼ਤਾਰ ਕਰ ਲਿਆ ਗਿਆ। "ਮਾਲੇਗਾਉਂ ਧਮਾਕਿਆਂ ਮਗਰੋਂ ਫ਼ੌਜ 'ਚ ਫ਼ੈਲੇ 'ਹਿੰਦੂਤਵ' ਦਾ ਪਰਦਾਫ਼ਾਸ਼ ਕਰਦਿਆਂ ਲੈਫ਼ਟੀਨੈਂਟ ਕਰਨਲ ਪੁਰੋਹਿਤ ਨੇ ਧਮਾਕਿਆਂ ਵਿੱਚ ਸ਼ਾਮਿਲ ਤਿੰਨ ਹੋਰ ਫ਼ੌਜੀ ਅਫ਼ਸਰਾਂ ਦੇ ਨਾਂ ਦੱਸੇ। ਇਨ੍ਹਾਂ ਵਿੱਚੋਂ ਇੱਕ ਮਹਾਰਾਸ਼ਟਰ ਦੇ ਦੇਵਲਾਲੀ ਵਿੱਚ ਤਾਇਨਾਤ ਕਰਨਲ ਹੈ, ਦੂਜਾ ਲੈਫ਼. ਕਰਨਲ ਪੁਣੇ ਵਿੱਚ ਤਾਇਨਾਤ ਹੈ ਅਤੇ ਤੀਜਾ ਇੱਕ ਮੇਜਰ ਹੈ। ਏ.ਟੀ.ਐਸ. ਮੁਤਾਬਿਕ ਧਮਾਕਿਆਂ ਤੋਂ ਪਹਿਲਾਂ ਇਹ ਤਿੰਨੋਂ ਜਣੇ ਕਰਨਲ ਪੁਰੋਹਿਤ ਨਾਲ ਸੰਪਰਕ ਵਿੱਚ ਸਨ। ਏ.ਟੀ.ਐਸ. ਅਧਿਕਾਰੀਆਂ ਨੇ ਦੱਸਿਆ ਕਿ ਸਾਧਵੀ ਅਤੇ ਇੱਕ ਸੇਵਾ-ਮੁਕਤ ਫ਼ੌਜੀ ਅਧਿਕਾਰੀ ਸਣੇ 9 ਵਿਅਕਤੀਆਂ ਨੂੰ ਧਮਾਕਿਆਂ 'ਚ ਕਥਿਤ ਸ਼ਮੂਲੀਅਤ ਦੇ ਸ਼ੱਕ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ।" (ਰੋਜ਼ਾਨਾ ਸਪੋਕਸਮੈਨ, 9 ਨਵੰਬਰ 2008)

"ਮਹਾਰਾਸ਼ਟਰ ਏ.ਟੀ.ਐਸ. ਨੂੰ ਮਾਲੇਗਾਉਂ ਧਮਾਕਿਆਂ ਦੀ ਜਾਂਚ-ਪੜਤਾਲ ਵਿੱਚ ਅੱਜ ਉਸ ਸਮੇਂ ਇੱਕ ਹੋਰ ਸਫ਼ਲਤਾ ਮਿਲੀ ਜਦੋਂ ਉਸ ਨੇ ਉੱਤਰ ਪ੍ਰਦੇਸ਼ ਦੀ ਪੁਲਿਸ ਦੀ ਮਦਦ ਨਾਲ ਜੰਮੂ ਮੱਠ ਦੇ ਮੁੱਖੀ ਦਯਾਨੰਦ ਪਾਂਡੇ ਨੂੰ ਕਾਨਪੁਰ ਦੇ ਕਾਕਾ ਦੇਵ ਇਲਾਕੇ ਤੋਂ ਗ੍ਰਿਫ਼ਤਾਰ ਕਰ ਲਿਆ। ਏ.ਟੀ.ਐਸ. ਨੂੰ ਸ਼ੱਕ ਹੈ ਕਿ ਇਸ ਵਿਅਕਤੀ ਦਾ 'ਵਿਸ਼ਵ ਹਿੰਦੂ ਪ੍ਰੀਸ਼ਦ' ਨਾਲ ਵੀ ਸੰਬੰਧ ਹੈ।" (ਰੋਜ਼ਾਨਾ ਸਪੋਕਸਮੈਨ, ਚੰਡੀਗੜ੍ਹ 13 ਨਵੰਬਰ 2008)।

"ਦਯਾਨੰਦ ਪਾਂਡੇ ਉਰਫ਼ ਅਮਰਤਨੰਦ ਸਵਾਮੀ ਉਰਫ਼ ਸੁਧਾਕਰ ਤ੍ਰਿਵੇਦੀ ਨੇ ਸਾਧਵੀ ਪ੍ਰਗਿਆ ਠਾਕੁਰ ਅਤੇ ਲੈਫ਼ ਕਰਨਲ ਸ੍ਰੀਕਾਂਤ ਪ੍ਰਸ਼ਾਦ ਪੁਰੋਹਿਤ ਨਾਲ ਸਬੰਧ ਹੋਣ ਦੀ ਗੱਲ ਕਬੂਲ ਕਰ ਲਈ ਹੈ। ਉਸ ਦੇ ਫ਼ੋਨ ਕਾਲ ਦੇ ਪੂਰੇ ਵੇਰਵੇ ਤੋਂ ਵੀ ਇਸ ਗੱਲ ਦਾ ਪ੍ਰਗਟਾਵਾ ਹੁੰਦਾ ਹੈ ਕਿ ਉਹ ਫ਼ੌਜ ਦੇ ਅਧਿਕਾਰੀ ਪੁਰੋਹਿਤ ਅਤੇ ਪ੍ਰਗਿਆ ਦੇ ਸੰਪਰਕ ਵਿੱਚ ਸਨ।" (ਰੋਜ਼ਾਨਾ ਸਪੋਕਸਮੈਨ ਚੰਡੀਗੜ੍ਹ, 14 ਨਵੰਬਰ, 2008)

"ਮਾਲੇਗਾਉਂ ਧਮਾਕਿਆਂ ਸਬੰਧੀ ਇੱਕ-ਇੱਕ ਕਰਕੇ ਕਈ ਅਹਿਮ ਸ਼ਖ਼ਸ਼ੀਅਤਾਂ ਦੇ ਨਾਂ ਸਾਹਮਣੇ ਆਉਂਣ ਮਗਰੋਂ ਧਮਾਕਿਆਂ ਸਬੰਧੀ ਚਲ ਰਹੀ ਜਾਂਚ ਨਿੱਤ ਨਵਾਂ ਮੋੜ ਕੱਟ ਰਹੀ ਹੈ। ...ਕਰਨਲ ਪੁਰੋਹਿਤ ਵੱਲੋਂ ਇਹ ਕਬੂਲ ਕਰਨ ਮਗਰੋਂ ਕਿ ਮਾਲੇਗਾਉਂ ਧਮਾਕਿਆਂ ਦਾ ਮਾਸਟਰ ਮਾਈਂਡ ਉਹੀ ਹੈ, ਏ.ਟੀ.ਐਸ. ਨੇ ਦਾਅਵਾ ਕੀਤਾ ਹੈ ਕਿ ਧਮਾਕਿਆਂ 'ਚ ਫ਼ੌਜ ਦਾ ਇੱਕ ਹੋਰ ਅਫ਼ਸਰ ਵੀ ਸ਼ਾਮਿਲ ਹੈ।....ਕਰਨਲ ਪੁਰੋਹਿਤ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਮਾਲੇਗਾਉਂ ਧਮਾਕਿਆਂ ਲਈ ਉਸ ਨੇ ਹੀ ਹਥਿਆਰ ਅਤੇ ਆਰ.ਡੀ.ਐਕਸ. ਮੁਹੱਈਆ ਕਰਵਾਇਆ ਸੀ। ਸੂਤਰਾਂ ਮੁਤਾਬਿਕ ਸੇਵਾਮੁਕਤ ਮੇਜਰ ਰਮੇਸ਼ ਉਪਾਧਿਆਏ ਨੂੰ ਭੇਜੇ ਐਸ.ਐਮ.ਐਸ. ਮੁੰਬਈ ਪੁਲਿਸ ਦੇ ਏ.ਟੀ.ਐਸ. ਦੇ ਹੱਥ ਲੱਗਣ ਮਗਰੋਂ ਹੀ ਕਰਨਲ





ਪੁਰੋਹਿਤ ਪੂਰੀ ਤਰ੍ਹਾਂ ਟੁੱਟ ਗਿਆ ਅਤੇ ਉਸਨੇ ਸਾਰਾ ਕੁੱਝ ਦੱਸ ਦਿੱਤਾ।" (ਰੋਜ਼ਾਨਾ ਸਪੋਕਸਮੈਨ ਚੰਡੀਗੜ੍ਹ, 8 ਨਵੰਬਰ, 2008)

## ਮੈਨੂੰ ਭਾਵੇਂ ਫ਼ਾਂਸੀ 'ਤੇ ਚੜ੍ਹਾ ਦਿਉ, ਪਰ ਮੇਰੇ ਲੈਪਟਾਪ ਨੂੰ ਹੱਥ ਨਾ ਲਾਉ

"ਮਾਲੇਗਾਉਂ ਧਮਾਕਿਆਂ ਸਬੰਧੀ ਗ੍ਰਿਫ਼ਤਾਰ ਸਵਾਮੀ ਦਯਾਨੰਦ ਪਾਂਡੇ ਦਾ ਲੈਪਟਾਪ ਮੁੰਬਈ ਏ.ਟੀ.ਐਸ. ਨੂੰ ਮਿਲਣ ਮਗਰੋਂ ਸਵਾਮੀ ਪਾਂਡੇ ਦਾ ਅਸਲੀ ਚਿਹਰਾ ਬੇਨਕਾਬ ਹੋ ਗਿਆ ਹੈ। ਜਿਵੇਂ ਹੀ ਸਵਾਮੀ ਨੂੰ ਪਤਾ ਲੱਗਿਆ ਕਿ ਉਸਦਾ ਲੈਪਟਾਪ ਏ.ਟੀ.ਐਸ. ਹੱਥੇ ਚੜ੍ਹ ਗਿਆ ਹੈ ਤਾਂ ਉਹ ਵਾਰ-ਵਾਰ ਅਧਿਕਾਰੀਆਂ ਨੂੰ ਇਹੀ ਕਹਿੰਦਾ ਰਿਹਾ ਕਿ, "ਮੇਰੇ ਲੈਪਟਾਪ ਨੂੰ ਹੱਥ ਨਾ ਲਾਉ, ਭਾਵੇਂ ਮੈਨੂੰ ਫ਼ਾਂਸੀ 'ਤੇ ਚੜ੍ਹਾ ਦਿਉ ਜਾਂ ਕੋਈ ਹੋਰ ਸਜ਼ਾ ਦੇ ਦਿਉ, ਪਰ ਲੈਪਟਾਪ ਨੂੰ ਹੱਥ ਨਾ ਲਾਉ"। ਏ.ਟੀ.ਐਸ. ਸੂਤਰਾਂ ਮੁਤਾਬਿਕ ਇਸ ਲੈਪਟਾਪ ਵਿੱਚ ਧਮਾਕਿਆਂ ਦੀ ਸਾਜਿਸ਼ ਤੋਂ ਇਲਾਵਾ ਹੋਰ ਵੀ ਬਹੁਤ ਕੁਝ ਛਿਪਿਆ ਹੋਇਆ ਹੈ ਜੋ ਕਿ ਭਗਵੇਂ ਚੋਲੇ ਵਾਲੇ ਸਵਾਮੀ ਦਯਾਨੰਦ ਨਾਲ ਕਤਈ ਮੇਲ ਨਹੀਂ ਖਾਂਦਾ। ਜ਼ਿਕਰਯੋਗ ਹੈ ਕਿ ਜਦੋਂ ਸਵਾਮੀ ਦਯਾਨੰਦ ਨੂੰ ਪਤਾ ਲੱਗਿਆ ਕਿ ਮੁੰਬਈ ਏ.ਟੀ.ਐਸ ਉਸ ਨੂੰ ਕਿਸੇ ਵੀ ਸਮੇਂ ਗ੍ਰਿਫ਼ਤਾਰ ਕਰ ਸਕਦੀ ਹੈ ਤਾਂ ਉਸ ਨੇ ਸਭ ਤੋਂ ਪਹਿਲਾਂ ਆਪਣੇ ਲੈਪਟਾਪ ਵਿੱਚੋਂ ਅਹਿਮ ਜਾਣਕਾਰੀਆਂ ਖ਼ਤਮ ਕਰਨ ਦਾ ਕੰਮ ਸ਼ੁਰੂ ਕਰ ਦਿੱਤਾ ਪਰ ਕਾਹਲੀ-ਕਾਹਲੀ ਵਿੱਚ ਸਵਾਮੀ ਦਯਾਨੰਦ ਨੇ ਕੁਝ ਅਜਿਹੀਆਂ ਚੀਜਾਂ ਛੱਡ ਦਿੱਤੀਆਂ, ਜੋ ਉਸ ਦੇ ਲਈ ਮੁਸੀਬਤ ਬਣ ਗਈਆਂ। ਏ.ਟੀ.ਐਸ. ਸੂਤਰਾਂ ਮੁਤਾਬਿਕ ਸਵਾਮੀ ਦਯਾਨੰਦ ਦੇ ਲੈਪਟਾਪ ਵਿੱਚ ਕਈ ਅਹਿਮ ਸ਼ਖ਼ਸ਼ੀਅਤਾਂ ਦੀਆਂ ਅਸ਼ਲੀਲ ਤਸਵੀਰਾਂ ਮਿਲੀਆਂ ਹਨ। ਇਸ ਤੋਂ ਇਲਾਵਾ ਸਵਾਮੀ ਦਯਾਨੰਦ ਦੀਆਂ ਵੀ ਕੁਝ ਇਤਰਾਜ਼ਯੋਗ ਤਸਵੀਰਾਂ ਹਨ।" (ਰੋਜ਼ਾਨਾ ਸਪੋਕਸਮੈਨ ਚੰਡੀਗੜ੍ਹ, 19 ਨਵੰਬਰ 2008)

"ਏ.ਟੀ.ਐਸ. ਨੇ ਅਖ਼ਬਾਰਾਂ ਵਿੱਚ ਛਪੀਆਂ ਉਨ੍ਹਾਂ ਰੀਪੋਰਟਾਂ ਦੀ ਪੁਸ਼ਟੀ ਕਰ ਦਿੱਤੀ ਹੈ ਜਿਨ੍ਹਾਂ ਵਿੱਚ ਕਿਹਾ ਗਿਆ ਸੀ ਕਿ ਹਿੰਦੂ ਜਥੇਬੰਦੀ 'ਅਭਿਨਵ ਭਾਰਤ' ਨੇ ਆਰ.ਐਸ.ਐਸ. ਦੇ ਪ੍ਰਮੁੱਖ ਆਗੂਆਂ ਨੂੰ ਮਾਰਨ ਦੀਆਂ ਯੋਜਨਾਵਾਂ ਤਿਆਰ ਕੀਤੀਆਂ ਹੋਈਆਂ ਸਨ। ਆਰ.ਐਸ.ਐਸ. ਦੇ ਆਗੂਆਂ ਨੂੰ ਇਸ ਲਈ ਮਾਰਿਆ ਜਾਣਾ ਸੀ ਕਿਉਂਕਿ ਇਹ ਹਿੰਦੂਤਵ ਦੀ ਬਿਹਤਰੀ ਲਈ ਕੋਈ ਕੰਮ ਨਹੀਂ ਕਰ ਰਹੇ। ਇਸ ਸਾਰੀ ਯੋਜਨਾ ਦਾ ਪਾਂਡੇ ਦੇ ਲੈਪਟਾਪ ਵਿਖੇ ਅੰਕੜਿਆਂ ਨੂੰ ਵੇਖਣ ਪਿੱਛੋਂ ਪਰਦਾਫ਼ਾਸ਼ ਹੋਇਆ ਹੈ। ਦਯਾਨੰਦ ਪਾਂਡੇ ਦੀ ਫ਼ੋਰੈਂਸਿਕ ਪੜਤਾਲ ਤੋਂ ਵੀ ਅਹਿਮ ਸੁਰਾਗ ਮਿਲੇ ਹਨ।

**ਉਧਰ ਸਾਧਵੀ ਪ੍ਰਗਿਆ ਸਿੰਹੁ ਠਾਕੁਰ ਸਣੇ ਮਾਲੇ ਗਾਉਂ ਧਮਾਕਿਆਂ ਦੇ ਦੋਸ਼ੀਆਂ ਨੂੰ ਕਾਨੂੰਨੀ ਮਦਦ ਮੁਹੱਈਆ ਕਰਵਾਉਂਣ ਲਈ ਵਕੀਲਾਂ ਦੇ ਇਕ ਗਰੁੱਪ ਨੇ 17 ਮੈਂਬਰੀ ਕਮੇਟੀ ਬਣਾਈ ਹੈ। "ਹਿੰਦੂ ਯੂਨੀਫ਼ੀਕੇਸ਼ਨ ਮੂਵਮੈਂਟ ਲੀਗਲ ਵੈਲਫ਼ੇਅਰ ਐਸੋਸੀਏਸ਼ਨ" ਦੇ ਸਰਪ੍ਰਸਤ ਮੈਂਬਰ ਭੁਪੇਸ਼ਵਰ ਦਿਆਲ ਗੌੜ ਨੇ ਅੱਜ ਸੋਨੀਪਤ ਵਿਖੇ ਕਿਹਾ ਕਿ ਐਸੋਸੀਏਸ਼ਨ ਸਾਧਵੀ**

**ਪ੍ਰਗਿਆ ਅਤੇ ਹੋਰਨਾਂ ਦੋਸ਼ੀਆਂ ਨੂੰ ਕਾਨੂੰਨੀ ਮਦਦ ਮੁਹੱਈਆ ਕਰਵਾਏਗੀ।"** (ਰੋਜ਼ਾਨਾ ਸਪੋਕਸਮੈਨ ਚੰਡੀਗੜ੍ਹ, 22 ਨਵੰਬਰ 2008)

## ਮਾਲੇਗਾਉਂ ਧਮਾਕਿਆਂ ਦੀ ਜਾਂਚ ਕਰ ਰਹੇ ਏ.ਟੀ.ਐਸ.ਮੁਖੀ ਦੇ ਘਰ ਨੂੰ ਉਡਾਉਂਣ ਦੀ ਧਮਕੀ

"ਮਾਲਗਾਉਂ ਧਮਾਕਿਆਂ ਦੀ ਜਾਂਚ ਕਰ ਰਹੇ ਏ.ਟੀ.ਐਸ. ਮੁਖੀ ਹੇਮੰਤ ਕਰਕਰੇ ਦੇ ਘਰ ਨੂੰ ਉਡਾਉਂਣ ਦੀ ਧਮਕੀ ਮਿਲੀ ਹੈ। ਸੀਨੀਅਰ ਪੁਲਿਸ ਅਧਿਕਾਰੀ ਨੇ ਅੱਜ ਇਸ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਇੱਕ ਅਣਪਛਾਤੇ ਵਿਅਕਤੀ ਨੇ ਪੀ.ਸੀ.ਓ. ਤੋਂ ਪੁਣੇ ਪੁਲਿਸ ਨੂੰ ਫ਼ੋਨ ਕਰਕੇ ਏ.ਟੀ.ਐਸ. ਮੁਖੀ ਹੇਮੰਤ ਕਰਕਰੇ ਦੇ ਘਰ ਨੂੰ ਕੁਝ ਦਿਨਾਂ ਦੇ ਅੰਦਰ-ਅੰਦਰ ਉਡਾਉਂਣ ਦੀ ਧਮਕੀ ਦਿੱਤੀ ਹੈ। ਜਾਇੰਟ ਪੁਲਿਸ ਕਮਿਸ਼ਨਰ ਰਾਜੇਂਦਰ ਸੋਨਵਾਨੇ ਨੇ ਕਿਹਾ ਕਿ ਫ਼ੋਨ ਕਰਨ ਵਾਲੇ ਨੇ 23 ਨਵੰਬਰ ਦੀ ਸ਼ਾਮ ਨੂੰ ਮਰਾਠੀ ਭਾਸ਼ਾ ਵਿੱਚ ਧਮਕੀਆਂ ਦਿੱਤੀਆਂ ਅਤੇ ਫ਼ੋਨ ਕੱਟ ਦਿੱਤਾ।...... ਇਸ ਦੌਰਾਨ ਮਕੋਕਾ ਅਦਾਲਤ ਵਿਚ ਕਿਹਾ ਗਿਆ ਹੈ ਕਿ ਏ.ਟੀ.ਐਸ. ਕੋਲ ਉਸ ਮੀਟਿੰਗ ਦੀ ਵੀਡੀਉ ਰੀਕਾਰਡਿੰਗ ਹੈ, ਜਿਸ ਵਿੱਚ ਮਾਲੇਗਾਉਂ ਧਮਾਕਿਆਂ ਦੇ ਦੋਸ਼ੀ ਮੌਜੂਦ ਹਨ। ......ਵੀਡੀਉ ਵਿੱਚ ਸਵਾਮੀ ਦਯਾਨੰਦ ਪਾਂਡੇ, ਕਰਨਲ ਪ੍ਰੋਹਿਤ ਅਤੇ ਸਾਧਵੀ ਪ੍ਰਗਿਆ ਸਿੰਹ ਠਾਕੁਰ ਨੂੰ ਮਾਲੇਗਾਉਂ ਧਮਾਕਿਆਂ ਤੋਂ ਪਹਿਲਾਂ ਮੀਟਿੰਗ ਕਰਦਿਆਂ ਵਿਖਾਇਆ ਗਿਆ ਹੈ। ਇਸ ਤੋਂ ਇਲਾਵਾ ਮਾਲੇਗਾਉਂ ਧਮਾਕਿਆਂ ਦੇ ਦੋਸ਼ੀਆਂ ਨੂੰ ਰਸਾਇਣ, ਹੱਥ-ਗੋਲੇ, ਅਤੇ ਡੈਟੋਨੇਟਰਾਂ ਬਾਰੇ ਵੀ ਗੱਲਬਾਤ ਕਰਦਿਆਂ ਸੁਣਿਆ ਗਿਆ ਹੈ।....**ਪਾਂਡੇ ਦੇ ਲੈਪਟਾਪ ਤੋਂ ਮਿਲੀ ਜਾਣਕਾਰੀ 'ਚ ਧਮਾਕਿਆਂ ਦੀ ਸਾਜਿਸ਼, ਧਮਾਕਿਆਂ ਲਈ ਕੈਮੀਕਲ ਅਤੇ 'ਅਭਿਨਵ ਭਾਰਤ' ਨੂੰ ਪੈਸੇ ਮੁਹੱਈਆ ਕਰਾਉਂਣ ਜਿਹੇ ਕਈ ਸਨਸਨੀਖ਼ੇਜ਼ ਰਾਜ਼ਾਂ ਦਾ ਪਰਦਾਫ਼ਾਸ਼ ਹੋਇਆ ਹੈ"।** "ਰੋਜ਼ਾਨਾ ਸਪੋਕਸਮੈਨ, 26 ਨਵੰਬਰ 2008)।

## ਮਾਲੇਗਾਉਂ ਕਾਂਡ ਇਨ੍ਹਾਂ ਪਰਦੇ ਪਿੱਛੇ ਕੰਮ ਕਰਦੀਆਂ ਤਾਕਤਾਂ 'ਤੋਂ ਪਰਦਾ ਚੁਕਦਾ ਹੈ।

"14 ਨਵੰਬਰ 2008 ਨੂੰ ਕਰਨਲ ਸ੍ਰੀਕਾਂਤ ਪੁਰੋਹਿਤ ਨੇ ਆਪਣੇ ਨਾਰਕੋ ਟੈਸਟ ਦੌਰਾਨ ਆਪਣਾ ਜ਼ੁਰਮ ਸਵੀਕਾਰ ਕਰਦੇ ਹੋਏ ਬੜੇ ਹੀ ਅਹਿਮ ਖ਼ੁਲਾਸੇ ਕਰਕੇ ਪੂਰੇ ਦੇਸ਼ ਨੂੰ ਹੱਕਾ-ਬੱਕਾ ਕਰਕੇ ਰੱਖ ਦਿਤਾ ਹੈ। ਕਰਨਲ ਅਨੁਸਾਰ ਉਨ੍ਹਾਂ 500 ਹਿੰਦੂ ਅਤਿਵਾਦੀਆਂ ਦੀ ਇੱਕ ਟੀਮ ਪੂਰੀ ਤਰ੍ਹਾਂ ਨਿਪੁੰਨਤਾ ਨਾਲ ਤਿਆਰ ਕੀਤੀ ਹੈ, ਜਿਨ੍ਹਾਂ ਨੂੰ ਦੇਸ਼ ਵਿੱਚ ਚਲ ਰਹੀਆਂ ਸੈਨਿਕ ਸਿਖਲਾਈ ਦੀਆਂ ਸਰਵੋਤਮ ਸੰਸਥਾਂਵਾਂ ਵਿੱਚ ਸਿਖਿਅਤ ਕੀਤਾ ਗਿਆ ਹੈ। ਜਿਸ ਵਿੱਚ ਪੂਨਾ, ਨਾਸਿਕ, ਨਾਗਪੁਰ ਅਤੇ ਪਚਮੜੀ ਪਰਮੁੱਖ ਹਨ। ਕਰਨਲ ਨਾਲ ਸਾਧਵੀ ਦੀ ਮੁਲਾਕਾਤ ਦਯਾਨੰਦ ਨੇ ਕਰਵਾਈ ਸੀ। ਕਰਨਲ ਮੁਤਾਬਿਕ ਇਸ ਸਾਰੇ ਹੀ ਅਤਿਵਾਦ ਦਾ ਮਾਸਟਰ-ਮਾਈਂਡ ਜੰਮੂ ਵਿੱਚ ਸ਼ਰਧਾ ਸਰਵੱਗਿਆ ਪੀਠ ਦਾ ਮੁਖੀ, ਸਾਧੜਾ





ਦਯਾਨੰਦ ਪਾਂਡੇ ਹੀ ਹੈ। **ਹਿੰਦੂ ਅਤਿਵਾਦ ਨੂੰ ਨਿਯੋਜਿਤ ਕਰਦੀ ਸੰਸਥਾ 'ਅਭਿਨਵ ਭਾਰਤ' ਹੈ। ਇਸ ਰਾਹੀਂ ਹੀ ਸਾਰਾ ਪੈਸਾ ਅਤੇ ਹਿੰਦੂ ਵਲੰਟੀਅਰ ਭਰਤੀ ਕੀਤੇ ਜਾਂਦੇ ਹਨ ਤੇ ਟ੍ਰੇਨਿੰਗ ਤੋਂ ਬਾਅਦ ਇਸੇ ਨੂੰ ਹੀ ਵਾਪਿਸ ਭੇਜ ਦਿੱਤੇ ਜਾਂਦੇ ਹਨ। ਖ਼ਰਚਾ ਇਹੋ ਸੰਸਥਾ ਚੁੱਕਦੀ ਹੈ। ਕਰਨਲ ਸ੍ਰੀਕਾਂਤ ਪਰੋਹਿਤ ਨੇ ਇਹ ਵੀ ਖ਼ੁਲਾਸਾ ਕੀਤਾ ਹੈ ਕਿ ਉਸ ਨੇ ਭਾਰਤ ਸਰਕਾਰ ਵੱਲੋਂ ਮਿਲਦੇ ਫ਼ੌਜ ਨੂੰ 'ਗੁਪਤ ਫ਼ੰਡ' ਦਾ ਇਸਤੇਮਾਲ ਵੀ ਧਮਾਕਿਆਂ ਲਈ ਕੀਤਾ। ਅਜਮੇਰ ਅਤੇ ਨੰਦੇੜ ਵਿਖੇ ਧਮਾਕਿਆਂ ਵਿੱਚ ਕਰਨਲ ਪੁਰੋਹਿਤ ਨੇ ਆਪਣੀ ਜਿਮੇਂਵਾਰੀ ਅਤੇ ਪੂਰੀ ਸ਼ਮੂਲੀਅਤ ਵੀ ਕਬੂਲ ਕਰ ਲਈ ਹੈ। ਸਮਝੌਤਾ ਐਕਸਪ੍ਰੈਸ ਵਿੱਚ ਹੋਏ ਧਮਾਕੇ ਵੀ ਇਨ੍ਹਾਂ ਦੀ ਟੀਮ ਅਤੇ ਸੰਸਥਾ ਦੇ ਹੀ ਹਿੰਦੂ ਅਤਿਵਾਦੀਆਂ ਨੇ ਕੀਤੇ ਸਨ।....** ਪੁਲਿਸ ਨੂੰ ਇਸ ਦਾ ਗੱਲ ਪੱਕਾ ਵਿਸ਼ਵਾਸ਼ ਹੈ ਬੰਬ ਧਮਾਕਿਆਂ ਪਿੱਛੇ ਰਾਸ਼ਟਰ-ਵਿਆਪੀ ਨੈਟਵਰਕ ਬਣਿਆ ਹੋਇਆ ਸੀ।...... ਇਨ੍ਹਾਂ ਦੇ ਟੈਲੀਫੋਨਾਂ ਵਿੱਚ ਜਿਹੜਾ ਵਾਰ-ਵਾਰ ਇਹ ਵਿਸ਼ਵਾਸ ਇੱਕ ਸੂਤਰ 'ਰਾਮ ਜੀ' ਦੇਂਦਾ ਹੈ ਕਿ, "ਘਬਰਾਓ ਨਾ, ਉਸ ਨੇ ਸਾਰੇ ਪ੍ਰਬੰਧ ਕਰ ਲਏ ਹਨ, ਲੱਖਾਂ ਲੋਕ ਸੜਕਾਂ 'ਤੇ ਆਉਣਗੇ, ਉਸ ਦੀ 'ਸਰ' ਨਾਲ ਗੱਲ ਹੋ ਗਈ।" ਹੈ, ਆਦਿ ਆਦਿ.... ਸਬੰਧੀ ਹਾਲੇ ਤੱਕ ਹੋਰ ਖ਼ੁਲਾਸੇ ਸਾਹਮਣੇ ਨਹੀਂ ਆਏ, ਤੇ ਸ਼ਾਇਦ ਹੁਣ ਇਹ ਸ਼ਹੀਦ ਕਰਕਰੇ ਤੋਂ ਬਾਅਦ ਆਉਂਣ ਵੀ ਨਾ। ਪਰ **ਇੱਕ ਗੱਲ ਸਾਬਿਤ ਹੋ ਚੁੱਕੀ ਹੈ ਕਿ ਇਸ ਹਿੰਦੂ-ਅਤਵਾਦ ਨੂੰ ਰਾਜਨੀਤਕ ਸਮਰਥਨ ਦੇਣ ਵਾਲੀਆਂ ਪਾਰਟੀਆਂ ਅਤੇ ਲੀਡਰਾਂ ਵਿੱਚ ਸ੍ਰੀ ਐਲ.ਕੇ. ਅਡਵਾਨੀ, ਮੁਰਲੀ ਮਨੋਹਰ ਜੋਸ਼ੀ ਅਤੇ ਸਮੁੱਚੀ ਭਾਜਪਾ, ਹਿੰਦੂ ਵਿਸ਼ਵ ਪ੍ਰੀਸ਼ਦ ਅਤੇ ਵਿਸ਼ੇਸ਼ ਕਰਕੇ ਪਰਵੀਨ ਤੌਗੜੀਆ, ਬਜ਼ਰੰਗ ਦਲ, ਸ਼ਿਵ ਸੈਨਾ, ਨਰਿੰਦਰ ਮੋਦੀ ਅਤੇ ਪ੍ਰਗਿਆ ਸਿੰਹ ਦਾ ਗੁਜਰਾਤ ਸੰਸਥਾਨ, ਆਰ.ਐਸ.ਐਸ. ਹਿੰਦੂ ਜਾਗਰਣ ਮੰਚ, ਹਿੰਦੂ ਸੰਤ ਸਮਾਜ ਅਤੇ ਉਮਾ ਭਾਰਤੀ ਦੀ ਜਨਸ਼ਕਤੀ ਪਾਰਟੀ ਇਸ ਖੂੰਖਾਰ ਦੇਸ਼-ਧ੍ਰੋਹੀ ਹਿੰਦੂ ਅਤਿਵਾਦ ਦੀ ਖੁੱਲ ਕੇ ਸਮਰਥਨ ਕਰ ਚੁੱਕੀ ਹੈ।.... ਦਯਾਨੰਦ ਪਾਂਡੇ ਦੇ ਲੈਪਟਾਪ ਵਿੱਚ ਜਿਥੇ ਦੇਸ਼ ਦੀਆਂ ਪ੍ਰਸਿੱਧ ਨਾਰੀਆਂ ਅਤੇ ਸਾਧਣੀਆਂ ਨਾਲ ਉਸ ਦੇ ਸਰੀਰਕ ਸਬੰਧਾਂ ਦੀਆਂ ਨਗਨ ਮੂਵੀਆਂ ਸਟੋਰ ਹਨ, ਉਥੇ ਹੀ ਉਨ੍ਹਾਂ ਮੁੱਖ ਹਿੰਦੂ ਰਾਜਨੀਤਕਾਂ ਦੇ ਨਾਮ ਵੀ ਹਨ ਜਿਹੜੇ ਹਿੰਦੂ ਅਤਿਵਾਦ ਲਈ ਸਾਧਨ ਅਤੇ ਵਲੰਟੀਅਰ ਮੁਹੱਈਆ ਕਰਵਾਉਂਦੇ ਹਨ। ਇਸ ਦਾ ਖ਼ੁਦ ਪਾਂਡੇ ਆਪਣੀ ਪੁੱਛ-ਗਿੱਛ ਵਿੱਚ ਖ਼ੁਲਾਸਾ ਕਰ ਚੁੱਕਾ ਹੈ।....ਇਹ ਬਹੁਤ ਵੱਡਾ ਖ਼ੁਲਾਸਾ ਹੈ ਜਿਸ ਨਾਲ ਦੇਸ਼ ਦੀ ਹਿੰਦੂ ਕੱਟੜਪੰਥੀ ਅਤਿਵਾਦੀ ਸਿਆਸਤ ਦਾ ਪਰਦਾਫ਼ਾਸ਼ ਹੁੰਦਾ ਹੈ।** ਕੀ ਉਨ੍ਹਾਂ ਦੇ ਸਮਰਥਕ ਸਾਰੇ ਹੀ ਲੀਡਰ ਅਤੇ ਜਥੇਬੰਦੀਆਂ ਇਸ ਕੁਕਰਮ ਵਿੱਚ ਸ਼ਾਮਿਲ ਤਾਂ ਨਹੀਂ ਰਹੀਆਂ ਹਨ ਜਿਸ ਕਰਕੇ ਉਹ ਅਪਣੇ ਚਰਿੱਤਰ ਨੂੰ ਬਚਾਉਂਣ ਲਈ ਇਨ੍ਹਾਂ ਅਤਿਵਾਦੀਆਂ ਦਾ ਖੁੱਲ੍ਹ ਕੇ ਸਾਥ ਦੇਣ ਨੂੰ ਮਜ਼ਬੂਰ ਹਨ? ਇਹ ਸ਼ੱਕ ਸੁਭਾਵਿਕ ਤੌਰ 'ਤੇ ਹੀ ਉਪਜਦਾ ਹੈ।

ਭਾਰਤ ਨੂੰ ਆਪਣੀ ਅਤਿਵਾਦ ਵਿਰੁੱਧ ਲੜਾਈ ਦੀ ਪ੍ਰਤਿਬੱਧਤਾ ਸਾਬਤ ਕਰਨ ਹਿਤ ਅਤੇ ਇਸ ਪ੍ਰਤੀ ਨਿਰਪੱਖਤਾ ਅਤੇ ਨਿਰਲੇਪਤਾ ਨਾਲ ਕੰਮ ਕੀਤਾ ਜਾਵੇਗਾ ਤੇ ਕਿਸੇ ਵੀ ਧਰਮ ਦੋਖੀ ਨੂੰ ਅਤੇ ਜਥੇਬੰਦੀ ਦੇ ਲੀਡਰ ਨੂੰ ਬਖ਼ਸ਼ਿਆ ਨਹੀਂ ਜਾਵੇਗਾ, ਪ੍ਰਤੀ ਆਪਣੀ ਇਮਾਨਦਾਰੀ ਪਰਗਟ ਕਰਨ ਹਿਤ **ਇਹ ਸਮੁੱਚੇ ਖੁਲਾਸੇ ਵੀ ਸੰਯੁਕਤ ਰਾਸ਼ਟਰ ਦੀ ਸੁਰੱਖਿਆ ਪ੍ਰੀਸ਼ਦ ਦੇ ਸਾਹਮਣੇ ਉਸ ਦੀ ਅਤਿਵਾਦ ਵਿਰੋਧੀ ਕਮੇਟੀ ਅੱਗੇ ਰੱਖਣੇ ਚਾਹੀਦੇ ਹਨ। ਅਗਰ**

**ਭਾਰਤ ਇੰਜ ਨਹੀਂ ਕਰਦਾ ਤਾਂ ਫਿਰ ਭਾਰਤ ਹਿੰਦੂ ਅਤਿਵਾਦ ਨੂੰ ਸਰਕਾਰੀ ਪੱਧਰ ’ਤੇ ਬੜਾਵਾ ਦੇਣ ਵਾਲਾ ਦੇਸ਼ ਹੀ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ, ਕਿਉਂਕਿ ਭਾਰਤ ਵਿਚਲੀਆਂ ਉਹ ਪ੍ਰਮੁਖ ਹਿੰਦੂ ਅਤਿਵਾਦ ਦੀ ਪੁਸ਼ਤਪਨਾਹੀ ਕਰਨ ਵਾਲੀਆਂ ਸਿਆਸੀ ਜਥੇਬੰਦੀਆਂ ਦੀਆਂ ਭਾਰਤ ਵਿੱਚ ਸੰਵਿਧਾਨਕ ਸਰਕਾਰ ਚਲਾ ਰਹੀਆਂ ਹਨ ਅਤੇ ਕੇਂਦਰ ਵਿੱਚ ਵੀ ਸਰਕਾਰ ਵਿੱਚ ਰਹਿ ਚੁੱਕੀਆਂ ਹਨ।** ਸੰਯੁਕਤ ਰਾਸ਼ਟਰ ਸੰਘ ਦੀ ਅਤਿਵਾਦ ਵਿਰੋਧੀ ਕਮੇਟੀ ਨੂੰ ਇਨ੍ਹਾਂ ਤੱਥਾਂ ’ਤੇ ਗੌਰ ਕਰਨੀ ਚਹੀਦੀ ਹੈ।” (ਕੌਮੀ ਸੂਰਾ ਦਸੰਬਰ-2008 ਜਨਵਰੀ 2009, ਵਿਚ ਛਪਿਆ ਲੇਖ, “ਸੰਗਠਿਤ ਹਿੰਦੂ ਅਤਿਵਾਦ ਨੇ ਭਾਰਤ ਨੂੰ ਦਹਿਲਾਇਆ”)।

## ਕੀ ਮੁੰਬਈ ਦੇ ‘ਅਤਿਵਾਦੀ’ ਹਮਲੇ, ਹਿੰਦੂ ਅਤਿਵਾਦੀਆਂ ਦਾ ਪਰਦਾਫ਼ਾਸ਼ ਕਰਨ ਵਾਲੇ ਪੁਲਿਸ ਅਧਿਕਾਰੀਆਂ ਦੇ ਕਤਲ ਕਰਨ ਲਈ ਰਚਿਆ ਗਿਆ ਇਕ ਨਾਟਕ ਸਨ ?

“ਮੁੰਬਈ ਦੇ ਅਤਿਵਾਦ ਵਿਰੋਧੀ ਦਸਤੇ (ਏ.ਟੀ.ਐਸ.) ਦੇ ਮੁੱਖੀ ਹੇਮੰਤ ਕਰਕਰੇ, ਮਾਲੇਗਾਉਂ ਧਮਾਕਿਆਂ ਦੇ ਦੋਸ਼ੀਆਂ ਦੀ ਪੜਤਾਲ ਕਰਦੇ-ਕਰਦੇ, ਅਜਿਹੀ ਸਟੇਜ਼ ਤੇ ਪਹੁੰਚ ਗਏ ਸਨ ਕਿ ਜਿਥੇ ਜਾ ਕੇ ਸੰਘ-ਪਰਵਾਰ ਦੇ ਪ੍ਰਮੁਖ ਸਿਆਸੀ ਅਤੇ ਧਾਰਮਿਕ ਲੀਡਰਾਂ ਦੀ ਇਨ੍ਹਾਂ ਧਮਾਕਿਆਂ ਅਤੇ ਅਜਿਹੀਆਂ ਹੀ ਹੋਰ ਕਈ ਅਤਿਵਾਦੀ ਘਟਨਾਵਾਂ ਵਿੱਚ ਸ਼ਮੂਲੀਅਤ ਦੇ ਪੱਕੇ ਸਬੂਤ ਏ.ਟੀ.ਐਸ. ਨੂੰ ਮਿਲ ਚੁੱਕੇ ਸਨ। ਇਨ੍ਹਾਂ ਅਤਿਵਾਦੀ ਘਟਨਾਵਾਂ ਨਾਲ ਸਬੰਧਤ ਵਿਅਕਤੀ ਸਾਧਵੀ ਪ੍ਰਗਿਆ ਠਾਕੁਰ, ਜੰਮੂ ਦਾ ਸਾਧੜਾ ਦਯਾਨੰਦ ਪਾਂਡੇ, ਲੈਫ਼ਟੀਨੈਂਟ ਕਰਨਲ ਪੁਰੋਹਿਤ ਅਤੇ ਕੁਝ ਹੋਰ ਕਰਨਲ/ਮੇਜਰ ਰੈਂਕ ਦੇ ਹਾਜ਼ਰ ਸਰਵਸ ਫ਼ੌਜੀ ਅਫ਼ਸਰ ਅਜਿਹੀਆਂ ਅਤਿਵਾਦੀ ਘਟਨਾਵਾਂ ਵਿੱਚ ਆਪੋ-ਆਪਣੀ ਸ਼ਮੂਲੀਅਤ ਨੂੰ ਕਬੂਲ ਕਰ ਚੁੱਕੇ ਸਨ। ਖ਼ਾਸ ਕਰਕੇ **ਸਾਧਵੀ ਪ੍ਰਗਿਆ ਠਾਕੁਰ ਦੀ ‘ਫ਼ੋਨਵਾਰਤਾ’ ਅਤੇ ਦਯਾਨੰਦ ਪਾਂਡੇ ਦੇ ਲੈਪਟਾਪ ਦੀ ਪੜਤਾਲ ਨੇ ਸੰਘ-ਪਰਵਾਰ ਦੇ ਲੀਡਰਾਂ ਦੀ ਨੀਂਦ ਹਰਾਮ ਕਰ ਰੱਖੀ ਸੀ। ਇਹ ਸਾਰੇ ਹੇਮੰਤ ਕਰਕਰੇ ਅਤੇ ਉਸਦੇ ਸਾਥੀ ਮੈਂਬਰਾਂ ਨੂੰ ‘ਦੇਸ਼-ਧ੍ਰੋਹੀ’ ਅਤੇ ‘ਹਿੰਦੂ-ਵਿਰੋਧੀ’ ਆਦਿ ਖਿਤਾਬਾਂ ਨਾਲ ਸਨਮਾਨਤ ਕਰ ਚੁੱਕੇ ਸਨ ਅਤੇ ਏ.ਟੀ.ਐਸ. ਟੀਮ ਦੇ ਮੈਂਬਰਾਂ ਨੂੰ ਬਦਲੀ ਕਰਾਉਂਣਾ ਚਾਹੁੰਦੇ ਸਨ ਜਾਂ ਉਨ੍ਹਾਂ ਦਾ ‘ਸਫ਼ਾਇਆ’ ਕਰਵਾਉਂਣਾ ਚਾਹੁੰਦੇ ਹਨ।**

ਅਜਿਹੇ ਹਾਲਤਾਂ ਵਿੱਚ 26 ਨਵੰਬਰ 2008 ਵਿੱਚ ਮੁੰਬਈ ਵਿੱਚ ਹੋਏ ਅਤਿਵਾਦੀ ਹਮਲੇ ਤੋਂ ਕੁਝ ਹੀ ਸਮਾਂ ਪਹਿਲਾਂ ਪੁਣੇ ਪੁਲਿਸ ਨੂੰ ਇੱਕ ਗੁੰਮਨਾਮ ਫ਼ੋਨਕਰਤਾ ਨੇ ਮਰਾਠੀ ਵਿੱਚ ਬੋਲਦਿਆਂ ਦੱਸਿਆ ਸੀ ਕਿ ਦੋ ਜਾਂ ਤਿੰਨ ਦਿਨ ਵਿੱਚ ਕਰਕਰੇ ਇੱਕ ਬੰਬ ਧਮਾਕੇ ਵਿੱਚ ਮਾਰਿਆ ਜਾਵੇਗਾ। ਮੁੰਬਈ ਦੇ ਇਨ੍ਹਾਂ ਅਤਿਵਾਦੀ ਹਮਲਿਆਂ ਦੌਰਾਨ ਹੇਮੰਤ ਕਰਕਰੇ ਆਪਣੀ ਟੀਮ ਦੇ ਦੋ ਸਾਥੀਆਂ ਐਨਕਾਊਂਟਰ ਸਪੈਸ਼ਲਿਸਟ ਵਿਜੈ ਸਾਲਾਸਕਰ ਅਤੇ ਏ.ਸੀ.ਪੀ. ਅਸ਼ੋਕ ਕਾਮਟੇ ਸਮੇਤ ਭੇਦ-ਭਰੀ ਹਾਲਤ ਵਿੱਚ ਸ਼ਹੀਦ ਹੋ ਗਏ। ਇਨ੍ਹਾਂ ਦੇ





ਰਹੱਸਮਈ ਹਾਲਾਤ ਵਿੱਚ ਮਾਰੇ ਜਾਣ ਬਾਰੇ ਮੀਡੀਆ ਰਾਹੀਂ ਆਪਾ-ਵਿਰੋਧੀ ਅਤੇ ਭੰਬਲਭੂਸੇ ਵਿੱਚ ਪਾਉਂਣ ਵਾਲੇ ਬਿਆਨ ਆਉਂਣੇ ਸ਼ੁਰੂ ਹੋ ਗਏ। ਸੰਘ ਪਰਵਾਰ ਦੇ ਲੀਡਰਾਂ ਨੇ ਵੀ ਹੇਮੰਤ ਕਰਕਰੇ ਅਤੇ ਉਨ੍ਹਾਂ ਦੀ ਟੀਮ ਦੇ ਮੈਂਬਰਾਂ ਨੂੰ ‘ਦੇਸ਼ ਧ੍ਰੋਹੀ’ ਅਤੇ ‘ਹਿੰਦੂ-ਵਿਰੋਧੀ ’ ਦੇ ਦਿੱਤੇ ਜਾ ਚੁੱਕੇ ਖ਼ਿਤਾਬ ਇਕਦਮ ਵਾਪਿਸ ਲੈ ਕੇ ਉਨ੍ਹਾਂ ਨੂੰ ‘ਸ਼ਹੀਦਾਂ’ ਦੇ ਖ਼ਿਤਾਬ ਜਾਰੀ ਕਰ ਦਿਤੇ। “ਕੇਂਦਰੀ ਮੰਤਰੀ ਏ.ਆਰ. ਅੰਤੁਲੇ ਨੇ ਉਕਤ ਅਧਿਕਾਰੀਆਂ ਦੇ ਸ਼ੱਕੀ ਹਾਲਾਤ ਵਿੱਚ ਮਾਰੇ ਜਾਣ ਬਾਰੇ ਸੰਸਦ (ਲੋਕ ਸਭਾ) ਵਿੱਚ ਸਿਰਫ਼ ਏਨੀ ਗੱਲ ਪੁੱਛ ਲਈ ਕਿ ਇਨ੍ਹਾਂ ਅਧਿਕਾਰੀਆਂ ਨੂੰ ਇੱਕੋ ਗੱਡੀ ਵਿੱਚ ਬੈਠਾ ਕੇ ਇੱਕੋ ਥਾਵੇਂ (ਅਤੇ ਉਹ ਵੀ ਅਤਿਵਾਦ ਦੇ ਮੁਖ ਸਥਾਨ ਤੋਂ ਕਿਸੇ ਦੂਜੇ ਪਾਸੇ) ਜਾਣ ਦਾ ਨਿਰਦੇਸ਼ ਕਿਸ ਨੇ ਦਿੱਤਾ ਸੀ, ਤਾਂ ਸੰਘ ਪਰਵਾਰ ਦੇ ਸੰਗਠਨਾਂ ਦੇ ਆਗੂ ਤੁਰੰਤ ਸ੍ਰੀ ਅੰਤੁਲੇ ਨੂੰ ਹਲਕੇ ਕੁੱਤੇ ਵਾਂਗ ਪੈ ਗਏ। ‘ਚੋਰ ਮਚਾਏ ਸ਼ੋਰ’ ਦੀ ਕਹਾਵਤ ਨੂੰ ਪ੍ਰਤੱਖ ਕਰਦਿਆਂ ਸ਼ਿਵ ਸੈਨਾ ਦੇ ਕਾਰਕੁਨਾਂ ਨੇ ਤੁਰੰਤ ਸ੍ਰੀ ਅੰਤੁਲੇ ਵਿਰੁਧ ਮੁਜ਼ਾਹਰੇ ਅਰੰਭ ਕਰ ਦਿੱਤੇ ਅਤੇ ਹਿੰਦੂਵਾਦੀ ਮਾਨਸਿਕਤਾ ਦਾ ਨਜ਼ਾਰਾ ਪੇਸ਼ ਕਰਦਿਆਂ ਉਨ੍ਹਾਂ ਸ੍ਰੀ ਅੰਤੁਲੇ ਨੂੰ ਦੇਸ਼-ਵਿਰੋਧੀ (ਅਤੇ ਹਿੰਦੂ-ਵਿਰੋਧੀ) ਐਲਾਨ ਦਿੱਤਾ। ਭਾਵੇਂ ਸਿਆਸੀ ਮਜ਼ਬੂਰੀਆਂ ਕਾਰਨ ਬਾਅਦ ਵਿੱਚ ਸ੍ਰੀ ਅੰਤੁਲੇ ਆਪਣੇ ਬਿਆਨ ਤੋਂ ਮੁਨਕਰ ਹੋ ਗਏ। ਪਰ ਉਪਰੋਕਤ ਸਵਾਲ ਦਾ ਜਵਾਬ ਹਾਲਾਂ ਵੀ ਜਨਤਾ ਸਾਹਮਣੇ ਨਹੀਂ ਆਇਆ। **ਬ੍ਰਾਹਮਣਵਾਦੀਆਂ ਵੱਲੋਂ ਲੋਕਾਂ ਦਾ ਧਿਆਨ ਆਪਣੀਆਂ ਮੰਦ ਕਰਤੂਤਾਂ ਤੋਂ ਹਟਾਉਂਣ ਲਈ ਕਥਿਤ ‘ਦੁਸ਼ਮਣ’ ਤੋਂ ਨਕਲੀ ਹਮਲੇ ਕਰਵਾਉਂਣੇ ਇੱਕ ਪੁਰਾਣੀ ਨੀਤੀ ਰਹੀ ਹੈ। ਇਸੇ ਨੀਤੀ ਅਧੀਨ ਬ੍ਰਾਹਮਣਵਾਦੀਆਂ ਵੱਲੋਂ ਭਾਰਤੀ ਸੰਸਦ, ਨਾਗਪੁਰ ਦੇ ਆਰ.ਐਸ.ਐਸ. ਹੈਡਕੁਆਟਰ ਅਤੇ ਕਈ ਹੋਰ ਥਾਵਾਂ ’ਤੇ ਨਕਲੀ ਅਤਿਵਾਦੀ ਹਮਲਿਆਂ ਦੇ ਨਾਟਕ ਕਰਵਾਏ ਜਾ ਚੁੱਕੇ ਹਨ।** ਮੁੰਬਈ ਘਟਨਾਕ੍ਰਮ ਬਾਰੇ ਉਪਰੋਕਤ ਲੇਖ ਵੀ ਸਪੱਸ਼ਟ ਕਰਦਾ ਹੈ ਕਿ ਇਹ ਹਮਲਾ ਵੀ ਮਾਤਰ ਇੱਕ ਨਾਟਕ ਹੀ ਸੀ। ਅਤਿਵਾਦੀਆਂ ਵੱਲੋਂ ਇੱਕ ਕਿਸ਼ਤੀ ਵਿੱਚ ਬੈਠ ਕੇ ਪਾਕਿਸਤਾਨ ਤੋਂ ਮੁੰਬਈ ਆ ਜਾਣਾ, ਉਨ੍ਹਾਂ ਵੱਲੋਂ ਆਪਣੀ ਪਾਕਿਸਤਾਨੀ ਪਛਾਣ ਦੱਸਣ ਵਾਲੇ ਸਬੂਤਾਂ (ਜਿਵੇਂ ਮੁਠਭੇੜ ਦੌਰਾਨ ਪਾਕਿਸਤਾਨ ਦੇ ਨੰਬਰਾਂ ’ਤੇ ਗੱਲਬਾਤ ਕਰਨਾ ਆਦਿ) ਦੇ ਢੇਰ ਛੱਡ ਜਾਣਾ, ਤਾਜ ਜਾਂ ਉਬਰਾਏ ਹੋਟਲ ਦੇ ਮਹਿਮਾਨਾਂ ਨੂੰ ਬੰਧਕ ਨਾ ਬਣਾਉਂਣਾ, ਕਈ ਹਮਲਾਵਾਰਾਂ ਵੱਲੋਂ ਆਪਸ ਵਿੱਚ ਮਰਾਠੀ ਵਿੱਚ ਗੱਲਬਾਤ ਕਰਨਾ, ਇੱਕ ਹਮਲਾਵਾਰ ਦਾ ਜਿੰਦਾ ਗ੍ਰਿਫ਼ਤਾਰ ਹੋ ਜਾਣਾ (ਜਦਕਿ ਜਿਹਾਦੀ ਅਤਿਵਾਦੀ ਗ੍ਰਿਫ਼ਤਾਰ ਹੋਣ ਤੋਂ ਪਹਿਲਾਂ ਹੀ ਖ਼ੁਦਕਸ਼ੀ ਕਰ ਲੈਂਦੇ ਹਨ) ਅਤੇ ਆਪਣੀ ਪਾਕਿਸਤਾਨੀ ਪਛਾਣ ਬਾਰੇ ਤੁਰੰਤ ਬਿਆਨ ਦੇਣ ਲੱਗ ਪੈਣਾ ਆਦਿ ਨੁਕਤੇ ਸਪੱਸ਼ਟ ਜ਼ਾਹਿਰ ਕਰਦੇ ਹਨ ਕਿ ਇਹ ਹਮਲਾ ਭਾਰਤ ਵਿਚਲੇ ਕਿਸੇ ਵਿਸ਼ੇਸ਼ ਸੰਗਠਨ ਦਾ ਕਾਰਜ਼ ਹਨ, ਜੋ ਇਹ ਚਾਹੁੰਦੇ ਹੀ ਸਨ ਕਿ ਹਮਲੇ ਦੀ ਜਿਮੇਂਵਾਰੀ ਪਾਕਿਸਤਾਨੀ ਅਤਿਵਾਦੀਆਂ ਦੀ ਸਾਬਿਤ ਹੋ ਸਕੇ।

ਸਵਾਲ ਇਹ ਪੈਦਾ ਹੁੰਦਾ ਹੈ ਕਿ ਅਜਿਹਾ ਕਾਰਾ ਕੌਣ ਕਰਵਾ ਸਕਦਾ ਹੈ ? ਅਸਲ

ਵਿੱਚ ਮਹਾਂਰਾਸ਼ਟਰ ਦੇ ਅਤਿਵਾਦ ਵਿਰੋਧੀ ਦਸਤੇ ਦੇ ਪੁਲਿਸ ਅਧਿਕਾਰੀਆਂ ਹੇਮੰਤ ਕਰਕਰੇ, ਵਿਜੈ ਸਾਲਾਸਕਰ ਅਤੇ ਅਸ਼ੋਕ ਕਾਮਟੇ ਵੱਲੋਂ ਕਾਫ਼ੀ ਸਰਗਰਮੀ ਤੇ ਨਿਰਪੱਖਤਾ ਨਾਲ ਮਹਾਂਰਾਸ਼ਟਰ ਵਿੱਚ ਹੋਈਆਂ ਅਤਿਵਾਦੀ ਕਾਰਵਾਈਆਂ ਦੀ ਜਾਂਚ ਕਰਕੇ, ਦੋਸ਼ੀ ਹਿੰਦੂ ਅਤਿਵਾਦੀਆਂ ਨੂੰ ਗ੍ਰਿਫ਼ਤਾਰ ਕੀਤਾ ਜਾ ਰਿਹਾ ਸੀ। ਖ਼ਾਸਕਰ ਸੰਘ ਪਰਵਾਰ ਨਾਲ ਜੁੜੀ ਹੋਈ ਸਾਧਵੀ ਪ੍ਰਗਿਆ ਸਿੰਘ, ਫ਼ੌਜੀ ਅਧਿਕਾਰੀ ਲੈਫ਼ਟੀਨੈਂਟ ਕਰਨਲ ਪੁਰੋਹਿਤ ਅਤੇ ਸਾਧਵੀ ਦੇ 'ਗੁਰੂ' ਮਹੰਤ ਦਯਾਨੰਦ ਪਾਂਡੇ ਦੀਆਂ ਗ੍ਰਿਫ਼ਤਾਰੀਆਂ ਨਾਲ ਹਿੰਦੂਤਵਵਾਦੀ ਸੰਗਠਨਾਂ ਦੀਆਂ ਅਤਿਵਾਦੀ ਕਾਰਵਾਈਆਂ ਬਾਰੇ ਕੌਮਾਂਤਰੀ ਪੱਧਰ 'ਤੇ ਚਰਚਾ ਹੋਣ ਲੱਗ ਪਈ ਸੀ। **ਭਰੋਸੇਯੋਗ ਸੂਤਰਾਂ ਦਾ ਇਹ ਕਹਿਣਾ ਹੈ ਕਿ ਪਖੰਡੀ ਸਾਧ ਪਾਂਡੇ ਤੋਂ ਪ੍ਰਾਪਤ ਕੀਤੇ ਗਏ ਲੈਪਟਾਪ ਵਿੱਚ ਕੋਈ ਏਨੀ ਜ਼ਿਆਦਾ ਸੰਵੇਦਨਸ਼ੀਲ ਜਾਣਕਾਰੀ ਸੀ, ਜਿਸ ਨਾਲ ਸੰਘ ਪਰਵਾਰ** ਦੀਆਂ ਸਾਰੀਆਂ ਅਤਿਵਾਦੀ ਕਾਰਵਾਈਆਂ/ਯੋਜਨਾਵਾਂ ਦਾ ਖੁਲਾਸਾ ਹੋ ਜਾਣਾ ਸੀ। ਦੱਸਿਆ ਜਾਂਦਾ ਹੈ ਕਿ ਇਸ ਲੈਪਟਾਪ ਵਿੱਚਲੀ ਸਮੱਗਰੀ ਦੀ ਜਾਣਕਾਰੀ ਹਾਲ-ਫ਼ਿਲਹਾਲ ਏ.ਟੀ.ਐਸ. ਦੇ ਸਿਰਫ਼ ਦੋ-ਤਿੰਨ ਉੱਚ ਅਧਿਕਾਰੀਆਂ (ਜਿਵੇਂ ਕਰਕਰੇ, ਸਾਲਾਸਕਰ ਤੇ ਕਾਮਟੇ ਆਦਿ) ਨੂੰ ਹੀ ਸੀ। ਸਪੱਸ਼ਟ ਹੈ ਕਿ ਹਿੰਦੂਤਵਵਾਦੀ ਸੰਗਠਨਾਂ ਲਈ ਜ਼ਰੂਰੀ ਸੀ ਕਿ ਆਪਣਾ ਪਰਦਾਫ਼ਾਸ਼ ਹੋਣ ਤੋਂ ਰੋਕਣ ਲਈ ਇਨ੍ਹਾਂ ਅਧਿਕਾਰੀਆਂ ਦਾ ਕਿਸੇ ਤਰ੍ਹਾਂ ਸਫ਼ਾਇਆ ਕਰਾਉਂਦੇ। ਪਰ ਜੇਕਰ ਇਨ੍ਹਾਂ ਅਧਿਕਾਰੀਆਂ ਨੂੰ ਆਮ ਲੋਕਾਂ ਵਾਂਗ ਕਤਲ ਕਰਵਾ ਦਿੱਤਾ ਜਾਂਦਾ, ਤਾਂ ਇਸ ਦਾ ਸਿੱਧਾ ਸ਼ੱਕ ਸੰਘ ਪਰਵਾਰ ਦੇ ਸੰਗਠਨਾਂ 'ਤੇ ਹੀ ਪੈਣਾ ਸੀ ਤੇ ਇਨ੍ਹਾਂ ਸੰਗਠਨਾਂ ਦੇ ਖਿਲਾਫ਼ ਉੱਚ ਪੱਧਰ ਦੀ ਜਾਂਚ ਵੀ ਹੋ ਸਕਦੀ ਸੀ। ਇਸ ਲਈ ਬ੍ਰਾਹਮਣਵਾਦੀਆਂ ਨੇ ਇੱਕ ਤੀਰ ਨਾਲ ਦੋ ਨਿਸ਼ਾਨੇ ਲੈਂਦਿਆਂ ਕੁਝ ਕਿਰਾਏ ਦੇ ਹਮਲਾਵਰਾਂ ਕੋਲੋਂ ਮੁੰਬਈ ਦੀਆਂ ਵੱਖ-ਵੱਖ ਥਾਵਾਂ 'ਤੇ ਹਮਲੇ ਕਰਵਾ ਦਿੱਤੇ। **ਇਨ੍ਹਾਂ ਹਮਲਿਆਂ ਦੌਰਾਨ ਅਤਿਵਾਦ ਵਿਰੋਧੀ ਦਸਤੇ ਦੇ ਉਕਤ ਅਧਿਕਾਰੀਆਂ ਨੂੰ ਕਤਲ ਕਰਨ ਦਾ ਇੰਤਜ਼ਾਮ ਪਹਿਲਾਂ ਹੀ ਕਰ ਲਿਆ ਗਿਆ ਸੀ। ਇਸੇ ਲਈ ਤਿੰਨੋਂ ਅਧਿਕਾਰੀਆਂ ਨੂੰ ਇੱਕੋ ਗੱਡੀ ਵਿੱਚ ਬਿਠਾ ਕੇ, ਇੱਕੋ ਥਾਂ, ਇਕੱਠੇ ਭੇਜ ਦਿੱਤਾ ਗਿਆ, (ਜਦ ਹਮਲੇ ਤਿੰਨ ਥਾਵਾਂ 'ਤੇ ਹੋ ਰਹੇ ਸਨ, ਤਾਂ ਤਿੰਨੋਂ ਅਧਿਕਾਰੀਆਂ ਨੂੰ ਅਲੱਗ-ਅਲੱਗ ਥਾਵਾਂ 'ਤੇ ਹੀ ਜਾਣਾ ਚਾਹੀਦਾ ਸੀ)। ਯੋਜਨਾ ਮੁਤਾਬਿਕ ਇਨ੍ਹਾਂ ਅਧਿਕਾਰੀਆਂ ਦੇ ਕਤਲ ਹੋ ਜਾਣ ਦੇ ਤੁਰੰਤ ਬਾਅਦ ਇਨ੍ਹਾਂ ਨੂੰ 'ਸ਼ਹੀਦ' ਪ੍ਰਚਾਰਿਆ ਜਾਣਾ ਸ਼ੁਰੂ ਕਰ ਦਿੱਤਾ ਗਿਆ, ਤਾਂ ਜੋ ਆਮ ਲੋਕਾਂ ਨੂੰ ਕਿਸੇ ਤਰ੍ਹਾਂ ਕੋਈ ਸ਼ੱਕ ਨਾ ਪਏ।**

ਭਾਰਤ ਦੇ ਨਾਗਰਿਕਾਂ ਨੂੰ ਕਥਿਤ ਅਤਿਵਾਦੀਆਂ ਦੇ ਪਿਛੋਕੜ ਬਾਰੇ ਵੀ ਜ਼ਰੂਰ ਜਾਣਨਾ ਚਾਹੀਦਾ ਹੈ ਕਿ ਆਖ਼ਿਰ ਉਹ ਕੌਣ ਸਨ। ਸੱਚਾਈ ਨੂੰ ਪੂਰੀ ਤਰ੍ਹਾਂ ਸਾਹਮਣੇ ਲਿਆਏ ਬਿਨ੍ਹਾਂ ਅਤੇ ਅਸਲ ਅਪਰਾਧੀਆਂ (ਸੰਘ ਪਰਵਾਰ ਦੇ ਸੰਗਠਨ) ਖਿਲਾਫ਼ ਠੋਸ





ਕਾਰਵਾਈ ਕੀਤੇ ਬਿਨਾਂ ਸਿਰਫ਼ ਕਿਸੇ ਦੂਜੇ ਮੁਲਕ ਨੂੰ ਦੋਸ਼ ਦਿੰਦੇ ਰਹਿਣ ਨਾਲ ਭਾਰਤੀ ਸਮਾਜ ਦਾ ਕੋਈ ਭਲਾ ਨਹੀਂ ਹੋ ਸਕਦਾ।"

[ਇੰਡੀਆ ਅਵੇਰਨੈਸ (ਜਨਵਰੀ 2009) : ਸੰਪਾਦਕੀ ਟਿੱਪਣੀ, ਸਫ਼ੇ 25,28]

ਦਰਅਸਲ ਇਹ ਇੱਕ ਅਤਿ ਸੰਵੇਦਨਸ਼ੀਲ ਮਸਲਾ ਹੈ ਅਤੇ ਇਸ ਦੀ ਜਾਂਚ ਨੂੰ ਰਫ਼ਾ-ਦਫ਼ਾ ਕਰਨ ਲਈ ਇਸ ਨੂੰ ਅੰਤਰ-ਰਾਸ਼ਟਰੀ ਰੂਪ ਦਿਤਾ ਜਾ ਰਿਹਾ ਲਗਦਾ ਹੈ। ਇਸ ਲਈ ਸੰਪੂਰਨ ਸੱਚਾਈ ਨੂੰ ਅੰਤਰ-ਰਾਸ਼ਟਰੀ ਪੱਧਰ 'ਤੇ ਨਸ਼ਰ ਕਰਨ ਲਈ ਜ਼ਰੂਰੀ ਹੈ ਕਿ ਯੂ.ਐਨ.ਓ. ਤਰੁੰਤ ਇਸ ਮਾਮਲੇ ਦੀ ਪੜਤਾਲ ਖ਼ੁਦ ਕਰੇ। ਕੀ ਯੂ.ਐਨ.ਓ. ਆਪਣੇ ਫ਼ਰਜ਼ਾਂ ਦੀ ਪਾਲਣਾ ਕਰਦਾ ਹੋਇਆ ਅਜਿਹਾ ਕਦਮ ਚੁੱਕ ਸਕੇਗਾ। ਇਸ ਬਾਰੇ ਆਉਂਣ ਵਾਲਾ ਸਮਾਂ ਹੀ ਦੱਸੇਗਾ।

## ਸਰਕਾਰੀ ਅਤਿਵਾਦ (State-Terrorism)

1947, ਵਿੱਚ ਭਾਰਤ-ਪਾਕਿਸਤਾਨ ਦੀ ਵੰਡ ਵੇਲੇ ਲੱਖਾਂ ਹੀ ਨਿਰਦੋਸ਼ ਮਨੁੱਖਾਂ ਦਾ, ਜਿਨ੍ਹਾਂ ਵਿਚ ਬਹੁਤੇ ਸਿੱਖ, ਮੁਸਲਮਾਨ ਅਤੇ ਬੰਗਾਲੀ ਸ਼ਾਮਿਲ ਸਨ, ਕਤਲੇਆਮ ਹੋਇਆ। ਇਸ ਕਤਲੇਆਮ ਲਈ ਮੁੱਖ ਤੌਰ ਤੇ, ਗਾਂਧੀ, ਨਹਿਰੂ ਅਤੇ ਪਟੇਲ ਵਗ਼ੈਰਾ ਸਿਆਸੀ ਲੀਡਰ ਹੀ ਜਿਮੇਂਵਾਰ ਸਨ। ਜਾਨੀ ਅਤੇ ਮਾਲੀ ਨੁਕਸਾਨ ਕਰਵਾ ਕੇ ਪਾਕਿਸਤਾਨ ਤੋਂ ਉੱਜੜ ਕੇ ਆਏ ਸਿੱਖ ਪਰਿਵਾਰਾਂ ਦੇ ਮੁੜ-ਵਸੇਬੇ ਦਾ ਕੋਈ ਤਸੱਲੀਬਖ਼ਸ਼ ਅਤੇ ਨਿਆਂਪੂਰਵਕ ਪ੍ਰਬੰਧ ਨਾ ਕੀਤਾ ਗਿਆ। ਕਿਉਂ??

ਆਜ਼ਾਦ ਭਾਰਤ ਵਿੱਚ ਕੁਝ ਸਾਲ ਤਾਂ ਅਮਨ-ਅਮਾਨ ਨਾਲ ਬੀਤ ਗਏ। ਫਿਰ 'ਬ੍ਰਾਹਮਣ-ਬਾਣੀਆ-ਹਾਕਮ' ਤਿੱਕੜੀ ਨੇ ਆਪਣੇ ਅਸਲੀ ਅਤੇ ਮਨੁੱਖਤਾ-ਵਿਰੋਧੀ (ਖ਼ਾਸ ਕਰਕੇ ਹੋਰ ਕੌਮਾਂ ਅਤੇ ਘੱਟ-ਗਿਣਤੀ ਸਮਾਜਕ ਵਰਗਾਂ ਵਿਰੋਧੀ) ਕਿਰਦਾਰ ਦੇ ਦਰਸ਼ਨ ਦਿਖਾਉਂਣੇ ਸ਼ੁਰੂ ਕਰ ਦਿੱਤੇ। ਹੇਠ ਲਿਖੀਆਂ ਕੁਝ ਕੁ ਅਹਿਮ ਘਟਨਾਵਾਂ ਆਜ਼ਾਦ ਭਾਰਤ ਵਿੱਚ ਸਰਕਾਰੀ ਅਤਿਵਾਦ ਦੀ ਮੂਹੋਂ ਬੋਲਦੀ ਤਸਵੀਰ, ਉੱਚੀ ਆਵਾਜ਼ ਵਿੱਚ ਪੇਸ਼ ਕਰਦੀਆਂ ਹਨ :

### 1. 1984 ਤੋਂ 1996 ਤੱਕ ਸਿੱਖ ਕੌਮ ਦੀ ਨਸਲਕੁਸ਼ੀ

ਇਸ ਬਾਰੇ ਇਸ ਪੁਸਤਕ ਵਿਚ ਸੰਖੇਪ ਰੂਪ ਵਿੱਚ ਜ਼ਿਕਰ ਕੀਤਾ ਜਾ ਚੁੱਕਾ ਹੈ।

2. 1992 ਵਿੱਚ ਬਾਬਰੀ ਮਸਜਿਦ ਨੂੰ ਸਰਕਾਰੀ ਸ਼ਹਿ 'ਤੇ ਢਹਿ-ਢੇਰੀ ਕੀਤਾ ਜਾਣਾ।
3. 2002 ਵਿੱਚ ਮੁਸਲਮਾਨਾਂ ਦੀ ਗੁਜਰਾਤ ਵਿੱਚ ਸਰਕਾਰੀ ਅਤਿਵਾਦ ਰਾਹੀਂ ਨਸਲਕੁਸ਼ੀ।
4. 1989 ਤੋਂ ਹੁਣ ਤੱਕ ਕਸ਼ਮੀਰੀਆਂ ਦੀ ਨਸਲਕੁਸ਼ੀ।

5. 1947 ਤੋਂ ਲੈਕੇ ਹੁਣ ਤੱਕ ਉਤਰ-ਪੂਰਬੀ ਰਾਜਾਂ ਵਿੱਚ ਨਾਗੇ, ਮਿੱਜ਼ੋ, ਮਨੀਪੁਰੀ, ਆਸਾਮੀ ਸਮਾਜਕ ਵਰਗਾਂ ਦੀ ਨਸਲਕੁਸ਼ੀ।

6. ਸਰਕਾਰੀ ਸ਼ਹਿ 'ਤੇ ਮਨੂੰਵਾਦੀਆਂ ਦੁਆਰਾ, 2008 ਵਿੱਚ ਉੜੀਸਾ, ਕੇਰਲਾ ਕਰਨਾਟਕ ਅਤੇ ਕੁਝ ਹੋਰ ਦੱਖਣ-ਭਾਰਤ ਦੇ ਇਲਾਕਿਆਂ ਵਿੱਚ ਈਸਾਈਆਂ ਦਾ ਕਤਲੇਆਮ ਅਤੇ ਸਮੂਹਕ ਬਲਾਤਕਾਰ।

ਉਪਰੋਕਤ ਵਰਨਨ ਸੰਗਠਨਾਤਮਕ ਅਤੇ ਸਰਕਾਰੀ ਅਤਿਵਾਦ ਨੇ ਹਜ਼ਾਰਾਂ ਨਹੀਂ ਲੱਖਾਂ ਹੀ ਨਿਰਦੋਸ਼ਾਂ ਦਾ ਕਤਲੇਆਮ ਕੀਤਾ, ਹਜ਼ਾਰਾਂ ਬੀਬੀਆਂ ਦੇ ਬਲਾਤਕਾਰ ਕਰਵਾਏ, ਅਰਬਾਂ-ਖਰਬਾਂ ਰੁਪਏ ਦੀਆਂ ਜਾਇਦਾਦਾਂ ਨਸ਼ਟ ਕਰਵਾਈਆਂ ਅਤੇ ਮਨੁੱਖੀ ਭਾਈਚਾਰੇ ਦੀਆਂ ਪ੍ਰੇਮ-ਤੰਦਾਂ ਨੂੰ ਤਾਰ-ਤਾਰ ਕੀਤਾ। **ਕਿਤਨੀ ਹੈਰਾਨੀ ਦੀ ਗੱਲ ਹੈ ਕਿ ਜਿਸ ਉਪ-ਮਹਾਦੀਪ ਵਿੱਚ ਇਤਨੀ ਵੱਡੀ ਪੱਧਰ 'ਤੇ ਨਿਰਦੋਸ਼ ਘਟ-ਗਿਣਤੀ ਕੌਮਾਂ ਅਤੇ ਘੱਟ-ਗਿਣਤੀ ਸਮਾਜਕ ਵਰਗਾਂ ਦੀ ਨਸਲਕੁਸ਼ੀ ਹੋ ਚੁੱਕੀ ਹੈ, ਮਨੁੱਖੀ ਹੱਕਾਂ ਦਾ ਬਹੁਤ ਵੱਡੇ ਪੱਧਰ 'ਤੇ ਘਾਣ ਕੀਤਾ ਜਾ ਚੁੱਕਾ ਹੈ, ਉਸ ਨੇ ਦੁਨੀਆਂ ਦੀਆਂ ਸਰਕਾਰਾਂ ਨੂੰ ਮੂਰਖ ਬਣਾਕੇ, ਇਕ ਅਮਨ-ਪਸੰਦ ਅਤੇ ਸੰਸਾਰ ਦਾ ਸਭ ਤੋਂ ਵੱਡਾ ਲੋਕ-ਰਾਜ ਹੋਣ ਦਾ ਪ੍ਰਭਾਵ ਦੇਣ ਵਿੱਚ ਲਾਸਾਨੀ ਸਫ਼ਲਤਾ ਹਾਸਿਲ ਕੀਤੀ ਹੋਈ ਹੈ। ਇਸ ਸਫ਼ਲਤਾ ਦਾ ਰਾਜ ਹੈ ਬਿਪਰਵਾਦੀਆਂ ਦੀ 'ਝੂਠ' ਨੂੰ ਸੱਚ ਬਣਾਕੇ ਪੇਸ਼ ਕਰਨ ਦੀ ਲਾਸਾਨੀ ਕਾਬਲੀਅਤ।**

ਇਸ ਤੋ ਇਲਾਵਾ ਸਮਾਜ ਦੇ ਦੱਬੇ-ਕੁਚਲੇ ਗ਼ਰੀਬ ਅਤੇ ਦਲਿਤ ਵਰਗ ਸਦੀਆਂ ਤੋਂ ਨਰਕ ਭੋਗਦੇ ਆ ਰਹੇ ਹਨ। ਇਨ੍ਹਾਂ ਵਿੱਚੋਂ ਕਾਫ਼ੀ ਵੱਡੇ ਹਿੱਸੇ ਦਾ ਜੀਵਨ ਪਸ਼ੂਆਂ ਦੇ ਜੀਵਨ-ਪੱਧਰ ਤੋਂ ਵੀ ਨੀਵੇਂ ਦਰਜੇ ਦਾ ਹੈ। ਕੀ ਇਹ ਇਨਸਾਨ ਨਹੀਂ ਹਨ? ਇਤਿਹਾਸ ਇਸ ਸੱਚਾਈ ਦੀ ਗਵਾਹੀ ਦੇਂਦਾ ਹੈ ਕਿ ਕੇਵਲ ਅਤੇ ਕੇਵਲ ਗੁਰੂ ਨਾਨਕ ਸਾਹਿਬ ਦੇ ਆਲਮਗੀਰੀ ਫ਼ਲਸਫ਼ੇ ਨੇ ਹੀ ਸਮਾਜ ਦੇ ਇਨ੍ਹਾਂ ਦਰਕਾਰੇ ਹੋਏ ਗ਼ਰੀਬਾਂ ਨੂੰ ਬਰਾਬਰ ਦੇ ਭੈਣ-ਭਰਾ ਬਣਾਕੇ ਗਲੇ ਨਾਲ ਲਗਾਇਆ ਹੈ। ਪਰ ਬਦਕਿਸਤਮੀ ਨਾਲ, ਇਸ ਪੁਸਤਕ ਵਿੱਚ ਵਰਨਨ ਕੀਤੇ ਜਾ ਚੁੱਕੇ ਇਤਿਹਾਸਕ ਕਾਰਨਾਂ ਕਰਕੇ ਸਿੱਖ ਕੌਮ ਦਾ ਵੱਡਾ ਹਿੱਸਾ ਪਿਛਲੀਆਂ ਤਕਰੀਬਨ ਦੋ-ਢਾਈ ਸਦੀਆਂ ਤੋਂ ਮਨੁੱਖਤਾ ਦੇ ਇਸ ਇੱਕੋ-ਇੱਕ ਸਰਬ-ਕਲਿਆਣਕਾਰੀ ਇਲਾਹੀ ਫਲਸਫ਼ੇ ਨਾਲੋਂ ਅਮਲੀ ਤੌਰ ਤੇ ਟੁੱਟਿਆ ਚੱਲਿਆ ਆ ਰਿਹਾ ਹੈ ਜਿਸ ਕਰਕੇ ਦਲਿਤ ਸ਼੍ਰੇਣੀਆਂ ਦੀ ਹਾਲਤ ਵਿੱਚ ਕੋਈ ਸੁਧਾਰ ਨਹੀਂ ਕੀਤਾ ਜਾ ਸਕਿਆ।

## ਕੀ ਅਤਿਵਾਦ ਨੂੰ ਜੜ੍ਹੋਂ ਹੀ ਖ਼ਤਮ ਕੀਤਾ ਜਾ ਸਕਦਾ ਹੈ?

ਅਤਿਵਾਦ ਦਾ ਖੁਰਾ-ਖੋਜ ਮਿਟਾਉਣ ਲਈ ਜ਼ਰੂਰੀ ਹੈ ਕਿ ਉਨ੍ਹਾਂ ਕਾਰਨਾਂ ਜਿਨ੍ਹਾਂ





ਕਰਕੇ ਅਤਿਵਾਦ ਪੈਦਾ ਹੁੰਦਾ ਹੈ, ਨੂੰ ਸੁਹਿਰਦਤਾ ਅਤੇ ਦ੍ਰਿੜਤਾ ਨਾਲ ਖ਼ਤਮ ਕੀਤਾ ਜਾਵੇ। ਇਹ ਗੱਲ ਡੰਕੇ ਦੀ ਚੋਟ ਨਾਲ ਕਹੀ ਜਾ ਸਕਦੀ ਹੈ ਕਿ ਗੁਰੂ ਨਾਨਕ ਸਾਹਿਬ ਵੱਲੋਂ ਸਮੁੱਚੀ ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦੇ ਆਧਾਰ 'ਤੇ, ਸਰਬੱਤ ਦੇ ਭਲੇ ਵਾਸਤੇ ਆਰੰਭ ਕੀਤੇ ਲਾਸਾਨੀ ਗੁਰਮਤਿ ਇਨਕਲਾਬ ਦਾ ਸੰਸਾਰ ਵਿੱਚ ਵਿਕਾਸ ਕਰਕੇ ਹੀ ਅਜਿਹਾ ਕੀਤਾ ਜਾ ਸਕਦਾ ਹੈ।

## ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਅਸਲੀ ਖ਼ਤਰਾ ਕਿਸ ਪਾਸੋਂ ਹੈ?

**ਅਸਲ ਵਿੱਚ ਭਾਰਤ ਉਪ-ਮਹਾਂਦੀਪ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰਾ ਕੇਵਲ ਅਤੇ ਕੇਵਲ ਇਸ ਬਾਣੀਆ-ਬ੍ਰਾਹਮਣ ਲਾਬੀ ਤੋਂ ਹੀ ਹੈ। ਇਹ ਲਾਬੀ ਦੁਨੀਆਂ ਦੇ ਇਸ ਖਿੱਤੇ ਅੰਦਰ ਮਨੂੰਵਾਦੀਆਂ ਤੋਂ ਸਿਵਾਏ ਹੋਰ ਕਿਸੇ ਕੌਮ, ਘੱਟ-ਗਿਣਤੀ ਸਮਾਜਕ ਵਰਗ ਜਾਂ ਫ਼ਿਰਕੇ ਦੀ ਹੋਂਦ ਨੂੰ ਕਿਸੇ ਕੀਮਤ ਤੇ ਵੀ ਬਰਦਾਸ਼ਤ ਕਰਨ ਲਈ ਤਿਆਰ ਨਹੀਂ ਅਤੇ ਆਪਣੀ ਇਸ ਘਿਨਾਉਂਣੀ ਸੋਚ ਦਾ ਇਹ ਸ਼ਰ੍ਹੇਆਮ ਐਲਾਨ ਵੀ ਕਰ ਚੁੱਕੀ ਹੈ। 'ਹਿੰਦੀ-ਹਿੰਦੂ-ਹਿੰਦੁਸਤਾਨ' ਦਾ ਇਸ ਲਾਬੀ ਵੱਲੋਂ ਲਗਾਇਆ ਜਾ ਰਿਹਾ ਨਾਅਰਾ ਇਸ ਹਕੀਕਤ ਦੀ ਹੀ ਪ੍ਰੋੜਤਾ ਕਰਦਾ ਹੈ। ਇਸ ਨਾਅਰੇ ਦਾ ਸਿੱਧਾ-ਸਾਦਾ ਅਰਥ ਇਹ ਲਾਬੀ ਇਉਂ ਕਰਦੀ ਹੈ :-**

**"ਜੇਕਰ 'ਹਿੰਦੁਸਤਾਨ' ਵਿੱਚ ਰਹਿਣਾ ਹੈ ਤਾਂ 'ਹਿੰਦੂ' ਬਣ ਕੇ ਰਹਿਣਾ ਪਵੇਗਾ ਅਤੇ 'ਹਿੰਦੀ' ਭਾਸ਼ਾ ਨੂੰ ਹੀ ਅਪਣਾਉਂਣਾ ਪਵੇਗਾ"।** ਇਸ ਪੁਸਤਕ ਵਿੱਚ ਪਿੱਛੇ ਵਿਚਾਰ ਕੀਤੀ ਜਾ ਚੁੱਕੀ ਹੈ ਕਿ ਇਸ ਵਕਤ 'ਹਿੰਦੁਸਤਾਨ' ਨਾਮ ਦਾ ਕੋਈ ਦੇਸ਼ ਇਸ ਸੰਸਾਰ ਵਿੱਚ ਨਹੀਂ ਹੈ। ਇਸ ਦੇਸ਼ ਦਾ ਨਾਮ ਹੈ 'ਭਾਰਤ' (ਇੰਡੀਆ) ਅਤੇ 'ਹਿੰਦੂ' ਨਾਮ ਦਾ ਕੋਈ 'ਮੱਤ' ਜਾਂ ਮਜ਼੍ਹਬ ਵੀ ਨਹੀਂ ਹੈ। ਅੰਗ੍ਰੇਜ਼ੀ ਹਕੂਮਤ ਦੇ ਰਾਜਕਾਲ ਵਿੱਚ ਵੀ ਇਹ ਇੱਕ ਦੇਸ਼ ਨਹੀਂ ਰਿਹਾ ਬਲਕਿ ਅਲੱਗ-ਅਲੱਗ ਸਮੇਂ ਤੇ ਫ਼ੌਜੀ ਤਾਕਤ ਨਾਲ ਜਿੱਤ ਕੇ ਅਲੱਗ-ਅਲੱਗ ਪ੍ਰਬੰਧਕੀ ਖੇਤਰਾਂ ਦੇ ਰੂਪ ਵਿੱਚ ਪ੍ਰਬੰਧਕੀ ਯੂਨਿਟਾਂ ਸਨ। **ਹਜ਼ਾਰਾਂ ਸਾਲ ਤੋਂ ਵਿਸ਼ਵ ਪੱਧਰ 'ਤੇ ਪ੍ਰਵਾਨ ਕੀਤੀ ਜਾ ਚੁੱਕੀ ਅਸਲੀਅਤ ਇਹ ਹੈ ਕਿ ਮੌਜੂਦਾ ਭਾਰਤ ਇੱਕ ਉਪ-ਮਹਾਂਦੀਪ ਹੈ ਜਿਸ ਵਿੱਚ ਤਕਰੀਬਨ 40-45 ਸੁਤੰਤਰ ਦੇਸ਼ ਹਜ਼ਾਰਾਂ ਸਾਲ ਹੋਂਦ ਵਿੱਚ ਰਹੇ ਹਨ। ਇਨ੍ਹਾਂ ਦੇਸ਼ਾਂ ਵਿੱਚ ਬਹੁਤ ਸਾਰੀਆਂ ਕੌਮਾਂ, ਮਜ਼੍ਹਬ, ਸਮਾਜਿਕ ਘੱਟ-ਗਿਣਤੀ ਵਰਗ ਅਤੇ ਫ਼ਿਰਕੇ ਵਸਦੇ ਆ ਰਹੇ ਹਨ।**

**ਸਵਾਲ ਇਹ ਨਹੀਂ ਕਿ ਇਸ ਉਪ-ਮਹਾਂਦੀਪ ਦੀ ਏਕਤਾ ਅਤੇ ਅਖੰਡਤਾ ਨੂੰ ਕਾਇਮ ਰੱਖਿਆ ਜਾਣਾ ਚਾਹੀਦਾ ਹੈ ਕਿ ਨਹੀਂ? ਸਵਾਲ ਇਹ ਹੈ ਕਿ ਇਸ 'ਏਕਤਾ ਅਤੇ ਅਖੰਡਤਾ' ਦਾ ਆਧਾਰ ਕੀ ਹੋਵੇ? ਨਿਰ-ਸੰਦੇਹ,**

**ਇਸਦਾ ਆਧਾਰ ਮਨੂੰਵਾਦੀ ਲਾਬੀ ਦਾ ਬਾਕੀ ਕੌਮੀਅਤਾਂ, ਘੱਟ-ਗਿਣਤੀਆਂ ਅਤੇ ਦਲਿਤਾਂ ਉੱਤੇ ਗ਼ਲਬਾ ਬਣਾ ਕੇ ਰਖੱਣਾ ਕਦਾਚਿਤ ਨਹੀਂ ਹੋ ਸਕਦਾ। ਇਸ ਦਾ ਆਧਾਰ ਕੇਵਲ ਅਤੇ ਕੇਵਲ ਇਸ ਉਪ-ਮਹਾਂਦੀਪ ਵਿੱਚ ਸਦੀਆਂ ਤੋਂ ਵਸਦੀਆਂ ਆ ਰਹੀਆਂ ਕੌਮਾਂ, ਘੱਟ-ਗਿਣਤੀ ਸਮਾਜਿਕ ਵਰਗਾਂ ਅਤੇ ਦਲਿਤ ਸ਼੍ਰੇਣੀਆਂ ਦੇ ਬਰਾਬਰ ਦੇ ਸਿਆਸੀ, ਧਾਰਮਿਕ, ਸਮਾਜਿਕ, ਸਭਿਆਚਾਰਕ ਅਤੇ ਆਰਥਕ ਹੱਕਾਂ ਦੀ ਪੱਕੀ ਗਰੰਟੀ ਦੇ ਕੇ ਉਨ੍ਹਾਂ ਨੂੰ ਇਥੇ ਇਜ਼ੱਤ-ਮਾਣ ਨਾਲ, ਵ਼ਗੈਰ ਕਿਸੇ ਬੇ-ਲੋੜੀ ਬਾਹਰੀ ਦਖ਼ਲਅੰਦਾਜ਼ੀ ਦੇ, ਅਲੱਗ-ਅਲੱਗ ਖ਼ੁਦਮੁਖ਼ਤਿਆਰ ਦੇਸ਼ਾਂ ਦੇ ਸੰਘ ਵਜੋਂ ਮਾਣਤਾ ਦੇਣਾ ਹੀ ਹੋ ਸਕਦਾ ਹੈ।** ਅਮਰੀਕਾ ਅਤੇ ਕੈਨੇਡਾ ਦੀ ਤਰਜ਼ 'ਤੇ ਇਨ੍ਹਾਂ ਦੇਸ਼ਾਂ ਨੂੰ ਸਵੈ-ਇਛਾ ਨਾਲ ਭਾਰਤੀ ਸੰਘ ਤੋਂ ਅਲੱਗ ਹੋਣ ਦਾ ਸੰਵਿਧਾਨਕ ਅਧਿਕਾਰ ਵੀ ਮਿਲਣਾ ਚਾਹੀਦਾ ਹੈ। ਜੇਕਰ ਅਜਿਹਾ ਰਾਜ-ਪ੍ਰਬੰਧ ਹੋਂਦ ਵਿੱਚ ਨਾ ਲਿਆਂਦਾ ਗਿਆ ਤਾਂ ਇਸ ਖ਼ੇਤਰ ਦਾ ਵੀ ਯੂਨੀਅਨ ਆਫ਼ ਸੋਵੀਅਤ ਸੋਸ਼ਲਿਸਟ ਰੀਪਬਲਿਕਸ (U.S.S.R.) ਵਾਲਾ ਹਸ਼ਰ ਹੋਣਾ ਯਕੀਨੀ ਹੈ।

**ਜੇਕਰ 1947 ਦੀ ਵੰਡ ਤੋਂ ਬਾਅਦ ਦੇ ਭਾਰਤ ਦੇ ਇਤਿਹਾਸ 'ਤੇ ਘੋਖਵੀਂ ਨਜ਼ਰ ਮਾਰੀ ਜਾਵੇ ਤਾਂ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਉਪ-ਮਹਾਂਦੀਪ ਵਿੱਚ ਜਦੋਂ ਵੀ ਕਿਸੇ ਕੌਮ ਜਾਂ ਘੱਟ-ਗਿਣਤੀ ਸਮਾਜਿਕ ਵਰਗ ਨੇ ਆਪਣੇ ਬਣਦੇ ਕੁਦਰਤੀ ਮੌਲਿਕ ਹੱਕਾਂ ਨੂੰ ਹਾਸਿਲ ਕਰਨ ਲਈ ਆਵਾਜ਼ ਉਠਾਈ ਹੈ ਤਾਂ ਇਸ ਬਿਪਰਵਾਦੀ ਕੋਟਰੀ ਨੇ ਭਾਰਤ ਦੀ ਏਕਤਾ ਅਤੇ ਅਖੰਡਤਾ ਨੂੰ ਖ਼ਤਰੇ ਦਾ ਰੌਲਾ-ਪਾਕੇ, ਰਾਜਸੀ ਸ਼ਕਤੀ ਦੀ ਦੁਰਵਰਤੋਂ ਕਰਕੇ, ਉਸ ਆਵਾਜ਼ ਨੂੰ ਦਬਾਉਂਣ ਲਈ ਸਬੰਧਤ ਧਿਰ ਦੀ ਨਸਲਕੁਸ਼ੀ ਕੀਤੀ ਅਤੇ ਉਸ ਧਿਰ ਨੂੰ ਵੱਖਵਾਦੀ, ਅਤਿਵਾਦੀ, ਉੱਗਰਵਾਦੀ, ਅਤੰਕਵਾਦੀ, ਦੇਸ਼-ਧਰੋਹੀ, ਫ਼ਿਰਕਾਪ੍ਰਸਤ ਆਦਿ ਵਿਸ਼ੇਸ਼ਣਾਂ ਨਾਲ ਸ਼ਿੰਗਾਰ ਕੇ ਮੀਡੀਆ ਦੀ ਦੁਰਵਰਤੋਂ ਰਾਹੀਂ ਸਾਰੇ ਸੰਸਾਰ ਵਿੱਚ ਉਸਦੇ ਵਿਰੁੱਧ ਭੰਡੀ-ਪ੍ਰਚਾਰ ਕੀਤਾ।**

ਅਸਲ ਵਿੱਚ ਬਾਣੀਆ-ਬ੍ਰਾਹਮਣ ਲਾਬੀ ਭਾਰਤ ਵਿੱਚਲੀਆਂ ਕੌਮਾਂ, ਪਿਛੜੇ ਵਰਗਾਂ ਅਤੇ ਹੋਰ ਘੱਟ-ਗਿਣਤੀਆਂ ਨੂੰ ਆਪਣਾ ਗ਼ੁਲਾਮ ਬਣਾ ਕੇ ਰੱਖਣ ਲਈ ਹੀ ਇਸ ਨਾਅਰੇ ਦੀ ਵਰਤੋਂ ਕਰਦੀ ਆ ਰਹੀ ਹੈ। ਇਸ ਲਾਬੀ ਨੂੰ ਇਹ ਡਰ ਵੱਢ-ਵੱਢ ਕੇ ਖਾਈ ਜਾ ਰਿਹਾ ਹੈ ਕਿ ਜੇਕਰ ਭਾਰਤ ਵਿੱਚ ਵਸਦੀਆਂ ਕੌਮਾਂ, ਘੱਟ-ਗਿਣਤੀਆਂ ਅਤੇ ਦਲਿਤ ਸ਼੍ਰੇਣੀਆਂ ਆਪੋ-ਆਪਣੇ ਬਣਦੇ ਹੱਕ ਹਾਸਿਲ ਕਰਨ ਲਈ ਇਕੱਠੀਆਂ ਹੋ ਕੇ ਜਦੋਜਹਿਦ ਕਰਨ ਦੇ ਰਾਹ ਤੁਰ ਪਈਆਂ ਤਾਂ ਉਹ ਇੱਕ-ਨਾ-ਇੱਕ ਦਿਨ ਯਕੀਨਨ ਹੀ ਸਫ਼ਲ ਹੋ ਜਾਣਗੀਆਂ। ਜੇਕਰ ਇਹ ਭਾਣਾ ਵਰਤ ਗਿਆ ਤਾਂ ਇਹ ਕੋਟਰੀ 'ਹੀਰੋ' ਤੋਂ 'ਜ਼ੀਰੋ' ਬਣ ਕੇ ਰਹਿ





ਜਾਵੇਗੀ। ਇਹ ਹੈ ਅਸਲੀਅਤ ਇਸ ਏਕਤਾ ਅਤੇ ਅਖੰਡਤਾ ਨੂੰ ਖ਼ਤਰੇ ਦੇ ਨਾਅਰੇ ਦੇ ਪਿਛੋਕੜ ਦੀ। ਇਸ ਸ਼ਾਤਰ ਲਾਬੀ ਨੇ ਇਸ ਨਾਅਰੇ ਦੀ ਦੁਰਵਰਤੋਂ ਕਰਕੇ ਭਾਰਤੀ ਰਾਜ-ਪ੍ਰਣਾਲੀ ਦੇ ਸਾਰੇ ਅੰਗਾਂ ਅਤੇ ਆਮ ਜੰਤਾ ਨੂੰ ਮਨੋਵਿਗਿਆਨਕ ਢੰਗ ਨਾਲ (ਮਾਨਸਿਕ ਪੱਧਰ 'ਤੇ) ਜਜ਼ਬਾਤੀ ਪੱਧਰ 'ਤੇ ਪ੍ਰਭਾਵਤ ਕਰਕੇ ਇਨ੍ਹਾਂ ਨੂੰ ਭਾਰਤ ਵਿੱਚ ਵਸਦੀਆਂ ਕੌਮਾਂ, ਘੱਟ-ਗਿਣਤੀਆਂ ਅਤੇ ਦਲਿਤਾਂ ਦੇ ਮੌਲਿਕ ਅਧਿਕਾਰਾਂ ਨੂੰ ਪੈਰਾਂ ਹੇਠ ਕੁਚਲਣ ਲਈ ਹੀ ਵਰਤਿਆ ਹੈ। ਮਿਸਾਲ ਦੇ ਤੌਰ ਤੇ ਭਾਰਤ ਦੀਆਂ ਹਥਿਆਰਬੰਦ ਫ਼ੌਜਾਂ (ਥਲ ਸੈਨਾ, ਜਲ ਸੈਨਾ, ਹਵਾਈ ਸੈਨਾ) ਪੈਰਾ-ਮਿਲਟਰੀ ਫ਼ੋਰਸਿਜ਼, ਖ਼ੁਫ਼ੀਆ ਏਜੰਸੀਆਂ ਅਤੇ ਪੁਲੀਸ ਫ਼ੋਰਸਿਜ਼ ਦੀ ਵਰਤੋਂ (ਅਸਲ ਵਿੱਚ ਦੁਰਵਰਤੋਂ), ਆਮਤੌਰ ਤੇ ਇਨ੍ਹਾਂ ਕੌਮਾਂ ਅਤੇ ਘੱਟ-ਗਿਣਤੀਆਂ ਨੂੰ ਉਨ੍ਹਾਂ ਦੇ ਬਣਦੇ ਕੁਦਰਤੀ ਹੱਕਾਂ ਤੋਂ ਵਾਂਝੇ ਰੱਖਣ ਲਈ ਕੀਤੀ ਜਾਂਦੀ ਰਹੀ ਹੈ ਅਤੇ ਹੁਣ ਵੀ ਕੀਤੀ ਜਾ ਰਹੀ ਹੈ। ਇਹ ਸਾਰੀਆਂ ਫ਼ੋਰਸਿਜ਼ ਦੇਸ਼ ਦੀ ਹਕੂਮਤ ਦੇ ਅਧੀਨ ਹਨ ਅਤੇ ਹਕੂਮਤ ਦੇ ਹੁਕਮਾਂ ਦੀ ਪਾਲਣਾ ਕਰਨਾ ਇਨ੍ਹਾਂ ਦਾ ਕਰਤਵ ਹੈ। **ਪਰ ਵਿਚਾਰਨ ਵਾਲਾ ਨੁਕਤਾ ਇਹ ਹੈ ਕਿ ਹਕੂਮਤ ਦੇ 'ਹੁਕਮ' ਕੁਦਰਤੀ-ਇਨਸਾਫ਼ (ਨੈਚੂਰਲ ਜਸਟਿਸ) ਦੇ ਅਸੂਲਾਂ ਦੀ ਪਾਲਣਾ ਕਰਨ ਲਈ ਸਾਦਰ ਕੀਤੇ ਜਾਂਦੇ ਹਨ ਜਾਂ ਕੁਦਰਤੀ-ਇਨਸਾਫ਼ ਦੀ ਧਾਰਨਾ ਦੇ ਖ਼ਿਲਾਫ਼। ਕੀ ਹਿਟਲਰੀ ਹੁਕਮਾਂ, ਗੈਰ-ਕਾਨੂੰਨੀ ਹੁਕਮਾਂ (unlawful orders) ਦੀ ਪਾਲਣਾ ਕਰਨਾ ਵੀ ਦੇਸ਼ ਦੀਆਂ ਹਥਿਆਰਬੰਦ ਫ਼ੋਰਸਿਜ਼ ਦਾ ਫ਼ਰਜ਼ ਹੈ? ਦੇਸ਼ ਵਿੱਚ ਕੁਦਰਤੀ 'ਹੱਕ-ਸੱਚ-ਇਨਸਾਫ਼' ਸਥਾਪਤ ਕਰਨ ਲਈ ਸਾਦਰ ਕੀਤੇ ਹੁਕਮ ਹੀ ਅਸਲ ਵਿੱਚ 'ਕਾਨੂੰਨੀ ਹੁਕਮ' (lawful orders) ਕਹੇ ਜਾ ਸਕਦੇ ਹਨ। 'ਹੱਕ-ਸੱਚ-ਇਨਸਾਫ਼' ਦੀ ਵਿਰੋਧਤਾ ਕਰਨ ਵਾਲੇ ਹਿਟਲਰੀ 'ਹੁਕਮ' ਕਦਾਚਿਤ ਕਾਨੂੰਨੀ ਹੁਕਮਾਂ ਦੀ ਪ੍ਰੀਭਾਸ਼ਾ ਦੀ ਕਸਵੱਟੀ ਤੇ ਪੂਰੇ ਨਹੀ ਉੱਤਰ ਸਕਦੇ ਅਤੇ ਅਜਿਹੇ ਹੁਕਮਾਂ ਦੀ ਪਾਲਣਾ ਕਰਨਾ ਲੋਕ-ਤੰਤਰ ਦੇ ਕਿਸੇ ਅੰਸ਼ ਲਈ ਵੀ ਲਾਜ਼ਮੀ ਨਹੀਂ ਹੋ ਸਕਦਾ। ਜਦ ਤੱਕ ਇਸ ਬੁਨਿਆਦੀ ਨੁਕਤੇ ਨੂੰ ਦਿਆਨਤਦਾਰੀ ਨਾਲ ਸਮਝ ਕੇ ਇਸ ਦੀ ਪਾਲਨਾ ਨੂੰ ਯਕੀਨੀ ਨਹੀਂ ਬਣਾਇਆ ਜਾਂਦਾ ਭਾਰਤ ਵਿੱਚ ਤਾਂ ਕੀ, ਸੰਸਾਰ ਦੇ ਕਿਸੇ ਖਿੱਤੇ ਵਿੱਚ ਵੀ ਅਮਨ, ਸ਼ਾਂਤੀ ਅਤੇ ਖ਼ੁਸ਼ਹਾਲੀ ਪੱਕੇ ਤੌਰ 'ਤੇ ਕਾਇਮ ਨਹੀਂ ਕੀਤੀ ਜਾ ਸਕਦੀ।** ਸਭਿਅਕ ਦੇਸ਼ਾਂ ਦੀ ਇਹ ਇੱਕ ਮੁੱਢਲੀ ਪਛਾਣ ਹੁੰਦੀ ਹੈ ਕਿ ਉਨ੍ਹਾਂ ਦੇਸ਼ਾਂ ਵਿੱਚ ਵਸਦੀਆਂ ਕੌਮਾਂ, ਘੱਟ-ਗਿਣਤੀਆਂ ਆਮ ਨਾਗਰਿਕਾਂ ਅਤੇ ਪਿਛੜੇ ਵਰਗਾਂ ਦੇ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨ ਲਈ ਵਿਸ਼ੇਸ਼ ਯਤਨ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਨੂੰ ਆਪਣੇ ਧਾਰਮਿਕ, ਰਾਜਨੀਤਕ, ਸਮਾਜਿਕ, ਸਭਿਆਚਾਰਕ ਅਤੇ ਆਰਥਕ ਵਿਕਾਸ ਦੇ ਖੇਤਰਾਂ ਵਿੱਚ ਪ੍ਰਫ਼ੁੱਲਤ ਹੋਣ ਲਈ ਸਾਰੀਆਂ ਬਣਦੀਆਂ ਸਹੂਲਤਾਂ ਦਿੱਤੀਆਂ ਜਾਂਦੀਆਂ ਹਨ; ਕਿਸੇ ਨੂੰ ਦੂਜੇ ਜਾਂ ਤੀਜੇ ਦਰਜ਼ੇ ਦੇ ਨਾਗਰਿਕ ਹੋਣ ਦਾ ਅਹਿਸਾਸ ਨਹੀਂ ਕਰਵਾਇਆ ਜਾਂਦਾ। **ਪਰਮੇਸ਼ਰ ਮਿਹਰ ਕਰੇ ਤਾਕਿ ਭਾਰਤ ਵਿੱਚ ਵੀ ਸਾਰੇ ਪ੍ਰਾਣੀ ਸਹੀ ਮਾਅਨਿਆਂ ਵਿੱਚ ਨੇੜਤਾ ਵਾਲੇ ਭਾਈਚਾਰੇ ਦੇ ਭਰਾਤਰੀ-ਭਾਵ (ਪ੍ਰੇਮ-ਪਿਆਰ) ਵਾਲੇ ਰਿਸ਼ਤੇ ਵਿੱਚ ਪ੍ਰੋਤੇ ਜਾਣ। ਇਸ ਨਿਸ਼ਾਨੇ ਨੂੰ ਹਾਸਿਲ ਕਰਨ ਲਈ ਇਨਸਾਨੀਅਤ ਦੇ ਸਿਧਾਂਤਾਂ**

**ਵਿੱਚ ਵਿਸ਼ਵਾਸ਼ ਰੱਖਣ ਵਾਲੇ ਸਮੁੱਚੇ ਮਨੁੱਖੀ ਸਮਾਜ ਨੂੰ ਜਥੇਬੰਦ ਹੋਕੇ ਦਿਆਨਤਦਾਰੀ ਨਾਲ ਯਤਨ ਕਰਨੇ ਪੈਣਗੇ। ਆਪਣੇ ਆਪ ਕੁਝ ਵੀ ਨਹੀਂ ਹੋਣ ਵਾਲਾ।**

*ਨਾ ਕੋ ਮੇਰਾ ਦੁਸਮਨੁ ਰਹਿਆ, ਨਾ ਹਮ ਕਿਸ ਕੇ ਬੈਰਾਈ॥*
*ਬ੍ਰਹਮੁ ਪਸਾਰੁ ਪਸਾਰਿਓ ਭੀਤਰਿ, ਸਤਿਗੁਰ ਤੇ ਸੋਝੀ ਪਾਈ॥*

*(ਮ: ੫, ੬੭੧)*

**ਭਾਵ** : (ਹੇ ਭਾਈ! ਸਾਧ ਸੰਗਤਿ ਦੀ ਬਰਕਤਿ ਨਾਲ) ਮੇਰਾ ਕੋਈ ਦੁਸ਼ਮਨ ਨਹੀਂ ਰਹਿ ਗਿਆ (ਮੈਨੂੰ ਕੋਈ ਵੈਰੀ ਨਹੀਂ ਦਿਸਦਾ), ਮੈਂ ਭੀ ਕਿਸੇ ਦਾ ਵੈਰੀ ਨਹੀਂ ਬਣਦਾ। ਮੈਨੂੰ ਸ਼ਬਦ-ਗੁਰੂ ਪਾਸੋਂ ਇਹ ਸੋਝੀ ਪ੍ਰਾਪਤ ਹੋ ਗਈ ਹੈ ਕਿ ਇਹ ਸਾਰਾ ਜਗਤ-ਖਿਲਾਰਾ ਪਰਮਾਤਮਾ ਆਪ ਹੀ ਹੈ, (ਸਭਨਾਂ ਦੇ) ਅੰਦਰ (ਪਰਮਾਤਮਾ ਨੇ ਆਪ ਹੀ ਆਪਣੇ ਆਪ ਨੂੰ) ਖਿਲਾਰਿਆ ਹੋਇਆ ਹੈ।





# ੧੬

# ਲਾਸਾਨੀ ਗੁਰਮਤਿ ਇਨਕਲਾਬ ਨੂੰ ਨਿਵਾਣਾਂ ਵੱਲੋਂ ਮੋੜ ਕੇ ਗੁਰਮਤਿ ਜੁਗਤਿ ਅਨੁਸਾਰ, ਇਸ ਦਾ ਵਿਕਾਸ ਕਿਵੇਂ ਕੀਤਾ ਜਾਵੇ ?

ਗੁਰੂ ਨਾਨਕ ਸਾਹਿਬ ਵੱਲੋਂ ਸਮੁੱਚੀ ਮਨੁੱਖਤਾ ਦੇ ਭਲੇ ਲਈ ਅਰੰਭ ਕੀਤੇ ਲਾਸਾਨੀ ਇਨਕਲਾਬ ਨੂੰ ਫਿਰ ਤੋਂ ਗੁਰਮਤਿ ਗਾਡੀ-ਗਾਹ 'ਤੇ ਲਿਆਉਂਣ ਲਈ ਪਿਛਲੇ ਚੈਪਟਰ ਵਿੱਚ ਵਰਣਨ ਕੀਤੀਆਂ ਚੁਣੌਤੀਆਂ ਦਾ ਬਹੁਤ ਹੀ ਬਾਰੀਕੀ ਨਾਲ ਅਧਿਐਨ ਕਰਕੇ ਯੋਗ ਕਾਰਵਾਈ ਕਰਨਾ ਬਹੁਤ ਜਰੂਰੀ ਹੈ।

ਪਰ ਬਦਕਿਸਮਤੀ ਨਾਲ, ਇਸ ਪੁਸਤਕ ਵਿੱਚ ਪਹਿਲਾਂ ਵਰਣਨ ਕੀਤੇ ਇਤਿਹਾਸਕ ਕਾਰਨਾਂ ਕਰ ਕੇ, ਸਿੱਖ ਕੌਮ ਦਾ ਬਹੁਤਾ ਹਿੱਸਾ, ਸੰਨ 1780 ਦੇ ਆਸ-ਪਾਸ ਗੁਰੂ ਗ੍ਰੰਥ ਸਾਹਿਬ ਦੇ ਫ਼ਲਸਫ਼ੇ ਤੋਂ ਅਮਲੀ ਤੌਰ 'ਤੇ ਟੁੱਟ ਗਿਆ, ਕੌਮ ਦੇ ਵੱਖੋ-ਵੱਖਰੇ ਅੰਗ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਵਿਚਾਰਧਾਰਾ ਤੋਂ ਟੁੱਟ ਕੇ ਆਪ-ਹੁਦਰੇ ਹੋ ਤੁਰੇ ਅਤੇ ਅਜੇ ਵੀ ਆਪ-ਹੁਦਰੇ ਹੋ ਕੇ ਅੰਨ੍ਹੀ ਸ਼ਰਧਾ ਜਾਂ ਅਗਿਆਨਤਾ-ਵੱਸ ਭਟਕ ਰਹੇ ਹਨ, ਖ਼ੁਆਰ ਹੋ ਰਹੇ ਹਨ; ਗੁਰਮਤਿ ਸਿਧਾਂਤਾਂ ਤੋਂ ਟੁੱਟ ਕੇ ਸ਼ਖ਼ਸੀਅਤਾਂ ਨਾਲ ਜੁੜ ਗਏ ਅਤੇ ਸ਼ਖ਼ਸੀਅਤਾਂ ਨੂੰ ਅਭੁੱਲ ਸ਼੍ਰੇਣੀ ਵਿੱਚ ਸ਼ਾਮਿਲ ਕਰਨ ਦੀ ਗ਼ਲਤੀ ਕਰ ਬੈਠੇ। ਇਹੋ ਹੀ ਇੱਕੋ-ਇੱਕ ਮੂਲ ਕਾਰਨ ਹੈ, ਅਲੱਗ-ਅਲੱਗ ਜੱਥੇਬੰਦੀਆਂ ਵਿਚਕਾਰ, ਅਜੋਕੇ ਸਿਧਾਂਤਕ ਮੱਤਭੇਦਾਂ ਦਾ। ਅਜਿਹੇ ਚਿੰਤਾਜਨਕ, ਖ਼ਤਰਨਾਕ ਮਾਹੌਲ ਵਿੱਚੋਂ ਉੱਭਰਨ ਦਾ, **ਵਿਗੜੀ ਸੁਆਰਨ ਦਾ, ਇੱਕੋ-ਇੱਕ ਰਸਤਾ ਹੈ - ਸਤਿਗੁਰਾਂ ਵੱਲੋਂ ਬਖ਼ਸ਼ਿਸ਼ ਕੀਤੇ ਫ਼ਲਸਫ਼ੇ ਨੂੰ ਨਿਰਪੱਖ ਹੋ ਕੇ, (ਆਪੋ-ਆਪਣੇ ਜੱਥੇ/ਸੰਸਥਾ ਦੀ ਵਿਚਾਰਧਾਰਾ ਤੋਂ ਉੱਪਰ ਉੱਠ ਕੇ), ਖੁਲ੍ਹੇ ਮਨ, ਇਮਾਨਦਾਰੀ ਨਾਲ ਸਮਝ ਕੇ ਅਮਲ ਵਿੱਚ ਲਿਆਉਂਣਾ! ਹੋਰ ਕੋਈ ਹੱਲ ਉੱਕਾ ਹੀ ਨਹੀਂ ਹੈ। ਬੁਨਿਆਦੀ ਗੁਰਮਤਿ ਸਿਧਾਂਤਾਂ ਦੀ ਇੱਕ-ਸੁਰਤਾ ਤੋਂ ਬਿਨਾਂ ਇਸ ਗੁਰਮਤਿ ਇਨਕਲਾਬ ਦਾ ਸੰਸਾਰ ਵਿੱਚ ਵਿਕਾਸ ਨਹੀਂ ਕੀਤਾ ਜਾ ਸਕਦਾ।**

ਇਸ ਲਈ ਸਭ ਤੋਂ ਪਹਿਲਾ ਕੰਮ, ਗੁਰਮਤਿ-ਇਨਕਲਾਬ ਦੇ ਵਿਕਾਸ ਵਾਸਤੇ ਗੁਰੂ ਨਾਨਕ ਸਾਹਿਬ ਵੱਲੋਂ ਕਾਇਮ ਕੀਤੀ ਸੰਗਤਿ ਰੂਪੀ ਸੰਸਥਾ ਯਾਨਿ ਕਿ 'ਗੁਰਦੁਆਰਾ' ਨੂੰ ਗੁਰਮਤਿ ਜੁਗਤਿ ਅਨੁਸਾਰ ਕਾਰਜਸ਼ੀਲ ਕਰਨਾ ਹੀ ਹੋਣਾ ਚਾਹੀਦਾ ਹੈ।

## ਅਮਲ ਕਿਥੋਂ ਅਤੇ ਕਿਵੇਂ ਅਰੰਭ ਕੀਤਾ ਜਾਵੇ ?

ਇਹ ਇੱਕ ਬੁਨਿਆਦੀ ਪ੍ਰਸ਼ਨ ਹੈ ਜਿਸ ਦਾ ਗੁਰਮਤਿ ਫ਼ਲਸਫ਼ੇ ਵਿੱਚ ਉੱਤਰ ਹੈ।

ਸਿਰਫ਼ ਉੱਤਰ ਹੀ ਨਹੀਂ, ਬਲਕਿ ਸਤਿਗੁਰਾਂ ਵੱਲੋਂ ਖ਼ੁਦ ਅਮਲ ਕਰ ਕੇ ਸਿੱਖਾਂ ਨੂੰ ਦ੍ਰਿੜ ਕਰਵਾਇਆ ਜਾ ਚੁੱਕਾ ਹੈ - **ਸੰਗਤਿ ਰੂਪੀ, ਇਲਾਹੀ ਇਨਕਲਾਬ ਦੇ ਵਿਕਾਸ ਦੀ ਬੁਨਿਆਦੀ ਇਕਾਈ 'ਗੁਰਦੁਆਰੇ' ਦਾ ਗੁਰੂ ਨਾਨਕ ਫ਼ਲਸਫ਼ੇ ਦੇ ਅਨੁਕੂਲ ਪ੍ਰਬੰਧ।** ਅਜੋਕੇ ਪ੍ਰਬੰਧਕਾਂ ਨੂੰ ਕੁੱਝ ਨੰਗੇ ਚਿੱਟੇ, ਸਿੱਧੇ-ਸਾਦੇ ਪ੍ਰਸ਼ਨ ਕਰ ਕੇ ਉਨ੍ਹਾਂ ਦੀ ਗੁਰਮਤਿ ਫ਼ਲਸਫ਼ੇ ਵੱਲੋਂ ਮੁਰਦਾ ਹੋ ਚੁੱਕੀ ਜ਼ਮੀਰ ਨੂੰ ਝੰਜੋੜ ਕੇ ਜਗਾਉਂਣ ਦਾ ਤਰਲਾ ਕੀਤਾ ਜਾ ਰਿਹਾ ਹੈ। ਇਹ ਸਤਰਾਂ ਲਿਖਦੇ ਸਮੇਂ ਦਿਲ ਭੁੱਬਾਂ ਮਾਰ ਕੇ ਰੋ ਰਿਹਾ ਹੈ ਕਿ ਸਤਿਗੁਰਾਂ ਵੱਲੋਂ ਸਰਬੱਤ ਦੇ ਭਲੇ ਲਈ ਅਰੰਭ ਕੀਤੇ ਇਲਾਹੀ ਇਨਕਲਾਬ ਦੇ ਵਿਕਾਸ ਲਈ ਕਾਇਮ ਕੀਤੀ 'ਸੰਗਤਿ' ਰੂਪੀ ਗੁਰਦੁਆਰੇ ਦੀ ਸੰਸਥਾ, ਆਪਣਾ ਬਣਦਾ ਹਾਂ-ਪੱਖੀ ਯੋਗਦਾਨ ਪਾਉਂਣ ਦੀ ਬਜਾਏ ਇਸ ਇਨਕਲਾਬ ਨੂੰ ਜੜ੍ਹੋਂ ਹੀ ਪੁੱਟਣ ਵਾਲੇ ਕੁਰੱਸਤੇ ਤੇ ਕਿਉਂ ਚੱਲ ਪਈ ਹੈ? ਜੇਕਰ ਅਜੋਕੇ ਗੁਰਦੁਆਰਾ ਪ੍ਰਬੰਧਕਾਂ ਵੱਲੋਂ ਨਿਭਾਏ ਜਾ ਰਹੇ ਗੁਰਮਤਿ-ਵਿਰੋਧੀ ਰੋਲ ਨੂੰ ਜਾਣ-ਬੁੱਝ ਕੇ ਅਣਡਿੱਠ ਕਰਕੇ, ਚੁੱਪ ਵੱਟ ਲਈ ਜਾਵੇ ਤਾਂ ਇਹ ਗੁਰੂ ਨਾਨਕ ਸਾਹਿਬ ਅਤੇ ਸਮੁੱਚੀ ਮਨੁੱਖਤਾ ਨਾਲ 'ਗ਼ਦਾਰੀ' ਕਰਨ ਦੇ ਤੁੱਲ ਹੋਵੇਗਾ ਅਤੇ ਜੇਕਰ ਪ੍ਰਬੰਧਕਾਂ ਦੀਆਂ ਮਨੁੱਖਤਾ-ਵਿਰੋਧੀ ਕਾਰਵਾਈਆਂ ਸਬੰਧੀ ਉਨ੍ਹਾਂ ਨੂੰ ਬੇਬਾਕ ਹੋ ਕੇ ਕੁੱਝ ਪ੍ਰਸ਼ਨ ਪੁੱਛ ਕੇ ਗੁਰੂ ਨਾਨਕ ਨਾਮ ਲੇਵਾ ਜਗਤ ਨੂੰ ਸੁਚੇਤ ਕਰਨ ਦਾ ਉਪਰਾਲਾ ਕੀਤਾ ਜਾਵੇ ਤਾਂ ਬਹੁਤੇ ਪ੍ਰਬੰਧਕਾਂ ਦੀ ਨਾਰਾਜ਼ਗੀ ਸਹੇੜ ਲਈ ਜਾਵੇਗੀ। ਅਜਿਹੀ ਹਾਲਤ ਵਿੱਚ ਕਿਹੜਾ ਰਸਤਾ ਚੁਣਿਆ ਜਾਵੇ? ਨਿਰਸੰਦੇਹ, ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਅਟੱਲ ਰੱਬੀ ਸਿਧਾਂਤਾਂ ਤੋਂ ਹੀ ਅਗਵਾਈ ਲੈਣੀ ਯੋਗ ਹੋਵੇਗੀ।

*ਸਚ ਕੀ ਬਾਣੀ ਨਾਨਕੁ ਆਖੈ, ਸਚੁ ਸੁਣਾਇਸੀ ਸਚ ਕੀ ਬੇਲਾ॥*

*(ਮ:੧,੭੨੨)*

**ਭਾਵ:** ਹਰ ਵਕਤ ਸੱਚੇ ਪ੍ਰਭੂ ਦਾ ਲੜ ਫੜ ਕੇ, ਸੱਚ ਦੀ ਟੇਕ ਰੱਖ ਕੇ ਹੀ ਜੀਵਨ ਬਤੀਤ ਕਰਨਾ ਹੈ, (ਇਸ ਤਰ੍ਹਾਂ ਕਰਦਿਆਂ, ਭਾਵੇਂ ਕੋਈ ਨਾਰਾਜ਼ ਹੋ ਜਾਵੇ ਜਾਂ ਖ਼ੁਸ਼ ਹੋ ਜਾਵੇ)। ਗੁਰੂ ਨਾਨਕ ਸਾਹਿਬ ਜੀ ਫ਼ੁਰਮਾ ਰਹੇ ਹਨ ਕਿ ਨਾਨਕ ਸੱਚ (ਰੱਬੀ ਸੱਚ) ਦੀ ਗੱਲ ਕਰਦਾ ਹੈ ਅਤੇ ਅੱਗੇ ਤੋਂ ਵੀ ਸੱਚ ਦੀ ਗੱਲ ਹੀ ਕਰਦਾ ਰਹੇਗਾ।

## ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਵੀਰਾਂ/ਭੈਣਾਂ ਨੂੰ ਕੁਝ ਕੁ ਬੁਨਿਆਦੀ ਸੁਆਲ

ਪ੍ਰਬੰਧਕ ਵੀਰੋ/ਭੈਣੋ! ਕੀ ਤੁਸੀਂ ਹੇਠ ਲਿਖੇ ਪ੍ਰਸ਼ਨਾਂ ਦਾ ਉੱਤਰ ਸੱਚੇ ਦਿਲੋਂ ਦੇਣ ਦੀ ਕਿਰਪਾਲਤਾ ਕਰੋਗੇ?

ਪ੍ਰ.੧: 'ਗੁਰਦੁਆਰਾ ਸੰਸਥਾ' ਦਾ ਮਾਲਿਕ, ਪ੍ਰਧਾਨ, ਮੁੱਖੀ ਕੌਣ ਹੈ? ਕੀ ਸਮੁੱਚੀ ਸਥਾਨਕ ਸੰਗਤਿ ਮਾਲਿਕ ਹੈ ਜਾਂ ਪ੍ਰਬੰਧਕ ਕਮੇਟੀ? ਜਾਂ ਇਨ੍ਹਾਂ ਵਿੱਚੋਂ ਕੋਈ ਵੀ ਨਹੀਂ?

**ਉੱਤਰ:** ਸਤਿਗੁਰਾਂ ਦੀ ਬਖ਼ਸ਼ਿਸ਼ ਕੀਤੀ ਮਤਿ ਅਨੁਸਾਰ, ਦਾਸ ਇਸ ਪ੍ਰਸ਼ਨ ਦਾ ਉੱਤਰ





ਦੇਣ ਦਾ ਯਤਨ ਕਰ ਰਿਹਾ ਹੈ। **ਇਸ ਸੰਸਥਾ ਦਾ ਮਾਲਿਕ ਜਾਂ ਮੁੱਖੀ, ਕਰਤਾ-ਧਰਤਾ, ਪ੍ਰਧਾਨ, ਕੇਵਲ ਅਤੇ ਕੇਵਲ, ਗੁਰੂ ਗ੍ਰੰਥ ਸਾਹਿਬ ਹੈ-ਦੱਸਾਂ ਪਾਤਿਸ਼ਾਹੀਆਂ ਅਤੇ ਸਮੂਹ ਰੱਬੀ ਭਗਤਾਂ (ਜਿਨ੍ਹਾਂ ਦਾ ਰੱਬੀ ਕਲਾਮ ਇਸ ਪਾਵਨ ਸਰੂਪ ਵਿੱਚ ਦਰਜ ਹੈ) ਦੇ ਰੱਬੀ ਗਿਆਨ ਦਾ ਪ੍ਰਕਾਸ਼! ਗੁਰਦੁਆਰੇ ਦੀ ਹੋਂਦ ਦੀ, ਗੁਰੂ ਗ੍ਰੰਥ ਸਾਹਿਬ ਤੋਂ ਬਿਨਾਂ, ਕਲਪਣਾ ਵੀ ਨਹੀਂ ਕੀਤੀ ਜਾ ਸਕਦੀ।**

ਪ੍ਰ.੨: ਜੇਕਰ ਗੁਰਦੁਆਰੇ ਦੇ ਮੁੱਖੀ ਜਾਂ ਮਾਲਿਕ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ ਤਾਂ ਫਿਰ ਗੁਰਦੁਆਰੇ ਵਿੱਚ ਜਾਂ ਗੁਰਦੁਆਰੇ ਦੇ ਨਾਂ 'ਤੇ ਇਸ ਤੋਂ ਬਾਹਰ ਕੀਤੇ ਜਾਣ ਵਾਲੇ ਪ੍ਰੋਗਰਾਮ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਗੁਰ-ਉਪਦੇਸ਼ਾਂ (ਹੁਕਮਾਂ) ਅਨੁਸਾਰ ਹੋਣੇ ਚਾਹੀਦੇ ਹਨ, ਜਾਂ ਇਨ੍ਹਾਂ ਰੱਬੀ ਉਪਦੇਸ਼ਾਂ ਦੇ ਉਲਟ?

**ਉੱਤਰ:** ਨਿਰਸੰਦੇਹ, ਇਹ ਸਾਰੇ ਕਾਰਜ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਉਪਦੇਸ਼ਾਂ ਅਨੁਸਾਰ ਹੀ ਹੋਣੇ ਚਾਹੀਦੇ ਹਨ ਪਰ ਅਜਿਹਾ ਹੋ ਨਹੀਂ ਰਿਹਾ। ਕੁੱਝ ਕੁ ਉਦਾਹਰਣਾਂ ਇਸ ਪੁਸਤਕ ਵਿੱਚ ('ਗੁਰਦੁਆਰੇ ਕਿ ਬ੍ਰਾਹਮਣਦੁਆਰੇ' ਸਿਰਲੇਖ ਹੇਠ) ਦਿੱਤੀਆਂ ਜਾ ਚੁੱਕੀਆਂ ਹਨ। ਇਥੇ ਇੱਕ ਹੋਰ ਅਹਿਮ ਨੁਕਤੇ ਨੂੰ ਵਿਚਾਰ ਲੈਣਾ ਵੀ ਬਹੁਤ ਜ਼ਰੂਰੀ ਹੈ। **ਆਮ ਤੌਰ 'ਤੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਗੁਰਮਤਿ ਪ੍ਰਚਾਰਕਾਂ ਨੂੰ ਇਹ ਹਦਾਇਤ ਕਰ ਦਿੰਦੇ ਹਨ ਕਿ, "ਭਾਈ! ਵੇਖਿਉ ਅਤੇ ਖਿਆਲ ਰੱਖਿਉ! ਕਿਸੇ ਵੀ ਵਿਵਾਦਮਈ (controversial) ਵਿਸ਼ੇ ਬਾਰੇ ਗੁਰਦੁਆਰੇ ਦੀ ਸਟੇਜ ਤੋਂ ਗੱਲ ਨਹੀਂ ਕਰਨੀ।" ਇਸ ਹਦਾਇਤ ਦਾ ਤਾਂ ਇਹੀ ਮਤਲਬ ਨਿਕਲਦਾ ਹੈ ਕਿ ਗੁਰਦੁਆਰੇ ਦੇ ਮਾਲਿਕ ਗੁਰੂ ਗ੍ਰੰਥ ਸਾਹਿਬ ਜੀ ਨਹੀਂ ਬਲਕਿ ਇਹ ਗਿਆਨ-ਵਿਹੂਣੇ ਪ੍ਰਬੰਧਕ ਹਨ** ਕਿਉਂਕਿ ਗੁਰੂ ਗ੍ਰੰਥ ਸਾਹਿਬ ਵਿੱਚ ਕਿਤੇ ਵੀ ਇਹ ਦਰਜ ਕੀਤਾ ਨਹੀਂ ਮਿਲਦਾ ਕਿ ਕਿਸੇ ਵਿਵਾਦਮਈ ਵਿਸ਼ੇ 'ਤੇ ਗੁਰਦੁਆਰੇ ਦੀ ਸਟੇਜ ਤੋਂ ਵਿਚਾਰ ਨਹੀਂ ਕੀਤੀ ਜਾ ਸਕਦੀ। ਖ਼ੁਦਗਰਜ਼ ਜਥੇਬੰਦੀਆਂ ਜਾਂ ਵਿਅਕਤੀਆਂ ਵੱਲੋਂ ਸਮਾਜ ਨੂੰ ਗੁਮਰਾਹ ਕਰਨ ਲਈ ਖੜ੍ਹੇ ਕੀਤੇ **ਵਾਦਾਂ-ਵਿਵਾਦਾਂ ਤੋਂ ਕੰਨੀ ਕਤਰਾਉਂਣਾ ਗੁਰੂ ਗ੍ਰੰਥ ਸਾਹਿਬ ਦਾ ਉਪਦੇਸ਼ ਨਹੀਂ ਹੈ, ਬਲਕਿ ਅਜਿਹੇ ਵਾਦਾਂ-ਵਿਵਾਦਾਂ ਦਾ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਿਧਾਂਤਾਂ ਦੀ ਰੌਸ਼ਨੀ ਅਨੁਸਾਰ ਨਿਬੇੜਾ ਕਰਕੇ ਸਦਾ ਲਈ ਖ਼ਤਮ ਕਰਨਾ ਹੀ ਰੱਬੀ ਹੁਕਮ ਹੈ। ਗੁਰਬਾਣੀ ਦਾ ਫ਼ੁਰਮਾਨ ਹੈ -**

*ਹੋਇ ਇਕਤ੍ਰ, ਮਿਲਹੁ ਮੇਰੇ ਭਾਈ, ਦੁਬਿਧਾ ਦੂਰਿ ਕਰਹੁ ਲਿਵ ਲਾਇ॥*
*ਹਰਿ ਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾਂ ਵਿਛਾਇ॥*

*(ਮ: ੫, ੧੧੮੫)*

**ਚਾਹੀਦਾ ਦਾ ਤਾਂ ਇਹ ਹੈ ਕਿ ਜੇਕਰ ਕੋਈ ਪ੍ਰਚਾਰਕ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਗੁਰਮਤਿ ਸਿਧਾਂਤਾਂ ਦੇ ਉਲਟ ਪ੍ਰਚਾਰ ਕਰ ਰਿਹਾ ਹੋਵੇ ਤਾਂ ਪ੍ਰਬੰਧਕਾਂ ਵਿਚੋਂ ਕੋਈ ਸੂਝਵਾਨ ਮੈਂਬਰ ਯੋਗ ਢੰਗ ਨਾਲ ਉਸ ਦੀ ਉਕਾਈ ਬਾਰੇ ਸੰਗਤਿ ਨੂੰ ਜਾਣਕਾਰੀ ਦੇ ਦੇਵੇ। ਜੇਕਰ ਪ੍ਰਬੰਧਕ ਆਪਣਾ ਇਹ ਫਰਜ਼ ਨਿਭਾਉਣ ਵਿੱਚ ਅਵੇਸਲੇ ਨਜ਼ਰ ਆਉਂਣ ਤਾਂ ਸੰਗਤਿ**

**ਵਿੱਚੋਂ ਹੀ ਕੋਈ ਸੂਝਵਾਨ ਵੀਰ/ਭੈਣ ਇਹ ਜਰੂਰੀ ਸੇਵਾ ਨਿਭਾ ਦੇਵੇ ਤਾਂਕਿ ਸੰਗਤਿ ਗੁਰਮਤਿ ਸਿਧਾਂਤਾਂ ਬਾਰੇ ਕੋਈ ਗ਼ਲਤ ਜਾਣਕਾਰੀ ਲੈ ਕੇ ਘਰਾਂ ਨੂੰ ਵਾਪਸ ਨਾ ਜਾਵੇ।**

ਪ੍ਰ.੩: ਕੀ ਅਸਲ ਵਿੱਚ ਪ੍ਰਬੰਧਕ ਗੁਰ-ਉਪਦੇਸ਼ਾਂ ਨੂੰ ਸਮਝ ਕੇ ਗੁਰਦੁਆਰੇ ਦੇ ਪ੍ਰੋਗਰਾਮ ਗੁਰਮਤਿ ਅਨੁਸਾਰ ਕਰਨ ਦਾ ਯਤਨ ਵੀ ਕਰਦੇ ਹਨ? ਜੇਕਰ ਅਜਿਹਾ ਨਹੀਂ ਕਰਦੇ ਤਾਂ ਕੀ ਉਹ ਆਪ-ਹੁਦਰੇ ਹੋ ਕੇ ਚੱਲਣ ਦੀ ਸਜ਼ਾ ਭੁਗਤਣ ਲਈ ਵੀ ਤਿਆਰ ਹਨ? (ਇਹ ਸਜ਼ਾ ਮਿਲਣੀ ਤਾਂ ਅਟੱਲ ਹੈ)।

ਜਿਸ ਤਰ੍ਹਾਂ ਇਸ ਪੁਸਤਕ ਵਿੱਚ ਪਹਿਲਾਂ ਜ਼ਿਕਰ ਕੀਤਾ ਜਾ ਚੁੱਕਾ ਹੈ, ਕਿਸੇ ਟਾਵੇਂ ਟਾਵੇਂ ਗੁਰਦੁਆਰੇ ਨੂੰ ਛੱਡ ਕੇ ਬਾਕੀ ਸਾਰੇ ਗੁਰਦੁਆਰਿਆਂ ਦੇ ਪ੍ਰਬੰਧਕ, ਜਾਣੇ ਜਾਂ ਅਣਜਾਣੇ ਵਿੱਚ, ਅਨੇਕਾਂ ਕਾਰਵਾਈਆਂ ਗੁਰੂ ਗ੍ਰੰਥ ਸਾਹਿਬ ਦੇ ਉਪਦੇਸ਼ਾਂ ਨੂੰ ਨਜ਼ਰ-ਅੰਦਾਜ਼ ਕਰ ਕੇ(ਗੁਰੂ ਸਾਹਿਬ ਤੋਂ ਪਾਸਾ ਵੱਟ ਕੇ) ਆਪਣੀ ਮਤਿ ਅਨੁਸਾਰ ਜਾਂ ਦੇਖਾ-ਦੇਖੀ, ਆਸ-ਪਾਸ ਦੀ ਨਕਲ ਕਰ ਕੇ ਹੀ ਕਰ ਰਹੇ ਹਨ। ਅਜਿਹਾ ਕਰਨ ਲਈ ਕੀ ਸਜ਼ਾ ਮਿਲੇਗੀ? ਗੁਰ-ਫੁਰਮਾਣ ਹੈ-

*ਸਤਿਗੁਰ ਤੇ ਜੋ ਮੁਹੁ ਫੇਰੇ ਓਇ ਭ੍ਰਮਦੇ ਨਾ ਟਿਕੰਨਿ॥*
*ਧਰਤਿ ਅਸਮਾਨੁ ਨ ਝਲਈ ਵਿਚਿ ਵਿਸਟਾ ਪਏ ਪਚੰਨਿ॥ (ਮ.੨, ੨੩੩)*

**ਭਾਵ:** (ਹੇ ਭਾਈ!) ਜਿਹੜੇ (ਮਨੁੱਖ) ਸਤਿਗੁਰੂ (ਸ਼ਬਦ-ਗੁਰੂ) ਤੋਂ ਮੂੰਹ ਫੇਰ ਲੈਂਦੇ ਹਨ (ਗੁਰਮਤਿ ਤੋਂ ਉਲਟ ਕੰਮ ਕਰਦੇ ਹਨ) ਉਹ ਬੇਮੁਖ ਹਨ। ਉਹ (ਇਧਰ ਉਧਰ) ਭਟਕਦੇ ਰਹਿੰਦੇ ਹਨ। ਚਉਰਾਸੀ ਦੇ ਗਧੀ-ਗੇੜ ਵਿੱਚ ਪਏ ਰਹਿੰਦੇ ਹਨ। (ਉਨ੍ਹਾਂ ਨੂੰ) ਨਾ ਧਰਤੀ ਝਲਦੀ ਹੈ (ਤੇ ਨਾ) ਅਸਮਾਨ, (ਉਹ) ਵਿਸ਼ਟਾ ਦੇ ਕੀੜੇ ਬਣ ਕੇ ਵਿਸ਼ਟਾ ਵਿੱਚ ਪਏ ਸੜਦੇ ਰਹਿੰਦੇ ਹਨ। ਆਪਣੇ ਨਿੱਜੀ ਜੀਵਨ ਵਿੱਚ ਮਨਮਤਿ ਅਨੁਸਾਰ ਚੱਲਣਾ ਸ਼ਾਇਦ ਉਤਨਾ ਨੁਕਸਾਨਦੇਹ ਨਹੀਂ ਜਿਤਨਾ ਗੁਰੂ ਘਰ ਵਿੱਚ ਮਨਮਤਿ ਦਾ ਪ੍ਰਚਾਰ ਕਰ ਕੇ ਸਤਿਗੁਰਾਂ ਵੱਲੋਂ ਅਰੰਭੇ ਇਲਾਹੀ ਇਨਕਲਾਬ ਨੂੰ ਢਾਹ ਲਾਉਂਣ ਦੇ ਦੋਸ਼ੀ ਬਣਨਾ ਹੈ।

ਪ੍ਰ.੪: **ਗੁਰੂ ਨਾਨਕ ਸਾਹਿਬ ਨੇ ਸੰਗਤਿ (ਗੁਰਦੁਆਰਾ) ਦੇ ਪ੍ਰਬੰਧਕਾਂ ਲਈ ਕੁੱਝ ਕੁ ਯੋਗਤਾਵਾਂ ਮੁਕੱਰਰ ਕੀਤੀਆਂ ਹਨ (ਗਿਆਨਵਾਨ, ਸ਼ਰਧਾਵਾਨ, ਅਮਲੀ ਜੀਵਨ, ਪ੍ਰਚਾਰ ਕਰਨ ਦੀ ਤਾਂਘ ਅਤੇ ਯੋਗਤਾ, ਚੌਧਰਾਂ ਦੀ ਪਕੜ ਤੋਂ ਨਿਰਲੇਪਤਾ, ਦੁਨਿਆਵੀ ਧੜੇ-ਬੰਦੀਆਂ ਤੋਂ ਨਿਰਲੇਪਤਾ)। ਪ੍ਰਬੰਧਕ ਵੀਰੋ/ਭੈਣੋਂ! ਕੀ ਤੁਸੀਂ ਇਨ੍ਹਾਂ ਯੋਗਤਾਵਾਂ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋ? ਜੇਕਰ ਨਹੀਂ, ਤਾਂ ਗੁਰਦੁਆਰਿਆਂ ਦੁਆਰਾ ਗੁਰੂ ਨਾਨਕ ਸਾਹਿਬ ਦੇ ਇਲਾਹੀ ਇਨਕਲਾਬ ਦਾ ਵਿਕਾਸ (ਪ੍ਰਚਾਰ/ਪਸਾਰ) ਕਿਵੇਂ ਕਰੋਗੇ? ਆਪਣੀ ਜਿਮੇਂਵਾਰੀ ਗੁਰਮਤਿ ਅਨੁਸਾਰ ਕਿਵੇਂ ਨਿਭਾਉਗੇ? ਕੀ ਅਜਿਹੇ ਵਿੱਚ ਤੁਹਾਨੂੰ ਇਨ੍ਹਾਂ ਮਹੱਤਵਪੂਰਨ, ਜਿਮੇਂਵਾਰ ਸੇਵਾ ਦੇ ਅਹੁਦਿਆਂ ਤੇ ਬਣੇ ਰਹਿਣ ਦਾ ਕੋਈ ਇਖ਼ਲਾਕੀ ਅਧਿਕਾਰ ਵੀ ਹੈ?**

ਪ੍ਰ.੫: ਕੀ ਤੁਸੀਂ ਗੁਰੂ ਗ੍ਰੰਥ ਸਾਹਿਬ ਦੇ ਸੇਵਾਦਾਰ ਹੋ ਜਾਂ ਮਾਲਿਕ? ਕਹਿਣ ਨੂੰ ਤਾਂ ਸਾਰੇ ਪ੍ਰਬੰਧਕ ਹੀ ਕਹਿਣਗੇ ਕਿ ਉਹ ਗੁਰੂ ਸਾਹਿਬ ਦੇ ਸੇਵਾਦਾਰ ਹੀ ਹਨ, ਪਰ ਅਮਲੀ





ਵਰਤਾਰਾ ਕੁੱਝ ਹੋਰ ਹੀ ਸੰਕੇਤ ਦੇ ਰਿਹਾ ਹੈ। ਕੌੜਾ ਸੱਚ ਤਾਂ ਇਹ ਹੈ ਕਿ ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਸਿਰਫ਼ ਰਸਮੀ ਤੌਰ 'ਤੇ ਹੀ ਗੁਰਦੁਆਰਿਆਂ ਵਿੱਚ ਪ੍ਰਕਾਸ਼ ਕੀਤਾ ਹੋਇਆ ਹੈ ਤਾਕਿ ਸੰਗਤਿ ਆਵੇ, ਗੋਲਕ ਵਿੱਚ ਮਾਇਆ ਭੇਂਟ ਕਰੇ ਅਤੇ ਤੁਸੀਂ ਉਸ ਮਾਇਆ ਨੂੰ ਆਪਣੀ ਮਰਜ਼ੀ ਅਨੁਸਾਰ (ਗੁਰਮਤਿ ਅਨੁਸਾਰ ਨਹੀਂ) ਵਰਤ ਸਕੋ ਅਤੇ ਆਪਣੀ ਚੌਧਰ ਨੂੰ ਚਮਕਾ ਸਕੋ ਜਾਂ ਧੜੇਬੰਦਕ ਕਾਰਵਾਈਆਂ ਨੂੰ ਅਮਲ ਵਿੱਚ ਲਿਆ ਸਕੋ। ਇਲਾਹੀ ਇਨਕਲਾਬ ਦਾ ਵਿਕਾਸ ਕਰਨਾ ਤੁਹਾਡੇ ਏਜੰਡੇ ਵਿੱਚ ਕਿਧਰੇ ਨਜ਼ਰ ਨਹੀਂ ਆ ਰਿਹਾ।

ਪ੍ਰ.੬: ਕੀ ਤੁਸੀਂ ਆਨੇ-ਬਹਾਨੇ ਜਾਂ ਧੜੇਬੰਦਕ ਤਾਨਾਸ਼ਾਹੀ ਰਵੱਈਏ ਕਾਰਨ, ਨਿਰੋਲ ਗੁਰਮਤਿ ਦਾ ਪ੍ਰਚਾਰ ਕਰਨ ਵਾਲਿਆਂ ਨੂੰ ਗੁਰਦੁਆਰੇ ਦੀ ਸਟੇਜ ਤੋਂ ਦੂਰ ਰੱਖਣ ਦੇ ਯਤਨ ਤਾਂ ਨਹੀਂ ਕਰ ਰਹੇ? ਕਿਉਂਕਿ ਅਜਿਹੇ ਪ੍ਰਚਾਰਕਾਂ ਵੱਲੋਂ ਪ੍ਰਚਾਰਿਆ ਜਾ ਰਿਹਾ ਗੁਰੂ ਨਾਨਕ ਫਲਸਫ਼ੇ ਦਾ ਨਿਰੋਲ ਸੱਚ ਤੁਹਾਨੂੰ ਕਿਸੇ ਕਾਰਨ ਕਰ ਕੇ ਰਾਸ ਨਹੀਂ ਆ ਰਿਹਾ? ਕੀ ਅਜਿਹਾ ਕਰ ਕੇ ਤੁਸੀਂ ਗੁਰੂ ਨਾਨਕ ਸਾਹਿਬ ਨਾਲ ਗ਼ਦਾਰੀ ਨਹੀਂ ਕਰ ਰਹੇ?

ਪ੍ਰ.੭: ਕੀ ਤੁਸੀਂ ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਹੀ ਗੁਰੂ ਮੰਨਦੇ ਹੋ ਜਾਂ ਅਖੌਤੀ ਦਸਮ ਗ੍ਰੰਥ (ਅਸਲ ਵਿੱਚ-ਸ਼ਾਕਤ ਮਤ ਨੂੰ ਪ੍ਰਚਾਰਨ ਵਾਲਾ ਸ਼ਾਕਤੀ ਪੋਥਾ) ਜਾਂ ਕਿਸੇ ਹੋਰ ਗ੍ਰੰਥ (ਸਰਬਲੋਹ ਗ੍ਰੰਥ, ਗੁਰਬਿਲਾਸ ਪਾਤਿਸ਼ਾਹੀ ਛੇਵੀਂ, ਜਨਮ ਸਾਖੀ ਭਾਈ ਬਾਲੇ ਵਾਲੀ ਆਦਿ) ਨੂੰ ਵੀ ਗੁਰੂ ਸਾਹਿਬ ਦੀ ਰਚਨਾ ਵਜੋਂ ਮਾਨਤਾ ਦੇ ਰਹੇ ਹੋ? ਜਾਂ ਕਿਸੇ ਪੰਜ-ਭੂਤਕ ਬਿਨਸਣਹਾਰ ਸਰੀਰ (ਸ੍ਰੀਮਾਨ ੧੦੮,੧੦੦੮, ਸੰਤ, ਬਾਬਾ, ਬਨਾਵਟੀ ਪੂਰਨ ਬ੍ਰਹਮਗਿਆਨੀ) ਨੂੰ ਵੀ ਸ਼ਬਦ-ਗੁਰੂ ਦੇ ਤੁੱਲ ਮਾਨਤਾ ਦੇਣ ਲਈ ਵੇਲੇ-ਕੁਵੇਲੇ ਨਤਮਸਤਕ ਹੋ ਲੈਂਦੇ ਹੋ? ਜੇਕਰ ਤੁਸੀਂ ਕੇਵਲ ਵਾਹਿਦ ਗੁਰੂ (ਗੁਰੂ ਗ੍ਰੰਥ ਸਾਹਿਬ) ਦੇ ਨਾਲ ਨਾਲ ਕਿਸੇ ਹੋਰ ਨੂੰ ਵੀ ਮੱਥੇ ਰਗੜ ਰਹੇ ਹੋ ਤਾਂ ਕੀ ਤੁਸੀਂ ਸਿੱਖ ਅਖਵਾਉਂਣ ਦੇ ਅਧਿਕਾਰੀ ਵੀ ਹੋ? (ਪ੍ਰਬੰਧਕਾਂ ਵਿੱਚ ਸ਼ਾਮਲ ਹੋਣ ਦੀ ਤਾਂ ਬਹੁਤ ਦੂਰ ਦੀ ਗੱਲ ਹੈ)।

ਪ੍ਰ.੮: ਜਿਹੜੇ ਕੰਮਾਂ ਤੋਂ ਗੁਰੂ ਗ੍ਰੰਥ ਸਾਹਿਬ ਦੇ ਰੱਬੀ ਉਪਦੇਸ਼ ਸਾਨੂੰ ਵਰਜਦੇ ਹਨ, ਕੀ ਉਹੀ ਕੰਮ ਅਸੀਂ ਗੁਰਦੁਆਰਿਆਂ ਵਿੱਚ ਕਰ ਕੇ ਸਤਿਗੁਰਾਂ ਦਾ ਸਤਿਕਾਰ ਕਰ ਰਹੇ ਹੋਵਾਂਗੇ ਜਾਂ ਬੇ-ਅਦਬੀ? ਮਿਸਾਲ ਦੇ ਤੌਰ 'ਤੇ ਤ੍ਰਿਆ ਚਰਿਤ੍ਰਾਂ ਦੇ ਕਿਸੇ ਹਿੱਸੇ (ਕਬਯੋਵਾਚ॥ ਚੌਪਈ॥) ਦਾ ਜਾਂ ਅਖੌਤੀ ਦਸਮ ਗ੍ਰੰਥ ਦੇ ਕਿਸੇ ਹੋਰ ਇਤਰਾਜ਼ਯੋਗ ਹਿੱਸੇ ('ਦੇਹਿ ਸ਼ਿਵਾ ਬਰ ਮੋਹਿ ਇਹੈ' ਆਦਿ) ਦਾ ਸੰਗਤੀ ਰੂਪ ਵਿੱਚ ਪਾਠ ਕਰ ਕੇ ਅਤੇ 'ਮਾਧਵਾਨਲ-ਕਾਮਕੰਦਲਾ' ਦੇ ਕਾਮ-ਕਿੱਸੇ ਦਾ ਅੰਸ਼ 'ਰਾਗਮਾਲਾ' ਪੜ੍ਹ ਕੇ? (ਇਹ ਸਾਰੀਆਂ ਰਚਨਾਵਾਂ ਗੁਰਮਤਿ ਸਿਧਾਂਤਾਂ ਦੀ ਉਲੰਘਣਾ ਕਰਨ ਦਾ ਸਬਕ ਦ੍ਰਿੜ੍ਹ ਕਰਵਾਉਂਣ ਵਾਲੀਆਂ ਹੀ ਹਨ)।

ਪ੍ਰ.੯: ਕੀ ਤੁਸੀਂ ਅਜੋਕੇ ਅਖੌਤੀ ਸਿੰਘ ਸਾਹਿਬਾਨ (ਤਖ਼ਤ ਸਾਹਿਬਾਨ ਦੇ 'ਜੱਥੇਦਾਰ') ਜਾਂ

ਗੁਰਦੁਆਰਾ ਤਾਲ-ਮੇਲ ਕਮੇਟੀਆਂ ਦੇ ਸਾਰੇ ਆਦੇਸ਼, ਨਿਰਦੇਸ਼ ਜਾਂ 'ਹੁਕਮ' ਬਿਨਾ ਗੁਰਮਤਿ ਫ਼ਲਸਫ਼ੇ ਦੀ ਕਸਵੱਟੀ ਤੇ ਪਰਖਣ ਦੇ, ਇੰਨ-ਬਿੰਨ ਲਾਗੂ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰ ਰਹੇ ਹੋ ਜਾਂ ਬੇ-ਅਦਬੀ?

ਪ੍ਰ.੧੦: ਕੀ ਤੁਸੀਂ ਨਿਰੋਲ ਗੁਰਮਤਿ ਦਾ ਨਿੱਡਰ ਹੋ ਕੇ ਪ੍ਰਚਾਰ ਕਰਨ ਵਾਲੇ ਮੁੱਖ-ਗ੍ਰੰਥੀ ਜਾਂ ਕਿਸੇ ਸੇਵਾਦਾਰ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੇਵਾਦਾਰ ਵਜੋਂ ਬਣਿਆ ਰਹਿਣ ਦੇ ਰਹੇ ਹੋ, ਜਾਂ ਉਸ ਦੀ ਛੁੱਟੀ ਕਰ ਦੇਂਦੇ ਹੋ? ਕੀ ਅਜਿਹੇ ਸੱਚੇ-ਸੁੱਚੇ ਗੁਰੂ-ਪ੍ਰੇਮ ਵਾਲੇ ਸੇਵਾਦਾਰਾਂ ਦੀ ਛੁੱਟੀ ਕਰ ਕੇ ਵੀ ਤੁਸੀਂ ਗੁਰੂ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਨ ਦੀ ਆਸ ਕਰ ਸਕਦੇ ਹੋ?

ਪ੍ਰ.੧੧: ਕੀ ਗੁਰਦੁਆਰਿਆਂ ਅੰਦਰ ਧੜੇ-ਬਾਜ਼ੀਆਂ ਪੈਦਾ ਕਰ ਕੇ ਤੁਸੀਂ ਗੁਰੂ ਗ੍ਰੰਥ ਸਾਹਿਬ ਨੂੰ ਵੀ ਇਨ੍ਹਾਂ ਨਿਖਿੱਧ ਧੜੇਬਾਜ਼ੀਆਂ ਵਿੱਚ ਘਸੀਟ ਕੇ ਪਾਪਾਂ ਦੇ ਭਾਗੀ ਬਣ ਰਹੇ ਹੋ ਕਿ ਪੁੰਨਾਂ ਦੇ?

ਪ੍ਰ.੧੨: **ਕੀ ਤੁਸੀਂ ਪਰਮੇਸ਼ਰ ਦੇ ਭੈਅ ਵਿੱਚ ਰਹਿ ਕੇ ਗੁਰਦੁਆਰੇ ਦੇ ਸਾਰੇ ਕਾਰਜ ਕਰ ਰਹੇ ਹੋ ਜਾਂ ਗੁਰਦੁਆਰਿਆਂ ਨੂੰ ਆਪੋ-ਆਪਣੀਆਂ 'ਨਿੱਜੀ-ਕੰਪਨੀਆਂ' ਦੀ ਤਰਜ਼ ਤੇ ਚਲਾਉਂਣ ਦੀ ਗ਼ੁਸਤਾਖ਼ੀ ਕਰ ਰਹੇ ਹੋ? ਕੀ ਗੁਰਦੁਆਰਿਆਂ ਅੰਦਰ ਤਾਨਾਸ਼ਾਹੀ ਵਰਤਾਰਾ ਕਾਇਮ ਕਰ ਕੇ ਪਰਮੇਸ਼ਰ ਦੀ ਦਰਗਾਹ ਵਿੱਚ ਟਿਕਾਣਾ ਮਿਲਣ ਦੀ ਆਸ ਕੀਤੀ ਜਾ ਸਕਦੀ ਹੈ? ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦੇ ਮਿਸ਼ਨ ਨਾਲ ਗ਼ਦਾਰੀ ਕਰਨ ਵਾਲੇ ਤਾਂ ਨਰਕਾਂ ਨੇ ਵੀ ਨਹੀਂ ਝੱਲਣੇ!**

ਪ੍ਰ.੧੩: ਕੀ ਤੁਸੀਂ ਸੱਚੀਂ-ਮੁੱਚੀਂ ਉੱਪਰ ਲਿਖੇ ਪ੍ਰਸ਼ਨਾਂ ਨੂੰ ਗੁਰਮਤਿ ਦੀ ਲੋਅ ਅੰਦਰ ਵਿਚਾਰ ਕੇ ਆਪਣੇ ਅੰਦਰ ਡੂੰਘੀ ਝਾਤ ਮਾਰਨ ਦੀ ਕਿਰਪਾਲਤਾ ਕਰੋਗੇ ਅਤੇ ਆਪਣੇ ਅੰਦਰ ਸਤਿਗੁਰਾਂ ਵੱਲੋਂ ਪ੍ਰਬੰਧਕਾਂ ਲਈ ਮੁਕੱਰਰ ਕੀਤੀਆਂ ਯੋਗਤਾਵਾਂ ਤੋਂ ਸੱਖਣੇ ਹੋਣ ਦੀ ਹਾਲਤ ਵਿੱਚ ਪ੍ਰਬੰਧਕ ਕਮੇਟੀਆਂ ਦੀਆਂ ਸੇਵਾਵਾਂ ਤੋਂ ਫ਼ਾਰਗ ਹੋਣ ਦੀ ਇਖ਼ਲਾਕੀ ਜੁਰੱਅਤ ਵਿਖਾ ਸਕੋਗੇ ਤਾਕਿ ਅਜਿਹੀਆਂ ਯੋਗਤਾਵਾਂ ਰੱਖਣ ਵਾਲੇ ਵੀਰਾਂ/ਭੈਣਾਂ ਨੂੰ ਇਹ ਸੇਵਾ ਨਿਭਾਉਂਣ ਦਾ ਮੌਕਾ ਮਿਲ ਸਕੇ?

**ਦਰਅਸਲ, ਗੁਰਦੁਆਰਾ ਦੀ ਸੰਸਥਾ ਨੇ ਸਥਾਨਕ ਪੱਧਰ 'ਤੇ ਆਦਰਸ਼ਕ ਸਮਾਜ ਦੀ ਸਿਰਜਨਾ ਕਰਨੀ ਹੈ ਤਾਕਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਨਿੰਦਿਆ-ਚੁਗਲੀ, ਈਰਖਾ ਅਤੇ ਮਨੁੱਖੀ ਵਿਤਕਰਿਆਂ ਦੇ ਵਿਕਾਰਾਂ ਵਿੱਚ ਜਲਦੇ-ਸੜਦੇ ਸਮਾਜ ਨੂੰ ਬਰਾਬਰਤਾ ਦੇ ਭਾਈਚਾਰੇ ਦੇ ਅਮਲੀ ਵਰਤਾਰੇ ਰਾਹੀਂ ਸੁਖ-ਸ਼ਾਂਤੀ ਬਖ਼ਸ਼ ਕੇ ਇਸ ਦਾ ਕਲਿਆਣ ਕੀਤਾ ਜਾ ਸਕੇ।**





## ਹੰਝੂ-ਭਰੀ ਅਪੀਲ

**ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਮੈਂਬਰ ਵੀਰੋ ਅਤੇ ਭੈਣੋਂ! ਜੇਕਰ ਤੁਸੀਂ ਗੁਰਮਤਿ ਸਿਧਾਂਤਾਂ ਦੀ ਬੁਨਿਆਦੀ ਸੋਝੀ ਦੀ ਘਾਟ ਕਾਰਨ ਗੁਰਦਵਾਰਿਆਂ ਰਾਹੀਂ ਗੁਰੂ ਨਾਨਕ ਸਾਹਿਬ ਦੇ ਮਿਸ਼ਨ (ਸੰਸਾਰ ਵਿੱਚ ਮਨੁੱਖਤਾ ਦੀ ਹਰ ਪੱਖ ਤੋਂ ਬਰਾਬਰਤਾ ਦੇ ਆਧਾਰ 'ਤੇ ਸਦੀਵਕਾਲੀ ਰੱਬੀ ਰਾਜ ਦੀ ਸਥਾਪਨਾ) ਦਾ ਦ੍ਰਿੜਤਾ ਨਾਲ ਪ੍ਰਚਾਰ ਕਰਨ ਦੇ ਅਸਮਰੱਥ ਹੋ ਤਾਂ ਇਨ੍ਹਾਂ ਸੇਵਾ ਦੇ ਅਹੁਦਿਆਂ ਤੋਂ ਅਸਤੀਫ਼ੇ ਦੇ ਕੇ ਯੋਗ ਵਿਅਕਤੀਆਂ ਨੂੰ ਇਹ ਸੇਵਾ ਨਿਭਾਉਂਣ ਲਈ ਅੱਗੇ ਲਿਆਓ! ਜੇਕਰ ਤੁਹਾਡੀ ਜ਼ਮੀਰ ਬਿਲਕੁਲ ਹੀ ਮੁਰਦਾ ਹੋ ਚੁੱਕੀ ਹੈ ਅਤੇ ਤੁਸੀਂ ਇਨ੍ਹਾਂ ਅਹੁਦਿਆਂ ਨਾਲ ਹਰ ਹਾਲਤ ਵਿੱਚ ਚੁੰਬੜੇ ਰਹਿਣਾ ਚਾਹੁੰਦੇ ਹੋ ਤਾਂ ਘੱਟੋ-ਘੱਟ ਏਨੀਆਂ ਬੇਨਤੀਆਂ ਤਾਂ ਜਰੂਰ ਹੀ ਪ੍ਰਵਾਨ ਕਰ ਲਓ ਕਿ -**

**(ੳ) ਨਿਰੋਲ ਗੁਰਮਤਿ ਦਾ ਪ੍ਰਚਾਰ ਕਰਨ ਵਾਲੀਆਂ ਜਥੇਬੰਦੀਆਂ ਅਤੇ ਵਿਅਕਤੀਆਂ ਨੂੰ ਵੱਧ ਤੋਂ ਵੱਧ ਸਮੇਂ ਲਈ ਗੁਰਦਵਾਰੇ ਦੀ ਸਟੇਜ ਦੀ ਵਰਤੋਂ ਕਰਨ ਦਿਓ;**

**(ਅ) ਨਿਰੋਲ ਗੁਰਮਤਿ ਪ੍ਰਚਾਰ 'ਤੇ ਪਾਬੰਦੀਆਂ (ਵਿਵਾਦਮਈ ਵਿਸ਼ਿਆਂ ਦਾ ਬਹਾਨਾ ਬਣਾ ਕੇ) ਨਾ ਲਗਾਓ;**

**(ੲ) ਦੁਨਿਆਵੀ ਧੜੇਬੰਦੀਆਂ ਨੂੰ ਗੁਰਦਵਾਰਿਆਂ ਵਿੱਚ ਨਾ ਵਾੜੋ! (ਤਾਕਿ ਗੁਰੂ ਨਾਨਕ ਸਾਹਿਬ ਵੱਲੋਂ, ਪ੍ਰਭੂ-ਪਿਤਾ ਦੀ ਰਜ਼ਾ ਅਨੁਸਾਰ, ਮਨੁੱਖਤਾ ਦੇ ਭਲੇ ਲਈ ਅਰੰਭ ਕੀਤੇ ਲਾਸਾਨੀ ਇਨਕਲਾਬ ਦਾ ਸਾਰੇ ਸੰਸਾਰ ਵਿੱਚ ਵਿਕਾਸ ਕੀਤਾ ਜਾ ਸਕੇ) ਅਤੇ ਗੁਰਦਵਾਰੇ ਦੇ ਪ੍ਰਬੰਧ ਹੇਠ ਗੁਰਦਵਾਰੇ ਅੰਦਰ ਜਾਂ ਇਸ ਤੋਂ ਬਾਹਰ ਕੋਈ ਵੀ ਅਜਿਹੀ ਕਾਰਵਾਈ ਨਾ ਹੋਣ ਦਿਉ ਜੋ ਗੁਰਮਤਿ ਫ਼ਲਸਫ਼ੇ ਅਨੁਸਾਰ ਨਾ ਹੋਵੇ।**

**ਜੇਕਰ ਤੁਸੀਂ ਇਨਾ ਕੁ ਵੀ ਕਰਨ ਲਈ ਤਿਆਰ ਨਹੀਂ ਤਾਂ ਗੁਰੂ ਨਾਨਕ ਸਾਹਿਬ ਨਾਲ ਗ਼ਦਾਰੀਆਂ ਕਰਨ ਦੇ ਦੋਸ਼ ਅਧੀਨ ਉੱਪਰ ਵਰਣਨ ਕੀਤੀ ਸਜ਼ਾ ਭੁਗਤਣ ਲਈ ਵੀ ਹੁਣੇ ਤੋਂ ਹੀ ਆਪਣੇ ਆਪ ਨੂੰ ਤਿਆਰ ਕਰਨਾ ਅਰੰਭ ਕਰ ਦਿਓ, ਕਿਉਂਕਿ ਇਸ ਸਜ਼ਾ ਤੋਂ ਤੁਹਾਨੂੰ ਕੋਈ ਬਚਾ ਨਹੀਂ ਸਕੇਗਾ। ਪ੍ਰਭੂ-ਪਿਤਾ ਪੂਰਾ ਨਿਆਂ ਕਰਨ ਵਾਲਾ ਹੈ। ਰੱਬੀ ਬਾਣੀ ਇਸ ਬਾਰੇ**

**ਸਪੱਸ਼ਟ ਨਿਰਣਾ ਦੇ ਰਹੀ ਹੈ :**

***ਪੂਰਾ ਨਿਆਉਂ ਕਰੇ ਕਰਤਾਰੁ ॥ (ਮ:੫, ੧੯੯)***

**ਅਰਥ** : (ਹੇ ਭਾਈ) ਜੀਵਾਂ ਨੂੰ ਪੈਦਾ ਕਰਨ ਵਾਲਾ ਪਰਮਾਤਮਾ (ਸਦਾ) ਨਿਆਂ ਕਰਦਾ ਹੈ (ਐਸਾ ਨਿਆਂ) ਜਿਸ ਵਿੱਚ ਕੋਈ ਉਕਾਈ ਨਹੀਂ ਹੁੰਦੀ।

## *"ਅੱਜ ਹੂ ਸਮਝਿ ਕਛੁ ਬਿਗਰਿਓ ਨਾਹਿਨਿ..."*

ਬੀਤਿਆ ਸਮਾਂ ਤਾਂ ਕਦੇ ਵੀ ਵਾਪਿਸ ਨਹੀਂ ਆਇਆ ਕਰਦਾ। ਪਰ ਜਿਹੜਾ ਮਨੁੱਖ ਸ਼ਬਦ-ਗੁਰੂ (ਗੁਰੂ ਗ੍ਰੰਥ ਸਾਹਿਬ) ਦਾ ਉਪਦੇਸ਼ ਸੁਣਕੇ, ਵਿਚਾਰ ਕੇ, ਸਮਝ ਕੇ, ਸਵੀਕਾਰ ਕਰਕੇ ਤਨੋਂ-ਮਨੋਂ ਇਸ ਦੀ ਅਮਲੀ ਤੌਰ ਤੇ ਕਮਾਈ ਕਰਨ ਲਈ ਯਤਨਸ਼ੀਲ ਹੋ ਜਾਂਦਾ ਹੈ, ਉਸ ਵੱਲੋਂ ਜਾਣੇ-ਅਣਜਾਣੇ ਵਿੱਚ ਹੋਈਆਂ ਭੁੱਲਾਂ ਪ੍ਰਭੂ-ਪਿਤਾ ਬਖਸ਼ ਦੇਂਦਾ ਹੈ। ਵੀਰੋ! ਭੈਣੋਂ! ਡੁਲ੍ਹੇ ਬੇਰਾਂ ਨੂੰ ਅਜੇ ਵੀ ਚੁੱਕ ਕੇ, ਸਾਫ ਕਰਕੇ, ਝੋਲੀ ਵਿੱਚ ਪਾ ਕੇ ਸੰਭਾਲਿਆ ਜਾ ਸਕਦਾ ਹੈ। ਲੋੜ ਹੈ ਹੁੱਣ ਤੱਕ ਦੀਆਂ ਹੋਈਆਂ ਭੁੱਲਾਂ ਨੂੰ ਸੱਚੇ-ਦਿਲੋਂ ਸਵੀਕਾਰ ਕਰਕੇ ਆਪਣੇ ਗੁਨਾਹਾਂ ਦਾ ਪਰਮੇਸ਼ਰ ਦੇ ਸਨਮੁਖ ਇਕਬਾਲ ਕਰਨਾ ਅਤੇ ਅੱਗੇ ਵਾਸਤੇ ਆਪਣੇ ਮਨ ਦੀ ਮੱਤ ਦਾ ਤਿਆਗ ਕਰਕੇ ਸ਼ਬਦ-ਗੁਰੂ ਦੀ ਮੱਤ (ਗੁਰਮਤਿ) ਅਨੁਸਾਰ ਚੱਲਣ ਲਈ ਇਕਰਾਰ ਕਰਨਾ। ਸ਼ਬਦ-ਗੁਰੂ ਦੇ ਅੱਟਲ ਬਚਨ ਬੁਲੰਦ ਆਵਾਜ਼ ਵਿੱਚ ਸਾਨੂੰ ਅਗਵਾਈ ਦੇ ਰਹੇ ਹਨ :

*ਜੋ ਸਰਣਿ ਆਵੈ ਤਿਸੁ ਕੰਠਿ ਨਾਵੇ,*
*ਇਹੁ ਬਿਰਦੁ ਸੁਆਮੀ ਸੰਦਾ ॥ (ਮ:੫, ੫੪੪)*

**ਅਰਥ** : ਪ੍ਰਭੂ-ਪਿਤਾ ਦਾ ਇਹ ਮੁੱਢ-ਕਦੀਮਾਂ ਦਾ ਸੁਭਾਉ ਹੈ ਕਿ ਜਿਹੜਾ ਜੀਵ (ਸੱਚੇ ਦਿਲੋਂ) ਉਸ ਦੀ ਸ਼ਰਨ ਆਉਂਦਾ ਹੈ, ਉਸ ਨੂੰ ਉਹ ਆਪਣੇ ਗਲੇ ਨਾਲ ਲਾ ਲੈਂਦਾ ਹੈ।

*ਜੈਸਾ ਬਾਲਕੁ ਭਾਇ ਸੁਭਾਈ ਲਖ ਅਪਰਾਧ ਕਮਾਵੈ ॥*
*ਕਰਿ ਉਪਦੇਸੁ ਝਿੜਕੇ ਬਹੁ ਭਾਤੀ, ਬਹੁੜਿ ਪਿਤਾ ਗਲਿ ਲਾਵੈ ॥*
*ਪਿਛਲੇ ਅਉਗੁਣ ਬਖਸਿ ਲਏ, ਪ੍ਰਭੁ ਆਗੈ ਮਾਰਗਿ ਪਾਵੈ ॥ (ਮ:੫, ੬੨੪)*

**ਅਰਥ** : ਹੇ ਭਾਈ! ਜਿਵੇਂ ਕੋਈ ਬੱਚਾ ਆਪਣੀ ਲਗਨ ਅਨੁਸਾਰ (ਸੁਭਾਅ ਅਨੁਸਾਰ) ਲੱਖਾਂ ਗਲਤੀਆਂ ਕਰਦਾ ਹੈ, ਉਸ ਦਾ ਪਿਉ ਉਸ ਨੂੰ ਸਿਖਿਆ ਦੇ ਕੇ ਕਈ ਤਰੀਕਿਆਂ ਨਾਲ ਝਿੜਕਦਾ ਵੀ ਹੈ, ਪਰ ਫਿਰ (ਉਸ ਨੂੰ) ਆਪਣੇ ਗਲ ਨਾਲ ਲਾ ਲੈਂਦਾ ਹੈ। ਇਸੇ ਤਰ੍ਹਾਂ ਪ੍ਰਭੂ-ਪਿਤਾ ਵੀ ਜੀਵਾਂ ਦੇ ਪਿਛਲੇ ਗੁਨਾਹ ਬਖਸ਼ ਲੈਂਦਾ ਹੈ, ਤੇ ਅਗਾਂਹ ਵਾਸਤੇ (ਜੀਵਨ ਦੇ) ਠੀਕ ਰਸਤੇ ਉਤੇ ਪਾ ਦੇਂਦਾ ਹੈ।

## ਕੁੱਝ ਕੁ ਜ਼ਰੂਰੀ ਗੱਲਾਂ ਗੁਰੂ ਕੀਆਂ ਸੰਗਤਾਂ ਨਾਲ ਵੀ

ਜਿਵੇਂ ਕਿ ਉੱਪਰ ਜ਼ਿਕਰ ਕੀਤਾ ਜਾ ਚੁੱਕਾ ਹੈ, ਬਦ–ਕਿਸਮਤੀ ਨਾਲ, ਇਤਿਹਾਸਕ ਕਾਰਨਾਂ ਕਰ ਕੇ, ਪਿੱਛਲੀਆਂ ਤਕਰੀਬਨ ਦੋ ਸਦੀਆਂ ਤੋਂ, ਜੱਥੇਬੰਦਕ ਤੌਰ ’ਤੇ, ਗੁਰੂ





ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਇਲਾਹੀ ਇਨਕਲਾਬ ਦੇ ਆਲਮਗੀਰੀ ਫ਼ਲਸਫ਼ੇ ਦਾ, ਗੁਰਮਤਿ ਜੁਗਤਿ ਅਨੁਸਾਰ, ਪ੍ਰਚਾਰ/ਪਸਾਰ ਨਹੀਂ ਕੀਤਾ ਜਾ ਸਕਿਆ। ਸਿੱਟੇ ਵਜੋਂ ਅੱਜ ਤਕਰੀਬਨ ੯੯ ਫ਼ੀ ਸਦੀ ਕੌਮ ਨੂੰ ਗੁਰਮਤਿ ਫ਼ਲਸਫ਼ੇ ਦੇ ਸਿਧਾਂਤਾਂ ਦੀ ਸਪੱਸ਼ਟਤਾ ਨਹੀਂ ਹੈ। **ਕੌਮ ਦੀਆਂ ਮੁਸੀਬਤਾਂ ਅਤੇ ਅਗਿਆਨਤਾ ਦਾ ਫ਼ਾਇਦਾ ਉਠਾ ਕੇ ਮਨੁੱਖੀ ਹੱਕਾਂ ਦੇ ਵਿਰੋਧੀ, ਕੱਟੜ ਮਨੂੰਵਾਦੀ ਲਾਬੀ ਦੇ ਏਜੰਟ, ਸਾਡੇ ਸਿਆਸੀ ਅਤੇ ਧਾਰਮਕ ਆਗੂਆਂ ਦਾ ਰੂਪ ਧਾਰ ਕੇ (ਸਿੱਖੀ ਸਰੂਪ ਵਿੱਚ) ਵੱਡੀ ਗਿਣਤੀ ਵਿੱਚ ਕੌਮੀ ਸਫ਼ਾਂ ਅੰਦਰ ਵੜ ਆਏ ਹਨ ਅਤੇ ਵਿਉਂਤਬੰਦ ਢੰਗ ਨਾਲ ਜੱਥੇਬੰਦ ਹੋ ਕੇ ਗੁਰਮਤਿ ਫ਼ਲਸਫ਼ੇ ਨੂੰ ਬ੍ਰਾਹਮਣਵਾਦੀ ਰੰਗਤ ਦੇ ਕੇ ਗੁਰਮਤਿ ਦਾ ਲੇਬਲ ਲਾ ਕੇ ਪ੍ਰਚਾਰ ਕਰ ਰਹੇ ਹਨ। ਹਜ਼ਾਰਾਂ ਦੀ ਗਿਣਤੀ ਵਿੱਚ ਨਕਲੀ ਸੰਤਾਂ-ਬਾਬਿਆਂ ਦੀਆਂ ਡਾਰਾਂ ਪੈਦਾ ਕਰ ਕੇ ਗੁਰਬਾਣੀ ਦਾ ਦੁਰ-ਪ੍ਰਚਾਰ ਕਰਵਾਇਆ ਜਾ ਰਿਹਾ ਹੈ। ਇਹ ਸਾਰਾ ਕੁੱਝ ਗੁਰੂ ਨਾਨਕ ਫ਼ਲਸਫ਼ੇ ਦੀ ਦੁਰਵਰਤੋਂ ਕਰ ਕੇ ਸਿੱਖ ਕੌਮ ਨੂੰ ਕਮਜ਼ੋਰ ਕਰਕੇ ਮਨੂੰਵਾਦ ਦੇ ਡੂੰਘੇ ਖਾਰੇ ਸਮੁੰਦਰ ਵਿੱਚ ਜਜ਼ਬ ਕਰਨ ਲਈ ਹੀ ਕੀਤਾ ਜਾ ਰਿਹਾ ਹੈ। ਕੁਝ ਕੁ ਥਾਵਾਂ ’ਤੇ ਅਸ਼ਲੀਲ ਰਚਨਾਵਾਂ ਅਤੇ ਗੁਰੂ ਨਿੰਦਿਆ ਨਾਲ ਨੱਕੋ-ਨੱਕ ਭਰਪੂਰ ਸ਼ਾਕਤੀ ਪੋਥੇ (ਅਖੌਤੀ ਦਸਮ ਗ੍ਰੰਥ) ਦੀ ਮੰਜੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ (ਮੁਕਾਬਲੇ ਤੇ) ਲਗਾ ਕੇ ਇਸ ਦੁਨਿਆਵੀ ਕਿਤਾਬ ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦੇ ਤੌਰ ਤੇ ਪ੍ਰਚਾਰ ਕੇ ਗੁਰੂ ਗ੍ਰੰਥ ਸਾਹਿਬ ਦੇ ਸ਼ਰੀਕ ਵਜੋਂ ਉਭਾਰਿਆ ਜਾ ਰਿਹਾ ਹੈ।** ਅਜਿਹੇ ਦੁਖਦਾਈ ਹਾਲਾਤਾਂ ਵਿੱਚ ਗੁਰੂ ਨਾਨਕ ਨਾਮ ਲੇਵਾ ਸੰਗਤਿ ਦੇ ਕੀ ਫ਼ਰਜ਼ ਬਣਦੇ ਹਨ? ਖ਼ਾਲਸਾ ਜੀ! ਸੋਚੋ!! ਗੁਰਮਤਿ-ਜੁਗਤਿ ਅਨੁਸਾਰ ਨਿਰਣਾਇਕ ਅਮਲੀ ਕਦਮ ਚੁੱਕੋ!!! ਇਨ੍ਹਾਂ ਕੌਮੀ ਮਸਲਿਆਂ ਬਾਰੇ ਹੋਰ ਵਧੇਰੇ ਅਵੇਸਲਾਪਨ ਸਿੱਖ ਕੌਮ ਅਤੇ ਸਮੁੱਚੀ ਮਨੁੱਖਤਾ ਲਈ ਬਹੁਤ ਨੁਕਸਾਨਦੇਹ ਸਾਬਤ ਹੋਵੇਗਾ!!!

## ਗੁਰਦੁਆਰਿਆਂ ਨੂੰ ਫਿਰ ਤੋਂ ਗੁਰਮਤਿ ਇਨਕਲਾਬ ਦੇ ਆਲਮਗੀਰੀ ਫ਼ਲਸਫ਼ੇ ਦੀਆਂ ਪਾਠਸ਼ਾਲਾਵਾਂ ਦੇ ਤੌਰ ਤੇ ਕਾਰਜਸ਼ੀਲ ਕੀਤਾ ਜਾਵੇ

ਸਤਿਗੁਰਾਂ ਨੇ ਗੁਰਮਤਿ ਫ਼ਲਸਫ਼ੇ ਦੀ ਸਿਖਲਾਈ ਦੇਣ ਲਈ ਥਾਂ ਪੁਰ ਥਾਂ "ਸੰਗਤਿ" ਦੇ ਰੂਪ ਵਿੱਚ ਗੁਰਮਤਿ–ਜੁਗਤਿ ਅਨੁਸਾਰ ਗੁਰਦੁਆਰੇ ਕਾਇਮ ਕੀਤੇ ਸਨ। ਸੰਗਤਿ ਦਾ ਸਤਿਗੁਰਾਂ ਪ੍ਰਤੀ ਇਹ ਇੱਕ ਬੁਨਿਆਦੀ ਫ਼ਰਜ਼ ਹੈ ਕਿ ਇਨ੍ਹਾਂ ਨੂੰ ਫਿਰ ਤੋਂ ਸਤਿਗੁਰਾਂ ਵੱਲੋਂ ਸਮਝਾਈ ਅਤੇ ਦ੍ਰਿੜ ਕਰਵਾਈ ਗਈ ਗੁਰਮਤਿ ਜੁਗਤਿ ਅਨੁਸਾਰ ਕਾਰਜਸ਼ੀਲ ਕੀਤਾ ਜਾਵੇ। ਇਸ ਤੋਂ ਬਗ਼ੈਰ ਗੱਲ ਨਹੀਂ ਬਣਨੀ। ਇਸ ਲਈ ਸਾਡਾ ਸੱਭ ਦਾ ਫ਼ਰਜ਼ ਹੈ ਕਿ ਜਿੱਥੇ ਕਿੱਧਰੇ ਵੀ ਕੋਈ ਪ੍ਰਬੰਧਕ ਜਾਂ ਪ੍ਰਚਾਰਕ ਗੁਰਮਤਿ ਫ਼ਲਸਫ਼ੇ ਦੇ ਉਲਟ ਕਾਰਵਾਈ ਕਰਦਾ

ਨਜ਼ਰ ਆਵੇ, ਉਸ ਨੂੰ ਉਥੇ ਹੀ ਯੋਗ ਢੰਗ ਨਾਲ, ਦ੍ਰਿੜਤਾ ਨਾਲ, ਰੋਕ ਦਿੱਤਾ ਜਾਵੇ। ਜੇਕਰ ਅਸੀਂ ਚੁੱਪ ਵੱਟ ਕੇ ਵੇਖਦੇ ਰਹੇ ਤਾਂ ਰੱਬੀ ਦਰਗਾਹ ਵਿੱਚ ਦੋਸ਼-ਮੁਕਤ ਨਹੀਂ ਹੋ ਸਕਾਂਗੇ। ਗੁਰਦੁਆਰਿਆਂ ਵਿੱਚੋਂ ਹਰ ਪ੍ਰਕਾਰ ਦੀ ਧੜੇਬੰਦਕ ਕਾਰਵਾਈ ਤੇ ਰੋਕ ਲਾ ਕੇ ਨਿਰੋਲ ਰੱਬੀ ਸੱਚ ਦੀ ਗੱਲ ਕੀਤੀ ਜਾਵੇ। ਸਾਨੂੰ ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ **ਸੱਚ ਕਹਿਣਾ ਅਤੇ ਸੱਚ ਸੁਣ ਕੇ ਬਰਦਾਸ਼ਤ ਕਰਨਾ ਬੜਾ ਔਖਾ ਕੰਮ ਹੈ। ਪਰ ਇਹ ਔਖਾ ਕੰਮ ਕੀਤੇ ਬਗ਼ੈਰ ਅਸੀਂ ਗੁਰੂ ਨਾਨਕ ਸਾਹਿਬ ਦੇ ਸਿੱਖ ਨਹੀਂ ਬਣ ਸਕਦੇ, ਹੋਰ ਜੋ ਕੁੱਝ ਮਰਜ਼ੀ ਬਣੇ ਫਿਰੀਏ।**

## ਗੁਰਮਤਿ ਜੁਗਤਿ ਅਨੁਸਾਰ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦਾ ਗਠਨ ਕਿਵੇਂ ਕੀਤਾ ਜਾਵੇ ?

ਇਸ ਅਤਿ ਮਹੱਤਵਪੂਰਨ ਕਾਰਜ ਲਈ ਕੁੱਝ ਸੁਝਾਅ ਹੇਠ ਲਿਖੇ ਅਨੁਸਾਰ ਪੇਸ਼ ਕੀਤੇ ਜਾ ਰਹੇ ਹਨ। ਗੁਰਮਤਿ ਫ਼ਲਸਫ਼ੇ ਦੀ ਡੂੰਘੀ ਜਾਣਕਾਰੀ ਰੱਖਣ ਵਾਲੇ ਵੀਰ/ਭੈਣਾਂ ਇਨ੍ਹਾਂ ਵਿੱਚ ਲੋੜੀਂਦੀ ਸੋਧ-ਸੁਧਾਈ ਕਰ ਕੇ ਆਪਣੇ ਵਿਚਾਰ ਪੇਸ਼ ਕਰਨ ਦੀ ਕਿਰਪਾਲਤਾ ਕਰਨ ਤਾਕਿ ਕੋਈ ਗੁਰਮਤਿ-ਅਨੁਕੂਲ, ਸਰਲ, ਸਰਬ-ਪ੍ਰਵਾਨਿਤ ਢੰਗ ਅਪਣਾਇਆ ਜਾ ਸਕੇ:

(ੳ) **ਸਥਾਨਕ ਗੁਰਮਤਿ ਪੰਚਾਇਤ ਕਾਇਮ ਕੀਤੀ ਜਾਵੇ** : ਸਥਾਨਕ ਸੰਗਤਿ, ਆਮ ਸਹਿਮਤੀ ਨਾਲ ਪਿੰਡ/ਸੈਕਟਰ ਪੱਧਰ ਤੇ, ਕੁੱਝ ਕੁ, ਗੁਰਮਤਿ ਫ਼ਲਸਫ਼ੇ ਦੀ ਬੁਨਿਆਦੀ ਜਾਣਕਾਰੀ ਰੱਖਣ ਵਾਲੇ ਬਜ਼ੁਰਗਾਂ (ਮੱਤ-ਬੁੱਧੀ ਦੇ ਪੱਖੋਂ ਬਜ਼ੁਰਗ, ਛੋਟੀ ਉਮਰ ਦੇ ਵੀ ਹੋ ਸਕਦੇ ਹਨ) ਨੂੰ ਲੱਭ ਕੇ ਰਜਿਸਟਰ ਕਰੇ। ਉਨ੍ਹਾਂ ਵਿੱਚੋਂ ਲੋੜੀਂਦੀ ਗਿਣਤੀ ਅਨੁਸਾਰ ਸਥਾਨਕ ਗੁਰਮਤਿ ਪੰਚਾਇਤ ਦਾ ਗਠਨ ਕਰ ਦਿੱਤਾ ਜਾਵੇ। ਗੁਰਮਤਿ ਪੰਚਾਇਤ ਦੇ ਮੈਂਬਰਾਂ ਤੋਂ ਲੋੜੀਂਦੇ ਲਿਖਤੀ ਹਲਫ਼ਨਾਮੇ ਭਰਵਾ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਹੁੰ ਚੁਕਵਾ ਕੇ ਅਰਦਾਸਿ ਕਰ ਦਿੱਤੀ ਜਾਵੇ ਤਾਕਿ ਉਹ ਆਪਣੀ ਜਿਮੇਂਵਾਰੀ ਗੁਰਮਤਿ ਅਨੁਸਾਰ, ਨਿਰਪੱਖ ਹੋ ਕੇ, ਨਿਭਾਉਂਦੇ ਰਹਿ ਸਕਣ। ਗੁਰਮਤਿ ਪੰਚਾਇਤ ਦਾ ਜਿਹੜਾ ਮੈਂਬਰ, ਕਿਸੇ ਕਾਰਨ, ਅਜਿਹੇ ਢੰਗ ਨਾਲ ਜਿਮੇਂਵਾਰੀ ਨਿਭਾ ਸਕਣ ਤੋਂ ਆਪਣੇ ਆਪ ਨੂੰ ਅਸਮਰੱਥ ਸਮਝੇ, ਉਹ ਪੰਚਾਇਤ ਤੋਂ ਅਸਤੀਫ਼ਾ ਦੇ ਦੇਵੇ। ਪੰਚਾਇਤ ਦੇ ਮੈਂਬਰਾਂ ਨੂੰ ਰਜਿਸਟਰ ਕਰਨ ਦਾ ਕਾਰਜ ਹਮੇਸ਼ਾ ਹੀ ਚਾਲੂ ਰੱਖਿਆ ਜਾਵੇ। ਇਸ ਬਾਡੀ ਦਾ ਇੱਕ ਰੀਜ਼ਰਵ ਪੈਨਲ ਵੀ ਨਾਲ ਦੀ ਨਾਲ ਹੀ ਰਜਿਸਟਰ ਕੀਤਾ ਜਾਵੇ ਤਾਕਿ ਵਰਕਿੰਗ ਪੈਨਲ ਦੀ ਗਿਣਤੀ, ਮੈਂਬਰਾਂ ਦੇ ਅਸਤੀਫ਼ੇ ਜਾਂ ਕਿਸੇ ਹੋਰ ਕਾਰਨ, ਘੱਟ ਜਾਣ ਦੀ ਸੂਰਤ ਵਿੱਚ ਰੀਜ਼ਰਵ ਪੈਨਲ 'ਚੋਂ ਮੈਂਬਰ, ਕ੍ਰਮਵਾਰ, ਨਾਮਜ਼ਦ ਕੀਤੇ ਜਾ ਸਕਣ।

(ਅ) **ਸਥਾਨਕ ਗੁਰਮਤਿ ਪ੍ਰਚਾਰ ਕਮੇਟੀਆਂ ਦਾ ਗਠਨ ਕੀਤਾ ਜਾਵੇ** : ਗੁਰਮਤਿ ਪੰਚਾਇਤ, ਸਰਬ ਸੰਮਤੀ ਨਾਲ (ਜੇ ਸਰਬ ਸੰਮਤੀ ਨਾ ਹੋ ਸਕੇ ਤਾਂ ਬਹੁ-ਸੰਮਤੀ ਨਾਲ)





ਗੁਰਮਤਿ ਪ੍ਰਚਾਰ ਕਮੇਟੀ ਦੇ ਮੁੱਖ-ਸੇਵਾਦਾਰ ਅਤੇ ਜਨਰਲ ਸਕੱਤਰ ਨਾਮਜ਼ਦ ਕਰੇ। ਮੁੱਖ ਸੇਵਾਦਾਰ ਅਤੇ ਜਨਰਲ ਸਕੱਤਰ ਸਰਬ ਸੰਮਤੀ ਨਾਲ ਇੱਕ ਹੋਰ ਮੈਂਬਰ ਨਾਮਜ਼ਦ ਕਰਨ। ਫਿਰ ਅੱਗੋਂ ਇਸੇ ਤਰ੍ਹਾਂ ਉਹ ਸਾਰੇ ਮੈਂਬਰ ਇੱਕ ਹੋਰ ਮੈਂਬਰ ਨਾਮਜ਼ਦ ਕਰਨ। ਇਸੇ ਤਰ੍ਹਾਂ ਲੋੜੀਂਦੀ ਗਿਣਤੀ ਦੇ ਮੈਂਬਰ ਨਾਮਜ਼ਦ ਕਰ ਦਿੱਤੇ ਜਾਣ। ਗੁਰਮਤਿ ਪ੍ਰਚਾਰ ਕਮੇਟੀ ਦੇ ਸਾਰੇ ਮੈਂਬਰਾਂ ਤੋਂ ਹਲਫ਼ੀਆ ਬਿਆਨ ਲੈ ਕੇ ਗੁਰੂ ਗ੍ਰੰਥ ਸਾਹਿਬ ਦੇ ਸਨਮੁਖ ਕਾਰਜ ਅਰੰਭ ਕਰਨ ਦੀ ਅਰਦਾਸਿ ਕਰ ਦਿੱਤੀ ਜਾਵੇ। ਇਨ੍ਹਾਂ ਕਮੇਟੀਆਂ ਦੇ ਸੇਵਾਦਾਰਾਂ ਦੀਆਂ ਯੋਗਤਾਵਾਂ ਜੋ ਕਿ ਗੁਰੂ ਨਾਨਕ ਸਾਹਿਬ ਵੱਲੋਂ ਹੀ ਮੁਕੱਰਰ ਕੀਤੀਆਂ ਗਈਆਂ ਹਨ, ਹੇਠ ਲਿਖੇ ਅਨੁਸਾਰ ਹੋਣੀਆਂ ਜ਼ਰੂਰੀ ਹਨ। ਇਨ੍ਹਾਂ ਯੋਗਤਾਵਾਂ ਵਿੱਚ ਕਿਸੇ ਕਿਸਮ ਦੀ ਢਿੱਲ ਨਹੀਂ ਦਿੱਤੀ ਜਾ ਸਕਦੀ-

- **ਗਿਆਨਵਾਨ**: ਗੁਰਮਤਿ ਫ਼ਲਸਫ਼ੇ ਦੇ ਬੁਨਿਆਦੀ ਅਸੂਲਾਂ ਦੀ ਸਪੱਸ਼ਟ ਜਾਣਕਾਰੀ ਰੱਖਣ ਵਾਲੇ।
- **ਅਮਲੀ ਜੀਵਨ**: ਗੁਰਮਤਿ ਫ਼ਲਸਫ਼ੇ ਦੇ ਬੁਨਿਆਦੀ ਅਸੂਲਾਂ ਦੀ ਪਾਲਣਾ ਕਰਨ ਵਾਲੇ (ਕਿਰਤ ਕਰਨੀ, ਨਾਮ ਜਪਣਾ, ਵੰਡ ਛਕਣਾ ਦੇ ਬੁਨਿਆਦੀ ਅਸੂਲਾਂ ਦੇ ਧਾਰਨੀ)।
- **ਸ਼ਰਧਾਵਾਨ**: ਕੇਵਲ ਅਤੇ ਕੇਵਲ ਇੱਕ ਵਾਹਿਦ ਪਰਮੇਸ਼ਰ ਦੀ ਓਟ/ਆਸਰਾ ਰੱਖਣ ਵਾਲੇ (ਕਿਸੇ ਅਖੌਤੀ ਸਾਧ, ਸੰਤ, ਜਾਂ ਡੇਰੇਦਾਰ ਦੇ ਪੈਰਾਂ ਤੇ ਨੱਕ ਰਗੜਨ ਵਾਲੇ ਨਾ ਹੋਣ)।
- **ਗੁਰਮਤਿ ਪ੍ਰਚਾਰ ਦੀ ਤਾਂਘ ਅਤੇ ਯੋਗਤਾ**: ਗੁਰੂ ਨਾਨਕ ਸਾਹਿਬ ਦੇ ਇਨਕਲਾਬੀ ਮਿਸ਼ਨ ਦਾ ਪ੍ਰਚਾਰ ਕਰਨ ਦੀ ਤਾਂਘ ਅਤੇ ਯੋਗਤਾ ਰੱਖਣ ਵਾਲੇ ਹੋਣ।
- **ਚੌਧਰ ਦੀ ਭੁੱਖ ਅਤੇ ਧੜੇਬੰਦੀਆਂ ਤੋਂ ਨਿਰਲੇਪਤਾ**: ਖ਼ੁਦਗਰਜ਼ੀ ਅਤੇ ਦੁਨਿਆਵੀ ਪਦਵੀਆਂ ਦੀ ਲਾਲਸਾ ਰੱਖਣ ਵਾਲੇ ਨਾ ਹੋਣ।

(ੲ) **ਆਰਥਿਕ ਪ੍ਰਬੰਧਕ ਕਮੇਟੀ** : ਉਪਰ ਵਰਣਨ ਕੀਤੀ ਵਿਧੀ ਅਨੁਸਾਰ ਗੁਰਮਤਿ ਪੰਚਾਇਤ ਦੀ ਦੇਖ-ਰੇਖ ਹੇਠ ਆਰਥਿਕ ਕਮੇਟੀ ਦਾ ਗਠਨ ਕੀਤਾ ਜਾਵੇ। ਇਹ ਕਮੇਟੀ ਗੁਰਦੁਆਰਾ ਸਾਹਿਬ ਨਾਲ ਸੰਬੰਧਤ ਸਾਰੇ ਆਰਥਕ ਪ੍ਰਾਜੈਕਟਸ ਦਾ ਗੁਰਮਤਿ ਜੁਗਤਿ ਅਨੁਸਾਰ ਸੁਚੱਜਾ ਪ੍ਰਬੰਧ ਕਰੇ। ਇਸਦੇ ਸਾਰੇ ਆਮਦਨ-ਖਰਚੇ (ਬੱਜਟ ਆਦਿ) ਦਾ ਹਰ ਤਿਮਾਹੀ ਸਥਾਨਕ ਸੰਗਤਿ ਵਿੱਚੋਂ ਯੋਗ ਵਿਅਕਤੀ, ਆਡਿਟ ਕਰਿਆ ਕਰਨ। ਸਾਲਾਨਾ ਆਡਿਟ ਕਿਸੇ ਸੁਘੜ ਚਾਰਟਿਡ ਅਕਾਊਂਟੈਂਟ ਤੋਂ ਕਰਵਾਇਆ ਜਾਇਆ ਕਰੇ।

(ਸ) **ਵਿਦਿਆ ਸੇਵਾ ਸੁਸਾਇਟੀ** : ਇਲਾਕੇ ਦੇ ਵਿਦਿਆ ਖੇਤਰ ਵਿੱਚ ਮਾਹਰਾਂ 'ਤੇ ਆਧਾਰਤ ਇੱਕ ਵਿਦਿਆ ਸੇਵਾ ਸੁਸਾਇਟੀ ਕਾਇਮ ਕੀਤੀ ਜਾਵੇ ਜਿਹੜੀ ਦੁਨਿਆਵੀ ਵਿਦਿਆ ਦੇ ਨਾਲ-ਨਾਲ ਗੁਰਮਤਿ ਵਿਦਿਆ ਦੇ ਪ੍ਰਚਾਰ ਦਾ ਵੀ

ਪ੍ਰਬੰਧ ਕਰੇ। ਗੁਰਮਤਿ ਪ੍ਰਚਾਰ ਕਮੇਟੀ, ਆਰਥਿਕ ਪ੍ਰਬੰਧਕ ਕਮੇਟੀ ਅਤੇ ਵਿਦਿਆ ਸੇਵਾ ਸੁਸਾਇਟੀ ਗੁਰਮਤਿ ਪੰਚਾਇਤ ਰਾਹੀਂ ਸਿੱਧੇ ਤੌਰ 'ਤੇ ਸਥਾਨਕ ਸੰਗਤਿ ਨੂੰ ਜਵਾਬਦੇਹ ਹੋਵੇ।

(ਹ) **ਆਈਨ (ਸੰਵਿਧਾਨ)** - ਗੁਰਮਤਿ ਪੰਚਾਇਤ, ਪ੍ਰਬੰਧਕ ਕਮੇਟੀਆਂ ਅਤੇ ਵਿਦਿਆ ਸੇਵਾ ਸੁਸਾਇਟੀ ਦਾ ਗਠਨ ਕਰਨ ਅਤੇ ਇਨ੍ਹਾਂ ਦੇ ਕਾਰਜ ਕਰਨ ਦੇ ਢੰਗ-ਤਰੀਕਿਆਂ ਬਾਰੇ ਗੁਰਮਤਿ ਫ਼ਲਸਫ਼ੇ ਅਨੁਸਾਰ ਮਾਡਲ ਆਈਨ ਤਿਆਰ ਕੀਤਾ ਜਾਵੇ ਜਿਹੜਾ, ਬੁਨਿਆਦੀ ਤੌਰ 'ਤੇ, ਪਿੰਡ/ਸੈਕਟਰ ਪੱਧਰ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਇਕਸਾਰਤਾ ਨਾਲ ਲਾਗੂ ਕੀਤਾ ਜਾ ਸਕੇ। ਆਈਨ ਵਿੱਚ ਕੁੱਝ ਅਜਿਹੀਆਂ ਮੱਦਾਂ ਵੀ ਦਰਜ ਕੀਤੀਆਂ ਜਾਣ ਜਿਨ੍ਹਾਂ ਵਿੱਚ ਆਮ ਤੌਰ 'ਤੇ ਕੋਈ ਸੋਧ ਨਾ ਕੀਤੀ ਜਾ ਸਕੇ ਤਾਕਿ ਕੋਈ ਖ਼ੁਦਗਰਜ਼ ਗਰੁੱਪ ਇਸ ਸਮਾਜ ਵਿਕਾਸ ਦੇ ਮਾਡਲ ਵਿੱਚ ਮਨਮਰਜ਼ੀ ਕਰ ਕੇ ਛੇੜਖਾਨੀ ਨਾ ਕਰ ਸਕੇ। ਹਾਂ, ਸਮੇਂ ਦੀ ਲੋੜ ਅਨੁਸਾਰ, ਆਮ ਸੋਧ-ਸੁਧਾਈ ਕਰਨ ਲਈ ਹਰ ਪੰਜ ਸਾਲ ਬਾਅਦ ਪਿੰਡ/ਸੈਕਟਰ ਪੱਧਰ ਤੋਂ ਸੁਝਾਅ ਪ੍ਰਾਪਤ ਕਰ ਕੇ, ਗੁਰਮਤਿ ਜੁਗਤਿ ਅਨੁਸਾਰ ਲੋੜੀਂਦੀਆਂ ਸੋਧਾ ਕਰਨ ਲਈ ਵਿਧੀ-ਵਿਧਾਨ ਵੀ ਦਰਜ ਕੀਤਾ ਜਾਵੇ।

## ਗੁਰਦੁਆਰੇ ਦਾ ਰੋਜ਼ਾਨਾ ਪ੍ਰੋਗਰਾਮ:

ਮਾਡਲ ਪ੍ਰੋਗਰਾਮ ਦਾ ਸੁਝਾਅ ਹੇਠ ਦਿੱਤਾ ਜਾ ਰਿਹਾ ਹੈ-

### (ੳ) ਸਵੇਰ ਦਾ ਪ੍ਰੋਗਰਾਮ

**ਗੁਰੂ ਗ੍ਰੰਥ ਸਾਹਿਬ ਦਾ ਪਰਕਾਸ਼:** ਪਹੁ ਫ਼ੁਟਾਲੇ (ਸੂਰਜ ਉਦੇ ਹੋਣ ਤੋਂ ਅੱਧਾ ਕੁ ਘੰਟਾ ਪਹਿਲਾਂ) ਦੇ ਨਾਲ।

**ਕੀਰਤਨ:** ਵਾਰ ਆਸਾ (ਬਿਨਾ ਛੱਕੇ ਸਲੋਕਾਂ ਤੋਂ): ਜਿਵੇਂ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

**ਲੜੀਵਾਰ ਗੁਰ ਸ਼ਬਦ ਦੀ ਵਿਚਾਰ:** ਤਕਰੀਬਨ ਇੱਕ ਘੱਟਾ। ਉਪਰੰਤ ਅਰਦਾਸਿ ਤੇ ਸਮਾਪਤੀ।

### (ਅ) ਸ਼ਾਮ ਦਾ ਪ੍ਰੋਗਰਾਮ

**ਗੁਰਬਾਣੀ ਸ਼ਬਦ ਕੀਰਤਨ:** ਅੱਧਾ ਕੁ ਘੰਟਾ (ਸੂਰਜ ਅਸਤ ਹੋਣ ਤੋਂ ਅੱਧਾ ਕੁ ਘੰਟਾ ਪਹਿਲਾਂ ਅਰੰਭ ਕਰਕੇ)।

**ਲੜੀਵਾਰ ਪ੍ਰਮਾਣੀਕ ਸਿੱਖ ਇਤਿਹਾਸ/ਸਿਧਾਂਤਕ ਸ਼ਬਦ ਵਿਚਾਰ:** ਤਕਰੀਬਨ ਇੱਕ ਘੰਟਾ। ਉਪਰੰਤ ਅਰਦਾਸਿ ਅਤੇ ਸਮਾਪਤੀ ।





ਨੋਟ :

**੧. ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਆਪੋ ਆਪਣੇ ਘਰੀਂ ਕੀਤਾ ਜਾਵੇ। ਸਤਿਗੁਰਾਂ ਦੇ ਸਮੇਂ (੧੪੬੯ ਤੋਂ ੧੭੦੮ ਈ. ਤੱਕ) ਸਤਿਗੁਰਾਂ ਦੀ ਹਜ਼ੂਰੀ ਵਿੱਚ ਸੰਗਤੀ ਰੂਪ ਵਿੱਚ ਨਿਤਨੇਮ ਦੀਆਂ ਬਾਣੀਆਂ ਪੜ੍ਹਨ ਬਾਰੇ ਕੋਈ ਸਬੂਤ ਨਹੀਂ ਮਿਲਦੇ। ਇਸ ਲਈ ਇਹ ਬੇਲੋੜੀ ਪਰੰਪਰਾ ਕਾਇਮ ਨਾ ਕੀਤੀ ਜਾਵੇ ਕਿਉਂਕਿ ਅਜਿਹਾ ਕਰਨ ਨਾਲ ਗੁਰਦੁਆਰਾ ਸੰਸਥਾ ਦੇ ਸਮੇਂ ਅਤੇ ਸਾਧਨਾਂ ਦੀ ਦੁਰਵਰਤੋਂ ਹੁੰਦੀ ਹੈ।**

**੨. ਕੀਰਤਨ: ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਦਾ ਹੀ ਕੀਤਾ ਜਾਵੇ ਅਤੇ ਵਿਆਖਿਆ ਸਹਿਤ ਕੀਤਾ ਜਾਵੇ।**

**੩. ਸ਼ਬਦ-ਵਿਚਾਰ : ਲੜੀਵਾਰ ਸ਼ਬਦਾਂ ਦੇ ਅਰਥ ਕਰਨ ਦੀ ਬਜਾਏ, ਗੁਰਮਤਿ ਸਿਧਾਂਤਾਂ ਨੂੰ ਦ੍ਰਿੜ੍ਹ ਕਰਵਾਉਂਣ ਲਈ 'ਸਿਧਾਂਤਕ ਵਿਚਾਰ' ਨੂੰ ਤਰਜ਼ੀਹ ਦਿੱਤੀ ਜਾਵੇ।**

## ਵਿਸ਼ੇਸ਼ ਪ੍ਰੋਗਰਾਮ

### (ੳ) (ਹਫ਼ਤਾਵਾਰੀ ਛੁੱਟੀ ਵਾਲੇ ਦਿਨ)

(੧) ਪੰਜਾਬੀ ਦੀ ਪੜ੍ਹਾਈ/ਗੁਰਮਤਿ ਟ੍ਰੇਨਿੰਗ ਕਲਾਸ/ਇਤਿਹਾਸ ਦੀ ਕਲਾਸ: ਤਕਰੀਬਨ ਇੱਕ ਘੰਟਾ।

(੨) ਗੁਰਮਤਿ ਵਿਸ਼ਿਆਂ ਤੇ ਵਿਚਾਰ ਗੋਸ਼ਟੀਆਂ: ਤਕਰੀਬਨ ੪੦ ਮਿੰਟ।

(੩) ਗੁਰਮਤਿ ਵਿਦਵਾਨਾਂ ਦੇ ਲੈਕਚਰ/ਇਤਿਹਾਸਕ ਫਿਲਮਾਂ (ਸ਼ੀ.ਡੀਜ਼/ਰੂਪਕ-ਨਾਟਕ)-1 ਘੰਟਾ।

(੪) ਕਿੱਤਾ-ਮੁਖੀ ਸਿਖਲਾਈ ਕਲਾਸਾਂ: ਤਕਰੀਬਨ ਇੱਕ ਘੰਟਾ।

### (ਅ) ਮਾਸਿਕ ਵਿਸ਼ੇਸ਼ ਇਕੱਤ੍ਰਤਾ

ਸਥਾਨਕ ਸਮਾਜ ਭਲਾਈ ਲਈ ਯੋਜਨਾਵਾਂ ਤਿਆਰ ਕਰਨੀਆਂ, ਅਤੇ ਗੁਰਮਤਿ ਜੁਗਤਿ ਅਨੁਸਾਰ ਆਪਸੀ ਗਿਲੇ-ਸ਼ਿਕਵੇ/ਮੱਤਭੇਦ ਦੂਰ ਕਰਨ ਦੇ ਉਪਰਾਲੇ ਕਰਨੇ।

## ਵਿਸ਼ੇਸ਼ ਪ੍ਰਾਜੈਕਟ

ਆਦਰਸ਼ਕ ਸਮਾਜ ਦੀ ਉਸਾਰੀ ਅਤੇ ਵਿਕਾਸ ਲਈ ਹੇਠ ਲਿਖੇ ਅਨੁਸਾਰ ਵਿਸ਼ੇਸ਼ ਪ੍ਰਾਜੈਕਟ ਉਲੀਕ ਕੇ ਨੇਪਰੇ ਚਾੜ੍ਹੇ ਜਾਣ:

(੧) **ਪਿੰਡ/ਸੈਕਟਰ ਪੱਧਰ ਤੇ**: ਇੱਕ ਆਦਰਸ਼ਕ ਖ਼ਾਲਸਾ ਨਰਸਰੀ/ਪ੍ਰਾਇਮਰੀ ਸਕੂਲ, ਸਮਾਜ ਭਲਾਈ ਕੇਂਦਰ, ਸਪੋਰਟਸ ਸਿਖਲਾਈ ਕੇਂਦਰ, ਅਤੇ ਵਰਜ਼ਸ ਕੇਂਦਰ (ਜਿੰਮ)।

(੨) **ਤਹਿਸੀਲ ਪੱਧਰ ਤੇ**: ਇੱਕ ਜਾਂ ਵੱਧ ਮਾਡਲ ਖ਼ਾਲਸਾ ਹਾਇਰ ਸੈਕੰਡਰੀ ਸਕੂਲ।

(੩) **ਜ਼ਿਲ੍ਹਾ/ਡਿਵਿਜ਼ਨ ਪੱਧਰ ਤੇ**: ਇੱਕ ਜਾਂ ਵੱਧ ਮਾਡਲ ਖ਼ਾਲਸਾ ਟੈਕਨੀਕਲ ਕਾਲਿਜ ਅਤੇ ਆਲ ਇੰਡੀਆ ਕੰਪੀਟੀਸ਼ਨਜ਼ ਕੋਚਿੰਗ ਕਾਲਿਜ (ਸ਼ਿਫ਼ਟਾਂ ਵਿੱਚ ਕਲਾਸਾਂ ਲਾਈਆਂ ਜਾਣ)।

(੪) **ਸੂਬਾ ਪੱਧਰ 'ਤੇ** : ਕੇਂਦਰੀ 'ਵਿਦਿਆ ਫੰਡ' ਕਾਇਮ ਕੀਤਾ ਜਾਵੇ ਜਿਸ ਵਿੱਚੋਂ ਗ਼ਰੀਬ ਪਰਿਵਾਰਾਂ ਦੇ ਹੋਣਹਾਰ ਬੱਚਿਆਂ ਨੂੰ ਬਿਨਾ ਵਿਆਜ ਤੋਂ ਲੰਮੇ ਸਮੇਂ ਦੇ ਕਰਜ਼ੇ ਦਿੱਤੇ ਜਾਣ। ਇਹ ਬੱਚੇ ਵਿਦਿਆ ਹਾਸਲ ਕਰਕੇ, ਆਪਣੀ ਕਿਰਤ ਕਮਾਈ ਵਿੱਚੋਂ ਇਹ ਕਰਜ਼ੇ ਵਾਪਿਸ ਕਰਿਆ ਕਰਨ।

ਨੋਟ:

੧. ਸਮਾਜ ਭਲਾਈ ਦੇ ਸਾਰੇ ਪ੍ਰਾਜੈਕਟ ਵਿੱਚ ਸਮਾਜ ਦੇ ਦੱਬੇ-ਕੁਚਲੇ ਗ਼ਰੀਬ ਵਰਗ ਦੇ ਬੱਚਿਆਂ ਲਈ ਲੋੜੀਂਦੀਆਂ ਮੁਫ਼ਤ ਸਹੂਲਤਾਂ ਦਾ ਪ੍ਰਬੰਧ ਕੀਤਾ ਜਾਵੇ।

੨. ਸਮਾਜ ਭਲਾਈ ਕੇਂਦਰ ਗੁਰਦੁਆਰੇ ਦੇ ਇੱਕ ਕਮਰੇ ਵਿੱਚ ਜਾਂ ਕਿਸੇ ਕਿਰਾਏ ਦੇ ਕਮਰੇ ਵਿੱਚ ਸਥਾਪਤ ਕੀਤਾ ਜਾ ਸਕਦਾ ਹੈ। ਇਸ ਕੇਂਦਰ ਵਿੱਚ ਮੁਲਾਜ਼ਮ ਜੋੜਿਆਂ ਦੇ ਛੋਟੇ ਬੱਚਿਆਂ ਦੀ ਸੰਭਾਲ ਕੀਤੀ ਜਾਵੇ ਅਤੇ ਆਰਥਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੀਆਂ ਬੀਬੀਆਂ ਵਾਸਤੇ ਕੱਪੜਿਆਂ ਦੀ ਕਟਾਈ, ਸਿਲਾਈ, ਕਢਾਈ, ਉਣਾਈ ਅਤੇ ਹੋਰ ਕਿੱਤਾ-ਮੁਖੀ ਘਰੇਲੂ ਕੰਮ ਕਾਜ ਦੀ ਸਿਖਲਾਈ ਦੇਣ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ ਤਾਕਿ ਉਹ ਪਰਿਵਾਰ ਦੀ ਆਰਥਕ ਹਾਲਤ ਸੁਧਾਰਨ ਲਈ ਬਣਦਾ ਯੋਗਦਾਨ ਪਾ ਸਕਨ।

੩. ਸਪੋਰਟਸ ਸਿਖਲਾਈ ਕੇਂਦਰ ਵਿੱਚ ਅਲੱਗ ਅਲੱਗ ਉਮਰ ਦੇ ਗਰੁੱਪ ਬਣਾ ਕੇ ਸਾਰੇ ਬੱਚਿਆਂ ਨੂੰ ਖੇਡਾਂ ਵਿੱਚ ਹਿੱਸਾ ਲੈਣ ਲਈ ਉਤਸ਼ਾਹਤ ਕੀਤਾ ਜਾ ਸਕਦਾ ਹੈ। ਉਸਾਰੂ ਮੁਕਾਬਲੇ ਦਾ ਜਜ਼ਬਾ ਪੈਦਾ ਕਰ ਕੇ ਹੋਣਹਾਰ ਬੱਚਿਆਂ ਨੂੰ ਸਲਾਨਾ ਸਮਾਗਮਾਂ ਵਿੱਚ ਦਿਲ-ਖਿੱਚਵੇਂ ਇਨਾਮ ਦਿੱਤੇ ਜਾਣ। ਇਸ ਵਿਧੀ ਨਾਲ ਸਮਾਜ ਨੂੰ ਨਸ਼ਾ-ਮੁਕਤ ਕਰਨ ਵਿੱਚ ਵੀ ਸਹਾਇਤਾ ਮਿਲੇਗੀ।

੪. ਵਿਦਿਅਕ ਸੰਸਥਾਵਾਂ ਵਿੱਚ ਵੀ ਸਿਹਤਮੰਦ ਉਸਾਰੂ ਮੁਕਾਬਲੇ ਦਾ ਜਜ਼ਬਾ ਪੈਦਾ ਕਰਨ ਦੇ ਯਤਨ ਕੀਤੇ ਜਾਣ ਅਤੇ ਹੋਣਹਾਰ ਬੱਚਿਆਂ ਲਈ ਵਧੀਆ ਕਿਸਮ ਦੇ ਇਨਾਮਾਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

੫. ਲੇਖਕ ਦੀ ਸਮਝ ਅਨੁਸਾਰ, ਗੁਰਦਵਾਰਿਆਂ ਵਿੱਚੋਂ ਜੇਕਰ 'ਗੋਲਕ' ਨੂੰ ਪੱਕੇ ਤੌਰ 'ਤੇ ਚਕਵਾ ਦਿੱਤਾ ਜਾਵੇ ਤਾਂ ਇਸ ਸੰਸਥਾ ਦੇ ਪ੍ਰਬੰਧ ਵਿੱਚ ਹੈਰਾਨੀਜਨਕ ਸੁਧਾਰ





ਕੀਤਾ ਜਾ ਸਕਦਾ ਹੈ ਕਿਉਂਕਿ ਅਜਿਹਾ ਕਰਨ ਨਾਲ ਗੁਰੂ ਦੀ ਗੋਲਕ 'ਤੇ ਕਬਜ਼ਾ ਕਰਕੇ ਇਸ ਦੀ ਦੁਰਵਰਤੋਂ ਕਰਨ ਦੀ ਤਾਂਘ ਰੱਖਣ ਵਾਲੇ ਪ੍ਰਾਣੀ ਆਪਣੇ ਆਪ ਹੀ ਪ੍ਰਬੰਧਕੀ ਨਿਜ਼ਾਮ 'ਚੋਂ ਬਾਹਰ ਚਲੇ ਜਾਣਗੇ। ਜਿਵੇਂ ਮੱਖੀ ਮਿੱਠੇ 'ਤੇ ਲਾਲਚ-ਵੱਸ, ਮਸਤ ਹੋ ਕੇ ਡਿੱਗ ਪੈਂਦੀ ਹੈ ਇਵੇਂ ਹੀ ਮਾਇਆ ਦੇ ਮੋਹ ਵਿੱਚ ਫਸੇ ਪ੍ਰਾਣੀ ਗੁਰੂ ਦੀ ਗੋਲਕ 'ਤੇ ਕਾਬਜ਼ ਹੋ ਕੇ ਇਸ ਦੀ ਦੁਰਵਰਤੋਂ ਕਰਨ ਤੋਂ ਬਾਜ਼ ਨਹੀਂ ਆ ਸਕਦੇ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸਮੇਸ਼ ਪਿਤਾ ਜੀ ਤੱਕ, ਗੋਲ ਗੁਰੂ ਦਰਬਾਰ ਵਿੱਚ ਕਦੇ ਵੀ ਨਹੀਂ ਸੀ ਰੱਖੀ ਗਈ। ਹਰ ਛੇ ਮਹੀਨੇ ਬਾਅਦ, ਸਾਰੇ ਸਿੱਖ ਆਪੋ-ਆਪਣਾ ਬਣਦਾ ਦਸਵੰਧ ਗੁਰੂ ਕੇ ਖ਼ਜ਼ਾਨੇ ਵਿੱਚ ਜਮਾਂ ਕਰਵਾਇਆ ਕਰਦੇ ਸਨ ਜਿਸਦਾ ਬਾਕਾਇਦਾ ਪੂਰਾ ਹਿਸਾਬ ਰੱਖਿਆ ਜਾਂਦਾ ਸੀ। ਸਾਨੂੰ ਵੀ ਅੱਜ ਅਜਿਹਾ ਹੀ ਕੋਈ ਗੁਰਮਤਿ ਅਨੁਸਾਰੀ ਪ੍ਰਬੰਧ ਹੋਂਦ ਵਿੱਚ ਲਿਆਉਣਾ ਪਵੇਗਾ।

## ਸਮਾਜ ਵਿਕਾਸ ਕਾਰਜਾਂ ਲਈ ਲੋੜੀਂਦਾ ਆਰਥਕ ਪ੍ਰਬੰਧ

ਉਪਰ ਵਰਨਣ ਕੀਤੇ ਸਮਾਜ ਵਿਕਾਸ ਕਾਰਜਾਂ ਲਈ ਬਹੁਤ ਸਾਰੀ ਮਾਇਆ ਦੀ ਲੋੜ ਹੈ। ਇਸ ਮਾਇਆ ਦਾ ਬੰਦੋਬਸਤ ਕਰਨ ਲਈ ਸਾਨੂੰ ਨਾਂ ਤਾਂ ਸਰਕਾਰ ਤੋਂ ਅਤੇ ਨਾ ਹੀ ਕਿਸੇ ਸਿਆਸੀ ਪਾਰਟੀ ਤੋਂ ਕਿਸੇ ਕਿਸਮ ਦੀ ਸਹਾਇਤਾ ਦੀ ਆਸ ਰੱਖਣੀ ਚਾਹੀਦੀ ਹੈ। ਇਸ ਸਮੱਸਿਆ ਦਾ ਹੱਲ ਵੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਰੱਬੀ ਸਿਧਾਂਤਾਂ ਅਨੁਸਾਰ ਹਰ ਇੱਕ ਪਰਿਵਾਰ ਵੱਲੋਂ ਅਪਣੀ ਦੱਸਾਂ ਨਹੁੰਆਂ ਦੀ ਕਿਰਤ ਕਮਾਈ ਵਿੱਚੋਂ ਬਣਦਾ ਦਸਵੰਧ ਕੱਢ ਕੇ ਹੀ ਕੀਤਾ ਜਾ ਸਕਦਾ ਹੈ। ਕੋਈ ਵੀਰ/ਭੈਣ ਆਪਣੇ ਸਮੇਂ ਦਾ ਦਸਵੰਧ ਦੇ ਸਕਦਾ ਹੈ ਅਤੇ ਕੋਈ ਆਪਣੀ ਮਾਇਆ ਦੇ ਰੂਪ ਵਿੱਚ ਬਣਦਾ ਹਿੱਸਾ ਪਾ ਸਕਦਾ ਹੈ। ਸ਼ਬਦ-ਗੁਰੂ ਦਾ ਫ਼ੁਰਮਾਨ ਹੈ :

*ਆਪਣ ਹੱਥੀਂ ਆਪਣਾ, ਆਪੇ ਹੀ ਕਾਜ ਸਵਾਰੀਐ॥ (ਮ: ੧, ੪੭੩)*

ਆਰਥਕ ਸਾਧਨਾਂ ਦੀ ਗੁਰਮਤਿ ਅਨੁਸਾਰ ਯੋਗ ਵਰਤੋਂ ਅਤੇ ਹਿਸਾਬ-ਕਿਤਾਬ ਰੱਖਣ ਲਈ ਪਿੰਡ/ਸੈਕਟਰ ਪੱਧਰ ਤੇ ਕਾਇਮ ਕੀਤੀਆਂ ਗੁਰਮਤਿ ਪੰਚਾਇਤਾਂ ਦੇ ਅਧੀਨ "ਆਰਥਕ ਪ੍ਰਬੰਧਕ ਕਮੇਟੀਆਂ" ਨੂੰ ਇਹ ਜਿਮੇਂਵਾਰੀ ਸੌਂਪੀ ਜਾਵੇ ਤਾਕਿ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਉੱਪਰ ਇਹ ਬੇ-ਲੋੜਾ ਪ੍ਰਬੰਧਕੀ ਬੋਝ ਨਾ ਪਵੇ।

## ਵਿਸ਼ਵ-ਵਿਆਪਕ ਹਲੇਮੀ ਰਾਜ ਦੀ ਸਥਾਪਨਾ ਲਈ ਵਿਸ਼ਵ-ਵਿਆਪਕ ਗੁਰਮਤਿ ਲਹਿਰ ਆਰੰਭ ਕੀਤੀ ਜਾਵੇ

ਸੰਸਾਰ ਵਿੱਚ ਰੱਬ ਦਾ ਰਾਜ ਕਾਇਮ ਕਰਨ ਲਈ ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ ਗੁਰਮਤਿ ਇਨਕਲਾਬ ਨੂੰ ਸੰਪੂਰਨ ਤੌਰ ਤੇ ਸਮਰਪਿਤ ਇਕ ਕੇਂਦਰੀ ਜਥੇਬੰਦੀ ਦਾ ਗੱਠਨ ਕਰਕੇ ਇੱਕ ਗੁਰਮਤਿ ਲਹਿਰ ਚਲਾਉਣੀ ਬਹੁਤ ਜਰੂਰੀ ਹੈ। ਇਸ ਜਥੇਬੰਦੀ ਦਾ ਗੱਠਨ ਕਰਨ ਲਈ ਇਨ੍ਹਾਂ ਨੁਕਤਿਆਂ ਨੂੰ ਧਿਆਨ ਵਿੱਚ ਰੱਖਿਆ ਜਾਵੇ :

- ਕੇਵਲ ਅਤੇ ਕੇਵਲ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨੂੰ ਮੁਕੰਮਲ ਤੌਰ ’ਤੇ ਸਮਰਪਿਤ ਪ੍ਰਾਣੀਆਂ ਨੂੰ ਹੀ ਇੱਸ ਵਿਸ਼ਵ ਪੱਧਰ ਦੀ, ਸਮੁੱਚੀ ਮਨੁੱਖਤਾ ਦੀ ਭਲਾਈ ਦੀ, ਗੁਰਮਤਿ ਲਹਿਰ ਵਿੱਚ ਜਥੇਬੰਦ ਕੀਤਾ ਜਾਵੇ।

- ਦੇਹਧਾਰੀ ਗੁਰੂ-ਡੰਮੀਆਂ (ਅਖੌਤੀ ਸੰਤ ਬਾਬਿਆਂ ਨੂੰ ਮੱਥੇ ਟੇਕਣ ਵਾਲਿਆਂ) ਲਈ ਇਸ ਲਹਿਰ ਵਿੱਚ ਕੋਈ ਅਹਿਮ ਰੋਲ ਨਹੀਂ ਹੋ ਸਕਦਾ।

- ਬਿਨਾਂ ਗੁਰੂ ਕਰਤਾਰ ਤੋਂ ਸਾਰੀ ਮਨੁੱਖਤਾ ਭੁੱਲਣਹਾਰ ਹੈ। ਜਿਹੜੀਆਂ ਮੌਜੂਦਾ (ਜਾਂ ਭਵਿੱਖ ਵਿੱਚ ਹੋਂਦ ਵਿੱਚ ਆਉਂਣ ਵਾਲੀਆਂ) ਜੱਥੇਬੰਦੀਆਂ/ਸੰਸਥਾਵਾਂ/ਅਦਾਰੇ ਆਪਣੇ ਜਥੇ/ਸੰਸਥਾ ਦੇ ਬਾਨੀ ਨੂੰ ‘ਅਭੁੱਲ’ ਸਮਝਣ ਦੀ ਜ਼ਿਦ ਨੂੰ ਤਿਆਗਣ ਲਈ ਤਿਆਰ ਨਾ ਹੋਣ, ਉਨ੍ਹਾਂ ਨੂੰ ਵੀ ਇਸ ਲਹਿਰ ਦੀ ਅਗਵਾਈ ਕਰਨ ਲਈ ਕੋਈ ਜ਼ਿਕਰਯੋਗ ਜਿਮੇਂਵਾਰੀ ਨਹੀਂ ਦਿੱਤੀ ਜਾ ਸਕਦੀ।

- ਇਸ ਲਹਿਰ ਦੀਆਂ ਇਕਾਈਆਂ ਪਿੰਡ/ਬਲਾਕ ਪੱਧਰ ਤੋਂ ਅਰੰਭ ਕਰਕੇ, ਤਹਿਸੀਲ, ਜ਼ਿਲ੍ਹਾ, ਸੂਬਾ, ਦੇਸ਼ ਅਤੇ ਅੰਤ ਵਿੱਚ ਵਿਸ਼ਵ ਪੱਧਰ ਤੱਕ, ਆਮ ਸਹਿਮਤੀ ਨਾਲ ਕਾਇਮ ਕੀਤੀਆਂ ਜਾਣ। (ਵੋਟਾਂ ਦੇ ਵਿਧਾਨ ਅਨੁਸਾਰ ਨਹੀਂ)।

- ਇਸ ਲਹਿਰ ਦਾ ਆਈਨ (ਵਿਧਾਨ) ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਰਬੱਤ ਦੇ ਭਲੇ ਦੇ ਇਲਾਹੀ ਸਿਧਾਂਤਾਂ ਦੇ ਅਨੁਕੂਲ ਸੰਖੇਪ, ਸਰਲ ਅਤੇ ਸਪੱਸ਼ਟ ਭਾਸ਼ਾ ਵਿੱਚ ਲਿਖਿਆ ਜਾਵੇ। ਜਿਥੇ ਇਸ ਦੀਆਂ ਕੁੱਝ ਕੁ ਮੱਦਾਂ ਵਿੱਚ ਸੋਧ-ਸੁਧਾਈ ਦੇ ਕਾਰਜ ਨੂੰ ਬਹੁਤ ਹੀ ਪਾਰਦਰਸ਼ੀ, ਕਰੜੇ ਮਾਪ-ਦੰਡਾਂ, ਡੂੰਘੀਆਂ ਵਿਚਾਰ-ਗੋਸ਼ਟੀਆਂ ਦੀ ਪ੍ਰਕਿਰਿਆ ਵਿੱਚੋਂ ਲੰਘ ਕੇ ਹੀ ਪ੍ਰਵਾਨ ਕੀਤੇ ਜਾਣ ਯੋਗ ਬਣਾਇਆ ਜਾਵੇ, ਉਥੇ ਇਸ ਨੂੰ ਸਮੇਂ ਦਾ ਹਾਣੀ ਬਣਾਈ ਰੱਖਣ ਲਈ ਆਮ ਸੋਧਾਂ ਹਰ ਪੰਜ ਸਾਲਾਂ ਬਾਅਦ ਪਿੰਡ ਪੱਧਰ ਤੋਂ ਸੁਝਾਅ ਪ੍ਰਾਪਤ ਕਰ ਕੇ ਸਰਲ ਢੰਗ ਨਾਲ ਪਰ ਡੂੰਘੀਆਂ ਵਿਚਾਰ-ਗੋਸ਼ਟੀਆਂ ਦੀ ਪ੍ਰਕਿਰਿਆ ਵਿੱਚੋਂ ਲੰਘ ਕੇ ਹੀ ਪ੍ਰਵਾਨ ਕਰਨਯੋਗ ਬਣਾਇਆ ਜਾਵੇ।

- ਲਹਿਰ ਵਿੱਚ ਸਿਧਾਂਤਕ ਇਕਸਾਰਤਾ ਕਾਇਮ ਰੱਖਣ ਲਈ ਵੱਖ-ਵੱਖ ਪੱਧਰ ’ਤੇ ਬਾਕਾਇਦਾ ਸਿਖਲਾਈ/ਰੀਫ਼ਰੈਸ਼ਰ ਕੈਂਪ ਲਾਏ ਜਾਇਆ ਕਰਨ।

- ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਦਾ ਵਿਰੋਧ ਕਰਨ ਵਾਲੀਆਂ ਸਾਰੀਆਂ ਰਚਨਾਵਾਂ (ਜਨਮ ਸਾਖੀ ਭਾਈ ਬਾਲੇ ਵਾਲੀ, ਗੁਰਬਿਲਾਸ ਪਾਤਸ਼ਾਹੀ ਛੇਵੀਂ, ਅਖੌਤੀ ਦਸਮ ਗ੍ਰੰਥ, ਸਰਬਲੋਹ ਗ੍ਰੰਥ ਆਦਿ) ਨੂੰ ਸਿਰੇ ਤੋਂ ਹੀ ਠੁਕਰਾ ਦਿੱਤਾ ਜਾਵੇ। ਇਨ੍ਹਾਂ ਵਿੱਚ ਜੇਕਰ ਕਿਸੇ ਰਚਨਾ ਦਾ ਕੋਈ ਅੰਸ਼ ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਦੇ ਅਨੁਕੂਲ ਸਾਬਿਤ ਹੋ ਜਾਵੇ ਤਾਂ ਉਸ ਹਿੱਸੇ ਨੂੰ ਅਲੱਗ ਕਿਤਾਬ ਦੇ ਰੂਪ ਵਿੱਚ ਸੰਭਾਲਿਆ ਜਾ ਸਕਦਾ ਹੈ।





- **ਹਰ ਇੱਕ ਪੱਧਰ ’ਤੇ ਆਪਸੀ ਮੱਤ-ਭੇਦ, ਕੇਵਲ ਅਤੇ ਕੇਵਲ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਿਧਾਂਤਾਂ ਦੀ ਰੌਸ਼ਨੀ ਅਨੁਸਾਰ ਆਪਸ ਵਿੱਚ ਪਿਆਰ ਸਤਿਕਾਰ ਨਾਲ ਮਿਲ ਬੈਠ ਕੇ ਵਿਚਾਰ-ਵਟਾਂਦਰੇ ਕਰ ਕੇ ਹੀ, ਹੱਲ ਕੀਤੇ ਜਾਣ। ਧੱਕੜ ਵਰਤਾਰੇ ਜਾਂ ਕੌੜੇ ਬਚਨਾਂ ਦੀ ਵਰਤੋਂ ’ਤੇ ਮੁਕੰਮਲ ਪਾਬੰਦੀ ਹੋਵੇ। ਗੁਰਬਾਣੀ ਅਤੇ ਇਤਿਹਾਸ ਗਵਾਹ ਹਨ ਕਿ ਗੁਰੂ ਨਾਨਕ ਸਾਹਿਬ ਨੇ ਦੂਸਰੇ ਮੱਤਾਂ ਜਾਂ ਮਜ਼ਬਾਂ ਦੇ ਵਿਦਵਾਨਾਂ, ਆਗੂਆਂ, ਹਾਕਮਾਂ ਅਤੇ ਇਥੋਂ ਤੱਕ ਕਿ ਮਨੁੱਖਤਾ-ਵਿਰੋਧੀ ਕੁ.ਫਰਗੜ੍ਹਾਂ ਦੇ ਸੰਚਾਲਕਾਂ ਨਾਲ ਵੀ ਸਦਭਾਵਨਾ ਵਾਲੇ ਮਾਹੌਲ ਵਿੱਚ ਹੀ ਵਿਚਾਰ-ਗੋਸ਼ਟੀਆਂ ਕਰਕੇ ਉਨ੍ਹਾਂ ਨੂੰ ਵਿਗਿਆਨਕ ਢੰਗਾਂ ਨਾਲ ਦਲੀਲਾਂ ਦੇ ਕੇ ਰੱਬੀ ਸਿਧਾਂਤਾਂ ਦੇ ਆਲਮਗੀਰੀ ਫ਼ਲਸਫ਼ੇ ਅੱਗੇ ਸਿਰ ਝੁਕਾਉਂਣ ਲਈ ਕਾਇਲ ਕੀਤਾ ਸੀ। ਕਦੇ ਵੀ ਡਾਂਗ ਦਾ ਸਹਾਰਾ ਨਹੀਂ ਸੀ ਲਿਆ। ਕਦੇ ਵੀ ਇਹ ਨਹੀਂ ਸੀ ਕਿਹਾ ਕਿ, “ਭਾਈ ਮਰਦਾਨਿਆ ਇਸ ਕੰਡੇ ਦਾ ਜੁੱਤੀ ਨਾਲ ਮਸਲ ਕੇ ਸਿਰ ਫੇਹ ਦੇ ਜਾਂ ਇਹਦੇ ਮੌਰਾਂ ’ਤੇ ਚਾਰ ਡਾਂਗਾਂ ਜੜ ਦੇ ਕਿਉਂਕਿ ਇਹ ਮੇਰੇ ਵਿਚਾਰਾਂ ਦਾ ਵਿਰੋਧੀ ਹੈ।” ਪਰ ਅਫ਼ਸੋਸ ਕਿ ਅੱਜ ਆਪਣੇ ਆਪ ਨੂੰ ਗੁਰੂ ਨਾਨਕ ਸਾਹਿਬ ਦੇ ਪੱਕੇ ਸਿੱਖ ਅਖਵਾਉਂਣ ਦਾ ਦਾਅਵਾ ਕਰਨ ਵਾਲੇ ਅਤੇ ਅਖੌਤੀ ਸਿੰਘ ਸਾਹਿਬਾਨ ਅਜਿਹਾ ਹੀ ਤਾਂ ਕਰ ਰਹੇ ਹਨ। ਅਜਿਹੇ ਉਜੱਡ ਅਤੇ ਮਹਾਂ-ਮੂਰਖ, ਜਿਥੇ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਦੀ ਜੱਗ-ਹਸਾਈ ਕਰਾਉਂਣ ਦੇ ਅਪ੍ਰਾਧੀ ਹਨ ਉਥੇ ਗੁਰੂ ਨਾਨਕ ਸਾਹਿਬ ਦੇ ਮਿਸ਼ਨ ਦੇ ਗ਼ਦਾਰ ਬਣ ਕੇ ਇਸ ਇਲਾਹੀ ਇਨਕਲਾਬ ਦੇ ਰਸਤੇ ਦੇ ਰੋੜੇ ਵੀ ਸਾਬਤ ਹੋ ਰਹੇ ਹਨ।**

- ਇਸ ਇਨਕਲਾਬੀ ਲਹਿਰ ਦੀ ਅਗੁਵਾਈ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਦੇ ਅਧੀਨ, ਅਲੱਗ-ਅਲੱਗ ਪੱਧਰ ’ਤੇ ਕਾਇਮ ਕੀਤੀਆਂ ਗੁਰਮਤਿ-ਪੰਚਾਇਤਾਂ ਵੱਲੋਂ ਆਮ ਸਹਿਮਤੀ ਨਾਲ ਨਾਮਜ਼ਦ ਕੀਤੀਆਂ ਕਮੇਟੀਆਂ ਸਾਂਝੇ ਤੌਰ ’ਤੇ ਕਰਨ, ਕਿਸੇ ਵਿਅਕਤੀ-ਵਿਸ਼ੇਸ਼ ਜਾਂ ਗਰੁੱਪ ਨੂੰ ਆਪ-ਹੁਦਰਾ ਜਾਂ ਤਾਨਾਸ਼ਾਹ ਨਾ ਬਣਨ ਦਿੱਤਾ ਜਾਵੇ।

## ਅਕਾਲ ਤਖ਼ਤ ਸਾਹਿਬ ਅਤੇ ਸ਼੍ਰੋਮਣੀ ਕਮੇਟੀ ਨੂੰ ਮਨੂੰਵਾਦ ਦੇ ਗ਼ੁਲਾਮਾਂ ਦੀ ਗ਼ੁਲਾਮੀ ਤੋਂ ਆਜ਼ਾਦ ਕਰਵਾਇਆ ਜਾਵੇ

ਅੱਜ ਇਹ ਇੱਕ ਦੁਖਦਾਈ ਸਚਾਈ ਹੈ ਕਿ ਮਨੁੱਖੀ ਹੱਕਾਂ ਦੇ ਵਿਰੋਧੀ ਸੰਗਠਨਾਂ (ਜਿਨ੍ਹਾਂ ਵਿੱਚੋਂ ਮਨੂੰਵਾਦੀ ਟੋਲਾ ਸੱਭ ਤੋਂ ਮੂਹਰੇ ਹੈ) ਨੇ ਚਾਣਕੀਆ ਨੀਤੀ ਦੇ ਹੱਥ-ਕੰਡਿਆਂ ਦੀ ਵਰਤੋਂ ਕਰਕੇ ਗੁਰੂ ਨਾਨਕ ਨਾਮ ਲੇਵਾ ਜਗਤ ਦੇ ਅਖੌਤੀ ਧਾਰਮਕ ਸਿਆਸੀ, ਸਮਾਜਕ ਅਤੇ ਬੁੱਧੀਜੀਵੀ ਲੀਡਰਾਂ ਨੂੰ ਆਪਣੀ ਜਕੜ ਵਿੱਚ ਲੈ ਕੇ ਆਪਣੇ ਗ਼ੁਲਾਮ ਬਣਾ ਰੱਖਿਆ ਹੈ। ਇਸ ਚਾਣਕੀਆ ਨੀਤੀ ਦੇ ਮੋਟੇ ਤੌਰ ’ਤੇ ਚਾਰ ਪਹਿਲੂ ਹਨ।

- **ਸ਼ਾਮ** : ਪੁਚਕਾਰੋ ਅਤੇ ਥਾਪੀ ਦਿਉ।

- **ਦਾਮ**: ਮਾਇਆ ਨਾਲ ਖ਼ਰੀਦੋ।

- **ਭੇਦ:** ਫੁੱਟ ਪਾਓ (ਅਤੇ ਆਪਸ ਵਿੱਚ ਲੜਾ ਕੇ ਖ਼ਤਮ ਕਰ ਦਿਓ)।
- **ਦੰਡ:** ਛਿੱਤਰ ਫੇਰੋ।

**ਗੁਰੂ ਹਰਿਗੋਬਿੰਦ ਸਾਹਿਬ ਨੇ ਮਨੁੱਖਤਾ ਦੇ ਧਾਰਮਿਕ ਕੇਂਦਰ ਦਰਬਾਰ ਸਾਹਿਬ ਦੇ ਐਨ ਸਨਮੁਖ ਅਕਾਲ ਤਖ਼ਤ ਸਾਹਿਬ ਨੂੰ ਹਲੇਮੀ ਰਾਜ (ਰੱਬੀ ਰਾਜ) ਦੀ ਪ੍ਰਭੂ-ਸੱਤਾ ਦੇ ਚਿੰਨ੍ਹ ਅਤੇ ਮੀਰੀ-ਪੀਰੀ ਦੇ ਸਿਧਾਂਤ ਨੂੰ ਸਥੂਲ ਰੂਪ ਦੇਣ ਲਈ ਅਤੇ ਗੁਰੂ ਅਰਜਨ ਸਾਹਿਬ ਦੀ ਸ਼ਾਤਮਈ ਢੰਗ ਨਾਲ ਦਿੱਤੀ ਸ਼ਹੀਦੀ ਲਈ ਜਿਮੇਂਵਾਰ ਤੱਤਕਾਲੀਨ ਜ਼ਾਲਮ ਹਕੂਮਤ ਨੂੰ ਚੁਣੌਤੀ ਦੇਣ ਲਈ ਹੀ ਪ੍ਰਗਟ ਕੀਤਾ ਸੀ। ਪਿੱਛੋਂ ਕਾਇਮ ਕੀਤੇ ਗਏ ਅਖੌਤੀ ਚਾਰ ਤਖ਼ਤ ਸਾਡੀ ਹੋਛੀ ਮਨਮਤਿ ਦਾ ਪ੍ਰਗਟਾਵਾ ਹੀ ਹਨ, ਗੁਰਮਤਿ ਜੁਗਤਿ ਅਨੁਕੂਲ ਨਹੀਂ ਹਨ।**

ਮਨੂੰਵਾਦ ਦੇ ਚਾਣਕੀਆ ਕੁਟਿਲ ਸ਼ਾਸਤਰ ਦੀ ਮਾਰ ਹੇਠ ਆਈ ਅਖੌਤੀ ਸਿੱਖ ਲੀਡਰਸ਼ਿਪ ਇਸ ਮੀਰੀ-ਪੀਰੀ ਦੀ ਸਿਧਾਂਤਕ ਸੰਸਥਾ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੋਟ-ਵਿਧਾਨ ਰਾਹੀਂ ਗ਼ੁਲਾਮ ਬਣਾ ਕੇ ਇਸ ਤੇ ਕਾਬਜ਼ ਹੋਈ ਬੈਠੀ ਹੈ। ਇਸ ਲਈ ਜ਼ਰੂਰੀ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਸਿਧਾਂਤਕ ਅਗਵਾਈ ਹੇਠ ਇਕੱਤ੍ਰ ਹੋ ਕੇ, ਗੁਰੂ ਨਾਨਕ ਨਾਮ ਲੇਵਾ ਜਗਤ **ਸੱਭ ਤੋਂ ਪਹਿਲਾਂ 'ਸਿੱਖ ਗੁਰਦੁਆਰਾ ਐਕਟ-੧੯੨੫' ਅਧੀਨ ਹੋਂਦ ਵਿੱਚ ਆਈ ਸ਼੍ਰੋ. ਗੁ. ਪ੍ਰ. ਕਮੇਟੀ ਨੂੰ ਜ਼ਰੂਰੀ ਕਾਨੂੰਨੀ ਪੈਂਤੜੇ ਵਰਤ ਕੇ, ਵੋਟਾਂ ਦੇ ਵਿਧਾਨ ਤੋਂ ਸੁਤੰਤਰ ਕਰਵਾਏ। ਜਿੱਥੇ ਵੋਟਾਂ ਦਾ ਵਿਧਾਨ ਲਾਗੂ ਹੋਵੇਗਾ, ਉਥੇ ਦੋ ਧੜੇ ਲਾਜ਼ਮੀ ਤੌਰ 'ਤੇ ਹੋਣਗੇ। ਜਿੱਥੇ ਧੜੇਬੰਦੀ ਹੋਵੇਗੀ, ਉਥੇ ਵਿਰੋਧਤਾ ਵੀ ਸੁਭਾਵਕ ਹੀ ਹੋਵੇਗੀ ਅਤੇ ਵਿਰੋਧਤਾ, ਵਧਦੀ-ਵਧਦੀ ਵੈਰ ਤੱਕ ਵੀ ਜਾ ਸਕਦੀ ਹੈ। ਜਿਸ ਸਮਾਜ ਵਿੱਚ ਵੈਰ-ਵਿਰੋਧਤਾ ਦਾ ਆਲਮ ਹੋਵੇ, ਉਹ ਸਮਾਜ ਇੱਕ ਆਦਰਸ਼ਕ ਮਨੁੱਖੀ ਸਮਾਜ ਨਹੀਂ ਬਣ ਸਕਦਾ। ਫਿਰ ਹੀ ਅਕਾਲ ਤਖ਼ਤ ਸਾਹਿਬ ਨੂੰ ਆਜ਼ਾਦ ਕਰਵਾਇਆ ਜਾ ਸਕੇਗਾ।**

ਅਕਾਲ ਤਖ਼ਤ ਸਾਹਿਬ ਨੂੰ ਆਜ਼ਾਦ ਕਰਵਾਉਂਣ ਤੋਂ ਬਾਅਦ ਇਸ ਦੇ ਪ੍ਰਬੰਧਕੀ ਨਿਜ਼ਾਮ ਨੂੰ, ਵਿਸ਼ਵ ਵਿੱਚ ਗੁਰਮਤਿ ਇਨਕਲਾਬ ਨੂੰ ਜਥੇਬੰਦ ਕਰਨ ਲਈ, ਕੇਂਦਰੀ ਸੰਸਥਾ ਵਜੋਂ ਗੁਰਮਤਿ ਜੁਗਤਿ ਅਨੁਸਾਰ ਕਾਰਜਸ਼ੀਲ ਕੀਤਾ ਜਾਵੇ। ਅਜਿਹਾ ਕਰਨਾ ਤਦ ਹੀ ਸੰਭਵ ਹੋ ਸਕੇਗਾ ਜੇਕਰ ਸਮੁੱਚੀ ਮਨੁੱਖਤਾ ਦਾ ਭਲਾ ਲੋਚਣ ਵਾਲਿਆਂ ਨੂੰ ਇੱਕ ਕੇਂਦਰੀ ਜੱਥੇਬੰਦੀ ਵਿੱਚ ਸ਼ਾਮਿਲ ਕਰ ਕੇ ਗੁਰੂ ਨਾਨਕ ਸਾਹਿਬ ਦੇ ਆਲਮਗੀਰੀ ਇਨਕਲਾਬੀ ਫ਼ਲਸਫ਼ੇ ਦਾ ਪ੍ਰਚਾਰ ਪਿੰਡ ਪੱਧਰ ਤੋਂ ਲੈ ਕੇ ਵਿਸ਼ਵ ਪੱਧਰ ਤੱਕ ਕਰਨ ਲਈ ਲੋੜੀਂਦੀ ਵਿਉਂਤਬੰਦੀ ਬਣਾ ਕੇ ਚੱਲਿਆ ਜਾਵੇ। ਇਹ ਕਾਰਜ ਬਹੁਤ ਕਠਨ ਵੀ ਹੈ ਅਤੇ ਇਸ ਲਈ ਸਮਾਂ ਵੀ ਕਾਫ਼ੀ ਲਗੇਗਾ, ਕੁਰਬਾਨੀਆਂ ਵੀ ਦੇਣੀਆਂ ਪੈਣਗੀਆਂ, ਪਰ ਪਰਮੇਸ਼ਰ ਦੀ ਓਟ ਲੈਕੇ ਸ਼ੁਰੂਆਤ ਸਹੀ ਢੰਗ ਨਾਲ ਹੋ ਜਾਵੇਗੀ ਤਾਂ ਪਰਮੇਸ਼ਰ ਸਫ਼ਲਤਾ ਜ਼ਰੂਰ ਬਖ਼ਸ਼ੇਗਾ।

## ਬਾਕੀ ਚਾਰ 'ਤਖ਼ਤਾਂ' ਦਾ ਕੀ ਕੀਤਾ ਜਾਵੇ ?

**ਗੁਰਮਤਿ ਫ਼ਲਸਫ਼ੇ ਦੀ ਘੋਰ ਉਲੰਘਣਾ ਕਰ ਕੇ ਹੋਂਦ ਵਿੱਚ ਲਿਆਂਦੇ ਬਾਕੀ ਚੌਹਾਂ ਤਖ਼ਤਾਂ ਦੀ ਮਾਨਤਾ ਵਾਪਸ ਲੈ ਕੇ ਇਨ੍ਹਾਂ ਨੂੰ ਗੁਰਮਤਿ ਇਨਕਲਾਬ ਦੇ ਖੇਤਰੀ ਪ੍ਰਚਾਰ ਕੇਂਦਰਾਂ**





**ਦੇ ਤੌਰ 'ਤੇ ਕਾਰਜਸ਼ੀਲ ਕਰਨਾ ਪਵੇਗਾ;** ਨਹੀਂ ਤਾਂ ਇਨ੍ਹਾਂ ਦੇ 'ਸਰਬ ਸਮਰੱਥ ਜਥੇਦਾਰ' ਆਪੋ ਆਪਣੇ ਤਖ਼ਤ ਨੂੰ 'ਸਰਬ-ਉੱਚ' ਹੋਣ ਦਾ ਰਾਗ ਅਲਾਪਦੇ ਹੋਏ, ਇੱਕ ਦੂਜੇ ਦੇ ਗੱਲ ਵਿੱਚ ਗੂਠਾ ਦੇ ਕੇ ਸਿੱਖੀ ਸਿਧਾਂਤਾਂ ਦੀ ਖਿੱਲੀ ਤਾਂ ਉਡਾਉਂਣਗੇ ਹੀ, ਗੁਰੂ ਨਾਨਕ ਸਾਹਿਬ ਦੇ ਗੁਰਮਤਿ ਇਨਕਲਾਬ ਦੇ ਵਿਕਾਸ ਵਿੱਚ ਵੱਡਾ ਅੜਿੱਕਾ ਵੀ ਬਣੇ ਰਹਿਣਗੇ। **ਅਸਲ ਵਿੱਚ ਇਨ੍ਹਾਂ ਪੁਜਾਰੀਆਂ ਨੂੰ ਗੁਰੂ ਨਾਨਕ ਫ਼ਲਸਫ਼ੇ ਦੇ ਮੁੱਢਲੇ ਸਿਧਾਂਤਾਂ ਦੀ ਭੀ ਸੋਝੀ ਨਹੀਂ ਹੈ।** ਇਸ ਹਕੀਕਤ ਦਾ ਸਬੂਤ ਇਹ ਹੈ ਕਿ **ਗੁਰਮਤਿ ਫ਼ਲਸਫ਼ੇ ਅੰਦਰ ਅਕਾਲ ਤਖ਼ਤ ਜਾਂ ਕਿਸੇ ਹੋਰ ਤਖ਼ਤ ਦੇ ਜਥੇਦਾਰ ਦੇ ਅਹੁਦੇ ਦੀ ਹੋਂਦ ਹੀ ਨਹੀਂ ਹੈ। 1925 ਤੱਕ ਅਜਿਹਾ ਨਾ ਤਾਂ ਕੋਈ ਅਹੁਦਾ ਹੀ ਸੀ ਅਤੇ ਨਾਂ ਹੀ ਅਹੁਦੇਦਾਰ। ਜੇਕਰ ਇਨ੍ਹਾਂ ਪੁਜਾਰੀਆਂ ਨੂੰ ਗੁਰਮਤਿ ਸਿਧਾਂਤਾਂ ਦੀ ਸਪੱਸ਼ਟਤਾ ਹੁੰਦੀ ਤਾਂ ਇਹ ਅਜਿਹੇ ਅਹੁਦਿਆਂ ਤੇ ਬਿਰਾਜਮਾਨ ਹੋਣ ਦੀ ਬੱਜਰ ਗ਼ਲਤੀ ਕਦੇ ਨਾ ਕਰਦੇ ਭਾਵੇਂ ਇਨ੍ਹਾਂ ਅਹੁਦਿਆਂ ਦੀ ਪੇਸ਼ਕਸ਼ ਕਿਸੇ ਅਖੌਤੀ 'ਸਰਬੱਤ ਖ਼ਾਲਸਾ' ਵਲੋਂ ਵੀ ਕਿਉਂ ਨਾ ਕੀਤੀ ਹੋਈ ਹੁੰਦੀ** **(ਕਿਉਂਕਿ ਸੱਚ-ਮੁੱਚ ਦਾ ਸਰਬੱਤ ਖ਼ਾਲਸਾ ਗੁਰਮਤਿ ਸਿਧਾਂਤਾਂ ਦੀ ਉਲੰਘਣਾ ਕਰ ਕੇ ਨਾਂ ਤਾਂ ਅਜਿਹੇ ਕਿਸੇ ਅਹੁਦੇ ਨੂੰ ਪੈਦਾ ਹੀ ਕਰੇਗਾ ਅਤੇ ਨਾਂ ਹੀ ਅਜਿਹੇ ਗੁਰਮਤਿ ਵਿਰੋਧੀ ਅਹੁਦੇ ਦਾ ਅਹੁਦੇਦਾਰ)! ਅਸਲੀਅਤ ਇਹ ਹੈ ਕਿ ਆਪੋ ਆਪਣੇ ਤਖ਼ਤਾਂ ਨੂੰ 'ਸਰਬ-ਉੱਚ ਹੋਣ ਦੇ ਐਲਾਨ ਕਰ ਕੇ ਇਹ ਪੁਜਾਰੀ, ਸਮੁੱਚੀ ਕੌਮ ਨੂੰ ਬੁੱਧੂ ਬਣਾ ਕੇ, ਆਪਣੇ ਆਪ ਨੂੰ ਕੌਮ ਦੀ 'ਸਰਬ-ਉੱਚ ਹਸਤੀ ਹੋਣ ਦਾ ਸਰਟੀਫਿਕੇਟ ਦੇਣਾ ਚਾਹੁੰਦੇ ਹਨ। ਗੁਰਮਤਿ ਸਿਧਾਂਤਾਂ ਨਾਲੋਂ ਟੁੱਟ ਕੇ ਔਝੜ ਪਈ ਹੋਈ ਕੌਮ ਦਾ ਅਜੋਕਾ ਵਾਤਾਵਰਣ ਇਨ੍ਹਾਂ ਪੁਜਾਰੀਆਂ ਦੇ ਬਹੁਤ ਹੀ ਰਾਸ ਆ ਰਿਹਾ ਹੈ। ਇਸ ਮਾਹੌਲ ਵਿੱਚ ਇਨ੍ਹਾਂ ਨੂੰ ਗਿੱਚੀ ਤੋਂ ਫੜ ਕੇ ਕਾਬੂ ਕਰਨ ਵਾਲੀ ਕੋਈ ਮਜ਼ਬੂਤ ਜਥੇਬੰਦੀ ਜਾਂ ਕੌਮੀ ਕੇਂਦਰੀ ਗੁਰਮਤਿ ਪ੍ਰਬੰਧਕ ਸੰਸਥਾ ਇਸ ਵਕਤ ਹੋਂਦ ਵਿੱਚ ਨਹੀਂ ਹੈ, ਜਿਸ ਕਰ ਕੇ ਇਹ ਆਪ-ਹੁਦਰੇ ਹੋਏ ਪੁਜਾਰੀ ਆਪੋ ਆਪਣੇ ਸਿਆਸੀ ਮਾਲਿਕਾਂ ਦੇ ਇਸ਼ਾਰਿਆਂ 'ਤੇ ਗੁਰਮਤਿ-ਵਿਰੋਧੀ ਕਾਰਵਾਈਆਂ ਕਰ ਰਹੇ ਹਨ।**

**ਅਜੋਕੇ ਜੱਥੇਦਾਰ, 'ਸਿੰਘ ਸਾਹਿਬਾਨ', 'ਸੰਤ ਬਾਬਿਆਂ' ਲਈ ਗੁਰਮਤਿ ਫ਼ਲਸਫ਼ੇ ਅੰਦਰ ਕੋਈ ਜਗ੍ਹਾ ਨਹੀਂ। ਇਨ੍ਹਾਂ ਵਿਸ਼ੇਸ਼ਣਾਂ ਅਤੇ ਇਨ੍ਹਾਂ ਨਾਲ ਜੋੜੇ ਗਏ ਅਹੁਦਿਆਂ ਦਾ ਪੱਕੇ ਤੌਰ ਤੇ ਭੋਗ ਪਾ ਕੇ ਹੀ ਗੁਰਮਤਿ ਇਨਕਲਾਬ ਦਾ ਸੰਸਾਰ ਵਿੱਚ ਵਿਕਾਸ ਕੀਤਾ ਜਾ ਸਕੇਗਾ ਨਹੀਂ ਤਾਂ ਇਹ ਸਾਰੇ ਸਮਾਜ ਨੂੰ ਅੰਦਰੋਂ ਘੁਣ ਵਾਂਗ ਖਾਕੇ ਖ਼ੋਖ਼ਲਾ ਕਰਦੇ ਰਹਿਣਗੇ।**

ਗੁਰਦੁਆਰਾ ਸੁਧਾਰ ਲਹਿਰ ਦੀ ਅੰਸ਼ਕ ਸਫ਼ਲਤਾ ਤੋਂ ਬਾਅਦ (ਇਹ ਅੰਸ਼ਕ ਜਾਂ ਅਧੂਰੀ ਸਫ਼ਲਤਾ ਇਸ ਕਰਕੇ ਸੀ ਕਿ ਗੁਰਧਾਮਾਂ 'ਚੋਂ ਭ੍ਰਿਸ਼ਟ ਮਹੰਤਾਂ ਨੂੰ ਤਾਂ ਕੱਢ ਦਿੱਤਾ ਗਿਆ ਪਰ ਗੁਰਦੁਆਰਿਆਂ ਦੀਆਂ ਸੰਸਥਾਵਾਂ ਨੂੰ 'ਗੁਰਮਤਿ ਸਿਧਾਂਤਾਂ' ਅਨੁਸਾਰ ਕਾਰਜਸ਼ੀਲ

ਨਾ ਕੀਤਾ ਜਾ ਸਕਿਆ) ੧੯੨੫ ਵਿੱਚ ਵੋਟਾਂ ਦੇ ਆਧਾਰ ਤੇ ਹੋਂਦ ਵਿੱਚ ਆਈ ਸ਼੍ਰੋਮਣੀ ਕਮੇਟੀ ਨੂੰ ਵੀ ਮਨੂੰਵਾਦੀਆਂ ਨੇ ਆਪਣੇ ਸਿੱਖੀ ਸਰੂਪ ਵਿੱਚ ਵਿਚਰ ਰਹੇ ਪਗੜੀਧਾਰੀ/ਕਕਾਰਧਾਰੀ/ਚੋਲਾਧਾਰੀ ਗ਼ੁਲਾਮਾਂ (ਅਸਲ ਵਿਚ ਸਿੱਖੀ-ਸਰੂਪ ਵਿਚ ਵਿਚਰ ਰਹੇ ਬ੍ਰਾਹਮਣਾਂ) ਰਾਹੀਂ, ਵੋਟਾਂ ਦੀ ਰਾਜਨੀਤੀ ਦੀ ਦੁਰਵਰਤੋਂ ਕਰ ਕੇ, ਕਾਬੂ ਕਰ ਰੱਖਿਆ ਹੈ। ਸ਼ਾਤਰ ਮਨੂੰਵਾਦੀਆਂ ਨੇ ਅਜਿਹਾ ਇਸ ਕਰ ਕੇ ਕੀਤਾ ਹੈ ਕਿ ਗੁਰੂ ਨਾਨਕ ਸਾਹਿਬ ਵੱਲੋਂ ਮਨੁੱਖੀ ਹੱਕਾਂ ਦੀ ਰਾਖੀ ਦੇ ਜ਼ਾਮਨ ਸਰਬੱਤ ਦੇ ਭਲੇ ਲਈ ਅਰੰਭ ਕੀਤੇ ਇਨਕਲਾਬ ਨੂੰ ਵਿਕਾਸ ਕਰਨ ਤੋਂ ਰੋਕਿਆ ਜਾ ਸਕੇ। ਅਰਬਾਂ ਰੁਪਏ ਦੇ ਸਾਲਾਨਾ ਬਜਟ ਵਾਲੀ ਇਸ ਸੰਸਥਾ ਦੇ ਫ਼ੰਡਾਂ ਅਤੇ ਮਨੁੱਖੀ ਸਾਧਨਾਂ ਦੀ ਦੁਰਵਰਤੋਂ ਕਰ ਕੇ ਗੁਰਮਤਿ ਦੇ ਇਲਾਹੀ ਸਿਧਾਂਤਾਂ ਦਾ ਘਾਣ ਅਤੇ ਗੁਰੂ ਨਾਨਕ ਸਾਹਿਬ ਅਤੇ ਉਹਨਾਂ ਦੇ ਉਤਰਾਧਿਕਾਰੀ ਗੁਰੂਜਾਮਿਆਂ ਦੀ ਰੱਜ ਕੇ ਤੌਹੀਨ ਕੀਤੀ ਜਾ ਰਹੀ ਹੈ। ਜਿਸ ਤਰ੍ਹਾਂ ਅੰਗ੍ਰੇਜ਼ੀ ਰਾਜਕਾਲ ਵੇਲੇ ਭ੍ਰਿਸ਼ਟ ਮਹੰਤਾਂ ਨੇ ਸਰਕਾਰੀ ਸਰਪ੍ਰਸਤੀ ਹੇਠ ਗੁਰਧਾਮਾਂ ਨੂੰ ਅੱਯਾਸ਼ੀ ਦੇ ਅੱਡਿਆਂ ਵਿੱਚ ਬਦਲ ਕੇ ਆਪੋ ਆਪਣੀਆਂ "ਪਾਲਤੂ ਗੁੰਡਾ ਪਲਟਣਾਂ" ਦੀ ਰੱਖਿਆ (ਹਿਫ਼ਾਜ਼ਤ-ਪਰੋਟੈਕਸ਼ਨ) ਹਾਸਲ ਕਰ ਰੱਖੀ ਸੀ, ਠੀਕ ਉਸੇ ਤਰਜ਼ ਤੇ ਹੀ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠਲੇ ਗੁਰਧਾਮਾਂ ਵਿੱਚ ਇਨ੍ਹਾਂ 'ਮਾਡਰਨ ਮਹੰਤਾਂ' ਨੇ ਸਰਕਾਰੀ ਸਰਪ੍ਰਸਤੀ ਦੀ ਛਤਰ ਛਾਇਆ ਹੇਠ 'ਟਾਸਕ ਫ਼ੋਰਸ' ਕਾਇਮ ਕਰ ਰੱਖੀਆਂ ਹਨ ਤਾ ਕਿ ਗੁਰਮਤਿ ਸਿਧਾਂਤਾਂ ਤੇ ਪਹਿਰਾ ਦੇਣ ਦੀ ਜੁਰਅੱਤ ਕਰਨ ਵਾਲੀਆਂ ਜਥੇਬੰਦੀਆਂ ਨੂੰ ਸਬਕ ਸਿਖਾਇਆ ਜਾ ਸਕੇ। ਜੇਕਰ ਇਸ ਬਾਰੇ ਸਬੂਤਾਂ ਦੀ ਲੋੜ ਹੈ ਤਾਂ ਸ਼੍ਰੋਮਣੀ ਖ਼ਾਲਸਾ ਪੰਚਾਇਤ ਵੱਲੋਂ ਫਰਵਰੀ ੨੦੦੩ ਵਿੱਚ ਸ਼ਾਂਤਮਈ ਧਰਨਾ ਦੇਣ ਗਏ ਸਿੱਖਾਂ 'ਤੇ ਅੰਮ੍ਰਿਤਸਰ ਵਿੱਚ ਲਾਠੀਆਂ ਨਾਲ ਕੀਤਾ ਹਮਲਾ ਅਤੇ ਨਵੰਬਰ ੨੦੦੬ ਵਿੱਚ ਫ਼ਰੀਦਾਬਾਦ ਵਿਖੇ (ਅ-) ਗਿਆਨੀ ਜੋਗਿੰਦਰ ਸਿੰਘ ਵੇਦਾਂਤੀ ਤੱਤਕਾਲੀਨ ਅਖੌਤੀ ਜਥੇਦਾਰ ਅਕਾਲ ਤਖ਼ਤ ਦੀ ਫੇਰੀ ਦੌਰਾਨ, ਸ਼ਾਂਤਮਈ ਢੰਗ ਨਾਲ ਕੁਝ ਬੁਨਿਆਦੀ ਗੁਰਮਤਿ ਸਵਾਲਾਂ ਦਾ ਉੱਤਰ ਮੰਗ ਰਹੀਆਂ ਸੰਗਤਾਂ ਉਪਰ ਵੇਦਾਂਤੀ ਜੀ ਦੇ ਨਿੱਜੀ ਅੰਗ-ਰੱਖਕਾਂ ਵੱਲੋਂ, (ਅ-) ਗਿਆਨੀ ਜੀ ਦੇ ਹੁਕਮਾਂ ਅਨੁਸਾਰ, ਕੀਤੇ ਹਿੰਸਕ ਹਮਲਿਆਂ ਦੀਆਂ ਉਦਾਹਰਣਾਂ ਹੀ ਕਾਫ਼ੀ ਹੋਣਗੀਆਂ।

ਪਿਛਲੇ ਕੁਝ ਸਾਲਾਂ ਤੋਂ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ, ਪੰਜਾਬ ਦੇ ਵਕਤ ਦੇ ਅਖੌਤੀ ਸ਼੍ਰੋਮਣੀ ਅਕਾਲੀ ਦਲ (ਅਸਲ ਵਿੱਚ ਮੰਨੂਵਾਦੀਆਂ ਦੀ ਗ਼ੁਲਾਮ ਪੰਜਾਬੀ ਪਾਰਟੀ) ਦੇ ਪ੍ਰਧਾਨ ਦੇ ਲਿਫ਼ਾਫ਼ੇ ਵਿੱਚੋਂ ਨਿਕਲ ਕੇ ਆਪਣੇ ਸਿਆਸੀ ਆਕਾ ਦੀ ਹੀ ਜੀ-ਹਜ਼ੂਰੀ ਕਰ ਰਿਹਾ ਹੈ। ਗੁਰੂ ਨਾਨਕ ਸਾਹਿਬ ਦੇ ਇਲਾਹੀ ਇਨਕਲਾਬ ਦਾ ਵਿਕਾਸ ਕਰਨਾ ਇਸ ਦੇ ਏਜੰਡੇ ਵਿੱਚ ਸ਼ਾਮਿਲ ਨਹੀਂ ਰਿਹਾ, ਬਲਕਿ ਸਿੱਖੀ ਅਤੇ ਸਿੱਖ ਸਿਧਾਂਤਾਂ ਦੇ ਬੂਟੇ ਦੇ ਜੜ੍ਹੀਂ ਤੇਲ ਦੇਣਾ ਹੀ ਇੱਕੋ ਇੱਕ ਪ੍ਰੋਗਰਾਮ ਨਜ਼ਰੀਂ ਪੈ ਰਿਹਾ ਹੈ ਇਸ ਅਹੁਦੇਦਾਰ ਦਾ।

**ਜੇਕਰ ਸ਼੍ਰੋਮਣੀ ਕਮੇਟੀ ਦੀ ਸੰਸਥਾ ਨੂੰ ਮਨੂੰਵਾਦੀਆਂ ਦੇ ਗ਼ੁਲਾਮਾਂ ਦੀ ਗ਼ੁਲਾਮੀ ਤੋਂ ਛੇਤੀ ਆਜ਼ਾਦ ਕਰਵਾ ਕੇ ਗੁਰਮਤਿ ਗਾਡੀਰਾਹ 'ਤੇ ਨਾ ਪਾਇਆ ਗਿਆ ਤਾਂ ਘੱਟੋ-ਘੱਟ ਪੰਜਾਬ ਵਿੱਚ ਤਾਂ ਇਹ ਸਿੱਖੀ ਦਾ ਭੋਗ ਪਾ ਹੀ ਦੇਵੇਗੀ।** ਫਿਰ ਪਛੋਤਾਵੇ ਤੋਂ ਬਿਨਾਂ ਕੁਝ ਵੀ





ਹੱਥ-ਪੱਲੇ ਨਹੀਂ ਰਹੇਗਾ। ਇਸ ਕੇਂਦਰੀ ਸੰਸਥਾ ਵੱਲੋਂ ਗੁਰੂ ਨਾਨਕ ਸਾਹਿਬ ਵੱਲੋਂ ਆਰੰਭ ਕੀਤੇ ਇਲਾਹੀ ਇਨਕਲਾਬ ਨੂੰ ਅਸਫ਼ਲ ਕਰਨ ਲਈ ਕੀਤੀਆਂ ਜਾ ਰਹੀਆਂ ਕੁਝ ਕੁ ਕਾਲੀਆਂ ਕਰਤੂਤਾਂ ਦਾ ਜ਼ਿਕਰ ਇਸ ਪੁਸਤਕ ਦੇ ਅਖ਼ੀਰ (ਦਸ਼ਤਾਵੇਜ਼) ਵਿੱਚ ਕੀਤਾ ਗਿਆ ਹੈ।

ਸ਼੍ਰੋਮਣੀ ਗੁ.ਪ੍ਰ. ਕਮੇਟੀ, ਅਕਾਲ ਤਖ਼ਤ ਅਤੇ ਅਸਲੀ ਅਕਾਲੀ ਦਲ (ਨਕਲੀ ਅਕਾਲੀ ਦਲਾਂ ਵੱਲ ਧਿਆਨ ਦੇਣ ਦੀ ਲੋੜ ਨਹੀਂ ਹੋਣੀ ਚਾਹੀਦੀ) ਨੂੰ ਫਿਰ ਤੋਂ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਅਨੁਸਾਰ ਕਾਰਜਸ਼ੀਲ ਕਰਨ ਲਈ ਸਤਿਗੁਰਾਂ ਵੱਲੋਂ ਅਰੰਭ ਕੀਤੇ ਇਲਾਹੀ ਇਨਕਲਾਬ ਦਾ ਘੱਟੋ-ਘੱਟ ਪੰਜਾਬ ਵਿੱਚ ਵਿਕਾਸ ਕਰ ਕੇ ਸੱਚ ਦਾ ਬੋਲਬਾਲਾ ਕੀਤਾ ਜਾਣਾ ਬਹੁਤ ਜ਼ਰੂਰੀ ਹੈ ਅਤੇ ਅਜਿਹਾ ਸੰਭਵ ਹੋ ਸਕੇਗਾ ਸਾਂਝੀ ਕੇਂਦਰੀ ਗੁਰਮਤਿ ਲਹਿਰ ਨੂੰ ਪ੍ਰਚੰਡ ਕਰ ਕੇ।

## ਗੁਰੂ ਗ੍ਰੰਥ ਸਾਹਿਬ ਦੇ ਸਿਧਾਂਤਾਂ ਨੂੰ ਮੁਕੰਮਲ ਤੌਰ ਤੇ ਸਮਰਪਿਤ ਸ਼ਕਤੀਸ਼ਾਲੀ ਮੀਡੀਆ ਸਥਾਪਤ ਕੀਤਾ ਜਾਵੇ

ਇਸ ਵਿਸ਼ਵ-ਵਿਆਪਕ ਲਹਿਰ ਦੀ ਸਫ਼ਲਤਾ ਲਈ, ਇਲਾਹੀ ਸੱਚ ਦੀ ਅਵਾਜ਼ ਨੂੰ ਬੁਲੰਦ ਕਰ ਕੇ ਜਨ-ਸਧਾਰਨ ਤੱਕ ਕਾਰਗਰ ਢੰਗ ਨਾਲ ਅਪੜਦਾ ਕਰਨ ਲਈ, ਕੇਂਦਰੀ ਜਥੇਬੰਦੀ ਦੀ ਸਰਪ੍ਰਸਤੀ ਅਧੀਨ ਗੁਰੂ ਨਾਨਕ ਸਾਹਿਬ ਦੇ ਫ਼ਲਸਫ਼ੇ ਨੂੰ ਮੁਕੰਮਲ ਤੌਰ ਤੇ ਸਮਰਪਿਤ ਸ਼ਕਤੀਸ਼ਾਲੀ ਆਧੁਨਿਕ ਮੀਡੀਆ ਹੋਂਦ ਵਿੱਚ ਲਿਆਉਣਾ ਅਤਿ ਜ਼ਰੂਰੀ ਹੈ। ਵਿਗਿਆਨਕ ਲੀਹਾਂ ਤੇ ਸਥਾਪਤ ਅਤੇ ਪ੍ਰਫੁੱਲਤ ਕੀਤੇ ਇਸ ਮੀਡੀਆ ਵਿੱਚ ਸਥਾਨਕ ਅਤੇ ਵਿਸ਼ਵ-ਪੱਧਰ ਦੇ ਮਿਆਰੀ ਪ੍ਰੋਗਰਾਮ ਨਸ਼ਰ ਕਰਨ ਲਈ ਮੈਗਜ਼ੀਨ, ਅਖ਼ਬਾਰ, ਰੇਡੀਓ, ਦੂਰ-ਦਰਸ਼ਨ (ਟੀ.ਵੀ), ਵੈਬ-ਸਾਈਟ, ਪੁਸਤਕਾਂ, ਕੈਸਟਸ, ਸੀ.ਡੀ., ਵੀਡੀਉ ਮੂਵੀਜ਼, ਟਰੈਕਟ ਆਦਿ ਪ੍ਰਚਾਰ ਸਾਧਨਾ ਦੀ ਵਿਉਂਤਬੰਦ ਢੰਗ ਨਾਲ (ਅਲੱਗ-ਅਲੱਗ ਕਮੇਟੀਆਂ ਦੇ ਅਧੀਨ) ਵਰਤੋਂ ਕਰਨਾ ਬਹੁਤ ਜ਼ਰੂਰੀ ਹੋਵੇਗਾ। ਅਸਲ ਵਿੱਚ ਮੀਡੀਆ, ਪੰਛੀ ਦੇ ਖੰਭਾਂ ਦੀ ਨਿਆਈਂ ਹੈ ਜਿਨ੍ਹਾਂ ਦੀ ਮਜ਼ਬੂਤੀ ਦੇ ਸਹਾਰੇ ਇਸ ਲਹਿਰ ਨੇ ਗਗਨ ਮੰਡਲਾਂ ਵਿੱਚ ਉੱਚੀਆਂ ਉਡਾਰੀਆਂ ਮਾਰਨੀਆਂ ਹੋਣਗੀਆਂ। ਜਦੋਂ ਰੱਬੀ ਗਿਆਨ ਦਾ ਸੂਰਜ, ਇਸ ਢੰਗ ਨਾਲ ਉਦੇ ਹੋ ਜਾਵੇਗਾ ਤਾਂ ਕੂੜ ਦੇ ਪਸਾਰੇ ਵਾਲੇ ਉੱਲੂ ਅੱਖਾਂ ਨਹੀਂ ਖ੍ਹੋਲ ਸਕਣਗੇ ਅਤੇ ਗ਼ਾਇਬ ਹੋ ਕੇ ਕਿਸੇ ਹਨੇਰੀ ਘੁੱਪ ਗੁਫ਼ਾ ਵਿੱਚ ਵੜ ਜਾਣਗੇ ਅਤੇ ਆਖ਼ਰ ਵਿੱਚ ਉਥੇ ਬੈਠੇ-ਬੈਠੇ ਹੀ ਪ੍ਰਭੂ ਨੂੰ ਪਿਆਰੇ ਹੋ ਜਾਣਗੇ ਅਤੇ ਲੋਕਾਈ ਹਰ ਪੱਖ ਤੋਂ ਸੁਖੀ ਵਸਣ ਲਗੇਗੀ।

## ਦਲਿਤ ਵਰਕਰਾਂ ਨੂੰ ਬਰਾਬਰਤਾ ਦੇ ਕੇ ਨਾਲ ਜੋੜਿਆ ਜਾਵੇ

**ਇਥੇ ਇੱਕ ਅਹਿਮ ਨੁਕਤੇ ਦਾ ਜ਼ਿਕਰ ਵੀ ਕਰਨਾ ਬਣਦਾ ਹੈ। ਇਸ ਨਿਰੋਲ ਰੱਬੀ ਸੱਚ ਦੇ ਪ੍ਰਚਾਰ ਦੀ ਵਿਸ਼ਵ-ਵਿਆਪਕ ਲਹਿਰ ਵਿੱਚ ਸਦੀਆਂ ਤੋਂ ਦੱਬੇ-ਕੁਚਲੇ ਵਰਗਾਂ ਨੂੰ ਗੁਰੂ**

**ਨਾਨਕ ਸਾਹਿਬ ਦੇ ਫ਼ਲਸਫ਼ੇ ਦੇ ਸਿਧਾਂਤਾਂ ਅਨੁਸਾਰ ਸੁਚੇਤ ਕਰ ਕੇ, ਉਨ੍ਹਾਂ ਨੂੰ ਸਤਿਗੁਰਾਂ ਦੇ ਫ਼ਲਸਫ਼ੇ ਦੇ ਅਮਲੀ ਤੌਰ ਤੇ ਧਾਰਨੀ ਬਣਾ ਕੇ, ਸਕੇ ਭੈਣਾਂ/ਭਰਾਵਾਂ ਦੇ ਤੌਰ ਤੇ ਕਬੂਲ ਕੇ, ਇਸ ਲਹਿਰ ਵਿੱਚ ਉਨ੍ਹਾਂ ਦੀ ਯੋਗਤਾ ਅਨੁਸਾਰ, ਪਹਿਲ ਦੇ ਤੌਰ ਤੇ, ਮੂਹਰਲੀਆਂ ਸਫ਼ਾਂ ਵਿੱਚ ਸ਼ਾਮਲ ਹੋ ਕੇ ਅਗਵਾਈ ਕਰਨ ਦੇ ਮੌਕੇ ਦੇਣੇ ਅੱਤੀ ਲਾਜ਼ਮੀ ਹੋਣਗੇ।**

## ਦਲਿਤ ਸਮਾਜ ਵੀ ਡਾ: ਅੰਬੇਦਕਰ ਨੂੰ ਮੱਥੇ ਟੇਕਣ ਵਾਲਾ ਸਮਾਜ ਹੀ ਨਾ ਬਣ ਜਾਏ, ਇਸ ਲਈ ਇਤਿਹਾਸ ਨੂੰ ਸੂਝ ਨਾਲ ਪੜ੍ਹਨ ਦੀ ਜਾਚ ਜ਼ਰੂਰ ਹੋਣੀ ਚਾਹੀਦੀ ਹੈ

"ਅੰਬੇਦਕਰ ਇੱਕ ਉੱਚ-ਕੋਟੀ ਦਾ ਮਹਾਨ ਚਿੰਤਕ ਹੋਇਆ ਹੈ। ਦਲਿਤ ਸਾਹਿਤ ਖੇਤਰ ਵਿੱਚ ਉਸ ਨੇ ਬਹੁਤ ਨਾਮ ਕਮਾਇਆ ਹੈ। ਮੈਂ, ਸੱਚੀ ਗੱਲ ਹੈ, ਉਹਦੀ ਬਹੁਤ ਇੱਜ਼ਤ ਕਰਦਾ ਹਾਂ। 1932 ਵਿੱਚ ਜਦ ਬ੍ਰਿਟਿਸ਼ ਗੌਰਮਿੰਟ ਨੇ ਕਮਿਊਨਲ ਐਵਾਰਡ (Communal Award) ਦਿੱਤਾ, ਉਹ ਮੁਸਲਮਾਨਾਂ, ਦਲਿਤਾਂ, ਬ੍ਰਾਹਮਣਾਂ, ਕਬੀਲਿਆਂ, ਦਰਾਵੜਾਂ, ਸਿੱਖਾਂ, ਈਸਾਈਆਂ ਆਦਿ ਨੂੰ, ਆਬਾਦੀ ਦੇ ਆਧਾਰ 'ਤੇ ਆਪਣੇ ਹੱਕ ਦੇਣਾ ਚਾਹੁੰਦਾ ਸੀ। ਇਸ ਰਾਹੀਂ 33 ਫ਼ੀ ਸਦੀ ਮੁਸਲਮਾਨ, 25 ਫ਼ੀ ਸਦੀ ਦਲਿਤ ਤੇ ਕੋਈ 15 ਫ਼ੀ ਸਦੀ ਬ੍ਰਾਹਮਣੀ ਹਿੰਦੂ ਬਣਦੇ ਸਨ ਜਿਹੜੀਆਂ ਕਿ ਮੁੱਖ ਪਾਰਟੀਆਂ ਜਾਂ ਜੁੰਡਲੀਆਂ ਸਨ। ਬਾਕੀ ਸਨ ਕਬਾਇਲੀ, ਦਰਾਵੜ ਆਦਿ। ਸਿੱਖ, ਸਿਵਾਏ ਪੰਜਾਬ ਦੇ, ਬਾਕੀ ਸੂਬਿਆਂ ਵਿਚ ਨਾਮ ਮਾਤਰ ਹੀ ਸਨ। ਇਹ ਇੱਕ ਨਾਯਾਬ ਮੌਕਾ ਸੀ ਕਿ ਦਲਿਤ ਆਪਣੀ ਹੋਂਦ ਜਤਾ ਲੈਂਦੇ ਤੇ ਨਾਲੇ ਬ੍ਰਾਹਮਣੀਕਲ ਹਿੰਦੂ ਧਰਮ ਤੋਂ ਨਜਾਤ ਪਾ ਲੈਂਦੇ।

ਮੋਹਨ ਦਾਸ ਕਰਮਚੰਦ ਗਾਂਧੀ ਇੱਕ ਖੁੰਢ ਸਿਆਸਤਦਾਨ ਤੇ ਚਿੰਤਕ ਸੀ। ਉਹ ਕਹਿਣ ਲੱਗਾ ਕਿ ਦਲਿਤ ਅਗਰ ਇਸਲਾਮ ਜਾਂ ਈਸਾਈਅਤ ਧਾਰਨ ਕਰ ਲੈਂਦੇ ਹਨ ਤਾਂ ਉਸ ਨੂੰ ਕੋਈ ਇਤਰਾਜ਼ ਨਹੀਂ ਹੋਵੇਗਾ। ਇਹ ਦੋਵੇਂ ਧਰਮ ਭਾਰਤ ਤੋਂ ਬਾਹਰ ਦੀਆਂ ਜ਼ਾਤੀਆਂ ਜਾਂ ਸਮਾਜ ਨਾਲ ਸਬੰਧਤ ਸਨ। **ਪਰ ਗਾਂਧੀ ਨੂੰ ਇਹ ਕਤੱਈ ਮਨਜ਼ੂਰ ਨਹੀਂ ਸੀ ਕਿ ਦਲਿਤ, ਸਿੱਖ ਮੱਤ ਧਾਰਨ ਕਰ ਲੈਣ।** ਅੰਬੇਦਕਰ ਆਪਣੇ ਲੱਖਾਂ ਦਲਿਤ ਸਾਥੀਆਂ ਸਮੇਤ ਸਿੱਖ ਮੱਤ ਧਾਰਨ ਕਰਨ ਲਈ ਤਿਆਰ ਹੋ ਗਿਆ। ਇਸ ਸਮੇਂ ਇਹ ਖ਼ਬਰ ਗਾਂਧੀ ਨੂੰ ਵੀ ਬਹੁਤ ਖ਼ੁਫ਼ੀਆ ਤਰੀਕੇ ਨਾਲ ਦਿੱਤੀ ਗਈ। ਗਾਂਧੀ, ਜਿਹੜਾ ਕਿ ਮਹਾਂ ਸਿੱਖ-ਵਿਰੋਧੀ ਸੀ, ਆਪੇ ਤੋਂ ਬਾਹਰ ਹੋ ਗਿਆ। ਇਸ 'ਤੇ ਉਸ ਨੇ ਕੁੱਝ ਐਸੇ ਅੰਸਰਾਂ ਨੂੰ ਉਭਾਰਨਾ ਸ਼ੁਰੂ ਕਰ ਦਿੱਤਾ ਜਿਹੜੇ ਅੰਬੇਦਕਰ ਵਿਰੁੱਧ ਸਨ। ਮਾਸਟਰ ਸੁਜਾਨ ਸਿੰਘ ਜਿਹੜਾ ਸਿੱਖਾਂ ਵੱਲੋਂ ਗਾਂਧੀ ਨੂੰ ਮਿਲਿਆ ਸੀ, ਨੇ ਗਾਂਧੀ ਨੂੰ ਗੱਲਬਾਤ ਤੋਂ ਪਿੱਛੋਂ ਅੰਤ ਵਿੱਚ ਕਿਹਾ ਕਿ, "ਤੂੰ ਬਹੁਤ ਪਖੰਡੀ ਹੈਂ।" **ਗਾਂਧੀ ਬ੍ਰਾਹਮਣੀ ਜ਼ਾਤੀ ਹਿੰਦੂਆਂ ਨੂੰ ਦਲਿਤਾਂ ਵਿਰੁੱਧ ਉਕਸਾ ਰਿਹਾ ਸੀ। ਇਨ੍ਹਾਂ ਹਾਲਾਤ ਵਿੱਚ ਅੰਬੇਦਕਰ ਦੀ ਸੋਚਣੀ ਨੇ ਕੰਮ ਕਰਨਾ ਬੰਦ ਕਰ ਦਿਤਾ।**...........

ਪਹਿਲਾਂ, **ਅੰਬੇਦਕਰ ਨੇ ਬਹੁਤ ਸਾਫ਼ ਸ਼ਬਦਾਂ ਵਿੱਚ ਲਿਖਿਆ ਸੀ ਕਿ ਦਲਿਤਾਂ ਦਾ**





**ਉਧਾਰ ਤਦ ਤੱਕ ਨਹੀਂ ਸੀ ਹੋ ਸਕਦਾ ਜਦ ਤੱਕ ਉਹ ਹਿੰਦੂ ਧਰਮ ਦੇ ਅੰਦਰ ਰਹਿਣਗੇ।** ...ਪੂਨਾ ਪੈਕਟ 1934 ਰਾਹੀਂ ਅੰਬੇਦਕਰ ਨੇ ਹਥਿਆਰ ਸੁੱਟ ਦਿੱਤੇ ਤੇ ਹਿੰਦੂ ਧਰਮ ਦੇ ਅੰਦਰ ਹੀ ਰਹਿਣ ਨੂੰ ਰਜ਼ਾਮੰਦ ਹੋ ਗਿਆ।....

ਫਿਰ ਗਾਂਧੀ ਨੇ ਅੰਨਸ਼ਨ ਦਾ ਪ੍ਰਪੰਚ ਕੀਤਾ ਤੇ ਅੰਗ੍ਰੇਜ਼ ਹਕੂਮਤ ਕੋਲੋਂ ਮਨਵਾ ਲਿਆ ਕਿ ਪਛੜੀਆਂ ਜ਼ਾਤੀਆਂ ਨੂੰ ਅਧਿਕਾਰ ਤਦ ਹੀ ਮਿਲਣਗੇ ਜੇ ਉਹ ਹਿੰਦੂ ਧਰਮ ਦੇ ਅੰਦਰ ਹੀ ਰਹਿਣਗੇ।....**ਅੰਬੇਦਕਰ ਇੱਕ ਕਾਰਤੂਸ ਦੀ ਤਰ੍ਹਾਂ ਵਰਤਿਆ ਗਿਆ। ਜਦੋਂ ਵਿਧਾਨ ਦੀ ਧਾਰਾ 25(2) ਉਤੇ ਹੋਈ ਬਹਿਸ ਤੇ ਵੋਟ ਲਈ ਗਈ ਤਾਂ ਅੰਬੇਦਕਰ ਦੀ ਵੋਟ ਧਾਰਾ ਦੇ ਹੱਕ ਵਿੱਚ ਸੀ ਜਿਸ ਕਾਰਨ ਭਾਰਤ ਦੇ ਤਿੰਨ ਧਰਮ, ਬੁੱਧ-ਮੱਤ, ਜੈਨ-ਮੱਤ ਤੇ ਸਿੱਖ ਮੱਤ ਹਿੰਦੂ ਧਰਮ ਦੀ ਹੋਂਦ ਜਾਂ ਜ਼ੱਦ ਦੇ ਅੰਦਰ ਰੱਖੇ ਗਏ।** ਹੁਕਮ ਸਿੰਘ ਜਾਂ ਭੁਪਿੰਦਰ ਸਿੰਘ ਮਾਨ ਦੀਆਂ ਟਿੱਪਣੀਆਂ ਦੇ ਬਾਵਜੂਦ, ਅੰਬੇਦਕਰ ਦੇ ਸਿਰ 'ਤੇ ਜੂੰ ਵੀ ਨਾ ਸਰਕੀ। ..... 1952 ਵਿੱਚ ਜਦੋਂ ਅੰਬੇਦਕਰ ਨੂੰ ਤੇ ਬਲਦੇਵ ਸਿੰਘ ਨੂੰ ਨਹਿਰੂ ਨੇ ਚੋਣਾਂ ਪਿੱਛੋਂ, ਮੰਤਰੀ ਮੰਡਲ ਤੋਂ ਕੱਢ ਦਿੱਤਾ, ਇਨ੍ਹਾਂ ਵਿੱਚ ਤਿਲਮਲਾਹਟ ਪੈਦਾ ਹੋਈ।....

**1950ਵਿਆਂ ਦੇ ਅੱਧ ਵਿੱਚ, ਕੁਝ ਸਮਾਂ ਉਸ ਦੇ ਦੇਹ ਤਿਆਗਣ ਤੋਂ ਪਹਿਲਾਂ, ਅੰਬੇਦਕਰ ਦਾ ਬੋਧੀ ਹੋ ਜਾਣਾ ਇੱਕ ਕਾਗ਼ਜ਼ੀ ਕਾਰਵਾਈ ਤੋਂ ਵੱਧ ਕੁਝ ਵੀ ਨਹੀਂ ਕਿਹਾ ਜਾ ਸਕਦਾ।** ਪੇਸ਼ ਹਨ ਕੁਝ ਕੁ ਉਦਾਹਰਣਾਂ :

1. ਬੋਧ ਗਯਾ ਦੇ ਪ੍ਰਬੰਧਕੀ ਬੋਰਡ ਵਿੱਚ ਚਾਰ ਬ੍ਰਾਹਮਣਾਂ ਨੂੰ ਪਾਕੇ ਉਨ੍ਹਾਂ ਦੀ ਬਹੁ-ਸੰਮਤੀ ਬਣਾ ਦਿੱਤੀ।...ਇਹ ਧੱਕਾ ਉਦੋਂ ਹੋਇਆ ਜਦੋਂ ਅੰਬੇਦਕਰ ਭਾਰਤ ਦਾ ਕਾਨੂੰਨ ਮੰਤਰੀ ਸੀ।
2. ਦਲਿਤ ਵਿਦਵਾਨ, 1946 ਤੋਂ 1952 ਦੇ ਸਮੇਂ ਦੌਰਾਨ ਡਾ. ਅੰਬੇਦਕਰ ਦੇ ਕੰਮਾਂ ਬਾਰੇ ਚੁੱਪੀ ਧਾਰ ਲੈਂਦੇ ਹਨ ਕਿਉਂਕਿ ਇਹ ਉਨ੍ਹਾਂ ਦੇ ਸੱਤਾ ਉਤੇ ਬੈਠਣ ਦਾ ਸਮਾਂ ਸੀ ਤੇ ਇਸ ਸਮੇਂ ਦੌਰਾਨ, ਉਨ੍ਹਾਂ ਨੇ ਸਾਰੀਆਂ ਗ਼ੈਰ-ਬ੍ਰਾਹਮਣ ਸ਼ਕਤੀਆਂ ਨੂੰ ਕਮਜ਼ੋਰ ਹੀ ਕੀਤਾ।
3. **ਬਲਦੇਵ ਸਿੰਘ (ਅਕਾਲੀ) ਤੇ ਅੰਬੇਦਕਰ ਦੇ ਸੱਤਾ ਵਿੱਚ ਰਹਿਣ ਦੇ ਸਮੇਂ ਦੇ ਕੰਮਾਂ ਨੂੰ, ਸੱਤਾ 'ਚੋਂ ਕੱਢੇ ਜਾਣ ਤੋਂ ਬਾਅਦ ਦੇ ਕਥਨਾਂ ਨਾਲ ਜੋੜ ਕੇ ਵੇਖਿਆ ਜਾਏ ਤਾਂ ਵੱਡਾ ਫ਼ਰਕ ਨਜ਼ਰ ਆਵੇਗਾ।**
4. ਕਾਸ਼ੀ ਰਾਮ ਪਹਿਲਾ ਦਲਿਤ ਆਗੂ ਨਿਤਰਿਆ ਜਿਸ ਨੇ ਸ਼ਾਇਦ, ਸਿੱਖ ਪਿਛੋਕੜ ਹੋਣ ਕਰਕੇ, ਸੱਤਾ ਨੂੰ ਆਪਣੀ ਸੋਚ ਦੇ ਰਸਤੇ ਵਿੱਚ ਨਾ ਆਉਂਣ ਦਿੱਤਾ।" (ਰੋਜ਼ਾਨਾ ਸਪੋਕਸਮੈਨ ਚੰਡੀਗੜ੍ਹ, 18 ਜਨਵਰੀ 2009 ਵਿੱਚ ਇਤਿਹਾਸਕਾਰ ਡਾ. ਸੰਗਤ ਸਿੰਘ ਦੇ ਲੇਖ ਵਿੱਚੋਂ)।

## ਵਿਸ਼ਵ-ਪੱਧਰ ਦਾ ਖ਼ੋਜ-ਕੇਂਦਰ ਕਾਇਮ ਕੀਤਾ ਜਾਵੇ

**ਕੇਂਦਰੀ ਗੁਰਮਤਿ ਜਥੇਬੰਦੀ ਦੇ ਅਧੀਨ ਗੁਰਮਤਿ ਸਿਧਾਂਤਾਂ ਦੀ ਡੂੰਘੀ ਸੋਝੀ ਰੱਖਣ ਵਾਲੇ ਵਿਦਵਾਨਾਂ 'ਤੇ ਅਧਾਰਤ ਇੱਕ ਵਿਸ਼ਵ-ਪੱਧਰ ਦਾ ਖੋਜ ਕੇਂਦਰ ਕਾਇਮ ਕੀਤਾ ਜਾਵੇ।**

ਇਸ ਖੋਜ ਕੇਂਦਰ ਦੇ ਜਿੰਮੇਂ ਹੇਠ ਲਿਖੇ ਵਿਸ਼ੇ ਦਿੱਤੇ ਜਾ ਸਕਦੇ ਹਨ :-

੧. ਗੁਰੂ ਨਾਨਕ ਸਾਹਿਬ ਵੱਲੋਂ ਪ੍ਰਗਟ ਕੀਤੇ ਗੁਰਮਤਿ ਫ਼ਲਸਫ਼ੇ ਦੇ ਸਿਧਾਂਤਾਂ ਨੂੰ ਸ਼ੁੱਧ ਰੂਪ ਵਿੱਚ ਤਿਆਰ ਕਰਕੇ ਲਿਖਤੀ ਰੂਪ ਦੇਣਾ।

੨. ਮੌਜੂਦਾ ਗੁਰ ਇਤਿਹਾਸ, ਸਿੱਖ ਇਤਿਹਾਸ, ਸਿੱਖ ਸਭਿਆਚਾਰ ਅਤੇ ਸਿੱਖ ਸਾਹਿਤ ਦਾ ਅਧਿਐਨ ਕਰਕੇ, ਗੁਰਮਤਿ ਫ਼ਲਸਫ਼ੇ ਦੀ ਰੌਸ਼ਨੀ ਅਨੁਸਾਰ, ਇਨ੍ਹਾਂ ਵਿਸ਼ਿਆਂ ਵਿੱਚ ਕੀਤੀ ਜਾ ਚੁੱਕੀ ਮਿਲਾਵਟ (ਖੋਟ) ਨੂੰ ਦੂਰ ਕਰਕੇ ਸ਼ੁੱਧ ਰੂਪ ਵਿੱਚ ਲਿਖਵਾਉਂਣਾ।

੩. **੧੪੬੯ ਈ: ਤੋਂ ਲੈਕੇ ੧੭੧੬ ਈ: ਤੱਕ ਲਾਜ਼ਮੀ ਤੌਰ ਤੇ ਬਹੁਤ ਸਾਰਾ ਸਾਹਿਤ ਹੋਂਦ ਵਿੱਚ ਆ ਚੁੱਕਾ ਹੋਵੇਗਾ ਕਿਉਂਕਿ ਇਸ ਲੰਮੇ ਸਮੇਂ ਦੌਰਾਨ ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ ਇਨਕਲਾਬ ਦੇ ਇਤਿਹਾਸ ਵਿੱਚ, ਜੁਗ-ਪਲਟਾਊ ਘਟਨਾਵਾਂ, ਤਿੱਖੇ ਹਥਿਆਰਬੰਦ ਸੰਘਰਸ਼, ਸ਼ਹੀਦੀਆਂ, ਗ੍ਰਿਫ਼ਤਾਰੀਆਂ, ਪੁਰਾਤਨ ਮਨੌਤਾਂ ਨੂੰ ਚੁਣੌਤੀਆਂ ਸਮੇਤ ਬਹੁਤ ਕੁਝ ਹੋਇਆ।** ਪਰ ਇਤਿਹਾਸਕ ਕਾਰਨਾਂ ਕਰਕੇ ਗੁਰੂ ਨਾਨਕ ਨਾਮ ਲੇਵਾ ਕੌਮ ੧੭੧੬ ਈ: ਤੋਂ ਲੈ ਕੇ ਤਕਰੀਬਨ ੭੦ ਸਾਲ, ਘਰੋਂ ਬੇ-ਘਰ ਹੋਈ ਜ਼ਿੰਦਗੀ-ਮੌਤ ਦੇ ਹਥਿਆਰਬੰਦ ਸੰਘਰਸ਼ ਵਿੱਚ ਬੁਰੀ ਤਰ੍ਹਾਂ ਉਲਝੀ ਰਹੀ। **ਕੌਮ ਤੇ ਆਈ ਇਸ ਬਿਪਤਾ ਦਾ ਪੂਰਾ ਫਾਇਦਾ ਉਠਾਕੇ ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਗੁਰਮਤਿ ਇਨਕਲਾਬ ਦੇ ਵਿਰੋਧੀ 'ਬਾਣੀਆ-ਬ੍ਰਾਹਮਣ-ਹਾਕਮ' ਤਿੱਕੜੀ ਨੇ ਉਸ ਵਕਤ ਦੇ ਇਸ ਇਨਕਲਾਬ ਨਾਲ ਸੰਬੰਧਤ ਸਾਹਿਤ ਨੂੰ ਜਾਂ ਤਾਂ ਨਸ਼ਟ ਕਰ ਦਿੱਤਾ ਅਤੇ ਜਾਂ ਇਧਰ-ਉਧਰ ਖ਼ੁਰਦ-ਬੁਰਦ ਕਰ ਦਿੱਤਾ ਅਤੇ ਉਸਦੀ ਜਗ੍ਹਾ ਤੇ ਗੁਰਮਤਿ ਸਿਧਾਂਤਾਂ ਦਾ ਵਿਰੋਧ ਕਰਨ ਵਾਲਾ ਬਹੁਤ ਸਾਰਾ ਨਕਲੀ ਸਾਹਿਤ (ਅਸਲ ਵਿੱਚ ਕੂੜ-ਕਬਾੜ) ਲਿਖ-ਲਿਖਾ ਕੇ ਗੁਰਦੁਆਰਿਆਂ ਤੇ ਕਾਬਜ਼ ਵਿਪਰਵਾਦੀ ਵਿਚਾਰਧਾਰਾ ਦੇ ਧਾਰਨੀ ਨਿਰਮਲੇ, ਉਦਾਸੀਆਂ ਦੁਆਰਾ, ਗੁਰਮਤਿ ਦੇ ਲੇਬਲ ਹੇਠ, ਪ੍ਰਚੱਲਤ ਕਰਵਾ ਦਿੱਤਾ।** ਇਹ ਦੁਖਦਾਈ ਅਮਲ ਅੱਜ ਤੱਕ ਵੀ ਜਾਰੀ ਹੈ। ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਵਿਦਵਾਨਾਂ ਦਾ ਇਹ ਪੈਨਲ ਇਸ ਖ਼ੋਜ ਕੇਂਦਰ ਰਾਹੀਂ ਇਸ ਸਮੇਂ ਨਾਲ ਸੰਬੰਧਤ ਸਾਹਿਤ ਨੂੰ ਲੱਭਕੇ, ਪੁਨਰ-ਸੁਰਜੀਤ ਕਰਨ ਦੇ ਉਪਰਾਲੇ ਕਰੇ।

੪. ਗੁਰਮਤਿ ਦੇ ਲੇਬਲ ਹੇਠ ਪ੍ਰਚੱਲਤ ਹੋ ਚੁੱਕੇ ਸਾਹਿਤ ਦਾ ਅਧਿਐਨ ਕਰਕੇ ਇਸ ਦੀ ਅਸਲੀਅਤ ਜ਼ਾਹਰ ਕਰਨਾ।

੫. ਮੌਜੂਦਾ 'ਸਿੱਖ ਰਹਿਤ ਮਰਯਾਦਾ-੧੯੩੬' ਦਾ ਅਧਿਐਨ ਕਰਕੇ ਗੁਰੂ ਗ੍ਰੰਥ ਸਾਹਿਬ ਦੀ ਸਿਧਾਂਤਕ ਅਗਵਾਈ ਅਨੁਸਾਰ ਇਸ ਵਿੱਚ ਸੋਧਾਂ ਕਰਕੇ ਖਰੜਾ ਪੇਸ਼ ਕਰਨਾ।





੬. ਸਿੱਖ ਕੌਮ ਦੇ ਮੌਜੂਦਾ ਮਸਲਿਆਂ ਦੇ ਹੱਲ ਬਾਰੇ ਸੁਝਾਅ ਦੇ ਕੇ ਸਰਬੱਤ ਖ਼ਾਲਸਾ ਦਾ ਇਕੱਠ ਬੁਲਾਕੇ ਯੋਗ ਫੈਸਲੇ ਕਰਨ ਵਿੱਚ ਸਹਾਇਤਾ ਕਰਨਾ।

੭. ਬਿਪਰਵਾਦੀ ਅਤੇ ਹੋਰ ਅਨਮਤੀਆਂ ਵੱਲੋਂ ਗੁਰਮਤਿ ਫ਼ਲਸਫ਼ੇ, ਸਿੱਖ ਇਤਿਹਾਸ, ਸਿੱਖ ਸਭਿਆਚਾਰ, ਸਿੱਖ ਸਾਹਿਤ ਨੂੰ ਦੂਸ਼ਤ ਕਰਨ ਲਈ ਕੀਤੇ ਜਾ ਰਹੇ ਹਮਲਿਆਂ ਦਾ ਗੁਰਮਤਿ ਜੁਗਤਿ ਅਨੁਸਾਰ ਮੀਡੀਆ ਦੀ ਸੁਜੋਗ ਵਰਤੋਂ ਕਰ ਕੇ ਜਵਾਬ ਦੇਣਾ ਅਤੇ ਅਜੋਕੇ ਜੁੱਗ ਵਿੱਚ ਗੁਰਮਤਿ ਫ਼ਲਸਫ਼ੇ ਦੀ ਪ੍ਰਸੰਗਿਕਤਾ ਬਾਰੇ ਵਿਆਖਿਆ ਕਰਕੇ ਇਸ ਬਾਰੇ ਸ਼ੰਕਿਆਂ ਨੂੰ ਦੂਰ ਕਰਨਾ।

## 'ਸਰਬੱਤ ਖ਼ਾਲਸਾ' ਸੰਸਥਾ ਨੂੰ ਗੁਰਮਤਿ-ਜੁਗਤਿ ਅਨੁਸਾਰ ਪੁਨਰ-ਸੁਰਜੀਤ ਕੀਤਾ ਜਾਵੇ

ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਕਾਲ ਸਮੇਂ ਬੰਦ ਕੀਤੀ ਗਈ ਇਸ ਅਹਿਮ ਗੁਰਮਤਿ ਸੰਸਥਾ ਨੂੰ ਪੁਨਰ-ਸੁਰਜੀਤ ਕਰਨਾ ਸਮੇਂ ਦੀ ਮੁੱਖ ਲੋੜ ਹੈ। ਦੇਸਾਂ-ਵਿਦੇਸ਼ਾਂ ਵਿੱਚ ਵਸਦੇ ਗੁਰੂ ਨਾਨਕ ਨਾਮਲੇਵਾ ਜਗਤ ਦੀ ਵਸੋਂ ਦੇ ਆਧਾਰ ਤੇ, ਗੁਰੂ ਨਾਨਕ ਸਾਹਿਬ ਦੇ ਮਿਸ਼ਨ ਨੂੰ ਮੁਕੰਮਲ ਤੌਰ ਤੇ ਸਮਰਪਿਤ ਜਥੇਬੰਦੀਆਂ /ਸੰਸਥਾਵਾਂ ਦੇ ਨੁਮਾਇੰਦਿਆਂ ਨੂੰ ਇਸ ਵਿੱਚ ਸ਼ਾਮਿਲ ਕੀਤਾ ਜਾਵੇ।

ਇਸ ਸੰਸਥਾ ਵਿੱਚ ਵਿਚਾਰਨਜੋਗ ਮਸਲਿਆਂ ਦੀ ਸੂਚੀ ਬਣਾਕੇ, ਇਨ੍ਹਾਂ ਮਸਲਿਆਂ ਨੂੰ ਪਹਿਲਾਂ ਰਾਜ/ਦੇਸ਼ ਪੱਧਰ 'ਤੇ ਗੰਭੀਰਤਾ ਨਾਲ ਵੀਚਾਰਨ ਲਈ ਗੁਰਮਤਿ-ਜੁਗਤਿ ਅਨੁਸਾਰ ਢੰਗ-ਤਰੀਕੇ ਨਿਰਧਾਰਤ ਕੀਤੇ ਜਾਣ। ਰਾਜ/ਦੇਸ਼ ਪੱਧਰ 'ਤੇ ਆਮ ਸਹਿਮਤੀ ਕਾਇਮ ਕਰਕੇ ਇਲੈਕਟਰੌਨਿਕ ਮੀਡੀਆ ਦੀ ਯੋਗ ਵਰਤੋਂ ਨਾਲ ਵਿਚਾਰ-ਗੋਸ਼ਟੀਆਂ ਕੀਤੀਆਂ ਜਾਣ। ਜਿਨ੍ਹਾਂ ਮਸਲਿਆਂ ਤੇ ਮੀਡੀਆ ਦੀ ਵਰਤੋਂ ਕਰਨ ਤੋਂ ਬਾਅਦ ਵੀ ਕੌਮੀ ਪੱਧਰ 'ਤੇ ਆਮ-ਸਹਿਮਤੀ ਨਾ ਹੋ ਸਕੇ, ਸਬੰਧਤ ਦੇਸ਼ਾਂ ਦੇ ਨੁਮਾਇੰਦਿਆਂ ਦਾ ਇਕ ਥਾਂ ਇਕੱਠ ਕਰਕੇ, ਡੂੰਘੀਆਂ ਵਿਚਾਰਾਂ ਕਰਕੇ, ਗੁਰਮਤਿ-ਅਨੁਸਾਰੀ ਫੈਸਲੇ ਕਰਨੇ ਅਸੰਭਵ ਨਹੀਂ ਹਨ। ਲੋੜ ਹੈ ਸੁਹਿਰਦਤਾ, ਨੇਕ-ਨੇਤੀ, ਸਹਿਨਸ਼ੀਲਤਾ ਦੇ ਧਾਰਨੀ ਬਣਕੇ ਮਨੁੱਖਤਾ ਦੇ ਭਲੇ ਨੂੰ ਸਨਮੁੱਖ ਰੱਖ ਕੇ ਫ਼ੈਸਲੇ ਕਰਨ ਦੀ। ਗੁਰੂ ਗ੍ਰੰਥ ਸਾਹਿਬ ਜੀ ਸਾਨੂੰ ਮਨੁੱਖੀ ਜੀਵਨ ਦੇ ਹਰ ਪੱਖ ਤੋਂ ਰੱਬੀ-ਸੱਚ 'ਤੇ ਆਧਾਰਤ ਸਿੱਕੇ-ਬੰਦ ਅਗੁਵਾਈ ਸਦਾ ਲਈ ਦੇਂਦੇ ਰਹਿਣਗੇ। ਸ਼ਬਦ-ਗੁਰੂ ਦੀ ਵਿਚਾਰਧਾਰਾ ਹੀ ਸਰਬ ਉੱਚ ਹੈ। ਲੋੜ ਹੈ ਇਸ ਰੱਬੀ ਵਿਚਾਰਧਾਰਾ ਨੂੰ ਨਿਰਪੱਖ ਹੋ ਕੇ ਈਮਾਨਦਾਰੀ ਨਾਲ ਸਮਝਕੇ ਅਮਲੀ ਤੌਰ ਤੇ ਅਪਣਾਉਂਣ ਦੀ। ਫਿਰ ਕੋਈ ਵੀ ਔਕੜ ਸਾਡੇ ਰੱਸਤੇ ਦੀ ਰੁਕਾਵਟ ਨਹੀਂ ਬਣ ਸਕਦੀ।

## ਭਾਰਤ ਉੱਪ-ਮਹਾਦੀਪ ਵਿੱਚ ਮਨੁੱਖੀ ਹੱਕਾਂ ਦੀ ਬਹਾਲੀ ਲਈ ਸਰਬ-ਸਾਂਝੀ ਲਹਿਰ ਚਲਾਈ ਜਾਵੇ

ਉੱਪਰ ਵਰਣਨ ਕੀਤੀ ਵਿਸ਼ਵ-ਵਿਆਪਕ ਗੁਰਮਤਿ ਲਹਿਰ, ਭਾਰਤ ਵਿੱਚ ਮਨੁੱਖੀ ਹੱਕਾਂ ਦੀ ਬਹਾਲੀ ਲਈ, ਦੂਸਰੀਆਂ ਕੌਮਾਂ, ਘੱਟ-ਗਿਣਤੀ ਵਰਗਾਂ ਅਤੇ ਦਲਿਤ ਸ਼੍ਰੇਣੀਆਂ

ਨਾਲ ਮਿਲ ਕੇ ਇੱਕ ਸਰਬ-ਸਾਂਝੀ ਜਥੇਬੰਦੀ ਕਾਇਮ ਕਰਕੇ, ਸਿਆਸੀ ਪੱਧਰ ’ਤੇ ਕੁਦਰਤੀ ਹੱਕ, ਸੱਚ ਅਤੇ ਇਨਸਾਫ਼ ’ਤੇ ਅਧਾਰਤ ਜਦੋਜਹਿਦ ਅਰੰਭ ਕਰੇ।

## ਭਾਰਤ ਵਿੱਚ ਕੌਮਾਂ, ਘੱਟ-ਗਿਣਤੀ ਸਮਾਜਿਕ ਵਰਗਾਂ ਅਤੇ ਦਲਿਤ ਸ਼੍ਰੇਣੀਆਂ ਦੇ ਸੰਵਿਧਾਨਕ ਹੱਕਾਂ ਦੀ ਰਾਖੀ ਲਈ ਇਕ ਸਥਾਈ ਸਾਂਝੀ ਜਥੇਬੰਦੀ ਕਾਇਮ ਕੀਤੀ ਜਾਵੇ।

ਅੱਜ ਇਹ ਇੱਕ ਦੁੱਖਦਾਈ ਅਤੇ ਚਿੰਤਾਜਨਕ ਹਕੀਕਤ ਹੈ ਕਿ ਭਾਰਤ ਉਪ-ਮਹਾਂਦੀਪ ਵਿੱਚ ਹਜ਼ਾਰਾਂ ਸਾਲਾਂ ਤੋਂ ਵਸਦੀਆਂ ਆ ਰਹੀਆਂ ਕੌਮਾਂ, ਘੱਟ-ਗਿਣਤੀ ਸਮਾਜਕ ਵਰਗਾਂ, ਕਬੀਲਿਆਂ ਅਤੇ ਦਲਿਤ ਸ਼੍ਰੇਣੀਆਂ ਨੂੰ ਜ਼ਲੀਲ ਕਰਕੇ ਦੂਜੇ-ਤੀਜੇ ਦਰਜੇ ਦੇ ਨਾਗਰਿਕ ਹੋਣ ਦਾ ਅਹਿਸਾਸ ਕਰਵਾਕੇ, ਉਨ੍ਹਾਂ ਦੇ ਸੰਵਿਧਾਨਕ ਹੱਕਾਂ ਨੂੰ ਪੈਰਾਂ ਹੇਠ ਲਿਤਾੜਿਆ ਜਾ ਰਿਹਾ ਹੈ।

ਇਸ ਜਥੇਬੰਦੀ ਵਿੱਚ, ਭਾਰਤੀ ਉਪ-ਮਹਾਂਦੀਪ ਵਿੱਚ ਵਸਦੀਆਂ ਸਾਰੀਆਂ ਕੌਮਾਂ, ਦਲਿਤਾਂ ਅਤੇ ਘੱਟ-ਗਿਣਤੀ ਸਮਾਜਕ ਵਰਗਾਂ ਨੂੰ ਨੁਮਾਇੰਦਗੀ ਦਿੱਤੀ ਜਾਵੇ। ਇਹ ਸਾਂਝੀ ਜਥੇਬੰਦੀ ਹਮੇਸ਼ਾਂ ਹੀ ਕਾਰਜਸ਼ੀਲ ਰਹੇ।

## ਸਾਰਅੰਸ਼

ਇਸ ਪੁਸਤਕ ਵਿੱਚ ਕੀਤੀ ਜਾ ਚੁੱਕੀ ਸਰਬਪੱਖੀ ਸੰਖੇਪ ਵਿਚਾਰ ਵਿੱਚੋਂ ਹੇਠ ਲਿਖੇ ਅਹਿਮ ਤੱਤ ਸਪੱਸ਼ਟ ਰੂਪ ਵਿੱਚ ਉੱਭਰ ਕੇ ਸਾਹਮਣੇ ਆ ਰਹੇ ਹਨ :

੧. **ਭਾਰਤ ਇੱਕ ਉਪ-ਮਹਾਂਦੀਪ ਹੈ ਜਿਸ ਵਿੱਚ ਕਈ ਹਜ਼ਾਰ ਸਾਲ ਤੱਕ, ਕਈ ਦਰਜਨਾਂ ਪ੍ਰਭੂਸੱਤਾਸੰਪੰਨ ਆਜ਼ਾਦ ਦੇਸ਼, ਹੋਂਦ ਵਿੱਚ ਰਹੇ ਹਨ ਅਤੇ ਇਨ੍ਹਾਂ ਸੁਤੰਤਰ ਦੇਸ਼ਾਂ ਵਿੱਚ ਕਈ ਕੌਮਾਂ, ਮੱਤ (ਮਜ਼੍ਹਬ) ਦਲਿਤ ਸ਼੍ਰੇਣੀਆਂ ਅਤੇ ਘੱਟ-ਗਿਣਤੀ ਸਮਾਜਕ ਵਰਗਾਂ ਦੀ ਹੋਂਦ ਰਹੀ ਹੈ (ਅੱਜ ਵੀ ਹੈ)।**

੨. ਅੱਜ ਤੋਂ ਤਕਰੀਬਨ ਤਿੰਨ ਕੁ ਹਜ਼ਾਰ ਸਾਲ ਪਹਿਲਾਂ ਇਸ ਉਪ-ਮਹਾਂਦੀਪ ਦੇ ਕੁਝ ਕੁ ਹਿੱਸਿਆਂ ਵਿੱਚ ਇੱਕ ਬਹੁਤ ਹੀ ਬਚਿੱਤ੍ਰ ਕਿਸਮ ਦਾ [ਧਰਮ ਦੇ ਨਾਂ ’ਤੇ, ਮਨੁੱਖੀ ਸਮਾਜ ਨੂੰ ਜ਼ਾਤ-ਪਾਤ (ਊਁਚ-ਨੀਚ) ਦੀਆਂ ਅਲੱਗ-ਅਲੱਗ ਸ਼੍ਰੇਣੀਆਂ ਵਿੱਚ ਵੰਡ ਕੇ, ਮਨੁੱਖੀ ਹੱਕਾਂ ਦਾ ਘਾਣ ਕਰਨ ਵਾਲਾ] ਅ-ਸਮਾਜਕ ਸਿਸਟਮ ਵੀ ਹੋਂਦ ਵਿੱਚ ਆ ਚੁੱਕਾ ਸੀ। ਇਹ ਕੋਈ ਵੱਖਰਾ ਮੱਤ (ਮਜ਼੍ਹਬ) ਨਹੀਂ ਸੀ ਬਲਕਿ ਇਹ ਇੱਕ ਪੜ੍ਹੇ-ਲਿਖੇ, ਸ਼ਾਤਰ, ਖ਼ੁਦਗਰਜ਼, ਵਿਹਲੜ ਅਤੇ ਜ਼ਾਲਮ-ਬਿਰਤੀ ਵਾਲੇ ਟੋਲੇ ਦੇ ਸ਼ੈਤਾਨ ਦਿਮਾਗ਼ ਦੀ ਉਪਜ ਸੀ। ਇਹ ਟੋਲਾ ਆਪਣੇ ਆਪ ਨੂੰ ਬ੍ਰਾਹਮਣ ਅਖਵਾਉਂਦਾ ਸੀ। ਇਹ ਵਿਹਲੜ ਅਤੇ ਲੁੱਗੜ ਟੋਲਾ ਆਪਣੇ ਆਪ ਨੂੰ ‘ਜਗਤ-ਗੁਰੂ’ ਦੀ





ਨਕਲੀ ਪਦਵੀ ਦੇ ਕੇ, ਮਨੁੱਖੀ ਸਮਾਜ ਦੀ ਪਿੱਠ ’ਤੇ ਪੱਕੇ ਤੌਰ ਤੇ ਕਾਠੀ ਪਾ ਕੇ, ਅਜਿਹੇ ਵਿਲੱਖਣ ਢੰਗ ਨਾਲ ਸਵਾਰ ਹੋ ਚੁੱਕਾ ਸੀ ਜਿਸਦੇ ਬਰਾਬਰ ਦੀ ਕੋਈ ਮਿਸਾਲ ਮਨੁੱਖੀ ਇਤਿਹਾਸ ਵਿੱਚ (ਭਾਰਤ ਤੋਂ ਸਿਵਾਏ) ਹੋਰ ਕਿਧਰੇ ਵੀ ਨਹੀਂ ਮਿਲਦੀ। ਬਾਅਦ ਵਿੱਚ, ਇਸ ਸ਼ਾਤਰ ਟੋਲੇ ਨੇ ਧਰਮ ਦੇ ਨਾਂ ਤੇ ਫੈਲਾਏ ਇਸ ਮਾਨਵ-ਵਿਰੋਧੀ ਮੱਕੜ-ਜਾਲ ਨੂੰ ‘ਹਿੰਦੂ-ਮੱਤ’ ਦਾ ਨਾਮ ਦੇ ਦਿੱਤਾ। ਇਸ ਦਾ ਮਿਸ਼ਨ ਹੈ ਇਸ ਦੀ ਮਾਰ ਹੇਠ ਆਏ ਮਨੁੱਖੀ ਸਮਾਜ ਨੂੰ ਬ੍ਰਾਹਮਣਵਾਦ ਦਾ ਸਦੀਵੀ ਗ਼ੁਲਾਮ ਬਣਾ ਕੇ ਰੱਖਣਾ।

੩. **ਗੁਰੂ ਨਾਨਕ ਸਾਹਿਬ ਨੇ ਰੱਬੀ ਰਜ਼ਾ ਅਨੁਸਾਰ, ਪੰਦਰਵੀਂ ਸਦੀ ਈਸਵੀ ਦੇ ਅੱਠਵੇਂ ਦਹਾਕੇ ਦੌਰਾਨ ‘ਏਕ ਪਿਤਾ ਏਕਸ ਕੇ ਹਮ ਬਾਰਿਕ’ ਦੇ ਰੱਬੀ ਸਿਧਾਂਤ ਨੂੰ ਸ਼ੇਰ-ਗਰਜ਼ ਦੇ ਰੂਪ ਵਿੱਚ ਬੁਲੰਦ ਕਰਕੇ ਸਾਰੇ ਸੰਸਾਰ ਵਿੱਚ, ਮਨੁੱਖ ਦੀ ਹਰ ਪੱਖ ਤੋਂ ਬਰਾਬਰਤਾ ਦੇ ਆਧਾਰ ’ਤੇ ਰੱਬ ਦੀ ਪਾਤਿਸ਼ਾਹੀ ਸਦੀਵਕਾਲ ਲਈ ਸਥਾਪਤ ਕਰਨ ਲਈ, ਸਰਬੱਤ ਦੇ ਭਲੇ ਲਈ, ਇੱਕ ਲਾਸਾਨੀ ਇਨਕਲਾਬ ਅਰੰਭ ਕਰਨ ਦਾ ਬਿਗਲ ਵਜਾ ਦਿੱਤਾ।** ਇਸ ਆਲਮਗੀਰੀ ਇਨਕਲਾਬੀ ਫ਼ਲਸਫ਼ੇ ਨੇ ਬਿਪਰਵਾਦ ਦੇ ਸਾਰੇ ਦੇ ਸਾਰੇ ਮਾਨਵ-ਵਿਰੋਧੀ ਅਸੂਲਾਂ ਨੂੰ ਵਿਗਿਆਨਕ ਢੰਗ ਨਾਲ ਦਲੀਲਾਂ ਦੇ ਕੇ, ਸਿਰੇ ਤੋਂ ਹੀ ਰੱਦ ਕਰਕੇ ਬਿਪਰਵਾਦ ਨੂੰ ਦਮੋਂ ਕੱਢ ਦਿੱਤਾ।

੪. ਇਸ ਗਰੀਬ-ਜਨਤਕ ਆਧਾਰ ਵਾਲੇ ਲਾਸਾਨੀ ਇਨਕਲਾਬ ਦੁਆਰਾ ਸਦੀਵਕਾਲੀ ਸਰਬਕਲਿਆਣਕਾਰੀ, ਰੱਬੀ ਰਾਜ ਸਥਾਪਤ ਕਰਨ ਲਈ ਗੁਰੂ ਨਾਨਕ ਸਾਹਿਬ ਅਤੇ ਉਨ੍ਹਾਂ ਦੇ ਉਤਰਾਧਿਕਾਰੀ ਗੁਰੂ ਜਾਮਿਆਂ ਨੇ ਹੇਠ ਲਿਖਿਆਂ ਪਲਾਨ ਅਮਲ ਵਿੱਚ ਲਿਆਂਦਾ :

(ੳ) ਗੁਰਮਤਿ ਫ਼ਲਸਫ਼ੇ ਨੂੰ ਮੁਕੰਮਲ ਤੌਰ ਤੇ ਸਮਰਪਿਤ (ਜ਼ਾਤ-ਪਾਤੀ ਸਮਾਜ ਤੋਂ ਬਾਹਰ) ਇਕ ਵੱਖਰੇ ਆਦਰਸ਼ਕ ਮਨੁੱਖੀ ਸਮਾਜ ਦੀ ਸਿਰਜਨਾ ਕਰਨੀ।

(ਅ) ਇਸ ਆਦਰਸ਼ਕ ਸਮਾਜ ਦੇ ਆਧਾਰ ’ਤੇ ਇੱਕ ਵਿਲੱਖਣ, ਆਦਰਸ਼ਕ ਕੌਮ ਦੀ ਸਿਰਜਨਾ ਕਰਨੀ।

(ੲ) ਇਸ ਆਦਰਸ਼ਕ ਕੌਮ ਨੂੰ ਆਦਰਸ਼ਕ ਢੰਗ ਨਾਲ ਜਥੇਬੰਦ ਅਤੇ ਸ਼ਸਤਰਧਾਰੀ ਕਰ ਕੇ, ਰੱਬੀ ਸੱਚ ਦੇ ਆਧਾਰ ’ਤੇ ਜਦੋਜਹਿਦ ਰਾਹੀਂ, ਵਿਸ਼ਵ ਪੱਧਰ ਤੇ ਸਦੀਵਕਾਲ ਲਈ ਰੱਬ ਦਾ ਰਾਜ ਕਾਇਮ ਕਰਨਾ। **ਇਸ ਰੱਬੀ ਰਾਜ ਵਿੱਚ ਪਾਤਿਸ਼ਾਹੀ ਹੋਵੇਗੀ ਅਕਾਲਪੁਰਖੁ ਦੀ, ਕਾਨੂੰਨ-ਪ੍ਰਣਾਲੀ ਹੋਵੇਗੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਸਰਬੱਤ ਦੇ ਭਲੇ ਦੇ ਗੁਰਮਤਿ ਫ਼ਲਸਫ਼ੇ ਦੇ ਅਨੁਕੂਲ ਅਤੇ ਰਾਜ ਪ੍ਰਬੰਧ ਦੀ ਜਿਵੇਂਵਾਰੀ**

**ਹੋਵੇਗੀ ਖ਼ਾਲਸੇ (ਆਦਰਸ਼ਕ ਮਨੁੱਖ) ਦੀ।**

੫. ਇਸ ਮਿਸ਼ਨ ਦੀ ਪ੍ਰਾਪਤੀ ਲਈ ਗੁਰੂ ਨਾਨਕ ਸਾਹਿਬ ਨੂੰ ਪੰਜਵੇਂ, ਨੌਵੇਂ ਅਤੇ ਦਸਵੇਂ ਜਾਮੇਂ ਵਿੱਚ ਸ਼ਹਾਦਤਾਂ ਦੇ ਕੇ ਸਰਬੰਸ ਤੱਕ ਵੀ ਵਾਰਨਾ ਪਿਆ। ਲੱਖਾਂ ਦੀ ਗਿਣਤੀ ਵਿੱਚ ਸਿੱਖ (ਇਨਕਲਾਬੀ) ਸ਼ਹਾਦਤਾਂ ਦੇ ਜਾਮ ਪੀ ਕੇ ਜ਼ਿੰਦਗੀਆਂ ਨੂੰ ਇਸ ਇਨਕਲਾਬ ਦੇ ਲੇਖੇ ਲਾ ਗਏ।

੬. **ਇਸ ਇਨਕਲਾਬੀ ਫ਼ਲਸਫ਼ੇ ਅਧੀਨ ਬੰਦਾ ਸਿੰਘ ਬਹਾਦਰ ਨੇ ਮਈ 1710 ਵਿੱਚ ਕਰਨਾਲ ਤੋਂ ਲੈ ਕੇ ਲਾਹੌਰ ਤੱਕ ਦੇ ਇਲਾਕੇ ਵਿੱਚ ਅਮਲੀ ਤੌਰ ਤੇ ਰੱਬ ਦਾ ਰਾਜ ਸਥਾਪਤ ਕਰ ਦਿੱਤਾ। ਪਰ ਬਦਕਿਸਮਤੀ ਨਾਲ, ਇਤਿਹਾਸਕ ਕਾਰਨਾਂ ਕਰਕੇ, ਇਸ ਇਨਕਲਾਬ ਨੂੰ ਸਮਰਪਿਤ ਸਿੱਖ ਜਗਤ ਗੁਰੂ ਗ੍ਰੰਥ ਸਾਹਿਬ ਦੇ ਗੁਰਮਤਿ ਫ਼ਲਸਫ਼ੇ ਨਾਲੋਂ ਟੁੱਟ ਗਿਆ ਅਤੇ ਇਹ ਇਨਕਲਾਬ ਤਕਰੀਬਨ ਸੰਨ 1780 ਤੋਂ ਹੀ ਵਿਕਾਸ ਕਰਨ ਦੀ ਬਜਾਏ, ਦਿਸ਼ਾਹੀਣ ਹੋਕੇ ਨਿਵਾਣਾਂ ਵੱਲ ਨੂੰ ਹੋ ਤੁਰਿਆ ਅਤੇ ਅੱਜ ਤੱਕ ਵੀ ਤੁਰਿਆ ਜਾ ਰਿਹਾ ਹੈ।**

੭. ਗੁਰੂ ਨਾਨਕ ਸਾਹਿਬ ਦੇ ਸਮੇਂ ਤੋਂ ਹੀ 'ਬ੍ਰਾਹਮਣ-ਬਾਣੀਆ-ਹਾਕਮ' ਦੀ ਖ਼ੁਦਗਰਜ ਤਿੱਕੜੀ ਨੇ, ਗੁਰੂ ਨਾਨਕ ਸਾਹਿਬ ਵੱਲੋਂ ਅਰੰਭ ਕੀਤੇ ਲਾਸਾਨੀ ਇਨਕਲਾਬ ਨੂੰ ਸੰਸਾਰ ਵਿੱਚ ਵਿਕਾਸ ਕਰਨ ਤੋਂ ਰੋਕਣ ਲਈ, ਚਾਣਕੀਆ ਕੂਟਲਨੀਤੀ ਦੇ ਆਧਾਰ 'ਤੇ, ਬਹੁਤ ਹੀ ਵਿਉਂਤਬੰਦ ਢੰਗ ਨਾਲ ਜੰਗੀ ਪੱਧਰ 'ਤੇ ਕਾਰਵਾਈਆਂ ਅਰੰਭ ਕੀਤੀਆਂ ਹੋਈਆਂ ਹਨ।

੮. **ਹੁਣ ਤੱਕ ਬ੍ਰਾਹਮਣਵਾਦ (ਬਿਪਰਵਾਦ) ਭਾਰਤ ਵਿੱਚੋਂ ਬੁੱਧ-ਮੱਤ ਨੂੰ, ਰਾਜਸੀ ਸ਼ਕਤੀ ਦੀ ਜ਼ਾਲਮਆਨਾ ਦੁਰਵਤਰੋਂ ਕਰਕੇ, ਖ਼ਤਮ ਕਰ ਚੁਕਾ ਹੈ, ਜੈਨ-ਮੱਤ ਨੂੰ ਆਪਣੇ ਅੰਦਰ ਤਕਰੀਬਨ ਸਮੋਅ ਚੁੱਕਾ ਹੈ, ਸਿੱਖ ਕੌਮ ਦੀ ਨਸਲਕੁਸ਼ੀ ਦੇ ਪ੍ਰੋਗਰਾਮ ਸਫ਼ਲਤਾ ਨਾਲ ਸਿਰੇ ਚਾੜ੍ਹ ਕੇ ਆਪਣੇ ਅੰਦਰ ਜਜ਼ਬ ਕਰਨ ਦੇ ਆਹਰ ਵਿੱਚ ਹੈ, ਇਸਲਾਮ-ਮੱਤ ਅਤੇ ਇਸਾਈ-ਮੱਤ ਦੀ ਨਸਲਕੁਸ਼ੀ ਕਰਦਾ ਆ ਰਿਹਾ ਹੈ। ਇਹ ਮਨੁੱਖੀ ਹੱਕਾਂ ਦੀ ਦੁਸ਼ਮਣ ਲਾਬੀ ਦਲਿਤਾਂ ਨੂੰ ਵੀ ਸਦੀਆਂ ਤੋਂ ਪੈਰਾਂ ਹੇਠ ਲਿਤਾੜਦੀ ਆ ਰਹੀ ਹੈ।** ਦਰਅਸਲ, ਬਿਪਰਵਾਦੀ ਸ਼ਕਤੀਆਂ [ਜਿਨ੍ਹਾਂ ਵਿੱਚ ਕੁਝ ਕੁ ਅਖੌਤੀ ਜਥੇਬੰਦੀਆਂ (ਰਾਸ਼ਟਰੀ ਸਿੱਖ ਸੰਗਤ, ਸੰਤ-ਸਮਾਜ, ਡੇਰੇ, ਟਕਸਾਲਾਂ, ਠਾਠਾਂ ਆਦਿ), ਰਾਜਸੀ ਪਾਰਟੀਆਂ (ਬੀ.ਜੇ.ਪੀ., ਅਜੋਕਾ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਆਦਿ), ਸ਼੍ਰੋਮਣੀ ਗੁਰਦੁਆਰਾ ਪ੍ਰੰਬਧਕ ਕਮੇਟੀ,





ਜਾਗੀਰਦਾਰੀ ਬਿਰਤੀ ਵਾਲੇ ਨੈਸ਼ਨੇਲਿਸਟ ਰਈਸ ਵਰਗ ਸ਼ਾਮਿਲ ਹਨ] ਭਾਰਤ ਨੂੰ ਹਿੰਦੂ-ਰਾਸ਼ਟਰ (ਮਨੂੰਵਾਦੀ- ਰਾਸ਼ਟਰ) ਵਿੱਚ ਤਬਦੀਲ ਕਰਨ ਲਈ ਕਾਫ਼ੀ ਅਰਸੇ ਤੋਂ ਹੀ ਜਥੇਬੰਦ ਹੋ ਕੇ ਵਿਉਂਤਬੰਦ ਢੰਗ ਨਾਲ ਯਤਨ ਕਰਦੀਆਂ ਆ ਰਹੀਆਂ ਹਨ।

੯. ਹੁਣ ਹਾਲਾਤ ਇਤਨੇ ਚਿੰਤਾਜਨਕ ਬਣ ਚੁੱਕੇ ਹਨ ਕਿ ਭਾਰਤ ਵਿੱਚ ਫ਼ੈਡਰਲ ਲੋਕਰਾਜ ਦੇ ਚਾਰ ਥੰਮ (ਵਿਧਾਨ-ਪਾਲਕਾ, ਕਾਰਜ ਪਾਲਕਾ, ਨਿਆਂ-ਪਾਲਕਾ ਅਤੇ ਮੀਡੀਆ) ਵੀ ਕਾਫ਼ੀ ਹੱਦ ਤੱਕ ਬਿਪਰਵਾਦ ਦੇ ਗਹਿਰੇ ਪ੍ਰਭਾਵ ਅਧੀਨ ਆ ਚੁੱਕੇ ਹਨ ਅਤੇ ਜੇਕਰ ਬਿਪਰਵਾਦ ਨੂੰ ਪੱਕੇ ਤੌਰ 'ਤੇ ਨੱਥ ਪਾਕੇ ਕਾਬੂ ਨਾ ਕੀਤਾ ਗਿਆ ਤਾਂ ਸੰਸਾਰ ਦਾ ਇਹ ਖਿੱਤਾ ਮਨੁੱਖੀ ਸਮਾਜ ਲਈ ਨਰਕ ਦਾ ਰੂਪ ਧਾਰਨ ਕਰ ਜਾਵੇਗਾ।

੧੦. **ਕਾਦਰ ਦੀ ਕੁਦਰਤਿ ਵਿੱਚ 'ਏਕਤਾ ਵਿੱਚ ਅਨੇਕਤਾ' ਦਾ ਨਿਯਮ ਹੈ - ਇੱਕੋ ਫੁੱਲ ਵਿੱਚ ਅਨੇਕਾਂ ਰੰਗਾਂ ਦੀਆਂ ਪੱਤੀਆਂ ਦਾ ਹੋਣਾ ਇਸਦਾ ਸਬੂਤ ਹੈ। ਭਾਰਤ ਉਪ-ਮਹਾਂਦੀਪ ਵਿੱਚ ਵੀ ਹਜ਼ਾਰਾਂ ਸਾਲਾਂ ਤੋਂ ਵਸਦੀਆਂ ਆ ਰਹੀਆਂ ਕੌਮਾਂ, ਘੱਟ-ਗਿਣਤੀ ਸਮਾਜਕ ਵਰਗਾਂ, ਦਲਿਤ ਸ਼੍ਰੇਣੀਆਂ ਅਤੇ ਕਬੀਲਿਆਂ ਨੂੰ ਅੰਦਰੂਨੀ ਖ਼ੁਦਮੁਖਤਿਆਰੀ ਦੇ ਕੇ ਸਹੀ ਮਾਅਨਿਆਂ ਵਿਚ ਫ਼ੈਡਰਲ ਲੋਕ-ਰਾਜ ਕਾਇਮ ਕਰਨ ਨਾਲ ਹੀ ਸਾਰੇ ਮਸਲੇ ਹੱਲ ਹੋ ਸਕਣਗੇ। ਇਸ ਤਰ੍ਹਾਂ, 'ਏਕਤਾ ਵਿੱਚ ਅਨੇਕਤਾ' ਦੇ ਕੁਦਰਤੀ ਅਸੂਲ ਦੀ ਪਾਲਣਾ ਕਰਕੇ ਹੀ ਸੁੱਖ-ਸ਼ਾਂਤੀ ਸਥਾਪਤ ਕੀਤੀ ਜਾ ਸਕਦੀ ਹੈ।**

੧੧. **ਸਮੁੱਚੀ ਮਨੁੱਖਤਾ ਦੀਆਂ ਸਮੱਸਿਆਵਾਂ ਦਾ ਇੱਕੋ-ਇੱਕ ਹੱਲ ਹੈ ਸੰਸਾਰ ਵਿੱਚ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦੇ ਆਲਮਗੀਰੀ ਗੁਰਮਤਿ ਫ਼ਲਸਫ਼ੇ 'ਤੇ ਆਧਾਰਤ ਰੱਬੀ ਰਾਜ ਦੀ ਪੱਕੇ ਤੌਰ 'ਤੇ ਸਥਾਪਤੀ।** ਇਸ ਤੋਂ ਬਿਨਾਂ ਸੰਸਾਰ ਵਿੱਚ ਹੱਕ-ਸੱਚ-ਇਨਸਾਫ਼ ਦੇ ਕੁਦਰਤੀ ਅਸੂਲ 'ਤੇ ਆਧਾਰਤ ਸੁਖ-ਸ਼ਾਂਤੀ ਦਾ ਵਾਤਾਵਰਣ ਨਹੀਂ ਸਿਰਜਿਆ ਜਾ ਸਕਦਾ।

## ਭਾਰਤ ਦੀਆਂ ਕੌਮਾਂ, ਦਲਿਤਾਂ ਅਤੇ ਘੱਟ-ਗਿਣਤੀ ਸਮਾਜਕ ਵਰਗਾਂ ਦੇ ਸਾਹਮਣੇ ਇੱਕੋ-ਇੱਕ ਰਾਸਤਾ

ਭਾਰਤ ਵਿੱਚ ਸਹੀ ਮਾਅਨਿਆਂ ਵਿੱਚ ਹਰ ਪੱਖ ਤੋਂ ਬਰਾਬਰਤਾ ਦੇ ਆਧਾਰ 'ਤੇ ਕੁਦਰਤੀ 'ਹੱਕ-ਸੱਚ-ਇਨਸਾਫ਼' ਵਾਲੀ ਸਹੀ ਫ਼ੈਡਰਲ ਲੋਕ-ਰਾਜ-ਪ੍ਰਣਾਲੀ ਸਥਾਪਤ ਕਰਨ ਲਈ ਸਾਰੀਆਂ ਕੌਮਾਂ, ਦਲਿਤ ਸ਼੍ਰੇਣੀਆਂ ਅਤੇ ਘੱਟ-ਗਿਣਤੀ ਸਮਾਜਿਕ ਭਾਈਚਾਰਿਆਂ

ਨੂੰ, ਸਾਂਝੇ ਤੌਰ 'ਤੇ ਡੂੰਘੀ ਵਿਚਾਰ ਕਰਨ ਤੋਂ ਬਾਅਦ, ਆਪਣੇ ਬਣਦੇ ਹੱਕ ਹਾਸਿਲ ਕਰਨ ਲਈ ਰੱਬੀ ਸੱਚ ਦੀ ਟੇਕ ਲੈ ਕੇ ਇੱਕ ਲੰਬੀ ਸ਼ਾਂਤਮਈ ਜਦੋਜਹਿਦ ਕਰਨੀ ਪਵੇਗੀ। **ਇਸ ਕਾਰਜ ਵਿੱਚ ਸਫ਼ਲਤਾ ਪ੍ਰਾਪਤ ਕਰਨ ਲਹੀ ਜਦੋਜਹਿਦ ਦਾ ਆਧਾਰ ਬਣਾਉਂਣਾ ਪਵੇਗਾ ਗੁਰੂ ਨਾਨਕ ਸਾਹਿਬ ਦੇ ਸਰਬੱਤ ਦੇ ਭਲੇ ਦੇ ਆਲਮਗੀਰੀ ਫ਼ਲਸਫ਼ੇ ਨੂੰ ਕਿਉਂਕਿ ਇਸ ਦੇ ਬਰਾਬਰ ਦਾ ਹੋਰ ਕੋਈ ਸਰਬ-ਕਲਿਆਣਕਾਰੀ ਫ਼ਲਸਫ਼ਾ ਮਨੁੱਖਤਾ ਕੋਲ ਨਹੀਂ ਹੈ।** ਇਸ ਜਦੋਜਹਿਦ ਵਿੱਚ ਕੌਮਾਂਤਰੀ ਭਾਈਚਾਰੇ ਦਾ ਸਹਿਯੋਗ ਲੈਣਾ ਵੀ ਜ਼ਰੂਰੀ ਹੋਵੇਗਾ, ਯੂ.ਐਨ.ਓ. ਵਿੱਚ, ਇਸ ਕਾਰਜ ਲਈ ਜੂਝਣ ਵਾਲੀਆਂ ਇਕਾਈਆਂ (ਕੌਮਾਂ) ਵਾਸਤੇ, ਸਹਿਯੋਗੀ ਮੈਂਬਰਸ਼ਿਪ ਵੀ ਹਾਸਿਲ ਕਰਨੀ ਪਵੇਗੀ। ਇਸ ਸ਼ਾਤਮਈ ਸੰਘਰਸ਼ ਦੇ ਲੰਮੇ ਸਮੇਂ ਤੱਕ ਚੱਲਣ ਦੀ ਸੰਭਾਵਨਾ ਨੂੰ ਵੀ ਧਿਆਨ ਵਿੱਚ ਰੱਖਣਾ ਹੋਵੇਗਾ। ਕੁਰਬਾਨੀਆਂ ਦੇਣ ਲਈ ਵੀ ਤਿਆਰ ਰਹਿਣਾ ਪਵੇਗਾ ਕਿਉਂਕਿ ਜਿਹੜੀਆਂ ਬਿਪਰਵਾਦੀ ਸ਼ਕਤੀਆਂ ਦੇ ਖ਼ਿਲਾਫ਼ ਇਹ ਲੜਾਈ ਲੜੀ ਜਾਣੀ ਹੈ ਉਹ ਬੜੀਆਂ ਸ਼ਾਤਰ, ਮੱਕਾਰ, ਚਾਲਾਕ ਅਤੇ ਚਾਣਕੀਯ ਕੁਟਿਲ ਨੀਤੀ ਦੇ ਦਾਅ-ਪੇਚਾਂ ਦੀ ਵਰਤੋਂ ਕਰਨ ਵਿੱਚ ਬਹੁਤ ਮਾਹਰ ਹਨ। ਭਾਰਤ ਉਪ-ਮਹਾਦੀਪ ਨੂੰ ਸਹੀ ਮਾਅਨਿਆਂ ਵਿੱਚ ਆਦਰਸ਼ਕ ਫ਼ੈਡਰਲ ਲੋਕ-ਰਾਜ-ਪ੍ਰਣਾਲੀ ਦਾ ਰੂਪ ਦੇਣ ਲਈ ਇਸ ਜਦੋਜਹਿਦ ਵਿੱਚ ਸ਼ਾਮਿਲ ਹੋਣ ਵਾਲੀਆਂ ਸਾਰੀਆਂ ਇਕਾਈਆਂ ਨੂੰ ਗੁਰੂ ਨਾਨਕ ਫ਼ਲਸਫ਼ੇ ਤੋਂ ਅਗਵਾਈ ਲੈ ਕੇ ਹੀ ਅੱਗੇ ਵਧਣਾ ਪਵੇਗਾ। ਜੇਕਰ ਅਜਿਹਾ ਨਾ ਕੀਤਾ ਗਿਆ ਤਾਂ ਬਿਪਰਵਾਦ ਨੂੰ ਤਾਂ ਸ਼ਾਇਦ ਭਾਂਜ ਦਿੱਤੀ ਜਾ ਸਕੇਗੀ ਪਰ ਆਦਰਸ਼ਕ ਭਾਰਤ ਦਾ ਸੁਪਨਾ ਪੂਰਾ ਨਹੀਂ ਕੀਤਾ ਜਾ ਸਕੇਗਾ।

## ਅੰਤਮ ਜਿੱਤ ਸੱਚ ਦੀ ਹੀ ਹੋਵੇਗੀ :

ਅੱਜ ਕਲ ਸਮੁੱਚੇ ਸੰਸਾਰ ਵਿੱਚ, ਖ਼ਾਸ ਕਰ ਕੇ ਭਾਰਤ ਵਰਗੇ ਦੇਸ਼ਾਂ ਵਿੱਚ, ਜਿਥੇ ਕਿ ਮਨੁੱਖੀ ਹੱਕਾਂ ਦਾ ਘਾਣ (ਵਿਸ਼ੇਸ਼ ਕਰਕੇ ਘੱਟ ਗਿਣਤੀ ਕੌਮਾਂ ਅਤੇ ਦਲਿਤਾਂ ਦੇ ਹੱਕਾਂ ਦਾ ਘਾਣ) 'ਬਾਣੀਆ-ਬ੍ਰਾਹਮਣ-ਹਾਕਮ' ਦੀ ਤਿੱਕੜੀ ਦੇ ਖ਼ੁਦਗਰਜ਼ ਵਰਤਾਰੇ ਕਾਰਨ, ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ, ਕੂੜ ਦਾ ਬੋਲ-ਬਾਲਾ ਹੈ। ਇਥੇ ਸੱਚ ਨੂੰ ਫਾਂਸੀ 'ਤੇ ਚਾੜ੍ਹਿਆ ਜਾਂਦਾ ਰਿਹਾ ਹੈ ਅਤੇ ਉਦੋਂ ਤੱਕ ਚਾੜ੍ਹਿਆ ਜਾਂਦਾ ਰਹੇਗਾ ਜਦੋਂ ਤੱਕ ਗੁਰੂ ਨਾਨਕ ਸਾਹਿਬ ਵਲੋਂ ਸਮੁੱਚੀ ਮਨੁੱਖਤਾ ਦੇ ਭਲੇ ਲਈ ਅਰੰਭ ਕੀਤੇ ਇਲਾਹੀ ਇਨਕਲਾਬ ਦੁਆਰਾ ਸੰਸਾਰ ਦੇ ਵੱਡੇ ਹਿੱਸੇ ਵਿੱਚ ਰੱਬੀ ਹਲੇਮੀ ਰਾਜ ਕਾਇਮ ਨਹੀਂ ਹੋ ਜਾਂਦਾ। ਇਹ ਹਲੇਮੀ ਰਾਜ ਇੱਕ ਨਾ ਇੱਕ ਦਿਨ ਕਾਇਮ ਹੋ ਕੇ ਹੀ ਰਹੇਗਾ ਕਿਉਂਕਿ ਪਰਮੇਸ਼ਰ ਦੀ ਰਜ਼ਾ ਹੀ ਅਜਿਹੀ ਹੈ-ਰੱਬ ਦੇ ਘਰ ਦੇਰ ਤਾਂ ਹੋ ਸਕਦੀ ਹੈ ਪਰ ਅੰਧੇਰ ਨਹੀਂ।

**ਇਸ ਵਿੱਚ ਵੀ ਰਤੀ ਭਰ ਦੀ ਸ਼ੱਕ-ਸ਼ੁਭਾ ਨਹੀਂ ਕਿ ਅੰਤਮ ਜਿੱਤ ਸੱਚ ਦੀ ਹੀ ਹੋਵੇਗੀ।**

*ਕੂੜ ਨਿਖੁਟੇ ਨਾਨਕਾ, ਓੜਕਿ ਸਚਿ ਰਹੀ॥ (ਮ: ੧, ੯੫੩)*





## ਦਰਦ-ਭਰੀ ਅਪੀਲ

**ਸਮੁੱਚੇ ਸੰਸਾਰ ਵਿੱਚ ਸਹੀ ਮਾਅਨਿਆਂ ਵਿੱਚ, ਆਦਰਸ਼ਕ ਫ਼ੈਡਰਲ ਲੋਕ-ਰਾਜ ਪ੍ਰਣਾਲੀ (ਰੱਬ ਦੀ ਪਾਤਿਸ਼ਾਹੀ) ਕਾਇਮ ਕਰਨ ਦੇ ਚਾਹਵਾਨ, ਸੱਚ ਦੇ ਵਣਜਾਰੇ ਵੀਰੋ-ਭੈਣੋਂ ! ਗੁਰੂ ਨਾਨਕ ਸਾਹਿਬ ਵੱਲੋਂ ਇਸ ਨਿਸ਼ਾਨੇ ਦੀ ਪ੍ਰਾਪਤੀ ਲਈ (ਮਨੁੱਖ ਦੀ ਹਰ ਪੱਖ ਤੋਂ ਬਰਾਬਰਤਾ ਦੇ ਆਧਾਰ 'ਤੇ) ਅਰੰਭ ਕੀਤੇ ਲਾਸਾਨੀ ਇਨਕਲਾਬ ਵਿੱਚ ਸ਼ਾਮਿਲ ਹੋਕੇ, ਮਨੁੱਖਤਾ ਦੀ ਭਲਾਈ ਦੇ ਇਸ ਕਾਰਜ ਵਿੱਚ ਬਣਦਾ ਯੋਗਦਾਨ ਪਾਉਣ ਲਈ ਨਿੱਤਰੋ ਤਾਕਿ ਸਮੁੱਚਾ ਸੰਸਾਰ, ਸਹੀ ਮਾਅਨਿਆਂ ਵਿੱਚ, ਪਰਉਪਕਾਰੀ ਅਤੇ ਪ੍ਰਸਪਰ ਪ੍ਰੇਮ-ਭਾਵਨਾਂ ਵਾਲੀਆਂ ਇਨਸਾਨੀ ਭਾਈਚਾਰਕ ਤੰਦਾਂ ਵਿੱਚ ਪਰੋਤਾ ਹੋਇਆ ਇੱਕ ਆਦਰਸ਼ਕ ਸਾਂਝਾ ਪ੍ਰਵਾਰ ਬਣ ਜਾਵੇ !!**

# ੧੭

# ਦਸਤਾਵੇਜ਼

## ਲਓ ਸੁਣੋ ! ਕੀ ਕਹਿ ਰਹੀ ਹੈ ਪੰਥ ਦੀ ਸਿਰਮੌਰ ਸੰਸਥਾ ਬਾਦਲ ਦੀ ਸ਼੍ਰੋਮਣੀ ਕਮੇਟੀ

### ''ਛੇਵਾਂ ਗੁਰੂ ਅਪਹਰਣ-ਕਰਤਾ, ਨੌਵਾਂ ਲੁਟੇਰਾ ਅਤੇ ਦਸਵਾਂ ਡਰਪੋਕ, ਦੇਵੀ ਭਗਤ !''

ਨਾਗਪੁਰ, 4 ਸਤੰਬਰ (ਗੁਰਜੰਟ ਸਿੰਘ ਰੂਪੋਵਾਲੀ) : ਸਿੱਖਾਂ ਦੀ ਸਿਰਮੌਰ ਕਰ ਕੇ ਜਾਣੀ ਜਾਂਦੀ ਜਥੇਬੰਦੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਹਿੰਦੀ ਵਿਚ ਪ੍ਰਕਾਸ਼ਤ 'ਸਿੱਖ ਇਤਿਹਾਸ' ਨਾਮ ਦੀ ਪੁਸਤਕ, ਜਿਸ ਵਿਚ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ ਹੈ ਅਤੇ ਗੁਰੂ ਸਾਹਿਬ ਲਈ ਬਹੁਤ ਹੀ ਘਟੀਆ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ, ਸ਼੍ਰੋਮਣੀ ਕਮੇਟੀ ਵਲੋਂ ਹੀ ਲਿਖੀ, ਛਾਪੀ, ਵੇਚੀ ਅਤੇ ਵੰਡੀ ਗਈ ਹੈ। ਇਸ ਹਕੀਕਤ ਨੂੰ ਝੁਠਲਾਇਆ ਨਹੀਂ ਜਾ ਸਕਦਾ। ਇਹ ਵਿਚਾਰ 'ਗੁਰਮਤਿ ਪ੍ਰਚਾਰ ਸਭਾ, ਨਾਗਪੁਰ ਦੇ ਮੁੱਖ ਸੇਵਾਦਾਰ ਸ. ਮਲਕੀਤ ਸਿੰਘ 'ਬੱਲ' ਨੇ ਪ੍ਰਗਟਾਏ। ਉਨ੍ਹਾਂ ਦਸਿਆ ਕਿ ਇਹ ਕਿਤਾਬ ਵੱਡੀ ਗਿਣਤੀ ਵਿਚ ਨਾਗਪੁਰ ਸ਼ਹਿਰ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਰਹਿ ਰਹੇ ਨਾਨਕ ਨਾਮ ਲੇਵਾ ਸਿਕਲੀਗਰ ਤੇ ਵਣਜਾਰਿਆਂ ਵਿਚ ਵੰਡੀ ਗਈ ਹੈ।

ਉਨ੍ਹਾਂ ਦਸਿਆ ਕਿ ਬੀਬੀ ਜਗੀਰ ਕੌਰ ਉਸ ਸਮੇਂ ਦੇ ਪ੍ਰਧਾਨ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਸਾਡੀ ਸੰਸਥਾ ਰਾਹੀਂ ਸਿਕਲੀਗਰਾਂ ਤੇ ਵਣਜਾਰਿਆਂ ਵਿਚ ਗੁਰਮਤਿ ਪ੍ਰਚਾਰ ਲਈ ਸਾਡੀ ਸੰਸਥਾ ਗੁਰਮਤਿ ਪ੍ਰਚਾਰ ਸਭਾ ਲਈ ਕਈ ਹਜ਼ਾਰ ਕਿਤਾਬਾਂ ਵੰਡਣ ਲਈ ਭੇਜੀਆਂ ਸਨ ਅਤੇ ਉਹ ਖ਼ੁਦ ਵੀ ਨਾਗਪੁਰ ਉਸ ਸਮੇਂ ਆਏ ਸਨ। 'ਸਿੱਖ ਇਤਿਹਾਸ' ਨਾਮ ਦੀ ਵਿਵਾਦਤ ਕਿਤਾਬ ਵੀ ਉਨ੍ਹਾਂ ਵਿਚ ਸ਼ਾਮਲ ਸੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਤੇ ਸੈਕਟਰੀ ਝੂਠ ਬੋਲ ਰਹੇ ਹਨ, ਜਦ ਕਿ ਸਾਡੇ ਪਾਸ ਸਾਰਾ ਰੀਕਾਰਡ ਮੌਜੂਦ ਹੈ, ਜਿਸ ਵਿਚ ਹਰੇਕ ਕਿਤਾਬ ਦੀ ਗਿਣਤੀ ਦਰਜ ਹੈ। ਅਜੇ ਵੀ ਕੁੱਝ ਕਿਤਾਬਾਂ ਗੁਰਦਵਾਰਾ ਗੁਰੂ ਤੇਗ ਬਹਾਦਰ ਸਾਹਿਬ, ਬਾਬਾ ਬੁੱਢਾ ਜੀ ਨਗਰ ਵਿਖੇ ਸਥਿਤ ਲਾਇਬ੍ਰੇਰੀ ਵਿਚ ਮੌਜੂਦ ਹਨ। ਜੇ ਸ਼੍ਰੋਮਣੀ ਕਮੇਟੀ ਨੂੰ ਕਿਤਾਬ ਨਹੀਂ ਮਿਲ ਰਹੀਂ ਤਾਂ ਅਸੀਂ ਭੇਜ ਦਿਆਂਗੇ।

## 'ਸਿੱਖ ਇਤਿਹਾਸ' ਨਾਮ ਦੀ ਪੁਸਤਕ ਦੀਆਂ ਕਾਪੀਆਂ ਸਾੜੀਆਂ

ਨਾਗਪੁਰ, 4 ਸਤੰਬਰ (ਗੁਰਜੰਟ ਸਿੰਘ ਰੂਪੋਵਾਲੀ) : ਅੱਜ ਨਾਗਪੁਰ ਦੀ ਸੰਗਤ ਵਲੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਹਿੰਦੀ ਵਿੱਚ ਪ੍ਰਕਾਸ਼ਤ 'ਸਿੱਖ ਇਤਿਹਾਸ'





ਨਾਮ ਦੀ ਪੁਸਤਕ ਜਿਸ ਵਿੱਚ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕੀਤਾ ਗਿਆ ਹੈ, ਦੀਆਂ ਕਾਪੀਆਂ ਸਾੜੀਆਂ ਗਈਆਂ।

ਇਸ ਕਿਤਾਬ ਵਿੱਚ ਗੁਰੂ ਹਰਿਗੋਬਿੰਦ ਸਾਹਿਬ ਬਾਰੇ ਲਿਖਿਆ ਹੈ ਕਿ ਉਨ੍ਹਾਂ ਲਾਹੌਰ ਦੇ ਕਾਜ਼ੀ ਦੀ ਪਤਨੀ ਅਤੇ ਲੜਕੀ ਨੂੰ ਅਗ਼ਵਾ ਕੀਤਾ। ਭਾਈ ਬਿਧੀ ਚੰਦ ਨੂੰ ਡਾਕੂ ਦਸਿਆ ਗਿਆ ਹੈ। ਨੌਵੇਂ ਪਾਤਸ਼ਾਹ ਬਾਰੇ ਲਿਖਿਆ ਹੈ ''ਵੋਹ ਲੋਗੋਂ ਕਾ ਮਾਲ ਅਸਬਾਬ ਲੂਟ ਕੇ ਅਪਨੀ ਔਰ ਅਪਣੇ ਸ਼ਿਸ਼ੋਂ ਕੀ ਉਪਜੀਵਕਾ ਚਲਾਇਆ ਕਰਤੇ ਥੇ। ਦਸਵੇਂ ਪਾਤਸ਼ਾਹ ਡਰਪੋਕ, ਦੇਵੀ ਉਪਾਸਕ ਅਤੇ ਬੰਦੇ ਮਾਰ ਸਨ।'' (ਰੋਜ਼ਾਨਾ ਸਪੋਕਸਮੈਨ 5 ਸਤੰਬਰ 2007)

## ਕੀ ਤੁਸੀਂ ਮੰਨ ਸਕਦੇ ਹੋ ਕਿ ਸ਼੍ਰੋਮਣੀ ਕਮੇਟੀ ਵਲੋਂ ਛਾਪੀਆਂ ਕਿਤਾਬਾਂ ਵਿਚ ਇਹ ਕੁੱਝ ਵੀ ਛਪਿਆ ਹੋ ਸਕਦਾ ਹੈ।

ਪਿਛਲੇ ਦਿਨੀਂ ਸ਼੍ਰੋਮਣੀ ਕਮੇਟੀ ਵਲੋਂ ਛਪੀ ਕਿਤਾਬ 'ਸਿੱਖ ਇਤਿਹਾਸ' ਸਾਹਮਣੇ ਆ ਗਈ। ਜਥੇਦਾਰਾਂ ਝੱਟ ਕਮੇਟੀ ਬਣਾ ਕੇ ਸੱਤ ਦਿਨਾਂ ਵਿੱਚ ਰਿਪੋਰਟ ਦੇਣ ਨੂੰ ਕਹਿ ਦਿਤਾ ਤੇ ਹੋਰ ਊਟ ਪਟਾਂਗ ਬਿਆਨ ਵੀ ਦਿਤੇ। ਪਰ ਸੱਤ ਦਿਨ ਬੀਤਣ ਤੋਂ ਬਾਅਦ ਵੀ ਕੋਈ ਜਵਾਬ ਨਾ ਆਇਆ। ਹੁਣ ਇਹ, ਸਮੇਤ ਧੁੰਮੇ ਵਰਗੇ ਸਾਧਾਂ ਦੇ ਸਾਰੀ ਕੂੜ ਮੰਡਲੀ ਕਹਿੰਦੀ ਹੈ ਕਿ ਸਪੋਕਸਮੈਨ ਨਿਤ ਨਵੇਂ ਝਗੜੇ ਖੜੇ ਕਰਦਾ ਹੈ। ਅਸੀਂ ਪੁਛਦੇ ਹਾਂ ਇਨ੍ਹਾਂ ਲੋਕਾਂ ਨੂੰ ਕਿ ਝੂਠ ਨੰਗਾ ਕਰਨਾ, ਸੱਚ ਦੱਸ ਕੇ ਲੋਕਾਂ ਨੂੰ ਜਾਗ੍ਰਿਤ ਕਰਨਾ ਕੀ ਝਗੜਾ ਖੜਾ ਕਰਨਾ ਹੈ ? ਕੀ ਬਾਬਾ ਨਾਨਕ ਜੀ ਬਾਰੇ ਵੀ ਤੁਸੀਂ ਇਹੀ ਸੋਚ ਰਖੀ ਹੈ ? ਬੇਈਮਾਨ ਤੇ ਝੂਠੇ ਜਥੇਦਾਰਾਂ ਤੇ ਸਾਧਾਂ ਨੂੰ ਹਾਲੇ ਵੀ ਜਿਹੜੇ ਲੋਕ ਸਿਰੋਪਾਉ ਦਿੰਦੇ ਤੇ ਪ੍ਰੋਗਰਾਮਾਂ 'ਤੇ ਸੱਦਦੇ ਹਨ ਜਾਂ ਇਸ ਸੱਚ ਤੋਂ ਬਾਅਦ ਵੀ ਸੱਦਣਗੇ, ਉਹ ਸਾਰੇ ਵੀ ਪਾਪੀ ਅਖਵਾਉਣਗੇ। ਗੁਰੂ ਸਾਹਿਬ ਜੀ ਦੀ ਬੇਅਦਬੀ ਕਰਨ ਵਾਲੀ ਕਰਤੂਤ ਨਾ-ਮੁਆਫ਼ੀ ਯੋਗ ਹੈ। ਸਿੱਖੋ ਜਿਹੜਾ ਤੁਹਾਡੇ ਗੁਰੂ ਦੀ ਬੇਇਜ਼ਤੀ ਕਰੇ ਤੇ ਕਰਵਾਵੇ, ਉਹ ਤੁਹਾਡਾ ਕੀ ਲਗਦਾ ਹੈ ? ਕੀ ਲੋਕੋ ਤੁਹਾਡੀ ਜ਼ਮੀਰ ਮਰ ਗਈ ਹੈ ? ਤੁਸੀਂ ਹਾਲੇ ਵੀ ਜਥੇਦਾਰਾਂ ਤੇ ਸਾਧਾਂ ਦੇ ਪਿਛਲੱਗ ਬਣੇ ਸਿਰੋਪਾਉ ਦੇ ਰਹੇ ਹੋ। ਸਿਆਸਤ ਗੰਦੀ ਹੈ ਪਰ ਲਗਦਾ ਹੈ ਅਸੀਂ ਸਿਆਸਤ ਤੋਂ ਵੀ ਗੰਦੇ ਹਾਂ ਜੋ ਸੱਚ ਸਮਝਦੇ ਹੋਏ ਵੀ ਝੂਠਿਆਂ ਦਾ ਖਹਿੜਾ ਨਹੀਂ ਛੱਡ ਰਹੇ। ਸਿੱਖ ਨੂੰ ਗੁਰੂ ਤੇ ਪੰਥ ਪਿਆਰਾ ਹੈ, ਬੰਦੇ ਜਾਂ ਲੋਕ ਲੱਜ ਨਹੀਂ। ਬਾਕੀ ਤੁਸੀਂ ਆਪ ਦੇਖੋ ਇਹ ਕਰਤੂਤ ਇਨ੍ਹਾਂ ਪੰਥ ਪ੍ਰਸਤਾਂ ਦੀ। ਕਿਤਾਬ ਦੇ ਪੰਨੇ ਵੀ ਅਤੇ ਉਹ ਭਾਸ਼ਾ ਵੀ ਜੋ ਵਰਤੀ ਗਈ ਹੈ, ਤੁਹਾਡੇ ਸਾਹਮਣੇ ਹੈ। ਇਹ ਸਾਰਾ ਕੁੱਝ ਜੋ ਲਿਖਿਆ ਹੈ, ਇਹ ਇਤਿਹਾਸ ਦੇ ਉਲਟ ਹੈ ਤੇ ਗ਼ਲਤ ਹੈ। ਜਵਾਬ ਤੁਸੀਂ ਮੰਗੋ ਇਨ੍ਹਾਂ ਝੂਠਿਆਂ ਕੋਲੋਂ।

- ਆਦਿ ਗ੍ਰੰਥ ਵਿਚ ਨਾਨਕ ਦੀਆਂ ਬਹੁਤ ਕਵਿਤਾਵਾਂ ਹਨ। (ਪੰਨਾ-14)
- ਮੁਗਲਾਂ ਨੂੰ ਨਾਨਕ ਭਾਰਤ ਲੈ ਕੇ ਆਇਆ। (ਪੰਨਾ-72)

- ਪਿਤਾ ਦੀ ਮੌਤ ਕਾਰਨ ਹਰਿਗੋਬਿੰਦ ਦੀ ਮਾਨਸਕ ਸਥਿਤੀ ਵਿਗੜ ਗਈ ਸੀ। (ਪੰਨਾ-99)

- ਇਕ ਅਸਤਬਲ ਵਿਚ ਹਰਿਗੋਬਿੰਦ ਦੇ ਅੱਠ ਸੌ ਘੋੜ ਸਵਾਰ ਸੀ। ਜਦੋਂ ਹਰਿਗੋਬਿੰਦ, ਕਦੀ ਮਾਰੇ ਜਾਣ ਦਾ ਸੋਚ ਕੇ ਮਨ ਵਿਚ ਬਹੁਤ ਡਰ ਜਾਂਦੇ ਤਾਂ ਸੱਠ ਬੰਦੂਕਧਾਰੀ ਉਨ੍ਹਾਂ ਦੀ ਰਖਿਆ ਲਈ ਨਿਯੁਕਤ ਹੁੰਦੇ ਸੀ। (ਪੰਨਾ-100)

- ਇਕ ਵਾਰ ਬਾਦਸ਼ਾਹ ਨਾਲ ਹਰਿਗੋਬਿੰਦ ਦਾ ਝਗੜਾ ਹੋ ਗਿਆ ਕਿਉਂਕਿ ਉਹ ਸਿਪਾਹੀਆਂ ਦੀ ਤਨਖ਼ਾਹ ਦੇ ਰੁਪਈਏ ਆਪ ਰਖਣਾ ਚਾਹੁੰਦੇ ਸਨ। (ਪੰਨਾ-102)

- ਇਸ ਵਿਚ ਵੀ ਸ਼ੱਕ ਹੈ ਕਿ ਅਰਜੁਨ ਤੇ ਪ੍ਰਿਥੀ ਚੰਦ ਵਿਚੋਂ ਵੱਡਾ ਕੌਣ ਤੇ ਛੋਟਾ ਕੌਣ ਸੀ।

- ਇਕ ਮੁਸਲਮਾਨ ਨਾਨਕ ਦਾ ਗੁਰੂ ਸੀ। (ਪੰਨਾ-71).....

.....32.ਇਕ ਸਿੱਖ ਡਾਕੂ ਬਾਦਸ਼ਾਹ ਦੇ ਦੋ ਘੋੜੇ ਚੁਰਾ ਕੇ ਲੈ ਗਿਆ। ਪ੍ਰਦੇਸ਼ਕ ਸੈਨਾ ਨਾਲ ਫਿਰ ਝਗੜੇ ਦਾ ਕਾਰਨ ਬਣਿਆ। (ਪੰਨਾ-104)

35. ਇਕ ਦਿਨ ਇਕ ਬ੍ਰਾਹਮਣ ਨੇ ਇਸ ਤਰ੍ਹਾਂ ਕਹਿ ਕੇ ਹਰਿਗੋਬਿੰਦ ਦਾ ਤ੍ਰਿਸਕਾਰ ਕੀਤਾ ਕਿ 'ਈਸ਼ਵਰ ਅਤੇ ਸੰਸਾਰ ਇਕ ਹੀ ਹੈ ਤਾਂ ਔਹ ਥੋੜ੍ਹੀ ਦੂਰ ਜੋ ਗਧਾ ਚਰ ਰਿਹਾ ਹੈ, ਗੁਰੂ ਹੋ ਕੇ ਵੀ ਉਹ ਇਸ ਗਧੇ ਦੇ ਬਰਾਬਰ ਹੀ ਹਨ।"

39. ਤਾਰੀਖ਼ ਅਤੇ ਘਟਨਾਵਾਂ ਤੋਂ ਪਤਾ ਲਗਦਾ ਹੈ ਕਿ ਗੋਬਿੰਦ ਨੇ ਪੈਂਤੀ ਸਾਲ ਦੀ ਉਮਰ ਨਾ ਹੋਣ ਤਕ ਧਰਮ ਗੁਰੂ ਦੇ ਰੂਪ ਵਿਚ ਕੋਈ ਕੰਮ ਨਾ ਕੀਤਾ (ਪੰਨਾ 118)।

41. ਕਹਿੰਦੇ ਹਨ ਗੋਬਿੰਦ ਨੇ ਨੈਨਾ ਪਹਾੜ ਦੀ ਚੋਟੀ ਤੇ ਉਥੋਂ ਦੀ ਦੇਵੀ ਦੀ ਘੋਰ ਤਪੱਸਿਆ ਕੀਤੀ। (ਪੰਨਾ-124)

43. ਗੋਬਿੰਦ ਦੀਆਂ ਇਸਤਰੀਆਂ ਮੋਹ ਵੱਸ ਬੱਚੇ ਲੈ ਕੇ ਭੱਜ ਗਈਆਂ। ਗੋਬਿੰਦ ਬਹੁਤ ਦੁਖੀ ਹੋਏ, ਉਨ੍ਹਾਂ ਦੀ ਇੱਛਾ ਪੂਰੀ ਨਹੀਂ ਹੋ ਸਕੀ। (ਪੰਨਾ 124-125)

51. ਚਮਕੌਰ ਵਿਚੋਂ ਵੀ ਅੰਤ ਉਹ ਭੱਜਣ ਨੂੰ ਤਿਆਰ ਹੋਇਆ? ਅਤੇ ਇਥੋਂ ਭੱਜ ਕੇ ਹਾਂਸੀ ਅਤੇ ਫ਼ਿਰੋਜ਼ਪੁਰ ਦੇ ਵਿਚਕਾਰ ਦਮਦਮਾ ਹੋ ਕੇ ਵਿਸ਼ਰਾਮ ਕੀਤਾ (ਪੰਨਾ 144)

59. ਗੋਬਿੰਦ ਨੂੰ ਮਾਨਸਕ ਵਿਕਾਰ ਉਤਪੰਨ ਹੋਇਆ ਸੀ ਅਤੇ ਗੋਬਿੰਦ ਪੁੱਤਰਾਂ ਦੀ ਮੌਤ ਦੇ ਸ਼ੋਕ ਵਿਚ ਮਰ ਗਏ।

ਵਲੋਂ : ਨਿਆਰਾ ਖ਼ਾਲਸਾ ਨੌਜਵਾਨ ਜਥੇਬੰਦੀ, ਲੁਧਿਆਣਾ

(ਰੋਜ਼ਾਨਾ ਸਪੋਕਸਮੈਨ : 13 ਅਕਤੂਬਰ ਅਤੇ 20 ਅਕਤੂਬਰ 2007 ਵਿਚੋਂ)





# ਪੁਜਾਰੀਵਾਦ ਹੈ ਕੀ ?

ਇਸ ਸਬੰਧ ਵਿਚ ਕੁੱਝ ਪਾਠਕਾਂ ਦੇ ਸ਼ੰਕਿਆਂ ਦੇ ਜਵਾਬ ਵਿਚ ਇਹ ਸਪੱਸ਼ਟ ਕਰਨਾ ਵੀ ਜ਼ਰੂਰੀ ਹੈ ਕਿ 'ਪੁਜਾਰੀਵਾਦ੦ ਦੇ ਅਰਥਾਂ ਵਿਚ ਗੁਰੂ ਘਰ ਅਤੇ ਸੰਗਤ ਦੀ ਸੇਵਾ ਕਰ ਰਹੇ ਗ੍ਰੰਥੀ, ਪਾਠੀ, ਰਾਗੀ, ਢਾਡੀ, ਪ੍ਰਚਾਰਕ ਤੇ ਪ੍ਰਬੰਧਕ ਨਹੀਂ ਆਉਂਦੇ ਜੋ ਕੇਵਲ 'ਸੇਵਾ' ਕਰਨ ਤਕ ਹੀ ਅਪਣੇ ਆਪ ਨੂੰ ਮਹਿਦੂਦ ਰਖਦੇ ਹਨ। 'ਪੁਜਾਰੀਵਾਦ' ਦੇ ਘੇਰੇ ਵਿਚ ਉਹੀ ਲੋਕ ਆਉਂਦੇ ਹਨ ਜੋ ਗੁਰਦਵਾਰੇ ਵਿਚ ਦਾਖ਼ਲਾ ਤਾਂ 'ਸੇਵਾਦਾਰਾਂ' ਵਜੋਂ ਹੀ ਲੈਂਦੇ ਹਨ ਪਰ ਮਗਰੋਂ :

- 'ਸਿੰਘ ਸਾਹਿਬ' ਬਣ ਬੈਠਦੇ ਹਨ
- 'ਹੁਕਮਨਾਮੇ' ਜਾਰੀ ਕਰਨ ਲੱਗ ਪੈਂਦੇ ਹਨ
- ਹਜ਼ਾਰ ਪਾਪਾਂ ਦੇ ਭਾਗੀ ਹੋਣ ਦੇ ਬਾਵਜੂਦ, ਦੂਜਿਆਂ ਨੂੰ ਹੁਕਮ ਕਰਦੇ ਹਨ ਕਿ ਉਨ੍ਹਾਂ ਕੋਲੋਂ ਭੁੱਲ ਬਖ਼ਸ਼ਵਾਉਣ 'ਨਹੀਂ' ਤਾਂ ਛੇਕ ਦਿਤੇ ਜਾਉਗੇ।'
- ਗੁਰੂ ਗ੍ਰੰਥ ਸਾਹਿਬ ਕੋਲੋਂ ਭੁਲ ਬਖ਼ਸ਼ਵਾਉਣ ਵਾਲੇ ਨੂੰ ਸਿੱਖ ਨਹੀਂ ਮੰਨਦੇ ਸਗੋਂ ਅਪਣੇ ਸਾਹਮਣੇ ਪੇਸ਼ ਹੋਣ ਵਾਲਿਆਂ ਨੂੰ ਹੀ ਸਿੱਖ ਮੰਨਦੇ ਹਨ ਤੇ ਪੇਸ਼ ਹੋਣ ਤੋਂ ਨਾਂਹ ਕਰਨ ਵਾਲਿਆਂ ਨੂੰ ਸਿੱਖੀ ਤੋਂ ਖ਼ਾਰਜ ਕਰ ਦੇਂਦੇ ਹਨ।
- ਜੋ ਦਾਅਵੇ ਕਰਦੇ ਹਨ ਕਿ ਉਹ ਕੋਈ ਭੁੱਲ ਨਹੀਂ ਕਰ ਸਕਦੇ ਤੇ ਉਨ੍ਹਾਂ ਦੇ 'ਹੁਕਮਨਾਮਿਆਂ' ਨੂੰ ਕੋਈ ਨਹੀਂ ਬਦਲ ਸਕਦਾ।
- ਜੋ ਸੰਗਤ ਜਾਂ ਗੁਰੂ ਪੰਥ ਨੂੰ ਵੀ ਅਪਣੇ ਸਾਹਮਣੇ ਤੁੱਛ ਸਮਝਦੇ ਹਨ ਤੇ ਭੁੱਲ ਬਖਸ਼ਵਾਉਣ ਦੇ 'ਸਿੱਖ ਰਹਿਤ ਮਰਿਆਦਾ' ਵਿਚਲੇ ਪ੍ਰਬੰਧ ਨੂੰ ਵੀ ਨਹੀਂ ਮੰਨਦੇ।
- ਜੋ ਅਪਣੇ ਆਪ ਨੂੰ ਸੰਤ, ਮਹਾਂਪੁਰਸ਼, ਬਾਬਾ ਤੇ ਬ੍ਰਹਮ ਗਿਆਨੀ ਕਹਿੰਦੇ ਹਨ।
- ਜੋ ਨਿਜੀ ਡੇਰੇ ਕਾਇਮ ਕਰਦੇ ਹਨ ਤੇ ਕਰੋੜਾਂ, ਅਰਬਾਂ ਦੀਆਂ ਜਾਇਦਾਦਾਂ ਬਣਾ ਕੇ ਧੰਨਾ ਸੇਠਾਂ ਵਾਲਾ ਜੀਵਨ ਬਸਰ ਕਰਦੇ ਹਨ ਪਰ ਚੋਲਾ ਧਰਮ ਦਾ ਪਾਈ ਰਖਦੇ ਹਨ।
- ਜੋ ਹੰਕਾਰ ਅਤੇ ਹਉਮੈ ਦੇ ਪੁਤਲੇ ਹੁੰਦੇ ਹਨ।
- ਜੋ ਗੁਰੂ ਦੀ ਗੋਲਕ ਨੂੰ ਗ਼ਰੀਬ ਦੇ ਮੂੰਹ ਵਿਚ ਨਹੀਂ ਜਾਣ ਦੇਂਦੇ ਤੇ ਆਪ ਖਾ ਜਾਂਦੇ ਹਨ।
- ਜੋ ਗੁਰੂ ਗ੍ਰੰਥ ਸਾਹਿਬ ਦੀ ਬਜਾਏ ਹੋਰ ਪੁਸਤਕਾਂ ਦੇ ਪਿਛੇ ਲੱਗਣ ਲਈ ਕਹਿੰਦੇ ਹਨ ਤੇ ਧਰਮ ਨੂੰ ਕਰਮ ਕਾਂਡ ਦਾ ਰੂਪ ਦੇ ਦੇਂਦੇ ਹਨ।
- ਜੋ ਝੂਠ ਬੋਲਣ ਨੂੰ ਤੇ ਮਨ ਵਿਚ ਦਵੈਤ ਪਾਲਣ ਨੂੰ ਬੁਰਾ ਨਹੀਂ ਸਮਝਦੇ।
- ਜੋ ਗੁਰਦਵਾਰੇ ਵਿਚ ਰਹਿ ਕੇ ਵੀ ਹੰਕਾਰ, ਹਉਮੈ ਤੇ ਮਾਇਆ ਦੇ ਲਾਲਚੀ ਬਣੇ ਰਹਿੰਦੇ ਹਨ।

ਪਰ ਜੋ ਕੇਵਲ ਸੰਗਤ ਅਤੇ ਗੁਰੂ ਦੀ ਸੇਵਾਦਾਰੀ ਦੇ ਫ਼ਰਜ਼ ਹੀ ਨਿਭਾਉਂਦੇ ਹਨ ਤੇ ਨਿਰਬਾਹ ਲਈ ਨਿਰਧਾਰਤ ਸੇਵਾ-ਫੱਲ ਲੈਣ ਤਕ ਹੀ ਮਹਿਦੂਦ ਰਹਿੰਦੇ ਹੋਣ ਤੇ ਉਪਰ ਦੱਸੇ ਔਗੁਣਾਂ ਦੇ ਦੋਸ਼ੀ ਨਾ ਹੋਣ, ਉਹ ਕਿਸੇ ਤਰ੍ਹਾਂ ਵੀ 'ਪੁਜਾਰੀਵਾਦ' ਦੇ ਘੇਰੇ ਵਿਚ ਨਹੀਂ ਆ ਸਕਦੇ। (ਸੰਪਾਦਕੀ ਰੋਜ਼ਾਨਾ ਸਪੋਕਸਮੈਨ 22 ਮਈ, 2008)

## ਅਕਾਲ ਤਖ਼ਤ ਤੋਂ 'ਹੁਕਮਨਾਮੇ' ਕਿਵੇਂ ਜਾਰੀ ਹੁੰਦੇ ਹਨ ? 'ਪੰਜਾਬ ਦੇ ਸਿੱਖ ਪੁਜਾਰੀ ਬਨਾਮ ਪੰਜਾਬੋਂ ਬਾਹਰ ਦੇ ਸਿੱਖ ਪੁਜਾਰੀ' ਲੜਾਈ ਵਿਚ ਗਿ: ਇਕਬਾਲ ਸਿੰਘ ਨੇ ਦਿਲਚਸਪ ਭੇਤ ਖੋਲ੍ਹੇ

ਚੰਡੀਗੜ੍ਹ, 10 ਜੂਨ, 2008 (ਸਪੋਕਸਮੈਨ ਬਿਊਰੋ) : ਪੰਜਾਬ ਦੇ ਸਿੱਖ ਪੁਜਾਰੀ ਬਨਾਮ ਪੰਜਾਬੋਂ ਬਾਹਰ ਦੇ ਸਿੱਖ ਪੁਜਾਰੀ ਯੁਧ ਵਿਚ ਤਖ਼ਤ ਪਟਨਾ ਸਾਹਿਬ ਦੇ ਮੁੱਖ ਸੇਵਾਦਾਰ ਗਿ: ਇਕਬਾਲ ਸਿੰਘ ਨੇ ਹੁਣ ਇਹ ਹੈਰਾਨੀਜਨਕ ਭੇਤ ਖੋਲ੍ਹਿਆ ਹੈ ਕਿ ਭਾਵੇਂ ਬਾਹਰ ਬੜੇ ਵੱਡੇ ਵੱਡੇ ਨਾਂ ਉਨ੍ਹਾਂ ਨੂੰ ਦਿਤੇ ਜਾਂਦੇ ਹਨ ਤਾਕਿ ਲੋਕਾਂ ਦੀਆਂ ਗਰਦਨਾਂ ਝੁਕਾਈ ਰਖੀਆਂ ਜਾ ਸਕਣ ਪਰ ਅਕਾਲ ਤਖ਼ਤ ਦੇ ਅੰਦਰ, 'ਹੁਕਮਨਾਮੇ' ਤੇ ਫ਼ੈਸਲੇ ਲਿਖਣ ਸਮੇਂ, ਮੁੱਖ ਮੰਤਰੀ ਦਾ ਪਤਿਤ ਮੀਡੀਆ ਐਡਵਾਈਜ਼ਰ ਤੇ ਸ਼੍ਰੋਮਣੀ ਕਮੇਟੀ ਦਾ ਪ੍ਰਧਾਨ ਮੱਕੜ ਬੈਠ ਕੇ ਪੰਜਾਂ 'ਜਥੇਦਾਰਾਂ' ਨੂੰ ਹੁਕਮ ਦੇਂਦੇ ਹਨ ਕਿ ਉਹ ਫ਼ਲਾਣੇ ਬੰਦੇ ਬਾਰੇ 'ਹੁਕਮਨਾਮੇ' ਵਿਚ ਅਹਿ ਲਿਖਣ ਤੇ ਫ਼ਲਾਣੇ ਬੰਦੇ ਬਾਰੇ ਅਹੁ। ਗਿ: ਇਕਬਾਲ ਸਿੰਘ ਅਨੁਸਾਰ, 'ਜਥੇਦਾਰ' ਚੁਪਚਾਪ ਇਨ੍ਹਾਂ ਹੁਕਮਾਂ ਦੀ ਤਾਮੀਲ ਕਰੀ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਹੈ ਕਿ ਹੁਕਮ ਅਦੂਲੀ ਕਰਨ ਵਾਲੇ ਨੂੰ ਮੁੱਖ ਮੰਤਰੀ ਨੇ ਬਖ਼ਸ਼ਣਾ ਨਹੀਂ, ਭਾਵੇਂ ਕਿ ਮੁੱਖ ਮੰਤਰੀ ਬਾਹਰ ਇਹੀ ਕਹਿੰਦੇ ਰਹਿੰਦੇ ਹਨ ਕਿ ਉਹਨਾਂ ਨੂੰ ਤਾਂ ਜੀ ਸ਼੍ਰੋਮਣੀ ਕਮੇਟੀ ਤੇ ਅਕਾਲ ਤਖ਼ਤ ਦੇ ਕੰਮਾਂ ਵਿਚ ਦਿਲਚਸਪੀ ਹੀ ਕੋਈ ਨਹੀਂ ਤੇ ਨਾ ਉਹ ਦਖ਼ਲ ਹੀ ਦੇਂਦੇ ਹਨ। ਪੱਤਰਕਾਰਾਂ ਸਾਹਮਣੇ, ਭੋਲੇ ਬਣ ਕੇ ਸ. ਬਾਦਲ ਕਈ ਵਾਰ ਇਹ ਵੀ ਕਹਿ ਜਾਂਦੇ ਹਨ ਕਿ, "ਮੈਂ ਤਾਂ ਜੀ ਡਰਦਾ ਰਹਿੰਦਾ ਹਾਂ ਕਿ ਜੇ ਜਥੇਦਾਰ ਸਾਹਿਬਾਨ ਮੈਨੂੰ ਸੱਦ ਲੈਣ ਤਾਂ ਮੈਂ ਕੀ ਕਰਾਂਗਾ ?" ਗਿ: ਇਕਬਾਲ ਸਿੰਘ ਨੇ ਉਪ੍ਰੋਕਤ ਭੇਤ ਖੋਲ੍ਹ ਕੇ ਕੁੱਝ ਹੋਰ ਹੀ ਤਸਵੀਰ ਪੇਸ਼ ਕਰ ਦਿਤੀ ਹੈ।

ਇਕ ਅੰਗਰੇਜ਼ੀ ਅਖ਼ਬਾਰ ਦੇ ਪੱਤਰਕਾਰ ਨੇ ਗਿ: ਇਕਬਾਲ ਸਿੰਘ ਨੂੰ ਟੈਲੀਫ਼ੋਨ 'ਤੇ ਪੁਛ ਲਿਆ ਕਿ ਉਹ ਪਹਿਲਾਂ ਕਿਉਂ ਚੁੱਪ ਬੈਠੇ ਰਹੇ ਤਾਂ ਉਨ੍ਹਾਂ ਕਿਹਾ, "ਕੀ ਦਸੀਏ ਜੀ, ਸਾਨੂੰ ਦੂਜੇ 'ਜਥੇਦਾਰ' ਕਹਿ ਦੇਂਦੇ ਸਨ ਕਿ ਪੰਥ ਦਾ ਵਾਸਤਾ ਜੇ, ਸੱਚ ਨੂੰ ਅਪਣੇ ਆਪ ਤਕ ਹੀ ਰਖਿਉ ਤੇ ਦੁਨੀਆਂ ਨੂੰ ਨਾ ਪਤਾ ਲੱਗਣ ਦੇਣਾ।"

ਸਿੱਖ ਹਲਕਿਆਂ ਵਿਚ, ਅਕਾਲ ਤਖ਼ਤ ਦੇ ਨਾਂ 'ਤੇ ਕੀਤੀ ਜਾ ਰਹੀ ਇਸ ਠੱਗੀ ਦੀ ਕਾਫ਼ੀ ਚਰਚਾ ਹੈ ਤੇ ਇਹ ਮੰਗ ਤੇਜ਼ ਹੋ ਰਹੀ ਹੈ ਕਿ ਇਸ ਫ਼ਰਾਡ ਦਾ ਸ਼ਿਕਾਰ ਹੋਣ ਵਾਲੇ ਸਾਰੇ ਸਿੱਖਾਂ ਵਿਰੁਧ ਉਪ੍ਰੋਕਤ ਅਨੁਸਾਰ ਜਾਰੀ ਕੀਤੇ ਗਏ ਹੁਕਮਨਾਮੇ ਵਾਪਸ ਲੈ ਕੇ, ਉਨ੍ਹਾਂ ਕੋਲੋਂ ਮਾਫ਼ੀ ਮੰਗੀ ਜਾਏ ਤੇ ਅੱਗੋਂ ਅਕਾਲ ਤਖ਼ਤ ਦੀ ਦੁਰਵਰਤੋਂ ਇਸ ਤਰ੍ਹਾਂ ਨਾ ਹੋ ਸਕੇ,





ਇਸ ਦਾ ਪੱਕਾ ਪ੍ਰਬੰਧ ਕੀਤਾ ਜਾਏ। ਇਸ ਸਬੰਧ ਵਿਚ 'ਪੰਜਾਬ ਦੇ ਤਖ਼ਤਾਂ ਦੇ ਪੁਜਾਰੀ ਬਨਾਮ ਪੰਜਾਬੋਂ ਬਾਹਰ ਦੇ ਤਖ਼ਤਾਂ ਦੇ ਪੁਜਾਰੀ' ਨਾਮੀ ਲੜਾਈ ਵਿਚ ਹੋਰ ਬੜੇ ਦਿਲਚਸਪ ਭੇਤ ਖੁਲ੍ਹਣ ਦੀ ਸੰਭਾਵਨਾ ਬਣੀ ਹੋਈ ਹੈ ਕਿਉਂਕਿ ਤਖ਼ਤ ਹਜ਼ੂਰ ਸਾਹਿਬ ਦੇ ਕਰਤਾ-ਧਰਤਾ ਲੋਕ ਵੀ ਅਕਾਲ ਤਖ਼ਤ ਦੇ ਪੁਜਾਰੀਆਂ ਵਿਰੁਧ ਬਗ਼ਾਵਤ ਵਿਚ ਸ਼ਾਮਲ ਹੋ ਗਏ ਹਨ। (ਰੋਜ਼ਾਨਾ ਸਪੋਕਸਮੈਨ 5 ਸਤੰਬਰ, 2007)

## ਇਹ ਹੈ ਵੇਦਾਂਤੀ ਜੀ ਦੇ ਕਿਰਦਾਰ ਦੀ ਇਕ ਝਲਕ

**ਫੱਫੇਕੁਟਣੀਆਂ ਵਿਧਵਾਵਾਂ :** ਜਦ ਨਵੰਬਰ, 84 ਦੀਆਂ ਪੀੜਤ ਵਿਧਵਾਵਾਂ, ਵੇਦਾਂਤੀ ਨੂੰ ਮਿਲਣ ਲਈ ਅਕਾਲ ਤਖ਼ਤ ਤੇ ਗਈਆਂ ਤਾਂ ਵੇਦਾਂਤੀ ਨੇ ਉਨ੍ਹਾਂ ਨੂੰ ਫੱਫੇਕੁਟਣੀਆਂ ਕਹਿ ਕੇ, ਉਨ੍ਹਾਂ ਦੀ ਗੱਲ ਸੁਣਨ ਤੋਂ ਹੀ ਇਨਕਾਰ ਕਰ ਦਿਤਾ। ਕੋਈ ਮਾੜੇ ਤੋਂ ਮਾੜਾ ਬੰਦਾ ਵੀ ਔਰਤਾਂ ਨਾਲ ਏਨਾ ਘਟੀਆ ਵਿਊਹਾਰ ਧਰਮ ਅਸਥਾਨ ਤੇ ਨਹੀਂ ਕਰਦਾ।

**ਧਰਮੀ ਫ਼ੌਜੀਆਂ ਦਾ ਪੈਸਾ :** ਧਰਮੀ ਫ਼ੌਜੀਆਂ ਨਾਲ ਪਹਿਲਾਂ ਵਾਅਦਾ ਕੀਤਾ ਕਿ ਉਨ੍ਹਾਂ ਲਈ ਵਿਦੇਸ਼ਾਂ ਤੋਂ ਪੈਸਾ ਪਹੁੰਚ ਚੁਕਾ ਹੈ ਜੋ ਅਗਲੇ ਮਹੀਨੇ ਉਨ੍ਹਾਂ ਨੂੰ ਦੇ ਦਿਤਾ ਜਾਏਗਾ ਪਰ ਮਗਰੋਂ ਸਾਫ਼ ਮੁਕਰ ਗਏ। ਧਰਮੀ ਫ਼ੌਜੀਆਂ ਨੇ ਪ੍ਰਧਾਨ ਸ਼੍ਰੋ: ਕਮੇਟੀ ਕੋਲ ਵੀ ਜਾ ਸ਼ਿਕਾਇਤ ਲਾਈ ਪਰ.....।

**ਵਿਦਵਾਨ :** ਜਦੋਂ ਗੁਰਬਖ਼ਸ਼ ਸਿੰਘ ਕਾਲਾ ਅਫ਼ਗ਼ਾਨਾ ਨੇ ਵੇਦਾਂਤੀ ਦੀ ਸੰਪਾਦਤ ਪੁਸਤਕ 'ਗੁਰਬਿਲਾਸ ਪਾਤਸ਼ਾਹੀ-6' ਦੇ ਬਖ਼ੀਏ ਉਧੇੜਨ ਵਾਲੀ ਜਵਾਬੀ ਕਿਤਾਬ ਪ੍ਰਕਾਸ਼ਤ ਕਰ ਦਿਤੀ ਤਾਂ ਗੁੱਸੇ ਵਿਚ ਆ ਕੇ, ਸੱਭ ਅਸੂਲ ਅਤੇ ਕਾਇਦੇ ਛਿੱਕੇ 'ਤੇ ਟੰਗ ਕੇ ਉਨ੍ਹਾਂ ਨੂੰ 'ਛੇਕ' ਦਿਤਾ।

**ਸੰਪਾਦਕ :** ਜਦ 6 ਵਿਦਵਾਨਾਂ ਨੇ ਇਸ ਵਿਰੁਧ ਰੋਸ ਪ੍ਰਗਟ ਕੀਤਾ ਤੇ ਪੁਛਿਆ ਕਿ ਉਹ ਦੱਸਣ, ਉਨ੍ਹਾਂ ਕੋਲ ਛੇਕਣ ਤੇ ਸੱਦਣ ਦੀ ਤਾਕਤ ਕਿਥੋਂ ਆਈ ਤਾਂ ਮੂੰਹ ਬੰਦ ਕਰ ਲਿਆ। ਜਦ ਵਰਲਡ ਸਿੱਖ ਕਨਵੈਨਸ਼ਨ, ਮੋਹਾਲੀ (ਅਕਤੂਬਰ 2003) ਨੇ ਵੇਦਾਂਤੀ ਦੀ ਕਾਰਵਾਈ ਨੂੰ ਰੱਦ ਕਰ ਦਿਤਾ ਤਾਂ ਗੁੱਸੇ ਵਿਚ ਆ ਕੇ ਸ. ਜੋਗਿੰਦਰ ਸਿੰਘ, ਸੰਪਾਦਕ ਸਪੋਕਸਮੈਨ ਨੂੰ ਛੇਕ ਦਿਤਾ।

**ਅਖ਼ਬਾਰ :** ਰੋਜ਼ਾਨਾ ਸਪੋਕਸਮੈਨ ਨਿਕਲਣ ਦੇ ਪਹਿਲੇ ਦਿਨ ਹੀ, ਅਖ਼ਬਾਰ ਵਿਰੁਧ ਪੰਥ ਨੂੰ ਆਦੇਸ਼ ਜਾਰੀ ਕੀਤੇ ਗਏ। ਦੁਨੀਆਂ ਵਿਚ ਇਹ ਇਕੋ ਇਕ ਪੁਜਾਰੀ ਹੈ ਜਿਸ ਨੇ ਅਪਣੇ ਸਾਥੀਆਂ ਨਾਲ ਰਲ ਕੇ, ਇਕ ਅਖ਼ਬਾਰ ਵਿਰੁਧ 'ਹੁਕਮਨਾਮਾ' ਜਾਰੀ ਕੀਤਾ ਹੋਵੇ।

**ਗੁਰੂ-ਮਾਰ ਪੁਸਤਕ :** ਵੇਦਾਂਤੀ ਨੇ ਗੁਰੂ-ਨਿੰਦਾ ਭਰਪੂਰ ਪੁਸਤਕ 'ਗੁਰਬਿਲਾਸ ਪਾਤਸ਼ਾਹੀ-6' ਨੂੰ ਸੰਪਾਦ ਕਰ ਕੇ ਛਪਵਾਇਆ ਤੇ ਇਸ ਵਿਚ ਲਿਖਿਆ ਕਿ ਜੇ ਇਸ

ਪੁਸਤਕ ਦੀ ਕਥਾ ਦੁਵਾਰਾ ਗੁਰਦੁਵਾਰਿਆਂ ਵਿਚ ਸ਼ੁਰੂ ਹੋ ਜਾਏ ਤਾਂ ਉਹ ਜੀਵਨ ਸਫ਼ਲਾ ਮੰਨਣਗੇ। ਇਹ ਉਹੀ ਪੁਸਤਕ ਹੈ ਜਿਸ ਦੀ ਕਥਾ ਮਹੰਤਾਂ ਵੇਲੇ ਹੁੰਦੀ ਸੀ ਪਰ ਜਿਸ ਦੀ ਗੁਰਦਵਾਰਿਆਂ ਵਿਚ ਕਥਾ ਬੰਦ ਕਰਨ ਦਾ ਫ਼ੈਸਲਾ, ਗੁਰਦਵਾਰਾ ਸੁਧਾਰ ਲਹਿਰ ਦਾ ਸੱਭ ਤੋਂ ਪਹਿਲਾ ਫ਼ੈਸਲਾ ਸੀ।

**ਅਬਲਾ ਔਰਤ** : ਇਕ (ਡੇਰੇ ਦੇ ਮੁਖੀ) ਬਾਬੇ ਨੇ ਇਕ ਸਿੱਖ ਨੌਜੁਆਨ ਲੜਕੀ ਦੀ ਪੱਤ ਲੁਟ ਲਈ। ਉਹ ਅਕਾਲ ਤਖ਼ਤ ਤੇ ਜਾ ਫ਼ਰਿਆਦੀ ਹੋਈ। ਵੇਦਾਂਤੀ ਨੇ ਕਈ ਪੇਸ਼ੀਆਂ ਪਾਉਣ ਮਗਰੋਂ, ਬਾਬੇ ਨੂੰ ਬਰੀ ਕਰ ਦਿਤਾ। ਅਬਲਾ ਲੜਕੀ ਮਾਮਲਾ ਅਦਾਲਤ ਵਿਚ ਲੈ ਗਈ ਜਿਥੇ ਸਾਧ ਨੂੰ 10 ਸਾਲ ਕੈਦ ਦੀ ਸਜ਼ਾ ਹੋ ਗਈ।

**ਪੈਸੇ ਲੈ ਕੇ ਹੁਕਮਨਾਮੇ** : ਇਹ ਅਕਾਲ ਤਖ਼ਤ ਦਾ ਪਹਿਲਾ ਪੁਜਾਰੀ ਹੈ ਜਿਸ ਉਤੇ ਪੈਸੇ ਲੈ ਕੇ 'ਹੁਕਮਨਾਮੇ' ਜਾਰੀ ਕਰਨ ਦਾ ਖੁਲ੍ਹੇਆਮ ਇਲਜ਼ਾਮ ਲੱਗਾ। ਸੱਚ ਕੀ ਹੈ ਤੇ ਝੂਠ ਕੀ, ਇਸ ਦੀ ਕਦੇ ਪੜਤਾਲ ਨਾ ਕਰਵਾਈ ਗਈ। ਲੜਕੀ ਤੋਂ ਲੈ ਕੇ ਦਿੱਲੀ ਦੇ ਨੇਤਾ ਚੱਢੋਕ ਦੇ ਮਾਮਲੇ ਤੇ ਇਹ ਇਲਜ਼ਾਮ ਖੁਲ੍ਹੇਆਮ ਲਗਦੇ ਰਹੇ।

**ਭ੍ਰਿਸ਼ਟਾਚਾਰ** : ਵੇਦਾਂਤੀ ਪਹਿਲਾ 'ਜਥੇਦਾਰ' ਹੈ ਜਿਸ ਨੇ ਸੱਭ ਤੋਂ ਵੱਧ ਵਿਦੇਸ਼ ਫੇਰੀਆਂ ਮਾਰੀਆਂ ਤੇ ਲੱਖਾਂ ਡਾਲਰ ਇਕੱਤਰ ਕਰ ਕੇ ਅਪਣੀ ਜੇਬ ਵਿਚ ਪਾ ਲਏ ਪਰ ਸ਼੍ਰੋਮਣੀ ਕਮੇਟੀ ਦੇ ਨਿਯਮਾਂ ਅਨੁਸਾਰ, ਸ਼੍ਰੋਮਣੀ ਕਮੇਟੀ ਨੂੰ ਨਾ ਦਿਤੇ।

**ਪ੍ਰਵਾਰਵਾਦ** : ਅਕਾਲ ਤਖ਼ਤ ਦੇ ਖ਼ਰਚੇ ਉਤੇ ਅਪਣਾ ਸਾਰਾ ਪ੍ਰਵਾਰ ਕੈਨੇਡਾ ਦੀ ਯਾਤਰਾ ਤੇ ਲਿਜਾਣ ਵਾਲਾ ਇਹ ਪਹਿਲਾ 'ਜਥੇਦਾਰ' ਹੈ ਜਿਸ ਨੇ ਬਹਾਨਾ ਇਹ ਲਾਇਆ ਕਿ ਇਹ ਗੁਰੂ ਗੋਬਿੰਦ ਸਿੰਘ ਜੀ ਦੀ ਕਲਗ਼ੀ ਲੱਭਣ ਲਈ ਕੈਨੇਡਾ (?) ਜਾ ਰਿਹਾ ਹੈ। ਅਪਣਾ ਕਾਮਰੇਡ ਰਿਸ਼ਤੇਦਾਰ ਇਸ ਨੇ ਹਰ ਸਮੇਂ ਨਾਲ ਰਖਿਆ ਤੇ ਜਦ ਉਸ ਨੂੰ ਕਿਹਾ ਗਿਆ ਕਿ ਰਿਸ਼ਤੇਦਾਰ ਦੀ ਥਾਂ ਕੋਈ ਹੋਰ ਬੰਦਾ ਪੀ.ਏ. ਰੱਖ ਲਉ ਤਾਂ ਇਸ ਨੇ ਜਵਾਬ ਦਿਤਾ, "ਮੈ 'ਜਥੇਦਾਰ' ਰਹਾਂ ਨਾ ਰਹਾਂ ਪਰ ਇਹ ਤਾਂ ਇਥੇ ਹੀ ਰਹੇਗਾ।"

**ਦੁਨੀਆਂ ਦਾ ਅਜੀਬ ਪੁਜਾਰੀ** : ਦੁਨੀਆਂ ਦੇ ਪੁਰਾਤਨ ਤੋਂ ਪੁਰਾਤਨ ਧਰਮ ਦਾ ਕੋਈ ਪੁਜਾਰੀ ਵੀ ਅੱਜ ਕਿਸੇ ਨੂੰ ਅਪਣੀ ਹਜ਼ੂਰੀ ਵਿਚ ਪੇਸ਼ ਹੋਣ ਲਈ ਨਹੀਂ ਕਹਿੰਦਾ - ਖ਼ਾਸ ਤੌਰ ਤੇ ਵਿਦਵਾਨਾਂ ਤੇ ਅਖ਼ਬਾਰਾਂ ਵਾਲਿਆਂ ਨਾਲ ਇਹ ਕੋਝਾ ਵਿਹਾਰ ਨਹੀਂ ਕਰਦਾ। ਪਰ ਵੇਦਾਂਤੀ ਦਾ ਰੂਲ ਇਹ ਸੀ ਕਿ ਜਿਹੜਾ ਉਸ ਕੋਲ ਪੇਸ਼ ਨਾ ਹੋਇਆ, ਉਸ ਨੇ ਕੋਈ ਹੋਰ ਗ਼ਲਤੀ ਕੀਤੀ ਹੋਵੇ ਜਾਂ ਨਾ, ਉਸ ਨੂੰ ਛੇਕ ਦਿਤਾ ਜਾਵੇਗਾ।

**ਅਖ਼ਬਾਰਾਂ ਦੀ ਆਜ਼ਾਦੀ** : ਦੁਨੀਆਂ ਦੇ ਕਿਸੇ ਵੀ ਧਰਮ ਦਾ ਪੁਜਾਰੀ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਨਹੀਂ ਸੱਦ ਜਾਂ ਪੁਛ ਸਕਦਾ ਕਿਉਂਕਿ ਅਜਿਹਾ ਕਰਨਾ ਪ੍ਰੈੱਸ ਦੀ ਆਜ਼ਾਦੀ ਦੀ ਉਲੰਘਣਾ ਮੰਨਿਆ ਜਾਂਦਾ ਹੈ। ਪਰ ਵੇਦਾਂਤੀ ਇਕੱਲਾ ਪੁਜਾਰੀ ਹੈ ਜੋ ਅਖ਼ਬਾਰਾਂ ਦੇ ਸੰਪਾਦਕਾਂ ਨੂੰ ਬੁਲਾਂਦਾ ਹੀ ਨਹੀਂ ਰਿਹਾ ਸਗੋਂ ਛੇਕ ਵੀ ਦੇਂਦਾ ਰਿਹਾ ਹੈ।





**ਧਮਕੀਆਂ** : ਅਕਾਲ ਤਖ਼ਤ ਦੇ 'ਜਥੇਦਾਰ' ਦੀ ਭਾਸ਼ਾ ਨਰਮ ਤੇ ਸਾਊਆਂ ਵਾਲੀ ਹੋਣੀ ਚਾਹੀਦੀ ਹੈ ਪਰ ਇਹ ਇਕੋ ਇਕ 'ਜਥੇਦਾਰ' ਹੋਇਆ ਹੈ ਜੋ ਧਮਕੀਆਂ ਦੇਣ ਲਗਿਆਂ ਜ਼ਰਾ ਵੀ ਹਿਚਕਚਾਹਟ ਨਹੀਂ ਸੀ ਵਿਖਾਂਦਾ। ਇਸ ਦੇ ਮੂੰਹ ਤੇ ਇਕ ਫ਼ਿਕਰਾ ਚੜ੍ਹਿਆ ਹੋਇਆ ਸੀ ਕਿ ਜਿਹੜਾ ਕੰਡਾ ਪੈਰ ਨੂੰ ਚੁੱਭਣ ਲੱਗੇ, ਉਸ ਨੂੰ ਜੁੱਤੀ ਨਾਲ ਫੇਹ ਦੇਣਾ ਚਾਹੀਦਾ ਹੈ ਅਰਥਾਤ ਵੇਦਾਂਤੀ ਦਾ ਕਿਹਾ ਨਾ ਮੰਨਣ ਵਾਲੇ ਨੂੰ ਮਾਰ ਦੇਣਾ ਚਾਹੀਦਾ ਹੈ। (ਰੋਜ਼ਾਨਾ ਸਪੋਕਸਮੈਨ : 6 ਅਗੱਸਤ 2008)

## ਪ੍ਰੋ. ਦਰਸ਼ਨ ਸਿੰਘ ਨੇ ਨਿਹੋਰਾ ਮਾਰਦਿਆਂ ਕਿਹਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਅਥਾਹ ਸ਼ਰਧਾ ਦਾ ਦਾਅਵਾ ਕਰਨ ਵਾਲੇ, ਹੇ ਗੁਰਸਿੱਖਾ ! ਤੇਰੀ ਮੌਜੂਦਗੀ 'ਚ ਅੱਜ ਥਾਂ ਥਾਂ ਗੁਰੂ ਦੀ ਬੇਅਦਵੀ ਕੀਤੀ ਜਾ ਰਹੀ ਹੈ

ਬਠਿੰਡਾ, 27 ਫ਼ਰਵਰੀ (ਕਿਰਪਾਲ ਸਿੰਘ) : ਸ੍ਰੀ ਅਕਾਲ ਤਖ਼ਤ ਸਹਿਬ ਜੀ ਦੇ ਸਾਬਕਾ ਮੁੱਖ ਸੇਵਦਾਰ ਪ੍ਰੋ. ਦਰਸ਼ਨ ਸਿੰਘ ਨੇ ਬੀਤੇ ਦਿਨ ਸਪੋਕਸਮੈਨ ਨਾਲ ਗੱਲ ਕਰਦਿਆਂ ਸਿੱਖਾਂ ਨੂੰ ਨਿਹੋਰਾ ਮਾਰਦਿਆਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਿੱਖ ਅਖਵਾਉਣ ਵਾਲੇ ਤੇ ਅਪਣੀ ਅਥਾਹ ਸ਼ਰਧਾ ਦਾ ਦਾਅਵਾ ਕਰਣ ਵਾਲੇ ਹੇ ਗੁਰਸਿੱਖਾ! ਤੇਰੇ ਸਾਹਮਣੇ ਇਕ ਅਹਿਮ ਸਵਾਲ ਖੜਾ ਹੈ? ਤੇਰੀ ਮੌਜੂਦਗੀ ਵਿਚ ਅਜ ਥਾਂ ਥਾਂ ਤੇਰੇ ਗੁਰੂ ਦੀ ਘੋਰ ਬੇਅਦਬੀ ਕੀਤੀ ਜਾ ਰਹੀ ਹੈ। ਕੇਂਦਰੀ ਅਸਥਾਨਾਂ, ਵੱਡੇ ਵੱਡੇ ਡੇਰਿਆਂ 'ਚ ਦੁਕਾਨਾਂ ਦੇ ਸੌਦੇ ਵਾਂਗ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰ ਕੇ ਬਰਾਬਰ ਅਸ਼ਲੀਲਤਾ ਭਰਪੂਰ ਗੁਰਮਤਿ ਸਿਧਾਂਤ ਵਿਰੋਧੀ ਰਚਨਾਵਾਂ ਦਾ ਪ੍ਰਕਾਸ਼, ਦੇਹਧਾਰੀ ਗੁਰੂਆਂ, ਮੂਰਤੀਆਂ ਤੇ ਫ਼ੋਟੋਆਂ ਦੇ ਸਿੰਘਾਸਨ ਲਾ ਕੇ ਪੂਜਾ ਕੀਤੀ ਜਾ ਰਹੀ ਹੈ। ਗੁਰੂ ਸਾਹਿਬ ਦੇ ਹੁਕਮ ਬਾਣੀ ਨੂੰ ਲਾਂਭੇ ਰੱਖ ਕੇ ਦੇਹਧਾਰੀਆਂ ਦੇ ਹੁਕਮਾਂ 'ਤੇ ਫੁੱਲ ਚੜ੍ਹਾਏ ਜਾਂਦੇ ਹਨ।

ਪ੍ਰੋ. ਦਰਸ਼ਨ ਸਿੰਘ ਨੇ ਪੁਛਿਆ ਕਿ ਕੀ ਸਾਰੇ ਸਿੱਖਾਂ ਦੇ ਜ਼ਮੀਰ ਨੂੰ ਚੈਲੰਜ ਨਹੀਂ? ਸਿੱਖਾਂ ਦਾ ਜ਼ਮੀਰ ਮਰ ਚੁਕਿਐ, ਸੌਂ ਚੁਕਿਐ ਜਾਂ ਫਿਰ ਸਿੱਖ ਅੱਖਾਂ ਬੰਦ ਕਰ ਕੇ ਹੀ ਜੀਅ ਰਿਹਾ ਹੈ? ਉਨ੍ਹਾਂ ਕਿਹਾ ਕਿ ਅੱਜ ਸਿੱਖੀ ਦੇ ਵਿਹੜੇ 'ਚ ਸਿੱਖੀ ਭਵਿੱਖ ਲਈ ਘਾਤਕ ਹਾਲਤ ਬਣੀ ਹੋਈ ਹੈ। ਗੁਰੂ ਦੰਭ, ਡੇਰੇ, ਸੰਪਰਦਾਵਾਂ ਸਿੱਖੀ ਬਾਣੇ ਨੀਲੇ, ਪੀਲੇ ਚੋਲਿਆਂ ਹੇਠ ਬ੍ਰਾਹਮਣਵਾਦ ਦਾ ਕਰਮ ਕਾਂਡ ਛਾਅ ਰਿਹਾ ਹੈ। ਉਨ੍ਹਾਂ ਆਖਿਆ, ਗੁਰੂ ਕਹਿੰਦੇ ਹਨ "ਲਬੁ ਪਾਪੁ ਦੁਇ ਰਾਜਾ ਮਹਤਾ ਕੂੜੁ ਹੋਆ ਸਿਕਦਾਰੁ॥ ਕਾਮੁ ਨੇਬੁ ਸਦਿ ਪੁਛੀਐ ਬਹਿ ਬਹਿ ਕਰੇ ਬੀਚਾਰੁ॥ ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥" ਅੱਗੇ ਜਾ ਕੇ ਫਿਰ ਕਿਹਾ, "ਮੂਰਖ ਪੰਡਿਤ ਹਿਕਮਤਿ ਹੁਜਤਿ ਸੰਜੈ ਕਰਹਿ ਪਿਆਰੁ॥ ਧਰਮੀ ਧਰਮੁ ਕਰਹਿ ਗਾਵਾਵਹਿ ਮੰਗਹਿ ਮੋਖ ਦੁਆਰੁ॥" ਪਰ ਅੱਜ ਵੱਡੀਆਂ ਵੱਡੀਆਂ ਪਦਵੀਆਂ 'ਤੇ ਬੈਠੇ ਵੇਦ ਵਕਤਾ ਆਪੂ ਬਣੇ ਵਿਦਵਾਨ ਚੌਧਰ ਤੇ ਦੌਲਤ ਲਈ ਵੱਖ-ਵੱਖ ਹੱਥਾਂ 'ਚ ਖੇਡਦੇ ਮੂਰਖ

ਪੰਡਿਤ, ਹਿਕਮਤ ਹੁਜਤ ਨਾਲ ਆਪਸ ਵਿਚ ਟਕਰਾ ਰਹੇ ਹਨ। ਇਹੀ ਨਹੀਂ ਡੇਰੇ ਕੁਕਰਮ ਤੇ ਕਰਮ ਕਾਂਡਾਂ ਦੇ ਕੇਂਦਰ ਬਣ ਰਹੇ ਹਨ।

ਉਨ੍ਹਾਂ ਕਿਹਾ ਕਿ ਦੂਜੇ ਪਾਸੇ ਇਸ ਸਾਰੀ ਅਧੋਗਤੀ ਦੇ ਜ਼ਿੰਮੇਵਾਰ ਉਹ ਲੋਕ ਵੀ ਹਨ ਜੋ ਸਿੱਖ ਸੰਗਤ, ਗੁਰਦਵਾਰਾ ਪ੍ਰਬੰਧਕ ਤੇ ਪ੍ਰਚਾਰਕ ਅਖਵਾਂਦੇ ਹਨ ਪਰ "ਅੰਧੀ ਰਯਤਿ ਗਿਆਨ ਵਿਹੂਣੀ" ਵਾਂਗ ਉਨ੍ਹਾਂ ਦੇ ਪਿਛੇ ਲੱਗ ਕੇ ਧਰਮ ਕਮਾਉਣ ਦੇ ਭੁਲੇਖੇ ਧਰਮ ਗਵਾ ਰਹੇ ਹਨ। ਉਨ੍ਹਾਂ ਕਿਹਾ ਕਿ ਨਾ ਉਨ੍ਹਾਂ 'ਤੇ ਬਾਣੀ ਗੁਰੂ ਦਾ ਕੋਈ ਅਸਰ ਹੈ ਤੇ ਨਾ ਜੁਗੋ ਜੁਗ ਅਟੱਲ ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹੁੰਦੀ ਬੇਅਦਬੀ ਦੇਖ ਕੇ ਉਨ੍ਹਾਂ 'ਚ ਜਾਗਰਿਤੀ ਆਉਂਦੀ ਹੈ। ਉਲਟਾ ਗ਼ਫ਼ਲਤਾ ਦੀ ਨੀਂਦ ਤੋਂ ਜਾਗ ਕੇ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜਨ ਦੀ ਗੱਲ ਨੂੰ ਸਮਝਣ ਦੀ ਥਾਂ ਵਾਦ-ਵਿਵਾਦ 'ਚ ਨਾ ਪੈਣ ਦੀ ਗੱਲ ਆਖ ਕੇ ਅੱਖਾਂ ਬੰਦ ਕਰ ਲੈਂਦੇ ਹਨ। ਜੇ ਉਨ੍ਹਾਂ ਦਾ ਗੁਰੂ ਨਾਲ ਕੁੱਝ ਪਿਆਰ ਹੈ, ਜੇ ਉਹ ਗੁਰੂ ਦਾ ਅਦਬ ਚਾਹੁੰਦੇ ਹਨ ਤਾਂ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸ਼ਬਦ ਗੁਰੂ ਦੀ ਹੋ ਰਹੀ ਬੇਅਦਬੀ ਰੋਕਨ ਲਈ ਇਕ ਆਵਾਜ਼ ਬਣਨ ਨਹੀਂ ਤਾਂ ਘੱਟੋ ਘੱਟ ਜਿਨ੍ਹਾਂ ਡੇਰਿਆਂ ਜਾਂ ਅਸਥਾਨਾਂ 'ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਿਸੇ ਹੋਰ ਗ੍ਰੰਥ ਪੋਥੀ, ਫ਼ੋਟੋ ਜਾਂ ਕਿਸੇ ਦੇਹਧਾਰੀ ਦਾ ਆਸਣ ਲਾਇਆ ਜਾਂਦਾ ਹੋਵੇ ਉਥੇ ਸਿੱਖ ਅਖਵਾਉਣ ਵਾਲੇ ਬਿਲਕੁਲ ਨਾ ਜਾਣ। ਫਿਰ ਭਾਵੇਂ ਉਹ ਕਿੱਡਾ ਹੀ ਵੱਡਾ ਡੇਰਾ ਜਾਂ ਅਸਥਾਨ ਕਿਉਂ ਨਾ ਹੋਵੇ।

ਉਨ੍ਹਾਂ ਸਿੰਘਾਂ ਨੂੰ ਵੰਗਾਰਦੇ ਹੋਏ ਕਿਹਾ ਕਿ ਸਿੰਘੋ ਜਾਗੋ ਤੁਹਾਡੀ ਹੀ ਚੜ੍ਹਾਈ ਭੇਟਾ 'ਤੇ ਵੱਡੀਆਂ ਵੱਡੀਆਂ ਇਮਾਰਤਾਂ ਬਣਾ ਕੇ ਪਲ ਰਹੇ ਤੇ ਇਨ੍ਹਾਂ ਅਸਥਾਨਾਂ ਉਤੇ ਬੈਠੇ ਇਹ ਲੋਕ ਤੁਹਾਡੇ ਸਾਹਮਣੇ, ਤੁਹਾਡੇ ਹੀ ਜੀਵਨ ਦਾਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਘੋਰ ਪਾਪ ਨੂੰ ਠੱਲ੍ਹ ਉਦੋਂ ਹੀ ਪਵੇਗੀ ਜਦੋਂ ਸਿੱਖ ਪ੍ਰਣ ਕਰ ਕੇ ਅਜਿਹੇ ਡੇਰਿਆਂ ਤੇ ਅਸਥਾਨਾਂ 'ਤੇ ਜਾਣਾ ਬੰਦ ਕਰੇਗਾ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਹੁਕਮ ਹੈ "ਜਿਨਾ ਗੁਰੂ ਗੋਪਿਆ ਆਪਣਾ ਤੇ ਨਰ ਬੁਰਿਆਰੀ॥ ਹਰਿ ਜੀਉ ਤਿਨ ਕਾ ਦਰਸਨੁ ਨਾ ਕਰਹੁ ਪਾਪਿਸਟ ਹਤਿਆਰੀ॥ ਓਹਿ ਘਰਿ ਘਰਿ ਫਿਰਹਿ ਕੁਸੁਧ ਮਨਿ ਜਿਉ ਧਰਕਟ ਨਾਰੀ॥" (ਰੋਜ਼ਾਨਾ ਸਪੋਕਸਮੈਨ 28 ਫਰਵਰੀ 2008)

## ਦਸਮ ਗ੍ਰੰਥ ਬ੍ਰੀਗੇਡ ਹੁਣ ਧਮਕੀਆਂ 'ਤੇ ਉਤਰ ਆਇਆ 'ਦਸਮ ਗ੍ਰੰਥ' ਦਾ ਮਸਲਾ ਹੱਲ ਕਰਨ ਲਈ ਠੀਕ ਰਾਹ ਇਕ ਹੀ ਹੈ, ਦੋ ਨਹੀਂ

**ਨਾਂਦੇੜ ਵਿਖੇ ਤਖ਼ਤ ਹਜ਼ੂਰ ਸਾਹਿਬ ਨੂੰ, ਦਸਮ ਗ੍ਰੰਥ ਬ੍ਰੀਗੇਡ ਨੇ ਬੜੀ ਚਲਾਕੀ ਅਤੇ ਚੁਸਤੀ ਨਾਲ ਇਕ ਨਵਾਂ 'ਬਚਿੱਤਰ ਨਾਟਕ' ਖੇਡਣ ਲਈ ਚੁਣਿਆ ਸੀ।** ਉਨ੍ਹਾਂ ਦਾ ਖ਼ਿਆਲ ਸੀ ਕਿ ਜੇ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਮਿਲਣ ਦੇ ਤ੍ਰਿਸ਼ਤਾਬਦੀ ਸਮਾਗਮਾਂ ਦਾ ਬਹਾਨਾ ਬਣਾ ਕੇ, ਉਥੇ ਇਹ 'ਬਚਿੱਤਰ ਨਾਟਕ' ਵੱਡੇ ਪੱਧਰ 'ਤੇ ਖੇਡਿਆ ਜਾਏ ਤਾਂ ਆਦਤ ਅਨੁਸਾਰ, ਲੱਖਾਂ ਸਿੱਖ ਵਹੀਰਾਂ ਘੱਤ ਕੇ ਉਥੇ ਪਹੁੰਚ ਜਾਣਗੇ। ਉਨ੍ਹਾਂ ਨੂੰ ਉਥੇ





ਬੁਲਾਉਣ ਲਈ ਸਰਕਾਰਾਂ, ਸੰਤ ਬਾਬਿਆਂ ਤੇ ਆਰ.ਐਸ.ਐਸ. ਨੇ ਰੱਲ ਕੇ, ਲਾਲਚ ਵੀ ਦੱਬ ਕੇ ਦਿਤੇ। ਵਿਸ਼ੇਸ਼ ਰੇਲ ਗੱਡੀਆਂ ਬੁੱਕ ਕਰਾਈਆਂ, ਹਵਾਈ ਜਹਾਜ਼ ਰਾਹੀਂ ਯਾਤਰਾ ਸ਼ੁਰੂ ਕਰਵਾਈ ਤੇ ਟਿਕਟਾਂ ਸਸਤੀਆਂ ਕਰਵਾਈਆਂ। ਸੰਤ ਬਾਬਿਆਂ ਨੇ ਵੀ ਘੋਸ਼ਣਾ ਕਰ ਦਿਤੀ ਕਿ 300 ਕਿਸਮ ਦੇ ਸਵਾਦਿਸ਼ਟ ਵਿਅੰਜਨ (ਭੋਜਨ) ਉਨ੍ਹਾਂ ਵਲੋਂ ਵਰਤਾਏ ਜਾਣਗੇ ਤੇ 7 ਦਿਨ ਲਈ ਨਾਂਦੇੜ ਦੇ ਕਿਸੇ ਵਾਸੀ ਨੂੰ ਘਰ ਰੋਟੀ ਪਕਾਉਣ ਦੀ ਲੋੜ ਨਹੀਂ ਰਹੇਗੀ ਆਦਿ ਆਦਿ। **ਮਕਸਦ ਇਹ ਸੀ ਕਿ ਲੱਖਾਂ ਦੀ ਗਿਣਤੀ ਵਿਚ ਸੰਗਤ ਨੂੰ ਕਿਸੇ ਨਾ ਕਿਸੇ ਬਹਾਨੇ ਉਥੇ ਇਕੱਤਰ ਕਰ ਲਿਆ ਜਾਏ ਤੇ ਗੁਰੂ ਗ੍ਰੰਥ ਸਾਹਿਬ ਦੀ ਤ੍ਰਿਸ਼ਤਾਬਦੀ ਦੇ ਓਹਲੇ ਹੇਠ, 'ਦਸਮ ਗ੍ਰੰਥ' ਵਰਗੀ ਉਸ ਪੁਸਤਕ ਬਾਰੇ ਕੋਈ ਵਿਸ਼ੇਸ਼ ਐਲਾਨ ਕਰ ਦਿਤਾ ਜਾਵੇ ਜਿਸ ਨੂੰ ਅੱਜ 80 ਪ੍ਰਤੀਸ਼ਤ ਸਿੱਖ, ਰੱਦ ਕਰਦੇ ਹਨ ਤੇ ਗੁਰੂ ਗੋਬਿੰਦ ਸਿੰਘ ਦੇ ਨਾਂ ਨਾਲ ਜੋੜੇ ਜਾਣ ਦੇ ਖ਼ਿਆਲ ਨੂੰ ਵੀ ਨਫ਼ਰਤ ਕਰਦੇ ਹਨ।** ਖ਼ਤਰਾ ਸੀ ਕਿ ਜੇ ਬਹੁਤ ਸਾਰੇ ਸਿੱਖ ਉਥੇ ਪਹੁੰਚ ਗਏ ਅਤੇ ਪੁਜਾਰੀ, ਗੋਲਕਧਾਰੀ ਵਰਗ ਨੇ ਵਿਸ਼ਾਲ ਇਕੱਤਰਤਾ ਨੂੰ ਬਹਾਨਾ ਬਣਾ ਕੇ ਕੋਈ ਧੱਕੇਸ਼ਾਹੀ ਕਰਨ ਦੀ ਕੋਸ਼ਿਸ਼ ਕੀਤੀ ਤਾਂ ਬਦਅਮਨੀ ਵਾਲਾ ਮਾਹੌਲ ਵੀ ਬਣ ਜਾਏਗਾ ਤੇ ਸਿੱਖਾਂ ਅੰਦਰ ਪੱਕੀ ਦੁਫੇੜ ਵੀ ਪੈ ਜਾਏਗੀ। ਆਰ.ਐਸ.ਐਸ. ਨੂੰ ਇਹ ਦੋਵੇਂ ਗੱਲਾਂ ਪ੍ਰਵਾਨ ਸਨ ਪਰ ਸਿੱਖ ਪੁਜਾਰੀਆਂ ਵਾਂਗ ਹੀ, ਉਹ 'ਦਸਮ ਗ੍ਰੰਥ' ਨੂੰ ਸਿੱਖੀ ਦਾ ਅੰਗ ਜ਼ਰੂਰ ਬਨਾਉਣਾ ਚਾਹੁੰਦੀ ਸੀ।

**ਸਿੱਖ ਪੰਥ ਨੇ ਇਸ ਸਮੇਂ ਸਮਝਦਾਰੀ ਤੋਂ ਕੰਮ ਲੈਂਦਿਆਂ ਠੀਕ ਫ਼ੈਸਲਾ ਕੀਤਾ ਤੇ ਅਪਣੇ ਤੌਰ 'ਤੇ ਹੀ ਫ਼ੈਸਲਾ ਲੈ ਲਿਆ ਕਿ ਇਸ ਗੋਲਕਧਾਰੀ-ਪੁਜਾਰੀਵਾਦੀ ਸਮਾਗਮ ਦਾ ਬਾਈਕਾਟ ਹੀ ਕੀਤਾ ਜਾਏ।** ਇਸ ਤਰ੍ਹਾਂ ਕਿਸੇ ਵਲੋਂ ਕੋਈ ਕਾਲ ਦਿਤੇ ਬਿਨਾਂ ਹੀ, ਸਿੱਖ ਇਤਿਹਾਸ ਦਾ ਸੱਭ ਤੋਂ ਵੱਡਾ ਬਾਈਕਾਟ ਹੋਂਦ ਵਿਚ ਆ ਗਿਆ। ਜਿਵੇਂ ਕਿ ਅਸੀ ਪਹਿਲਾਂ ਵੀ ਦਸ ਚੁਕੇ ਹਾਂ, **ਕਿਸੇ ਵੀ ਸਮੇਂ 10 ਹਜ਼ਾਰ ਤੋਂ ਵੱਧ 'ਸੰਗਤ' ਉਥੇ ਨਾ ਵੇਖੀ ਜਾ ਸਕੀ।** ਇਸ 'ਸੰਗਤ' ਵਿਚੋਂ ਵੀ ਜੇਕਰ ਆਰ.ਐਸ.ਐਸ., ਬਾਬਾ ਬ੍ਰੀਗੇਡ ਦੇ ਗੜਵਈਆਂ, ਸ਼੍ਰੋਮਣੀ ਕਮੇਟੀ ਦੇ ਬੰਦਿਆਂ ਅਤੇ ਕੇਵਲ ਚੰਗਾ ਭੋਜਨ ਖਾਣ ਦੇ ਸ਼ੌਕੀਨ ਸਥਾਨਕ ਗ਼ੈਰ-ਸਿੱਖਾਂ ਨੂੰ ਕੱਢ ਦਿਤਾ ਜਾਏ ਤਾਂ **ਉਥੇ ਵਿਸ਼ੇਸ਼ ਤੌਰ 'ਤੇ ਜਾਣ ਵਾਲੇ ਸਿੱਖ ਸ਼ਰਧਾਲੂਆਂ ਦੀ ਗਿਣਤੀ ਇਕ ਹਜ਼ਾਰ ਤੋਂ ਵੱਧ ਕਦੇ ਵੀ ਨਹੀਂ ਹੋ ਸਕੀ।** ਇਸ ਨਾਲ ਪ੍ਰਬੰਧਕਾਂ ਦੇ ਹੋਸ਼ ਗੁੰਮ ਹੋਣੇ ਕੁਦਰਤੀ ਸਨ ਤੇ ਉਨ੍ਹਾਂ ਦੇ ਹਮਾਇਤੀ ਪੱਤਰਕਾਰ ਵੀ ਇਸ ਤੋਂ ਵੱਧ ਕੁੱਝ ਨਾ ਲਿਖ ਸਕੇ ਕਿ ਨਾਂਦੇੜ ਦੇ ਸਥਾਨਕ ਲੋਕ, ਲੰਮੇ ਸਮੇਂ ਤਕ, ਬਾਬਿਆਂ ਦੇ ਸਵਾਦਿਸ਼ਟ ਭੋਜਨ ਨੂੰ ਯਾਦ ਕਰਦੇ ਰਹਿਣਗੇ! ਇਹੀ ਸੀ ਇਸ ਇਤਿਹਾਸਕ ਸਮਾਗਮ ਦੀ ਸੱਭ ਤੋਂ ਵੱਡੀ ਪ੍ਰਾਪਤੀ! ਬਾਕੀ ਦੀਆਂ 'ਪ੍ਰਾਪਤੀਆਂ' ਉਨ੍ਹਾਂ ਤੋਂ ਪੁਛੀਆਂ ਜਾ ਸਕਦੀਆਂ ਹਨ ਜਿਨ੍ਹਾਂ ਨੂੰ ਮਾਰਿਆ ਕੁਟਿਆ ਗਿਆ ਜਾਂ ਜਿਹੜੇ ਦੁਖੀ ਹੋ ਕੇ, ਸਮਾਗਮ ਤੋਂ ਪਹਿਲਾਂ ਹੀ ਵਾਪਸ ਚਲੇ ਆਏ ਜਾਂ ਜਿਨ੍ਹਾਂ ਨੂੰ ਉਥੇ ਹੁੰਦੀ ਗੁਰਮਤਿ ਦੀ ਉਲੰਘਣਾ ਦੇ ਨਜ਼ਾਰੇ ਵੀ ਉਮਰ ਭਰ ਪ੍ਰੇਸ਼ਾਨ ਤੇ ਦੁਖੀ ਕਰਦੇ ਰਹਿਣਗੇ।

**ਇਸ ਨਾਕਾਮੀ ਤੋਂ, ਸਿੱਖ ਪੰਥ ਦੇ ਮੂਡ ਦਾ ਸਹੀ ਅੰਦਾਜ਼ਾ ਲਾਉਣ ਅਤੇ ਅਪਣੀਆਂ ਨੀਤੀਆਂ ਵਿਚ ਮੁਨਾਸਬ ਤਬਦੀਲੀ ਕਰਨ ਦੀ ਸਿਖਿਆ ਲੈਣ ਦੀ ਬਜਾਏ, ਦਸਮ ਗ੍ਰੰਥ**

**ਬ੍ਰੀਗੇਡ ਵਾਲਿਆਂ ਨੇ ਧਮਕੀਆਂ ਦੇਣ ਦਾ ਰਾਹ ਚੁਣਿਆ ਹੈ ਤੇ ਅਕਾਲ ਤਖ਼ਤ ਦੇ ਸਾਬਕਾ ਮੁੱਖ ਸੇਵਾਦਾਰ ਪ੍ਰੋ. ਦਰਸ਼ਨ ਸਿੰਘ ਰਾਗੀ ਨੂੰ ਵਿਸ਼ੇਸ਼ ਤੌਰ ’ਤੇ ਕਿਹਾ ਹੈ ਕਿ ਉਹ ਤੇ ਉਨ੍ਹਾਂ ਦਾ ਪ੍ਰਵਾਰ ਤਿਆਰੀ ਕਰ ਲਵੇ।** ਪ੍ਰੋ. ਦਰਸ਼ਨ ਸਿੰਘ ਨੂੰ ਬਰਤਾਨੀਆਂ ਵਿਚ, ਇਕ ਗੁਰਦਵਾਰੇ ਵਿਚ ਕੀਰਤਨ ਕਰਨ ਤੋਂ ਰੋਕਣ ਵਿਚ ਵੀ ਉਹ ਕਾਮਯਾਬ ਰਹੇ। ਇਨ੍ਹਾਂ ਲੋਕਾਂ ਕੋਲ ਦਲੀਲ ਪਹਿਲਾਂ ਵੀ ਕੋਈ ਨਹੀਂ ਸੀ ਤੇ ਹੁਣ ਵੀ ਕੋਈ ਨਹੀਂ ਤੇ ਉਹ ਕੇਵਲ ਇਹੀ ਕਹੀ ਜਾ ਰਹੇ ਹਨ ਕਿ ਉਹ ਕਿਉਂਕਿ ਦਸਮ ਗ੍ਰੰਥ ਨੂੰ ਗੁਰੂ ਗੋਬਿੰਦ ਸਿੰਘ ਦੀ ਰਚਨਾ ਮੰਨਦੇ ਹਨ, ਇਸ ਲਈ ਇਸ ‘ਗ੍ਰੰਥ’ ਦੀ ਵਿਰੋਧਤਾ ਬਰਦਾਸ਼ਤ ਨਹੀਂ ਕਰਨਗੇ! ਸ਼ਾਇਦ ਉਨ੍ਹਾਂ ਨੂੰ ‘ਪੰਥ’ ਦੇ ਅਰਥ ਹੀ ਯਾਦ ਨਹੀਂ ਰਹੇ। **‘ਦਸਮ ਗ੍ਰੰਥ’ ਸਿੱਖਾਂ ਦਾ ਗ੍ਰੰਥ ਹੈ ਜਾਂ ਨਹੀਂ, ਇਸ ਦਾ ਫ਼ੈਸਲਾ ਪਹਿਲਾਂ ਪੰਥ ਦੇ ਵਿਦਵਾਨਾਂ ਨੇ ਕਰਨਾ ਹੈ ਤੇ ਫਿਰ ਅਕਾਲ ਤਖ਼ਤ ਤੋਂ ਸਰਬਸੰਮਤੀ ਨਾਲ, ਪੰਥ ਨੇ ਪ੍ਰਵਾਨਗੀ ਦੇਣੀ ਹੈ।** ਫਿਰ ਹੀ ਇਹ ‘ਸਿੱਖ ਗ੍ਰੰਥ’ ਵਜੋਂ ਪ੍ਰਵਾਨ ਹੋਇਆ ਸਮਝਿਆ ਜਾ ਸਕੇਗਾ। 80 ਫ਼ੀ ਸਦੀ ਸਿੱਖ ਇਸ ਦੇ ਖ਼ਿਲਾਫ਼ ਹਨ ਤਾਂ ਕੋਈ ਇਕ ਧੜਾ (ਭਾਵੇਂ ਉਸ ਕੋਲ ਕਿੰਨੇ ਵੀ ਲੱਠਮਾਰ, ਧੜਵੈਲ ਤੇ ਗੋਲਕਧਾਰੀ ਕਿਉਂ ਨਾ ਹੋਣ), ਅਪਣਾ ਫ਼ੈਸਲਾ ਬਾਕੀ ਦੇ ਸਿੱਖਾਂ ਉਪਰ ਨਹੀਂ ਥੋਪ ਸਕਦੇ।

ਜੇ ‘ਧਮਕੀ ਬ੍ਰੀਗੇਡ’ ਵਾਲੇ ਇਹ ਕਹਿੰਦੇ ਹਨ ਕਿ ਉਹ ਜਿਸ ਪੁਸਤਕ ਨੂੰ ਦਸਵੇਂ ਗੁਰੂ ਦੀ ਕ੍ਰਿਤ ਸਮਝਦੇ ਹਨ, ਉਸ ਦੀ ਵਿਰੋਧਤਾ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਦੂਜੀ ਧਿਰ ਵੀ ਬਜਾ ਤੌਰ ’ਤੇ ਕਹਿ ਸਕਦੀ ਹੈ ਕਿ ਜਿਸ ਪੁਸਤਕ ਨੂੰ 80 ਫ਼ੀ ਸਦੀ ਸਿੱਖ, ਗੁਰੂ ਗ੍ਰੰਥ ਸਾਹਿਬ ਦੇ ਸੰਦੇਸ਼ ਨੂੰ ਰੱਦ ਕਰਨ ਵਾਲੀ ਪੁਸਤਕ ਮੰਨਦੇ ਹਨ ਤੇ ਅਸ਼ਲੀਲ ਕਵਿਤਾ ਵਾਲੀ ਜਿਸ ਪੁਸਤਕ ਨੂੰ ਉਹ ਕਿਸੇ ਵਾਮ-ਮਾਰਗੀ ਬ੍ਰਾਹਮਣ ਦੀ ਰਚਨਾ ਮੰਨਦੇ ਹਨ, ਉਸ ਦੀ ਹਮਾਇਤ ਨੂੰ ਵੀ ਉਹ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਇਸ ਨਾਲ ਇਕ ਅਜਿਹੀ ਲੜਾਈ ਸ਼ੁਰੂ ਹੋ ਜਾਵੇਗੀ ਜੋ ਸਿੱਖ ਪੰਥ ਲਈ ਮਾਰੂ ਸਾਬਤ ਹੋ ਸਕਦੀ ਹੈ ਪਰ ਵਿਚੋਂ ਨਿਕਲੇਗਾ ਫਿਰ ਵੀ ਕੁੱਝ ਨਹੀਂ।

**‘ਦਸਮ ਗ੍ਰੰਥ ਬ੍ਰੀਗੇਡ’ ਨਾਂਦੇੜ ਵਿਚ ਲੜਾਈ ਪੂਰੀ ਤਰ੍ਹਾਂ ਹਾਰ ਚੁੱਕਾ ਹੈ। ਉਨ੍ਹਾਂ ਦੀਆਂ ਧਮਕੀਆਂ ਉਨ੍ਹਾਂ ਦੀ ਹਾਰ ਦਾ ਪ੍ਰਤੱਖ ਸਬੂਤ ਹਨ** ਪਰ ਜੇ ਉਹ ਧਮਕੀਆਂ ਦੇਣ ਵਿਚ ਡਟੇ ਰਹੇ ਤਾਂ ਦਸਮ ਗ੍ਰੰਥ ਦੇ ਵਿਰੋਧੀਆਂ ਦਾ ਨਹੀਂ, ਅਪਣੇ ਖ਼ਾਤਮੇ ਦਾ ਹੀ ਪ੍ਰੋਗਰਾਮ ਸਿਰਜ ਰਹੇ ਹੋਣਗੇ। ਲੜਾਈ ਜਿਸ ਮੁਕਾਮ ’ਤੇ ਪਹੁੰਚ ਚੁੱਕੀ ਹੈ, ਉਥੇ ਹਿੰਸਾ ਅਤੇ ਧਮਕੀਆਂ ਦਾ ਰਾਹ ਫੜਨ ਵਾਲੇ, ਦਸਮ ਗ੍ਰੰਥ ਵਿਰੋਧੀ 80 ਫ਼ੀ ਸਦੀ ਸਿੱਖਾਂ ਦੀ ਗਿਣਤੀ ਵਧਾ ਕੇ 99 ਪ੍ਰਤੀਸ਼ਤ ਹੀ ਕਰ ਦੇਣਗੇ ਤੇ ਆਪ ਪੂਰੀ ਤਰ੍ਹਾਂ, ਲੋਕਾਂ ਤੋਂ ਕੱਟੇ ਜਾਣਗੇ।

ਇਸ ਸਮੱਸਿਆ ਨੂੰ ਨਜਿੱਠਣ ਦਾ ਰਾਹ ਕੇਵਲ ਤੇ ਕੇਵਲ ਇਕ ਹੈ ਤੇ ਦੋ ਰਾਹ ਬਿਲਕੁਲ ਵੀ ਨਹੀਂ ਹਨ। ਉਹ ਰਾਹ ਇਹ ਹੈ ਕਿ ਦੋਹਾਂ ਧਿਰਾਂ ਦੇ ਜਾਂ ਪੂਰੀ ਤਰ੍ਹਾਂ ਨਿਰਪੱਖ ਵਿਦਵਾਨਾਂ ਦਾ ਇਕ ਬੋਰਡ ਬਣਾਇਆ ਜਾਵੇ ਜੋ ਅਪਣੀ ਨਿਰਪੱਖ ਰੀਪੋਰਟ ਅਕਾਲ ਤਖ਼ਤ ’ਤੇ ਪੇਸ਼ ਕਰੇ ਤੇ ਜਿਸ ਨੂੰ ‘ਸਰਬੱਤ ਖ਼ਾਲਸਾ’ ਸੱਦ ਕੇ, ਅੰਤਮ ਫ਼ੈਸਲਾ ਅਕਾਲ ਤਖ਼ਤ ਤੋਂ ਲਿਆ ਜਾਏ। ਇਹ ਫ਼ੈਸਲਾ ਪੁਜਾਰੀਆਂ ਦਾ ਨਹੀਂ, ‘ਸਰਬੱਤ ਖ਼ਾਲਸਾ’ ਦਾ ਹੋਵੇ। ਇਸ





ਨੂੰ ਹੀ ਅੰਤਮ ਤੌਰ ’ਤੇ ਪ੍ਰਵਾਨ ਕੀਤਾ ਜਾਵੇ। ਕੇਵਲ ਇਹੀ ਰਾਹ, ਦੁਬਿਧਾ ਅਤੇ ਝਗੜੇ ਨੂੰ ਖ਼ਤਮ ਕਰਨ ਵਾਲੇ ਪਾਸੇ ਲੈ ਜਾਏਗਾ....... ਬਸ਼ਰਤੇ ਕਿ ਇਸ ਰਾਹ ’ਤੇ ਚਲਣ ਸਮੇਂ ਪੂਰੀ ਈਮਾਨਦਾਰੀ, ਨਿਰਪੱਖਤਾ ਅਤੇ ਪਾਰਦਰਸ਼ਤਾ ਤੋਂ ਕੰਮ ਲਿਆ ਜਾਏ ਤੇ ਇਕ ਪ੍ਰਤੀਸ਼ਤ ਬੇਈਮਾਨੀ ਵੀ ਬਰਦਾਸ਼ਤ ਨਾ ਕੀਤੀ ਜਾਏ। ਆਸ ਕੀਤੀ ਜਾਂਦੀ ਹੈ ਕਿ ਅਜੇ ਵੀ ਡੁਲ੍ਹੇ ਬੇਰਾਂ ਨੂੰ ਸੰਭਾਲ ਲਿਆ ਜਾਏਗਾ ਤੇ ਧਮਕੀਆਂ, ਤਲਵਾਰ ਦਾ ਰਾਹ ਛੱਡ ਕੇ, ਬਿਬੇਕ ਅਤੇ ਤਰਕ ਦਾ ਰਸਤਾ ਧਾਰਨ ਕਰ ਕੇ, ਗੁਰਮਤਿ ਵਲੋਂ ਪ੍ਰਵਾਨ ਢੰਗਾਂ ਤਰੀਕਿਆਂ ਅਨੁਸਾਰ ਹੀ, ਮਸਲਾ ਹੱਲ ਕਰਨ ਦੀ ਕੋਸ਼ਿਸ਼ ਕੀਤੀ ਜਾਏਗੀ। (ਸੰਪਾਦਕੀ ਰੋਜ਼ਾਨਾ ਸਪੋਕਸਮੈਨ : 7 ਨਵੰਬਰ 2008)

## ਕੇਸਾਧਾਰੀ ਬ੍ਰਾਹਮਣਾਂ ਵੱਲੋਂ ਸਿੱਖੀ ’ਤੇ ਇਕ ਹੋਰ ਹਮਲਾ
## ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਇਕ ਹੀ ਬੀੜ ਵਿਚ ਕੀਤੇ ਸੰਪਾਦਤ

ਅਨੰਦਪੁਰ ਸਾਹਿਬ 6 ਮਈ (ਸੁਰਿੰਦਰ ਸਿੰਘ ਸੋਨੀ, ਦਲਜੀਤ ਸਿੰਘ): ਸਮੁੱਚੇ ਗੁਰੂ ਨਾਨਕ ਨਾਮ ਲੇਵਾ ਪੰਥ ਦਰਦੀਆਂ ਨੂੰ ਇਹ ਗੱਲ ਜਾਣ ਕੇ ਅਤੀ ਦੁੱਖ ਹੋਵੇਗਾ ਕਿ ਪੰਥ ਦੋਖੀਆਂ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਨਾਲ ਹੀ ਅਖੌਤੀ ਦਸਮ ਗ੍ਰੰਥ (ਅਸ਼ਲੀਲ ਰਚਨਾ ਸਮੇਤ) ਇਕੋ ਹੀ ਜਿਲਦ ਵਿਚ ਛਾਪ ਕੇ ਤਿਆਰ ਕਰ ਦਿਤਾ ਗਿਆ ਹੈ। ਇਹ ਗਲ ਉਦੋਂ ਸਾਹਮਣੇ ਆਈ ਜਦੋਂ ਸਥਾਨਕ ਸਿੱਖ ਮਿਸ਼ਨਰੀ ਕਾਲਜ ਦੇ ਪ੍ਰਿੰਸੀਪਲ ਸੁਰਿੰਦਰ ਸਿੰਘ ਵਲੋਂ ਪੁਰਾਤਨ ਸ਼ਬਦ ਗੁਰੂ ਦੇ ਸਰੂਪਾਂ ਦੀ ਜਾਣਕਾਰੀ ਹਾਸਲ ਕਰਨ ਲਈ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਵੱਖ ਵੱਖ ਸਰੂਪਾਂ ਦੀ ਸਟੱਡੀ ਕੀਤੀ ਜਾ ਰਹੀ ਸੀ। ਸਪੋਕਸਮੈਨ ਨੂੰ ਜਾਣਕਾਰੀ ਦਿੰਦਿਆਂ ਉਨਾਂ ਦਸਿਆ ਕਿ ਜਦੋਂ ਉਨਾਂ ਨੇ ਪੁਰਾਤਨ ਸਰੂਪਾਂ ਦੀ ਜਾਂਚ ਸ਼ੁਰੂ ਕੀਤੀ ਤਾਂ ਦੇਖਿਆ ਕਿ ਸ਼ਬਦ ਗੁਰੂ ਦੇ ਪੁਰਾਤਨ ਸਰੂਪਾਂ ਦੇ ਨਾਲ ਦੋ ਬੀੜਾਂ ਬਹੁਤ ਵੱਡੇ ਆਕਾਰ ਦੀਆਂ ਪਈਆਂ ਹੋਈਆਂ ਸਨ। ਜਦੋਂ ਉਨ੍ਹਾਂ ਨੂੰ ਖੋਲ੍ਹ ਕੇ ਦੇਖਿਆ ਗਿਆ ਤਾਂ ਉਹ ਹੱਕੇ ਬੱਕੇ ਰਹਿ ਗਏ ਕਿਉਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 1430 ਪੰਨਿਆਂ ਦੇ ਨਾਲ ਹੀ ਅਖੌਤੀ ਦਸਮ ਗ੍ਰੰਥ ਦੇ 1400 ਪੰਨਿਆਂ ਦੀ ਬੀੜ ਵੀ ਇਕੋ ਹੀ ਜਿਲਦ ਵਿਚ ਸੰਪਾਦਤ ਕੀਤੀ ਹੋਈ ਸੀ। ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼, ਪਬਲੀਸ਼ਰ, ਨਿਕਲਸਨ ਰੋਡ, ਦਿੱਲੀ, ਆਰਮੀ ਪ੍ਰੈਸ, ਖੈਬਰ ਪਾਸ ਵਲੋਂ ਛਾਪੀ ਇਸ ਬੀੜ ਵਿਚ ਰਾਗਮਾਲਾ ਦੇ ਨਾਲ ਹੀ ਦਸ਼ਮ ਗ੍ਰੰਥ ਦੀ ਸਾਰੀ ਰਚਨਾ ਜਾਪੁ ਸਾਹਿਬ ਤੋਂ ਸ਼ੁਰੂ ਕਰ ਕੇ ਅੰਤ ਤਕ ਦਰਜ ਕੀਤੀ ਹੋਈ ਹੈ। ਇਸ ਗ੍ਰੰਥ ਦੇ ਅਰੰਭ ਵਿਚ ਦਿਤੇ ਸ਼ਬਦ ਗੁਰੂ ਦੇ ਤਤਕਰੇ ਦੇ ਨਾਲ ਹੀ ਅਖੌਤੀ ਦਸਮ ਗ੍ਰੰਥ ਦਾ ਤਤਕਰਾ ਅਰੰਭ ਹੋ ਜਾਂਦਾ ਹੈ। ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਦਸਮ ਗ੍ਰੰਥ ਦੇ 2830 ਪੰਨਿਆਂ ਦੀ ਇਕੋ ਜਿਲਦ ਬਣਾ ਕੇ ਪੰਥ ਦੋਖੀਆਂ ਵਲੋਂ ਸ਼ਬਦ ਗੁਰੂ ਦੇ ਸਰੂਪ ਨੂੰ ਮਿਲਗੋਭਾ ਕਰ ਦਿਤਾ ਗਿਆ ਹੈ। ਇਸੇ ਤਰਜ਼ ’ਤੇ ਹੀ ਇਕ ਛੋਟੇ ਸਾਈਜ਼ ਵਿਚ ਸਫ਼ਰੀ ਬੀੜ ਵੀ 2858 ਪੰਨੇ ਸਮੇਤ ਦਸਮ ਗ੍ਰੰਥ ਵੀ ਨਾਲ ਹੀ ਪਈ ਹੋਈ ਹੈ।

ਜਦੋਂ ਇਸ ਬਾਰੇ ਤਖ਼ਤ ਸਾਹਿਬ ਦੇ ਹੈਡ ਗ੍ਰੰਥੀ ਗਿਆਨੀ ਸੁਖਵਿੰਦਰ ਸਿੰਘ ਨਾਲ

ਗਲ ਕੀਤੀ ਤਾਂ ਉਨ੍ਹਾ ਦਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਚਾਰਕ ਭਾਈ ਸੁਖਰਾਜ ਸਿੰਘ ਦੀ ਡਿਊਟੀ ਹਿਮਾਚਲ ਪ੍ਰਦੇਸ਼ ਦੇ ਜ਼ਿਲ੍ਹਾ ਕਾਂਗੜਾ ਵਿਚ ਸੀ, ਉਸ ਜ਼ਿਲ੍ਹੇ ਦੇ ਪਿੰਡ ਜਵਾਲੀ ਵਿਚ ਇਕ ਸਿੱਖ ਦੇ ਘਰ ਵਿਚ ਉਕਤ ਸਰੂਪ ਪਏ ਸਨ। ਭਾਈ ਸੁਖਰਾਜ ਸਿੰਘ ਨੇ ਇਸ ਦੀ ਸੂਚਨਾ ਤਖ਼ਤ ਸਾਹਿਬ ਨੂੰ ਦਿੱਤੀ। ਹੈਡ ਗ੍ਰੰਥੀ ਗਿਆਨੀ ਸੁਖਵਿੰਦਰ ਸਿੰਘ, ਹਿਮਾਚਲ ਪ੍ਰਦੇਸ਼ ਦੇ ਸ਼੍ਰੋਮਣੀ ਕਮੇਟੀ ਮੈਂਬਰ ਜਗੀਰ ਸਿੰਘ ਸੇਵਾਦਾਰ ਸਮੇਤ ਉਕਤ ਪਿੰਡ ਗਏ ਤੇ ਉਥੋਂ ਇਹ ਬੀੜਾਂ ਤਖ਼ਤ ਸਾਹਿਬ ਪਹੁੰਚਾ ਦਿਤੀਆਂ ਗਈਆਂ। ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਦੁਖੀ ਹਿਰਦੇ ਨਾਲ ਕਿਹਾ ਕਿ ਪੰਥ ਵਿਰੋਧੀ ਤਾਕਤਾਂ ਸ਼ਬਦ ਗੁਰੂ ਦੀ ਮਾਨਤਾ ਘਟਾਉਣ ਲਈ ਘਟੀਆ ਹੱਥ ਕੰਡਿਆਂ 'ਤੇ ਉਤਰ ਆਈਆਂ ਹਨ ਪਰ ਪੰਥ ਦੇ ਧਾਰਮਕ ਤੇ ਸਿਆਸੀ ਆਗੂ ਆਪੋ ਅਪਣੇ ਸੁਆਰਥ ਵਿਚ ਗਲਤਾਨ ਹਨ ਤੇ ਸਮੁੱਚਾ ਪੰਥ ਗ਼ਫ਼ਲਤ ਦੀ ਗੂੜ੍ਹੀ ਨੀਂਦ ਵਿਚ ਸੁੱਤਾ ਪਿਆ ਹੈ। ਉਨ੍ਹਾ ਖ਼ਦਸ਼ਾ ਪ੍ਰਗਟ ਕੀਤਾ ਕਿ ਹੋ ਸਕਦਾ ਹੈ ਕਿ ਤਖ਼ਤਾਂ ਅਤੇ ਕੇਂਦਰੀ ਧਾਰਮਕ ਸਥਾਨਾਂ ਵਿਚ ਇਸ ਤਰ੍ਹਾਂ ਦੀਆਂ ਹੋਰ ਬੀੜਾਂ ਕਿਸੇ ਨਾ ਕਿਸੇ ਤਰੀਕੇ ਪਹੁੰਚਾ ਦਿਤੀਆਂ ਗਈਆਂ ਹੋਣ। ਪ੍ਰਿੰਸੀਪਲ ਸੁਰਿੰਦਰ ਸਿੰਘ ਨੇ ਸ਼੍ਰੋਮਣੀ ਕਮੇਟੀ, ਤਖ਼ਤ ਸਹਿਬਾਨ ਅਤੇ ਪੰਥਕ ਜਥੇਬੰਦੀਆਂ ਨੂੰ ਅਪੀਲ ਕੀਤੀ ਕਿ ਪੰਥਕ ਇਕੱਠ ਸੱਦਿਆ ਜਾਵੇ ਤੇ ਇਸ ਮਾਮਲੇ ਵਿਚ ਦੋਸ਼ੀਆਂ ਦੀ ਸ਼ਨਾਖ਼ਤ ਕਰ ਕੇ ਪੰਥਕ ਮਰਿਯਾਦਾ ਅਨੁਸਾਰ ਢੁਕਵੀਂ ਕਾਰਵਾਈ ਕੀਤੀ ਜਾਵੇ। (ਰੋਜ਼ਾਨਾ ਸਪੋਕਸਮੈਨ 7 ਮਈ 2009)

**ਨੋਟ :** ਇਨ੍ਹਾਂ ਜੁੜਵੇਂ ਸਰੂਪਾਂ ਦੇ ਕਾਗ਼ਜ਼, ਸਿਆਹੀ, ਜਿਲਦ ਆਦਿ ਦੀ ਫੌਰੈਂਸਕ ਲਾਇਬੋਟਰੀ ਵਿੱਚ ਜਾਂਚ ਕਰਵਾ ਕੇ ਪਤਾ ਲਗਾਇਆ ਜਾਵੇ ਕਿ ਇਹ ਨਾ-ਬਖ਼ਸ਼ਣਯੋਗ ਕਾਲੀ ਕਰਤੂਤ ਕਦੋਂ ਹੋਈ, ਕਿਸ ਨੇ ਕੀਤੀ, ਕਿਉਂ ਕੀਤੀ ? ਇਹ ਅਣਜਾਣੇ ਵਿੱਚ ਅੰਨੀ ਸ਼ਰਧਾਵੱਸ ਕੀਤਾ ਕੰਮ ਨਹੀਂ ਬਲਕਿ ਗਿਣੀ ਮਿਥੀ ਬਿਪਰਵਾਦੀ ਸਾਜਿਸ਼ ਅਧੀਨ ਕੀਤਾ ਲਗਦਾ ਹੈ।

## ਕੀ ਤੁਹਾਨੂੰ ਇਹ ਗੱਲ ਜਚਦੀ ਹੈ ਕਿ

**ਗੁਰੂ ਨਾਨਕ ਤੋਂ ਗੁਰੂ ਗੋਬਿੰਦ ਸਿੰਘ ਤਕ ਦੇ ਲੰਮੇ ਸਮੇਂ ਦੌਰਾਨ ਭਾਵੇਂ ਜੁਗ-ਪਲਟਾਊ ਘਟਨਾਵਾਂ, ਸ਼ਹੀਦੀਆਂ, ਗ੍ਰਿਫ਼ਤਾਰੀਆਂ, ਪੁਰਾਤਨ ਮਨੌਤਾਂ ਨੂੰ ਚੁਨੌਤੀਆਂ ਸਮੇਤ ਬਹੁਤ ਕੁੱਝ ਹੋਇਆ ਪਰ 239 ਸਾਲਾਂ ਵਿਚ ਕੋਈ ਇਕ ਵੀ ਲੇਖਕ ਪੈਦਾ ਨਾ ਹੋਇਆ ਤੇ ਇਕ ਵੀ ਪੁਸਤਕ ਗੁਰੂਆਂ ਤੇ ਉਨ੍ਹਾਂ ਦੇ ਫ਼ਲਸਫ਼ੇ ਬਾਰੇ ਕਿਸੇ ਨੇ ਨਾ ਲਿਖੀ ?**

ਪਰ ਗੁਰੂ ਗੋਬਿੰਦ ਸਿੰਘ ਦੇ ਅਕਾਲ ਪਿਆਨਾ ਕਰਨ ਤੋਂ 10 ਸਾਲ ਬਾਅਦ, ਲੇਖਕ ਵੀ ਪਤਾ ਨਹੀਂ ਕਿਥੋਂ ਜੰਮ ਪਏ ਤੇ ਪੁਸਤਕਾਂ ਦਾ ਵੀ ਢੇਰ ਲੱਗ ਗਿਆ। ਭਾਈ ਬਾਲਾ ਵਰਗੇ ਉਹ 'ਲੇਖਕ' ਵੀ ਜੰਮ ਪਏ ਜਿਨ੍ਹਾਂ ਨੂੰ ਮਾਂ ਨੇ ਜਨਮ ਹੀ ਨਹੀਂ ਸੀ ਦਿਤਾ ਤੇ 'ਗੁਰਬਿਲਾਸ ਪਾਤਸ਼ਾਹੀ-6' ਵਰਗੀਆਂ ਗੁਰੂ-ਮਾਰ ਪੁਸਤਕਾਂ ਦੇ ਅਗਿਆਤ ਲੇਖਕ ਵੀ ਜੰਮ ਪਏ ਜੋ ਸਾਹਮਣੇ ਹੀ ਕਦੇ ਨਾ ਆਏ। 'ਬਚਿੱਤਰ ਨਾਟਕ' ਵਰਗੀਆਂ ਉਹ ਪੁਸਤਕਾਂ ਵੀ ਆ ਗਈਆਂ ਜਿਨ੍ਹਾਂ ਦਾ ਗੁਰੂ ਗੋਬਿੰਦ ਸਿੰਘ ਵੇਲੇ ਤਕ ਵਜੂਦ ਹੀ ਕੋਈ ਨਹੀਂ ਸੀ।

ਇਹ ਸਾਰੀਆਂ ਪੁਸਤਕਾਂ ਗੁਰੂ ਨਾਨਕ ਦੀ ਵਿਚਾਰਧਾਰਾ (ਜੋ ਗੁਰੂ ਗ੍ਰੰਥ ਸਾਹਿਬ





ਵਿਚ ਦਰਜ ਹੈ) ਨੂੰ ਕੱਟਣ ਵਾਲੀਆਂ ਪੁਸਤਕਾਂ ਸੰਨ। ਨਿਰਮਲਿਆਂ, ਸਾਧੂਆਂ ਤੇ ਮਹੰਤਾਂ ਦੀ ਮਿਹਰਬਾਨੀ ਸਦਕਾ, ਇਨ੍ਹਾਂ ਪੁਸਤਕਾਂ ਨੂੰ ਗੁਰਦਵਾਰਿਆਂ ਵਿਚ ਸਤਿਕਾਰ ਮਿਲਣਾ ਸ਼ੁਰੂ ਹੋ ਗਿਆ ਤੇ ਗੁਰੂ ਨਾਨਕ ਦੀ ਵਿਚਾਰਧਾਰਾ ਰੁਮਾਲਿਆਂ ਵਿਚ ਲਪੇਟ ਕੇ ਮੱਥੇ ਟੇਕਣ ਲਈ ਤੇ ਮਾਇਆ ਬਟੋਰਨ ਲਈ ਰੱਖ ਦਿੱਤੀ ਗਈ।

ਇਹ ਐਲਾਨ ਵੀ ਕਰ ਦਿਤਾ ਗਿਆ ਕਿ ਪੋਥੀ ਸਾਹਿਬ (ਰਚਿਤ ਗੁਰੂ ਨਾਨਕ) ਅਤੇ ਗੁਰੂ ਅਰਜਨ ਸਾਹਿਬ ਦੁਆਰਾ ਸੰਪਾਦਿਤ ਅਸਲ ਗੁਰੂ ਗ੍ਰੰਥ ਸਾਹਿਬ ਵੀ ਗੁੰਮ ਹੋ ਗਏ ਹਨ। ਕੀ ਸੀ ਇਸ ਦਾ ਰਾਜ਼ ? ਕੀ ਇਹ ਸਾਰੀਆਂ ਗੱਲਾਂ ਤੁਹਾਨੂੰ ਜਚਦੀਆਂ ਹਨ ?

ਕੀ ਇਹ ਤਾਂ ਨਹੀਂ ਕਿ 239 ਸਾਲ ਦੇ ਸਾਰੇ ਸੁੱਚੇ ਸਾਹਿਤ ਉਤੇ ਸਵਾਹ ਧੂੜ ਕੇ, ਗੁਰੂਆਂ ਦੇ ਅਲੋਪ ਹੁੰਦਿਆਂ ਹੀ, ਨਕਲੀ ਸਾਹਿਤ ਨੂੰ 'ਗੁਰਮਤਿ' ਐਲਾਨ ਦਿਤਾ ਗਿਆ, ਜਿਹੜਾ ਅਮਲ ਅੱਜ ਤਕ ਵੀ ਜਾਰੀ ਹੈ ?

ਕਿਸੇ ਵੀ ਧਰਮ ਜਾਂ ਫ਼ਲਸਫ਼ੇ ਦੇ ਪ੍ਰਚਾਰ ਤੇ ਪ੍ਰਸਾਰ ਲਈ ਪਹਿਲੀ ਸ਼ਰਤ ਹੀ ਇਹ ਹੁੰਦੀ ਹੈ ਕਿ ਉਸ ਦੇ ਬਾਨੀ ਨੇ ਜੋ ਲਿਖਿਆ ਹੈ, ਉਸ ਤੋਂ ਮਾੜਾ ਜਿਹਾ ਵੀ ਏਧਰ ਔਧਰ ਨਾ ਹੋਇਆ ਜਾਏ। ਬਾਨੀ ਦਾ ਫ਼ਲਸਫ਼ਾ ਅੰਤਮ ਹੁੰਦਾ ਹੈ ਤੇ ਕੋਈ ਸੋਧ ਪ੍ਰਵਾਨ ਨਹੀ ਕਰਦਾ ਜਿਵੇਂ ਇਸਲਾਮ ਵਿਚ ਹਜ਼ਰਤ ਮੁਹੰਮਦ ਦੇ ਹੁਕਮਾਂ ਤੋਂ ਬਾਹਰ ਕੁੱਝ ਨਹੀਂ ਹੋ ਸਕਦਾ, ਬੋਧੀ ਧਰਮ ਵਿਚ ਮਹਾਤਮਾ ਬੁੱਧ ਤੋਂ ਬਾਹਰ ਕੁਝ ਨਹੀਂ ਸੋਚਿਆ ਜਾ ਸਕਦਾ ਤੇ ਮਾਰਕਸਵਾਦ ਵਿਚ, ਮਾਰਕਸ ਦੀ ਲਿਖਤ ਤੋਂ ਬਾਹਰ ਨਹੀਂ ਜਾਇਆ ਜਾ ਸਕਦਾ।

ਕਾਰਨ ਸ਼ਾਇਦ ਇਹੀ ਹੈ ਕਿ ਪਿਛਲੇ 300 ਸਾਲਾਂ ਤੋਂ ਇਸ ਦੇ ਧਰਮ ਅਸਥਾਨਾਂ ਉਤੇ ਕਾਬਜ਼ ਹੀ ਉਹ ਲੋਕ ਹੋ ਗਏ ਜੋ ਨਾਨਕ ਦੇ ਸੰਦੇਸ਼ ਅਥਵਾ 'ਤੱਤ ਗੁਰਮਤਿ' ਨੂੰ ਖ਼ਤਮ ਕਰਨ ਤੇ ਤੁਲੇ ਹੋਏ ਸਨ ਤੇ ਅੱਜ ਤਕ ਵੀ ਉਨ੍ਹਾਂ ਦਾ ਯਤਨ ਇਹੀ ਹੈ ਕਿ ਗੁਰੂ ਨਾਨਕ ਦੀ 'ਤੱਤ ਗੁਰਮਤਿ', ਜੋ ਸੰਸਾਰ ਦੇ ਸਾਰੇ ਲੋਕਾਂ ਲਈ ਸੀ, ਇਨ੍ਹਾਂ ਦੇ ਆਰਜ਼ੀ ਢਕੌਂਸਲਿਆਂ ਹੇਠ ਦਬੀ ਰਹੇ ਤੇ ਇਨ੍ਹਾਂ ਦਾ ਹਲਵਾ ਮਾਂਡਾ ਤੇ ਚੌਧਰ ਚਲਦੇ ਰਹਿਣ।

ਪਰ ਅਜੇ ਵੀ ਡੁਲੇ ਬੇਰਾਂ ਦਾ ਕੁੱਝ ਨਹੀਂ ਵਿਗੜਿਆ। ਸਾਡਾ ਮੰਨਣਾ ਹੈ ਕਿ ਬਹੁਗਿਣਤੀ ਅਜੇ ਵੀ ਗੁਰੂ ਨਾਨਕ ਦੀ 'ਤੱਤ ਗੁਰਮਤਿ' ਦੀ ਹਮਾਇਤੀ ਹੈ ਪਰ ਉਹ ਜਥੇਬੰਦ ਨਹੀਂ ਹੈ, ਘਰੋ ਘਰੀ ਬੈਠੀ ਹੈ ਤੇ ਉਸ ਕੋਲ ਵਸੀਲਿਆਂ ਦੀ ਵੀ ਘਾਟ ਹੈ ਜਦਕਿ ਤੱਤ ਗੁਰਮਤਿ ਦੇ ਵਿਰੋਧੀਆਂ ਕੋਲ ਗੋਲਕ ਹੈ, ਜਥੇਬੰਦੀ ਹੈ, ਬਾਹਰੀ ਭੇਖ ਹੈ, ਪੁਜਾਰੀ ਸ਼ਕਤੀ ਹੈ ਤੇ ਲੱਠਮਾਰ ਹਨ ਜਿਨ੍ਹਾਂ ਦੇ ਸਿਰ ਤੇ ਉਹ ਤੱਤ ਗੁਰਮਤਿ ਦੇ ਹਾਮੀਆਂ ਨੂੰ ਮੰਦਾ ਬੋਲਦੇ ਤੇ ਲਲਕਾਰੇ ਮਾਰਦੇ ਰਹਿੰਦੇ ਹਨ।

ਇਸੇ ਕਮੀ ਨੂੰ ਪੂਰਿਆਂ ਕਰਨ ਲਈ ਸਪੋਕਸਮੈਨ ਟਰੱਸਟ ਨੇ, ਕਈ ਮਹੀਨਿਆਂ ਦੇ ਸਲਾਹ ਮਸ਼ਵਰੇ ਮਗਰੋਂ, ਗੁਰੂ ਨਾਨਕ ਦੇ ਸੁਨੇਹੇ ਨੂੰ ਦੁਨੀਆਂ ਭਰ ਵਿਚ ਪ੍ਰਚਾਰਨ, ਖੋਜ ਕਰਨ ਅਤੇ ਸੱਚ ਝੂਠ ਦਾ ਨਿਤਾਰਾ ਕਰਨ ਲਈ ਇਕ ਨਵੀਂ ਜਥੇਬੰਦੀ ਕਾਇਮ ਕੀਤੀ ਹੈ।

ਤੱਤ ਗੁਰਮਤਿ ਦੇ ਹਾਮੀ ਭੈਣੋ ਤੇ ਵੀਰੋ! ਸਪੋਕਸਮੈਨ ਟਰੱਸਟ ਦੀ ਸਰਪ੍ਰਸਤੀ ਹੇਠ ਕਾਇਮ ਕੀਤੀ ਗਈ ਜਥੇਬੰਦੀ ਦੇ ਮੈਂਬਰ ਬਣੋ ਤੇ ਸਚਾਈ ਦੀ ਤਹਿ ਵਿਚ ਜਾ ਕੇ, ਖੋਜ ਇੰਸਟੀਚਿਊਟ ਕਾਇਮ ਕਰਕੇ, ਪੂਰਾ ਸੱਚ ਪ੍ਰਗਟ ਕਰਨ ਵਿਚ ਸਹਾਈ ਹੋਵੋ।

**ਏਕਸ ਕੇ ਬਾਰਕ**

**3037, ਸੈਕਟਰ 19-ਡੀ, ਚੰਡੀਗੜ੍ਹ-160 019**

## 1984 ਦਾ ਸਿੱਖ ਕਤਲੇਆਮ ਹਿਟਲਰ ਦੇ ਜਰਮਨੀ ਵਲੋਂ ਯਹੂਦੀਆਂ ਨਾਲ ਕੀਤੇ ਸਲੂਕ ਨਾਲੋਂ ਘੱਟ ਮਾੜਾ ਸਲੂਕ ਸਿੱਖਾਂ ਨਾਲ ਨਹੀਂ ਸੀ ਹੋਇਆ ਪਰ ਇਥੇ ਤਾਂ ਅਫ਼ਸੋਸ ਵੀ ਠੀਕ ਢੰਗ ਨਾਲ ਕਿਸੇ ਨੇ ਨਹੀਂ ਕੀਤਾ !

ਇਹ ਜੋ ਪਹਿਲੀ ਤਸਵੀਰ ਤੁਸੀ ਇਸ ਸੰਪਾਦਕੀ ਵਿਚ (ਖੱਬੇ) ਵੇਖ ਰਹੇ ਹੋ, ਇਹ ਉਸ ਬੱਚੀ ਦੀ (ਕੁਲਬੀਰ ਕੌਰ) ਦੀ ਹੈ ਜੋ 1984 ਵਿਚ ਕੇਵਲ 2 ਸਾਲ ਦੀ ਸੀ ਤੇ ਅਪਣੀ ਮਾਂ ਦੀ ਗੋਦ ਵਿਚ ਇਕ ਟਰੇਨ ਵਿਚ ਸੁੱਤੀ ਪਈ ਸੀ ਜਦੋਂ 'ਸਿੱਖਾਂ ਨੂੰ ਖ਼ਤਮ ਕਰ ਦਿਉ' ਦੇ ਨਾਹਰੇ ਮਾਰਦੇ ਲੋਕਾਂ ਨੇ ਉਸ ਦੇ ਪਿਤਾ ਦੇ ਗਲ ਵਿਚ ਟਾਇਰ ਪਾ ਕੇ ਉਸ ਨੂੰ ਜ਼ਿੰਦਾ ਸਾੜ ਦਿਤਾ ਸੀ। ਕਾਰਨ ਹੋਰ ਕੋਈ ਨਹੀਂ ਸੀ, ਸਿਵਾਏ ਇਸ ਦੇ ਕਿ ਉਹ ਇਕ ਸਿੱਖ ਸੀ। ਦੋ ਸਾਲ ਦੀ ਬੱਚੀ ਰੋਈ ਜ਼ਰੂਰ ਹੋਵੇਗੀ ਪਰ ਉਸ ਨੂੰ ਉਸ ਸਮੇਂ ਇਹ ਪਤਾ ਨਹੀਂ ਸੀ ਕਿ ਉਸ ਦੇ ਪਿਤਾ ਨਾਲ ਕੀ ਸਲੂਕ ਕੀਤਾ ਗਿਆ ਸੀ। ਉਸ ਦੀ ਮਾਂ, ਅਪਣੇ ਪਤੀ ਨਾਲ ਹੋਏ ਇਸ ਸਲੂਕ ਨੂੰ ਵੇਖ ਕੇ ਬੇਹੋਸ਼ ਹੋ ਗਈ ਸੀ ਤੇ ਉਸ ਨੂੰ ਨਹੀਂ ਪਤਾ ਕਿ ਕੌਣ ਉਸ ਨੂੰ ਤੇ ਉਸ ਦੀ ਬੱਚੀ ਨੂੰ ਉਸ ਦੇ ਘਰ ਛੱਡ ਗਿਆ ਸੀ। 24 ਸਾਲ ਬਾਅਦ ਅੱਜ ਉਹੀ ਬੱਚੀ ਜਦ 1984 ਦੇ ਭਿਆਨਕ ਕਤਲੇਆਮ ਦਾ ਸ਼ਰਮਨਾਕ ਵੇਰਵਾ ਬਿਆਨ ਕਰਨ ਵਾਲੀ ਇਕ ਪੁਸਤਕ 'When a tree shook Delhi' (ਜਦੋਂ ਇਕ ਦਰੱਖ਼ਤ ਨੇ ਦਿੱਲੀ ਹਿਲਾਈ) ਨੂੰ ਅਪਣੀ ਮਾਤਾ ਮਹਿੰਦਰ ਕੌਰ ਨਾਲ ਰਲ ਕੇ ਜਾਰੀ ਕਰ ਰਹੀ ਸੀ (ਜਿਸ ਵਿਚ ਉਸ ਦੇ ਪਿਤਾ ਨੂੰ ਜ਼ਿੰਦਾ ਸਾੜੇ ਜਾਣ ਦਾ ਹਾਲ ਵੀ ਸ਼ਾਮਲ ਸੀ) ਤਾਂ ਅਜਿਹਾ ਕਰਨ ਸਮੇਂ ਉਸ ਨੇ ਅਪਣੇ ਸੀਨੇ ਉਤੇ ਕਿੰਨਾ ਵੱਡਾ ਪੱਥਰ ਰਖਿਆ ਹੋਵੇਗਾ ਤੇ ਅਪਣੀਆਂ ਅੱਖਾਂ 'ਚੋਂ ਅਥਰੂਆਂ ਨੂੰ ਛਲਕਣ ਤੋਂ ਕਿਵੇਂ ਰੋਕਿਆ ਹੋਵੇਗਾ, ਇਸ ਦਾ ਅੰਦਾਜ਼ਾ ਹੀ ਲਗਾਇਆ ਜਾ ਸਕਦਾ ਹੈ। ਇਹ ਪੁਸਤਕ ਉਘੇ ਵਕੀਲ ਐਚ.ਐਸ ਫੂਲਕਾ ਅਤੇ ਅੰਗਰੇਜ਼ੀ ਦੇ ਪੱਤਰਕਾਰ ਮਨੋਜ ਮਿੱਤਾ ਨੇ ਰਲ ਕੇ ਲਿਖੀ ਹੈ ਤੇ ਕਤਲੇਆਮ ਦਾ ਦਰਦ ਕੁੱਝ ਪੰਨਿਆਂ ਵਿਚ ਦਰਜ ਕਰ ਦਿਤਾ ਹੈ। ਜਿਵੇਂ ਕਿ ਪ੍ਰਸਿੱਧ ਵਕੀਲ ਅਨੂਪਮ ਗੁਪਤਾ ਨੇ ਵੀ ਕਿਹਾ ਹੈ, ਲੱਖਾਂ ਪੰਨਿਆਂ ਦੀ ਦਾਸਤਾਨ ਨੂੰ ਇਸ ਪੁਸਤਕ ਵਿਚ ਕੁੱਝ ਸੌ ਪੰਨਿਆਂ ਵਿਚ ਪੇਸ਼ ਕਰ ਕੇ, ਪੁਸਤਕ ਲੇਖਕਾਂ ਨੇ ਇਤਿਹਾਸਕ ਕੰਮ ਕੀਤਾ ਹੈ। ਇਤਿਹਾਸ ਦੇ ਖੋਜੀਆਂ ਲਈ ਇਹ ਪੁਸਤਕ ਇਕ ਕੀਮਤੀ ਤੇ ਨਾਯਾਬ ਦਸਤਾਵੇਜ਼ ਸਾਬਤ ਹੋਵੇਗੀ।





ਪੁਸਤਕ ਨੂੰ ਜਾਰੀ ਕਰਨ ਸਮੇਂ, ਕੁੱਝ ਬੜੀਆਂ ਹੀ ਸ਼ਰਮਨਾਕ ਗੱਲਾਂ ਪਹਿਲੀ ਵਾਰ ਸੁਣਨ ਨੂੰ ਮਿਲੀਆਂ। ਅਲਾਹਾਬਾਦ ਹਾਈ ਕੋਰਟ ਦੇ ਸਾਬਕਾ ਚੀਫ਼ ਜਸਟਿਸ ਅਤੇ ਟਰੀਬਿਊਨ ਦੇ ਮੌਜੂਦਾ ਟਰੱਸਟੀ, ਜਸਟਿਸ ਐਚ.ਐਸ. ਸੋਢੀ ਨੇ ਭੇਦ ਖੋਲ੍ਹਿਆ ਕਿ :

"ਦਿੱਲੀ ਕਤਲੇਆਮ ਉਤੇ ਕਾਬੂ ਪਾਉਣ ਲਈ ਮੇਰਠ ਛਾਉਣੀ ਤੋਂ ਇਸ ਕਰ ਕੇ ਫ਼ੌਜ ਨਾ ਬੁਲਾਈ ਗਈ ਕਿਉਂਕਿ ਉਥੋਂ ਦੀਆਂ ਫ਼ੌਜੀ ਬਟਾਲੀਅਨਾਂ ਵਿਚ ਬਹੁਗਿਣਤੀ ਸਿੱਖ ਫ਼ੌਜੀਆਂ ਦੀ ਸੀ। ਮਗਰੋਂ ਫ਼ੌਜ ਦੇ ਦਸਤੇ ਡੇਹਰਾਦੂਨ ਤੋਂ ਮੰਗਵਾਏ ਗਏ ਪਰ ਸਿੱਖ ਡਵੀਜ਼ਨਲ ਕਮਾਂਡਰ ਨੂੰ ਨਾਲ ਨਾ ਆਉਣ ਦਾ ਵਿਸ਼ੇਸ਼ ਤੌਰ 'ਤੇ ਹੁਕਮ ਦਿਤਾ ਗਿਆ।"

ਜਸਟਿਸ ਸੋਢੀ ਨੇ ਕਿਹਾ ਕਿ 1984 ਦਾ ਕਤਲੇਆਮ ਦੇਸ਼ ਦੇ ਨਾਂ ਉਤੇ ਬਦਨੁਮਾ ਧੱਬਾ ਸੀ ਅਤੇ 23 ਸਾਲ ਬਾਅਦ ਵੀ ਦੋਸ਼ੀਆਂ ਨੂੰ ਸਜ਼ਾ ਨਾ ਮਿਲਣਾ ਉਸ ਤੋਂ ਵੀ ਵੱਡਾ ਕਲੰਕ ਹੈ। ਉਨ੍ਹਾਂ ਨੇ ਇਸ ਸਿੱਖ ਕਤਲੇਆਮ ਦੀ ਜਾਂਚ ਜਸਟਿਸ ਰੰਗਾਨਾਥ ਮਿਸ਼ਰਾ ਵਲੋਂ ਕੀਤੇ ਜਾਣ ਸਬੰਧੀ ਕਿਹਾ ਕਿ ਮਿਸ਼ਰਾ ਕਮਿਸ਼ਨ ਦੀ ਕਾਰਗੁਜ਼ਾਰੀ ਅਜਿਹੀ ਸੀ ਕਿ ਜਿਸ ਨਾਲ 'ਸਾਡਾ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ।' ਉਨ੍ਹਾਂ ਇਹ ਵੀ ਕਿਹਾ ਕਿ ਕੇਂਦਰ ਦੀਆਂ ਸਰਕਾਰਾਂ, ਭਾਵੇਂ ਉਹ ਕਾਂਗਰਸੀ ਹੋਣ, ਭਾਜਪਾਈ ਹੋਣ ਜਾਂ ਕਿਸੇ ਹੋਰ ਰੰਗਤ ਦੀਆਂ, ਉਹ ਇਸ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣਾ ਹੀ ਨਹੀਂ ਚਾਹੁੰਦੀਆਂ। ਜਿਹੜਾ ਥੋੜਾ ਥੋੜਾ ਅਤੇ ਬੇਦਿਲੀ ਵਾਲਾ ਮੁਆਵਜ਼ਾ ਵੀ 22 ਸਾਲ ਮਗਰੋਂ ਦਿਤਾ ਗਿਆ, ਉਹ ਏਨਾ ਥੋੜਾ ਸੀ, ਏਨੀ ਦੇਰ ਨਾਲ ਤੇ ਉਸ ਸਮੇਂ ਦਿਤਾ ਗਿਆ ਜਦੋਂ ਇਸ ਦਾ ਕੋਈ ਮਹੱਤਵ ਹੀ ਨਹੀਂ ਸੀ ਰਹਿ ਗਿਆ।

ਜਸਟਿਸ ਸੋਢੀ ਨੇ ਹੀ ਉਸ ਵੇਲੇ ਦੇ ਹਾਲਾਤ ਵਿਚ ਸਿੱਖਾਂ ਬਾਰੇ ਪੈਦਾ ਹੋ ਚੁਕੀ ਬੇਭਰੋਸਗੀ ਦਾ ਖ਼ਾਸ ਤੌਰ 'ਤੇ ਜ਼ਿਕਰ ਕੀਤਾ ਤੇ ਕਿਹਾ ਕਿ ਇਹ ਬੀਮਾਰੀ ਜੁਡੀਸ਼ਰੀ ਵਿਚ ਵੀ ਅਸਰ ਕਰ ਚੁੱਕੀ ਸੀ। ਇਸ ਦੀ ਮਿਸਾਲ ਦੇਂਦਿਆਂ ਉਨ੍ਹਾਂ ਨੇ ਦਸਿਆ :

"ਨਾਭਾ ਹਾਈ ਸਕਿਉਰਿਟੀ ਜੇਲ੍ਹ ਵਿਚ ਕੁੱਝ ਸਿੱਖ ਕੈਦੀਆਂ ਉਤੇ ਇਹ ਕਹਿ ਕੇ ਤਸ਼ੱਦਦ ਕੀਤਾ ਗਿਆ ਕਿ ਉਹ ਅਤਿਵਾਦੀ ਸਨ। ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਵਜੋਂ ਮੈਂ ਉਸ ਜੇਲ੍ਹ ਦਾ ਮੁਆਇਨਾ ਕੀਤਾ ਤੇ ਸੈਸ਼ਨ ਜੱਜ ਸ. ਤਾਰਾ ਸਿੰਘ ਚੀਮਾ ਨੂੰ ਰੀਪੋਰਟ ਤਿਆਰ ਕਰ ਕੇ ਭੇਜਣ ਲਈ ਕਿਹਾ। ਕਾਨੂੰਨ ਇਸ ਗੱਲ ਦੀ ਆਗਿਆ ਨਹੀਂ ਸੀ ਦੇਂਦਾ ਕਿ ਕਿਸੇ ਕੈਦੀ ਨੂੰ ਜੇਲ੍ਹ 'ਚੋਂ 'ਇਨਟੈਰੋਗੇਸ਼ਨ ਸੈਂਟਰ' ਵਿਚ ਤਬਦੀਲ ਕੀਤਾ ਜਾਵੇ। ਪਰ ਕੁੱਝ ਸਿੱਖ ਕੈਦੀਆਂ ਨੂੰ ਨਾਭਾ ਜੇਲ੍ਹ 'ਚੋਂ ਕੱਢ ਕੇ ਲੱਧਾ ਕੋਠੀ ਦੇ ਤਸੀਹਾ ਘਰ ਵਿਚ ਤਬਦੀਲ ਕੀਤਾ ਗਿਆ ਤੇ ਉਨ੍ਹਾਂ ਉਤੇ ਅੰਨ੍ਹਾ ਤਸ਼ੱਦਦ ਕੀਤਾ ਗਿਆ। ਜੱਜ ਚੀਮਾ ਦਾ ਨਾਂ ਕੇਵਲ ਇਸ ਕਰ ਕੇ ਹੀ ਹਾਈ ਕੋਰਟ ਦਾ ਜੱਜ ਬਨਾਉਣ ਸਮੇਂ ਨਾ ਵਿਚਾਰਿਆ ਗਿਆ ਕਿ ਉਨ੍ਹਾਂ ਨੇ ਅਪਣੀ ਰੀਪੋਰਟ ਵਿਚ ਸਿੱਖ ਕੈਦੀਆਂ ਉਤੇ ਹੋਏ ਤਸ਼ੱਦਦ ਦੀ ਪੁਸ਼ਟੀ ਕੀਤੀ ਸੀ। .... ਜੁਡੀਸ਼ਰੀ ਵਿਚ ਵੀ ਸਿੱਖ ਜੱਜਾਂ ਉਤੇ ਵਿਸ਼ਵਾਸ ਨਹੀਂ ਸੀ ਕੀਤਾ ਜਾਂਦਾ ਤੇ ਕਿਸੇ ਵੀ ਖਾੜਕੂ ਦਾ ਕੇਸ, ਹਾਈ ਕੋਰਟ ਵਿਚ ਕਿਸੇ ਸਿੱਖ ਜੱਜ ਕੋਲ ਨਹੀਂ ਸੀ ਲਗਾਇਆ ਜਾਂਦਾ।"

ਉਪ੍ਰੋਕਤ ਸਮਾਗਮ ਵਿਚ ਉਘੇ ਵਕੀਲ ਅਨੂਪਮ ਗੁਪਤਾ ਅਤੇ ਪੱਤਰਕਾਰ ਮਨੋਜ ਮਿੱਤਾ ਨੇ ਵੀ 1984 ਦੇ ਘਲੂਘਾਰੇ ਮਗਰੋਂ ਜੁਡੀਸ਼ਰੀ ਵਲੋਂ ਵਿਖਾਏ ਗਏ ਪੱਖਪਾਤੀ ਰਵਈਏ ਲਈ ਉਸ ਦੀ ਡੱਟ ਕੇ ਨਿਖੇਧੀ ਕੀਤੀ। ਹਾਂ, ਉਸ ਸਮੇਂ ਸਾਰੇ ਦੇਸ਼ ਵਿਚ ਹੀ ਮਾਹੌਲ ਇਸ ਤਰ੍ਹਾਂ ਦਾ ਬਣਾ ਦਿਤਾ ਗਿਆ ਸੀ ਜਿਵੇਂ ਦਾ ਕਿ ਕਿਸੇ ਵੇਲੇ ਹਿਟਲਰ ਦੇ ਜਰਮਨੀ ਵਿਚ ਯਹੂਦੀਆਂ ਵਿਰੁਧ ਬਣਾ ਦਿਤਾ ਗਿਆ ਸੀ। ਹਿਟਲਰ ਦੇ ਜਰਮਨੀ ਵਿਚ ਯਹੂਦੀਆਂ ਨੂੰ ਮਾਰਿਆ ਗਿਆ, ਔਰਤਾਂ ਦੀ ਬੇਪਤੀ ਕੀਤੀ ਗਈ, ਤਸੀਹੇ ਦਿਤੇ ਗਏ ਤੇ ਉਨ੍ਹਾਂ ਨੂੰ ਖ਼ਤਮ ਕਰ ਦੇਣ ਦੇ ਸ਼ੈਤਾਨੀ ਟੀਚੇ ਐਲਾਨੇ ਗਏ ਪਰ ਅਖ਼ੀਰ ਤੇ ਇਕ ਦਿਨ ਐਸਾ ਵੀ ਆ ਗਿਆ ਜਦੋਂ ਹਰ ਜਰਮਨ ਨੇ ਸ਼ਰਮ ਨਾਲ ਅਪਣਾ ਸਿਰ ਨੀਵਾਂ ਕਰ ਕੇ ਮੰਨ ਲਿਆ ਕਿ ਯਹੂਦੀਆਂ ਤੋਂ ਮਾਫ਼ੀ ਮੰਗਣੀ ਹੀ ਚਾਹੀਦੀ ਹੈ ਤੇ ਨਾਜ਼ੀਆਂ ਨੂੰ ਸਜ਼ਾਵਾਂ ਦੇਣੀਆਂ ਹੀ ਚਾਹੀਦੀਆਂ ਹਨ। 'ਨਿਊਰਮਬਰਗ ਟਰਾਇਲਜ਼' ਸ਼ੁਰੂ ਕਰ ਕੇ ਵੱਡੇ ਤੋਂ ਵੱਡੇ ਜਰਮਨ ਦੋਸ਼ੀ ਨੂੰ ਫੜ ਕੇ ਅਦਾਲਤ ਦੇ ਕਟਹਿਰੇ ਵਿਚ ਖੜਾ ਕੀਤਾ ਗਿਆ। ਗੱਲ ਇਥੋਂ ਤਕ ਚਲੀ ਗਈ ਕਿ 50 ਸਾਲ ਮਗਰੋਂ ਵੀ ਜੇ ਕੋਈ ਛੁਪਿਆ ਹੋਇਆ ਨਾਜ਼ੀ ਲੱਭ ਪਿਆ ਤਾਂ ਉਸ ਨੂੰ ਬਖ਼ਸ਼ਿਆ ਨਾ ਗਿਆ। ਇਹ ਅਫ਼ਸੋਸ ਜਰਮਨਾਂ ਨੇ ਹੀ ਨਾ ਕੀਤਾ ਸਗੋਂ ਬਾਕੀ ਦੀ ਦੁਨੀਆਂ ਨੇ ਵੀ ਉਨ੍ਹਾਂ ਨਾਲ ਰਲ ਕੇ ਕੀਤਾ।

ਜਰਮਨਾਂ ਦੇ ਮਾਮਲੇ ਵਿਚ, ਦਿਲੋਂ ਮਹਿਸੂਸ ਕੀਤਾ ਅਫ਼ਸੋਸ ਜੇਕਰ ਪਹਿਲਾ ਕਦਮ ਸੀ ਤੇ ਦੋਸ਼ੀਆਂ ਨੂੰ ਸਜ਼ਾਵਾਂ ਦੇਣਾ ਦੂਜਾ ਤਾਂ ਤੀਜਾ ਕਦਮ, ਪਛਤਾਵਾ ਕਰਨ ਦਾ ਸੀ, ਜਿਸ ਦਾ ਅੰਤ ਯਹੂਦੀਆਂ ਦੇ ਵਖਰੇ ਦੇਸ਼ 'ਇਜ਼ਰਾਈਲ' ਦੀ ਹੋਂਦ ਦੇ ਰੂਪ ਵਿਚ ਸਾਹਮਣੇ ਆਇਆ। ਸਾਰੀ ਦੁਨੀਆਂ ਦੇ ਈਸਾਈਆਂ ਨੇ ਮਹਿਸੂਸ ਕੀਤਾ ਕਿ ਹਿਟਲਰ ਦੇ ਬਹਿਕਾਵੇ ਵਿਚ ਆ ਕੇ, ਉਹ ਯਹੂਦੀਆਂ ਨਾਲ ਬਹੁਤ ਵੱਡੀ ਜ਼ਿਆਦਤੀ ਕਰ ਬੈਠੇ ਹਨ ਤੇ ਇਸ ਦਾ ਪਛਤਾਵਾ ਕੀਤਾ ਜਾਣਾ ਬਣਦਾ ਹੈ। 'ਇਜ਼ਰਾਈਲ' ਦੇਸ਼ ਕਦੇ ਵੀ ਹੋਂਦ ਵਿਚ ਨਹੀਂ ਸੀ ਆ ਸਕਦਾ ਜੇ ਈਸਾਈਆਂ ਦੇ ਮਨਾਂ ਵਿਚ, ਅਪਣੇ ਵਲੋਂ ਹੋਏ ਜ਼ੁਲਮ ਦਾ ਪਛਤਾਵਾ ਕਰਨ ਦੀ ਗੱਲ ਨਾ ਆਉਂਦੀ।

ਸਿੱਖਾਂ ਦੇ ਮਾਮਲੇ ਵਿਚ, ਉਨ੍ਹਾਂ ਨਾਲ ਜ਼ੁਲਮ ਤਾਂ ਯਹੂਦੀਆਂ ਨਾਲੋਂ ਘੱਟ ਨਹੀਂ ਸੀ ਹੋਇਆ ਪਰ ਜ਼ੁਲਮ ਕਰਨ ਵਾਲਿਆਂ ਦੀ ਕੌਮ ਨੇ ਅਫ਼ਸੋਸ ਪ੍ਰਗਟ ਕਰਨ ਦਾ ਪਹਿਲਾ ਕਦਮ ਵੀ ਅਜੇ ਤੀਕ ਠੀਕ ਢੰਗ ਨਾਲ ਨਹੀਂ ਚੁਕਿਆ। ਜੇ ਕੋਈ ਇੱਕਾ ਦੁੱਕਾ ਲੀਡਰ ਅਫ਼ਸੋਸ ਦਾ ਹਲਕਾ ਜਿਹਾ ਸ਼ਬਦ ਬੋਲਣ ਦੀ ਕਰਦਾ ਵੀ ਹੈ ਤਾਂ ਉਹ ਸੱਜੇ ਖੱਬੇ ਵੇਖ ਕੇ ਇਹ ਯਤਨ ਵੀ ਜ਼ਰੂਰ ਕਰਦਾ ਹੈ ਕਿ ਬਾਕੀ ਦਾ ਹਿੰਦੁਸਤਾਨ ਉਸ ਵਲੋਂ ਬੋਲੇ ਇਸ ਸ਼ਬਦ ਨੂੰ ਨਾ ਸੁਣ ਲਵੇ। ਆਸ ਕਰਨੀ ਚਾਹੀਦੀ ਹੈ ਕਿ 'ਵੈਨ ਏ ਟਰੀ ਸ਼ੁਕ ਦੇਹਲੀ' ਵਰਗੀਆਂ ਪੁਸਤਕਾਂ ਤੇ ਜਸਟਿਸ ਸੋਢੀ, ਅਨੂਪਮ ਗੁਪਤਾ ਵਰਗਿਆਂ ਦੀਆਂ ਖਰੀਆਂ ਖਰੀਆਂ ਕਿਸੇ ਸਮੇਂ ਉਨ੍ਹਾਂ ਲੋਕਾਂ ਦੀ ਜ਼ਮੀਰ ਵੀ ਜਗਾ ਦੇਣਗੀਆਂ ਜਿਨ੍ਹਾਂ ਦੇ ਜਾਗਦੇ ਹੋਣ ਦੀ ਕੋਈ ਗਵਾਹੀ ਅਜੇ ਤੀਕ ਸਾਹਮਣੇ ਨਹੀਂ ਆ ਸਕੀ। – ਜੋਗਿੰਦਰ ਸਿੰਘ

(ਰੋਜ਼ਾਨਾ ਸਪੋਕਸਮੈਨ : 25 ਫਰਵਰੀ 2008)





# ਮਾਲੇਗਾਉਂ ਧਮਾਕੇ ਅਤੇ ਹਿੰਦੂ ਲੀਡਰਸ਼ਿਪ ਦੀਆਂ ਧਮਕੀਆਂ, ਤੁਹਮਤਾਂ

ਸਾਧਵੀ ਪ੍ਰਗਿਆ ਠਾਕੁਰ ਦੀ ਗ੍ਰਿਫ਼ਤਾਰੀ ਮਗਰੋਂ ਜਿਸ ਤਰ੍ਹਾਂ ਇਹ ਗੱਲ ਸਾਹਮਣੇ ਆਈ ਹੈ ਕਿ ਕੁੱਝ ਫ਼ੌਜੀ ਅਫ਼ਸਰ (ਜੋ 'ਹਿੰਦੂਤਵਾ' ਫ਼ਲਸਫ਼ੇ ਤੋਂ ਪ੍ਰਭਾਵਤ ਹਨ) ਵੀ ਸਾਧਵੀ ਨਾਲ ਰਲ ਕੇ, ਦੇਸ਼ ਵਿਚ ਬੰਬ ਧਮਾਕੇ ਕਰਨ ਵਿਚ ਲੱਗੇ ਹੋਏ ਸਨ ਤਾਕਿ "ਮੁਸਲਮਾਨਾਂ ਨੂੰ ਸਬਕ ਸਿਖਾਇਆ ਜਾ ਸਕੇ", ਉਸ ਨੂੰ ਵੇਖ ਕੇ ਸਾਰਾ ਦੇਸ਼ ਸਕਤੇ ਵਿਚ ਆ ਗਿਆ ਹੈ। ਸਾਧਵੀ ਤੇ ਉਸ ਦੇ ਸਾਥੀ ਕਿਉਂਕਿ ਆਪ ਬਹੁਤਾ ਕੁੱਝ ਉਗਲਣ ਲਈ ਤਿਆਰ ਨਹੀਂ ਸਨ ਤੇ ਹਰ ਦੋਸ਼ ਤੋਂ ਇਨਕਾਰ ਕਰ ਰਹੇ ਸਨ, ਇਸ ਲਈ ਪੁਲਿਸ ਏਜੰਸੀਆਂ ਨੇ ਅਦਾਲਤ ਦੀ ਪ੍ਰਵਾਨਗੀ ਨਾਲ, ਉਸ ਦਾ 'ਨਾਰਕੋ ਟੈਸਟ' ਕਰਵਾਇਆ ਤੇ "ਦਿਮਾਗ਼ੀ ਸੋਚ" ਤਕ ਮਸ਼ੀਨਾਂ ਰਾਹੀਂ ਪਹੁੰਚਣ ਦੀ ਕੋਸ਼ਿਸ਼ ਸ਼ੁਰੂ ਕਰ ਦਿਤੀ। ਜੇ ਸਾਧਵੀ ਆਪ ਅਤੇ ਉਸ ਦੇ ਸਾਥੀ ਮੂੰਹ ਖੋਲ੍ਹ ਕੇ ਸਾਰੀ ਗੱਲ ਦਸ ਦੇਂਦੇ ਤਾਂ ਇਨ੍ਹਾਂ ਟੈਸਟਾਂ ਦੀ ਲੋੜ ਨਹੀਂ ਸੀ ਪੈਣੀ ਪਰ ਜਦ ਜਾਂਚ ਏਜੰਸੀਆਂ ਨੂੰ ਯਕੀਨ ਹੋ ਗਿਆ ਹੋਵੇ ਕਿ ਫੜਿਆ ਗਿਆ ਵਿਅਕਤੀ ਹੀ ਦੋਸ਼ੀ ਹੈ ਪਰ ਉਹ ਕੁੱਝ ਦੱਸਣ ਨੂੰ ਤਿਆਰ ਨਾ ਹੋਵੇ ਤਾਂ ਪੁਲਿਸ ਕੀ ਕਰੇ? ਇਹੀ ਕਰ ਸਕਦੀ ਹੈ ਕਿ ਅਦਾਲਤ ਦੀ ਆਗਿਆ ਨਾਲ, ਦੋਸ਼ੀ ਵਿਅਕਤੀ ਦੀ ਦਿਮਾਗ਼ੀ ਸੋਚ ਨੂੰ ਬਾਹਰ ਲਿਆਵੇ। ਇਹੀ ਕੁੱਝ ਕੀਤਾ ਗਿਆ ਹੈ ਤੇ ਹੈਰਾਨ ਕਰ ਦੇਣ ਵਾਲੀਆਂ ਗੱਲਾਂ ਸਾਹਮਣੇ ਆਈਆਂ ਵੀ ਹਨ।

ਪਰ ਬੀਜੇਪੀ ਲੀਡਰਸ਼ਿਪ ਸਾਧਵੀ ਦਾ ਸਾਥ ਦੇਂਦੀ ਹੋਈ, ਧਮਕੀਆਂ ਦੇਣ ਤੇ ਉਤਰ ਆਈ ਹੈ ਤੇ ਪੁਲਿਸ ਦੀ ਜਾਂਚ ਨੂੰ 'ਹਿੰਦੂਆਂ ਵਿਰੁਧ ਸਾਜ਼ਸ਼' ਦੇ ਰੂਪ ਵਿਚ ਪੇਸ਼ ਕਰਨ ਲੱਗ ਪਈ ਹੈ। ਬੀਜੇਪੀ ਦਾ ਪ੍ਰਧਾਨ ਵੀ ਇਹੀ ਪੁੱਛ ਰਿਹਾ ਹੈ ਕਿ ਕਿੰਨੇ ਮੁਸਲਮਾਨਾਂ ਦਾ 'ਨਾਰਕੋ ਟੈਸਟ ਕੀਤਾ ਗਿਆ ਸੀ?' ਮੁਸਲਮਾਨ ਖਾੜਕੂਆਂ ਨਾਲ ਜੋ ਕੀਤਾ ਗਿਆ, (ਭਾਵੇਂ ਬਾਹਰ ਨਾ ਦਸਿਆ ਗਿਆ), ਉਸ ਦਾ ਵੇਰਵਾ ਰਾਜਨਾਥ ਵਰਗੇ ਵੱਡੇ ਆਗੂਆਂ ਨੂੰ ਤਾਂ ਜ਼ਰੂਰ ਪਤਾ ਹੋਵੇਗਾ। ਸ਼ੱਕੀ ਮੁਸਲਮਾਨ ਵਿਅਕਤੀਆਂ ਕੋਲੋਂ ਜਿਵੇਂ ਜਬਰੀ ਜੁਰਮ ਕਬੂਲ ਕਰਵਾਇਆ ਜਾਂਦਾ ਹੈ, ਉਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਸੱਭ ਨੂੰ ਪਤਾ ਹਨ। ਨਾਰਕੋ ਟੈਸਟ ਉਨ੍ਹਾਂ ਦਾ ਹੀ ਕੀਤਾ ਜਾਂਦਾ ਹੈ ਜਿਨ੍ਹਾਂ ਕੋਲੋਂ ਸੱਚ ਉਗਲਵਾਉਣਾ ਵੀ ਜ਼ਰੂਰੀ ਹੁੰਦਾ ਹੈ ਪਰ ਜਿਨ੍ਹਾਂ ਨਾਲ ਜਬਰ ਜਾਂ ਤਸ਼ੱਦਦ ਵਾਲਾ ਢੰਗ ਵਰਤਣ ਤੋਂ ਪਰਹੇਜ਼ ਕਰਨਾ ਹੋਵੇ। ਰਾਜਨਾਥ ਤੇ ਉਨ੍ਹਾਂ ਦੇ ਸਾਥੀ ਸਰਕਾਰ ਦੀ 'ਨਰਮੀ' ਨੂੰ ਜ਼ਿਆਦਤੀ ਵਜੋਂ ਪੇਸ਼ ਕਰ ਰਹੇ ਹਨ। ਮੁਸਲਮਾਨ, ਸਿੱਖ ਤੇ ਈਸਾਈ ਗਰਮ-ਖ਼ਿਆਲੀਆਂ ਪ੍ਰਤੀ ਉਨ੍ਹਾਂ ਦੀ ਪਹੁੰਚ ਬਿਲਕੁਲ ਵਖਰੀ ਹੁੰਦੀ ਹੈ। (ਸੰਪਾਦਕੀ ਰੋਜ਼ਾਨਾ ਸਪੋਕਸਮੈਨ)

# ਘੱਟ-ਗਿਣਤੀਆਂ ਵਿਰੁਧ ਹਾਕਮ ਹੀ ਦੰਗੇ ਜਾਂ ਕਤਲੇਆਮ ਕਰਵਾਉਣ ਤਾਂ ਅਦਾਲਤਾਂ ਵੀ ਇਨਸਾਫ਼ ਨਹੀਂ ਦੇ ਸਕਦੀਆਂ

1984 ਅਤੇ 2002 ਦੇ ਦੋ ਵੱਡੇ ਕਤਲੇਆਮ, ਇਸ ਗੱਲ ਨੂੰ ਤਾਂ ਪ੍ਰਤੱਖ ਤੌਰ 'ਤੇ

ਪ੍ਰਵਾਨਗੀ ਦੇਂਦੇ ਹਨ ਕਿ ਫ਼ਿਰਕੂ ਵੰਡੀਆਂ ਵਿਚੋਂ ਉਪਜੇ 'ਆਜ਼ਾਦ ਭਾਰਤ' ਵਿਚ ਜਦੋਂ ਹਾਕਮ ਲੋਕ, ਆਪ ਹੀ ਕਿਸੇ ਘੱਟ-ਗਿਣਤੀ ਦਾ ਕਤਲੇਆਮ ਕਰਵਾਉਣ ਤਾਂ 100 ਹੀਲੇ ਬਹਾਨੇ ਕਰ ਕੇ ਵੀ ਉਹ (ਹਾਕਮ), ਅਪਣੇ ਇਸ਼ਾਰਿਆਂ ਮੁਤਾਬਕ ਕੰਮ ਕਰਨ ਵਾਲਿਆਂ ਨੂੰ ਅਤੇ ਅਪਣੇ ਆਪ ਨੂੰ ਇਕ ਝਰੀਟ ਵੀ ਨਹੀਂ ਲੱਗਣ ਦੇਣਗੇ। ਇਹੀ ਕੁੱਝ ਨਵੰਬਰ 84 ਦੇ ਕਤਲੇਆਮ ਦਾ ਦੁੱਖ ਸਹੇੜਨ ਵਾਲੇ ਸਿੱਖਾਂ ਨੇ ਹਾਲਾਤ ਤੋਂ ਸਿਖਿਆ ਤੇ ਇਹੀ ਤਜਰਬਾ ਮੁਸਲਮਾਨਾਂ ਨੂੰ ਹੋਇਆ ਹੈ।

ਹਿੰਦੁਸਤਾਨ ਦੇ 'ਸੈਕੂਲਰ' ਹਾਕਮਾਂ ਦਾ ਫ਼ਰਜ਼ ਬਣਦਾ ਹੈ ਕਿ ਘੱਟ-ਗਿਣਤੀਆਂ ਦੇ ਮਨਾਂ ਅੰਦਰ ਘਰ ਕਰ ਚੁੱਕੇ ਇਸ ਵਿਚਾਰ ਦਾ ਨੋਟਿਸ ਲੈਣ ਤੇ ਉਹ ਸਾਰੇ ਉਪਰਾਲੇ ਕਰਨ ਜਿਨ੍ਹਾਂ ਸਦਕਾ ਇਹ ਵਿਚਾਰ ਸਥਾਈ ਤੌਰ 'ਤੇ ਹੀ, ਘੱਟ-ਗਿਣਤੀਆਂ ਦੇ ਦਿਮਾਗਾਂ ਵਿਚ ਨਾ ਬੈਠ ਜਾਵੇ। ਪਰ ਇਹ ਕੀਤਾ ਕਿਵੇਂ ਜਾਏ?

ਯਹੂਦੀਆਂ ਉਪਰ ਹਿਟਲਰ ਵਲੋਂ ਕੀਤੇ ਗਏ ਜ਼ੁਲਮਾਂ ਮਗਰੋਂ, ਮਾਨਵਤਾ ਨੇ ਇਹ ਨਿਰਣਾ ਦੇ ਦਿਤਾ ਹੋਇਆ ਹੈ ਕਿ ਨਵੰਬਰ 84 ਅਤੇ ਗੁਜਰਾਤ ਦੇ ਦੰਗਿਆਂ ਦੌਰਾਨ, ਜਦੋਂ ਸਰਕਾਰਾਂ ਆਪ ਕਿਸੇ ਇਕ ਘੱਟ-ਗਿਣਤੀ ਨੂੰ ਜ਼ੁਲਮ ਦਾ ਸ਼ਿਕਾਰ ਬਣਾਉਂਦੀਆਂ ਹਨ ਤਾਂ ਜ਼ਾਲਮ ਦੇ ਜ਼ੁਲਮ ਨੂੰ ਇਨਸਾਫ਼ ਦੀ ਤਕੜੀ ਤੇ ਸਹੀ ਸਹੀ ਤੋਲਣਾ ਹੋਵੇ ਤਾਂ 'ਨਿਊਰਮਬਰਗ' ਵਰਗੀ ਕੋਈ ਅੰਤਰ-ਰਾਸ਼ਟਰੀ ਪੜਤਾਲ ਹੀ ਦੋਸ਼ੀਆਂ ਅਤੇ ਉਨ੍ਹਾਂ ਦੇ ਜ਼ੁਲਮ ਦੀ ਠੀਕ ਨਿਸ਼ਾਨਦੇਹੀ ਕਰ ਸਕਦੀ ਹੈ ਅਤੇ ਦੇਸ਼ ਦੇ ਅੰਦਰ ਪਹਿਲਾਂ ਤੋਂ ਕਾਇਮ ਅਮਨ ਕਾਨੂੰਨ ਦੀ ਮਸ਼ੀਨਰੀ ਉਤੇ ਟੇਕ ਰੱਖੀ ਜਾਏ ਤਾਂ ਉਹ ਇਨਸਾਫ਼ ਨਹੀਂ ਦੇ ਸਕੇਗੀ। ਇਕ ਪੂਰੀ ਕੌਮ ਵਿਰੁਧ 1984 ਅਤੇ 2002 ਦੇ ਕਤਲੇਆਮ ਦੀ ਪੜਤਾਲ, 'ਨਿਊਰਮਬਰਗ ਟਰਾਇਲ' ਵਾਂਗ ਕੀਤੀ ਜਾਏ, ਤਾਂ ਹੀ ਇਨਸਾਫ਼ ਬਾਹਰ ਆ ਸਕਦਾ ਹੈ ਵਰਨਾ ਸਰਕਾਰਾਂ, ਅਫ਼ਸਰ, ਪੁਲਿਸ ਤੇ ਹੋਰ ਏਜੰਸੀਆਂ ਰੱਲ ਕੇ ਇਨਸਾਫ਼ ਦਾ ਸੂਰਜ ਚੜ੍ਹਨੋਂ ਹੀ ਰੋਕ ਲੈਂਦੀਆਂ ਹਨ।

ਹਿੰਦੁਸਤਾਨ ਦੇ ਸਿੱਖਾਂ ਅਤੇ ਮੁਸਲਮਾਨਾਂ ਦੀ ਇਕ ਸਾਂਝੀ ਸਮੱਸਿਆ ਇਹ ਵੀ ਹੈ ਕਿ ਨਵੀਂ ਦਿੱਲੀ ਦੇ ਵਿਸ਼ੇਸ਼ ਯਤਨਾਂ ਸਦਕਾ, ਇਨ੍ਹਾਂ ਦੋਹਾਂ ਕੌਮਾਂ ਦੀ ਲੀਡਰਸ਼ਿਪ ਹੀ ਖ਼ਰੀਦ ਲਈ ਗਈ ਹੈ ਤੇ ਉਹ ਅਪਣੇ ਪੀੜਤਾਂ ਜਾਂ ਦੁਖੀਆਂ ਲਈ ਇਨਸਾਫ਼ ਲੈਣ ਵਿਚ ਦਿਲਚਸਪੀ ਲੈਣੀ ਹੀ ਬੰਦ ਕਰ ਬੈਠੀ ਹੈ। ਕੁੱਝ ਸਮਾਂ ਗਰਮਾ ਗਰਮ ਬਿਆਨ ਦਾਗਣ ਮਗਰੋਂ, ਸੱਤਾ ਦੀ ਕੁਰਸੀ ਉਤੇ ਬੈਠਦਿਆਂ ਹੀ, ਇਹ ਉਪਦੇਸ਼ ਦਿਤੇ ਜਾਣੇ ਸ਼ੁਰੂ ਕਰ ਦਿਤੇ ਜਾਂਦੇ ਹਨ ਕਿ "ਛੱਡੋ ਜੀ, ਹੁਣ ਪੁਰਾਣੇ ਕਿੱਸੇ ਹੀ ਦੁਹਰਾਂਦੇ ਰਹਿਣ ਦਾ ਕੀ ਫ਼ਾਇਦਾ?" ਜੋ ਹਾਲ ਸਿੱਖਾਂ ਦਾ ਹੈ, ਉਸ ਤੋਂ ਵੀ ਮਾੜਾ ਹਾਲ ਮੁਸਲਮਾਨਾਂ ਦਾ ਹੈ। ਇਸ ਲਈ ਦੋਹਾਂ ਕੌਮਾਂ ਨਾਲ ਕੋਈ ਵੀ ਧੱਕਾ ਹੋ ਜਾਏ, ਉਨ੍ਹਾਂ ਨੂੰ ਇਨਸਾਫ਼ ਕਦੇ ਨਹੀਂ ਮਿਲ ਸਕੇਗਾ। **ਇਨਸਾਫ਼ ਲੈਣਾ ਹੈ ਤਾਂ ਪਹਿਲੀ ਮੰਗ ਹੀ ਇਹ ਹੋਣੀ ਚਾਹੀਦੀ ਹੈ ਕਿ 'ਨਿਊਰਮਬਰਗ ਟਰਾਇਲ' ਵਰਗੀ ਕੋਈ ਪੜਤਾਲ ਕਰਵਾਈ ਜਾਏ ਨਹੀਂ ਤਾਂ ਝੂਠ ਮੂਠ ਦੀ ਕਾਰਵਾਈ ਕਰ ਕੇ, ਮੂਰਖ ਤਾਂ ਨਾ ਹੀ ਬਣਾਇਆ ਜਾਏ।** (ਸੰਪਾਦਕੀ ਰੋਜ਼ਾਨਾ ਸਪੋਕਸਮੈਨ)





# ਘੱਟ ਗਿਣਤੀਆਂ ਦੇ ਕਾਤਲ ਦੇਸ਼ ਭਗਤ, ਅਪਣੇ ਹੱਕ ਮੰਗਦੀਆਂ ਘੱਟ ਗਿਣਤੀਆਂ ਭਾਰਤੀ ਨਿਜ਼ਾਮ ਲਈ ਅਤਿਵਾਦੀ : ਭਾਈ ਚੀਮਾ

ਫ਼ਤਿਹਗੜ੍ਹ ਸਾਹਿਬ, 10 ਨਵੰਬਰ (ਗੁਰਪ੍ਰੀਤ ਮਹਿਕ) : ਮਾਲੇਗਾਉਂ ਬੰਬ ਧਮਾਕਿਆਂ ਦੀ ਦੋਸ਼ੀ ਹਿੰਦੂ ਅਤਿਵਾਦੀ ਸਾਧਣੀ ਪ੍ਰਗਿਆ ਠਾਕੁਰ ਨੂੰ ਭਾਜਪਾ ਪ੍ਰਧਾਨ ਰਾਜਨਾਥ ਸਿੰਘ ਵਲੋਂ ਨਿਰਦੋਸ਼ ਠਹਿਰਾਏ ਜਾਣ 'ਤੇ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਕੌਮੀ ਪੰਚ ਭਾਈ ਹਰਪਾਲ ਸਿੰਘ ਚੀਮਾ ਨੇ ਪ੍ਰਤੀਕਰਮ ਪ੍ਰਗਟਾਉਂਦਿਆਂ ਕਿਹਾ ਕਿ ਇਸ ਨਾਲ ਘੱਟੋ ਘੱਟ ਅਪਣੇ ਆਪ ਨੂੰ ਪੰਥਕ ਅਖਵਾਉਂਦੇ ਲੀਡਰਾਂ ਨੂੰ ਸ਼ਰਮ ਆ ਜਾਣੀ ਚਾਹੀਦੀ ਹੈ ਕਿ ਜਿਥੇ ਇਕ ਪਾਸੇ ਠੋਸ ਸਬੂਤਾਂ ਸਮੇਤ ਬੰਬ ਧਮਾਕਿਆਂ ਦੇ ਦੋਸ਼ਾਂ ਵਿਚ ਘਿਰ ਚੁਕੀ ਇਸ ਸਾਧਵੀ ਨੂੰ ਹਿੰਦੂਤਵੀ ਲੀਡਰ ਨਿਰਦੋਸ਼ ਗ਼ਰਦਾਨ ਰਹੇ ਹਨ ਉਥੇ ਬਿਨਾਂ ਕਿਸੇ ਸਬੂਤ ਤੋਂ ਹੋ ਰਹੀਆਂ ਸਿੱਖ ਨੌਜਵਾਨਾਂ ਦੀਆਂ ਫ਼ਰਜ਼ੀ ਗ੍ਰਿਫ਼ਤਾਰੀਆਂ ਬਾਰੇ ਵੀ ਇਨ੍ਹਾਂ ਅਖੌਤੀ ਪੰਥਕ ਲੀਡਰਾਂ ਨੇ ਕਦੇ ਇਕ ਸ਼ਬਦ ਵੀ ਮੂੰਹੋਂ ਨਹੀਂ ਕਢਿਆ। ਉਨ੍ਹਾਂ ਕਿਹਾ ਇਥੋਂ ਤਕ ਕਿ ਸਾਧਵੀ ਦੀ ਇਨ੍ਹਾਂ ਬੰਬ ਧਮਾਕਿਆਂ ਵਿਚ ਸ਼ਮੂਲੀਅਤ ਦਾ ਪਰਦਾਫ਼ਾਸ਼ ਕਰਦੀ 400 ਮਿੰਟ ਦੀ ਟੇਪ ਤੇ ਉਸ ਦਾ ਫ਼ੋਨ ਰਿਕਾਰਡ ਵੀ ਰਾਜਨਾਥ ਸਿੰਘ ਵਰਗੇ ਹਿੰਦੂਤਵੀ ਲੀਡਰਾਂ ਦੀ ਨਜ਼ਰ ਵਿਚ ਕੋਈ ਅਹਿਮੀਅਤ ਨਹੀਂ ਰਖਦਾ ਸਗੋਂ ਉਸ ਨੇ ਤਾਂ ਇਸ ਸਾਧਵੀ ਨੂੰ ਅਤਿਵਾਦੀ ਮੰਨਣ ਤੋਂ ਵੀ ਇਨਕਾਰ ਕਰ ਦਿਤਾ ਹੈ। ਇਨ੍ਹਾਂ ਲੋਕਾਂ ਦੀ ਨਜ਼ਰ ਵਿਚ ਅਪਣੇ ਹੱਕ ਮੰਗਣ ਵਾਲੀਆਂ ਘੱਟ ਗਿਣਤੀਆਂ ਹੀ ਅਤਿਵਾਦੀ ਹਨ ਅਤੇ ਨਿਰਦੋਸ਼ ਲੋਕਾਂ ਦਾ ਖ਼ੂਨ ਵਹਾਉਣ ਵਾਲੇ ਹਿੰਦੂ ਕਾਤਲ ਦੇਸ਼ ਭਗਤ।

ਭਾਈ ਚੀਮਾ ਨੇ ਕਿਹਾ ਕਿ ਅਜੇ ਤਾਂ ਇਹ ਲੋਕ ਸੱਤਾ ਤੋਂ ਬਾਹਰ ਹਨ ਜੇਕਰ ਭਾਰਤ ਦੀ ਜਨਤਾ ਇਨ੍ਹਾਂ ਲੋਕਾਂ ਨੂੰ ਸੱਤਾ ਸੌਂਪ ਦਿੰਦੀ ਹੈ ਤਾਂ ਇਹ ਲੋਕ ਕੀ ਗੁਲ ਖਿਲਾਉਣਗੇ ਇਸ ਦਾ ਅੰਦਾਜ਼ਾ ਸਹਿਜੇ ਲਗਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਸਾਕਾ ਨੀਲਾ ਤਾਰਾ ਦੌਰਾਨ ਜਿਨ੍ਹਾਂ ਸਿੱਖ ਫ਼ੌਜੀਆਂ ਨੇ ਅਪਣੇ ਧਰਮ ਤੇ ਗੁਰਧਾਮਾਂ ਦੀ ਰਾਖੀ ਲਈ ਬੈਰਕਾਂ ਛੱਡੀਆਂ, ਹਿੰਦ ਸਰਕਾਰ ਨੇ ਉਨ੍ਹਾਂ ਨੂੰ ਰਾਹਾਂ ਵਿਚ ਘੇਰ ਘੇਰ ਕੇ ਕਤਲ ਕੀਤਾ ਸੀ। ਹੁਣ ਵੇਖਦੇ ਹਾਂ ਕਿ ਹਿੰਦੂ ਅਤਿਵਾਦੀਆਂ ਨੂੰ ਘੱਟ ਗਿਣਤੀਆਂ ਵਿਰੁਧ ਹਥਿਆਰਾਂ ਦੀ ਸਿਖਲਾਈ ਦੇਣ ਵਾਲੇ ਅਤੇ ਘੱਟ ਗਿਣਤੀਆਂ ਦੇ ਕਤਲੇਆਮ ਲਈ ਉਨ੍ਹਾਂ ਨੂੰ ਗੋਲਾ ਬਾਰੂਦ ਮੁਹਈਆ ਕਰਵਾਉਣ ਵਾਲੇ ਹਿੰਦੂ ਫ਼ੌਜੀ ਅਫ਼ਸਰਾਂ ਨਾਲ ਭਾਰਤ ਦਾ ਹਿੰਦੂ ਨਿਜ਼ਾਮ ਕਿਹੜੇ ਤਰੀਕੇ ਨਾਲ ਨਿਪਟਦਾ ਹੈ। (ਰੋਜ਼ਾਨਾ ਸਪੋਕਸਮੈਨ : 11 ਨਵੰਬਰ 2008)

# ਸਿੱਖਾਂ ਨੂੰ ਅਤਿਵਾਦੀ ਕਹਿਣ ਵਾਲੀ ਬਹੁਗਿਣਤੀ ਅੱਜ ਖ਼ੁਦ ਅਤਿਵਾਦੀ ਬਣੀ ਤਾਂ ਕਿਉਂ ਕੁਰਲਾ ਉਠੀ ? ਸਿਰਸਾ

ਬਠਿੰਡਾ, 23 ਨਵੰਬਰ (ਕਿਰਪਾਲ ਸਿੰਘ) : ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਦੇ ਵਿਸ਼ੇਸ਼ ਸਕੱਤਰ ਭਾਈ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਪਿਛਲੇ 25 ਸਾਲਾਂ ਤੋਂ

ਅਤਿਵਾਦ ਦੇ ਨਾਮ ’ਤੇ ਪੰਜਾਬ ਵਿਚ ਸਿੱਖਾਂ ’ਤੇ ਤਸ਼ੱਦਦ ਕੀਤਾ ਜਾ ਰਿਹਾ ਹੈ। ਅਨੇਕਾਂ ਸਿੱਖ ਨੌਜਵਾਨ ਘਰੋਂ ਫ਼ੜ ਕੇ ਅਤਿਵਾਦੀ ਕਹਿ ਕੇ ਝੂਠੇ ਮੁਕਾਬਲਿਆਂ ’ਚ ਕਤਲ ਕਰ ਦਿਤੇ ਗਏ ਅਤੇ ਅਣਪਛਾਤੀਆਂ ਲਾਸ਼ਾਂ ਕਹਿ ਕੇ ਸਸਕਾਰ ਕਰ ਦਿਤੇ। ਉਨ੍ਹਾਂ ਕਿਹਾ ਕਿ ਭਾਈ ਜਸਵੰਤ ਸਿੰਘ ਖਾਲੜਾ ਨੇ ਪੁਲਿਸ ਦੀ ਇਸ ਘਿਨੌਣੀ ਕਾਰਵਾਈ ਬੇਪਰਦ ਕਰਨ ਦਾ ਬੀੜਾ ਚੁਕਿਆ ਤਾਂ ਉਸ ਨੂੰ ਵੀ ਅਣਪਛਾਤੀ ਲਾਸ਼ ਬਣਾ ਦਿਤਾ ਗਿਆ। **ਜਿਨ੍ਹਾਂ ਦੇ ਘਰ ਰੂਪੋਸ਼ ਹੋਏ ਸਿੰਘ ਇਕ ਦਿਨ ਰੋਟੀ ਖਾ ਜਾਂਦੇ ਉਨ੍ਹਾਂ ’ਤੇ ਵੀ ਬੇਤਹਾਸ਼ਾ ਤਸ਼ੱਦਦ ਕੀਤਾ ਗਿਆ। ਉਨ੍ਹਾਂ ਕਿਹਾ ਕਿ ਅੱਜ ਤਕ ਬਿਨਾਂ ਕੋਈ ਮੁਕੱਦਮਾ ਚਲਾਏ 20-25 ਸਾਲਾਂ ਤੋਂ ਸਿੱਖ ਜੇਲਾਂ ਵਿਚ ਰੁਲ ਰਹੇ ਹਨ। ਹੁਣ ਵੀ ਸੌਦਾ ਸਾਧ ਨੂੰ ਮਾਰਨ ਦੀ ਸਾਜ਼ਸ਼ ਦੇ ਨਾਮ ’ਤੇ ਸਿੱਖ ਬੀਬੀਆਂ ’ਤੇ ਵੀ ਮਨੁੱਖੀ ਬੰਬ ਬਣਨ ਦੇ ਦੋਸ਼ ਲਾ ਕੇ ਤਸ਼ੱਦਦ ਕੀਤਾ ਜਾ ਰਿਹਾ ਹੈ ਪਰ ਹਿੰਦੂਤਵੀ ਪਾਰਟੀਆਂ ਕਿਸੇ ਨੂੰ ਬੇਕਸੂਰ ਮੰਨਣ ਲਈ ਤਿਆਰ ਨਹੀਂ ਹਨ।** ਪੰਜਾਬ ਵਿਚ ਮੁੜ ਅਤਿਵਾਦ ਫੈਲਣ ਦੇ ਸ਼ੰਕਿਆਂ ਨਾਲ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ।

ਭਾਈ ਬਲਦੇਵ ਸਿੰਘ ਸਿਰਸਾ ਨੇ ਕਿਹਾ ਕਿ ਅਸੀ ਪਿਛਲੇ 25 ਸਾਲਾਂ ਤੋਂ ਦੁਹਾਈ ਪਾ ਰਹੇ ਸੀ ਕਿ ਸਿੱਖਾਂ ਨੂੰ ਅਤਿਵਾਦੀ ਕਹਿ ਦੇ ਬਦਨਾਮ ਤੇ ਤਸ਼ੱਦਦ ਕੀਤਾ ਜਾ ਰਿਹਾ ਹੈ ਪਰ ਕਿਸੇ ਨੇ ਨਹੀਂ ਸੁਣੀ। **ਅੱਜ ਮਾਲੇਗਾਉਂ ਧਮਾਕਿਆਂ ਪਿਛੋਂ ਸਾਡੇ ’ਤੇ ਦੋਸ਼ ਲਾਉਣ ਵਾਲੇ ਖ਼ੁਦ ਸਾਡੀਆਂ ਕਹੀਆਂ ਹੋਈਆਂ ਗੱਲਾਂ ਕਹਿਣ ਲਗ ਪਏ ਹਨ ਕਿ ਹਿੰਦੂਆਂ ਨੂੰ ਅਤਿਵਾਦੀ ਕਹਿ ਕੇ ਬਦਨਾਮ ਕੀਤਾ ਜਾ ਰਿਹਾ ਹੈ। ਫੜੇ ਗਏ ਦੋਸ਼ੀਆਂ ਨੂੰ ਕਾਨੂੰਨੀ ਸਹਾਇਤਾ ਦੇਣ ਲਈ ਕੱਟੜ ਹਿੰਦ ਜਥੇਬੰਦੀਆਂ ਵਲੋਂ ਫ਼ੰਡ ਇਕੱਠੇ ਕੀਤੇ ਜਾ ਰਹੇ ਹਨ।** ਭਾਈ ਬਲਦੇਵ ਸਿੰਘ ਨੇ ਕਿਹਾ ਕਿ ਜੇਕਰ ਰੂਪੋਸ਼ ਹੋਏ ਸਿੰਘਾਂ ਨੂੰ ਇਕ ਦਿਨ ਰੋਟੀ ਖਵਾਉਣ ਵਾਲੇ ਸਿੱਖਾਂ ’ਤੇ ਕੇਸ ਪਾਏ ਗਏ ਸਨ ਤਾਂ ਹੁਣ **ਧਮਾਕਿਆਂ ਦੀ ਸਾਜ਼ਸ਼ ’ਚ ਫੜੇ ਗਏ ਵਿਅਕਤੀਆਂ ਦੀ ਕਾਨੂੰਨੀ ਸਹਾਇਤਾ ਲਈ ਫ਼ੰਡ ਇਕੱਤਰ ਕਰਨ ਵਾਲੇ ਅਤੇ ਫ਼ੰਡ ਦੇਣ ਵਾਲਿਆਂ ’ਤੇ ਵੀ ਕੇਸ ਦਰਜ ਹੋਣੇ ਚਾਹੀਦੇ ਹਨ।**

ਜਦੋਂ ਭਾਈ ਬਲਦੇਵ ਸਿੰਘ ਸਿਰਸਾ ਦੇ ਉਪਰੋਕਤ ਬਿਆਨਾਂ ’ਤੇ ਪੰਜਾਬ ਭਾਜਪਾ ਪ੍ਰਧਾਨ ਰਜਿੰਦਰ ਭੰਡਾਰੀ ਨੂੰ ਪ੍ਰਤੀਕਰਮ ਦੇਣ ਲਈ ਸੰਪਰਕ ਕਰ ਕੇ ਪੁਛਿਆ ਗਿਆ ਕਿ ਤੁਹਾਡੀ ਪਾਰਟੀ ਦਾ ਅਤਿਵਾਦ ਵਿਰੁਧ ਬੜਾ ਸਖ਼ਤ ਸਟੈਂਡ ਰਿਹਾ ਹੈ ਪਰ ਕੀ ਹੁਣ ਤੁਹਾਡਾ ਸਟੈਂਡ ਬਦਲ ਗਿਆ ਹੈ? ਇਸ ’ਤੇ ਰਜਿੰਦਰ ਭੰਡਾਰੀ ਨੇ ਕਿਹਾ ਕਿ ਅਤਿਵਾਦੀਆਂ ਦਾ ਕੋਈ ਧਰਮ ਨਹੀਂ ਹੁੰਦਾ। ਅਤਿਵਾਦੀ ਚਾਹੇ ਕਿਸੇ ਵੀ ਧਰਮ ਨਾਲ ਸਬੰਧਤ ਹੋਣ, ਉਨ੍ਹਾਂ ਵਿਰੁਧ ਸਖ਼ਤ ਕਾਰਵਾਈ ਹੋਣੀ ਚਾਹੀਦੀ ਹੈ ਪਰ ਦੋਸ਼ ਸਾਬਤ ਹੋਣ ਤੋਂ ਪਹਿਲਾਂ ਹੀ ਹਿੰਦੂ ਅਤਿਵਾਦੀ ਕਹਿ ਕੇ ਬਦਨਾਮ ਕਰਨਾ ਗ਼ਲਤ ਹੈ। ਜਦ ਉਨ੍ਹਾਂ ਤੋਂ ਪੁਛਿਆ ਗਿਆ ਕਿ ਘੱਟ ਗਿਣਤੀ ਸਿੱਖ ਤੇ ਮੁਸਲਮਾਨ ਵੀ ਇਹੀ ਗੱਲ ਕਹਿੰਦੇ ਆਏ ਹਨ ਤਾਂ ਤੁਸੀ ਉਨ੍ਹਾਂ ਦੀ ਮੰਗ ਨਾਲ ਕਦੇ ਵੀ ਸਹਿਮਤ ਨਹੀਂ ਹੋਏ। **ਜਦ ਉਨ੍ਹਾਂ ਨੂੰ ਦਸਿਆ ਗਿਆ ਕਿ ਜਦ ਤਕ ਹਰ ਆਗੂ ਅਪਣੇ ਧਰਮ ਨਾਲ ਸਬੰਧਤ ਅਤਿਵਾਦੀਆਂ ਨੂੰ ਨਿਰਦੋਸ਼ ਅਤੇ ਦੂਜੇ ਧਰਮਾਂ ਨਾਲ ਸਬੰਧਤ ਵਿਅਕਤੀਆਂ ਨੂੰ ਅਤਿਵਾਦੀ ਕਹਿ ਕੇ ਫਾਹੇ ਟੰਗਣ ਦੀ ਗੱਲ ਕਰਦਾ ਰਹੇਗਾ ਉਸ**





**ਸਮੇਂ ਤਕ ਸਿਰਫ਼ ਅਤਿਵਾਦ ਵਿਰੁਧ ਰੌਲਾ ਪਾਉਣ ਨਾਲ ਅਤਿਵਾਦ ਖ਼ਤਮ ਨਹੀਂ ਹੋਵੇਗਾ।** ਇਸ ’ਤੇ ਉਨ੍ਹਾਂ ਕਿਹਾ ਕਿ ਤੁਸੀ ਪਹਿਲਾਂ ਹੀ ਮਨ ਬਣਾਈ ਬੈਠੇ ਹੋ, ਇਸ ਲਈ ਤੁਹਾਡੇ ਨਾਲ ਗੱਲ ਕਰਨ ਦਾ ਕੋਈ ਫ਼ਾਇਦਾ ਨਹੀਂ ਹੈ। (ਰੋਜ਼ਾਨਾ ਸਪੋਕਸਮੈਨ : 23 ਨਵੰਬਰ 2008)

## ਹਿੰਦੁਸਤਾਨ ਵਿਚ ਲੋਕ-ਰਾਜ ਨੂੰ ਜ਼ਿੰਦਾ ਰੱਖਣ ਲਈ ਬਰਤਾਨਵੀ ਨਹੀਂ, ਅਮਰੀਕੀ ਚੋਣ-ਪ੍ਰਣਾਲੀ ਤੇ ਪ੍ਰਬੰਧ ਨੂੰ ਅਪਨਾਉਣਾ ਪਵੇਗਾ

ਆਜ਼ਾਦੀ ਮਗਰੋਂ, ਉਸ ਵਕਤ ਦੇ ‘ਆਜ਼ਾਦੀ ਅੰਦੋਲਨ’ ਵਿਚ ਅੱਗੇ ਆਏ ਲੀਡਰਾਂ ਨੇ, ਬਿਨਾ ਸੋਚੇ ਵਿਚਾਰੇ ਤੇ ਬਗ਼ੈਰ ਅਪਣੇ ਵਿਸ਼ੇਸ਼ ਹਾਲਾਤ ਦੀਆਂ ਮਜਬੂਰੀਆਂ ਬਾਰੇ ਚਰਚਾ ਛੇੜੇ, ਇਕ ਅਜਿਹਾ ਸੰਵਿਧਾਨ ਅਪਣਾ ਲਿਆ ਜੋ ਜਵਾਹਰ ਲਾਲ ਨਹਿਰੂ ਨੂੰ ਪਸੰਦ ਸੀ ਤੇ ਬਰਤਾਨੀਆਂ ਦੀ ਨਕਲ ਕਰਦੇ ਹੋਏ, ਸਰਕਾਰ ਬਨਾਉਣ ਦਾ ਅਜਿਹਾ ਤੰਤਰ ਅਪਣਾ ਲਿਆ ਜੋ ਜਵਾਹਰ ਲਾਲ ਨਹਿਰੂ ਨੂੰ ਅਪਣੇ ਲਈ ਸਾਜ਼ਗਾਰ ਲਗਦਾ ਸੀ। ਉਸ ਵੇਲੇ ਹੋਰ ਲੀਡਰ ਵੀ ਮੌਜੂਦ ਸਨ ਜੋ ਸੋਚਣ ਦੀ ਸਮਰੱਥਾ ਰਖਦੇ ਸਨ ਪਰ ਜਵਾਹਰ ਲਾਲ ਨਹਿਰੂ ਦੇ ਨਾਂ ਦੁਆਲੇ ਇਹ ਮਿਥ ਘੜ ਕੇ ਪ੍ਰਚਾਰ ਦਿਤੀ ਗਈ ਸੀ ਕਿ ਨਹਿਰੂ ਦਾ ਵਿਰੋਧ ਕਰਨ ਵਾਲਾ, ਲੋਕਾਂ ਵਲੋਂ ਫਿਟਕਾਰ ਦਿਤਾ ਜਾਏਗਾ। ਆਮ ਲੋਕਾਂ ਅੰਦਰ ਵੀ ਇਹ ਧਾਰਨਾ ਘੁਸੇੜ ਦਿਤੀ ਗਈ ਸੀ ਕਿ ਨਹਿਰੂ ਇਕੋ ਇਕ ਨੇਤਾ ਹੈ ਜੋ ਗ਼ਲਤੀ ਨਹੀਂ ਕਰ ਸਕਦਾ ਤੇ ਜਿਸ ਦਾ ਵਿਰੋਧ ਕਰਨ ਵਾਲਾ, ਦੇਸ਼ ਦਾ ਦੁਸ਼ਮਣ ਹੀ ਹੋ ਸਕਦਾ ਹੈ। ਸਰਦਾਰ ਪਟੇਲ ਨੂੰ ਉਂਜ ਮੌਤ ਨੇ ਅਪਣੀ ਗੋਦ ਵਿਚ ਲੈ ਲਿਆ ਪਰ ਜਿੰਨਾ ਚਿਰ ਉਹ ਰਿਹਾ, ਉਸ ਬਾਰੇ ਇਹੀ ਪ੍ਰਚਾਰ ਕੀਤਾ ਜਾਂਦਾ ਰਿਹਾ ਕਿ ਉਹ ਹਿੰਦੁਸਤਾਨ ਨੂੰ ਇਕ ‘ਹਿੰਦੂ ਦੇਸ਼’ ਬਨਾਉਣਾ ਚਾਹੁੰਦਾ ਹੈ ਪਰ ਉਸ ਦਾ ਰਾਹ, ਜਵਾਹਰ ਲਾਲ ਦੇ ਹੁੰਦਿਆਂ ਨਹੀਂ ਖੁਲ੍ਹ ਸਕਦਾ। ਮੌਲਾਨਾ ਆਜ਼ਾਦ ਨੇ ਦੇਸ਼ ਦੀ ਵੰਡ ਬਾਰੇ ਅਪਣੇ ਮਨ ਦੇ ਕੁੱਝ ਦਬੇ ਹੋਏ ਵਿਚਾਰ ਵੀ ਪ੍ਰਗਟ ਕਰਨ ਦਾ ਫ਼ੈਸਲਾ ਕੀਤਾ ਤਾਂ ਕਿਤਾਬ ਲਿਖਣ ਮਗਰੋਂ ਵਸੀਅਤ ਕਰ ਦਿਤੀ ਕਿ ਪੁਸਤਕ (ਇੰਡੀਆ ਵਿਨਜ਼ ਫ਼ਰੀਡਮ) ਦਾ ਇਕ ਭਾਗ ਉਸ ਦੀ ਮੌਤ ਤੋਂ 25 ਸਾਲ ਬਾਅਦ ਪ੍ਰਕਾਸ਼ਤ ਕੀਤਾ ਜਾਵੇ।

ਇਸ ਪਿਛੋਕੜ ਵਿਚ ਜਾਣ ਦਾ ਮਕਸਦ ਕੇਵਲ ਇਹ ਦਸਣਾ ਹੀ ਹੈ ਕਿ 47 ਤੋਂ ਬਾਅਦ ਵਾਲੇ ਦਿਨਾਂ ਵਿਚ ਕੇਵਲ ਇਕ ਆਦਮੀ ਦੇ ਵਿਚਾਰਾਂ ਨੂੰ ਹੀ ‘ਸਾਰੇ ਭਾਰਤ ਦੇ ਵਿਚਾਰ’ ਦਸਿਆ ਜਾ ਰਿਹਾ ਸੀ ਤੇ ਇਕ ਵਿਅਕਤੀ ਦੇ ਐਲਾਨਾਂ ਨੂੰ ਸਾਰੇ ਦੇਸ਼ ਦੇ ਫ਼ੈਸਲੇ ਦਸਿਆ ਜਾ ਰਿਹਾ ਸੀ। **ਡਾ. ਅੰਬੇਦਕਰ ਨੂੰ ‘ਸੰਵਿਧਾਨ ਦਾ ਨਿਰਮਾਤਾ’ ਕਹਿ ਕੇ ਪ੍ਰਚਾਰਿਆ ਗਿਆ ਪਰ ਉਨ੍ਹਾਂ ਨੇ ਹੀ ਪਾਰਲੀਮੈਂਟ ਵਿਚ ਇਹ ਕਹਿ ਕੇ ਸੱਭ ਨੂੰ ਹੈਰਾਨ ਕਰ ਦਿਤਾ ਕਿ ਉਹ ਤਾਂ ਇਸ ਸੰਵਿਧਾਨ ਨੂੰ ਅੱਗ ਲਾ ਕੇ ਸਾੜ ਦੇਣ ਵਾਲੇ ਪਹਿਲੇ ਵਿਅਕਤੀ ਹੋਣਗੇ।** ਡਾ. ਅੰਬੇਦਕਰ ਨੂੰ ਪੁਛਿਆ ਗਿਆ ਕਿ ਉਹ ਤਾਂ ਸੰਵਿਧਾਨ ਦੇ ‘ਨਿਰਮਾਤਾ’ ਹਨ, ਫਿਰ ਉਹ ਕਿਉਂ ਇਸ ਸੰਵਿਧਾਨ ਬਾਰੇ ਏਨੀ ਗਰਮ ਭਾਸ਼ਾ ਵਰਤ ਰਹੇ ਹਨ? ਡਾ. ਅੰਬੇਦਕਰ ਦਾ ਪੂਰਾ

ਜਵਾਬ ਹੋਰ ਵੀ ਜ਼ਿਆਦਾ ਸਖ਼ਤ ਸ਼ਬਦਾਵਲੀ ਵਾਲਾ ਸੀ ਪਰ ਇਸ ਦਾ ਸੰਖੇਪ ਸਾਰ ਇਹੀ ਸੀ ਕਿ "ਮੈਨੂੰ ਤਾਂ ਸਿਰਫ਼ ਵਰਤਿਆ ਹੀ ਗਿਆ ਹੈ।" (**ਇਹ ਸਾਰਾ ਕੁੱਝ ਪਾਰਲੀਮੈਂਟ ਦੀ ਕਾਰਵਾਈ ਵਿਚ ਲਿਖਤੀ ਰੂਪ ਵਿਚ ਦਰਜ ਹੈ**) ਵਰਤਿਆ ਇਹ ਕਹਿ ਕੇ ਗਿਆ ਕਿ ਜੇ ਉਹ 'ਨਹਿਰੂ ਦੀ ਮਨਸ਼ਾ ਵਾਲਾ' ਸੰਵਿਧਾਨ ਤਿਆਰ ਕਰਨ ਵਿਚ ਸਹਾਈ ਹੋ ਸਕਣ ਤਾਂ ਦਲਿਤਾਂ ਬਾਰੇ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਮੰਨ ਲਈਆਂ ਜਾਣਗੀਆਂ। ਬਾਅਦ ਵਿਚ ਜਦੋਂ ਉਨ੍ਹਾਂ ਨੇ ਮਹਿਸੂਸ ਕੀਤਾ ਕਿ ਇਹ ਵਾਅਦਾ ਵੀ ਪੂਰਾ ਕਰਨ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਤਾਂ ਡਾ. ਅੰਬੇਦਕਰ ਦਾ ਹਾਲ ਵੀ ਮਹਾਤਮਾ ਗਾਂਧੀ ਤੇ ਸਰਦਾਰ ਪਟੇਲ ਵਾਲਾ ਹੀ ਹੋ ਗਿਆ ਸੀ। ਉਹ 'ਸ਼ਹਿਨਸ਼ਾਹ' ਦੀ ਵਾਅਦਾ-ਖਿਲਾਫ਼ੀ ਵਿਰੁਧ ਗੁੱਸਾ ਤਾਂ ਪ੍ਰਗਟ ਕਰ ਸਕਦੇ ਸੀ ਪਰ ਹੁਣ ਕਰ ਕੁੱਝ ਨਹੀਂ ਸੀ ਸਕਦੇ।

**ਸਾਰੀ ਚਰਚਾ ਦਾ ਤੱਤ ਸਾਰ ਇਹੀ ਹੈ ਕਿ ਆਜ਼ਾਦੀ ਤੋਂ ਤੁਰਤ ਬਾਅਦ ਜੋ ਕੁੱਝ ਵੀ ਕੀਤਾ ਗਿਆ, ਉਹ ਇਕ ਵਿਅਕਤੀ ਦੀ ਸੋਚ ਦਾ ਨਤੀਜਾ ਸੀ ਤੇ ਦੂਜੇ ਵੱਡੇ ਤੋਂ ਵੱਡੇ ਆਗੂ ਵੀ ਉਸ ਦੀ ਨਜ਼ਰ ਵਿਚ ਕੋਈ ਮਹੱਤਵ ਨਹੀਂ ਸਨ ਰਖਦੇ। ਇਸੇ ਲਈ ਉਸ ਸਮੇਂ ਲਏ ਗਏ ਬਹੁਤੇ ਫ਼ੈਸਲੇ ਗ਼ਲਤ ਸਨ ਤੇ ਭਾਰਤ ਦੇ ਵਿਸ਼ੇਸ਼ ਹਾਲਾਤ ਨੂੰ ਸਾਹਮਣੇ ਰੱਖ ਕੇ ਨਹੀਂ ਸਗੋਂ ਇਕ ਵਿਅਕਤੀ ਦੇ ਵਿਚਾਰਾਂ ਨੂੰ ਰੂਪਮਾਨ ਕਰਨ ਲਈ ਹੀ ਲਏ ਗਏ ਸਨ।**

ਇਨ੍ਹਾਂ ਫ਼ੈਸਲਿਆਂ ਵਿਚ ਇਕ ਜ਼ਰੂਰੀ ਫ਼ੈਸਲਾ ਇਹ ਵੀ ਸੀ ਕਿ ਸਾਰੇ ਦੇਸ਼ ਨੂੰ ਇਕ ਇਕਾਈ ਵਜੋਂ ਲਿਆ ਜਾਏ ਤੇ ਇਤਿਹਾਸ ਨੂੰ ਭੁਲਾ ਕੇ, ਸੂਬਿਆਂ ਨੂੰ ਕੋਈ ਸ਼ਕਤੀ ਨਾ ਦਿਤੀ ਜਾਏ। ਦੂਜਾ, 'ਵੈਸਮਨਿਸਟਰ' ਅਥਵਾ ਬਰਤਾਨਵੀ ਪ੍ਰਣਾਲੀ ਨੂੰ ਇਨ ਬਿਨ ਲਾਗੂ ਕਰ ਕੇ ਇਥੇ ਵੀ ਇਕ ਪ੍ਰਧਾਨ ਮੰਤਰੀ ਤੇ ਉਸ ਦੇ ਵਜ਼ੀਰ, ਦੇਸ਼ ਉਤੇ ਰਾਜ ਕਰਨ ਤੇ ਇਹੀ ਪ੍ਰਣਾਲੀ ਸੂਬਿਆਂ ਵਿਚ ਵੀ ਲਾਗੂ ਕੀਤੀ ਜਾਵੇ।

ਇਹ ਗ਼ਲਤ ਸੀ ਕਿਉਂਕਿ ਇਸ ਨੂੰ ਇਹ ਮੰਨ ਕੇ ਲਾਗੂ ਕਰਨ ਦਾ ਫ਼ੈਸਲਾ ਲਿਆ ਗਿਆ ਸੀ ਕਿ ਭਾਰਤ 'ਇਕ ਦੇਸ਼' ਹੈ ਤੇ ਇਥੇ ਉਪਰੋਂ ਹੁਕਮ ਜਾਰੀ ਕਰ ਕੇ, ਹੇਠਾਂ ਵਲ ਜਾਇਆ ਜਾਣਾ ਚਾਹੀਦਾ ਹੈ। ਰਾਜਾਂ ਨੂੰ 'ਮਿਉਂਸੀਪਲ ਕਮੇਟੀਆਂ' ਵਾਂਗ ਬਣਾ ਦਿਤਾ ਗਿਆ। **ਪੰਜ ਦਰਿਆਵਾਂ ਵਾਲੀ ਧਰਤੀ ਦਾ ਨਾਂ 'ਪੰਜਾਬ' ਇਸ ਲਈ ਹੀ ਪਿਆ ਸੀ ਕਿ ਪੰਜ ਦਰਿਆ ਇਸ ਦੀ ਮਲਕੀਅਤ ਸਨ ਪਰ ਅੱਜ ਤਕ ਪੰਜਾਬ ਅਪਣੇ ਹੀ ਦਰਿਆਵਾਂ ਦਾ ਪਾਣੀ ਲੈਣ ਲਈ ਮੰਗਤਿਆਂ ਵਾਂਗ ਤਰਲੇ ਲੈ ਰਿਹਾ ਹੈ। ਅਮਰੀਕਾ ਦੇ 'ਫ਼ੈਡਰਲ' ਰਾਜਾਂ ਵਿਚ ਕਿਸੇ ਰਾਜ ਨਾਲ ਅਜਿਹਾ ਧੱਕਾ ਨਹੀਂ ਕੀਤਾ ਜਾ ਸਕਦਾ ਤੇ ਰਾਜਾਂ ਦੇ ਅਪਣੇ ਅਧਿਕਾਰ ਮੁਕੰਮਲ ਅਤੇ ਨਾ ਛੇੜੇ ਜਾ ਸਕਣ ਵਾਲੇ ਹੁੰਦੇ ਹਨ। ਉਥੋਂ ਦਾ ਸੰਵਿਧਾਨ ਇਸ ਵਿਚਾਰਧਾਰਾ ਉਤੇ ਆਧਾਰਤ ਹੈ ਕਿ ਰਾਜਾਂ ਨੂੰ ਮਿਲਾ ਕੇ (Union of States) ਦੇਸ਼ ਬਣਦਾ ਹੈ ਤੇ ਰਾਜਾਂ ਦੇ ਅਧਿਕਾਰਾਂ ਦੀ ਉਲੰਘਣਾ ਦਾ ਮਤਲਬ ਦੇਸ਼ ਦੇ ਸੰਕਲਪ ਨੂੰ ਚੁਨੌਤੀ ਦੇਣਾ ਹੁੰਦਾ ਹੈ। ਇਸ ਦੇ ਉਲਟ, ਨਹਿਰੂ ਦੀ ਵਿਚਾਰਧਾਰਾ ਇਹ ਹੈ ਕਿ ਕਿ ਰਾਜ ਨਹੀਂ, ਦੇਸ਼ ਮਹੱਤਵਪੂਰਨ ਹੈ ਤੇ ਦੇਸ਼ ਦੇ ਲੀਡਰਾਂ ਨੇ ਸੋਚਣਾ ਹੈ ਕਿ ਰਾਜਾਂ ਨੂੰ ਕੀ ਦੇਣਾ ਹੈ ਤੇ ਕੀ ਨਹੀਂ।**

ਇਸੇ ਗ਼ਲਤ ਸੋਚ ਨੇ ਭਾਰਤ ਨੂੰ 62 ਸਾਲਾਂ ਵਿਚ ਵੀ ਇਕ ਦੇਸ਼ ਨਹੀਂ ਬਣਨ





ਦਿਤਾ। ਕੁਲ ਮਿਲਾ ਕੇ, ਸਥਿਤੀ ਇਹ ਬਣਦੀ ਹੈ ਕਿ ਮੌਜੂਦਾ ਚੋਣ ਪ੍ਰਣਾਲੀ ਹੌਲੀ ਹੌਲੀ ਹਰ ਪਾਰਟੀ ਨੂੰ ਹੀ 'ਸਥਾਨਕ' ਜਾਂ 'ਇਲਾਕਾਈ' ਪਾਰਟੀ ਬਣਾ ਰਹੀ ਹੈ ਤੇ 'ਰਾਸ਼ਟਰੀ ਪਾਰਟੀ' ਦਾ ਸੁਪਨਾ ਹੀ ਹਵਾ ਵਿਚ ਉਡਦਾ ਜਾ ਰਿਹਾ ਹੈ। 2009 ਦੀਆਂ ਚੋਣਾਂ ਵੀ ਇਕ ਜਾਂ ਦੂਜੀ ਧਿਰ ਦੇ ਹੱਕ ਵਿਚ ਫ਼ਤਵਾ ਦੇਂਦੀਆਂ ਨਹੀਂ ਲਗਦੀਆਂ ਸਗੋਂ 50-50 ਮੈਂਬਰਾਂ ਵਾਲੇ ਇਲਾਕਾਈ ਗਰੁੱਪ ਚੁਣਨਗੀਆਂ ਜੋ ਰਾਜ ਕਰਨ ਲਈ ਗਠਜੋੜ ਤਾਂ ਕਰਨਗੇ ਪਰ 'ਰਾਸ਼ਟਰੀਅਤਾ' ਵਾਲਾ ਸੰਕਲਪ ਹੀ ਖ਼ਤਮ ਹੋ ਜਾਏਗਾ। ਸਾਰਾ ਦੋਸ਼ ਉਨ੍ਹਾਂ ਸਿਰ ਲੱਗੇਗਾ ਜਿਨ੍ਹਾਂ ਨੇ ਆਜ਼ਾਦੀ ਤੋਂ ਤੁਰਤ ਬਾਅਦ, ਪੂਰੀ ਗੱਲ ਦੀ ਤਹਿ ਵਿਚ ਜਾਏ ਬਿਨਾ, ਇਕ ਵਿਅਕਤੀ ਦੇ ਵਿਚਾਰਾਂ ਨੂੰ ਸਾਰੇ ਦੇਸ਼ ਉਤੇ ਲੱਦ ਦਿਤਾ ਸੀ।

**ਇਲਾਜ ਕੀ ਹੈ? ਇਹੀ ਕਿ ਵੈਸਮਨਿਸਟਰ (ਇੰਗਲੈਂਡ) ਵਲ ਵੇਖਣ ਦੀ ਬਜਾਏ, ਅਮਰੀਕਾ ਵਲ ਵੇਖਿਆ ਜਾਏ ਜਿਥੋਂ ਦੇ ਹਾਲਾਤ, ਭਾਰਤ ਦੇ ਹਾਲਾਤ ਨਾਲ ਪੂਰੀ ਤਰ੍ਹਾਂ ਮੇਲ ਖਾਂਦੇ ਹਨ ਤੇ ਰਾਜਾਂ ਨੂੰ ਮੁਕੰਮਲ ਖ਼ੁਦ-ਮੁਖ਼ਤਾਰੀ ਦੇਣ ਮਗਰੋਂ, ਸਾਰੇ ਰਾਜਾਂ ਦੀ ਮਦਦ ਨਾਲ ਇਕ ਰਾਸ਼ਟਰਪਤੀ ਚੁਣਿਆ ਜਾਵੇ ਤੇ ਪ੍ਰਧਾਨ ਮੰਤਰੀ, ਵਜ਼ੀਰ-ਮੰਡਲੀਆਂ ਵਾਲਾ ਪ੍ਰਬੰਧ ਤੁਰਤ ਖ਼ਤਮ ਕਰ ਦਿਤਾ ਜਾਵੇ। ਇਹ ਕੀਤੇ ਬਗ਼ੈਰ, ਭਾਰਤੀ ਲੋਕ-ਰਾਜ ਦਾ ਵਿਕਾਸ ਰੁਕ ਜਾਵੇਗਾ ਤੇ 'ਘੜਮੱਸ ਰਾਜਨੀਤੀ' ਗਲਬਾ ਹਾਸਲ ਕਰਦੀ ਜਾਏਗੀ।** (20.03.09)
(ਸੰਪਾਦਕੀ, ਰੋਜ਼ਾਨਾ ਸਪੋਕਸਮੈਨ 20 ਮਾਰਚ, 2009)

## ਪੰਜਾਬ ਦੇ ਰਹਿਬਰੋ ! ਜ਼ਮੀਰ ਦੀ ਆਵਾਜ਼ ਸੁਣੋ !!
## ਪੰਜਾਬ ਦੇ ਪਾਣੀਆਂ ਦੀ ਰਾਜਨੀਤਕ ਵੰਡ : ਦਲੀਲ ਦੀ ਕਸੌਟੀ 'ਤੇ

ਕੀ ਮੁੱਖ ਮੰਤਰੀ ਬਾਦਲ ਨਿਮਨ ਲਿਖਤ ਮੁੱਦਿਆਂ ਸਬੰਧੀ ਜਨਹਿਤ ਵਿਚ ਅਪਣਾ ਕੋਈ ਪ੍ਰਤੀਕਰਮ ਦੇਣਾ ਚਾਹੁਣਗੇ ਜੋ ਕਿ ਇਸ ਤਰ੍ਹਾਂ ਹਨ ....

1. ਪੰਜਾਬ ਦੇ ਦਰਿਆਈ ਪਾਣੀਆਂ ਦੀ ਵੰਡ ਦੇ ਗ਼ੈਰ-ਸੰਵਿਧਾਨਕ ਸਮਝੌਤਿਆਂ, ਜਿਵੇਂ ਕਿ ਮਿਤੀ 31 ਦਸੰਬਰ 1981 ਦਾ ਸਮਝੌਤਾ, ਜੋ ਤਿੰਨਾਂ ਮੁੱਖ ਮੰਤਰੀਆਂ, ਦਰਬਾਰਾ ਸਿੰਘ (ਪੰਜਾਬ), ਚੌਧਰੀ ਭਜਨ ਲਾਲ (ਹਰਿਆਣਾ), ਸ਼ਿਵਚਰਨ ਮਾਥੁਰ (ਰਾਜਸਥਾਨ), ਵਲੋਂ ਨਿਜੀ ਪੱਧਰ 'ਤੇ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਿਆਸੀ ਮੰਤਵਾਂ ਦੀ ਪੂਰਤੀ ਹਿਤ ਉਲੀਕਿਆ ਗਿਆ ਸੀ ਤੇ ਜਿਸ ਨੂੰ ਕਿ ਖ਼ੁਦ ਪ੍ਰਧਾਨ ਮੰਤਰੀ ਨੇ ਤਸਦੀਕ ਕੀਤਾ ਸੀ ਅਤੇ ਉਸ ਤੋਂ ਬਾਅਦ ਵਾਲੇ 24 ਜੁਲਾਈ 1985 ਦੇ (ਰਾਜੀਵ-ਲੌਂਗੋਵਾਲ) ਸਮਝੌਤੇ ਨੂੰ ਮੁਢਲੇ ਤੌਰ 'ਤੇ ਸੁਪਰੀਮ ਕੋਰਟ ਵਿਖੇ ਚੁਨੌਤੀ ਕਿਉਂ ਨਹੀਂ ਦਿਤੀ ਗਈ? ਵੈਸੇ ਇਨ੍ਹਾਂ ਸਮਝੌਤਿਆਂ ਵਿਚ ਕਿਤੇ ਵੀ ਇਹ ਦਰਜ ਨਹੀਂ ਕੀਤਾ ਗਿਆ ਕਿ ਸੰਵਿਧਾਨ ਦੇ ਕਿਸ ਅਨੁਛੇਦ (Article) ਅਧੀਨ ਇਨ੍ਹਾਂ ਸਮਝੌਤਿਆਂ ਨੂੰ ਲਿਖਤੀ ਰੂਪ ਦਿਤਾ ਗਿਆ। ਕੀ ਵੇਲੇ ਦੇ ਸਿਆਸੀ ਆਗੂਆਂ ਵਲੋਂ ਅਜਿਹਾ ਕਰ ਕੇ ਸੰਵਿਧਾਨ ਦੀ ਮਰਿਆਦਾ ਭੰਗ ਨਹੀਂ ਕੀਤੀ ਗਈ ਜਦੋਂ ਕਿ ਭਾਰਤੀ ਸੰਵਿਧਾਨ ਦੇ 7ਵੇਂ ਸ਼ਡਿਊਲ ਦੀ ਦੂਜੀ ਸੂਚੀ ਦੇ 17ਵੇਂ ਇੰਦਰਾਜ ਅਤੇ ਆਰਟੀਕਲ 246 ਕਲਾਜ਼ (3) ਅਧੀਨ ਪੰਜਾਬ ਦੇ ਦਰਿਆਈ ਪਾਣੀਆਂ ਬਾਰੇ ਸਾਰੇ

ਸੰਵਿਧਾਨਕ ਅਧਿਕਾਰ ਸਿਰਫ਼ ਪੰਜਾਬ ਵਿਧਾਨ ਸਭਾ ਨੂੰ ਹੀ ਪ੍ਰਾਪਤ ਹਨ ਨਾਕਿ ਪਾਰਲੀਮੈਂਟ ਜਾਂ ਕਾਰਜਪਾਲਿਕਾ (ਐਗਜ਼ੈਕਟਿਵ) ਜਾਂ ਫਿਰ ਕਿਸੇ ਉਘੇ ਰਾਜਸੀ ਨੇਤਾ ਨੂੰ। ਸਾਡੇ ਵਿਚਾਰ ਅਨੁਸਾਰ ਮਾਨਯੋਗ ਸੁਪਰੀਮ ਕੋਰਟ ਨੂੰ ਇਨ੍ਹਾਂ ਗ਼ੈਰ-ਸੰਵਿਧਾਨਕ ਸਮਝੌਤਿਆਂ ਬਾਰੇ ਅਪਣੇ ਤੌਰ 'ਤੇ ਖ਼ੁਦ ਹੀ (Suo Motu) ਨੋਟਿਸ ਲੈਣਾ ਚਾਹੀਦਾ ਹੈ। ਜਿਸ ਦੇਸ਼/ਰਾਜ ਦੀ ਸਰਕਾਰ ਅਪਣੇ ਸੰਵਿਧਾਨ ਨੂੰ ਤੁਛ ਕਰ ਕੇ ਜਾਣਦੀ ਹੈ, ਉਸ ਨੂੰ ਫ਼ੌਰੀ ਤੌਰ 'ਤੇ ਭੰਗ ਕਰ ਦਿਤਾ ਜਾਣਾ ਚਾਹੀਦਾ ਹੈ।

2. ਜ਼ਿਕਰਯੋਗ ਹੈ ਕਿ ਸੁਪਰੀਮ ਕੋਰਟ ਵੀ ਪੰਜਾਬ ਵਿਧਾਨ ਸਭਾ ਨੂੰ ਪ੍ਰਾਪਤ ਇਨ੍ਹਾਂ ਸੰਵਿਧਾਨਕ ਅਧਿਕਾਰਾਂ ਤੇ ਕੋਈ ਰੋਕ ਜਾਂ ਪਾਬੰਦੀ ਨਹੀਂ ਲਗਾ ਸਕਦੀ। ਫਿਰ ਪੰਜਾਬ ਦੇ ਮੁੱਖ ਮੰਤਰੀ ਦਰਿਆਈ ਪਾਣੀਆਂ ਦੀ ਇਸ ਰਾਜਨੀਤਕ ਵੰਡ ਸਬੰਧੀ ਮੁੱਦਿਆਂ ਨੂੰ ਵਿਧਾਨ ਸਭਾ ਵਿਚ ਖੁਲ੍ਹੀ ਬਹਿਸ ਲਈ ਕਿਉਂ ਨਹੀਂ ਰਖਦੇ? ਕੀ ਮੁੱਖ ਮੰਤਰੀ ਬਾਦਲ ਸਾਡੀਆਂ ਇਨ੍ਹਾਂ ਦਲੀਲਾਂ ਸਬੰਧੀ ਕੋਈ ਯੋਗ ਉੱਤਰ ਦੇਣਾ ਚਾਹੁਣਗੇ? ਆਖ਼ਰ ਕੋਈ ਤਾਂ ਜ਼ਿੰਮੇਵਾਰ ਹੈ, ਪੰਜਾਬ ਦੀ ਹੋਣੀ ਨਾਲ ਖਿਲਵਾੜ ਕਰਨ ਲਈ। ਪੰਜਾਬ ਸਰਕਾਰ ਦੀ ਜੁਆਬਦੇਹੀ ਬਣਦੀ ਹੈ ਕਿ ਉਹ ਸਪੱਸ਼ਟ ਕਰੇ ਕਿ ਰਾਜ ਦੇ ਪਾਣੀਆਂ ਨੂੰ ਸੰਵਿਧਾਨ ਦੀਆਂ ਉਪਰ ਦਰਜ ਧਾਰਾਵਾਂ ਅਧੀਨ ਸੁਰੱਖਿਆ ਕਿਉਂ ਨਹੀਂ ਦਿਤੀ ਗਈ?

3. ਜ਼ਿਕਰਯੋਗ ਹੈ ਕਿ ਸੰਵਿਧਾਨ ਦੀਆਂ ਉਪ੍ਰੋਕਤ ਮੱਦਾਂ ਅਨੁਸਾਰ, ਪੰਜਾਬ ਦੇ ਦਰਿਆਵਾਂ ਦੇ ਪਾਣੀਆਂ ਦੀ ਵੰਡ ਕਰਨ ਦਾ ਅਧਿਕਾਰ ਦੇਸ਼ ਦੇ ਪ੍ਰਧਾਨ ਮੰਤਰੀ, ਰਾਜ ਦੇ ਮੁੱਖ ਮੰਤਰੀ ਜਾਂ ਕਿਸੇ ਵੀ ਹੋਰ ਪ੍ਰਬੰਧਕੀ ਜਾਂ ਰਾਜਸੀ ਆਗੂ ਨੂੰ ਨਹੀਂ ਹੈ। ਫਿਰ ਪੰਜਾਬ ਦੇ ਪਾਣੀਆਂ ਦੀ ਵੰਡ ਸਬੰਧੀ ਇਹ ਰਾਜਸੀ ਸਮਝੌਤੇ ਸੰਵਿਧਾਨ ਦੀ ਕਿਸ ਧਾਰਾ ਅਧੀਨ ਲਾਗੂ ਕੀਤੇ ਗਏ? ਫਿਰ ਪ੍ਰਸ਼ਨ ਇਹ ਵੀ ਪੈਦਾ ਹੁੰਦਾ ਹੈ ਕਿ ਇਨ੍ਹਾਂ ਰਾਜਸੀ ਸਮਝੌਤਿਆਂ ਨੂੰ ਪੰਜਾਬ ਵਿਧਾਨ ਸਭਾ ਦੀ ਸੰਵਿਧਾਨਕ ਪ੍ਰਵਾਨਗੀ ਤੋਂ ਕਿਉਂ ਬਾਹਰ ਰਖਿਆ ਗਿਆ? ਅੱਜ ਸ. ਬਾਦਲ ਰਾਜਾਂ ਨੂੰ ਵੱਧ ਸੰਵਿਧਾਨਕ ਅਧਿਕਾਰਾਂ ਦੀ ਗੱਲ ਤਾਂ ਕਰਦੇ ਹਨ ਪਰ ਪੰਜਾਬ ਨੂੰ ਪਾਣੀਆਂ ਦੇ ਵਿਸ਼ੇ ਸਬੰਧੀ ਮਿਲੇ ਇਨ੍ਹਾਂ ਅਧਿਕਾਰਾਂ ਦੀ ਰਖਿਆ ਕਰਨ ਤੋਂ ਸੰਕੋਚ ਕਰ ਰਹੇ ਹਨ ਜਿਸ ਕਰ ਕੇ ਰਾਜ ਵਿਚ ਪਾਣੀਆਂ ਦਾ ਇਹ ਗੰਭੀਰ ਸੰਕਟ ਪੈਦਾ ਹੋਇਆ। ਵੈਸੇ ਪੰਜਾਬ ਦੇ ਅਜਿਹੇ ਨੇਤਾਵਾਂ ਨੂੰ ਲੋਕਾਂ ਦੀ ਨੁਮਾਇੰਦਗੀ ਕਰਨ ਦਾ ਕੋਈ ਇਖ਼ਲਾਕੀ ਅਧਿਕਾਰ ਨਹੀਂ ਪਹੁੰਚਦਾ। ਸੋ ਅੱਜ ਲੋੜ ਹੈ ਪ੍ਰਜਾਤੰਤਰੀ ਪ੍ਰਣਾਲੀ 'ਚੋਂ ਪ੍ਰਵਾਰਵਾਦ ਦੀ ਪ੍ਰੰਪਰਾ ਨੂੰ ਖ਼ਤਮ ਕਰਨ ਦੀ।

.........................................

5. ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਅੰਗਰੇਜ਼ੀ ਸ਼ਾਸਨਕਾਲ ਸਮੇਂ ਵੀ ਪੰਜਾਬ ਦੇ ਦਰਿਆਈ ਪਾਣੀਆਂ ਦੀ ਇਸ ਤਰ੍ਹਾਂ ਗ਼ੈਰ-ਕੁਦਰਤੀ ਵੰਡ ਨਹੀਂ ਸੀ ਕੀਤੀ ਗਈ ਜੋ ਕਿ ਹੁਣ ਭਾਰਤੀ ਸੰਵਿਧਾਨ ਦੀ ਉਲੰਘਣਾ ਕਰ ਕੇ ਕੀਤੀ ਗਈ। ਪੰਜਾਬ ਨਾਲ ਹੋਏ ਇਸ ਧੱਕੇ ਲਈ ਸਾਡੇ ਪੰਜਾਬ ਦੇ ਅਪਣੇ ਰਾਜਨੇਤਾ ਹੀ ਮੁਢਲੇ ਤੌਰ 'ਤੇ ਜ਼ਿੰਮੇਵਾਰ ਹਨ ਜਿਨ੍ਹਾਂ ਵਿਚ ਕਿ ਵੇਲੇ ਦੇ ਮੁੱਖ ਮੰਤਰੀਆਂ - ਪ੍ਰਤਾਪ ਸਿੰਘ ਕੈਰੋਂ, ਦਰਬਾਰਾ ਸਿੰਘ, ਸੁਰਜੀਤ ਸਿੰਘ





ਬਰਨਾਲਾ ਆਦਿ ਦੇ ਨਾਮ ਸ਼ਾਮਲ ਹਨ। ਇਸ ਤੋਂ ਇਲਾਵਾ ਸੰਤ ਹਰਚੰਦ ਸਿੰਘ ਲੌਂਗੋਵਾਲ, ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ, ਵੀ ਇਸੇ ਸ਼੍ਰੇਣੀ ਵਿਚ ਆਉਂਦੇ ਹਨ। ਪਰ ਮੌਜੂਦਾ ਮੁੱਖ ਮੰਤਰੀ ਸ. ਬਾਦਲ ਵੀ ਅਪਣੀ ਇਖ਼ਲਾਕੀ ਜ਼ਿੰਮੇਵਾਰੀ ਤੋਂ ਬਚ ਨਹੀਂ ਸਕਦੇ ਕਿਉਂ ਜੋ ਉਨ੍ਹਾਂ ਨੇ ਪੰਜਾਬ ਦੇ ਲੋਕਾਂ ਦੀ ਯੋਗਤਾ ਭਰਪੂਰ ਢੰਗ ਨਾਲ ਅਗਵਾਈ ਨਹੀਂ ਕੀਤੀ। ਸੋ, ਇਸ ਲਈ ਸੰਵਿਧਾਨ ਦੀ ਉਲੰਘਣਾ ਕਰਨ ਵਾਲੇ ਆਗੂਆਂ ਦੀ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਜਾਣੀ ਜ਼ਰੂਰੀ ਹੋ ਜਾਂਦੀ ਹੈ। ਵੈਸੇ ਅਜਿਹੇ ਗ਼ੈਰ ਜ਼ਿੰਮੇਵਾਰ ਆਗੂਆਂ ਨੂੰ ਖ਼ੁਦ ਹੀ ਰਾਜਨੀਤੀ ਤੋਂ ਸੰਨਿਆਸ ਲੈ ਲੈਣਾ ਚਾਹੀਦਾ ਹੈ।

6. ਇਥੇ ਇਹ ਬਿਆਨ ਕਰਨਾ ਤਰਕਸੰਗਤ ਹੋਵੇਗਾ ਕਿ ਉਪਰ ਦਰਜ ਸੰਵਿਧਾਨਕ ਵਿਵਸਥਾਵਾਂ ਅਨੁਸਾਰ ਪੰਜਾਬ ਦੇ ਰਾਈਪੇਰੀਅਨ ਅਧਿਕਾਰਾਂ ਨੂੰ ਕਿਸੇ ਵੀ ਸਿਆਸੀ ਆਧਾਰ 'ਤੇ ਨਕਾਰਿਆ ਨਹੀਂ ਜਾ ਸਕਦਾ ਤਾਂ ਫਿਰ ਅਜਿਹੇ ਸੰਵੇਦਨਸ਼ੀਲ ਮੁੱਦਿਆਂ ਨੂੰ ਵਿਧਾਨ ਸਭਾ ਵਿਚ ਕਿਉਂ ਨਹੀਂ ਵਿਚਾਰਿਆ ਜਾਂਦਾ?..........

7. ਜ਼ਿਕਰਯੋਗ ਹੈ ਕਿ ਪੰਜਾਬ ਵਿਚਲੇ ਤਿੰਨੇ ਦਰਿਆ ਸਤਲੁਜ, ਬਿਆਸ ਅਤੇ ਰਾਵੀ ਭੂਗੋਲਿਕ ਪੱਖੋਂ ਪੰਜਾਬ ਵਿਚੋਂ ਹੀ ਲੰਘਦੇ ਹਨ। ਸੋ ਇਸ ਲਈ ਇਹ ਦਰਿਆ ਅੰਤਰ-ਰਾਜੀ ਪਾਣੀਆਂ ਦੇ ਝਗੜੇ ਦੇ ਐਕਟ, 1956 (The Inter State Water Disputes Act, 1956 enacted under Article 262) ਦੀਆਂ ਮੱਦਾਂ ਹੇਠ ਨਹੀਂ ਆਉਂਦੇ ਕਿਉਂਕਿ ਪੰਜਾਬ ਦੇ ਇਨ੍ਹਾਂ ਦਰਿਆਵਾਂ ਵਿਚੋਂ ਕੋਈ ਵੀ ਦਰਿਆ ਕਿਸੇ ਹੋਰ ਗੁਆਂਢੀ ਰਾਜ ਹਰਿਆਣਾ, ਰਾਜਸਥਾਨ ਜਾਂ ਚੰਡੀਗੜ੍ਹ (ਯੂ.ਟੀ.) ਦੀਆਂ ਹੱਦਾਂ ਅੰਦਰ ਨਹੀਂ ਆਉਂਦਾ, ਜਦੋਂ ਕਿ ਹਰਿਆਣਾ ਵਿਚਲੇ ਯਮੁਨਾ ਦਰਿਆ ਬਾਰੇ ਅਜਿਹਾ ਨਹੀਂ ਕਿਹਾ ਜਾ ਸਕਦਾ ਕਿਉਂ ਜੋ ਇਹ ਦਰਿਆ ਹਰਿਆਣਾ ਤੋਂ ਇਲਾਵਾ ਦਿੱਲੀ ਅਤੇ ਯੂ.ਪੀ. ਆਦਿ ਰਾਜਾਂ ਦੀਆਂ ਭੂਗੋਲਿਕ ਹੱਦਾਂ ਅੰਦਰ ਆਉਂਦਾ ਹੈ। ਜ਼ਿਕਰਯੋਗ ਹੈ ਕਿ ਇਸੇ ਕਾਰਨ ਹੀ ਪੰਜਾਬ ਨੂੰ ਇਸ ਦੇ ਪਾਣੀਆਂ ਵਿਚੋਂ ਕੋਈ ਹਿੱਸਾ ਨਹੀਂ ਦਿਤਾ ਗਿਆ ਜਦੋਂ ਕਿ ਪੁਨਰਗਠਨ ਤੋਂ ਪਹਿਲਾਂ ਪੰਜਾਬ ਨੂੰ ਇਸ ਦਰਿਆ ਦੇ ਪਾਣੀਆਂ 'ਤੇ ਸੰਵਿਧਾਨਕ ਅਧਿਕਾਰ ਪ੍ਰਾਪਤ ਸੀ। ਉਪ੍ਰੋਕਤ ਹਵਾਲਿਆਂ ਦੇ ਸੰਦਰਭ ਵਿਚ ਇਹ ਬਿਆਨ ਕਰਨਾ ਪ੍ਰਸੰਗਿਕ ਹੋਵੇਗਾ ਕਿ ਪੰਜਾਬ ਵਿਚਲੇ ਤਿੰਨੇ ਦਰਿਆ ਅੰਤਰ-ਰਾਜੀ ਦਰਿਆਵਾਂ ਦੀ ਸ਼੍ਰੇਣੀ ਵਿਚ ਨਹੀਂ ਆਉਂਦੇ, ਤਾਂ ਫਿਰ ਇਨ੍ਹਾਂ ਦਰਿਆਵਾਂ ਦਾ ਪ੍ਰਬੰਧ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਤੋਂ ਕਿਉਂ ਬਾਹਰ ਰਖਿਆ ਗਿਆ? ਕੀ ਅਜਿਹਾ ਕਰ ਕੇ ਪੰਜਾਬ ਨੂੰ ਪ੍ਰਾਪਤ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਨਹੀਂ ਕੀਤੀ ਗਈ? ਯਾਦ ਰਹੇ ਕਿ ਦਰਿਆਵਾਂ ਦੇ ਕੁਦਰਤੀ ਵਹਿਣ ਕਦੇ ਵੀ ਰਾਜਨੀਤਕ ਨੀਤੀਆਂ ਅਨੁਸਾਰ ਬਦਲੇ ਨਹੀਂ ਜਾ ਸਕਦੇ, ਫਿਰ ਪੰਜਾਬ ਤੋਂ ਉਸ ਦੇ ਰਾਈਪੇਰੀਅਨ ਅਧਿਕਾਰ ਕਿਸ ਆਧਾਰ 'ਤੇ ਖੋਹੇ ਗਏ? ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਅਪਣਾਏ ਗਏ ਪ੍ਰਵਾਨਤ ਹੈਲਸਿੰਕੀ ਰੂਲਜ਼ 1966 ਨੂੰ ਅੱਖੋਂ ਪਰੋਖੇ ਕਿਉਂ ਕੀਤਾ ਗਿਆ? ਇਨ੍ਹਾਂ ਮੁੱਦਿਆਂ ਬਾਰੇ ਅੰਤਮ ਫ਼ੈਸਲਾ ਤਾਂ ਸਰਬ-ਉੱਚ ਅਦਾਲਤ ਵਲੋਂ ਹੀ ਲਿਆ ਜਾਣਾ ਹੈ।

.........................................................

8. ਸਪੱਸ਼ਟ ਹੈ ਕਿ 1 ਨਵੰਬਰ, 1966 ਨੂੰ ਪੁਨਰਗਠਿਤ ਪੰਜਾਬ ਦੇ ਦਰਿਆਵਾਂ ਤੇ ਹਰਿਆਣਾ ਰਾਜ ਦੇ ਰਾਈਪੇਰੀਅਨ ਅਧਿਕਾਰ ਖ਼ੁਦ-ਬ-ਖ਼ੁਦ ਹੀ ਸਮਾਪਤ ਹੋ ਗਏ ਸਨ। ਇਸ ਆਧਾਰ 'ਤੇ ਹੀ ਤਾਂ ਹਰਿਆਣਾ ਵਿਚਲੇ ਯਮੁਨਾ ਦਰਿਆ 'ਤੇ ਪੰਜਾਬ ਦਾ ਕੋਈ ਰਾਈਪੇਰੀਅਨ ਅਧਿਕਾਰ ਨਹੀਂ ਮੰਨਿਆ ਗਿਆ ਜਿਸ ਕਰ ਕੇ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਵਿਚੋਂ ਕੋਈ ਹਿੱਸਾ ਨਹੀਂ ਦਿਤਾ ਗਿਆ। ਫਿਰ ਪੰਜਾਬ ਲਈ ਹੀ ਵਖਰੇ ਮਾਪ-ਦੰਡ ਕਿਉਂ ਅਪਨਾਏ ਗਏ? .............. ਕੀ ਪੰਜਾਬ ਵਾਸੀਆਂ ਨੂੰ ਮੂਰਖ ਨਹੀਂ ਬਣਾਇਆ ਜਾ ਰਿਹਾ?

9. ਜ਼ਿਕਰਯੋਗ ਹੈ ਕਿ ਪੰਜਾਬ ਅਸੈਂਬਲੀ ਵਲੋਂ 5 ਨਵੰਬਰ, 1985 ਨੂੰ ਪੰਜਾਬ ਦੀ ਬਰਨਾਲਾ ਸਰਕਾਰ ਸਮੇਂ ਪਾਣੀਆਂ ਦੀ ਰਾਜਨੀਤਕ ਵੰਡ ਸਬੰਧੀ ਸਾਰੇ ਸਮਝੌਤਿਆਂ ਅਤੇ ਦਸਤਾਵੇਜ਼ਾਂ ਨੂੰ ਰੱਦ ਕਰ ਦਿਤਾ ਗਿਆ ਸੀ ਤਾਂ ਫਿਰ 29 ਜਨਵਰੀ, 1955 ਦੀ ਅੰਤਰ-ਰਾਜੀ ਮੀਟਿੰਗ ਦਾ ਫ਼ੈਸਲਾ, 24 ਮਾਰਚ, 1976 ਦੀ ਕੇਂਦਰ ਵਿਚਲੀ ਸਰਕਾਰ (Union Government, Department of Irrigation) ਦੇ ਨੋਟੀਫ਼ਿਕੇਸ਼ਨ ਅਤੇ ਪੰਜਾਬ ਪੁਨਰ-ਗਠਨ ਐਕਟ, 1966 ਦੀਆਂ ਧਾਰਾਵਾਂ 78,79 ਅਤੇ 80, ਜੋ ਸੰਵਿਧਾਨਕ ਵਿਵਸਥਾਵਾਂ ਦੀ ਉਲੰਘਣਾ ਕਰਦੀਆਂ ਹਨ, ਨੂੰ ਇਸ ਮਤੇ ਤੋਂ ਕਿਉਂ ਬਾਹਰ ਰਖਿਆ ਗਿਆ? ਅਤੇ ਇਨ੍ਹਾਂ ਸਮਝੌਤਿਆਂ/ਦਸਤਾਵੇਜ਼ਾਂ ਨੂੰ ਸਰਬ-ਉੱਚ ਅਦਾਲਤ ਵਿਖੇ ਚੁਣੌਤੀ ਕਿਉਂ ਨਹੀਂ ਦਿਤੀ ਗਈ? ਯਾਦ ਰਹੇ ਕਿ 24 ਜੁਲਾਈ 1985 ਦੇ ਰਾਜੀਵ-ਲੌਂਗੋਵਾਲ ਰਾਜਸੀ ਸਮਝੌਤੇ ਨੂੰ ਵੀ ਵਿਧਾਨ ਸਭਾ ਦੇ ਉਕਤ ਮਤੇ ਵਿਚ ਸ਼ਾਮਲ ਨਹੀਂ ਕੀਤਾ ਗਿਆ ਤਾਂ ਇਸ ਦਾ ਕੀ ਕਾਰਨ ਸੀ? ਅਕਾਲੀ ਦਲ ਵਲੋਂ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਵਿੱਢੇ ਗਏ ਧਰਮ ਯੁੱਧ ਮੋਰਚੇ ਦੇ ਸੰਘਰਸ਼ ਨੂੰ ਬਾਦਲ ਸਾਹਿਬ ਅੱਜ ਪਤਾ ਨਹੀਂ ਕਿਉਂ ਨਕਾਰ ਰਹੇ ਹਨ? ਬਾਦਲ ਸਾਹਿਬ! ਈਮਾਨਦਾਰੀ ਨਾਲ ਦਸਣਾ ਕਿ ਪੰਜਾਬ ਨਾਲ ਗ਼ਦਾਰੀ ਕਰਨ ਵਾਲਿਆਂ ਵਿਚ ਤੁਸੀ ਆਪ ਅਤੇ ਤੁਹਾਡੀ ਪਾਰਟੀ ਸ਼ਾਮਲ ਨਹੀਂ?

10. ਵਰਣਨਯੋਗ ਹੈ ਕਿ ਨਾ ਤਾਂ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਅਤੇ ਨਾ ਹੀ ਸੰਤ ਲੌਂਗੋਵਾਲ, ਪ੍ਰਧਾਨ ਅਕਾਲੀ ਦਲ ਨੂੰ ਪਾਣੀਆਂ ਦੀ ਵੰਡ ਕਰਨ ਸਬੰਧੀ ਕੋਈ ਸੰਵਿਧਾਨਕ ਅਧਿਕਾਰ ਪ੍ਰਾਪਤ ਸੀ। ............................................ ਇਨ੍ਹਾਂ ਸਮਝੌਤਿਆਂ ਨੂੰ ਪੰਜਾਬ ਵਿਧਾਨ ਸਭਾ ਵਲੋਂ ਕਦੇ ਵੀ ਕੋਈ ਪ੍ਰਵਾਨਗੀ ਨਹੀਂ ਸੀ ਦਿਤੀ ਗਈ। ਅਗਰ ਸੰਤ ਲੌਂਗੋਵਾਲ ਨੂੰ ਬਤੌਰ ਪਾਰਟੀ ਪ੍ਰਧਾਨ ਰਾਜੀਵ ਗਾਂਧੀ (ਪ੍ਰਧਾਨ ਮੰਤਰੀ) ਨਾਲ ਕੋਈ ਰਾਜਨੀਤਕ ਸਮਝੌਤਾ ਕਰਨ ਦਾ ਅਧਿਕਾਰ ਸੀ ਤਾਂ ਫਿਰ ਅਕਾਲੀ ਦਲ ਦੇ ਮੌਜੂਦਾ ਪ੍ਰਧਾਨ ਸੁਖਬੀਰ ਬਾਦਲ ਵਲੋਂ ਉਪਰ ਦਰਜ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਰੱਦ ਕਰਵਾਉਣ ਲਈ ਕਾਨੂੰਨੀ ਚਾਰਾਜੋਈ ਕਿਉਂ ਨਹੀਂ ਕੀਤੀ ਜਾ ਰਹੀ? ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਸ. ਬਾਦਲ ਆਪ ਖ਼ੁਦ ਅਕਾਲੀ ਦਲ ਦੇ ਪ੍ਰਧਾਨ ਸਨ, ਫਿਰ ਉਨ੍ਹਾਂ ਨੇ ਇਸ ਸੰਦਰਭ ਵਿਚ ਯੋਗ ਕਾਰਵਾਈ ਕਿਉਂ ਨਹੀਂ ਕੀਤੀ?

11. ਅਗਰ ਸਬੰਧਤ ਰਾਜ ਸਰਕਾਰਾਂ ਅਤੇ ਦਿੱਲੀ ਵਿਚਲੀ ਯੂ.ਪੀ.ਏ. ਸਰਕਾਰ,





ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਠੀਕ ਮੰਨਦੀਆਂ ਹਨ ਤਾਂ ਫਿਰ ਇਸ ਨੂੰ ਇਨ ਬਿਨ ਰੂਪ ਵਿਚ ਲਾਗੂ ਕਿਉਂ ਨਹੀਂ ਕੀਤਾ ਗਿਆ? ਯਾਦ ਰਹੇ ਕਿ ਕਾਨੂੰਨੀ ਵਿਵਸਥਾਵਾਂ ਅਨੁਸਾਰ, ਧਿਰਾਂ ਵਿਚਕਾਰ ਹੋਏ ਕਿਸੇ ਵੀ ਇਕ ਧਿਰ ਵਲੋਂ ਅਸਹਿਮਤੀ ਪ੍ਰਗਟਾਉਣ ਦੀ ਸੂਰਤ ਵਿਚ ਇਸ ਨੂੰ ਅਮਲ ਯੋਗ ਨਹੀਂ ਸਮਝਿਆ ਜਾਂਦਾ। ਵੈਸੇ ਵੀ ਸਥਾਪਤ ਪ੍ਰੰਪਰਾਵਾਂ ਅਤੇ ਕਾਨੂੰਨੀ ਵਿਵਸਥਾਵਾਂ ਅਨੁਸਾਰ ਧਿਰਾਂ ਵਿਚਕਾਰ ਹੋਏ ਕਿਸੇ ਵੀ ਅਜਿਹੇ ਸਮਝੌਤੇ ਨੂੰ ਅੱਧੇ ਜਾਂ ਅਧੂਰੇ ਰੂਪ ਵਿਚ ਲਾਗੂ ਨਹੀਂ ਕੀਤਾ ਜਾਂਦਾ। **ਫਿਰ ਇਸ ਸਮਝੌਤੇ ਵਿਚਲੀ ਪਾਣੀਆਂ ਦੀ ਵੰਡ ਨੂੰ ਹੀ ਕਿਉਂ ਪ੍ਰਮੁੱਖਤਾ ਦਿਤੀ ਜਾ ਰਹੀ ਹੈ ਜਦੋਂ ਕਿ ਬਾਕੀ ਦੀਆਂ ਸਾਰੀਆਂ ਮੱਦਾਂ ਨੂੰ ਹਰਿਆਣਾ ਅਤੇ ਰਾਜਸਥਾਨ ਵਲੋਂ ਨਕਾਰ ਦਿਤਾ ਗਿਆ ਸੀ?** ਕੀ ਪੰਜਾਬ ਦੇ ਖੇਤੀ ਅਰਥਚਾਰੇ ਨੂੰ ਤਬਾਹ ਕਰ ਕੇ ਦੂਜੇ ਰਾਜਾਂ ਦੇ ਹਿਤਾਂ ਨੂੰ ਤਰਜੀਹ ਨਹੀਂ ਦਿਤੀ ਜਾ ਰਹੀ? ਸੋ ਇਸ ਲਈ ਪੰਜਾਬ ਵਾਸੀ, ਰਾਜ-ਪ੍ਰਬੰਧ ਚਲਾ ਰਹੇ ਅਪਣੇ ਰਾਜਸੀ ਨੇਤਾਵਾਂ ਤੋਂ ਇਸ ਲੇਖ ਵਿਚ ਦਲੀਲਾਂ ਸਹਿਤ ਉਠਾਏ ਗਏ ਪ੍ਰਸ਼ਨਾਂ ਦੇ ਸਾਰਥਕ ਉੱਤਰ ਦੀ ਮੰਗ ਕਰਦੇ ਹਨ। ਅਗਰ ਹਰਿਆਣਾ, ਰਾਜਸਥਾਨ ਆਦਿ ਦੂਜੇ ਰਾਜਾਂ ਨੂੰ ਪੰਜਾਬ ਦੇ ਦਰਿਆਵਾਂ ਤੋਂ ਪਾਣੀ ਚਾਹੀਦਾ ਸੀ ਤਾਂ ਸਰਕਾਰੀ ਪੱਧਰ 'ਤੇ ਪੰਜਾਬ ਵਿਧਾਨ ਸਭਾ ਦੀ ਪ੍ਰਵਾਨਗੀ ਉਪ੍ਰੰਤ ਇਸ ਬਾਰੇ ਯੋਗ ਕਾਰਵਾਈ ਕੀਤੀ ਜਾਂਦੀ।

12. ਪ੍ਰਸ਼ਨ ਇਹ ਵੀ ਪੈਦਾ ਹੁੰਦਾ ਹੈ ਕਿ ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ ਗਏ, 5 ਨਵੰਬਰ 1985 ਦੇ ਮਤੇ ਨੂੰ ਅਮਲ ਵਿਚ ਕਿਉਂ ਨਹੀਂ ਲਿਆਂਦਾ ਗਿਆ? ਸਪੱਸ਼ਟ ਹੈ ਕਿ ਪਾਣੀਆਂ ਦੀ ਵੰਡ ਦੇ ਸਮਝੌਤਿਆਂ ਨੂੰ ਉਲੀਕਣ ਸਮੇਂ ਦੇਸ਼ ਦੇ ਸੰਵਿਧਾਨ ਅਤੇ ਪੰਜਾਬ ਵਿਧਾਨ ਸਭਾ ਨੂੰ ਜਾਣਬੁਝ ਕੇ ਅੱਖੋਂ ਪਰੋਖੇ ਕੀਤਾ ਗਿਆ। ਸੋ, ਇਸ ਲਈ ਇਥੇ ਇਹ ਬਿਆਨ ਕਰਨਾ ਤਰਕਸੰਗਤ ਹੋਵੇਗਾ ਕਿ ਇਰਾਡੀ ਟ੍ਰਿਬਿਊਨਲ ਦਾ ਗਠਨ, ਸਤਲੁਜ-ਯਮਨਾ ਲਿੰਕ ਕੈਨਾਲ (1985-1990) ਅਤੇ ਹਾਂਸੀ-ਬੁਟਾਨਾ ਨਹਿਰਾਂ ਦਾ ਨਿਰਮਾਣ ਰਾਜਸੀ ਆਧਾਰ 'ਤੇ ਹੀ ਕੀਤਾ ਗਿਆ। ਜ਼ਿਕਰਯੋਗ ਕਿ ਵਿਧਾਨ ਸਭਾ ਵਲੋਂ ਪਾਸ ਕੀਤੇ ਇਸ ਮਤੇ ਨੂੰ ਕਦੇ ਵੀ ਕਿਸੇ ਵੀ ਧਿਰ ਵਲੋਂ ਸੁਪ੍ਰੀਮ ਕੋਰਟ ਵਿਖੇ ਕੋਈ ਚੁਣੌਤੀ ਨਹੀਂ ਦਿਤੀ ਗਈ ਅਤੇ ਨਾ ਹੀ ਇਸ ਨੂੰ ਰੱਦ ਕੀਤਾ ਗਿਆ ਜੋ ਕਿ ਸੰਵਿਧਾਨਕ ਪੱਖੋਂ ਹੁਣ ਵੀ ਸਾਰਥਕ ਹੈ। ਪੰਜਾਬ ਸਰਕਾਰ ਕਾਨੂੰਨ ਸਾਹਮਣੇ ਜੁਆਬਦੇਹ ਹੈ ਕਿ ਐਸ.ਵਾਈ.ਐਲ. ਅਤੇ ਹਾਂਸੀ-ਬੁਟਾਨਾ ਨਹਿਰਾਂ ਦੀ ਉਸਾਰੀ ਨੂੰ ਸਮੇਂ ਸਿਰ ਕਿਉਂ ਨਹੀਂ ਚੁਣੌਤੀ ਦਿਤੀ ਗਈ? ਜਦੋਂ ਕਿ ਤਿੰਨਾਂ ਮੁੱਖ ਮੰਤਰੀਆਂ ਅਤੇ ਰਾਜੀਵ, ਲੌਂਗੋਵਾਲ ਵਲੋਂ ਕੀਤੇ ਸਮਝੌਤੇ ਸੰਵਿਧਾਨਕ ਵਿਵਸਥਾਵਾਂ ਅਨੁਸਾਰ ਅਮਲ ਯੋਗ ਨਹੀਂ ਸਨ। ਸਪੱਸ਼ਟ ਹੈ ਕਿ ਪੰਜਾਬ ਦੀਆਂ ਵੇਲੇ ਦੀਆਂ ਸਰਕਾਰਾਂ ਨੇ ਹਮੇਸ਼ਾ ਹੀ ਪੰਜਾਬ ਵਾਸੀਆਂ ਨੂੰ ਗੁਮਰਾਹ ਕਰ ਕੇ ਹਰਿਆਣਾ ਅਤੇ ਰਾਜਸਥਾਨ ਆਦਿ ਰਾਜਾਂ ਦਾ ਪੱਖ ਪੂਰਿਆ ਅਤੇ ਅਪਣੀਆਂ ਸਿਆਸੀ ਰੋਟੀਆਂ ਸੇਕੀਆਂ। .......................

13. ਉਪ੍ਰੋਕਤ ਹਵਾਲਿਆਂ ਦੇ ਸੰਦਰਭ ਵਿਚ ਇਥੇ ਇਹ ਬਿਆਨ ਕਰਨਾ ਪ੍ਰਸੰਗਕ ਹੋਵੇਗਾ ਕਿ ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤਾ ਗਿਆ, "ਪੰਜਾਬ ਟ੍ਰਮੀਨੇਸ਼ਨ ਆਫ਼

ਐਗਰੀਮੈਂਟਸ ਐਕਟ 2004" ਸੰਵਿਧਾਨਕ ਪੱਖੋਂ ਗ਼ਲਤ ਕਰਾਰ ਨਹੀਂ ਦਿਤਾ ਜਾ ਸਕਦਾ। ਪਰ ਇਸ ਵਿਚ ਕਿਤੇ ਵੀ ਇਹ ਦਰਜ ਨਹੀਂ ਕੀਤਾ ਗਿਆ ਕਿ ਸੰਵਿਧਾਨ ਦੇ ਕਿਸ ਅਨੁਛੇਦ ਅਧੀਨ ਇਹ ਰਾਜਨੀਤਕ ਸਮਝੌਤੇ ਰੱਦ ਕੀਤੇ ਗਏ, ਇਸ ਐਕਟ ਵਿਚ ਅਜਿਹੀ ਤਰੁੱਟੀ ਕਿਉਂ ਰੱਖੀ ਗਈ? ਵਰਣਨਯੋਗ ਹੈ ਕਿ ਪੰਜਾਬ ਵਿਧਾਨ ਸਭਾ ਦੇ ਸੰਵਿਧਾਨਕ ਅਧਿਕਾਰਾਂ ਨੂੰ ਕਿਸੇ ਵੀ ਆਧਾਰ 'ਤੇ ਕੋਈ ਵੀ ਦੂਸਰੀ ਰਾਜ ਸਰਕਾਰ/ਯੂਨੀਅਨ ਗਵਰਨਮੈਂਟ/ਪਾਰਲੀਮੈਂਟ, ਸੁਪਰੀਮ ਕੋਰਟ ਵਿਖੇ ਚੁਨੌਤੀ ਦੇਣ ਦਾ ਕੋਈ ਅਧਿਕਾਰ ਨਹੀਂ ਰਖਦੀ। ਜ਼ਿਕਰਯੋਗ ਹੈ ਕਿ ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਜਨੀਤਕ ਅਤੇ ਗ਼ੈਰ-ਕਾਨੂੰਨੀ ਵੰਡ ਨਾਲ ਪੰਜਾਬ ਦਾ ਇਕ ਬਹੁਤ ਵੱਡਾ ਨੁਕਸਾਨ ਹੋਇਆ ਹੈ। .............

14. ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ "ਟ੍ਰਮੀਨੇਸ਼ਨ ਆਫ਼ ਐਗਰੀਮੈਂਟਸ ਐਕਟ, 2004" ਵਿਚ 24 ਜੁਲਾਈ 1985 ਦੇ ਸਮਝੌਤੇ ਅਤੇ ਸਤਲੁਜ ਦੇ ਪਾਣੀਆਂ ਦੀ ਵੰਡ ਨੂੰ ਕਿਉਂ ਬਾਹਰ ਰਖਿਆ ਗਿਆ? ਵੈਸੇ ਇਸ ਐਕਟ ਵਿਚ ਪਾਣੀਆਂ ਦੀ ਵੰਡ ਸਬੰਧੀ ਧਾਰਾ 5 ਸ਼ਾਮਲ ਕੀਤੇ ਜਾਣ ਨਾਲ ਇਸ ਐਕਟ ਦੀ ਸਾਰਥਕਤਾ ਹੀ ਖ਼ਤਮ ਹੋ ਕੇ ਰਹਿ ਗਈ ਹੈ। ਕੀ ਕੈਪਟਨ ਅਮਰਿੰਦਰ ਸਿੰਘ ਅਤੇ ਦੂਸਰੇ ਕਾਂਗਰਸੀ ਨੇਤਾ ਇਸ ਬਾਰੇ ਅਪਣਾ ਕੋਈ ਪ੍ਰਤੀਕਰਮ ਦੇਣਾ ਚਾਹੁਣਗੇ? ਅਕਾਲੀ ਦਲ ਵਾਲੇ ਵੀ ਇਨ੍ਹਾਂ ਤਰੁਟੀਆਂ ਬਾਰੇ ਚੁੱਪ ਧਾਰੀ ਬੈਠੇ ਹਨ ਕਿਉਂਕਿ ਇਨ੍ਹਾਂ ਨੂੰ ਰਾਜ ਦੇ ਹਿਤਾਂ ਨਾਲ ਕੋਈ ਸਰੋਕਾਰ ਨਹੀਂ ਜੋ ਇਨ੍ਹਾਂ ਨੇ ਪੰਜਾਬ ਵਾਸੀਆਂ ਨੂੰ ਹਨੇਰੇ ਵਿਚ ਰਖਿਆ। ਸਾਡੇ ਪੰਜਾਬ ਦੇ ਇਨ੍ਹਾਂ ਆਗੂਆਂ ਦੀ ਨਾ-ਅਹਿਲੀਅਤ ਦਾ ਖਮਿਆਜ਼ਾ ਅੱਜ ਪੰਜਾਬ ਵਾਸੀਆਂ ਨੂੰ ਭੁਗਤਣਾ ਪੈ ਰਿਹਾ ਹੈ।

15. ਸਪੱਸ਼ਟ ਹੈ ਕਿ ਪੰਜਾਬ ਦੀ ਮੰਦਹਾਲੀ ਲਈ ਸਾਡੇ ਅਪਣੇ ਸਵਾਰਥੀ ਨੇਤਾ ਹੀ ਜ਼ਿੰਮੇਵਾਰ ਹਨ। ਸ਼ਾਇਦ ਇਸੇ ਕਾਰਨ ਹੀ ਉਹ ਇਕ ਦੂਜੇ 'ਤੇ ਚਿੱਕੜ ਉਛਾਲਦੇ ਹਨ। ਅੱਜ ਜ਼ਰੂਰਤ ਹੈ ਰਾਜੀਵ-ਲੌਂਗੋਵਾਲ ਸਮਝੌਤੇ ਨੂੰ ਪੰਜਾਬ ਦੇ ਵਡੇਰੇ ਹਿਤਾਂ ਵਿਚ ਰੱਦ ਕਰਵਾਉਣ ਦੀ। ਜ਼ਿਕਰਯੋਗ ਹੈ ਕਿ 31 ਦਸੰਬਰ 1981 ਦਾ ਪਾਣੀਆਂ ਦੀ ਵੰਡ ਸਬੰਧੀ ਸਮਝੌਤਾ ਉਸੇ ਸਮੇਂ ਹੀ ਬੇ-ਮਾਇਨਾ ਹੋ ਗਿਆ ਸੀ ਜਦੋਂ 24 ਜੁਲਾਈ, 1985 ਦੇ ਸਮਝੌਤੇ ਨੂੰ ਧਿਰਾਂ ਵਲੋਂ ਲਿਖਤੀ ਰੂਪ ਦੇ ਦਿਤਾ ਗਿਆ। ਪਰ ਫਿਰ ਵੀ ਉਪਰ ਦਰਜ 1985 ਵਾਲੇ ਸਮਝੌਤੇ ਨੂੰ ਰੱਦ ਨਹੀਂ ਕਰਵਾਇਆ ਗਿਆ ਤਾਂ ਇਸ ਦਾ ਕੀ ਕਾਰਨ ਹੈ? ਵੈਸੇ ਅਜਿਹੇ ਤਰੁਟੀਪੂਰਨ ਅਤੇ ਅਰਥਹੀਨ ਟ੍ਰਮੀਨੇਸ਼ਨ ਐਕਟ ਤੋਂ ਪੰਜਾਬ ਨੂੰ ਕੁੱਝ ਵੀ ਲਾਭ ਨਹੀਂ ਹੋਣ ਵਾਲਾ ਬਲਕਿ ਪੰਜਾਬ ਦਾ ਹੋਰ ਵੀ ਜ਼ਿਆਦਾ ਨੁਕਸਾਨ ਹੋਣ ਦੀ ਸੰਭਾਵਨਾ ਹੈ। ਇਸ ਬਾਰੇ ਬਾਦਲ ਸਾਹਿਬ ਜਾਂ ਕੈਪਟਨ ਅਮਰਿੰਦਰ ਸਿੰਘ ਦੇ ਅਪਣੇ ਕੀ ਵਿਚਾਰ ਹਨ? ........

16. ਉਪ੍ਰੋਕਤ ਹਵਾਲਿਆਂ ਦੇ ਸੰਦਰਭ ਵਿਚ ਇਥੇ ਇਹ ਜਾਣਕਾਰੀ ਉਪਲਬਧ ਕਰਵਾਈ ਜਾਣੀ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ ਕਿ ਰਾਈਪੇਰੀਅਨ ਰਾਜ ਪੰਜਾਬ ਨੂੰ ਉਸ ਦੇ ਅਪਣੇ ਦਰਿਆਵਾਂ ਤੋਂ ਕੁਲ ਕਿੰਨਾ ਪਾਣੀ ਉਪਲਬਧ ਕਰਵਾਇਆ ਜਾ ਰਿਹਾ ਹੈ ਅਤੇ ਦੇਸ਼ ਦੀ ਵੰਡ ਸਮੇਂ (ਮੌਜੂਦਾ) ਪੰਜਾਬ ਨੂੰ ਕਿੰਨਾ ਪਾਣੀ ਮਿਲਦਾ ਸੀ? ਅਤੇ ਦੂਸਰੇ ਗ਼ੈਰ ਰਾਈਪੇਰੀਅਨ ਰਾਜਾਂ ਹਰਿਆਣਾ, ਰਾਜਸਥਾਨ ਚੰਡੀਗੜ੍ਹ (ਯੂ.ਟੀ) ਅਤੇ ਰਾਜਧਾਨੀ ਦਿੱਲੀ





ਆਦਿ ਨੂੰ ਹੁਣ ਪੰਜਾਬ ਦੇ ਮੁਕਾਬਲੇ ਸਮੂਹਕ ਤੌਰ 'ਤੇ ਕੁੱਲ ਕਿੰਨਾ ਪਾਣੀ ਉਪਲਬਧ ਕਰਵਾਇਆ ਜਾ ਰਿਹਾ ਹੈ ਅਤੇ ਇਸ ਦਾ ਕੀ ਅਨੁਪਾਤ ਹੈ? ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਮੁੱਖ ਮੰਤਰੀ ਬਾਦਲ ਕਿਸਾਨਾਂ ਨੂੰ ਟਿਊਬਵੈੱਲ ਕੁਨੈਕਸ਼ਨ ਦੇਣ ਦੀਆਂ ਗੱਲਾਂ ਤਾਂ ਕਰਦੇ ਹਨ ਪਰ ਵਧੇਰੇ ਨਹਿਰੀ ਪਾਣੀਆਂ ਦੀ ਮੰਗ ਬਾਰੇ ਕੁੱਝ ਵੀ ਕਹਿਣ ਤੋਂ ਟਾਲਾ ਵੱਟ ਜਾਂਦੇ ਹਨ। ਪੰਜਾਬ ਦਾ ਕੁਲ ਕਿੰਨਾ ਰਕਬਾ ਸਿੰਚਾਈ ਸਹੂਲਤਾਂ ਤੋਂ ਵਾਂਝਾ ਪਿਆ ਹੋਇਆ ਹੈ ਅਤੇ ਨਹਿਰੀ ਸਿੰਚਾਈ ਅਧੀਨ ਰਕਬੇ ਨੂੰ ਲੋੜ ਅਨੁਸਾਰ ਹੋਰ ਕਿੰਨਾ ਵਧੇਰੇ ਨਹਿਰੀ ਪਾਣੀ ਚਾਹੀਦਾ ਹੈ? ਇਸ ਬਾਰੇ ਵਖਰੇ ਤੌਰ 'ਤੇ ਜਾਣਕਾਰੀ ਉਪਲਬਧ ਕਰਵਾਈ ਜਾਵੇ।

17. ਪੰਜਾਬ ਦੇ ਪਾਣੀਆਂ ਦੀ ਵੰਡ ਸਬੰਧੀ ਦੋ ਬੜੇ ਮਹੱਤਵਪੂਰਨ ਮੁੱਦੇ ਆਪ ਜੀ ਦੇ ਵਿਸ਼ੇਸ਼ ਧਿਆਨ ਦੀ ਮੰਗ ਕਰਦੇ ਹਨ ਜਿਨ੍ਹਾਂ ਵਿਚੋਂ ਕਿ ਇਕ ਪੰਜਾਬ ਦੀ ਸਦੀਆਂ ਤੋਂ ਪਿਆਸੀ ਧਰਤੀ ਤੋਂ ਬਾਹਰ ਰਾਜਸਥਾਨ ਅਤੇ ਹਰਿਆਣਾ ਆਦਿ ਰਾਜਾਂ ਦੇ ਦੂਰ-ਦਰਾਜ ਇਲਾਕਿਆਂ ਨੂੰ ਸਿੰਚਾਈ ਸਹੂਲਤਾਂ ਉਪਲਬਧ ਕਰਵਾਉਣ ਹਿਤ ਜੋ ਲੰਮਾ ਚੌੜਾ ਗ਼ੈਰ-ਕੁਦਰਤੀ ਨਹਿਰੀ ਨਿਜ਼ਾਮ ਸਿਰਜਿਆ ਗਿਆ ਹੈ, ਉਸ ਨਾਲ ਵੱਡੀ ਪੱਧਰ 'ਤੇ ਇਨ੍ਹਾਂ ਨਹਿਰਾਂ ਵਿਚੋਂ ਪਾਣੀ ਰਿਸਣ ਅਤੇ ਵਾਸ਼ਪੀਕਰਨ ਦੀਆਂ ਗੰਭੀਰ ਸਮੱਸਿਆਵਾਂ ਆਣ ਖੜ੍ਹੀਆਂ ਹੋਈਆਂ ਹਨ ਜਿਸ ਨਾਲ ਕਿ ਨਹਿਰੀ ਪਾਣੀ ਦਾ ਵੱਡਾ ਨੁਕਸਾਨ ਹੋ ਰਿਹਾ ਹੈ। ਜਦੋਂ ਕਿ ਦੂਜੇ ਪਾਸੇ ਪੰਜਾਬ ਵਿਚ ਸਿੰਚਾਈ ਸਾਧਨਾਂ ਲਈ ਵਰਤੋਂ ਵਿਚ ਆ ਰਹੇ 13 ਲੱਖ ਤੋਂ ਵਧੇਰੇ ਟਿਊਬਵੈਲਾਂ ਨੂੰ ਬਿਜਲੀ ਉਪਲਬਧ ਕਰਵਾਉਣ ਹਿਤ ਉਸਾਰੀਆਂ ਗਈਆਂ ਟ੍ਰਾਂਸਮਿਸ਼ਨ ਲਾਈਨਾਂ ਦੇ ਤਾਣੇ ਬਾਣੇ ਕਾਰਨ ਬਿਜਲੀ ਸਪਲਾਈ ਵਿਚ ਵੀ ਇਕ ਬਹੁਤ ਵੱਡੀ ਕਮੀ ਆਉਣੀ ਸੁਭਾਵਕ ਹੀ ਹੈ। ਫਿਰ ਇਸ ਨੂੰ ਕਿਉਂ ਨਹੀਂ ਵਿਚਾਰਿਆ ਜਾਂਦਾ? ਕੀ ਪੰਜਾਬ ਸਰਕਾਰ ਇਨ੍ਹਾਂ ਵਿਸ਼ਿਆਂ ਸਬੰਧੀ ਜਨਤਕ ਹਿਤ ਵਿਚ ਲੋੜੀਂਦੀ ਜਾਣਕਾਰੀ ਉਪਲਬਧ ਕਰਵਾਏਗੀ?

18. ਜਿਥੋਂ ਤਕ ਪਣ-ਬਿਜਲੀ (hydel power) ਦਾ ਸਬੰਧ ਹੈ, ਇਥੇ ਵੀ ਦੂਜੇ ਰਾਜਾਂ ਦੇ ਮੁਕਾਬਲੇ ਪੰਜਾਬ ਨੂੰ ਘੱਟ ਬਿਜਲੀ ਉਪਲਬਧ ਕਰਵਾਈ ਜਾ ਰਹੀ ਹੈ ਜਦੋਂ ਕਿ ਪੰਜਾਬ ਦੇ ਅਪਣੇ ਰਾਜ ਵਿਚਲੇ ਥਰਮਲ ਪਲਾਟਾਂ ਅਤੇ ਦੂਜੇ ਰਾਜਾਂ ਤੋਂ ਬਿਜਲੀ ਪ੍ਰਾਪਤ ਕਰਨ 'ਤੇ ਪੰਜਾਬ ਸਰਕਾਰ ਨੂੰ ਹਰ ਸਾਲ ਤਕਰੀਬਨ 12 ਹਜ਼ਾਰ ਕਰੋੜ ਦਾ ਵਾਧੂ ਖ਼ਰਚਾ ਝਲਣਾ ਪੈ ਰਿਹਾ ਹੈ। ਪਰ ਫਿਰ ਵੀ ਪੰਜਾਬ ਦੇ ਕਿਸਾਨ ਨੂੰ ਉਸ ਦੇ ਅਪਣੇ ਰਾਜ ਵਿਚਲੇ ਕੁਦਰਤੀ ਸੋਮਿਆਂ ਤੋਂ ਨਹਿਰੀ ਪਾਣੀ ਉਪਲਬਧ ਨਹੀਂ ਕਰਵਾਇਆ ਜਾ ਰਿਹਾ ਜਦੋਂ ਕਿ ਜ਼ਮੀਨੀ ਪਾਣੀ ਦਾ ਪੱਧਰ ਵੀ ਧੁਰ ਡੂੰਘਾਈਆਂ ਤੇ ਜਾ ਪਹੁੰਚਿਆ ਹੈ। ਅਗਰ ਅੱਜ ਪੰਜਾਬ ਦੇ ਕਿਸਾਨਾਂ ਨੂੰ ਉਨ੍ਹਾਂ ਦੀਆਂ ਖੇਤੀ ਲੋੜਾਂ ਅਨੁਸਾਰ ਨਹਿਰੀ ਪਾਣੀ ਮਿਲ ਜਾਂਦਾ ਹੈ ਤਾਂ ਇਹ ਪਾਣੀ ਹਰ ਕਿਸਾਨ ਦੇ ਹਰੇਕ ਖੇਤ ਨੂੰ ਮਿਲੇਗਾ ਜਿਸ ਨਾਲ ਕਿ ਕਿਸਾਨ ਅਤੇ ਪੰਜਾਬ ਦੋਹਾਂ ਦੀ ਆਰਥਕਤਾ ਨੂੰ ਵੱਡਾ ਹੁਲਾਰਾ ਮਿਲੇਗਾ ਅਤੇ ਜ਼ਮੀਨੀ ਪਾਣੀ ਦਾ ਪੱਧਰ ਵੀ ਕਾਫ਼ੀ ਉੱਚਾ ਆ ਜਾਏਗਾ। ਵੈਸੇ ਵੀ ਨਹਿਰੀ ਪਾਣੀ ਉਪਲਬਧ ਹੋਣ ਨਾਲ ਹਰ ਵਰਗ ਦੇ ਕਿਸਾਨਾਂ ਨੂੰ ਵੱਡਾ ਲਾਭ ਪਹੁੰਚੇਗਾ ਜਦੋਂ ਕਿ ਹੁਣ ਟਿਊਬਵੈਲਾਂ ਦਾ ਲਾਭ ਵਿਸ਼ੇਸ਼ ਤੌਰ 'ਤੇ

ਮੱਧ ਵਰਗੀ ਅਤੇ ਵੱਡੇ ਜ਼ਿਮੀਦਾਰ ਹੀ ਲੈ ਰਹੇ ਹਨ ਪਰ ਘੱਟ ਜ਼ਮੀਨਾਂ ਵਾਲੇ ਕਿਸਾਨਾਂ ਨੂੰ ਟਿਊਬਵੈਲਾਂ ਦਾ ਪਾਣੀ ਮੁੱਲ ਹੀ ਲੈਣਾ ਪੈਂਦਾ ਹੈ। ਮੁੱਖ ਮੰਤਰੀ ਇਹ ਜਾਣਕਾਰੀ ਉਪਲਬਧ ਕਰਵਾਉਣ ਕਿ ਪੰਜਾਬ ਵਿਚਲੇ ਟਿਊਬਵੈਲਾਂ ਰਾਹੀਂ ਹਰ ਸਾਲ ਕਿੰਨਾ ਜ਼ਮੀਨੀ ਪਾਣੀ ਪ੍ਰਾਪਤ ਕੀਤਾ ਜਾਂਦਾ ਹੈ ਅਤੇ ਟ੍ਰਾਂਸਮਿਸ਼ਨ ਲਾਸਿਜ਼ (Transmission Losses) ਕਾਰਨ ਪੰਜਾਬ ਨੂੰ ਬਿਜਲੀ ਦਾ ਕਿੰਨਾ ਨੁਕਸਾਨ ਉਠਾਉਣਾ ਪੈਂਦਾ ਹੈ?

19. ਇਕ ਆਮ ਸੂਝਬੂਝ ਦੀ ਗੱਲ ਜੋ ਸਾਡੇ ਖੇਤੀ ਮਾਹਰਾਂ, ਸਰਕਾਰੀ ਤੰਤਰ ਦੇ ਅਧਿਕਾਰੀਆਂ ਅਤੇ ਰਾਜ ਪ੍ਰਬੰਧ ਚਲਾ ਰਹੇ ਰਾਜਸੀ ਆਗੂਆਂ ਦੀ ਸਮਝ ਵਿਚ ਨਹੀਂ ਆਈ ਕਿ ਫ਼ਸਲਾਂ ਲਈ ਨਹਿਰੀ ਪਾਣੀ, ਧਰਤੀ ਹੇਠਲੇ ਪਾਣੀ ਤੋਂ ਜ਼ਿਆਦਾ ਗੁਣਕਾਰੀ ਹੁੰਦਾ ਹੈ ਜਿਸ ਕਰ ਕੇ ਫ਼ਸਲਾਂ ਨੂੰ ਜ਼ਿਆਦਾ ਖਾਦ ਦੀ ਲੋੜ ਨਹੀਂ ਪੈਂਦੀ। ਪਰ ਇਥੇ ਦਲੀਲ ਦੀ ਗੱਲ ਕੌਣ ਸੁਣਦਾ ਹੈ? ਗੱਲ ਵਿਚਾਰਨ ਵਾਲੀ ਇਹ ਵੀ ਹੈ ਕਿ ਕਿਸਾਨਾਂ ਨੂੰ ਜ਼ਮੀਨੀ ਪਾਣੀ ਪ੍ਰਾਪਤ ਕਰਨ ਹਿਤ ਡੂੰਘੇ ਬੋਰ ਕਰਨ ਲਈ ਹੋਰ ਵੱਡਾ ਆਰਥਕ ਬੋਝ ਉਠਾਉਣਾ ਪੈਂਦਾ ਹੈ। ਇਸ ਤੋਂ ਇਲਾਵਾ ਖੂਹੀਆਂ ਨੂੰ ਡੂੰਘੇ ਕਰਦੇ ਸਮੇਂ ਕਈ ਕੀਮਤੀ ਜਾਨਾਂ ਵੀ ਚਲੀਆਂ ਜਾਂਦੀਆਂ ਹਨ ਅਤੇ ਇਥੇ ਇਹ ਕਹਿਣਾ ਵੀ ਯੋਗ ਹੋਵੇਗਾ ਕਿ ਸਬਮਰਸੀਬਲ ਪੰਪ ਸੈਟਾਂ ਦੇ ਚਲਣ ਨਾਂਲ ਆਸ ਪਾਸ ਦੇ ਟਿਊਬਵੈਲ ਬੇਕਾਰ ਹੋ ਜਾਂਦੇ ਹਨ ਫਿਰ ਇਨ੍ਹਾਂ ਹਾਲਾਤ ਵਿਚ ਸਿੰਚਾਈ ਵਿਭਾਗ ਵਲੋਂ ਭਾਖੜਾ-ਬਿਆਸ ਮੈਨੇਜਮੈਂਟ ਬੋਰਡ ਤੋਂ ਵਧੇਰੇ ਪਾਣੀ ਦੀ ਮੰਗ ਕਿਉਂ ਨਹੀਂ ਕੀਤੀ ਜਾਂਦੀ?

20. ਵੈਸੇ ਵੀ, ਪੰਜਾਬ ਦਾ ਵਾਹੀ ਯੋਗ ਰਕਬਾ ਗੁਆਂਢੀ ਗ਼ੈਰ-ਰੀਪੇਰੀਅਨ ਰਾਜਾਂ ਹਰਿਆਣਾ, ਰਾਜਸਥਾਨ ਆਦਿ ਤੋਂ ਕਾਫ਼ੀ ਵਧੇਰੇ ਹੈ ਜਦੋਂ ਕਿ ਅੱਜ ਪੰਜਾਬ ਵਿਚ ਸਾਉਣੀ ਦੀ ਮੁੱਖ ਫ਼ਸਲ ਝੋਨੇ (ਜੀਰੀ) ਦੀ ਹੈ, ਮਾਹਰਾਂ ਅਨੁਸਾਰ ਇਕ ਕਿਲੋ ਗ੍ਰਾਮ ਝੋਨੇ ਦੀ ਉਪਜ ਲੈਣ ਵਾਸਤੇ 3000 ਲਿਟਰ ਪਾਣੀ ਦੀ ਖਪਤ ਹੁੰਦੀ ਹੈ ਅਤੇ ਇਸੇ ਤਰ੍ਹਾਂ ਹੀ ਰਾਜ ਵਿਚ ਗੰਨੇ ਦੀ ਕਾਸ਼ਤ ਲਈ ਵਧੇਰੇ ਪਾਣੀ ਦੀ ਜ਼ਰੂਰਤ ਹੁੰਦੀ ਹੈ। ਸਪੱਸ਼ਟ ਹੈ ਕਿ ਪੰਜਾਬ ਦੀਆਂ ਸਿੰਚਾਈ ਲਈ ਪਾਣੀ ਦੀਆਂ ਲੋੜਾਂ ਹੱਦੋਂ ਵਧ ਗਈਆਂ ਹਨ। ਵਰਣਨਯੋਗ ਹੈ ਕਿ ਅੱਜ ਪੰਜਾਬ ਦੀ ਖੇਤੀ ਦੀ ਨਿਰਭਰਤਾ ਨਿਰੋਲ ਰੂਪ ਵਿਚ ਜਾਂ ਤਾਂ ਟਿਊਬਵੈਲਾਂ ਤੇ ਹੈ ਅਤੇ ਜਾਂ ਫਿਰ ਇੰਦਰ ਦੇਵਤਾ ਦੇ ਰਹਿਮੋ-ਕਰਮ 'ਤੇ। ਵੈਸੇ ਵੀ ਪੰਜਾਬ ਦੀ ਆਬਾਦੀ ਵਿਚ ਵਾਧਾ ਹੋਣ ਅਤੇ ਦੂਜੇ ਸਥਾਨਕ ਕਾਰਨਾਂ ਕਰ ਕੇ ਪਾਣੀ ਦੀ ਖਪਤ ਵਧਣੀ ਕੁਦਰਤੀ ਵਰਤਾਰਾ ਹੈ। ਪਰ ਅੱਜ ਪੰਜਾਬ ਕੋਲ ਪਾਣੀਆਂ ਸਬੰਧੀ ਅਪਣੇ ਵਸੀਲੇ ਬੜੇ ਸੀਮਤ ਹਨ ਤਾਂ ਫਿਰ ਇਨ੍ਹਾਂ ਹਾਲਾਤ ਵਿਚ ਪੰਜਾਬ ਦਾ ਭਵਿੱਖ ਕੀ ਹੋਵੇਗਾ? ਇਸ ਬਾਰੇ ਅਨੁਮਾਨ ਲਗਾਣਾ ਕੋਈ ਬਹੁਤਾ ਮੁਸ਼ਕਲ ਨਹੀਂ। ਪਰ ਸਾਡੇ ਰਾਜਨੇਤਾ ਇਸ ਕੌੜੀ ਸਚਾਈ ਨੂੰ ਮੰਨਣ ਲਈ ਤਿਆਰ ਨਹੀਂ ਜਿਸ ਕਰ ਕੇ ਅੱਜ ਪੰਜਾਬ ਨੂੰ ਬਲੀ ਦਾ ਬਕਰਾ ਬਣਾਇਆ ਜਾ ਰਿਹਾ ਹੈ।

21. ਪੰਜਾਬ ਸਰਕਾਰ ਇਹ ਵੀ ਸਪੱਸ਼ਟ ਕਰੇ ਕਿ ਰਾਜ ਵਿਚ ਵਾਹੀਯੋਗ ਕੁੱਲ ਕਿੰਨਾ ਰਕਬਾ ਹੈ ਅਤੇ ਇਸ ਵਿਚੋਂ ਕਿੰਨੇ ਰਕਬੇ ਨੂੰ ਨਹਿਰੀ ਸਿੰਚਾਈ ਦੀਆਂ ਸਹੂਲਤਾਂ ਪ੍ਰਾਪਤ ਹਨ? ਪੰਜਾਬ ਨੂੰ ਅਪਣੀਆਂ ਮੌਜੂਦਾ ਅਤੇ ਭਵਿੱਖ ਦੀਆਂ ਲੋੜਾਂ ਵਾਸਤੇ ਹੋਰ





ਕਿੰਨਾ ਵਧੇਰੇ ਨਹਿਰੀ ਪਾਣੀ ਚਾਹੀਦਾ ਹੈ? ਜ਼ਿਕਰਯੋਗ ਹੈ ਕਿ ਲੋੜੀਂਦੀ ਮਾਤਰਾ ਵਿਚ ਨਹਿਰੀ ਪਾਣੀ ਮਿਲਣ ਉਪ੍ਰੰਤ ਪੰਜਾਬ ਦੀ ਟਿਊਬਵੈਲਾਂ 'ਤੇ ਨਿਰਭਰਤਾ ਕਾਫ਼ੀ ਹੱਦ ਤਕ ਘੱਟ ਜਾਏਗੀ ਜਦੋਂ ਕਿ ਮੁੱਖ ਮੰਤਰੀ ਬਾਦਲ ਦੇ ਅਪਣੇ ਕਥਨ ਅਨੁਸਾਰ ਪੰਜਾਬ ਵਿਚਲੇ ਨਹਿਰੀ ਨਿਜ਼ਾਮ ਦੇ ਸੁਧਾਰ ਲਈ 3468 ਕਰੋੜ ਰੁ: ਦਾ ਹੋਰ ਵਾਧੂ ਖ਼ਰਚਾ ਕੀਤਾ ਜਾ ਰਿਹਾ ਹੈ। ਪਰ ਉਹ ਇਹ ਦਸਣ ਤੋਂ ਅਸਮਰੱਥ ਹਨ ਕਿ ਪੰਜਾਬ ਨੂੰ ਵਧੇਰੇ ਨਹਿਰੀ ਪਾਣੀ ਮਿਲੇਗਾ ਕਿਥੋਂ? ਅਤੇ ਪੰਜਾਬ ਸਰਕਾਰ ਵੀ ਇਸ ਮੁੱਦੇ ਸਬੰਧੀ ਬਿਲਕੁਲ ਖਾਮੋਸ਼ ਹੈ। ਜ਼ਿਕਰਯੋਗ ਹੈ ਕਿ ਬਾਦਲ ਸਾਹਿਬ ਨੇ ਬਤੌਰ ਮੁੱਖ ਮੰਤਰੀ ਕਦੇ ਵੀ ਪੰਜਾਬ ਦੀਆਂ ਖੇਤੀ ਲੋੜਾਂ ਅਨੁਸਾਰ ਭਾਖੜਾ-ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਤੋਂ ਵਧੇਰੇ (ਨਹਿਰੀ) ਪਾਣੀ ਦੀ ਮੰਗ ਨਹੀਂ ਕੀਤੀ ਤਾਂ ਇਸ ਦੀ ਕੀ ਵਜ੍ਹਾ ਹੈ ਜਦੋਂ ਕਿ ਪੰਜਾਬ ਵਿਚ ਨਹਿਰੀ ਪਾਣੀ ਦੀ ਅਥਾਹ ਕਮੀ ਦੇ ਚਲਦਿਆਂ ਕਿਸਾਨਾਂ ਦੀਆਂ ਫ਼ਸਲਾਂ ਤਬਾਹ ਹੋ ਜਾਂਦੀਆਂ ਹਨ। ਪੰਜਾਬ ਦੇ ਹਿੱਸੇ ਜਦੋਂ ਉਸ ਦੇ ਅਪਣੇ ਤਿੰਨ ਦਰਿਆ ਆਉਂਦੇ ਹਨ ਤਾਂ ਇਨ੍ਹਾਂ ਦਰਿਆਵਾਂ ਦੇ ਪਾਣੀਆਂ 'ਤੇ ਪਹਿਲਾ ਅਧਿਕਾਰ ਪੰਜਾਬ ਦਾ ਹੀ ਬਣਦਾ ਹੈ ਫਿਰ ਪੰਜਾਬ ਵਿਚ ਟਿਊਬਵੈਲਾਂ ਦਾ ਇੰਨਾ ਵੱਡਾ ਪਸਾਰਾ ਕਿਉਂ ਕੀਤਾ ਗਿਆ?

22. ਨਹਿਰੀ ਪਾਣੀ ਦੇ ਗੰਭੀਰ ਸੰਕਟ ਦੇ ਚਲਦਿਆਂ, ਪੰਜਾਬ ਨੂੰ ਇਸ ਸਮੇਂ 13 ਲੱਖ ਤੋਂ ਵੀ ਵਧੇਰੇ ਟਿਊਬਵੈਲਾਂ 'ਤੇ ਨਿਰਭਰ ਹੋਣਾ ਪੈ ਰਿਹਾ ਹੈ ਜਿਸ ਨਾਲ ਕਿ ਸਾਰੇ ਪੰਜਾਬ ਵਿਚੋਂ ਜ਼ਮੀਨੀ ਪਾਣੀ ਖ਼ਤਮ ਹੋ ਚੁਕਿਆ ਹੈ। ਪੰਜਾਬ ਦੇ ਪਾਣੀਆਂ ਦੀ ਵੰਡ ਕਰਦੇ ਸਮੇਂ ਨਾ ਤਾਂ ਇਸ ਦੀਆਂ ਹਕੀਕੀ ਲੋੜਾਂ ਅਤੇ ਨਾ ਹੀ ਭਵਿੱਖ ਦੀਆਂ ਜ਼ਰੂਰਤਾਂ ਨੂੰ ਵਿਚਾਰਿਆ ਗਿਆ ਸਿੱਟੇ ਵਜੋਂ ਅੱਜ ਸਾਰਾ ਪੰਜਾਬ ਹੀ ਪਾਣੀ ਅਤੇ ਬਿਜਲੀ ਦੇ ਗੰਭੀਰ ਸੰਕਟ ਨਾਲ ਜੂਝ ਰਿਹਾ ਹੈ। ਪੰਜਾਬ ਵਿਚਲੇ ਉਦਯੋਗਿਕ ਅਤੇ ਵਪਾਰਕ ਅਦਾਰੇ ਬਿਜਲੀ ਦੀ ਘਾਟ ਕਾਰਨ ਜਾਂ ਤਾਂ ਬੰਦ ਹੋ ਰਹੇ ਹਨ ਅਤੇ ਜਾਂ ਫਿਰ ਦੂਜੇ ਰਾਜਾਂ ਨੂੰ ਹਿਜਰਤ ਕਰ ਗਏ ਹਨ। ਆਰਥਕਤਾ ਪੱਖੋਂ ਅੱਜ ਪਹਿਲੇ ਨੰਬਰ ਦਾ ਪੰਜਾਬ ਖਿਸਕ ਕੇ ਦੇਸ਼ ਦੇ ਪਿਛੜੇ ਰਾਜਾਂ ਦੀ ਸ਼੍ਰੇਣੀ ਵਿਚ ਆ ਗਿਆ ਹੈ। ਪਰ ਸਾਡੇ ਮੁੱਖ ਮੰਤਰੀ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ। ਸੋ ਇਹ ਕਹਿਣ ਵਿਚ ਕੋਈ ਅਤਿਕਥਨੀ ਨਹੀਂ ਹੋਵੇਗੀ ਕਿ ਪੰਜਾਬ ਦੇ ਗੁਆਂਢੀ ਰਾਜ ਹਰਿਆਣਾ, ਹਿਮਾਚਲ ਅਤੇ ਰਾਜਸਥਾਨ ਤਰੱਕੀ ਪੱਖੋਂ ਪੰਜਾਬ ਤੋਂ ਕਿਤੇ ਅਗਾਂਹ ਨਿਕਲ ਗਏ ਹਨ। ਸਾਨੂੰ ਸਰਕਾਰ ਦੀ ਇਸ ਨੀਤੀ ਦੀ ਸਮਝ ਨਹੀਂ ਆ ਸਕੀ ਕਿ ਪੰਜਾਬ ਨੂੰ ਕੰਗਾਲ ਕਰ ਕੇ ਹਰਿਆਣਾ ਅਤੇ ਰਾਜਸਥਾਨ ਨੂੰ ਕਿਉਂ ਪ੍ਰਫੁੱਲਤ ਕੀਤਾ ਜਾ ਰਿਹਾ ਹੈ। ਅੱਜ ਪੰਜਾਬ ਦਾ ਭਾਰਤੀ ਗਣਤੰਤਰ ਵਿਚ ਅਪਣਾ ਕੋਈ ਵੀ ਸਨਮਾਨਯੋਗ ਸਥਾਨ ਨਹੀਂ ਰਿਹਾ ਸ਼ਾਇਦ ਸਾਡੇ ਅਪਣੇ ਲੀਡਰਾਂ ਨੇ ਪੰਜਾਬ ਦੇ ਮਾਨਮੱਤੇ ਅਤੇ ਕੁਰਬਾਨੀਆਂ ਵਾਲੇ ਲਹੂ ਭਿੱਜੇ ਇਤਿਹਾਸ ਨੂੰ ਭੁਲਾ ਦਿਤਾ ਹੈ।

23. ਪੰਜਾਬ ਦੀ ਨਿਘਰਦੀ ਜਾ ਰਹੀ ਆਰਥਕਤਾ ਬਾਰੇ ਇਹ ਕਹਿਣਾ ਪ੍ਰਸੰਗਕ ਹੋਵੇਗਾ ਕਿ "ਖੇਤ ਨੂੰ ਪਾਣੀ ਨਹੀਂ, ਕਾਰਖ਼ਾਨੇ ਨੂੰ ਬਿਜਲੀ ਨਹੀਂ, ਖ਼ਜ਼ਾਨੇ 'ਚ ਪੈਸਾ ਨਹੀਂ।" ਕੀ ਪੰਜਾਬ ਨੂੰ ਤਬਾਹ ਕਰਨ ਲਈ ਅਸੀ ਆਪ ਖ਼ੁਦ ਜ਼ਿੰਮੇਵਾਰ ਨਹੀਂ? ਸਾਡੇ

ਕੁਰਸੀਨਸ਼ੀਨ ਰਾਜਸੀ ਨੇਤਾਵਾਂ ਅਤੇ ਨੌਕਰਸ਼ਾਹਾਂ ਦੀ ਅਣਗਹਿਲੀ ਸਦਕਾ ਅੱਜ 'ਖ਼ੁਸ਼ਹਾਲ' ਪੰਜਾਬ ਗੰਭੀਰ ਸੰਕਟ ਦੀਆਂ ਪ੍ਰਸਥਿਤੀਆਂ ਵਿਚੋਂ ਲੰਘ ਰਿਹਾ ਹੈ। ਅਗਰ ਪਾਣੀਆਂ ਦੇ ਵਿਸ਼ੇ ਸਬੰਧੀ ਹੀ ਗੱਲ ਕੀਤੀ ਜਾਏ ਤਾਂ ਇਥੇ ਇਹ ਕਹਿਣਾ ਤਰਕ ਸੰਗਤ ਹੋਵੇਗਾ ਕਿ ਭਾਖੜਾ ਡੈਮ ਵਿਖੇ ਇੰਨੀ ਜ਼ਿਆਦਾ ਸਿਲਟ ਜਮ੍ਹਾਂ ਹੋ ਚੁੱਕੀ ਹੈ ਕਿ ਇਸ ਦੀ ਪਾਣੀ ਸਟੋਰ ਕਰਨ ਦੀ ਸਮਰੱਥਾ ਚਿੰਤਾਜਨਕ ਹੱਦ ਤਕ ਘੱਟ ਹੋ ਚੁੱਕੀ ਹੈ। ਕੁੱਝ ਇਹੀ ਹਾਲ ਇਸ ਖਿਤੇ ਦੇ ਦੂਜੇ ਡੈਮਾਂ ਦਾ ਹੈ ਜਦੋਂ ਕਿ ਦੂਜੇ ਪਾਸੇ ਪੰਜਾਬ ਦੇ ਦਰਿਆ ਨਹਿਰਾਂ ਦਾ ਰੂਪ ਧਾਰਨ ਕਰ ਚੁੱਕੇ ਹਨ। ਪਰ ਸਾਡੇ ਰਾਜਸੀਆਂ ਆਗੂਆਂ ਨੂੰ ਡੂੰਘੀ ਨੀਂਦ ਤੋਂ ਕੌਣ ਜਗਾਏ ਜਿਨ੍ਹਾਂ ਨੂੰ ਕਿ ਸਿਰਫ਼ ਵੋਟਾਂ ਦੀ ਹੀ ਚਿੰਤਾ ਹੈ। ਪਰ ਇਹ ਗੱਲ ਵੀ ਮੰਨਣਯੋਗ ਹੈ ਕਿ ਸਾਡੇ ਸਿਆਸੀ ਨੇਤਾਵਾਂ ਨਾਲੋਂ ਗੁਆਂਢੀ ਰਾਜਾਂ ਦੇ ਆਗੂ ਬੜੇ ਸੰਜੀਦਾ ਅਤੇ ਚੇਤੰਨ ਹਨ ਜੋ ਪਾਣੀ ਦੇ ਵਿਸ਼ੇ 'ਤੇ ਇਕ ਜ਼ਬਾਨ ਹਨ ਅਤੇ ਇਕ ਮੰਚ 'ਤੇ ਇਕੱਠੇ ਹੋ ਕੇ ਅਪਣੇ ਲੋਕਾਂ ਦੇ ਹਿਤਾਂ ਦੀ ਗੱਲ ਕਰਦੇ ਹਨ। ਪਰ ਸਾਡੇ ਪੰਜਾਬ ਦੇ ਅਪਣੇ ਲੀਡਰਾਂ ਦਾ ਬਾਬਾ ਆਦਮ ਹੀ ਨਿਰਾਲਾ ਹੈ ਜਿਨ੍ਹਾਂ ਨੇ ਕਿ ਰਾਜਨੀਤੀ ਨੂੰ ਕਿੱਤੇ ਵਜੋਂ ਅਪਣਾ ਲਿਆ ਹੈ। ਬਾਦਲ ਸਾਹਿਬ! ਜੇਕਰ ਇਤਿਹਾਸ ਵਿਚ ਨਾਂ ਪੈਦਾ ਕਰਨਾ ਹੈ ਤਾਂ ਆਪ ਜੀ ਨੂੰ ਪੰਜਾਬ ਦੇ ਲੋਕਾਂ ਦੇ ਹਿਤਾਂ ਦੀ ਡੱਟ ਕੇ ਰਾਖੀ ਕਰਨੀ ਹੋਵੇਗੀ ਹੁਣ ਵੀ ਆਪ ਜੀ ਨੂੰ ਸੁਨਹਿਰੀ ਮੌਕਾ ਉਪਲਬਧ ਹੈ।

24. ਅੱਜ ਪੰਜਾਬ ਵਿਚਲੇ ਬਿਜਲੀ, ਪਾਣੀ ਦੇ ਗੰਭੀਰ ਸੰਕਟ ਕਾਰਨ ਇਸ ਰਾਜ ਦਾ ਸਾਰਾ ਅਰਥਚਾਰਾ ਅਤੇ ਮਾਲੀ ਵਸੀਲੇ ਬੁਰੀ ਤਰ੍ਹਾਂ ਨਾਲ ਤਬਾਹ ਹੋ ਚੁੱਕੇ ਹਨ। ਪਰ ਫਿਰ ਵੀ ਮੁੱਖ ਮੰਤਰੀ ਬਾਦਲ ਅਤੇ ਉਨ੍ਹਾਂ ਦੇ ਸਹਿਯੋਗੀ ਝੋਨੇ ਦੀ ਪਨੀਰੀ ਵਾਂਗ ਪੰਜਾਬ ਵਿਚ ਥਰਮਲ ਪਲਾਂਟ ਲਾਉਣ ਦੀਆਂ ਡੀਂਗਾਂ ਮਾਰ ਰਹੇ ਹਨ ਜਦੋਂ ਕਿ ਆਰਥਕ ਸੰਕਟ ਕਾਰਨ ਰਾਜ ਵਿਚ ਲਗਾਏ ਪਹਿਲੇ ਥਰਮਲ ਪਲਾਂਟ ਹੀ ਪੂਰੀ ਸਮਰੱਥਾ ਨਾਲ ਕੰਮ ਨਹੀਂ ਕਰ ਰਹੇ ਤਾਂ ਫਿਰ ਕਿਸ ਨੂੰ ਗੁਮਰਾਹ ਕੀਤਾ ਜਾ ਰਿਹਾ ਹੈ, ਸਾਡੇ ਇਨ੍ਹਾਂ ਲੀਡਰਾਂ ਵਲੋਂ ?

25. ਇਕ ਮੋਟੇ ਅੰਦਾਜ਼ੇ ਮੁਤਾਬਕ ਅੱਜ ਪੰਜਾਬ ਸਰਕਾਰ ਜ਼ਿੰਮੇ ਤਕਰੀਬਨ 70 ਹਜ਼ਾਰ ਕਰੋੜ ਦਾ ਕਰਜ਼ਾ ਹੈ, ਅਨੁਮਾਨ ਹੈ ਕਿ ਅਗਲੇ ਦੋ ਕੁ ਸਾਲਾਂ ਵਿਚ ਇਹ ਅੰਕੜਾ ਇਕ ਲੱਖ ਕਰੋੜ ਨੂੰ ਵੀ ਪਾਰ ਕਰ ਜਾਏਗਾ। ਜਦੋਂ ਕਿ ਦੂਜੇ ਪਾਸੇ ਕਿਸਾਨਾਂ ਜ਼ਿੰਮੇ ਕੋਈ 32 ਹਜ਼ਾਰ ਕਰੋੜ ਦਾ ਭਾਰੀ ਭਰਕਮ ਕਰਜ਼ਾ ਹੈ ਜੋ ਨਿੱਤ ਦਿਨ ਵਧਦਾ ਹੀ ਜਾ ਰਿਹਾ ਹੈ ਜਿਸ ਕਾਰਨ ਕਿਸਾਨ ਖ਼ੁਦਕੁਸ਼ੀਆਂ ਲਈ ਮਜਬੂਰ ਹਨ। ਇਸ ਦਾ ਇਕ ਵੱਡਾ ਕਾਰਨ ਇਹ ਵੀ ਹੈ ਕਿ ਨਹਿਰੀ ਪਾਣੀ ਦੀ ਘਾਟ ਕਾਰਨ ਲਗਾਤਾਰ ਫ਼ਸਲਾਂ ਫੇਲ੍ਹ ਹੁੰਦੀਆਂ ਚਲੀਆਂ ਜਾ ਰਹੀਆਂ ਹਨ। ਪੰਜਾਬ ਵਾਸੀਆਂ ਨੂੰ ਚਾਨਣ ਵੰਡਣ ਵਾਲਾ ਬਿਜਲੀ ਬੋਰਡ ਵੀ 12 ਹਜ਼ਾਰ ਕਰੋੜ ਦੇ ਘਾਟੇ ਵਿਚ ਚਲ ਰਿਹਾ ਹੈ। ਅੱਜ ਹਾਲਤ ਇਹ ਹੈ ਕਿ ਕਿਸੇ ਵੀ ਕਰਜ਼ਦਾਰ ਵਾਂਗ ਪੰਜਾਬ ਸਰਕਾਰ ਨੂੰ ਅਪਣੀਆਂ ਕੀਮਤੀ ਜਾਇਦਾਦਾਂ ਕੌਡੀਆਂ ਦੇ ਭਾਅ ਵੇਚਣੀਆਂ ਪੈ ਰਹੀਆਂ ਹਨ। ਪਰ ਮੁੱਖ ਮੰਤਰੀ ਦੇ ਕਥਨ ਅਨੁਸਾਰ ਪੰਜਾਬ ਬੜੀ ਤੇਜ਼ੀ ਨਾਲ ਤਰੱਕੀ ਦੀਆਂ ਮੰਜ਼ਿਲਾਂ ਤੈਅ ਕਰ ਰਿਹਾ ਹੈ। ਅਜਿਹਾ ਹੀ ਕੁੱਝ ਕਹਿਣਾ ਹੈ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ, (ਐਮ.ਪੀ.) ਦਾ ਜੋ ਕਦੇ ਵੀ ਪਾਰਲੀਮੈਂਟ ਵਿਚ ਕੋਈ ਸਾਰਥਕ ਗੱਲ ਨਹੀਂ ਕਹਿ ਸਕੇ। ਕੌਣ ਜ਼ਿੰਮੇਵਾਰ ਹੈ ਪੰਜਾਬ ਦੀ ਕੰਗਾਲੀ ਅਤੇ ਬਦਹਾਲੀ ਲਈ ?





ਸਪੱਸ਼ਟ ਹੈ ਕਿ ਇਸ ਲਈ ਸਾਡੇ ਨੇਤਾਵਾਂ ਦੀਆਂ ਸਵਾਰਥੀ ਨੀਤੀਆਂ ਹੀ ਜ਼ਿੰਮੇਵਾਰ ਹਨ। ਪੰਜਾਬ ਸਿਰ ਚੜ੍ਹੇ ਕਰਜ਼ੇ ਲਈ ਜ਼ਿੰਮੇਵਾਰ ਲੋਕਾਂ ਦੀ ਨਿਸ਼ਾਨਦੇਹੀ ਕੀਤੀ ਜਾਣੀ ਲੋਕ ਹਿਤ ਵਿਚ ਜ਼ਰੂਰੀ ਬਣਦੀ ਹੈ। ਬਾਦਲ ਸਾਹਿਬ! ਸ਼ੀਸ਼ਾ ਕਦੇ ਝੂਠ ਨਹੀਂ ਬੋਲਦਾ। ਕਹਿਣ ਦੀ ਜ਼ਰੂਰਤ ਨਹੀਂ ਕਿ ਅੱਜ ਪੰਜਾਬ ਵਾਸੀਆਂ ਨੂੰ ਰਾਜ ਵਿਚਲੀ ਕਥਿਤ ਤਰੱਕੀ ਦਾ ਕਿੰਨਾ ਵੱਡਾ ਮੁੱਲ ਤਾਰਨਾ ਪੈ ਰਿਹਾ ਹੈ ਇਸ ਬਾਰੇ ਪੰਜਾਬ ਦਾ ਗ਼ਰੀਬ ਅਤੇ ਮਿਹਨਤਕਸ਼ ਤਬਕਾ ਹੀ ਜਾਣਦਾ ਹੈ ਜਦੋਂ ਕਿ ਦੂਜੇ ਪਾਸੇ ਪੰਜਾਬ ਵਿਚ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ ਅਤੇ ਗ਼ਰੀਬੀ ਦਾ ਬੜੀ ਤੇਜ਼ੀ ਨਾਲ ਪਸਾਰਾ ਹੋ ਰਿਹਾਹੈ। ਜੇਕਰ ਮੁੱਖ ਮੰਤਰੀ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਦੀ ਗੱਲ ਕਰਦੇ ਹਨ ਤਾਂ ਉਨ੍ਹਾਂ ਨੂੰ ਗ਼ਰੀਬਾਂ 'ਚ ਵਿਚਰਨਾ ਹੋਵੇਗਾ।

26. ਇਹ ਕਹਿਣ ਵਿਚ ਅਤਿਕਥਨੀ ਨਹੀਂ ਹੋਵੇਗੀ ਕਿ ਸਾਡੇ ਗ਼ੈਰ-ਜ਼ਿੰਮੇਵਾਰ ਰਾਜਸੀ ਨੇਤਾਵਾਂ ਦੀ ਬਦੌਲਤ ਹੀ ਅੱਜ ਪੰਜਾਬ ਦਾ ਅਜਿਹਾ ਮੰਦਾ ਹਾਲ ਹੋਇਆ ਹੈ। ਵਰਣਨਯੋਗ ਹੈ ਕਿ ਅੰਗਰੇਜ਼ੀ ਸ਼ਾਸਨਕਾਲ ਸਮੇਂ ਨਾ ਤਾਂ ਪੰਜਾਬ ਸਰਕਾਰ ਅਤੇ ਨਾ ਹੀ ਕਿਸਾਨਾਂ ਜ਼ਿੰਮੇ ਕੋਈ ਕਰਜ਼ਾ ਸੀ ਅਤੇ ਪੰਜਾਬ ਦੇ ਰਾਈਪੇਰੀਅਨ ਅਧਿਕਾਰ ਵੀ ਸਦਾ ਸੁਰੱਖਿਅਤ ਰਹੇ। ਯਾਦ ਰਹੇ ਕਿ ਅੰਗਰੇਜ਼ੀ ਰਾਜ ਕਾਲ ਸਮੇਂ ਜਦੋਂ ਵੀ ਪੰਜਾਬ ਤੋਂ ਬਾਹਰਲੇ ਇਲਾਕਿਆਂ ਨੂੰ ਇਸ ਦੇ ਦਰਿਆਵਾਂ ਦਾ ਪਾਣੀ ਉਪਲਬਧ ਕਰਵਾਇਆ ਗਿਆ ਤਾਂ ਉਸ ਸਮੇਂ ਦੀ ਪੰਜਾਬ ਸਰਕਾਰ ਵਲੋਂ ਰਾਇਲਟੀ ਲਈ ਜਾਂਦੀ ਸੀ। ਅੱਜ ਹੋ ਕੀ ਰਿਹਾ ਹੈ ? ਰਾਜਸਥਾਨ ਨੂੰ ਪੰਜਾਬ ਦਾ ਸਾਰਾ ਵਰਤੋਂ ਯੋਗ ਪਾਣੀ ਤਾਂ ਬਿਨਾਂ ਕਿਸੇ ਹਿਸਾਬ ਕਿਤਾਬ ਦਿਤਾ ਜਾ ਰਿਹਾ ਹੈ ਪਰ ਬਦਲੇ ਵਿਚ ਬਿਜਲੀ ਬੜੀਆਂ ਉੱਚੀਆਂ ਦਰਾਂ 'ਤੇ ਪ੍ਰਾਪਤ ਕੀਤੀ ਜਾ ਰਹੀ ਹੈ ਜੋ ਸਾਡਾ ਰਾਜ ਪ੍ਰਬੰਧ ਚਲਾ ਰਹੇ ਆਗੂਆਂ ਦੀ ਪ੍ਰਬੰਧਕੀ ਯੋਗਤਾ ਤੇ ਇਕ ਬਹੁਤ ਵੱਡਾ ਪ੍ਰਸ਼ਨ ਚਿੰਨ੍ਹ ਹੈ।

27. ਕੀ ਸਾਡੇ ਗ਼ੈਰ-ਜ਼ਿੰਮੇਵਾਰ ਸਿਆਸਤਦਾਨਾਂ ਨੇ ਪੰਜਾਬ ਨੂੰ ਲੁੱਟ ਦੀ ਮੰਡੀ ਨਹੀਂ ਬਣਾ ਕੇ ਰੱਖ ਦਿਤਾ ? ਅਗਰ ਪੰਜਾਬ ਸਰਕਾਰ ਨੇ ਨਿੱਤ ਦਿਨ ਭਾਰੀ ਹੋ ਰਹੀ ਕਰਜ਼ੇ ਦੀ ਪੰਡ ਤੋਂ ਨਜਾਤ ਪਾਉਣੀ ਹੈ ਤਾਂ ਲੁੱਟ ਖਸੁੱਟ ਕਰਨ ਵਾਲੇ ਅਧਿਕਾਰੀਆਂ ਅਤੇ ਨੌਕਰਸ਼ਾਹਾਂ ਨੂੰ ਨਕੇਲ ਪਾਈ ਜਾਣੀ ਚਾਹੀਦੀ ਹੈ। ਸਾਡੇ ਵਿਚਾਰ ਅਨੁਸਾਰ ਹਰੇਕ ਮੰਤਰੀ ਦੀ ਉਸ ਦੇ ਮਹਿਕਮੇ ਵਿਚਲੇ ਘਾਟਿਆਂ/ਘੋਟਾਲਿਆਂ ਲਈ ਨਿੱਜੀ ਤੌਰ 'ਤੇ ਜ਼ਿੰਮੇਵਾਰੀ ਨਿਸ਼ਚਿਤ ਕੀਤੀ ਜਾਏ ਅਤੇ ਇਹੀ ਨੀਤੀ ਪ੍ਰਸ਼ਾਸਨਿਕ ਅਧਿਕਾਰੀਆਂ/ਕਰਮਚਾਰੀਆਂ 'ਤੇ ਵੀ ਲਾਗੂ ਹੋਵੇ। ਸਰਕਾਰ/ਮਹਿਕਮੇ ਦਾ ਸਾਰਾ ਹਿਸਾਬ ਕਿਤਾਬ ਜਨਤਕ ਕੀਤਾ ਜਾਣਾ ਚਾਹੀਦਾ ਹੈ, ਵਰਨਾ ਲੁੱਟ ਦਾ ਬਜ਼ਾਰ ਇਸੇ ਤਰ੍ਹਾਂ ਹੀ ਗਰਮ ਰਹੇਗਾ।

28. ਵਰਣਨਯੋਗ ਹੈ ਕਿ 1947 ਦੀ ਦੇਸ਼ ਦੀ ਵੰਡ ਸਮੇਂ ਅੰਗਰੇਜ਼ੀ ਸ਼ਾਸਕਾਂ ਵਲੋਂ ਸਥਾਪਤ ਕੀਤਾ ਗਿਆ ਸਾਰਾ ਨਹਿਰੀ ਨਿਜ਼ਾਮ ਵੰਡ ਸਮੇਂ ਪਾਕਿਸਤਾਨ ਦੇ ਹਿੱਸੇ ਚਲਾ ਗਿਆ ਜਿਸ ਨਾਲ ਕਿ ਭਾਰਤ ਵਿਚਲੇ ਪੰਜਾਬ ਦਾ ਸਾਰਾ ਖੇਤੀ ਅਰਥਚਾਰਾ ਹੀ ਪੂਰੀ ਤਰ੍ਹਾਂ ਤਬਾਹ ਹੋ ਕੇ ਰਹਿ ਗਿਆ ਸੀ ਪਰ ਭਾਖੜਾ ਡੈਮ ਦੀ ਉਸਾਰੀ ਉਪ੍ਰੰਤ ਵੋਟਾਂ ਦੇ ਅਭਿਲਾਖੀ ਸਿਆਸਤਦਾਨਾਂ ਨੇ ਅਪਣੇ ਸਵਾਰਥੀ ਹਿਤਾਂ ਦੀ ਪੂਰਤੀ ਖ਼ਾਤਰ ਪੰਜਾਬ ਲਈ ਕਈ ਹੋਰ

ਬਖੇੜੇ ਖੜੇ ਕਰ ਦਿਤੇ ਜਦੋਂ ਕਿ ਇਸ ਦਾ ਸਾਰਾ ਵਰਤੋਂ ਯੋਗ ਪਾਨੀ ਦੂਜੇ ਰਾਜਾਂ ਨੂੰ ਦੇ ਦਿਤਾ ਜਿਸ ਨਾਲ ਕਿ ਅੱਜ ਪੰਜਾਬ ਮੰਦਹਾਲੀ ਦੀ ਡੂੰਘੀ ਖਾਈ ਵਿਚ ਜਾ ਡਿਗਿਆ ਹੈ। ਜਦੋਂ ਕਿ ਹੁਣ ਵੀ ਸਾਡੇ ਗ਼ੈਰ-ਜ਼ਿੰਮੇਵਾਰ ਸਿਆਸਤਦਾਨਾਂ ਦਾ ਹੀ ਬੋਲਬਾਲਾ ਹੈ ਅਤੇ ਹਰ ਇਕ ਅਪਣੀ ਅਪਣੀ ਡਫਲੀ ਵਜਾ ਰਿਹਾ ਹੈ। ਸਾਡੇ ਵਿਚਾਰ ਅਨੁਸਾਰ ਰਾਜ ਦੇ ਆਰਥਕ ਮੰਦਵਾੜੇ ਲਈ ਜ਼ਿੰਮੇਵਾਰ ਵਿਅਕਤੀਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ ਵਰਨਾ ਪੰਜਾਬ ਦਾ ਇਸੇ ਤਰ੍ਹਾਂ ਹੀ ਨੁਕਸਾਨ ਹੁੰਦਾ ਚਲਾ ਜਾਏਗਾ।

29. ਸੋ ਉਪ੍ਰੋਕਤ ਹਵਾਲਿਆਂ ਦੇ ਸੰਦਰਭ ਵਿਚ ਪੰਜਾਬ ਬਾਰੇ ਇਹ ਕਹਿਣਾ ਪ੍ਰਸੰਗਿਕ ਹੋਵੇਗਾ ਕਿ "ਮੁਝੇ ਮਾਰਾ ਮੇਰੇ ਅਪਨੋ ਨੇ ਵਰਨਾ ਔਰੋ ਮੇਂ ਕਿਆ ਦਮ ਥਾ, ਕਿਸ਼ਤੀ ਮੇਰੀ ਵਹਾਂ ਡੂਬੀ ਜਹਾਂ ਪਾਨੀ ਬਹੁਤ ਕਮ ਥਾ"। ਪੰਜਾਬ ਦੇ ਕਾਂਗਰਸੀ ਅਤੇ ਬੀਜੇਪੀ ਨੇਤਾਵਾਂ ਨੂੰ ਵੀ ਉਪ੍ਰੋਕਤ ਮੁੱਦਿਆਂ ਬਾਰੇ ਗੰਭੀਰਤਾ ਪੂਰਵਕ ਵਿਚਾਰ ਕਰਨੀ ਹੋਵੇਗੀ। ਸਾਡੇ ਮੌਕਾ ਪ੍ਰਸਤ ਰਾਜਸੀ ਨੇਤਾ ਅਹੁਦੇ ਪ੍ਰਾਪਤ ਕਰਨ ਸਮੇਂ ਜਿਸ ਸੰਵਿਧਾਨ ਦੀ ਸਹੁੰ ਚੁਕਦੇ ਹਨ, ਬਾਅਦ ਵਿਚ ਉਸੇ ਦੀਆਂ ਧਜੀਆ ਉਡਾਉਣ ਤੋਂ ਵੀ ਗੁਰੇਜ਼ ਨਹੀਂ ਕਰਦੇ। ਅਫ਼ਸੋਸ ਨਾਲ ਕਹਿਣਾ ਪੈਂਦਾ ਹੈ ਕਿ ਪੰਜਾਬ ਦੇ ਮੈਂਬਰ ਪਾਰਲੀਮੈਂਟ ਵੀ ਪੰਜਾਬ ਦੇ ਇਨ੍ਹਾਂ ਗੰਭੀਰ ਮੁੱਦਿਆਂ ਨੂੰ ਸੰਸਦ ਵਿਚ ਉਠਾਉਣ ਤੋਂ ਹਮੇਸ਼ਾ ਹੀ ਟਾਲਾ ਵਟਦੇ ਰਹੇ ਹਨ ਜਦੋਂ ਕਿ ਪੰਜਾਬ ਦੇ ਵਿਧਾਨਕਾਰ ਵੀ ਇਨ੍ਹਾਂ ਗੰਭੀਰ ਪਰ ਅਰਥ ਭਰਪੂਰ ਵਿਸ਼ਿਆਂ ਬਾਰੇ ਚੁੱਪ ਰਹਿਣ ਨੂੰ ਹੀ ਤਰਜੀਹ ਦਿੰਦੇ ਹਨ।

## ਧਿਆਨਯੋਗ ਕੁੱਝ ਹੋਰ ਵੇਰਵੇ :

30. ਜੇਕਰ ਹਾਲਾਤ ਇਸੇ ਤਰ੍ਹਾਂ ਹੀ ਚਲਦੇ ਰਹੇ ਅਤੇ ਪੰਜਾਬ ਨੂੰ ਇਸ ਦੀਆਂ ਖੇਤੀ ਲੋੜਾਂ ਅਨੁਸਾਰ ਵਧੇਰੇ ਪਾਣੀ ਉਪਲਬਧ ਨਾ ਕਰਵਾਇਆ ਗਿਆ ਤਾਂ ਉਹ ਸਮਾਂ ਦੂਰ ਨਹੀਂ ਜਦੋਂ ਸਮੁੱਚਾ ਪੰਜਾਬ ਪਾਣੀ ਦੀ ਬੂੰਦ ਬੂੰਦ ਨੂੰ ਤਰਸ ਜਾਏਗਾ ਅਤੇ ਇਸ ਦਾ ਖੇਤੀ ਹੇਠ ਰਕਬਾ ਮੁਕੰਮਲ ਤੌਰ 'ਤੇ ਬੰਜਰ ਹੋ ਜਾਵੇਗਾ। ਪਰ ਸਾਡੇ ਰਾਜਸੀ ਨੇਤਾ ਰਿਕਾਰਡ ਤੋੜ ਖੇਤੀ ਪੈਦਾਵਾਰ ਦਾ ਪ੍ਰਚਾਰ ਕਰ ਕੇ ਪੰਜਾਬ ਦੇ ਕਿਸਾਨ ਦੀ ਵਿਗੜਦੀ ਜਾ ਰਹੀ ਮਾਲੀ ਹਾਲਤ ਨੂੰ ਛੁਪਾਉਣ ਦਾ ਯਤਨ ਕਰਦੇ ਹਨ। ਦੇਸ਼ ਦੇ ਅੰਨ ਭੰਡਾਰ ਵਿਚ ਉੱਘਾ ਯੋਗਦਾਨ ਪਾਉਣ ਵਾਲੇ ਪੰਜਾਬ ਦਾ ਬਹੁ-ਗਿਣਤੀ ਕਿਸਾਨ ਸਿਰ 'ਤੇ ਚੜ੍ਹੇ ਕਰਜ਼ੇ ਕਾਰਨ ਬੇਹਾਲ ਹੈ ਜਿਸ ਕਰ ਕੇ ਉਨ੍ਹਾਂ ਵਲੋਂ ਕੀਤੀਆਂ ਜਾ ਰਹੀਆਂ ਖ਼ੁਦਕੁਸ਼ੀਆਂ ਕਾਰਨ ਮੌਤਾਂ ਦੀ ਗਿਣਤੀ ਇਸ ਤੋਂ ਇਲਾਵਾ ਹੈ ਫਿਰ ਇਸ ਕੌੜੀ ਸਚਾਈ ਨੂੰ ਕਿਉਂ ਅੱਖੋਂ ਪਰੋਖੇ ਕੀਤਾ ਜਾ ਰਿਹਾ ਹੈ ? ਪਰ ਪੰਜਾਬ ਸਰਕਾਰ ਇਨ੍ਹਾਂ ਨਿਰਾਸ਼ਾਜਨਕ ਪ੍ਰਸਥਿਤੀਆਂ ਨਾਲ ਨਿਪਟਣ ਲਈ ਕੋਈ ਵੀ ਠੋਸ ਉਪਰਾਲੇ ਨਹੀਂ ਕਰ ਰਹੀ, ਸਿਵਾਏ ਵੋਟਾਂ ਸਮੇਂ ਲੋਕਾਂ ਨੂੰ ਗੁਮਰਾਹ ਕਰਨ ਦੇ। ਕੀ ਬਾਦਲ ਸਾਹਿਬ ਅਤੇ ਉਨ੍ਹਾਂ ਦੀ ਸਰਕਾਰ ਵਿਚਲੇ ਮੰਤਰੀ ਇਹ ਦੱਸਣ ਦੀ ਖੇਚਲ ਕਰਨਗੇ ਕਿ ਉਹ ਕਿੰਨੇ ਕੁ ਖ਼ੁਦਕੁਸ਼ੀ ਕਰਨ ਵਾਲੇ ਕਿਸਾਨਾਂ ਦੇ ਅਭਾਗੇ ਪ੍ਰਵਾਰਾਂ ਨਾਲ ਦੁੱਖ ਵੰਡਾਉਣ ਗਏ ? ਪਰ ਉਨ੍ਹਾਂ ਨੂੰ ਰਾਜਨੀਤੀ ਤੋਂ ਵਿਹਲ ਮਿਲੇ ਤਾਂ ਹੀ ਉਹ ਸੋਗਵਾਰ ਪ੍ਰਵਾਰਾਂ ਦੇ ਘਰਾਂ ਵਿਚ ਜਾਣ। ਇਹੀ ਸਵਾਲ ਸਾਡਾ ਵਿਰੋਧੀ ਧਿਰ ਦੇ ਨੇਤਾਵਾਂ ਨੂੰ ਹੈ।





31. ਜੇ ਅੱਜ ਪੰਜਾਬ ਦਾ ਕਿਸਾਨ ਕਰਜ਼ਾਈ ਹੈ ਅਤੇ ਸਰਕਾਰ ਦਾ ਖ਼ਜ਼ਾਨਾ ਖ਼ਾਲੀ ਹੈ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਰਾਜ ਪ੍ਰਬੰਧ ਚਲਾ ਰਹੇ ਸਾਡੇ ਸਿਆਸੀ ਆਗੂਆਂ ਦੀ ਹੈ ਜਿਨ੍ਹਾਂ ਦੀਆਂ ਦਿਸ਼ਾਹੀਣ ਸਵਾਰਥੀ ਤੇ ਡੰਗ ਟਪਾਊ ਨੀਤੀਆਂ ਕਾਰਨ ਹੀ ਅਜਿਹਾ ਹੋਇਆ ਹੈ। ਕੀ ਸਾਡੇ ਰਾਜਸੀ ਆਗੂ ਲੋਕਾਂ ਨੂੰ ਜਾਣਬੁੱਝ ਕੇ ਗੁਮਰਾਹ ਨਹੀਂ ਕਰ ਰਹੇ ? ਅਨਾਜ ਨਾਲ ਭਰੇ ਗੋਦਾਮਾਂ ਦਾ ਤਾਂ ਬੜਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਪੰਜਾਬ ਦੀ ਕਥਿਤ ਚਕਾਚੌਂਦ ਤਰੱਕੀ ਅਤੇ ਖ਼ੁਸ਼ਹਾਲੀ ਦੇ ਸੋਹਿਲੇ ਗਾਏ ਜਾਂਦੇ ਹਨ ਪਰ ਦੂਜੇ ਪਾਸੇ ਪੰਜਾਬ ਦੀ ਮਾੜੀ ਆਰਥਕਤਾ ਨੂੰ ਛੁਪਾਇਆ ਜਾਂਦਾ ਹੈ। ਇਹ ਲੱਖ ਟਕੇ ਦਾ ਸਵਾਲ ਹੈ ਜਿਸ ਦਾ ਉੱਤਰ ਸਾਡੇ ਨੀਤੀਵਾਨ ਨਹੀਂ ਦੇਣਾ ਚਾਹੁੰਦੇ ਕਿਉਂ ਜੋ ਸਾਡੀ ਨੀਯਤ ਵਿਚ ਹੀ ਖੋਟ ਹੈ।

32. ਮੁੱਖ ਮੰਤਰੀ ਜੀ! ਅਪਣੇ ਸਿਆਸੀ ਮਨੋਰਥਾਂ ਨੂੰ ਲਾਂਭੇ ਰੱਖ ਕੇ ਪੰਜਾਬ ਦੀ ਨਿਘਰਦੀ ਜਾ ਰਹੀ ਆਰਥਕਤਾ ਨੂੰ ਧਿਆਨ ਵਿਚ ਰਖਦਿਆਂ ਹੋਇਆਂ ਕਾਰਆਮਦ ਠੋਸ ਨੀਤੀਆਂ ਅਪਣਾਉ। ਖੇਤੀ ਅਰਥ-ਵਿਵਸਥਾ ਵਿਚ ਉੱਘਾ ਯੋਗਦਾਨ ਪਾਉਣ ਵਾਲੇ ਕਿਸਾਨ ਦੇ ਮਾਲੀ ਸੰਕਟ ਬਾਰੇ ਇਹ ਕਹਿਣਾ ਯੋਗ ਹੋਵੇਗਾ ਕਿ "ਹਮਾਰੀ ਗਲਿਉਂ ਮੇਂ ਤੋ ਅੰਧੇਰਾ ਹੀ ਅੰਧੇਰਾ ਹੈ, ਹਮੇਂ ਕਿਆ ਉਨ ਚਿਰਾਗੋਂ ਸੇ ਜੋ ਇਵਾਨੋਂ (ਮਹਿਲੋਂ) ਮੇ ਜਲਤੇ ਹੈਂ।" ਇਹ ਹੈ ਆਜ਼ਾਦੀ ਦਾ ਮੁੱਲ ਜੋ ਅੱਜ ਪੰਜਾਬ ਨੂੰ ਅਪਣੀ ਆਰਥਕਤਾ ਦੀ ਕੀਮਤ 'ਤੇ ਤਾਰਨਾ ਪੈ ਰਿਹਾ ਹੈ। ਜੇ ਮੁੱਖ ਮੰਤਰੀ ਬਾਦਲ ਅਪਣੀ ਸੰਗਤ ਦਰਸ਼ਨ ਦੀ ਸਸਤੀ ਮਸ਼ਹੂਰੀ ਨੂੰ ਤਿਆਗ ਕੇ ਕੋਈ ਠੋਸ ਦੂਰਗਾਮੀ, ਸਾਰਥਕ ਨੀਤੀਆਂ ਲਾਗੂ ਕਰਨ ਤਾਂ ਹੀ ਪੰਜਾਬ ਦਾ ਕੁੱਝ ਭਲਾ ਹੋ ਸਕਦਾ ਹੈ। ਪਰ ਇਥੇ ਤਾਂ ਜਾਤੀ ਹਿਤਾਂ ਦੀ ਖ਼ਾਤਰ ਸੰਵਿਧਾਨ ਅਤੇ ਕਾਨੂੰਨ ਹੀ ਛਿੱਕੇ ਟੰਗ ਦਿਤਾ ਜਾਂਦਾ ਹੈ।

33. ਅੱਜ ਮੁੱਖ ਮੰਤਰੀ ਬਾਦਲ ਨੂੰ ਅਪਣੇ ਇਲਾਕੇ/ਹਲਕੇ ਵਿਚੋਂ ਲੰਘਦੀਆਂ ਵੱਡੀਆਂ ਨਹਿਰਾਂ ਜੋ ਗੁਆਂਢੀ ਰਾਜਾਂ ਹਰਿਆਣਾ, ਰਾਜਸਥਾਨ ਆਦਿ ਨੂੰ ਜਾਂਦੀਆਂ ਹਨ, 'ਚੋਂ ਵੱਡੇ ਪੱਧਰ 'ਤੇ ਪਾਣੀ ਰਿਸਣ ਕਾਰਨ ਪੈਦਾ ਹੋਈ ਸੇਮ ਦੀ ਸਮੱਸਿਆ ਦੀ ਤਾਂ ਬੜੀ ਚਿੰਤਾ ਹੈ ਪਰ ਪੰਜਾਬ ਦੀ ਸੋਕੇ ਮਾਰੀ ਧਰਤੀ ਬਾਰੇ ਕੋਈ ਗਿਆਨ ਨਹੀਂ ਤਾਂ ਫਿਰ ਇਸ ਦਾ ਕੀ ਅਰਥ ਲਿਆ ਜਾਏ। ਪੰਜਾਬ ਦੀ ਪਾਣੀ ਨੂੰ ਤਰਸਦੀ ਧਰਤੀ ਬਾਰੇ ਇਹ ਕਹਿਣਾ ਪ੍ਰਸੰਗਕ ਹੋਵੇਗਾ ਕਿ "ਮੈਂ ਧਰਤੀ ਦੇਸ਼ ਪੰਜਾਬ ਦੀ ਬਿਨ ਨੀਰਾਂ ਰੋਈ, ਮੁੱਕ ਗਏ ਹੰਝੂ ਮੇਰੇ ਪਰ ਸਾਰ ਲਏ ਨਾ ਕੋਈ।"

34. ਸਪੱਸ਼ਟ ਹੈ ਕਿ ਸਾਡੇ ਵਿਧਾਨਕਾਰ ਵੋਟਾਂ ਤਾਂ ਕਿਸਾਨਾਂ ਅਤੇ ਮਿਹਨਤਕਸ਼ਾਂ ਦੀਆਂ ਪ੍ਰਾਪਤ ਕਰ ਲੈਂਦੇ ਹਨ ਪਰ ਬਾਅਦ ਵਿਚ ਅਪਣੇ ਸਵਾਰਥੀ ਮਨੋਰਥਾਂ ਦੀ ਪੂਰਤੀ ਖ਼ਾਤਰ ਉਨ੍ਹਾਂ ਦੇ ਹਿਤਾਂ ਨੂੰ ਕੁਰਬਾਨ ਕਰਨ ਤੋਂ ਜ਼ਰਾ ਵੀ ਗੁਰੇਜ਼ ਨਹੀਂ ਕਰਦੇ। ਅੱਜ ਸਿਆਸੀ ਨਿਜ਼ਾਮ ਅਤੇ ਰਾਜ ਪ੍ਰਬੰਧ ਵਿਚ ਫਿਰ ਤੋਂ ਸਰਮਾਏਦਾਰੀ, ਜਾਗੀਰਦਾਰੀ ਅਤੇ ਰਜਵਾੜਾਸ਼ਾਹੀ ਸ਼ਕਤੀਆਂ ਹਾਵੀ ਹੋ ਚੁੱਕੀਆਂ ਹਨ। ਪੰਜਾਬ ਦੇ ਸੱਚ ਹਿਤੈਸ਼ੀਆਂ, ਬੁਧੀਜੀਵੀਆਂ ਅਤੇ ਚਿੰਤਕਾਂ ਨੂੰ ਇਕ ਮੰਚ 'ਤੇ ਇਕੱਠੇ ਹੋ ਕੇ ਪੰਜਾਬ ਦੀ ਤ੍ਰਾਸਦੀ ਬਾਰੇ

ਗੰਭੀਰਤਾ ਨਾਲ ਵਿਚਾਰਾਂ ਕਰਨੀਆਂ ਹੋਣਗੀਆਂ ਕਿਉਂ ਜੋ ਸਾਡੇ ਨਾ-ਦੂਰਅੰਦੇਸ਼ ਅਤੇ ਦਿਸ਼ਾਹੀਣ ਸਿਆਸੀ ਆਗੂਆਂ ਨੇ ਪੰਜਾਬ ਨੂੰ ਅਪਣੀ ਸੌੜੀ ਰਾਜਨੀਤੀ ਦੀ ਭੇਟ ਚੜ੍ਹਾ ਦਿਤਾ ਹੈ।

ਆਉ! ਆਪਾਂ ਸਾਰੇ ਰਲ ਮਿਲ ਕੇ ਤਕੜਾ ਹੰਭਲਾ ਮਾਰੀਏ ਤਾਂ ਜੋ ਪੰਜਾਬ ਦੇ ਭਵਿੱਖ ਨੂੰ ਸੁਰੱਖਿਅਤ ਕੀਤਾ ਜਾ ਸਕੇ।

## ਜਾਗੋ ! ਪੰਜਾਬ ਵਾਸੀਉ ਜਾਗੋ ! !

– ਇੰਜ: ਹਰਿੰਦਰਪਾਲ ਸਿੰਘ,
252, ਫ਼ੇਜ਼ – 2, ਮਾਡਲ ਟਾਊਨ, ਬਠਿੰਡਾ।
ਮੋਬਾ : 94177-55702
(ਰੋਜ਼ਾਨਾ ਸਪੋਕਸਮੈਨ : 12, 13 ਅਤੇ 14 ਫਰਵਰੀ 2009 ਵਿੱਚੋਂ)

## ਇਕ ਗੱਲ ਦੀ ਸਮਝ ਮੈਨੂੰ ਕਦੇ ਨਹੀਂ ਆਈ ਕਿ ਦੇਸ਼ ਦੀ ਵੰਡ ਰੋਕਣ ਵਿਚ ਨਾਕਾਮ ਰਹਿਣ ਵਾਲਾ 'ਰਾਸ਼ਟਰਪਿਤਾ' ਕਿਵੇਂ ਹੋ ਸਕਦਾ ਹੈ ?

'ਨੇਸ਼ਨ ਸਟੇਟ' ਜਾਂ 'ਰਾਸ਼ਟਰੀਅਤਾ' ਦਾ ਸੰਕਲਪ, ਕਿਸੇ ਭਾਰਤੀ ਵਿਚਾਰਧਾਰਾ 'ਚੋਂ ਨਹੀਂ, ਅਮਰੀਕੀ ਵਿਚਾਰਧਾਰਾ 'ਚੋਂ ਉਪਜਿਆ ਸੀ। ਅਮਰੀਕਾ ਪਹਿਲਾਂ ਕੋਈ ਦੇਸ਼ ਨਹੀਂ ਸੀ ਹੁੰਦਾ। ਇੰਗਲੈਂਡ ਵਿਚ ਭੁਖਮਰੀ ਜਦ ਹੱਦੋਂ ਵੱਧ ਗਈ ਤਾਂ ਇੰਗਲੈਂਡ ਦੇ ਲੋਕ, ਸਮੁੰਦਰ ਪਾਰ ਜਾ ਕੇ, ਖਾਣ ਪੀਣ ਦਾ ਸਮਾਨ ਲੱਭਣ ਨਿਕਲ ਪਏ। ਇਸੇ ਭਾਲ ਵਿਚ ਉਨ੍ਹਾਂ ਨੂੰ ਅੱਜ ਵਾਲੇ ਅਮਰੀਕਾ ਦੀ ਧਰਤੀ ਵੀ ਲੱਭੀ। ਸਥਾਨਕ ਲੋਕਾਂ (ਰੈੱਡ ਇੰਡੀਅਨਜ਼ ਅਤੇ ਕਾਲੇ ਲੋਕਾਂ) ਨਾਲ ਉਨ੍ਹਾਂ ਦੀਆਂ ਝੜਪਾਂ ਵੀ ਹੋਈਆਂ ਪਰ ਉਹ ਇਥੇ ਟਿਕ ਗਏ। ਹੌਲੀ ਹੌਲੀ ਦੂਜੇ ਦੇਸ਼ਾਂ ਦੇ ਲੋਕ ਵੀ ਇਥੇ ਆ ਕੇ ਵਸਣ ਲੱਗ ਪਏ। ਬਹੁਗਿਣਤੀ ਗੋਰਿਆਂ ਦੀ ਹੋ ਗਈ ਤੇ ਕਾਲੇ ਉਨ੍ਹਾਂ ਨੂੰ ਨਫ਼ਰਤ ਨਾਲ ਵੇਖਣ ਲੱਗ ਪਏ। ਲੰਮੀ ਕਹਾਣੀ ਦਾ ਸੰਖੇਪ ਇਹ ਕਿ ਵੱਖ ਵੱਖ ਦੇਸ਼ਾਂ ਤੋਂ ਆਏ, ਵੱਖ ਵੱਖ ਭਾਸ਼ਾਵਾਂ ਬੋਲਣ ਵਾਲੇ ਤੇ ਵੱਖ ਵੱਖ ਸਭਿਆਚਾਰਾਂ ਵਾਲੇ ਲੋਕਾਂ ਦੇ ਇਸ ਦੇਸ਼ ਵਿਚ 'ਭਿੰਨਤਾ' ਏਨੀ ਵੱਧ ਗਈ ਕਿ ਅਖ਼ੀਰ ਉਹ ਸਮਾਂ ਵੀ ਆ ਗਿਆ ਜਦੋਂ ਉੱਤਰ ਬਨਾਮ ਦੱਖਣ ਦੀ ਲੜਾਈ ਗ੍ਰਹਿ ਯੁਧ (ਸਿਵਲ ਵਾਰ) ਦੇ ਰੂਪ ਵਿਚ, ਸ਼ੁਰੂ ਹੋ ਗਈ। ਦਖਣੀ ਅਮਰੀਕਾ ਨੇ ਬਗ਼ਾਵਤ ਦਾ ਝੰਡਾ ਖੜਾ ਕਰ ਦਿਤਾ। ਉਸ ਵੇਲੇ ਰਾਸ਼ਟਰਪਤੀ ਲਿੰਕਨ ਨੇ ਨਾਹਰਾ ਦਿਤਾ ਕਿ "ਅਮਰੀਕਾ ਇਕ ਰਹੇਗਾ। ਇਸ ਧਰਤੀ ਉਤੇ ਰਹਿਣ ਵਾਲਾ ਹਰ ਵਿਅਕਤੀ 'ਅਮਰੀਕਨ ਰਾਸ਼ਟਰ' ਦਾ ਹਿੱਸਾ ਹੈ ਤੇ ਅਸੀ ਹਮੇਸ਼ਾ ਇਕੱਠੇ ਰਹਾਂਗੇ। ਕੋਈ ਵੀ ਇਸ ਰਾਸ਼ਟਰ ਨੂੰ ਖ਼ਤਮ ਨਹੀਂ ਕਰ ਸਕੇਗਾ, ਨਾ ਵੰਡ ਹੀ ਸਕੇਗਾ।"

ਲਿੰਕਨ ਨੇ ਪਹਿਲੀ ਜਨਵਰੀ, 1863 ਨੂੰ ਗ਼ੁਲਾਮਾਂ ਦੀ ਬੰਦ-ਖ਼ਲਾਸੀ ਦਾ ਹੁਕਮ ਜਾਰੀ ਕਰ ਦਿਤਾ ਤੇ ਗ਼ੁਲਾਮ ਪ੍ਰਥਾ ਪੂਰੀ ਤਰ੍ਹਾਂ ਖ਼ਤਮ ਕਰ ਦਿਤੀ। ਪਰ ਦੱਖਣ ਵਲੋਂ





'ਆਜ਼ਾਦ ਹੋਣ' ਦੀ ਲੜਾਈ ਹੋਰ ਵੀ ਤੇਜ਼ ਕਰ ਦਿਤੀ ਗਈ। 'ਗੁਡ ਫ਼ਰਾਈਡੇ' ਵਾਲੇ ਦਿਨ ਅਰਥਾਤ 14 ਅਪ੍ਰੈਲ, 1865 ਨੂੰ ਲਿੰਕਨ ਨੂੰ ਵਾਸ਼ਿੰਗਟਨ ਦੇ ਫ਼ੋਰਡ ਥੀਏਟਰ ਵਿਚ ਜਾਹਨ ਵਿਲਕਿਸ ਬੂਥ ਨੇ ਕਤਲ ਕਰ ਦਿਤਾ ਕਿਉਂਕਿ ਐਕਟਰ ਬੂਥ ਸਮਝਦਾ ਸੀ ਕਿ ਲਿੰਕਨ ਦੱਖਣ ਵਾਲਿਆਂ ਦਾ ਵੱਡਾ ਹਮਾਇਤੀ ਹੈ। ਲਿੰਕਨ ਦੀ ਮੌਤ ਨਾਲ, ਹਾਲਾਤ ਨੇ ਸਗੋਂ ਅਜਿਹੀ ਕਰਵਟ ਲੈ ਲਈ ਕਿ ਅਮਰੀਕਾ ਦੀ ਵੰਡ ਦੇ ਹਮਾਇਤੀ ਕਮਜ਼ੋਰ ਪੈ ਗਏ। ਇਸ ਤਰ੍ਹਾਂ ਲਿੰਕਨ ਨੂੰ ਇਹ ਮਾਣ ਮਿਲਿਆ ਕਿ ਉਸ ਨੇ ਅਪਣੀ ਜਾਨ ਦੇ ਕੇ ਵੀ, ਦੇਸ਼ ਦੀ ਵੰਡ ਨਾ ਹੋਣ ਦਿਤੀ। ਇਸ ਬਦਲੇ, ਲਿੰਕਨ ਨੂੰ ਅਮਰੀਕਾ ਦਾ 'ਰਾਸ਼ਟਰਪਿਤਾ' ਅਰਥਾਤ 'ਫ਼ਾਦਰ ਆਫ਼ ਦਾ ਨੇਸ਼ਨ' ਮੰਨ ਲਿਆ ਗਿਆ।

ਹਿੰਦੁਸਤਾਨ ਵਿਚ, ਇਸਲਾਮ ਅਤੇ ਸਿੱਖ ਧਰਮ, ਦੋ ਅਜਿਹੇ ਧਰਮ ਹਨ ਜੋ ਧਰਮ ਨੂੰ ਧਰਤੀ ਨਾਲ ਨਹੀਂ ਜੋੜਦੇ। ਇਸੇ ਲਈ ਮੁਸਲਮਾਨ 'ਵੰਦੇ ਮਾਤਰਮ' ਪੜ੍ਹਨ ਤੋਂ ਵੀ ਇਨਕਾਰ ਕਰ ਦੇਂਦੇ ਹਨ ਕਿਉਂਕਿ ਇਸ ਦਾ ਅਰਥ ਵੀ ਧਰਤੀ-ਮਾਤਾ ਦੀ ਪੂਜਾ ਕਰਨਾ ਹੀ ਹੈ। ਸਿੱਖੀ ਅਤੇ ਇਸਲਾਮ, ਦੋਵੇਂ ਹੀ, ਕੇਵਲ ਤੇ ਕੇਵਲ ਅਕਾਲ ਪੁਰਖ ਦੀ ਪੂਜਾ ਨੂੰ ਜਾਇਜ਼ ਮੰਨਦੇ ਹਨ ਤੇ 'ਧਰਤੀ ਪੂਜਨ' ਵਿਚ ਵਿਸ਼ਵਾਸ ਨਹੀਂ ਰਖਦੇ।

ਦਸਵੀਂ ਪਾਸ ਕਰ ਕੇ ਮੈਂ ਨਵਾਂ ਨਵਾਂ ਕਾਲਜ ਵਿਚ ਗਿਆ। ਦਸਵੀਂ ਵਿਚ ਮੈਂ ਵਜ਼ੀਫ਼ਾ ਪ੍ਰਾਪਤ ਕੀਤਾ ਸੀ, ਇਸ ਲਈ ਮੈਨੂੰ 'ਲਾਇਕਾਂ' ਵਿਚ ਗਿਣਿਆ ਜਾਂਦਾ ਸੀ। ਪ੍ਰੋਫ਼ੈਸਰ ਵੀ ਮੇਰੇ ਵਲ ਚੰਗੀਆਂ ਨਜ਼ਰਾਂ ਨਾਲ ਵੇਖਦੇ ਸਨ। ਪੁਲੀਟੀਕਲ ਸਾਇੰਸ ਦੇ ਪ੍ਰੋਫ਼ੈਸਰ ਜੈਨ, ਮੇਰੇ ਤੇ ਖ਼ਾਸ ਤੌਰ 'ਤੇ ਬਹੁਤ ਖ਼ੁਸ਼ ਸਨ ਕਿਉਂਕਿ ਮੈਂ ਪਹਿਲੀ ਛਿਮਾਹੀ ਦੇ ਇਮਤਿਹਾਨ ਵਿਚ 'ਫ਼ਸਟ' ਤਾਂ ਆਇਆ ਹੀ ਸੀ, ਨਾਲ ਹੀ ਪ੍ਰੋਫ਼ੈਸਰ ਜੈਨ, ਮੇਰੇ ਵਲੋਂ ਪ੍ਰੀਖਿਆ ਵਿਚ ਲਿਖੇ ਉੱਤਰਾਂ ਤੋਂ ਬਹੁਤ ਪ੍ਰਭਾਵਤ ਹੋ ਗਏ। ਇਕ ਦਿਨ ਮੈਨੂੰ ਕਹਿਣ ਲੱਗੇ, "ਜੋਗਿੰਦਰ ਸਿੰਘ, ਆਪ ਸਟੇਜ ਪਰ ਭੀ ਬੋਲਨਾ ਸ਼ੁਰੂ ਕਰੋ। ਆਪ ਜਲਦੀ ਹੀ ਮੈਦਾਨ ਮਾਰ ਲੋਗੇ, ਯਿਹ ਮੈਂ ਆਪ ਕੋ ਯਕੀਨ ਦਿਲਾਤਾ ਹੂੰ। ਬਹੁਤ ਜਾਨਕਾਰੀ ਹੈ ਆਪ ਕੇ ਪਾਸ। ਐਸੇ ਕਰੀਏ, 2 ਅਕਤੂਬਰ ਕੋ ਰਾਸ਼ਟਰਪਤੀ ਗਾਂਧੀ ਜੀ ਕਾ ਜਨਮ ਦਿਨ ਮਨਾ ਰਹੇ ਹੈਂ, ਆਪ ਉਸ ਮੇਂ ਜ਼ਰੂਰ ਬੋਲੀਏ।"

ਮੈਂ ਕਿਹਾ ਪ੍ਰੋਫ਼ੈਸਰ ਸਾਹਿਬ, "ਮੈਂ ਤਾਂ ਬੋਲਣਾ ਚਾਹਾਂਗਾ ਪਰ ਤੁਸੀ ਮੈਨੂੰ ਰੋਕ ਦੇਣਾ ਹੈ। ਕਹੋ ਤਾਂ ਹੁਣੇ ਸਬੂਤ ਪੇਸ਼ ਕਰ ਦਿੰਦਾ ਹਾਂ। ਇਕ ਦੋ ਸਵਾਲ ਹੀ ਪੁੱਛਾਂਗਾ।"

ਪ੍ਰੋਫ਼ੈਸਰ ਜੈਨ ਮੇਰੇ ਪ੍ਰਸ਼ਨਾਂ ਦੇ ਉੱਤਰ ਦੇਣ ਲਈ ਤਿਆਰ ਹੋ ਗਏ ਤਾਂ ਮੈਂ ਪੁਛਿਆ, "ਮਹਾਤਮਾ ਗਾਂਧੀ ਨੂੰ 'ਰਾਸ਼ਟਰਪਿਤਾ' ਕਿਉਂ ਕਹਿੰਦੇ ਹੋ ? ਕੀ ਲਿੰਕਨ ਦੀ ਨਕਲ ਕਰਨੀ ਜ਼ਰੂਰੀ ਸੀ ? ਦੋ ਗੱਲਾਂ ਤਾਂ ਲਿੰਕਨ ਤੇ ਗਾਂਧੀ ਵਿਚ ਸਾਂਝੀਆਂ ਸਨ ਕਿ ਦੋਹਾਂ ਨੂੰ ਕਤਲ ਕੀਤਾ ਗਿਆ ਤੇ ਦੋਹਾਂ ਦੇ ਕਾਤਲਾਂ ਨੂੰ ਇਹ ਗ਼ਲਤਫ਼ਹਿਮੀ ਸੀ ਕਿ ਉਹ ਦੇਸ਼ ਦੀ ਏਕਤਾ ਦੇ ਦੁਸ਼ਮਣਾਂ ਦੀ ਹਮਾਇਤ ਕਰਦੇ ਸਨ। ਪਰ ਏਨੀ ਕੁ ਗੱਲ ਹੀ ਤਾਂ 'ਰਾਸ਼ਟਰਪਿਤਾ' ਬਣਾਏ ਜਾਣ ਲਈ ਕਾਫ਼ੀ ਨਹੀਂ। 'ਰਾਸ਼ਟਰਪਿਤਾ' ਦਾ ਦਰਜਾ ਤਾਂ ਉਸ ਨੂੰ ਦਿਤਾ ਜਾਂਦਾ ਹੈ ਜਿਸ ਨੇ ਅਪਣੀ ਜਾਨ ਦੇ ਕੇ ਵੀ, ਦੇਸ਼ ਦੀ ਵੰਡ ਨਾ ਹੋਣ ਦਿਤੀ ਹੋਵੇ। ਲਿੰਕਨ ਨੂੰ ਇਸ ਇਕ

ਕਾਰਨ ਸਦਕਾ ਹੀ 'ਰਾਸ਼ਟਰਪਿਤਾ' ਮੰਨਿਆ ਗਿਆ ਸੀ। ਪਰ ਮਹਾਤਮਾ ਗਾਂਧੀ ਤਾਂ ਇਹ ਸ਼ਰਤ ਪੂਰੀ ਨਹੀਂ ਕਰਦੇ। ਉਹ ਤਾਂ ਆਸਾਨੀ ਨਾਲ ਦੇਸ਼-ਵੰਡ ਰੋਕ ਸਕਦੇ ਸਨ ਪਰ "ਦੇਸ਼ ਨੂੰ ਵੰਡਣ ਦਾ ਅਰਥ ਗਊ ਮਾਤਾ ਨੂੰ ਵੰਡਣਾ ਹੋਵੇਗਾ.:.:, ਵਰਗੀਆਂ ਸਹੁੰਆਂ ਚੁਕ ਕੇ ਵੀ, ਉਨ੍ਹਾਂ ਆਸਾਨੀ ਨਾਲ ਦੇਸ਼-ਵੰਡ ਹੋਣ ਦਿਤੀ। ਫਿਰ ਉਹ 'ਰਾਸ਼ਟਰਪਿਤਾ' ਕਿਵੇਂ ਹੋਏ?"

ਪ੍ਰੋਫ਼ੈਸਰ ਜੈਨ ਦੇ ਮੱਥੇ 'ਤੇ ਤਰੇਲੀਆਂ ਆ ਗਈਆਂ। ਮੈਂ ਉਨ੍ਹਾਂ ਨੂੰ ਇਸ਼ਾਰਾ ਕੀਤਾ ਕਿ ਇਸ ਤੋਂ ਪਹਿਲਾਂ ਕਿ ਉਹ ਮੈਨੂੰ ਕੁੱਝ ਕਹਿਣ, ਮੈਂ ਇਕ ਸਵਾਲ ਹੋਰ ਪੁੱਛਾਂਗਾ। ਮੈਂ ਕਿਹਾ, "ਰਾਸ਼ਟਰਪਿਤਾ ਦਾ ਖ਼ਿਤਾਬ ਦੇਣ ਲਈ ਕੀ ਪ੍ਰਧਾਨ ਮੰਤਰੀ ਦਾ ਬਿਆਨ ਹੀ ਕਾਫ਼ੀ ਹੈ? ਕੀ ਇਸ ਬਾਰੇ ਦੇਸ਼ ਦੀਆਂ ਸਾਰੀਆਂ ਕੌਮੀਅਤਾਂ ਨਾਲ ਸਲਾਹ ਕੀਤੀ ਗਈ ਸੀ? ਜਿਸ ਦੇਸ਼ ਵਿਚ, ਧਰਤੀ ਨਾਲ ਜੁੜੇ ਹੋਏ 'ਰਾਸ਼ਟਰਵਾਦ' ਨੂੰ ਦੋ ਕੌਮਾਂ ਮਾਨਤਾ ਹੀ ਨਹੀਂ ਦਿੰਦੀਆਂ, ਉਸ ਦੇਸ਼ ਵਿਚ......।"

ਸਾਰੀ ਕਲਾਸ ਦੇ ਸਾਹਮਣੇ, ਪ੍ਰੋ: ਜੈਨ ਨਾ ਮੇਰੇ ਹੱਕ ਵਿਚ ਕੁੱਝ ਕਹਿ ਸਕਦੇ ਸਨ, ਨਾ ਵਿਰੁਧ। ਬੜੀ ਮੁਸ਼ਕਲ ਨਾਲ ਬੋਲੇ, "ਬਸ ਬਸ, ਆਪ 2 ਅਕਤੂਬਰ ਕੋ ਨਹੀਂ ਬੋਲੇਂਗੇ। ਮੈਨੇ ਅਪਨਾ ਕਹਾ ਵਾਪਸ ਲੀਆ।"

ਮੈਂ ਸਵਾਲਾਂ ਦੇ ਜਵਾਬ ਮੰਗਣ ਦੀ ਜ਼ਿੱਦ ਕੀਤੀ ਤਾਂ ਕਹਿਣ ਲੱਗੇ, "ਕਲਾਸ ਮੇਂ ਨਹੀਂ, ਮੁਝੇ ਬਾਅਦ ਮੇਂ ਮਿਲਨਾ।"

ਮੈਂ 'ਵੇਟਿੰਗ ਰੂਮ' ਵਿਚ ਉਨ੍ਹਾਂ ਨੂੰ ਮਿਲਿਆ। ਪ੍ਰੋ: ਜੈਨ ਨੇ ਮੈਨੂੰ ਜੱਫੀ ਵਿਚ ਲੈ ਲਿਆ ਤੇ ਬੋਲੇ, "ਅਭੀ ਤੋ 'ਸ਼ਾਬਾਸ਼' ਹੀ ਕਹੂੰਗਾ। ਬਹੁਤ ਸਾਰੇ ਸਵਾਲ ਐਸੇ ਹੈਂ ਜਿਨ ਕੇ ਜਵਾਬ, ਹਮ ਤਨਖ਼ਾਹ ਲੇਕਰ ਪੜ੍ਹਾਨੇ ਵਾਲੇ ਨਹੀਂ ਦੇ ਸਕਤੇ। ਆਪ ਜੈਸਾ ਹੀ ਕੋਈ ਇਨ ਕਾ ਸਹੀ ਜਵਾਬ ਦੇਗਾ। ਲਗੇ ਰਹੋ। ਮੈਂ ਆਪ ਸੇ ਬਹੁਤ ਖ਼ੁਸ਼ ਹੂੰ।"

ਪਾਠਕਾਂ ਨੂੰ ਪਤਾ ਹੀ ਹੋਵੇਗਾ, ਜਦੋਂ ਅੰਗਰੇਜ਼ ਇਥੋਂ ਜਾਣ ਲੱਗੇ ਤਾਂ ਘੱਟ-ਗਿਣਤੀਆਂ ਨੂੰ ਚਿੰਤਾ ਹੋਣ ਲੱਗੀ ਕਿ ਤਲਵਾਰ ਦੇ ਜ਼ੋਰ ਨਾਲ ਤਾਂ ਇਥੇ ਰਾਜ ਵੀ ਕਰਦੇ ਰਹੇ ਹਾਂ ਪਰ ਅੰਗਰੇਜ਼ ਦੇ ਚਲੇ ਜਾਣ ਬਾਅਦ ਜਦ ਸਿਰਾਂ ਦੀ ਗਿਣਤੀ ਕਰ ਕੇ, ਤਾਕਤ ਬਹੁਤੇ ਸਿਰਾਂ (ਗਿਣਤੀ) ਵਾਲਿਆਂ ਦੇ ਹੱਥ ਦੇ ਦਿਤੀ ਜਾਏਗੀ ਤਾਂ ਉਹ, ਬੀਤੇ ਦੀਆਂ ਕੌੜੀਆਂ ਯਾਦਾਂ ਨੂੰ ਚੇਤੇ ਕਰ ਕੇ, ਘੱਟ-ਗਿਣਤੀਆਂ ਨਾਲ ਵੀ ਜ਼ਿਆਦਤੀ ਜ਼ਰੂਰ ਕਰਨਗੇ। ਅੰਗਰੇਜ਼ ਵੀ ਇਥੇ ਨਹੀਂ ਹੋਵੇਗਾ ਤਾਂ ਘੱਟ-ਗਿਣਤੀਆਂ ਨੂੰ ਬਚਾਏਗਾ ਕੌਣ? ਮੁਸਲਮਾਨਾਂ ਨੂੰ ਇਹ ਚਿੰਤਾ ਜ਼ਿਆਦਾ ਤੰਗ ਕਰ ਰਹੀ ਸੀ ਕਿਉਂਕਿ ਪਿਛਲਾ ਇਤਿਹਾਸ ਹਿੰਦੂ-ਮੁਸਲਿਮ ਨਫ਼ਰਤ ਦਾ ਇਤਿਹਾਸ ਹੀ ਕਿਹਾ ਜਾ ਸਕਦਾ ਹੈ। ਲਾਹੌਰ ਅਤੇ ਅੰਮ੍ਰਿਤਸਰ ਦੇ ਰੇਲਵੇ ਸਟੇਸ਼ਨ ਤੇ "ਹਿੰਦੂ ਰੋਟੀ, ਹਿੰਦੂ ਪਾਣੀ" ਦੀਆਂ ਆਵਾਜ਼ਾਂ 5 ਸਾਲ ਦੀ ਉਮਰ ਵਿਚ ਮੈਂ ਵੀ ਸੁਣੀਆਂ ਸਨ। ਜਵਾਬ ਵਿਚ ਦੂਜੇ ਖ਼ੌਂਚੇ ਵਾਲਾ ਉੱਚੀ ਆਵਾਜ਼ ਵਿਚ ਆ ਕੂੰਦਾ ਸੀ, "ਮੁਸਲਿਮ ਰੋਟੀ, ਮੁਸਲਿਮ ਪਾਣੀ।" ਦੋਹਾਂ ਕੌਮਾਂ ਵਿਚ ਏਨੀ ਜ਼ਿਆਦਾ ਨਫ਼ਰਤ ਸੀ ਕਿ





'ਹਿੰਦੂ ਰੋਟੀ' ਮੁਸਲਮਾਨਾਂ ਦੇ ਗਲੇ ਹੇਠ ਨਹੀਂ ਸੀ ਉਤਰ ਸਕਦੀ ਤੇ 'ਮੁਸਲਿਮ ਰੋਟੀ' ਹਿੰਦੂਆਂ ਦਾ ਧਰਮ ਭ੍ਰਿਸ਼ਟ ਕਰ ਦੇਂਦੀ ਸੀ। ਇਹੀ ਹਾਲ ਪਾਣੀ ਦਾ ਸੀ।

ਇਸ ਨਫ਼ਰਤ ਨੂੰ ਵੇਖਦੇ ਹੋਏ ਹੀ, ਮੁਸਲਮਾਨ ਚਾਹੁੰਦੇ ਸਨ ਕਿ ਇਸ ਤੋਂ ਪਹਿਲਾਂ ਕਿ ਅੰਗਰੇਜ਼ ਇਥੋਂ ਚਲੇ ਜਾਣ, ਉਹ ਅਜਿਹਾ ਪ੍ਰਬੰਧ ਜ਼ਰੂਰ ਕਰ ਜਾਣ ਜਿਸ ਅਧੀਨ, ਆਜ਼ਾਦ ਹਿੰਦੁਸਤਾਨ ਵਿਚ, ਮੁਸਲਮਾਨ ਅਪਨੀ ਹੋਣੀ ਦੇ ਮਾਲਕ ਆਪ ਬਣ ਸਕਣ ਤੇ ਉਨ੍ਹਾਂ ਨੂੰ ਹਿੰਦੂਆਂ ਦੀ ਗ਼ੁਲਾਮੀ ਨਾ ਸਹਿਣੀ ਪਵੇ। ਹਿੰਦੂ ਲੀਡਰ ਜਵਾਬ ਵਿਚ ਕਹਿੰਦੇ ਸਨ ਕਿ "ਪਾੜੋ ਤੇ ਰਾਜ ਕਰੋ" ਦੀ ਨੀਤੀ ਅਧੀਨ, ਅੰਗਰੇਜ਼ ਹੀ ਮੁਸਲਮਾਨਾਂ ਨੂੰ ਭੜਕਾ ਰਹੇ ਸਨ ਪਰ ਸੱਚ ਇਹੀ ਹੈ ਕਿ ਹਰ ਮੁਸਲਮਾਨ, ਕੁਦਰਤੀ ਤੌਰ 'ਤੇ 'ਹਿੰਦੂ ਗ਼ਲਬੇ' ਦਾ ਡਰ ਮਹਿਸੂਸ ਕਰ ਰਿਹਾ ਸੀ।

ਮੁਸਲਮਾਨਾਂ ਦੀ ਮੰਗ ਅਖ਼ੀਰ ਮੰਨੀ ਗਈ ਤੇ ਲਖਨਊ ਪੈਕਟ ਉਤੇ ਦਸਤਖ਼ਤ ਕਰ ਦਿਤੇ ਗਏ ਜਿਸ ਅਧੀਨ, ਮੁਸਲਿਮ ਬਹੁਗਿਣਤੀ ਵਾਲੇ ਰਾਜਾਂ ਵਿਚ, ਮੁਸਲਮਾਨ ਮੈਂਬਰਾਂ ਦੀ ਦੋ ਤਿਹਾਈ ਗਿਣਤੀ ਦੀ ਪ੍ਰਵਾਨਗੀ ਬਿਨਾਂ, ਮੁਸਲਮਾਨਾਂ ਉਤੇ ਲਾਗੂ ਹੋਣ ਵਾਲਾ ਕੋਈ ਕਾਨੂੰਨ ਪਾਸ ਨਹੀਂ ਸੀ ਕੀਤਾ ਜਾ ਸਕਦਾ। ਏਨੇ ਨਾਲ ਹੀ ਮੁਸਲਮਾਨ ਸ਼ਾਂਤ ਹੋ ਗਏ ਪਰ ਇਸ ਦੌਰਾਨ ਜਵਾਹਰ ਲਾਲ ਨਹਿਰੂ ਨੇ 'ਅੰਤਰਿਮ ਸਰਕਾਰ' ਵਿਚ ਮੁਸਲਮਾਨ ਵਜ਼ੀਰਾਂ ਨਾਲ ਕੰਮ ਕਰ ਕੇ ਵੇਖ ਲਿਆ ਸੀ ਕਿ ਉਹ ਆਜ਼ਾਦ ਭਾਰਤ ਵਿਚ, ਨਹਿਰੂ ਨੂੰ ਮਨਮਰਜ਼ੀ ਨਹੀਂ ਕਰਨ ਦੇਣਗੇ। ਅੰਤਰਿਮ ਸਰਕਾਰ ਵਿਚ, ਖ਼ਜ਼ਾਨੇ ਦਾ ਮਹਿਕਮਾ ਇਕ ਮੁਸਲਮਾਨ ਆਗੂ (ਸ਼ਾਇਦ ਸੋਹਰਾਵਰਦੀ) ਕੋਲ ਸੀ ਜੋ ਹਰ ਗ਼ਲਤ ਖ਼ਰਚ ਉਤੇ ਇਤਰਾਜ਼ ਜੜ ਦੇਂਦਾ ਸੀ ਤੇ ਨਹਿਰੂ, ਪਟੇਲ ਨੂੰ ਟੋਕਦਾ ਰਹਿੰਦਾ ਸੀ। ਸੋ ਨਹਿਰੂ ਅਤੇ ਪਟੇਲ ਨੇ ਫ਼ੈਸਲਾ ਕੀਤਾ ਕਿ ਮੁਸਲਮਾਨਾਂ ਨੂੰ ਪਾਕਿਸਤਾਨ ਦੇ ਹੀ ਦਿਤਾ ਜਾਏ ਤਾਂ ਠੀਕ ਰਹੇਗਾ ਕਿਉਂਕਿ ਇਨ੍ਹਾਂ ਦੇ ਜਾਣ ਮਗਰੋਂ 'ਆਰਾਮ ਨਾਲ ਰਾਜ ਕਰਾਂਗੇ।" ਨਹਿਰੂ ਨੇ ਦਿੱਲੀ ਤੋਂ ਇਕ ਬਿਆਨ ਜਾਰੀ ਕਰ ਦਿਤਾ ਕਿ ਲਖਨਊ ਪੈਕਟ ਸਮੇਤ, ਹਰ ਗੱਲ ਦਾ ਅੰਤਮ ਫ਼ੈਸਲਾ, ਦੇਸ਼ ਦੀ ਨਵੀਂ ਪਾਰਲੀਮੈਂਟ ਕਰੇਗੀ ਤੇ ਕੋਈ ਵੀ 'ਸਮਝੌਤਾ' ਉਸ ਨੂੰ ਨਵੇਂ ਫ਼ੈਸਲੇ ਲੈਣ ਤੋਂ ਨਹੀਂ ਰੋਕ ਸਕੇਗਾ।

ਜਿਵੇਂ ਨਹਿਰੂ ਨੇ ਚਾਹਿਆ ਸੀ, ਮੁਸਲਮਾਨ ਲੀਡਰ ਇਕਦੰਮ ਭੜਕ ਪਏ ਤੇ ਉਨ੍ਹਾਂ ਨੇ ਇਹ ਕਹਿ ਕੇ ਪਾਕਿਸਤਾਨ ਦਾ ਝੰਡਾ ਫਿਰ ਤੋਂ ਚੁਕ ਲਿਆ ਕਿ "ਜਿਹੜੇ ਹਿੰਦੂ ਲੀਡਰ, ਅੰਗਰੇਜ਼ ਦੇ ਹੁੰਦਿਆਂ ਵੀ, ਸਮਝੌਤੇ ਨੂੰ ਤੋੜਨ ਦੀਆਂ ਗੱਲਾਂ ਕਰ ਰਹੇ ਹਨ, ਇਹ ਮਗਰੋਂ ਕੀ ਨਾ ਕਰਨਗੇ? ਹੁਣ ਤਾਂ ਪਾਕਿਸਤਾਨ ਹੀ ਸਾਡੀ ਤਸੱਲੀ ਕਰ ਸਕੇਗਾ।"

ਨਹਿਰੂ ਤੇ ਪਟੇਲ ਖ਼ੁਸ਼ ਹੋ ਗਏ। ਮਹਾਤਮਾ ਗਾਂਧੀ ਪਹਿਲਾਂ ਕਹਿੰਦਾ ਹੁੰਦਾ ਸੀ ਕਿ "ਪਾਕਿਸਤਾਨ ਮੇਰੀ ਲਾਸ਼ ਤੇ ਬਣੇਗਾ" ਅਤੇ "ਹਿੰਦੁਸਤਾਨ ਦੇ ਦੋ ਟੁਕੜੇ ਕਰਨ ਦਾ ਮਤਲਬ, ਗਊ ਮਾਤਾ ਦੇ ਦੋ ਟੁਕੜੇ ਕਰਨਾ ਹੋਵੇਗਾ, ਜੋ ਮੈਂ ਕਦੇ ਨਹੀਂ ਕਰਾਂਗਾ।" ਨਹਿਰੂ ਅਤੇ ਪਟੇਲ ਦੇ ਇਸ਼ਾਰੇ ਤੇ, ਗਾਂਧੀ ਨੇ ਵੀ ਪਾਸਾ ਪਲਟ ਲਿਆ ਤੇ ਦੇਸ਼ ਦੇ ਦੋ ਟੁਕੜੇ ਛੇਤੀ ਕਰਨ ਲਈ ਦਬਾਅ ਪਾਇਆ ਜਾਣ ਲੱਗਾ। ਲਿੰਕਨ ਨੇ ਅਜਿਹੇ ਹੀ ਮੌਕੇ, ਦੇਸ਼ ਨੂੰ ਦੋ

ਟੁਕੜੇ ਹੋਣ ਤੋਂ ਬਚਾ ਲਿਆ ਜਦਕਿ ਨਹਿਰੂ, ਪਟੇਲ ਨੇ ਅੰਗਰੇਜ਼ ਉਤੇ ਦਬਾਅ ਪਾਇਆ ਕਿ ਦੋ ਟੁਕੜੇ ਕਰ ਕੇ ਤੇ "ਮੁਸਲਿਆਂ ਤੋਂ ਸਾਨੂੰ ਛੁਟਕਾਰਾ ਦਿਵਾ ਕੇ" ਮਜ਼ੇ ਨਾਲ ਰਾਜ ਕਰਨ ਦਿਤਾ ਜਾਏ। ਅਮਰੀਕਾ ਦੇ ਕਿਸੇ ਦੁਸ਼ਮਣ ਨੂੰ ਵੀ ਸਮਝ ਆ ਜਾਏਗੀ ਕਿ ਲਿੰਕਨ ਨੂੰ ਉਸ ਦੇਸ਼ ਦਾ ਰਾਸ਼ਟਰਪਿਤਾ ਕਿਉਂ ਮੰਨਿਆ ਜਾਂਦਾ ਹੈ ਪਰ ਇਸ ਸਵਾਲ ਦਾ ਜਵਾਬ ਮੈਨੂੰ ਵੀ ਤੇ ਇਹ ਸਵਾਲ ਪੁੱਛਣ ਵਾਲੇ ਕਿਸੇ ਹੋਰ ਨੂੰ ਵੀ ਅੱਜ ਤਕ ਨਹੀਂ ਮਿਲ ਸਕਿਆ ਕਿ ਦੇਸ਼ ਦੀ ਵੰਡ ਰੋਕਣ ਵਿਚ ਨਾਕਾਮ ਰਹਿਣ ਵਾਲੇ ਨੂੰ ਅਸੀ 'ਰਾਸ਼ਟਰਪਿਤਾ' ਕਿਵੇਂ ਕਹਿ ਦਿਤਾ?

ਇਹ ਸਵਾਲ ਅੱਜ ਉਸ ਸਮੇਂ ਫਿਰ ਮੇਰੇ ਦਿਮਾਗ਼ ਨੂੰ ਛੇੜ ਗਿਆ ਜਦ ਮੈਂ ਪੜ੍ਹਿਆ ਕਿ 'ਰਾਸ਼ਟਰਪਿਤਾ' ਦੀਆਂ ਐਨਕਾਂ ਤੇ ਘੜੀ ਆਦਿ ਨੂੰ ਸ਼ਰਾਬ ਦੇ ਇਕ ਵੱਡੇ ਭਾਰਤੀ ਵਾਪਰੀ, ਵਿਜੇ ਮਾਲੀਆ ਨੇ ਨੀਊਯਾਰਕ ਦੇ ਇਕ ਨੀਲਾਮੀ ਘਰ ਕੋਲੋਂ 9 ਕਰੋੜ ਰੁ: ਦੇ ਕੇ ਖ਼ਰੀਦ ਲਿਆ ਹੈ ਤੇ ਹੁਣ ਇਹ ਚੀਜ਼ਾਂ ਭਾਰਤ ਸਰਕਾਰ ਦੇ ਹਵਾਲੇ ਕਰ ਰਿਹਾ ਹੈ। ਇਕ ਸ਼ਰਾਬ ਦਾ ਵਪਾਰੀ ਜਾਣਦਾ ਹੈ ਕਿ 9 ਕਰੋੜ ਦੀਆਂ ਚੀਜ਼ਾਂ ਦੇ ਕੇ, ਅਪਣੇ ਵਪਾਰ ਲਈ ਭਾਰਤ ਸਰਕਾਰ ਕੋਲੋਂ 90 ਕਰੋੜ ਰੁਪਏ ਦੀਆਂ ਰਿਆਇਤਾਂ ਕਿਵੇਂ ਲੈਣੀਆਂ ਹਨ। ਉਸ ਨੂੰ ਇਨ੍ਹਾਂ ਚੀਜ਼ਾਂ ਨਾਲ ਪਿਆਰ ਹੁੰਦਾ ਤਾਂ ਅਪਣੇ ਕੋਲ ਰੱਖ ਲੈਂਦਾ ਪਰ ਪੈਸੇ ਉਸ ਨੇ ਅਪਣੇ ਵਪਾਰ ਲਈ ਲਗਾਏ ਹਨ, ਕਿਸੇ ਪਿਆਰ ਲਈ ਨਹੀਂ।

ਵਾਪਸ ਅਪਣੇ ਪ੍ਰਸ਼ਨ ਵਲ ਆਉਂਦਾ ਹਾਂ ਕਿ ਪਿਛਲੀ ਅੱਧੀ ਸਦੀ ਵਿਚ ਤਾਂ ਮੈਨੂੰ ਇਨ੍ਹਾਂ ਦਾ ਕੋਈ ਤਸੱਲੀਬਖ਼ਸ਼ ਜਵਾਬ ਨਹੀਂ ਦੇ ਸਕਿਆ। ਪਾਠਕਾਂ 'ਚੋਂ ਕੋਈ ਵਿਦਵਾਨ ਪਾਠਕ, ਇਸ ਸਵਾਲ ਦਾ ਜਵਾਬ ਦੇਣ ਦੀ ਕੋਸ਼ਿਸ਼ ਕਰੇਗਾ?

ਜੋਗਿੰਦਰ ਸਿੰਘ, ਮੁੱਖ ਸੰਪਾਦਕ, ਰੋਜ਼ਾਨਾ ਸਪੋਕਸਮੈਨ, 8 ਮਾਰਚ, 2009

## ਅੰਤਿਕਾ

ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ ਸ਼ਕਤਿ ਭੋਜਨ, ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।

(ੲ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ ਆਦਿ ਰਖਣਾ, ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰਖਣਾ, ਮਨਮਤ ਹੈ।

## ਪਾਠ ਦਾ ਅਰੰਭ

ਸਾਧਾਰਨ ਪਾਠ ਦੇ ਅਰੰਭ ਵੇਲੇ ਪ੍ਰਸ਼ਾਦ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰ ਕੇ ਅਰਦਾਸੇ ਮਗਰੋਂ 'ਹੁਕਮ' ਲਿਆ ਜਾਵੇ। ਅਖੰਡ ਪਾਠ ਵੇਲੇ ਕੜਾਹ ਪ੍ਰਸ਼ਾਦ ਹੋਵੇ, ਫੇਰ ਅਨੰਦ ਸਾਹਿਬ (ਛੇ ਪਉੜਿਆਂ) ਦੇ ਪਾਠ ਮਗਰੋਂ ਅਰਦਾਸ ਕਰਕੇ ਅਤੇ 'ਹੁਕਮ' ਲੈ ਕੇ ਪਾਠ ਦਾ ਅਰੰਭ ਕੀਤਾ ਜਾਵੇ।





## ਭੋਗ

(ੳ) ਸ੍ਰੀ ਗੁਰੂ ਗਰੰਥ ਸਾਹਿਬ ਦੇ ਪਾਠ (ਸਾਧਾਰਨ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ ਪਾਇਆ ਜਾਵੇ। (ਇਸ ਗਲ ਬਾਬਤ ਪੰਥ ਵਿਚ ਅਜੇ ਤਕ ਮਤਭੇਦ ਹੈ, ਇਸ ਲਈ ਰਾਗ ਮਾਲਾ ਤੋਂ ਬਿਨਾਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰ ਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦ ਵਰਤਾਇਆ ਜਾਵੇ।

(ਅ) ਭੋਗ ਸਮੇਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ, ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਤਾ-ਸ਼ਕ 'ਅਰਦਾਸ' ਕਰਾਈ ਜਾਵੇ।

## ਤੱਤ ਗੁਰਮਤਿ ਵਾਲੇ ਟਕਰੇ ਜਦੋਂ ਬਣ ਕੇ 'ਬਾਬਾ ਬੰਦਾ ਸਿੰਘ ਦੀ ਵਾਰ'

### ਹਰੀ ਸਿੰਘ ਸਾਧ ਫਿਰ ਘਰ ਨੂੰ ਹੋ ਗਿਆ ਫ਼ਰਾਰ

ਕੋਟਕਪੂਰਾ, 2 ਜੂਨ (ਗੁਰਿੰਦਰ ਸਿੰਘ) : ਪਿਛਲੇ ਦਿਨੀਂ ਜਲੰਧਰ ਤੋਂ ਛਪਦੇ ਇਕ ਪੰਜਾਬੀ ਅਖ਼ਬਾਰ ਵਿਚ ਹਰੀ ਸਿੰਘ ਰੰਧਾਵੇ ਵਾਲੇ ਸਾਧ ਦੇ ਹੱਕ ਵਿਚ ਲੱਗੀ ਖ਼ਬਰ ਨੂੰ 100 ਫੀਸਦੀ ਝੂਠੀ ਦਸਦੇ ਹੋਏ ਵਿਦੇਸ਼ੀ ਵਿਦਵਾਨ ਗੁਰਚਰਨ ਸਿੰਘ ਜਿਊਣਵਾਲਾ ਨੇ ਉਕਤ ਖ਼ਬਰ ਲਵਾਉਣ ਵਾਲੇ ਸ਼੍ਰੋਮਣੀ ਅਕਾਲੀ ਦਲ ਅਮਰੀਕਾ ਦੇ ਜਨਰਲ ਸਕੱਤਰ ਮਲਕੀਤ ਸਿੰਘ ਦੀ ਨੁਕਤਾਚੀਨੀ ਕਰਦਿਆਂ ਕਿਹਾ ਕਿ ਰੰਧਾਵੇ ਵਾਲੇ ਸਾਧ ਵਲੋਂ ਦਸਮ ਗ੍ਰੰਥ ਸਬੰਧੀ ਬਹਿਸ ਕਰਨ ਦੇ ਮੁੱਦੇ ਤੋਂ ਮੁਕਰਨ ਦੀਆਂ ਸੀਡੀਆਂ ਸਾਡੇ ਕੋਲ ਮੌਜੂਦ ਹਨ। ਉਨ੍ਹਾਂ ਕਿਹਾ ਕਿ ਜਦੋਂ ਮੇਰੇ (ਜਿਊਣਵਾਲਾ) ਨਾਲ ਹਰੀ ਸਿੰਘ ਰੰਧਾਵੇ ਵਾਲੇ ਦੀ ਬਹਿਸ ਕਰਨ ਸਬੰਧੀ ਇੰਤਜ਼ਾਮ ਕੀਤਾ ਗਿਆ ਤਾਂ ਉਸ ਨੇ ਮੈਨੂੰ, ਇਹ ਮੇਰੇ ਪੱਧਰ ਦਾ ਵਿਦਵਾਨ ਨਹੀ ਹੈ, ਕਹਿ ਕੇ ਜ਼ਲੀਲ ਕੀਤਾ। ਇਹ ਸਿੱਖ ਧਰਮ ਦੇ ਮੁਢਲੇ ਅਸੂਲਾਂ ਦੀ ਉਲੰਘਣਾ ਹੈ। ਕਿਸੇ ਅੰਮ੍ਰਿਤਧਾਰੀ ਬਾਬੇ ਦੇ ਮੂਹੋਂ ਨਿਕਲੇ ਅਜਿਹੇ ਸ਼ਬਦ ਉਸ ਦੀ ਅਸਲ ਕਰਤੂਤ ਜ਼ਾਹਰ ਕਰਦੇ ਹਨ।

'ਰੋਜ਼ਾਨਾ ਸਪੋਕਸਮੈਨ' ਨਾਲ ਕੀਤੀ ਵਿਸ਼ੇਸ਼ ਗੱਲਬਾਤ ਦੌਰਾਨ ਪ੍ਰਸਿੱਧ ਵਿਦਵਾਨ ਗੁਰਚਰਨ ਸਿੰਘ ਜਿਊਣਵਾਲਾ ਨੇ ਦਸਿਆ ਕਿ ਜਦੋਂ ਪ੍ਰੋ. ਦਰਸ਼ਨ ਸਿੰਘ ਦੇ ਮੁਕਾਬਲੇ 'ਤੇ ਹਰੀ ਸਿੰਘ ਸਾਧ ਨੂੰ ਬਹਿਸ ਲਈ ਬਿਠਾਇਆ ਗਿਆ ਤਾਂ ਸਪੀਕਰ ਨੂੰ ਫੜ ਕੇ ਹਰੀ ਸਿੰਘ ਨੇ ਬੋਲਣਾ ਸ਼ੁਰੂ ਕੀਤਾ ਕਿ ਦਸਮ ਗ੍ਰੰਥ ਇਕ ਵਿਵਾਦਮਈ ਮਸਲਾ ਹੈ। ਇਸ ਸਬੰਧੀ ਅਕਾਲ ਤਖ਼ਤ ਵਲੋਂ ਚਰਚਾ ਨਾ ਕਰਨ ਬਾਰੇ ਹੁਕਮਨਾਮਾ ਜਾਰੀ ਹੋਇਆ ਹੈ। ਐਨਾ ਕਹਿ ਕੇ, ਹਰੀ ਸਿੰਘ ਸਟੇਜ ਤੋਂ ਉਤਰ ਕੇ ਚਲਦਾ ਬਣਿਆ। ਜਦੋਂ ਅਪਣਾ ਪੱਖ ਪੇਸ਼ ਕਰਨ ਲਈ ਪ੍ਰੋ. ਦਰਸ਼ਨ ਸਿੰਘ ਸਟੇਜ ਤੋਂ ਬੋਲਣ ਲਈ ਤਿਆਰ ਹੋਏ ਤਾਂ ਕੁਝ ਟਕਸਾਲੀਆਂ ਨੇ ਅਪਣੀ ਪੁਰਾਣੀ ਨੀਤੀ ਅਨੁਸਾਰ ਰੌਲਾ ਪਾਉਣਾ ਸ਼ੁਰੂ ਕਰ ਦਿਤਾ। ਭਾਈ ਜਿਊਣਵਾਲਾ ਨੇ ਅਪਣੀ ਗੱਲ ਜਾਰੀ ਰਖਦਿਆਂ ਦਸਿਆ ਕਿ ਜਦੋਂ ਭਾਈ ਰਜਿੰਦਰ ਸਿੰਘ ਅਤੇ ਟਹਿਲ ਸਿੰਘ

ਨੇ ਜ਼ੋਰ ਦੇ ਕੇ ਕਿਹਾ ਕਿ ਅਕਾਲ ਤਖ਼ਤ ਦੇ ਸਾਬਕਾ ਮੁਖ ਸੇਵਾਦਾਰ ਅਪਨਾ ਪੱਖ ਹਰ ਹਾਲਤ ਵਿਚ ਪੇਸ਼ ਕਰਨਗੇ ਤਾਂ ਮਜਬੂਰਨ ਦਸਮ ਗ੍ਰੰਥੀਆਂ ਨੂੰ ਚੁੱਪ ਕਰਨਾ ਪਿਆ। ਇਸ ਮੌਕੇ ਪ੍ਰੋ. ਦਰਸ਼ਨ ਸਿੰਘ ਨੇ ਬੜੀ ਹਲੀਮੀ ਅਤੇ ਅਧੀਨਗੀ ਨਾਲ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਮੈਂ ਦਸਮ ਗ੍ਰੰਥ ਸਬੰਧੀ ਗੋਸ਼ਟੀ ਕਰਨ ਆਇਆ ਹਾਂ, ਮੈਂ ਕੋਈ ਵਿਵਾਦ ਪੈਦਾ ਕਰਨ ਨਹੀਂ ਆਇਆ। ਭਾਈ ਜਿਊਣਵਾਲਾ ਨੇ ਪ੍ਰਗਟਾਵਾ ਕੀਤਾ ਕਿ ਇਸ ਤੋਂ ਬਾਅਦ ਸਾਧ ਹਰੀ ਸਿੰਘ ਸਿਆਟਲ ਚਲਾ ਗਿਆ ਜਿਥੇ ਫਿਰ ਉਸ ਨੂੰ ਨਿਰਾਸ਼ ਹੋਣਾ ਪਿਆ। ਕਿਉਂਕਿ ਉਥੇ ਉਸ ਨੇ ਆਪਣੇ ਮਿਥੇ ਪ੍ਰੋਗਰਾਮ ਮੁਤਾਬਕ 'ਰੇਡੀਓ ਆਵਾਜ਼' ਤੋਂ ਕਥਾ ਕਰਨੀ ਸੀ ਪਰ 'ਰੇਡੀਓ ਆਵਾਜ਼' ਦੇ ਪ੍ਰਬੰਧਕਾਂ ਸ. ਅਜੈ ਸਿੰਘ ਨੇ ਉਕਤ ਸਾਧ ਦੀ ਕਥਾ ਦਾ ਪ੍ਰਸਾਰਣ ਕਰਨ ਤੋਂ ਇਹ ਕਹਿ ਕੇ ਇਨਕਾਰ ਕਰ ਦਿਤਾ ਕਿ ਉਹ ਤਾਂ ਸੰਗਤਾਂ ਦਾ ਭਗੌੜਾ ਹੈ। ਕਿਉਂਕਿ ਉਸ ਨੇ ਵਾਅਦੇ ਮੁਤਾਬਕ ਦਸਮ ਗ੍ਰੰਥ ਸਬੰਧੀ ਚਰਚਾ ਨਾ ਕਰ ਕੇ ਸਿੱਖ ਸੰਗਤਾਂ ਨਾਲ ਧਰੋਹ ਕੀਤਾ ਹੈ। ਭਾਈ ਗੁਰਚਰਨ ਸਿੰਘ ਜਿਊਣਵਾਲੇ ਨੇ ਸਿੱਖ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਹੈ ਕਿ ਹਰੀ ਸਿੰਘ ਅਖੌਤੀ ਸੰਤਾਂ ਦੀ ਯੂਨੀਅਨ ਦਾ ਆਗੂ ਹੈ। ਜੇਕਰ ਉਕਤ ਯੂਨੀਅਨ ਦੇ ਲੀਡਰ ਦਾ ਕਿਰਦਾਰ ਅਜਿਹਾ ਹੈ ਤਾਂ ਬਾਕੀ ਦੇ ਅਖੌਤੀ ਸੰਤਾਂ ਦੀ ਕਾਲੀ ਕਾਇਆ ਦਾ ਅੰਦਾਜ਼ਾ ਤੁਸੀਂ ਖੁਦ ਲਗਾ ਸਕਦੇ ਹੋ। (ਰੋਜ਼ਾਨਾ ਸਪੋਕਸਮੈਨ : 3 ਜੂਨ, 2009)।

## ਅਕਾਲ ਤਖ਼ਤ ਦੇ ਮੁੱਖ ਸੇਵਾਦਾਰ ਵਲੋਂ ਬੋਲਿਆ ਗਿਆ ਅਹਿਮ ਝੂਠ: ਪੰਜਾਬ ਰੇਡੀਉ ਲੰਡਨ

ਕਲੋਨ (ਜਰਮਨੀ), 17 ਜੂਨ (ਕਾਬਲ ਸਿੰਘ): ਸ਼੍ਰੋਮਣੀ ਪ੍ਰਬੰਧਕ ਕਮੇਟੀ, ਅਕਾਲੀ ਦਲ ਅਤੇ ਅਕਾਲ ਤਖ਼ਤ ਸਾਹਿਬ ਇਕੋ ਪਰਵਾਰ ਦੇ ਜੱਫੇ ਹੇਠ ਹੋਣ ਕਰ ਕੇ, ਜੋ ਸਿੱਖ ਕੌਮ ਦੀ ਮਿੱਟੀ ਪਲੀਤ ਹੋ ਰਹੀ ਹੈ ਉਸ ਨੂੰ ਦੇਖ ਕੇ ਹਰ ਪੰਥ ਦਰਦੀ ਅਤੇ ਖ਼ਾਸ ਕਰ ਕੇ ਪ੍ਰਵਾਸੀ ਸਿੱਖ ਤਾਂ ਖ਼ੂਨ ਦੇ ਹੀ ਅਥਰੂ ਵਹਾ ਰਹੇ ਹਨ। ਉਨ੍ਹਾਂ ਨੂੰ ਸਮਝ ਨਹੀਂ ਆ ਰਹੀ ਕਿ ਜਿਸ ਤਰ੍ਹਾਂ ਸਾਡੇ ਧਰਮ ਦੇ ਠੇਕੇਦਾਰਾਂ ਨੇ ਸਿੱਖ ਵਿਰੋਧੀ ਤਾਕਤਾਂ ਦੇ ਥੱਲੇ ਲੱਗ ਕੇ ਸਿੱਖੀ ਦਾ ਘਾਣ ਕਰ ਦਿਤਾ ਹੈ ਆਖ਼ਰ ਇਸ ਦਾ ਕੀਤਾ ਕੀ ਜਾਵੇ। ਉਨ੍ਹਾਂ ਦਾ ਹਰ ਪ੍ਰਚਾਰਕ ਅਤੇ ਲੀਡਰ ਨੂੰ ਇਕੋ ਹੀ ਸਵਾਲ ਹੁੰਦਾ ਹੈ ਕਿ ਆਖ਼ਰ ਸਿੱਖ ਕੌਮ ਦਾ ਕੀ ਬਣੇਗਾ ? ਇਸੇ ਹੀ ਸੰਦਰਭ ਵਿਚ ਜਦੋਂ ਪਿਛਲੇ ਦਿਨੀਂ ਪੰਜਾਬ ਰੇਡੀਉ 'ਤੇ ਵਿਸ਼ੇਸ਼ ਤੌਰ 'ਤੇ ਸਾਬਕਾ ਮੰਤਰੀ ਅਤੇ ਵਿਧਾਇਕ ਸ. ਸੁੱਚਾ ਸਿੰਘ ਛੋਟੇਪੁਰ ਆਏ ਤਾਂ ਰੇਡੀਉ ਦੇ ਪੇਸ਼ਕਾਰ ਡਾ. ਗੁਰਦੀਪ ਸਿੰਘ ਜਗਬੀਰ ਨੇ ਉਨ੍ਹਾਂ ਪਾਸੋਂ ਪੰਜਾਬ 'ਤੇ ਆਏ ਦਿਨ ਸਿੱਖੀ ਉਤੇ ਹੋ ਰਹੇ ਹਮਲਿਆਂ ਬਾਰੇ ਜਾਣਨਾ ਚਾਹਿਆ ਜਿਸ ਦੇ ਜਵਾਬ ਵਿਚ ਉਨ੍ਹਾਂ ਨੇ ਬਾਦਲ ਪ੍ਰਵਾਰ ਦੀ, ਘੱਟ ਗਿਣਤੀਆਂ ਨੂੰ ਸਬੂਤੇ ਹੀ ਨਿਗਲ ਜਾਣ ਵਾਲੇ ਅਡਵਾਨੀਆਂ ਅਤੇ ਮੋਦੀਆਂ ਦੀ ਫ਼ਿਰਕਾਪ੍ਰਸਤ ਪਾਰਟੀ ਨਾਲ ਪਤੀ-ਪਤਨੀ ਦੀ ਸਾਂਝ ਬਾਰੇ ਦਸਿਆ। ਇਸੇ ਦੌਰਾਨ ਫ਼ੋਨ ਆਉਣੇ ਸ਼ੁਰੂ ਹੋ ਗਏ। ਪਹਿਲੇ ਕਾਲਰ ਨੇ ਸਵਾਲ ਹੀ ਇਹ ਕੀਤਾ ਕਿ ਪੰਜਾਬ ਵਿਚ ਖੁੰਬਾਂ ਦੀ ਤਰ੍ਹਾਂ ਉੱਗ ਰਹੇ ਡੇਰੇ ਪਤਿਤਪੁਣਾ, ਸਿੱਖੀ 'ਤੇ ਵਾਰ-ਵਾਰ ਕੋਝੇ ਹਮਲਿਆਂ ਦਾ ਕੀ ਕਾਰਨ ਹੈ ਤਾਂ ਸ. ਸੁੱਚਾ





ਸਿੰਘ ਨੇ ਕਿਹਾ ਮੈਨੂੰ ਪਤਾ ਲਗਿਆ ਹੈ ਕਿ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਇਥੇ ਆਇਆ ਹੋਇਆ ਹੈ ਚੰਗਾ ਹੋਵੇ ਜੇ ਤੁਸੀਂ ਇਹ ਸਵਾਲ ਉਸ ਨੂੰ ਪੁਛੋ ਤਾਂ ਕਾਲਰ ਨੇ ਕਿਹਾ ਕਿ ਉਨ੍ਹਾਂ ਦੇ ਚਮਚੇ ਸਵਾਲ ਪੁੱਛਣ ਹੀ ਨਹੀਂ ਦਿੰਦੇ। ਕਿਸੇ ਤਰ੍ਹਾਂ ਅਸੀਂ ਇਕ ਸਵਾਲ ਪੁਛਣ ਵਿਚ ਸਫ਼ਲ ਹੋ ਵੀ ਗਏ ਤਾਂ ਅਸੀਂ ਜਥੇਦਾਰ ਨੂੰ ਸਵਾਲ ਪੁਛਿਆ ਕਿ ਪਿਛਲੇ ਦਿਨੀਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਰਹੀਆਂ ਹਨ ਕਿ ਸ. ਬਾਦਲ ਨੇ ਅਕਾਲ ਤਖ਼ਤ ਅਤੇ ਸਾਧ ਦੀ ਚੜ੍ਹਦੀ ਕਲਾ ਲਈ ਅਖੰਡ ਪਾਠ ਕਰਵਾਇਆ ਹੈ ਜਿਸ ਨਾਲ ਅਕਾਲ ਤਖ਼ਤ ਸਾਹਿਬ ਦੀ ਅਜ਼ਮਤ ਨੂੰ ਨੀਵਾਂ ਦਿਖਾਇਆ ਗਿਆ ਹੈ। ਜਵਾਬ ਵਿਚ ਜਥੇਦਾਰ ਨੇ ਕਿਹਾ ਕਿ ਸਾਧ ਦੀ ਚੜ੍ਹਦੀ ਕਲਾ ਲਈ ਨਹੀਂ ਉਹ ਪੰਜਾਬ ਦੀ ਸੁੱਖ ਸ਼ਾਂਤੀ ਲਈ ਰਖਵਾਇਆ ਗਿਆ ਸੀ (ਕਿੰਨਾ ਵੱਡਾ ਝੂਠ)। ਫਿਰ ਸਾਡਾ ਸਵਾਲ ਸੀ ਕਿ ਸ. ਬਾਦਲ ਦਾ ਉਥੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਕੁਰਸੀ 'ਤੇ ਬੈਠਣ ਬਾਰੇ ਤੁਹਾਡਾ ਕੀ ਵਿਚਾਰ ਹੈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਲੱਕ ਦੀ ਤਕਲੀਫ਼ ਹੈ ਤਾਂ ਅਸੀਂ ਕਿਹਾ ਕਿ ਦੋ ਦਿਨ ਬਾਅਦ ਉਹ ਪਿਉ-ਪੁੱਤਰ ਦੋਨੋਂ ਹੀ ਡੇਰੇ 'ਤੇ ਜ਼ਮੀਨ ਉੱਤੇ ਅਰਾਮ ਨਾਲ ਬੈਠਿਆਂ ਦੀਆਂ ਤਸਵੀਰਾਂ ਮੀਡੀਏ ਨੇ ਆਮ ਦਿਖਾਈਆਂ ਸਨ ਤਾਂ ਜਥੇਦਾਰ ਨੇ ਕੋਈ ਠੋਸ ਜਵਾਬ ਨਹੀਂ ਦਿਤਾ ਤਾਂ ਸ. ਸੁੱਚਾ ਸਿੰਘ ਨੇ ਕਿਹਾ ਫਿਰ ਤੁਸੀਂ ਆਪੇ ਸਮਝ ਲਵੋ ਕਿ ਜਦੋਂ ਸਾਡੇ ਅਕਾਲ ਤਖ਼ਤ ਦੇ ਜਥੇਦਾਰ ਹੀ ਇੰਨਾ ਝੂਠ ਬੋਲਣ ਲੱਗ ਜਾਣ ਤਾਂ ਫਿਰ ਕੌਮ ਦਾ ਤਾਂ ਰੱਬ ਹੀ ਰਾਖਾ। ਬੱਸ ਇਹੋ ਹੀ ਕਾਰਨ ਹੈ ਕੌਮ ਦੇ ਨਿਘਾਰ ਦਾ ਕਿਉਂਕਿ ਸ. ਬਾਦਲ ਨੇ ਸ਼੍ਰੋਮਣੀ ਕਮੇਟੀ, ਅਕਾਲੀ ਦਲ ਅਤੇ ਅਕਾਲ ਤਖ਼ਤ ਨੂੰ ਤਾਂ ਅਪਣੇ ਖੀਸੇ ਵਿਚ ਪਾਇਆ ਹੋਇਆ ਹੈ। ਇਸ ਤੋਂ ਬਾਅਦ ਕਈ ਕਾਲਰ ਆਏ ਉਨ੍ਹਾਂ ਨੇ ਅਤੇ ਡਾ. ਸਾਹਿਬ ਨੇ ਵੀ ਕਿਹਾ ਕਿ ਸਾਨੂੰ ਵੀ ਪਤਾ ਲਗਿਆ ਹੈ ਕਿ ਇਥੋਂ ਦੇ ਆਗੂ ਜਿਹੜੇ ਉਨ੍ਹਾਂ ਨੂੰ ਸੱਦਦੇ ਹਨ ਜਥੇਦਾਰ ਦੇ ਨਾਲ ਗੱਲ ਹੀ ਨਹੀਂ ਕਰਨ ਦਿੰਦੇ। ਜਦੋਂ ਕੁੱਝ ਸਿੰਘਾਂ ਨੇ ਸਵਾਲ ਕਰਨਾ ਚਾਹਿਆ ਤਾਂ ਪ੍ਰਬੰਧਕਾਂ ਨੇ ਜਥੇਦਾਰ ਨੂੰ ਗੁਰਦਵਾਰੇ ਦੇ ਪਿਛਲੇ ਦਰਵਾਜਿਉਂ ਹੀ ਬਾਹਰ ਕੱਢ ਦਿਤਾ। ਇਥੇ ਜਦੋਂ ਵੀ ਕੋਈ ਜਥੇਦਾਰ ਆਉਂਦਾ ਹੈ ਤਾਂ ਅਸੀਂ ਉਨ੍ਹਾਂ ਨੂੰ ਸਟੂਡੀਉ ਬੁਲਾਉਂਦੇ ਹਾਂ ਤਾਂ ਜਥੇਦਾਰ ਪੰਜਾਬ ਰੇਡੀਉ ਦਾ ਨਾਮ ਹੀ ਸੁਣ ਕੇ ਘਬਰਾ ਜਾਂਦੇ ਹਨ, ਆਉਣਾ ਤਾਂ ਇਕ ਪਾਸੇ ਰਿਹਾ । ਇਕ ਕਾਲਰ ਨੇ ਬਹੁਤ ਹੀ ਰੋਹ ਭਰੀ ਅਵਾਜ਼ ਵਿਚ ਕਿਹਾ ਕਿ ਇਨ੍ਹਾਂ ਜਥੇਦਾਰਾਂ ਨੇ ਸਿੱਖੀ ਸਿਧਾਂਤਾਂ ਦੀ ਇੰਨੀ ਮਿੱਟੀ ਪਲੀਤ ਕਰ ਕੇ ਰਖ ਦਿਤੀ ਹੈ ਕਿ ਸਿੱਖਾਂ ਦਾ ਸ਼ਰਮ ਨਾਲ ਸਿਰ ਝੁੱਕ ਜਾਂਦਾ ਹੈ ਪਰ ਇਹ ਬਹੁਤ ਹੀ ਹੈਰਾਨੀ ਦੀ ਗੱਲ ਹੈ ਜੋ ਪ੍ਰਬੰਧਕ ਅਜੇ ਵੀ ਇਨ੍ਹਾਂ ਅਖੌਤੀ ਜਥੇਦਾਰਾਂ ਨੂੰ ਬਾਹਰ ਸੱਦ ਕੇ ਇਨ੍ਹਾਂ ਦੀਆਂ ਜੇਬਾਂ ਪੌਂਡਾਂ ਅਤੇ ਡਾਲਰਾਂ ਨਾਲ ਭਰ ਕੇ ਇਨ੍ਹਾਂ ਦੀ ਹਾਉਮੈ ਨੂੰ ਪੱਠੇ ਪਾਉਂਦੇ ਹਨ, ਉਹ ਵੀ ਇੰਨੇ ਹੀ ਕਸੂਰਵਾਰ ਹਨ ਜਿੰਨੇ ਇਹ ਅਖੌਤੀ ਜਥੇਦਾਰ ।

ਅਖ਼ੀਰ ਵਿਚ ਸ. ਸੁੱਚਾ ਸਿੰਘ ਨੇ ਕਿਹਾ ਮੈਂ ਤਾਂ ਛੋਟਾ ਜਿਹਾ ਬੰਦਾ ਹਾਂ ਪਰ ਅਸੀਂ ਸ. ਮਨਮੋਹਨ ਸਿੰਘ ਦੀ ਸਰਕਾਰ ਨੂੰ ਕਹਿ ਕੇ ਵਿਦੇਸ਼ੀ ਸਿੱਖਾਂ ਦੀਆਂ ਕਾਲੀਆਂ ਸੂਚੀਆਂ ਜ਼ਰੂਰ ਰੱਦ ਕਰਵਾਵਾਂਗੇ ਤਾਕਿ ਸਾਡੇ ਇਹ ਭਰਾ ਵੀ ਅਪਣੇ ਵਤਨ ਪੰਜਾਬ ਵਿਚ ਅਰਾਮ ਨਾਲ ਜਾ ਸਕਣ। (ਰੋਜ਼ਾਨਾ ਸਪੋਕਸਮੈਨ : 18 ਜੂਨ, 2009)।

## ਸਿੰਘ ਸਭਾ ਕੈਨੇਡਾ ਇੰਟਰਨੈਸ਼ਨਲ ਵਲੋਂ ਦਸਮ ਗ੍ਰੰਥੀਆਂ ਨੂੰ ਚੁਨੌਤੀ !

ਕੋਟਕਪੂਰਾ, 27 ਜੂਨ (ਗੁਰਿੰਦਰ ਸਿੰਘ) : ਸਿੰਘ ਸਭਾ ਕੈਨੇਡਾ, ਬਰੈਪਟਨ, ਵਿਨੀਪੈਂਗ, ਐਡਮੈਨਟਨ, ਵੈਨਕੂਵਰ, ਯੂ ਕੇ ਸਾਊਥਹਾਲ, ਅਮਰੀਕਾ, ਨਿਊਯਾਰਕ, ਸੈਕਰਾਮਿੰਟੋ ਨੇ ਤਖ਼ਤ ਪਟਨਾ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਇਕਬਾਲ ਸਿੰਘ ਵਲੋਂ ਦਿਤੇ ਜਾ ਰਹੇ ਬਿਆਨਾਂ ’ਤੇ ਸਖ਼ਤ ਟਿੱਪਣੀ ਕਰਦਿਆਂ ਕਿਹਾ ਗਿਆ ਹੈ ਕਿ ਅਪਣੀ ਗਲੀ ਵਿਚ ਤਾਂ ਹਰ ਕੋਈ ਸ਼ੇਰ ਹੀ ਹੁੰਦਾ ਹੈ। ਅਖੌਤੀ ਜਥੇਦਾਰ ਅਪਣੀ ਨਿੱਜੀ ਸਟੇਜ ’ਤੇ ਹੀ ਬੋਲਣ ਦੀ ਹਿੰਮਤ ਕਰਦੇ ਹਨ ਜਦਕਿ ਕਿਸੇ ਵਿਦਵਾਨ ਸਾਹਮਣੇ ਤਾਂ ਇਨ੍ਹਾਂ ਦੀ ਬੋਲਤੀ ਬੰਦ ਹੋ ਜਾਂਦੀ ਹੈ। ਇਸ ਪੱਤਰਕਾਰ ਨੂੰ ਈਮੇਲ ਰਾਹੀਂ ਗਿਆਨੀ ਇਕਬਾਲ ਸਿੰਘ ਅਤੇ ਸਿੱਖ ਚਿੰਤਕ ਗੁਰਚਰਨ ਸਿੰਘ ਜਿਉਣਵਾਲਾ ਨਾਲ ਪਿਛਲੇ ਸਾਲ ਨਿਊਯਾਰਕ ਵਿਖੇ ਹੋਈ ਬਹਿਸ ਦੀਆਂ ਤਸਵੀਰਾਂ ਅਤੇ ਵੇਰਵਾ ਭੇਜਿਆ ਗਿਆ ਹੈ ਜਿਸ ਵਿਚ ਦਸਮ ਗ੍ਰੰਥ ਹਮਾਇਤੀਆਂ ਦੀ ਸੋਚ ਦੀ ਸਖ਼ਤ ਨੁਕਤਾਚੀਨੀ ਕੀਤੀ ਗਈ ਹੈ। ਗਿਆਨੀ ਇਕਬਾਲ ਸਿੰਘ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਲਿਖਿਆ ਹੈ ਕਿ ਉਨ੍ਹਾਂ ਨੂੰ ਯਾਦ ਹੋਵੇਗਾ ਕਿ ਅਪ੍ਰੈਲ 2008 ਵਿਚ ਪਰਮਿੰਦਰ ਸਿੰਘ ਸੋਚ ਦੇ ਘਰ ਰਾਚਿਸਟਰ ਨਿਊਯਾਰਕ ਵਿਖੇ ਕੈਨੇਡਾ ਤੋਂ ਪਹੁੰਚੇ ਸਿੰਘ ਸਭਾ ਦੇ ਮੈਂਬਰਾਂ ਨਾਲ ਉਨ੍ਹਾਂ ਦਸਮ ਗ੍ਰੰਥ ਸਬੰਧੀ ਬਹਿਸ ਕਰਨੀ ਸੀ। ਇਸ ਮੌਕੇ ਗਿਆਨੀ ਜੀ ਨੇ ਸਿੰਘ ਸਭਾ ਦੇ ਮੈਂਬਰਾਂ ਦੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਕੋਰਾ ਇਨਕਾਰ ਕਰ ਦਿਤਾ ਸੀ। ਇਸ ਦੀ ਵੀਡਿਓ ਰਿਕਾਡਿੰਗ “ਰਾਇਲਟੀ ਆਫ਼ ਜਥੇਦਾਰ ਇਕਬਾਲ ਸਿੰਘ ਪਟਨੇ ਵਾਲਾ” www.singhsabhacanada.com ’ਤੇ ਵੀ ਦੇਖੀ/ਸੁਣੀ ਜਾ ਸਕਦੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਗਿਆਨੀ ਇਕਬਾਲ ਸਿੰਘ ਉਨ੍ਹਾਂ ਦੇ ਕਿਸੇ ਵੀ ਸਵਾਲ ਦਾ ਜਵਾਬ ਦੇਣ ਤੋਂ ਅਸਮਰੱਥ ਰਿਹਾ ਸੀ। ਉਹ ਤਾਂ ਇਹ ਵੀ ਨਹੀਂ ਦਸ ਸਕਿਆ ਕਿ ‘ਸ਼ਰਧਾ’ ਦਾ ਮਤਲਬ ਕੀ ? ਉਨ੍ਹਾਂ ਕਿਹਾ ਕਿ ਹੁਣ ਸੰਗਤ ਜਾਗਣਾ ਸ਼ੁਰੂ ਹੋ ਗਈ ਹੈ। ਇਸੇ ਦਾ ਨਤੀਜਾ ਹੈ ਕਿ ਬਲਾਤਕਾਰੀ ਸਾਧ ਮਾਨ ਸਿੰਘ ਪਿਹੋਵੇ ਵਾਲੇ ਨੂੰ ਜਾਗਰੂਕ ਸਿੱਖਾਂ ਨੇ ਗੁਰਦਵਾਰਾ ਕਲਗੀਧਰ ਐਬਸਫ਼ੋਰਡ (ਵੈਨਕੂਵਰ) ਦੀ ਸਟੇਜ ’ਤੇ ਹੀ ਚੜ੍ਹਨ ਨਹੀਂ ਸੀ ਦਿਤਾ। ਇਸੇ ਤਰ੍ਹਾਂ ਹਰੀ ਸਿੰਘ ਰੰਧਾਵੇ ਵਾਲਾ ਵੀ ਨਿਊਯਾਰਕ ਵਿਖੇ ਸੰਗਤ ਦੇ ਰੋਹ ਨੂੰ ਵੇਖ ਕੇ ਸਟੇਜ ਛੱਡ ਕੇ ਭਗੌੜਾ ਹੋ ਗਿਆ ਸੀ।

ਉਨ੍ਹਾਂ ਸਰਬਜੋਤ ਸਿੰਘ ਬੇਦੀ ਦੇ ਬਿਆਨ ਦੀ ਨਿਖੇਧੀ ਕੀਤੀ, ਜਿਸ ਵਿਚ ਉਨ੍ਹਾਂ ਕਿਹਾ ਸੀ ਕਿ ਸ਼੍ਰੋਮਣੀ ਕਮੇਟੀ ਨੇ ਅਪਣੇ ਪੱਤਰ ਨੰਬਰ 36672 ਵਿਚ ਲਿਖਿਆ ਹੈ ਕਿ ਦਸਮ ਗ੍ਰੰਥ ਗੁਰੂ ਗੋਬਿੰਦ ਸਿੰਘ ਜੀ ਦੀ ਲਿਖਤ ਹੈ। ਜਦੋਂ ਕਿ ਸ਼੍ਰੋਮਣੀ ਕਮੇਟੀ ਨੇ ਅਪਣੇ ਪੱਤਰ ਨੰ: 36672 ਮਿਤੀ 3 ਅਗੱਸਤ 1973 ਦੇ ਮਤਾ ਨੰ: 2 ’ਤੇ ਇਹ ਲਿਖਿਆ ਹੈ ਕਿ ਚਰਿਤਰੋਂ ਪਖਿਆਨ ਜੋ ਦਸਮ ਗ੍ਰੰਥ ਵਿਚ ਅੰਕਿਤ ਹਨ, ਦਸਮੇਸ਼ ਬਾਣੀ ਨਹੀਂ, ਇਹ ਪੁਰਾਤਨ ਹਿੰਦੂ ਮਿਥਿਹਾਸਕ ਸਾਖੀਆਂ ਦਾ ਉਤਾਰਾ ਹੈ। ਗਿਆਨੀ ਇਕਬਾਲ ਸਿੰਘ ਜਿਸ ਹਰੀ ਸਿੰਘ ਰੰਧਾਵੇ ਵਾਲੇ ਨੂੰ ਦਸਮ ਗ੍ਰੰਥ ਦਾ ਪ੍ਰਚਾਰਕ ਕਹਿ ਰਹੇ ਹਨ, ਉਹ ਤਾਂ ਬਹਿਸ ਮੌਕੇ ਭਾਲਿਆਂ ਵੀ ਨਹੀਂ ਲਭਿਆ। ਸਟੇਜ ਤੋਂ ਛਲਾਂਗ ਲਾ ਕੇ ਪਤਾ ਨਹੀਂ ਕਿਧਰ ਗ਼ਾਇਬ ਹੋ





ਗਿਆ। ਅਕਾਲ ਤਖ਼ਤ ਦੇ ਹੁਕਮਨਾਮੇ ਸਬੰਧੀ ਵੀ ਹਰੀ ਸਿੰਘ ਰੰਧਾਵੇ ਵਾਲੇ ਦਾ ਬਿਆਨ ਸਚਾਈ ਤੋਂ ਕੋਹਾਂ ਦੂਰ ਹੈ। ਸਿੰਘ ਸਭਾ ਕੈਨੇਡਾ ਇੰਟਰਨੈਸ਼ਨਲ ਵਲੋਂ ਦਸਮ ਗ੍ਰੰਥੀਏ ਪਹਿਲਵਾਨਾਂ ਦੀ ਦਰਸਾਈ ਗਈ ਕਹਾਣੀ ਵਿਚ ਕਿਹਾ ਗਿਆ ਹੈ ਕਿ ਗਿਆਨੀ ਇਕਬਾਲ ਸਿੰਘ ਰੇਡੀਓ ‘ਸ਼ੇਰੇ ਪੰਜਾਬ’ ਦੇ ਪ੍ਰੋਗਰਾਮ ‘ਦਿਲਾਂ ਦੀ ਸਾਂਝ’ ਦੇ ਸੰਚਾਲਕ ਕੁਲਦੀਪ ਸਿੰਘ ਦੀ ਲਾਈਨ ਤੋਂ ਉਸ ਸਮੇਂ ਭੱਜ ਗਏ ਸੀ ਜਦੋਂ ਉਨ੍ਹਾਂ ਨੂੰ ਚਰਿਤ੍ਰੋ ਪਖਿਯਾਨ ਦੇ 402ਵੇਂ ਚਰਿਤ੍ਰੋ ਪਖਿਯਾਨ ਦੀ ਵਿਆਖਿਆ ਕਰਨ ਸਬੰਧੀ ਕਿਹਾ ਗਿਆ ਸੀ। ਦੂਜਾ ਵੱਡਾ ਸ਼ੇਰ ਡਾ. ਜੋਧ ਸਿੰਘ ਜਿਸ ਨੇ ਇਸ ਗ੍ਰੰਥ ਦਾ ਅੰਗਰੇਜ਼ੀ ਤੇ ਹਿੰਦੀ ਵਿਚ ਵੀ ਅਨੁਵਾਦ ਕੀਤਾ ਹੈ, ਵੀ ਉਪਰੋਕਤ ਰੇਡੀਓ ’ਤੇ ਇਹ ਮੰਨ ਕੇ ਗਿਆ ਹੈ ਕਿ ਇਹ ਸਾਰਾ ਗ੍ਰੰਥ ਗੁਰੂ ਜੀ ਦਾ ਨਹੀਂ ਹੋ ਸਕਦਾ। ਇਸ ਦੀ ਰੀਕਾਰਡਿੰਗ ਵੀ www.singhsabhacanada.com ’ਤੇ ਪਾਈ ਹੋਈ ਹੈ। ਉਪਰੋਕਤ ਰੇਡੀਓ ’ਤੇ ਹੀ ਦਮਦਮੀ ਟਕਸਾਲ ਵਾਲਾ ਹਰਨਾਮ ਸਿੰਘ ਧੁੰਮਾ ਵੀ ਲਾਈਨ ਛੱਡ ਕੇ ਭੱਜ ਗਿਆ ਸੀ। ਪ੍ਰੋ. ਹਰਭਜਨ ਸਿੰਘ ਵੀ ਚਰਚਾ ਕਰਨ ਤੋਂ ਭਜਿਆ ਹੈ, ਉਸ ਦੇ ਨਾਮ ਚਿੱਠੀਆਂ ਹਾਲੇ ਵੀ www.sikhmarg.com ’ਤੇ ਪੜ੍ਹੀਆਂ ਜਾ ਸਕਦੀਆਂ ਹਨ। ਵਕੀਲ ਗੁਰਸ਼ਰਨਜੀਤ ਸਿੰਘ ਲਾਂਬਾ ਟੋਰਾਂਟੋ ਵਿਚ ਚਰਚਾ ਸਮੇਂ ਸਾਰੇ ਹਥਿਆਰ ਸੁੱਟ ਕੇ ਭਜਿਆ ਸੀ, ਇਹ ਰਿਕਾਰਡਿੰਗ ਵੀ ਸਿੰਘ ਸਭਾ ਕੈਨੇਡਾ ਕੋਲ ਮੌਜੂਦ ਹੈ। ਡਾ. ਹਰਪਾਲ ਸਿੰਘ ਪੰਨੂੰ ਤੇ ਹੋਰ ਬਾਕੀ ਦੇ ਛੋਟੇ ਭਲਵਾਨ ਵੀ ਕਿਸੇ ਸਵਾਲ ਦਾ ਜਵਾਬ ਨਹੀਂ ਦੇ ਸਕੇ। ਗਿਆਨੀ ਇਕਬਾਲ ਸਿੰਘ ਨੂੰ ਚੁਨੌਤੀ ਦਿੰਦਿਆਂ ਉਨ੍ਹਾਂ ਕਿਹਾ ਕਿ ਉਹ ਜਦੋਂ ਵੀ ਅਮਰੀਕਾ ਜਾਂ ਕੈਨੇਡਾ ਦੇ ਕਿਸੇ ਸ਼ਹਿਰ ਵਿਚ ਆਉਣ ਤਾਂ ਉਨ੍ਹਾਂ ਨੂੰ ਸੂਚਿਤ ਜ਼ਰੂਰ ਕਰਨ ਕਿਉਂਕਿ ਸਿੰਘ ਸਭਾ ਕੈਨੇਡਾ ਦੇ ਸੇਵਾਦਾਰ ਦਸਮ ਗ੍ਰੰਥ ਸਬੰਧੀ ਵਿਚਾਰ-ਚਰਚਾ ਕਰਨ ਲਈ ਹਰ ਸਮੇਂ ਤਿਆਰ ਹਨ। ਇਸ ਸਬੰਧੀ ਜਦੋਂ ਗਿਆਨੀ ਇਕਬਾਲ ਸਿੰਘ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਮੰਨਿਆ ਕਿ ਉਹ ਅਪਣੇ ਕਿਸੇ ਸ਼ਰਧਾਲੂ ਘਰ ਨਾਸ਼ਤਾ ਕਰਨ ਗਏ ਸਨ ਤੇ ਗੁਰਚਰਨ ਸਿੰਘ ਜਿਉਣਵਾਲਾ ਸਮੇਤ ਹੋਰ ਕਈ ਵਿਅਕਤੀ ਬਿਨਾਂ ਸੂਚਿਤ ਕੀਤਿਆਂ ਉਥੇ ਪਹੁੰਚ ਗਏ। ਉਨ੍ਹਾਂ ਕਿਹਾ ਕਿ ਗੁਰਚਰਨ ਸਿੰਘ ਗ਼ੈਰ ਅੰਮ੍ਰਿਤੀਆ ਹੈ। ਇਸ ਲਈ ਇਕ ਤਖ਼ਤ ਦੇ ਮੁੱਖ ਸੇਵਾਦਾਰ ਨਾਲ ਬਹਿਸ ਕਰਨ ਦਾ ਉਸ ਕੋਲ ਕੋਈ ਅਧਿਕਾਰ ਨਹੀਂ। (ਰੋਜ਼ਾਨਾ ਸਪੋਕਸਮੈਨ : 28 ਜੂਨ, 2009)।

## ਵੀਆਨਾ ਦਾ ਪੂਰਾ ਸੱਚ ਮੰਨਣ ਨਾਲ ਹੀ ਦੋਹਾਂ ਧਿਰਾਂ ਦਾ ਆਪਸੀ ਭਾਈਚਾਰਾ ਪੱਕਾ ਹੋ ਸਕਦਾ ਹੈ

ਆਸਟਰੀਆ ਵਿਚ ਵੀਆਨਾ ਦੇ ਇਕ ਗੁਰਦਵਾਰੇ ਵਿਚ ਕੁੱਝ ਸਮਾਂ ਪਹਿਲਾਂ ਜੋ ਘਟਨਾਵਾਂ ਹੋਈਆਂ, ਉਨ੍ਹਾਂ ਦਾ ਮਾੜਾ ਪ੍ਰਭਾਵ ਅੱਜ ਤਕ ਪੈ ਰਿਹਾ ਪ੍ਰਤੱਖ ਵੇਖਿਆ ਜਾ ਸਕਦਾ ਹੈ। ਪਹਿਲੀ ਖ਼ਬਰ ਇਹੀ ਪ੍ਰਾਪਤ ਹੋਈ ਸੀ ਕਿ ਕੁੱਝ ਗਰਮ-ਖ਼ਿਆਲ ਸਿੱਖਾਂ ਨੇ ਗੁਰਦਵਾਰੇ ਵਿਚ ਮੌਜੂਦ ਇਕ ਦਲਿਤ ਧਾਰਮਕ ਆਗੂ ਨੂੰ ਗੋਲੀ ਮਾਰ ਦਿਤੀ ਕਿਉਂਕਿ ਉਹ ਆਗੂ, ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਮੱਥੇ ਟਿਕਵਾ ਰਿਹਾ ਸੀ। ਸਿੱਖਾਂ ਨੇ, ਇਕ ਜ਼ਬਾਨ ਹੋ ਕੇ, ਇਸ ਕਤਲ ਦੀ ਨਿਖੇਧੀ ਕੀਤੀ ਤੇ ਕਿਹਾ ਕਿ ਕਿਸੇ ਨੂੰ ਗੁਰਮਤਿ ਦੇ ਉਲਟ

ਕੰਮ ਕਰਦਿਆਂ ਵੇਖ ਕੇ ਵੀ, ਉਸ ਨੂੰ ਮਾਰ ਦੇਣ ਦਾ ਹੱਕ ਕਿਸੇ ਨੂੰ ਨਹੀਂ ਮਿਲ ਜਾਂਦਾ ਤੇ ਜਿਸ ਨੇ ਵੀ ਰਵੀਦਾਸੀਆਂ ਦੇ ਧਾਰਮਕ ਆਗੂ ਉਤੇ ਗੋਲੀ ਚਲਾਈ, ਉਸ ਦੀ ਰੱਜ ਕੇ ਨਿਖੇਧੀ ਕੀਤੀ ਜਾਣੀ ਚਾਹੀਦੀ ਹੈ ਅਤੇ ਰਵੀਦਾਸੀਏ ਭਰਾਵਾਂ ਨਾਲ, ਇਸ ਮੌਕੇ ਜਜ਼ਬਾਤੀ ਸਾਂਝ ਪ੍ਰਗਟਾਉਣੀ ਚਾਹੀਦੀ ਹੈ। ਪੰਜਾਬ ਸਰਕਾਰ ਨੇ ਵੀ ਵਿਸ਼ੇਸ਼ ਹਵਾਈ ਜਹਾਜ਼ ਭੇਜ ਕੇ, ਬਾਬਾ ਰਾਮਾਨੰਦ ਦੀ ਮ੍ਰਿਤਕ ਦੇਹ ਭਾਰਤ ਲਿਆਂਦੀ ਤੇ ਸਰਕਾਰੀ ਰਸਮਾਂ ਨਾਲ ਅੰਤਮ ਸਸਕਾਰ ਕੀਤਾ।

ਇਸ ਦੇ ਬਾਵਜੂਦ, ਮ੍ਰਿਤਕ ਆਗੂ ਦੇ ਭੋਗ ਸਮੇਂ ਗੁਰੂ ਗ੍ਰੰਥ ਸਾਹਿਬ ਨੂੰ ਉਥੋਂ ਚੁਕਵਾ ਦਿਤਾ ਗਿਆ ਅਤੇ ਇਹ ਗੱਲ ਵੀ ਖੁਲ੍ਹ ਕੇ ਕਹੀ ਜਾਣ ਲੱਗ ਪਈ ਕਿ ਰਵੀਦਾਸੀਆਂ ਤੇ ਸਿੱਖਾਂ ਵਿਚਕਾਰ ਤੋੜ-ਵਿਛੋੜੇ ਨੂੰ ਪੱਕਾ ਕਰਨ ਲਈ, ਗੁਰੂ ਗ੍ਰੰਥ ਸਾਹਿਬ ਦੀ ਬਜਾਏ ਅਪਣਾ ਗ੍ਰੰਥ ਬਣਾ ਲੈਣਾ ਚਾਹੀਦਾ ਹੈ। ਅਜਿਹਾ ਕਹਿਣ ਵਾਲਿਆਂ ਨੂੰ ਇਤਿਹਾਸ ਬਾਰੇ ਕੁੱਝ ਭੁਲੇਖਾ ਲੱਗ ਗਿਆ ਲਗਦਾ ਸੀ। ਰਵੀਦਾਸੀਆਂ ਦੀ ਸੰਪਰਦਾ, ਗੁਰੂ ਗ੍ਰੰਥ ਸਾਹਿਬ ਤੋਂ ਪਹਿਲਾਂ ਵੀ ਕਾਇਮ ਸੀ ਤੇ ਦੋਹਾਂ ਵਿਚ ਕੋਈ ਰਲੇਵਾਂ ਨਹੀਂ ਸੀ ਹੋਇਆ। ਗੁਰੂ ਗ੍ਰੰਥ ਸਾਹਿਬ ਵਿਚ ਸਾਰੇ ਹੀ ਭਗਤਾਂ ਦੀ ਬਾਣੀ ਸ਼ਾਮਲ ਕਰ ਲਈ ਗਈ ਸੀ (ਬ੍ਰਾਹਮਣ ਭਗਤਾਂ ਸਮੇਤ) ਤੇ ਬ੍ਰਾਹਮਣ ਨੂੰ ਇਹ ਸੁਨੇਹਾ ਦਿਤਾ ਗਿਆ ਸੀ ਕਿ ਸਿੱਖੀ ਵਿਚ ਕਿਸੇ ਨੂੰ 'ਅਛੂਤ' ਨਹੀਂ ਸਮਝਿਆ ਜਾਂਦਾ। ਬ੍ਰਾਹਮਣ ਤਾਂ ਅਪਣੇ ਥਾਪੇ 'ਸ਼ੂਦਰ' ਨੂੰ ਭਗਤ ਮੰਨਣ ਲਈ ਵੀ ਤਿਆਰ ਨਹੀਂ ਸਨ। ਭਗਤ ਕੀ, ਉਹ ਤਾਂ ਰਿਸ਼ੀ ਸ਼ੰਭੂਕ (ਅਖੌਤੀ ਨੀਵੀਂ ਜਾਤ ਦੇ ਭਗਤ) ਨੂੰ ਇਹ ਅਧਿਕਾਰ ਦੇਣ ਨੂੰ ਵੀ ਤਿਆਰ ਨਹੀਂ ਸਨ ਕਿ ਉਹ ਰੱਬ ਦੀ ਭਗਤੀ ਵੀ ਕਰ ਸਕੇ। ਜਦ ਰਿਸ਼ੀ ਸ਼ੰਭੂਕ ਨੇ ਅਪਣੇ ਇਸ ਅਧਿਕਾਰ ਨੂੰ ਦਲੀਲ ਨਾਲ ਮਨਵਾਉਣ ਦੀ ਕੋਸ਼ਿਸ਼ ਕੀਤੀ ਤਾਂ ਬ੍ਰਾਹਮਣ ਦੇ ਸਾਜੇ ਨਾਇਕ ਨੇ ਤਲਵਾਰ ਨਾਲ ਉਸ ਦਾ ਸਿਰ, ਧੜ ਨਾਲੋਂ ਵੱਖ ਕਰ ਦਿਤਾ। ਬ੍ਰਾਹਮਣਾਂ ਦਾ ਕਹਿਣਾ ਇਹ ਸੀ ਕਿ ਇਕ 'ਨੀਚ ਜ਼ਾਤ' ਵਾਲੇ ਵਲੋਂ ਪ੍ਰਮਾਤਮਾ ਦੀ ਭਗਤੀ ਕਰਨ ਨਾਲ ਅਯੁਧਿਆ ਵਿਚ, ਨੌਜਵਾਨ ਬੱਚੇ ਮਰਨ ਲੱਗ ਪਏ ਸਨ, ਪਰਲੋ ਆ ਗਈ ਸੀ ਤੇ ਕਲਯੁਗ ਵਰਗੇ ਹਾਲਾਤ ਪੈਦਾ ਹੋ ਗਏ ਸਨ। ਉਨ੍ਹਾਂ ਦਾ ਕਹਿਣਾ ਸੀ ਕਿ ਜਦੋਂ ਤਕ ਕਿਸੇ ਨੀਚ ਜ਼ਾਤ ਵਾਲੇ ਨੇ ਪ੍ਰਭੂ ਦਾ ਭਗਤ ਬਣਨ ਦੀ ਕੋਸ਼ਿਸ਼ ਨਹੀਂ ਸੀ ਕੀਤੀ, ਉਦੋਂ ਤਕ ਅਯੁਧਿਆ ਵਿਚ ਕੋਈ ਨੌਜਵਾਨ ਨਹੀਂ ਸੀ ਮਰਿਆ।

ਇਨ੍ਹਾਂ ਹਾਲਾਤ ਵਿਚ, ਗੁਰੂ ਗ੍ਰੰਥ ਸਾਹਿਬ ਵਿਚ ਅਖੌਤੀ ਨੀਵੀਆਂ ਜਾਤਾਂ ਦੇ ਭਗਤਾਂ ਦੀ ਬਾਣੀ ਨੂੰ 'ਬਾਣੀ' ਸਵੀਕਾਰ ਕਰਨਾ ਤੇ ਬਾਣੀ-ਰਚੇਤਿਆਂ ਨੂੰ ਭਗਤ ਸਵੀਕਾਰ ਕਰਨਾ, ਸਚਮੁਚ ਇਕ ਇਨਕਲਾਬੀ ਕਦਮ ਸੀ, ਜਿਸ ਦੀ ਭਾਰਤ ਵਿਚ ਹੋਰ ਕੋਈ ਮਿਸਾਲ ਨਹੀਂ ਮਿਲਦੀ। ਇਹ ਕਾਰਜ ਦਲਿਤਾਂ ਉਤੇ ਅਹਿਸਾਨ ਕਰਨ ਲਈ ਨਹੀਂ ਸੀ ਕੀਤਾ ਗਿਆ ਸਗੋਂ ਇਹ ਐਲਾਨ ਕਰਨ ਲਈ ਹੀ ਕੀਤਾ ਗਿਆ ਸੀ ਕਿ ਸਿੱਖੀ, ਬ੍ਰਾਹਮਣ ਦੀਆਂ ਦਲਿਤ-ਵਿਰੋਧੀ ਅਤੇ ਜ਼ਾਤ-ਵਿਰੋਧੀ ਮਨੌਤਾਂ ਨੂੰ ਪ੍ਰਵਾਨ ਨਹੀਂ ਕਰਦੀ। ਦੂਜਾ ਐਲਾਨ ਇਹ ਸੀ ਕਿ ਜਿਹੜਾ ਕੋਈ 'ਦਲਿਤ' ਸਿੱਖੀ ਵਿਚ ਆਉਣਾ ਚਾਹੇ, ਉਸ ਨੂੰ ਦਲਿਤ ਭਗਤਾਂ ਦੀ ਬਾਣੀ ਦੇ ਦਰਸ਼ਨ ਵੀ ਇਥੇ ਹੀ ਹੋ ਸਕਣਗੇ, ਜੋ ਉਸ ਨੂੰ ਹੋਰ ਕਿਧਰੇ ਨਹੀਂ ਸਨ





ਹੁੰਦੇ। ਪਰ ਸਿੱਖੀ ਵਿਚ ਸ਼ਾਮਲ ਹੋਣ ਲਈ ਇਹ ਸ਼ਰਤ ਵੀ ਕਾਇਮ ਰੱਖੀ ਗਈ ਸੀ ਕਿ ਸਿੱਖੀ ਦੀ ਵਖਰੀ ਮਰਿਆਦਾ ਵੀ ਉਸ ਨੂੰ ਕਬੂਲ ਕਰਨੀ ਪਵੇਗੀ।

ਇਹ ਵਖਰੀ ਸਿੱਖ ਮਰਿਆਦਾ ਕੀ ਹੈ ? ਇਹੀ ਕਿ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਭਰਦਿਆਂ, ਕਿਸੇ ਹੋਰ ਨੂੰ ਗੁਰੂ ਗ੍ਰੰਥ ਸਾਹਿਬ ਜਾਂ ਬਾਣੀ ਤੋਂ ਉਪਰ ਨਹੀਂ ਮੰਨਣਾ ਤੇ ਗੁਰਦਵਾਰੇ ਵਿਚ, ਸ਼ਬਦ ਗੁਰੂ ਨੂੰ ਵੱਡਾ ਮੰਨਣਾ ਤੇ ਬਾਕੀ ਮੌਜੂਦ ਸਾਰੇ ਮਨੁੱਖਾਂ ਨੂੰ ਬਰਾਬਰ ਦੇ ਮਨੁੱਖ ਮੰਨਣਾ ਹੈ। ਵੀਆਨਾ 'ਚ ਜਿਨ੍ਹਾਂ ਸਿੱਖਾਂ ਨੇ ਗੋਲੀ ਚਲਾਈ, ਉਨ੍ਹਾਂ ਦਾ ਕਹਿਣਾ ਇਹ ਸੀ ਕਿ ਵੀਆਨਾ ਦੇ ਗੁਰਦਵਾਰੇ ਵਿਚ ਇਸ ਮਰਿਆਦਾ ਦੀ ਉਲੰਘਣਾ ਕੀਤੀ ਗਈ ਸੀ ਤੇ ਟੋਕਣ 'ਤੇ, ਉਲੰਘਣਾ ਕਰਨ ਵਾਲੇ ਲੜਨ ਨੂੰ ਪੈ ਗਏ ਸਨ।

ਹੁਣ ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਨੇ ਵੀਆਨਾ ਜਾ ਕੇ ਆਪ ਜੋ ਤੱਥ ਇਕੱਠੇ ਕੀਤੇ ਹਨ ਤੇ ਅਖ਼ਬਾਰਾਂ ਨੂੰ ਦਿਤੇ ਹਨ, ਉਨ੍ਹਾਂ ਅਨੁਸਾਰ, ਜਦ ਸਿੱਖ ਨੌਜੁਆਨਾਂ ਨੇ ਗੁਰਦਵਾਰੇ ਦੀ ਮਰਿਆਦਾ ਦੀ ਉਲੰਘਣਾ ਕਰਨ ਤੋਂ ਟੋਕਿਆ ਤਾਂ ਦੂਜੀ ਧਿਰ ਦੇ 40-50 ਬੰਦੇ ਉਨ੍ਹਾਂ ਉਤੇ ਟੁੱਟ ਕੇ ਪੈ ਗਏ ਤੇ ਉਨ੍ਹਾਂ ਨੂੰ ਬੁਰੀ ਤਰ੍ਹਾਂ ਮਾਰਨਾ-ਕੁਟਣਾ ਸ਼ੁਰੂ ਕਰ ਦਿਤਾ ਅਰਥਾਤ ਹਿੰਸਾ ਦੀ ਪਹਿਲ, ਉਸ ਧਿਰ ਨੇ ਕੀਤੀ ਜਿਸ ਨੂੰ ਗੁਰਦਵਾਰੇ ਦੀ ਮਰਿਆਦਾ ਦੀ ਉਲੰਘਣਾ ਕਰਨ ਤੋਂ ਰੋਕਿਆ ਗਿਆ ਸੀ। ਸ. ਸਰਨਾ ਅਨੁਸਾਰ, ਮਰਿਆਦਾ ਦੀ ਉਲੰਘਣਾ ਕਰਨ ਵਾਲੀ ਧਿਰ ਨੇ ਇਕ ਨੌਜੁਆਨ ਦੇ ਕੇਸ ਇਸ ਤਰ੍ਹਾਂ ਖਿੱਚੇ ਕਿ ਉਹ ਚਮੜੀ ਸਮੇਤ, ਵੱਖ ਹੋ ਗਏ। ਸ. ਸਰਨਾ ਦੀ ਰੀਪੋਰਟ ਅਨੁਸਾਰ, ਇਸ ਮਗਰੋਂ ਹੀ, ਇਕ ਨੌਜੁਆਨ ਨੇ ਗੋਲੀ ਚਲਾ ਦਿਤੀ।

ਇਸ ਤਰ੍ਹਾਂ ਦੋਵੇਂ ਧਿਰਾਂ ਇਹ ਕਹਿਣ ਲੱਗ ਪਈਆਂ ਹਨ ਕਿ ਦੂਜੀ ਧਿਰ ਨੇ ਹਿੰਸਕ ਕਾਰਵਾਈਆਂ ਸ਼ੁਰੂ ਕਰਨ ਦੀ ਪਹਿਲ ਕੀਤੀ ਸੀ ਅਤੇ ਜੇ ਇਕ ਧਿਰ ਦਾ ਇਤਰਾਜ਼ ਦੂਜੀ ਧਿਰ ਧੀਰਜ ਨਾਲ ਸੁਣ ਲੈਂਦੀ ਤਾਂ ਗੱਲ ਉਥੇ ਹੀ ਰੁਕ ਜਾਣੀ ਸੀ।

ਸਾਰੇ ਰਵੀਦਾਸੀਏ ਵੀਰ, ਅੱਜ ਵੀ ਸਿੱਖੀ ਵਿਚ ਸ਼ਾਮਲ ਨਹੀਂ ਹੋਏ ਤੇ ਸ਼ਾਇਦ ਕਦੇ ਵੀ ਨਹੀਂ ਹੋਣਗੇ। ਕਈਆਂ ਨੇ ਹਿੰਦੂ ਮੰਦਰਾਂ ਵਰਗੇ ਰਵੀਦਾਸ ਮੰਦਰ ਵੀ ਬਣਾਏ ਹੋਏ ਹਨ ਜਿਥੇ ਮੂਰਤੀਆਂ ਵੀ ਸਥਾਪਤ ਕੀਤੀਆਂ ਹੋਈਆਂ ਹਨ। ਉਨ੍ਹਾਂ ਨੂੰ ਅਜਿਹਾ ਕਰਨ ਦਾ ਪੂਰਾ ਹੱਕ ਹੈ। ਪਰ ਜਿਨ੍ਹਾਂ ਨੇ 'ਰਵੀਦਾਸ ਗੁਰਦਵਾਰੇ' ਬਣਾਏ ਹੋਏ ਹਨ, ਉਨ੍ਹਾਂ ਲਈ ਇਹ ਸਮਝਣਾ ਬੜਾ ਜ਼ਰੂਰੀ ਹੈ ਕਿ 'ਗੁਰਦਵਾਰੇ' ਵਿਚ ਗੁਰਦਵਾਰੇ ਦੀ ਮਰਿਆਦਾ ਹਰ ਹਾਲ ਵਿਚ ਕਾਇਮ ਰਖਣੀ ਜ਼ਰੂਰੀ ਹੈ। ਇਥੇ ਕੋਈ ਵੀ ਵਿਅਕਤੀ (ਭਾਵੇਂ ਉਹ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ), ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਨਹੀਂ ਹੋ ਸਕਦਾ ਤੇ ਸੰਗਤ ਤੋਂ ਉਪਰ ਨਹੀਂ ਹੋ ਸਕਦਾ। ਗੁਰਦਵਾਰੇ ਵਿਚ ਬੈਠਾ ਹਰ ਜਗਿਆਸੂ ਇਕ ਬਰਾਬਰ ਹੁੰਦਾ ਹੈ। ਸ. ਪਰਮਜੀਤ ਸਿੰਘ ਸਰਨਾ ਦੀ ਰੀਪੋਰਟ ਅਨੁਸਾਰ, ਕੁੱਝ ਰਵੀਦਾਸੀਏ ਵੀਰ, ਪਹਿਲਾਂ ਰੁਮਾਲੇ, ਪੰਜਾਬ ਤੋਂ ਆਏ ਅਪਣੇ ਸਾਧਾਂ ਦੇ ਚਰਨਾਂ ਨਾਲ ਛੁਹਾਂਦੇ ਸਨ ਤੇ

ਫਿਰ ਗੁਰੂ ਗ੍ਰੰਥ ਸਾਹਿਬ ਨੂੰ ਅਰਪਨ ਕਰਦੇ ਸਨ। ਇਸੇ ਗੱਲ ਨੇ ਸਿੱਖ ਨੌਜੁਆਨਾਂ ਨੂੰ ਸੱਭ ਤੋਂ ਵੱਧ ਪੀੜਤ ਕੀਤਾ ਸੀ ਤੇ ਉਨ੍ਹਾਂ ਨੇ ਇਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ, ਜਿਸ ਨੂੰ, ਉਨ੍ਹਾਂ ਦੇ ਕਹਿਣ ਅਨੁਸਾਰ, ਜੇ ਪ੍ਰੇਮ ਨਾਲ ਸੁਣ ਕੇ ਮੰਨ ਲਿਆ ਜਾਂਦਾ ਤਾਂ ਝਗੜਾ ਵਧਣਾ ਹੀ ਨਹੀਂ ਸੀ।

ਹਿੰਸਾ ਜਿਸ ਵੀ ਧਿਰ ਨੇ ਸ਼ੁਰੂ ਕੀਤੀ, ਮਾੜੀ ਗੱਲ ਕੀਤੀ ਤੇ ਉਸ ਦਾ ਨਤੀਜਾ ਵੀ ਸਾਰੇ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪਿਆ। ਉਸ ਬਾਰੇ ਇਹੀ ਕਿਹਾ ਜਾ ਸਕਦਾ ਹੈ ਕਿ ਆਸਟਰੀਆ ਸਰਕਾਰ ਨੂੰ ਨਿਰਪੱਖ ਹੋ ਕੇ ਜਾਂਚ ਰੀਪੋਰਟ ਜਾਰੀ ਕਰਨੀ ਚਾਹੀਦੀ ਹੈ ਤੇ ਦੁਨੀਆਂ ਨੂੰ ਸੱਚ ਦਸਣਾ ਚਾਹੀਦਾ ਹੈ। ਪਰ ਸਮੱਸਿਆ ਦਾ ਦੂਜਾ ਪਹਿਲੂ ਇਸ ਵੇਲੇ ਜ਼ਿਆਦਾ ਮਹੱਤਵਪੂਰਨ ਹੈ ਕਿ ਕੋਈ ਕੌੜਾ ਲਫ਼ਜ਼ ਕਿਸੇ ਵੀ ਧਿਰ ਵਲੋਂ ਗ਼ਲਤੀ ਨਾਲ ਵੀ ਨਹੀਂ ਵਰਤਿਆ ਜਾਣਾ ਚਾਹੀਦਾ ਤੇ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਪਿਛਲੀਆਂ ਗ਼ਲਤੀਆਂ ਤੋਂ ਸਬਕ ਸਿਖ ਕੇ, ਅੱਗੋਂ ਲਈ ਇਹ ਪ੍ਰਬੰਧ ਕੀਤਾ ਜਾਏ ਕਿ ਗੁਰਦਵਾਰਿਆਂ ਅੰਦਰ 'ਗੁਰਦਵਾਰੇ' ਦੀ ਮਰਿਆਦਾ ਦੀ ਹਰ ਕੋਈ ਪਾਲਣਾ ਕਰੇ। ਜਿਹੜਾ ਕੋਈ ਗੁਰਦਵਾਰੇ ਵਿਚ ਜਾ ਕੇ ਵੀ, ਗੁਰਦਵਾਰੇ ਦੀ ਮਰਿਆਦਾ ਦੀ ਪਾਲਣਾ ਨਹੀਂ ਕਰ ਸਕਦਾ, ਉਹ ਮੰਦਰ ਚਲਾ ਜਾਏ ਪਰ ਜਦ ਤਕ ਉਹ ਗੁਰਦਵਾਰੇ ਅੰਦਰ ਬੈਠਾ ਹੈ, ਉਸ ਨੂੰ ਉਥੋਂ ਦੀ ਮਰਿਆਦਾ ਦੀ ਪਾਲਣਾ ਕਰਨੀ ਹੀ ਚਾਹੀਦੀ ਹੈ ਵਰਨਾ ਵੀਆਨਾ ਵਰਗੀਆਂ ਘਟਨਾਵਾਂ ਮੁੜ ਵਾਪਰ ਸਕਦੀਆਂ ਹਨ। ਮੰਦਰ ਵਿਚ ਜਾ ਕੇ ਵੀ ਮੰਦਰ ਦੀ ਮਰਿਆਦਾ ਦੀ ਪਾਲਣਾ ਤਾਂ ਕਰਨੀ ਹੀ ਪਵੇਗੀ ਤੇ ਉਥੇ ਵੀ ਕਿਸੇ ਨੂੰ ਛੋਟ ਨਹੀਂ ਮਿਲ ਜਾਣੀ। ਗੁਰਦਵਾਰਾ ਪ੍ਰਬੰਧ ਢਿੱਲਾ ਹੋ ਜਾਣ ਕਰ ਕੇ, ਗੁਰਦਵਾਰਿਆਂ ਵਿਚ ਸੰਤ, ਸਾਧ, ਡੇਰੇਦਾਰ, ਅਕਸਰ ਸਿੱਖ ਮਰਿਆਦਾ ਦੀ ਉਲੰਘਣਾ ਕਰਨ ਵਿਚ ਸਫ਼ਲ ਹੋ ਜਾਂਦੇ ਹਨ ਪਰ ਉਨ੍ਹਾਂ ਵਿਰੁਧ ਵੀ ਸਿੱਖਾਂ ਅੰਦਰ ਜ਼ੋਰਦਾਰ ਮੁਹਿੰਮ ਚਲੀ ਹੋਈ ਹੈ। ਡੇਰਾ ਬਿਆਸ, ਨਿਰੰਕਾਰੀਆਂ ਤੇ ਸੌਦਾ ਸਾਧ ਨਾਲ ਵੀ ਸਿੱਖਾਂ ਦਾ ਮੁੱਖ ਝਗੜਾ ਵੀ ਤਾਂ ਇਹੀ ਸੀ ਕਿ ਉਹ ਗੁਰੂ ਗ੍ਰੰਥ ਸਾਹਿਬ ਨੂੰ ਵੀ ਛਡਣਾ ਨਹੀਂ ਸਨ ਚਾਹੁੰਦੇ ਤੇ ਅਪਨੀ ਨਿਜੀ ਮਰਿਆਦਾ ਵੀ ਨਾਲ ਹੀ, ਜਾਰੀ ਰਖਣਾ ਚਾਹੁੰਦੇ ਸਨ। ਉਨ੍ਹਾਂ ਸਾਰਿਆਂ ਨਾਲ ਝਗੜਾ ਅਖ਼ੀਰ ਤਕ ਜਾ ਪੁੱਜਾ ਜਿਥੇ ਸਬੰਧ ਖ਼ਰਾਬ ਹੀ ਨਹੀਂ ਹੁੰਦੇ, ਟੁੱਟ ਵੀ ਜਾਂਦੇ ਹਨ। ਰਵੀਦਾਸੀਏ ਵੀਰਾਂ ਨਾਲ ਸਬੰਧ ਬਚਾਏ ਜਾ ਸਕਦੇ ਹਨ ਜੇ ਦੋਵੇਂ ਧਿਰਾਂ ਇਸ ਸੱਚ ਨੂੰ ਚੰਗੀ ਤਰ੍ਹਾਂ ਪੱਲੇ ਬੰਨ੍ਹ ਲੈਣ ਕਿ ਗੁਰਦਵਾਰੇ ਵਿਚ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ, ਕੇਵਲ ਤੇ ਕੇਵਲ ਸਿੱਖ ਮਰਿਆਦਾ ਹੀ ਮੰਨਣੀ ਲਾਜ਼ਮੀ ਹੈ ਤੇ ਜਿਹੜਾ ਇਸ ਨੂੰ ਮੰਨੇਗਾ, ਉਸ ਨਾਲ ਕਦੇ ਝਗੜਾ ਨਹੀਂ ਹੋ ਸਕੇਗਾ। ਇਹ ਮਰਿਆਦਾ ਕੋਈ ਬ੍ਰਾਹਮਣ ਮਰਿਆਦਾ ਵਰਗੀ ਜਟਿਲ ਵੀ ਨਹੀਂ, ਬਸ ਏਨੀ ਕੁ ਹੀ ਹੈ ਕਿ ਗੁਰਦਵਾਰੇ ਵਿਚ ਕੋਈ ਮਨੁੱਖ ਵੱਡਾ ਨਹੀਂ ਹੁੰਦਾ, ਕੇਵਲ 'ਬਾਣੀ' ਵੱਡੀ ਹੁੰਦੀ ਹੈ ਤੇ ਬਾਕੀ ਸਾਰੇ ਬਰਾਬਰ ਹੁੰਦੇ ਹਨ। ਕੀ ਮੁਸ਼ਕਲ ਹੈ ਇਸ ਨੂੰ ਮੰਨਣ ਵਿਚ? ਫਿਰ ਵੀ ਇਸ ਨੂੰ ਕੋਈ ਪਸੰਦ ਨਾ ਕਰਨਾ ਚਾਹੇ ਤੇ ਸਾਧਾਂ ਨੂੰ ਵੱਡੇ ਮੰਨਣਾ ਚਾਹੇ ਤਾਂ 'ਗੁਰਦਵਾਰੇ' ਵਿਚ ਬੈਠ ਕੇ ਨਾ ਕਰੇ। ਇਹ ਸਿਧਾਂਤ ਮੰਨਣ ਨਾਲ ਦੋਹਾਂ ਧਿਰਾਂ ਵਿਚ ਆਪਸੀ ਪਿਆਰ ਸਦਾ ਬਣਿਆ ਰਹੇਗਾ। ਬਾਕੀ ਗਿਲੇ ਸ਼ਿਕਵੇ ਤਾਂ ਪਤੀ-ਪਤਨੀ ਅਤੇ





ਭੈਣ-ਭਰਾ ਵਿਚ ਵੀ ਸਾਰੀ ਉਮਰ ਚਲਦੇ ਰਹਿੰਦੇ ਹਨ। ਉਨ੍ਹਾਂ ਨੂੰ ਲੋੜ ਤੋਂ ਵੱਧ ਉਛਾਲ ਕੇ, ਸਬੰਧ ਟੁੱਟਣ ਨਹੀਂ ਦੇਣੇ ਚਾਹੀਦੇ। (ਰੋਜ਼ਾਨਾ ਸਪੋਕਸਮੈਨ : ਸੰਪਾਦਕੀ 28 ਜੁਲਾਈ, 2009)।

## ਸਰਬੱਤ ਖ਼ਾਲਸਾ (ਪੰਚਾਂ) ਦਾ ਕਿਹਾ ਸਿਰ ਮੱਥੇ ਪਰ ਪਰਨਾਲਾ ਉਥੇ ਹੀ ਰਹੇਗਾ ਜਿਥੇ ਸਿਆਸਤਦਾਨ ਚਾਹੁਣਗੇ

### 90 ਫ਼ੀ ਸਦੀ ਨੇ ਇਮਾਰਤ ਡੇਗ ਦੇਣ ਦੇ ਹੱਕ ਵਿਚ ਰਾਏ ਦਿਤੀ ਪਰ 'ਜਥੇਦਾਰਾਂ' ਨੇ ਚੰਡੀਗੜ੍ਹੋਂ ਆਇਆ 'ਹੁਕਮ' ਸੁਣਾ ਦਿਤਾ

ਅੰਮ੍ਰਿਤਸਰ, 20 ਜੂਨ (ਚਰਨਜੀਤ ਸਿੰਘ ਅਰੋੜਾ) : ਮਾਲਵੇ 'ਚ ਸ੍ਰੀ ਦਰਬਾਰ ਸਾਹਿਬ ਦੀ ਤਰਜ਼ 'ਤੇ ਬਣ ਰਹੀ ਵਿਵਾਦਗ੍ਰਸਤ ਇਮਾਰਤ ਨੂੰ ਰੋਕਣ ਲਈ ਪੰਥਕ ਜਥੇਬੰਦੀਆਂ ਦੀ ਇਥੇ ਕੀਤੀ ਗਈ ਮੀਟਿੰਗ ਵਿਚ ਬਹੁਸੰਮਤੀ ਵਲੋਂ ਦਿਤੇ ਗਏ ਵਿਚਾਰਾਂ ਨੂੰ ਨਜ਼ਰਅੰਦਾਜ਼ ਕਰਦਿਆਂ ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਵਲੋਂ ਪੰਥਕ ਇਕੱਠ ਤੋਂ ਬਾਅਦ ਵਿਵਾਦਗ੍ਰਸਤ ਇਮਾਰਤ ਦੇ ਮੁਢਲੇ ਢਾਂਚੇ ਵਿਚ ਤਬਦੀਲੀਆਂ ਕਰਨ ਲਈ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਨਿਰਦੇਸ਼ ਜਾਰੀ ਕੀਤੇ।

ਮੀਟਿੰਗ ਵਿਚ ਬਹੁਸੰਮਤੀ ਵਿਵਾਦਗ੍ਰਸਤ ਇਮਾਰਤ ਨੂੰ ਢਹਿ-ਢੇਰੀ ਕਰਨ ਦੇ ਹੱਕ ਵਿਚ ਸੀ ਪਰ ਮੁੱਖ ਸੇਵਾਦਾਰਾਂ ਨੇ ਫ਼ੈਸਲੇ ਨੂੰ ਨਜ਼ਰਅੰਦਾਜ਼ ਕਰਦਿਆਂ ਵਿਵਾਦਗ੍ਰਸਤ ਢਾਂਚੇ ਵਿਚ ਕੁੱਝ ਤਬਦੀਲੀਆਂ ਕਰਨ ਦਾ ਹੁਕਮ ਜਾਰੀ ਕਰ ਦਿਤਾ। ਮੁੱਖ ਸੇਵਾਦਾਰਾਂ ਵਲੋਂ ਲਏ ਗਏ ਫ਼ੈਸਲੇ ਅਨੁਸਾਰ ਵਿਵਾਦਗ੍ਰਸਤ ਇਮਾਰਤ ਦਾ ਪੁਲ, ਗੁਮਟੀਆਂ ਹਟਾ ਦਿਤੀਆਂ ਜਾਣ ਅਤੇ ਇਮਾਰਤ ਦੇ ਪਿਛਲੇ ਪਾਸੇ ਬਣੀ ਹਰਿ ਕੀ ਪੌੜੀ, ਬੰਦ ਕਰ ਦਿਤੀ ਜਾਵੇ ਅਤੇ ਸਰੋਵਰ ਨੂੰ ਪੂਰ ਦਿਤਾ ਜਾਵੇ। ਮੁੱਖ ਸੇਵਾਦਾਰਾਂ ਨੇ ਫ਼ੈਸਲੇ ਵਿਚ ਵਿਵਾਦਗ੍ਰਸਤ ਇਮਾਰਤ ਦੇ ਚਾਰੇ ਪਾਸੇ ਬਣੀ ਪ੍ਰਕਰਮਾ ਨੂੰ ਬਰਾਂਡੇ ਵਿਚ ਤਬਦੀਲ ਕਰਨ ਲਈ ਵੀ ਕਿਹਾ ਹੈ। ਮੁੱਖ ਸੇਵਾਦਾਰਾਂ ਨੇ ਸਾਰੀ ਜ਼ੁੰਮੇਵਾਰੀ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੂੰ ਸੌਂਪੀ ਹੈ ਅਤੇ ਨਾਲ ਹੀ ਮੁੱਖ ਸੇਵਾਦਾਰਾਂ ਨੇ ਸ਼੍ਰੋਮਣੀ ਕਮੇਟੀ ਨੂੰ ਇਹ ਵੀ ਕਿਹਾ ਹੈ ਕਿ ਇਹ ਕੰਮ ਜਿੰਨੀ ਛੇਤੀ ਸੰਭਵ ਹੋ ਸਕੇ, ਕੀਤਾ ਜਾਵੇ। ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਨੇ ਗੁਰਦਵਾਰਾ ਸਾਹਿਬ ਦਾ ਨਾਂ "ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਮਸਤੂਆਣਾ" ਰੱਖੇ ਜਾਣ ਦੇ ਹੁਕਮ ਵੀ ਜਾਰੀ ਕੀਤੇ ਹਨ। ਮੁੱਖ ਸੇਵਾਦਾਰ ਨੇ ਇਸ ਇਮਾਰਤ ਦੀ ਮੁੜ ਉਸਾਰੀ ਕਰਨ ਵਾਲੇ ਅਖੌਤੀ ਸਾਧ ਬਲਵੰਤ ਸਿੰਘ ਸਿਹੋੜਾ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸਪੱਸ਼ਟੀਕਰਨ ਲਈ ਬੁਲਾਇਆ ਹੈ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਪੰਥਕ ਇਕੱਠ ਨੂੰ ਪੂਰੀ ਤਰ੍ਹਾਂ ਨਾਲ ਸਫ਼ਲ ਕਰਨ ਲਈ ਟਿੱਲ ਦਾ ਜ਼ੋਰ ਲਾਇਆ ਹੋਇਆ ਸੀ ਅਤੇ ਇਕੱਠ ਲਈ ਤਕਰੀਬਨ 470 ਸੱਦਾ ਪੱਤਰ ਜਾਰੀ ਕੀਤੇ ਗਏ ਪਰ ਵੱਡੀ ਜ਼ੋਰ ਅਜਮਾਈ ਤੋਂ ਬਾਅਦ ਵੀ ਕੇਵਲ ਉਂਗਲਾਂ 'ਤੇ ਗਿਣੇ ਜਾਂਦੇ ਬੰਦੇ ਹੀ ਪੁੱਜੇ। ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਤੇਜਾ ਸਿੰਘ ਸਮੁੰਦਰੀ ਹਾਲ ਦੇ ਪ੍ਰਬੰਧ ਦੇਖਣ ਵਾਲੇ ਸਨ। ਇਤਿਹਾਸ

’ਚ ਇਹ ਪਹਿਲੀ ਵਾਰ ਹੋਇਆ ਕਿ ਸਮੁੱਚੀ ਕਾਰਵਾਈ ਵਿਚ ਕੇਵਲ ਸੱਦਾ ਪੱਤਰ ਲੈ ਕੇ ਆਏ ਨੁਮਾਇੰਦਿਆਂ ਨੂੰ ਹੀ ਸ਼ਾਮਲ ਹੋਣ ਦਿਤਾ ਗਿਆ ਅਤੇ ਪਹਿਲੀ ਵਾਰ ਸਾਰੇ ਸਮਾਗਮ ਤੋਂ ਮੀਡੀਆਂ ਨੂੰ ਦੂਰ ਰਖਿਆ ਗਿਆ। ਪੰਥਕ ਇਕੱਠ ’ਚ ਭਾਗ ਲੈਣ ਲਈ ਪੁੱਜੇ ਚਰਨਜੀਤ ਸਿੰਘ ਚੰਨੀ ਕਨਵੀਨਰ ਸ਼੍ਰੋਮਣੀ ਖ਼ਾਲਸਾ ਪੰਚਾਇਤ, ਭਾਈ ਜੋਗਿੰਦਰ ਸਿੰਘ ਫ਼ੌਜੀ, ਸ਼੍ਰੋਮਣੀ ਤੱਤ ਖ਼ਾਲਸਾ ਦੇ ਭਾਈ ਜਰਨੈਲ ਸਿੰਘ, ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਦੇ ਬਲਬੀਰ ਸਿੰਘ ਮੁੱਛਲ ਸਮੇਤ ਕਈ ਪੰਥਕ ਸ਼ਖ਼ੀਅਤਾਂ ਨੂੰ ਮੀਟਿੰਗ ਹਾਲ ’ਚ ਦਾਖ਼ਲ ਨਾ ਹੋਣ ਦਿਤਾ ਗਿਆ। ਉਕਤ ਆਗੂਆਂ ਨੇ ਸ਼੍ਰੋਮਣੀ ਕਮੇਟੀ ਦੀ ਇਸ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਵਿਰੋਧਤਾ ਕਰਦਿਆਂ ਕਿਹਾ ਕਿ ਸਾਨੂੰ ਇਹ ਬਿਲਕੁਲ ਆਸ ਨਹੀਂ ਕਿ ਮੀਟਿੰਗ ਵਿਚ ਕੋਈ ਉਸਾਰੂ ਕਦਮ ਚੁਕਿਆ ਜਾਵੇਗਾ। ਆਗੂਆਂ ਨੇ ਵਿਵਾਦਗ੍ਰਸਤ ਇਮਾਰਤ ਨੂੰ ਢਹਿ-ਢੇਰੀ ਕਰਨ ਦੀ ਲੋੜ ’ਤੇ ਜ਼ੋਰ ਦਿਤਾ। ਉਕਤ ਆਗੂਆਂ ਨੇ ਇਹ ਵੀ ਕਿਹਾ ਕਿ ਵਿਵਾਦਗ੍ਰਸਤ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਵਿੱਤਰ ਸਰੂਪ ਦੇ ਨਜ਼ਦੀਕ ਹੀ ਸੰਤ ਅਤਰ ਸਿੰਘ ਦੀ ਇਕ ਵੱਡੀ ਤਸਵੀਰ ਰੱਖੀ ਗਈ ਹੈ ਜਿਸ ਉਤੇ ਚੰਦੋਆ ਤਾਣਿਆ ਹੋਇਆ ਹੈ। ਸ਼੍ਰੋਮਣੀ ਤੱਤ ਖ਼ਾਲਸਾ ਦੇ ਭਾਈ ਜਰਨੈਲ ਸਿੰਘ ਨੇ ਦਸਿਆ ਕਿ ਗੱਲ ਬਿਲਡਿੰਗ ਦੀ ਨਹੀਂ, ਸਿਧਾਂਤ ਦੀ ਹੈ। ਕੇਵਲ ਜੈਕਾਰੇ ਛਡਣ ਵਾਲਿਆਂ ਨੂੰ ਸੱਦ ਕੇ ਪੰਥ ਦੇ ਫ਼ੈਸਲੇ ਨਹੀ ਲਏ ਜਾ ਸਕਦੇ। ਉਨ੍ਹਾਂ ਕਿਹਾ ਕਿ ਸੱਦੇ ਪੱਤਰ ਕੇਵਲ ਉਨ੍ਹਾਂ ਲੋਕਾਂ ਨੂੰ ਹੀ ਭੇਜੇ ਗਏ ਜੋ ਕੇਵਲ ਹਾਂ ’ਚ ਹਾਂ ਮਿਲਾਉਣ। ਤਕਰੀਬਨ ਸਾਢੇ ਤਿੰਨ ਘੰਟੇ ਤਕ ਪਾਣੀ ਵਿਚ ਮਧਾਣੀ ਪਾ ਕੇ ਰਿੜਕਣ ਤੋਂ ਬਾਅਦ ਮੁੱਖ ਸੇਵਾਦਾਰ ਨੇ ਅਪਣਾ ਫ਼ੈਸਲਾ ਪੰਥ ’ਤੇ ਥੋਪ ਦਿਤਾ। ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਲ ਖ਼ਾਲਸਾ ਦੇ ਸ. ਕੰਵਰਪਾਲ ਸਿੰਘ ਨੇ ਕਿਹਾ ਕਿ ਮੀਟਿੰਗ ਵਿਚ ਬਹੁਸੰਮਤੀ ਵਿਵਾਦਗ੍ਰਸਤ ਇਮਾਰਤ ਨੂੰ ਢਹਿ-ਢੇਰੀ ਕਰਨ ਦੇ ਹੱਕ ਵਿਚ ਸੀ ਪਰ ਜਥੇਦਾਰਾਂ ਨੇ ਪਹਿਲਾਂ ਤੋਂ ਲਏ ਫ਼ੈਸਲੇ ਨੂੰ ਪੰਥ ਸਾਹਮਣੇ ਰੱਖ ਦਿਤਾ। ਚੀਫ਼ ਖ਼ਾਲਸਾ ਦੀਵਾਨ ਦੇ ਸ. ਭਾਗ ਸਿੰਘ ਅਣਖੀ ਨੇ ਕਿਹਾ ਕਿ ਸੌਦਾ ਸਾਧ ਨੇ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਪੁਸ਼ਾਕ ਵਰਗੀ ਪੁਸ਼ਾਕ ਪਹਿਨੀ ਸੀ, ਜਿਸ ’ਤੇ ਪੰਥ ਵਿਚ ਵਾਵੇਲਾ ਮਚ ਗਿਆ। ਮਾਲਵੇ ਵਿਚ ਤਾਂ ਸਿੱਖਾਂ ਦੇ ਕੇਂਦਰੀ ਅਸਥਾਨ ਸ੍ਰੀ ਦਰਬਾਰ ਸਾਹਿਬ ਦੀ ਨਕਲ ਹੀ ਤਿਆਰ ਕਰ ਦਿਤੀ, ਜਿਸ ਨੂੰ ਸਿੱਖ ਕਦੇ ਵੀ ਬਰਦਾਸ਼ਤ ਨਹੀਂ ਕਰ ਸਕਦੇ। ਉਨ੍ਹਾਂ ਨੇ ਕਿਹਾ ਕਿ ਸ੍ਰੀ ਦਰਬਾਰ ਸਾਹਿਬ, ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਨਕਲ ਬਿਲਕੁਲ ਬਰਦਾਸ਼ਤ ਨਹੀ ਕੀਤੀ ਜਾ ਸਕਦੀ। ਅਖੰਡ ਕੀਰਤਨੀ ਜਥੇ ਦੇ ਭਾਈ ਆਰ.ਪੀ. ਸਿੰਘ ਨੇ ਕਿਹਾ ਕਿ ਮੀਟਿੰਗ ਵਿਚ ਸ਼ਾਮਲ 90 ਫ਼ੀ ਸਦੀ ਲੋਕ ਇਹ ਚਾਹੁੰਦੇ ਸਨ ਕਿ ਵਿਵਾਦਗ੍ਰਸਤ ਇਮਾਰਤ ਨੂੰ ਢਹਿ-ਢੇਰੀ ਕੀਤਾ ਜਾਵੇ ਪਰ ‘ਜਥੇਦਾਰਾਂ’ ਨੇ ਪੰਥਕ ਰਾਏ ਨੂੰ ਨਜ਼ਰ ਅੰਦਾਜ਼ ਕਰ ਦਿਤਾ।

ਅਕਾਲ ਤਖ਼ਤ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਗੁਰਬਚਨ ਸਿੰਘ ਵਲੋਂ ਸੱਦੇ ਇਕੱਠ ਵਿਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਸੇਵਾਦਾਰ ਗਿਆਨੀ ਤਰਲੋਚਨ ਸਿੰਘ, ਦਮਦਮਾ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਬਲਵੰਤ ਸਿੰਘ ਨੰਦਗੜ੍ਹ, ਤਖ਼ਤ ਸ੍ਰੀ





ਪਟਨਾ ਸਾਹਿਬ ਦੇ ਮੁੱਖ ਸੇਵਾਦਾਰ ਗਿਆਨੀ ਇਕਬਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਜਸਵਿੰਦਰ ਸਿੰਘ, ਗਿਆਨੀ ਜਗਤਾਰ ਸਿੰਘ, ਗਿਆਨੀ ਜਸਵੰਤ ਸਿੰਘ, ਗਿਆਨੀ ਸੁਖਜਿੰਦਰ ਸਿੰਘ ਸਮੇਤ ਬਾਬਾ ਨਿਹਾਲ ਸਿੰਘ ਹਰੀਆਂ ਵੇਲਾਂਵਾਲੇ, ਬਾਬਾ ਅਮਰੀਕ ਸਿੰਘ ਖੁਖਰੈਣਿ, ਬਾਬਾ ਦਿਆ ਸਿੰਘ ਟਾਹਲੀ ਸਾਹਿਬ, ਬਾਬਾ ਤੇਜਾ ਸਿੰਘ ਖੁਡਾ, ਬਾਬਾ ਜਗਤਾਰ ਸਿੰਘ ਕਾਰਸੇਵਾ ਵਾਲਿਆਂ ਵਲੋਂ ਬਾਬਾ ਜੋਗਾ ਸਿੰਘ, ਬਾਬਾ ਅਮੀਰ ਸਿੰਘ ਸਵੱਦੀਕਲਾਂ, ਬਾਬਾ ਮਾਨ ਸਿੰਘ ਮੜੀਆਂ ਵਾਲੇ, ਬਾਬਾ ਵੱਸਣ ਸਿੰਘ ਮੜੀਆਂ ਵਾਲੇ, ਬਾਬਾ ਅਵਤਾਰ ਸਿੰਘ ਸੁਰਸਿੰਘ ਵਾਲੇ, ਬਾਬਾ ਮਹਿੰਦਰ ਸਿੰਘ ਗੁਰੂ ਨਾਨਕ ਨਿਸ਼ਕਾਮ ਸੇਵਕ ਜਥਾ ਯੂ. ਕੇ., ਬਾਬਾ ਸੁਰਿੰਦਰ ਸਿੰਘ ਮਿੱਠਾ ਟਿਵਾਣਾ, ਦਮਦਮੀ ਟਕਸਾਲ ਵਲੋਂ ਬਾਬਾ ਮੁਖ਼ਤਿਆਰ ਸਿੰਘ ਮੁਖੀ, ਡਾ. ਹਰਜਿੰਦਰ ਸਿੰਘ ਦਿਲਗੀਰ, ਡਾ. ਜਸਬੀਰ ਸਿੰਘ ਸਾਬਰ, ਬਾਬਾ ਕਾਹਨ ਸਿੰਘ, ਅਖੰਡ ਕੀਰਤਨੀ ਜਥੇ ਦੇ ਭਾਈ ਬਖ਼ਸ਼ੀਸ਼ ਸਿੰਘ, ਭਾਈ ਆਰ. ਪੀ. ਸਿੰਘ, ਸੀਨੀਅਰ ਅਕਾਲੀ ਆਗੂ ਸ. ਸੁਖਦੇਵ ਸਿੰਘ ਢੀਂਡਸਾ, ਸ਼੍ਰੋਮਣੀ ਕਮੇਟੀ ਪ੍ਰਧਾਨ ਅਵਤਾਰ ਸਿੰਘ ਮੱਕੜ, ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ, ਜਨਰਲ ਸਕੱਤਰ ਸੁਖਦੇਵ ਸਿੰਘ ਭੌਰ, ਅੰਤ੍ਰਿੰਗ ਕਮੇਟੀ ਮੈਂਬਰ ਬਾਬਾ ਟੇਕ ਸਿੰਘ ਧਨੌਲਾ, ਸੁਖਵਿੰਦਰ ਸਿੰਘ ਝਬਾਲ, ਬੀਬੀ ਕਿਰਨਜੋਤ ਕੌਰ, ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ ਦੇ ਪ੍ਰਧਾਨ ਕਰਨੈਲ ਸਿੰਘ ਪੀਰ ਮੁਹੰਮਦ, ਦਲ ਖ਼ਾਲਸਾ ਦੇ ਕੰਵਰਪਾਲ ਸਿੰਘ, ਦਿੱਲੀ ਸਿੱਖ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਤਰਸੇਮ ਸਿੰਘ ਖ਼ਾਲਸਾ, ਬਾਬਾ ਸੁਰਜੀਤ ਸਿੰਘ ਦੁੱਗਾਂ, ਪ੍ਰਸ਼ੋਤਮ ਸਿੰਘ ਫੱਗੂਵਾਲਾ, ਬਾਬਾ ਸੇਵਾ ਸਿੰਘ ਖਡੂਰ ਸਾਹਿਬ ਵਾਲੇ, ਚੀਫ਼ ਖ਼ਾਲਸਾ ਦੀਵਾਨ ਵਲੋਂ ਚਰਨਜੀਤ ਸਿੰਘ ਚੱਡਾ, ਭਾਗ ਸਿੰਘ ਅਣਖੀ, ਖ਼ਾਲਸਾ ਪੰਚਾਇਤ ਵਲੋਂ ਭਾਈ ਰਜਿੰਦਰ ਸਿੰਘ ਆਦਿ ਸ਼ਾਮਲ ਹੋਏ। (ਰੋਜ਼ਾਨਾ ਸਪੋਕਸਮੈਨ : 21 ਜੂਨ, 2009)।

## 1980-95 ਦੇ ਸਮੇਂ ਦੇ ਸੱਚ ਨੂੰ, ਸਬੂਤਾਂ ਸਹਿਤ, ਅਗਲੀਆਂ ਪੀੜ੍ਹੀਆਂ ਲਈ ਸੰਭਾਲ ਕੇ ਦੇ ਜਾਣ ਵਾਲੇ ਦੋ ਹੀ ਨਾਇਕ ਹਨ ਜਿਨ੍ਹਾਂ ਦੀਆਂ ਯਾਦਗਾਰਾਂ ਕਾਇਮ ਹੋਣੀਆਂ ਚਾਹੀਦੀਆਂ ਹਨ...

1980-95 ਦਾ ਪੰਦਰਾਂ ਸਾਲ ਦਾ ਉਹ ਭਿਆਨਕ ਸਮਾਂ ਅਸੀ ਅਪਣੀਆਂ ਅੱਖਾਂ ਸਾਹਮਣੇ ਵਰਤੀਂਦਾ ਵੇਖਿਆ ਹੈ। ਇਸ ਵਿਚ ਭਾਗ ਲੈਣ ਵਾਲਿਆਂ ਅਤੇ ਅਪਣੇ ਸ੍ਰੀਰਾਂ ਦੇ ਠੀਕਰੇ ਭੰਨ ਕੇ ਆਹੂਤੀਆਂ ਦੇ ਜਾਣ ਵਾਲਿਆਂ ਬਾਰੇ ਗੱਲ ਅਕਸਰ ਹੁੰਦੀ ਰਹਿੰਦੀ ਹੈ। ਪਰ ਮੇਰਾ ਧਿਆਨ ਇਸ ਸਮੇਂ ਦੇ ਉਨ੍ਹਾਂ ਦੋ ਨਾਇਕਾਂ ਵਲ ਅਕਸਰ ਚਲਾ ਜਾਂਦਾ ਹੈ ਜੋ ਜੇ ਖ਼ਤਰੇ ਸਹੇੜ ਕੇ, ਸੱਚ ਦੇ ਡੂੰਘੇ ਸਮੁੰਦਰ ਦੀ ਤਹਿ ਤਕ ਆਪ ਚੁੱਭੀ ਨਾ ਮਾਰਦੇ ਤੇ ਸੱਚ ਨੂੰ, ਸਬੂਤਾਂ ਸਹਿਤ, ਅਗਲੀਆਂ ਪੀੜ੍ਹੀਆਂ ਦੇ ਹਵਾਲੇ ਕਰ ਕੇ ਨਾ ਜਾਂਦੇ ਤਾਂ ਬਾਕੀ ਸਾਰੇ ਦਾਅਵੇ ਤੇ ਲਿਖਤਾਂ, ਇਸ ਸੱਚ ਉਤੇ ਰਾਜ ਦੀ ਮਸ਼ੀਨਰੀ ਵਲੋਂ ਪਾਏ ਗਏ ਭਰਮ ਭੁਲੇਖਿਆਂ ਦੀ ਧੂੜ ਹੇਠ ਦੱਬ ਜਾਂਦੇ ਤੇ ਕਿੰਤੂ ਪ੍ਰੰਤੂ ਵੀ ਬਣੇ ਰਹਿੰਦੇ। ਪਹਿਲੇ ਸਨ ਸ. ਜਸਵੰਤ ਸਿੰਘ ਖਾਲੜਾ ਜਿਨ੍ਹਾਂ ਨੇ ਅਣਪਛਾਤੀਆਂ ਕਹਿ ਕੇ ਸਾੜ ਦਿਤੀਆਂ ਗਈਆਂ ਲਾਸ਼ਾਂ ਦਾ ਧੂੰਆਂ

ਵੀ ਖ਼ਤਮ ਹੋ ਚੁੱਕਣ ਮਗਰੋਂ, ਅਕੱਟ ਸਬੂਤਾਂ ਸਹਿਤ, ਦੋ ਸਰਹੱਦੀ ਜ਼ਿਲ੍ਹਿਆਂ ਦਾ ਸੱਚ ਪ੍ਰਗਟ ਕਰ ਕੇ, ਸ਼ਕਤੀਸ਼ਾਲੀ ਰਾਜ ਪ੍ਰਬੰਧ ਨੂੰ ਸ਼ਰਮਿੰਦਾ ਕਰ ਦਿਤਾ। ਸ਼ਰਮਿੰਦਾ ਹੋਏ ਰਾਜ ਪ੍ਰਬੰਧ ਨੇ, ਛਿੱਥੇ ਪੈ ਕੇ, ਖਾਲੜਾ ਨੂੰ ਖ਼ਤਮ ਕਰ ਕੇ ਸੋਚਿਆ ਕਿ ਇਸ ਤਰ੍ਹਾਂ ਸੱਚ ਸ਼ਾਇਦ ਫਿਰ ਤੋਂ ਝੂਠ ਦੀ ਧੂੜ ਹੇਠ ਛੁਪ ਕੇ ਰਹਿ ਜਾਏ।

ਇਸ ਸਮੇਂ ਦਾ ਦੂਜਾ ਨਾਇਕ, ਆਂਧਰਾ ਪ੍ਰਦੇਸ਼ ਦਾ ਜੰਮਪਲ ਰਾਮ ਨਾਰਾਇਣ ਕੁਮਾਰ ਸੀ ਜਿਸ ਦੀ ਮੌਤ ਪਿਛਲੇ ਹਫ਼ਤੇ ਹੀ ਕਠਮੰਡੂ (ਨੇਪਾਲ) ਵਿਚ ਹੋਈ ਹੈ। ਉਹ ਸੱਚ ਦੀ ਭਾਲ ਲਈ, ਕਈ ਅਦਾਰਿਆਂ ਤੇ ਜਥੇਬੰਦੀਆਂ (ਸਪੋਕਸਮੈਨ ਸਮੇਤ) ਵਲੋਂ ਰਲ ਕੇ ਬਣਾਈ ਗਈ ਕਮੇਟੀ ਦੇ ਕਨਵੀਨਰ ਬਣ ਕੇ ਅਪਣੇ ਕੰਮ ਵਿਚ ਜੁਟ ਗਏ। ਮੈਂ ਵੀ ਕੋਆਰਡੀਨੇਸ਼ਨ ਕਮੇਟੀ ਦੀਆਂ ਕਈ ਮੀਟਿੰਗਾਂ ਵਿਚ ਸ਼ਾਮਲ ਹੋਇਆ ਤੇ ਰਾਮ ਨਾਰਾਇਣ ਕੁਮਾਰ ਮੈਨੂੰ ਮਿਲਣ ਮੇਰੇ ਘਰ ਵੀ ਆਇਆ। ਉਸ ਨੇ ਖੁਲ੍ਹ ਕੇ ਮੰਨਿਆ ਕਿ ਉਸ ਨੂੰ ਸਿੱਖਾਂ ਉਤੇ ਹੋਏ ਜ਼ੁਲਮ ਨੇ ਪ੍ਰੇਰਿਆ ਕਿ ਉਹ ਦੁਨੀਆਂ ਦੀ ਇਕ ਅਤਿ ਬਹਾਦਰ ਕੌਮ ਵਜੋਂ ਮੰਨੇ ਜਾਂਦੇ ਇਨ੍ਹਾਂ ਲੋਕਾਂ ਵਿਚੋਂ, ਸਮਝਦਾਰ ਲੋਕਾਂ ਨਾਲ ਕੰਮ ਕਰਨ ਦਾ ਮਾਣ ਪ੍ਰਾਪਤ ਕਰੇ ਤੇ ਇਨ੍ਹਾਂ ਲਈ ਆਪ ਵੀ ਕੁੱਝ ਕਰੇ। ਉਸ ਨੇ ਭਾਰੀ ਖ਼ਤਰੇ ਸਹੇੜ ਕੇ, ਅਜਿਹਾ ਕੀਤਾ ਵੀ ਪਰ ਉਸ ਨੂੰ ਡਾਢਾ ਧੱਕਾ ਲੱਗਾ ਜਦ ਉਸ ਨੇ ਵੇਖਿਆ ਕਿ ਸਿੱਖਾਂ ਦੇ 'ਵਿਦਵਾਨ' ਅਖਵਾਉਂਦੇ ਲੋਕ ਵੀ, ਉਂਗਲੀ ਨੂੰ ਲਹੂ ਲਾ ਕੇ ਸ਼ਹੀਦ ਹੋਣਾ ਚਾਹੁੰਦੇ ਸਨ ਤੇ ਇਸ ਕਮਜ਼ੋਰੀ ਨੇ ਉਨ੍ਹਾਂ ਦਾ ਦਿਮਾਗ਼ੀ ਪੱਧਰ ਬਹੁਤ ਨੀਵਾਂ ਕਰ ਦਿਤਾ ਸੀ। ਉਸ ਦਾ ਗਿਲਾ ਸੀ ਕਿ ਸਿੱਖ ਵਿਦਵਾਨ, ਕੌਮ ਨੂੰ ਠੀਕ ਅਗਵਾਈ ਦੇਣ ਵਿਚ ਨਾਕਾਮ ਰਹੇ ਸਨ ਤੇ ਉਸ ਸਮੇਂ ਵੀ ਰਾਜਸੱਤਾ ਦੇ ਨੇੜੇ ਹੋਣ ਦੇ ਬਹਾਨੇ ਲਭਦੇ ਫਿਰਦੇ ਸਨ।

ਜ਼ੁਲਮ ਦਾ ਸ਼ਿਕਾਰ ਹੋਏ ਲੋਕਾਂ ਦੀਆਂ ਸੂਚੀਆਂ ਵੱਡੀ ਪੱਧਰ 'ਤੇ ਇਕੱਠੀਆਂ ਕਰ ਲਈਆਂ ਗਈਆਂ ਤੇ ਨਾਲ ਹੀ ਉਨ੍ਹਾਂ ਬਾਰੇ ਪੂਰੇ ਤੱਥ ਤੇ ਵੇਰਵੇ ਵੀ। ਇਹ ਕੰਮ ਉਸ ਨੇ ਗ਼ਰੀਬੜੇ ਤੇ ਅਗਿਆਤ ਜਹੇ ਮੁੰਡਿਆਂ ਦੀ ਮਦਦ ਨਾਲ ਕਰ ਲਿਆ। ਜਦ ਕਿਤਾਬ ਛੱਪ ਕੇ ਆਈ ਤਾਂ ਇਸ ਦੇ ਪਹਿਲੇ ਪੰਨੇ ਉਤੇ ਉਸ ਨੇ ਅਪਣਾ ਤੇ ਅਪਣੇ ਇਕ ਅਗਿਆਤ ਜਹੇ ਸਿੱਖ ਮੁੰਡੇ ਦਾ ਨਾਂ ਹੀ ਛਾਪਿਆ। 'ਚੌਧਰੀ' ਲੋਕ ਨਾਰਾਜ਼ ਹੋ ਗਏ ਕਿ ਉਸ ਨੇ ਕਿਤਾਬ ਵਿਚ ਉਨ੍ਹਾਂ ਦਾ ਜ਼ਿਕਰ ਤਕ ਵੀ ਨਹੀਂ ਸੀ ਕੀਤਾ। ਮੈਂ ਜਾਣਦਾ ਸੀ, ਉਸ ਨੇ ਅਜਿਹਾ ਕਿਉਂ ਕੀਤਾ ਸੀ। ਉਹ ਕੰਮ ਪੂਰਾ ਹੋਣ ਤਕ ਨਾਰਾਜ਼ ਤਾਂ ਕਿਸੇ ਨੂੰ ਨਹੀਂ ਸੀ ਕਰਨਾ ਚਾਹੁੰਦਾ ਪਰ ਉਂਜ ਜਾਣਦਾ ਸੀ ਕਿ ਉਹ ਸਾਰੇ ਹੀ ਬੰਦ ਕਮਰਿਆਂ ਵਿਚ ਗੱਲਾਂ ਕਰਨ ਵਾਲੇ ਲੋਕ ਸਨ ਤੇ ਤੱਤੀ ਥਾਂ 'ਤੇ ਪੈਰ ਰਖਣਾ ਨਹੀਂ ਸਨ ਜਾਣਦੇ। ਇਸ ਤਰ੍ਹਾਂ ਕਿਤਾਬ ਛਾਪ ਕੇ, ਉਸ ਨੇ ਉਂਗਲੀ ਤੇ ਲਹੂ ਲਾ ਕੇ ਸ਼ਹੀਦ ਬਣਨਾ ਚਾਹੁਣ ਵਾਲਿਆਂ ਨੂੰ ਉਨ੍ਹਾਂ ਦੀ ਅਸਲ ਥਾਂ ਵਿਖਾ ਦਿਤੀ। ਉਹ ਲੋਕ ਮੇਰੇ ਕੋਲ ਆਏ ਤੇ ਕਹਿਣ ਲੱਗੇ ਕਿ ਉਨ੍ਹਾਂ ਦੀਆਂ ਰੋਟੀਆਂ ਖਾ ਖਾ ਕੇ, ਰਾਮ ਨਾਰਾਇਣ ਕੁਮਾਰ ਨੇ ਉਨ੍ਹਾਂ ਨਾਲ ਦਗਾ ਕੀਤਾ ਹੈ ਤੇ ਸਾਰਾ ਜੱਸ ਆਪ ਲੈ ਗਿਆ ਹੈ। ਉਨ੍ਹਾਂ ਨੇ ਰਟੇ ਰਟਾਏ ਦੋਸ਼ ਵੀ ਉਸ ਉਤੇ ਮੜ੍ਹ ਦਿਤੇ ਕਿ ਉਹ 'ਏਜੰਸੀਆਂ' ਦਾ ਬੰਦਾ ਲਗਦਾ ਹੈ ਵਗ਼ੈਰਾ ਵਗ਼ੈਰਾ।





ਮੈਂ ਰਾਮ ਨਾਰਾਇਣ ਕੁਮਾਰ ਨਾਲ ਲੰਮਾ ਇੰਟਰਵੀਊ ਕਰ ਚੁੱਕਾ ਸੀ, ਇਸ ਲਈ ਮੈਂ ਜਾਣਦਾ ਸੀ ਕਿ ਉਹ ਕਿਵੇਂ ਸੋਚਦਾ ਸੀ। ਉਸ ਨਾਲ ਗੁੱਸੇ ਹੋਏ ਲੋਕਾਂ ਨੂੰ ਸ਼ਾਂਤ ਕਰਨ ਲਈ ਮੈਂ ਕਿਹਾ, "ਮੇਰੀ ਸੂਚਨਾ ਅਨੁਸਾਰ, ਰਾਮ ਨਾਰਾਇਣ ਕੁਮਾਰ ਨੇ ਜਿਹੜੇ ਕੇਸ ਖੋਜੇ ਸਨ, ਉਨ੍ਹਾਂ 'ਚੋਂ ਅੱਧੇ ਵੀ ਅਪਣੀ ਪੁਸਤਕ ਵਿਚ ਨਹੀਂ ਵਰਤੇ। ਬਾਕੀ ਦੀਆਂ ਸੂਚੀਆਂ ਤਾਂ ਅਜੇ ਵੀ ਕੰਪਿਊਟਰ ਵਿਚ ਦਰਜ ਹਨ ਤੇ ਕੰਪਿਊਟਰ ਤੁਹਾਡੇ ਕਬਜ਼ੇ ਵਿਚ ਹੈ।"

ਉਨ੍ਹਾਂ ਨੇ ਮੰਨਿਆ ਕਿ ਇਹ ਠੀਕ ਹੈ। ਮੈਂ ਕਿਹਾ, "ਫਿਰ ਤੁਸੀ ਉਸ ਨੂੰ ਨਿੰਦਣ ਦੀ ਬਜਾਏ, ਉਸ ਦੇ ਇਕੱਠੇ ਕੀਤੇ ਹੋਏ ਬਾਕੀ ਦੇ ਵੇਰਵੇ ਨਾਲ, ਜੋ ਤੁਹਾਡੇ ਕਬਜ਼ੇ ਵਿਚ ਹੈ, ਪੁਸਤਕ ਦਾ ਦੂਜਾ ਭਾਗ ਅਪਣੇ ਨਾਵਾਂ ਹੇਠ ਛਾਪ ਦਿਉ। ਇਸ ਤਰ੍ਹਾਂ ਤੁਸੀ ਵੀ ਉਸ ਦੇ ਕੀਤੇ ਕੰਮ ਦਾ ਕਰੈਡਿਟ ਆਪ ਲੈ ਸਕੋਗੇ ਤੇ ਇਤਿਹਾਸ ਵਿਚ ਤੁਹਾਡਾ ਨਾਂ ਵੀ ਅਮਰ ਹੋ ਜਾਏਗਾ। ਕੌਮ ਨੂੰ ਵਧੀਆ ਜਾਣਕਾਰੀ ਵੱਖ ਮਿਲ ਜਾਏਗੀ।"

ਉਨ੍ਹਾਂ ਮੇਰੀ ਗੱਲ ਸੁਣ ਤਾਂ ਲਈ ਪਰ ਅੱਜ ਤਕ ਉਹ ਸੂਚਨਾ ਕੰਪਿਊਟਰ 'ਚੋਂ ਬਾਹਰ ਨਹੀਂ ਕੱਢੀ। ਰਾਮ ਨਾਰਾਇਣ ਕੁਮਾਰ ਜਿੰਨੀ ਕੁ ਖੀਰ ਆਪ ਸਾਨੂੰ ਥਾਲੀ ਵਿਚ ਪਰੋਸ ਕੇ ਦੇ ਗਿਆ, ਉਹੀ ਸਾਡੇ ਕੋਲ ਹੈ ਤੇ ਬਾਕੀ ਜੋ ਉਹ ਹਾਂਡੀ ਵਿਚ ਛੱਡ ਗਿਆ, ਉਸ ਨੂੰ ਥਾਲੀ ਵਿਚ ਪਰੋਸਣ ਦੀ ਹਿੰਮਤ ਵੀ ਸਾਡੇ ਵਿਚ ਨਹੀਂ ਹੈ। ਇਧਰੋਂ ਜਦ ਉਸ ਨੂੰ ਭੰਡਿਆ ਜਾਣ ਲੱਗਾ ਤਾਂ ਉਹ ਇਹ ਕਹਿ ਕੇ ਇਥੋਂ ਚਲਾ ਗਿਆ ਕਿ 'ਚਲੋ ਜਿੰਨਾ ਮੈਂ ਕਰ ਦਿਤਾ, ਓਨਾ ਪ੍ਰਵਾਨ ਕਰੋ ਤੇ ਬਾਕੀ ਮੇਰਾ ਕੀਤਾ ਕੰਮ ਆਪ ਛਾਪ ਲਉ।"

ਇਸ ਸਬੰਧ ਵਿਚ ਰਾਮ ਨਾਰਾਇਣ ਕੁਮਾਰ ਨਾਲ ਮੇਰਾ ਇੰਟਰਵੀਊ, ਉਸ ਬਾਰੇ ਪਾਠਕਾਂ ਨੂੰ ਸੱਚ ਜਾਣਨ ਵਿਚ ਬੜਾ ਸਹਾਈ ਹੋਵੇਗਾ। ਇਹ ਉਦੋਂ ਮਾਸਕ ਸਪੋਕਸਮੈਨ ਦੇ ਨਵੰਬਰ 1998 ਦੇ ਅੰਕ ਵਿਚ ਛਪਿਆ ਸੀ। ਖਾਲੜਾ ਤੇ ਰਾਮ ਨਾਰਾਇਣ ਕੁਮਾਰ ਦੋ ਅਜਿਹੇ 'ਹੀਰੋ' ਹਨ ਜਿਨ੍ਹਾਂ ਦੀ ਵੱਡੀ ਯਾਦਗਾਰ ਸਿੱਖਾਂ ਨੂੰ ਜ਼ਰੂਰ ਬਨਾਉਣੀ ਚਾਹੀਦੀ ਹੈ ਤਾਕਿ ਦੁਨੀਆਂ ਨੂੰ ਪਤਾ ਲੱਗ ਸਕੇ ਕਿ ਇਹ ਚੰਗੇ ਲੋਕਾਂ ਦੇ ਅਹਿਸਾਨ ਨੂੰ ਭੁਲਾ ਦੇਣ ਵਾਲੀ ਕੌਮ ਨਹੀਂ ਤੇ ਯਾਦ ਰਖਣਾ ਵੀ ਜਾਣਦੀ ਹੈ। ਹੁਣ ਪੜ੍ਹੋ ਰਾਮ ਨਾਰਾਇਣ ਨਾਲ ਕੀਤਾ ਉਪਰ ਵਰਣਤ ਇੰਟਰਵੀਊ:

1984 ਤੋਂ ਸ਼ੁਰੂ ਹੋ ਕੇ, ਸਿੱਖਾਂ ਦੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਵੱਡੀ ਪੱਧਰ 'ਤੇ ਕੀਤੀ ਗਈ ਹੈ। ਪਾਰਲੀਮੈਂਟ, ਪ੍ਰੈੱਸ, ਸਿਆਸੀ ਪਾਰਟੀਆਂ ਅਤੇ ਬਹੁਗਿਣਤੀ ਕੌਮਾਂ ਨੇ ਨਾ ਸਿਰਫ਼ ਸਿੱਖਾਂ ਉਤੇ ਅਤਿਆਚਾਰ ਅਪਣੇ ਸਾਹਮਣੇ ਹੁੰਦੇ ਵੇਖ ਕੇ ਵੀ ਚੁੱਪ ਹੀ ਧਾਰੀ ਰੱਖੀ ਸਗੋਂ ਕਈ ਹਾਲਤਾਂ ਵਿਚ ਖ਼ੁਸ਼ੀ ਵੀ ਮਨਾਈ। ਇਸ ਸਮੇਂ ਦੌਰਾਨ, ਉਂਗਲਾਂ 'ਤੇ ਗਿਣੇ ਜਾਣ ਵਾਲੇ ਕੁੱਝ ਲੋਕ ਹੀ ਨਿਕਲੇ ਜਿਨ੍ਹਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਦਿਆਂ, ਕਦੇ ਨਵੰਬਰ 84 ਦੇ ਸਿੱਖ ਕਤਲੇਆਮ ਬਾਰੇ ਸਚਾਈ ਬਿਆਨ ਕਰਨ ਵਾਲੀਆਂ ਰੀਪੋਰਟਾਂ ਛਾਪੀਆਂ, ਕਦੇ ਪੰਜਾਬ ਵਿਚ ਆ ਕੇ ਸਹੀ ਹਾਲਾਤ ਦਾ ਜਾਇਜ਼ਾ ਲਿਆ ਅਤੇ ਐਮਨੈਸਟੀ ਇੰਟਰਨੈਸ਼ਨਲ ਸਮੇਤ, ਕਈ ਸੰਸਾਰ ਪੱਧਰ ਦੀਆਂ ਜਥੇਬੰਦੀਆਂ ਨੂੰ ਸੂਚਨਾ ਪਹੁੰਚਾਈ ਅਤੇ ਕਦੇ ਸੁਪ੍ਰੀਮ ਕੋਰਟ ਵਿਚ ਮਾਮਲਾ ਉਠਾਇਆ। ਇਹ ਥੋੜੇ ਕੁ ਲੋਕ ਹੀ ਸਨ ਜਿਨ੍ਹਾਂ ਨੇ

ਪੰਜਾਬ ਅਤੇ ਸਿੱਖਾਂ ਦੇ ਹੱਕ ਵਿਚ ਮਨੁੱਖੀ ਅਧਿਕਾਰਾਂ ਦਾ ਝੰਡਾ ਫੜੀ ਰਖਿਆ। ਕੇਂਦਰ ਸਰਕਾਰ ਨੇ ਪਾਰਲੀਮੈਂਟ ਦੇ ਅੰਦਰ ਵੀ ਤੇ ਬਾਹਰ ਵੀ ਇਨ੍ਹਾਂ ਨੂੰ ਅਪਣੇ ਗੁੱਸੇ ਦਾ ਨਿਸ਼ਾਨਾ ਬਣਾਇਆ। ਇਨ੍ਹਾਂ ਨੂੰ ਅਮਰੀਕੀ ਗੁਪਤ ਏਜੰਸੀ ਸੀ. ਆਈ. ਏ. ਦੇ ਏਜੰਟ ਵੀ ਕਿਹਾ ਗਿਆ ਅਤੇ ਹੋਰ ਵੀ ਕਈ ਤਰ੍ਹਾਂ ਦੇ ਦੋਸ਼ ਇਨ੍ਹਾਂ ਉਤੇ ਲਾਏ ਗਏ। ਇਨ੍ਹਾਂ 'ਚੋਂ ਹੀ ਇਕ, ਆਂਧਰਾ ਦੇ ਜੰਮਪਲ ਰਾਮ ਨਾਰਾਇਣ ਕੁਮਾਰ ਪੰਜਾਬ ਵਿਚ ਪਹਿਲੀ ਵਾਰ 1988 ਵਿਚ ਆਏ ਤੇ ਇਥੋਂ ਦੇ ਹਾਲਾਤ ਵੇਖਣ ਮਗਰੋਂ, ਪੰਜਾਬ ਵਿਚ ਹੋ ਰਹੇ ਜ਼ੁਲਮ ਦੀਆਂ ਗਵਾਹੀਆਂ ਇਕੱਠੀਆਂ ਕਰ ਕੇ ਉਨ੍ਹਾਂ ਨੂੰ ਕਿਤਾਬੀ ਰੂਪ ਦੇਣ ਦਾ ਫ਼ੈਸਲਾ ਕੀਤਾ। ਉਹ ਅਪਣੇ ਹੋਰਨਾਂ ਸਾਥੀਆਂ ਸਮੇਤ ਪੰਜਾਬ ਦੇ ਪਿੰਡਾਂ ਵਿਚ ਵੀ ਗਏ, ਉਥੇ ਸਰਕਾਰੀ ਦਹਿਸ਼ਤ ਦਾ ਸ਼ਿਕਾਰ ਹੋਏ ਲੋਕਾਂ ਨੂੰ ਮਿਲੇ ਅਤੇ ਉਨ੍ਹਾਂ ਮਨ ਬਣਾ ਲਿਆ ਕਿ ਇਸ ਲੜਾਈ ਬਾਰੇ ਸੱਚ ਦੁਨੀਆਂ ਸਾਹਮਣੇ ਲਿਆ ਕੇ ਰਹਿਣਾ ਹੈ। ਆਪ ਲਾਪਤਾ ਕੀਤੇ ਵਿਅਕਤੀਆਂ ਦਾ ਪਤਾ ਲਾਉਣ ਲਈ, ਸਪੋਕਸਮੈਨ ਸਮੇਤ, ਵੱਖ ਵੱਖ ਧੜਿਆਂ ਦੇ ਪ੍ਰਤੀਨਿਧਾਂ ਨੂੰ ਲੈ ਕੇ ਬਣਾਈ ਗਈ ਕੋਆਰਡੀਨੇਸ਼ਨ ਕਮੇਟੀ ਦੇ ਕਨਵੀਨਰ ਵੀ ਸਨ। ਇਸੇ ਕਮੇਟੀ ਨੇ 'ਪੀਪਲਜ਼ ਕਮਿਸ਼ਨ' ਕਾਇਮ ਕੀਤਾ। ਪੇਸ਼ ਹਨ ਉਨ੍ਹਾਂ ਨਾਲ ਕੀਤੀ ਗਈ ਭੇਂਟ-ਵਾਰਤਾ ਦੇ ਕੁੱਝ ਅੰਸ਼:

ਸਵਾਲ : ਕੁਮਾਰ ਸਾਹਿਬ, ਅਪਣੇ ਪਿਛੋਕੜ ਬਾਰੇ ਕੁੱਝ ਦੱਸੋ ?

ਜਵਾਬ : ਮੈਂ ਆਂਧਰਾ ਪ੍ਰਦੇਸ਼ ਦਾ ਰਹਿਣ ਵਾਲਾ ਹਾਂ। ਮੇਰੇ ਪਿਤਾ ਉਥੋਂ ਦੇ ਪ੍ਰਸਿਧ ਰਾਮਾਨੁਜ ਪੀਠ ਨਾਲ ਜੁੜੇ ਹੋਏ ਸਨ ਪਰ ਪੁਰਾਤਨਵਾਦੀ ਵਿਚਾਰਾਂ ਨਾਲ ਪੂਰੀ ਤਰ੍ਹਾਂ ਨਾ ਚਲ ਸਕਣ ਕਾਰਨ ਉਹ ਉਸ ਤੋਂ ਵੱਖ ਹੋ ਗਏ ਅਤੇ ਅਪਣਾ ਇਕ ਆਸ਼ਰਮ ਕਾਇਮ ਕਰ ਲਿਆ। ਮੈਂ ਅਪਣੇ ਪਿਤਾ ਦੇ ਵਿਚਾਰਾਂ ਨੂੰ ਵੀ ਪੁਰਾਤਨਵਾਦੀ ਸਮਝਦਾ ਸਾਂ, ਇਸ ਲਈ ਮੈਂ ਆਸ਼ਰਮਾਂ ਤੇ ਪੀਠਾਂ ਦੇ ਜੀਵਨ ਤੋਂ ਵੱਖ ਹੋ ਗਿਆ। ਮੈਂ ਇਕੱਲੇ ਵਿਅਕਤੀ ਦੀ ਮੁਕਤੀ ਦਾ ਰਾਹ ਧਾਰਨ ਕਰਨ ਦੀ ਬਜਾਏ ਵੱਡੇ ਯਥਾਰਥ ਵਲ ਵੇਖਦਾ ਸਾਂ। ਇਸੇ ਹੀ ਵਿਸ਼ੇ ਤੇ ਮੈਂ 'ਕਨਫ਼ਰੰਟਿੰਗ ਦਾ ਹਿੰਦੂ ਸਫ਼ਿਕਸ' ਨਾਂ ਦੀ ਪੁਸਤਕ ਡਾ. ਜੀਨ ਐਕੇਲੇ ਨਾਲ ਮਿਲ ਕੇ ਲਿਖੀ। ਮੈਂ ਉਨ੍ਹਾਂ ਲੋਕਾਂ ਵਲ ਖਿਚਿਆ ਗਿਆ ਜੋ ਮਨੁੱਖ ਦੇ ਕੁਦਰਤੀ ਅਧਿਕਾਰਾਂ ਨੂੰ ਪ੍ਰਵਾਨ ਕਰ ਕੇ ਸਮਾਜ ਨੂੰ ਬਦਲਣਾ ਚਾਹੁੰਦੇ ਸਨ। ਐਮਰਜੈਂਸੀ ਦੌਰਾਨ ਜਦੋਂ ਮਨੁੱਖੀ ਅਧਿਕਾਰਾਂ ਦਾ ਘਾਣ ਕੀਤਾ ਗਿਆ ਤਾਂ ਮੈਂ ਪਹਿਲੀ ਵਾਰ ਜੇਲ੍ਹ ਦੀ ਹਵਾ ਵੀ ਖਾਧੀ। ਦਿੱਲੀ ਦੀ ਤਿਹਾੜ ਜੇਲ੍ਹ ਵਿਚ ਪੰਜਾਬ ਦੇ ਸਾਬਕਾ ਸਿਖਿਆ ਮੰਤਰੀ ਸੁਖਜਿੰਦਰ ਸਿੰਘ ਵੀ ਮੇਰੇ ਨਾਲ ਸਨ। ਮੈਂ ਜੈ ਪ੍ਰਕਾਸ਼ ਨਾਰਾਇਣ ਨੂੰ ਮਿਲਿਆ ਪਰ ਮੈਨੂੰ ਉਸ ਵਿਚ ਉਹ ਦੂਰ-ਦ੍ਰਿਸ਼ਟੀ ਨਜ਼ਰ ਨਾ ਆਈ ਜੋ ਇਕ ਇਨਕਲਾਬੀ ਆਗੂ ਵਿਚ ਜ਼ਰੂਰ ਹੋਣੀ ਚਾਹੀਦੀ ਹੈ।

ਸਵਾਲ : ਪੰਜਾਬ ਬਾਰੇ ਦਿਲਚਸਪੀ ਲੈਣੀ ਤੁਸੀ ਕਦੋਂ ਤੋਂ ਸ਼ੁਰੂ ਕੀਤੀ ?

ਜਵਾਬ : ਇੰਦਰਾ ਗਾਂਧੀ ਦੀ ਹਤਿਆ ਤੋਂ ਬਾਅਦ ਦਿੱਲੀ ਵਿਚ ਸਿੱਖਾਂ ਨਾਲ ਜੋ ਕੁੱਝ ਵਾਪਰਿਆ, ਉਹ ਮੈਂ ਵੇਖਿਆ। ਪ੍ਰੇਸ਼ਾਨੀ ਇਸ ਗੱਲ ਦੀ ਸੀ ਕਿ ਏਨਾ ਕਹਿਰ ਵਰਤਦਾ ਵੇਖਣ ਮਗਰੋਂ ਵੀ ਲੋਕਾਂ ਦੀ ਹਮਦਰਦੀ ਸਿੱਖਾਂ ਨਾਲ ਨਹੀਂ ਸੀ। ਗੱਲਬਾਤ ਦੌਰਾਨ ਅਕਸਰ ਇਹੀ ਕਿਹਾ ਜਾਂਦਾ ਸੀ ਕਿ ਸਿੱਖਾਂ ਨਾਲ ਜੋ ਕੁੱਝ ਹੋਇਆ, ਉਸ ਦੇ ਉਹ ਪੂਰੀ ਤਰ੍ਹਾਂ





ਹੱਕਦਾਰ ਸਨ। ਉਹ ਲਗਭਗ ਉਹੀ ਗੱਲਾਂ ਸਿੱਖਾਂ ਸਬੰਧੀ ਕਰਦੇ ਸਨ ਜੋ ਹਿਟਲਰ ਦੇ ਸਮੇਂ ਜਰਮਨ ਲੋਕ, ਯਹੂਦੀਆਂ ਨੂੰ ਮਾਰਨ ਤੋਂ ਪਹਿਲਾਂ, ਯਹੂਦੀਆਂ ਬਾਰੇ ਕਰਦੇ ਸਨ। ਮੈਨੂੰ ਅਜਿਹੀ ਸੋਚ ਚੰਗੀ ਨਾ ਲਗੀ। ਅਸੀ ਦਿੱਲੀ ਵਿਚ 'ਕਮੇਟੀ ਫ਼ਾਰ ਇਨਫ਼ਰਮੇਸ਼ਨ ਔਨ ਪੰਜਾਬ" ਕਾਇਮ ਕਰ ਲਈ ਜਿਸ ਵਿਚ ਸਿੱਖ ਕੋਈ ਵੀ ਨਹੀਂ ਸੀ। ਤਪਨ ਬੋਸ, ਪ੍ਰੋ. ਸਤੀਸ਼ ਜੈਨ, ਨਿਤਿਆ ਰਾਮਾ ਕ੍ਰਿਸ਼ਨਨ, ਰਾਮ ਗੋਪਾਲ, ਅਸ਼ੋਕ ਅਗਰਵਾਲ ਅਤੇ ਪ੍ਰੋ. ਜੋਗੀਲਿੰਗਮ ਇਸ ਦੇ ਪ੍ਰਮੁੱਖ ਮੈਂਬਰ ਸਨ। ਇਸ ਕਮੇਟੀ ਨੇ ਪੰਜਾਬ ਦੀ ਸੱਚਾਈ ਪ੍ਰਗਟਾਉਣ ਵਾਲੀਆਂ ਕਈ ਰੀਪੋਰਟਾਂ ਤਿਆਰ ਕੀਤੀਆਂ ਅਤੇ ਐਮਨੈਸਟੀ ਇੰਟਰਨੈਸ਼ਨਲ ਸਮੇਤ, ਵਿਦੇਸ਼ਾਂ ਵਿਚ ਕੰਮ ਕਰਦੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਨੂੰ ਸੂਚਨਾ ਪਹੁੰਚਾਈ। 1988 ਵਿਚ ਅਸੀ 'ਪੰਜਾਬ ਵਿਚ ਸਰਕਾਰੀ ਅਤਿਵਾਦ' ਨਾਂ ਦੀ ਰੀਪੋਰਟ ਤਿਆਰ ਕੀਤੀ।

ਸਵਾਲ : ਕੀ ਇਨ੍ਹਾਂ ਰੀਪੋਰਟਾਂ ਨੂੰ ਪੜ੍ਹਨ ਮਗਰੋਂ ਦਿੱਲੀ ਵਿਚ ਲੋਕਾਂ ਦੀ ਸੋਚ ਵਿਚ ਕੁੱਝ ਤਬਦੀਲੀ ਆਈ ?

ਜਵਾਬ : ਮੈਂ ਅਕਸਰ ਸੁਣਿਆ ਕਰਦਾ ਸੀ ਕਿ ਹਿੰਦੂ ਸਮਾਜ ਵਿਚ ਬਰਦਾਸ਼ਤ ਕਰਨ ਦਾ ਮਾਦਾ ਬਹੁਤ ਜ਼ਿਆਦਾ ਹੈ। ਪਰ ਮੈਨੂੰ ਤਾਂ ਇਹ ਮਾਦਾ ਕਿਤੇ ਨਜ਼ਰ ਨਹੀਂ ਆਇਆ। ਮੇਰੇ ਜਿਹੜੇ ਸਾਥੀ ਐਮਰਜੈਂਸੀ ਵੇਲੇ ਤੋਂ ਹਰ ਸਮੇਂ ਮੇਰੀ ਸਹਾਇਤਾ ਕਰਦੇ ਸਨ, ਉਹ ਸਿੱਖਾਂ ਪ੍ਰਤੀ ਮੇਰੀ ਹਮਦਰਦੀ ਵੇਖ ਕੇ ਮੇਰੇ ਤੋਂ ਦੂਰ ਹੋਣੇ ਸ਼ੁਰੂ ਹੋ ਗਏ। ਇਨ੍ਹਾਂ ਵਿਚ ਕੁੱਝ ਮੰਨੇ ਪ੍ਰਮੰਨੇ ਲੇਖਕ ਅਤੇ ਸੰਪਾਦਕ ਵੀ ਸਨ।

ਸਵਾਲ : ਪੰਜਾਬ ਵਿਚ ਕੰਮ ਕਰਦਿਆਂ ਹੁਣ ਤੁਹਾਨੂੰ ਕਈ ਸਾਲ ਹੋ ਗਏ ਹਨ। ਏਥੇ ਤੁਹਾਡਾ ਤਜਰਬਾ ਕਿਹੋ ਜਿਹਾ ਰਿਹਾ ਹੈ ?

ਜਵਾਬ : ਸੱਚ ਪੁੱਛੋ ਤਾਂ ਪੰਜਾਬ ਤੋਂ ਮੈਨੂੰ ਬਹੁਤ ਆਸਾਂ ਸਨ। ਮੈਂ ਸੋਚਦਾ ਸਾਂ ਕਿ ਸਿੱਖ ਬੜੇ ਜੋਸ਼ੀਲੇ ਲੋਕ ਹਨ ਅਤੇ ਇਹ ਅਪਣੇ ਜ਼ਖ਼ਮਾਂ ਦਾ ਇਲਾਜ ਕਰਦੇ-ਕਰਦੇ, ਹੋਰ ਦੂਜੇ ਦੁਖੀਆਂ ਨੂੰ ਲਾਮਬੰਦ ਕਰਨ ਲਈ ਤਿਆਰ ਹੋ ਜਾਣਗੇ ਅਤੇ ਉਸ ਸੰਵਿਧਾਨ ਨੂੰ ਬਦਲ ਦੇਣ ਲਈ ਖੁਲ੍ਹੇ ਵਿਚਾਰ-ਵਟਾਂਦਰੇ ਦਾ ਰਾਹ ਪਧਰਾ ਕਰ ਦੇਣਗੇ ਜਿਸ ਵਿਚ 'ਡਾਂਗੋਕਰੇਸੀ' ਅਤੇ ਭੀੜ ਰਾਜ ਨੂੰ ਡੈਮੋਕ੍ਰੇਸੀ ਵਜੋਂ ਪੇਸ਼ ਕੀਤਾ ਗਿਆ ਹੈ।...ਬਦਕਿਸਮਤੀ ਨਾਲ, ਹੁਣ ਤਕ ਮੇਰੇ ਪੱਲੇ ਨਿਰਾਸ਼ਾ ਹੀ ਪਈ ਹੈ। ਸਿੱਖਾਂ ਦੇ ਲੀਡਰ ਕੁੱਝ ਪੁਲਸੀਆਂ ਨੂੰ ਸਜ਼ਾ ਦਿਵਾਉਣ ਨੂੰ ਹੀ ਅਪਣਾ ਨਿਸ਼ਾਨਾ ਮਿਥਦੇ ਹਨ। ਪੁਲਿਸ ਵਾਲਾ ਤਾਂ ਖ਼ੁਦ ਇਸ ਨਿਜ਼ਾਮ ਵਿਚ ਗ਼ੁਲਾਮ ਹੈ। ਉਹ ਛੋਟੇ-ਮੋਟੇ ਲਾਲਚ ਦੀ ਪੂਰਤੀ ਲਈ 'ਉੱਪਰ ਵਾਲੇ' ਦੇ ਹੁਕਮ ਦੀ ਪਾਲਣਾ ਕਰਨ ਲਈ ਮਜਬੂਰ ਹੈ। ਅਸਲ ਗੱਲ ਤਾਂ ਇਸ ਪ੍ਰਬੰਧ ਨੂੰ ਬਦਲਣ ਦੀ ਹੈ ਜਿਸ ਵਿਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰਨ ਦੀ ਗੱਲ ਕੋਈ ਸੋਚ ਹੀ ਨਾ ਸਕੇ, ਨਾ ਮਾਤਹਿਤ ਨੂੰ ਗ਼ਲਤ ਹੁਕਮ ਜਾਰੀ ਹੀ ਕਰ ਸਕੇ। ਸਿੱਖਾਂ ਦੇ ਆਗੂ ਅਸਲ ਸਮੱਸਿਆ ਨੂੰ ਸਮਝਣ ਵਿਚ ਬਿਲਕੁਲ ਅਸਮਰੱਥ ਸਾਬਤ ਹੋਏ ਹਨ।

ਸਵਾਲ : ਕੀ ਆਪ ਦਾ ਇਸ਼ਾਰਾ ਟੌਹੜਾ-ਬਾਦਲ ਵਲ ਤਾਂ ਨਹੀਂ ?

ਜਵਾਬ : ਨਹੀਂ, ਉਹ ਤਾਂ ਅਜਿਹੇ ਲੋਕਾਂ ਵਿਚੋਂ ਹਨ ਜਿਨ੍ਹਾਂ ਦਾ ਨਿਸ਼ਾਨਾ ਹਕੂਮਤ ਦੀ ਗੱਦੀ 'ਤੇ ਬੈਠ ਕੇ, ਪੁਰਾਣੇ ਰਈਸਾਂ ਵਾਂਗੂੰ ਐਸ਼ ਕਰਨਾ ਹੁੰਦਾ ਹੈ ਤੇ ਜਿਨ੍ਹਾਂ ਨੇ ਬਿਨਾਂ ਕੋਈ ਘਾਲਣਾ ਘਾਲਿਆਂ, ਮੌਜੂਦਾ ਪਦਵੀਆਂ ਪ੍ਰਾਪਤ ਕਰ ਲਈਆਂ। ਇਨ੍ਹਾਂ ਨੇ ਅਨੰਦਪੁਰ ਦੇ ਮਤੇ ਦੀ ਗੱਲ ਸ਼ੁਰੂ ਕੀਤੀ ਜੋ ਸਮੁੱਚੇ ਸੰਵਿਧਾਨ ਦੀ ਸੋਚ ਨੂੰ ਬਦਲਣ ਵਾਲਾ ਮਤਾ ਸੀ ਪਰ ਜਦੋਂ ਮੋਰਚਾ ਲਾਉਣ ਦੀ ਵਾਰੀ ਆਈ ਤਾਂ ਸੰਵਿਧਾਨ ਦੇ ਇਕ ਆਰਟੀਕਲ (25) ਨੂੰ ਬਦਲਣ ਲਈ ਹੀ ਸਾਰੀ ਤਾਕਤ ਲਾ ਦਿਤੀ। ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਨੇ ਇਹੀ ਕਿਹਾ ਸੀ ਕਿ ਉਹ ਅਨੰਦਪੁਰ ਸਾਹਿਬ ਦੇ ਮਤੇ ਤੋਂ ਕਿਸੇ ਨੂੰ ਪਿੱਛੇ ਨਹੀਂ ਹਟਣ ਦੇਣਗੇ। ਕੇਂਦਰ ਨੇ ਕੋਸ਼ਿਸ਼ ਕੀਤੀ ਕਿ ਦੂਜੇ ਅਕਾਲੀ ਆਗੂਆਂ ਵਾਂਗੂੰ ਉਹ ਵੀ ਸਿੱਖਾਂ ਸਾਹਮਣੇ ਅਨੰਦਪੁਰ ਮਤੇ ਦੀ ਗੱਲ ਕਰ ਲਿਆ ਕਰਨ ਪਰ ਉਂਜ ਇਸ 'ਤੇ ਡਟਣ ਨਾ ਪਰ ਸੰਤ ਭਿੰਡਰਾਂਵਾਲੇ ਅਜਿਹਾ ਕਰਨ ਲਈ ਤਿਆਰ ਨਾ ਹੋਏ। ਉਨ੍ਹਾਂ ਨੂੰ ਖ਼ਤਮ ਕਰ ਦਿਤਾ ਗਿਆ ਤੇ ਉਨ੍ਹਾਂ ਲੀਡਰਾਂ ਨੂੰ ਝਰੀਟ ਵੀ ਨਾ ਆਉਣ ਦਿਤੀ ਗਈ ਜਿਹੜੇ ਅਨੰਦਪੁਰ ਦਾ ਮਤਾ ਪਾਸ ਕਰਨ ਮਗਰੋਂ ਅਪਣੇ ਨਿਸ਼ਾਨੇ ਤੋਂ ਪਿੱਛੇ ਹਟਣ ਲਈ ਹਰਦੰਮ ਤਿਆਰ ਰਹਿੰਦੇ ਸਨ।...ਪਰ 'ਸਿੱਖਾਂ ਦੇ ਲੀਡਰਾਂ' ਤੋਂ ਮੇਰਾ ਮਤਲਬ ਇਨ੍ਹਾਂ ਸਿਆਸੀ ਲੀਡਰਾਂ ਤੋਂ ਨਹੀਂ ਸੀ ਸਗੋਂ ਮੇਰਾ ਮਤਲਬ ਉਨ੍ਹਾਂ ਸੂਝਵਾਨ ਲੋਕਾਂ ਤੋਂ ਹੈ ਜੋ ਮੌਜੂਦਾ ਪ੍ਰਬੰਧ ਦਾ ਇਕ ਨਵਾਂ ਬਦਲ ਲਭਣਾ ਚਾਹੁੰਦੇ ਹਨ, ਜੋ ਈਮਾਨਦਾਰ ਲੋਕ ਹਨ, ਜੋ ਮੌਜੂਦਾ ਸੰਘਰਸ਼ ਨੂੰ ਸਫ਼ਲਤਾ ਦੇ ਦਰਵਾਜ਼ੇ 'ਤੇ ਪਹੁੰਚਾ ਕੇ ਰਹਿਣਾ ਚਾਹੁਣਗੇ, ਜੋ 'ਜ਼ਿੰਦਾ ਰਹਿਣ ਦੇ ਅਧਿਕਾਰ' ਪ੍ਰਤੀ ਗੰਭੀਰ ਹਨ ਤੇ ਹਰ ਉਸ ਵਿਅਕਤੀ ਤੋਂ ਹਿਸਾਬ ਲੈਣ ਲਈ ਕਾਹਲੇ ਹਨ ਜਿਸ ਨੇ ਵੀ ਇਸ ਅਧਿਕਾਰ ਨੂੰ ਪੈਰਾਂ ਹੇਠ ਰੋਲਿਆ ਹੈ। ਮੈਨੂੰ ਇਨ੍ਹਾਂ ਲੋਕਾਂ ਦੀ ਹੀ ਮਦਦ ਚਾਹੀਦੀ ਹੈ।

ਸਵਾਲ : ਪੰਜਾਬ ਵਿਚ ਲਾਪਤਾ ਲੋਕਾਂ ਦਾ ਪਤਾ ਲਾਉਣ ਲਈ ਕੋਆਰਡੀਨੇਸ਼ਨ ਕਮੇਟੀ ਕਦੋਂ ਤੇ ਕਿਵੇਂ ਹੋਂਦ ਵਿਚ ਆਈ ?

ਜਵਾਬ : ਤਰਨ ਤਾਰਨ ਦੇ ਸਾਬਕਾ ਐਸ. ਪੀ. ਅਜੀਤ ਸਿੰਘ ਸੰਧੂ ਵਲੋਂ ਕੀਤੀ ਆਤਮ ਹਤਿਆ ਨੇ ਕੇ. ਪੀ. ਐਸ. ਗਿੱਲ ਅਤੇ ਮਨੁੱਖੀ ਅਧਿਕਾਰ ਵਿਰੋਧੀ ਦੂਜੇ ਅਨਸਰਾਂ ਨੂੰ ਇਹ ਸ਼ੋਰ ਮਚਾਉਣ ਦਾ ਬਹਾਨਾ ਦੇ ਦਿਤਾ ਕਿ ਮਨੁੱਖੀ ਅਧਿਕਾਰਾਂ ਦੀ ਗੱਲ ਕਰਨ ਵਾਲੇ, ਦੇਸ਼ ਦੇ ਦੁਸ਼ਮਣ ਹਨ ਅਤੇ ਦੇਸ਼ ਖ਼ਾਤਰ ਅਤਿਵਾਦੀਆਂ ਨਾਲ ਲੜਨ ਵਾਲੇ ਪੁਲਿਸ ਅਫ਼ਸਰਾਂ ਨੂੰ ਖ਼ੁਦਕੁਸ਼ੀ ਕਰਨ ਲਈ ਮਜਬੂਰ ਕਰਨ ਵਾਲੇ ਵੀ ਇਹੀ ਹਨ। ਸਾਰੇ ਦੇਸ਼ ਵਿਚ ਇਸ ਖ਼ੁਦਕੁਸ਼ੀ ਨੂੰ ਲੈ ਕੇ ਇਕ ਪ੍ਰਚਾਰ ਮੁਹਿੰਮ ਸ਼ੁਰੂ ਕਰ ਦਿਤੀ ਗਈ ਅਤੇ ਮਨੁੱਖੀ ਅਧਿਕਾਰਾਂ ਦੀ ਗੱਲ ਨੂੰ ਘਟੀਆ ਲੋਕਾਂ ਦਾ ਪ੍ਰਚਾਰ ਕਹਿ ਕੇ ਰੱਦ ਕੀਤਾ ਜਾਣ ਲੱਗਾ। ਇਕ ਚਿੰਤਾਜਨਕ ਸਥਿਤੀ ਪੈਦਾ ਹੋ ਗਈ। ਮੈਂ ਸੋਚਿਆ, ਮਨੁੱਖੀ ਅਧਿਕਾਰਾਂ ਲਈ ਲੜਨ ਵਾਲਿਆਂ ਨੂੰ ਵੱਖ-ਵੱਖ ਰਹਿ ਕੇ ਅਪਣੀ ਸ਼ਕਤੀ ਬਰਬਾਦ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੂੰ ਇਕ ਪਲੇਟਫ਼ਾਰਮ 'ਤੇ ਇਕੱਠੇ ਹੋ ਜਾਣਾ ਚਾਹੀਦਾ ਹੈ ਤੇ ਇਕੱਠੇ ਹੋ ਕੇ ਲੜਨਾ ਚਾਹੀਦਾ ਹੈ-ਜਿਵੇਂ ਉਨ੍ਹਾਂ ਦੇ ਵਿਰੋਧੀ ਇਕੱਠੇ ਹੋ ਗਏ ਸਨ। ਨਵੰਬਰ, 1997 ਵਿਚ ਬਹੁਤ ਸਾਰੀਆਂ ਮਨੁੱਖੀ ਅਧਿਕਾਰ ਜਥੇਬੰਦੀਆਂ ਦੇ ਨੁਮਾਇੰਦੇ ਲੈ ਕੇ ਅਸੀ ਲਾਪਤਾ ਵਿਅਕਤੀਆਂ





ਦਾ ਪਤਾ ਲਾਉਣ ਵਾਲੀ ਕੋਆਰਡੀਨੇਸ਼ਨ ਕਮੇਟੀ ਕਾਇਮ ਕਰ ਦਿਤੀ ਅਤੇ ਉਸ ਦਾ ਏਜੰਡਾ ਤਿਆਰ ਕਰ ਕੇ ਹਰ ਪਾਸੇ ਭੇਜ ਦਿਤਾ। ਏਜੰਡਾ ਇਹ ਸੀ :

(ੳ) ਜਬਰੀ ਲਾਪਤਾ ਕੀਤੇ ਵਿਅਕਤੀਆਂ ਦੇ ਹਰ ਇਕੱਲੇ ਮਾਮਲੇ ਬਾਰੇ ਤੱਥ ਅਤੇ ਸਬੂਤ ਇਕੱਤਰ ਕਰਨੇ।

(ਅ) ਇਨ੍ਹਾਂ ਮਾਮਲਿਆਂ ਵਿਚ ਰਾਜ ਦੇ ਹਰ ਅੰਗ ਦੀ ਭੂਮਿਕਾ ਦਾ ਨਿਤਾਰਾ ਕਰਨਾ-ਖ਼ਾਸ ਤੌਰ 'ਤੇ ਨਿਆਂਪਾਲਿਕਾ ਵਲੋਂ ਨਿਭਾਏ ਰੋਲ ਦਾ।

ਸਵਾਲ : ਨਿਆਂਪਾਲਿਕਾ ਦਾ ਖ਼ਾਸ ਤੌਰ 'ਤੇ ਜ਼ਿਕਰ ਕਿਉਂ ?

ਜਵਾਬ : ਲੋਕ-ਰਾਜੀ ਨਿਜ਼ਾਮ ਵਿਚ ਸਰਕਾਰ ਚਲਾ ਰਹੇ ਲੋਕ ਗ਼ਲਤ ਫ਼ੈਸਲੇ ਕਰਦੇ ਹਨ ਅਤੇ ਪੁਲਿਸ ਇਨ੍ਹਾਂ ਗ਼ਲਤ ਫ਼ੈਸਲਿਆਂ 'ਤੇ ਗ਼ਲਤ ਢੰਗ ਨਾਲ ਅਮਲ ਕਰਦੀ ਹੈ। ਇਨ੍ਹਾਂ ਦੁਹਾਂ ਨੂੰ ਕੋਈ ਨਹੀਂ ਰੋਕ ਸਕਦਾ-ਸਿਵਾਏ ਨਿਆਂਪਾਲਿਕਾ ਦੇ। ਅਦਾਲਤਾਂ ਦਾ ਫ਼ਰਜ਼ ਬਣਦਾ ਹੈ ਕਿ 'ਜ਼ਿੰਦਾ ਰਹਿਣ ਦੇ ਅਧਿਕਾਰ' ਨੂੰ ਜੋ ਕੋਈ ਵੀ ਚੁਨੌਤੀ ਦੇਵੇ, ਉਸ ਨੂੰ ਲੰਮੇ ਹੱਥੀਂ ਲਿਆ ਜਾਵੇ। ਜੇ ਇਸ ਅਧਿਕਾਰ ਨੂੰ ਸਰਕਾਰ ਅਤੇ ਪੁਲਿਸ ਨੇ ਪੈਰਾਂ ਹੇਠ ਰੋਲਣਾ ਜਾਰੀ ਰਖਿਆ ਤੇ ਜੁਡੀਸ਼ਰੀ ਨੇ ਸਰਕਾਰੀ ਫ਼ੈਸਲਿਆਂ ਦੀ ਤਾਈਦ ਕਰਨੀ ਜਾਰੀ ਰੱਖੀ ਤਾਂ ਇਨਸਾਫ਼ ਕਿਥੇ ਜਾਏਗਾ ? ਆਮ ਆਦਮੀ ਕਿਥੇ ਜਾਏਗਾ ਤੇ ਲੋਕਾਂ ਦੇ ਕੁਦਰਤੀ ਅਧਿਕਾਰ ਕਿਥੇ ਜਾਣਗੇ ?

ਸਵਾਲ : ਨਿਆਂਪਾਲਿਕਾ ਦੇ ਕਈ ਫ਼ੈਸਲੇ ਤਾਂ ਬੜੇ ਉਤਸ਼ਾਹ-ਵਰਧਕ ਹਨ ?

ਜਵਾਬ : ਨਹੀਂ, ਆਜ਼ਾਦੀ ਮਿਲਣ ਤੋਂ ਬਾਅਦ ਤੋਂ ਹੀ ਨਿਆਂਪਾਲਿਕਾ, ਕਾਨੂੰਨ ਦੀ ਪ੍ਰੀਭਾਸ਼ਾ ਸਰਕਾਰ ਦੀ ਮਰਜ਼ੀ ਅਨੁਸਾਰ ਕਰਨ ਦੀ ਆਦੀ ਰਹੀ ਹੈ। ਨਹਿਰੂ ਸਮੇਂ 1950 ਵਿਚ ਏ. ਕੇ. ਗੋਪਾਲਨ ਨੂੰ ਅਹਿਤਿਆਤੀ ਨਜ਼ਰਬੰਦੀ ਐਕਟ ਹੇਠ ਫੜ ਲਿਆ ਗਿਆ। ਅਦਾਲਤ ਨੇ ਸਰਕਾਰ ਦੇ ਹੱਕ ਵਿਚ ਫ਼ੈਸਲਾ ਦਿਤਾ। ਸਿਰਫ਼ ਜੱਜ ਫ਼ਜ਼ਲ ਅਲੀ ਨੇ ਅਪਣਾ ਵਿਰੋਧੀ ਨੋਟ ਲਿਖਿਆ। ਸਾਡੀ ਸੁਪ੍ਰੀਮ ਕੋਰਟ ਨੇ ਆਮ ਤੌਰ 'ਤੇ ਇਹੀ ਫ਼ੈਸਲਾ ਦਿਤਾ ਕਿ 'ਰਾਜ ਦੀ ਮਰਜ਼ੀ ਹੀ ਕਾਨੂੰਨ ਹੈ (Law is coterminus with the will of the State). ਏ. ਡੀ. ਐਮ. ਜਬਲਪੁਰ ਬਨਾਮ ਵੀ. ਐਸ. ਸ਼ੁਕਲਾ ਕੇਸ ਵਿਚ ਜਸਟਿਸ ਬੇਗ ਨੇ ਇਹ ਗੱਲ ਖੁਲ੍ਹ ਕੇ ਲਿਖੀ ਅਤੇ ਇਹ ਵੀ ਕਿਹਾ ਕਿ ਜੇ ਕੁਦਰਤ ਦਾ ਕੋਈ ਕਾਨੂੰਨ ਹੈ ਵੀ ਤਾਂ ਉਦੋਂ ਤਕ ਕਾਨੂੰਨ ਦੀ ਥਾਂ ਨਹੀਂ ਲੈ ਸਕਦਾ ਜਦੋਂ ਤਕ ਰਾਜ ਦੀ ਮਰਜ਼ੀ ਅਜਿਹੀ ਨਾ ਹੋਵੇ। (No natural rule, which may exist, forms part of the law unless identified with the will of the State of indicated. What the State wills is the co-terminus measure of law).

ਸਵਾਲ : ਅਮਲੀ ਤੌਰ 'ਤੇ ਇਸ ਦਾ ਅਰਥ ਕੀ ਹੋਇਆ ?

ਜਵਾਬ : ਅਮਲੀ ਤੌਰ 'ਤੇ ਇਸ ਦਾ ਅਰਥ ਹੋਇਆ ਕਿ ਪੁਲਿਸ ਦੇ ਬਿਆਨ ਸੁਣ

ਕੇ ਮਸ਼ੀਨ ਵਾਂਗੂੰ, ਆਮ ਆਦਮੀ ਨੂੰ ਕੋਈ ਰਾਹਤ ਦੇਣੋਂ ਨਾਂਹ ਕਰੀ ਜਾਊ। ਪਰ ਯਾਦ ਰਖਿਉ, ਜੇ ਨਿਆਂਪਾਲਿਕਾ ਅਤੇ ਸੰਸਦ ਨੇ ਅਪਣੇ ਫ਼ਰਜ਼ ਠੀਕ ਤਰ੍ਹਾਂ ਨਾ ਨਿਭਾਏ ਤਾਂ ਘੱਟ ਗਿਣਤੀਆਂ ਦਾ ਭਵਿੱਖ ਬੜਾ ਖ਼ਤਰਿਆਂ ਭਰਿਆ ਹੋ ਜਾਏਗਾ। ਅਸੀ ਸਿਰਫ਼ ਇਹ ਨਹੀਂ ਵੇਖਣਾ ਕਿ ਕਿੰਨੇ ਬੰਦੇ ਲਾਪਤਾ ਹੋਏ ਤੇ ਕਿੰਨੇ ਪੁਲਿਸੀਏ ਦੋਸ਼ੀ ਹਨ-ਸਗੋਂ ਇਹ ਤੱਥ ਇਕੱਤਰ ਕਰਨ ਮਗਰੋਂ ਇਹ ਵੀ ਵੇਖਣਾ ਹੈ ਕਿ ਜਿਨ੍ਹਾਂ ਦਾ 'ਜ਼ਿੰਦਾ ਰਹਿਣ ਦਾ ਅਧਿਕਾਰ' ਖੋਹਿਆ ਗਿਆ, ਉਨ੍ਹਾਂ ਪ੍ਰਤੀ ਪਾਰਲੀਮੈਂਟ ਅਤੇ ਨਿਆਂਪਾਲਿਕਾ ਦਾ ਕੀ ਰਵਈਆ ਸੀ। ਜਿਵੇਂ ਕਿ ਮੈਂ ਪਹਿਲਾਂ ਕਿਹਾ ਹੈ, ਨਿਆਂਪਾਲਿਕਾ ਦਾ ਰਵਈਆ ਬਹੁਤਾ ਆਸ ਬਨ੍ਹਾਉਣ ਵਾਲਾ ਨਹੀਂ ਰਿਹਾ। ਸਾਡੀ ਨਿਆਂਪਾਲਿਕਾ ਵਲੋਂ ਦਿਤੇ ਫ਼ੈਸਲਿਆਂ ਵਿਚ ਸੱਭ ਤੋਂ ਉੱਤਮ ਫ਼ੈਸਲੇ (ਲੋਕ-ਹਿਤੂ ਅਤੇ ਨਵੇਂ ਯੁੱਗ ਦੇ ਹਾਣ ਦੇ ਫ਼ੈਸਲੇ) ਉਹ ਸਨ ਜੋ ਜੱਜਾਂ ਦੀ ਬਹੁ-ਗਿਣਤੀ ਨੇ ਨਹੀਂ ਸਗੋਂ ਕੁੱਝ ਕੁ, ਅਸਹਿਮਤੀ ਪ੍ਰਗਟ ਕਰਨ ਵਾਲੇ ਜੱਜਾਂ ਨੇ ਦਿਤੇ। ਮਗਰੋਂ ਸਾਡੇ ਨਿਆਇਕ ਇਤਿਹਾਸ ਦੇ ਉੱਤਮ ਨਿਰਣੇ ਵੀ ਉਹੀ ਸਾਬਤ ਹੋਏ ਜਿਹੜੇ ਪਹਿਲਾਂ ਅਸਹਿਮਤੀ ਪ੍ਰਗਟ ਕਰਨ ਵਾਲੇ ਥੋੜੇ ਜੱਜਾਂ ਨੇ ਦਿਤੇ ਸਨ ਅਤੇ ਜਿਹੜੇ ਮਗਰੋਂ ਬਹੁਸੰਮਤੀ ਜੱਜਾਂ ਦੇ ਫ਼ੈਸਲਿਆਂ ਦਾ ਆਧਾਰ ਬਣੇ। 1984 ਮਗਰੋਂ ਨਿਰੋਲ ਸਿੱਖ ਕੇਸਾਂ ਵਿਚ ਅਦਾਲਤਾਂ ਨੇ ਜਿਹੜੇ ਫ਼ੈਸਲੇ ਲਿਖੇ, ਉਨ੍ਹਾਂ ਦੀ ਪੜਤਾਲ ਕਰਨ ਮਗਰੋਂ ਬੜਾ ਕੁੱਝ ਅਜਿਹਾ ਸਾਹਮਣੇ ਆ ਜਾਵੇਗਾ ਜਿਸ ਤੋਂ ਪਤਾ ਲੱਗੇਗਾ ਕਿ ਬੜੇ ਅਹਿਮ ਸਮੇਂ 'ਤੇ ਜੁਡੀਸ਼ਰੀ ਵੀ ਅਪਣਾ ਤਵਾਜ਼ਨ ਕਾਇਮ ਨਹੀਂ ਸੀ ਰੱਖ ਸਕੀ। ਕਿਹਰ ਸਿੰਘ ਨੂੰ ਇੰਦਰਾ ਕਤਲ ਕੇਸ ਵਿਚ ਫਾਂਸੀ 'ਤੇ ਬਿਨਾਂ ਕਸੂਰ ਹੀ ਚੜ੍ਹਾ ਦਿਤਾ ਗਿਆ। ਇਕ ਹੇਠਲੀ ਅਦਾਲਤ ਨੇ ਅਪਣੇ ਫ਼ੈਸਲੇ ਵਿਚ ਇਨ੍ਹਾਂ ਸ਼ਬਦਾਂ ਦੀ ਵੀ ਵਰਤੋਂ ਕੀਤੀ ਕਿ "ਇਹ ਲੋਕ ਕਿਸੇ ਨਰਮੀ ਦੇ ਹੱਕਦਾਰ ਨਹੀਂ।"

ਸਵਾਲ : ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਤਾਂ ਸ. ਖਾਲੜਾ ਵਲੋਂ ਦਾਖ਼ਲ ਕੀਤਾ 'ਲਾਵਾਰਸ ਲਾਸ਼ਾਂ' ਦਾ ਕੇਸ ਵੀ ਰੱਦ ਕਰ ਦਿਤਾ ਸੀ...?

ਜਵਾਬ : ਸੁਪ੍ਰੀਮ ਕੋਰਟ ਨੇ ਵੀ ਰੱਦ ਕਰ ਦੇਣਾ ਸੀ ਜੇਕਰ ਸ. ਖਾਲੜਾ ਨੇ ਆਪ ਅਪਣੀ ਕੁਰਬਾਨੀ ਨਾ ਦਿਤੀ ਹੁੰਦੀ। ਅੱਜ ਅਸੀ ਜੋ ਮਰਜ਼ੀ ਦਾਅਵੇ ਕਰੀਏ ਕਿ ਅਸੀ ਇਹ ਕੀਤਾ, ਅਸੀ ਔਹ ਕੀਤਾ ਪਰ ਸਚਾਈ ਇਹੀ ਹੈ ਕਿ ਜੇ ਸ. ਖਾਲੜਾ ਨੇ ਅਪਣੀ ਕੁਰਬਾਨੀ ਨਾ ਦਿਤੀ ਹੁੰਦੀ ਤਾਂ ਸੁਪ੍ਰੀਮ ਕੋਰਟ ਵਿਚ ਵੀ ਕੋਈ ਸੁਣਵਾਈ ਨਹੀਂ ਸੀ ਹੋਣੀ।

ਸਵਾਲ : ਇਹ ਜੋ ਸ਼ੋਰ ਪਾਇਆ ਜਾ ਰਿਹੈ ਕਿ ਪੀਪਲਜ਼ ਕਮਿਸ਼ਨ ਉਤੇ ਪਾਬੰਦੀ ਲਾ ਦਿਤੀ ਜਾਵੇ, ਇਸ ਬਾਰੇ ਕੀ ਕਹਿਣਾ ਚਾਹੋਗੇ?

ਜਵਾਬ : ਜਿਹੜੇ ਲੋਕਾਂ ਨੂੰ ਯਕੀਨ ਹੋ ਗਿਆ ਸੀ ਕਿ ਉਹ ਅਪਣੇ ਪਾਪਾਂ ਉਤੇ ਪਰਦਾ ਪਾਉਣ ਵਿਚ ਸਫ਼ਲ ਹੋ ਗਏ ਹਨ, ਉਨ੍ਹਾਂ ਨੂੰ ਲੱਗਣ ਲੱਗ ਪਿਆ ਹੈ ਕਿ ਕਮਿਸ਼ਨ ਉਨ੍ਹਾਂ ਦੇ ਪਾਪਾਂ ਉਤੋਂ ਪਰਦਾ ਚੁੱਕ ਦੇਵੇਗਾ। ਬੜੀਆਂ ਫ਼ਜ਼ੂਲ ਦਲੀਲਾਂ ਦਿਤੀਆਂ ਜਾ ਰਹੀਆਂ ਹਨ। ਅਸਲ ਵਿਚ ਦੇਸ਼ ਨੂੰ ਖ਼ਤਰਾ ਇਨ੍ਹਾਂ ਲੋਕਾਂ ਤੋਂ ਹੀ ਹੈ ਜੋ ਏਨੇ ਵੱਡੇ ਪੱਧਰ ਦੇ ਘੱਲੂਘਾਰੇ ਵਿਚ ਬੇਦੋਸ਼ਿਆਂ ਉਤੇ ਹੋਏ ਜ਼ੁਲਮਾਂ, ਥਾਣਿਆਂ ਵਿਚ ਬੰਦ ਕਰ ਕੇ ਮਾਰੇ ਗਏ





ਵਿਅਕਤੀਆਂ, ਜਬਰੀ ਲਾਪਤਾ ਕਰ ਕੇ ਖ਼ਤਮ ਕਰ ਦਿਤੇ ਨੌਜੁਆਨਾਂ ਅਤੇ 'ਲਾਵਾਰਸ' ਕਹਿ ਕੇ ਹਜ਼ਾਰਾਂ ਨੌਜੁਆਨਾਂ ਦੀਆਂ ਲਾਸ਼ਾਂ ਨੂੰ ਸਾੜ ਦੇਣ ਜਾਂ ਦਰਿਆਵਾਂ ਵਿਚ ਰੋੜ੍ਹ ਦੇਣ ਬਾਰੇ ਸੱਚ ਨੂੰ ਸਾਹਮਣੇ ਨਹੀਂ ਆਉਣ ਦੇਣਾ ਚਾਹੁੰਦੇ। ਲੋਕਾਂ ਦੀ ਘੱਟੋ ਘੱਟ ਮੰਗ ਇਹ ਹੁੰਦੀ ਹੈ ਕਿ ਉਨ੍ਹਾਂ ਨਾਲ ਜੋ ਜ਼ੁਲਮ ਹੋਇਆ ਹੈ, ਉਸ ਬਾਰੇ ਸੱਚ ਪ੍ਰਗਟ ਹੋਣ ਦਿਤਾ ਜਾਏ। ਜੇ ਲੋਕਾਂ ਦੀ ਇਹ ਘੱਟੋ-ਘੱਟ ਮੰਗ ਪੂਰੀ ਕਰਨ ਦੇ ਵੀ ਸਾਰੇ ਰਾਹ ਬੰਦ ਕਰ ਦਿਤੇ ਜਾਣ ਤਾਂ ਲੋਕਾਂ ਨੂੰ ਕਿਵੇਂ ਕਿਹਾ ਜਾ ਸਕਦਾ ਹੈ ਕਿ ਉਹ ਉਸ ਦੇਸ਼ ਜਾਂ ਸਮਾਜ ਦੇ ਵਫ਼ਾਦਾਰ ਹੋਣ ਜੋ ਉਨ੍ਹਾਂ ਨਾਲ ਹੋਏ ਧੱਕੇ ਬਾਰੇ ਘੱਟੋ ਘੱਟ ਮੰਗ ਵੀ ਪੂਰੀ ਨਹੀਂ ਹੋਣ ਦੇਣਾ ਚਾਹੁੰਦਾ? ਫ਼ਰਜ਼ ਤਾਂ ਇਹ ਸਰਕਾਰ ਦਾ ਬਣਦਾ ਸੀ ਕਿ ਲੱਖਾਂ ਲੋਕਾਂ ਉਪਰ ਹੋਏ ਜ਼ੁਲਮ ਬਾਰੇ ਸੱਚ ਲੱਭਣ ਦੀ ਪਹਿਲ ਆਪ ਕਰਦੀ ਪਰ ਜੇ ਸਰਕਾਰ ਇਸ ਵਿਚ ਨਾਕਾਮ ਰਹੀ ਹੈ ਤੇ ਲੋਕ ਕਮਿਸ਼ਨ ਇਹ ਖੱਪਾ ਪੂਰ ਰਿਹਾ ਹੈ ਤਾਂ ਉਸ ਦੀ ਵਿਰੋਧਤਾ ਕਰਨੀ ਜਾਂ ਉਸ ਉਤੇ ਪਾਬੰਦੀ ਲਾਉਣ ਦੀ ਮੰਗ ਕਰਨਾ ਦੇਸ਼ ਨਾਲ ਦੁਸ਼ਮਣੀ ਕਰਨ ਤੋਂ ਘੱਟ ਕਿਵੇਂ ਹੋ ਸਕਦਾ ਹੈ?

ਸਵਾਲ : ਕੋਆਰਡੀਨੇਸ਼ਨ ਕਮੇਟੀ ਵਿਚ ਕੁੱਝ ਮਤਭੇਦਾਂ ਦੀ ਗੱਲ ਸੁਣੀ ਜਾ ਰਹੀ ਹੈ...?

ਜਵਾਬ : ਨਹੀਂ, ਮਤਭੇਦ ਕੋਈ ਨਹੀਂ, ਪਰ ਇਕ ਦੋ ਵਿਅਕਤੀਆਂ ਦੀ ਰਾਏ ਹੈ ਕਿ ਜੁਡੀਸ਼ਰੀ ਦੇ ਰੋਲ ਬਾਰੇ ਕੋਈ ਗੱਲ ਨਹੀਂ ਕੀਤੀ ਜਾਣੀ ਚਾਹੀਦੀ, ਨਾ ਹੀ ਦੇਸ਼ ਵਿਚ ਲੋਕ ਰਾਜ ਦੀ ਹੋਂਦ ਬਾਰੇ ਕੋਈ ਸ਼ੰਕੇ ਪ੍ਰਗਟ ਕੀਤੇ ਜਾਣ। ਅਜਿਹੀ ਸੋਚ ਉਨ੍ਹਾਂ ਲੋਕਾਂ ਦੀ ਹੁੰਦੀ ਹੈ ਜੋ ਲਾਪਤਾ ਲੋਕਾਂ ਬਾਰੇ ਸੱਚ ਲੱਭਣ ਨੂੰ ਇਕ ਵਕਤੀ ਮਸਲਾ ਸਮਝਦੇ ਹਨ ਤੇ ਇਸ ਨੂੰ ਕਿਸੇ ਵੱਡੇ ਉਦੇਸ਼ ਨਾਲ ਜੋੜਨੋਂ ਘਬਰਾਉਂਦੇ ਹਨ। ਮੇਰਾ ਕਹਿਣਾ ਇਹ ਹੈ ਕਿ ਜੇ ਨਿਆਂਪਾਲਿਕਾ 'ਜ਼ਿੰਦਾ ਰਹਿਣ ਦੇ ਅਧਿਕਾਰ' ਦੀ ਰਾਖੀ ਠੀਕ ਤਰ੍ਹਾਂ ਕਰਦੀ ਅਤੇ ਜੇ ਲੋਕ-ਰਾਜ ਦੀ ਮੂੰਹ ਜ਼ਬਾਨੀ ਹਮਾਇਤ ਕਰਨ ਵਾਲੀਆਂ ਧਿਰਾਂ ਪੰਜਾਬ ਵਿਚ ਲੋਕ-ਰਾਜ ਦਾ ਦੀਵਾਲਾ ਨਿਕਲਣੋਂ ਰੋਕਣ ਦਾ ਯਤਨ ਕਰਦੀਆਂ ਤਾਂ ਉਹ ਹਾਲਾਤ ਪੈਦਾ ਨਹੀਂ ਸਨ ਹੋਣੇ ਜੋ ਪਿਛਲੇ 15 ਸਾਲਾਂ ਵਿਚ ਹੋਏ। ਹੁਣ ਵੀ ਜੇ ਅਸੀ ਕੁੱਝ ਦੋਸ਼ੀਆਂ ਵਿਰੁਧ ਕਾਰਵਾਈ ਕਰਨ ਅਤੇ ਜ਼ੁਲਮ ਦਾ ਸ਼ਿਕਾਰ ਹੋਣ ਵਾਲੇ ਲੋਕਾਂ ਨੂੰ ਰਾਹਤ ਦਿਵਾਉਣ ਤਕ ਹੀ ਅਪਣੇ ਆਪ ਨੂੰ ਮਹਿਦੂਦ ਕਰ ਲਿਆ ਤਾਂ ਇਹ ਹਾਲਾਤ ਮੁੜ ਵੀ ਪੈਦਾ ਹੋ ਸਕਦੇ ਹਨ। ਸਾਨੂੰ ਮਰਜ਼ ਦਾ ਇਲਾਜ ਇਸ ਤਰ੍ਹਾਂ ਕਰਨਾ ਚਾਹੀਦਾ ਹੈ ਕਿ ਇਹ ਮੁੜ ਨਾ ਹੋ ਸਕੇ। ਅਜਿਹਾ ਕਰਨ ਲਈ ਜੁਡੀਸ਼ਰੀ ਅਤੇ ਲੋਕ-ਰਾਜ ਦੇ ਕਥਿਤ ਰਾਖਿਆਂ ਨੂੰ ਕੌੜੀ ਦਵਾਈ ਦੀਆਂ ਇਕ-ਦੋ ਖ਼ੁਰਾਕਾਂ ਤਾਂ ਦੇਣੀਆਂ ਹੀ ਪੈਣਗੀਆਂ। ਪਰ ਇਸ ਦਾ ਉਨ੍ਹਾਂ ਨੂੰ ਨੁਕਸਾਨ ਨਹੀਂ, ਫ਼ਾਇਦਾ ਹੀ ਹੋਵੇਗਾ। ਇਸ ਲਈ ਘਬਰਾਉਣਾ ਬਿਲਕੁਲ ਨਹੀਂ ਚਾਹੀਦਾ।

ਸਵਾਲ : ਕੀ ਪੀਪਲਜ਼ ਕਮਿਸ਼ਨ ਵਰਗੇ ਗ਼ੈਰ-ਸਰਕਾਰੀ ਕਮਿਸ਼ਨ ਪਹਿਲਾਂ ਵੀ ਕਾਇਮ ਕੀਤੇ ਗਏ ਸਨ?

ਜਵਾਬ : ਹਾਂ, ਬਹੁਤ ਵਾਰੀ। ਕਈ ਵਾਰ ਸਰਕਾਰਾਂ ਕਮਿਸ਼ਨ ਬਨਾਉਣ ਤੋਂ ਇਨਕਾਰ ਕਰ ਦੇਂਦੀਆਂ ਹਨ ਜਿਵੇਂ ਹੁਣ ਬਾਦਲ ਸਰਕਾਰ ਨੇ ਇਨਕਾਰ ਕੀਤਾ ਹੈ। ਫਿਰ ਕਈ ਵਾਰ

ਸਰਕਾਰਾਂ ਕਮਿਸ਼ਨ ਦੇ ਮੈਂਬਰ ਅਜਿਹੇ ਲੋਕਾਂ ਨੂੰ ਬਣਾ ਦੇਂਦੀਆਂ ਹਨ ਜਿਨ੍ਹਾਂ ਤੋਂ ਇਨਸਾਫ਼ ਦੀ ਆਸ ਹੀ ਨਹੀਂ ਕੀਤੀ ਜਾ ਸਕਦੀ। ਉਦੋਂ ਲੋਕ ਕੀ ਕਰਨ? 1919 ਵਿਚ ਅੰਗਰੇਜ਼ ਸਰਕਾਰ ਨੇ ਹੰਟਰ ਕਮਿਸ਼ਨ ਬਣਾਇਆ ਸੀ। ਕਾਂਗਰਸ ਨੇ ਇਸ ਨੂੰ ਰੱਦ ਕਰ ਕੇ ਪੀਪਲਜ਼ ਕਮਿਸ਼ਨ ਬਣਾਇਆ ਜਿਸ ਦੇ ਮੈਂਬਰ ਸਨ ਸੀ. ਆਰ. ਦਾਸ, ਮੋਤੀ ਲਾਲ ਅਤੇ ਗਾਂਧੀ। ਇਸੇ ਤਰ੍ਹਾਂ ਅੰਗਰੇਜ਼ ਸਰਕਾਰ ਨੇ ਸਾਈਮਨ ਕਮਿਸ਼ਨ ਬਣਾਇਆ। ਇਸ ਨੂੰ ਕਾਲੇ ਝੰਡੇ ਵਿਖਾਏ ਗਏ ਤੇ ਇਸ ਦਾ ਬਾਈਕਾਟ ਕੀਤਾ ਗਿਆ। ਕਾਂਗਰਸ ਨੇ ਇਸ ਦੇ ਜਵਾਬ ਵਿਚ ਮੋਤੀ ਲਾਲ ਨਹਿਰੂ ਕਮਿਸ਼ਨ ਬਣਾਇਆ ਜਿਸ ਦੀਆਂ ਸਿਫ਼ਾਰਸ਼ਾਂ ਆਜ਼ਾਦ ਹਿੰਦੁਸਤਾਨ ਦੇ ਸੰਵਿਧਾਨ ਵਿਚ ਸ਼ਾਮਲ ਕੀਤੀਆਂ ਗਈਆਂ। ਇਸੇ ਤਰ੍ਹਾਂ 1944 ਵਿਚ ਕਾਇਮ ਕੀਤਾ ਗਿਆ ਆਲ-ਪਾਰਟੀ ਸਪਰੂ ਕਮਿਸ਼ਨ ਵੀ ਇਕ ਗ਼ੈਰ-ਸਰਕਾਰੀ ਕਮਿਸ਼ਨ ਹੀ ਸੀ। ਹੁਣੇ ਪਿਛੇ ਜਹੇ ਹੀ ਮਹਾਰਾਸ਼ਟਰ ਸਰਕਾਰ ਨੇ ਬੰਬਈ ਵਿਚ ਹੋਏ ਦੰਗਿਆਂ ਦੀ ਜਾਂਚ ਲਈ ਸ੍ਰੀ ਕ੍ਰਿਸ਼ਨ ਕਮਿਸ਼ਨ ਕਾਇਮ ਕੀਤਾ ਜਿਸ ਨੇ 3 ਸਾਲ ਵਿਚ ਅਪਣੀ ਰੀਪੋਰਟ ਮੁਕੰਮਲ ਕੀਤੀ ਜਦਕਿ ਉਸ ਦੇ ਮੁਕਾਬਲੇ ਲੋਕ-ਕਮਿਸ਼ਨ ਬਣਾਇਆ ਗਿਆ ਜਿਸ ਨੇ 6 ਮਹੀਨੇ ਵਿਚ ਹੀ ਅਪਣੀ ਰੀਪੋਰਟ ਤਿਆਰ ਕਰ ਕੇ ਦੇ ਦਿਤੀ। ਇਸ ਕਮਿਸ਼ਨ ਦੇ ਚੇਅਰਮੈਨ ਜਸਟਿਸ ਦਾਊਦ ਸਨ ਤੇ ਇਸ ਵਿਚ ਜਸਟਿਸ ਸੁਰੇਸ਼ ਵੀ ਸਨ ਜੋ ਹੁਣ ਪੰਜਾਬ ਦੇ ਪੀਪਲਜ਼ ਕਮਿਸ਼ਨ ਵਿਚ ਵੀ ਜੱਜ ਹਨ। ਪਹਿਲਾਂ ਕਦੇ ਕਿਸੇ ਗ਼ੈਰ-ਸਰਕਾਰੀ ਕਮਿਸ਼ਨ ਉਤੇ ਪਾਬੰਦੀ ਲਾਉਣ ਦੀ ਮੰਗ ਨਹੀਂ ਕੀਤੀ ਗਈ, ਨਾ ਹੀ ਇਹ ਵਾਹਿਯਾਤ ਦਲੀਲ ਦਿਤੀ ਗਈ ਕਿ ਮੁਕਾਬਲੇ ਦੀ ਜੁਡੀਸ਼ਰੀ ਖੜੀ ਕੀਤੀ ਜਾ ਰਹੀ ਹੈ।

ਸਵਾਲ : ਲਕਸ਼ਮੀ ਕਾਂਤਾ ਚਾਵਲਾ ਬੀਜੇਪੀ ਵਲੋਂ ਕਮਿਸ਼ਨ ਵਿਰੁਧ ਬਹੁਤ ਪ੍ਰਚਾਰ ਕਰ ਰਹੇ ਹਨ। ਕੁੱਝ ਕਹਿਣਾ ਚਾਹੋਗੇ?

ਜਵਾਬ : ਲਕਸ਼ਮੀ ਕਾਂਤਾ ਚਾਵਲਾ ਜੇ ਇਹ ਕਹਿਣ ਕਿ ਸਰਕਾਰੀ ਏਜੰਸੀਆਂ ਦੀ ਸਹਾਇਤਾ ਤੇ ਬੀਬੀ ਚਾਵਲਾ ਵਰਗਿਆਂ ਦੀਆਂ ਕੋਸ਼ਿਸ਼ਾਂ ਦੇ ਬਾਵਜੂਦ ਕੁੱਝ ਪੁਲਸੀਆਂ ਨੂੰ ਪੂਰਾ ਇਨਸਾਫ਼ ਨਹੀਂ ਮਿਲਿਆ ਤਾਂ ਮੈਂ ਇਹ ਗੱਲ ਮੰਨਣ ਲਈ ਤਿਆਰ ਹਾਂ। ਜੇ ਦੂਜੇ ਪਾਸੇ, ਜ਼ੁਲਮ ਦਾ ਸ਼ਿਕਾਰ ਹੋਣ ਵਾਲਿਆਂ ਦੀ ਏਨੀ ਵੱਡੀ ਗਿਣਤੀ ਨਾ ਹੁੰਦੀ ਤਾਂ ਸ਼ਾਇਦ ਮੈਂ ਆਪ ਵੀ ਪੁਲਿਸੀਆਂ ਨਾਲ ਹੋਏ ਕਥਿਤ ਧੱਕੇ ਬਾਰੇ ਪੂਰੀ ਛਾਣਬੀਣ ਕਰਦਾ। ਪਰ ਹੁਣ ਇਲਾਜ ਇਹੀ ਹੈ ਕਿ ਬੀਬੀ ਚਾਵਲਾ ਤੇ ਉਨ੍ਹਾਂ ਦੇ ਸਾਥੀ, ਪੁਲਿਸ ਵਾਲਿਆਂ ਨਾਲ ਹੋਏ ਕਥਿਤ ਧੱਕੇ ਦੀਆਂ ਮਿਸਾਲਾਂ ਇਕੱਤਰ ਕਰ ਕੇ ਉਸੇ ਤਰ੍ਹਾਂ, ਉਨ੍ਹਾਂ ਦੀ ਛਾਣਬੀਨ ਕਰਨ ਜਿਸ ਤਰ੍ਹਾਂ ਅਸੀ ਉਨ੍ਹਾਂ ਸ਼ਿਕਾਇਤਾਂ ਦੀ ਛਾਣਬੀਣ ਕਰ ਰਹੇ ਹਾਂ ਜਿਹੜੀਆਂ ਸਾਡੇ ਕੋਲ ਆਈਆਂ ਹਨ ਜਾਂ ਆ ਰਹੀਆਂ ਹਨ। ਜਦੋਂ ਉਨ੍ਹਾਂ ਨੂੰ ਯਕੀਨ ਹੋ ਜਾਏ ਕਿ ਪੁਲਿਸ ਨਾਲ ਹੋਈਆਂ ਜ਼ਿਆਦਤੀਆਂ ਦੀਆਂ ਕੁੱਝ ਮਿਸਾਲਾਂ ਅਕੱਟ ਸਬੂਤਾਂ ਸਮੇਤ ਤਿਆਰ ਹਨ ਤਾਂ ਉਹ ਇਨ੍ਹਾਂ ਨੂੰ ਪੀਪਲਜ਼ ਕਮਿਸ਼ਨ ਦੇ ਹਵਾਲੇ ਕਰਨ। ਕਮਿਸ਼ਨ ਇਨ੍ਹਾਂ ’ਤੇ ਵੀ ਗ਼ੌਰ ਕਰੇਗਾ। ਪਰ ਇਹ ਕਹਿਣਾ ਤਾਂ ਗ਼ਲਤ ਹੈ ਕਿ ਆਮ ਲੋਕਾਂ ਉਤੇ ਹੋਏ ਜ਼ੁਲਮਾਂ ਦੇ ਜਿਹੜੇ ਕੇਸ ਅਸੀ ਛਾਣਬੀਣ ਕਰਨ ਮਗਰੋਂ ਤਿਆਰ ਕੀਤੇ ਹਨ, ਉਹ ਸੁਣੇ ਹੀ ਨਾ ਜਾਣ।



ਲਾਸਾਨੀ ਇਨਕਲਾਬ

ਸਚਾਈ ਇਹ ਹੈ ਕਿ ਉਹ ਅਪਣੇ ਕੇਸ ਪੇਸ਼ ਨਹੀਂ ਕਰਨਾ ਚਾਹੁੰਦੇ, ਬਸ ਸਿੱਖਾਂ ਦੀ ਆਵਾਜ਼ ਦਬਾਉਣਾ ਚਾਹੁੰਦੇ ਹਨ। ਕੀ ਇਹੀ ਤਰੀਕਾ ਹੈ ਸਿੱਖਾਂ ਨੂੰ ਹਿੰਦੁਸਤਾਨ ਦੇ ਵਫ਼ਾਦਾਰ ਬਣਾਈ ਰੱਖਣ ਦਾ ਕਿ ਉਨ੍ਹਾਂ ਦੇ ਦੋ ਲੱਖ ਬੰਦੇ ‘ਲਾਵਾਰਸ’ ਕਹਿ ਕੇ ਮਾਰ ਵੀ ਲਉ, ਘਰੋਂ ਚੁੱਕ ਕੇ ਲਾਪਤਾ ਵੀ ਕਰ ਲਉ ਤੇ ਹੋਰਨਾਂ ਨੂੰ ਅੰਨ੍ਹੇ ਜ਼ੁਲਮ ਦਾ ਸ਼ਿਕਾਰ ਵੀ ਬਣਾ ਲਉ ਪਰ ਉਨ੍ਹਾਂ ਨੂੰ ਅਪਣੀ ਗੱਲ ਕਹਿਣ ਦਾ ਕੋਈ ਮੌਕਾ ਨਾ ਦਿਉ ਤੇ ਇਨਸਾਫ਼ ਪ੍ਰਾਪਤ ਕਰਨ ਦੇ ਸਾਰੇ ਦਰਵਾਜ਼ੇ ਉਨ੍ਹਾਂ ਲਈ ਬੰਦ ਕਰ ਦਿਉ? ਅਜਿਹਾ ਸੋਚਣ ਵਾਲੇ ਹੀ ਅਸਲ ਵਿਚ ਹਿੰਦੁਸਤਾਨ ਦੇ ਸੱਭ ਤੋਂ ਵੱਡੇ ਵੈਰੀ ਹਨ ਤੇ ਜੇ ਇਹ ਕਾਮਯਾਬ ਹੋ ਗਏ ਤਾਂ ਹਿੰਦੁਸਤਾਨ ਲਈ ਸੱਭ ਤੋਂ ਮਾੜੀ ਗੱਲ ਹੋਵੇਗੀ। ਜੇ ਮੇਰੇ ਖ਼ਦਸ਼ੇ ਠੀਕ ਨਹੀਂ ਤਾਂ ਬੀਬੀ ਚਾਵਲਾ ਕਮਿਸ਼ਨ ਨੂੰ ਸਹਿਯੋਗ ਦੇਣ ਅਤੇ ਜਿਹੜੇ ਕੇਸ ਅਸੀ ਪੇਸ਼ ਕਰਨੋਂ ਰਹਿ ਜਾਈਏ, ਉਹ ਉਨ੍ਹਾਂ ਬਾਰੇ ਤੱਥ ਕਮਿਸ਼ਨ ਨੂੰ ਦੇਣ।

ਸਵਾਲ : ਕਮਿਸ਼ਨ ਵਿਰੁਧ ਹਾਈ ਕੋਰਟ ਵਿਚ ਵੀ ਕੇਸ ਦਾਖ਼ਲ ਕੀਤਾ ਗਿਆ ਹੈ। ਫ਼ਰਜ਼ ਕਰੋ, ਸਰਕਾਰ ਜਾਂ ਅਦਾਲਤ ਇਸ ਉਤੇ ਪਾਬੰਦੀ ਲਾ ਦੇਂਦੀ ਹੈ ਤਾਂ ਫਿਰ ਕੀ ਹੋਵੇਗਾ?

ਜਵਾਬ : ਮੈਨੂੰ ਨਹੀਂ ਲਗਦਾ ਕਿ ਅਜਿਹੀ ਪਾਬੰਦੀ ਲਾਉਣ ਦੀ ਗ਼ਲਤ ਪਿਰਤ ਸ਼ੁਰੂ ਕੀਤੀ ਜਾਵੇਗੀ। ਇਸ ਨਾਲ ਹਿੰਦੁਸਤਾਨ ਵਿਚ ਆਮ ਵਿਅਕਤੀ ਦੇ ਮਨੁੱਖੀ ਅਧਿਕਾਰਾਂ ’ਤੇ ਵੀ ਸੱਟ ਵੱਜੇਗੀ ਤੇ ਘੱਟ-ਗਿਣਤੀਆਂ ਦੇ ਮਨਾਂ ਵਿਚ ਹੋਰ ਵੀ ਰੋਸ ਵਧੇਗਾ। ਪਰ ਜਿਥੋਂ ਤਕ ਪੰਜਾਬ ਵਿਚ ਹੋਏ ਅਣ-ਮਨੁੱਖੀ ਤਸ਼ੱਦਦ ਦੀ ਰੀਪੋਰਟ ਤਿਆਰ ਕਰਨ ਦਾ ਮਾਮਲਾ ਹੈ, ਅਸੀ ਏਨਾ ਕੰਮ ਕਰ ਲਿਆ ਹੈ ਤੇ ਏਨੀ ਵਧੀਆ ਗਵਾਹੀ ਇਕੱਤਰ ਕਰ ਲਈ ਹੋਈ ਹੈ ਕਿ ਉਸ ਉਤੇ ਕਿਸੇ ਪਾਬੰਦੀ ਦਾ ਕੋਈ ਅਸਰ ਨਹੀਂ ਹੋਵੇਗਾ। ਉਸ ਹਾਲਤ ਵਿਚ ਸਾਰੇ ਦਸਤਾਵੇਜ਼ਾਂ ਅਤੇ ਸਬੂਤਾਂ ਨੂੰ ਇਕੱਠਾ ਕਰ ਕੇ ਮੈਂ ਆਪ ਇਕ ਗ੍ਰੰਥ ਤਿਆਰ ਕਰਾਂਗਾ ਜੋ ਜ਼ੁਲਮ ਦੇ ਉਸ ਦੌਰ ਦੀ ਕਹਾਣੀ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁਣਾਏਗਾ। ਮੈਂ ਸਗੋਂ ਉਸ ਵਿਚ ਉਹ ਕੁੱਝ ਵੀ ਦੇਵਾਂਗਾ, ਜੋ ਕਮਿਸ਼ਨ ਨੇ ਨਹੀਂ ਦੇ ਸਕਣਾ। ਮੈਂ 1947 ਤੋਂ ਪਹਿਲਾਂ ਸਿੱਖਾਂ ਨਾਲ ਕੀਤੇ ਵਾਅਦੇ ਵੀ ਦਰਜ ਕਰਾਂਗਾ ਤੇ 1947 ਮਗਰੋਂ ਵਾਅਦੇ ਤੋੜਨ ਦੀ ਕਹਾਣੀ ਵੀ। ਮੈਂ ਜੁਡੀਸ਼ਰੀ ਦੇ ਰੋਲ ਬਾਰੇ ਵੀ ਵਿਸਥਾਰ ਨਾਲ ਚਾਨਣਾ ਪਾਵਾਂਗਾ ਤੇ ਉਨ੍ਹਾਂ ਸਾਰਿਆਂ ਬਾਰੇ ਲਿਖਾਂਗਾ ਜਿਹੜੇ ਇਸ ਦੁਖਾਂਤ ਲਈ ਜ਼ਿੰਮੇਵਾਰ ਹਨ।

ਸਵਾਲ : ਤੁਸੀ ਪਹਿਲਾਂ ਵੀ ਪੰਜਾਬ ਬਾਰੇ ਪੁਸਤਕਾਂ ਲਿਖ ਚੁੱਕੇ ਹੋ?

ਜਵਾਬ : ਹਾਂ, 1991 ਵਿਚ ਪੰਜਾਬ ਬਾਰੇ ਮੇਰੀ ਪਹਿਲੀ ਕਿਤਾਬ ਛਪੀ ਸੀ “ਸਿੱਖ ਸਟ੍ਰਗਲ-ਓਰੀਜਨ, ਐਵੋਲੂਸ਼ਨ ਐਂਡ ਪ੍ਰੈਜ਼ੈਂਟ ਫ਼ੇਜ਼”। ਇਹ ਚਾਣਕਿਯਾ ਪਬਲੀਕੇਸ਼ਨ ਨੇ ਛਾਪੀ ਸੀ। ਮੇਰੀ ਦੂਜੀ ਕਿਤਾਬ “ਦਾ ਸਿੱਖ ਅਨਰੈਸਟ ਐਂਡ ਦਾ ਇੰਡੀਅਨ ਸਟੇਟ-ਪੋਲੀਟਿਕਸ, ਪ੍ਰਸਨੈਲਿਟੀਜ਼ ਐਂਡ ਹਿਸਟੋਰੀਕਲ ਰੀਟਰੋਸਪੈਕਟਿਵ” 1997 ਵਿਚ ਛਪੀ ਸੀ।

ਸਵਾਲ : ਖ਼ਰਚਾ ਤਾਂ ਤੁਹਾਡਾ ਬਹੁਤ ਹੋ ਜਾਂਦਾ ਹੋਵੇਗਾ। ਰੁਪਏ-ਪੈਸੇ ਦਾ ਪ੍ਰਬੰਧ ਕਿਵੇਂ ਕਰਦੇ ਹੋ ?

ਜਵਾਬ : ਅਸੀ ਮਨੁੱਖੀ ਅਧਿਕਾਰਾਂ ਦੇ ਹਮਾਇਤੀਆਂ ਕੋਲੋਂ ਮਦਦ ਲੈ ਕੇ ਹੀ ਕੰਮ ਚਲਾਂਦੇ ਹਾਂ ਪਰ ਅੱਜ ਤਕ ਇਕ ਵੀ ਪੈਸਾ 'ਬਲੈਕ' ਦਾ ਜਾਂ ਵਿਦੇਸ਼ਾਂ ਤੋਂ ਨਹੀਂ ਲਿਆ। ਚੈੱਕ ਰਾਹੀਂ ਪੈਸਾ ਲੈਂਦੇ ਹਾਂ ਅਤੇ ਇਕ ਇਕ ਪੈਸੇ ਦਾ ਹਿਸਾਬ ਰਖਦੇ ਹਾਂ। ਡਾ. ਸੁਖਜੀਤ ਕੌਰ ਪਾਈ-ਪਾਈ ਦਾ ਹਿਸਾਬ ਰੱਖਣ ਵਿਚ ਮਾਹਰ ਹਨ। ਸਾਡੇ ਸਾਰੇ ਵਰਕਰ ਬੜੇ ਹਿੰਮਤੀ ਅਤੇ ਉਤਸ਼ਾਹੀ ਹਨ। ਕਈ ਵਾਰ ਰੁਪਏ-ਪੈਸੇ ਦੀ ਤੰਗੀ ਪ੍ਰੇਸ਼ਾਨ ਵੀ ਬਹੁਤ ਕਰਦੀ ਹੈ ਤੇ ਸਾਡੇ ਵਰਕਰਾਂ ਨੂੰ ਅਪਣਾ ਭਾਰ ਆਪ ਹੀ ਚੁਕਣਾ ਪੈਂਦਾ ਹੈ। ਲਾਪਤਾ ਲੋਕਾਂ ਦਾ ਪਤਾ ਲਾਉਣ ਲਈ ਦੂਰ ਪਿੰਡਾਂ ਵਿਚ ਸਾਡੇ ਵਰਕਰ ਜਾਂਦੇ ਹਨ ਅਤੇ ਬੜੀ ਮਿਹਨਤ ਨਾਲ ਸਬੂਤ ਇਕੱਠੇ ਕਰਦੇ ਹਨ। ਕਈ ਵਾਰ ਵਰਕਰਾਂ ਨੂੰ ਪੁਲਿਸ ਹੱਥੋਂ ਵੀ ਬਹੁਤ ਤੰਗ ਹੋਣਾ ਪਿਆ ਹੈ। ਪੀਪਲਜ਼ ਕਮਿਸ਼ਨ ਦੇ ਸਬੰਧ ਵਿਚ ਸਾਰਾ ਖ਼ਰਚਾ ਵੀ ਇਸ ਤਰ੍ਹਾਂ ਹੀ ਕੋਆਰਡੀਨੇਸ਼ਨ ਕਮੇਟੀ ਨੂੰ ਝਲਣਾ ਪੈ ਰਿਹਾ ਹੈ। ਪਰ ਅਸਾਂ ਨੇ ਕਿਸੇ ਵੀ ਵਿਅਕਤੀ ਨੂੰ ਰੁਪਿਆ ਇਕੱਤਰ ਕਰਨ ਦਾ ਅਧਿਕਾਰ ਨਹੀਂ ਦਿਤਾ। ਚੈੱਕ ਰਾਹੀਂ ਜਾਂ ਬੈਂਕ ਰਾਹੀਂ, ਰਸੀਦ ਪ੍ਰਾਪਤ ਕਰ ਕੇ ਸਿੱਧਾ ਕੋਆਰਡੀਨੇਸ਼ਨ ਕਮੇਟੀ ਦੇ ਦਫ਼ਤਰ ਵਿਚ ਪੈਸੇ ਦਿਤੇ ਜਾ ਸਕਦੇ ਹਨ। 'ਸਪੋਕਸਮੈਨ' ਦੇ ਪਾਠਕ ਵੀ ਚੈੱਕ ਜਾਂ ਬੈਂਕ ਡਰਾਫ਼ਟ ਰਾਹੀਂ ਕੋਈ ਮਦਦ ਦੇਣਾ ਚਾਹੁਣ ਤਾਂ ਸਾਨੂੰ 'ਦਾ ਕਮੇਟੀ ਫ਼ਾਰ ਕੋਆਰਡੀਨੇਸ਼ਨ ਔਨ ਡਿਸਅਪੀਅਰੈਂਸਿਜ਼ ਇਨ ਪੰਜਾਬ' (The Committee for Coordination on Disappearances in Punjab) ਦੇ ਨਾਂ 'ਤੇ ਭੇਜ ਸਕਦੇ ਹਨ। ਇਹ ਇਕ ਬਹੁਤ ਵੱਡਾ ਅਤੇ ਇਤਿਹਾਸਕ ਕੰਮ ਹੈ ਜਿਸ ਲਈ ਬਹੁਤ ਰੁਪਇਆ ਚਾਹੀਦਾ ਹੈ ਪਰ ਅਸੀ ਕੋਈ ਸਹਾਇਤਾ ਇਸ ਤਰ੍ਹਾਂ ਨਹੀਂ ਲੈਂਦੇ ਜਿਸ ਨਾਲ ਅਸੀ ਜਾਂ ਸਾਡੀ ਕਮੇਟੀ ਹੀ ਵਿਵਾਦਾਂ ਵਿਚ ਘਿਰ ਜਾਏ। ਇਸ ਬਾਰੇ ਵੀ ਅਸੀ ਬੜੇ ਸੁਚੇਤ ਹਾਂ ਕਿ ਕਮੇਟੀ ਨੂੰ ਕੋਈ ਰਾਜਸੀ ਮਨੋਰਥਾਂ ਜਾਂ ਨਿਜੀ ਹਿਤਾਂ ਲਈ ਨਾ ਵਰਤ ਸਕੇ ਅਤੇ ਅਸੀ ਸਿਰਫ਼ ਪੰਜਾਬ ਦੇ ਪਿਛਲੇ 15 ਸਾਲਾਂ ਦੇ ਦੁਖਾਂਤ ਬਾਰੇ ਤੱਥ ਇਕੱਠੇ ਕਰਨ ਵਲ ਹੀ ਸਾਰਾ ਧਿਆਨ ਲਾਈਏ। (ਰੋਜ਼ਾਨਾ ਸਪੋਕਸਮੈਨ : 12 ਜੁਲਾਈ, 2009)।

## ਭਾਰਤ ਘੱਟ ਗਿਣਤੀਆਂ ਦੀ ਰਾਖੀ ਕਰਨ 'ਚ ਨਾਕਾਮ ਰਿਹਾ

ਵਾਸ਼ਿੰਗਟਨ, 13 ਅਗੱਸਤ: ਕੌਮਾਂਤਰੀ ਧਾਰਮਕ ਆਜ਼ਾਦੀ ਬਾਰੇ ਅਮਰੀਕੀ ਕਮਿਸ਼ਨ (ਯੂ.ਐਸ.ਸੀ.ਆਈ. ਆਰ.ਐਫ਼.) ਨੇ ਨਵੀਂ ਦਿੱਲੀ ਵਲੋਂ ਘੱਟ ਗਿਣਤੀਆਂ ਦੀ ਰਾਖੀ ਲਈ ਯੋਗ ਕਦਮ ਨਾ ਚੁਕੇ ਜਾਣ 'ਤੇ ਭਾਰਤ ਨੂੰ ਅਪਣੀ 'ਨਿਗਰਾਨੀ ਸੂਚੀ' ਵਿਚ ਰਖਿਆ ਹੈ। ਕਮਿਸ਼ਨ ਵਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ 2008 ਵਿਚ ਉੜੀਸਾ 'ਚ ਈਸਾਈਆਂ ਵਿਰੁਧ ਅਤੇ 2002 ਵਿਚ ਗੁਜਰਾਤ 'ਚ ਮੁਸਲਮਾਨਾਂ ਵਿਰੁਧ ਹੋਈ ਫ਼ਿਰਕੂ ਹਿੰਸਾ ਨਾਲ ਨਿਪਟਣ ਲਈ ਭਾਰਤ ਸਰਕਾਰ ਨੇ ਉਚਿਤ ਕਦਮ ਨਹੀਂ ਚੁਕੇ ਅਤੇ ਘੱਟ ਗਿਣਤੀਆਂ ਦੇ ਹੱਕਾਂ ਦੀ ਰਾਖੀ ਕਰਨ ਵਿਚ ਅਸਫ਼ਲ ਰਹੀ। ਯੂ.ਐਸ.ਸੀ.ਆਈ.ਆਰ.ਐਫ਼. ਦੇ ਮੁਖੀ ਲੀਓਨਾਰਡ ਲੀਓ ਨੇ ਕਿਹਾ ਕਿ ਭਾਰਤ ਲਈ ਇਹ ਬਹੁਤ ਹੀ ਨਮੋਸ਼ੀ ਵਾਲੀ ਗੱਲ





ਹੈ ਕਿ ਜਿਸ ਦੇਸ਼ ਵਿਚ ਕਈ ਧਰਮਾਂ ਦੇ ਲੋਕ ਰਹਿ ਰਹੇ ਹੋਣ ਉਥੇ ਇਸ ਤਰ੍ਹਾਂ ਘੱਟ ਗਿਣਤੀਆਂ ਨਾਲ ਹਿੰਸਕ ਘਟਨਾਵਾਂ ਵਾਪਰਨ।

ਕਮਿਸ਼ਨ ਦਾ ਭਾਰਤ ਬਾਰੇ ਅਧਿਆਏ ਉੜੀਸਾ 'ਚ ਈਸਾਈ ਵਿਰੋਧੀ ਹਿੰਸਾ ਦੀ ਪਹਿਲੀ ਵਰ੍ਹੇਗੰਢ ਮੌਕੇ ਜਾਰੀ ਕੀਤਾ ਗਿਆ। ਕਮਿਸ਼ਨ ਵਲੋਂ ਨਿਗਰਾਨੀ ਸੂਚੀ 'ਚ ਪਾਏ ਗਏ ਹੋਰਨਾਂ ਦੇਸ਼ਾਂ ਵਿਚ ਅਫ਼ਗਾਨਿਸਤਾਨ, ਕਿਊਬਾ, ਬੇਲਾਰੂਸ, ਮਿਸਰ, ਇੰਡੋਨੇਸ਼ੀਆ, ਲਾਉਸ, ਰੂਸ, ਸੋਮਾਲੀਆ, ਤਜ਼ਾਕਿਸਤਾਨ, ਤੁਰਕੀ ਅਤੇ ਵੈਂਜ਼ੁਏਲਾ ਸ਼ਾਮਲ ਹਨ। ਕਮਿਸ਼ਨ ਨੇ ਅਪਣੀ ਸਾਲਾਨਾ ਰੀਪੋਰਟ ਇਸ ਸਾਲ ਦੇ ਸ਼ੁਰੂ 'ਚ ਜਾਰੀ ਕਰਨੀ ਸੀ ਪਰ ਭਾਰਤ ਵਿਚ ਆਮ ਚੋਣਾਂ ਹੋਣ ਕਾਰਨ ਇਸ ਨੂੰ ਮੁਲਤਵੀ ਕਰ ਦਿਤਾ ਗਿਆ। ਜਥੇਬੰਦੀ ਦਾ ਮੰਨਣਾ ਹੈ ਕਿ ਪਿਛਲੇ ਸਾਲ ਉੜੀਸਾ ਵਿਚ ਸਵਾਮੀ ਸਰਸਵਤੀ ਦੀ ਹਤਿਆ ਮਾਓਵਾਦੀਆਂ ਨੇ ਕੀਤੀ ਪਰ ਨਿਸ਼ਾਨਾ ਘੱਟ ਗਿਣਤੀ ਈਸਾਈਆਂ ਨੂੰ ਬਣਾਇਆ ਗਿਆ। ਲੀਓ ਨੇ ਕਿਹਾ ਕਿ ਭਾਰਤ ਇਕ ਜਮਹੂਰੀ ਦੇਸ਼ ਹੈ ਜਿਥੇ ਕਾਨੂੰਨ ਅਨੁਸਾਰ ਹਰ ਵਿਅਕਤੀ ਨੂੰ ਬਰਾਬਰ ਦੇ ਹੱਕ ਹਾਸਲ ਹਨ ਪਰ ਪੁਲਿਸ ਹਿੰਸਾ ਦਾ ਸ਼ਿਕਾਰ ਹੋਏ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨ ਦੀ ਇੱਛਕ ਦਿਖਾਈ ਨਹੀਂ ਦਿੰਦੀ। (ਰੋਜ਼ਾਨਾ ਸਪੋਕਸਮੈਨ : 14 ਅਗੱਸਤ, 2009)।

## ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਕੀਤਾ ਦਾਅਵਾ

## ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਕੀਤਾ ਦਾਅਵਾ

ਨਵੀਂ ਦਿੱਲੀ, 30 ਅਗੱਸਤ: ਦੇਸ਼ ਵਿਚ ਜਿਥੇ ਕਈ ਸੂਬੇ ਪਹਿਲਾਂ ਹੀ ਸੋਕੇ ਦੀ ਮਾਰ ਝੱਲ ਰਹੇ ਹਨ ਉਥੇ ਦੂਜੇ ਪਾਸੇ ਇਕ ਬੁਰੀ ਖ਼ਬਰ ਆਈ ਹੈ। ਅਮਰੀਕੀ ਵਿਗਿਆਨੀਆਂ ਨੇ ਕਿਹਾ ਹੈ ਕਿ ਪੰਜਾਬ, ਹਰਿਆਣਾ ਅਤੇ ਦਿੱਲੀ ਸਮੇਤ ਉੱਤਰ ਭਾਰਤੀ ਸ਼ਹਿਰਾਂ 'ਚ ਪਿਛਲੇ ਇਕ ਦਹਾਕੇ ਤੋਂ ਹਰ ਸਾਲ ਧਰਤੀ ਹੇਠਲੇ ਪਾਣੀ ਦੇ ਪੱਧਰ ਵਿਚ ਇਕ ਫ਼ੁੱਟ ਦੀ ਕਮੀ ਆ ਰਹੀ ਹੈ। ਪਾਣੀ ਦਾ ਪੱਧਰ ਇੰਨਾ ਜ਼ਿਆਦਾ ਘਟਣ ਤੋਂ ਚਿੰਤਿਤ ਵਿਗਿਆਨੀਆਂ ਨੇ ਕਿਹਾ ਕਿ ਇਹ ਸੱਭ ਕੁੱਝ ਮਨੁੱਖੀ ਗਤੀਵਿਧੀਆਂ ਕਾਰਨ ਹੋ ਰਿਹਾ ਹੈ। ਉਨ੍ਹਾਂ ਚੇਤਾਵਨੀ ਦਿਤੀ ਕਿ ਜੇ ਲੋੜੀਂਦੇ ਕਦਮ ਨਾ ਚੁਕੇ ਗਏ ਤਾਂ ਇਸ ਖੇਤਰ 'ਚ ਖੇਤੀਬਾੜੀ ਪੂਰੀ ਤਰ੍ਹਾਂ ਤਬਾਹ ਹੋ ਜਾਵੇਗੀ ਅਤੇ ਪੀਣ ਵਾਲੇ ਪਾਣੀ ਦਾ ਗੰਭੀਰ ਸੰਕਟ ਪੈਦਾ ਹੋ ਸਕਦਾ ਹੈ। ਨਾਸਾ ਦੀ ਵੈੱਬਸਾਈਟ 'ਤੇ ਪ੍ਰਕਾਸ਼ਤ ਇਕ ਲੇਖ ਅਨੁਸਾਰ ਵਿਗਿਆਨੀਆਂ ਨੇ ਉਪਗ੍ਰਹਿ ਵੇਰਵਿਆਂ ਦੀ ਮਦਦ ਨਾਲ ਵੇਖਿਆ ਕਿ ਉੱਤਰ ਭਾਰਤ ਵਿਚ ਪਿਛਲੇ ਇਕ ਦਹਾਕੇ ਤੋਂ ਵੱਧ ਸਮੇਂ ਤੋਂ ਹਰ ਸਾਲ ਧਰਤੀ ਹੇਠਲੇ ਪਾਣੀ ਦਾ ਪੱਧਰ ਘੱਟ ਹੁੰਦਾ ਜਾ ਰਿਹਾ ਹੈ। ਲੇਖ ਅਨੁਸਾਰ ਸਾਲ 2002 ਤੋਂ 2008 ਦਰਮਿਆਨ ਪੰਜਾਬ, ਹਰਿਆਣਾ, ਰਾਜਸਥਾਨ ਅਤੇ ਕੌਮੀ ਰਾਜਧਾਨੀ 'ਚ 108 ਘਣ ਕਿਲੋਮੀਟਰ ਧਰਤੀ ਹੇਠਲਾ ਪਾਣੀ ਗਾਇਬ ਹੋ ਚੁਕਿਆ ਹੈ। ਇਹ ਅੰਕੜੇ ਨਾਸਾ ਦੇ ਗਰੈਵਿਟੀ ਰਿਕਵਰੀ ਐਂਡ ਕਲਾਈਮੇਟ ਐਕਸਪੈਰੀਮੈਂਟ ਉਤੇ ਅਧਾਰਤ ਹਨ। ਇਸ ਲੇਖ ਨੂੰ ਅਮਰੀਕੀ ਸਫ਼ਾਰਤਖ਼ਾਨੇ ਦੀ ਵੈੱਬਸਾਈਟ 'ਤੇ ਮੁੜ ਪ੍ਰਕਾਸ਼ਤ ਕੀਤਾ ਗਿਆ

ਜਿਸ 'ਚ ਕਿਹਾ ਗਿਆ ਕਿ ਖੇਤਰ ਵਿਚ ਖੇਤੀ ਉਤਪਾਦਨ ਵਧਾਉਣ ਲਈ ਕਿਸਾਨ ਧਰਤੀ ਹੇਠਲੇ ਪਾਣੀ 'ਤੇ ਹੀ ਨਿਰਭਰ ਹਨ। ਜੇ ਸਮਾਂ ਰਹਿੰਦੇ ਕਦਮ ਨਾ ਚੁਕੇ ਗਏ ਤਾਂ 11.40 ਕਰੋੜ ਕਿਸਾਨ ਤਬਾਹ ਹੋ ਜਾਣਗੇ ਅਤੇ ਪੀਣ ਵਾਲੇ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰਨਾ ਪਵੇਗਾ। ਨਾਸਾ ਦੇ ਗੋਰਡਡ ਸਪੇਸ ਫ਼ਲਾਈਟ ਸੈਂਟਰ ਦੇ ਜਲ ਵਿਗਿਆਨੀਆਂ ਦੀ ਇਕ ਟੀਮ ਨੇ ਦੇਖਿਆ ਕਿ ਧਰਤੀ ਹੇਠਲੇ ਪਾਣੀ ਨੂੰ ਪੰਪਿੰਗ ਵਿਵਸਥਾ ਰਾਹੀਂ ਬਾਹਰ ਕਢਿਆ ਜਾਂਦਾ ਹੈ ਅਤੇ ਮਨੁੱਖੀ ਗਤੀਵਿਧੀਆਂ ਲਈ ਵਰਤਿਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਉੱਤਰ ਭਾਰਤੀ ਖੇਤਰਾਂ 'ਚ ਧਰਤੀ ਹੇਠਲੇ ਪਾਣੀ ਦੀ ਕੁਲ ਮਾਤਰਾ ਬਾਰੇ ਤਾਂ ਉਹ ਨਹੀਂ ਜਾਣਦੇ ਪਰ ਇੰਨਾ ਜ਼ਰੂਰ ਹੈ ਕਿ ਜਿਸ ਤੇਜ਼ੀ ਨਾਲ ਪਾਣੀ ਕਢਿਆ ਜਾ ਰਿਹਾ ਹੈ, ਉਹ ਠੀਕ ਨਹੀਂ। (ਪੀ.ਟੀ.ਆਈ.)



ਲਾਸਾਨੀ ਇਨਕਲਾਬ

# ਨੋਟ



ਲਾਸਾਨੀ ਇਨਕਲਾਬ

# ਨੋਟ